Digitized by Panjab Digital Library | www.panjabdigilib.org

Digitized by Panjab Digital Library | www.panjabdigilib.org

11/10

[illegible] M.A.

Panjab University
Publication Bureau
SIMLA.

1414

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Harnam Singh Shan M.A.
E.P. University
Simla
Sep: 1949

੧ ੴ ਸਤਿਗੁਰਪ੍ਰਸਾਦਿ ॥

# ਪੰਜਾਬੀ ਸ਼ਬਦ ਭੰਡਾਰ

ਅਰਥਾਤ

ਪੰਜਾਬੀ ਪਦਾਂ ਦੇ ਅਰਥ ਪੰਜਾਬੀ ਵਿਚ, ਪੰਜਾਬੀ ਪੜ੍ਹਨ
ਵਾਲਿਆਂ ਦੇ ਲਾਭ ਲਈ

ਜਿਸਨੂੰ

ਪੰਜਾਬ ਟੈਕਸਟ ਬੁਕ ਕਮੇਟੀ ਦੀ ਆਗਯਾ ਨਾਲ

ਭਾਈ ਬਿਸ਼ਨਦਾਸ ਪੁਰੀ ਐਮ. ਏ.
ਰੀਪੋਰਟਰ ਔਨ ਬੁਕਸ ਮਹਿਕਮਾ ਤਾਲੀਮ ਪੰਜਾਬ ਨੇ
ਬਣਾਇਆ।

ਸੰਨ ੧੯੨੨ ਈ:

# PANJABI DICTIONARY

By

**BHAI BISHAN DAS PURI, M. A.,**

Reporter on Books.

*Education Department, Panjab.*

Prepared under the auspices of the Panjab Text Book Committee.

1922.

(1414)

ਮੁਫ਼ੀਦ ਆਮ ਪ੍ਰੈਸ ਲਾਹੌਰ ਵਿਚ ਲਾਲਾ ਮੋਤੀਰਾਮ ਮੈਨੇਜਰ ਦੇ ਅਧਿਕਾਰ
ਨਾਲ ਛਪਿਆ

ਪਹਿਲੀ ਵਾਰ ੧੦੦੦ ਕਾਪੀ　　*First edition.* 1,000 *Copies.*　　Price 5-0-0

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਮੁਖ ਬੰਦ

ਅੰਗਰੇਜ਼ੀ, ਉਰਦੂ, ਫ਼ਾਰਸੀ, ਅਰਬੀ, ਹਿੰਦੀ ਦੀਆਂ ਡਿਕਸ਼ਨਰੀਆਂ, ਲੁਗ਼ਾਤਾਂ, ਕੋਸ਼ ਆਦਿਕ ਮੌਜੂਦ ਹਨ ਪਰ ਪੰਜਾਬੀ ਬੋਲੀ ਵਿੱਚ ਕੋਈ ਅਜੇਹਾ ਗ੍ਰੰਥ ਨਹੀਂ ਸੀ ਜਿਸ ਵਿੱਚੋਂ ਪੰਜਾਬੀ ਪੜ੍ਹਨ ਵਾਲੇ ਲੋਕ ਪੰਜਾਬੀ ਦੇ ਕਠਨ ਪਦਾਂ ਦੇ ਅਰਥ ਪੰਜਾਬੀ ਵਿੱਚ ਹੀ ਕੱਢ ਲੈਣ। ਪੰਜਾਬੀ ਵਿੱਚ ਕਿੱਸੇ ਕਹਾਣੀਆਂ ਤਾਂ ਬਹੁਤ ਚਿਰ ਤੋਂ ਹਨ, ਪਰ ਭਾਂਤ ਭਾਂਤ ਦੀਆਂ ਨਵੇਂ ਢੰਗ ਦੀਆਂ ਪੁਸਤਕਾਂ ਬੀ ਬਹੁਤ ਬਣ ਚੁੱਕੀਆਂ ਹਨ ਅਤੇ ਬਣਦੀਆਂ ਰਹਿੰਦੀਆਂ ਹਨ। ਉਨ੍ਹਾਂ ਵਿੱਚ ਅਤੇ ਪੜ੍ਹਾਈ ਦੇ ਕੋਰਸਾਂ ਵਿੱਚ ਅਜੇਹੇ ਅਨੇਕ ਲਫ਼ਜ਼ ਹਨ ਜੋ ਪੜ੍ਹਾਉਣ ਵਾਲੇ ਬੀ ਨਹੀਂ ਸਮਝਦੇ, ਆਮ ਲੋਕਾਂ ਦੀ ਤਾਂ ਗੱਲ ਕਿਧਰੇ ਰਹੀ। ਸੋ ਸਭ ਤਰਾਂ ਦੇ ਪੰਜਾਬੀ ਪਾਠਕਾਂ ਦੇ ਸੁਭੀਤੇ ਲਈ ਇਹ ਪੰਜਾਬੀ ਡਿਕਸ਼ਨਰੀ ਜਿਸ ਦਾ ਨਾਉਂ 'ਪੰਜਾਬੀ ਸ਼ਬਦ ਭੰਡਾਰ' ਰੱਖਿਆ ਗਿਆ ਹੈ ਪੰਜਾਬ ਟੈਕਸਟ ਬੁਕ ਕਮੇਟੀ ਨੇ ਹਜ਼ਾਰਾਂ ਰੁਪਏ ਖਰਚ ਕੇ ਪੰਜਾਬੀ ਦੇ ਪ੍ਰਸਿੱਧ ਲੇਖਕ ਭਾਈ ਬਿਸ਼ਨ ਦਾਸ ਪੁਰੀ ਐਮ. ਏ. ਤੋਂ ਤਿਆਰ ਕਰਾਈ ਹੈ ਅਤੇ ਪੰਜਾਬ ਦੇ ਮੋਹਰੀ ਛਾਪੇਖਾਨੇ ਮੁਫ਼ੀਦ ਆਮ ਪ੍ਰੇਸ ਵਿੱਚ ਛਪਵਾਈ ਹੈ ॥

ਪੰਜਾਬੀ ਬੋਲੀ ਦੇ ਵਾਧੇ ਲਈ ਇਸ ੧੦੫੯ ਪੰਨੇ ਦੇ ਗ੍ਰੰਥ ਦਾ ਮੁੱਲ ਨਿਰਾ ੫) ਪੰਜ ਰੁਪਏ ਰੱਖਿਆ ਹੈ, ਆਸਾ ਹੈ ਕਿ ਇਹ ਗ੍ਰੰਥ ਸਕੂਲਾਂ ਦੇ ਵਿਦਯਾਰਥੀਆਂ, ਅਧਿਆਪਕਾਂ, ਪੰਜਾਬੀ ਪ੍ਰੋਫ਼ੈਸਰਾਂ, ਗ੍ਰੰਥਕਾਰਾਂ, ਕਬੀਸਰਾਂ, ਲੈਕਚਰਾਰਾਂ, ਲੇਖਕਾਂ ਅਤੇ ਯੂਨੀਵਰਸਟੀ ਦੇ ਇਮਤਿਹਾਨਾਂ ਦਿਆਂ ਉਮੈਦਵਾਰਾਂ ਲਈ ਬਹੁਤ ਲਾਭ ਦਾਯਕ ਹੋਵੇਗਾ ॥

ਇਸ ਦੇ ਵਾਸਤੇ ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸਨਜ਼ ਨੇ ਖਾਸ ਬਰੀਕ ਟਾਇਪ ਬਨਵਾਯਾ ਜਿਸ ਵਿੱਚ ਅਰਥ ਛਾਪੇ ਗਏ ਹਨ। ਜੇ ਅਰਥ ਆਮ ਵਰਤਲੇ ਮੇਲ ਦੇ ਟਾਇਪ ਵਿੱਚ ਛਾਪੇ ਜਾਂਦੇ ਤਾਂ ਇਸ ਦਾ ਆਕਾਰ ਦੂਣਾ ਹੋ ਜਾਂਦਾ ਅਤੇ ਹੱਦੋਂ ਬਾਹਰ ਖਰਚ ਹੁੰਦਾ ਅਤੇ ਇੱਕ ਜਿਲਦ ਵਿੱਚ ਬੀ ਸਾਰੀ ਪੁਸਤਕ ਨਾ ਆਉਂਦੀ ॥

ਸਭ ਸੱਜਣਾਂ ਅੱਗੇ ਬੇਨਤੀ ਹੈ ਕਿ ਜੋ ਭੁੱਲ ਜਾਂ ਤ੍ਰੁਟਿ ਇਸ ਪੁਸਤਕ ਵਿੱਚ ਦੇਖਣ, ਸੈਕ੍ਰੇਟਰੀ, ਪੰਜਾਬ ਟੈਕਸਟ ਬੁਕ ਕਮੇਟੀ, ਲਹੌਰ, ਨੂੰ ਉਸ ਦਾ ਪਤਾ ਦੇਣ ਜੋ ਅਗਲੀ ਛਪਾਈ ਵਿੱਚ ਭੁੱਲ ਸੋਧੀ ਜਾਵੇ ਅਤੇ ਤ੍ਰੁਟਿ ਪੂਰੀ ਕੀਤੀ ਜਾਵੇ ॥

**ਈ. ਸਿਮਥ**

ਸਕੱਤ੍ਰ ਟੈਕਸਟ ਬੁਕ ਕਮੇਟੀ
ਪੰਜਾਬ

ਲਹੌਰ ਸ਼ਹਿਰ.
੨੪ ਜਨਵਰੀ ੧੯੨੨

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਉੱਥਾਨਕਾ

ਪੰਜਾਬ ਦੀ ਬੋਲੀ ਦਾ ਨਾਉਂ ਪੰਜਾਬੀ ਹੈ। ਸੰਸਾਰ ਵਿੱਚ ਕਈ ਬੋਲੀ ਸਭਨੀਂ ਥਾਈਂ ਇੱਕੋ ਜੇਹੀ ਨਹੀਂ ਬੋਲੀ ਜਾਂਦੀ, ਇੱਕੋ ਦੇਸ ਦੇ ਇੱਕ ਅਲਾਕੇ ਦੀ ਬੋਲੀ ਅਤੇ ਦੂਜੇ ਅਲਾਕੇ ਦੀ ਬੋਲੀ ਵਿੱਚ ਕੁਝ ਨਾ ਕੁਝ ਫ਼ਰਕ ਜ਼ਰੂਰ ਹੁੰਦਾ ਹੈ। ਅੰਗਰੇਜ਼ੀ ਦੇ ਕਈ ਰੂਪ ਹਨ। ਹਿੰਦੀ ਦੇ ਕੋਈ ਬਾਰਾਂ ਭੇਦ ਹਨ। ਇਸੇ ਤਰਾਂ ਪੰਜਾਬੀ ਭੀ ਕਈ ਤਰਾਂ ਦੀ ਹੈ, ਪਰ ਮੁੱਖ ਭੇਦ ਇਸ ਦੀ ਐਉਂ ਹੈਂ:-(੧) ਠੇਠ ਪੰਜਾਬੀ-ਇਹ ਪੰਜਾਬ ਦੇ ਵਿਚਲੇ ਹਿੱਸੇ ਵਿੱਚ ਬੋਲੀ ਜਾਂਦੀ ਹੈ, (੨) ਪੋਠੋਹਾਰੀ-ਇਹ ਪੋਠੋਹਾਰ (ਅਟਕ ਅਤੇ ਜੇਹਲਮ ਨਦੀ ਦੀ ਵਿਚਲੀ ਧਰਤੀ) ਦੀ ਬੋਲੀ ਹੈ। (੩) ਲਹਿੰਦਾ-ਜੋ ਪੰਜਾਬ ਦੇ ਪੱਛਮੀ ਜ਼ਿਲਿਆਂ (ਝੰਗ, ਸ਼ਾਹ ਪੁਰ ਆਦਿਕ) ਵਿੱਚ ਪ੍ਰਚਲਤ ਹੈ ਅਤੇ (੪) ਪਹਾੜੀ-ਜੋ ਕਾਂਗੜੇ ਦੇ ਪਹਾੜੀ ਲੋਕਾਂ ਦੀ ਜ਼ੁਬਾਨ ਹੈ। ਇਹ ਪੁਸਤਕ "ਪੰਜਾਬੀ ਸ਼ਬਦ ਭੰਡਾਰ" ਭਾਵੇਂ ਠੇਠ ਪੰਜਾਬੀ ਦੇ ਸ਼ਬਦਾਂ ਦਾ ਹੀ ਭੰਡਾਰ ਹੈ ਪਰ ਮੋਟੇ ਮੋਟੇ ਸ਼ਬਦ ਸਭ ਤਰਾਂ ਦੀ ਪੰਜਾਬੀ ਦੇ ਆ ਗਏ ਹਨ, ਜਿਹਾ ਕਿ ਪੋਠੋਹਾਰੀ ਦਾਂਦ (ਪੰਨਾ ੬੧੧) ਅਤੇ [illegible] (ਪੰਨਾ ੬੫੯), ਲਹਿੰਦੇ ਦਾ ਵੰਞਣਾ (ਪੰਨਾ ੧੦੩੫) ਅਤੇ ਘਿੰਨਣਾ (ਪੰਨਾ ੪੦੬) ਪਹਾੜੀ ਮਾਹਣੂ (ਪੰਨਾ ੯੧੩)। ਸਭ ਸ਼ਬਦਾਂ ਦੇ ਅਰਥ ਸੌਖੀ ਬੋਲੀ ਵਿੱਚ ਦਿੱਤੇ ਹਨ ਅਤੇ ਇੱਕੋ ਅਰਥ ਵਾਲੇ ਅਨੇਕ ਸ਼ਬਦ ਲਿਖ ਦਿੱਤੇ ਹਨ ਜਿਹਾ ਕਿ 'ਸ਼ਕਤੀ' ਦੇ ਅਰਥ 'ਸਮਰਥਾ' 'ਬਲ' 'ਤਾਕਤ' 'ਜ਼ੋਰ', 'ਪਰਮੇਸ਼ਰ ਦੀ ਮਾਯਾ', 'ਕੁਦਰਤ' 'ਦੁਰਗਾ' 'ਭਵਾਨੀ' 'ਭਗਵਤੀ' 'ਦੇਵੀ' ਦਿੱਤੇ ਹਨ (ਦੇਖੋ ਪੰਨਾ ੧੨੯) ਅਤੇ ਪੱਟੀ ਦੇ ਅਰਥ ਐਨੇ ਹਨ:-ਇੱਕ ਮੋਟਾ ਉੱਨ ਦਾ ਕਪੜਾ, ਬੰਨ੍ਹਣ ਵਾਲੀ ਲੰਮੀ ਲੀਰ, ਮੰਜੇ ਦੀ ਬਾਹੀ, ਲਕੜੀ ਦੀ ਫੱਟੀ ਜਿਸ ਉਤੇ ਲਿਖਦੇ ਹਨ, ਕਿਸੇ ਥਾਂ ਦਾ ਹਿੱਸਾ, ਮਹੱਲਾ, ਕਪੜੇ ਦੀ ਚੌੜਾਈ, ਇਕ ਪਾਸੇ ਵਾਹੇ ਹੋਏ ਜਨਾਨੀ ਦੇ ਵਾਲ, ਇੱਕ ਮਠਿਆਈ, ਝੋਲਾ, ਮੋਟਾ ਚੀਰਾ, ਤਾਂਬੇ ਦਾ ਪੱਤ੍ਰਾ ਜਿਸ ਉੱਤੇ ਗੁਹਿਆਂ ਦਾ ਲੇਖਾ ਲਿਖਿਆ ਹੁੰਦਾ ਹੈ (ਦੇਖੋ ਪੰਨਾ ੭੦੦)॥

ਇੱਕ ਸ਼ਬਦ ਦੇ ਕਈ ਮੁਹਾਵਰੇ ਜੋ ਬੋਲਣ ਜਾਂ ਲਿਖਣ ਵਿੱਚ ਆਉਂਦੇ ਹਨ ਉਸ ਸ਼ਬਦ ਦੇ ਹੇਠ ਦਿੱਤੇ ਹਨ ਅਤੇ ਹਰ ਇੱਕ ਦੇ ਅਰਥ ਭੀ ਲਿਖੇ ਹਨ ਜਿਹਾ ਕਿ 'ਹੱਥ' ਦੇ ਹੇਠ ਇਹ ਮੁਹਾਵਰੇ ਹਨ:-ਹੱਥ ਉਠਾਉਣਾ, ਹੱਥ ਆ ਜਾਣਾ, ਹੱਥ ਹਲਾਉਣਾ, ਹੱਥ ਹੁਦਾਰ, ਹੱਥ ਹੇਠ, (ਹੱਥ ਹੇਠਾਂ ਔਣਾ) ਹੱਥ ਹੇਠਾਂ ਕਰਨਾ, ਹੱਥ ਹੌਲਾ ਕਰਨਾ, (ਹੱਥ ਹੌਲਾ ਕਰੌਣਾ) ਹੱਥ ਕੱਟਣਾ, ਹੱਥ ਕੰਙਾ, ਹੱਥ ਕੰਬਣਾ, ਹੱਥ ਕਰ ਜਾਣੇ, ਹੱਥ ਕਰਨਾ, ਹੱਥ ਕਲਾ, ਹੱਥ ਕੜਾ, ਹੱਥ ਕੜੀ, (ਕਿਸੇ ਦੇ) ਹੱਥ ਘੱਲਣਾ, ਹੱਥ ਚਲਾਕੀ, ਹੱਥ ਚੁਕਣਾ, ਹੱਥ ਛੁਟ, ਹੱਥ ਜੋੜਨਾ, ਹੱਥ ਜੋੜੀ, ਹੱਥ ਝੂਠਾ ਹੋਣਾ, ਹੱਥ ਟੱਡਣਾ, ਹੱਥ ਡਾਹੁਣਾ, ਹੱਥ ਠੋਕਾ, ਹੱਥ ਤੰਗ ਹੋਣਾ, ਹੱਥ ਤੇ ਹੱਥ ਧਰਕੇ ਬੈਠਣਾ, ਹੱਥ ਤੇ ਹੱਥ ਮਾਰ ਜਾਣਾ (ਮਾਰਨਾ), ਹੱਥ ਤੇ ਧਰਨਾ, ਹੱਥ ਦਾ ਸੁੱਚਾ, ਹੱਥ ਦੀ ਮੈਲ, ਹੱਥ ਦੇਣਾ, (ਸਿਰ ਤੇ) ਹੱਥ ਧਰਨਾ, ਹੱਥ ਧੋਕੇ ਪਿੱਛੇ ਪੈਣਾ, ਹੱਥ ਧੋਣਾ (ਧੋ ਬੈਠਣਾ), ਹੱਥ ਨਾਵਰ,

Digitized by Panjab Digital Library | www.panjabdigilib.org

ਹੱਥ ਨਾ ਰੱਖਣ ਦੇਣਾ, ਹੱਥ ਪਾਉਣਾ, ਹੱਥ ਪੈਣਾ, ਹੱਥ ਪੈਰ, ਚਲਣੇ, ਹੱਥ ਪੈਰ, ਠੰਡੇ ਹੋਣੇ, ਹੱਥ ਪੈਰ ਪੈ ਜਾਣੇ, ਹੱਥ ਪੈਰ ਮਾਰਨੇ, ਹੱਥ ਫੜਨਾ, ਹੱਥ ਫੇਰ ਜਾਣਾ (ਫੇਰਨਾ), ਹੱਥ ਫੇਰੀ ਕਰਨਾ, ਹੱਥ ਬੱਧਾ ਗੁਲਾਮ, ਹੱਥ ਬੰਨ੍ਹਕੇ ਖੜੇ ਹੋਨਾ(ਰਹਿਨਾ), ਹੱਥ ਬੰਨ੍ਹਣਾ, ਹੱਥ ਭਰਨਾ, ਹੱਥ ਮਲਣਾ, ਹੱਥ ਮਲਾਉਣਾ, ਹੱਥ ਮਾਰਨਾ, ਹੱਥ ਰੱਖਣਾ (ਸਿਰ ਤੇ), ਹੱਥ ਰੱਖ, ਹੱਥ ਰੰਗਣਾ, ਹੱਥ ਲੱਗ ਜਾਣਾ (ਲੱਗਣਾ, ਲੱਗਣੇ), ਹੱਥ ਲਗਾਉਣਾ (ਣੇ), ਹੱਥ ਲਾਇਆਂ ਮੈਲਾ ਹੋਣਾ, ਹੱਥ ਵਖਾਉਣਾ (ਣੇ), ਹੱਥ ਵੱਢਣਾ, ਹੱਥ ਵਿੱਚ ਠੂਠਾ ਦੇਣਾ, ਹੱਥ ਵਿੱਚ ਠੂਠਾ ਲੈਣਾ, ਹੱਥ ਵਿਚ ਲੈਣਾ, ਹੱਥ ਵੇਖਣਾ, ਹੱਥ ਵੇਚਣਾ (ਕਿਸੇ ਦੇ), ਹੱਥਾਂ ਉੱਤੇ ਸਰ੍ਹੋਂ ਜਮਾਉਣਾ, ਹੱਥਾਂ ਉੱਤੇ (ਤੇ) ਪਾਉਣਾ, ਹੱਥਾਂ ਪੈਰਾਂ ਵਿੱਚ ਹੋਣਾ (ਹੋ ਜਾਣਾ) (ਵੇਖੋ ਪੰਨੇ ੨੩੬–੨੩੯)। ਜੇ ਕਿਸੇ ਮੁਹਾਵਰੇ ਦੇ ਅਰਥ ਵੇਖਣੇ ਹੋਣ ਤਾਂ ਜਿਸ ਸ਼ਬਦ ਦਾ ਉਹ ਮੁਹਾਵਰਾ ਹੈ ਉਸ ਹੇਠ ਵੇਖ ਲਓ ॥

ਸ਼ਬਦਾਂ ਜਾਂ ਮੁਹਾਵਰਿਆਂ ਦੇ ਅਰਥ ਖੋਲ੍ਹ ਕੇ ਦੱਸਣ ਲਈ ਬਹੁਤੀ ਥਾਈਂ ਪੰਜਾਬੀ ਦੀਆਂ ਅਖਾਉਤਾਂ ਦਿੱਤੀਆਂ ਹਨ ਜਿਹਾ ਕਿ 'ਅੰਮਾਂ ਤੇਰੇ ਹੱਥ ਕੂਲੇ ਹਨ, ਬੱਚਾ ਲਗਣ ਤੇ ਜਾਣੇ' (ਪੰਨਾ ੨੩੯), 'ਘਿਉ ਸੁਆਰੇ ਸਾਲਣਾ ਬੜੀ ਬਹੂ ਦਾ ਨਾਉਂ' (ਪੰਨਾਂ ੧੯੧) ॥

ਸਿੰਘਾਂ ਦੇ ਖਾਸ ਬੋਲੇ ਬੀ ਦਿੱਤੇ ਹਨ—ਦੇਖੋ ਤਨਖਾਹ ਲੱਗਣਾ ਅਤੇ ਤਨਖਾਹੀਆ (ਪੰਨਾ ੫੬੧), ਸਰਬ ਰਸ (ਪੰਨਾ ੧੬੧) ਲਖ ਬਾਹਾਂ ਸਿੰਘ (ਪੰਨਾ ੯੯੬)॥

ਫਾਰਸੀ, ਅਰਬੀ, ਅੰਗਰੇਜ਼ੀ, ਸੰਸਕ੍ਰਿਤ ਆਦਿਕ ਬੋਲੀਆਂ ਵਿਚੋਂ ਜੋ ਲਫ਼ਜ਼ ਪੰਜਾਬੀ ਵਿਚ ਆਕੇ ਧਸ ਗਏ ਹਨ ਅਤੇ ਪੰਜਾਬੀ ਹੀ ਬਣ ਗਏ ਹਨ ਉਹ ਬੀ ਦਿੱਤੇ ਹਨ ਪਰ ਉਨ੍ਹਾਂ ਦੀਆਂ ਸ਼ਕਲਾਂ ਉਹੀ ਰੱਖੀਆਂ ਹਨ ਜੋ ਪੰਜਾਬੀ ਵਿੱਚ ਹਨ ਜਿਹਾ ਕਿ ਮਦਾਨ (ਪੰਨਾ ੯੦੧), ਪਰੇਸ਼ (ਪੰਨਾ ੭੦੬), ਖ਼ਾਲਸ (ਪੰਨਾ ੩੪੬), ਤਸੀਰ (ਪੰਨਾ ੫੫੭), ਲਸੰਸ (ਪੰਨਾ ੯੯੧), ਮਨੀਟਰ (ਪੰਨਾ ੯੦੪), ਰਛਿਆ (ਪੰਨਾ ੯੬੪), ਨਿਹਚਾ (ਪੰਨਾ ੬੭੨)॥

ਹੋਰਨਾਂ ਬੋਲੀਆਂ ਦੀਆਂ ਡਿਕਸ਼ਨਰੀਆਂ ਵਿੱਚ ਗੰਦੇ ਬਚਨ ਭੀ ਅਰਥਾਂ ਸਮੇਤ ਦਿੱਤੇ ਹੋਏ ਹੁੰਦੇ ਹਨ। ਇਸ ਵਿਚ ਕੋਈ ਅਜੇਹਾ ਬਚਨ ਨਹੀਂ ਪਾਇਆ ਜਿਸ ਨੂੰ ਭਲਾ ਮਾਨਸ ਮੂੰਹੋਂ ਨਾ ਕਢਣਾ ਚਾਹੇ। ਗੰਦੇ ਬਚਨ ਅਤੇ ਉਨ੍ਹਾਂ ਦਾ ਮਤਲਬ ਕਿਸੇ ਨੂੰ ਦੱਸਣ ਦੀ ਲੋੜ ਨਹੀਂ ਹੈ॥

ਭਰੋਸਾ ਹੈ ਕਿ ਇਹ ਪੁਸਤਕ ਰਚ ਕੇ ਆਪਣੀ ਪਯਾਰੀ ਬੋਲੀ ਦੀ ਜੋ ਦਾਸ ਨੇ ਸੇਵਾ ਕੀਤੀ ਹੈ ਸੱਜਣ ਪੁਰਖ ਉਸਦੀ ਕਦਰ ਪਾਉਣਗੇ ਅਤੇ ਇਸ ਦੇ ਔਗੁਣਾਂ ਨੂੰ ਛੱਡਕੇ ਗੁਣ ਗ੍ਰਹਿਣ ਕਰਨਗੇ। ਇਸ ਦੇ ਬਨਾਉਣ ਅਤੇ ਛਪਾਉਣ ਵਿੱਚ ਦਸ ਬਰਸਾਂ ਵਧੂ ਲੱਗੇ ਹਨ॥

ਬਿਸ਼ਨ ਦਾਸ ਪੁਰੀ
ਗ੍ਰੰਥ ਕਰਤਾ

Digitized by Panjab Digital Library | www.panjabdigilib.org

**ੳ,** ਪੁਃ-ਗੁਰਮੁਖੀ ਪੈਂਤੀ ਦਾ ਪਹਿਲਾ ਅੱਖਰ, ਊੜਾ।

**ਉਸ,** ਪੜਃ-ਉਹ, ਉਹਨੇ।

**ਉਸਕਾਉਣਾ,** ਕ੍ਰਿਃ-ਭੜਕਾਉਣਾ, ਚਮਕਾਉਣਾ, ਉਗਾਉਣਾ, ਉਭਾਰਨਾ, ਕਿਸੇ ਨੂੰ ਚੁਕਣਾ, ਕਿਸੇ ਤੇ ਮੰਤਰ ਪਾਕੇ ਉਹ ਨੂੰ ਨਰ ਕਰਨਾ

**ਉਸ਼ਟੰਡ,** ਪੁਃ-ਅਨੋਖੀ ਗੱਲ, ਝੂਠਾ ਕਲੰਕ, ਹਿਕਮਤ, ਚਲਾਕੀ।

**ਉਸ਼ਟੰਡਣ,** ਸਃ-ਉਸ਼ਟੰਡ ਕਰਨ ਵਾਲੀ ਤੀਵੀਂ

**ਉਸ਼ਟੰਡ ਪੁਣਾ,** ਪੁਃ-'ਉਸ਼ਟੰਡ' ਵੇਖੋ।

**ਉਸ਼ਟੰਡੀ,** ਪੁਃ ਉਸ਼ਟੰਡ ਕਰਨ ਵਾਲਾ ਮਨੁੱਖ

**ਉਸਤਤ,** ਸਃ-ਵਡਿਆਈ।

**ਉਸਤਰਾ,** ਪੁਃ-ਇੱਕ ਤਰਾਂ ਦਾ ਤਿੱਖੀ ਧਾਰ ਵਾਲਾ ਛੁਰਾ ਜਿਸ ਨਾਲ ਵਾਲ ਮੁੰਨਦੇ ਹਨ।

**ਉਸਤਰਿਆਂ ਦੀ ਮਾਲਾ** } ਸਃ-ਦੁਖ ਦੇਣ ਵਾਲੀ ਚੀਜ਼।

**ਉਸਤਾਦ,** ਪੁਃ-ਪੜ੍ਹਾਉਣ ਵਾਲਾ, ਸਿਖਯਾ ਦੇਣ ਵਾਲਾ, ਜਿਸ ਨੂੰ ਕੋਈ ਹੁੰਰ ਚੰਗੀ ਤਰ੍ਹਾਂ ਆਉਂਦਾ ਹੋਵੇ, ਰਾਗੀ, ਕੰਜਰੀ ਨੂੰ ਗਾਉਣ ਸਿਖਾਉਣ ਵਾਲਾ, ਚਲਾਕ ਆਦਮੀ, ਛਲੀਆ, ਦੁਸ਼ਟ।

**ਉਸਤਾਦ,** ਵਿਃ-ਕਿਸੇ ਕੰਮ ਨੂੰ ਚੰਗੀ ਤਰ੍ਹਾਂ ਜਾਨਣ ਵਾਲਾ।

**ਉਸਤਾਦਗੀ,** ਸਃ-ਉਸਤਾਦ ਦਾ ਕੰਮ, ਸਿਖਯਾ, ਪੜ੍ਹਾਉਣਾ, ਕਿਸੇ ਕੰਮ ਨੂੰ ਚੰਗੀ ਤਰਾਂ ਜਾਨਣਾ।

**ਉਸਤਾਦਨੀ,** ਸਃ-ਪੜ੍ਹਾਉਣ ਵਾਲੀ, ਸਿਖਯਾ ਦੇਣ ਵਾਲੀ, ਉਸਤਾਦ ਦੀ ਵਹੁਟੀ।

**ਉਸਤਾਦੀ,** ਸਃ-ਉਸਤਾਦ ਦਾ ਕੰਮ, ਚਲਾਕੀ।

**ਉਸਤੁਤ, ਉਸਤਤੀ** } ਸਃ-"ਉਸਤਤ" ਵੇਖ

**ਉਸ਼ਨਾਕ,** ਪੁਃ-ਸਿਆਣਾ, ਚਤੁਰ, ਚਲਾਕ, ਹੁਸ਼ਿਆਰ, ਸੁਥਰਾ, ਸਾਫ਼।

**ਉਸ਼ਨਾਕ ਬ੍ਰਾਹਮਣੀ ਸੀਂਢ ਦਾ ਤੜਕਾ** } ਬਾਹਲੀ ਭੜਕ ਖਹਿਰੇ, ਪਰ ਵਿਚ ਖਾਲੀ

**ਉਸ਼ਨਾਕਣ,** ਸਃ-ਉਸ਼ਨਾਕ ਤੀਵੀਂ।

**ਉਸ਼ਨਾਕਪੁਣਾ,** ਪੁਃ- **ਉਸ਼ਨਾਕੀ,** ਸਃ- } ਚਤਰਾਈ, ਚਲਾਕੀ, ਸਿਆਣਪ, ਸਫ਼ਾਈ।

**ਉਸ਼ਬਾ,** ਪੁਃ-ਇੱਕ ਤਰਾਂ ਦੀ ਦਵਾ (ਉਸ਼ਬੇ ਦਾ ਅਰਕ) ਜੋ ਖੂਨ ਸਾਫ ਕਰਨ ਲਈ ਵਰਤੀ ਦੀ ਹੈ।

**ਉੱਸਰਨਾ,** ਕ੍ਰਿਃ-ਘਰ ਬਨਣਾ ਯਾ ਬਣ ਚੁੱਕਣਾ (ਕੋਠਾ ਉੱਸਰਿਆ ਤਰਖਾਣ ਵਿਸਰਿਆ)

**ਉੱਸਰ ਉੱਸਰ ਕੇ ਬਹਿਣਾ** } ਕ੍ਰਿਃ ਅਭਿਮਾਨ ਕਰਨਾ, ਆਪਣੇ ਆਪ ਨੂੰ ਵਡਾ ਜਿਤਾਉਣਾ, ਗਿੱਝਣਾ।

**ਉਸਲ ਵੱਟ ਭੰ-ਨਣੇ ਜਾਂ ਲੈਣੇ** } ਕ੍ਰਿਃ-ਟਿਕ ਕੇ ਨ ਬਹਿਣਾ

**ਉਸਾਣ,** ਪੁਃ-ਹੌਸਲਾ, ਦਲੇਰੀ, ਹਿੰਮਤ, ਹੋਸ਼ ਹਵਾਸ।

**ਉਸਾਣ ਖਤਾ ਹੋਜਾਣੇ, ਉਸਾਣ ਜਾਂਦੇ ਰਹਣੇ** } ਕ੍ਰਿਃ-ਹੋਸ਼ ਗੁੰਮ ਹੋਣੀ, ਸੁਰਤ ਮਾਰੀ ਜਾਣੀ।

**ਉਸਾਰ ਉਸਾਰ ਕੇ ਢਾਹੁਣਾ** } ਕ੍ਰਿਃ-ਸਲਾਹਾਂ ਬਣਾ ਬਣਾ ਕੇ ਹਟਾਉਣੀਆਂ।

**ਉਸਾਰਨਾ,** ਕ੍ਰਿਃ-ਘਰ ਬਨਾਣਾ, ਕੰਧ ਬਣਾਣੀ।

**ਉਸਾਰਾ,** ਪੁਃ-ਘਰ ਬਨਾਣ ਦਾ ਕੰਮ ਚਿਣਾਈ, ਬਰਾਂਡਾ, ਸਭ ਤੋਂ ਉੱਪਰਲੀ ਛੱਤ ਉੱਤੇ ਬਣਿਆ ਹੋਇਆ ਚੁਬਾਰਾ।

Digitized by Panjab Digital Library | www.panjabdigilib.org

**ਉਸਾਰਾ ਉਸਾਰਨਾ,** ਕ੍ਰਿ:-ਬਨਾਉਟੀ ਖਿਆਲ ਬੰਨ੍ਹਣਾ।

**ਉਸਾਰੀ,** ਸ:-ਘਰ ਬਨਾਣ ਦਾ ਕੰਮ, ਜੇਹੜਾ ਘਰ ਬਣਦਾ ਪਿਆ ਹੋਵੇ ਇਮਾਰਤ

**ਉਸਾਰੀ ਲੱਗਣਾ,** ਕ੍ਰਿ:-ਘਰ ਬਨਣ ਲਗਣਾ।

**ਉਸਾਰੀ ਲਾਉਣਾ,** ਕ੍ਰਿ:-ਘਰ ਬਣਾਉਣ ਜਾਂ ਘਰ ਬਣਵਾਉਣ ਲਗਣਾ।

**ਉਸਾਰੂ,** ਵਿ:-ਉਸਾਰਨੇ ਵਾਲਾ, ਰਾਜ।

**ਉਸੀ,** ਪੜ:- ਉਸੇ ਨੂੰ, ਓਹਨੂੰ ਹੀ

**ਉਸੂ,** ਪੁ:-ਇਕ ਬੂਟਾ ਜਿਸਦੇ ਬੀਆਂ ਵਿਚੋਂ ਤੇਲ ਨਿਕਲਦਾ ਹੈ।

**ਉੱਸੇ,** ਪੜ:-ਉਸ ਨੇ ਹੀ, ਉਹ ਨੇ ਹੀ

**ਉਸੇਰ,** ਸ:-ਸਵੇਰ, ਝਲਾਂਗਾ, ਤੜਕਾ।

**ਉਸੇਰ ਸਾਰ,** ਕ੍ਰਿ: ਵਿ:-ਸਵੇਰ ਸਾਰ, ਬਹੁਤ ਤੜਕੇ।

**ਉਹ,** ਪੜ:-ਅਨਯ ਪੁਰਖ ਦਾ ਇਕ ਬਚਨ।

**ਉਹ ਜਾਣੇ,** ਕੁਝ ਪਰਵਾਹ ਨਹੀਂ, ਜਾਣ ਦਿਓ

**ਉਹਦਾ,** ਪੁ:-ਹੁੱਦਾ, ਦਰਜਾ, ਮਰਾਤਬਾ ਪੜ:-ਉਸਦਾ

**ਉਹਨੂੰ,** ਪੜ:-ਉਸਨੂੰ

**ਉਹਲਾ,** "ਓਹਲਾ" ਵੇਖੋ

**ਉਹਾ,** ਪੁ:-ਓਹੀ ਓਹੀਓ, ਉਸ ਤੋਂ ਜੁਦਾ ਹੋਰ ਨਾ

**ਉਹਾ ਜਿਹਾ,** ਕ੍ਰਿ: ਵਿ:-ਉਸੇ ਵਾਕਰ।

**ਉਹੀ,** ਪੜ:-ਉਹ ਹੀ (ਹੋਰ ਕੋਈ ਨਾ), ਉਹੋ।

**ਉਹੀਓ,** ਪੜ:-ਓਹ ਹੀ, ਉਹਾ, ਉਹ।



**ਉਹੋ,** ਪੜ:-ਓਹੀਓ, ਉਹਾ, ਉਹੀ।

**ਉਹੋ ਜਿਹਾ,** ਵਿ:-ਜਿਹਾ ਪਹਿਲੇ ਸੀ ਤਿਹਾ, ਪੈਹਲੇ ਵਰਗਾ।

**ਉਕਸਾਉਟ,** ਸ:-ਉਕਸਾਉਣ ਦਾ ਕੰਮ, ਉਛਾਲਾ।

**ਉਕਸਾਉਣਾ,** ਕ੍ਰਿ: "ਉਸਕਾਉਣਾ" ਵੇਖੋ।

**ਉੱਕ ਜਾਣਾ,** ਕ੍ਰਿ:-ਭੁੱਲ ਜਾਣਾ, ਚੁਕ ਜਾਣਾ, ਖੁੰਝ ਜਾਣਾ।

**ਉੱਕਣਾ,** ਕ੍ਰਿ:-"ਉੱਕ ਜਾਣਾ" ਵੇਖੋ।

**ਉਕਤ,** ਵਿ:-ਉੱਪਰ ਕਿਹਾ ਹੋਇਆ, ਜੋ ਪੈਹਲੇ ਕਥਨ ਕੀਤਾ ਗਿਆ ਹੈ।

**ਉੱਕਤ,** ਸ:-ਢੋਹ, ਅਟਕੁਲ ਪਚੂ, ਜੁਗਤ, ਢੌਲ।

**ਉਕਤ ਜੁਗਤ,** ਸ:-ਹਿਕਮਤ, ਤਦਬੀਰ, ਉਪਾਉ, ਢੌਲ।

**ਉੱਕਤਣ,** ਸ:-ਢੋਹ ਮਾਰਨ ਵਾਲੀ ਤ੍ਰੀਮਤ, ਜੁਗਤਣ।

**ਉਕਤਾਉਣਾ,** ਕ੍ਰਿ:-ਖਪਾਉਣਾ, ਛੇਤਣਾ ਖਪਣਾ, ਖਿਝਣਾ, ਉਦਾਸ ਹੋਣਾ, ਵਿਰਕੇ ਹੋਣਾ।

**ਉੱਕਤੀ,** ਪੁ:-ਜੁਗਤੀ, ਢੋਹ ਮਾਰਨ ਵਾਲਾ, ਉੱਕਤ ਜੜਨ ਵਾਲਾ।

**ਉਕਤੀ ਜੁਗਤੀ,** ਪੁ:-ਹਿਕਮਤੀ, ਉਸਤਾਦ।

**ਉਕਥਾ,** ਪੁ:-ਬੋਲ, ਬਚਨ, ਇਕ ਤਰ੍ਹਾਂ ਦਾ ਛੰਦ।

**ਉੱਕਰ,** ਕ੍ਰਿ: ਵਿ:-ਉਸੇ ਤਰ੍ਹਾਂ, ਓਵੇਂ।

**ਉੱਕਰਨਾ,** ਕ੍ਰਿ:-ਪੁਟਣਾ, ਖੋਦਣਾ, ਖੋਤਰਨਾ, ਪੱਥਰ ਜਾਂ ਧਾਤ ਉੱਤੇ ਖੋਦ ਕੇ ਮੂਰਤ ਆਦਿਕ ਬਣਾਉਣਾ

**ਉਕਰਾਉਣਾ,** ਕ੍ਰਿ:-ਉੱਕਰਨ ਦਾ ਕੰਮ ਕਰਾਉਣਾ, ਖੁਦਾਉਣਾ।

Digitized by Panjab Digital Library | www.panjabdigilib.org

**ਉਕਰਾਈ,** ਸ:--ਉਕਰਨ ਦਾ ਕੰਮ, ਉਕਰਨ ਦੀ ਮੇਹਨਤ ਜਾਂ ਮਜੂਰੀ।

**ਉੱਕੜ ਦੁੱਕੜ,** ਵਿ:--ਟਾਵਾਂ ਟਾਵਾਂ, ਵਿਰਲਾ, ਕੋਈ ਹੀ

**ਉੱਕੜਾ,** ਵਿ:--ਨਿਰਾ ਪੁਰਾ, ਉੱਕਾ, ਬਿਲਕੁਲ।

**ਉੱਕੜੂ,** ਵਿ:--ਅੱਡੀਆਂ ਦੇ ਭਾਰ (ਬੈਠਣਾ)।

**ਉੱਕਾ,** ਵਿ:--ਇਕੱਲਾ ਦੁਕੱਲਾ, ਛੜਾ, ਸਾਰਾ, ਪੂਰਾ, ਬਿਲਕੁਲ।

**ਉਕਾਉਣਾ,** ਕ੍ਰਿ: ਭੁਲਾਉਣਾ, ਚੁਕਾਉਣਾ, ਖੁੰਝਾਉਣਾ ਘੁਸਾਉਣਾ।

**ਉਕਾਊ,** ਵਿ:--ਉਕਾਉਣ ਵਾਲਾ, ਖੁੰਝਾਉਣ ਵਾਲਾ।

**ਉਕਾਈ,** ਸ:--ਉੱਕਣ ਦਾ ਕੰਮ, ਖੁੰਝਣਾ, ਭੁੱਲਣਾ, ਭੁੱਲ ਚੁੱਕ।

**ਉਕਾਸ,** ਸ:--ਚੋਰੀ।

**ਉਕਾਸਣਾ,** ਕ੍ਰਿ:--ਕੱਢ ਲੈਣਾ, ਛੁਪਾਕੇ ਲੈਣਾ, ਭੜਕਾਉਣਾ, ਚਮਕਾਉਣਾ।

**ਉਕਾਸੀ, ਉਕਾਸੂ,** ਵਿ:--ਉਕਾਸਣ ਵਾਲਾ

**ਉਕਾਤ,** ਸ:--ਗੁਜ਼ਾਰਾ, ਰੁਜ਼ਗਾਰ, ਹਾਲਤ, ਫੁਰਸਤ।

**ਉੱਕਾ, ਪੁੱਕਾ, (ਕੀ), ਉੱਕਾ ਮਿੱਕਾ (ਕੀ),** ਵਿ--ਪੂਰਾ, ਸਾਰਾ, ਨਿਰਾ, ਇਕੱਲਾ, ਜਿਸ ਵਿੱਚ ਫਾਲਤੂ ਖਰਚ ਨਾ ਹਵੇ

**ਉੱਕੀ,** (ਸ:)ਵਿ:--ਪੂਰੀ, ਸਾਰੀ, ਨਿਰੀ, ਬਿਲਕੁਲ।

**ਉੱਕੂ,** ਵਿ:--ਉੱਕਣ ਵਾਲਾ, ਭੁੱਲਣ ਵਾਲਾ

**ਉੱਖਲ,** ਪੁ:--ਲੱਕੜ ਦਾ ਚੱਟੂ, ਧਾਨਾਂ ਛੜਨ ਵਾਲਾ ਭਾਂਡਾ।

**ਉੱਖਲੀ,** ਸ:--ਨਿੱਕਾ ਜਿਹਾ ਉੱਖਲ, ਜ਼ਿਮੀ ਵਿੱਚ ਗੱਡਿਆ ਹੋਇਆ ਚੱਟੂ।

**ਉੱਖਲੀ ਹੋਣਾ** (ਹੋ ਜਾਣਾ), ਕ੍ਰਿ:--ਕਸ਼ਟ ਸਿਰ ਤੇ ਝੱਲਣਾ।

**ਉੱਖਲੀ ਵਿੱਚ ਸਿਰ ਦੇਣਾ ਤੇ ਫੇਰ ਮੋਹਲਿਆਂ ਤੋਂ ਕੀ ਡਰਨਾ,** ਕ੍ਰਿ:-ਔਖਾ ਕੰਮ ਅਰੰਭਕੇ ਫੇਰ ਉਸ ਦੀਆਂ ਔਕੜਾਂ ਤੋਂ ਕੀ ਘਿਬਰਾਹਟ ਕਰਨਾ।

**ਉੱਖੜਨ,** ਪੁ: ਪੁੱਟਿਆ ਜਾਉਣ, ਪੁਟੀਣ।

**ਉੱਖੜਨਾ,** ਕ੍ਰਿ:--ਪੁੱਟਿਆ ਜਾਣਾ, ਜੜ੍ਹਾਂ ਤੋਂ ਨਿਕਲ ਜਾਣਾ, ਜੜੀ ਹੋਈ ਚੀਜ਼ ਦਾ ਨਿਕਲ ਜਾਣਾ

**ਪੈਰ ਉੱਖੜਨਾ(ਨੇ), ਪੈਰਾਂ ਤੋਂ ਉੱਖੜਨਾ,** ਕ੍ਰਿ:--ਕੈਮ ਨਾ ਰਹਿਣਾ, ਆਪਣੀ ਥਾਂ ਤੋਂ ਹਟ ਜਾਣਾ।

**ਉੱਖੜਨਾ ਪੁੱਖੜਨਾ,** ਕ੍ਰਿ: ਬਿਲਕੁਲ ਪੁੱਟਿਆ ਜਾਣਾ, ਨਸ਼ਟ ਹੋ ਜਾਣਾ।

**ਉਖੜਾਉਣਾ,** ਕ੍ਰਿ:-ਪੁੱਟੁਆਉਣਾ।

**ਉਖੜਿਆ ਹੋਇਆ,** ਵਿ:-ਪੁੱਟਿਆ ਹੋਇਆ, ਨਾਸ ਹੋਇਆ ਹੋਇਆ

**ਉਖਾੜਨਾ,** ਕ੍ਰਿ:--ਜੜ੍ਹਾਂ ਤੋਂ ਕੱਢਣਾ, ਪੁੱਟ ਸੁੱਟਣਾ।

**ਉਖੇੜ ਦੇਣੀ, ਮਾਰਨੀ ਜਾਂ ਲਾਉਣੀ,** ਕ੍ਰਿ: ਪੁੱਟ ਸੁੱਟਣਾ, ਨਸ਼ਟ ਕਰਨਾ

**ਉਖੇੜਨਾ,** ਕ੍ਰਿ: 'ਉਖਾੜਨਾ'' ਵੇਖੋ

**ਉਖੇੜਾ,** ਪੁ:--ਇੱਕ ਰੋਗ ਜਿਸ ਵਿੱਚ ਵਾਲ ਝੜ ਜਾਂਦੇ ਹਨ (ਜੜ੍ਹੋਂ ਉੱਖੜ ਕੇ),

**ਉਖੇੜਾ ਲੱਗਣਾ** ਕ੍ਰਿ: ਵਾਲ ਝੜਨ ਲੱਗ ਪੈਣੇ॥

**ਉੱਗਣਾ,** ਕ੍ਰਿ:--ਬੂਟੇ ਦਾ ਧਰਤੀ ਵਿੱਚੋਂ ਨਿਕਲਣਾ, ਬੀਉ ਦਾ ਫੁਟ ਪੈਣਾ, ਪੈਦਾ ਹੋਣਾ, [illegible]।

**ਉੱਗ ਪੈਣਾ,** ਕ੍ਰਿ:--ਉੱਗਣਾ, ਪੈਦਾ ਹੋਣਾ, ਪਰਗਟ ਹੋਣਾ, ਉੱਗਮਣਾ।

Digitized by Panjab Digital Library | www.panjabdigilib.org

**ਉੱਗਮਣਾ,** ਕ੍ਰਿ:-ਨਿਕਲ ਕੇ ਬਾਹਰ ਆਉਣਾ, ਉੱਪਰ ਉੱਠਣਾ, ਪਰਗਟ ਹੋਣਾ।

**ਉਗਰਵਾਹੁਣਾ,** ਕ੍ਰਿ:-ਉਗਰਾਹੀ ਕਰਾਉਣਾ।

**ਉਗਰਾਹਾ,** ਪੁ:-ਉਗਰਾਹੀ ਕਰਨ ਵਾਲਾ।

**ਉਗਰਾਹੀ,** ਸ:-ਲਹਿਣੇ ਦੀ ਰਕਮ ਜੋ ਕੱਠੀ ਹੋ ਜਾਇ, ਲਹਿਣਾ ਕੱਠਾ ਕਰਨ ਦਾ ਕੰਮ ਜਾਂ ਮਜੂਰੀ।

**ਉਗਰਾਹੁਣਾ,** ਕ੍ਰਿ:-ਉਗਰਾਹੀ ਕਰਨਾ।

**ਉਗਰਾਹੂ,** ਪੁ:-ਉਗਰਾਹੁਣ ਵਾਲਾ

**ਉਗਲੱਛਣਾ,**
**ਉਗਲੱਛ ਸੁੱਟਣਾ,** } ਕ੍ਰਿ: ਖਾਧਾ ਹੋਇਆ ਉਤੋਂ ਬਾਹਰ ਕਢਣਾ, ਉੱਗਲਣਾ, ਉੱਪਰਫਲ ਕਰਨਾ

**ਉੱਗਲਣਾ,** ਕ੍ਰਿ:-ਉਥੱਲ ਕਰਨਾ, ਖਾਧਾ ਹੋਇਆ ਉਤੋਂ ਬਾਹਰ ਸਿੱਟਣਾ, ਡਾਕਣਾ, ਉੱਪਰਫਲ ਕਰਨਾ, ਛੁੱਟਣਾ, ਜੁਦਾ ਹੋਣਾ, ਢਿਲਾ ਹੋਣਾ, ਉਤਾਂਹ ਉਠਣਾ,

**ਉੱਗਲ ਨਿੱਗਲ ਕੇ ਖਾਣਾ** ਕ੍ਰਿ:-ਬੇਸੁਆਦ ਚੀਜ ਨੂੰ ਔਖੇ ਹੋਕੇ ਖਾਣਾ॥

**ਉੱਗਲ ਨਿੱਛਲ,** ਵਿ:-(ਹੋਣਾ) ਬਹੁਤ ਸਾਰਾ

**ਉਂਗਲ,** ਸ: ਅੰਗੁਲ, ਹੱਥਾਂ ਪੈਰਾਂ ਦੇ ਅਗਲੇ ਪੰਜਾ ਪੰਜਾਂ ਹਿੱਸਿਆਂ ਵਿੱਚੋਂ ਅੰਗੂਠੇ ਛੱਟ ਕੋਈ।

**ਉਂਗਲ ਕਰਨੀ (ਕਰਾਉਣੀ)** ਕ੍ਰਿ:-ਦੋਸ਼ਦੇਣਾ, ਲੁਆਣਾ।

**ਉਂਗਲ ਧਰਨੀ (ਰੱਖਣੀ)** ਕ੍ਰਿ:ਪਸੰਦ ਕਰਨਾ

**ਉਂਗਲੱਟਣਾ,** ਕ੍ਰਿ: -'ਉਘਲਣਾ' ਵੇਖੋ

**ਉਗਲਾਉਣਾ,** ਕ੍ਰਿ:-ਛੁਡਾਉਣਾ, ਢਿੱਲਾ ਕਰਨਾ, ਜੁਦਾ ਕਰਨਾ

**ਉਗਲਾਛਣਾ,** ਕ੍ਰਿ:-ਉੱਪਰਫਲ ਕਰਾਉਣੀ, ਕੈ ਕਰਾਉਣੀ, ਉਥੱਲ ਕਰਾਉਣਾ।

**ਉਂਗਲੀ,** ਸ:-'ਉਂਗਲ' ਵੇਖੋ (ਉਂਗਲੀ ਦੇ ਮੁਹਾਵਰੇ ਵੇਖੋ 'ਅੰਗੁਲੀ' ਦੇ ਹੇਠ)।

**ਉਗਵਈਆ,** ਪੁ: -ਉਗਾਉਣ ਵਾਲਾ।

**ਉਗਵਾਉਣਾ,** ਕ੍ਰਿ:-ਦੂਜੇ ਕੋਲੋਂ ਬਿਜਵਾਉਣਾ, ਬੀ ਪੁਆਉਣਾ, ਉਗਾਉਣ ਦਾ ਕੰਮ ਕਰਾਉਣਾ।

**ਉਗਵਾਈ,** ਸ:—ਉਗਵਾਉਣ ਦਾ ਕੰਮ, ਮਿਹਨਤ ਜਾਂ ਮਜੂਰੀ।

**ਉਗਾਉਣਾ,** ਕ੍ਰਿ:-ਉੱਗਣ ਦੇਣਾ, ਵਧਾਉਣਾ, ਪੈਦਾ ਕਰਨਾ, ਧਰਤੀ ਨੂੰ ਪਾਣੀ ਦੇਕੇ ਬੂਟੇ ਨੂੰ ਵਧਕੇ ਬਾਹਰ ਆਉਣ ਦੇਣਾ।

**ਉਗਾਊ,** ਵਿ: ਉੱਗਣ ਵਾਲਾ, ਉੱਗਣ ਨੂੰ ਹੀ।

**ਉਗਾਸ, ਉਗਾਸੁ**-"ਉਕਾਸ" ਉਕਾਸੁ ਵੇਖੋ।

**ਉਗਾਹ,** ਪੁ:-ਗਵਾਹ-ਸਾਖੀ-ਸ਼ਾਹਦ।

**ਉਗਾਹੀ,** ਸ:-ਗਵਾਹੀ, ਸਾਖੀ, ਸ਼ਾਹਦੀ (ਦੇਣੀ ਭਰਨੀ)।

**ਉਗਾਣਾ,** ਕ੍ਰਿ:-"ਉਗਾਉਣਾ" ਵੇਖੋ.

**ਉਗਾਲ,** ਪੁ:-ਉਥਲ, ਖਾਧੀ ਹੋਈ ਵਸਤ ਜੋ ਉੱਤੋਂ ਬਾਹਰ ਆ ਜਾਏ, ਥੁੱਕ, ਖੰਘਾਰ, ਢਿੱਲਾ ਹੋਣਾ, ਵੱਖ ਹੋਣਾ, ਛੁੱਟਣਾ

**ਉਗਾਲ ਦਾਨ,** ਪੁ:-ਥੁੱਕ ਸਿੱਟਣ ਵਾਲਾ ਭਾਂਡਾ, ਪੀਕ ਦਾਨ

**ਉਗਾਲਣਾ,** ਕ੍ਰਿ:-ਉੱਤੋਂ ਸੁੱਟਣਾ, ਉਥਲ ਕਰਨਾ, ਉਗਾਲੀ ਕਰਨੀ।

**ਉਗਾਲੀ,** ਸ:-ਖਾਧੇ ਹੋਏ ਨੂੰ ਫੇਰ ਮੂੰਹ ਵਿੱਚ ਲਿਆ ਲਿਆ ਕੇ ਚਿੱਥਣਾ, ਜਿੱਕੁਰ ਡੰਗਰ ਕਰਦੇ ਹਨ।

**ਉੱਗੁਰਨਾ,** ਕ੍ਰਿ:-ਮੁੱਕਾ ਵੱਟ ਕੇ ਡਰਾਉਣਾ।

**ਉੱਗਰ ਉਗੱਰ ਪੈਣਾ** - ਮੁੱਕਾ ਵੱਟ ਕੇ ਕਿਸੇ ਉੱਤੇ ਜਾ ਪੈਣਾ।

Digitized by Panjab Digital Library | www.panjabdigilib.org

**ਉਙੂੰ**—ਛੋਟੇ ਬਾਲਾਂਦੇ ਮੂੰਹ ਤੋਂ ਇਹ ਅਵਾਜ ਨਿਕਲਦੀ ਹੈ।

**ਉਂਗੂਠੀ,** ਸਃ--ਅੰਗੂਠੀ, ਛਾਪ, ਮੁੰਦਰੀ

**ਉੱਘ,** ਸਃ—ਖਬਰ, ਪਤਾ।

**ਉੱਘ ਸੁੱਘ,** ਸਃ-ਖਬਰ ਸਾਰ, ਠੀਕ ਠਾਕ ਪਤਾ

**ਉੱਘ,ਪਤਾਲਦੀਖਬਰਲਿਆਉਣਾ,** ਕ੍ਰਿਃ--ਬਹੁਤ ਦੂਰ ਦਾ ਪਤਾ ਕੱਢਣਾ।

**ਉੱਘ ਪੈਣੀ,** ਕ੍ਰਿਃ-ਖਬਰ ਹੋਣੀ, ਪਤਾ ਲਗਣਾ, ਪਰਦੇਸ ਗਏ ਹੋਏ ਮਨੁੱਖ ਦਾ ਪਤਾ ਮਿਲਣਾ।

**ਉਂਘੱਟਣਾ,** ਕ੍ਰਿਃ--ਧਮਕਾਉਣਾ,ਘੁਰਕਣਾ, ਮਨੁੱਖਾਂ ਦਾ ਜ ਧਨ ਦੌਲਤ ਦਾ ਨਾਉਂ ਲੈਕੇ ਮੇਹਣੇ ਦੇਣੇ।

**ਉਂਘੱਟਾ,** ਪੁਃ--ਧਮਕੀ, ਮੇਹਣਾ, ਘੁਰਕੀ।

**ਉਂਘੱਟਾ ਦੇਣਾ** ਕ੍ਰਿਃ-ਮੇਹਣੇ ਦੇਣਾ, ਧਮਕਾਉਣਾ।

**ਉੱਘਰਣਾ,** ਕ੍ਰਿਃ--ਉਗਰਾਹੀ ਹੋਣੀ, ਲਹਿਣੇ ਦੀ ਰਕਮ ਮਿਲ ਜਾਣੀ।

**ਉੱਘਰਨਾ**
**ਉੱਘਰ ਉੱਘਰ ਪੈਣਾ** } ਕ੍ਰਿਃ--ਕਿਸੇ ਉੱਤੇ ਹੱਲਾ ਕਰਨ ਨੂੰ ਤਿਆਰ ਹੋਣਾ।

**ਉਘਰਵਾਉਣਾ,** ਕ੍ਰਿਃ-ਉਗਰਾਹੀ ਕਰਾਣੀ,ਲਹਿਣਾ ਕੱਠਾ ਕਰਾਉਣਾ।

**ਉਘਰਵਾਈ,** ਸਃ-ਉਗਰਾਹੀ ਕਰਾਉਣ ਦਾ ਕੰਮ ਜਾਂ ਮਜੂਰੀ।

**ਉਘਲੱਟਣਾ,** ਕ੍ਰਿਃ--ਉਂਘੱਟਾ ਦੇਣਾ, ਮੇਹਣੇ ਮਾਰਨਾ, ਘੁਰਕਣਾ।

**ਉਘਲਾਉਣਾ,** ਕ੍ਰਿਃ-ਨੀਂਦਰ ਵਿੱਚ ਝੋਕਾ ਲੈਣੀਆਂ ਜਾਂ ਝੂਟੇ ਖਾਣਾ, ਅੱਖਾਂ ਵਿੱਚ ਨੀਂਦਰ ਭਰਨਾ, ਊਂਘਣਾ।



**ਉੱਘੜ ਦੁਘੜ**
**ਉੱਘੜਾ ਦੁਘੜਾ** } ਵਿਃ--ਕੱਚਾ, ਅਧੂਰਾ ਜਾਂ ਕੋਝਾ (ਕੰਮ)।

**ਉੱਘੜਣਾ,** ਕ੍ਰਿਃ--ਖਿੱਲਰਨਾ, ਪਰਗਟ ਹੋਣਾ (ਪਾਜ)। ਖੁੱਲ੍ਹਣਾ (ਨੀਂਦਰ), ਜਾਗਣਾ, ਲੋਕਾਂ ਨੂੰ ਮਲੂਮ ਹੋਣਾ, ਰੰਗ ਦਾ ਤੇਜ਼ ਹੋਣਾ

**ਉੱਘੜ ਜਾਣਾ**
**ਉੱਘੜ ਪੈਣਾ** } ਕ੍ਰਿਃ--ਰੰਗ ਆਦਿਕ ਦਾ ਚਮਕ ਉੱਠਣਾ ਯਾ ਸ਼ੋਖ਼ ਹੋ ਜਾਣਾ।

**ਉੱਘਾ,** ਵਿਃ--ਪੁਃ ਪਰਗਟ, ਸਾਫ਼, ਸਭ ਨੂੰ ਮਲੂਮ, ਮਸ਼ਹੂਰ।

**ਉਂਘਾੜਣਾ,** ਕ੍ਰਿਃ--ਖੋਲ੍ਹਣਾ, ਪਰਗਟ ਕਰਨਾ।

**ਉਘਾੜਾ,** ਵਿਃ-ਨੰਗਾ, ਖੁਲ੍ਹਾ, ਪਰਗਟ।

**ਉਘਾੜਾ ਬੁਘਾੜਾ,** ਵਿਃ--ਉਘਾੜਾ, ਨੰਗਾ।

**ਉਘਾੜੂ,** ਵਿਃ--ਉਘਾੜਨ ਵਾਲਾ, ਪਰਗਟ ਕਰਨ ਵਾਲਾ।

**ਉੱਘੀ,** ਵਿਃ ਸਃ--ਪਰਗਟ, ਸਾਫ਼, ਪਰਤੱਖ।

**ਉਘੇੜਣਾ,** ਕ੍ਰਿਃ-ਅੱਖ ਖੋਲ੍ਹਣੀ, ਜਾਗਣਾ, ਪਰਗਟ ਕਰਨਾ

**ਉੱਚ,** ਵਿਃ-ਵੱਡੀ ਜਾਤ ਜਾਂ ਵਡੇ ਦਰਜੇ ਦਾ।

**ਉੱਚ ਦਾ ਪੀਰ,** ਪੁਃ—ਇੱਕ ਡਰਾ ਦਾ ਸੱਯਦ ਜਾਤ ਦਾ ਪੀਰ।

**ਉੱਚ ਪਦਵੀ,** ਸਃ- ਵੱਡਾ ਦਰਜਾ।

**ਉਚਕਣਾ,** ਕ੍ਰਿਃ-ਜਾਗ ਉੱਠਣਾ, ਸੁੱਤੇ ਪਏ ਨੀਂਦਰ ਖੁਲ੍ਹ ਜਾਣੀ ਅਰ ਫੇਰ ਨ ਆਉਣੀ, ਕੱਦ ਪੈਣਾ, ਉਛਲਣਾ, ਟੱਪਣਾ।

**ਉਚੱਕ ਪੁਣਾ,** ਪੁਃ ਉਚੱਕਿਆਂ ਦਾ ਕੰਮ, ਠੱਗੀ ਠਕਾਰੀ, ਚੋਟਾ ਪਨ।

Digitized by Panjab Digital Library | www.panjabdigilib.org

**ਉਚੱਕ ਬਿੱਦਿਆ,** ਸਃ-ਖੀਸੇ ਕੱਟਣ ਦੀ ਚਤਰਾਈ. ਚੋਰੀ ਕਰਨ ਦਾ ਢੰਗ

**ਉਚੱਕਾ,** ਪੁਃ-ਚੋਰ, ਲੋਟਾ, ਗੰਢੀ ਕੱਪ, ਠੱਗ, ਉਠਾਊ

**ਉਚਕਾਉਣਾ,** ਕ੍ਰਿਃ-ਉਠਾਉਣਾ, ਚੁਕਾਉਣਾ।

**ਉਚੱਕੀ,** ਸਃ—ਚੋਟੀ, ਚੋਰੀ ਕਰਨ ਵਾਲੀ, ਉਠਾਊ

**ਉਚਟਣਾ,** ਕ੍ਰਿਃ—ਦਿਲ ਨ ਲਗਣਾ, ਦਿਲ ਉਦਾਸ ਹੋਣਾ ਜਾਂ ਹਟ ਜਾਣਾ।

**ਉਚਰਨਾ,** ਕ੍ਰਿਃ—ਬੋਲਣਾ, ਆਖਣਾ, ਕਹਿਣਾ

**ਉਚਰਾਉਣਾ,** ਕ੍ਰਿਃ ਕਹਾਉਣ, ਬੁਲਵਾਉਣ, ਅਖਵਾਉਣਾ।

**ਉਚਰਾਈ,** ਸਃ—ਉਚਰਨ ਦਾ ਕੰਮ

**ਉੱਚੜਨਾ,** ਕ੍ਰਿਃ—ਲਹਿਣਾ, ਜਿਵੇਂ ਪਿੰਡੇ ਦਾ ਮਾਸ ਕਿਧਰੋਂ ਲਹਿ ਜਾਂਦਾ ਹੈ।

**ਉੱਚੜ ਪੈੜੇ ਲੱਗਣੇ,** ਕ੍ਰਿਃ—ਫਿਰਨ ਦੀ ਚਾਹ ਹੋਣੀ, ਟਿਕ ਕੇ ਨਾ ਬੈਠਣਾ

**ਉੱਚਾ,** ਪੁਃ—ਵਾਲ ਯਾ ਕੰਡਾ ਕੱਢਣ ਵਾਲਾ ਮੋਚਨਾ।

**ਉੱਚਾ,** ਵਿਃ—ਉੱਪਰ ਵੱਲ, ਲੰਮਾ, ਲੰਮੇ ਕੱਦ ਵਾਲਾ ਬਹੁਤ ਚਾਲਵਾਂ, ਉੱਚੀ ਦੇ ਬੋਲਿਆ ਹੋਇਆ

**ਉੱਚਾ ਸੁਣਨਾ,** ਕ੍ਰਿਃ-ਕੋਈ ਉੱਚਾ ਬੋਲ ਤਾਂ ਸੁਣ ਸਕਣਾ, ਕੰਨੋਂ ਬੋਲਾ ਜਿਹਾ ਬੋਲਾ ਹੋਣਾ।

**ਉੱਚਾ ਹੱਥ ਰਹਿਣਾ,** ਕ੍ਰਿਃ-ਕਿਸੇ ਗਲ ਵਧ ਜਾਣ ਜਾਂ ਕਿਸੇ ਨੂੰ ਆਪਣੇ ਵਸ ਵਿੱਚ ਰਖਣਾ

**ਉੱਚਾ ਹੋਣਾ,** ਕ੍ਰਿਃ—ਵਡਾ ਬਣਨ, ਆਕੜਣਾ, ਹੰਕਾਰ ਕਰਨ

**ਉੱਚਾ ਦਰਜਾ,** ਪੁਃ—ਵੱਡੀ ਪਦਵੀ।

**ਉੱਚਾ ਲੰਮਾ ਗੱਭਰੂ ਪੱਲੇ ਠੀਕਰੀਆਂ** } ਦਿਸਣ ਨੂੰ ਚੰਗਾ ਪਰ ਗੁਣ ਮਾੜੇ

**ਉਚਾਊ,** ਵਿਃ—ਉੱਚਾ ਚੜ੍ਹਿਆ ਹੋਇਆ, ਦਿਲ ਉਖੜਿਆ ਹੋਇਆ।

**ਉਚਾਈ,** ਸਃ—ਉੱਚਾ ਹੋਣ, ਜਿੰਨੀ ਕੋਈ ਚੀਜ਼ ਉੱਚੀ ਹੋਵੇ, ਲੰਮਾਈ, 'ਉਚਾਣ'।

**ਉਚਾਹਟ**
**ਉਚਾਹਟੀ** } ਸਃ ਉਚਾਈ, ਉਚਾਣ, ਅਵਾਜ਼ ਉੱਚੀ ਹੋਣਾ, ਕਾਹਲੀ

**ਉਚਾਹਟ ਪੈਣਾ (ਉਚਾਹਟੀ),** ਪੁਃ-ਸਃ- ਰੋਕ ਟੋਕ।

**ਉਚਾਹਟੀ ਕਰਨੀ,** ਕ੍ਰਿਃ—ਕਿਸੇ ਦੀ ਗੱਲ ਟੁੱਕਣੀ, ਰੋਕਣਾ।

**ਉਚਾਟ,** ਸਃ—ਖਿਝ, ਉਦਾਸੀ, ਉਖਾੜ, ਘੁਰਕੀ।

**ਉਚਾਟਣਾ,** ਕ੍ਰਿਃ—ਖਿਝਾਣਾ, ਘੁਰਕਣਾ, ਅਕਾਉਣ।

**ਉਚਾਣ,** ਸਃ—ਉੱਚੀ ਥਾਂ, ਉਚਾਈ।

**ਉਚਾਪਤ,** ਸਃ—ਸ਼ਾਹੂਕਾਰ ਕੋਲੋਂ ਰੁਪਇਆ ਹੁਦਾਰ ਲੈਣਾ, ਹਟਵਾਣੀਏ ਕੋਲੋਂ ਕੋਈ ਸ਼ੈ ਹੁਦਾਰ ਲੈਣਾ, ਲੇਖੇ ਵਿਚ ਜੇਹੜੀ ਰਕਮ ਦੇਣੀ ਹੋਵੇ।

**ਉਚਾਰ,** ਪੁਃ—ਬੋਲ ਚਾਲ, ਬਾਣੀ, ਬਚਨ।

**ਉਚਾਰਣ,** ਪੁ-ਬੋਲ, ਆਖਣ, ਕਹਿਣ, ਬਚਨ-ਬਿਲਾਸ, ਸ਼ਬਦ ਦੀ ਠੀਕ ਅਵਾਜ਼ ਦਾ ਮੂੰਹੋਂ ਕਢਣਾ।

**ਉਚਾਰਣਾ,** ਕ੍ਰਿਃ—ਬੋਲਣਾ, ਕਹਿਣਾ, ਬਚਨਬਿਲਾਸ ਕਰਨਾ

**ਉਚਾਵਾਂ,** ਵਿਃ—ਜਿਸ ਚੀਜ਼ ਨੂੰ ਇੱਕ ਥਾਂ ਤੋਂ ਦੂਈ ਥਾਂ ਲੈ ਜਾ ਸੱਕੀਏ (ਚੁੱਲ੍ਹਾ ਆਦਿਕ)।

**ਉਚਿਆਈ,** ਸਃ—ਉਚਾਈ, ਉਚਾਣ, ਉਚਾਹਟ।

**ਉਚਿਤ,** ਵਿਃ—ਮੁਨਾਸਬ, ਜੋਗ, ਠੀਕ ਵਾਜਬ।

**ਉੱਚਿਰ,** ਕ੍ਰਿ- ਵਿਃ—ਉਂਨਾ ਚਿਰ, ਤਦ ਤਾਈਂ, ਉਸ ਵੇਲੇ ਤੱਕ, ਓਦੋਂ ਤਈਂ।

Digitized by Panjab Digital Library | www.panjabdigilib.org

**ਉੱਚੀ,** ਵਿ:-ਉੱਪਰਲੀ ਥਾਂ, ਉੱਪਰਲੀ ਵੱਲ, ਲੰਮੀ, ਬੁਲੰਦ, ਜ਼ੋਰ ਦੀ ਅਵਾਜ਼।

**ਉੱਚੀ ਉੱਚੀ,** ਕ੍ਰਿ:-ਵਿ:-ਉੱਚੀ ਅਵਾਜ਼ ਨਾਲ।

**ਉੱਚੀ ਸੁਰ,** ਸ:-ਗਾਉਣ ਵੇਲੇ ਦੂਰ ਦੂਰ ਤਕ ਜਾਣ ਵਾਲੀ ਅਵਾਜ਼

**ਉੱਚੀ ਜਾਤ,** ਸ:-ਵਡੀ ਜਾਤ

**ਉੱਚੀ ਦੁਕਾਨ,** ਸ:-ਮਸ਼ਹੂਰ, ਭਾਰੀ ਦੁਕਾਨ ਜਾਂ ਹੱਟ।

**ਉੱਚੀ ਦੁਕਾਨ ਫਿੱਕਾ ਪਕਵਾਨ** = ਨਾਉਂ ਵੱਡਾ ਹੋਣਾ ਪਰ ਗੁਣ ਨਾ ਹੋਣਾ।

**ਉੱਚੀ ਨੀਵੀਂ ਥਾਂ,** ਸ:-ਜੇਹੜੀ ਧਰਤੀ ਪੱਧਰੀ ਨਾ ਹੋਵੇ

**ਉੱਚੇਚਾ, ਉੱਚੇਚੀ,** } ਕ੍ਰਿ: ਵਿ:-ਕਿਸੇ ਖਾਸ ਕੰਮ ਵਾਸਤੇ

**ਉਚੇਰਾ,** ਵਿ: -ਰਤਾ ਕੁ ਉੱਚਾ।

**ਉਚੇੜਣਾ,** ਕ੍ਰਿ:-ਲਾਹੁਣਾ (ਜਿਕੁਰ ਪਿੰਡੇ ਤੋਂ ਚੰਮ ਲਾਹਿਆ ਜਾਏ)।

**ਉਚੇੜਣੀਆਂ ਉਚੇੜ ਸੁੱਟਣੀਆਂ (ਮਾਰਨੀਆਂ)** } ਕ੍ਰਿ:-(ਕੰਧਾਂ) ਕਿਸੇ ਦੇ ਘਰ ਬਹੁਤ ਫੇਰੇ ਪਾਉਣੇ ਅਤੇ ਅਕਾਉਣਾ

**ਉੱਛਣਾ,** ਕ੍ਰਿ:-ਅੰਬਣਾ, ਦੁਖਣਾ, ਪਛੀਣ।

**ਉੱਛਲ,** ਪੁ:-ਨਦੀ ਵਿੱਚ ਪਾਣੀ ਉੱਛਲਣਾ।

**ਉੱਛਲ ਉੱਛਲ ਪੈਣਾ,** ਕ੍ਰਿ:-ਬਿਆਕੁਲ ਹੋਣਾ, ਘਾਬਰਨਾ।

**ਉੱਛਲਣਾ,** ਕ੍ਰਿ:-ਕੁਦਣਾ, ਟੱਪਣਾ, ਉਤਾਹ ਨੂੰ ਆਉਣਾ, ਭੁੜਕਣਾ, ਮਨ ਬਿਆਕਲ ਹੋਣਾ।

**ਉਛਾਂਧ ਉਛਾਂਦ** } ਸ:- ਸੜ੍ਹਿਆਂਧ, ਦੁਰਗੰਧ, ਬਦਬੋ।

**ਉਛਾਲ,** ਸ:-ਕੁੱਦ, ਚੜ੍ਹਾਉ, ਉਛਲਣ ਦਾ ਕੰਮ, ਛਾਲ

**ਉਛਾਲਣਾ,** ਕ੍ਰਿ:-ਉਚਾ ਸਟਣਾ

**ਉਛਾਲਾ,** ਪੁ:-ਹੁਲਾਰਾ, ਚੜ੍ਹਾਉ

**ਉਛਾਲੀ,** ਸ:-ਕੁੱਦ, ਛਾਲ, ਕੈ, ਉੱਪਰਛਲ।

**ਉਛਾਲੂ,** ਪੁ:- ਉਛਾਲਾ ਦੇਣ ਵਾਲਾ।

**ਉਛਾੜ,** ਪੁ:-ਲੇਫ ਤੁਲਾਈ ਆਦਿਕਾਂ ਦਾ ਉੱਪਰਲਾ ਕੱਪੜਾ।

**ਉਜ,** ਕ੍ਰਿ: ਵਿ:- "ਓਂਦ" ਦੇਖੋ।

**ਉਜੱਡ,** ਪੁ:- **ਉਜੱਡਣ** ਸ:- } ਵਿ:-ਮੂਰਖ, ਬੇਸਮਝ, ਭੋਲਾ, ਭੁਲਾ

**ਉਜਬਕ,** ਵਿ:-ਮੂਰਖ, ਅਹਮਕ, ਝੱਲਾ

**ਉਜਰ,** ਪੁ:-ਕਿੱਸੇ ਕੰਮੋਂ ਜੋ ਨਾਂਹ ਕੀਤੀ ਜਾਏ, ਬਹਾਨਾ, ਖਿਮਾ, ਹੀਲਾ

**ਉੱਜਲ,** ਵਿ:-ਸੁਥਰਾ, ਸਾਫ਼, ਨਿਰਮਲ, ਚਿੱਟਾ, ਲਿਸ਼ਕਦਾ

**ਉੱਜਲ ਦੀਦਾਰ,** ਵਿ:-ਜਿਸ ਦਾ ਦਰਸ਼ਨ ਕਰਨਾ ਚੰਗਾ ਹੋਵੇ

**ਉਜਲਣਾ,** ਕ੍ਰਿ:-ਚਮਕਣਾ, ਸਾਫ਼ ਹੋਣਾ, ਲਿਸ਼ਕਣਾ

**ਉੱਜਲਤਾਈ** ਸ:- **ਉੱਜਲ ਪੁਣਾ** ਪੁ:- } ਚਮਕ, ਸਫ਼ਾਈ, ਲਿਸ਼ਕ।

**ਉੱਜਲਾ,** ਪੁ:-ਸਾਫ਼, ਚਿੱਟਾ ਚਮਕਦਾਰ।

**ਉਜਲਾਉਣਾ,** ਕ੍ਰਿ:-ਚਮਕਾਉਣਾ, ਲਿਸ਼ਕਾਉਣਾ।

**ਉਜਲਾਈ,** ਸ:-ਸਫ਼ਾਈ, ਚਮਕ, ਲਿਸ਼ਕ।

Digitized by Panjab Digital Library | www.panjabdigilib.org

**ਉੱਜਲੀ,** ਸ਼ਃ—ਸਫ਼, ਚਿੱਟੀ, ਚਮਕਦਾਰ।

**ਉੱਜੜ,** ਵਿਃ—ਨਸ਼ਟ ਹੋਇਆ ਹੋਇਆ, ਖ਼ਾਲੀ ਸੁੰਞਾ।

**ਉੱਜੜ ਜਾਣਾ,** ਕ੍ਰਿਃ—"ਉੱਜੜਨਾ" ਵੇਖੋ।

**ਉੱਜੜਣਾ,** ਕ੍ਰਿਃ—ਕੁਝ ਨਾ ਰਹਿਣਾ, ਨਸ਼ਟ ਹੋ ਜਾਣਾ, ਘਰੋਂ ਯਾ ਦੇਸੋਂ ਨਿਕਲ ਜਾਣਾ।

**ਉੱਜੜ ਪੁੱਜੜ ਜਾਣਾ**—ਬਿਲਕੁਲ ਉੱਜੜ ਜਾਣਾ, ਕੱਖ ਨਾ ਰਹਿਣਾ।

**ਉਜੜਾਉਣਾ,** ਕ੍ਰਿਃ ਨਸ਼ਟ ਕਰਾਉਣਾ।

**ਉਜੜਾਊ,** ਪੁਃ—ਉਜੜਨ ਵਾਲਾ।

**ਉਜੜਾਈ,** ਸਃ -ਉਜੜਾਉਣ ਦਾ ਕੰਮ ਜਾ ਮਜੂਰੀ।

**ਉਜੜੇ ਪਿੰਡ ਭੜੋਲਾ ਮਹਲ**—ਜਿਥੇ ਬਹੁਤ ਚੰਗੀ ਸ਼ੈ ਨਾ ਹੋਵੇ ਓਥੇ ਨਿਕੰਮੀ ਸ਼ੈ ਦੀ ਭੀ ਕਦਰ ਹੁੰਦੀ ਹੈ।

**ਉਜਾਗਰ,** ਵਿਃ ਪਰਸਿੱਧ, ਉੱਘਾ, ਪਰਗਟ, ਮੰਨਿਆ ਦੰਨਿਆ, ਸਖੀ

**ਉਜਾਗਰੀ,** ਸਃ -ਨਾਮਵਰੀ, ਮਸ਼ਹੂਰੀ

**ਉਜਾਪਨ,** ਪੁਃ—ਹਿੰਦੂਆਂ ਦੀ ਇੱਕ ਧਰਮ ਦੀ ਰੀਤ ਜਾਂ ਕਰਮ।

**ਉਜਾਰ,** ਪੁਃ—ਛੋਟੇ ਹਥਿਆਰ, ਉਹ ਚੀਜ਼ ਜਿਸ ਨਾਲ ਕੋਈ ਬਰੀਕ ਕੰਮ ਕੀਤਾ ਜਾਏ, ਸੰਦ।

**ਉਜਾਲਾ,** ਪੁਃ—ਚਾਨਣ ਰੌਸ਼ਨੀ, ਲੋ, ਦਿਨ ਚੜ੍ਹਨਾ, ਭੜਕ, ਚਮਕ।

**ਉਜਾੜ,** ਪੁਃ ਜੰਗਲ, ਬੀਆਬਾਨ, ਬਨ, ਜਿੱਥੇ ਕੋਈ ਨਾ ਰਹੇ।

**ਉਜਾੜ ਹੋਣੀ,** ਕ੍ਰਿਃ—ਬਰਬਾਦੀ ਜਾਂ ਨਾਸ ਹੋ ਜਾਣਾ।

**ਉਜਾੜ ਕਰਨੀ,** ਕ੍ਰਿਃ—ਉਜਾੜਨਾ, ਨਸ਼ਟ ਕਰਨਾ।

**ਉਜਾੜ ਭਾਲਣੀ,** ਕ੍ਰਿਃ—ਖਿਝਕੇ ਰਹਿਣ ਚਾਹੁਣਾ, ਮਨੁੱਖਾਂ ਨੂੰ ਵੇਖਕੇ ਘਾਬਰਣ, ਹੋਰ ਮਨੁਖ ਨਾ ਭਾਉਣੇ।

**ਉਜਾੜ ਮੱਲਣੀ,** ਕ੍ਰਿਃ—ਘਰ ਛੱਡਕੇ ਜੰਗਲ ਵਿਚ ਚਲੇ ਜਾਣਾ, ਫ਼ਕੀਰ ਹੋ ਜਾਣਾ

**ਉਜਾੜਣਾ,** ਕ੍ਰਿਃ—ਨਸ਼ਟ ਕਰਨਾ ਬਰਬਾਦ ਕਰਨਾ, ਕੁਝ ਨਾ ਛਡਣਾ।

**ਉਜਾੜਾ,** ਪੁਃ—ਖ਼ਾਲੀ, ਸੁੰਞਾ ਥਾਂ, ਉਜਾੜ, ਨਾਸ, ਬਰਬਾਦੀ, ਦਸੋਂ ਬਦੇਸ ਹੋਣਾ, ਉਜਾੜਨ ਦੀ ਜੋ ਚੱਟੀ ਭਰੀ ਜਾਏ

**ਉਜਾੜੂ,** ਵਿਃ—ਉਜਾੜਨ ਵਾਲਾ, ਨਾਸ ਕਰਨ ਵਾਲਾ, ਉਡਾਊ

**ਉਜਿਹਾ,** ਪੜਃ—ਓਹ ਜੇਹਾ—ਉਹਦੇ ਵਾਂਗੂ।

**ਉਜੀਰਨ,** ਪੁਃ—ਅਜੀਰਨ, ਅਫਰਾ

**ਉਜੂ,** ਪੁਃ—ਵੁਜੂ ਮੁਸਲਮਾਨਾਂ ਦਾ ਨਮਾਜ ਪੜ੍ਹਣ ਤੋਂ ਪਹਿਲਾਂ ਹੱਥ ਮੂੰਹ ਤੇ ਪੈਰ ਧੋਣਾ, ਪੰਜ ਅਸ਼ਨਾਨੀ (ਉਜੂ ਸਾਜਣਾ ਜਾਂ ਕਰਨਾ)

**ਉਜੇਹਾ,** ਪੜਃ "ਉਜਿਹਾ" ਵੇਖੋ।

**ਉੱਦਾਂ,** ਕ੍ਰਿਃ ਵਿਃ—ਉਸ ਤਰ੍ਹਾਂ, ਉਂਕਰ, ਓਵੇਂ।

**ਉੱਦੇ,** ਕ੍ਰਿਃ ਵਿਃ ਉਸ ਤਰਾਂ, ਓਵੇਂ ਹੀ, ਅਵੇ ਬਿਅਰਥ।

**ਉਟਕਣਾ,** ਕ੍ਰਿਃ—ਉਚਟਣਾ, ਘਾਬਰਨਾ, ਜੀ ਨਾ ਲੱਗਣਾ।

**ਉਟਕ ਜਾਣੀ (ਨੀਂਦਰ)** ਕ੍ਰਿਃ—ਨੀਂਦਰ ਅਚਾਨਚੱਕ ਖੁਲ੍ਹ ਜਾਣੀ ਅਤੇ ਫੇਰ ਨਾ ਆਉਣੀ।

**ਉਟੇਗਣ**
**ਉਟੰਙਣ** } ਪੁਃ—ਇਕ ਬੂਟਾ, ਇਕ ਦਰਿਆ ਦਾ ਨਾਉਂ

**ਉਟੇਰਣ,** ਪੁਃ—ਅਟੇਰਨ ਜਿਸ ਉੱਤੇ ਸੂਤ੍ਰ ਦੀ ਅੱਟੀ ਬਣਾਈਦੀ ਹੈ।

**ਉਟੇਰਣਾ,** ਕ੍ਰਿਃ—ਅਟੇਰਨਾ, ਸੂਤ੍ਰ ਦੀਆਂ ਅੱਟੀਆਂ ਬਣਾਉਣਾ।

**ਉਟੇਰਣਾ ਪੁਟੇਰਣਾ**
**ਉਟੇਰ ਲੈਣਾ** } ਕ੍ਰਿਃ ਕੱਪੜੇ ਲਾਹ ਲੈਣੇ, ਨੰਗਾ ਕਰ ਦੇਣਾ।

Digitized by Panjab Digital Library | www.panjabdigilib.org

**ਉੱਠ,** ਪੁਃ–"ਊਠ" ਵੇਖੋ।

**ਉੱਠ ਨਾਂ ਕੁੱਦੇ ਬੋਰੇ ਕੁੱਦੇ** ਅਨੋਖੀ ਜਾਂ ਉਲਟੀ ਗੱਲ ਹੋਣੀ।

**ਉੱਠਣ ਬੈਠਣ,** ਸਃ–ਉਠਾ ਬੈਠ, ਉਠਾ ਬੈਠਕ, ਉਠਾ ਬੈਠੀ, ਉਠਕਬੈਠਕ, ਉੱਠਣਾ ਅਤੇ ਬੈਠਣਾ, ਚੰਚਲਤਾਈ, ਹੋਛਾ ਪੁਣਾ, ਮੇਲ ਮਿਲਾਪ, ਇੱਕ ਤਰ੍ਹਾਂ ਦੀ ਕਸਰਤ, ਇਕ ਤਰ੍ਹਾਂ ਦੀ ਸਜ਼ਾ ਜਿਸ ਵਿੱਚ ਅਪਰਾਧੀ ਨੂੰ ਵਾਰੀ ਨਾਲ ਖਲ੍ਹਾਰਿਆ ਅਤੇ ਬਹਾਲਿਆ ਜਾਂਦਾ ਹੈ॥

**ਉੱਠਣਾ,** ਕ੍ਰਿਃ–ਉੱਪਰ ਨੂੰ ਚੜ੍ਹਨਾ, ਉੱਭਰਨਾ, ਖੜੇ ਹੋਣਾ, ਵੱਡੇ ਹੋਕੇ ਚੋਣਾ (ਜਿੱਕੁਰ "ਉਹ ਮੇਰਾ ਭੋੜਾ ਬਾ ਚੰਗਾ ਉੱਠਿਆ ਹੈ"), ਸੌਣ ਪਿੱਛੋਂ ਸੁਚੇਤ ਹੋਣਾ, ਜਾਗਣਾ, ਅਚਾਨਚਕ ਹੋਣਾ (ਜਿੱਕੁਰ "ਸੂਲ ਉੱਠਣਾ"), ਮਦਰਸਾ ਛੱਡਣਾ (ਵਿਦਯਾਰਥੀ ਦਾ)।

**ਉੱਠ ਬੈਠਣਾ,** ਕ੍ਰਿਃ–ਖੜੇ ਹੋਣਾ, ਜਾਗ ਪੈਣਾ, ਰੱਲ ਪੈਣਾ, ਅੰਗਲ ਵਾਂਢੀ ਕਿਸੇ ਨੂੰ ਲਿਆਉਣਾ, ਮੁੜਕੇ ਨਵਾਂ ਨਰੋਇਆ ਹੋਣਾ, ਵਿਦਯਾਰਥੀ ਦਾ ਮਦਰਸਾ ਛੱਡਣਾ।

**ਉੱਠ ਜਾਣਾ** ਕ੍ਰਿਃ ਦੌੜ ਜਾਣਾ, ਨੱਸ ਜਾਣਾ, ਨਾ ਰਹਿਣਾ, ਮਰ ਜਾਣਾ, ਕਿਸੇ ਕੀਮਤ ਦਾ ਨਿਕਲ ਜਾਣਾ।

**ਉੱਠ ਖਲੋਣਾ,** ਕ੍ਰਿਃ–"ਉੱਠ ਖੜੋਣਾ" ਵੇਖੋ

**ਉੱਠ ਖੜੇ ਹੋਣਾ** ਕ੍ਰਿਃ–ਖਲੋ ਜਾਣਾ, ਅਚਾਨਚੱਕ ਖੜੇ ਹੋ ਜਾਣਾ।

**ਉੱਠ ਖੜੋਣਾ,** ਕ੍ਰਿਃ–ਚੱਲਣ ਨੂੰ ਤਿਆਰ ਹੋ ਜਾਣਾ

**ਉਠਦੇ ਬੈਠਦੇ,** ਕ੍ਰਿਃ ਵਿਃ–ਸਹਜ ਸੁਭਾ, ਲਗਦੇ ਹੱਥ, ਐਵੇਂ ਹੀ।

**ਉਠਵਈਆ,** ਪੁਃ–ਤੇਜ਼, ਚਲਾਕ, ਕੁੱਦਣ ਵਾਲਾ ਘੋੜਾ।

**ਉਠਵਾਉਣਾ,** ਕ੍ਰਿਃ—ਦੂਜੇ ਕੋਲੋਂ ਚੁਕਵਾਉਣਾ।

**ਉਠਵਾਊ,** ਪੁਃ—ਉਠਵਾਉਣ ਵਾਲਾ।

**ਉਠਵਾਈ,** ਸਃ—ਚਕੁਆਈ, ਚੁੱਕਣ ਦੀ ਮਜੂਰੀ ਜਾਂ ਮਿਹਨਤ।

**ਉਠਵੈਯਾ,** ਪੁਃ–"ਉਠਵਈਆ" ਵੇਖੋ।

**ਉਠਾਉ (ਉਠਾ) ਉੱਠਣਾ,** ਕ੍ਰਿਃ–ਪਿੰਡੇ ਉੱਤੇ ਆਪ ਮੁਹਾਰਾ ਫੋੜਾ ਜੇਹਾ ਨਿਕਲ ਆਉਣਾ।

**ਉਠਾਉਣਾ,** ਕ੍ਰਿਃ–ਚੁੱਕਣਾ, ਚੁਕਾਉਣਾ, ਲੈਜਾਣਾ, ਕਿਸੇ ਚੀਜ਼ ਨੂੰ ਰਹਿਣ ਨਾ ਦੇਣਾ ਸਹਿਣਾ ਸਹਾਰਣਾ, ਖੜਾ ਕਰਨਾ, ਲੁੱਟਣਾ, ਜਗਾਣਾ, ਜਗਾਣਾ

**ਹੱਥ ਜਾਂ ਸੋਟਾ ਉਠਾਉਣਾ** ਕ੍ਰਿਃ–ਹਥ ਜਾਂ ਸੋਟਾ ਚੁਕ ਕੇ ਮਾਰਨ ਨੂੰ ਦੌੜਨਾ।

**ਕਰਜ਼ ਉਠਾਉਣਾ** ਕ੍ਰਿਃ–ਹੁਦਾਰ ਲੈਣਾ।

**ਖਰਚ ਉਠਾਉਣਾ** ਕ੍ਰਿਃ–ਧਨ ਖਰਚਣਾ ਯਾ ਦੇਣਾ।

**ਦੁੱਖ ਉਠਾਉਣਾ** ਕ੍ਰਿਃ–ਦੁੱਖ ਝੱਲਣਾ, ਸਹਿਣਾ।

**ਪਰਦਾ ਉਠਾਉਣਾ** ਕ੍ਰਿਃ–ਪਰਦਾ ਚੁੱਕਣਾ, ਭੇਤ ਖੋਲ੍ਹਣਾ, ਗੁੱਝੀ ਗੱਲ ਨੂੰ ਪਰਗਟ ਕਰਨਾ।

**ਪੈਰ ਉਠਾਕੇ ਚੱਲਣਾ** ਕ੍ਰਿਃ–ਛੇਤੀ ਛੇਤੀ ਟੁਰਨਾ।

**ਉਠਾਈ,** ਸਃ–ਚੁਕਾਈ, ਚੁੱਕਣ ਦੀ ਮਜੂਰੀ।

**ਉਠਾਈ ਗੀਰ**
**ਉਠਾਈ ਗੀਰਾ** } ਪੁਃ–ਉਠਾਉਣ ਵਾਲ, ਚੋਰ।

**ਉਠਾਊ** } ਪੁਃ–ਉਠਾਉਣਵਾਲਾ
ਵਿਃ–ਜਿਸਨੂੰ ਇਕ ਥਾਂ ਤੋਂ ਦੂਜੀ ਥਾਂ ਲਜਾ ਸੱਕੀਏ।

**ਉਠਾਊ ਚੁੱਲ੍ਹਾ** ਪੁਃ–ਜਿ ਹੜਾ ਚੁੱਲ੍ਹਾ ਇੱਕ ਥਾਂ ਤੋਂ ਦੂਈ ਥਾਂ ਲਜਾ ਸੱਕੀਏ, ਉਹ ਮਨੁੱਖ ਜੋ ਨਿਚੱਲਾ ਨਾ ਬੈਠੇ।

Digitized by Panjab Digital Library | www.panjabdigilib.org

**ਉਠਾਊ ਪਿੱਦਾ** ਪੁਃ-ਜੋ ਆਦਮੀ ਪਿੱਦੇ ਵਾਂਗਰ ਇੱਕ ਥਾਂ ਟਿਕ ਕੇ ਨਾ ਬੈਠੇ।

**ਉਠਾਨ,** ਪੁਃ-ਉੱਠਣ ਦਾ ਕੰਮ, ਢੰਗ ਯਾ ਰੀਤ

**ਉਠਾਲਾ,** ਪੁਃ-ਕਿਸੇ ਮੁਰਦੇ ਦੇ ਸੰਗ ਵਿੱਚ ਕੱਠੇ ਹੋਏ ਹੋਏ ਮਰਦਾਂ ਜਾਂ ਤ੍ਰੀਮਤਾਂ ਦਾ ਉੱਠ ਕੇ ਆਪੋ ਆਪਣੇ ਘਰ ਜਾਣਾ (ਉਠਾਲਾ ਹ ਜਾਣਾ ਕਰਨਾ, ਕਰਾਉਣਾ)

**ਉਠਾਵਾ,** ਵਿਃ-ਉਠਾਊ (ਵਿਃ) ਵੇਖੋ

**ਉਠਿਆਉਣਾ,** ਕ੍ਰਿਃ-ਮੁੜ ਆਉਣਾ, ਹਟ ਆਉਣਾ।

**ਉਡਣ ਖਟੋਲਾ,** ਪੁਃ-ਬੈਲੂਨ, ਬੁਰਜ ਜਿਸ ਵਿੱਚ ਮਨੁੱਖ ਚੜ੍ਹ ਕੇ ਅਗਾਸ ਵਿੱਚ ਉੱਡ ਸੱਕਣ

**ਉਡਣਾ,** ਕ੍ਰਿਃ-ਪਰ ਮਾਰ ਕੇ ਅਗਾਸ ਵਿੱਚ ਚੜ੍ਹਨਾ ਜਿੱਕੁਰ ਪੰਛੀ ਚੜ੍ਹਦੇ ਹਨ, ਅਲੋਪ ਹੋਣਾ, ਨਸ਼ਟ ਹੋਣਾ, ਮਰ ਜਾਣਾ, ਵਾ ਵਿੱਚ ਰਲ ਜਾਣਾ, ਆਪਣੇ ਮੂੰਹੋਂ ਆਪਣੀ ਵਡਿਆਈ ਕਰਨੀ।

**ਉਡਦੇ ਫਿਰਨਾ,** ਕ੍ਰਿਃ ਛੇਤੀ ਛੇਤੀ ਚਲਦਿਆਂ ਫਿਰਨਾ।

**ਉੱਡ ਪੁੱਡ ਕੇ(ਲਿਆਉਣਾ,ਜਾਣਾ)** ਕ੍ਰਿਃ ਵਿਃ-ਬਹੁਤ ਹੀ ਛੇਤੀ, ਚੁਟਕੀ ਵਿੱਚ

**ਉਡਵਈਆ**
**ਉਡਵੈਈਆ**
**ਉਡਵੈਯਾ**
} ਵਿਃ-ਉੱਡ ਜਾਣ ਵਾਲਾ ਉਡਾਰੂ ਉਡਾਊ।

**ਉਡਵਾਉਣਾ,** ਕ੍ਰਿਃ-ਦੂਜੇ ਤੋਂ ਉਡਾਉਣ ਦਾ ਕੰਮ ਕਰਾਉਣਾ।

**ਉਡਾਉਣਾ,** ਕ੍ਰਿਃ-ਉੱਡਣ ਦੇਣਾ, ਨਸ਼ਟ ਕਰਨਾ, ਠੱਠਾ ਕਰਨਾ, ਝੂਠੀ ਵਡਿਆਈ ਕਰਨੀ, ਛਾਣਨਾ।

**ਉਡਾਉਣਾ ਪੁਡਾਉਣਾ,** ਕ੍ਰਿਃ-ਨਾਸ ਕਰਨਾ, ਬਰਬਾਦ ਕਰਨਾ, ਖਲੇਰ ਦੇਣਾ।

**ਉਡਾ ਦੇਣਾ,** ਕ੍ਰਿਃ-ਗੁਆ ਦੇਣਾ, ਨਸ਼ਟ ਕਰ ਦੇਣਾ।

**ਉਡਾ ਲੈਣਾ,** ਕ੍ਰਿਃ-ਚੁਰਾ ਲੈਣਾ, ਖਿਸਕਾ ਲੈਣਾ।

**ਉਡਾਊ** } ਵਿਃ-ਉੱਡਣ ਵਾਲਾ। ਪੁਃ-ਹੱਦੋਂ ਬਾਹਰ ਖਰਚ ਕਰਨ ਵਾਲਾ, ਧਨ ਐਵੇਂ ਗੁਆਉਣ ਵਾਲਾ। ਉੱਡ ਸੱਕਣ ਵਾਲਾ।

**ਉਡਾਕ,** ਪੁਃ-ਜੋ ਚੰਗੀ ਤਰ੍ਹਾਂ ਉੱਡ ਸੱਕੇ।

**ਉਡਾਰ,** ਵਿਃ-ਉੱਡ ਸਕਣ ਵਾਲਾ ਜੋ ਆਪਣੀ ਸੰਭਾਲ ਆਪ ਰੱਖ ਸੱਕੇ।

**ਉਡਾਰ ਹੋ ਜਾਣਾ,** ਕ੍ਰਿਃ-ਉੱਡ ਜਾਣਾ, ਖਿਸਕ ਜਾਣਾ, ਪਤ੍ਰਾ ਵਾਚਣਾ, ਛੇਤੀ ਦੌੜ ਜਾਣਾ।

**ਉਡਾਰੀ,** ਸਃ-ਉੱਡਣ ਦਾ ਕੰਮ।

**ਉਡਾਰੀ ਮਾਰਨੀ** ਕ੍ਰਿਃ-ਉੱਡਣਾ।

**ਉਡਾਰੂ,** ਪੁਃ ਉਡਾਊ।

**ਉਡਾਰੂ ਹੋ ਜਾਣਾ,** ਕ੍ਰਿਃ-"ਉਡਾਰੂ ਹੋ ਜਾਣਾ" ਵੇਖੋ।

**ਉਡੀਕ,** ਸਃ-ਕਿਸੇ ਦਾ ਰਾਹ ਤੱਕਣਾ, ਵੇਖਣਾ ਪਈ ਕਦ ਆਉਂਦਾ ਹੈ, ਕਿਸੇ ਦੀ ਆਉਣ ਦੀ ਆਸ।

**ਉਡੀਕਣਾ,** ਕ੍ਰਿਃ-ਰਾਹ ਵੇਖਣਾ, ਕਿਸੇ ਦੇ ਆਉਣ ਦੀ ਆਸ ਰੱਖਣਾ।

**ਉਣਹੱਤਰ,** ਵਿਃ-ਇੱਕ ਘੱਟ ਸੱਤਰ, ੬੯।

**ਉਣਹੱਤਰਵਾਂ,** ਵਿਃ-ਉਣਹੱਤਰਾਂ ਦੀ ਗਿਣਤੀ ਪੂਰੀ ਕਰਨ ਵਾਲਾ

**ਉਣਹੱਤਰਾ,** ਪੁਃ-ਸੰਮਤ ੧੯੬੯, ਸੰਮਤ ੧੯੬੯ ਦਾ ਕਾਲ।

**ਉਣੰਜਵਾਂ,** ਵਿਃ-ਉਣੰਜਾ ਦੀ ਗਿਣਤੀ ਪੂਰੀ ਕਰਨ ਵਾਲਾ।

Digitized by Panjab Digital Library / www.panjabdigilib.org

**ਉਣੰਜਾ,** ਵਿ:--ਇੱਕ ਘੱਟ ਪੰਜਾਹ। ੪੯।

**ਉਣਤਾਲੀ,** ਵਿ:--ਇੱਕ ਘੱਟ ਚਾਲੀ। ੩੯।

**ਉਣਤਾਲੀਆ,** ਪੁ:--ਸੰਮਤ ਉਣਤਾਲੀ।

**ਉਣਤਾਲੀਵਾਂ,** ਵਿ:-ਉਣਤਾਲੀਆਂ ਦੀ ਗਿਣਤੀ ਪੂਰੀ ਕਰਨ ਵਾਲਾ।

**ਉਣੱਤੀ,** ਇਕ ਘੱਟ ਤੀਹ। ੨੯।

**ਉਣੱਤੀਵਾਂ,** ਵਿ:--ਉਣੱਤੀਆਂਦੀ ਗਿਣਤੀ ਪੂਰੀ ਕਰਨ ਵਾਲਾ।

**ਉਣਨਾ,** ਕ੍ਰਿ:-ਬੁਣਨਾ, ਤਾਣੇ ਪੇਟੇ ਨੂੰ ਇਕੱਠਾ ਕਰਕੇ ਕਪੜਾ ਆਦਿਕ ਬਨਾਉਣਾ।

**ਉਣਵੰਜਵਾਂ,** ਵਿ:-ਉਣਵੰਜਾ ਦੀ ਗਿਣਤੀ ਪੂਰੀ ਕਰਨ ਵਾਲਾ।

**ਉਣਵੰਜਾ,** ਵਿ:-ਇੱਕ ਘੱਟ ਪੰਜਾਹ। ੪੯।

**ਉਣਵਾਉਣਾ,** ਕ੍ਰਿ:-ਦੂਜੇ ਕੋਲੋਂ ਉਣਾਉਣ ਦਾ ਕੰਮ ਕਰਾਉਣਾ।

**ਉਣਵਾਈ,** ਸ:--ਉਣਵਾਉਣਦਾ ਕੰਮ ਜਾਂ ਮਜੂਰੀ।

**ਉਣਾਉਣਾ,** ਕ੍ਰਿ:-ਉਣਨ ਦਾ ਕੰਮ ਦੂਜੇ ਕੋਲੋਂ ਕਰਾਉਣਾ।

**ਉਣਾਈ,** ਸ:-ਉਣਨ ਦਾ ਕੰਮ ਜਾਂ ਮਜੂਰੀ।

**ਉਣਾਸੀ,** ਵਿ:-ਇਕ ਘੱਟ ਅੱਸੀ। ੭੯।

**ਉਣਾਸੀਆ,** ਪੁ:-ਸੰਮਤ ਉਣਾਸੀ।

**ਉਣਾਸੀਮਾਂ, ( ਵਾਂ ),** ਵਿ:-ਉਣਾਸੀ ਦੀ ਗਿਣਤੀ ਪੂਰੀ ਕਰਨ ਵਾਲਾ।

**ਉਣਾਹਟ,** ਵਿ:-ਇਕ ਘੱਟ ਸੱਠ, ਉਣਾਠ। ੫੯

**ਉਣਾਹਟਮਾਂ, (ਵਾਂ)**-ਵਿ:-ਉਣਾਹਟਦੀ ਗਿਣਤੀ ਪੂਰੀ ਕਰਨ ਵਾਲਾ।

**ਉਣਾਹਟਾ,** ਪੁ:-ਸੰਮਤ ਉਣਾਹਟ।

**ਉਣਾਨਵਾਂ,** ਵਿ:-ਉਣਾਨਵੇਂ ਦੀ ਗਿਣਤੀ ਪੂਰੀ ਕਰਨ ਵਾਲਾ

**ਉਣਾਨਮੇਂ ( ਵੇਂ )**-ਇੱਕ ਘੱਟ ਨੱਵੇ। ੮੯।

**ਉਣੀਂਦਾ** } ਵਿ:-ਜੇਹੜਾ ਮਨੁਖ ਸੁਤਾ ਨਾ ਹੋਵੇ, ਉਘਲਾਉਣ ਵਾਲਾ। ਪੁ:-ਨਾ ਸੌਣਾ, ਨੀਂਦ ਨਾ ਆਉਣੀ

**ਉਤ,** ਪੜ:-ਉਸ, ਉਸ ਪਾਸੇ, ਉਸ ਥਾਂ।

**ਉਤਸਵ,** ਪੁ:-ਮੰਗਲ, ਮੇਲਾ, ਖ਼ੁਸ਼ੀ, ਜਲਸਾ।

**ਉਤਸਾਹ,** ਪੁ:-ਹੌਂਸਲਾ, ਕੋਸ਼ਸ਼, ਖੁਸ਼ੀ, ਮੌਜ।

**ਉੱਤਣਨਾ,** ਕ੍ਰਿ:-ਸੂਤ ਦੀ ਅੱਟੀ ਬਨਾਉਣਾ ਜਾਂ ਵੱਟਣ ਲਈ ਸੂਤ੍ ਦੋਹਰਾ ਕਰਨਾ, ਅਟੇਰਨਾ, ਸਮੇਟਣਾ

**ਉੱਤਣਨਾ ਪੁੱਤਣਨਾ** ਕ੍ਰਿ:-ਗਹਣੇ ਕਪੜੇ ਲਾਹ ਲੈਣਾ, ਲੁੱਟ ਪੁੱਟ ਲੈਣਾ।

**ਉੱਤਣਲੈਣਾ** ਕ੍ਰਿ:-ਲੁਟ ਲੈਣਾ,ਖੋਹ ਲੈਣਾ

**ਉੱਤਣਵਾਉਣਾ,** ਕ੍ਰਿ: ਦੂਜੇ ਕੋਲੋਂ ਉੱਤਣ ਦਾ ਕੰਮ ਕਰਾਉਣਾ।

**ਉੱਤਣਵਾਈ,** ਸ:-ਉੱਤਣਵਾਉਣ ਦਾ ਕੰਮ ਜਾਂ ਮਜੂਰੀ।

**ਉੱਤਣਾਉਣਾ,** ਕ੍ਰਿ:-ਅਟੇਰਨਦਾ ਕੰਮ ਕਰਾਉਣਾ।

**ਉੱਤਨ ਪੁੱਤਨ ਕੇ ਲੈ ਜਾਣਾ,** ਕ੍ਰਿ:-ਕਿਸੇ ਦਾ ਮਾਲ ਉੜਾ ਕੇ ਲੈ ਜਾਣਾ।

**ਉਤਨਾ,** ਪੜ:-ਉੱਨਾ, ਓਨਾ, ਉਸ ਜਿੰਨਾਂ।

**ਉਤਪਤ ਉਤਪੰਨ** } ਵਿ:-ਪੈਦਾ ਹੋਇਆ ਹੋਇਆ, ਜੰਮਿਆ ਹੋਇਆ, ਉੱਗਿਆ ਹੋਇਆ

**ਉਤਪਤ ਉਤਪੰਨ** } ਸ: (ਹੋਣਾ) ਪੈਦਾ ਹੋਣਾ, ਜਨਮ ਲੈਣ ਜੰਮਣਾ, ਉੱਗਣਾ।

Digitized by Panjab Digital Library | www.panjabdigilib.org

**ਉਤਪੱਤਿ, ਉਤਪੱਤੀ** ਸ:–ਪਰਵੇਸ਼, ਪੈਦਾਵਾਰੀ, ਜਨਮ, ਸ੍ਰਿਸ਼ਟੀ ।

**ਉਤਭੁਜ,** ਪੁ:–ਉੱਗਣ ਵਾਲੇ ਜੀਵ, ਬਿਰਛ, ਬਨਾਸਪਤੀ ।

**ਉੱਤਮ,** ਵਿ:–ਚੰਗਾ, ਭਲਾ, ਹੱਛਾ, ਭਾਰਾ ।

**ਉੱਤਮ ਤਾਈ,** ਸ:–ਚੰਗਿਆਈ ਭਲਿਆਈ ।

**ਉੱਤਰ,** ਪੁ:–ਜਵਾਬ, ਪਹਾੜ ਵਾਲਾ ਪਾਸਾ

**ਉੱਤਰ ਪ੍ਰਸ਼ਨ,** ਪੁ:–ਸੁਆਲ ਜਵਾਬ, ਗੱਲ ਬਾਤ ।

**ਉੱਤਰ ਦਾਇਕ, ਉੱਤਰ ਦਾਤਾ** ਵਿ:–ਉੱਤਰ ਜਾਂ ਜਵਾਬ ਦੇਣ ਵਾਲਾ, ਜ਼ੁੰਮੇਵਾਰ

**ਉਤਰਨਾ, ਉੱਤਰਨਾ** ਕ੍ਰਿ:–ਲਹਿਣਾ, ਹੇਠਾਂ ਹੋਣਾ, ਹੇਠ ਜਾਣਾ, ਠਹਿਰਨਾ, ਡੇਰਾ ਕਰਨਾ, ਅਟਕਣਾ ਘੱਟ ਹੋਣਾ, ਲੰਘ ਜਾਣਾ ਚਲੇ ਜਾਣਾ, ਫਿੱਕਾ ਪੈਣਾ, ਮੁਰਝਾਉਣਾ, ਮਰ ਜਾਣਾ (ਜਾਤਕ ਦਾ), ਸੰਘੋਂ ਲਾਹੁਣਾ, ਉੱਤਾਰ ਧਾਰਨਾ, ਪੁੱਜਣਾ, ਅੱਪੜਨਾ

**ਉੱਤਰ ਕੇ ਲੜਨਾ,** ਕ੍ਰਿ:–ਰੱਬ ਦਾ ਭਲੇ ਮਨੁੱਖ ਨੂੰ ਦੁਖ ਦੇਣਾ ।

**ਉੱਤਰ ਪੁੱਤਰ ਹੋਣਾ** ਕ੍ਰਿ:–ਹੁਦਾਰ ਲਹਿ ਜਾਣਾ ।

**ਉੱਤਰ ਪੈਣਾ** ਕ੍ਰਿ:–ਉਤਰਨਾ, ਠਹਿਰਨਾ ।

**ਅੱਖਾਂ ਵਿੱਚ ਲੌਂਗੀ ਉਤਰਨੀ** ਕ੍ਰਿ:–ਕ੍ਰੋਧ ਨਾਲ ਅੱਖਾਂ ਦਾ ਲਾਲ ਹੋਣਾ

**ਸੁਦਾ ਉਤਰਨਾ** ਕ੍ਰਿ:–ਹੋਸ਼ ਆਉਣਾ

**ਗਾਲ੍ਹੀਂ ਉਤਰਨਾ** ਕ੍ਰਿ:–ਗਾਲ੍ਹਾਂ ਕੱਢਣ ਲੱਗ ਪੈਣਾ, ਲੜਨਾ, ਝਗੜਨਾ ।

**ਗੁੱਸਾ ਉਤਰਨਾ** ਕ੍ਰਿ:–ਗੁੱਸਾ ਲਹਿ ਜਾਣਾ ਜਾਂ ਘੱਟ ਪੈ ਜਾਣਾ, ਕ੍ਰੋਧ ਦਾ ਮੱਠਾ ਹੋਣਾ

**ਚਿਹਰਾ ਉਤਰਨਾ** ਕ੍ਰਿ:–ਰੰਗ ਪੀਲਾ ਪੈ ਜਾਣਾ, ਸਰੀਰ ਲਿੱਸਾ ਹੋਣਾ, ਰੋਗ ਨਾਲ ਮੂੰਹ ਦਾ ਰੰਗ ਬਦਲ ਜਾਣਾ ।

**ਤਾਪ ਜਾਂ ਨਸ਼ਾ ਉਤਰਨਾ** ਕ੍ਰਿ:–ਤਾਪ ਜਾਂ ਨਸ਼ਾ ਦੂਰ ਹੋ ਜਾਣਾ, ਹਟ ਜਾਣਾ ।

**ਦਰਿਆ ਉਤਰਨਾ** ਕ੍ਰਿ:–ਦਰਿਆ ਦਾ ਪਾਣੀ ਲਹਿ ਜਾਣਾ ।

**ਦੁੱਧ ਉਤਰਨਾ** ਕ੍ਰਿ:–ਥਣਾਂ ਵਿੱਚ ਦੁਧ ਪੈਣਾ ।

**ਪੂਰਾ ਉਤਰਨਾ** ਕ੍ਰਿ:–ਪਰਤਾਵਾ ਲਿਆ ਜਾਏ ਤਾਂ ਸੱਚਾ ਨਿਕਲਣਾ

**ਪੇਸ਼ਾਬ ਉਤਰਨਾ** ਕ੍ਰਿ:–ਮੂਤ੍ਰ ਨਿਕਲਣਾ ਯਾ ਵਗਣਾ ।

**ਬਾਜੂ ਉਤਰਨਾ** ਕ੍ਰਿ:–ਬਾਂਹ ਦਾ ਆਪਣੀ ਥਾਂ ਤੋਂ ਹਿੱਲ ਜਾਣਾ ।

**ਬਾਲਕ ਉਤਰ ਜਾਣਾ ਜਾਂ ਉਤਰਨਾ** ਕ੍ਰਿ:–ਬਾਲਕ ਦਾ ਪੂਰਾ ਹੋ ਜਾਣਾ, ਮਰਨਾ

**ਰੰਗ ਉਤਰਨਾ** ਕ੍ਰਿ:–ਰੰਗ ਲਾਹੁਣਾ, ਸੁਸਤ ਪੈ ਜਾਣਾ, ਭੈਖ ਪੈਣੀ, ਮੁਰਛਾ ਆਉਣੀ, ਮੁਰਝਾ ਜਾਣਾ ।

**ਰੋਟੀ ਉਤਰਨੀ** ਕ੍ਰਿ:–ਰੋਟੀ ਪਕ ਕੇ ਲੋਹਣੀ ।

**ਵਜ਼ੀਰ ਉਤਰਨਾ** ਕ੍ਰਿ:–ਸ਼ਤਰੰਜ ਵਿਚ ਪਿਆਦੇ ਦਾ ਸਭ ਤੋਂ ਉੱਚੀ ਥਾਂ ਮੱਲਣਾ ।

**ਉਤਰਵਾਉਣਾ,** ਕ੍ਰਿ:–ਦੂਜੇ ਕੋਲੋਂ ਉਤਾਰਨ ਦਾ ਕੰਮ ਕਰਾਉਣਾ ।

**ਉਤਰਵਾਈ,** ਸ:–ਉਤਰਾਉਣ ਦਾ ਕੰਮ ਜਾਂ ਮਜੂਰੀ ।

**ਉਤਰਾਉ,** ਪੁ:–ਉਤਰਨ, ਹੇਠਾਂ ਆਉਣ, ਲਹਿਣ, ਘਾਟਾ, ਢਾਲ ।

**ਉਤਰਾਉ ਚੜ੍ਹਾਉ,** ਪੁ:–ਲਥੀ ਚੜ੍ਹੀ, ਹਾਲਤ ਦਾ ਬਦਲਣਾ, ਪਾਣੀ ਦਾ ਲਹਿਣਾ ਚੜ੍ਹਨਾ ।

Digitized by Panjab Digital Library / www.panjabdigilib.org

**ਉੱਤਰਾਇਣ,** ਪੁ:–ਸੂਰਜ ਦੇ ਰਥ ਦਾ ਉੱਤਰ ਵਿੱਚ ਫਿਰਨਾ।

**ਉਤਰਾਈ** } **ਉਤਰਾਹਾ** } ਸ:–ਲਹਾਈ, ਢਾਲ, ਹੇਠਲਾ ਪਾਸਾ।

**ਉੱਤਰਾ ਖੰਡ,** ਪੁ:–ਉੱਤਰ ਦੇ ਪਾਸੇ ਦੇ ਦੇਸ਼ ਜਿਹਾ ਕਿ ਉੱਤਰੀ ਹਿੰਦ, ਨਿਪਾਲ, ਤਿੱਬਤ ਆਦਿਕ।

**ਉਤਰੱਧੀ,** ਪੁ:–ਇੱਕ ਜਾਤ ਦੇ ਅਰੋੜੇ।

**ਉਤਲਾ,** ਵਿ:–ਉੱਪਰਲਾ, ਉਤਲੇ ਪਾਸੇ ਦਾ।

**ਉਤਲਾ ਪੁਤਲਾ,** ਵਿ:–ਉੱਪਰਲਾ, ਫਾਲਤੂ, ਵਧੀਕ ਦਾ।

**ਉਤਾਉਲ** } **ਉਤਾਉਲੀ** } ਸ:–ਕਾਹਲੀ, ਛੇਤੀ ਚੋ ਸਬਰੀ

**ਉਤਾਉਲਾ,** ਵਿ:–ਕਾਹਲਾ, ਛੇਤੀ ਕਰਨ ਵਾਲਾ, ਕ੍ਰਿ: ਵਿ:–ਛੇਤੀ ਛੇਤੀ

**ਉਤਾਉਲੀ,** ਵਿ:–ਕਾਹਲੀ ਤ੍ਰੀਮਤ।

**ਉਤਾਂਹ** } **ਉਤਾਹਾਂ** } ਕ੍ਰਿ: ਵਿ: ਉੱਪਰ, ਉਤਲੇ ਪਾਸੇ

**ਉਤਾਰ,** ਪੁ:–ਪੈਂਧਾ ਹੋਇਆ ਕੱਪੜਾ, ਉਤਰਾਈ, ਘਾਟਾ, ਅਉਤਾਰ

**ਉਤਾਰ ਦੇਣਾ,** ਕ੍ਰਿ:–ਕਿਸੇ ਨੂੰ ਪੁਰਾਣੇ ਪਹਿਨੇ ਹੋਏ ਕੱਪੜੇ ਬਖਸ਼ਣਾ ਲਾਹ ਦੇਣਾ।

**ਉਤਾਰਨਾ,** ਕ੍ਰਿ:–ਉਤਰਨ ਦੇਣਾ, ਲਾਹੁਣਾ, ਹੇਠਾਂ ਕਰਨਾ ਹੇਠਾਂ ਲਿਆਉਣਾ ਲੈ ਜਾਣਾ ਰੱਖ ਛੱਡਣਾ, ਡੀਠ ਸਟਣਾ, ਹੁਦਾਰ ਦੀ ਰਕਮ ਦੇ ਦੇਣੀ, ਛਪੁਆਉਣਾ, ਪਾਰ ਲਾਉਣਾ, ਖਸੋਰਾ ਦੇਣਾ, ਮਤਾਰ ਆਦਿਕਾਂ ਦੀਆਂ ਤਾਰਾਂ ਲਾਹੁਣੀਆਂ ਜਾਂ ਢਿੱਲੀਆਂ ਕਰਨੀਆਂ, ਬੰਦੂਕ ਦਾ ਘੋੜਾ ਹਿਠਾਂ ਕਰਨਾ, ਪਰੇ ਹਟਾਉਣਾ, ਬਾਹਰ ਕੱਢਣਾ (ਭੂਤ ਉਤਾਰਨਾ)।

**ਇੱਜ਼ਤ ਉਤਾਰਨੀ ( ਉਤਾਰ ਦੇਣੀ )** ਕ੍ਰਿ:–ਪਤ ਲਾਹ ਸੁੱਟਣੀ, ਲੁੱਟ ਲੈਣਾ।

**ਸਹੀ ਉਤਾਰਨੀ** ਕ੍ਰਿ:–ਆਪਣਾ ਬਚਨ ਪੂਰਾ ਕਰ ਕੇ ਛੱਡਣਾ।

**ਸੰਘੋਂ ਉਤਾਰਨਾ** ਕ੍ਰਿ:–ਨਿਗਲ ਜਾਣਾ।

**ਸਮੁੰਦਰ ਪਾਰ ਉਤਾਰਨਾ** ਕ੍ਰਿ:–ਦੇਸ ਨਿਕਾਲਾ ਕਰਨਾ, ਸਮੁੰਦਰੋਂ ਪਰੇ ਭੇਜਣਾ।

**ਕੱਪੜਾ ਉਤਾਰਨਾ** ਕ੍ਰਿ:–ਜਾਂ ਕੱਪੜਾ ਤਿਆਰ ਹੋ ਜਾਏ ਤਾਂ ਖੱਡੀ ਤੋਂ ਲਾਹੁਣਾ।

**ਕਰਜ਼ ਉਤਾਰਨਾ** ਕ੍ਰਿ:–ਹੁਦਾਰ ਲਾਹੁਣਾ।

**ਗੱਦੀਓਂ ਜਾਂ ਤਖਤੋਂ ਉਤਾਰਨਾ** ਕ੍ਰਿ:–ਰਾਜੇ ਦਾ ਰਾਜ ਖੋਹ ਲੈਣਾ।

**ਟੁਕੜੇ ਉਤਾਰਨੇ** ਕ੍ਰਿ:–ਵੱਢਣਾ, ਤੋੜਨਾ, ਟੋਟੇ ਟੋਟੇ ਕਰਨਾ

**ਟੋਪੀ ਉਤਾਰਨੀ** ਕ੍ਰਿ:–ਟੋਪੀ ਲਾਹ ਕੇ ਸਲਾਮ ਕਰਨਾ।

**ਤਾਪ ਉਤਾਰਨਾ** ਕ੍ਰਿ:–ਤਪ ਲਾਹੁਣਾ, ਦੁਆ ਦਾਰੂ ਅਥਵਾ ਮੰਤ੍ਰ ਜੰਤ੍ਰ ਨਾਲ ਦੁਖ ਦੂਰ ਕਰਨਾ।

**ਦਿਲੋਂ ਉਤਾਰਨਾ** ਕ੍ਰਿ:–ਕਿਸੇ ਦਾ ਮੋਹ ਜਾਂ ਪਿਆਰ ਛੱਡਣਾ।

**ਧੜ ਤੋਂ ਸਿਰ ਉਤਾਰਨਾ** ਕ੍ਰਿ:–ਗਿੱਚੀ ਵੱਢ ਕੇ ਮਾਰਨਾ

**ਨਸ਼ਾ ਉਤਾਰਨਾ** ਕ੍ਰਿ:–ਮਸਤੀ ਦੂਰ ਕਰਨੀ।

**ਪੱਗ ਉਤਾਰਨੀ** ਕ੍ਰਿ:–ਨਿਰਾਦਰੀ ਕਰਨੀ, ਗਾਲੀ ਕੱਢਣੀ, ਇੱਜ਼ਤ ਲਾਹੁਣੀ, ਕਦਰ ਘਟਾਉਣੀ

**ਪਾਣੀ ਜਾਂ ਪਾਰ ਉਤਾਰਨਾ** ਕ੍ਰਿ:–ਪਾਣੀ ਵਗਣ ਲਈ ਰਾਹ ਕੱਢਣਾ, ਲੰਘਾਉਣਾ।

**ਪੂਰਾ ਉਤਾਰਨਾ** ਕ੍ਰਿ:–ਤੋਲ ਕੇ ਪੂਰਾ ਕਰ ਦੇਣਾ।

Digitized by Panjab Digital Library | www.panjabdigilib.org

**ਪੂਰੀਆਂ ਜਾਂ ਰੋਟੀਆਂ ਉਤਾਰਨੀਆਂ** ਕ੍ਰਿ:-ਅੰਨ ਪਕਾਉਣਾ।

**ਬਾਂਹ ਉਤਾਰ ਦੇਣੀ** ਕ੍ਰਿ: ਬਾਂਹ ਜੋੜ ਵਿੱਚੋਂ ਕੱਢ ਦੇਣੀ, ਆਪਣੀ ਥਾਂ ਤੋਂ ਹਿਲਾ ਦੇਣੀ।

**ਭਾਰ ਉਤਾਰਨਾ** ਕ੍ਰਿ:ਅਸਬਾਬ ਜਾਂ ਬਝਾ ਕਿਸੇ ਗੱਡੀ ਜਾਂ ਬੇੜੀ ਆਦਿਕ ਵਿੱਚੋਂ ਕੱਢ ਕੇ ਧਰਤੀ ਤੇ ਰੱਖਣਾ।

**ਭੁਏਂ ਉਤਾਰਨਾ** ਕ੍ਰਿ:-ਕਿਸੇ ਮਰਨ ਲੱਗੇ ਮਨੁੱਖ ਨੂੰ ਅੰਤ ਦੇ ਵੇਲੇ ਮੰਜੇ ਤੋਂ ਲਾਹ ਕੇ ਧਰਤੀ ਉੱਤੇ ਲਿਟਾ ਦੇਣਾ।

**ਵਾਲ ਉਤਾਰਨਾ** ਕ੍ਰਿ:-ਭੱਦਣਕਰਨਾ, ਸਿਰ ਮੁੰਨਣਾ।

**ਵਜ਼ੀਰ ਉਤਾਰਨਾ** ਕ੍ਰਿ:-ਸ਼ਤਰੰਜ ਵਿੱਚ ਪਿਆਦੇ ਨੂੰ ਸਭ ਤੋਂ ਵੱਡੀ ਥਾਂ ਲੈ ਜਾਣਾ।

**ਉਤਾਰਾ,** ਪੁ:-ਉਤਰਾਈ, ਡੇਰਾ, ਬਸੇਰਾ, ਮੁਸਾਫਰਾਂ ਦੇ ਠਹਿਰਣ ਦੀ ਥਾਂ, ਕਿਸੇ ਨੂੰ ਛੁਡਾਉਣ ਲਈ ਜੋ ਰਕਮ ਦਿੱਤੀ ਜਾਏ, ਰੱਦੀ, ਉਲਦਾਉ, ਲਿਖਤ ਦੀ ਨਕਲ।

**ਉਤਾਰੇ ਦਾ ਮੰਤ੍ਰ ਜੰਤ੍ਰ,** ਪੁ:- ਉਹ ਮੰਤ੍ਰ ਜਿਸ ਨੂੰ ਪੜ੍ਹਕੇ ਨਜ਼ਰ ਆਦਿਕ ਲੱਗੀ ਹੋਈ ਉਤਾਰੀ ਜਾਵੇ।

**ਉਤਾਰੀ,** ਵਿ:--ਉਤਾਰ ਧਾਰਣ ਵਾਲਾ। (ਉਤਾਰੀਜੀਵ)

**ਉਤਾਰੂ,** ਵਿ:- ਉਤਾਰਨ ਵਾਲਾ, ਢਾਲਵਾਂ, ਜੋ ਮਨੁੱਖ ਆਪਣੇ ਹੁੱਦੇ ਜਾਂ ਸਾਮੀ ਤੋਂ ਉਤਾਰਿਆ ਜਾਵੇ ਜਾਂ ਜਿਸ ਦਾ ਦਰਜਾ ਘਟ ਜਾਏ, ਉਤਾਰੀ।

**ਉਤਾੜ,** ਸ:--ਉੱਚੀ ਧਰਤੀ, ਉਚਾਨ, ਉੱਪਰਵਾਲ, ਉਭਾਰ, ਕੈ।

**ਉੱਤੂ,** ਵਿ:-ਸ਼ਰਾਬ ਆਦਿਕ ਨਾਲ ਤਾਂਬਾ ਮਸਤ ਹੋਇਆ ਹੋਇਆ।

ਪੁ:--ਕੱਪੜੇ ਉੱਤੇ ਤੱਤਾ ਲੋਹਾ ਫੇਰਕੇ ਬੂਟੇ ਆਦਿਕ ਬਣਾਨ ਦਾ ਕੰਮ।

**ਉੱਤੂ ਗਰ,** ਪੁ:-ਉੱਤੂ ਕਰਨ ਵਾਲਾ ਕਾਰੀਗਰ

**ਉੱਤੇ,** ਅਵ: ਉੱਪਰ, ਕੰਠੇ ਉੱਪਰ, ਵੱਧ, ਹੋਰ

**ਉਤੇਰਾ,** ਵਿ:--ਬੜਾ ਜਿਹਾ ਉੱਚਾ।

**ਉੱਤੋ ਥੱਲੀ,** ਕ੍ਰਿ: ਵਿ:-ਇਕ ਦੂਏ ਦੇ ਮਗਰੋਂ, ਲਗਾਤਾਰ

**ਉੱਤੋਂ,** ਅਵ:--ਉੱਪਰੋਂ, ਉੱਪਰ ਵੱਲੋਂ।

**ਉੱਤੋਂ ਆਉਣਾ** ਕ੍ਰਿ:-ਉੱਪਰਵਾਲ ਆਉਣੀ।

**ਉੱਤੋਂੜੱਤੀ** ਕ੍ਰਿ: ਵਿ:-ਇੱਕ ਦੂਏ ਮਗਰੋਂ।

**ਉੱਥਰੂ,** ਪੁ:--ਪਾਣੀ ਆਦਿਕ ਪੀਂਦਿਆਂ ਜ਼ੋਰ ਨਾਲ ਖੰਘ ਆਉਣੀ (ਉੱਥਰੂ ਆਉਣਾ)

**ਉਥੱਲਣਾ,** ਕ੍ਰਿ:--ਪਰਤਣਾ, ਫੇਰਨਾ, ਮੂੰਧਾ ਕਰਨਾ, ਭੇਤ ਜ਼ਾਹਰ ਕਰਨਾ।

**ਉਥੱਲਣਾ ਪੁਥੱਲਣਾ**
**ਉਥੱਲ ਪੁਥੱਲ ਕਰਨਾ** ਕ੍ਰਿ:—ਚੰਗੀ ਤਰਾਂ ਉਥੱਲਣਾ, ਉਲਟਣਾ ਪੁਲਟਣਾ।

**ਉਥਾਈਂ,** ਕ੍ਰਿ: ਵਿ:--ਉਸੇ ਥਾਂ, ਉੱਥੇ ਹੀ।

**ਉੱਥਾਨਕਾ,** ਸ:--ਮੌਕਾ, ਲਗਾਉ, ਪ੍ਰਸੰਗ, ਪੁਸਤਕ ਦਾ ਮੁੱਢ।

**ਉੱਥੁ**
**ਉੱਥੂ** ਪੁ:--"ਉੱਥਰੂ" ਵੇਖੋ।

**ਉੱਥੇ,** ਕ੍ਰਿ: ਵਿ:--ਉਸ ਥਾਂ, ਉਸ ਜਗ੍ਹਾ।

**ਉੱਥੋਂ,** ਕ੍ਰਿ: ਵਿ:-ਉਸ ਥਾਂ ਤੋਂ।

**ਉਦਕ,** ਪੁ:--ਪਾਣੀ, ਜਲ।

**ਉੱਦਮ,** ਪੁ:- ਮਿਹਨਤ- ਜਤਨ- ਕੋਸ਼ਸ਼।

**ਉੱਦਮਣ,** ਸ:--ਉੱਦਮ ਕਰਨ ਵਾਲੀ ਤੀਮਤ।

Digitized by Panjab Digital Library | www.panjabdigilib.org

**ਉੱਦਮੀ,** ਪੁ:–ਉੱਦਮ ਕਰਨ ਵਾਲਾ ਆਦਮੀ।

**ਉਦਯ,** ਪੁ:–ਚੜ੍ਹਨ, ਨਿਕਲਣ, ਸੂਰਜ ਚੜ੍ਹਨਾ।

**ਉਦਰ,** ਪੁ:–ਢਿੱਡ, ਪੇਟ।

**ਉਦਰ ਪੂਰਣਾ (ਹੋਣੀ, ਕਰਨੀ),** ਸ:–ਢਿੱਡ ਭਰਨਾ, ਅਜੀਉਕਾ, ਗੁਜ਼ਾਰਾ, ਨਿਰਬਾਹ

**ਉਦਰਾਉਣਾ,** ਕ੍ਰਿ:–ਉਦਾਸ ਕਰ ਦੇਣਾ, ਦਿਲ ਢਾਉਣਾ, ਮਨ ਤੋੜਨਾ।

**ਉਦਰੇਵਾਂ,** ਪੁ:–ਉਦਾਸੀ, ਦਿਲ ਥੋੜਾ ਹੋਣਾ।

**ਉਦਾਸ,** ਵਿ:–ਜਿਸ ਨੂੰ ਚਿੰਤਾ, ਫ਼ਿਕਰ ਯਾ ਗ਼ਮ ਹੋਵੇ, ਉਦਾਸੀਆਂ ਦੀ ਦਿਸ਼ਾ ਜਾਂ ਕਰਮ, (ਉਦਾਸ ਹੋ ਜਾਣਾ ਜਾਂ ਹੋਣਾ)

**ਉਦਾਸਣ,** ਸ:–ਉਦਾਸ ਹੋਈ ਹੋਈ ਤ੍ਰੀਮਤ, ਉਦਾਸੀਆਂ ਦੇ ਪੰਥ ਵਿਚ ਰਲੀ ਹੋਈ ਤ੍ਰੀਮਤ, ਉਦਾਸੀ ਫ਼ਕੀਰ ਦੀ ਵਹੁਟੀ।

**ਉਦਾਸੀ,** ਸ:–ਗ਼ਮ ਚਿੰਤਾ, ਫ਼ਿਕਰ ਸੋਗ ਪੁ:– ਗੁਰੂ ਨਾਨਕ ਸਾਹਿਬ ਦੇ ਪੁੱਤ੍ਰ ਬਾਬਾ ਸਿਰੀ ਚੰਦ ਦਾ ਚਲਾਇਆ ਹੋਇਆ ਪੰਥ, ਸੰਸਾਰ ਤੋਂ ਜਿਸ ਮਨੁੱਖ ਨੂੰ ਵਿਰਾਗ ਹੋ ਜਾਵੇ।

**ਉਦਾਸੀਨ ਬ੍ਰਿੱਤੀ,** ਵਿ:–ਜਿਸ ਮਨੁੱਖ ਦਾ ਚਿੱਤ ਸੰਸਾਰ ਦੇ ਭੋਗਾਂ ਤੋਂ ਹਟ ਗਿਆ ਹੈ।

**ਉਦਾਲਾ,** ਪੁ:–ਉਦਾਲੇ ਦਾ ਸ਼ਿੰਗਾਰ, ਗਹਿਣਾ।

**ਉਦਾਲਾ ਪੁਦਾਲਾ,** ਪੁ:–ਉਦਾਲੇ ਦਾ ਸ਼ਿੰਗਾਰ, ਗਹਿਣਾ ਗੱਟਾ

**ਉਦਾਲੇ,** ਕ੍ਰਿ: ਵਿ: ਦੁਆਲੇ, ਇਰਦ ਗਿਰਦ, ਆਸੇ ਪਾਸੇ, ਚੁਫੇਰੇ।

**ਉਦਿਆਚਲ,** ਪੁ:–ਪਰਬਤ ਜਿਸਦੇ ਪਿਛੋਂ ਸੂਰਜ ਚੜ੍ਹਦਾ ਹੈ॥

**ਉਦਿਆਨ**
**ਉਦਿਯਾਨ** } ਪੁ:–ਬਾਗ਼, ਜੰਗਲ, ਬਣ, ਉਜਾੜ।

**ਉੱਦੁਮ,** ਪੁ:–"ਉੱਦਮ" ਵੇਖੋ।

**ਉੱਦੇ ਸਾਉਣਾ,** ਕ੍ਰਿ:–ਵਧਣਾ ਫੁੱਲਣਾ, ਪੱਕਰਨਾ, ਤਕੜਾ ਹੋਣਾ।

**ਉੱਦੇ ਸਾਹ ਨਾ ਆਉਣਾ,** ਕ੍ਰਿ:–ਨਾਂ ਵਧਣਾ ਫੁੱਲਣਾ, ਤਕੜਾ ਨਾ ਹੋਣਾ।

**ਉਦੋਂ,** ਕ੍ਰਿ: ਵਿ:–ਉਸ ਵੇਲੇ, ਉਸ ਸਮੇਂ, ਤਦ।

**ਉੱਧ,** ਵਿ:–ਮੂਰਖ, ਬੁੱਧੂ ਅਹਿਮਕ।
ਪੁ:–ਇੱਕ ਜਨੌਰ ਜੋ ਮੱਛੀਆਂ ਖਾਂਦਾ ਹੈ।

**ਉੱਧਰ,** ਕ੍ਰਿ: ਵਿ:–ਉਸ ਪਾਸੇ, ਉੱਤਲ, ਓਤਲ।

**ਉੱਧਰਦਿਓਂ**
**ਉੱਧਰਦੋਂ** } ਕ੍ਰਿ: ਵਿ:–ਉਸ ਪਾਸਿਓਂ, ਉੱਤਲੋਂ, ਓਤ ਵੱਲੋਂ।

**ਉਧਰਣਾ,** ਕ੍ਰਿ:–ਉੱਧਾਰ ਪਾਉਣਾ, ਨਿਸਤਾਰਾ ਹੋਣਾ, ਸੰਸਾਰ ਸਾਗਰ ਤੋਂ ਤਰ ਜਾਣਾ, ਨਰਕ ਤੋਂ ਬਚ ਜਾਣਾ।

**ਉੱਧਰੋਂ,** ਕ੍ਰਿ: ਵਿ: ਉਸ ਪਾਸਿਓਂ।

**ਉੱਧਲ ਜਾਣਾ**
**ਉੱਧਲਣਾ** } ਕ੍ਰਿ: ਤ੍ਰੀਮਤ ਦਾ ਆਪਣੇ ਕੰਤ ਦੇ ਘਰੋਂ ਨੱਸ ਜਾਣਾ, ਨਿਕਲ ਜਾਣਾ, ਉੱਠ ਜਾਣਾ।

**ਉੱਧਲਵਾਉਣਾ,** ਕ੍ਰਿ:–ਉੱਧਲਣ ਦਾ ਕੰਮ ਕਰਾਉਣਾ, ਕਿਸੇ ਤ੍ਰੀਮਤ ਨੂੰ ਘਰੋਂ ਨਸੁਆਉਣਾ।

**ਉੱਧਲਵਾਈ,** ਸ:–ਆਪਣੇ ਕੰਤ ਜਾਂ ਮਾਪਿਆਂ ਦਾ ਘਰ ਛੱਡ ਕੇ ਤ੍ਰੀਮਤ ਦਾ ਕਿਸੇ ਹੋਰ ਨਾਲ ਨਿਕਲ ਜਾਣਾ, ਤ੍ਰੀਮਤ ਨੂੰ ਨਸਾਉਣ ਲਈ ਜੋ ਧਨ ਕਿਸੇ ਨੂੰ ਦਿੱਤਾ ਜਾਵੇ।

**ਉੱਧੜਨਾ,** ਕ੍ਰਿ:–ਸੀਤੇ ਹੋਏ ਜਾਂ ਉਣੇ ਹੋਏ ਕੱਪੜੇ ਜਾਂ ਮੰਜੇ ਆਦਿਕ ਦਾ ਖੁੱਲ੍ਹਣਾ, ਛੱਤ ਆਦਿਕ ਦਾ ਭੱਜਣਾ

**ਉੱਧੜ ਧੁੰਮੀ ਚੁੱਕਣੀ,** ਕ੍ਰਿ:–ਉਧਮ ਮਚਾਉਣਾ, ਰੌਲਾ ਪਾਉਣਾ।

Digitized by Panjab Digital Library | www.panjabdigilib.org

**ਉੱਧੜਵਾਉਣਾ,** ਕ੍ਰਿ:—ਉਧੇੜਨ ਦਾ ਕੰਮ ਕਰਾਉਣਾ, ਖੁਲ੍ਹਾਉਣਾ।

**ਉੱਧੜਵਾਈ,** ਸ:—ਕੱਪੜੇ, ਛੱਤ, ਮੰਜੇ ਆਦਿਕ ਨੂੰ ਉਧੇੜਨ ਦੀ ਮਜੂਰੀ।

**ਉਧੜਾਉਣਾ,** ਕ੍ਰਿ: "ਉਧੜਵਾਉਣਾ" ਵੇਖੋ।

**ਉਧੜਾਈ,** ਸ: "ਉਧੜਵਾਈ" ਵੇਖੋ

**ਉਧਾਰ,** ਪੁ:—ਹੁਦਾਰ, ਕਰਜ਼, ਮੰਗ ਕੇ ਲਿਆ ਹੋਇਆ ਰੁਪਇਆ ਜਿਸ ਦਾ ਬਿਆਜ ਦਿੱਤਾ ਜਾਵੇ।

**ਉਧਾਰ ਉਤਰਨਾ** ਕ੍ਰਿ: -ਕਰਜ਼ਾ ਲਹਿਣਾ

**ਉਧਾਰ ਉਤਾਰਨਾ** ਕ੍ਰਿ: - ਕਰਜ਼ਾ ਲਾਹੁਣਾ।

**ਉਧਾਰ ਹੋਣਾ** ਕ੍ਰਿ: ਕਰਜ਼ਾ ਸਿਰ ਤੇ ਹੋਣਾ।

**ਉਧਾਰ ਦੇਣਾ** ਕ੍ਰਿ:—ਰੁਪਇਆ ਸੂਦੀ ਦੇਣਾ, ਕਰਜ਼ਾ ਦੇਣਾ, ਮੰਗਵਾ ਦੇਣਾ।

**ਉਧਾਰ ਲੈਣਾ** ਕ੍ਰਿ:—ਰੁਪਇਆ ਐਵੇਂ ਹੀ ਜਾਂ ਬਿਆਜ ਦੇਣਾ ਕਰਕੇ ਮੰਗਵਾ ਲੈਣਾ, ਕਰਜ਼ ਚੁੱਕਣਾ

**ਉੱਧਾਰ,** ਪੁ:—ਦੁਖ ਵਿੱਚੋਂ ਨਿਕਲਣਾ, ਬਚਾਉ, ਰੱਛਿਆ, ਨਿਸਤਾਰਾ, ਪਾਰ ਉਤਾਰਾ

**ਉੱਧਾਰਨਾ,** ਕ੍ਰਿ:—ਬਚਾਉਣਾ, ਰੱਛਿਆ ਕਰਨੀ, ਦੁਖ ਵਿੱਚੋਂ ਕੱਢਣਾ, ਪਾਰ ਉਤਾਰਾ ਕਰਨਾ।

**ਉਧਾਰਾ,** ਵਿ:—ਕਰਜ਼ ਲਿਆ ਹੋਇਆ, ਮੰਗਵਾਂ ਲਿਆ ਹੋਇਆ।

**ਉਧਾਲ,** ਵਿ:—ਆਪਣੇ ਮਾਲਕ ਦੇ ਘਰੋਂ ਨਿਕਲ ਕੇ ਦੂਜੇ ਦੇ ਨਾਲ ਨੱਠੀ ਹੋਈ ਤ੍ਰੀਮਤ, ਆਪਣੇ ਖਸਮ ਨੂੰ ਛੱਡਕੇ ਯਾਰ ਦੇ ਘਰ ਵੱਸੀ ਹੋਈ।

**ਉਧਾਲਣਾ,** ਕ੍ਰਿ:—ਕਿਸੇ ਦੀ ਜ਼ਨਾਨੀ ਨੂੰ ਚੋਰੀ ਘਰੋਂ ਕੱਢਕੇ ਲੈ ਜਾਣਾ, ਕਿਸੇ ਤ੍ਰੀਮਤ ਨਾਲ ਨੱਠ ਜਾਣਾ।

**ਉਧਾਲਾ,** ਪੁ:—ਉਧਾਲਣ ਦਾ ਕੰਮ।

**ਉਧਾਲੀ / ਉਧਾਲੂ** } ਪੁ:,ਵਿ:—ਉਧਾਲਣ ਵਾਲਾ ਆਦਮੀ, ਆਪਣੀ ਰੰਨ ਨੂੰ ਛੱਡ ਦੂਜੀ ਨੂੰ ਕੱਢ ਲੈ ਜਾਣ ਵਾਲਾ, ਕਿਸੇ ਹੋਰੀ ਦੇ ਘਰ ਵਸਾਉਣ ਲਈ ਤ੍ਰੀਮਤ ਨੂੰ ਕੱਢ ਲਜਾਣ ਵਾਲਾ, ਉਹ ਤ੍ਰੀਮਤ ਜੋ ਕਿਸੇ ਪਰਾਏ ਮਨੁੱਖ ਨਾਲ ਨੱਠ ਜਾਏ

**ਉਧਾਲੂ ਟਿੱਲਾ** ਪੁ:—ਇੱਕ ਟਿੱਲਾ ਜਾਂ ਪਹਾੜ, ਜਿਸ ਦੀ ਬਾਬਤ ਇਹ ਮਸ਼ਹੂਰ ਹੈ ਕਿ ਜੇਹੜੀ ਤ੍ਰੀਮਤ ਉਸਦੇ ਪਾਸੋਂ ਲੰਘੇ ਉਹ ਆਪਣੇ ਖਾਵੰਦ ਨੂੰ ਛੱਡਕੇ ਨੱਠ ਜਾਂਦੀ ਹੈ

**ਉਧੇੜਣਾ,** ਕ੍ਰਿ:—ਸੀਤੇ ਹੋਏ ਯਾ ਉਣੇ ਹੋਏ ਕੱਪੜੇ ਮੰਜੇ ਆਦਿਕ ਨੂੰ ਖੋਲ੍ਹਣਾ, ਛੱਤ ਦੀਆਂ ਕੜੀਆਂ ਅਸੱਗ ਅਲਗ ਕਰਕੇ ਛੱਤ ਨੂੰ ਪੱਟਣਾ

**ਉਧੇੜੂ,** ਵਿ:—ਉਧੇੜਨ ਵਾਲਾ, ਖੋਲ੍ਹਣ ਵਾਲਾ।

**ਉਨ੍ਹ,** ਪੜ:—ਉਸ ਨੇ, ਉਹਨੇ।

**ਉੱਨ,** ਸ:—ਭੇਡ ਦੀ ਜਤ।

**ਉੱਨ ਲਾਹ ਸੁੱਟਣੀ (ਲਾਹੁਣੀ),** ਕ੍ਰਿ:—ਲੁੱਟ ਲੈਣਾ, ਧੋਖਾ ਦੇ ਕੇ ਕਿਸੇ ਦਾ ਸਾਰਾ ਮਾਲ ਲੈ ਲੈਣਾ

**ਉਨਸ,** ਪੁ:—ਪਿਆਰ, ਮੁਹੱਬਤ, ਮੋਹ।

**ਉਨਤੀ,** ਸ:—ਉਨਣ ਦਾ ਕੰਮ, ਉਚੇਰਾ ਹੋਣਾ, ਵਾਧਾ, ਤਰੱਕੀ (ਪੰਥ ਉਨਤੀ)।

**ਉੱਨਤੀ** ਸ:—ਉਚੇਰਾ ਹੋਣਾ, ਵਾਧਾ, ਬ੍ਰਿਧੀ, (ਪੰਥ ਉੱਨਤੀ)।

Digitized by Panjab Digital Library | www.panjabdigilib.org

**ਉੱਨਾ,** ਕ੍ਰਿ: ਵਿ:—ਉਤਨਾ, ਉਸ ਜਿੰਨਾ, ਓਤਨਾ, ਊਠਾ, ਉੱਨ ਦਾ ਬਣਿਆ ਹੋਇਆ।

**ਉਨ੍ਹਾਂ** } **ਉਨ੍ਹਾਂ** } ਪੜ:—"ਉਹ" ਦਾ ਬਹੁ ਵਚਨ, ਦੂਜੇ ਮਨੁੱਖਾਂ ਨੇ ਯਾ ਨੂੰ (ਆਦਰ ਕਰਕੇ ਇਕ ਮਨੁੱਖ ਲਈ ਭੀ ਬੋਲ ਦਿੰਦੇ ਹਨ)

**ਉਨਾਬ,** ਪੁ:—ਇੱਕ ਰੁਖ ਜਾ ਉਹਦਾ ਫਲ ਜੋ ਰੋਗੀ ਲਈ ਗੁਣਕਾਰ ਦੁਆ ਹੈ।

**ਉਨ੍ਹਾਲ** } **ਉਨ੍ਹਾਲਾ** } ਪੁ:—ਗਰਮੀ ਦੀ ਰੁਤ॥

**ਉੱਨੀ,** ਵਿ:—ਇੱਕ ਘੱਟ ਵੀਹ, ਉੱਨ ਦਾ ਬਣਿਆ ਹੋਇਆ ਕੱਪੜਾ॥

**ਉੱਨੀ ਇੱਕੀ ਦਾ ਫਰਕ** } **ਉੱਨੀ ਵੀਹ ਦਾ ਫ਼ਰਕ** } ਬਹੁਤ ਥੋੜਾ ਜਿਹਾ ਫ਼ਰਕ॥

**ਉਨੀਸਵਾਂ** } **ਉਨੀਹਵਾਂ** } **ਉੱਨੀਵਾਂ** } ਵਿ:—ਉੱਨੀ ਦੀ ਗਿਣਤੀ ਪੂਰੀ ਕਰਨ ਵਾਲਾ॥

**ਉਨੀਂਦਰਾ,** ਪੁ:—ਚੰਗੀ ਤਰ੍ਹਾਂ ਨੀਂਦ ਭਰ ਕੇ ਨਾ ਸੌਣਾ॥

ਵਿ:—ਜੋ ਮਨੁੱਖ ਨੀਂਦ ਭਰਕੇ ਨਹੀਂ ਸੁੱਤਾ।

**ਉੱਨੂੰ,** ਪੁ:—"ਇੰਨੂ" ਵੇਖੋ॥

**ਉਨੇ,** ਪੜ:—ਉਸ ਨੇ, ਉਹ ਨੇ।

**ਉਨੌਤ,** ਸ:—ਉਣਨ ਦੀ ਕਾਰੀਗਰੀ॥

**ਉਪਕਰਮ,** ਪੁ:—ਮੰਦਾ ਕੰਮ॥

**_ਪਕਰਮਣ,** ਸ:—ਮੰਦਾ ਕੰਮ ਕਰਨ ਵਾਲੀ॥

**ਉਪਕਰਮੀ,** ਪੁ:—ਮੰਦਾ ਕੰਮ ਕਰਨ ਵਾਲਾ॥

**ਉਪਕਾਰ,** ਪੁ:—ਭਲਾ, ਸਹਾਇਤਾ, ਭਲਿਆਈ, ਦੂਜੇ ਦਾ ਭਲਾ॥

**ਉਪਕਾਰਣ,** ਵਿ:—ਉਪਕਾਰ ਜਾਂ ਦੂਜੇ ਦਾ ਭਲਾ ਕਰਨ ਵਾਲੀ

**ਉਪਕਾਰੀ,** ਵਿ:—ਉਪਕਾਰ ਜਾਂ ਦੂਜੇ ਦਾ ਭਲਾ ਕਰਨ ਵਾਲਾ॥

**ਉਪਜ,** ਸ:—ਰਾਗ ਦਾ ਅੰਤਰਾ॥

**ਉਪਜਣਾ,** ਕ੍ਰਿ:—ਉਤਪੰਨ ਹੋਣਾ, ਉੱਗਣਾ, ਜੰਮਣਾ, ਪੈਦਾ ਹੋਣਾ॥

**ਉਪਜਾਉਣਾ,** ਕ੍ਰਿ:—ਉਗਾਉਣਾ, ਉਤਪੰਨ ਕਰਨਾ, ਪੈਦਾ ਕਰਨਾ॥

**ਉਪਜਾਊ,** ਵਿ:—ਉਪਜਾਉਣ ਵਾਲਾ, ਪੈਦਾ ਕਰਨ ਵਾਲਾ, ਜਿਸ ਥਾਂ ਪੈਦਾਵਾਰੀ ਬਹੁਤ ਹੋਵੇ (ਧਰਤੀ, ਦੇਸ)॥

**ਉਪਜਾਇਕ,** ਵਿ:—ਉਪਜਾਉਣ ਵਾਲਾ, ਉਤਪੰਨ ਕਰਨ ਵਾਲਾ, ਪੈਦਾ ਕਰਨ ਵਾਲਾ॥

**ਉਪਜਾਈ,** ਸ:—ਉਪਜ ਉਣ ਦਾ ਕੰਮ ਜਾਂ ਮਜ਼ੂਰੀ।

**ਉਪਜੀਵਕਾ,** ਸ:—'ਅਜੀਵਕਾ' ਵੇਖੋ॥

**ਉਪੱਦਰ,** ਪੁ:—ਖਰਾਬੀ, ਫ਼ਸਾਦ, ਭੈੜਾ ਕੰਮ, ਝੂਠੀ ਊਜ, ਨਿੰਦਿਆ, ਨਿਰਾਦਰੀ, ਪਾਪ॥

**ਉਪੱਦਰਣ,** ਸ:—ਉਪੱਦਰ ਕਰਨ ਵਾਲੀ, ਫ਼ਸਾਦ ਪਾਉਣ ਵਾਲੀ, ਖਰਾਬੀ ਕਰਨ ਵਾਲੀ, ਪਾਪਣ॥

**ਉਪੱਦਰੀ,** ਪੁ:—ਉਪੱਦਰ ਕਰਨ ਵਾਲਾ ਭੈੜਾ ਆਦਮੀ, ਸ਼ਤਾਨ, ਪਾਪੀ॥

**ਉਪਦੇਸ਼,** ਪੁ:—ਚੰਗੀ ਮੱਤ, ਨਸੀਹਤ, ਸਿੱਖ, ਹਿਦਾਇਤ, ਸਿੱਖਯਾ॥

Digitized by Panjab Digital Library / www.panjabdigilib.org

**ਉਪਦੇਸ਼ਕ,** ਪੁ:—ਉਪਦੇਸ਼ ਕਰਨ ਵਾਲਾ, ਮੱਤ ਦੇਣ ਵਾਲਾ, ਕਿਸੇ ਧਰਮ ਦਾ ਪ੍ਰਚਾਰ ਕਰਨ ਵਾਲਾ॥

**ਉਪਦੇਸ਼ਣਾ,** ਕ੍ਰਿ:—ਉਪਦੇਸ਼ ਕਰਨਾ, ਸਿੱਖ ਮੱਤ ਦੇਣੀ॥

**ਉਪਦੇਸ਼ੀ,** ਪੁ:—"ਉਪਦੇਸ਼ਕ" ਵੇਖੋ।

**ਉਪਨੇਤ੍ਰ,** ਪੁ:—ਐਨਕ, ਚਸ਼ਮਾ, ਅੱਖਾਂ ਉੱਤੇ ਲਾਉਣ ਵਾਲੇ ਸ਼ੀਸ਼ੇ॥

**ਉਪਨੇਮ,** ਪੁ:—ਛੋਟੇ ਨੇਮ ਜਾਂ ਕਾਇਦੇ

**ਉਪਮਾ,** ਸ:—ਮਹਿਮਾ, ਵਡਿਆਈ, ਉਸਤਤ, ਇੱਕ ਚੀਜ਼ ਯਾ ਮਨੁੱਖ ਨੂੰ ਦੂਜੇ ਵਰਗਾ ਕਹਿਣਾ, ਇੱਕ ਤਰ੍ਹਾਂ ਦਾ ਅਲੰਕਾਰ (ਜਿਹਾ ਕਿ "ਚੰਦ ਜੇਹਾ ਮੁਖੜਾ" ਇਸ ਵਿੱਚ ਮੁਖੜੇ ਨੂੰ ਚੰਦ ਨਾਲ ਉਪਮਾ ਦਿਤੀ ਹੈ)

**ਉਪਮਾਣ,** ਪੁ:—ਜਿਸ ਦੇ ਨਾਲ ਉਪਮਾ ਦਿਤੀ ਜਾਵੇ।

**ਉਪਮੇਯ,** ਪ:—ਜਿਸਨੂੰ ਉਪਮਾ ਦਿੱਤੀ ਜਾਵੇ। ਉਪਮਾ ਦੇਣ ਦੇ ਜੋਗ॥

**ਉੱਪਰ,** ਅਵ:—ਉੱਤੇ, ਪੁਰ, ਤੇ, ਉਤਲੇ ਪਾਸੇ।

**ਉੱਪਰ ਉੱਪਰ** ਕ੍ਰਿ:—ਵਿ:—ਇੱਕ ਪੁਰ ਦੂਜਾ, ਵੱਧ ਤੋਂ ਵੱਧ॥

**ਉੱਪਰ ਚੜ੍ਹਨਾ,** ਕ੍ਰਿ:—ਉੱਪਰਲੀ ਥਾਂ ਪੈ ਜਾਣਾ, ਕੋਠੇ ਤੇ ਚੜ੍ਹਨਾ॥

**ਉੱਪਰ ਛਲ,** ਸ:—ਕੈ, ਖਾਧੀ ਹੋਈ ਸ਼ੈ ਦਾ ਮੂੰਹ ਦੇ ਰਸਤੇ ਬਾਹਰ ਆਉਣਾ॥

**ਉੱਪਰ ਥਲੀ,** ਕ੍ਰਿ: ਵਿ:—ਇਕ ਦੂਏ ਦੇ ਮਗਰੋਂ ਲਗਾਤਾਰ॥

**ਉੱਪਰ ਥੱਲੀ ਦੇ ਬੱਚੇ** = ਪੁ:—ਜੋੜੇ ਬਾਲ ਇੱਕ ਦੂਏ ਦੇ ਮਗਰੋਂ ਜੰਮੇ ਹੋਣ॥

**ਉੱਪਰ ਦਲੀ ਮਾਰਨਾ,** ਕ੍ਰਿ:—ਫਰੇਬ ਨਾਲ ਕਿਸੇ ਕੋਲੋਂ ਕੰਮ ਕਢਣਾ।

**ਉੱਪਰ ਦਿਓਂ**
**ਉੱਪਰ ਦੋਂ** } ਕ੍ਰਿ:—ਵਿ:—ਉੱਪਰ ਵੱਲੋਂ ਉੱਪਰਲੇ ਰਾਹੋਂ॥

**ਉੱਪਰ ਦੇ ਕੰਮ** = ਪੁ: (ਬਹੁ:) ਫਾਲਤੂ ਕੰਮ।

**ਉੱਪਰਲਾ,** ਪੁ:—ਚੰਦ੍ਰਮਾ, ਉੱਪਰ ਲੈਣ ਵਾਲਾ ਕੱਪੜਾ।

**ਉੱਪਰਲੀ ਖੱਟੀ,** ਸ:—ਅਸਲੀ ਆਮਦਨ ਤੋਂ ਵੱਧ ਜੋ ਆਵੇ॥

**ਉੱਪਰਲੇ (ਉਤਲੇ) ਮੂੰਹ ਨਾਲ ਕਹਿਣਾ** } ਕ੍ਰਿ:—ਝੂਠ ਮੂਠ ਦਿਖਾਵੇ ਵਾਸਤੇ ਕਹਿਣਾ।

**ਉੱਪਰ ਲੈਣਾ,** ਕ੍ਰਿ:—ਉਪਰਲਾ ਕੱਪੜਾ ਪਾਣਾ, ਅੰਗੀਕਾਰ ਕਰਨਾ॥

**ਉੱਪਰ ਵੱਲੀ,** ਕ੍ਰਿ: ਵਿ:—ਉੱਪਰਲੇ ਪਾਸਿਓਂ॥

**ਉੱਪਰ ਵਾੜੇ ਦਿਓਂ,** ਕ੍ਰਿ: ਵਿ:—ਉੱਪਰ ਵੱਲੋਂ ਉੱਪਰਲੇ ਰਾਹੋਂ॥

**ਉੱਪਰੋਂ ਉੱਪਰ,** ਕ੍ਰਿ: ਵਿ:—ਬਿਲਕੁਲ, ਵਧਕੇ ਅਵਾਈ, ਬੇ ਖਬਰੇ।

**ਉੱਪਰੋਂ ਕਮਾਉਣਾ ਜਾਂ ਖੱਟਣਾ,** ਕ੍ਰਿ:—ਅਸਲੀ ਆਮਦਨ ਤੋਂ ਵੱਧ ਕੁਝ ਆਉਣਾ।

**ਉਪਰੰਤ**
**ਉਪਰੰਦ** } ਅਵ:—ਪਿੱਛੋਂ, ਮਗਰੋਂ ਬਾਦ ਕ੍ਰਿ: ਵਿ: ਫੇਰ, ਇਸ ਕਰਕੇ।

**ਉਪਰਾਊ,** ਪੁ:—ਮੁਸਾਫਰ, ਜਾਤ੍ਰੀ, ਓਪਰਾ ਆਦਮੀ, ਪਖਲਾ।

**ਉੱਪਰਾਹਾਂ,** ਕ੍ਰਿ: ਵਿ:—ਉੱਪਰ ਨੂੰ, ਉਤਾਹਾਂ, ਉਤਲੇ ਪਾਸੇ, ਉੱਪਰ ਵੱਲ॥

**ਉਪਰਾਂਤ,** ਅਵ:—ਮਗਰੋਂ, ਬਾਦ, ਉਪਰੰਦ, ਪਿਛੋਂ॥

**ਉਪਰਾਮ ਹੋਣਾ,** ਕ੍ਰਿ:—ਉਦਾਸ ਹੋਣਾ, ਹਟ ਜਾਣਾ॥

**ਉਪਰਾਲਾ,** ਪੁ:—ਸਹਾਇਤਾ, ਮਦਦ, ਆਪਣਾ ਕੰਮ, ਦੂਣਾ, ਉਪਾਉ॥

Digitized by Panjab Digital Library | www.panjabdigilib.org

**ਉੱਪਲ,** ਪੁਃ—ਖਤ੍ਰੀਆਂ ਦੀ ਇੱਕ ਜ਼ਾਤ ॥

**ਉੱਪੜਣਾ,** ਕ੍ਰਿਃ—ਪੁੱਜਣਾ, ਪਹੁੰਚਣਾ, ਅੱਪੜਣਾ, ਵੇਲੇ ਸਿਰ ਆ ਜਾਣਾ ॥

**ਉਪੜਾਉਣਾ,** ਕ੍ਰਿਃ—ਪੁਚਾਉਣਾ, ਅਪੜਾਉਣਾ ॥

**ਉਪੜਾਈ,** ਸਃ—ਅਪੜਨ ਦਾ ਕੰਮ, ਪਹੁੰਚ ।

**ਉਪਾਉ,** ਪੁਃ—ਤਦਬੀਰ, ਜਤਨ, ਇਲਾਜ, ਜੁਗਤ ।

**ਉਪਾਉਣਾ,** ਕ੍ਰਿਃ—ਉਤਪਤ ਕਰਨਾ, ਪੈਦਾ ਕਰਨਾ ।

**ਉਪਾਇ,** ਪੁਃ—"ਉਪਾਉ" ਵੇਖੋ

**ਉਪਾਸਕ,** ਵਿਃ—ਉਪਾਸਨਾ ਜਾਂ ਪੂਜਾ ਕਰਨ ਵਾਲਾ, ਭਗਤ ॥

**ਉਪਾਸਨਾ,** ਸਃ—ਪੂਜਾ, ਧਿਆਨ, ਭਗਤਿ ॥

**ਉਪਾਧ,** ਸਃ—ਖਰਾਬੀ, ਫਸਾਦ, ਬਿਪਤਾ, ਦੁੱਖ, ਕਲੇਸ਼, ਅਨਿਆਉਂ, ਜ਼ੁਲਮੀ, ਸਖਤੀ ।

**ਉਪਾਧਣ,** ਸਃ—ਉਪਾਧ ਕਰਨ ਵਾਲੀ, ਦੁਖ ਦੇਣ ਵਾਲੀ ਤ੍ਰੀਮਤ

**ਉਪਾਧੀ,** ਪੁਃ—ਉਪਾਧ, ਜ਼ੁਲਮ ਜਾਂ ਸਖਤੀ ਕਰਨ ਵਾਲਾ ਆਦਮੀ

**ਉਪਾਰਨਾ,** ਕ੍ਰਿਃ—ਵਰਤ ਪੂਰਾ ਕਰਕੇ ਕੁਝ ਖਾਣਾ

**ਉੱਪੇਤਾਣਾ,** ਪੁਃ—ਨੰਗੇ ਪੈਰੀਂ ਐਵੇਂ ਪਿਆ ਫਿਰਨ ਵਾਲਾ ।

**ਉੱਪੇਤਾਣਾ,** ਵਿਃ—ਉਤਪਤ ਹੋਇਆ ਹੋਇਆ ।

**ਉੱਫਣਨਾ,** ਕ੍ਰਿਃ—ਸੁੱਜਣਾ ਅਤੇ ਪੱਕ ਜਾਣਾ (ਫੋੜੇ ਆਦਿਕ ਦਾ), ਖ਼ਮੀਰ ਨਾਲ ਫੱਲਣਾ (ਆਟੇ ਦਾ) ਗਲ ਸੜ ਜਾਣਾ ॥

**ਉਬਸ ਜਾਣਾ, ਉਬਸਣਾ** } ਕ੍ਰਿਃ—ਬੁੱਸਣਾ, ਗਲ ਸੜ ਜਾਣਾ, ਖਰਾਬ ਹੋ ਜਾਣਾ, ਮੁਸ਼ਕ ਜਾਣਾ ॥

**ਉਬਸਾਉਣਾ,** ਕ੍ਰਿਃ—ਬੁਸਾਉਣਾ, ਖਰਾਬ ਕਰਨਾ ਗਲਣ ਸੜਨ ਦੇਣਾ ।

**ਉਬਸਾਣ,** ਸਃ—ਬਦਬੋ, ਬੁਰੀ ਮੁਸ਼ਕ ॥

**ਉਬਕਣਾ,** ਕ੍ਰਿਃ—ਡੋਕਣਾ, ਉੱਤੇ ਕਰਨਾ, ਉੱਪਰ-ਛੱਲ ਮਾਰ ਕੇ ਕਰਨਾ ॥

**ਉਬਕਾਉਣਾ,** ਕ੍ਰਿਃ—ਉੱਪਰਛਲ ਜਾਂ ਕੈ ਕਰਾਉਣੀ, ਡੋਕੀ ਕਰਾਉਣਾ ॥

**ਉਬੱਤ,** ਪੁਃ—ਕੈ, ਉੱਪਰਛਲ, ਖਾਧੀ ਸ਼ੈ ਦਾ ਗਲੋਂ ਬਾਹਰ ਆਉਣਾ

**ਉਬੱਤਾ,** ਵਿਃ—ਲੱਥਾ, ਅੜਬ, ਐਵੇਂ ਗਲ ਪੈ ਜਾਣ ਵਾਲਾ ॥

**ਉੱਬਰਿਆਉਣਾ,** ਕ੍ਰਿਃ—ਸੁਜਣਾ, ਉੱਭਰਨਾ ॥

**ਉੱਬਲਣਾ,** ਕ੍ਰਿਃ—ਖੌਲਣਾ, ਭੜਕਣਾ, ਬੜ੍ਹਕਣਾ, ਗੁੱਸੇ ਵਿਚ ਆਉਣਾ, ਖੁੱਸ ਕੇ ਕਿਸੇ ਚੀਜ਼ ਦਾ ਡੁੱਲ੍ਹ ਜਾਣਾ

**ਉੱਬਲ ਨਿੱਛਲ,** ਵਿਃ—'ਉੱਗਲ ਨਿੱਛਲ' ਵੇਖੋ ॥

**ਉੱਬਲਮਾਂ, ਉੱਬਲਵਾਂ** } ਵਿਃ—ਉੱਬਲਿਆ ਹੋਇਆ ॥

**ਉਬਲਵਾਉਣਾ,** ਕ੍ਰਿਃ—ਦੂਜੇ ਕੋਲੋਂ ਉਬਾਲਣ ਦਾ ਕੰਮ ਕਰਾਉਣਾ ।

**ਉੱਬਲਵਾਈ,** ਸਃ—ਉਬਲਵਾਉਣ ਦਾ ਕੰਮ ਜਾਂ ਮਜੂਰੀ ।

**ਉਬਾਸ਼,** ਵਿਃ—ਲੁੱਚਾ, ਐਬੀ, ਮੰਦੇ ਕੰਮ ਕਰਨ ਵਾਲਾ ।

**ਉਬਾਸੀ,** ਸਃ—ਮੂੰਹ ਖੋਲ੍ਹਕੇ ਅੰਦਰ ਦੀ ਹਵਾੜ ਬਾਹਰ ਕੱਢਣੀ, (ਉਬਾਸੀ ਆਉਣੀ, ਲੈਣੀ)

Digitized by Panjab Digital Library | www.panjabdigilib.org

**ਉਬਾਕ,** ਪੁ: } ਕੈ, ਉੱਪਰਛਲ, ਡਾਕੀ ॥
**ਉਬਾਕੀ,** ਸ: }

**ਉਬਾਲ,** ਪੁ:—ਤਾਉ ਨਾਲ ਖੌਲਣਾ, ਜਾਂ ਗੜ੍ਹਕਣਾ ਉਕਸਾਉਣ, ਜੋਸ਼, ਭੜਕੀ, ਅੱਤ ਕ੍ਰੋਧ ॥

**ਉਬਾਲ ਆਉਣਾ,** ਕ੍ਰਿ:—ਉੱਬਲਣਾ ਜਾਂ ਉੱਬਲਣ ਲੱਗਣਾ ।

**ਉਬਾਲ ਉੱਠਣਾ,** ਕ੍ਰਿ:—ਜੋਸ਼ ਆਉਣਾ, ਕ੍ਰੋਧ ਆਉਣਾ, ਭੜਕ ਪੈਣਾ ॥

**ਉਬਾਲ ਦੇਣਾ,** ਕ੍ਰਿ:—ਗੜ੍ਹਕਾਉਣਾ, ਭੜਕਾਉਣਾ ॥

**ਉਬਾਲਣਾ,** ਕ੍ਰਿ:—ਗੜ੍ਹਕਾ ਦੁਆਉਣਾ, ਡੋਢਾ ਤਾਉ ਦੇਕੇ ਅਜੇਹਾ ਰਿੰਨ੍ਹਣਾ ਕਿ ਚੀਜ਼ ਖੌਲਣ ਲੱਗ ਪਏ ।

**ਉਬਾਲਮਾਂ** } ਵਿ:—ਉਬਾਲਿਆ ਹੋਇਆ ।
**ਉਬਾਲਵਾਂ** }

**ਉਬਾਲਾ,** ਪੁ:—"ਉਬਾਲ" ਵੇਖੋ ।

**ਉਬਾਲੂ,** ਵਿ:—ਉੱਬਲਣ ਵਾਲਾ, ਜੋ ਚੀਜ਼ ਉਬਲਣ ਜੋਗੀ ਹੋਵੇ, ਜਾਂ ਉਬਲਣ ਲੱਗੀ ਹੋਵੇ ॥

**ਉੱਬੇ ਰਾਇ,** ਪੁ:—ਖੱਤ੍ਰੀਆਂ ਦੀ ਇਕ ਜਾਤ ॥

**ਉਭਰਣਾ,** ਕ੍ਰਿ:—ਉੱਠਣਾ, ਉੱਚੇ ਹੋਣਾ, ਸੁੱਜਣਾ ਫੁੱਲਣਾ, ਉੱਬਲਣਾ, ਉੱਛਲਣਾ ।

**ਉਭਰਾਉਣਾ,** ਕ੍ਰਿ:—ਸਜਾਉਣਾ, ਉਛਾਲਣਾ, ਉਠਾਲਣਾ, ਗੁਸੇ ਵਿਚ ਲਿਆਉਣਾ ॥

**ਉੱਗਲ ਉੱਛਲ** } ਵਿ:—'ਉੱਗਲ ਨਿੱਛਲ' ਵੇਖੋ ॥
**ਉੱਗਲ ਨਿੱਛਲ** }

**ਉਭਾਸਰਨਾ,** ਕ੍ਰਿ:—ਦਿਲ ਦਾ ਹਾਲ ਖੋਲਕੇ ਹੋਰਨਾਂ ਨੂੰ ਦੱਸਣਾ ॥

**ਉਭਾਰ,** ਪੁ:—ਉਠਾਉ, ਸੋਜ, ਫੁਲਾਉ ॥

**ਉਭਾਰਨਾ,** ਕ੍ਰਿ:—ਉਠਾਉਣਾ, ਉਛਾਲਣਾ, ਭੜਕਾਉਣਾ ॥

**ਉੱਭੇ ਸਾਹ ਲੈਣੇ,** ਕ੍ਰਿ:—ਹਉਕੇ ਭਰਨੇ, ਲੰਮੇ ਸਾਹ ਲੈਣੇ ॥

**ਉਮਗ** } ਸ:—ਇੱਛਿਆ, ਤ੍ਰਿਸ਼ਨਾ, ਚਾਹ, ਅਨੰਦ ਖੁਸ਼ੀ, ਚਾਉ ॥
**ਉਮੰਗ** }

**ਉਮਗਣਾ** } ਕ੍ਰਿ:—ਚਾਹ ਹੋਣੀ, ਬਹੁਤ ਖੁਸ਼ੀ ਹੋਣੀ, ਚਾਉ ਹੋਣਾ ।
**ਉਮੰਗਣਾ** }

**ਉਮਡ** } ਸ:—ਵੱਗਣਾ (ਹਿੰਜੂ ਆਦਿਕਾਂ ਦਾ) ਚੜ੍ਹਾਉ ਦਾ ਵਾਧਾ (ਨਦੀ ਆਦਿਕ ਦਾ) ਭਰ ਆਉਣਾ (ਦਿਲ ਦਾ) ॥
**ਉਮੰਡ** }

**ਉਮੰਡਣਾ** } ਕ੍ਰਿ:—ਵਗਣਾ, ਚੜ੍ਹਨਾ, ਵਧਣਾ, ਭਰ ਆਉਣਾ ॥
**ਉਮਡਣਾ** }

**ਉਮ੍ਹੀਆਂ,** ਸ:—"ਆਮ੍ਹੀਆਂ" ਵੇਖੋ ॥

**ਉੱਮਤ,** ਸ:—ਇੱਕ ਮਤ ਜਾਂ ਪੰਥ ਦੇ ਲੋਕ, ਇੱਕੋ ਧਰਮ ਨੂੰ ਮੰਨਣ ਵਾਲੇ ਮਨੁੱਖ ॥

**ਉਮੱਤਣ,** ਸ:—ਕਿਸੇ ਧਰਮ ਨੂੰ ਮੰਨਣ ਵਾਲੀ ਤ੍ਰੀਮਤ ।

**ਉੱਮਤੀ,** ਪੁ:—ਕਿਸੇ ਧਰਮ ਨੂੰ ਮੰਨਣ ਵਾਲਾ ਆਦਮੀ ॥

**ਉਮਰ,** ਸ:—ਆਰਜਾ, ਅਵਸਥਾ, ਆਯੂ, ਆਰਬਲ ਜੀਉਣ ਦਾ ਸਮਾ ।

**ਉਮਰ ਦੀਆਂ ਰੋਟੀਆਂ ਕਮਾਉਣੀਆਂ** } ਕ੍ਰਿ: ਐਨਾ ਕਮਾਉਣਾ ਜੋ ਸਾਰੀ ਉਮਰ ਲਈ ਬਹੁਤ ਹੋਵੇ, ਬਹੁਤ ਸਾਰਾ ਧਨ ਖੱਟਣਾ ।

**ਉਮਰ ਕੈਦ,** ਸ:—ਸਾਰੀ ਉਮਰ ਦੀ ਕੈਦ, ਜਿਸ ਤੋਂ ਕਦੇ ਛੁਟਕਾਰਾ ਨਾ ਹੋਵੇ ॥

**ਉਮਰ ਕੈਦੀ,** ਪੁ:—ਸਾਰੀ ਉਮਰ ਲਈ ਕੈਦ ਹੋਇਆ ਹੋਇਆ ॥

Digitized by Panjab Digital Library | www.panjabdigilib.org

**ਉਮਰ ਪਟਾ,** ਪੁ:—ਸਾਰੀ ਉਮਰ ਦਾ ਠੇਕਾ ਜਾਂ ਕਿਰਾਏ ਨਾਮਾ ॥

**ਉਮਰਾਉ,** ਵਿ:—ਅਮੀਰ, ਸੇਠ, ਧਨ ਪਾਤ੍ਰ, ਸਰਦਾਰ, ਕੁਲੀਨ ॥

**ਉਮਰਾਈ,** ਸ:—ਅਮੀਰੀ, ਸਰਦਾਰੀ ॥

**ਉਮਾਹਾਂ,** ਸ:—ਇਛਿਆ, ਚਾਉ, ਖੁਸ਼ੀ, ਉਮੰਗ ।

**ਉਮਾਹੜਾ**<br>**ਉਮਾਹੂ** } ਵਿ:—ਫੁੱਟਕੇ ਨਿਕਲਣ ਵਾਲਾ, ਸਿੰਮਣ ਵਾਲਾ (ਉਮਾਹੂ ਪਾਣੀ,

**ਉੱਮੀ,** ਪੁ:—ਅਲਪੜ੍ਹ ਆਦਮੀ ।

**ਉਮੀ,** ਸ:—ਮੱਕੀ ਦੀ ਛੱਲੀ ਜਾਂ ਸਿੱਟਾ (ਪਹਾੜੀ)

**ਉਮੇਦ**<br>**ਉਮੈਦ** } ਸ:—ਆਸ, ਭਰੋਸਾ, ਆਸਰਾ ।

**ਉਮੈਦ ਦੇਣੀ,** ਕ੍ਰਿ:—ਆਸ ਵਿੱਚ ਰੱਖਣਾ ॥

**ਉਮੈਦ ਵਾਰ,** ਵਿ:—ਆਸਾ ਵੰਦ, ਆਸ ਰੱਖਣ ਵਾਲਾ, ਪੱਕੀ ਨੌਕਰੀ ਦੀ ਆਸ ਤੇ ਮੁਖ਼ਤ ਕੰਮ ਕਰਨ ਵਾਲਾ

**ਉਮੈਦਵਾਰੀ,** ਸ:—ਆਸ ਰਖਣੀ, ਉਮੈਦ ਵਾਰ ਹੋਣਾ, ਇਸਤ੍ਰੀ ਨੂੰ ਗਰਭ ਹੋਣਾ ।

**ਉਰ,** ਸ:—ਛਾਤੀ, ਵੱਖੀ, ਜੇਰ, ਮਨ ॥

**ਉਰਦ,** ਪੁ:—ਮਾਂਹ ।

**ਉਰਸਾ,** ਪੁ:—ਇੱਕ ਗੋਲ ਸਿਲ ਜਿਸ ਉੱਤੇ ਬ੍ਰਾਹਮਣ ਚੰਨਣ ਰਗੜਦੇ ਹਨ ਅਤੇ ਮੱਥੇ ਉੱਤੇ ਤਿਲਕ ਲਾਉਂਦੇ ਹਨ ॥

**ਉਰਦੂ,** ਪੁ:—'ਉੜਦੂ' ਵੇਖੋ ।

**ਉਰ੍ਹਾਂ,** ਕ੍ਰਿ: ਵਿ:—ਇਸ ਪਾਸੇ, ਇੱਥੇ ॥

**ਉਰਧ ਤਪ,** ਪੁ:—ਤਪੱਸਯਾ ਜਿਸ ਵਿੱਚ ਬਾਹਾਂ ਉੱਪਰ ਨੂੰ ਚੁੱਕੀ ਰਖਦੇ ਹਨ ਜਾਂ ਸਿਰ ਦੇ ਭਾਰ ਖਲਕੇ ਪੈਰ ਉਤਾਹਾਂ ਨੂੰ ਕਰ ਛਡਦੇ ਹਨ ॥

**ਉਰਲ ਪਰਲ**<br>**ਉਰਲਮ ਪਰਲਮ** } ਪੁ:—ਫਾਲਤੂ ਚੀਜਾਂ, ਫੁਟਕਲ ਵਸਤਾਂ ।

**ਉਰਲਾ,** ਵਿ:—ਇਸ ਪਾਸੇ ਦਾ ॥

**ਉਰਲਾ ਹੱਥ ਹੋਣਾ,** ਕ੍ਰਿ:—ਖਾਣ ਪੀਣ ਨੂੰ ਬਹੁਤ ਹੋਣਾ ।

**ਉਰਲਾ ਪਰਲਾ ਕੰਮ,** ਪੁ:—ਫਾਲਤੂ ਕੰਮ ॥

**ਉਰਲੀ,** ਸ:—'ਉੱਲੀ' ਵੇਖੋ ॥

**ਉਰਾਰ,** ਪੁ:—ਇਸ ਪਾਸੇ, ਇਸ ਕੰਢੇ ।

**ਉਰਾਰਲਾ,** ਵਿ:—ਉਰਲੇ ਪਾਸੇ ਦਾ ।

**ਉਰੇ,** ਕ੍ਰਿ: ਵਿ:—ਇਸ ਪਾਸੇ, ਇੱਥੇ ॥

**ਉਰੇ ਪਰੇ ਹੋਣਾ,** ਕ੍ਰਿ:—ਖਿਸਕ ਜਾਣਾ, ਓਲ੍ਹੇ ਹੋ ਜਾਣਾ, ਛਿਪ ਜਾਣਾ ॥

**ਉਰੇਬ,** ਵਿ:—ਜਿਸ (ਪਜਾਮੇ) ਦੀਆਂ ਲੱਤਾਂ ਕਸ ਕੇ ਆਉਣ, ਟੇਢਾ ॥

**ਉਰੇਰੇ,** ਕ੍ਰਿ: ਵਿ:—ਕੁਝ ਉਰੇ, ਇਸ ਪਾਸੇ ॥

**ਉੱਲ,** ਸ:—ਸਿਰ ਜਾਂ ਵੱਖੀ ਵਿੱਚ ਭਾਰੀ ਪੀੜ ਜਿਸ ਵਿੱਚ ਤਰਾਟਾਂ ਪੈਣ ॥

**ਉਲਕਾ ਪਾਤ,** ਪੁ:—ਬਕਵਾਦ, ਅਸਮਾਨ ਵਿੱਚੋਂ ਤਾਰੇ ਟੁੱਟਣਾ, ਅਚਰਜ ਦੀ ਗੱਲ, ਖਰਾਬੀ, ਬਿਪਤਾ, ਅਨਰਥ, ਸਤਿਆ ਨਾਸ, ਬਰਬਾਦੀ ॥

**ਉਲਕਾ ਪਾਤਣ,** ਸ:—ਬਕਵਾਦਣ, ਸੱਤਯਾ ਨਾਸ ਕਰਨ ਵਾਲੀ, ਬਿਪਤਾ ਪਾਉਣ ਵਾਲੀ ਤੀਵੀਂ ॥

Digitized by Panjab Digital Library | www.panjabdigilib.org

**ਉਲਕਾ ਪਾਤੀ,** ਪੁ:—ਬਕਵਾਦੀ, ਨਾਸ ਕਰਨ ਵਾਲਾ, ਫਸਾਦ ਯਾ ਬਿਪਤਾ ਪਾਉਣ ਵਾਲਾ ਮਰਦ ।

**ਉਲੰਘ ਜਾਣਾ,** ਕ੍ਰਿ:—ਉੱਪਰੋਂ ਲੰਘ ਜਾਣਾ ॥

**ਉਲੰਘਣ,** ਪੁ:—ਉਪਰੋਂ ਲੰਘਣਾ, ਅਵਗਯਾ, ਹੁਕਮ ਨਾ ਮੰਨਣਾ, ਕੁਝ ਨਾ ਖਾਣਾ ॥

**ਉਲੰਘਣਾ,** ਕ੍ਰਿ:—ਉਪਰੋਂ ਲੰਘਣਾ, ਆਗਯਾ ਭੰਗ ਕਰਨੀ, ਹੁਕਮ ਪੁਰ ਨਾ ਚਲਣਾ

**ਉਲਝਣਾ,** ਕ੍ਰਿ:—ਫਸਣਾ, ਝਗੜੇ ਆਦਿਕ ਵਿਚ ਪੈਣਾ, ਪੇਚ ਵਿਚ ਆਉਣਾ ॥

**ਉਲਝ ਪੁਲਝ ਜਾਣਾ,** ਕ੍ਰਿ: ਚੰਗੀ ਤਰਾਂ ਉਲਝ ਯਾ ਫਸ ਜਾਣਾ ॥

**ਤੰਦ ਤਾਣੀ ਉਲਝਣੀ,** ਕ੍ਰਿ:—ਕਿਸੇ ਕੰਮ ਵਿੱਚ ਬਿਘਨ ਪੈ ਜਾਣਾ, ਕਿਸੇ ਅੰਜਲ਼ ਵਿਚ ਫਸ ਜਾਣਾ ॥

**ਉਲਝਾਉ,** ਪ:—ਫਸਾਉ, ਹਰਾਨੀ ਘਬਰਾਉ, ਪੇਚ, ਲਪੇਟ ॥

**ਉਲਝਾਉਣਾ,** ਕ੍ਰਿ:—ਫਸਾਉਣਾ, ਪੇਚ ਵਿੱਚ ਲਿਆ-ਉਣਾ, ਲਪੇਟਣਾ, ਘਬਰਾਣਾ, ਹਰਾਨ ਕਰਨਾ ॥

**ਉਲਝਾਊ,** ਵਿ:—ਜਿਸਦੇ ਉਲਝਣ ਦਾ ਡਰ ਹੋਵੇ, ਜੋ ਉਲਝਣ ਲੱਗਾ ਹੋਵੇ, ਉਲਝਣ ਵਾਲਾ ।

**ਉਲਝੇੜਾ,** ਪ:—ਉਲਝਾਉ, ਝੰਗੜਾ ਲੜਾਈ, ਬਖੇੜਾ ।

**ਉਲਟ,** ਪੁ:—ਦੂਆ ਪਾਸਾ, ਪਿੱਠ, ਪਿੱਛਾ, ਪੁੱਠ, ਵਿਗਾੜ ॥

**ਉਲਟਣਾ,** ਕ੍ਰਿ:—ਮੂਧਾ ਜਾਂ ਪੁੱਠਾ ਹੋਣਾ, ਫਿਰਨਾ, ਪਯਾਨ ਦੇਣਾ, ਕਿੱਸੇ ਵੱਲ ਜਾਂ ਸਾਮ੍ਹਣੇ ਹੋ ਪੈਣਾ, ਕਿਸੇ ਉੱਤੇ ਆ ਪੈਣਾ ।

**ਉਲਟ ਪਲਟ,** ਵਿ:—"ਉਲਟਾ ਪੁਲਟਾ" ਵੇਖੋ, ਸ:—ਗੜ ਬੜ, ਅਦਲ ਬਦਲ ॥

**ਉਲਟਣਾ ਪੁਲਟਣਾ** }
**ਉਲਟ ਪੁਲਟ ਕਰਨਾ** } ਕ੍ਰਿ:—ਬਦਲਣਾ, ਫੇਰਨਾ, ਵਿਗਾੜਣਾ

**ਉਲਟਾ,** ਵਿ:—ਪੁੱਠਾ, ਮੂੱਧਾ, ਫੇਰਿਆ ਹੋਇਆ, ਪਰਤਿਆ ਹੋਇਆ, ਹੋਰ ਦਾ ਹੋਰ, ਸਾਮ੍ਹਣੇ ਦਾ ਦੂਜੇ ਪਾਸੇ ਦਾ ।

ਕ੍ਰਿ: ਵਿ:—ਸਗੋਂ, ਤਾਂ ਬੀ, ਹੋਰ ਬੀ ਦੂਈ ਤਰ੍ਹਾਂ, ਪੁੱਠੀ ਤਰ੍ਹਾਂ ਵਿਗਾੜ ਕੇ ਬੇ ਪਰਵਾਹੀ ਨਾਲ ।

**ਉਲਟਾ ਸਮਝਣਾ** ਕ੍ਰਿ:—ਇੱਕ ਗੱਲ ਦੀ ਥਾਂ ਹੋਰ ਸਮਝ ਲੈਣੀ, ਭੁੱਲ ਵਿੱਚ ਪੈਣਾ ॥

**ਉਲਟਾ ਚੋਰ ਕੁਤਵਾਲ ਡੰਡੇ** ਉਲਟੀ ਗੱਲ ਹੋਣੀ ।

**ਉਲਟਾ ਪੁਲਟਾ** = ਪੁੱਠਾ, ਮੁਧਾ, ਗੜ ਬੜ, ਉਲ-ਝਿਆ ਹੋਇਆ ।

**ਉਲਟਾ ਪੁਲਟਾ ਕਰਨਾ** } ਕ੍ਰਿ: ਘੜੀ ਮੁੜੀ ਉਲਟਾਉਣਾ, ਗੜ ਬੜ ਕਰਨਾ ॥

**ਉਲਟਾ ਬੇਦ ਪੜ੍ਹਣਾ,** ਕ੍ਰਿ:—ਅਣੋਖੀ ਗੱਲ ਕਰਨੀ

**ਉਲਟਾਉ,** ਪੁ:—ਫੇਰ, ਮੋੜ, ਗੜ ਬੜ ॥

**ਉਲਟਾਉਣਾ,** ਕ੍ਰਿ:—ਫੇਰਨਾ, ਮੋੜਨਾ, ਪਰਤਣਾ, ਮੂਧਾ ਕਰਨਾ, ਪੁੱਠਾ ਕਰਨਾ, ਪਾਸਾ ਬਦਲਣਾ ॥

**ਉਲਟਾਈ,** ਸ:—ਉਲਟਾਉਣ ਦੀ ਮਜੂਰੀ ॥

Digitized by Panjab Digital Library | www.panjabdigilib.org

**ਉਲਟੀ,** ਸ:—ਉੱਪਰ ਛੱਲ, ੧ ਤ੍ਰਾਟੀ।

**ਉਲਟੇ ਬਾਂਸ ਬਰੇਲੀ** = ਉਲਟਾ ਜਾਂ ਅਨੋਖਾ ਕੰਮ ਹੋਣਾ।

ਵਿ:—ਪੁੱਠੀ, ਮੂਧੀ, ਦੂਜੇ ਪਾਸੇ ਦੀ॥

ਕ੍ਰਿ: ਵਿ:—"ਉਲਟਾ" ਵੇਖੋ"

**ਉਲਟੀ ਸਮਝ,** ਸ:—ਬੁਰੀ ਮੱਤ, ਭੁੱਲ।

**ਉਲਟੀ ਗੰਗਾ ਵਹਾਉਣੀ,** ਕ੍ਰਿ:—ਉਲਟਾ ਕੰਮ ਕਰਨਾ॥

**ਉਲਥਾ,** ਪੁ:—ਇਕ ਬੋਲੀ ਤੋਂ ਦੂਜੀ ਬੋਲੀ ਵਿਚ ਉਲਟਾਇਆ ਹੋਇਆ ਲੇਖ।

**ਉਲਦ ਸੁੱਟਣਾ,** ਕ੍ਰਿ:—ਉਲਟ ਪੁਲਟ ਕਰਨਾ, ਰੱਦ ਸੁਟਣਾ, ਜਾਹਰ ਕਰਨਾ।

**ਉਲੱਦਨਾ,** ਕ੍ਰਿ:—ਉਲਟਣਾ ਪਲਟਣਾ, ਪਾਸਾ ਬਦਲਨਾ, ਬਾਹਰ ਸੁਟ ਕੇ ਵਿਖਾਉਣਾ, ਭੇਤ ਜਾਹਰ ਕਰਨਾ।

**ਉੱਲ ਬੋਚੀ,** ਸ:—ਖਿੱਦੋ ਨੂੰ ਉੱਪਰ ਸੁਟ ਕੇ ਤੇ ਬੋਚ ਕੇ ਖੇਡਣਾ, ਖਿੱਦੋ ਦੀ ਖੇਡ।

**ਉੱਲਰਨਾ,** ਕ੍ਰਿ:—ਉੱਗਣਾ, ਫਸਲ ਦਾ ਪੱਕ ਕੇ ਉੱਚਾ ਹੋਣਾ॥

**ਉਲੱਰਨਾ,** ਕ੍ਰਿ:—ਇਕ ਪਾਸੇ ਢੁਲਣਾ, ਉੱਛਲਣਾ, ਕੁਦਣਾ।

**ਉੱਲਾਂ** ਸ:—ਸੋਲ, ਕੁਾਂਟਾ (ਉੱਲਾ ਪਈਆਂ)—ਵੇਖੋ 'ਉੱਲ'।

**ਉਲਾਹਣਾ**
**ਉਲਾਹਮਾ** } ਪੁ:—ਦੋਸ, ਝਿੜਕ, ਫਰਿਆਦ, ਧਿਰਕਾਰ॥

**ਉਲਾਹਮਾ ਦੇਣਾ,** ਕ੍ਰਿ:—ਦੋਸ ਕੱਢਣਾ, ਬੁਰਾ ਕਹਿਣਾ॥

**ਉਲਾਹੁਣਾ,** ਕ੍ਰਿ:—ਕਿਸੇ ਦੇ ਮਰਨ ਤੇ ਤੀਮਤਾਂ ਦਾ ਸੁਰ ਨਾਲ ਗਾਉਂ ਕੇ ਪਿੱਟਣਾ॥

**ਉਲਾਂਘ,** ਸ:—ਲਾਂਘ, ਕਦਮ, ਚੱਲਣ ਵਿੱਚ ਦੋਹਾਂ ਪੈਰਾਂ ਦੀ ਵਿਥ,(ਉਲਾਂਘ ਪੁੱਟਣੀ ਜਾਂ ਭਰਨੀ)

**ਉਲਾਣਾ (ਣੀ)** ਪੁ:, ਸ:—ਨੰਗੀ ਪਿੱਠ ਵਾਲਾ (ਲੀ) ਘੋੜਾ ਘੋੜੀ ਆਦਿਕ।

**ਉਲਾਦ,** ਸ:—ਸੰਤਾਨ, ਬਾਲ ਬੱਚੇ, ਬੰਸ॥

**ਉਲਾਂਭਾ,** ਪੁ:—"ਉਲਾਹਮਾ" ਵੇਖੋ॥

**ਉਲਾਂਭੇ ਵਾਲੀ ਗੱਲ,** ਸ:—ਬੁਰੀ ਗਲ, ਦੋਸ, ਅਪਰਾਧ।

**ਉਲਾਮ੍ਹਾ,** ਪੁ:—ਉਲਾਹਮਾ ਵੇਖੋ॥

**ਉਲਾਰ,** ਪੁ:—ਝੋਕ, ਇੱਕ ਪਾਸੇ ਵਲ ਢੁਲ ਪੈਣਾ, ਝੁਕਾਉ।

ਵਿ:—ਝੁਕਿਆ ਹੋਇਆ, ਜਿਸ (ਧੱਕੇ ਆਦਿਕ) ਦਾ ਅੱਗੇ ਨੂੰ ਭਾਰ ਪਿਆ ਹੋਵੇ॥

**ਉਲਾਰਨਾ,** ਕ੍ਰਿ:—ਝੁਕਾਉਣਾ, ਇਕ ਪਾਸੇ ਭਾਰ ਪਾਣਾ,(ਖਿਦੋ ਆਦਿਕ,ਨੂੰ) ਉੱਪਰ ਵੱਲ ਸਿੱਟਣਾ ਉਛਾਲਣਾ॥

**ਉਲਾਰੀ,** ਪੁ:—ਉਭਾਰ, ਲਹਿਰ, ਘੁਮਾਉ ਝੋਕ, ਜੋਰ ਕਰਦਿਆਂ ਸਿਰ ਨੂੰ ਕਈ ਵਾਰ ਹਿਲਾਉਣਾ।

**ਉਲਾਰੂ,** ਵਿ:—ਜਿਸ ਵਿੱਚ ਉਲਾਰ ਜਾਂ ਝੁਕਾਉ ਹੋਵੇ॥

**ਉਲਿਆਉ,** ਵਿ:—ਕਰਾਮਾਤੀ, ਮਹਾਤਮਾ, ਸਤਿਆ ਵਾਨ ਸਿੱਧ॥

ਪੁ:—ਮੁਸਲਮਾਨ ਸੰਤ ਜਾਂ ਫਕੀਰ॥

**ਉਲਿਆਉਣੀ,** ਸ:—ਮੁਸਲਮਾਨ ਸੰਤਣੀ॥

Digitized by Panjab Digital Library | www.panjabdigilib.org

**ਉਲਿਆਈ,** ਸ:—ਉਲਿਆਉ ਹੋਣ ਦਾ ਗੁਣ, ਪੀਰੀ, ਸ਼ੱਤਿਆ, ਕਰਾਮਾਤ ॥

**ਉਲਿਆਈ ਜਗਾਉਣੀ,** ਕ੍ਰਿ:—ਕਰਾਮਾਤੀ ਫ-ਕੀਰ ਬਣ ਕੇ ਲੋਕਾਂ ਨੂੰ ਵਿਖਾਉਣਾ ॥

**ਉੱਲੀ,** ਸ:—ਜੰਗਾਲ,ਪਈ ਪਈ ਚੀਜ਼ ਉਤੇ ਸਾਵਾ ਜਿਹਾ ਜਮਾਉ ਜ ਸਲ੍ਹਾਬੇ ਨਾਲ ਚੜ੍ਹ ਜਾਂਦਾ ਹੈ ॥

**ਉੱਲੂ,** ਪੁ:—ਇੱਕ ਬੇ ਡੌਲ ਅੱਖਾਂ ਵਾਲਾ ਪੰਛੀ, ਮੂਰਖ, ਅਹਮਕ ਆਦਮੀ ।

**ਉੱਲੂ ਸਿੱਧਾ ਕਰਨਾ,** ਕ੍ਰਿ:—ਆਪਣਾ ਕੰਮ ਕੱਢਣਾ

**ਉੱਲੂ ਦਾ ਪੱਠਾ,** ਵਿ:—ਬਹੁਤ ਮੂਰਖ ਆਦਮੀ (ਇਹ ਇੱਕ ਗਾਲ੍ਹੀ ਹੈ )।

**ਉੱਲੂ ਪੁਣਾ,** ਪੁ:—ਮੂਰਖਤਾਈ, ਬੇਸਮਝੀ ॥

**ਉੱਲੂ ਬਨਣਾ,** ਕ੍ਰਿ:-ਮਸਤ ਹੋਣਾ,ਮੂਰਖਤਾਈ ਦਾ ਕੰਮ ਕਰਨਾ, ਧੋਖਾ ਖਾਣਾ ।

**ਉੱਲੂ ਬਨਾਉਣਾ,** ਕ੍ਰਿ:-ਧੋਖਾ ਦੇਣਾ ॥

**ਉੱਲੂ ਬਾਟਾ,** ਵਿ:—ਸਿੱਧਾ,ਬੁੱਧੂ, ਮੂਰਖ,ਅਹਮਕ ॥

**ਉਲੂਲ ਜਲੂਲ,** ਵਿ:—ਮੂਰਖ, ਸੁਸਤ, ਬੇਢੰਗਾ, ਭੌਂਦਲਾ,ਭੈੜੀ ਸ਼ਕਲ ਦਾ, ਮਲੀਨ ॥

**ਉਲੇਲ ਆਉਣੀ (ਉੱਠਣੀ),** ਕ੍ਰਿ:—ਅਚਾਨਚੱਕ ਕਿਸੇ ਗੱਲ ਦੀ ਚਾਹ ਹੋ ਜਾਣੀ ॥

**ਉਂਞਗਣਾ,** ਕ੍ਰਿ:—ਅੜ੍ਹੰਗਣਾ,ਅੜਾ ਦੇਣਾ,ਟੰਗਣਾ, ਅਟਕਾਣਾ ॥

**ਉੜਦ ਬਜ਼ਾਰ,** ਪੁ:—ਪਲਟਨ ਦਾ ਬਜ਼ਾਰ, ਸਦਰ ਬਜ਼ਾਰ ॥

**ਉੜਦੀ (ਦੇਣੀ ਜਾਂ ਲੈਣੀ),** ਕ੍ਰਿ:—ਉੜਦੀ ਖ਼ਬਰ ( ਦੱਸਣੀ ਜਾਂ ਸੁਣਨੀ )॥

**ਉੜਦੀ ਉੜਦੀ ਖ਼ਬਰ,** ਸ:—ਅਵਾਈ,ਅਫ਼ਵਾਹ ॥

**ਉੜਦੂ,** ਪੁ: ਹਿੰਦੁਸਤਾਨੀ ਬੋਲੀ ਜੋ ਫ਼ਾਰਸੀ ਅੱਖਰ ਵਿਚ ਲਿਖੀ ਜਾਂਦੀ ਹੈ ।

**ਉਵੇਂ,** ਕ੍ਰਿ:-ਵਿ:—ਉਸੇ ਤਰ੍ਹਾਂ, ਓਕਰ ॥

**ਉਵੇਂ ਕਿਵੇਂ,** ਕ੍ਰਿ:-ਵਿ:—ਜਿਵੇਂ ਅੱਗੇ ਸੀ ਤਿਵੇਂ ॥

**ਉੜਾਕ,** ਵਿ:—ਘਮੰਡੀ, ਹੰਕਾਰ ਕਰਨ ਵਾਲਾ,ਦੂਏ ਦਾ ਆਦਰ ਨ ਕਰਨ ਵਾਲਾ ॥

**ਉਡ਼ਿਆ ਥੁੜਿਆ—** ਵਿ:—ਥੁੜਿਆ ਹੋਇਆ, ਲਚਾਰ ॥

**ਊਂ (ਊਂ ਊਂ),** ਅਵ:—ਰੋਣ ਦੀ ਅਵਾਜ਼ ।

**ਊਂ ਤਾਂ,** ਕ੍ਰਿ:-ਵਿ:—ਆਮ ਤੌਰ ਪੁਰ, ਉਸਤਰਾਂ ।

**ਊਆ,** ਪੁ:—ਇਕ ਤਰ੍ਹਾਂ ਦਾ ਅਨਾਜ ਜੋ ਸਮੁੰਦਰ ਦਰਿਆ ਦੇ ਕੰਢੇ ਬੀਜਿਆ ਜਾਂਦਾ ਹੈ ਉਜਲ ॥

**ਊਆ ਬਾਈ,** ਸ:—ਛਲ ਨਾਲ ਬਚ ਜਾਣਾ, ਹੀਲਾ ਕਰਕੇ ਨਿਕਲ ਜਾਣਾ ॥

**ਊਈ,** ਅਵ:—ਪੀੜ ਦੀ ਅਵਾਜ਼, ਹਾਇ ।

**ਊਹਾ,** ਪੜ:—ਓਹੋ, ਓਹੀ, ਓਹੀਓ ।

**ਊਹੋ,** ਪੜ:—ਓਹੋ, ਉਹੋ, ਓਹੀਓ, ਊਹਾ ॥

**ਊਕਾਂ ਚੂਕਾਂ,** ਸ:—ਸੁਸਤੀ ਜਾਂ ਨਕਾਰੇ ਕੰਮ (ਊਕਾਂ ਚੂਕਾਂ ਵਿਚ ਦਿਨ ਲੰਘਣਾ ਜਾਂ ਲੰਘਾਉਣੇ )॥

**ਊਂਘ,** ਸ:—ਨੀਂਦਰ ਦੀ ਝੋਕ, ਆਲਸ, ਸੁਸਤੀ ॥

Digitized by Panjab Digital Library , www.panjabdigilib.org

**ਊਂਘਣਾ,** ਕ੍ਰਿ:—ਨੀਂਦਰ ਦੀਆਂ ਝੋਕਾਂ ਲੈਣੀਆਂ, ਆਲਸ ਕਰਨਾ ॥

**ਊਚ,** ਵਿ:—ਉੱਚੇ ਦਰਜੇ ਦਾ, ਉੱਚੀ ਜਾਤ ਦਾ

**ਊਚ ਨੀਚ,** ਵਿ:—ਉੱਚੇ ਅਤੇ ਨੀਵੇਂ ਦਰਜੇ ਦੇ ਅਰਥਾਤ ਸਬ ਤਰ੍ਹਾਂ ਦੇ ॥

**ਊਚ ਨੀਚ** (ਸ:)—ਉੱਚੀ ਅਤੇ ਨੀਵੀਂ ਥਾਂ, ਚੜ੍ਹਾਈ ਉਤਰਾਈ, ਸੰਸਾਰ ਦੇ ਉਤਾਰ ਚੜ੍ਹਾਉ ਜਾਂ ਸੁਖ ਦੁਖ, ਲਾਹਾ ਅਤੇ ਟੋਟਾ, ਕਿਸੇ ਕੰਮ ਦਾ ਫ਼ੈਦਾ ਯਾ ਨੁਕਸਾਨ ।

**ਊਜ,** ਸ:—ਕਲੰਕ, ਦੋਸ, ਐਬ, ਬਦਨਾਮੀ (ਲਗਣੀ ਲੱਗ ਜਾਣੀ, ਲਾਉਣਾ, ਲਾਉਣੀ) ॥

**ਊਜਣ,** ਪੁ:—"ਊਆ" ਵੇਖੋ ॥

**ਊਂਟ,** ਪੁ:—ਊਠ, ਇਕ ਲੰਮੀ ਗਰਦਨ ਵਾਲਾ ਅਤੇ ਚੌੜੇ ਪੈਰਾਂ ਵਾਲਾ ਪਸ਼ੂ ਜੋ ਰੇਤਲੇ ਦੇਸਾਂ ਵਿਚ ਬਹੁਤ ਹੁੰਦਾ ਹੈ, ਸ਼ੁਤਰ ।

**ਊਂਟ ਕਟਾਰਾ,** ਪੁ:-ਇਕ ਕੰਡਿਆਂ ਵਾਲੀ ਝਾੜੀ ਜਿਸ ਨੂੰ ਊਂਟ ਚਾਹ ਕੇ ਖਾਂਦਾ ਹੈ।

**ਊਠ,** ਪੁ:—ਊਂਟ, ਸ਼ੁਤਰ, ਮੂਰਖ ਆਦਮੀ, ਬਹੁਤ ਲੰਮੇ ਕਦ ਦਾ ਆਦਮੀ ॥

**ਊਠ ਅੜਾਉਂਦੇ ਹੀ ਲੱਦੀਦੇ ਹਨ,** ਕਈ ਮਨੁੱਖ ਕੰਮ ਕਰਨ ਲੱਗੇ ਚੀਕਦੇ ਹਨ ਪਰ ਉਨ੍ਹਾਂ ਕੋਲੋਂ ਇੱਸੇਤਰ੍ਹਾਂ ਕੰਮ ਲਈਦਾ ਹੈ ॥

**ਊਠ ਆਠ,** ਪੁ:—ਊਠ ਅਤੇ ਹੋਰ ਅਜੇਹੇ ਪਸ਼ੂ ॥

**ਊਠ ਚਾਲੀ ਤੇ ਬੋਤਾ ਬਤਾਲੀ,** ਪਉ ਕੋਲੋਂ ਪੁਤ੍ਰ ਜਾਂ ਵੱਡੇ ਕੋਲੋਂ ਛੋਟਾ ਵਧ ਗਿਆ ਹੈ ॥

**ਊਠ ਦੇ ਗਲ ਟੱਲੀ,** ਸ:—ਵੱਡੀ ਤੇ ਛੋਟੀ ਚੀਜ਼ ਦਾ ਮੇਲ, ਸਿਆਣੇ ਮਰਦ ਨਾਲ ਨਿੱਕੀ ਜਿਹੀ ਕੁੜੀ ਵਿਆਹੀ ਹੋਣੀ।

**ਊਠ ਵਾਂਙੂ ਵਧ ਜਾਣਾ,** ਕ੍ਰਿ:—ਬਹੁਤ ਲੰਮੇ ਹੋ ਜਾਣਾ

**ਊਠ ਵਾਙੂ ਮੂੰਹ ਚੁੱਕਣਾ,** ਕ੍ਰਿ:—ਬੇ ਸੋਚੇ ਸਮਝੇ ਕਮਲਿਆਂ ਵਾਙੂ ਵੇਖਣਾ ।

**ਊਠ ਵਾਙੂ ਮੂੰਹ ਚੁੱਕਕੇ ਤੁਰਨਾ,** ਕ੍ਰਿ:—ਬੇ ਸੋਚੇ ਸਮਝੇ ਜਿਧਰ ਨੂੰ ਮੂੰਹ ਹੋਵੇ ਤੁਰ ਪੈਣਾ ।

**ਊਠ ਕਟਾਰਾ,** ਪੁ:—"ਊਟ ਕਟਾਰਾ" ਵੇਖੋ ॥

**ਊਠਕ ਬੈਠਕ**
**ਊਠਤ ਬੈਠਤ**
**ਊਠਾ ਬੈਠ**
**ਊਠਾ ਬੈਠਕ**
**ਊਠਾ ਬੈਠੀ**
} ਸ:—"ਉੱਠਕ ਬੈਠਕ" ਵੇਖੋ ।

**ਊਠ ਪੈਰਾ,** ਪੁ:—ਇੱਕ ਚੌੜੇ ਪੱਤ੍ਰਾਂ ਵਾਲਾ ਬੂਟਾ ।

**ਊਠਕਾਂ ਬੈਠਕਾਂ ਕੱਢਨੀਆਂ,** ਕ੍ਰਿ:-ਕਈ ਵਾਰੀ ਲਗਾਤਾਰ ਉੱਠਣਾ ਅਤੇ ਬੈਠਣਾ, ਇਕ ਤਰ੍ਹਾਂ ਦਾ ਜ਼ੋਰ ਕਰਨ ਦਾ ਢੰਗ ।

**ਊਣ,** ਸ:—ਘਾਟਾ, ਕਮੀ, ਥੁੜ, ਪੂਰਾ ਨ ਹੋਣਾ।

**ਊਣਾ,** ਵਿ: ਸਾਰਾ ਨਾ ਭਰਿਆ ਹੋਇਆ, ਘੱਟ, ਮੁੰਨਾ, ਕੰਢਿਆਂ ਤੋਂ ਹੇਠਾਂ ਹੇਠਾਂ ॥

**ਊਤ,** ਵਿ:—ਮੂਰਖ, ਬੇ ਸਮਝ ॥

ਪੁ:—ਵਿਲਲਾ, ਅਹਮਕ ਆਦਮੀ ।

**ਊਤ ਜਾਣਾ,** ਕ੍ਰਿ: ਮੂਰਖਤਾਈ ਕਰਨੀ, ਵਿਗੜ ਜਾਣਾ, ਖਰਾਬ ਹੋ ਜਾਣਾ, ਟੇਢਾ ਹੋ ਜਾਣਾ, ਕੁਚੱਜੇ ਕੰਮ ਕਰਨੇ ॥

Digitized by Panjab Digital Library | www.panjabdigilib.org

**ਆਵੇ ਦਾ ਆਵਾ ਹੀ ਊਤ ਗਿਆ,** ਸਾਰੇ ਹੀ ਭੈੜੇ ਹੋ ਗਏ

**ਊਤ ਦਾ,** ਪੁ:—ਅਹਮਕ ਦਾ ਪੁਤ੍ਰ (ਗਾਲ੍ਹੀ ਹੈ)।

**ਊਤ ਪੁਣਾ,** ਪੁ:—ਮੂਰਖਤਾਈ

**ਊਤਨੀ,** ਸ:—ਮੂਰਖ ਤ੍ਰੀਮਤ, ਵਿਲਲੀ।

**ਊਤਪਟਾਂਗ,** ਪੁ:-ਵਿ:—ਬਿਅਰਥ, ਬੇਸੁਰਾ, ਨਿਕੰਮਾ, ਗੜ ਬੜ

**ਊਤ ਬਲਾ**
**ਊਤ ਬਲਾਈ**
**ਊਤਬਿਲਾਈ** } ਸ:—ਇਕ ਮਹਾਂਅ ਖਾਜੂ ਵਾਲਾ ਜਨੌਰ ਜਿਸਦੀ ਜਤ ਬੜਾ ਮੁੱਲ ਪਾਉਂਦੀ ਹੈ॥

**ਊੱਦਾ,** ਵਿ—ਜਾਮਨੂੰ ਰੰਗਾ, ਭੂਰਾ ਜੋ ਕਲਤਨ ਦੀ ਭਹਿ ਮਾਰੇ ਅਤੇ ਚਮਕੇ॥

**ਊਦਾਈ**
**ਊਦਾਹਟ** } ਸ:—ਊਦਾ ਹੋਣਾ, ਊਦਾ ਪਣ

**ਊਧਮ,** ਪੁ—ਵਾਜੇ ਗਾਜੇ ਨਾਚ ਆਦਿਕ ਦੀ ਅਵਾਜ, ਸ਼ੋਰ ਸ਼ਰਾਬਾ, ਰੌਲਾ ਗੌਲਾ, ਉਪੱਦਰ, ਵਿਗਾੜ। (ਮਚਾਉਣਾ)

**ਊਂਧਾ,** ਵਿ: ਪੁ:
**ਊਂਧੀ,** ਸ: } ਮੂਧਾ, ਪੁੱਠਾ, ਬੇ ਸਮਝ, ਗਾਫ਼ਲ, ਅਣਜਾਣ, ਖੋਟੇ ਦਿਲ ਵਾਲਾ ਮਨੁੱਖ, ਭੈੜਾ ਆਦਮੀ, ਸੂਰ

**ਊਂਧੀ ਪਾਉਣਾ (ਣੀ)** ਕ੍ਰਿ:-ਅਨਰਥ ਮਚਾਉਣਾ।

**ਊਝ,** ਕ੍ਰਿ:-ਵਿ:—ਉੱਪਰ ਵੱਲ॥

**ਊਠਾ,** ਪੁ:—ਜਿਸ ਚੀਜ਼ ਨਾਲ ਪਟਰੇਰੇ ਪੱਟ ਭਰਦੇ ਹਨ॥

**ਊੜਾ,** ਪੁ:—ਗੁਰਮੁਖੀ ਪੈਂਤੀ ਦਾ ਪਹਿਲਾ ਅੱਖਰ॥ ੳ॥

**ਓ,** ਅਵ:—ਓਇ, ਬੁਲਾਉਣ ਦਾ ਸ਼ਬਦ।
ਪੜ:—ਉਹ (ਮਰਦ ਤ੍ਰੀਮਤ ਯਾ ਚੀਜ਼)

**ਓਇ,** ਅਵ:—ਛੋਟੇ ਨੂੰ ਬੁਲਾਉਣ ਵਾਲਾ ਸ਼ਬਦ॥

**ਓਇ ਹੋਇ,** ਪੁ: ਲੜਾਈ ਝਗੜੇ ਦੀਆਂ ਗੱਲਾਂ॥

**ਓਂ,** ਅਵ:—ਉਸ ਤਰ੍ਹਾਂ

**ਓਇਟਣਾ,** ਕ੍ਰਿ:—ਕੱਠਾ ਕਰਨਾ, ਸਹਾਰਾ ਦੇਣਾ, ਰੱਛਿਆ ਕਰਨੀ, ਰੱਖ ਲੈਣਾ, ਠਹਿਰਾਉਣਾ।

**ਓਇਟਾ,** ਪੁ:—ਰਛਿਆ, ਸਹਾਰਾ, ਬਚਾਉ॥

**ਓਈ,** ਪੜ:—ਓਹੀ, ਓਹੋ, ਓਹੀਓ।

**ਓਏ,** ਅਵ:—'ਓਇ' ਵੇਖੋ॥

**ਓਸ,** ਪੜ:—ਉਸ ਨੇ, ਉਹ ਨੇ॥ ਸ:—ਤ੍ਰੇਲ।

**ਓਸੇ,** ਪੜ: ਉਸੇ, ਉਸ ਨੇ ਹੀ, ਉਹ ਨੇ ਹੀ॥

**ਓਹ,** ਪੜ:—ਅਲਖ ਪੁਰਖ ਦਾ ਇਕ ਬਚਨ॥

**ਓਹ ਜਾਣੇ,** ਕੁਝ ਪਰਵਾਹ ਨਹੀਂ, ਜਾਣ ਦਿਓ॥

**ਓਹਦਾ,** ਪੁ: ਪੜ: } 'ਉਹਦਾ' ਵੇਖੋ।

**ਓਹਨੂੰ,** ਪੜ:—ਉਸ ਨੂੰ॥

**ਓਹਲਾ,** ਪੁ:—ਪਰਦਾ, ਬਚਾਉ, ਸਹਾਰਾ, ਆਸਰਾ॥

**ਓਹਲੇ ਹੋ ਜਾਣਾ,** ਕ੍ਰਿ:—ਛਪ ਜਾਣਾ, ਇੱਕ ਪਾਸੇ ਹੋ ਜਾਣਾ॥

**ਓਹਲਾ ਕਰਨਾ**
**ਓਹਲਾ ਕਰ ਦੇਣਾ** } ਕ੍ਰਿ:—ਲੁਕਾ ਲੈਣਾ, ਸਹਾਰਾ ਦੇਣਾ।

Digitized by Panjab Digital Library | www.panjabdigilib.org

**ਓਹਲੇ ਛਿਪੇ,** ਕ੍ਰਿ:-ਵਿ:—ਲੁਕ ਛਿਪ ਕੇ, ਪਰੋਖੇ॥

**ਓਹੜ ਪੋਹੜ,** ਪੁ:-ਜਤਨ, ਉਪਾਉ, ਇਲਾਜ, ਦੁਆ ਦਾਰੂ ( ਜੇਹਾ ਹੋ ਸੱਕੇ )

**ਓਹਾ,** ਪੜ:-ਉਹ ਹੀ, ਓਹੋ, ਓਹੀਓ।

**ਓਹੀ,** ਪੜ:—ਉਹ ਹੀ, ਓਹੋ, ਹੋਰ ਕੋਈ ਨਾ, ਇੱਕ ਬਿਰਛ ਜੋ ਕਾਗੜੇ ਹੁੰਦਾ ਹੈ।

**ਓਹੀਓ,** ਪੜ:—ਓਹੋ ਹੀ।

**ਓਹੋ,** ਪੜ:—ਉਹ ਆਪ, ਹੋਰ ਕੋਈ ਨਾ॥

**ਓਹੋ ਜੇਹਾ,** ਵਿ:-ਜਿਹਾ ਪਹਿਲੇ ਸੀ ਤਿਹਾ, ਪਹਿਲੇ ਵਰਗਾ॥

**ਓਕ,** ਸ:—ਹੱਥਾਂ ਨੂੰ ਮਿਲਾਕੇ ਜੋ ਕੋਲ ਜੇਹੀ ਖਾਲੀ ਥਾਂ ਬਣ ਜਾਂਦੀ ਹੈ ਜਿਸ ਨਾਲ ਪਾਣੀ ਪੀਂਦੇ ਹਨ॥ ਅਧਾ ਬੁੱਕ (ਓਕ ਲਾਉਣੀ = ਹੱਥ ਜਾਂ ਹੱਥਾਂ ਦੀ ਤਲੀ ਨਾਲ ਪਾਣੀ ਪੀਣਾ)।

**ਓਕਣਾ,** ਕ੍ਰਿ:—ਜਿੰਨਾ ਹੋ ਸੱਕੇ ਆਪਣੇ ਸਰੀਰ ਨੂੰ ਅਗਾਹਾਂ ਫੈਲਾਉਣਾ ਜਾਂ ਝੁਕਾਉਣਾ, ਲਚਾਰ ਹੋਣਾ।

**ਓਕੜੂ,** ਪੁ:—ਪੰਥਾਂ ਭਾਰ, ਚਿੱਤੜਾਂ ਭਾਰ, ਡੇਕਣ, ਲਚਾਰੀ॥

**ਓਂਕਾਰ,** ਪੁ:—ਓਂ ਅੱਖਰ, ਪਰਮੇਸ਼ਰ ਦਾ ਨਾਉਂ ( ਅ ਉ ਮ )

**ਓਗਾਰ,** ਪੁ:—ਬੈਲਾਂ ਦੀ ਗਾੜ੍ਹੀ ਪਿੱਛ॥

**ਓਗਲ,** ਪੁ:—ਇੱਕ ਤਰ੍ਹਾਂ ਦਾ ਅਨਾਜ ਜੋ ਪੰਜਾਬ ਦੇ ਪਹਾੜ ਵਿੱਚ ਅਤੇ ਸਤੁਦ੍ਰ ਦਰਿਆ ਦੇ ਕੰਢੇ ਉਗਦਾ ਹੈ।

**ਓਛਾ,** ਵਿ:—"ਹੋਛਾ" ਵੇਖੋ॥

**ਓਝ,** ਪੁ:—ਆਂਦਰਾਂ, ਢਿੱਡ।

**ਓਝਲ,** ਸ:—ਅੰਦਰਲੇ ਖਾਨੇ, ਪਰਦਾ, ਏਕਾਂਤ॥

**ਓਝੜੀ,** ਸ:—ਆਂਦਰਾਂ॥

**ਓਟ,** ਸ:—ਸਹਾਰਾ, ਆਸਰਾ, ਸ਼ਰਨ, ਪਰਦਾ, ਛਾਉਂ, ਓਹਲਾ।

**ਓਠੀ,** ਪੁ:—ਊਠਾਂ ਵਾਲਾ॥

**ਓਤ,** ਵਿ:—ਜਿਸ ਮਨੁੱਖ ਦਾ ਘਰ ਘਾਟ ਨਾ ਹੋਵੇ, ਜੋ ਥਾਂ ਥਾਂ ਫਿਰੇ।

**ਓਡਾ,** ਪੁ:
**ਓਡੀ,** ਸ: } ਵਿ:—ਉਸ ਜਿੱਡਾ ਜਾਂ ਜਿੱਡੀ॥

**ਓਡਾ ਕੋਡਾ,** ਪੁ:
**ਓਡੀ ਕੋਡੀ,** ਸ: } ਵਿ: ਓਡਾ ਜਾਂ ਓਡੀ ਹੀ, ਨਾਂ ਛੋਟਾ ਨਾ ਵੱਡਾ, ਨਾਂ ਛੋਟੀ ਨਾਂ ਵੱਡੀ॥

**ਓਢਣਾ,** ਕ੍ਰਿ:—ਕੱਪੜਾ ਪਾਉਣਾ, ਪਹਿਨਣਾ॥

**ਓਢਣੀ,** ਸ:—ਤ੍ਰੀਮਤਾਂ ਦੀ ਲੈਣ ਵਾਲੀ ਛੋਟੀ ਜੇਹੀ ਚਾਦਰ ਆਦਿਕ॥

**ਓਢਾ,** ਪੁ:—ਘੋੜੇ ਦੀ ਪੇਟੀ ਦੇ ਸਿਰੇ ਤੇ ਲੱਗਾ ਹੋਇਆ ਚੰਮ ਦਾ ਟੋਟਾ॥

**ਓਤਨਾ,** ਵਿ:—ਉੱਨਾ, ਉਸ ਜਿੰਨਾ॥

**ਓੱਥੇ,** ਕ੍ਰਿ:-ਵਿ:—ਉੱਥੇ, ਉਸ ਥਾਂ ਤੇ, ਉਸ ਜਗਾ ਪਰਲੋਕ ਵਿੱਚ, ਉਸ ਹਾਲਤ ਵਿੱਚ॥

**ਓੱਥੋਂ,** ਕ੍ਰਿ:-ਵਿ:—ਉਸ ਥਾਂ ਤੋਂ॥

**ਓਦਰ ਜਾਣਾ**
**ਓਦਰਨਾ** } ਕ੍ਰਿ:—ਉਦਾਸ ਹੋਣਾ, ਜੀ ਥੋੜਾ ਹੋਣਾ, ਦਿਲ ਢੈ ਜਾਣਾ।

Digitized by Panjab Digital Library | www.panjabdigilib.org

**ਓਦਰਾਉਣਾ,** ਕ੍ਰਿ: ਦਿਲ ਥੋੜਾ ਕਰਨਾ, ਉਦਾਸ ਕਰਨਾ ।

**ਓਦਰੂ,** ਪੁ:—ਉਦਾਸ, ਜਿਸ ਦਾ ਦਿਲ ਥੋੜਾ ਹੋ ਜਾਏ ।

**ਓਦੂੰ,** ਕ੍ਰਿ:-ਵਿ:—ਉਸ ਵੇਲੇ ਤੋਂ ॥

**ਓਦੋਂ,** ਕ੍ਰਿ:-ਵਿ:—ਤਦੋਂ, ਉਸ ਵੇਲੇ ॥

**ਓੱਧਰ,** ਕ੍ਰਿ:-ਵਿ:—ਉਸ ਪਾਸੇ, ਉਤ ਵੱਲ, ਓੱਤਲ ॥

**ਓੱਧਰਲਾ,** ਵਿ:—ਉਸ ਪਾਸੇ ਦਾ, ਓੱਤਲ ਦਾ ॥

**ਓੱਧਰੋਂ,** ਕ੍ਰਿ:-ਵਿ:—ਉਸ ਪਾਸਿਓਂ, ਓੱਤਲੋਂ ।

**ਓਨ,** ਪੜ:—ਉਸ ਨੇ, ਓਹ ਨੇ ॥

**ਓੱਨਾ,** ਪੁ:— / **ਓੱਨੀ,** ਸ:— } ਉੱਨਾ, ਉਸ ਜਿੰਨਾ, ਉਤਨਾ, ਉਸ ਜਿੰਨੀ, ਉਤਨੀ ॥

**ਓੱਨਾ ਕਿਨਾ,** ਪੁ / **ਓੱਨੀ ਕਿਨੀ,** ਸ } ਵਿ: ਓਨਾ ਜੇ ਹੋਣਾ ਜਾਂ ਨਾ ਘੱਟ ਨਾ ਵੱਧ ॥

**ਓਪਰਾ,** ਵਿ:—ਪਰਦੇਸੀ, ਪਖਲਾ, ਪਰਾਇਆ ॥

**ਓਪਰਾਹਣਾ,** ਅਵ:—ਉੱਪਰ, ਉੱਤੇ

**ਓਪਲਾ,** ਪੁ:—ਸੁੱਕੇ ਗੋਹੇ (ਬਾਲਣ ਵਾਸਤੇ) ॥

**ਓਬਲ,** ਪੁ:—"ਓਗਲ" ਵੇਖੋ ।

**ਓਬਾਰਾ,** ਪੁ:—ਇੱਕ ਪੰਖੇਰੂ ਜਿਸ ਦੇ ਪਰਾਂ ਨੂੰ ਕਲਗੀ ਵਾਸਤੇ ਵਰਤਦੇ ਹਨ ॥

**ਓਭੜ,** ਵਿ:—ਨਾ ਵਾਕਫ਼, ਅਣਜਾਣ, ਭੋਲਾ ।

**ਓਮ,** ਪੁ:—ਅੱਖਰ ਓਂ ਜੋ ਪਰਮੇਸ਼ਰ ਦਾ ਨਾਉਂ ਹੈ ।

**ਓਮਾਹੜਾ,** ਪੁ:—ਇਸ਼ਕ ਹੋਣਾ, ਪ੍ਰੀਤ ਲੱਗਣਾ ॥

**ਓਮੀ,** ਪੁ:—ਉੱਮੀ, ਅਨਪੜ੍ਹ ਆਦਮੀ ॥

**ਓਰ,** ਸ:—ਵੱਲ, ਪਾਸਾ, ਤਰਫ਼ ॥

**ਓਲ,** ਸ:—ਜਾਮਨੀ ਵਿਚ ਦਿੱਤਾ ਹੋਇਆ ਮਨੁੱਖ ॥

**ਓਲਾ,** ਪੁ:—ਗੜਾ, ਖੰਡ ਦਾ ਗੋਲਾ ਜਿਸ ਨੂੰ ਘੋਲ ਕੇ ਸ਼ਰਬਤ ਬਣਾਉਂਦੇ ਹਨ । ਇੱਕ ਤਰ੍ਹਾਂ ਦੀ ਮਠਿਆਈ ॥

**ਓਲ੍ਹਾ,** ਪੁ:—"ਓਹਲਾ" ਵੇਖੋ ॥

**ਓਲ੍ਹਾ ਚੋਲ੍ਹਾ,** ਪੁ:—ਲੁਕਾਉ, ਛਪਾਉ, ਓਲ੍ਹੇ ਹੋ ਕੇ ਲੋਕਾਂ ਤੋਂ ਪਰੋਖੇ ਆਪਣੇ ਲਈ ਚੰਗੇ ਚੋਸੇ ਬਣਾਉਣ ਵਾਲਾ ॥

**ਓਲ੍ਹੂ,** ਪੁ:—ਵਗਦੇ ਖੂਹ ਦੀ ਧਾਰ ਪੈਣ ਵਾਲੀ ਥਾਂ, ਨਖੇਲਾ

**ਓਵੇ** / **ਓਵੇਂ** } ਕ੍ਰਿ:-ਵਿ: ਉਸ ਤਰ੍ਹਾਂ, ਓੱਕਰ, ਝੱਟ ਪੱਟ, ਝਬਦੇ ਹੀ

**ਓਵੇਂ ਕਿਵੇਂ** ਕ੍ਰਿ: ਵਿ:—ਜਿਵੇਂ ਅੱਗੇ ਸੀ ਤਿਵੇਂ

**ਓੜਕ,** ਪੁ:—(ਸ:) ਅੰਤ, ਛੇਕੜ ।
ਕ੍ਰਿ:-ਵਿ:—ਅੰਤ ਨੂੰ, ਛੇਕੜ, ਅਖੀਰ ਵਿਚ, ਤਾਂ ਬੀ, ਫੇਰ ਬੀ ।

**ਓੜਕ ਹੋ ਜਾਣੀ (ਹੋਣੀ),** ਕ੍ਰਿ:—ਅੰਤ ਹੋਣੀ, ਕਿਸੇ ਗੱਲ ਦੀ ਹੱਦ ਹੋ ਜਾਣੀ ।

**ਓੜਕ ਛੋੜਾ** ਵਿ: ਜਿਸ ਦਾ ਕੋਈ ਆਸਰਾ ਨਾ ਹੋਵੇ ॥

**ਓੜੂ ਬਹੋੜੂ,** ਪੁ:—ਹੁਮਾਇਤੀ, ਸਹਾਈ, ਔਖੇ ਵੇਲੇ ਮਦਦ ਕਰਨ ਵਾਲਾ ॥

Digitized by Panjab Digital Library / www.panjabdigilib.org

**ਅ,** ਪੁ:—ਗੁਰਮੁਖੀ ਪੈਂਤੀ ਦਾ ਦੂਜਾ ਅੱਖਰ, ਐੜਾ ॥

**ਅਉਤਾਰ,** ਪੁ:—ਅਵਤਾਰ, ਉਤਾਰ, ਉਤਰਨ ਵਾਲਾ, ਪਰਮੇਸਰ ਦਾ ਸਰਗੁਣ ਰੂਪ, ਈਸ਼ੂਰ ਯਾ ਦੇਵਤਾ ਜੋ ਸਰੀਰ ਧਾਰ ਕੇ ਧਰਤੀ ਉੱਤੇ ਪਰਗਟ ਹੋਵੇ (ਹਿੰਦੂ ਰਾਮ ਕ੍ਰਿਸ਼ਨ ਆਦਿਕ ਦਸ ਅਉਤਾਰ ਮੰਨਦੇ ਹਨ ) ਧਰਮਾਤਮਾ ਆਦਮੀ, ਵੱਡਾ ਮਸ਼ਹੂਰ ਆਦਮੀ ॥
ਦੁਸ਼ਟ, ਲੜਾਕਾ, ਭੈੜਾ ਮਨੁੱਖ ॥

**ਅਉਤਾਰੀ,** ਵਿ:—ਅਉਤਾਰ ਧਾਰਨ ਵਾਲਾ ॥

**ਅਉਤਾਰੀ ਜੀ,** ਪੁ: ਧਰਮਾਤਮਾ, ਭਗਤੀ ਕਰਨ ਵਾਲਾ ਆਦਮੀ ॥

**ਅਊਟ,** ਵਿ:—ਕ੍ਰਿਕਟ ਦੀ ਖੇਡ ਵਿੱਚ ਜਿਸ ਦੀ ਬਾਜ਼ੀ ਮੁੱਕ ਜਾਵੇ (ਹਲਾ, ਕਰਨਾ,

**ਅਇੜਾ,** ਪੁ:—"ਐੜਾ" ਵੇਖੋ ॥

**ਅਈ,** ਅਵ:—ਪਸਾਰ ਜਾਂ ਦੁਰਕਾਰਨ ਦੀ ਅਵਾਜ਼, ਦੁਖ ਦੇ ਵੇਲੇ ਦੀ ਅਵਾਜ਼, ਹਾਇ, ਉਈ ॥

**ਅਈਂ,** ਕ੍ਰਿ:-ਵਿ:—'ਐਈਂ' ਵੇਖੋ ।

**ਅਸੰਸਾ**
**ਅਸਾਂਸਾ** } ਵਿ:—ਜਿਸ ਵਿੱਚ ਸੰਸਾ, ਚਿੰਤਾ, ਫਿਕਰ ਜਾ ਡਰ ਨਾ ਹੋਵੇ

**ਅੰਸ,** ਸ:—ਹਿਸਾ, ਭਾਗ, ਟੋਟਾ, ਹੱਕ, ਸਤ, ਬਟਾ, ਉਲਾਦ, ਸੰਤਾਨ ॥

**ਅਸ਼ਕ,** ਪੁ:—ਇਸ਼ਕ, ਪ੍ਰੇਮ, ਪ੍ਰੀਤ, ਪਿਆਰ, ਬਹੁਤ ਮਹੱਬਤ ॥

**ਅਸ਼ਕ ਪੇਚਾ,** ਪੁ:—ਇਕ ਤਰਾਂ ਦਾ ਫੁੱਲ ॥

**ਅਸ਼ਕਤ,** ਸ:—ਕਮਜ਼ੋਰੀ, ਅਸਮਰਥ, ਨਾਤਾਕਤੀ ॥

**ਅਸਕਤ,** ਵਿ:—ਪਿਆਰ ਕਰਨ ਵਾਲਾ, ਮੁਸ਼ਤਾਕ, ਪ੍ਰੇਮ ਵਿਚ ਮਗਨ ॥

**ਅਸਕਤਣ,** ਸ.—ਕਮਜ਼ੋਰ ਤੀਮਤ, ਕੰਮ ਨਾ ਕਰਨ ਵਾਲੀ, ਸੁਸਤ ॥

**ਅਸਕਤੀ,** ਪੁ:—ਕਮਜ਼ੋਰ, ਸੁਸਤ, ਆਲਸੀ ਆਦਮੀ ॥

ਵਿ:—ਕਮਜ਼ੋਰ, ਨਿਰਬਲ, ਨਮਰਦ ॥

**ਅਸਕਰ,** ਕ੍ਰਿ: ਵਿ:—ਅਕਸਰ, ਬਾਹਲਾ, ਬਹੁਤ ਵਾਰ, ਕਈ ਵਾਰ ।

ਵਿ:—ਬਹੁਤ, ਬਹੁਤ ਸਾਰੇ, ਕਈ ॥

**ਅਸਕੂਲ,** ਪੁ:—ਸਕੂਲ, ਮਦਰਸਾ, ਪਾਠਸ਼ਾਲਾ ॥

**ਅਸ਼ਕੇ**
**ਅਸ਼ਕੇ ਓਏ** } ਅਵ:—ਬੱਲ, ਵਾਹ ਵਾਹ, ਸ਼ਾਬਾਸ਼ੇ ॥

**ਅਸੰਖ,** ਵਿ.—ਅਣਗਿਣਤ, ਅਨੇਕ ॥

**ਅਸੰਗ,** ਵਿ:—ਜਿਸਦਾ ਸੰਗੀ ਨਾ ਹੋਵੇ, ਅਕੱਲਾ, ਜਿਸ ਨੂੰ ਸੰਗ ਨਾ ਹੋਵੇ, ਨਿਲੱਜ, ਬੇਸ਼ਰਮ, ਬੇਧੜਕ, ਅਸੰਸਾ ॥

**ਅਸਦੀਪ,** ਸ:- ਇਕ ਬੂਟੀ, ਇਕ ਦੁਆਈ, ॥

**ਅਸੰਗ**
**ਅਸੰਗਤ** } ਪੁ:—ਖੋਟੀ ਸੰਗਤ, ਬੁਰੀ ਸੁਹਬਤ ॥ ਸ:—ਮੰਦੇ ਸਾਥੀ ॥

**ਅਸਟੰਟ,** ਪੁ:—ਵੱਡੇ ਅਫ਼ਸਰ ਦੇ ਥੱਲੇ ਛੋਟਾ ਅਫ਼ਸਰ ॥

**ਅਸ਼ਟਪਦੀ,** ਸ:—ਅੱਠਾਂ ਪਦਾਂ ਵਾਲਾ ਛੰਦ ॥

**ਅਸ਼ਟ ਭੁਜੀ,** ਸ:—ਅੱਠਾਂ ਬਾਹਵਾਂ ਵਾਲੀ ਦੇਵੀ ॥

Digitized by Panjab Digital Library | www.panjabdigilib.org

**ਅਸ਼ਟਮ ਪਸ਼ਟਮ,** ਪੁ:—ਇੱਧਰ ਉੱਧਰ ਦੀਆਂ ਗੱਪਾਂ, ਚੰਗੀਆਂ ਮੰਦੀਆਂ ਗੱਲਾਂ, ਬਕਵਾਦ ਛੋਟੀਆਂ ਮੋਟੀਆਂ ਚੀਜ਼ਾਂ ।

**ਅਸ਼ਟਮੀ,** ਸ.—ਅੱਠਵੀਂ ਥਿੱਤ, ਅੱਠੋਂ । ਜਨਮ ਅਸ਼ਟਮੀ—ਉਹ ਅਸ਼ਟਮੀ ਜਦੋਂ ਕ੍ਰਿਸ਼ਨ ਮਹਾਰਾਜ ਨੇ ਜਨਮ ਲਿਆ ਭਾਦੋਂ ਦੇ ਕ੍ਰਿਸ਼ਨਾ ਪੱਖ ਦੀ ਅੱਠੋਂ ।

**ਅਸਟਾ, ਅਸਠਾ** ਵਿ:—ਬਤਰਸ, ਬੇਰੋਹਮ, ਨਿਰਦਈ, ਸਖਤ, ਕਠੋਰ ॥

**ਅਸਟਾਈ,** ਸ.—ਬੇਰੋਹਮੀ, ਬੇਤਰਸੀ, ਸਖ਼ਤੀ ॥

**ਅਸ਼ਟਾਮ,** ਪੁ:—ਸਰਕਾਰੀ ਨਿਸ਼ਾਨ ਵਾਲਾ ਕਾਗਤ, ਟਿਕਟ ॥

**ਅਸਟੀਸ਼ਨ, ਅਸਟੇਸ਼ਨ** ਪ ਰੇਲ ਘਰ, ਸਟੇਸ਼ਨ ਟੇਸ਼ਨ

**ਅਸਤ,** ਪੁ:—ਮੁਰਦੇ ਦੀਆਂ ਸੜੀਆਂ ਹੋਈਆਂ ਹੱਡੀਆਂ ਜਾਂ ਸੁਆਹ, ਸੂਰਜ ਦਾ ਡੁਬਣਾ, ਤ੍ਰਿਕਾਲਾਂ, ਪੱਛਮ ਦਾ ਪਾਸਾ ॥

**ਅਸਤ ਅਸਤ ਕਰਨਾ,** ਕ੍ਰਿ:—ਆਰਾਮ ਭਾਗਾਂ ਕਰਨੀ, ਖੇਚਲ ਕਰਨੀ, ਸੁਖ ਸਾਂਦ ਪੁੱਛਣੀ ॥

**ਅਸਤ ਬੈ ਅਸਤ ਬਕਣਾ,** ਕ੍ਰਿ:—ਬਕਵਾਦ ਕਰਨਾ, ਅਬਾ ਤਬਾ ਬਕਣਾ ।

**ਅਸੱਤ,** ਪੁ:—ਝੂਠ, ਕੂੜ, ਝੂਠੀ ਗਲ, ਖੋਟ, ਭੁੱਲ, ਅਧਰਮ, ਝੂਠੀ ਦੁਨੀਆਂ ।

**ਅਸਤ ਹੋਣਾ, ਅਸਤਣਾ** ਕ੍ਰਿ:—ਡੁਬਣਾ ਅਲਪ ਹੋਣਾ, ਛਿਪਣਾ ॥

**ਅਸਤ ਬਾਜ,** ਪੁ:—ਅੱਗ ਦੇ ਤਮਾਸ਼ੇ ਵਿਖਾਉਣ ਵਾਲਾ ।

**ਅਸਤ ਬਾਜ਼ੀ,** ਸ:—ਅੱਗ ਦੀ ਖੇਡ, ਅੱਗ ਦੇ ਤਮਾਸ਼ੇ, ਅਨਾਰ, ਮਤਾਬੀ, ਟਟਕਾ ਆਦਿਕ ਸੜਨ ਵਾਲੀਆਂ ਚੀਜ਼ਾਂ (ਅਸਤਬਾਜ਼ੀ ਚਲਾਉਣੀ)

**ਅਸਤਰ,** ਪੁ:—ਅੰਦਰਸ ਕੱਪੜੇ ਦੇ ਅੰਦਰ ਲੱਗਾ ਹੋਇਆ ਕੱਪੜਾ ।

ਖੱਚਰ, ਸ਼ਰਾਰਤੀ ਆਦਮੀ ॥

**ਅਸਤਰ ਕਾਰੀ,** ਸ:—ਪਲਸਤਰ ਕਰਨਾ, ਪਲਸਤਰ ਦਾ ਕੰਮ ॥

**ਅਸਤਰ ਬਸਤਰ,** ਪੁ:—ਕਈ ਭਾਂਤ ਦੇ ਕਪੜੇ, ਅਨੇਕ ਤਰਾਂ ਦਾ ਸੁਕਾ ਮਾਲ ॥

**ਅਸਤਾਉਣਾ, ਅਸਤਾ ਜਾਣਾ** ਕ੍ਰਿ:—ਠਹਿਰ ਜਾਣਾ, ਅਟਕ ਜਾਣਾ, ਅਰਾਮ ਕਰਨਾ, ਚੁਪ ਕੀਤੇ ਖਲੋ ਰਹਿਣਾ ॥

**ਅਸਤਾਵੜਾ, ਅਸਤਾਵਾ** ਪ—ਟੂਟੀ ਵਾਲਾ ਗੜਵਾ, ਲੋਟਾ (ਨਮਾਜ਼ੀਆਂ ਦਾ) ।

**ਅਸਤਿਆਂ,** ਵਿ:—ਡੁੱਬਿਆ, ਅਲੋਪ ਹੋਇਆ ੨ ॥

**ਅਸਤੀਆਂ,** ਸ: (ਬਹੁ) ਮੁਰਦੇ ਦੀਆਂ ਸੜੀਆਂ ਹਡੀਆਂ ।

**ਅਸਤੀਕ,** ਪੁ:—ਸੱਪਾਂ ਦਾ ਰਾਜਾ, ਇਕ ਰਿਖੀ ।

**ਅਸਤੀਨ,** ਸ:—ਬਾਹੁਲੀ (ਕੁੜਤੇ ਆਦਿਕ ਦੀ) ।

**ਅਸਤੀਫਾ,** ਪੁ:—ਨੌਕਰੀ ਛੱਡਣ ਦੀ ਅਰਜ਼ੀ ।

**ਅਸਤੁਤ,** ਸ:—ਉਸਤਤ, ਵਡਿਆਈ ।

Digitized by Panjab Digital Library | www.panjabdigilib.org

**ਅਸੰਤੋਖ,** ਪੁ:—ਸੰਤੋਖ ਨਾ ਹੋਣਾ, ਬੇਸਬਰੀ, ਲਾਲਚ, ਲੋਭ।

**ਅਸੰਤੋਖਣ,** ਸ:—ਸੰਤੋਖ ਨਾ ਕਰਨ ਵਾਲੀ ਤ੍ਰੀਮਤ, ਮਰੂੰ ਮਰੂੰ ਕਰਨ ਵਾਲੀ, ਬੇ ਸਬਰ, ਦੁਖੀ

**ਅਸੰਤੋਖੀ,** ਪੁ:—ਸੰਤੋਖ ਨਾ ਕਰਨ ਵਾਲਾ ਆਦਮੀ, ਬੇ ਸਬਰ, ਦੁਖੀ ਮਰਦ

**ਅਸੰਤੋਖੀਆ,** ਪੁ:—"ਅਸੰਤੋਖੀ" ਵੇਖੋ।

**ਅਸਤੋਤ੍ਰ,** ਪੁ:—ਉਸਤਤ ਜਾਂ ਵਡਿਆਈ ਦੇ ਸਲੋਕ॥

**ਅਸਥਰ**
**ਅਸਥਾਵਰ** } ਵਿ:—"ਅਸਥਿਰ" ਵੇਖੋ।

**ਅਸਥਾਨ,** ਪੁ:—ਥਾਂ, ਜਗਾ, ਘਰ, ਬੈਠਕ, ਡੇਰਾ, ਮਕਾਨ, ਮੰਦਰ, ਆਸ਼ਰਮ॥

**ਅਸਥਾਪਨ,** ਪੁ:—ਠਰ੍ਹਾਉਣ, ਰੱਖਣ ਜਾਂ ਅਟਕਾਉਣ ਦਾ ਕੰਮ।

**ਅਸਥਾਪਨ ਕਰਨਾ,** ਕ੍ਰਿ:—ਠਰ੍ਹਾਉਣਾ, ਅਟਕਾਉਣਾ, ਰੱਖਣਾ, ਕਾਇਮ ਕਰਨਾ, ਮੰਦਰ ਵਿੱਚ ਮੂਰਤ ਰੱਖਣੀ

**ਅਸਥਾਵਰ,** ਵਿ: "ਅਸਥਿਰ" ਵੇਖੋ।

**ਅਸਥਿਰ,** ਵਿ:—ਥਿਰ, ਪਕਾ, ਖੜਾ ਹੋਇਆ, ਨ ਹਿੱਲਣ ਵਾਲਾ, ਕਾਇਮ, ਬਹੁਤ ਚਿਰ ਰਹਿਣ ਵਾਲਾ, ਨਾਸ ਨ ਹੋਣ ਵਾਲਾ।

**ਅਸਿਥਤ,** ਵਿ:—ਠਹਿਰਿਆ ਹੋਇਆ, ਕਾਇਮ ਲੱਗਾ ਹੋਇਆ।

**ਅਸਥਲ,** ਵਿ:—ਵੱਡਾ, ਮੋਟਾ, ਭਾਰਾ॥

**ਅਸ਼ਨਾ,** ਪੁ:—
ਸ:— } ਮਿਤ੍ਰ, ਯਾਰ, ਵਾਕਫ਼, ਆਸ਼ਕ ਪਗਾੜਾ, ਕੋਈ ਮਰਦ ਜੋ ਕਿਸੇ ਤੀਵੀਂ ਨਾਲ ਰਹਿੰਦਾ ਹੋਵੇ ਜਾਂ ਕੋਈ ਤੀਵੀਂ ਜੋ ਕਿਸੇ ਮਰਦ ਨਾਲ ਰਲੀ ਹੋਈ ਹੋਵੇ॥

ਵਿ: ਵਾਕਫ਼, ਜਾਣੂ।

**ਅਸ਼ਨਾਈ,** ਸ:—ਵਾਕਫੀ, ਦੋਸਤੀ, ਯਰਾਨਾ, ਸਾਂਝ, ਜਾਣ ਪਛਾਣ॥

**ਅਸ਼ਨਾਨ,** ਪੁ:—ਨ੍ਹਾਉਣਾ ਧੋਣਾ, ਪਿੰਡੇ ਉਪਰ ਪਾਣੀ ਪਾਕੇ ਪਵਿਤ੍ਰ ਹੋਣਾ, ਗੁਸਲ।

**ਗੰਗਾ ਅਸ਼ਨਾਨ,** ਪੁ:—ਗੰਗਾ ਵਿੱਚ ਨ੍ਹਾਉਣਾ॥ (ਪੁੰਨ ਸਮਝਕੇ)

**ਪੰਜ ਅਸ਼ਨਾਨਾ** ਪੁ:—
**ਪੰਜ ਅਸ਼ਨਾਨੀ** ਸ:— } ਮੂੰਹ ਅਤੇ ਹੱਥ ਪੈਰ ਧੋ ਲੈਣੇ।

**ਅਸ਼ਨਾਨਣ,** ਸ: ਨਿੱਤ ਅਸ਼ਨਾਨ ਕਰਨ ਵਾਲੀ ਤ੍ਰੀਮਤ। ਪੁੰਨ ਖੱਟਣ ਲਈ ਜਾਂ ਪਾਪ ਦੂਰ ਕਰਨ ਲਈ ਨ੍ਹਾਉਣ ਵਾਲੀ ਇਸਤ੍ਰੀ।

**ਅਸ਼ਨਾਨੀ,** ਪੁ: ਨਿਤ ਅਸ਼ਨਾਨ ਕਰਨ ਵਾਲਾ ਆਦਮੀ, ਪਾਪ ਦੂਰ ਕਰਨ ਲਈ ਜਾਂ ਪੁਨ ਖੱਟਣ ਲਈ ਨ੍ਹਾਉਣ ਵਾਲਾ ਮਰਦ॥

**ਅਸਪਾਤ,** ਪੁ:—ਚੰਗਾ, ਸੁੱਧ ਕੀਤਾ ਹੋਇਆ ਲੋਹਾ। ਇੱਕ ਤਰਾਂ ਦਾ ਫੁਲਾਦ॥

**ਅਸਪਾਤੀ,** ਵਿ:—ਚੰਗੇ ਲੋਹੇ ਦਾ ਬਣਿਆ ਹੋਇਆ।

**ਅਸਬਰਗੀ,** ਪੁ:—'ਆਸ' ਰੁਖ ਦਾ ਪੱਤਾ॥

**ਅਸਬਾਬ,** ਪੁ:—ਮਾਲ ਮਤਾ, ਲੀੜਾ ਲੱਤਾ, ਰੂਮ ਟੱਲਾ, ਘਰ ਦੀਆਂ ਵਸਤਾਂ॥

Digitized by Panjab Digital Library | www.panjabdigilib.org

**ਅਸੰਭਵ,** ਵਿ:—ਅਣਹੋਣੀ, ਅਚਰਜ, ਅਨੋਖਾ ਜੋ ਅਕਲ ਵਿੱਚ ਨਾ ਆਵੇ ॥

**ਅਸਮਝ,** ਵਿ:—ਬੇ ਅਕਲ, ਬੇ ਸਮਝ, ਮੂਰਖ ॥

**ਅਸਮਰਥ**
**ਅਸਮਰਥੀ** } ਵਿ:—ਕਮਜ਼ੋਰ, ਨਿਰਬਲ, ਨਾਮਰਦ ਨਤਾਕਤ, ਨਲਕ

**ਅਸਮਰਥਨ,** ਸ:—
**ਅਸਮਰਥੀ,** ਪੁ:— } ਕਮਜ਼ੋਰ, ਨਤਾਕਤ ਤੀਵੀਂ ਦਾ ਮਰਦ ॥

**ਅਸਮਾਨ,** ਪੁ:—ਅਕਾਸ, ਅਗਾਸ, ਅੰਬਰ ॥

**ਅਸਮਾਨ ਥੋਂ ਡਿੱਗਣਾ,** ਕ੍ਰਿ:—ਅੰਬਰ ਧਰਤੀ ਉੱਤੇ ਡਿਗਣਾ, ਬੱਦਲਾਂ ਤੋਂ ਪੈਣਾ, ਨਲੈਕ ਸਮਝੇ ਜਾਣਾ, ਨਿਰਾਦਰੀ ਹੋਣੀ, ਹੌਲੇ ਹੋਣਾ ॥

**ਅਸਮਾਨ ਦੇ ਤਾਰੇ ਤੋੜਨਾ,** ਕ੍ਰਿ:—ਕੰਮ ਕਾਜ ਵਿੱਚ ਬੜੇ ਹੁਸ਼ਿਆਰ ਜਾਂ ਚਲਾਕ ਹੋਣਾ, ਉਸਤਾਦੀ ਕਰਨਾ ॥

**ਅਸਮਾਨ ਨਾਲ ਗੱਲਾਂ ਕਰਨਾ,** ਕ੍ਰਿ:ਬਹੁਤ ਉੱਚਾ ਹੋਣਾ, ਬੜਾ ਯਾਂ ਬਲਵਾਨ ਜਾਪਣਾ

**ਅਸਮਾਨੀ,** ਵਿ:—ਅਸਮਾਨ ਵਾਲਾ, ਸੁਰਗ ਵਾਲਾ, ਅਸਮਾਨ ਦੇ ਰੰਗ ਦਾ ॥

**ਅਸਮਾਨੀ ਖੂਹ,** ਪੁ:—ਜਿਸ ਖੂਹ ਦੀ ਮਾਹਲ ਤੇ ਟਿੰਡਾਂ ਬਹੁਤ ਉੱਚੀਆਂ ਚਲਦੀਆਂ ਹੋਣ।

**ਅਸਮਾਨੀ ਗੋਲਾ,** ਪੁ:—ਰੱਬ ਵੱਲੋਂ ਆਈ ਹੋਈ ਬਿਪਤਾ, ਪਰਮੇਸ਼ਰ ਦੀ ਕਰੋਪੀ ॥

ਬਦਮਾਸ਼ ਆਦਮੀ ॥

**ਅਸਮਾਨੋਂ ਡਿੱਗੀ ਖੂ ਛਤਿੱਚੀ,** ਕਿ ...ਤੇ ਦਰਜੇ ਤੋਂ ਡਿਗਕੇ ਜੋ ਨੀਵੇਂ ਤੇ ਆਵੇ ॥

**ਅਸਮੇਧ,** ਪੁ:—ਇੱਕ ਜੱਗ ਜਿਸ ਵਿੱਚ ਘੋੜੇ ਦੀ ਬਲੀ ਦੇਂਦੇ ਹਨ। ਇਹ ਜੱਗ ਬੜਾ ਭਾਰਾ ਜੱਗ ਹੈ ਅਤੇ ਰਾਜੇ ਮਹਾਰਾਜੇ ਕਰਦੇ ਸਨ ॥

**ਅਸਯਾ,** ਵਿ:—ਆਪੇ ਉੱਗਿਆ ਹੋਇਆ (ਬੂਟਾ)।

**ਅਸਰ,** ਪੁ:—ਅਸੁਰ, ਰਾਖਸ, ਦੈਂਤ, ਨਿਸ਼ਾਨ, ਗੁਣ, ਫਲ, ਨਤੀਜਾ ॥

**ਅਸਰ ਪਸਰ,** ਵਿ:—ਬਿਅਰਥ, ਤੁਛ, ਨਕਾਰਾ, ਨਿਕੰਮਾ ॥

**ਅੱਸਰ,** ਪੁ:—ਯਾ ਸ:—ਜੁਆਨ। ਆਪ ਹੁਦਰਾ(ਰੀ)

**ਅਸਰਣ,** ਵਿ: ਜਿਸ ਦੀ ਕਿਤੇ ਸ਼ਰਣ ਜਾਂ ਸਹਾਰਾ ਨਹੀਂ, ਨਿਰਾਸਰਾ ॥

**ਅਸ਼ਰਫ,** ਪੁ:—ਭਲਾ ਮਾਨਸ, ਉੱਚੀ ਕੁਲ ਦਾ ਜਾਂ ਉੱਚੀ ਪਦਵੀ ਦਾ ਆਦਮੀ ॥

ਵਿ:—ਕੁਲੀਨ, ਕੁਲ ਵੰਤ, ਸ੍ਰੇਸ਼ਟ, ਇੱਜ਼ਤ ਵਾਲਾ, ਧਰਮਾਤਮੀ, ਨੇਕ, ਭਲਾ, ਸੀਲਵਾਨ, ਗਰੀਬ, ਹਲੀਮ, ਭਲਾ

**ਅਸ਼ਰਾਫਤੇ,** ਸ:—ਭਲਿਆਈ, ਨੇਕੀ, ਭਲਮਨਸਊ, ਇੱਜ਼ਤ, ਮਾਨ, ਸ਼ੀਲ, ਗਰੀਬੀ, ਹਲੀਮੀ ॥

**ਅਸਰਾਲ,** ਪੁ:—ਇੱਕ ਤਰ੍ਹਾਂ ਦਾ ਵੱਡਾ ਸੱਪ, ਮਗਰ ਮੱਛ ॥

**ਅਸਲ,** ਵਿ:—ਠੀਕ ਠੀਕ, ਸੱਚਾ, ਖੋਟ ਤੋਂ ਬਿਨਾ ਖਰਾ, ਸਾਉ ॥

ਪੁ:—ਜੜ੍ਹ, ਮੂਲ, ਉਹ ਰਕਮ ਜਿਸ ਉਤੇ ਬਿਆਜ ਪਏ, ਸਚਿਆਈ।

**ਅਸਲਾ,** ਵਿ:—ਅਸਲ ਦਾ, ਖਰਾ ॥

Digitized by Panjab Digital Library / www.panjabdigilib.org

**ਅਸਲੀ,** ਵਿ:—ਠੀਕ, ਸੱਚਾ, ਖੋਟ ਤੋਂ ਬਿਨਾ, ਖਰਾ ਮੁੱਢ ਦਾ, ਨਖਾਲਸ ॥

**ਅਸਲੇ ਮਸਲੇ,** ਪੁ: ( ਬਹੁ: )—ਵਿੰਗ ਮੱਠ, ਆਲੇ ਟੋਲੇ (ਕਰਨਾ) ॥

**ਅਸਲੇਟ (ਅਸਲੇਂਟ),** ਵੇਖੋ ਅਲਸੇਟ ਅਤੇ ਅਲਸੇਟੀ ॥

**ਅਸਲੋਂ,** ਕ੍ਰਿ. ਵਿ:—ਅਸਲ ਵਿਚ, ਅਸਲ ਤੋਂ ॥

**ਅਸਵਾਰ,** ਵਿ:—ਕਿਸੇ ਸਵਾਰੀ ਉੱਤੇ ਚੜ੍ਹਿਆ ਹੋਇਆ, ਘੁੜ ਚੜ੍ਹਾ, ਨਸ਼ਾ ਪੀਕੇ ਮਸਤ ਹੋਇਆ ਹੋਇਆ ॥

ਪੁ:—ਸਵਾਰੀ ਤੇ ਚੜ੍ਹਿਆ ਹੋਇਆ ਆਦਮੀ, ਘੁੜ ਚੜ੍ਹਾ ਸਿਪਾਹੀ, ਰਸਾਲੇ ਦਾ ਸਿਪਾਹੀ ।

**ਅਸਵਾਰ ਹੋਣਾ,** ਕ੍ਰਿ.—ਸ਼ਰਾਬ ਪੀ ਕੇ ਮਸਤ ਹੋਣਾ, ਕਿਸੇ ਉੱਤੇ ਜ਼ੋਰ ਪਾਉਣਾ ॥

**ਅਸਵਾਰਾ,** ਪੁ:—ਗ੍ਰੰਥ ਸਾਹਿਬ ਦੀ ਬੀੜ, ਦਰਬਾਰ, ਸਿੱਖਾਂ ਦਾ ਧਰਮ ਪੁਸਤਕ ॥

**ਅਸਵਾਰੀ,** ਸ:—ਸਵਾਰੀ, ਕੋਈ ਜਨੌਰ ਜਾਂ ਗੱਡੀ ਬੱਘੀ ਜਿਸ ਉੱਤੇ ਚੜ੍ਹਕੇ ਕਈ ਇਕ ਥਾਂ ਤੋਂ ਦੂਏ ਥਾਂ ਜਾਏ ਜਿਹਾ ਕਿ ਘੋੜਾ, ਹਾਥੀ, ਊਠ, ਯੱਕਾ, ਟਮ ਟਮ, ਬੱਘੀ ਆਦਿਕ, ਇਕ ਤਰਾਂ ਦੀ ਸਰਗਮ ਜਾਂ ਸੁਰ ॥

**ਅਸਾਂ,** ਪੜ:—"ਮੈਂ" ਦਾ ਬਹੁ ਬਚਨ, ਕਰਤਾ ਕਾਰਕ ॥

**ਅਸਾਉਰੀ,** ਸ:—ਆਸਾਵਰੀ, ਸਵੇਰ ਦੀ ਰਾਗਨੀ ਆਸਾ ਦੇ ਨਾਲ ਦੀ ॥

**ਅਸਾਸਾ,** ਪੁ:—ਘਰ ਦੀਆਂ ਵਸਤਾਂ, ਮਾਲ ਮਤਾ ਅਸਬਾਬ ॥

**ਅਸਾਕ,** ਪੁ: ਯਾ ਸ:—ਜਿਸ ਨਾਲ ਸਾਕਾਦਾਰੀ ਨਾ ਹੋਵੇ, ਸਾਕ ਨਾ ਹੋਣਾ ॥

**ਅਸਾਖ,** ਵਿ:—ਜਿਸਦੀ ਸਾਖ ਯਾ ਜਿਸਦਾ ਵਿਸਾਹ ਨਾ ਹੋਵੇ, ਬੇ ਈਮਾਨ, ਖੋਟਾ ।
ਸ:—ਬੇ ਈਮਾਨ ।

**ਅਸਾਡਾ,** ਪੜ:—'ਸਾਡਾ' ਵੇਖੋ ॥

**ਅਸਾਣ,** ਵਿ:—ਸੌਖਾ, ਸੁਖਾਲਾ, ਸਹਿਜੇ ਹੋਣ ਵਾਲਾ ।

**ਅਸਾਧ,** ਵਿ:—ਅਪਵਿਤ੍ਰ, ਖੋਟੇ ਦਿਲ ਵਾਲਾ, ਚੰਦਾ, ਨਾ ਪੂਰਾ ਹੋਇਆ ਹੋਇਆ, ਨਾ ਨਜਿੱਠਿਆ ਹੋਇਆ, ਅਣਹੋਣਾ, ਜਿਸਦੀ ਪ੍ਰਤੀਤ ਨ ਆਵੇ। ਡਾਢਾ ਮਾਂਦਾ, ਜਿਸਦਾ ਇਲਾਜ ਨ ਹੋ ਸਕੇ ॥

**ਅਸਾਨ,** ਪੁ:—ਉਪਕਾਰ, ਭਲਿਆਈ, ਦੂਜੇ ਨਾਲ ਜੋ ਨੇਕੀ ਕੀਤੀ ਜਾਏ ॥

**ਅਸਾਨੀ,** ਸ:—ਸੁਖਾਲ, ਸੌਖ ॥

**ਅਸਾਨੂੰ,** ਪੜ:—ਸਾਨੂੰ, ਪ੍ਰਥਮ ਪੁਰਖ ਦੇ ਕਰਮ ਕਾਰਕ ਦਾ ਬਹੁ ਬਚਨ ।

**ਅਸਾਮੀ,** ਪੁ: ਯਾ ਸ:—"ਸਾਮੀ" ਵੇਖੋ ।

**ਅਸਾਰ,** ਵਿ:—ਅਣਸਾਰ, ਮੂਰਖ, ਕੱਚਾ, ਫੋਕਾ, ਬਿਅਰਥ, ਨਾ ਰਹਿਣ ਵਾਲਾ
ਪੁ:—ਨਿਸ਼ਾਨ, ਕੰਧ ਦੀ ਚੁੜਾਈ ।

**ਅਸਾਵਰੀ,** ਸ:—ਅਸਾਉਰੀ, ਇਕ ਸਵੇਰ ਦੀ ਰਾਗਨੀ ।

**ਅਸਿੱਧ,** ਵਿ:—ਪੂਰਾ ਨ ਹੋਇਆ ੨, ਤਿਆਰ ਨਾ ਹੋਯਾ ੨, ਅਧੂਰਾ, ਝੂਠਾ, ਕਮਜ਼ੋਰ, ਨਕਾਰਾ ॥

Digitized by Panjab Digital Library | www.panjabdigilib.org

**ਅੱਸੀ,** ਸਃ—ਹਥਿਆਰ ਜਾਂ ਫੱਟ ਆਦਿਕ ਦਾ ਤ੍ਰਿੱਖਾ ਕੰਢਾ

**ਅਸੀਂ,** ਪੜਃ—ਪ੍ਰਥਮ ਪੁਰਖ ਦਾ ਕਰਤਾ ਕਾਰਕ ਬਹੁ ਬਚਨ, ਆਪਾਂ ॥

**ਅੱਸੀਆ**
**ਅਸੀਹ** } ਪੁਃ—ਅੱਸੀਵਾਂ ਵਰ੍ਹਾ ॥

**ਅਸੀਸ**
**ਅਸੀਸੜੀ** } ਸਃ—ਕਿਸੇ ਦਾ ਭਲਾ ਮੰਗਣਾ, ਅਸੀਰਬਾਦ, ਦੁਆ

**ਅਸੀਰਬਾਦ,** ਸਃ—ਅਸੀਸ, ਦੁਆ ॥

**ਅਸੀਲ,** ਵਿਃ—ਕੁਲਵੰਤ, ਸਰੇਸ਼ਟ, ਅਸਲ ਦਾ, ਚੰਗੇ ਸੁਭਾਉ ਵਾਲਾ, ਹਲੀਮ, ਨੇਕ, ਥੋੜ੍ਹੇ ਖਿਗਰੇ ਵਾਲਾ, ਨਾ ਮੱਚਰਨ ਵਾਲਾ (ਜਿਹਾਕਿ ਅਸੀਲ ਮੁੰਡਾ ਯਾ ਅਸੀਲ ਘੋੜਾ)

**ਅੱਸੀਵਾਂ**
**ਅਸੀਮਾਂ** } ਵਿਃ—ਅੱਸੀ ਦੀ ਗਿਣਤੀ ਪੂਰੀ ਕਰਨ ਵਾਲਾ ॥

**ਅਸੁਆਰ,** ਪੁਃ—"ਅਸਵਾਰ" ਦੇਖ

**ਅਸੁਆਰੀ,** ਸਃ—"ਅਸਵਾਰੀ" ਦੇਖੋ ॥

**ਅਸੁੱਧ,** ਵਿਃ—ਮੈਲਾ, ਅਪਵਿਤ੍ਰ, ਜਿਸ ਵਿਚ ਭੁੱਲ ਹੋ

**ਅਸੁਭ,** ਵਿਃ—ਭੈੜਾ, ਬੁਰਾ, ਖੋਟੇ ਭਾਗਾਂ ਵਾਲਾ, ਨਾਹਸ ਖੋਟੇ ਸਗਨ ਵਾਲਾ।

**ਅੱਸੂ,** ਪੁਃ—ਹਿੰਦੂਆਂ ਦੇ ਸਾਲ ਦਾ ਸੱਤਵਾਂ ਮਹੀਨਾ॥

**ਅਸੂਝ,** ਵਿਃ—ਨਾ ਦਿਸਣ ਵਾਲਾ, ਮੂਰਖ, ਅਗਿਆਨੀ, ਅੰਨ੍ਹਾ ॥

**ਅਸੂਲ,** ਪੁਃ—ਨੇਮ, ਕੈਦਾ, ਰੀਤ, ਮਤ ॥

**ਅਸੋਸੀਏਸ਼ਨ,** ਪੁ—ਸਭਾ, ਮੰਡਲੀ, ਇਕੱਠ ॥

**ਅਸੋਗ,** ਸਃ—ਅਰਾਮ, ਸਾਂਤਿ, ਸੌਖ, ਮੌਜ, ਸੁਖ, ਅਨੰਦ, ਪਰਸੰਨਤਾ ॥

**ਅਸੋਗੀ,** ਵਿਃ—ਸੌਖਾ, ਮੌਜੀ, ਜਿਸ ਨੂੰ ਕੋਈ ਕਲੇਸ਼ ਨਾ ਹੋਵੇ, ਪਰਸਿੰਨ ॥

**ਅਸੋਚ,** ਵਿਃ—ਜੋ ਸੋਚ ਵਿੱਚ ਨਾ ਆਵੇ, ਜੋ ਸੋਚ ਵਿਚਾਰ ਨਾਲ ਨਾ ਹੋ ਸਕੇ, ਜਿਸ ਦੀ ਕੋਈ ਚਿੰਤਾ ਯਾ ਪਰਵਾਹ ਨਾ ਕਰੇ।

**ਅਸੋਚੀ,** ਵਿਃ—ਬੇਪਰਵਾਹ, ਮੌਜੀ, ਸਦਾ ਪਰਸਿੰਨ, ਬੇਗਰਜ ॥

**ਅਸੋਭਾ,** ਸਃ—ਅਪਜਸ, ਬਦਨਾਮੀ, ਭੈੜੀ ਸ਼ਕਲ, ਕੋਝਾਪਨ ॥

**ਅਹ,** ਪੜਃ—ਇਹ (ਸਾਮ੍ਹਣੇ ਦਿੱਸਣ ਵਾਲੀ ਸ਼ੈ ਵਾਸਤੇ ਬੋਲੀਦਾ ਹੈ) ॥

**ਅਹੰਕਾਰ,** ਪੁਃ—ਹੰਕਾਰ, ਗੁਮਾਨ, ਆਕੜ, ਹਉਮੈਂ, ਅਭਮਾਨ, ਗਰਬ, ਖੁਦੀ ॥

**ਅਹੰਕਾਰੀ,** ਪੁਃ—ਹੰਕਾਰ ਕਰਨ ਵਾਲਾ, ਆਕੜਬਾਜ਼, ਅਭਮਾਨੀ ॥

**ਅਹੰਤਾ,** ਸਃ—"ਅਹੰਕਾਰ" ਵੇਖੋ ॥

**ਅਹਦ,** ਪੁਃ—ਇਕਰਾਰ, ਹੁਕਮ, ਸਮਾਂ, ਜ਼ਮਾਨਾ ॥

**ਅਹਦ ਨਾਮਾ,** ਪੁਃ—ਰਾਜਿਆਂ ਜਾਂ ਪਾਤਸ਼ਾਹਾਂ ਦਾ ਇਕਰਾਰਨਾਮਾ ॥

**ਅਹੜ,** ਪੁਃ—ਤੱਤੀ ਰੇਤ ਵਿਚ ਥੋੜ੍ਹੇ ੨ ਭੁੱਜੇ ਹੋਏ ਸਿੱਟੇ (ਮਕਈ ਆਦਿਕਾਂ ਦੇ) ॥

Digitized by Panjab Digital Library / www.panjabdigilib.org

**ਅਹਬੁ ਕਰਨਾ,** ਕ੍ਰਿ:—ਰੇਤ ਵਿੱਚ ਸਿੱਟੇ ਕੁਝ ਕੁਝ ਭੁੰਨਣਾ ॥

**ਅਹਲਕ,** ਪੁ:—ਸੁਸਤੀ, ਆਲਸ, ਗਾਫਲੀ ॥

**ਅਹਲਕਣ,** ਸ:—ਸੁਸਤ ਤੀਮਤ, ਆਲਸਣ ॥

**ਅਹਲਕਾਰ,** ਪੁ:—ਹਾਕਮ, ਅਫਸਰ, ਵੱਡੇ ਵੱਡੇ ਸਰਕਾਰੀ ਨੌਕਰ ॥

**ਅਹਲਕੀ,** ਪੁ:—ਸੁਸਤ ਮਰਦ, ਆਲਸੀ ॥

**ਅਹਾਂ,** ਅਵ:—ਨਾ, ਨਹੀਂ, ਮੂਲੋਂ ਨਾ, ਖਿਲਕੁਲ ਨਾ, ਕਿਸੇ ਤਰ੍ਹਾਂ ਨਹੀਂ ॥

**ਅਹਾ ਅਹਾ, ਅਹਾਹਾ** } ਅਵ:—ਬੱਲੇ, ਸ਼ਾਬਾਸ਼ੇ, ਅਸ਼ਕੇ, ਵਾਹ ਵਾਹ ।

**ਅਹਾ ਜਿਹਾ,** ਪੜ:—ਅਜੇਹਾ, ਏਹੋ ਜਿਹਾ ।

**ਅਹਾਰ,** ਪੁ:—ਭੋਜਨ, ਖੁਰਾਕ, ਰਸਤ, ਰਿਜ਼ਕ ।

**ਅਹਾਰੀ,** ਪੁ:—ਖਾਣ ਵਾਲਾ ॥

**ਏਕ ਅਹਾਰੀ,** ਪੁ:—ਅੱਠੀਂ ਪਹਿਰੀਂ ਇੱਕ ਵਾਰ ਰੋਟੀ ਖਾਣ ਵਾਲਾ ॥

**ਅਹਿ,** ਪੁ:—ਸੱਪ ॥

**ਅਹਿਆ ਤਹਿਆ,** ਅਵ:—ਐਵੇਂ ਕਿਵੇਂ ॥

**ਅਹਿਣ,** ਸ:—ਠੰਢ, ਸਰਦੀ, ਕੱਕਰ, ਬਰਫ਼, ਛੋਟੇ ਛੋਟੇ ਗੜੇ, ਟਿੱਡੀ, ਮੱਕੜੀ ।

**ਅਹਿਮ,** ਪੁ:—ਹੌਸਲਾ, ਹਿੰਮਤ ।

**ਅਹਿਮਕ,** ਵਿ: ਯਾ ਪੁ:—ਮੂਰਖ, ਬੇ ਸਮਝ ।

**ਅਹਿਮਕਤਾਈ** ਸ:, **ਅਹਿਮਕਪੁਣਾ** ਪੁ: } ਮੂਰਖਤਾਈ, ਬੇ ਅਕਲੀ, ਬੇ ਸਮਝੀ ।

**ਅਹਿਮਕਾਈ,** ਸ:—ਮੂਰਖਤਾਈ ਦੀ ਗੱਲ ਜਾਂ ਕੰਮ ਬੇ ਸਮਝੀ ।

**ਅਹਿਰਣ,** ਸ:—ਲੋਹੇ ਦੀ ਬਣੀ ਹੋਈ ਇੱਕ ਚੌਰਸ ਭਾਰੀ ਚੀਜ਼ ਜਿਸ ਉੱਤੇ ਲੋਹਾ ਆਦਿਕ ਧਾਤਾਂ ਨੂੰ ਰੱਖਕੇ ਹਥੌੜੇ ਨਾਲ ਸੱਟਾਂ ਲਾਉਂਦੇ ਹਨ ॥

**ਅਹਿਲ ਜੁਆਨੀ,** ਸ:—ਭਰੀ ਜੁਆਨੀ, ਜਿਸ ਉਮਰ ਵਿੱਚ ਬਹੁਤ ਜ਼ੋਰ ਹੋਵੇ ॥

**ਅਹੁ,** ਪੜ:—ਉਹ ।

**ਅਹੂਤੀ,** ਸ:—ਘਿਉ ਜਾਂ ਹੋਰ ਸਮਗ੍ਰੀ ਜੋ ਅਗਣ ਦੇਉਤਾ ਦੀ ਭੇਟ ਕਰਨ ਲਈ ਅੱਗ ਵਿਚ ਪਾਈ ਜਾਵੇ ॥

**ਅੱਕ,** ਪੁ:—ਇੱਕ ਬੂਟਾ ਜਿਸ ਵਿੱਚੋਂ ਦੁੱਧ ਵਰਗਾ ਕੌੜਾ ਰਸ ਨਿਕਲਦਾ ਹੈ। ਇਹ ਰੇਤਲੇ ਥਣਾ ਵਿਚ ਬਹੁਤ ਉਗਦਾ ਹੈ ।
ਵਿ:—ਅੱਕ ਵਰਗਾ, ਕੌੜਾ ॥

**ਅੱਕ ਚੋਣਾ,** ਕ੍ਰਿ:—ਦੁਖ ਦੇਣਾ ।

**ਅਕਸ,** ਪੁ:—ਪਰਛਾਵਾਂ, ਛਾਯਾ, ਉਲਟ, ਨਕਲ, ਉਤਾਰਾ ।

**ਅੰਕਸ,** ਪੁ:—"ਅੰਗਸ" ਵੇਖੋ

**ਅਕਸਮਾਤ,** ਕ੍ਰਿ: ਵਿ:—ਅਚਾਨਚੱਕ, ਅਚਣਚੇਤ ॥

**ਅਕਸਰ,** ਵਿ: ਯਾ ਕ੍ਰਿ: ਵਿ:—ਬਹੁਤ, ਬਹੁਤ ਸਾਰੇ, ਕਈ, ਬਹੁਤ ਵਾਰ, ਬਾਹਲਾ, ਅਸਕਰ ।

**ਅਕਸੀ ਤਸਵੀਰ,** ਸ:—ਅਕਸ ਲੈ ਕੇ ਉਤਾਰੀ ਹੋਈ ਮੂਰਤ, ਫੋਟੋ ।

**ਅਕਹੱਤਰ,** ਵਿ:—ਇਕ ਉੱਤੇ ਸੱਤਰ ॥

**ਅਕਹੱਤਰਵਾਂ,** ਵਿ:—ਇਕਹੱਤਰ ਦੀ ਗਿਣਤੀ ਪੂਰੀ ਕਰਨ ਵਾਲਾ ॥

Digitized by Panjab Digital Library | www.panjabdigilib.org

**ਅਕਹਰਾ, ਅਕਹਰੀ**, ਵਿ:—ਇਕ ਤਹਿ ਦਾ ਤੈਹ ਵਾਲਾ, ਇਕੱਲਾ, ਹਲਕਾ ॥

**ਅਕਹਿਰਾ, ਅਕਹਿਰੀ**, ਵਿ:—'ਅਕਹਰਾ' ਵੇਖੋ ॥

**ਅੱਕ ਟਿੱਡਾ**, ਪੁ:—ਇਕ ਵੱਡਾ ਸਾਵਾ ਮੱਕੜ ॥

**ਅਕੱਠ**, ਪੁ:—'ਇਕਠ' ਵੇਖੋ ॥

**ਅਕੱਠਾ**, ਵਿ:—'ਇਕੱਠਾ' ਵੇਖੋ ॥

**ਅੱਕ ਜਾਣਾ, ਅੱਕਣਾ**, ਕ੍ਰਿ:—ਤੰਗ ਆਉਣਾ, ਖਿਝ ਜਾਣਾ, ਫਿੱਕੇ ਹੋਣਾ, ਸੜਨਾ, ਥੱਕ ਜਾਣਾ ॥

**ਅਕਤਾਲੀ**, ਵਿ:—ਇਕਤਾਲੀ, ਇੱਕ ਉੱਤੇ ਚਾਲੀ ॥

**ਅਕਤਾਲੀਵਾਂ**, ਵਿ:—ਅਕਤਾਲੀਆਂ ਦੀ ਗਿਣਤੀ ਪੂਰੀ ਕਰਨ ਵਾਲਾ ॥

**ਅਕੱਤੀ**, ਵਿ:—ਇੱਕ ਉੱਤੇ ਤੀਹ ॥

**ਅਕੱਤੀਵਾਂ**, ਵਿ:—ਅਕੱਤੀਆਂ ਦੀ ਗਿਣਤੀ ਪੂਰੀ ਕਰਨ ਵਾਲਾ ॥

**ਅਕਤੂਬਰ**, ਪੁ:—ਦਸਵਾਂ ਅੰਗ੍ਰੇਜ਼ੀ ਮਹੀਨਾ ॥

**ਅਕਦ**, ਪੁ: ਮੁਸਲਮਾਨਾਂ ਦਾ ਵਿਆਹ, ਨਿਕਾਹ ॥

**ਅਕਦ ਵਿੱਚ ਲਿਆਉਣਾ**, ਕ੍ਰਿ:—ਔਰਤ ਨਾਲ ਵਿਆਹ ਕਰਨਾ ॥

**ਅਕਬਰ**, ਪੁ: ਇੱਕ ਮਸ਼ਹੂਰ ਪਾਤਸ਼ਾਹ ਜੋ ਹਿੰਦੂਆਂ ਮੁਸਲਮਾਨਾਂ ਨੂੰ ਇੱਕੋ ਜੇਹਾ ਸਮਝਦਾ ਸਾ ॥

**ਅਕਬਾਲ**, ਪੁ:—ਇਕਬਾਲ ਆਪਣਾ ਅਪਰਾਧ ਮੰਨ ਲੈਣਾ, ਕਿਸ ਗੱਲੋਂ ਮੁੱਕਰਨਾ ਨਾ, ਕਬੂਲਦਾਰੀ, ਮਨਜ਼ੂਰੀ, ਰਜ਼ਾ, ਪਰਤਾਪ, ਸੰਪਤ, ਮਾਯਾ ॥

**ਅਕਬਾਲੀ**, ਪੁ:—ਮੰਨਣ ਵਾਲਾ, ਮਨਜ਼ੂਰ ਕਰਨ ਵਾਲਾ ॥

**ਅਕਰਕਰਾ**, ਪੁ:—ਇੱਕ ਤਰ੍ਹਾਂ ਦੀ ਦੁਆ ॥

**ਅੱਕਰਾ**, ਵਿ:—ਮਹਿੰਗਾ, ਵਡਮੁੱਲਾ, ਪਿਆਰਾ ॥

**ਅਕਰਾਰ**, ਪੁ:—'ਕਰਾਰ' ਵੇਖੋ ॥

**ਅਕਲ**, ਸ੍ਰੀ:—ਬੁੱਧ, ਮੱਤ, ਸਮਝ, ਹੋਸ਼, ਸਿਆਣਪ, ਦਨਾਈ, ਗਿਆਨ, ਵਿਚਾਰ, ਸੋਚ, ਸੂਝ, ਸੁਰਤ, ਚਤੁਰਾਈ ॥

**ਅਕਲ ਹੈਰਾਨ ਹੋ ਜਾਣੀ, ਅਕਲ ਗੁੰਮ ਹੋਣੀ, ਅਕਲ ਚੱਕਰ ਖਾਣੀ**, ਕ੍ਰਿ:—ਘਾਬਰ ਜਾਣਾ, ਸੁਰਤ ਟਿਕਾਣੇ ਨਾ ਰਹਿਣੀ, ਕੁਝ ਨ ਸੁੱਝਣਾ ॥

**ਅਕਲ ਖਰਚ ਕਰਨਾ, ਅਕਲ ਦੁੜਾਉਣਾ**, ਕ੍ਰਿ:—ਸੋਚ ਵਿਚਾਰ ਕਰਨੀ, ਅਕਲ ਤੋਂ ਕੰਮ ਲੈਣਾ ॥

**ਅਕਲ ਗਿੱਟਿਆਂ ਵਿੱਚ ਹੋਣੀ**, ਕ੍ਰਿ:—ਬੇਅਕਲ ਹੋਣਾ, ਬਹੁਤ ਲੰਮਾ ਕੱਦ ਹੋਣਾ ॥

**ਅਕਲ ਦਾ ਅੰਨ੍ਹਾਂ**, ਵਿ:—ਮੂਰਖ, ਅਹਮਕ ॥

**ਅਕਲ ਦਾ ਅੰਨ੍ਹਾਂ ਗੰਢ ਦਾ ਪੂਰਾ**, ਵਿ:—ਅਜੇਹਾ ਮਨੁੱਖ ਜਿਸ ਵਿੱਚ ਅਕਲ ਤਾਂ ਨਹੀਂ ਪਰ ਪੱਲੇ ਧਨ ਹੈ ॥

**ਅਕਲ ਦਾ ਕੋਤੋਂ**, ਵਿ:—ਥੋੜ੍ਹੀ ਅਕਲ ਵਾਲਾ ॥

**ਅਕਲ ਦਾ ਖਾਂਵਦ, ਅਕਲ ਦਾ ਪੂਰਾ, ਅਕਲ ਦਾ ਮਾਲਕ**, ਵਿ:—ਬਿਲਕੁਲ ਬੇਸਮਝ ॥

**ਅਕਲ ਦੁੜਾਉਣਾ, ਅਕਲ ਦੇ ਤੋਤੇ ਲੜਾਉਣਾ, ਅਕਲ ਦੇ ਘੋੜੇ ਦੁੜਾਣੇ**, ਕ੍ਰਿ:—ਸੋਚ ਵਿਚਾਰ ਕਰਨੀ, ਕਲਪਨਾ ਕਰਨੀ, ਮਿਥਣਾ ॥

Digitized by Panjab Digital Library | www.panjabdigilib.org

**ਅਕਲ ਦੇਣਾ,** ਕ੍ਰਿ:—ਮੱਤ ਦੇਣੀ, ਸਿੱਖ ਦੇਣੀ, ਸਮਝਾਉਣਾ ॥

**ਅਕਲ ਦੇ ਨਹੁੰ ਲਹਾਉਣਾ,** ਕ੍ਰਿ:—ਸਮਝ ਸੋਚ ਕੇ ਕੰਮ ਕਰਨਾ, ਅਕਲ ਨਾਲ ਵਰਤਣਾ, ਹੋਸ਼ ਕਰਨੀ ॥

**ਅਕਲ ਨਾਲ ਕਮ ਕਰਨਾ,** ਕ੍ਰਿ:—ਸੋਚ ਸਮਝ ਕੇ ਕੰਮ ਕਰਨਾ ॥

**ਅਕਲ ਨੂੰ ਤਲਾਕ ਜਾਂ ਤਲਾਂਜਲੀ ਦੇਣਾ**
**ਅਕਲ ਨੂੰ ਜੰਦਾ ਮਾਰਨਾ (ਲਾਉਣਾ)**
ਕ੍ਰਿ:—ਬੇ ਸੋਚੇ ਸਮਝੇ ਕੋਈ ਕੰਮ ਕਰਨਾ ॥

**ਅਕਲਬੰਦ**
**ਅਕਲਮੰਦ**
**ਅਕਲਵੰਦ**
ਵਿ:—ਸਿਆਣਾ, ਦਾਨਾ, ਬੁੱਧਵਾਨ, ਚਤੁਰ, ਸੁਚੇਤ, ਹੁਸ਼ਿਆਰ, ਸਮਝਦਾਰ।

**ਅਕਲਬੰਦੀ**
**ਅਕਲਮੰਦੀ**
**ਅਕਲਵੰਦੀ**
ਸ:—ਸਿਆਣਪ, ਦਨਾਈ, ਚਤੁਰਾਈ, ਸਮਝ ਸ਼ਊਰ

**ਅਕਲ ਮਾਰੀ ਜਾਣੀ**
**ਅਕਲ ਤੇ ਪੜਦਾ ਪੈਣਾ**
ਕ੍ਰਿ:—ਸੁਰਤ ਨਾ ਰਹਿਣੀ, ਮੂਰਖਤਾਈ ਕਰਨੀ।

**ਅਕਲ ਲੈਣੀ,** ਕ੍ਰਿ:—ਮੱਤ ਸਿੱਖਣੀ॥

**ਅਕਲ ਵੱਡੀ ਕਿ ਭੈਂਸ,** ਸਿਆਣਪ ਕੱਦ ਮੂਜਬ ਨਹੀਂ ਹੁੰਦੀ

**ਅਕੱਲ**
**ਅਕੱਲਾ**
ਵਿ:—ਇੱਕੋ ਜਣਾ, ਇੱਕੋ, ਇੱਕਾ, ਸਿੱਧਾ, ਅਲਗ, ਜੁਦਾ, ਵੱਖਰਾ॥

**ਅਕੱਲ ਖੋਰਾ,** ਪੁ:—ਕੱਲਾ ਖਾਣ ਵਾਲਾ, ਜੋ ਵੰਡ ਕੇ ਨਾ ਖਾਵੇ

**ਅਕੱਲਾ ਅਕੱਲਾ,** ਕ੍ਰਿ: ਵਿ:—ਇੱਕ ਇੱਕ ਕਰਕੇ, ਵਖਰੇ ਵਖਰੇ, ਅਲਗ ਅਲਗ, ਜੁਦੇ ਜੁਦੇ ॥

**ਅਕੱਲਾ ਦੁਕੱਲਾ,** ਵਿ:—ਨਿਰਾ ਇੱਕੋ ਹੀ, ਸਾਥੀ ਬਾਝੋਂ ॥

**ਅੱਕਲਕਾਣ,** ਵਿ:—ਘਾਬਰਿਆ ਹੋਇਆ, ਹਰਾਨ ਹੋਇਆ ਹੋਇਆ, ਸਤਿਆ ਹੋਇਆ ॥

**ਜੀ ਅੱਕਲਕਾਣ ਆਉਣਾ,** ਕ੍ਰਿ:—ਦਿਲ ਘਾਬਰ ਜਾਣਾ, ਬਿਆਕਲ ਹੋ ਜਾਣਾ ॥

**ਅਕਲਾਪਾ,** ਪੁ:—ਅਕੱਲਾ, ਜਿਸ ਦਾ ਕੋਈ ਭਰਾ ਭਾਈ ਹੁਮਾਇਤ ਕਰਨ ਵਾਲਾ ਨਹੀਂ ॥

**ਅਕਲਾਪੀ,** ਸ:—ਅਕੱਲੀ, ਜਿਸ ਦਾ ਕੋਈ ਹੁਮਾਇਤੀ ਨਹੀਂ ॥

**ਅਕਲੀਆ,** ਵਿ:—ਅਕਲ ਵਾਲਾ, ਸਿਆਣਾ ॥

**ਅਕਵੰਜਵਾਂ,** ਵਿ:—ਅਕਵੰਜਾ ਦੀ ਗਿਣਤੀ ਪੂਰੀ ਕਰਨ ਵਾਲਾ ॥

**ਅਕਵੰਜਾ,** ਵਿ:—ਇਕਵੰਜਾ, ਇੱਕ ਉੱਤੇ ਪੰਜਾਹ ॥

**ਅਕਵਾਸੀ,** ਵਿ:—ਇੱਕੋ ਪਾਸੇ ਪੱਕੀ ਹੋਈ ਰੋਟੀ ॥

**ਅਕਵਾਕ,** ਪੁ:—ਇੱਕਾ ਜੋੜ, ਮੇਲ ॥

**ਅੱਕੜ,** ਵਿ:—ਵਿੰਗਾ, ਟੇਢਾ, ਆਕੜਿਆ ਹੋਇਆ ॥
ਸ:—ਵਿੰਗ, ਆਕੜ, ਅਕੜਊ, ਐਂਠ ॥

**ਅਕੜਊ,** ਪੁ:—ਆਕੜ, ਹੰਕਾਰ, ਅਭਮਾਨ ॥

**ਅਕੜ ਜਾਣਾ**
**ਅਕੜਣਾ**
ਕ੍ਰਿ:—ਹੰਕਾਰ ਕਰਨਾ, ਜ਼ੋਰ ਵਿਚ ਆਉਣਾ, ਮਜ਼ਾਕ ਕਰਨਾ, ਕਰੜੇ ਹੋਣਾ, ਫੈਲਣਾ, ਲੜਣਾ ਝਗੜਨਾ ॥

**ਅਕੜ ਖਾਂ**
**ਅਕੜ ਬਾਜ਼**
ਵਿ:—ਹੰਕਾਰੀ, ਮਜ਼ਾਜੀ ਅਭਮਾਨੀ ॥
ਪੁ:—ਬਾਂਕਾ, ਫੜਾਂ ਮਾਰਨ ਵਾਲਾ ਆਦਮੀ ॥

Digitized by Panjab Digital Library | www.panjabdigilib.org

**ਅਕੜਾਉ,** ਪੁ:—ਫੈਲਾਉ, ਐਂਠ ॥

**ਅਕੜਾਉਣਾ,** ਕ੍ਰਿ:—ਫੈਲਾਉਣਾ, ਪਸਾਰਨਾ, ਆਕੜਨ ਦੇਣਾ, ਸਰੀਰ ਨੂੰ ਤਾਣਨਾ ( ਸੁਚੇਤ ਹੋਣ ਲਈ,

**ਅਕੜੇਂਵਾਂ,** ਪੁ:—ਅਕੜਾਉ, ਭੈਨ, ਕਰੜਾਈ ॥

**ਅਕੜੇਂਵਾਂ ਭੰਨਣਾ,** ਕ੍ਰਿ:—ਸਰੀਰ ਦਾ ਤਣਨਾ, ਹੱਥ ਪੈਰ ਵੱਟਣੇ ।

**ਅਕੜੇਂਵ,** ਸ:—ਕਰੜਾਈ, ਆਕੜ, ਅਕੜਊ ॥

**ਅਕਾਸ,** ਪੁ:—ਅਗਾਸ, ਅਸਮਾਨ, ਅੰਬਰ, ਸੁਰਗ, ਪੁਲਾੜ, ਵਾਉ, ਪੰਜਵਾਂ ਤੱਤ ( ਵਾਉ ਤੋਂ ਬੀ ਸੂਖਮ )।

**ਅਕਾਸ ਦੀਪ / ਅਕਾਸ ਦੀਵਾ,** ਪੁ:—ਇੱਕ ਦੀਵਾ ਜੋ ਹਿੰਦੂ ਕੱਤਕ ਦੇ ਮਹੀਨੇ ਵਾਂਸ ਖੜਾ ਕਰਕੇ ਉਸ ਨਾਲ ਲਟਕਾਉਂਦੇ ਹਨ। ਉੱਚੀ ਕੀਤੀ ਹਈ ਲਾਲ ਟੈਨ, ਅਜੇਹੀ ਚੀਜ਼ ਜਿਸ ਦਾ ਚਾਨਣ ਦੂਰੋਂ ਦਿੱਸੇ ਅਤੇ ਲੋਕਾਂ ਨੂੰ ਉਸ ਤੋਂ ਖਬਰ ਹੋ ਜਾਵੇ ਕਿ 'ਇੱਥੇ ਕਈ ਡਰ ਵਾਲੀ ਗੱਲ ਹੈ ॥

**ਅਕਾਸ ਪੌਣ,** ਸ:—ਅਸਮਾਨ ਵਿੱਚ ਉੱਪਰਲੇ ਪਾਸੇ ਵੱਗਣ ਵਾਲੀ ਵਾਉ । ਜੋਗੀਆਂ ਦਾ ਇੱਕ ਅਭਿਆਸ ਜਿਸ ਵਿੱਚ ਸਾਹ ਅੰਦਰ ਖਿੱਚਕੇ ਰੋਕ ਛੱਡਦੇ ਹਨ।

**ਅਕਾਸ ਬਾਣੀ,** ਸ:—ਪਰਮੇਸ਼ੁਰ ਵਲੋਂ ਜੋ ਮਨੁੱਖ ਦੇ ਹਿਰਦੇ ਵਿੱਚ ਗਿਆਨ ਹੋਵੇ, ਦੈਵ ਬਾਣੀ, ਇਲਹਾਮ ॥

**ਅਕਾਸ ਬਿਰਤ,** ਸ: ਕੰਮ ਕਾਜ ਨ ਕਰਨਾ ਅਤੇ ਰੱਬ ਦੇ ਆਸਰੇ ਰਹ ਕੇ ਜੋ ਅੰਨ ਰੋਜ਼ ਮਿਲ ਜਾਏ ਛਕ ਲੈਣਾ ॥

**ਅਕਾਸ ਬਿਰਤੀ,** ਪੁ:—ਜੋ ਗੁਜ਼ਾਰੇ ਵਾਸਤੇ ਕੰਮ-ਕਾਜ ਨ ਕਰੇ ਅਤੇ ਰੱਬ ਜ ਮਿਲ ਜਾਏ ਛਕ ਕੇ ਸੰਤੋਖ ਕਰੇ॥

**ਅਕਾਸ ਬੇਲ,** ਸ:—ਇਕ ਬੇਲ ਜ ਰੁੱਖਾਂ ਉੱਤੇ ਉਗਦੀ ਹੈ ਅਰ ਜਿਸ ਦੀ ਨਾ ਜੜ੍ਹ ਹੁੰਦੀ ਹੈ ਨਾ ਪੱਤ । ਅਮਰ ਬੇਲ ।

**ਅਕਾਸ ਮੰਡਲ,** ਪੁ:- ਅਸਮਾਨ, ਅੰਬਰ, ਵਾਉ ਦਾ ਘੇਰਾ ॥

**ਅਕਾਸੀ,** ਵਿ:- ਇਕਾਸੀ, ਇੱਕ ਉੱਤੇ ਅੱਸੀ ॥

**ਅਕਾਸੀਵਾਂ,** ਵਿ:—ਅਕਾਸੀ ਦੀ ਗਿਣਤੀ ਪੂਰੀ ਕਰਨ ਵਾਲਾ ॥

**ਅਕਾਹਠ,** ਵਿ:—ਇੱਕ ਉੱਤੇ ਸੱਠ

**ਅਕਾਹਠਵਾਂ,** ਵਿ:—ਅਕਾਹਠ ਦੀ ਗਿਣਤੀ ਪੂਰੀ ਕਰਨ ਵਾਲਾ ॥

**ਅਕਾਜ,** ਵਿ:—ਬੇ ਅਰਥ, ਜੋ ਕਿਸੇ ਕੰਮ ਨ ਆਵੇ। ਕ੍ਰਿ:-ਵਿ:—ਐਵੇਂ, ਬੇ ਅਰਥ, ਅਕਾਰਥ,

**ਅਕਾਂਤ** —'ਇਕਾਂਤ' ਵੇਖੋ ।

**ਅਕਾਤਸੀ / ਅਕਾਦਸੀ,** ਸ:- ਚੰਦ੍ਰਮਾ ਦੇ ਮਹੀਨੇ ਦੀ ਯਾਰਵੀਂ ਥਿਤ ਜਿਸ ਦਿਨ ਕਈ ਹਿੰਦੂ ਵਰਤ ਰਖਦੇ ਹਨ ।

**ਅਕਾ ਦੇਣਾ / ਅਕਾਣਾ,** ਕ੍ਰਿ:—ਖਪਾਣਾ, ਸਤਾਣਾ, ਢਿੱਬਿਆਂ ਕਰਨਾ, ਖਿਝਾਣਾ ॥

**ਅਕਾਨਵਾਂ,** ਵਿ:—ਅਕਾਨਵੇਂ ਦੀ ਗਿਣਤੀ ਪੂਰੀ ਕਰਨ ਵਾਲਾ ॥

**ਅਕਾਨਵੇ,** ਵਿ:—ਇਕਾਨਵੇਂ, ਇੱਕ ਉੱਤੇ ਨੱਵੇ ॥

**ਅਕਾਰ,** ਪੁ:—'ਆਕਾਰ' ਵੇਖੋ ।

**ਅਕਾਰਥ,** ਕ੍ਰਿ:-ਵਿ:—ਐਵੇਂ, ਬੇ ਅਰਥ, ਬਿਨਾ ਪਰੋਜਨ, ਜੋ ਕਿਸੇ ਕੰਮ ਨ ਆਵੇ । ਵਿ:—ਨਿਹਫਲ, ਬੇ ਅਰਥ ।

Digitized by Panjab Digital Library | www.panjabdigilib.org

**ਅਕਾਰਥ ਜਾਣਾ,** ਕ੍ਰਿ:—ਨਾਸ ਹੋ ਜਾਣਾ, ਕਿਸੇ ਕੰਮ ਨਾ ਆਉਣਾ।

**ਅਕਾਰਾ,** ਵਿ:—ਅਕੇਲਾ॥

**ਅਕਾਰਾ (ਰੀ) ਦੁਕਾਰਾ, (ਰੀ),** ਵਿ:—ਅਕੇਲਾ (ਲੀ) ਦੁਕੱਲਾ (ਲੀ)।

**ਅਕਾਲ,** ਪੁ:—ਜਿਸ ਦਾ ਕਾਲ ਨਹੀਂ, ਅਮਰ, ਪਰਮੇਸ਼ਰ, ਜੋ ਗੱਲ ਵੇਲੇ ਸਿਰ ਨਾ ਹੋਵੇ।

**ਅਕਾਲ ਤਖਤ;** ਪੁ:—'ਅਕਾਲ ਬੁੰਗਾ' ਵੇਖੋ॥

**ਅਕਾਲ ਪੁਰਖ,** ਪੁ:—ਜਿਸ ਪੁਰਖ ਦਾ ਕਾਲ ਨਹੀਂ, ਪਰਮੇਸ਼ਰ, ਪਰਮਾਤਮਾ, ਵਾਹਿਗੁਰੂ।

**ਅਕਾਲ ਬਾਂਗਾ,** ਪੁ:—ਅਕਾਲੀਆਂ ਦੀ ਸੰਝ ਸਵੇਰ ਦੀ ਪੂਜਾ॥

**ਅਕਾਲ ਬੁੰਗਾ,** ਪੁ:—ਅੰਮ੍ਰਿਤ ਸਰ ਵਿਚ ਸ੍ਰੀ ਗੁਰੂ ਹਰਗੋਬਿੰਦ ਜੀ ਦਾ ਅਸਥਾਨ ਜੋ ਹਰਿ ਮੰਦਰ ਦੇ ਦਰਵਾਜ਼ੇ ਦੇ ਸਾਮਣੇ ਹੈ ਅਤੇ ਜਿਥੇ ਸਿੱਖ ਪਾਹੁਲ ਲੈਂਦੇ ਹਨ।

**ਅਕਾਲ ਮਿਰਤ, ਅਕਾਲ ਮੌਤ** } ਸ:—ਅਚਾਨਚੱਕ ਜੋ ਮੌਤ ਹੋਵੇ, ਕੁਵੇਲੇ ਜਾਂ ਜਾਂ ਅਬਗਤ ਮਰਨਾ।

**ਅਕਾਲ ਮਿਰਤੀ,** ਪੁ:—ਜਿਸ ਦੀ ਅਕਾਲ ਮਿਰਤ ਹੋਵੇ, ਜੋ ਕੁਵੇਲੇ ਜਾਂ ਅਚਾਨ ਚੱਕ ਮਰ ਜਾਵੇ।

**ਅਕਾਲ ਮੂਰਤ,** ਪੁ:—ਅਕਾਲ ਪੁਰਖ॥

**ਅਕਾਲਣ,** ਸ:—ਅਕਾਲੀ ਦੀ ਤੀਵੀਂ, ਅਕਾਲੀਆਂ ਦੇ ਮਤ ਨੂੰ ਮੰਨਣ ਵਾਲੀ ਤੀਮਤ, ਜਿਸ ਦਾ ਕਾਲ ਨ ਹੋਵੇ, ਅਮਰ।

**ਅਕਾਲੀ, ਅਕਾਲੀਆ** } ਪੁ:—ਜਿਸ ਦਾ ਕਾਲ ਨ ਹੋਵੇ, ਅਮਰ, ਸਿੱਖਾਂ ਦਾ ਇੱਕ ਪੰਥ। (ਇਹ ਲੋਕ ਨੀਲੇ ਕਪੜੇ ਪਾਉਂਦੇ ਹਨ ਅਤੇ ਲੋਹੇ ਦੇ ਸ਼ਸਤ੍ਰ ਸਰੀਰ ਨਾਲ ਰਖਦੇ ਹਨ)।

ਵਿ:—ਸਦਾ ਰਹਿਣ ਵਾਲਾ, ਅਕਾਲ ਪੁਰਖ ਦਾ।

**ਅਕ੍ਰਿਤਘਨ,** ਵਿ:—ਜੋ ਕਿਸੇ ਦਾ ਕੀਤਾ ਨਾ ਜਾਣੇ ਉਪਕਾਰ ਨੂੰ ਭੁੱਲ ਜਾਣ ਵਾਲਾ, ਕਿਸੇ ਦਾ ਗੁਣ ਨਾ ਮੰਨਣ ਵਾਲਾ॥

**ਅਕੀਨ,** ਪੁ:—ਯਕੀਨ, ਜਕੀਨ, ਅਤਬਾਰ, ਭਰੋਸਾ, ਵਸਾਹ, ਨਿਹਚਾ

**ਅਕੇ,** ਅਵ:—ਯਾ, ਜਾਂ।

**ਅੱਕੇ ਕਾਰ,** ਕ੍ਰਿ: ਵਿ:—ਜ਼ਰੂਰ, ਬੇਸ਼ਕ, ਸੌ ਵਿਸਵਾ॥

**ਅਕੇਰਾ, ਅਕੇਰੀਂ** } ਕ੍ਰਿ: ਵਿ:—ਇਕ ਵਾਰ, ਇੱਕ ਵੇਰੀ ਇਸ ਤਰ੍ਹਾਂ।

**ਅਕੇਰਾ,** ਵਿ:—ਇਕੱਲਾ

**ਅਕੇਤਰ ਸੌ,** ਵਿ: ਇਕ ਉੱਤੇ ਸੌ।

**ਅਕੌਂਟ,** ਪੁ:—ਹਿਸਾਬ, ਲੇਖਾ॥

**ਅਕੌਂਟ ਬੁਕ,** ਸ:—ਜਿਸ ਕਿਤਾਬ ਵਿੱਚ ਲੇਖਾ ਲਿਖਿਆ ਜਾਵੇ॥

**ਅਕੌਂਟੈਂਟ,** ਪੁ:—ਲੇਖਾ ਲਿਖਣ ਵਾਲਾ ਵੱਡਾ ਬਾਬੂ॥

**ਅੱਖ,** ਸ:—ਸਰੀਰ ਦਾ ਉਹ ਅੰਗ ਜਿਸ ਨਾਲ ਵੇਖੀਦਾ ਹੈ, ਅੱਖੀ, ਨੇਤ੍ਰ, ਨੈਨ, ਦੀਦਾ, ਨਜ਼ਰ, ਨੀਝ, ਤੱਕ, ਧਿਆਨ, ਬੂਝ, ਵਿਚਾਰ, ਗੰਨੇ ਦੀ ਪੋਰੀ ਜਾਂ ਚੱਪਣੀ ਦੇ ਹੇਠ ਨੀਵੀਂ ਜਗ੍ਹਾ। ਰੁੱਖਾਂ ਆਦਿਕਾਂ ਦੀਆਂ ਟਾਹਣੀਆਂ ਫੁਟਣ ਵਾਲੀ ਥਾਂ॥

Digitized by Panjab Digital Library | www.panjabdigilib.org

**ਅੱਖ ਉੱਚੀ ਨ ਕਰਨਾ**
**ਅੱਖ ਉੱਚੀ ਨ ਕਰ ਸੱਕਣਾ** } ਕ੍ਰਿ:—ਸ਼ਰਮ ਦੇ ਮਾਰੇ ਕਿਸੇ ਨੂੰ ਵੇਖ ਨ ਸਕਣਾ ਸਿਰ ਨੀਵਾਂ ਰੱਖਣਾ॥

**ਅੱਖ ਆਉਣੀ**
**ਅੱਖ ਆ ਜਾਣੀ** } ਕ੍ਰਿ: ਅੱਖ ਦੁਖਣ ਲਗ ਪੈਣੀ, ਅੱਖ ਦਾ ਸੁੱਜਣਾ ਅਤੇ ਚੰਗੀ ਤਰ੍ਹਾਂ ਨਾ ਵੇਖ ਸੱਕਣਾ (ਅੱਖ ਬਾਹਲਾ ਲਾਲ ਹੋ ਜਾਂਦੀ ਹੈ)॥

**ਅੱਖ ਸਾਮ੍ਹਣੇ ਕਰਨੀ,** ਕ੍ਰਿ:—'ਅੱਖ ਬਰੱਬਰ ਕਰਨਾ' ਵੇਖੋ।

**ਅੱਖ ਕੱਢਣੀ,** ਕ੍ਰਿ:—'ਅੱਖ ਨਕਾਲਣੀ' ਵੇਖੋ।

**ਅੱਖ ਖੁਲ੍ਹਣੀ,** ਕ੍ਰਿ:—ਜਾਗ ਆਉਣੀ, ਹੋਸ਼ ਆਉਣੀ, ਬਿਮਾਰੀ ਤੋਂ ਅਰਾਮ ਹੋਣਾ।

**ਅੱਖ ਖੋਲ੍ਹਣਾ,** ਕ੍ਰਿ:—ਜਾਗਣਾ, ਹੋਸ਼ ਵਿੱਚ ਆਉਣਾ, ਖ਼ਬਰਦਾਰ ਹੋਣਾ, ਸਿਆਣਪ ਵਰਤਣੀ, ਮੁੜ ਤਕੜੇ ਹੋਣਾ, ਰੋਗ ਤੋਂ ਅਰਾਮ ਆਉਣਾ, ਸੁਰਤ ਸਮ੍ਹਾਲਣਾ।

**ਅੱਖ ਘੂਰਨੀ,** ਕ੍ਰਿ:—ਗੁੱਸੇ ਨਾਲ ਕਿਸੇ ਵੱਲ ਤੱਕਣਾ।

**ਅੱਖ ਚੜ੍ਹਨਾ,** ਕ੍ਰਿ:—ਨਸ਼ੇ, ਉਨੀਂਦ੍ਰੇ ਜਾਂ ਸਿਰ ਪੀੜ ਨਾਲ ਅੱਖਾਂ ਭਾਰੀਆਂ ਹੋਣੀਆਂ॥ ਲੂੰਹ ਪੂਲੇ ਦਾ ਅਸਰ ਅੱਖੀਂ ਤੋਂ ਜਾਪਣਾ। ਮਰਨ ਲੱਗਿਆਂ ਅੱਖਾਂ ਦਾ ਉਤਾਹਾ ਨੂੰ ਫਿਰਨਾ॥

**ਅੱਖ ਚੜ੍ਹਾਉਣਾ,** ਕ੍ਰਿ:—ਗੁੱਸੇ ਨਾਲ ਅੱਖ ਚੁੱਕ ਕੇ ਵੇਖਣਾ, ਮਸਤ ਹੋਣਾ॥

**ਅੱਖ ਚੁਰਾਣਾ,** ਕ੍ਰਿ:—ਧਿਆਨ ਨ ਕਰਨਾ, ਸ਼ਰਮ ਆਦਿਕ ਕਰਕੇ ਅਖ ਫੇਰ ਲੈਣਾ, ਕਿਸੇ ਨੂੰ ਵੇਖਣਾ ਨਾ ਚਾਹੁਣਾ, ਨਾ ਜਾਨਣ ਦਾ ਬਹਾਨਾ ਕਰਨਾ॥

**ਅੱਖ ਜੋੜਣਾ,** ਕ੍ਰਿ:—ਟਿਕ ਟਿਕੀ ਲਾਕੇ ਵੇਖਣਾ॥

**ਅੱਖ ਝਮਕਣਾ,** ਕ੍ਰਿ:—ਅੱਖ ਬੰਦ ਕਰਕੇ ਛੇਤੀ ਨਾਲ ਖੋਲ੍ਹ ਦੇਣੀ, ਝਰਨਾ

**ਅੱਖ ਦਖਾਉਣਾ**
**ਅੱਖ ਵਖਾਉਣਾ** } ਕ੍ਰਿ: ਡਰਾਉਣਾ ਧਮਕਾਉਣਾ ਗੁੱਸੇ ਵਿਚ ਜਾਪਣਾ, ਹਟਕਣਾ।

**ਅੱਖ ਦੱਬਣਾ,** ਕ੍ਰਿ:—ਅੱਖਾਂ ਬੰਦ ਕਰਨਾਆ, ਸੈਨਤ ਨਾਲ ਮਨਾ ਕਰਨਾ ਯਾ ਵਰਜਣਾ।

**ਅਖ ਦੀ ਕੋਠੀ,** ਸ:—ਉਹ ਖੱਪਾ ਜਿਸ ਵਿਚ ਅੱਖ ਟਿਕੀ ਹੋਈ ਹੁੰਦੀ ਹੈ॥

**ਅੱਖ ਦੁਖਣੀ**
**ਅੱਖ ਦੁਖਣੀ ਆਉਣੀ** } ਕ੍ਰਿ:—'ਅਖ ਆਉਣੀ' ਵੇਖੋ।

**ਅੱਖ ਨਕਾਲਣੀ,** ਕ੍ਰਿ: ਗੁੱਸੇ ਨਾਲ ਲਾਲ ਲਾਲ ਹੋਣਾ, ਅੱਖਾਂ ਨਾਲ ਗੁੱਸਾ ਜਾਹਰ ਕਰਨਾ॥

**ਅੱਖ ਨੀਲੀ ਪੀਲੀ ਕਰਨਾ,** ਕ੍ਰਿ:—ਗੁੱਸੇ ਨਾਲ ਚੇਹਰੇ ਅਤੇ ਅੱਖਾਂ ਦਾ ਰੰਗ ਬਦਲਣਾ। ਡਾਢਾ ਕ੍ਰੋਧ ਵਿਖਾਉਣਾ॥

**ਅੱਖ ਪਟਣਾ (ਪੁੱਟਣਾ);** ਕ੍ਰਿ:—ਅਖ ਖੋਲ੍ਹਣਾ।

**ਅੱਖ ਪੁੱਟ ਪੁੱਟ ਕੇ ਵੇਖਣਾ,** ਕ੍ਰਿ:—ਨਜ਼ੀਰ ਲਾਕੇ ਚੰਗੀ ਤਰਾਂ ਵੇਖਣਾ॥

**ਅੱਖ ਫਰਕਣਾ, ਣੀ**
**ਅੱਖ ਫਿਰਕਣਾ, ਣੀ**
**ਅੱਖ ਫੁਰਕਣਾ, ਣੀ** } ਕ੍ਰਿ:—ਅਖ ਦਾ ਕੰਬਣ, ਜਿਸ ਨੂੰ ਲੋਕ ਚੰਗਾ ਯਾ ਬੁਰਾ ਸਗਨ ਸਮਝਦੇ ਹਨ। ਮਰਦ ਦੀ ਸੱਜੀ ਅਖ ਫਰਕਣੀ ਚੰਗੀ ਅਤੇ ਖੱਬੀ ਮਾੜੀ ਜਾਣਦੇ ਹਨ। ਤੀਮਤ ਦੀ ਇਸ ਤੋਂ ਉਲਟ॥

**ਅੱਖ ਫੁੱਟਣਾ,** ਕ੍ਰਿ:—ਅੱਖ ਜਾਂਦੀ ਰਹਿਣੀ, ਅੰਨ੍ਹਾ ਹੋ ਜਾਣਾ॥

**ਅੱਖ ਫੇਰਨਾ**
**ਅੱਖ ਫੇਰ ਲੈਣੀ** } ਕ੍ਰਿ:—ਮਰਨ ਲਗਿਆਂ ਅਖ ਦਾ ਡਲਾ ਫੂਆ ਲੈਣਾ। ਮਿਤ੍ਰਤਾਈ ਮਗਰੋਂ ਵੈਰੀ ਹੋ ਜਾਣਾ। ਦਯਾ ਦਾ ਪਯਾਰ ਕਰਨਾ ਛਡ ਦੇਣਾ। ਗਮ ਯਾ ਗੁੱਸੇ ਨਾਲ ਦੂਜੇ ਪਾਸੇ ਤੱਕਣ ਲੱਗ ਜਾਣਾ॥

Digitized by Panjab Digital Library | www.panjabdigilib.org

**ਅੱਖ ਬਚਣਾ,** ਕ੍ਰਿ:—ਅੱਖ ਹਟਣਾ, ਧਿਆਨ ਹੋਰ ਪਾਸੇ ਲਗਣਾ ॥

**ਅੱਖ ਬਚਾਉਣਾ,** ਕ੍ਰਿ: -ਦੂਏ ਨੂੰ ਵੇਖਣ ਨ ਦੇਣਾ, ਦੂਏ ਦੇ ਮੱਥੇ ਨਾ ਲੱਗਣਾ, ਨਾ ਜਾਨਣ ਦਾ ਬਹਾਨਾ ਕਰਨਾ, ਅੱਖਾਂ ਫੇਰ ਲੈਣੀਆਂ, ਚੋਰੀ ਛੱਪੀ ਵਿਚ ਜਾਣਾ ॥

**ਅੱਖ ਬਚਾ ਕੇ,** ਕ੍ਰਿ: ਵਿ:—ਚੋਰੀ, ਲੁਕ ਕੇ, ਛਿਪ ਕੇ, ਕਿਸੇ ਨੂੰ ਨਾ ਦੱਸ ਕੇ, ਚੁੱਪ ਚੁਪਾਤੇ।

**ਅੱਖ ਬਚਾ ਕੇ ਆਉਣਾ,** ਕ੍ਰਿ:—ਚੋਰੀ ਛੱਪੀ (ਲੁਕ ਕੇ) ਆਉਣਾ।

**ਅੱਖ ਬੰਦ ਕਰ ਲੈਣੀ,** ਕ੍ਰਿ:—ਸੌਂ ਜਾਣਾ, ਮਰ ਜਾਣਾ, ਤੱਕਣਾ ਨਾ, ਦੂਏ ਪਾਸਿਓਂ ਧਿਆਨ ਹਟਾ ਲੈਣਾ, ਕਿਸੇ ਵੱਲੋਂ ਬੇਪਰਵਾਹ ਹੋ ਜਾਣਾ।

**ਅੱਖ ਬੰਦ ਹੋਣੀ,** ਕ੍ਰਿ:—ਅੰਨ੍ਹੇ ਹੋ ਜਾਣਾ, ਮਰ ਜਾਣਾ ॥

**ਅੱਖ ਬਦਲਣਾ**
**ਅੱਖ ਬਦਲ ਲੈਣਾ** } ਕ੍ਰਿ: —ਕਿਸੇ ਨਾਲ ਪਿਆਰ ਜਾਂ ਕਿਸੇ ਉੱਤੇ ਦਯਾ ਕਰਨੀ ਛੱਡ ਦੇਣਾ। ਬਦਲ ਜਾਣਾ। ਚੰਚਲ ਹੋਣਾ। ਪਹਿਲੇ ਵਰਗਾ ਆਦਰ ਨਾ ਕਰਨਾ।

**ਅੱਖ ਬਰੱਬਰ ਕਰਨਾ**
**ਅੱਖ ਬਰੱਬਰ ਰੱਖਣਾ** } ਕ੍ਰਿ:—ਪਹਿਲੇ ਜੇਹਾ ਹੀ ਆਦਰ ਕਰਨਾ, ਮਿਤ੍ਰਤਾਈ ਬਣਾਈ ਰੱਖਣੀ, ਕਿਸੇ ਵੱਲ ਟਿਕ ਟਿਕੀ ਲਾ ਕੇ ਵੇਖਣਾ, ਸ਼ਰਮ ਨਾ ਕਰਨੀ ॥

**ਅੱਖ ਬਰੱਬਰ ਨ ਕਰ ਸੱਕਣਾ**
**ਅੱਖ ਬਰੱਬਰ ਨ ਰੱਖ ਸਕਣਾ** } ਕ੍ਰਿ: -ਸ਼ਰਮ ਦੇ ਮਾਰੇ ਤੱਕ ਨ ਸੱਕਣਾ, ਸਾਮ੍ਹਣੇ ਮੂੰਹ ਨ ਕਰ ਸਕਣਾ ॥

**ਅੱਖ ਭਰਕੇ ਵੇਖਣਾ,** ਕ੍ਰਿ: -ਜੀ ਖੋਲ ਕੇ ਵੇਖਣਾ, ਟਿਕਟਿਕੀ ਲਾ ਕੇ ਵੇਖਣਾ, ਲੈਣ ਦੀ ਚਾਹ ਰੱਖ-ਣਾ, ਚੰਗੀ ਤਰ੍ਹਾਂ ਵੇਖਣਾ, ਗੁੱਸੇ ਨਾਲ ਤੱਕਣਾ, ਪ੍ਰੇਮ ਦੀ ਨਜ਼ਰ ਨਾਲ ਵੇਖਣਾ, ਕਾਮ ਦੀ ਚਾਹ ਨਾਲ ਵੇਖਣਾ।

**ਅੱਖ ਭਰ ਲੈਣੀ,** ਕ੍ਰਿ:—ਅੱਖਾਂ ਵਿੱਚ ਹੰਝੂ ਭਰ ਆਉਣੇ, ਰੋਣ ਨੂੰ ਤਿਆਰ ਹੋ ਜਾਣਾ।

**ਅੱਖ ਮਟੱਕਾ,** ਪੁ:—ਮਹੱਬਤ ਦੀ ਨਜ਼ਰ ਜਾਂ ਸੈਨਤ ਜੋ ਕੁਕਰਮੀ ਲੋਕ ਕਰਦੇ ਹਨ।

**ਅੱਖ ਮਾਰਨਾ,** ਕ੍ਰਿ:—ਅਖ ਝਮਕਣਾ, ਸੈਨਤ ਨਾਲ ਹਟਕਣਾ, ਅੱਖਾਂ ਨਾਲ ਮਹੱਬਤ ਦੀਆਂ ਸੈਨਤਾਂ ਕਰਨਾ।

**ਅੱਖ ਮਿਲਣੀ,** ਕ੍ਰਿ:—ਨਜ਼ਰ ਟਿਕਾ ਕੇ ਤੱਕਣਾ, ਨਾਲੇ, 'ਅੱਖ ਲੜਨੀ' ਵੇਖੋ ॥

**ਅੱਖ ਮਿਲਾਣੀ,** ਕ੍ਰਿ:—ਕਿਸੇ ਦੇ ਮੂੰਹ ਵੱਲ ਤਕਣਾ, ਟਿਕਟਿਕੀ ਲਾਉਣੀ, ਦੋ ਜਣਿਆਂ ਦਾ ਇਕ ਵੇਲੇ ਇੱਕ ਦੂਏ ਨੂੰ ਚੰਗੀ ਤਰ੍ਹਾਂ ਵੇਖਣਾ, ਦੋਸਤੀ ਕਰਨੀ ॥

**ਅੱਖ ਮੀਚ (ਮੀਟ) ਜਾਣੀ ਯਾ ਲੈਣੀ,** ਕ੍ਰਿ: -ਅਖ ਬੰਦ ਕਰਨੀ, ਸੌਂ ਜਾਣਾ, ਮਰ ਜਾਣਾ।

**ਅੱਖ ਲਗਣੀ,** ਕ੍ਰਿ:- ਸੌਂ ਜਾਣਾ, ਉਂਘਲਾਉਣਾ, ਆਪਣੇ ਪ੍ਰੀਤਮ ਵੱਲ ਨਜ਼ਰ ਟਿਕਾ ਕੇ ਤੱਕਣਾ, ਆਸ਼ਕ ਹੋਣਾ।

**ਅੱਖ ਲਗਾਣੀ ਯਾ ਲਗਾਉਣੀ,** ਕ੍ਰਿ:—ਧਿਆਨ ਕਰਨਾ, ਪਿਆਰ ਪਾਉਣਾ, ਦੋਸਤੀ ਕਰਨੀ, ਆਸ਼ਕ ਹੋਣਾ, ਸੌਂ ਜਾਣਾ ॥

**ਅੱਖ ਲੜਣਾ ਯਾ ਲੜਣੀ,** ਕ੍ਰਿ:—ਦੋ ਜਣਿਆਂ ਦਾ ਇੱਕੋ ਵੇਲੇ ਇਕ ਦੂਏ ਨੂੰ ਮਹੱਬਤ ਦੀ ਨਜ਼ਰ ਨਾਲ ਵੇਖਣਾ, ਅਚਾਨਚਕ ਆਪਣੇ ਪਿਆਰੇ ਨੂੰ ਮਿਲ ਪੈਣਾ ॥

Digitized by Panjab Digital Library / www.panjabdigilib.org

**ਅੱਖ ਲੜਾਉਣਾ,** ਕ੍ਰਿ:—ਦੋ ਜਣਿਆਂ ਦਾ ਇੱਕ ਦੂਏ ਵਲ ਟਿਕਟਿਕੀ ਲਾਕੇ ਵੇਖਣਾ। ਅੱਖ ਮਾਰ ਕੇ ਸੈਨਤ ਕਰਨਾ। ਇਕ ਦੂਜੇ ਵਲ ਤੱਕਣਾ, ਮਹੱਬਤ ਦੀ ਨਜ਼ਰ ਕਰਨੀ, ਅੱਖਾਂ ਨਾਲ ਪ੍ਰੀਤ ਲਾਉਣੀ। ਸੈਨਤਾ ਨਾਲ ਭੇਤ ਦੱਸਣਾ।

**ਅੱਖ ਲਾਲ ਕਰਨੀ**
**ਅੱਖ ਲਾਲ ਕਰ ਲੈਣੀ** } ਕ੍ਰਿ:—ਕ੍ਰੋਧ ਕਰਨਾ, ਬਹੁਤ ਗੁੱਸੇ ਹੋਣਾ, ਰੋ ਰੋ ਕੇ ਅੱਖਾਂ ਵਿਚ ਲਾਲੀ ਪਾ ਲੈਣੀ।

**ਅੱਖ ਲਾਦ੍ਹਾਂ,** ਵਿ: ਪੁ:—ਕਾਣਾ।

**ਅੱਖ ਲਾਦ੍ਹੀਂ,** ਵਿ: ਸ:—ਕਾਣੀ।

**ਅੱਖ ਲੁਕਾਣੀ**
**ਅੱਖ ਛਪਾਣੀ** } ਕ੍ਰਿ:—ਬੁਰਾ ਕੰਮ ਕਰਕੇ ਸ਼ਰਮਿੰਦਾ ਹੋਣਾ, ਹੰਕਾਰ ਕਰਨਾ, ਪੁਰਾਣੇ ਜਾਣੂਆਂ ਦੀ ਪਰਵਾਹ ਨ ਕਰਨੀ।

**ਅੱਖ ਵਿੱਚ ਤਿਣ ਹੋਣਾ,** ਕ੍ਰਿ:—ਅੱਖ ਦੇ ਡੇਲੇ ਉੱਤੇ ਚਿੱਟਾ ਦਾਗ ਹੋਣ, ਕਿਸ ਮਨੁੱਖ ਦਾ ਬੁਰਾ ਲੱਗਣਾ ਜਾਂ ਉਸ ਨਾਲ ਈਰਖਾ ਹੋਣੀ॥

**ਅੱਖ ਵਿੱਚ ਰੜਕਣਾ,** ਕ੍ਰਿ:—ਅੱਖ ਵਿਚ ਕੱਖ ਆਦਿਕ ਦਾ ਪੈ ਜਾਣਾ, ਕਿਸੇ ਮਨੁੱਖ ਦਾ ਬੁਰਾ ਲਗਣਾ ਜਾਂ ਉਸ ਨਾਲ ਈਰਖਾ ਹੋਣੀ।

**ਅੱਖਾਂ ਵਿੱਚ ਪਰਦਾ ਪੈ ਜਾਣਾ,** ਕ੍ਰਿ:—ਕੁਝ ਨਾ ਦਿਸਣਾ

**ਅੱਖ ਅੱਗੋਂ**
**ਸਭ ਕੁਝ ਉੱਡਣੀ** } ਕ੍ਰਿ:—ਭੂਤ ਪ੍ਰੇਤ ਆਦਿਕ ਦਿੱਸਣੇ, ਮੂਰਛਾ ਆਦਿਕ ਨਾਲ ਅਚਾਨਕ ਅੰਨ੍ਹੇ ਹੋ ਜਾਣਾ॥

**ਅੱਖਾਂ ਅੱਗੇ ਹਨੇਰਾ ਆਉਣਾ**
**ਜਾਂ ਹਨੇਰੀ ਆਉਣੀ** } ਕ੍ਰਿ:—ਕੁਝ ਨ ਦੱਸਣਾ, ਕੁਝ ਨਾ ਸੁੱਝਣਾ॥

**ਅੱਖਾਂ ਅੱਗੇ ਫਿਰਨਾ,** ਕ੍ਰਿ:—ਨਿੱਤ ਅੱਖਾਂ ਅੱਗੇ ਰਹਿਣਾ, ਸਦਾ ਮਨ ਵਿੱਚ ਕਿਸੇ ਦਾ ਧਿਆਨ ਰਹਿਣਾ॥

**ਅੱਖਾਂ ਅੱਗੋਂ ਦੂਰ ਚਲੇ ਜਾਣਾ**
**ਜਾਂ ਪਰੇ ਹਟ ਜਾਣਾ** } ਕ੍ਰਿ:—ਵਿੱਛੜ ਜਾਣਾ, ਪਰੋਖੇ ਹੋ ਜਾਣਾ॥

**ਅੱਖਾਂ ਅੰਨ੍ਹੀਆਂ ਹੋ ਜਾਣੀਆਂ,** ਕ੍ਰਿ:—ਕੁਝ ਨਾ ਦਿੱਸਣਾ, ਕੁਝ ਨਾ ਸੁੱਝਣਾ॥

**ਅੱਖਾਂ ਖੁੱਲ੍ਹਣੀਆਂ,** ਕ੍ਰਿ:—ਜਾਗਣਾ, ਹੋਸ਼ ਆਉਣੀ, ਗੁੱਝੀ ਗਲ ਦਾ ਪਤਾ ਲੱਗਣਾ॥

**ਅੱਖਾਂ ਤੇ ਬੈਠਣਾ,** ਕ੍ਰਿ:—ਆਦਰ ਭਾਉ ਹੋਣਾ, ਮਾਨ ਹੋਣਾ, ਉੱਚੀ ਪਦਵੀ ਮਿਲਣੀ॥

**ਅੱਖਾਂ ਪੱਕ ਜਾਣਾ,** ਕ੍ਰਿ:—ਬਹੁਤ ਚਿਰ ਤੱਕ ਕਿਸੇ ਦੀ ਉਡੀਕ ਹੋਣੀ ਕਿ ਕਦ ਆਉਂਦਾ ਹੈ॥

**ਅੱਖਾਂ ਪਾਟ ਜਾਣੀਆਂ,** ਕ੍ਰਿ:—ਧਨ ਆਦਿਕ ਮਿਲਣ ਨਾਲ ਹਰਾਨੀ ਅਤੇ ਗੁਮਾਨ ਹੋ ਜਾਣਾ।

**ਅੱਖਾਂ ਫਿਰ ਜਾਣੀਆਂ,** ਕ੍ਰਿ:—ਤੌਰ ਬਦਲ ਜਾਣੇ, ਮਰਨ ਲੱਗਣਾ, ਚਿਤ ਨਾ ਰਹਿਣਾ॥

**ਅੱਖਾਂ ਫੇਰ ਲੈਣੀਆਂ,** ਕ੍ਰਿ:—ਧਿਆਨ ਨਾ ਕਰਨਾ, ਰੁੱਸ ਜਾਣਾ।

**ਅੱਖਾਂ ਭਰਨੀਆਂ,** ਕ੍ਰਿ:—ਅੱਖਾਂ ਵਿੱਚ ਹੰਝੂ ਭਰਨੇ॥

**ਅੱਖਾਂ ਮੀਟ ਜਾਣੀਆਂ (ਮੀਟਣੀਆਂ),** ਕ੍ਰਿ:—ਮਰ ਜਾਣਾ॥

**ਅੱਖਾਂ ਲਾਲ ਕੱਢਣੀਆਂ,** ਕ੍ਰਿ:—ਗੁੱਸੇ ਵਿੱਚ ਆਉਣਾ॥

**ਅੱਖਾਂ ਵਿੱਚ ਘੱਟਾ ਘੱਤਣਾ,** ਕ੍ਰਿ:—ਧੋਖਾ ਦੇਣਾ, ਫਰੇਬ ਕਰਨਾ, ਛਲ ਨਾਲ ਕਿਸੇ ਦਾ ਮਾਲ ਉਡਾ ਲੈ ਜਾਣਾ॥

Digitized by Panjab Digital Library | www.panjabdigilib.org

**ਅੱਖਾਂ ਵਿੱਚ ਚਰਬੀ ਆਉਣੀ,** ਕ੍ਰਿ:—ਅੱਖਾਂ ਉੱਤੇ ਪਰਦਾ ਪੈ ਜਾਣਾ, ਜਾਣ ਬੁੱਝ ਕੇ ਅੰਨ੍ਹੇ ਬਣਨਾ, ਹੰਕਾਰ ਕਰਕੇ ਆਪਣੇ ਪੁਰਾਣੇ ਜਾਣੂਆਂ ਨੂੰ ਨਾ ਜਾਨਣ ਦਾ ਬਹਾਨਾ ਕਰਨਾ।

**ਅੱਖਾਂ ਵਿੱਚ ਡੋਰੇ ਪੈਣੇ,** ਕ੍ਰਿ:—ਸ਼ਰਾਬ ਪੀਣ ਨਾਲ, ਜਾਂ ਖੁਸ਼ੀ ਨਾਲ ਜਾਂ ਰੋਗ ਨਾਲ ਅੱਖਾਂ ਵਿੱਚ ਲਾਲ ਲੀਹਾਂ ਪੈ ਜਾਣੀਆਂ॥

**ਅੱਖਾਂ ਵਿੱਚ ਰੜਕ ਪੈਣੀ,** ਕ੍ਰਿ:—ਕੱਖ ਆਦਿਕ ਅੱਖਾਂ ਵਿੱਚ ਪੈਣ ਕਰਕੇ ਪੀੜ ਹੋਣੀ॥

**ਅੱਖਾਂ ਵਿੱਚ ਰਾਤ ਕੱਟਣੀ,** ਕ੍ਰਿ:—ਰਾਤ ਜਾਗਦਿਆਂ ਵਧਾਉਣੀ ਨੀਂਦਰ ਨਾ ਆਉਣੀ॥

**ਅੱਖੀਂ ਸੁਖ ਹੋਣਾ,** ਕ੍ਰਿ:—ਸੱਜਣਾਂ ਪਿਆਰਿਆਂ ਦੇ ਮਿਲਣ ਨਾਲ ਜਾਂ ਉਨ੍ਹਾਂ ਨੂੰ ਸੁਖੀ ਵੇਖਕੇ ਖੁਸ਼ੀ ਹੋਣੀ॥

**ਅੱਖੀਂ ਸੁਖ ਕਲੇਜੇ ਠੰਡ ਹੋਣਾ,** ਕ੍ਰਿ:—ਖਰੀ ਖੁਸ਼ੀ ਹੋਣੀ, ਧੀਰਜ ਹੋਣਾ॥

**ਅੱਖੋਂ ਲਾਂਵਾਂ,** ਵਿ:—ਕਾਣਾ॥

**ਅੱਖੋਂ ਲਾਂਵੀਂ,** ਵਿ:—ਕਾਣੀ॥

**ਅਖਸਰ,** ਕ੍ਰਿ: ਵਿ:—'ਅਕਸਰ' ਵੇਖੋ।

**ਅਖੰਡ,** . —ਸਾਰਾ, ਨਾਂ ਟੁੱਟਾ ਹੋਇਆ, ਸੰਪੂਰਣ, ਪੂਰਾ, ਜਿਸ ਦੇ ਟੋਟੇ ਨਾ ਹੋ ਸਕਣ, ਜੋ ਨਾਸ ਨਾ ਹੋਵੇ॥

ਪੁ:—ਈਸ਼ਰ, ਪਰਮਾਤਮਾ, ਬ੍ਰਹਮ॥

**ਅਖੰਡ ਪਾਠ,** ਪੁ:—ਸਾਰਾ ਗੁਰੂ ਗ੍ਰੰਥ ਸਾਹਿਬ ਅਟਕਣ ਤੋਂ ਬਿਨਾ ਲਗਾਤਾਰ ਪੜ੍ਹਨਾ॥

**ਅਖਤਿਆਰ,** ਪੁ:—ਇਖ਼ਤਿਆਰ, ਮਰਜੀ, ਚਾਹ, ਇੱਛਿਆ, ਮਨਸ਼ਾ, ਆਪਣੀ ਸਮਝ, ਬੰਦੋਬਸਤ, ਵੱਸ, ਸ਼ਕਤਿ, ਸਮਰਥ, ਅਧਕਾਰ, ਹੱਕ, ਖੁੱਲ੍ਹ, ਹੁੱਦੇ ਦਾਰ ਦਾ ਥਲ ਜਾਂ ਅਲਾਕਾ॥

**ਅਖ਼ਤਿਆਰ ਹੋਣਾ,** ਕ੍ਰਿ:—ਕਿਸੇ ਚੀਜ਼ ਦਾ ਹੱਕ ਹੋਣਾ, ਸਮਰਥ ਹੋਣਾ, ਕਿਸੇ ਕੰਮ ਦੀ ਖੁਲ੍ਹ ਹੋਣੀ, ਕੋਈ ਕੰਮ ਕਰ ਸੱਕਣਾ, ਕਿਸੇ ਗੱਲ ਦਾ ਅਧਕਾਰ ਹੋਣਾ।

**ਅਖਤਿਆਰ ਖੁੱਸ ਜਾਣਾ (ਣੇ),** ਕ੍ਰਿ: ਹੁੱਦਾ ਜਾਂ ਅਧਕਾਰ ਨਾਂ ਰਹਿਣਾ।

**ਅਖ਼ਤਿਆਰ ਘਟ ਜਾਣੇ,** ਕ੍ਰਿ:—ਹੁੱਦੇਦਾਰ ਦੀ ਸਮਰਥ ਥੋੜੀ ਹੋ ਜਾਣੀ।

**ਅਖ਼ਤਿਆਰ ਮਿਲਣਾ,** ਕ੍ਰਿ:—ਹੱਕਦਾਰ ਬਣਾਇਆ ਜਾਣਾ, ਅਧਕਾਰ ਮਿਲਣਾ॥

**ਅਖ਼ਤਿਆਰ ਲੈਣੇ,** ਕ੍ਰਿ:—ਅਧਕਾਰ ਪਾਉਣਾ॥

**ਅਖ਼ਤਿਆਰ ਵਧ ਜਾਣੇ,** ਕ੍ਰਿ: ਅਧਕਾਰ ਬਹੁਤ ਹੋ ਜਾਣੇ॥

**ਅਖ਼ਤਿਆਰ ਵਿੱਚ ਹੋਣਾਂ ਜਾਂ ਰਹਿਣਾ,** ਕ੍ਰਿ:—ਵੱਸ ਵਿੱਚ ਹੋਣਾ, ਅਧੀਨ ਹੋਣਾ, ਕਿਸੇ ਦੇ ਆਸਰੇ ਹੋਣਾ।

**ਅਖਤਿਆਰੋਂ ਬਾਹਰ ਹੋਣਾ,** ਕ੍ਰਿ:—ਆਪਣੇ ਵੱਸ ਵਿੱਚ ਨਾਂ ਹੋਣਾ॥

**ਅਖ਼ਬਾਰ** ਪੁ:—ਖ਼ਬਰਾਂ ਵਾਲਾ ਕਾਗਜ਼ ਜੋ ਖ਼ਾਸ ਵਕਤ ਪਿੱਛੋਂ ਛਪਦਾ ਹੈ, ਸਮਾਚਾਰ ਪੱਤ੍ਰ॥

**ਅੱਖਰ,** ਪੁ:—'ਅੱਛਰ ਵੇਖੋ', ੳ, ਅ, ਆਦਿਕ॥

**ਅਖ਼ਰੋਟ,** ਪੁ:—ਇਕ ਤਰਾਂ ਦਾ ਫਲ, ਖਰੋਟ॥

**ਅੱਖੜ ਖਾਣ, ਅੱਖੜ ਖਾਦ,** ਵਿ: ਬੜਾ ਮੂਰਖ ਅਤੇ ਘਮੰਡੀ, ਢੀਠ ਸ਼ੋਖ, ਸ਼ਰਾਰਤੀ॥

Digitized by Panjab Digital Library | www.panjabdigilib.org

**ਅੱਖਾ,** ਪੁ:—ਛੱਟ ਦਾ ਇਕ ਪਾਸਾ ॥

**ਅਖਾਉਤ,** ਸ:— / **ਅਖਾਣ,** ਪੁ:— } ਕਹਾਉਤ, ਅਖਾਣ, ਲੋਕਾਂ ਦੇ ਮੂੰਹ ਚੜ੍ਹੀ ਹੋਈ ਗੱਲ ॥

**ਅਖਾਣਨ;** ਸ:—ਅਖਾਣ ਪਾਉਣ ਵਾਲੀ ।

**ਅਖਾੜਾ,** ਪੁ:—ਉਹ ਥਾਂ ਜਿੱਥੇ ਖੇਲ ਜਾਂ ਕਿਸੇ ਹੋਰ ਤਰ੍ਹਾਂ ਦੀਆਂ ਖੇਡਾਂ ਹੋਣ ਜਾਂ ਕਿਸੇ ਹੋਰ ਕੰਮ ਲਈ ਲੋਕਾਂ ਦਾ ਮੇਲ ਹੋਵੇ, ਦਰਬਾਰ ॥

**ਇੰਦਰ ਦਾ ਅਖਾੜਾ,** ਪੁ:—ਰਾਜੇ ਇੰਦਰ ਦਾ ਦਰਬਾਰ, ਖੁਸ਼ੀ ਮਨਾਉਣ ਵਾਲੀ ਥਾਂ ॥

**ਸਾਧਾਂ ਦਾ ਅਖਾੜਾ,** ਪੁ:—ਅਜਿਹੇ ਸਾਧਾਂ ਦੀ ਮੰਡਲੀ ਜੋ ਥਾਂ ਥਾਂ ਫਿਰਦੇ ਰਹਿੰਦੇ ਹਨ, ਸਾਧਾਂ ਦੇ ਰਹਿਣ ਦਾ ਘਰ, ਮਠ ॥

**ਅੱਖੀ,** ਸ:-ਅਖ, ਨੇਤ੍ਰ, ਨੈਨ, ਦੀਦਾ ॥

**ਅਖੀਰ,** ਪੁ:—'ਆਖਰ' ਵੇਖੋ ॥

**ਅਖੁੱਟ,** ਵਿ: ਨਾ ਮੁੱਕਣ ਵਾਲਾ, ਨਾ ਨਿਖੁੱਟਣ ਵਾਲਾ ॥

**ਅਖੁੱਟ ਭੰਡਾਰ,** ਪੁ: ਨਾ ਮੁੱਕਣ ਵਾਲਾ ਭੰਡਾਰ ਜਾਂ ਖਜ਼ਾਨਾ ।

**ਅਖੇ,** ਅਵ:—ਜਾਂ, ਯਾ, ਕਿ, ਉਸ ਨੇ ਆਖਿਆ ।

**ਅਖੈ,** ਵਿ:—ਅਬਿਨਾਸੀ, ਅਮਰ, ਜਿਸ ਦਾ ਨਾਸ ਨਹੀਂ ॥

**ਅਖੋਟ,** ਵਿ:—ਸ਼ੁੱਧ, ਠੀਕ, ਦਰੁਸਤ, ਨਖਾਲਸ ॥

**ਅਖੌਤ,** ਸ:—ਕਹਾਉਤ, ਅਖਾਣ ॥

**ਅੱਗ,** ਸ:—ਅਗਨ, ਬਸੰਤਰ, ਲਾਟ, ਭਾਂਬੜ, ਗਰਮੀ, ਤਾਉ, ਗੁੱਸਾ, ਧੱਪ, ਪਿਆਰ, ਮੋਹ, ਮਮਤਾ, ਕਾਮ, ਈਰਖਾ, ਸਾੜਾ, ਡਾਢੀ ਭੁੱਖ ।
ਵਿ:—ਤੀਖਾ ਤੱਤਾ, ਐਵੇਂ ਜਾਂ ਛੇਤੀ ਭੜਕ ਪੈਣ ਵਾਲਾ, ਤੇਜ਼, ਤਿੱਖਾ, ਪਿਆਰਾ ਜਾਂ ਮਹਿੰਗਾ, ਵਡ ਮੁੱਲਾ ॥

**ਅੱਗ ਸੁਲਗਾਉਣਾ,** ਕ੍ਰਿ:—'ਅੱਗ ਭਖਾਉਣਾ' ਵੇਖੋ॥

**ਅੱਗ ਸੌਂ ਜਾਣੀ,** ਕ੍ਰਿ:—ਅੱਗ ਬੁਝ ਜਾਣੀ ॥

**ਅੱਗ ਖਾਣੀ ਅੰਗਿਆਰ ਹੱਗਣਾ,** ਕ੍ਰਿ:—ਬੁਰਾ ਕੰਮ ਕਰਕੇ ਬੁਰਾ ਫਲ ਪਾਉਣਾ ॥

**ਅੱਗ ਦਾ ਅੜਾਂਭਾ,** ਵਿ:—ਬੜਾ ਗੁੱਸੇ ਵਾਲਾ ਆਦਮੀ ॥

**ਅੱਗ ਦੀਆਂ ਲਾਟਾਂ ਨਿਕਲਣੀਆਂ,** ਕ੍ਰਿ:—ਭਖ ਕੇ ਮਰਨਾ ॥

**ਅੱਗ ਦੇਣਾ,** ਕ੍ਰਿ:—ਕਿਸੇ ਚੀਜ਼ ਨੂੰ ਅੱਗ ਲਾ ਦੇਣੀ, ਹਿੰਦੂ ਦੀ ਲੋਥ ਨੂੰ ਸਾੜਨ ਲਈ ਅੱਗ ਲਾਉਣੀ ॥

**ਅੱਗ ਦੇ ਭਾ,** ਵਿ:—ਬਹੁਤ ਮਹਿੰਗਾ ॥

**ਅੱਗ ਦੇ ਮੁੱਲ,** ਵਿ:—ਬਹੁਤ ਮਹਿੰਗਾ

**ਅੱਗ ਧੁਖਣੀ,** ਕ੍ਰਿ:—ਅੱਗ ਬਲਣ ਲੱਗਣੀ, ਅੰਦਰਲਾ ਵੈਰ ਹੋਣਾ ॥

**ਅੱਗ ਧੁਖਾਉਣੀ,** ਕ੍ਰਿ:—ਅੱਗ ਬਾਲਣੀ, ਚਮਕਾਣੀ, ਅੰਦਰੋ ਅੰਦਰ ਵੈਰ ਪਾਉਣਾ ।

**ਅੱਗ ਨੂੰ ਫੂਕ ਮਾਰਨਾ,** ਕ੍ਰਿ:—ਫੂਕ ਮਾਰਕੇ ਅੱਗ ਜਾਂ ਕੋਲੇ ਚਮਕਾਉਣਾ ॥

**ਅੱਗ ਪਾਣੀ ਦਾ ਵੈਰ ਹੋਣਾ,** ਕ੍ਰਿ:—ਡਾਢਾ ਵੈਰ ਹੋਣਾ, ਭਾਰੀ ਦੁਸ਼ਮਣੀ ਹੋਣੀ ॥

Digitized by Panjab Digital Library | www.panjabdigilib.org

**ਅੱਗ ਪੈਣੀ,** ਕ੍ਰਿ:—ਬੜੀ ਗਰਮੀ ਹੋਣਾ। ਕਾਮ, ਭੁੱਖ ਆਦਿਕ ਦਾ ਦੁੱਖ ਪਰਤੀਤ ਹੋਣਾ॥

**ਅੱਗ ਫੁਕਣਾ, ਅੱਗ ਫੁੱਕੇ ਜਾਣਾ** } ਕ੍ਰਿ:—ਵਿਤ ਵਿੱਚ ਬੜੀ ਗਰਮੀ ਜਹੀ ਮਲੂਮ ਹੋਣੀ, ਗੁੱਸੇ ਨਾਲ ਭੜਕ ਉੱਠਣਾ, ਪੱਧ ਚੜ੍ਹ ਜਾਣਾ, ਗੁੱਸਾ ਚਾੜ੍ਹ ਦੇਣਾ॥

**ਅੱਗ ਬਬੂਲਾ, ਅੱਗ ਬਭੂਕਾ** } ਵਿ:–'ਅੱਗ ਭਖੋਲਾ' ਵੇਖੋ।

**ਅੱਗ ਬਲਣੀ, ਅੱਗ ਬਲ ਬਲ ਉਠਣੀ** } ਕ੍ਰਿ:–ਅੱਗ ਭੜਕ ਕੇ ਉਸ ਦੀ ਲਾਟ ਨਿਕਲਣਾ, ਗੁੱਸਾ ਚੜ੍ਹਨਾ, ਜੋਸ਼ ਆਉਣਾ।

**ਅੱਗ ਬਲਦੀ ਤੇ ਤੇਲ ਪਾਉਣਾ,** ਕ੍ਰਿ:–ਫਸਾਦ ਨੂੰ ਚਮਕਾਉਣਾ

**ਅੱਗ ਬਾਲਣਾ,** ਕ੍ਰਿ:–ਅੱਗ ਭੜਕਾਉਣਾ, ਲਾਟ ਕੱਢਣਾ, ਗੁੱਸਾ ਚਾੜ੍ਹਨਾ, ਉਕਸਾਉਣਾ।

**ਅੱਗ ਬੁਝਣਾ,** ਕ੍ਰਿ:—ਅੱਗ ਦਾ ਨਾ ਰਹਿਣਾ, ਅੱਗ ਠੰਡੀ ਹੋ ਜਾਣਾ, ਭੁੱਖ ਤ੍ਰੇਹ ਆਦਿਕ ਦਾ ਮਿਟ ਜਾਣਾ।

**ਅੱਗ ਬੁਝਾਉਣਾ, ਅੱਗ ਬੁਝਾਣਾ** } ਕ੍ਰਿ:—ਅੱਗ ਨੂੰ ਠੰਡਾ ਕਰਨਾ, ਅੱਗ ਨੂੰ ਬਲਣੋਂ ਰੋਕ ਦੇਣਾ। ਭੁੱਖ, ਤ੍ਰੇਹ ਆਦਿਕ ਹਟਾਉਣਾ, ਰੌਲਾ ਗੌਲਾ ਦਾ ਝਗੜਾ ਬਖੇੜਾ ਮਿਟਣਾ, ਗੁੱਸਾ ਦੂਰ ਕਰਨਾ॥

**ਅੱਗ ਭਖਾਉਣਾ,** ਕ੍ਰਿ:–ਭਾਂਬੜ ਮਚਾਉਣਾ, ਅੱਗ ਨੂੰ ਤੇਜ਼ ਕਰਨਾ, ਲਾਟਾਂ ਕੱਢਣੀਆਂ, ਫਸਾਦ ਪਾਉਣਾ, ਲੜਾਈ ਕਰਾਉਣਾ॥

**ਅੱਗ ਭਬੂਕਾ ਹੋਣਾ, ਅੱਗ ਭਖੋਲਾ ਹੋਣਾ** } ਕ੍ਰਿ:—ਬਹੁਤ ਗੁੱਸੇ ਵਿੱਚ ਆਉਣਾ, ਕ੍ਰੋਧ ਨਾਲ ਭੜਕ ਪੈਣਾ॥

**ਅੱਗ ਭੜਕਣਾ,** ਕ੍ਰਿ:—ਅੱਗ ਬਲਣਾ, ਭਾਂਬੜ ਮਚਣਾ, ਲਾਟ ਨਿਕਲਣੀ, ਗੁੱਸੇ ਵਿਚ ਆਉਣਾ॥

**ਅੱਗ ਭੜਕਾਉਣਾ,** ਕ੍ਰਿ:—"ਅੱਗ ਬਾਲਣਾ" ਵੇਖੋ।

**ਅੱਗ ਮੱਧਮ ਹੋਣੀ (ਪੈ ਜਾਣੀ)** ਕ੍ਰਿ:—ਅੱਗ ਮੱਠੀ ਹੋ ਜਾਣਾ, ਅੱਗ ਦਾ ਜ਼ੋਰ ਘਟ ਜਾਣਾ॥

**ਅੱਗ ਲੱਗਣਾ,** ਕ੍ਰਿ:—ਸੜਨ ਲੱਗ ਜਾਣਾ, ਗੁੱਸਾ ਚੜ੍ਹ ਜਾਣਾ, ਡਾਢੀ ਭੁੱਖ ਲੱਗਣਾ॥

**ਅੱਗ ਲਗਾਉਣਾ,** ਕ੍ਰਿ:—ਅੱਗ ਲਾਉਣਾ, ਬਾਲਣਾ, ਸਾੜਨਾ, ਫੂਕਣਾ, ਨਾਸ ਕਰਨਾ, ਝਗੜਾ ਪਾਉਣਾ, ਫਸਾਦ ਮਚਾਉਣਾ, ਭੜਕਾਉਣਾ, ਚਮਕਾਉਣਾ, ਉਕਸਾਉਣਾ, ਗੁੱਸਾ ਚਾੜ੍ਹਨਾ॥

**ਅੱਗ ਲਾਉਣਾ,** ਕ੍ਰਿ:—'ਅੱਗ ਲਗਾਉਣਾ' ਵੇਖੋ।

**ਅੱਗ ਲਾ ਕੇ ਪਾਣੀ ਨੂੰ ਭੱਜਣਾ,** ਕ੍ਰਿ:—ਛਲ ਕਰਨਾ, ਧੋਖਾ ਦੇਣਾ, ਆਪੇ ਜਾਣ ਬੁੱਝ ਕੇ ਝਗੜਾ ਪਾਉਣਾ ਅਤੇ ਫੇਰ ਉਸ ਨੂੰ ਝੂਠੀ ਮੂਠੀ ਹਟਾਉਣ ਦਾ ਜਤਨ ਕਰਨਾ।

**ਅੱਗ ਲਾ ਤਮਾਸ਼ਾ ਦੇਖਣ (ਵੇਖਣਾ)** ਕ੍ਰਿ:-ਹਾਸੇ ਭਾਣੇ ਦੂਏ ਮਨੁੱਖਾਂ ਵਿੱਚ ਫਸਾਦ ਪਾਉਣਾ, ਹੋਰਨਾਂ ਨੂੰ ਲੜਾ ਕੇ ਆਪ ਮੌਜ ਕਰਨੀ

**ਅੱਗ ਲੈਣ ਆਉਣਾ, ਘਰ ਵਾਲੀ ਬਣ ਬੈਠਣਾ** } ਕ੍ਰਿ:–ਜਿਸ ਚੀਜ਼ ਤੇ ਆਪਣਾ ਹੱਕ ਨਹੀਂ ਉਸ ਦਾ ਮਾਲਕ ਬਣ ਜਾਣਾ। ਕਿਸੇ ਸਧਾਰਣ ਕੰਮ ਨੂੰ ਜਾਣਾ ਅਤੇ ਉਸ ਤੋਂ ਭਾਰਾ ਕੰਮ ਕੱਢ ਲੈਣਾ, ਥੋੜ੍ਹੀ ਜਿਹੀ ਚੀਜ਼ ਲੈਣ ਜਾਣਾ ਅਤੇ ਸਾਰੀ ਦਾ ਮਾਲਕ ਬਣ ਜਾਣਾ॥

**ਅੱਗ ਲੈਣ ਨੂੰ ਆਉਣਾ,** ਕ੍ਰਿ:—ਥੋੜ੍ਹੇ ਚਿਰ ਲਈ ਆਉਣਾ, ਕਿਤੇ ਆ ਕੇ ਛੇਤੀ ਮੁੜ ਜਾਣਾ॥

Digitized by Panjab Digital Library | www.panjabdigilib.org

**ਅੱਗ ਵਰਗਾ ਲਾਲ ਹੋਣਾ,** ਕ੍ਰਿ: - ਬਹੁਤ ਗੁੱਸੇ ਵਿਚ ਆਉਣਾ, ਕ੍ਰੋਧ ਨਾਲ ਭੜਕ ਉਠਣਾ ॥

**ਅੱਗ ਵਰ੍ਹਨਾ,** ਕ੍ਰਿ:—ਬੜੀ ਗਰਮੀ ਪੈਣੀ, ਲੜਾਈ ਵਿਚ ਤੋਪਾਂ ਜਾਂ ਬੰਦੂਕਾਂ ਦੇ ਗੋਲੇ ਲਗਾਤਾਰ ਚਲਣੇ ॥

**ਅੱਗ ਵਿੱਚ ਪਾਣੀ ਪਾਉਣਾ,** ਕ੍ਰਿ:—'ਅੱਗ ਬੁਝਾਉਣਾ" ਵੇਖੋ।

**ਅੰਗ,** ਪੁ: —ਸਰੀਰ, ਸਰੀਰ ਦਾ ਕੋਈ ਹਿੱਸਾ, ਹਥ, ਪੈਰ ਆਦਿਕ, 'ਲੰਗ, ਮਿਤ੍ਰਤਾਈ, ਦੋਸਤੀ ਗਿਣਤੀ ਦੀ ਨਿਸ਼ਾਨੀ (ਅੰਕ), ਵਜੀਫ਼ਦਾ ਦਾ ਲਾਗ (ਅੰਗ ਲੈਣੇ, ਮਿਲਣੇ, ਵਰਤਣੇ)

**ਅੰਗ ਸੰਗ,** ਪੁ:—ਸਰਬੰਧ, ਸਾਕ।

ਅਵ: —ਸਦਾ ਨਾਲ, ਨਾਲ ਨਾਲ, ਨਾਲੇ ਹੀ ॥

**ਅੰਗ ਸਾਕ,** ਪੁ: ਸਰਬੰਧੀ

**ਅੰਗ ਸੌਂ ਜਾਣੇ,** ਕ੍ਰਿ:—ਅੰਗਾਂ ਵਿੱਚ ਹਿੱਲਣ ਦੀ ਤਾਕਤ ਨਾ ਰਹਿਣੀ।

**ਅੰਗ ਹੀਨ,** ਵਿ:—ਜਿਸ ਦਾ ਕੋਈ ਅੰਗ ਜਾਂਦਾ ਰਿਹਾ ਹੋਵੇ, ਲੰਙਾ, ਕਾਣਾ, ਲੂਲ੍ਹਾ ਆਦਿਕ ਜਿਸ ਦਾ ਕੰਮ ਸਾਰਾ ਨਾ ਪੂਰਾ ਹੋਇਆ ਹੋਵੇ ॥

**ਅੰਗ ਕਰਨਾ,** ਕ੍ਰਿ:—ਨਾਲ ਰਹਿਣਾ, ਬਚਾਉਣਾ ਸਹਾਇਤਾ ਕਰਨੀ ॥

**ਅੰਗ ਦ ਪੂਰਾ ਹੋਣਾ,** ਕ੍ਰਿ: ਸਭ ਅੰਗ ਠੀਕ ਹੋਣੇ, ਅੰਗ ਹੀਨ ਨਾ ਹੋਣਾ, ਅੰਗ ਪਾਲਣਾ।

**ਅੰਗ ਪ੍ਰਸੰਗ (ਪ੍ਰਤੰਗ),** ਆਪਣੀ ਅਤੇ ਨਾਨਕੀ ਦਾਦਕੀ ਆਦਿਕ ਜਾਤ।

**ਅੰਗ ਪਾਉਣਾ,** ਕ੍ਰਿ:—ਗਿਣਤੀ ਦੀ ਨਿਸ਼ਾਨੀ ਕਰਨਾ। (ਅੰਗ = ਅੰਕ)

**ਅੰਗ ਪਾਲਣਾ,** ਕ੍ਰਿ:—ਮਿਤ੍ਰਤਾਈ ਦੀ ਲਾਜ ਰੱਖਣੀ, ਦੋਸਤੀ ਨਿਬਾਹੁਣਾ, ਸਜਨਾਈ ਕਰਨਾ।

**ਅੰਗ ਪੂਰਨਾ,** ਕ੍ਰਿ:—'ਅੰਗ ਕਰਨਾ' ਵੇਖੋ, ਚਿੱਤਰਨਾ।

**ਅੰਗ ਭੰਗ ਹੋਣਾ,** ਕ੍ਰਿ: —ਕੋਈ ਅੰਗ ਜਾਂਦਾ ਰਹਿਣਾ, ਲੰਗੜੇ ਹੋ ਜਾਣਾ, ਵਿਗੜ ਜਾਣਾ, ਖਰਾਬ ਹੋ ਜਾਣਾ, ਕੋਈ ਹਿੱਸਾ ਭੱਜ ਜਾਂ ਟੁੱਟ ਪੈਣਾ ॥

**ਅੰਗ ਭੰਗ ਕਰਨਾ,** ਕ੍ਰਿ:—ਕੋਈ ਅੰਗ ਜਾਂ ਹਿੱਸਾ ਵੱਢ ਸੁੱਟਣਾ, ਕਿਸੇ ਚੀਜ ਨੂੰ ਵਿਗਾੜ ਦੇਣਾ।

**ਅੰਗ ਲੱਗਣਾ,** ਕ੍ਰਿ:—ਪਿੰਡੇ ਨਾਲ ਛੋਹਣਾ, ਪਹਿਨੇ ਜਾਣਾ (ਕੱਪੜੇ ਗਹਿਣੇ ਆਦਿਕਾਂ ਦਾ), ਜੱਫੀ ਪੈਣੀ।

**ਅੰਗ ਲਗਾਉਣਾ,** ਕ੍ਰਿ:—ਜੱਫੀ ਪਾਉਣਾ, ਘੁੱਟ ਕੇ ਮਿਲਣਾ, ਕਪੜਾ ਗਹਿਣਾ ਆਦਿਕ ਪਾਉਣਾ, ਆਪਣੇ ਨਾਲ ਮੇਲਣਾ।

**ਅੰਗ ਲਾਉਣਾ,** ਕ੍ਰਿ:—'ਅੰਗ ਲਗਾਉਣਾ' ਵੇਖੋ

**ਅੰਗ ਲੈਣਾ,** ਕ੍ਰਿ: —ਆਪਣਾ ਹਿੱਸਾ ਜਾਂ ਦੱਛਣਾ ਲੈਣਾ (ਬ੍ਰਾਹਮਣਾਂ, ਲਾਂਗੀਆਂ ਆਦਿਕਾਂ ਦਾ) ਗਿਣਨਾ, ਉਂਗਲੀ ਨਾਲ ਦਸਣਾ।

**ਅੰਗਸ,** ਪੁ: ਅੰਕਸ, ਇੱਕ ਲੋਹੇ ਦਾ ਉਜਾਰ ਜੋਹੜਾ ਮਹਾਉਤਾਂ ਦੇ ਹੱਥ ਵਿਚ ਹੁੰਦਾ ਹੈ, (ਉਹਨਾਂ ਦੀਆਂ ਦੋ ਤਿੱਖੀਆਂ ਨੋਕਾਂ ਹੁੰਦੀਆਂ ਹਨ ਅਤੇ ਉਸ ਨਾਲ ਹਾਥੀ ਨੂੰ ਚਲਾਉਂਦੇ ਹਨ।)

Digitized by Panjab Digital Library / www.panjabdigilib.org

**ਅੰਗਸ ਮਾਰਨਾ,** ਕ੍ਰਿ:—ਵੱਸ ਵਿੱਚ ਕਰਨਾ ਆਗਜਾ ਕਾਰ ਬਣਾਉਣਾ।

**ਅਗਸਤ,** ਪੁ:—ਇੱਕ ਕਾਗਤਾਂ ਦਾ ਛਤਰ ਜਿਸ ਨੂੰ ਘੋੜੀ ਤੇ ਚੜ੍ਹੇ ਹੋਏ ਲਾੜੇ ਦੇ ਸਿਰ ਤੇ ਝੁਲਾਉਂਦੇ ਹਨ, ਸਰਗਸਤ ਅਠਵਾਂ ਅੰਗ੍ਰੇਜ਼ੀ ਮਹੀਨਾ। ਇੱਕ ਤਾਰਾ, ਇੱਕ ਮੁਨੀ॥

**ਅਗਣ,** ਸ:—ਅੱਗ ਦਾ ਦੇਉਤਾ, ਅਗ, ਬਸੰਤਰ, ਢਿਡ ਦੀ ਅੱਗ ਜਿਸ ਨਾਲ ਖਾਧਾ ਪੀਤਾ ਪਚਦਾ ਹੈ। ਭੁੱਖ॥

**ਅਗਣ ਹੋਮ**<br>**ਅਗਣ ਹੋਤ੍ਰ** } ਪੁ:—ਅਗ ਵਿਚ ਅਹੂਤੀਆਂ ਪਾਕੇ ਜੋ ਜੱਗ ਕੀਤਾ ਜਾਵੇ। ਅਗਨ ਦੇਉਤਾ ਦੀ ਭੇਟ।

**ਅਗਣ ਕੁੰਡ,** ਪੁ:—ਇੱਕ ਟੋਇਆ ਜਿਸ ਵਿੱਚ ਹੋਮ ਵਾਸਤੇ ਅੱਗ ਬਾਲੀ ਜਾਂਦੀ ਹੈ।

**ਅਗਣ ਬਾਣ,** ਪੁ:—ਇੱਕ ਤਰਾਂ ਦੀ ਅਸਤ ਬਾਜੀ, ਅੱਗ ਵਾਲਾ ਤੀਰ, ਅੱਗ ਸਿੱਟ ਕੇ ਮਾਰਨ ਵਾਲੀ ਕੋਈ ਚੀਜ਼॥

**ਅਗਣ ਬੋਟ,** ਪੁ:—ਭਾਫ ਦੇ ਜੋਰ ਚਲਣ ਵਾਲਾ ਜਹਾਜ॥

**ਅੰਗਣ,** ਪੁ:—ਵੇਹੜਾ, ਸਹਿਨ, ਘਰ ਵਿੱਚ ਜਾਂ ਅਗੇ ਖੁੱਲ੍ਹੀ ਥਾਂ॥

**ਅੰਗਣਾ,** ਕ੍ਰਿ:—ਪਰਖਣਾ, ਪੜਤਾਲ ਕਰਨੀ, ਸਾਬਤ ਕਰਨਾ, ਪਰਤਾਵਾ ਲੈਣਾ, ਪਤਾ ਲਾਉਣਾ, ਅਨਮਾਨ ਕਰਨਾ, ਵਿਚਾਰਨਾ॥

**ਅੰਗਤ ਪੈਣਾ,** ਕ੍ਰਿ:—ਮੰਨਿਆ ਜਾਣਾ, ਪਸੰਦ ਆ ਜਾਣਾ, ਕਬੂਲ ਕੀਤਾ ਜਾਣਾ॥

**ਅਗਦੀਂ**<br>**ਅਗਦੂੰ**<br>**ਅਗਦੋਂ** } ਕ੍ਰਿ: ਵਿ:—ਅੱਗੋਂ ਮਹਰੇ, ਪਹਿਲੇ।

**ਅਗੰਮ,** ਪੁ:—ਆਉਣ ਵਾਲਾ ਸਮਾ, ਗੁੱਝੀ ਗੱਲ, ਕੋਈ ਗੱਲ ਜੋ ਮਲੂਮ ਨਾ ਹੋਵੇ, ਅੱਗੇ ਵਰਤਣ ਵਾਲਾ ਭਾਣਾ, ਭਾਵੀ, ਮਹਾ ਭੇਦ ਦਾ ਬਣਾਇਆ ਹੋਇਆ ਇੱਕ ਸ਼ਾਸਤ੍ਰ, ਜੰਤ੍ਰਾਂ ਮੰਤ੍ਰਾਂ ਦੀ ਪੂਜਾ, ਜਾਦੂ ਆਦਿਕ ਦੀ ਵਿੱਦਿਆ ਦੱਸਣ ਵਾਲਾ ਗ੍ਰੰਥ, ਪਰਵਾਨਾ, ਸਨਦ॥

**ਅਗੰਮ ਗਿਆਨ,** ਪੁ:—ਅੱਗੇ ਹੋਣ ਵਾਲੀ ਅਤੇ ਗੁੱਝੀ ਗਲ ਦਾ ਜਾਣ ਲੈਣਾ।

**ਅਗੰਮ ਗਿਆਨਣ,** ਸ:—ਅਗਲੀ ਗੱਲ ਨੂੰ ਜਾਨਣ ਵਾਲੀ ਤੀਮਤ।

**ਅਗੰਮ ਗਿਆਨੀ,** ਪੁ:—ਅਗਲੀ ਗੱਲ ਨੂੰ ਜਾਨਣ ਵਾਲਾ ਮਰਦ। ਜੋਤਸ਼ੀ।

**ਅਗੰਮ ਦੀ ਖਬਰ ਦੱਸਣੀ (ਦੇਣੀ)** ਕ੍ਰਿ:—ਗੁਝੀ ਗੱਲ ਦਾ ਪਤਾ ਦੇਣਾ।

**ਅਗੰਮ ਦੀ ਖ਼ਬਰ ਲਿਆਉਣੀ** } ਕ੍ਰਿ:—ਅੱਗੇ ਹੋਣ ਵਾਲੀ ਗੱਲ ਦਾ ਪਤਾ ਕੱਢਣਾ॥

**ਅਗੰਮ ਬਕਤਾ**<br>**ਅਗੰਮ ਵਕਤਾ** } ਪੁ:—ਅਗੇ ਹੋਣ ਵਾਲੀਆਂ ਗਲਾਂ ਦੱਸਣ ਵਾਲਾ। ਜੋਤਸ਼ੀ॥

**ਅਗੰਮ ਬਾਚਣਾ**<br>**ਅਗੰਮ ਵਾਚਣਾ** } ਕ੍ਰਿ:—ਅਗੇ ਹੋਣ ਵਾਲੀ ਗਲ ਦੱਸਣਾ॥

**ਅਗੰਮ ਬਿੱਦਿਆ**<br>**ਅਗੰਮ ਵਿੱਦਿਆ** } ਸ:—ਉਹ ਵਿਦਯਾ ਜਿਸ ਨਾਲ ਅੱਗੇ ਹਣ ਵਾਲੀਆਂ ਗਲਾਂ ਦਾ ਪਤਾ ਲੱਗ ਜਾਂਦਾ ਹੈ। ਜੋਤਸ਼॥

**ਅਗਮਾਨ,** ਪੁ:—ਅਗੇ ਜਾਣ ਵਾਲਾ, ਆਗੂ, ਰਾਹ ਵਿਖਾਉਣ ਵਾਲਾ॥

**ਅੰਗਰੱਖਾ,** ਪੁ:—ਅੰਗਾ, ਗੋਡਿਆਂ ਤਕ ਪਹੁੰਚਣ ਵਾਲਾ ਇਕ ਕਪੜਾ ਦਾ ਚੋਗਾ ਜਿਸ ਨੂੰ ਤਣੀਆਂ

Digitized by Panjab Digital Library | www.panjabdigilib.org

ਲੱਗੀਆਂ ਹੋਈਆਂ ਹੁੰਦੀਆਂ ਹਨ, ਅੰਦਰਖਾ।

**ਅਗਰਾਹੁਣਾ,** ਕ੍ਰਿ:—ਰਾਹ ਰੋਕਣਾ, ਰਾਹ ਮਾਰਨਾ, ਆਪਣਾ ਕਰਜਾ ਲੈਣ ਲਈ ਤਗਾਦਾ ਕਰਨਾ, ਪਕੜ ਲੈਣਾ।

**ਅਗਰਾਹੇ ਜਾਣਾ,** ਕ੍ਰਿ:—ਫੜਿਆ ਜਾਣਾ, ਰੋਕਿਆ ਜਾਣਾ, ਕਰਜ਼ੇ ਜਾਂ ਕਿਸੇ ਹੋਰ ਦੁੱਖ ਨਾਲ ਘੇਰਿਆ ਜਾਣਾ।

**ਅੰਗ੍ਰੇਜ਼,** ਪੁ:—ਇੰਗਲੈਂਡ ਦਾ ਰਹਿਣ ਵਾਲਾ, ਫਰੰਗੀ, ਸਾਹਬ॥

**ਅੰਗ੍ਰੇਜ਼ੀ,** ਸ:—ਵਿ:—ਅੰਗ੍ਰੇਜ਼ ਦਾ (ਦੀ), ਅੰਗ੍ਰੇਜ਼ਾਂ ਦੀ ਬੋਲੀ। ਅੰਗ੍ਰੇਜ਼ਾਂ ਦੇ ਦੇਸ਼ ਦਾ॥

**ਅਗਲ ਬਗਲ,** ਕ੍ਰਿ: ਵਿ:—ਇਕ ਪਾਸੇ, ਨੇੜੇ ਕੋਲ, ਲਾਗੇ, ਸੱਜੇ ਖੱਬੇ, ਇੱਧਰ ਉੱਧਰ

**ਅੱਗਲ ਵਾਂਢੀ,** ਕ੍ਰਿ: ਵਿ:—ਅੱਗੋਂ ਹੀ, ਪਹਿਲੋਂ ਹੀ।

**ਅਗਲੇ ਸੁਆਦੋਂ ਜਾਣਾ,** ਕ੍ਰਿ:—ਪਹਿਲੀ ਹਾਲਤ ਥੀਂ ਨਾ ਰਹਿਣੀ।

**ਅਗਲੇ ਵਾਰੇ ਹੋਕੇ ਬਚਣਾ,** ਕ੍ਰਿ:—ਮਰਨ ਦੇ ਨੇੜੇ ਹੋਕੇ ਬਚ ਜਾਣਾ।

**ਅਗਲੇ ਵਾਰੇ ਦਾ,** ਵਿ:—ਪੁਰਾਣਾ॥

**ਅਗਲਾ,** ਵਿ:—ਮੋਹਰਲਾ, ਪਹਿਲਾ, ਸਭ ਤੋਂ ਚੰਗਾ, ਨਵਾਂ, ਪੁਰਾਣਾ, ਪਿਛਲੇ ਸਮੇਂ ਦਾ, ਦੂਆ, ਹੋਰ॥

**ਅੰਗਲੀ ਪ੍ਰਸੰਗਲੀ,** ਸ:-ਸਾਕਾਂ ਵਿੱਚ ਸਾਕ।

**ਅਗਲੇ,** ਪੁ-(ਬਹੁ ਬਚਨ)-ਅੱਗੇ ਹੋਣ ਵਾਲੇ ਲੋਕ, ਅਗਲਾ ਪੋਚ॥

**ਅਗਲਾ ਸਿਰਾ ਵੇਖਣਾ,** ਕ੍ਰਿ:-ਨਵੇਂ ਮਨੁੱਖਾਂ ਨਾਲ ਵਰਤਣਾ॥

**ਅਗਲਾ ਪੋਚ (ਸ)** }
**ਅਗਲਾ ਮੂੰਹ** } ਪੁ:-ਅੱਗੇ ਹੋਣ ਵਾਲੇ ਲੋਕ, ਜੋ ਹੁਣ ਅਞਾਣੇ ਹਨ ਸਮਾ ਪਾਕੇ ਸਿਆਣੇ ਹਣਗੇ।

**ਅਗਲੇਰਾ,** ਵਿ:-ਅਗਲਾ (ਮਹੀਨਾ)। ਅਗਲੇ ਤੋਂ ਅਗਲਾ, ਹੋਰ, ਵਧੀਕ

**ਅਗਲੇਰੀ,** ਵਿ:-ਅਗਲੀ, ਹੋਰ, ਵਧੀਕ।

**ਅਗਵਾਹੀ** }
**ਅਗਵਾਨ** } ਪੁ:-ਅੱਗੇ ਚੱਲਣ ਵਾਲਾ, ਆਗੂ, ਰਾਹ ਵਿਖਾਉਣ ਵਾਲਾ।

**ਅਗਵਾਨੀ,** ਸ:-ਆਗੂ ਪੁਣਾ, ਅਗਵਾਨ ਦਾ ਕੰਮ, ਅੱਗੇ ਲਗਣਾ॥

**ਅਗਵਾੜਾ,** ਪੁ- }
**ਅਗਵਾੜੀ,** ਸ:- } ਅਗਲਾ ਪਾਸਾ, ਸਾਮ੍ਹਣਾ ਪਾਸਾ, ਘਰ ਦੇ ਸਾਮ੍ਹਣੇ ਖੁੱਲ੍ਹੀ ਥਾਂ ਅਗਲਾ ਹਿਸਾ, ਆਗੂ, ਅੱਗੇ ਚਲਣ ਵਾਲਾ।

**ਅਗਵਾੜੀ ਭੰਨਣੀ** }
**ਅਗਵਾੜੀ ਲੈਣੀ** } ਕ੍ਰਿ:—ਦੰਦ ਵਿਖਾਉਣੇ (ਚਿੜੇ ਵਾਙੂੰ), ਕੰਡੀਆਂ ਵੱਟਣੀ, ਉਬਾਸੀ ਲੈਣੀ, ਮੂੰਹ ਅੱਡਣਾ

**ਅੱਗੜ ਪਿੱਛੜ,** ਕ੍ਰਿ:-ਵਿ:—ਅੱਗੇ ਅਤੇ ਪਿੱਛੇ, ਇੱਕ ਦੂਜੇ ਦੇ ਮਗਰ।

**ਅਗੜ ਬਗੜ,** ਪੁ:—ਨਕਾਰਾ ਮੋਹਾ ਕੰਮ, ਹੋਛੀਆਂ ਗੱਲਾਂ, ਕੂੜਾ ਕਰਕਟ, ਘਾਹ ਫੂਸ, ਗੜ ਬੜ

ਵਿ:—ਮਿਲਿਆ ਜੁਲਿਆ, ਗੜ ਬੜ, ਉਲਟਾ ਪੁਲਟਾ।

**ਅਗੜਮ ਬਗੜਮ**—'ਅਗੜ ਬਗੜ' ਵੇਖੋ॥

Digitized by Panjab Digital Library | www.panjabdigilib.org

**ਅੱਗਾ,** ਪੁ:—ਸਾਮ੍ਹਣਾ ਪਾਸਾ, ਅਗਲਾ ਹਿਸਾ, ਘਰ ਦੇ ਸਾਮ੍ਹਣੇ ਦੀ ਥਾਂ, ਸਰੀਰ ਦਾ ਅਗਲਾ ਹਿੱਸਾ, ਪਹਿਲਾ ਹੱਲਾ, ਆਉਣ ਵਾਲਾ ਸਮਾ ਮਰਨ ਬਾਦ ਦਾ ਸਮਾ ਆਇਗਾ, ਪਰਲੋਕ।

**ਅੱਗਾ ਢਕਣਾ,** ਕ੍ਰਿ:—ਸਰੀਰ ਦਾ ਅਗਲਾ ਹਿੱਸਾ ਕੱਜ ਲੈਣਾ, ਹਯਾ ਕਰਨਾ।

**ਅੱਗਾ ਡੱਗਾ,** ਪੁ:—ਅਗਲਾ ਜਾ ਉੱਪਰਲਾ ਕੰਮ॥

**ਅੱਗਾ ਤੇਰਾ ਤੇ ਪਿੱਛਾ ਮੇਰਾ,** ਤੂੰ ਮੇਰਾ ਆਗੂ ਬਣ ਜਿਵੇਂ ਤੂੰ ਕਰੇਂਗਾ ਤਿਵੇਂ ਮੈਂ ਕਰਾਂਗਾ।

**ਅੱਗਾ ਪਿੱਛਾ,** ਪੁ:—ਸਰੀਰ ਦਾ ਅਗਲਾ ਤੇ ਪਿਛਲਾ ਹਿੱਸਾ, ਕਿਸੇ ਪਾਉਣ ਵਾਲੇ ਕੱਪੜੇ ਦਾ ਅਗਾੜ [illegible] ਪਹਿਲਾ ਹਸ [illegible] ਤੌਕਰ ਜਿਨਾ [illegible] ਸਾਮ੍ਹੇ ਨੂੰ [illegible] ਲੱਗੇ।

**ਅੱਗਾ ਪਿੱਛਾ ਸੋਚਣਾ,** ਕ੍ਰਿ: [illegible] ਕਰਨਾ, ਕੰਮ [illegible] ਸੋਚ ਲੈਣਾ ਕਿ ਇਹ ਦਾ [illegible] ਕੀ ਫਲ ਹੋਵੇਗਾ

**ਅੱਗਾ ਪਿੱਛਾ ਲੇਖਣਾ, ਅੱਗਾ ਪਿੱਛਾ ਵੇਖਣਾ,** ਕ੍ਰਿ: ਅੱਗੇ ਵਲ ਤੇ ਪਿਛ੍ਹੇ ਨੂੰ [illegible], [illegible] ਜਾਣਾ, ਸਬ ਤਰ੍ਹਾਂ ਦੀ ਵਿਚਾਰ ਕਰ ਲੈਣੀ, ਹਰ ਗੱਲ ਨੂੰ ਸੋਚ ਸਮਝ ਲੈਣਾ, ਚੁਫੇਰੇ ਨਜ਼ਰ ਮਾਰ ਲੈਣੀ, ਸੰਭੀ ਰਖਣੀ, ਸੁਚੇਤ ਰਹਿਣਾ॥

**ਅੱਗਾ ਭਾਰੀ ਹੋਣਾ,** ਕ੍ਰਿ:—ਗੰਭਲ ਹੋਣਾ, ਪਾਪ ਕਰਕੇ ਨਰਕ ਦਾ ਅਧਕਾਰੀ ਹੋਣਾ॥

**ਅੱਗਾ ਭਾਰੀ ਕਰਨਾ,** ਕ੍ਰਿ:—ਪਾਪ ਕਰਨੇ।

**ਅੱਗਾ ਮਾਰਨਾ,** ਕ੍ਰਿ:—ਅੱਗੋਂ ਦੀ ਕਿਸੇ ਉੱਤੇ ਜਾ ਪੈਣਾ ਜਾਂ ਹੱਲਾ ਕਰਨਾ॥

**ਅੱਗਾ ਮਾਰਿਆ ਜਾਣਾ,** ਕ੍ਰਿ:—ਔਤ ਜਾਣਾ, ਅੱਗੇ ਵੰਸ ਨ ਵਧਣਾ॥

**ਅੱਗਾ ਦੌੜ ਪਿੱਛਾ ਚੌੜ,** ਅਗੇ ਵਧਦੇ ਜਾਣਾ ਤੇ ਪਿਛਲਾ ਕੰਮ [illegible] ਜਾਣਾ, ਜਿਨੀ ਕਾਹਲੀ ਕਰਨੀ ਓਨਾ ਹੀ [illegible] ਹੋਲੀ ਹੋਣਾ॥

**ਅੰਗਾ,** ਪੁ:—'ਅੰਗਰਖਾ' ਵੇਖੋ॥

**ਅਗਾੜ੍ਹੀ,** ਵਿ: ਅਗੇਤਰਾ, ਚੀਜ਼ ਲੈਣ ਤੋਂ ਪਹਿਲਾ [illegible]

**ਅਗਾਸ,** ਪੁ: 'ਅਕਾਸ਼' [illegible]

**ਅਗਾਂਹ, ਅਗਾਹਾਂ,** ਕ੍ਰਿ: ਵਿ:—ਅਗੇ, ਅਗਲੇ ਪਾਸੇ ਵਧਕੇ, ਸਾਮ੍ਹਣੇ॥

**ਅਗਾਧ,** ਵਿ:—ਅਥਾਹ, ਬੜਾ ਡੂੰਘਾ, ਜਿਸ ਦਾ ਪਾਰ ਨ ਪਾਇਆ ਜਾਏ, ਬੇ ਅੰਤ, ਪਰਮੇਸ਼ਰ।

**ਅਗਾਧ ਗਤੀ,** ਸ:—ਅਜੇਹੀ ਚਾਲ ਜਾ ਰਵਈਯਾ ਜਿਸ ਦਾ ਪਤਾ ਕਿਸ ਨੂੰ ਨਾ ਲੱਗੇ॥

**ਅਗਾੜੀ,** ਸ:—ਘੋੜੇ ਦਾ ਸਿਰ, ਜਾਂ ਅਗਲੇ ਪੈਰਾਂ ਨੂੰ ਬੰਨ੍ਹਣ ਵਾਲਾ ਰੱਸਾ ਜਾਂ [illegible], ਅਗਲਾ [illegible] ਪੈਰ [illegible]

**ਅਗਾੜੀ ਦੇਣਾ,** ਕ੍ਰਿ: [illegible] ਨੂੰ ਨਗਾਰ ਲਾਉਣਾ।

**ਅਗਾੜੀ ਪਿਛਾੜੀ,** ਸ:—ਘੋੜੇ ਦੇ ਅਗਲੇ ਤੇ ਪਿਛਲੇ ਪੈਰ ਬੰਨ੍ਹਣ ਵਾਲਾ ਰੱਸਾ

**ਅੱਗਿਓਂ,** ਕ੍ਰਿ: ਵਿ:—'ਅੱਗੋਂ' ਵੇਖੋ॥

**ਅਗਿਆਤ,** ਵਿ:—ਜੋ ਮਲੂਮ ਨਾ ਹੋਵੇ ਜਿਸ ਦਾ ਪਤਾ ਨਹੀਂ।

**ਅਗਿਆਨ,** ਪੁ:—ਮੂਰਖਤਾਈ, ਨਾਂ ਜਾਨਣਾ, ਪਰਮੇਸ਼ਰ ਨੂੰ ਨਾ ਪਛਾਨਣਾ।

Digitized by Panjab Digital Library | www.panjabdigilib.org

**ਅਗਿਆਨਤਾਈ,** ਸਃ—'ਅਗਿਆਨ' ਵੇਖੋ ॥

**ਅਗਿਆਨਣ,** ਸਃ -ਮੂਰਖ ਜਾਂ ਜਾਹਲ ਤ੍ਰੀਮਤ, ਪਰਮੇਸ਼ਰ ਨੂੰ ਨਾ ਜਾਨਣ ਵਾਲੀ ਤ੍ਰੀਮਤ।

ਵਿਃ—ਮੂਰਖ, ਬੇ ਸਮਝ

**ਅਗਿਆਨ ਪੁਣਾ,** ਪੁਃ 'ਅਗਿਆਨ' ਵੇਖੋ।

**ਅਗਿਆਨੀ,** ਪੁਃ -ਮੂਰਖ, ਜਾਹਲ ਮਰਦ, ਪਰਮੇਸ਼ਰ ਨੂੰ ਨਾ ਜਾਨਣ ਵਾਲਾ ॥

ਵਿਃ-ਮੂਰਖ, ਬੇ ਸਮਝ ॥

**ਅੰਗਿਆਰ / ਅੰਗਿਆਰਾ** ਪੁਃ ਭਖਦਾ ਕੋਲਾ, ਇੱਕ ਤਰਾਂ ਦਾ ਛਾਲਾ ॥

**ਅੰਗਿਆਰ ਵਰ੍ਹਣਾ,** ਕ੍ਰਿਃ ਬੜੀ ਗਰਮੀ ਹੋਣੀ।

**ਅੰਗਿਆਰੀ,** ਸਃ—ਨਿੱਕਾ ਜੇਹਾ ਭਖਦਾ ਕੋਲਾ ॥

**ਅੰਗਿਆਰੀ ਵਰਨ,** ਵਿਃ—ਅੱਗ ਵਾਂਗਰ ਲਾਲ

**ਅੰਗੀ,** ਸਃ—ਤ੍ਰੀਮਤਾਂ ਦੇ ਪਾਉਣ ਵਾਲਾ ਛੋਟਾ ਜਿਹਾ ਕਪੜਾ ਜਿਸ ਨਾਲ ਛਾਤੀ ਢੱਕੀ ਰਹਿੰਦੀ ਹੈ, ਚੋਲਾ

ਪੁਃ—ਫਾ ਸਃ—ਸਾਕ, ਸਰਬੰਧੀ, ਖ਼ਿਆਲ, ਸਾਥੀ, ਸਜਣ, ਸੰਗੀ

**ਅੰਗੀਕਾਰ,** ਪੁਃ-ਮੰਨ ਲੈਣਾ, ਮਨਜ਼ੂਰੀ, ਰਜ਼ਾ, ਕਬੂਲਦਾਈ, ਪਸੰਦ ।

**ਅੰਗੀਕਾਰੀ,** ਸਃ—ਖ਼ਿਆਲੀ, ਸੰਗ, ਸਾਕ ਸਰਬੰਧ ।

**ਅੰਗੀਠਾ,** ਪੁਃ—ਇੱਕ ਲੋਹੇ ਜਾਂ ਮਿੱਟੀ ਦਾ ਵੱਡਾ ਭਾਂਡਾ ਜਿਸ ਵਿੱਚ ਅੱਗ ਭਖਾਉਂਦੇ ਹਨ । ਅੱਗ ਬਾਲਣ ਵਾਲੀ ਥਾਂ । ਚਿਤਾ । ਚਿਖਾ (ਸਿਖਾਂ ਦਾ ਬਲਾ)।

**ਅੰਗੀਠੀ,** ਸਃ—ਨਿੱਕਾ ਅੰਗੀਠਾ, ਅਗ ਬਾਲਣ ਵਾਲੀ ਥਾਂ, ਚੁੱਲ੍ਹਾ, ਧੂ ਅਸ਼ ।

**ਅੰਗੁਸ਼,** ਪੁਃ—'ਅੰਗਸ' ਵੇਖੋ

**ਅੰਗੁਲ / ਅੰਗੁਲੀ** ਸਃ 'ਉਂਗਲ' 'ਉਂਗਲੀ' ਵੇਖੋ ॥

**ਅੰਗੂਠ / ਅੰਗੂਠਾ** ਪੁਃ ਹਥਾਂ ਜਾਂ ਪੈਰਾਂ ਦੀ ਮੋਹਰਲੀ ਮੋਟੀ ਉਂਗਲੀ ।

**ਅੰਗੂਠਾ ਚੁੰਮਣਾ,** ਕ੍ਰਿਃ—ਖੁਸ਼ਾਮਦ ਕਰਨਾ ॥

**ਅੰਗੂਠਾ ਦਖਾਉਣਾ / ਅੰਗੂਠਾ ਵਖਾਲਣਾ** ਕ੍ਰਿਃ—ਧਮਕੀ ਦੇਣੀ, ਤੁੱਛ ਜਾਨਣਾ, ਮਖੌਲ ਕਰਨਾ, ਜਿਸ ਮੂੰਹੋਂ ਨਾਂਹ ਕਰ ਦੇਣੀ, ਬੁਰੇ ਕੰਮ ਦੀ ਸੈਨਤ ਕਰਨੀ ॥

**ਅੰਗੂਠੜਾ,** ਪੁਃ -ਪੈਰ ਦੇ ਅੰਗੂਠੇ ਵਿੱਚ ਪਾਉਣ ਵਾਲ ਚਾਂਦੀ ਆਦਿਕ ਦਾ ਛਲਾ ॥

**ਅੰਗੂਠੀ,** ਸਃ—ਅੰਗੂਠੇ ਜਾਂ ਉਂਗਲੀ ਵਿਚ ਪਾਉਣ ਦੀ ਮੁੰਦਰੀ ਛਾਪ ।

**ਅੰਗੂਰ / ਅੰਗੂਰ** ਪੁਃ- ਮੇਵੀ ਦਾਖ, ਫੋੜੇ ਦਾ ਖਰੀਂਢ, ਜ਼ਖਮ ਦੇ ਭਰਨ ਦੀ ਹਾਲਤ ॥

**ਅੰਗੂਰ ਆਉਣਾ,** ਕ੍ਰਿਃ—ਘਾਉ ਭਰ ਜਾਣਾ, ਜ਼ਖਮ ਮਿਲ ਜਾਣਾ।

**ਅੰਗੂਰੀ,** ਸਃ—ਘਾਹ ਜਾਂ ਅਨਾਜ ਦੀਆਂ ਨਵੀਆਂ ਪੱਤੀਆਂ ਜੋ ਧਰਤੀ ਵਿੱਚੋਂ ਨਵੀਆਂ ਫੁੱਟੀਆਂ ਹੋਣ, ਫੁੱਲ ਦੀ ਕਲੀ ॥

ਵਿਃ—ਅੰਗੂਰਾਂ ਵਾਲਾ, ਅੰਗੂਰਾਂ ਦਾ ॥

**ਅੰਗੂਰੀ ਸ਼ਰਾਬ,** ਸਃ—ਅੰਗੂਰਾਂ ਤੋਂ ਕੱਢੀ ਹੋਈ ਸ਼ਰਾਬ ॥

**ਅੰਗੂਰੀ ਸਿਰਕਾ,** ਪੁਃ—ਅੰਗੂਰਾਂ ਦੇ ਰਸ ਦਾ ਬਣਿਆ ਹੋਇਆ ਸਿਰਕਾ ॥

Digitized by Panjab Digital Library | www.panjabdigilib.org

**ਅੰਗੂਰੀ ਬਾਗ,** ਪੁ:-ਅੰਗੂਰਾਂ ਦਾ ਬਾਗ।

**ਅੰਗੂਰੀ ਰੰਗ,** ਪੁ:-ਅੰਗੂਰ ਵਰਗਾ ਰੰਗ।

**ਅੱਗੇ,** ਕ੍ਰਿ:-ਵਿ:-ਪਹਿਲੇ, ਮੋਹਰੇ, ਸਾਮ੍ਹਣੇ (ਕਿਸੇ ਦੇ) ਵੇਖਦਿਆਂ, ਮੂੰਹ ਤੇ, ਵੇਲੇ, ਪਰੇ, ਵਧਕੇ ਹੋਰ, ਦੂਜੇ ਥਾਂ ਜਾਂ ਵਲੇ, ਉੱਤੇ, ਮਗਰੋਂ, ਉਸ ਤੋਂ, ਪਹਿਲਾਂ ਹੀ॥

ਅਵ:-ਪਰੇ, ਪਾਰ, ਓਧਰ।

**ਅੱਗੇ ਅੱਗੇ,** ਕ੍ਰਿ: ਵਿ:-ਅਗਾਹਾਂ, ਮੋਹਰੇ, ਕਝ ਸਮਾਂ ਪਾ ਕੇ, ਇਸ ਤੋਂ ਉਪਰੰਤ, ਥੋੜ੍ਹੇ ਚਿਰ ਪਿੱਛੋਂ।

**ਅੱਗੇ ਆਉਣਾ,** ਕ੍ਰਿ:-ਅਗਾਹਾਂ ਨੂੰ ਆ ਜਾਣਾ, ਦਿੱਸਣ ਲਗ ਪੈਣਾ, ਵਧਣਾ, ਨੇੜੇ ਪੁੱਜਣਾ, ਸਾਮ੍ਹਣਾ ਕਰਨਾ, (ਕਿਸੇ ਨਾਲ) ਲੜਨਾ ਚਾਹੁਣਾ, ਦਖਲ ਦੇਣਾ, ਹੋ ਜਾਣਾ, ਭਾਣਾ ਵਰਤ ਜਾਣਾ, ਕੀਤੇ ਦਾ ਫਲ ਮਿਲਣਾ, ਪਰਗਟ ਹੋਣਾ, ਮਲੂਮ ਹੋ ਜਾਣਾ।

**ਅੱਗੇ ਸੁੱਟ ਲੈਣਾ,** ਕ੍ਰਿ: ਸਾਮ੍ਹਣੇ ਰੱਖ ਲੈਣਾ, ਕਾਬੂ ਕਰ ਲੈਣਾ, ਹੇਠਾਂ ਪਾ ਲੈਣਾ।

**ਅੱਗੇ ਹੋਣਾ,** ਕ੍ਰਿ:-ਅਗਾਹਾਂ ਚਲੇ ਜਾਣਾ, ਵਧਣਾ।

**ਅੱਗੇ ਕਰਨਾ,** ਕ੍ਰਿ:-ਸਾਮ੍ਹਣੇ ਲਿਆਉਣਾ, ਪੇਸ਼ ਕਰਨਾ, ਸੁਗਾਤ ਦੇਣੀ, ਵਧਾਉਣਾ, ਭੇਜਣਾ, ਵਿਖਾਲਣਾ, ਪਰਗਟ ਕਰਨਾ।

**ਅੱਗੇ ਚਲਣਾ,** ਕ੍ਰਿ:-ਵਕਤੋਂ ਪਹਿਲੇ ਹੀ ਕੰਮ ਕਰਨ ਲੱਗ ਜਾਣਾ।

**ਅੱਗੇ ਤੋਂ ਹਟਣਾ,** ਕ੍ਰਿ: ਪਿਛਾਂਹ ਚਲੇ ਜਾਣਾ, ਰਸਤਾ ਛੱਡ ਦੇਣਾ।

**ਅੱਗੇ ਦੌੜਨਾ,** ਕ੍ਰਿ:-'ਅੱਗੇ ਚਲਣਾ' ਵੇਖ।

**ਅੱਗੇ ਧਰ ਲੈਣਾ,** ਕ੍ਰਿ:-ਮੋਹਰੇ ਲਾ ਦੇਣਾ, ਅੱਖਾਂ ਅੱਗੇ ਰੱਖਣਾ, ਅਗਾਹਾਂ ਕਰਨਾ, ਪਹਿਲੇ ਲੰਘਾ ਦੇਣਾ (ਹੋਰਨਾਂ ਨੂੰ ਪਿੱਛੇ ਛੱਡ ਕੇ)॥

**ਅੱਗੇ ਨਿਕਲ ਜਾਣਾ, ਅੱਗੇ ਨਿਕਲਣਾ,** ਕ੍ਰਿ:-ਦੂਸਰੇ ਨੂੰ ਪਿੱਛੇ ਛੱਡ ਕੇ ਅੱਗੇ ਵਧ ਜਾਣਾ॥

**ਅੱਗੇ ਪੈਣਾ,** ਕ੍ਰਿ:-ਅਧੀਨਗੀ ਕਰਨੀ, ਹਾਰ ਮੰਨਣੀ॥

**ਅੱਗੇ ਪਿੱਛੇ,** ਕ੍ਰਿ: ਵਿ:-ਇੱਕ ਦੇ ਮਗਰ ਦੂਆ, ਵਾਰੀ ਵਾਰੀ, ਇੱਕ ਕਤਾਰ ਵਿਚ ਪਾਲ ਦੀ ਪਾਲ, ਸਾਮ੍ਹਣੇ ਤੇ ਮਗਰੋਂ, ਦੋਹੀਂ ਪਾਸੀਂ ਇਧਰ ਉੱਧਰ, ਨੇੜੇ, ਪਿੱਠ ਪਿੱਛੇ, ਮੁੜ॥

**ਅੱਗੇ ਪਿੱਛੇ ਚੱਲਣਾ,** ਕ੍ਰਿ: ਇਕ ਦਾ ਦੂਜੇ ਦੇ ਮਗਰ ਲੱਗ ਕੇ ਚੱਲਣਾ, ਇੱਕ ਪਾਲ ਬੰਨ੍ਹ ਕੇ ਟੁਰਨਾ॥

**ਅੱਗੇ ਪਿੱਛੇ ਦੀ ਮੱਤ,** ਸ:-ਸਦਾ ਚੇਤੇ ਰੱਖਣ ਵਾਲੀ ਨਸੀਹਤ॥

**ਅੱਗੇ ਬੋਲਣਾ,** ਕ੍ਰਿ:-ਵੱਡੇ ਨੂੰ ਬੇ ਅਦਬੀ ਦੇ ਬਚਨ ਕਹਿਣੇ॥

**ਅੱਗੇ ਰੱਖਣਾ,** ਕ੍ਰਿ:-'ਅੱਗੇ ਸੁੱਟ ਲੈਣਾ' ਵੇਖੋ।

**ਅੱਗੇ ਲੱਗ ਚਲਣਾ,** ਕ੍ਰਿ:-ਅਗਾਹਾਂ ਟੁਰ ਪੈਣਾ, ਕਿਸੇ ਕੋਲੋਂ ਹਾਰ ਜਾਣਾ॥

**ਅੱਗੇ ਲਾਉਣਾ,** ਕ੍ਰਿ:-ਹਿਕਣਾ, ਅੱਗੇ ਵਧਾਉਣਾ, ਮੋਹਰੇ ਕਰਨਾ।

**ਅੱਗੇ ਵਧ ਜਾਣਾ, ਅੱਗੇ ਵਧਣਾ,** ਕ੍ਰਿ:-ਅਗਾਂਹ ਲੰਘ ਜਾਣਾ, ਅੱਗੇ ਟੁਰ ਪੈਣਾ, ਕਿਸੇ ਨੂੰ ਮਿਲਕੇ ਲਿਆਉਣ ਲਈ ਅਗਾਹਾਂ ਜਾਣਾ, ਦੂਜੇ ਨੂੰ ਪਿੱਛੇ ਛਡਕੇ ਆਪ ਮੂਹਰੇ ਹੋ ਜਾਣਾ, ਲੜਨ ਲਈ ਆਉਣਾ॥

**ਅੱਗੋਂ ਵੇਖ ਕੇ ਚੱਲਣਾ,** ਕ੍ਰਿ:-ਅੱਗੋਂ ਦੇਖ ਦੇਖ ਕੇ ਟੁਰਨਾ, ਅੱਖਾਂ ਖੋਲ੍ਹ ਕੇ ਚਲਣਾ, ਸੋਝੀ ਰੱਖਣੀ।

Digitized by Panjab Digital Library | www.panjabdigilib.org

**ਅੱਗੇ ਵੇੱਖਣਾ,** ਕ੍ਰਿ: ਸਾਮ੍ਹਣੇ ਤੱਕਣਾ, ਅੱਖਾਂ ਖੁਲ੍ਹੀਆਂ ਰੱਖਣੀਆਂ, ਸੋਝੀ ਰੱਖਣੀ, ਆਉਣ ਵਾਲੇ ਸਮੇ ਦਾ ਵਿਚਾਰ ਕਰਨਾ।

**ਅਗੇਰ,** ਕ੍ਰਿ:-ਵਿ:—ਅੱਗੇ ਵਲ, ਅਗਾਂਹ, ਸਭ ਤੋਂ ਮੋਹਰੇ॥

**ਅਗੇਰ ਹੋ ਹੋ ਪੈਣਾ ( ਬਹਿਣਾ ),** ਕ੍ਰਿ:-ਆਪੇ ਹੀ ਵੱਡਾ ਬਨਣਾ

**ਅੰਗੇਜਣਾ,** ਕ੍ਰਿ:—ਲੁਕਾਉਣਾ, ਛੁਪਾਉਣਾ॥

**ਅਗੇਤ,** ਸ:—ਠੀਕ ਵੇਲੇ ਤੋਂ ਪਹਿਲਾਂ ਹੀ ਕੋਈ ਕੰਮ ਕਰਨਾ।

**ਅਗੇਤਰਾ, ਅਗੇਤਾ** } ਵਿ:-ਠੀਕ ਵੇਲੇ ਤੋਂ ਪਹਿਲਾਂ ਹੀ [illegible] ਬਹਾਰ ਤੇ ਆ[illegible] [illegible] ਫਲ ਆਦਿਕ)। ਜਿਸ ਦਾ ਅਜੇ ਵੇਲਾ ਨਹੀਂ ਆਇਆ॥

**ਅਗੇੜ੍ਹਾ ਪਛੇੜ੍ਹਾ,** ਪੁ:- **ਅਗੇੜ੍ਹੀ ਪਛੇੜ੍ਹੀ,** ਸ: } ਵਿ:—ਅੱਗੇ [illegible] ਹੋਣ ਵਾਲਾ [illegible],

**ਅਗੇਰੇ,** ਕ੍ਰਿ: ਵਿ:—ਅੱਗੇ, ਸਾਮ੍ਹਣੇ॥

**ਅਗੇੜੇ ਪਿਛੇਤ,** ਕ੍ਰਿ: ਵਿ:— ਅੱਗੜ ਪਿੱਛੜ' ਜਾਂ 'ਅਗੇ ਪਿਛੇ' ਵੇਖੋ॥

**ਅੱਗੋਂ,** ਕ੍ਰਿ:-ਵਿ:—ਪਹਿਲਾਂ, ਪਹਿਲਾਂ ਹੀ, ਅੱਗੇ ਹੀ, ਅੱਗੇ ਤੋਂ॥

**ਅੱਗੋਂ ਪਿੱਛੋਂ,** ਕ੍ਰਿ:-ਵਿ:—ਪਹਿਲੇ ਅਤੇ ਪਿੱਛੇ ਅਰਥਾਤ ਸਦਾ, ਹਰ ਵੇਲੇ

**ਅਗੋਚਰ,** ਵਿ:—ਜੋ ਦੇਖਿਆ ਸੁਣਿਆ ਜਾਣਿਆ ਨਾ ਜਾ ਸੱਕੇ, ਜੋ ਕਿਸੇ [illegible] ਤਰਾ ਨ ਹਵੇ ਪਰਮੇਸ਼ਰ

**ਅਗੋਛਾ, ਅੰਗੋਛਾ** } ਪੁ:—ਪਰਨਾ, ਤੌਲੀਆ, ਰੁਮਾਲ, ਛਿਲਕਾਂ ਵਾਲੀ ਚਾਦਰ।

**ਅਗੋਲਣਾ,** ਕ੍ਰਿ:—ਕਿਸੇ ਦੀ ਰਾਖੀ ਕਰਨੀ, ਸੋਝੀ ਰਖਣੀ, ਧਿਆਨ ਰੱਖਣਾ॥

**ਅਘਣ,** ਵਿ:-ਨਾ ਘੜਿਆ ਹੋਇਆ, ਖੁਰਦਰਾ, ਕੋਹਜਾ, ਅਣਸਿਖ, ਅਲ੍ਹੜ, ਜਾਂਗਲੀ॥

**ਅਘੜਣ,** ਸ: —ਵਡੇ ਜਿਗਰੇ ਵਾਲੀ ਤੀਵੀਂ, ਆਪਣਾ ਮਾਣ ਰੱਖਣ ਵਾਲੀ ਤ੍ਰੀਮਤ॥

**ਅਘੜ ਪਣਾ,** ਪੁ: ਵੱਡਾ ਜਿਗਰਾ, ਆਪਣੀ ਇੱਜ਼ਤ ਦਾ ਬਹੁਤ ਖਿਆਲ ਕਰਨਾ, ਢਿਠਾਈ, ਮੂਰਖਤਾਈ।

**ਅਘੜਾ ਦੁਘੜਾ,** ਵਿ:—ਭੈੜਾ, ਕੋਹਜਾ, ਕੁਝ ਕੁਝ ਖੁਰਦਰਾ॥

**ਅਘੜੀ,** ਪੁ:—ਵੱਡੇ ਜਿਗਰੇ ਵਾਲਾ ਮਰਦ, ਦਲੇਰ ਜਵਾਨ, ਆਪਣੀ ਇੱਜ਼ਤ ਦਾ ਖਿਆਲ ਰੱਖਣ ਵਾਲਾ ਮਨੁੱਖ

**ਅਘੋਰ ਪੰਥ,** ਪੁ: [illegible] ਵਾਲੇ ਜੋਗੀਆਂ ਜਾਂ ਫਕੀਰਾਂ ਦਾ ਇਕ ਪੰਥ ਜੋ ਸਭ ਕੁਝ ਖਾ ਜਾਂਦੇ ਹਨ ਅਤੇ ਮਨੁੱਖ ਦੀ ਲੋਥ ਭੀ ਨਹੀਂ ਛਡਦੇ, ਗੰਦੀ ਭੈੜੀ ਖਾਣ ਵਾਲਾ ਆਦਮੀ ਮੈਲ ਕੁਚੈਲਾ ਮਨੁੱਖ।

**ਅਘੋਰ ਪੰਥੀ,** ਪੁ:—ਅਘੋਰ ਪੰਥ ਪੁਰ ਚੱਲਣ ਵਾਲਾ, ਅਘੋਰੀ, ਸਰਭੰਗੀ, ਸਰਬ ਭੱਖੀ।

**ਅਘੋਰੀ,** ਪੁ:—'ਅਘੋਰ ਪੰਥੀ' ਦੇਖੋ

**ਅਚੱਲ,** ਵਿ:—ਜੋ ਹਿਲਾਇਆ ਨ ਹਿੱਲੇ, ਜੋ ਚੇਲ ਨਾ ਹੋ ਸੱਕੇ, ਸਮਰਥ, ਖੁਰਦਰਾ, ਨਮਜ਼ਾ ਬੁੱਧ, ਅਣਜੋਖ, [illegible]॥

**ਅਚੁਣੋ ਦੇਣੀ,** [illegible] ਅਚਾਨਕ ਚੱਕ, [illegible] ਪਣੀ ਮਰਜੀ ਤੋਂ ਬਿਨਾ॥

Digitized by Panjab Digital Library | www.panjabdigilib.org

**ਅਚੰਭਾ,** ਪੁ:—ਹਰਾਨੀ, ਅਚਰਜ ਦੀ ਗੱਲ, ਅਨੋਖੀ ਚੀਜ਼, ਅਜਬ ਸ਼ੈ

ਵਿ:—ਅਚਰਜ ਦਾ, ਅਨੋਖਾ,

**ਅਚਰਜ,** ਪੁ:—ਹੈਰਾਨੀ, ਅਚੰਭਾ, ਕਰਾਮਾਤ, ਅਜਿਹੀ ਗੱਲ ਜਿਹੜੀ ਕਦੇ ਨ ਹੋਈ ਹੋਵੇ, ਅਨੋਖੀ ਚੀਜ਼

ਵਿ:—ਅਨੋਖਾ, ਅਜਬ, ਅਦਭੁਤ

**ਅਚਰ,** ਵਿ:—ਥਿਰ, ਜੋ ਹਿੱਲੇ ਨਾ, ਜਿਸ ਵਿੱਚ ਜਿੰਦ ਨਹੀਂ ਹੈ।

**ਅਚਰਨ,** ਪੁ:—'ਅਚਾਰ' ਵੇਖੋ

**ਅਚੱਲ,** ਵਿ:—ਜੋ ਹਿੱਲੇ ਨਾ, ਥਿਰ, ਕਾਇਮ, ਪੱਕਾ, ਜੋ ਜਮਿਆ ਹੋਇਆ, ਟਿਕਿਆ ਹੋਇਆ, ਗਾਡਿਆ ਹੋਇਆ॥

ਪੁ:—ਪਹਾੜ (ਜਿਵੇਂ ਹਿਮਾਚਲ)

**ਅੰਚਲਾ,** ਪੁ:—ਕੱਪੜੇ ਦਾ ਸਿਰਾ, ਜੋਗੀਆਂ ਦੀ ਚਾਦਰ।

**ਅੱਚਵੀ,** ਸ:—ਹੱਥਾਂ ਪੈਰਾਂ ਦਾ ਖੁੱਸਣਾ, ਬਿਆਕੁਲ ਹੋਣਾ, ਬੇਚੈਨੀ,

**ਅਚਾਣਕ** / **ਅਚਾਣ ਚੱਕ** } ਕ੍ਰਿ:, ਵਿ:—'ਅਚਣ ਚੇਤ' ਵੇਖੋ

**ਅਚਾਰ,** ਪੁ:—ਚੱਲਣ, ਰਹਿਤ ਬਹਿਤ, ਲੱਛਣ, ਦਸਤੂਰ, ਰੀਤ ਰਸਮ, ਮਰਯਾਦਾ, ਰਵਈਯਾ। ਇੱਕ ਤਰ੍ਹਾਂ ਦੀ ਮਸਾਲੇਦਾਰ ਖਟਿਆਈ ਵਾਲੀ ਚੀਜ਼।

**ਅਚਾਰ ਭ੍ਰਿਸ਼ਟ ਹੋ ਜਾਣਾ,** ਕ੍ਰਿ:—ਚੱਲਣ ਵਿਗੜ ਜਾਣਾ, ਕੁਰੀਤਾਂ ਨਾਲ ਧਰਮ ਦਾ ਨਾਸ ਹੋ ਜਾਣਾ।

**ਅਚਾਰਜ,** ਪੁ:—ਗੁਰੂ, ਖ਼ਾਸ ਕਰਕੇ ਉਹ ਗੁਰੂ ਜਿਹੜਾ ਵਿਦਿਆਰਥੀ ਨੂੰ ਜਨੇਊ ਪਾਉਂਦਾ ਹੈ ਅਤੇ ਵੇਦ ਪੜ੍ਹਾਉਂਦਾ ਅਰ ਧਰਮ ਦੀ ਸਿਖਯਾ ਦੇਂਦਾ ਹੈ। ਬੜਾ ਪੰਡਤ, ਵਿਦਵਾਨ, ਗਿਆਨੀ। ਬ੍ਰਾਹਮਣ ਦੀ ਇਕ ਜਾਤ ਜੋ ਮੁਰਦੇ ਦੀ ਕਿਰਤ ਕਰਾਉਂਦੀ ਹੈ।

**ਅਚਾਰ ਵੰਤ,** ਪੁ: / **ਅਚਾਰ ਵੰਤੀ** ਸ: } 'ਅਚਾਰੀ' ਵੇਖੋ

**ਅਚਾਰੀ,** ਪੁ:—ਧਰਮ ਦੀਆਂ ਰੀਤਾਂ ਪੁਰ ਚੱਲਣ ਵਾਲਾ, ਧਰਮ ਦੀ ਮਰਜਾਦਾ ਪਾਲਣ ਵਾਲਾ, ਭਗਤ, ਮਹਾਤਮਾ, ਧਰਮੀ॥

ਵਿ:—ਅਚਾਰ ਪਾਉਣ ਜੋਗਾ, ਜਿਸ ਦਾ ਅਚਾਰ ਪਿਆ ਹੋਵੇ (ਜਿਹਾਕੁ ਅਚਾਰੀ ਅੰਬ)॥

**ਅਚਾਰੀਆ,** ਪੁ:—ਅਚਾਰ ਵੇਚਣ ਵਾਲਾ।

**ਅਚਿੰਤ,** ਵਿ:—ਜੋ ਸੋਚ ਵਿਚ ਨ ਆ ਸਕੇ, ਬੇ ਫਿਕਰ, ਚਿੰਤਾ ਨ ਕਰਨ ਵਾਲਾ।

ਪੁ:—ਪਰਮੇਸ਼ਰ

**ਅਚੁੱਤ,** ਵਿ:—ਅਬਿਨਾਸ਼ੀ, ਅਮਰ, ਥਿਰ।

ਪੁ:—ਪਰਮੇਸ਼ਰ।

**ਅਚੇਤ,** ਵਿ:—ਬੇ ਸੁਰਤ, ਬੇ ਪਰਵਾਹ, ਬੇ ਫ਼ਿਕਰ, ਬੇ ਅਕਲ॥

**ਅੱਚੋਵਾਈ,** ਸ:—ਅੱਚਵੀ, ਬੇ ਚੈਨੀ,

**ਅੱਛਣਾ,** ਕ੍ਰਿ:—ਆਉਣਾ (ਪਹਾੜੀ)।

**ਅੱਛਰ,** ਪੁ:—ਅੱਖਰ, ੳ ਅ ਆਦਿਕ, ਹਰਫ਼॥

ਬ੍ਰਹਮਾ ਦੇ ਲਿਖੇ ਹੋਏ ਅੱਛਰ ਜਾਂ ਅੱਖਰ } ਪੁ:—ਕਿਸਮਤ, ਲੇਖ, ਹੋਣੀ, ਭਾਵੀ, ਨਸੀਬ।

**ਅੱਛਾ,** ਵਿ:—ਚੰਗਾ, ਭਲਾ, ਖਰਾ, ਕੰਮ ਦਾ, ਜੋਗ, ਸੋਹਣਾ, ਉੱਤਮ, ਸਰੇਸ਼ਟ, ਠੀਕ, ਤਕੜਾ, ਨਵਾਂ ਨਰੋਇਆ, ਅਸਲੀ, ਨਖਾਲਸ, ਸਾਫ਼, ਪਵਿੱਤ੍ਰ, ਸੁਹਾਉਣਾ, ਮਨ ਭਾਉਂਦਾ, ਨੇਕ, ਦਯਾ ਵਾਨ, ਨੇਕ ਚੱਲਣ ਵਾਲਾ ਸੱਚਾ, ਹੁਸ਼ਿਆਰ, ਕਾਰੀਗਰ, ਸਿਆਣਾ, ਭਾਗਵਾਨ, ਮੁਨਾਸਬ, ਵਾਜਬੀ, ਸਸਤਾ, ਹਰਿਆ ਭਰਿਆ॥

Digitized by Panjab Digital Library | www.panjabdigilib.org

ਕ੍ਰਿ: ਵਿ:—ਠੀਕ, ਦਰੁਸਤ, ਸਚ, ਚੰਗੀ ਤਰ੍ਹਾਂ ਸੋਹਣੀ ਤਰ੍ਹਾਂ, ਸੋਕੇ ਪੁਰ, ਵੇਲੇ ਸਿਰ, ਭਲਾ, ਹਾਂ, ਬਿਲਕੁਲ ਠੀਕ, ਮੁਬਾਰਕ, ਮੰਨਿਆ ॥

ਅਵ.—ਭਲਾ, ਕੇਹੀ ਚੰਗੀ ਗਲ ਹੈ, ਵਾਹ ਵਾਹ, ਸ਼ਾਬਾਸ਼ ਬਲ, ਅਸ਼ਕ ।

**ਅੱਛਾ ਹੋ ਜਾਣਾ, ਅੱਛਾ ਹੋਣਾ**, ਕ੍ਰਿ:—ਬਿਮਾਰੀ ਤੋਂ ਚੰਗਾ ਹੋਣਾ, ਨਵ ਨਰੋਇਆ ਹੋ ਜਾਣਾ, ਰਾਜ਼ੀ ਹੋਣਾ, ਕੋਈ ਚੰਗੀ ਗਲ ਹੋਣੀ, ਮਨ ਦੀ ਮੁਰਾਦ ਪੂਰੀ ਹੋਣੀ ॥

**ਅੱਛਾ ਕਰਨਾ**, ਕ੍ਰਿ:—ਭਲਾ ਕਰਨਾ, ਚੰਗਾ ਕੰਮ ਕਰਨਾ, ਬਿਸ ਦਾ ਇਲਾਜ ਕਰਨਾ, ਰਾਜ਼ੀ ਕਰਨਾ, ਰੋਗ ਹਟਾਉਣਾ

**ਅੱਛਾ ਤਾਂ ਨਾਮ ਦਾ ਯ ਪਰਮੇਸ਼ਰ ਦਾ ਹੈ** [illegible]

ਔਗਣ ਹਾਰ [illegible] ਇਹ ਅਰਥ ਹੈ ਕਿ ਇੱਕ ਪਰਮੇਸ਼ਰ [illegible] ਮਨੁੱਖ ਸਭ ਬੁਰੇ ਹਨ ॥

**ਅੱਛਾ ਲੱਗਣਾ**, ਕ੍ਰਿ:—ਭਲਾ ਜਾਪਣਾ, ਚੰਗਾ ਲਗਣਾ, ਪਸੰਦ ਆਉਣਾ, ਸੁਆਦ ਆਉਣਾ, ਸੋਹਣਾ ਦਿੱਸਣਾ, ਭਾਉਣਾ, ਫਲ [illegible], ਖਿਲਣਾ, ਦਿਲ ਨੂੰ ਖੁਸ਼ੀ [illegible] ਹੋਣਾ, ਚੰਗਾ ਅਸਰ ਹੋਣਾ ।

**ਅੱਛੀ ਤਰ੍ਹਾਂ, ਅੱਛੀ ਤਰ੍ਹਾਂ ਨਾਲ**, ਕ੍ਰਿ: [illegible] ਸੋਹਣੇ ਚੰਗਾ ਨਾਲ, ਜਿਸ ਤਰ੍ਹਾਂ ਚਾਹੀਦਾ ਹੈ, ਹੋਸ਼ਿਆਰੀ ਨਾਲ, ਖਬਰਦਾਰੀ ਨਾਲ, ਬਹੁਤ, ਬਾਹਲਾ, ਮਨਭਾਉਂਦਾ, ਰੱਜਕੇ ਪੂਰੀ ਤਰ੍ਹਾਂ ।

**ਅੱਛੇ ਅੱਛੇ**, ਪੁ: ਭਲੇ ਲੋਕ, ਸੋਜਨ [illegible], ਕੁਲ ਵਾਨ, ਉੱਚੇ ਮਰਾਤਬੇ ਵਾਲੇ, ਇੱਜ਼ਤ ਵਾਲੇ, ਧਨ ਪਾਤ੍ਰ ॥

**ਅੱਛੇ ਤੋਂ ਅੱਛਾ**, ਵਿ:—ਸਭ ਤੋਂ ਚੰਗਾ, ਬਹੁਤ ਹੀ ਚੰਗਾ, ਜਿਸ ਜੇਹਾ ਹੋਰ, ਨਾ ਹੋਵੇ, ਸਭ ਤੋਂ ਵਧੀਆ

**ਅਛਿੰਦਾ (ਦੀ)**, ਵਿ:—ਪਿਆਰਾ (ਰੀ), ਲਾਡਲਾ (ਲੀ), ਸੁਖ ॥

**ਅਛੂਹ**, ਵਿ:—ਅਛੋਹ ਦੇਖੋ ।

**ਅਛੂਹਨ**, ਵਿ:—ਜੋਹਰ ਛੋਹ ਨਾਲ ਛੁੱਹਿਆ ਨ ਜਾ ਸਕੇ ।

**ਅਛੇਦ**, ਵਿ:—ਜੋ ਨਾ ਵਿੰਨ੍ਹੇ, ਜੋ ਟੁੱਟ ਨਾ ਸਕੇ ॥

**ਅਛੈ**, ਵਿ:—ਜਿਸ ਦਾ ਨਾਸ ਨਾ ਹੋਵੇ, ਅਮਰ, ਅਬਿਨਾਸ਼ੀ ॥

**ਅਛੋਹ**, ਵਿ:—ਜੋ ਛੋਹਿਆ ਨ ਜਾਏ, ਜਿਸ ਦੀ ਛੋਹ ਨਹੀਂ, ਐਸੀ ਛੋਤੀ ਛੋਤੀ ਭੋਲਣ ਵਾਲਾ ਜੋ [illegible]

**ਅੱਜ**, ਕ੍ਰਿ:-ਵਿ:—ਜੋ ਦਿਨ ਬੀਤਦਾ ਪਿਆ ਹੈ, ਇਹ ਵੇਲਾ ।

**ਅੱਜ ਕੱਲ, ਅੱਜ ਪੱਜ, ਅੱਜ ਭਲਕ**, ਕ੍ਰਿ: ਵਿ:—ਅੱਜ ਯਾ ਕੱਲ, ਛੇਤੀ, ਥੋੜਿਆਂ ਦਿਨਾਂ ਵਿੱਚ ।

**ਅੱਜ ਕੱਲ ਕਰਨਾ, ਅੱਜ ਕੱਲ ਦੱਸਣਾ**, ਕ੍ਰਿ:-ਕਰਾਰ ਪੂਰਾ ਕਰਨ ਵਿਚ ਢਿਲ ਕਰਨੀ, ਕਿਸੇ ਕੰਮ ਨੂੰ ਰੋਜ਼ ਕਲ ਟਾਲਦੇ ਜਾਣਾ, ਕੰਮ ਨੂੰ ਰੋਜ਼ ਅਟਕਾ ਛੱਡਣਾ ॥

**ਅੱਜ ਤਕ, ਅੱਜ ਤ੍ਰਿਕ, ਅੱਜ ਤੀਕ, ਅੱਜ ਤੀਕਰ**, ਕ੍ਰਿ:-ਵਿ:—ਹੁਣ ਤੱਕ, ਇਸ ਦਿਨ ਤੱਕ, ਅਜੇ ਤਕ, ਇਸ ਵੇਲੇ ਤਕ ।

**ਅੰਜ**, ਕ੍ਰਿ: ਵਿ:—ਐਉਂ, ਇਸ ਤਰਾਂ, ਐਕੁਰ ॥

Digitized by Panjab Digital Library | www.panjabdigilib.org

**ਅਜਗਰ,** ਪੁ:—ਇੱਕ ਬੜਾ ਮੋਟਾ ਸੱਪ॥

**ਅਜੰਟ,** ਪੁ:-ਕਾਰਿੰਦਾ, ਆੜ੍ਹਤੀਆ, ਦਲਾਲ, ਵਕੀਲ ਦਾ ਮੁਨਸ਼ੀ, ਗੁਮਾਸ਼ਤਾ

**ਅਜਢ,** ਪੁ:—ਮੂਰਖ, ਬੇ ਅਕਲ, ਭੋਲਾ, ਜਾਹਲ।

**ਅੰਜਣ,** ਪੁ:-ਵੇਲ ਦਾ ਥੰਬਾ, ਸੁਰਮਾ॥

**ਅਜਪ,** ਵਿ:—ਜੋ ਜਪਣ ਵਿੱਚ ਨਾ ਆਵੇ।

**ਅਜਬ,** ਪੁ:-ਹਰਾਨੀ, ਅਚਰਜ, ਅਚੰਭਾ।
ਵਿ:—ਹਰਾਨ ਕਰਨ ਵਾਲਾ, ਅਚਰਜ, ਅਚੰਭਾ, ਅਣੋਖਾ, ਮਸ਼ਹੂਰ।

**ਅਜ਼ਮਾਉਣਾ,** ਕ੍ਰਿ:—ਪਰਤਾਉਣਾ, ਜਾਚਣਾ, ਪਰੀਛਿਆ ਕਰਨੀ, ਕਿਸੇ ਕੰਮ ਨੂੰ ਕਰਕੇ ਵੇਖਣਾ।

**ਅਜ਼ਮਾਇਸ਼,** ਸ:—ਪਰੀਛਿਆ, ਪਰਤਾਵਾ, ਇਮਤਿਹਾਨ, ਜਾਚ, ਦੇਖ ਭਾਲ॥

**ਅਜ਼ਮੂਦਾ,** ਵਿ:—ਡਿੱਠਾ ਭਾਲਿਆ, ਅਜ਼ਮਾਇਆ ਹੋਇਆ॥

**ਅਜਰ,** ਵਿ:—ਜੋ ਬੁਢਾ ਨਾ ਹੋਵੇ, ਦੇਉਤਾ, ਪਰਮੇਸ਼ਰ
ਪੁ:-ਫਲ, ਮਜੂਰੀ, ਬਦਲਾ, ਭਾੜਾ॥

**ਅਜ਼ਰਾਈਲ,** ਪੁ: -ਇੱਕ ਫਰਿਸ਼ਤੇ ਦਾ ਨਾਉਂ।

**ਅਜਲ,** ਸ:—ਮੌਤ, ਕਾਲ, ਅੰਤ ਦਾ ਵੇਲਾ, ਕਿਸਮਤ, ਹੋਣੀ, ਭਾਵੀ, ਜੋ ਆਦਮੀ ਆਪਣਾ ਲੈਹਣਾ ਠੀਕ ਵੇਲੇ ਸਿਰ ਆਕੇ ਜ਼ੋਰ ਪਾ ਕੇ ਮੰਗੇ ਕਿ ਹੁਣੇ ਦਿਓ।

**ਅਜਵਾਇਣ,** ਸ:—ਜੁਆਇਣ, ਇੱਕ ਦੁਆ ਜੋ ਵਾਈ ਨੂੰ ਦੂਰ ਕਰਦੀ ਹੈ।

**ਅੱਜੜ,** ਪੁ:—ਭੇਡਾਂ ਬੱਕਰੀਆਂ ਦਾ ਵੱਗ॥

**ਅਜੇਂ,** ਕ੍ਰਿ:-ਵਿ:—ਅਜੇ, ਹੁਣ ਤੀਕਰ॥

**ਅਜਾਈਂ,** ਕ੍ਰਿ: ਵਿ: ਐਵੇਂ, ਵਿਅਰਥ, ਬੇ ਫੈਦਾ, ਅਕਾਰਨ ਚਕ, ਅਕਲ ਬੇਤ।

**ਅਜਾਜ਼,** ਪੁ:-ਆਦਰ, ਮਾਨ, ਇਜ਼ਤ॥

**ਅਜਾਤ,** ਵਿ:-ਜਾਤ [illegible] ਗਇਆ, ਕੁਜਾਤ, ਨੀਵੀਂ ਜਾਤ ਦਾ॥

**ਅਜ਼ਾਦ / ਅਜ਼ਾਦੀ** } 'ਆਜ਼ਾਦ' 'ਆਜ਼ਾਦੀ' ਵੇਖੋ॥

**ਅਜਾਬ,** ਪੁ:-ਦੁਖ, ਕਲੇਸ਼, ਪੀੜ, ਬਿਪਤਾ, ਸਜ਼ਾ, ਔਖ, ਮੁਸ਼ਕਲ

**ਅਜ਼ਾਬ ਨੂੰ ਮੂੰਹ ਆਉਣਾ / ਅਜ਼ਾਬ ਵਿਚ ਫਸਣਾ,** } ਕ੍ਰਿ:—ਦੁਖ ਵਿਚ ਪੈਣਾ, ਬਿਪਤਾ ਆਉਣੀ॥

**ਅਜਾਰ,** ਪੁ: ਦੁਖ, ਰੋਗ, ਔਖ, ਪੀੜ, ਮੁਸ਼ਕਲ, ਜ਼ੁਲਮ, ਵਧੀਕੀ॥

**ਅਜਾਰਣ,** ਪੁ:-ਵਾੜਿਆਂ ਦੇ ਨਾਉਂ ਦੀਆਂ ਕੁੱਖੀਆਂ ਕਢੀਆਂ

**ਅਜਾਰਨ,** ਸ:-ਦੁਖੀ ਤੀਮਤ, ਰੋਗਣ।

**ਅਜਾਰਾ,** ਪੁ: ਠੇਕਾ, ਕਿਰਾਇਆ, ਭਾੜਾ॥

**ਅਜਾਰਾ ਦਾਰ / ਅਜਾਰੇ ਦਾਰ** } ਪੁ:-ਜਿਸ ਨੇ ਅਜਾਰਾ ਲਿਆ ਹੋਵੇ, ਠੇਕੇਦਾਰ॥

**ਅਜਾਰਾ ਦਾਰਨ / ਅਜਾਰੇ ਦਾਰਨ** } ਸ:-ਜਿਸ ਤੀਮਤ ਨੇ ਅਜਾਰਾ ਯਾ ਠੇਕਾ ਲਿਆ ਹੋਵੇ। ਅਜਾਰੇ ਦਾਰ ਦੀ ਵਹੁਟੀ॥

**ਅਜਾਰਾ ਦਾਰੀ / ਅਜਾਰੇ ਦਾਰੀ** } ਸ:-ਅਜਾਰਾ ਲੈਣ ਦਾ ਕੰਮ, ਠੇਕਦਾਰੀ॥

**ਅਜਾਰੀ,** ਪੁ:—ਰੋਗੀ, ਮਾਂਦਾ, ਦੁਖੀ ਮਰਦ॥

Digitized by Panjab Digital Library | www.panjabdigilib.org

**ਅਜਾਯਾ,** ਵਿ:—ਐਵੇਂ, ਬੇ ਫੈਦਾ, ਵਾਧੂ, ਅਫਲ, ਨਾਸ ਹੋਇਆ ਹ

**ਅਜਿਹਾ,** ਵਿ:—ਐਹੋ ਜੇਹਾ, ਐਸਾ, ਇਸ ਤਰ੍ਹਾਂ ਦਾ, ਕ੍ਰਿ: ਵਿ: —ਇਸ ਤਰ੍ਹਾਂ, ਐਉਂ।

**ਅਜਿੱਤ,** ਵਿ:—ਜੋ ਜਿੱਤਿਆ ਨਾ ਜਾਏ।

**ਅਜੀ ਅਜੀ ਕਰਨਾ,** ਕ੍ਰਿ:-ਮਿਨਤਾਂ ਤਰਲੇ ਕਰਨਾ

**ਅਜੀਉਕਾ,** ਸ:—ਗੁਜ਼ਾਰਾ, ਨਿਰਬਾਹ, ਰੁਜ਼ਗਾਰ, ਅੰਨ, ਭੋਜਨ

**ਅਜੀਟਨ,** ਪੁ:—ਇਕ ਤਰ੍ਹਾਂ ਦਾ ਫ਼ੌਜੀ ਅਫ਼ਸਰ (Adjutant), ਸੈਨਾ ਪਤੀ॥

**ਅਜੀਤ,** ਵਿ:—ਜੋ ਜਿੱਤਿਆ ਨਾ ਜਾਵੇ॥

**ਅੰਜੀਰ,** ਸ:—ਇੱਕ ਫਲ ਦਾ ਨਾਉਂ, ਹਜੀਰ।

**ਅਜੀਰਨ,** ਪੁ:—ਅਨਪਚ, ਬਾਈ। ਵਿ:—ਜੋ ਪਚ ਨਾ ਸਕੇ, ਮਾੜਾ॥

**ਅੰਜੀਲ,** ਸ:—ਈਸਾਈਆਂ ਦਾ ਧਰਮ ਪੁਸਤਕ

**ਅਜੀਵ,** ਵਿ:—ਜਿਸ ਵਿਚ ਜਿੰਦ ਨਾ ਹੋਵੇ ਜਾਂ ਜਿਸ ਦੀ ਜਿੰਦ ਕੱਢ ਲਈ ਹੋਵੇ, ਮੁਰਦਾ।

**ਅੱਜੁ,** ਕ੍ਰਿ: ਵਿ:—'ਅੱਜ' ਵੇਖੋ॥

**ਅਜੇ,** ਕ੍ਰਿ: ਵਿ:—ਅਜਾਂ, ਹੁਣ ਤੀਕਰ, ਇਸ ਵੇਲੇ ਤੱਕ।

**ਅਜੇ ਤੀਕ / ਅਜੇ ਤੀਕਰ** } ਕ੍ਰਿ: ਵਿ: —ਅਜ ਤਕ, ਇਸ ਦਿਨ ਤੱਕ, ਇਸ ਵੇਲੇ ਤੱਕ॥

**ਅੱਜੇ,** ਕ੍ਰਿ: ਵਿ: ਅੱਜ ਹੀ, ਅੱਜੋ, ਇੱਸੇ ਦਿਨ॥

**ਅਜੇਹਾ,** ਵਿ: ਅਤੇ ਕ੍ਰਿ: ਵਿ:—'ਅਜਿਹਾ' ਵੇਖੋ।

**ਅੱਜੋਂ,** ਕ੍ਰਿ: ਵਿ:—ਅੱਜ ਦੇ ਦਿਨ ਤੋਂ॥

**ਅਜੋਗ,** ਵਿ:—ਜੋ ਜੋਗ ਨਾ ਹੋਵੇ, ਨਾ ਮੁਨਾਸਬ, ਨਾ ਲਾਇਕ।

**ਅਜੋੜ,** ਪੁ: —ਜੋੜ ਨਾ ਹੋਣਾ, ਵਟਕ, ਝਗੜਾ ਫਸਾਦ, ਬੇਮੇਲ [illegible]
ਵਿ: —ਜਿਸ ਵਿਚ ਜੋੜ ਨ ਹੋਵੇ, ਜਿਸ ਦਾ ਜੋੜ [illegible] ਨ ਮੇਲ, ਅਜੋਗ, ਜਿਸ ਜਿਹਾ ਦੂਸਰਾ ਨ ਹੋਵੇ।

**ਅੰਝੂ,** ਸ: —ਹੰਝੂ, ਅੱਥਰੂ, ਰੋਣ ਵੇਲੇ ਜੋ ਅੱਖਾਂ ਵਿਚੋਂ ਪਾਣੀ ਵਗਦਾ ਹੈ, ਅਥਰੂ।

**ਅਞਾ,** [illegible]

**ਅੰਞੂ,** [illegible] ਅੱਖਾਂ ਵਿਚੋਂ ਪਾਣੀ ਵਗਦਾ ਹੈ, [illegible]

**ਅੰਝੂ ਕੇਰਨੇ,** ਕ੍ਰਿ: ਰੋਣ ਨਾਲ ਅੱਖ ਵਿਚੋਂ ਪਾਣੀ ਵਗਾਣਾ॥

**ਅੰਝੂ ਡੋਲ੍ਹਣਾ,** ਕ੍ਰਿ:-ਰੋਣ ਅੱਖਾਂ ਵਿਚੋਂ ਅੰਝੂ ਵਗਾਣੇ, ਬਹੁਤ ਦੁਖੀ ਹੋਣਾ।

**ਅੰਝੂ ਪੂੰਝਣੇ,** ਕ੍ਰਿ:—ਰੋਂਦੇ ਨੂੰ ਧੀਰਜ ਦੇਣਾ, ਸਬਰ ਕਰਾਣਾ

**ਅੰਝੂ ਪੂੰਝਾਉਣਾ,** ਕ੍ਰਿ:-ਕਿਸੇ ਦੇ ਮਨ ਨੂੰ ਧੀਰਜ ਦੇਣਾ।

**ਅੰਞ / ਅੰਞਾਂ** } ਕ੍ਰਿ: ਵਿ: ਐਉਂ, ਇਸਤਰਾਂ, ਐਦਾਂ॥

**ਅਞਾਣ,** ਵਿ:—'ਅਣਜਾਣ' ਵੇਖੋ।

**ਅੱਟ,** ਪੁ:—ਰੇਤ ਢਲਾ, ਰੇਤ ਦਾ ਧੌਂਕਾ (ਢੇਲਾ), ਖੂਹ ਦਾ ਰੇਤ ਨਾਲ ਭਰ ਜਾਣਾ॥

**ਅਟ ਸਟਾ / ਅਟ ਸਠਾ** } ਪੁ:—'ਅਟਾ ਸਟਾ' ਵੇਖੋ।

**ਅਟਕ,** ਸ:—ਰੋਕ, ਬੰਧੇਜ, ਅਟਕਾਉ, ਠਹਿਰਾਉ, ਖਿਘਨ।

Digitized by Panjab Digital Library | www.panjabdigilib.org

ਸਿੰਧ ਦਰਿਆ, ਸਿੰਧ ਦਰਿਆ ਦੇ ਕੰਢੇ ਉੱਤੇ ਇੱਕ ਸ਼ਹਿਰ ਦਾ ਨਾਉਂ ਜੋ ਪਸ਼ੌਰ ਤੋਂ ਉਰੇ ਹੈ।

**ਅਟਕ ਮਟਕ,** ਸ਼ਃ—ਨਖ਼ਰਾ, ਚੋਚਲਾ

**ਅਟੈਕ,** ਵਿਃ—ਇਕੱਲਾ, ਸਭ ਤੋਂ ਵੱਖਰਾ (ਹੋਣਾ, ਹੋ ਜਾਣਾ,

**ਅਟਕ ਜਾਣਾ**
**ਅਟਕਣਾ** } ਕ੍ਰਿਃ—ਰੁਕਣਾ, ਠਹਿਰਣਾ, ਹਿੰਬੜਨਾ, ਸੰਘ ਵਿੱਚ ਫਸ ਜਾਣਾ, ਰਵਾਂ ਨਾ ਪੜ੍ਹ ਸਕਣਾ, (ਰੁਪਇਆ, ਨਾ ਉੱਪਰਨਾ, ਧਿਆਨ ਦੇਣਾ।

**ਅਟਕਲ,** ਸਃ—ਜਾਚ, ਚੱਜ, ਢੰਗ, ਢਬ, ਅਨੁਮਾਨ, ਅਟਾ ਸਟਾ, ਅੰਦਾਜ਼ਾ, ਸਮਝ, ਸੋਚ, ਵਿਚਾਰ, ਮੱਤ।

**ਅਟਕਲ ਨਾਲ,** ਕ੍ਰਿਃ ਵਿਃ—ਅਨੁਮਾਨ ਨਾਲ ਅਟਾ ਸਟਾ, ਅੰਦਾਜ਼ਾ ਕਰਕੇ।

**ਅਟਕਲ ਪੱਚੂ,** ਵਿਃ ਯਾ ਪੁਃ—ਅਟਾ ਸਟਾ, ਅਨੁਮਾਨ।
ਕ੍ਰਿਃ ਵਿਃ—ਬਿਨਾ ਸੋਚੇ ਸਮਝੇ, ਸਹਿਜ ਸੁਭਾ, ਐਵੇਂ ਹੀ॥

**ਅਟਕਾ**
**ਅਟਕਾਉ** } ਪੁਃ—ਰੋਕ, ਅਟਕ, ਬੰਧੇਜ, ਠਹਿਰਾਉ, ਬਿਘਨ। (ਰੱਖਣਾ, ਕਰਨਾ,

**ਅਟਕਾਉਣਾ,** ਕ੍ਰਿਃ—ਰੋਕਣਾ, ਠਹਿਰਾਉਣਾ, ਬੰਨ੍ਹਣਾ, ਜੋੜਨਾ, ਮੇਲਣਾ, ਲਟਕਾਉਣਾ, ਕਿਸੇ ਕੰਮ ਦੇ ਕਰਨ ਵਿੱਚ ਢਿੱਲ ਕਰਨਾ

**ਅਟਕਾਊ,** ਵਿਃ—ਅਟਕਾਉਣ ਵਾਲਾ, ਰੋਕਣ ਵਾਲਾ, ਅਟਕਾਉਣੇ ਜੋਗ॥

**ਅਟਕੇਵਾਂ,** ਪੁਃ ਅਟਕਾਉ, ਰੋਕ, ਅੜਿੱਕਾ।

**ਅੱਟਣਾ,** ਕ੍ਰਿਃ (ਕਿਸੇ ਚੀਜ਼ ਵਿਚ, ਮੇਉਣਾ, ਭਰਿਆ ਜਾਣਾ, ਭਰਪੂਰ ਹੋਣਾ॥

**ਅਟੱਲ,** ਵਿਃ—ਨਾ ਟਲਣ ਵਾਲਾ, ਨਾ ਹਿੱਲਣ ਵਾਲਾ, ਥਿਰ, ਜੰਮਿਆ ਹੋਇਆ, ਨਾ ਬਦਲਣ ਵਾਲਾ, ਸਦਾ ਰਹਿਣ ਵਾਲਾ, ਚੋਕਸ਼ਨਾ, ਜਿਸਦਾ ਅੰਤ ਨਹੀਂ॥

**ਬਾਬਾ ਅਟੱਲ,** ਪੁਃ—ਸਿੱਖਾਂ ਦੇ ਛੇਵੇਂ ਗੁਰੂ ਹਰਗੋਬਿੰਦ ਜੀ ਦਾ ਇੱਕ ਪੁੱਤ੍ਰ, ਜਿਸਦਾ ਦੇਹਰਾ ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਦੇ ਲਾਗੇ ਹੀ ਬਣਿਆ ਹੋਇਆ ਹੈ

**ਅੱਟਾ,** ਪੁਃ—ਮੈਲੀ ਹੋਈਆ ਤੀਜੀਆ ਦਾ ਕੋਠ, ਲੱਛਾ, ਗੁੱਛਾ॥ (ਸੂਤ ਆਦਿਕ ਦਾ,

**ਅਟਾਉ,** ਪੁਃ—ਸਮਾਈ, ਕਿਸੇ ਚੀਜ਼ ਵਿੱਚ ਹੋਣਾ।

**ਅਟਾ ਸਟਾ**
**ਅਟਾ ਸਠਾ** } ਪੁਃ—ਅਟਕਲ ਨਾਲ ਕੋਈ ਚੀਜ਼ ਤੋਲ ਜਾਂ ਮਿਣ ਕੇ ਲੈ ਦੇ ਲੈਣਾ, ਅੰਦਾਜ਼ਾ, ਅਨੁਮਾਨ, ਜ ਚ, ਅਟਕਲ।

**ਅਟਾ ਟੁੱਕ,** ਕ੍ਰਿਃ ਵਿਃ—ਲੱਗ ਕੇ, ਮਨ ਲਾ ਕੇ, ਲਗਾਤਾਰ, ਬਰਾਬਰ

**ਅਟਾਰੀ,** ਸਃ—ਉੱਚਾ ਘਰ, ਮਾੜੀ, ਚੁਬਾਰਾ ... ਪਿੰਡ ਦਾ ਨਾਉਂ

**ਅੱਟਿਆ ਹੋਇਆ,** ਵਿਃ ਭਰਿਆ ਹੋਇਆ ... ਹੋਇਆ।

**ਅੱਟੀ,** ਸਃ—ਅਟੇਰੇ ਹੋਏ ਸੂਤਰ ਦੀ ਗੁੱਛੀ, ਤੀਜੀ, ਛੋਟਾ ਲੱਛਾ।

**ਅਟੇਕ,** ਵਿਃ—ਬੇ ਸਹਾਰਾ, ਨਿਰਾਸਰਾ, ਹੈਰਾਨ, ਹਰਾਨੀ ਨਾਲ ਜੋ ਪੱਥਰ ਵਾਂਗ ਹੋ ਜਾਏ॥

**ਅਟੇਰਨ,** ਪੁਃ—ਲੱਕੜੀ ਦੀ ਬਣੀ ਹੋਈ ਇੱਕ ਚੀਜ਼ ਜਿਸ ਨਾਲ ਸੂਤਰ ਅਟੇਰਦੇ ਹਨ॥

Digitized by Panjab Digital Library | www.panjabdigilib.org

**ਅਟੇਰਨਾ,** ਕ੍ਰਿ:—ਸੂਤਰ ਦੀਆਂ ਅੱਟੀਆਂ ਬਣਾਉਣੀਆਂ। ਚਲਾਕੀ ਨਾਲ ਕਿਸੇ ਦੇ ਮਨ ਨੂੰ ਆਪਣੇ ਵੱਲ ਫੇਰਨਾ। ਫਰੇਬ ਨਾਲ ਆਪਣੇ ਵੱਲ ਕਰ ਲੈਣਾ॥

**ਅਟੇਰ ਕੇ ਲੈ ਜਾਣਾ,** ਕ੍ਰਿ:—ਥਕਾ ਕੇ ਕੱਢ ਲੈ ਜਾਣਾ॥

**ਅਟੇਰਨੀ,** ਸ:—ਨਿੱਕਾ ਅਟੇਰਨ।

**ਅਟੈਂਕ,** ਵਿ:—ਅਟੈਕ, ਇਕੱਲਾ, ਸਭ ਤੋਂ ਵੱਖਰਾ, ਸੁਤੰਤ੍ਰ॥

**ਅੱਠ,** ਵਿ:—ਸੱਤਾਂ ਤੋਂ ਇੱਕ ਵੱਧ ਅਤੇ ਨੌਆਂ ਤੋਂ ਇੱਕ ਘੱਟ (ਸੰਖਯਾ ਵਾਚਕ ਵਿ:)

**ਅਠ ਸਠ,** ਪੁ:—ਅਠਾਹਠ (ਤੀਰਥ)

**ਅਠ ਸਠ ਤੀਰਥ,** ਪੁ:—ਸਭ ਤੀਰਥ (ਜੋ ਅਠਾਹਠ ਹਨ)॥

**ਅੱਠ ਗੁਣਾ,** ਵਿ:—ਅੱਠ ਵੇਰੀ ਗਿਣਨ ਨਾਲ ਜਿੰਨਾ ਹੋਵੇ॥ ਅਠਾਊਣਾ॥

**ਅੱਠ ਪਹਿਰ,** ਪੁ:—ਸਾਰਾ ਦਿਨ ਤੇ ਰਾਤ॥

**ਅੱਠ ਪਹਿਰੀ ਰੋਟੀ,** ਸ:—ਅੱਠਾਂ ਪਹਿਰਾਂ ਵਿੱਚ ਜੋ ਇੱਕ ਵਾਰ ਅੰਨ ਛਕਿਆ ਜਾਵੇ॥

**ਅਠਖੇਲੋ,** ਵਿ:—ਖਿਡਾਰ, ਖਿਲਾੜੀ॥

**ਅਠੱਤਰ,** ਵਿ:—ਅੱਠਾਂ ਉੱਪਰ ਸੱਤਰ॥

**ਅਠੱਤਰ੍ਹਵਾਂ,** ਵਿ:-ਅਠਤਰਾਂ ਦੀ ਗਿਣਤੀ ਪੂਰੀ ਕਰਨ ਵਾਲਾ॥

**ਅਠਤਾਲੀ,** ਵਿ:—ਅੱਠਾਂ ਉੱਤੇ ਚਾਲੀ॥

**ਅਠਤਾਲੀਵਾਂ,** ਵਿ:-ਅਠਤਾਲੀਆਂ ਦੀ ਗਿਣਤੀ ਪੂਰੀ ਕਰਨ ਵਾਲਾ॥

**ਅਠੱਤੀ** }
**ਅਠੱਤ੍ਰੀ** } ਵਿ:-ਅੱਠਾਂ ਉੱਤੇ ਤੀਹ॥

**ਅਠੱਨੀ,** ਸ:-ਅੱਠਾਂ ਆਨਿਆਂ ਦਾ ਸਿੱਕਾ, ਧੇਲੀ, ਅਠਿਆਨੀ।

**ਅੱਠਮਾਂ** }
**ਅੱਠਵਾਂ** } ਵਿ:-ਅੱਠਾਂ ਦੀ ਗਿਣਤੀ ਪੂਰੀ ਕਰਨ ਵਾਲਾ॥

**ਅੱਠਵਾਂ ਥਾ੍ਵਾਂ ਹੋਣਾ,** ਕ੍ਰਿ:-ਆਪੋ ਵਿੱਚ ਵਿਛੜ ਜਾਣੀ॥

**ਅਠਮਾਹਾਂ,** ਵਿ:-ਜੋ ਬੱਚਾ ਅਠੀਂ ਮਹੀਨੀਂ ਜੰਮਿਆ ਹੋਵੇ॥

**ਅੱਠਮੀਂ,** ਵਿ:-ਅੱਠਾਂ ਦੀ ਗਿਣਤੀ ਪੂਰੀ ਕਰਨ ਵਾਲੀ॥

ਸ:-ਅੱਠਵੀਂ ਥਿਤ, ਅਸ਼ਟਮੀ, ਅੱਠੇਂ, ਅੱਠੋਂ

**ਅਠਰਾ,** ਪੁ:-ਇਸਤ੍ਰੀਆਂ ਦੀ ਇੱਕ ਬੀਮਾਰੀ॥

**ਅਠਵੰਜਵਾਂ,** ਵਿ:-ਅਠਵੰਜਾ ਦੀ ਗਿਣਤੀ ਪੂਰੀ ਕਰਨ ਵਾਲਾ।

**ਅਠਵੰਜਾ,** ਵਿ:-ਅੱਠਾਂ ਉੱਤੇ ਪੰਜਾਹ॥

**ਅਠਵਾਰਾ** }
**ਅਠਵਾੜਾ** } ਪੁ:-ਅੱਠਵਾਂ ਦਿਨ, ਅੱਠ ਦਿਨ॥

**ਅਠਾਉਣਾ,** ਵਿ:-ਅੱਠ ਗੁਣਾ।

**ਅਠਾਈ,** ਵਿ:-ਅੱਠਾਂ ਉੱਤੇ ਵੀਹ॥

**ਅਠਾਈਵਾਂ,** ਵਿ:-ਅਠਾਈਆਂ ਦੀ ਗਿਣਤੀ ਪੂਰੀ ਕਰਨ ਵਾਲਾ॥

**ਅਠਾਸੀ,** ਵਿ:-ਅੱਠਾਂ ਉੱਤੇ ਅੱਸੀ॥

**ਅਠਾਸੀਵਾਂ,** ਵਿ:-ਅਠਾਸੀਆਂ ਦੀ ਗਿਣਤੀ ਪੂਰੀ ਕਰਨ ਵਾਲਾ॥

**ਅਠਾਂਹ,** ਕ੍ਰਿ: ਵਿ:-ਹੇਠ, ਥੱਲੇ, ਉਤਰਾਈ ਵੱਲ॥

**ਅਠਾਹਰਵਾਂ,** ਕ੍ਰਿ:ਵਿ:-ਅਠਾਰਾਂ ਦੀ ਗਿਣਤੀ ਪੂਰੀ ਕਰਨ ਵਾਲਾ॥

Digitized by Panjab Digital Library / www.panjabdigilib.org

**ਅਠਾਹਠ,** ਵਿ:-ਅੱਠਾ ਉੱਤੇ ਸੱਠ ॥

**ਅਠਾਹਠਵਾਂ** ਵਿ:-ਅਠਾਹਠਾਂ ਦੀ ਗਿਣਤੀ ਪੂਰੀ ਕਰਨ ਵਾਲਾ ॥

**ਅਠਾਰਹਾ,** ਵਿ: -ਅਠਾਰਹਵਾਂ ਸਾਲ, ਅਠਾਰਾਂ ਉਂਗਲ ਲੰਮਾ ਜੁੱਤੀ ਦਾ ਪੈਰ ॥

**ਅਠਾ ਕੁੱਟ,** ਕਿ:—ਲੱਗ ਕੇ, ਦਿਲ ਦੇਕੇ, ਲਗਾਤਾਰ, ਬਰਾਬਰ ॥

**ਅਠਾਨਮਾਂ / ਅਠਾਨਵਾਂ** } ਵਿ:—ਅਠਾਨਵੇਂ ਦੀ ਗਿਣਤੀ ਪੂਰੀ ਕਰਨ ਵਾਲਾ।

**ਅਠਾਨਮੇਂ / ਅਠਾਨਵੇਂ** } ਵਿ:—ਅੱਠਾ ਉੱਤੇ ਨੱਵੇ ॥ ਦੋ ਘੱਟ ਸੌ ॥

**ਅਠਾਨੀ,** ਸ:—ਅਠਿਆਨੀ, ਧੇਲੀ, ਅੱਧੇ ਰੁਪਏ ਦਾ ਸਿੱਕਾ ॥

**ਅਠਾਰ੍ਹਵਾਂ,** ਵਿ:—'ਅਠਾਰਹਵਾਂ' ਵੇਖੋ ॥

**ਅਠਾਰਾਂ,** ਵਿ:—ਦਸਾਂ ਉੱਪਰ ਅੱਠ ॥

**ਅਠਾਰਾ ਕਾਲ,** ਕ੍ਰਿ: ਵਿ:—ਕਦੇ (ਨਹੀਂ) ॥

**ਅਠਾਰ੍ਹਾ,** ਵਿ:—'ਅਠਾਰਹਾ' ਵੇਖੋ ॥

**ਅਠਿਆਨੀ,** ਸ:—ਅੱਠਾਂ ਆਨਿਆਂ ਦਾ ਸਿੱਕਾ ਅੱਧਾ ਰੁਪਇਆ, ਧੇਲੀ ॥

**ਅਠੁਆਰਾ,** ਪੁ:—'ਅਠਵਾਰਾ' ਵੇਖੋ ॥

**ਅਠੂਹਾਂ,** ਪੁ:—ਠੂਹਆਂ, ਇੱਕ ਡੰਗ ਮਾਰਨ ਵਾਲਾ ਕੀੜਾ ਜਿਸਦੇ ਡੰਗ ਵਿੱਚ ਜ਼ਹਿਰ ਹੁੰਦੀ ਹੈ ॥

**ਅਠੂਹੇਂ ਝੜਣੇ ਜਾਂ ਛਹਿਣੇ(ਨੱਕ ਵਿੱਚੋਂ)** ਕ੍ਰਿ:- ਬੜੀ ਮੁਸ਼ਕਲ ਹੋਣੀ ॥

**ਅਠੇਂ / ਅੱਠੇਂ** } ਸ:—ਅਸ਼ਟਮੀ, ਅੱਠਮੀ, ਅੱਠਵੀਂ ਥਿੱਤ ॥

**ਅੱਠੇ ਪਹਿਰ(ੀ) / ਅਠੋ ਪਹਿਰ(ੀ)** } ਕ੍ਰਿ: ਵਿ:-ਦਿਨ ਰਾਤ, ਸਦਾ ਹੀ, ਨਿੱਤ, ਬਰਾਬਰ ॥

**ਅੱਠੋ ਅੱਠ ਮਾਰਨੀ,** ਕ੍ਰਿ:ਆਪਣੀ ਝੂਠੀ ਗੱਲ ਉੱਤੇ ਅੜੇ ਰਹਿਣਾ ॥

**ਅਠੋਤਰ ਸੌ,** ਵਿ:—ਅੱਠਾਂ ਉੱਪਰ ਸੌ ॥

**ਅਠੋਤਰੀ,** ਸ:—ਮਾਲਾ (ਫੇਰਨ ਵਾਲੀ) ਜਿਸਦੇ ੧੦੮ ਦਾਣੇ ਹੋਣ ॥

**ਅਠੋਣਾ,** ਵਿ:-ਅਠਾਉਣਾ, ਅੱਠ ਗੁਣਾ ॥

**ਅੱਡ,** ਵਿ:—ਵੱਖ, ਵੱਖਰਾ, ਜੁਦਾ, ਅਲਗ (ਹੋਣਾ, ਕਰਨਾ)

(ਅੱਡ ਖਾਏ ਸੋ ਡੱਡ ਖਾਏ, ਵੰਡ ਖਾਏ ਸੋ ਖੰਡ ਖਾਏ)

ਕ੍ਰਿ: ਵਿ:—ਵੱਖਰਾ, ਇਕੱਲਾ, ਆਪੇ ਹੀ, ਹੋਰਨਾ ਨਾਲ ਨਾਂ ਮਿਲਕੇ ॥

**ਅੱਡੋ ਅੱਡ,** ਵੱਖੋ ਵੱਖਰੇ, ਜੁਦਾ ਜੁਦਾ ॥

**ਅੰਡਜ,** ਪੁ:—ਅੰਡੇ ਤੋਂ ਪੈਦਾ ਹੋਣ ਵਾਲੇ ਜੀਵ, ਪੰਖੇਰੂ ਆਦਿਕ ॥

**ਅੱਡਣਾ,** ਕ੍ਰਿ:—ਜੁਦਾ ਕਰਨਾ, ਖੋਲ੍ਹਣਾ, ਖਿਲਾਰਨਾ, ਅਰੰਭਣਾ, ਸਜਾਣਾ ॥

**ਘਰ ਅੱਡਣਾ,** ਕ੍ਰਿ:-ਘਰ ਬਨਾਣਾ, ਵਿਆਹ ਕਰਨਾ, ਗ੍ਰਿਹਸਤੀ ਬਨਣਾ ॥

**ਅਡੰਬਰ,** ਪੁ:—ਦਿਖਾਵਾ, ਫਰੇਬ, ਫੋਕਾ ਸ਼ੋਰ, ਅਸ-ਬਾਬ, ਮਾਲ ਮਤਾ, ਲੜਾਈ ਦਾ ਸਮਿਆਨ ਛਾਬਾ ਟੀਂਡਾ ॥ (ਕਰਨਾ, ਰਚਣਾ)

**ਅਡੰਬਰਣ,** ਸ:-ਅਡੰਬਰ ਕਰਨ ਵਾਲੀ ਇਸਤ੍ਰੀ ॥

**ਅਡੰਬਰੀ,** ਪੁ:-ਅਡੰਬਰ ਕਰਨ ਵਾਲਾ, ਸਮਿਆਨ ਕੱਠਾ ਕਰਨ ਵਾਲਾ, ਦਿਖਾਵਾ ਕਰਨ ਵਾਲਾ ॥

Digitized by Panjab Digital Library | www.panjabdigilib.org

**ਅੱਡਾ,** ਪੁ:—ਪੰਛੀਆਂ ਦੇ ਬੈਠਣ ਵਾਲੀ ਥਾਂ । ਉਹ ਥਾਂ ਜਿੱਥੇ ਜ਼ਿਮੀਂਦਾਰ ਘਾਹ ਪੱਠਾ ਰੱਖਦੇ ਹਨ ਯੱਕੇ ਬੱਘੀਆਂ ਆਦਿਕ ਦੇ ਖਲੋਣ ਦੀ ਥਾਂ । ਜਿਸ ਥਾਂ ਤੇ ਇੱਕੋ ਜੇਹੇ ਆਦਮੀ ਮਿਲਣ,(ਜਿਹਾ ਕਿ ਜੁਆਰੀਆਂ ਦਾ ਅੱਡਾ, ਬਦਮਾਸ਼ਾਂ ਦਾ ਅੱਡਾ, ਅਜੇਹੀ ਥਾਂ ਜਿੱਥੇ ਮਨੁਖ ਕੰਮ ਕਾਜ ਲਈ ਜਾਂ ਖੁਸ਼ੀਆਂ ਮਾਨਣ ਲਈ ਕੱਠੇ ਹੋਣ । ਕਾਰੀਗਰਾਂ ਦਾ ਉਹ ਢਾਂਚਾ ਜਿਸਨੂੰ ਬੰਨ੍ਹਕੇ ਕੰਮ ਕਰਦੇ ਹਨ ॥

**ਅੱਡਾ ਜੰਮਣਾ,** ਕ੍ਰਿ:—ਪਕੀ ਤਰ੍ਹਾਂ ਠਹਿਰਨਾ, ਪੱਕਾ ਦਖਲ ਹੋਣਾ ॥

**ਅੱਡਾ ਜਮਾਉਣਾ,** ਕ੍ਰਿ: ਡੇਰਾ ਪਾ ਲੈਣਾ, ਪੱਕੀ ਤਰ੍ਹਾਂ ਦਾਖ਼ਲ ਕਰ ਲੈਣਾ, ਪੈਰ ਜਮਾ ਲੈਣਾ, ਟਿਕਾਣਾ ਬਣਾ ਬੈਠਣਾ ॥

**ਅੱਡਾ ਦਾਰ / ਅੱਡੇ ਦਾਰ,** ਪੁ:—ਅੱਡੇ ਵਾਲਾ, ਅੱਡੇ ਦਾ ਮਾਲਕ ।

**ਅੱਡਾ ਲੱਗਣਾ,** ਕ੍ਰਿ:—'ਅੱਡਾ ਜੰਮਣਾ' ਵੇਖੋ ॥

**ਅੱਡਾ ਲਗਾਉਣਾ,** ਕ੍ਰਿ:—'ਅੱਡਾ ਜਮਾਉਣਾ' ਵੇਖੋ ॥

**ਅੱਡਾ ਲਾਉਣਾ,** ਕ੍ਰਿ:—ਜਿਦ ਬੰਨ੍ਹਣਾ, ਲੜਨ ਨੂੰ ਤਿਆਰ ਹੋਣਾ ॥

**ਅੱਡੇ ਚੜ੍ਹਾਉਣਾ / ਅੱਡੇ ਲਾਉਣਾ,** ਕ੍ਰਿ:—ਕਾਬੂ ਕਰਨਾ, ਹੱਥਾਂ ਤੇ ਪਾਉਣਾ ॥

**ਅੱੜਾ,** ਪੁ:—'ਅੜ੍ਹਾ' ਵੇਖੋ ।

**ਅੜਾਉਣਾ,** ਕ੍ਰਿ:—ਖੁਲ੍ਹਾਉਣਾ (ਘਰ), ਚਾਦਰ ਖਿਲਾਰਨਾ, ਵਿਆਹ ਕਰਾਉਣਾ ॥

**ਅਡਿੱਠ,** ਵਿ:—ਨਾ ਡਿਠਾ ਹੋਇਆ, ਨਾ ਵੇਖਿਆ ਹੋਇਆ ॥

**ਅਡਿੱਠ ਕਰਨਾ,** ਕ੍ਰਿ:—ਵੇਖ ਕੇ ਖਿਆਲ ਨਾ ਕਰਨਾ ॥

**ਅੱਡੀ,** ਸ:—ਪੈਰ ਦਾ ਪਿਛਲਾ ਹਿੱਸਾ ॥

**ਅੱਡੂ,** ਵਿ:—'ਅੱੜ' ਵੇਖੋ ॥

**ਅਡੋਲ,** ਵਿ:—ਜੋ ਨਾ ਡੋਲੇ, ਥਿਰ, ਪੱਕਾ, ਕਾਇਮ, ਦ੍ਰਿੜ੍ਹ, ਨਾ ਹਿੱਲਣ ਵਾਲਾ, ਅਟੱਲ ।

ਕ੍ਰਿ: ਵਿ:—ਹੌਲੀ ਹੌਲੀ, ਮਲਕੜੇ, ਆਸਤਾ ਆਸਤਾ ॥

**ਅਣ ਉਤਪੱਤ / ਅਣ ਉਤਪੰਨ,** ਵਿ: ਜਿਸ ਦੀ ਉਤਪਤ ਨਹੀਂ, ਨਾ ਜਮਿਆ ਹੋਇਆ, ਨਾ ਪੈਦਾ ਹੋਇਆ ਹੋਇਆ ॥

**ਅਣਸ,** ਸ:—'ਅੰਸ' ਵੇਖੋ ॥

**ਅਣ ਸਿੱਖ / ਅਣ ਸਿੱਖਿਆ,** ਵਿ:—ਜਿਸ ਨੇ ਕੁਝ ਨਹੀਂ ਸਿੱਖਿਆ, ਅਣ ਪੜ੍ਹ, ਅਣ੍ਹੜ ।

**ਅਣ ਹੱਕ,** ਕ੍ਰਿ:-ਵਿ:—ਬੇ ਸਬਬ, ਬੇ ਨਿਆਈਂ ਕਰਕੇ, ਐਵੇਂ ਹੀ, ਹਕ ਮਾਰਕੇ ॥

**ਅਣ ਹੱਕੀ,** ਵਿ:—ਬੇ ਨਿਆਈਂ, ਝੂਠ, ਅਯੋਗ ॥

**ਅਣ ਹੁੰਦਾ,** ਵਿ:-ਪੁ:—ਨਾ ਹੋਣ ਵਾਲਾ, ਅਣੋਖਾ ।

**ਅਣ ਹੁੰਦੀ,** ਵਿ:-ਸ:—ਨਾ ਹੋਣ ਵਾਲੀ, ਅਨੋਖੀ (ਅਖਾਣ—ਵਰੀ ਗਲ ਕਰੇ ਅਣਹੁੰਦੀ) ।

**ਅਣ ਹੋਣੀ,** ਸ:—ਨਾ ਹੋਣ ਵਾਲੀ ਗੱਲ ॥

ਵਿ:—ਜੋ ਨਾ ਹੋ ਸੱਕੇ, ਅਸੰਭਵ, ਅਨੋਖੀ, ਅਚਰਜ ॥

**ਅਣਹੋਣੀ ਕਰਨੀ,** ਕ੍ਰਿ:—ਬਹੁਤ ਗਾਲਾਂ ਆਦਿਕ ਕੱਢਣੀਆਂ ॥

**ਅਣ ਹੋਂਦ,** ਸ:—ਕਿਸ ਚੀਜ਼ ਦਾ ਨਾ ਹੋਣਾ, [illegible], ਥੁੜ, ਤੋਟਾ, ਘਾਟਾ, ਤੰਗੀ

Digitized by Panjab Digital Library | www.panjabdigilib.org

**ਅਣਹੋਂਦਾ,** ਵਿ:-ਪੁ:-'ਅਣਹੁੰਦਾ' ਵੇਖੋ ॥

**ਅਣਹੋਂਦੀ,** ਵਿ:-ਸ:—'ਅਣਹੁੰਦੀ' ਵੇਖੋ ॥

**ਅਣਕ,** ਵਿ:—'ਅਨੇਕ' ਵੇਖੋ ॥

**ਅਣ ਕੱਟਿਆ,** ਵਿ:—ਨਾ ਕੱਟਿਆ ਹੋਇਆ, ਜਿਹੜੀ ਫਸਲ ਅਜੇ ਵੱਢੀ ਨਹੀਂ ।

**ਅਣਖ,** ਸ:—ਮਾਨ, ਅਭਮਾਨ, ਲਾਜ, ਪਤ, ਆਪਣੀ ਇੱਜ਼ਤ ਦਾ ਖਿਆਲ, ਹੌਂਸਲਾ, ਦਲੇਰੀ ॥

**ਅਣਖੀ,** ਵਿ:—ਅਣਖ ਵਾਲਾ, ਅਭਮਾਨੀ, ਆਪਣੀ ਇੱਜ਼ਤ ਦਾ ਖਿਆਲ ਰੱਖਣ ਵਾਲਾ, ਦਲੇਰ, ॥

**ਅਣ ਗਿਣਤ**
**ਅਣ ਗਿਣਤੀ** } ਵਿ:—ਜੋ ਗਿਣੇ ਨਾ ਜਾਣ, ਬੇ ਅੰਤ, ਅਨੇਕ, ਬਹੁਤ ਸਾਰੇ, ਬੇ ਸ਼ੁਮਾਰ ।

**ਅਣਘੜ,**
**ਅਣਘੜਤ**
**ਅਣਘੜਿਆ** } ਵਿ:—ਨਾ ਘੜਿਆ ਹੋਇਆ, ਚੰਗੀ ਤਰ੍ਹਾਂ ਨਾ ਬਣਾਇਆ ਹੋਇਆ, ਜੋ ਠੀਕ ਨਹੀਂ, ਕੋਹਜਾ, ਅਣ ਸਿੱਖ, ਅੱਲ੍ਹੜ, ਜਾਂਗਲੀ ॥

**ਅਣ ਚਿੱਤ,** ਵਿ:—ਜਿਸਦਾ ਚਿੱਤ ਟਿਕਾਣੇ ਨਹੀਂ, ਬੇ ਦਿਲਾ, ਡਾਵਾਂ ਡੋਲ।

**ਅਣਚਿੰਤ,** ਵਿ:—ਜਿਸਨੂੰ ਚਿੰਤਾ ਨਹੀਂ, ਨਚਿੰਤ ਬੇ ਫ਼ਿਕਰ, ਵਿਚਾਰ ਨਾ ਕਰਨ ਵਾਲਾ, ਬੇ ਪਰਵਾਹ ।

**ਅਣਚਿੰਤਾ,** ਖ:—ਚਿੰਤਾ ਨਾ ਕਰਨਾ, ਬੇ ਪਰਵਾਹੀ॥

**ਅਣ ਛੁਹ**
**ਅਣ ਛੁੱਹ** } ਵਿ:—ਜਿਸਦੀ ਛੁਹ ਨਹੀਂ, ਜੋ ਛੁੱਹ ਨਾ ਸੱਕੇ, ਜੋ ਛੁੰਹਣ ਨਾਲ ਭਿੱਟਿਆ ਨਾ ਜਾਵੇ, ਜਿਸਨੂੰ ਕਿਸੇ ਨੇ ਛੁਹਿਆ ਨਹੀਂ, ਨਵਾਂ ॥

**ਅਣਜਾਣ,** ਵਿ:—ਜੋ ਕੁਝ ਨਹੀਂ ਜਾਣਦਾ, ਜਾਹਲ, ਅੰਞਾਣਾ, ਅਗਿਆਨੀ, ਮੂਰਖ, ਅਹਮਕ, ਬੇ ਖਬਰ, ਸਿੱਧਾ, ਭੋਲਾ, ਮਸੂਮ, ਬੇ ਸਮਝ, ਨਾਵਾਕਫ ॥

ਪੁ:—ਓਪਰਾ ਜਾਂ ਪਰਦੇਸੀ, ਨਾਵਾਕਫ ਆਦ-ਮੀ, (ਕੋਈ ਗੱਲ) ਨਾਂ ਜਾਨਣ ਵਾਲਾ ਮਨੁੱਖ ॥

**ਅਣਜਾਣ ਪੁਣਾ,** ਪੁ:—ਮੂਰਖਤਾਈ, ਜਾਹਲੀ, ਬੇ ਅਕਲੀ ॥

**ਅਣਜਾਨ ਬਣਨਾ,** ਕ੍ਰਿ:—ਝੂਠੀ ਮੂਠੀ ਬੇ ਖਬਰ ਬਣਨਾ, ਨਾਂ ਜਾਨਣ ਦਾ ਬਹਾਨਾ ਕਰਨਾ ॥

**ਅਣ ਜਾਣ ਵਿੱਦਯਾ ਪ੍ਰਾਣਾਂ ਦਾ ਖੋਹ,** ਮੂਰਖਤਾਈ ਨਾਲ ਮਨੁੱਖ ਦੀ ਜਿੰਦ ਚਲੀ ਜਾਣ ਦਾ ਡਰ ਹੈ

**ਅਣਜੋੜ,** ਪੁ:—ਮੇਲ ਨਾ ਹੋਣਾ, ਵੇਟਕ, ਅਣਬਣ, ਫੁੱਟ ॥

**ਅਣ ਡਿੱਠ,** ਵਿ:—ਜਿਸਨੂੰ ਪਹਿਲੇ ਨਹੀਂ ਡਿੱਠਾ, ਨਵਾਂ, ਓਪਰਾ, ਅਣ ਦੇਖਿਆ, ਜਿਹੜਾ ਦਿੱਸੇ ਨਾ, ਜਿਸਦਾ ਕੁਝ ਪਤਾ ਨਹੀਂ ॥

**ਅਣ ਥੱਕ,** ਵਿ:—ਜੋ ਥੱਕੇ ਨਾ, ਨਾ ਥੱਕਿਆ ਹੋਇਆ ।

**ਅਣ ਦੇਖਿਆ,** ਵਿ:—'ਅਣ ਡਿੱਠ' ਵੇਖੋ ॥

**ਅਣਧੋਤਾ**
**ਅਣਧੋਯਾ** } ਵਿ:—ਨਾ ਧੋਤਾ ਹੋਇਆ, ਕੋਰਾ, ਜਿਸ ਵਿੱਚ ਪਾਣ ਹੋਵੇ। ਮੈਲਾ ॥

**ਅਣਧੋਤੀ ਦਾਲ**
**ਅਣਧੋਈ ਦਾਲ** } ਸ:—ਜਿਸ ਦਾਲ ਦੇ ਛਿੱਲੜ ਨਾ ਲਾਹੇ ਹੋਏ ਹੋਣ॥

**ਅਣਪਚ,** ਪੁ:—ਅਜੀਰਨ, ਜਿਸ ਰੋਗ ਵਿੱਚ ਖਾਧਾ ਪੀਤਾ ਪਚਦਾ ਨਹੀਂ ॥

**ਅਣਪੜ੍ਹ**
**ਅਣਪੜ੍ਹਿਆ** } ਵਿ:—ਨਾ ਪੜ੍ਹਿਆ ਹੋਇਆ ਅੱਲ੍ਹੜ, ਅਣਸਿੱਖ, ਮੂਰਖ, ਅਣਜਾਣ, ਅਗਿਆਨੀ ॥

Digitized by Panjab Digital Library | www.panjabdigilib.org

**ਅਣਬਣ** / **ਅਣ ਬਣਤ** } ਸ:—ਅਜੋੜ, ਲੜਾਈ, ਫੇਟਕ, ਵੈਰ, ਖਖੇੜਾ, ਝਗੜਾ,( ਹੋਣੀ, ਹੋ ਜਾਣੀ)

**ਅਣ ਬਿਆਹਾ** / **ਅਣ ਬਿਆਹਿਆ** } ਵਿ:—ਨ ਬਿਆਹਿਆ ਹੋਇਆ, ਕੁਆਰਾ।

**ਅਣ ਬਿੱਧ,** ਵਿ:—ਨਾ ਵਿੰਨ੍ਹਿਆ ਹੋਇਆ, ਜਿਸ ਵਿਚ ਛੇਕ ਨਹੀਂ॥

**ਅਣਬੋਲ,** ਵਿ:—ਜੋ ਬੋਲ ਨਾ ਸੱਕੇ॥

**ਅਨਭਉ,** ਪੁ:—ਅੰਦਰਲਾ ਗਿਆਨ।

**ਅਣ ਭੈ** / **ਅਣ ਭੌ** } ਵਿ:—ਜਿਸਨੂੰ ਡਰ ਭੌ ਨਹੀਂ, ਨਿਡਰ, ਨਾ ਡਰਨ ਵਾਲਾ, ਦਲੇਰ॥

**ਅਣਭੋਲ,** ਵਿ:—ਨਾ ਭੁੱਲਣ ਵਾਲਾ॥

ਕ੍ਰਿ: ਵਿ:—ਨਾ ਜਾਣ ਬੁੱਝਕੇ, ਭੁਲੇਖੇ ਨਾਲ, ਬੇ ਖਬਰੀ ਵਿਚ॥

(ਮਾਰਿ ਜਾਣਾ, ਫਸਣਾ, ਆਦਿਕ,)।

**ਅਣਮਣਾ,** ਵਿ:—ਸੁਸਤ, ਉਦਾਸ, ਧੀਮਾ, ਚਿੰਤਾ ਕਰਨ ਵਾਲਾ, ਸੋਚਾਂ ਵਿਚ ਘਿਆ ਹੋਇਆ, ਬੇਦਿਲ, ਗਮਗੀਨ, ਜਿਸਦਾ ਜੀ ਚੰਗਾ ਨਹੀਂ, ਰੋਗੀ॥

**ਅਣਮਨਾਉਣਾ,** ਕ੍ਰਿ:—ਘਬਰਾਉਣਾ, ਬੇ ਦਿਲ ਕਰਨਾ, ਬਿਆਕੁਲ ਕਰਨਾ॥

**ਅਣਮਨਾਣਾ,** ਕ੍ਰਿ:—ਘਾਬਰਨਾ, ਉਦਾਸ ਹੋਣਾ, ਬੇ ਦਿਲ ਹੋਣਾ, ਢੇਰੀ ਢਾਹਣ॥

**ਅਣਮਤ,** ਸ:—ਦੂਜੇ ਦੀ ਮੱਤ, ਖੋਟੀ ਮੱਤ, ਗੁਰਮਤ ਦੇ ਵਿਰੁੱਧ ਹੋਰਨਾਂ ਦਾ ਮਤ॥

**ਅਣਮਤਾ,** ਪੁ:—ਨਾ ਮੰਨਣਾ, ਟਾਲ ਮਟੋਲਾ, ਬਹਾਨਾ, ਸਲਾਹ ਨਾ ਹੋਣੀ॥

**ਅਣਮਤੀ** / **ਅਣਮਤੀਆ** } ਪੁ:—ਗੁਰ ਮਤ ਨੂੰ ਛੱਡਕੇ ਹੋਰਨਾਂ ਦੇ ਮਤ ਉੱਪਰ ਚੱਲਣ ਵਾਲਾ, ਆਪਣੀ ਕਹੀ ਕਰਨ ਵਾਲਾ, ਅੜੱਲਾ॥

**ਅਣਮਾਂ ਸਣਮਾਂ,** ਵਿ:—ਮਾੜਾ ਮੋਟਾ, ਐਵੇਂ ਕਿਵੇਂ॥

**ਅਣਮੁੱਲ,** ਵਿ:—ਜਿਸਦਾ ਮੁੱਲ ਨਾ ਪੈ ਸੱਕੇ, ਬਹੁਤ ਮੁੱਲ ਵਾਲਾ, ਅਮੋਲਕ, ਵੱਡ ਮੁੱਲਾ।

**ਅਣਮੁੱਲਾ** ਪੁ: / **ਅਣਮੁੱਲੀ** ਸ: } ਵ:—ਮੁੱਲ ਬਾਝੋਂ, ਮੁਫਤ। ਸੌਂਦੀ॥

**ਅਣਮੋੜ,** ਵਿ:—ਜੋ ਕਿਸੇ ਗੱਲੋਂ ਮੁੜੇ ਨਾਂ, ਆਪ ਹੁਦਰਾ॥

**ਅਣਰਸ,** ਵਿ:—ਜਿਸ ਵਿਚ ਰਸ ਨਾ ਹੋਵੇ, ਬੇ ਸੁਆਦ, ਜੋ ਮਨ ਨੂੰ ਨਾ ਭਾਵੇ।

ਪੁ:—ਰੁੱਖਾ ਹੋਣਾ, ਸੁਆਦ ਜਾਂ ਅਨੰਦ ਨਾ ਆਉਣਾ, ਘਿਣ, ਫੇਟਕ, ਫਿੱਕ॥

**ਅਣਰੱਖ** / **ਅਣਰੱਖਾ** } ਵਿ:—ਜੋ ਖਾਣ ਪੀਣ ਦਾ ਅਟਕਾ ਨ ਰੱਖੇ, ਰੱਖ ਨਾ ਕਰਨ ਵਾਲਾ, ਜਿਸ ਦੀ ਰਾਖੀ ਨ ਹੋਵੇ, ਨਿਰਾਸਰਾ, ਰੁਲਦਾ।

**ਅਣਰੀਤ,** ਸ:—ਭੈੜੀ ਚਾਲ, ਬੁਰਾ ਦਸਤੂਰ, ਕੁਰਾਹ, ਕੁਰੀਤ, ਵੱਡਿਆਂ ਦੀ ਰੀਤ ਪੁਰ ਨਾ ਚੱਲਣਾ॥

ਵਿ:—ਰੀਤੋਂ ਬਾਹਰਾ, ਅਨੋਖਾ, ਆਮ ਦਸਤੂਰ ਉੱਤੇ ਨਾ ਚੱਲਣ ਵਾਲਾ।

**ਅਣਰੁਚ** ਵਿ:—ਬੇ ਸੁਆਦ, ਜੋ ਮਨ ਨੂੰ ਨਾ ਭਾਵੇ, ਨਾ ਸੁਖਾਉਣ ਵਾਲਾ, ਨਾ ਸਮਾਉਣ ਵਾਲਾ, ਨਾਂ ਪਚਿਆ ਹੋਇਆ॥

**ਅਣਰੁਚਦਾ,** ਵਿ:—ਬੇ ਸੁਆਦ, ਜੋ ਮਨ ਨੂੰ ਨਾ ਭਾਵੇ।

**ਅਣਵੱਟ,** ਕ੍ਰਿ: ਵਿ:—ਨਵੀਂ ਰੀਤ ਨਾਲ (ਕਰਨਾ)॥

Digitized by Panjab Digital Library | www.panjabdigilib.org

**ਅਣਵਿੰਜ,** ਵਿ:—ਜਿਸਨੂੰ ਕਿਸੇ ਚੀਜ਼ ਦਾ ਹਿੱਸਾ ਨ ਮਿਲੇ ॥

**ਅਣਵਿੱਧਾ(ਮੋਤੀ)** ਵਿ:—ਜਿਸ ਵਿਚ ਛੇਕ ਨਹੀਂ ॥

**ਅਣਵਿੱਧਾ(ਲੈਣ ਆਉਣਾ),** ਕ੍ਰਿ:ਵਿ:-ਉਚੇਚਾ ॥

**ਅਣੀ,** ਸ:—ਨੋਕ, ਕੰਢਾ, ਕਿਨਾਰਾ, ਹੱਦ ।
(ਸੰਬੋ:)-ਤ੍ਰੀਮਤੀਆਂ ਨੂੰ ਬੁਲਾਉਣ ਵਾਲਾ ਸ਼ਬਦ, ਅੜੀਏ, ਕੁੜੇ ॥

**ਅਣੂ,** ਪੁ:—ਕਿਸੇ ਚੀਜ਼ ਦਾ ਬਹੁਤ ਹੀ ਛੋਟਾ ਟੁਕੜਾ, ਕਣ ॥
ਵਿ:—ਸੂਖਮ, ਬਰੀਕ ॥

**ਅਣੁਪਾਣ,** ਪੁ:—ਕੋਈ ਪੀਣ ਵਾਲੀ ਚੀਜ਼ ਜਿਸ ਨਾਲ ਦੁਆ ਰਲਾਕੇ ਸੌਖੀ ਤਰ੍ਹਾਂ ਅੰਦਰ ਲੰਘਾਈ ਜਾਵੇ ਜਾਂ ਜੋ ਦੁਆ ਖਾਣ ਦੇ ਮਗਰੋਂ ਪੀਤੀ ਜਾਵੇ ॥

**ਅਣੋਖ,** ਪੁ:—ਕੋਈ ਅਚਰਜ ਦੀ ਗੱਲ ਜਾਂ ਵਸਤ, ਅਜਬ ਸ਼ੈ, ਕਿਤੇ ਕਿਤੇ ਮਿਲਣ ਵਾਲੀ ਚੀਜ਼ ॥

**ਅਣੋਖਾ** ਪੁ:, **ਅਣੋਖੀ** ਸ: } ਵਿ:—ਅਚਰਜ,ਅਜਬ, ਖ਼ਾਸ,ਸਭ ਤੋਂ ਵੱਖਰਾ, ਨਿਆਰਾ, ਨਵਾਂ,ਓਪਰਾ, ਕਮੀਨਾ, ਔਲਾ, ਨਿਕੰਮਾ (ਅਣੋਖੀ ਚੀਜ਼, ਗੱਲ ਆਦਿਕ) ॥

**ਅੱਤ,** ਸ:—ਵਧੀਕੀ, ਜ਼ਾਸਤੀ, ਜ਼ਬਰ ਦਸਤੀ, (ਹੋਣੀ, ਹੋ ਜਾਣੀ, ਕਰਨੀ)
ਅੱਤ ਨਾਲ ਪਰਮੇਸ਼ਰ ਦਾ ਵੈਰ ਹੈ ॥

ਅੱਤ ਦਾ ਭਲਾ ਨ ਮੇਘਲਾ, ਅੱਤ ਦੀ ਭਲੀ ਨ ਧੁੱਪ।
ਅੱਤ ਦਾ ਭਲਾ ਨ ਬੋਲਣਾ, ਅੱਤ ਦੀ ਭਲੀ ਨ ਚੁੱਪ॥

ਕ੍ਰਿ: ਵਿ:—ਬਹੁਤ, ਹੱਦੋਂ ਵੱਧ, ਜ਼ਿਆਦਾ ॥

**ਅੱਤ ਚੱਕਣੀ**, **ਅੱਤਚਾਣੀ**, **ਅੱਤ ਚੁਕਣੀ** } ਕ੍ਰਿ:—ਵਧੀਕੀ ਕਰਨੀ, ਅਨ-ਰੇਥ ਮਚਾਣਾ, ਜ਼ਬਰ ਦਸਤੀ ਕਰਨੀ ॥

**ਅੰਤ,** ਪੁ:—ਛੇਕੜ, ਓੜਕ, ਨਿਬੇੜਾ, ਹੱਦ, ਤੁਗ, ਫਲ, ਭੇਦ ਪੁੱਗਲਾ, ਮੌਤ, ਗਿਆਨ, ਗੁੱਝੀ ਗੱਲ ॥
ਵਿ:—ਪਿਛਲਾ, ਛੇਕੜਲਾ, ਆਖਰੀ ॥

**ਅੰਤ ਸਮਾ,** ਪੁ:—ਮੌਤ ਦਾ ਵੇਲਾ, ਛੇਕੜਲਾ ਵਕਤ, ਆਖ਼ਰੀ ਦਮ

**ਅੰਤ ਸ਼ੁਮਾਰ,** ਲੇਖਾ, ਗਿਣਤੀ, ਹੱਦ ।

**ਅੰਤਕਾਲ,** ਪੁ:—ਅੰਤ 'ਸਮਾ' ਵੇਖੋ ।

**ਅੰਤ ਸਮੇ, ਅੰਤਕਾਲ ਜਾਂ ਅੰਤ ਵੇਲੇ** } ਕ੍ਰਿ: ਵਿ:-ਓੜਕ ਨੂੰ, ਛੇਕੜ, ਫੇਰ ਭੀ, ਮਰਨ ਲੱਗਿਆਂ ॥

**ਅੰਤਨੂੰ,** ਕ੍ਰਿ: ਵਿ:—ਓੜਕ, ਛੇਕੜ, ਆਖ਼ਰ, ਪਿੱਛੋਂ ॥

**ਅੰਤ ਮਤਾ,** ਪੁ:-ਅੰਤ ਦੇ ਵੇਲੇ ਜਿਸ ਪਾਸੇ ਮਨੁੱਖ ਦੀ ਸੁਰਤ ਜਾਵੇ ॥

**ਅੰਤ ਵਿੱਚ,** ਕ੍ਰਿ: ਵਿ:—'ਅੰਤ ਨੂੰ' ਵੇਖੋ ॥

**ਅੰਤ ਵੇਲਾ,** ਪੁ:—'ਅੰਤ ਸਮਾ' ਵੇਖੋ ।

**ਅੰਤਸ਼ ਕਰਣ**, **ਅੰਤਹ ਕਰਣ**, **ਅੰਤਹਿ ਕਰਣ** } ਪੁ:—ਮਨ, ਚਿੱਤ, ਹਿਰਦਾ, ਦਿਲ, ਬੁੱਧ, ਜੋ ਮਨ ਵਿੱਚ ਹੋਵੇ, ਵਿ-ਚਾਰ, ਖਿਆਲ, ਮਰਜ਼ੀ, ਸਲਾਹ, ਚਾਹ, ਇੱਛਿਆ ॥

**ਅਤਬਾਰ,** ਪੁ:—ਭਰੋਸਾ, ਵਸਾਹ, ਸਾਖ, ਆਸਰਾ, ਸਹਾਰਾ, ਅਧਕਾਰ, ਆਦਰ, ਮਾਨ, ਇੱਜ਼ਤ, ਅਦਬ, (ਹੋਣਾ, ਕਰਨਾ) ॥

**ਅਤਬਾਰਣ,** ਸ:—ਜਿਸ ਤ੍ਰੀਮਤ ਦਾ ਅਤਬਾਰ ਜਾਂ ਵਸਾਹ ਹੋਵੇ ॥

**ਅਤਬਾਰੀ,** ਵਿ:—ਜਿਸ ਆਦਮੀ ਦਾ ਵਸਾਹ ਹੋਵੇ, ਅਤਬਾਰ ਵਾਲਾ ॥

**ਅਤਰ,** ਫੁਲਾਂ ਆਦਿਕਾਂ ਦਾ ਸਤ, ਖ਼ੁਸ਼ਬੋ, ਸੁਗੰਧ ॥

Digitized by Panjab Digital Library | www.panjabdigilib.org

**ਅਤਰਦਾਨ,** ਪੁ:—ਅਤਰ ਰੱਖਣ ਵਾਲਾ ਭਾਂਡਾ। ਇੱਕ ਗਹਿਣਾ ਜੋ ਤਾਵੀਤੀਆਂ ਗਲ ਪਾਉਂਦੀਆਂ ਹਨ॥

**ਅਤਰ ਖਿੱਚਣਾ,** ਕ੍ਰਿ:—ਫੁੱਲਾਂ ਆਦਿ ਕਾ ਵਿੱਚੋਂ ਸਤ ਕੱਢਣਾ, ਕਿਸੇ ਗੱਲ ਦਾ ਸਾਰ ਲੈਣਾ॥

**ਅਤਰ ਫਰੋਸ਼,** ਪੁ:—ਅਤਰ ਵੇਚਣ ਵਾਲਾ

**ਅੰਤਰ,** ਪੁ:—ਅੰਦਰਲਾ ਜਾਂ ਵਿਚਲਾ ਪਾਸਾ, ਜੀਵ, ਆਤਮਾ, ਰੂਹ, ਚਿੱਤ, ਦਿਲ, ਮਨ, ਪਰਮਾਤਮਾ, ਭੇਤ, ਗੁੱਝੀ ਗਲ, ਫਰਕ, ਫ਼ੱਕ, ਵਿਰਲ, ਮੋਘ, ਛਾਂਗਾ॥

ਵਿ:—ਅੰਦਰਲਾ, ਵਿਚਲਾ, ਨੇੜੇ॥

ਕ੍ਰਿ: ਵਿ:—ਇਕ ਪਾਸੇ, ਲਾਂਭੇ, ਵੱਖਰਾ, ਜੁਦਾ, ਬਾਹਰ॥

ਅਵ:—ਅੰਦਰ, ਵਿੱਚ, ਵਿਚਕਾਰ, ਵਿਚਾਲੇ।

**ਅੰਤਰਾ,** ਪੁ:—ਗੀਤ ਦਾ ਕੋਈ ਟੱਪਾ (ਪਹਿਲੇ ਤੋਂ ਛੁੱਟ) ਫਰਕ, ਭੇਦ, ਵਲ।

**ਅੰਤਰਿੰਗ ਸਭਾ,** ਸ:—ਕਿਸੇ ਸਭਾ ਜਾਂ ਸਮਾਜ ਦੀ ਕੰਮ ਕਾਜ ਕਰਨ ਵਾਲੀ ਕਮੇਟੀ।

**ਅੰਤਰਜਾਮੀ,** ਵਿ:—ਜੋ ਅੰਦਰ ਦੀ ਜਾਣੇ, ਜੋ ਦਿਲ ਦਾ ਹਾਲ ਜਾਣੇ, ਜੋ ਅੰਦਰ ਬਿਆਪ ਰਿਹਾ ਹੈ, ਪਰਮੇਸ਼ਰ॥

**ਅੰਤਰਧਯਾਨ,** ਵਿ:—ਅਲੋਪ, ਅੱਖਾਂ ਤੋਂ ਓਹਲੇ, ਧਿਆਨ ਵਿਚ ਮਗਨ, (ਹੋ ਜਾਣਾ, ਹੋਣਾ)।

**ਅੰਤਰ ਬ੍ਰਿਤੀ,** ਸ:—ਅੰਦਰ ਵੱਲ ਧਯਾਨ ਲਾਉਣਾ, ਆਪਣੇ ਮਨ ਨੂੰ ਆਤਮਾ ਵਿੱਚ ਅਸਥਿਤ ਕਰਨਾ॥

**ਅੰਤਰ ਬੋਧ,** ਪੁ:—ਅੰਦਰਲਾ ਗਿਆਨ, ਚੇਤਨਤਾਈ, ਬੂਝ, ਅਨਭਉ॥

**ਅੰਤਰ ਭਾਉ,** ਪੁ:—ਸਭਾ, ਅੰਦਰਲਾ ਸੁਭਾਵਿਕ ਗੁਣ॥

**ਅਤਬਾਰ ਖੋਣਾ**<br>**ਅਤਬਾਰ ਗੁਆਉਣਾ** } ਕ੍ਰਿ:—ਆਪਣੀ ਸਾਖ ਗੁਆਉਣੀ, ਵਸਾਹ ਜਾਂਦਾ ਰਹਿਣਾ।

**ਅਤਬਾਰ ਜੰਮਣਾ (ਬੈਠਣਾ),** ਕ੍ਰਿ:—ਦੂਜੇ ਲੋਕਾਂ ਨੂੰ ਪਰਤੀਤ ਹੋ ਜਾਣੀ, ਦਿਲ ਵਿੱਚ ਵਸਾਹ ਕੰਮ ਹੋ ਜਾਣਾ॥

**ਅਤਲਸ,** ਸ:—ਇੱਕ ਤਰਾਂ ਦਾ ਰੇਸ਼ਮੀ ਕਪੜਾ।

**ਅਤਾਰ,** ਪੁ:—ਅਤਰ ਅਤੇ ਅਰਕ ਖਿੱਚਣ ਵਾਲਾ ਜਾਂ ਵੇਚਣ ਵਾਲਾ, ਦੁਆਵਾਂ ਵੇਚਣ ਵਾਲਾ, ਪਸਾਰੀ॥

**ਅਤਾਰੀ,** ਸ:—ਅਤਾਰ ਦਾ ਕੰਮ, ਦੁਆਵਾਂ ਬਣਾਉਣਾ ਜਾਂ ਵੇਚਣਾ।

**ਅਤਾਲੀਕ,** ਪੁ:—ਉਸਤਾਦ, ਪੜ੍ਹਾਉਣ ਵਾਲਾ, ਸਿਖਾਉਣ ਵਾਲਾ

**ਅਤਾਲੀਕਣੀ,** ਸ:—ਉਸਤਾਦਣੀ, ਪੜ੍ਹਾਉਣ ਵਾਲੀ, ਸਿਖਾਉਣ ਵਾਲੀ, ਸਿਆਣੀ॥

**ਅਤਾਲੀਕੀ,** ਸ:—ਪੜ੍ਹਾਉਣ ਦਾ ਕੰਮ

**ਅਤਿ**<br>**ਅਤੀ** } ਸ:—ਅੱਤ, ਵਧੀਕੀ, ਜ਼ਿਆਦਤੀ। ਵਿ: ਬਹੁਤ, ਵਧ ਵਧੇਰਾ, ਬਹੁਲਾ ਹੱਦੋਂ ਬਾਹਰਾ॥

**ਅਤਿ ਸਾਰ**<br>**ਅਤੀ ਸਾਰ** } ਪੁ:—ਦਸਤਾਂ ਦੀ ਬਿਮਾਰੀ, ਮਰੋੜ॥

**ਅਤਿਥ**<br>**ਅਤਿਥੀ** } ਪੁ:—ਪਰਾਹੁਣਾ, ਮਿਜ਼ਮਾਨ, ਓਪਰਾ ਜਾਂ ਪਖਲਾ ਆਦਮੀ, ਗ਼ਰੀਬ ਆਦਮੀ, ਅਜੇਹਾ ਮਨੁਖ ਜਿਸ ਦੀ ਖਾਤਰ ਕਰਨੀ ਚਾਹੀਦੀ ਹੈ। ਅਭਿਆਗਤ॥

**ਅਤੀਤ, ਸ:**<br>**ਅਤੀਤਣੀ ਪੁ:** } ਰਮਤੇ ਸਾਧੂਆਂ ਦਾ ਇੱਕ ਪੰਥ, ਤਪਸੀ, ਭਗਤ, ਬੈਰਾਗੀ।

**ਅਤੀਤ ਕਾਲ,** ਪੁ:—ਬੀਤਿਆ ਹੋਇਆ ਸਮਾਂ, ਪਿਛਲਾ ਜ਼ਮਾਨਾ॥

Digitized by Panjab Digital Library | www.panjabdigilib.org

**ਅਤੁਟ,** ਵਿ:—ਨਾਂ ਘਟਣ ਵਾਲਾ, ਜਿਸਦੀ ਤੋਟ ਨਹੀਂ ॥

**ਅਤੇ,** ਅਵ:—ਤੇ, ਅਰ, ਹੋਰ ॥

**ਅਥੱਕ,** ਵਿ:—ਨਾਂ ਥੱਕਣ ਵਾਲਾ ॥

**ਅਥਰਵਣ,** ਪੁ:—ਚੌਥੇ ਵੇਦ ਦਾ ਨਾਉਂ ॥

**ਅਥਰਵਣ ਵੇਦ ਜਾਂ ਥੇਦ ਬਕਣਾ** ਕ੍ਰਿ:—ਅਬਾ ਤਬਾ ਬਕਣਾ, ਅਸੁੱਧ ਬੋਲਣਾ ॥

**ਅੱਥਰਾ,** ਵਿ:—ਨਿਚੱਲਾ, ਸ਼ਰਾਰਤੀ, ਸ਼ਤਾਨ ॥

**ਅੱਥਰੂ,** ਪੁ:—'ਅੰਝੂ' ਵੇਖੋ ॥

**ਅਥਵਾ,** ਅਵ:—ਯਾ, ਜਾਂ ॥

**ਅਥਾਹ,** ਵਿ:—ਜਿਸ ਦੀ ਥਾਹ ਨਹੀਂ, ਬਹੁਤ ਡੂੰਘਾ, ਅਗਾਧ ॥

**ਅਦਕਰ,** ਪੁ:—'ਅਦਰਕ' ਵੇਖੋ ॥

**ਅਦਨਾ,** ਵਿ:—ਹੇਠਲੇ ਦਰਜੇ ਦਾ, ਛੋਟਾ, ਨੀਵਾਂ, ਕਮੀਨਾ, ਹੋਲਾ, ਤੁੱਛ ॥

**ਅਦਬ,** ਪੁ:—ਮਾਨ, ਆਦਰ, ਇੱਜ਼ਤ ॥

**ਅੰਦਰ,** ਪੁ:—ਵਿਚਲਾ ਹਿੱਸਾ, ਚੁਬਾਰਾ, ਕੋਠਾ ॥
ਅਵ:—ਵਿੱਚ, ਵਿਚਕਾਰ, ਵਿਚਾਲੇ ॥

**ਅੰਦਰ ਖਾਨੇ,** ਕ੍ਰਿ: ਵਿ:—ਚੋਰੀ; ਲੁਕ ਛਿਪ ਕੇ, ਓਹਲੇ ਹੋਕੇ ॥

**ਅੰਦਰਸ,** ਪੁ:—ਕਪੜੇ ਦੇ ਅੰਦਰ ਲਾਉਣ ਵਾਲਾ ਕਪੜਾ, ਅਸਤਰ, ਇਕ ਤਰਾਂ ਦਾ ਪਤਲਾ ਸੂਤੀ ਕਪੜਾ ॥

**ਅੰਦਰਸਾ,** ਪੁ:—ਚੌਲਾਂ ਦੀ ਮਿੱਠੀ ਰੋਟੀ ਘਿਉ ਵਿਚ ਤਲੀ ਹੋਈ, ਇਕ ਤਰਾਂ ਦੀ ਮਠਿਆਈ ॥

**ਅਦਰਕ,** ਪੁ:—ਇੱਕ ਤਰ੍ਹਾਂ ਦੀ ਗੰਢੀ ਜੋ ਕਈਆਂ ਗਰਮ ਮੁਲਖਾਂ ਵਿੱਚ ਉੱਗਦੀ ਹੈ ॥

**ਅੰਦਰਵਿਓਂ**
**ਅੰਦਰਦੋਂ** } ਅਵ:—ਅੰਦਰਲੇ ਪਾਸਿਓਂ ॥

**ਅੰਦਰੋਂ,** ਅਵ:—ਵਿੱਚੋਂ, ਅੰਦਰਲੇ ਪਾਸਿਓਂ ॥

**ਅੰਦਰੋ ਅੰਦਰੀ,** ਕ੍ਰਿ: ਵਿ:—ਚੋਰੀ ਚੋਰੀ, ਲੁਕ ਛਿਪਕੇ, ਦਿਲ ਵਿੱਚ ॥

**ਅਦਲ,** ਪੁ:—ਨਿਆਂ, ਇਨਸਾਫ, ਸਚ ਝੂਠ ਦਾ ਨਿਬੇੜਾ। (ਹੋਣਾ, ਕਰਨਾ) ॥

**ਅਦਲ ਬਦਲ,** ਪੁ:—ਵਟਾਂਦਰਾ, ਇੱਕ ਚੀਜ਼ ਦੇ ਥਾਂ ਦੂਜੀ ਲੈ ਲੈਣਾ, ਵੱਟਾ ਸੱਟਾ, ਜੋ ਚੀਜ਼ ਵਟਾ ਕੇ ਦਿੱਤੀ ਜਾਵੇ। ਬਰੱਬਰ ਦੀ ਸ਼ੈ ॥

**ਅਦਲ ਬਦਲ ਕਰਨਾ,** ਕ੍ਰਿ:—ਵਟਾਉਣਾ, ਵੱਟਾ ਸਟਾ ਕਰਨਾ, ਇੱਕ ਚੀਜ਼ ਦੇਕੇ ਓਹੋ ਜੇਹੀ ਹੋਰ ਲੈ ਲੈਣੀ ॥

**ਅਦਲਾ ਬਦਲਾ** ਪੁ:—
**ਅਦਲੀ ਬਦਲੀ** ਸ:— } ਵਟਾਂਦਰਾ, ਵੱਟਾ ਸੱਟਾ ॥

**ਅਦਲ ਦਾ ਬਦਲ ਕਰਨਾ**
**ਅਦਲਾ ਬਦਲਾ ਲੈਣਾ**
**ਅਦਲਾ ਬਦਲੀ ਕਰਨਾ** } ਕ੍ਰਿ:-ਸਿਝਣਾ, ਬਦਲਾ ਲੈਣਾ, ਜਿਸਨੇ ਬੁਰਾ ਕੀਤਾ ਹੈ ਉਸ ਨਾਲ ਬੁਰਾ ਕਰਨਾ।

**ਅਦਲੀ ਬਦਲੀ ਕਰਨਾ,** ਕ੍ਰਿ:—ਇੱਕ ਚੀਜ਼ ਦੇਕੇ ਦੂਜੀ ਲੈ ਲੈਣਾ, ਚੀਜਾਂ ਨੂੰ ਉਰੇ ਪਰੇ ਰੱਖ ਦੇਣਾ, ਥਹੁ ਸਿਰ ਨਾਂ ਰੱਖਣਾ, ਗੜ ਬੜ ਕਰ ਦੇਣਾ ॥

**ਅਦਲੀ,** ਵਿ:—ਅਦਲ ਇਨਸਾਫ ਜਾਂ ਨਿਆਂ ਕਰਨ ਵਾਲਾ, ਸੱਚ ਝੂਠ ਦਾ ਠੀਕ ਠੀਕ ਨਿਬੇੜਾ ਕਰਨ ਵਾਲਾ ॥

**ਅਦਵਾਇਣ**
**ਅਦਵਾਣ** } ਸ:—'ਅਦੁਆਇਣ' ਵੇਖੋ ॥

Digitized by Panjab Digital Library | www.panjabdigilib.org

**ਅਦਾ,** ਸ:—ਸੁਹੱਪਣ, ਸੁਹਜ, ਹੁਸਨ, ਖੂਬਸੂਰਤੀ, ਮੋਹ, ਮਸ਼ੂਕ ਦੀਆਂ ਸੈਨਤਾਂ, ਨਾਜ਼ ਨਖ਼ਰਾ, ਅਣੋਖੀ ਵਾਦੀ ਜਾਂ ਚਾਲ। ਪੂਰਾ ਕਰਨਾ, ਨਿਬੇੜਨਾ, ਤੋੜ ਪੁਚਾਉਣਾ, ਕਰਜ਼ਾ ਉਤਾਰਨਾ, ਕਰਾਰ ਪੂਰਾ ਕਰਨਾ ।

**ਅਦਾ ਹੋ ਜਾਣਾ**
**ਅਦਾ ਹੋਣਾ** } ਕ੍ਰਿ:—ਕਰਜ਼ਾ ਜਾਂ ਹੁਦਾਰ ਲਹਿ ਜਾਣਾ, ਬਚਨ ਪੂਰਾ ਹੋ ਜਾਣਾ।

**ਅਦਾ ਕਰਨਾ,** ਕ੍ਰਿ:—ਦੇਣਾ ਦੇ ਦੇਣਾ, ਹੁਦਾਰ ਲਾਹੁਣਾ, ਕਰਨ ਵਾਲਾ ਕੰਮ ਕਰ ਛਡਣਾ, ਕਰਾਰ ਪੂਰਾ ਕਰਨਾ ॥

**ਅਦਾ ਪੈ ਜਾਣੀ**
**ਅਦਾ ਪੈਣੀ** } ਕ੍ਰਿ:—ਵਾਦੀ ਪੈ ਜਾਣੀ, ਹੋਲਤ ਪੈ ਜਾਣੀ ।

**ਅੰਦਾਜ਼ਾ,** ਪੁ:—ਮੇਚਾ, ਨਾਪ, ਅਣਾ ਸਟਾ, ਅਟਕਲ, ਅਨੁਮਾਨ, ਰਾਗ ਦੀ ਤਾਲ, ਮਰਜਾਦਾ, ਢੰਗ, ਢਬ ॥

**ਅੰਦਾਜ਼ਾ ਕਰਨਾ,** ਕ੍ਰਿ:—ਪਰਖਣਾ, ਅਣਾ ਸਟਾ ਕਿਸੇ ਚੀਜ਼ ਦਾ ਤੋਲ ਆਦਿਕ ਮਲੂਮ ਕਰਨਾ, ਮੁੱਲ ਪਾਉਣਾ, ਅਨੁਮਾਨ ਕਰਨਾ ।

**ਅਦਾਲਤ,** ਸ:—ਕਚਹਿਰੀ, ਨਿਆਂ ਦੀ ਥਾਂ, ਜਿੱਥੇ ਮੁਕੱਦਮੇ ਨਿਬੇੜੇ ਜਾਂਦੇ ਹਨ, ਅਦਲ, ਨਿਆਂ, ਇਨਸਾਫ਼, ਸੱਚ ਝੂਠ ਦਾ ਨਿਬੇੜਾ, ਕਨੂਨ ।

**ਅਦਾਲਤ ਕਰਨਾ,** ਕ੍ਰਿ:—ਨਿਆਂ ਕਰਨਾ, ਮੁਕੱਦਮੇ ਨਿਬੇੜਨੇ, ਅਦਾਲਤ ਦਾ ਕੰਮ ਕਰਨਾ ।

**ਅਦਾਲਤ ਘਰ,** ਪੁ:—ਕਚਹਿਰੀ ਦਾ ਮਕਾਨ ॥

**ਅਦਾਲਤਣ,** ਸ:—
**ਅਦਾਲਤੀ,** ਪੁ:— } ਅਦਾਲਤ ਕਰਨ ਵਾਲੀ ਤੀਮੀਂ ਜਾਂ ਮਰਦ ॥

**ਅਦਿਸ਼ਟ,** ਵਿ:—ਅਡਿੱਠ, ਅਣਡਿੱਠ, ਨਾ ਦੇਖਿਆ ਹੋਇਆ ॥

ਪੁ:—ਆਉਣ ਵਾਲੀ ਬਿਪਤਾ ਜੋ ਕਿਸੇ ਨੂੰ ਮਲੂਮ ਨਹੀਂ, ਭਾਵੀ, ਹੋਣੀ, ਕਿਸਮਤ ॥

**ਅਦੁਆਇਣ,** ਸ:—ਦੌਣ, ਪੈਂਦ, ਮੰਜੇ ਦੇ ਪੈਰਾਂ ਵਾਲੇ ਪਾਸੇ ਮੰਜੇ ਨੂੰ ਕੱਸਣ ਲਈ ਜੋ ਰੱਸੀ ਪਾਈਦੀ ਹੈ ॥

**ਅਦੂਲ,** ਪੁ:—ਨਾ ਮੰਨਣਾ, ਨਾਹ ਕਰ ਦੇਣੀ, ਰੱਦ ਸਿੱਟਣਾ ।

**ਅਦੂਲ ਹੁਕਮ ਹੋ ਜਾਣਾ**
**ਅਦੂਲ ਹੁਕਮ ਹੋਣਾ** } ਕ੍ਰਿ:—ਹੁਕਮ ਨਾ ਮੰਨਿਆ ਜਾਣਾ, ਨਾਂਹ ਹੋ ਜਾਣੀ, ਆਪਣਾ ਕਿਹਾ ਪੂਰਾ ਨਾ ਹੋਣਾ

**ਅਦੂਲ ਹੁਕਮ ਕਰਨਾ**
**ਹੁਕਮ ਅਦੂਲ ਕਰਨਾ** } ਕ੍ਰਿ:—ਆਖੇ ਨਾ ਲੱਗਣਾ, ਹੁਕਮ ਨੂੰ ਰੱਦ ਸੁੱਟਣਾ, ਆਗਿਆ ਭੰਗ ਕਰਨੀ ॥

**ਅਦੂਲ ਹੁਕਮੀ ਜਾਂ**
**ਹੁਕਮ ਅਦੂਲੀ** } ਸ:—ਹੁਕਮ ਨੂੰ ਨਾ ਮੰਨਣਾ, ਆਖੇ ਨਾ ਲੱਗਣਾ, ਆਗਿਆ ਭੰਗ, ਤਿਆਗਣਾ, ਪਛਾਂਹ ਹਟਣਾ ॥

**ਅਦੂਲਣਾ (ਹੁਕਮ),** ਕ੍ਰਿ:—ਹੁਕਮ ਨੂੰ ਤੋੜਨਾ, ਆਖੇ ਨਾ ਲੱਗਣਾ ॥

**ਅਦੇਸ਼,** ਪੁ:—ਆਗਿਆ, ਹੁਕਮ, ਜੋਗੀਆਂ ਦੀ ਨਿਮਸਕਾਰ ॥

**ਅੱਧ,** ਪੁ:—ਕਿਸੇ ਚੀਜ਼ ਦੇ ਦੋ ਬਰਾਬਰ ਹਿੱਸਿਆਂ ਵਿੱਚੋਂ ਕੋਈ। ਅੱਧਾ ਹਿੱਸਾ ਖੰਨਾ, ਦੋ ਚੱਪੇ ॥ ਵਿ:—ਅੱਧਾ, ਖੰਨਾ ॥

**ਅੱਧ ਸਿਰਾ**
**ਅੱਧ ਸੀਸਾ** } ਪੁ:—ਅੱਧੇ ਸਿਰ ਦੀ ਪੀੜ ।

**ਅੱਧ ਸੇਰਾ,** ਪੁ:—ਅਧ ਸੇਰ ਦਾ ਵੱਟਾ ॥

Digitized by Panjab Digital Library | www.panjabdigilib.org

**ਅੱਧ ਕਚਰਾ, ਅੱਧ ਕੱਚਾ**, ਵਿਃ—ਕੁਝ ਕੁਝ ਕੱਚਾ, ਥੋੜਾ ਜਿਹਾ ਕੱਚਾ ॥

**ਅੱਧਕੜ,** ਵਿਃ—ਵਿਚਲੀ ਉਮਰ ਦਾ ਮਨੁੱਖ ॥

**ਅੱਧ ਕੜ੍ਹਾ, ਅੱਧਕੜ੍ਹਿਆ**, ਵਿਃ—ਥੋੜਾ ਕੜ੍ਹਿਆ ਹੋਇਆ (ਦੁੱਧ) ॥

**ਅੱਧਖੜ,** ਵਿਃ—'ਅੱਧ ਕੜ' ਵੇਖੋ ॥

**ਅੱਧ ਜੋਗੀਆ,** ਪੁਃ—ਆਪਣੀ ਖੁਸ਼ੀ ਦੀ ਵਾਹੀ ਕਰਨ ਵਾਲਾ, ਜਿਸ ਪਾਸ ਨਾ ਰਾਸ ਹੋਵੇ ਨਾ ਬਲਦ, ਜੋ ਪੈਦਾਵਾਰੀ ਦੀ ਚੁਥਾਈ ਮਜੂਰੀ ਲਏ ਅਤੇ ਬੀਆਂ ਦਾ ਮੁੱਲ ਅਰ ਮਾਮਲੇ ਦੀ ਚੁਥਾਈ, ਆਪਣੇ ਪੱਲਿਓਂ ਦੇਵੇ ॥

**ਅੱਧ ਪੱਕਾ,** ਵਿਃ—ਕੁਝ ਕੁਝ ਪੱਕਾ ॥

**ਅੱਧਾ ਪਚੱਧਾ,** ਵਿਃ—ਅੱਧਾ ਕੁ, ਅਧੂਰਾ ॥

**ਅੱਧ ਭੁੰਨਾ,** ਵਿਃ—ਥੋੜਾ ਜੇਹਾ ਭੁੰਨਿਆ ਜਾਂ ਤਲਿਆ ਹੋਇਆ (ਅਨਾਜ, ਮਾਸ ਆਦਿਕ) ॥

**ਅੱਧ ਮਾਸ, ਅੱਧ ਮਾਸਾ**, ਵਿਃ—ਅੱਧੇ ਮਹੀਨੇ ਵਾਲਾ, ਅੱਧੇ ਮਹੀਨੇ ਪਿੱਛੋਂ ਹੋਣ ਵਾਲਾ ਕੰਮ ॥

**ਅੱਧ ਮਾਰਕ, ਅੱਧ ਮਾਰਗ**, ਪੁਃ—ਮੁਰਦੇ ਨੂੰ ਨੁਹਾਉਣ ਵਾਲੇ ਘੜੇ ਦੇ ਭੰਨਣ ਦੀ ਰੀਤ, (ਮਸਾਣ ਵਾਲੇ ਰਾਹਦੇ ਅੱਧ ਵਿੱਚ ਵੱਡਾ ਪੁਤ੍ਰ ਢਾਹ ਮਾਰਕੇ ਘੜਾ ਭੰਨਦਾ ਹੈ ਅਤੇ ਪਿੰਡ ਭਰਾਉਂਦਾ ਹੈ) ਘੜਾ ਭੰਨਣ ਵਾਲਾ ਥਾਂ ॥

**ਅਧਮੋਇਆ,** ਵਿਃ—ਮਰਨ ਕਿਨਾਰੇ, ਮਰਨ ਲੱਗਾ।

**ਅਧਰਿੱਝਾ,** ਵਿਃ—ਅੱਧਾ ਰਿੱਝਿਆ ਹੋਇਆ ॥

**ਅਧਵਾੜ,** ਸਃ—ਕਪੜੇ ਦਾ ਅੱਧਾ ਥਾਨ, ਅੱਧੀ ਚੀਜ਼, ਛੋਟੀ ਬੋਤਲ ਜਿਸ ਵਿੱਚ ਵੱਡੀ ਤੋਂ ਅੱਧੀ ਚੀਜ਼ ਆਉਂਦੀ ਹੈ, (ਸ਼ਰਾਬ ਆਦਿਕ) ॥

**ਅੱਧ ਵੱਟਰ, ਅੱਧ ਵੱਟੇ**, ਸਃ ਧਾ ਕ੍ਰਿਃ—ਵਿਃ—ਅੱਧਾ ਰਾਹ, ਅੱਧੀ ਵਿੱਥ, ਅੱਧੀ ਜਗਾ ॥

**ਅੱਧ ਵਿੱਚ, ਅੱਧ ਵਿੱਚਕਾਰ**, ਕ੍ਰਿਃ, ਵਿਃ—ਅੱਧੇ ਰਾਹ, ਵਿੱਚ, ਵਿਚਾਲੇ ॥

**ਅੰਧ,** ਵਿਃ—ਹਨੇਰਾ, ਅੰਨ੍ਹਾ, ਸੂਰਦਾਸ, ਹਾਫਜ਼ ॥
ਪੁਃ—ਹਨੇਰ, ਕੁਝ ਨਾ ਦਿੱਸਣਾ ॥

**ਅੰਧਕਾਰ,** ਪੁਃ—ਹਨੇਰ, ਕਾਲੀ ਬੋਲੀ ਹਨੇਰੀ ਜਿਸ ਵਿੱਚ ਬਹੁਤ ਧੂੜ ਉੱਡਦੀ ਹੈ ਅਤੇ ਕੁਝ ਨਹੀਂ ਦਿੱਸਦਾ, ਜ਼ੁਲਮ, ਅਨਰਥ ॥

**ਅੰਧਕੂਪ,** ਪੁਃ—ਖੂਹ ਜਿਸਦਾ ਮੂੰਹ ਬੰਦ ਹੋਵੇ ਜਾਂ ਜੋ ਕੂੜੇ ਨਾਲ ਭਰਿਆ ਹੋਇਆ ਹੋਵੇ, ਨਰਕ ॥

**ਅੰਧ ਖਾਤਾ,** ਪੁਃ—ਜਿੱਥੇ ਕੁਝ ਪਤਾ ਨਾ ਲੱਗੇ, ਗੜਬੜ ॥

**ਅੰਧ ਗੁਬਾਰ,** ਪੁਃ—ਡਾਢਾ ਹਨੇਰਾ ਜਾਂ ਧੂੰਧ, ਘੱਟਾ ਉੱਡਣ ਕਰਕੇ ਜੋ ਹਨੇਰਾ ਹੋ ਜਾਏ ॥

**ਅੰਧ ਘੋਰ,** ਪੁਃ—ਡਾਢਾ ਹਨੇਰਾ, ਹਨੇਰ ਘੁੱਪ ਘੋਰ ॥

**ਅੰਧ ਨਗਰੀ ਬੇ ਦਾਦ ਰਾਜਾ,** ਅਨਿਆਈ ਰਾਜਾ ਹੋਵੇ ਤਾਂ ਸ਼ਹਿਰ ਵਿੱਚ ਹਨੇਰ ਪੈ ਜਾਂਦਾ ਹੈ ਅਰਥਾਤ ਅਨਰਥ ਹੁੰਦੇ ਹਨ ॥

**ਅਧਕ,** ਸਃ ਇਹ ਨਿਸ਼ਾਨੀ ( ੱ ), ਜਿਸ ਅੱਖਰ ਪੁਰ ਹੋਵੇ ਉਹ ਦੂੱਣ ਦੀ ਅਵਾਜ਼ ਦੇਂਦਾ ਹੈ (ਜਿਹਾਕਿ ਤੱਤਾ, ਸਿੱਟਾ ਆਦਿਕ) ॥

ਵਿਃ—ਵਧੀਕ, ਹੋਰ, ਜ਼ਾਸਤੀ, ਜ਼ਿਆਦਾ, ਬਹੁਤ ਢੇਰ, ਢੇਰ ਸਾਰਾ ॥
ਕ੍ਰਿਃ ਵਿਃ—ਬਹੁਤ, ਡਾਢਾ, ਬਾਹਲਾ, ਅੱਤ, ਬਹੁਤ ਸਾਰਾ, ਹੱਦੋਂ ਬਾਹਰਾ, ਹੋਰ, ਵਧੀਕ ॥

**ਅਧਕ ਕੋਣ,** ਪੁਃ—ਸਮ ਕੋਣ ਤੋਂ ਵੱਡਾ ਕੋਣ ਜਾਂ ਖੂੰਜਾ ॥

Digitized by Panjab Digital Library | www.panjabdigilib.org

**ਅਧਕਰ,** ਪੁ:–'ਅਦਰਕ' ਵੇਖੋ ॥

**ਅਧਕਾਰ,** ਪੁ:–ਅਖ਼ਤਿਆਰ, ਪਰਤਾਪ, ਹਕੂਮਤ, ਅਲਾਕਾ, ਰਾਜ, ਅਸਾਮੀ, ਕਬਜ਼ਾ, ਮਾਲਕੀਅਤ, ਹੱਕ ॥

**ਅਧਕਾਰ ਕਰਨਾ,** ਕ੍ਰਿ: ਹੁਕਮ ਚਲਾਣਾ, ਰਾਜ ਕਰਨਾ, ਕੰਮ ਨਿਬਾਹੁਣਾ ॥

**ਅਧਕਾਰ ਦੇਣਾ,** ਕ੍ਰਿ:–ਅਖ਼ਤਿਆਰ ਦੇਣਾ, ਹੱਕ ਦੇਣਾ, ਚੋਣੀ ਅਸਾਮੀ ਜਾਂ ਨੌਕਰੀ ਦੇ ਦੇਣੀ ॥

**ਅਧਕਾਰ ਮਿਲਣਾ,** ਕ੍ਰਿ:–ਅਸਾਮੀ ਮਿਲ ਜਾਣੀ, ਹੱਕ ਮਿਲਣਾ, ਆਪਣਾ ਅਖ਼ਤਿਆਰ ਹੋ ਜਾਣਾ ॥

**ਅਧਕਾਰ ਰੱਖਣਾ,** ਕ੍ਰਿ:–ਹੱਕਦਾਰ ਹੋਣਾ, ਹਕੂਮਤ ਹੋਣੀ, ਆਪਣਾ ਅਖ਼ਤਿਆਰ ਚੱਲਣਾ ॥

**ਅਧਕਾਰਣ,** ਸ:–ਅਧਕਾਰ ਰੱਖਣ ਵਾਲੀ ਤ੍ਰੀਮਤ, ਮਾਲਕਿਆਣੀ, ਰਾਣੀ, ਹੱਕਦਾਰ ਜਾਂ ਸਮਰਥਾ ਵਾਲੀ ਜ਼ਨਾਨੀ, ਵਾਰਸਣੀ ।

**ਅਧਕਾਰੀ,** ਪੁ:–ਅਧਕਾਰ ਰੱਖਣ ਵਾਲਾ ਪੁਰਸ਼ ਮਾਲਕ, ਰਾਜਾ, ਹੱਕਦਾਰ ਜਾਂ ਸਮਰਥਾ ਵਾਲਾ ਮਰਦ, ਵਾਰਸ, ਗੁਮਾਸ਼ਤਾ ॥

**ਅੱਧਣ,** ਪੁ:–ਅੱਧ ਮਣ, ਵੀਹ ਸੇਰ ।

**ਅਧਮ,** ਵਿ:–ਨੀਚ, ਕਮੀਨਾ, ਹੋਲਾ, ਤੁੱਛ, ਨਿੱਕੀ ਸੁੱਕੀ ਜਾਤ ਦਾ, ਚੰਡਾਲ ।

ਪੁ:–ਨੀਚ ਮਨੁੱਖ, ਪਾਪੀ, ਅਪਰਾਧੀ ।

**ਅਧਮਉਧਾਰਣ,** ਪੁ:–ਅਧਮ ਆਦਮੀਆਂ ਦਾ ਉਧਾਰ ਕਰਨ ਵਾਲਾ, ਪਰਮੇਸ਼ਰ ।

**ਅਧਮੂਲ,** ਪੁ:–ਸ਼ੋਰ ਸ਼ਰਾਬਾ, ਰੌਲਾ ਗੌਲਾ ॥

**ਅਧਮੂਲ ਮਚਾਉਣਾ**
**ਅਧਮੂਲ ਚੁੱਕਣਾ** } ਕ੍ਰਿ–ਰੌਲਾ ਪਾਉਣਾ, ਫ਼ਸਾਦ ਕਰਨਾ । ਊਧਮ ਮਚਾਉਣਾ ॥

**ਅੰਧਰਸ,** ਪੁ:–'ਅੰਦਰਸ' ਵੇਖੋ ॥

**ਅਧਰਕ,** ਪੁ:—'ਅਦਰਕ' ਵੇਖੋ ॥

**ਅਧਰੰਗ,** ਪੁ:—ਇੱਕ ਰੋਗ ਜਿਸ ਵਿੱਚ ਸਰੀਰ ਦਾ ਅੱਧਾ ਪਾਸਾ ਮਾਰਿਆ ਜਾਂਦਾ ਹੈ, ਝੋਲਾ ॥

**ਅਧਰੰਗਣ,** ਸ:—ਜਿਸ ਤ੍ਰੀਮਤ ਨੂੰ ਅਧਰੰਗ ਦਾ ਰੋਗ ਹੋਵੇ ॥

**ਅਧਰੰਗੀ,** ਪੁ:—ਜਿਸ ਮਰਦ ਨੂੰ ਅਧਰੰਗ ਦਾ ਰੋਗ ਹੋਵੇ ॥

**ਅਧਰਮ,** ਪੁ:—ਬੇ ਧਰਮੀ, ਪਾਪ, ਕੁਕਰਮ, ਭੈੜਾ ਕੰਮ, ਗੁਨਾਹ, ਬੇ ਦੀਨੀ, ਅਨਿਆਉਂ, ਉਪੱਦਰ ॥

**ਅਧਰਮਣ,** ਸ:—ਪਾਪਣ, ਕੁਕਰਮਣ, ਭੈੜੀ ਕੁਚੱਲਣੀ, ਬੇ ਦੀਨ ਜ਼ਨਾਨੀ ॥

ਵਿ:—ਪਾਪਣ, ਮੰਦੀ, ਜਾਤੋਂ ਛੇਕੀ ਹੋਈ ॥

**ਅਧਰਮੀ,** ਪੁ:—ਪਾਪੀ, ਕੁਕਰਮੀ, ਭੈੜਾ, ਬੇ ਦੀਨ ਮਰਦ ।

ਵਿ:—ਪਾਪੀ, ਮੰਦਾ, ਨਿਰਦਈ, ਅਨਿਆਈ, ਜਾਤੋਂ ਛੇਕਿਆ ਹੋਇਆ ॥

**ਅਧਰਾਜ,** ਪੁ:—ਰਾਜਾ, ਪਾਤਸ਼ਾਹ, ਸੁਲਤਾਨ ॥

**ਮਹਾਰਾਜਾ ਅਧਰਾਜ,** ਪੁ:–ਰਾਜਿਆਂ ਦਾ ਰਾਜਾ, ਸਭ ਤੋਂ ਵੱਡਾ ਰਾਜਾ ॥

**ਅਧਰਾਤਾ**
**ਅੰਧਰਾਤਾ** } ਪੁ:—ਇੱਕ ਰੋਗ ਜਿਸ ਵਿੱਚ ਰਾਤੀ ਨਹੀਂ ਦਿਸਦਾ ।

**ਅੱਧੜ ਵੰਜਾ,** ਪੁ:—ਇੱਕੋ ਕਪੜੇ ਨਾਲ ਸਾਰੇ ਸਰੀਰ ਨੂੰ ਢੱਕਣਾ, ਜਿਵੇਂ ਹਿੰਦੂਆਂ ਦੀਆਂ ਤ੍ਰੀਮਤਾਂ ਰੋਟੀ ਪਕਾਉਣ ਲੱਗੀਆਂ ਕਰਦੀਆਂ ਹਨ ॥ (ਇਸ ਤਰ੍ਹਾਂ ਛਾਤੀ ਨੰਗੀ ਰਹਿੰਦੀ ਹੈ)॥

Digitized by Panjab Digital Library | www.panjabdigilib.org

**ਅੱਧੜੀ,** ਕ੍ਰਿ:-ਵਿ:-ਅੱਧੋ ਅੱਧ, ਇੱਕੋ ਜੇਹੇ ਹਿੱਸਿਆਂ ਵਿੱਚ, ਬਰਾਬਰ ਬਰਾਬਰ ॥

**ਅੱਧਾ,** ਵਿ: -ਖੰਨਾ, ਇੱਕ ਚੀਜ਼ ਦੇ ਦੋ ਬਰਾਬਰ ਹਿੱਸਿਆਂ ਵਿੱਚੋਂ ਹਰ ਇੱਕ ॥

**ਅੱਧਾ ਹੋਣਾ,** ਕ੍ਰਿ: —ਲਿਸਾ ਹੋਣਾ ॥

**ਅੱਧਾ ਪਚੱਧਾ,** ਵਿ:—ਅੱਧਾ ਕੁ, ਅੱਧੇ ਦੇ ਲਗ ਭਗ ॥

**ਅੱਧਾ ਮਣ,** ਪੁ:—ਅੱਧਾ ਘੁਮਾਉਂ ਜਾਂ ਅੱਧੀ ਜ਼ਮੀਨ ( ਕਾਂਗੜੇ ਦੇ ਅਲਾਕੇ ਦੀ ਬੋਲੀ ਵਿੱਚ )।

**ਅੰਧਾ,** ਵਿ:—ਅੰਨ੍ਹਾਂ, ਹਨੇਰਾ, ਧੁੰਧਲਾ, ਮੱਧਮ ।

**ਅੰਧਾ ਧੁੰਧ,** ਵਿ:—ਅੰਨ੍ਹਾ, ਹਨੇਰਾ, ਡਾਢਾ, ਕੱਚਾ ਪੱਕਾ, ਅੱਤ, ਉਤਾਉਲਾ, ਨਿਧੜਕ, ਜ਼ਬਰ ਦਸਤ ॥

ਸ:—ਹਨੇਰੀ, ਅੱਤ, ਤਰਜੀ, ਫ਼ਸਾਦ, ਧੂੰਚ, ਹਲ ਚਲ ।

ਕ੍ਰਿ: ਵਿ:—ਅੰਨ੍ਹੇ ਵਾਹ, ਬੇ ਸੋਚੇ ਸਮਝੇ, ਬੇ ਪਰਵਾਹੀ ਨਾਲ, ਜਬਰ ਦਸਤੀ, ਜੋਰਾ ਜੋਰੀ ।

**ਅੰਧਾ ਧੁੰਧ ਮਚਾਉਣੀ,** ਕ੍ਰਿ:—'ਅਨ੍ਹੇਰ ਕਰਨਾ' ਵੇਖੋ ।

**ਅੰਧਾ ਧੁੰਧ ਲੁਟਾਉਣਾ,** ਕ੍ਰਿ:—ਰੁਪਇਆ ਐਵੇਂ ਉਡਾਉਣਾ, ਬੇ ਪਰਵਾਹੀ ਨਾਲ ਧਨ ਖਰਚਣਾ॥

**ਅਧਾਨ,** ਪੁ:—ਗਰਭ, ਹਮਲ, ਪਿੱਡ ॥

**ਅਧਾਟ,** ਪੁ:—ਅੰਨ, ਭੋਜਨ, ਖੁਰਾਕ, ਆਸਰਾ ਸਹਾਰਾ, ਪਰਵਸੀ, ਪਾਣੀ ਧਾਣੀ ਪੀਣਾ, ਰੱਜ, ਸੱਤ, ਚੈਨ ।

**ਅੰਧਾਰ,** ਪੁ:—ਹਨੇਰ ॥

**ਅਧਿਆਉ,** ਪੁ:—ਧਿਆ, ਕਿਸੇ ਪੁਸਤਕ ਦਾ ਛੋਟਾ ਜਿਹਾ ਹਿੱਸਾ ਜਿਸ ਵਿੱਚ ਕਿਸੇ ਖ਼ਾਸ ਗੱਲ ਦਾ ਬਿਆਨ ਹੋਵੇ, ਧਿਆਉ ॥

**ਅਧਿਆਨੀ,** ਸ:—ਇੱਕ ਤਾਂਬੇ ਦਾ ਸਿੱਕਾ ਜਿਸਦਾ ਮੁੱਲ ਦੋ ਪੈਸੇ ਹੁੰਦਾ ਹੈ, ਅੱਧਾ ਆਨਾ ॥

**ਅਧਿਆਰਾ,** ਪੁ:—ਅੱਧ ਦੇਣਾ ਕਰਕੇ ਡੰਗਰ ਪਾਲਣ ਲਈ ਜਾਂ ਜਿਮੀ ਵਾਹੁਣ ਲਈ ਕਿਸੇ ਨੂੰ ਸੌਂਪ ਦੇਣੀ ॥

**ਅਧਿਆਰੀਆ,** ਪੁ:—ਅਧਿਆਰਾ ਰੱਖਣ ਵਾਲਾ ॥

**ਅਧਿਕ,** 'ਅਧਕ' ਵੇਖੋ ॥

**ਅੱਧੀ,** ਸ:—ਖੰਨੀ, ਦ ਚੱਪੋ, ਅੱਧੀ ਦਮੜੀ, ਪੈਸੇ ਦਾ ਅੱਠਵਾਂ ਹਿੱਸਾ ।

**ਅਧੀਣ,** ਵਿ:—ਆਗਿਆ ਵਿੱਚ ਰਹਿਣ ਵਾਲਾ, ਦੂਏ ਦੇ ਆਸਰੇ, ਪਰਾਏ ਵੱਸ, ਗਰੀਬ, ਨਿਮਾਣਾ, ਹਲੀਮ, ਤਾਬਿਆਦਾਰ ॥

**ਅਧੀਣਤਾਈ,** ਸ:—ਆਗਿਆਕਾਰੀ, ਤਾਬਿਆ-ਦਾਰੀ, ਦੂਏ ਦੇ ਆਸਰੇ ਹੋਣਾ, ਪਰਾਏ ਵੱਸ ਹੋਣਾ, ਗਰੀਬੀ, ਹਲੀਮੀ ।

**ਅਧੁਆੜ,** ਸ:—'ਅਧਵਾੜ' ਵੇਖੋ ॥

**ਅਧੂਤ,** ਪੁ:—ਅਵਧੂਤ, ਨਾਂਗਾ ਸਾਧ, ਇੱਕ ਹਿੰਦੂ ਸਾਧ ਜੋ ਸ਼ਿਵ ਜੀ ਜਾਂ ਕਿਸੇ ਹੋਰ ਦੇਵਤੇ ਦੇ ਉਪਾਸਕ ਹੁੰਦੇ ਹਨ ਅਤੇ ਸਰੀਰ ਉੱਤੇ ਬਭੂਤ ਮਲਕੇ ਫਿਰਦੇ ਰਹਿੰਦੇ ਹਨ ਅਤੇ ਕਰਮ ਕਾਂਡ ਕੁਝ ਨਹੀਂ ਕਰਦੇ ॥

**ਅਧੂਤਣੀ,** ਸ:—ਅਵਧੂਤਨੀ, ਸਾਧਣੀ 'ਅਧੂਤ' ਵੇਖੋ ॥

**ਅਧੂਰਾ,** ਵਿ:—ਅੱਧ ਪਚੱਧਾ, ਜੋ ਪੂਰਾ ਤਿਆਰ ਨਹੀਂ ਹੋਇਆ, ਕੱਚਾ, ਕਸਰ ਵਾਲਾ, ਕਸਰਾਧਾ, ਕਮ-ਜ਼ੋਰ, ਨਿਮਾਣਾ ॥

Digitized by Panjab Digital Library | www.panjabdigilib.org

**ਅੰਧੇਰੀ,** ਸ਼ਃ—ਹਨੇਰੀ, ਅਨ੍ਹੇਰੀ।

**ਅਧੇੜ,** ਵਿਃ—ਪੱਕੀ ਉਮਰ ਦੀ ਤ੍ਰੀਮਤ ॥

**ਅੱਧੋ ਅੱਧਾ(ਅੱਧੀ),** ਕ੍ਰਿਃ ਵਿਃ— ਧ ਇੱਕ ਤੇ ਅੱਧਾ ਦੂਜਾ ॥

**ਅੱਧੋ ਸੁੱਧ (ਸੁੱਧੀ),** ਕ੍ਰਿਃ ਵਿਃ—ਅਧੋ ਲਗ ਭਗ, ਬਹੁਤ ਸਾਰਾ ਹਿੱਸਾ (ਜਿਹਾਕਿ ਦੁੱਧ ਵੱਚ ਅੱਧੋ ਸੁੱਧ ਪਾਣੀ) ॥

**ਅਧੋਗਤੀ,** ਸ਼ਃ—ਘਾਟਾ, ਬੁਰਾ ਹਾਲ, ਵਿਗੜੀ ਹੋਈ ਹਾਲਤ (ਹੋਣੀ, ਹੋ ਜਾਣੀ) ॥

**ਅੱਧੋਂ ਭੁਰ ਕਰਨਾ,** ਕ੍ਰਿਃ—(ਕੋਈ ਚੀਜ਼) ਵਿੱਚੋਂ ਖਾ ਜਾਣਾ ॥

**ਅੱਧੋਰਾਣਾ,** ਵਿਃ—ਕੁਝ ਕੁਝ ਹੰਢਿਆ ਹੋਇਆ (ਕਪੜਾ ਆਦਿਕ) ॥

**ਅੰਨ,** ਪੁਃ—ਅਨਾਜ, ਭੋਜਨ, ਖੁਰਾਕ, ਖਾਣ ਵਾਲੀ ਸ਼ੈ ਜੋ ਅਨਾਜ ਦੀ ਬਣੀ ਹੋਈ ਹੋਵੇ ॥

**ਅੰਨਕੂਟ,** ਹਿੰਦੂਆਂ ਦਾ ਇੱਕ ਦਿਆਰ ਜੋ ਦੁਆਲੀ ਤੋਂ ਦੂਏ ਦਲਕ ਹੁੰਦਾਹੈ ਅਤੇ ਜਿਸ ਦਿਨ ਕ੍ਰਿਸ਼ਨ ਜੀ ਦੇ ਮੰਦਰ ਵਿੱਚ ਸਾਧਾਂ ਬ੍ਰਾਹਮਣਾਂ ਨੂੰ ਬਹੁਤ ਸਾਰਾ ਅੰਨ ਦੇਂਦੇ ਹਨ ॥

**ਅੰਨ ਜਲ,** ਪੁਃ—ਖਾਣ ਪੀਣ ਦੀਆਂ ਚੀਜ਼ਾਂ, ਭੋਜਨ, ਦਾਣਾ ਪਾਣੀ ॥

**ਅੰਨ ਜਲ ਉੱਠ ਜਾਣਾ,** ਕ੍ਰਿਃ—'ਅੰਨ ਜਲ ਚੁਕ ਜਾਣਾ' ਵੇਖੋ ॥

**ਅੰਨ ਜਲ ਕਰਨਾ,** ਕ੍ਰਿਃ—ਖਾਣਾ ਪੀਣਾ ॥

**ਅੰਨ ਜਲ ਚੁੱਕ (ਮੁੱਕ) ਜਾਣਾ,** ਕ੍ਰਿਃ—ਕਿਸਮਤ ਵਿੱਚ ਕਿਤੋਂ ਚਲੇ ਜਾਣਾ ਹੋਣਾ ।

**ਅੰਨ ਜਲ ਦੇ ਵੱਸ ਹੋਣਾ,** ਕ੍ਰਿਃ—ਕਿਸਮਤ ਵਿੱਚ ਕਿਸੇ ਥਾਂ ਦੀ ਰਹੈਸ ਹੋਣੀ ॥

**ਅੰਨ ਦਾ ਕੀੜਾ,** ਪੁਃ—ਅੰਨ ਖਾਕੇ ਜੀਊਣ ਵਾਲਾ, ਮਨੁੱਖ ॥

**ਅੰਨ ਦਾਤਾ,** ਪੁਃ—ਅੰਨ ਦੇਣ ਵਾਲਾ, ਪਾਲਨ ਵਾਲਾ, ਸਾਈਂ, ਮਾਲਕ, ਹਿਤਕਾਰੀ, ਸੱਜਣ, ਪਰਮੇਸ਼ਰ ॥

**ਅੰਨ ਨੂੰ ਵੱਢਿਆ ਰੂਹ ਨਾ ਕਰਨਾ,** ਕ੍ਰਿਃ—ਰੋਟੀ ਖਾਣ ਨੂੰ ਮੂਲੋਂ ਜੀ ਨਾ ਕਰਨਾ। ਅੰਨ ਛਕਣ ਦੀ ਬਿਲਕੁਲ ਚਾਹ ਨਾ ਹੋਣੀ।

**ਅੰਨ ਪਾਣੀ,** ਪੁਃ—'ਅੰਨ ਜਲ' ਵੇਖੋ ॥

**ਅੰਨ ਪਾਣੀ ਕਰਨਾ,** ਕ੍ਰਿਃ—'ਅੰਨ ਜਲ ਕਰਨਾ' ਵੇਖੋ ।

**ਅੰਨ ਪੂਰਣਾ,** ਸ਼ਃ—ਰੱਜ, ਤ੍ਰਿਪਤ, ਸੰਤੋਖ, ਇੱਕ ਦੇਵੀ ਜੋ ਅੰਨ ਦੇਂਦੀ ਹੈ।

**ਅੰਨ ਰਸ,** ਪੁਃ—ਢਿੱਡ ਵਿੱਚ ਪੱਕੇ ਹੋਏ ਅੰਨ ਤੋਂ ਜੋ ਚਿੱਟਾ ਜਿਹਾ ਪਾਣੀ ਨਿਕਲਕੇ ਲਹੂ ਵਿੱਚ ਜਾ ਮਿਲਦਾ ਹੈ ।

**ਅੰਨੋਂ ਕੁਅੰਨ ਕਰਨਾ,** ਕ੍ਰਿਃ ਅੰਨ ਨੂੰ ਬਿਰਥਾ ਗੁਆਉਣਾ ਜਾਂ ਰੁਲਾਉਣਾ ॥

**ਅਨੁਸਾਰ,** ਪੁਃ—ਰੀਤ ਪੁਰ ਚਲਣਾ ॥

ਵਿਃ—ਆਗਿਆਕਾਰੀ, ਪਿਛਲੱਗ, ਅਧੀਨ, ਨਿਆਈਂ, ਜਿਹਾ, ਵਾਕਰ ॥

ਕ੍ਰਿਃ ਵਿਃ—ਮੂਜਬ, ਮਗਰ, ਪਿੱਛੇ ॥

**ਅਨਹਤ (ਦ)ਸ਼ਬਦ,** ਪੁਃ—ਅਕਾਲ ਪੁਰਖ ਦਾ ਅਟਲ ਹੁਕਮ । ਸੂਖਮ ਸ਼ਬਦ ਜੋ ਯੋਗੀ ਹੀ ਸੁਣਦੇ ਹਨ ॥

**ਅੰਨ੍ਹਾ,** ਪੁਃ ਵਿਃ—ਜਿਸਨੂੰ ਅੱਖੋਂ ਨਾ ਦਿੱਸੇ, ਸੂਰਦਾਸ ਨਾਬੀਨ, ਅਗਿਆਨੀ, ਮੂਰਖ ।

Digitized by Panjab Digital Library | www.panjabdigilib.org

**ਅੰਨ੍ਹਾ ਹੋ ਜਾਣਾ** } **ਅੰਨ੍ਹਾ ਹੋਣਾ** } ਕ੍ਰਿ:–ਅਖੀਆਂ ਜਾਂਦੀਆਂ ਰਹਿਣੀਆਂ, ਕੁਝ ਨਜ਼ਰ ਨਾ ਆਉਣਾ, ਦਿੱਸਣਾ ਨਾ, ਅੱਖਾਂ ਬੰਦ ਕਰ ਲੈਣੀਆਂ, ਦੂਜੇ ਪਾਸੇ ਤੱਕਣਾ, ਨਾ ਵੇਖਣ ਦਾ ਬਹਾਨਾ ਕਰਨਾ।

**ਅੰਨ੍ਹਾ ਕਰਨਾ,** ਕ੍ਰਿ: ਅਖਾਂ ਕਢ ਛਡਣੀਆਂ, ਅੱਖੀਂ ਘੱਟਾ ਪਾਉਣਾ, ਧੋਖਾ ਦੇਣਾ, ਉੱਲੂ ਬਣਾਉਣਾ।

**ਅੰਨ੍ਹਾ ਕੀ ਲੋੜੇ ਦੋ ਅੱਖੀਆਂ,** ਹਰ ਮਨੁਖ ਓਹੋ ਚੀਜ਼ ਲੈਣੀ ਚਾਹੁੰਦਾ ਹੈ ਜਿਸ ਦੀ ਉਸਨੂੰ ਲੋੜ ਹੋਵੇ॥

**ਅੰਨ੍ਹਾ ਖੱਡੂ,** ਪੁ:–ਬਿਲਕੁਲ ਅੰਨ੍ਹਾ।(ਇਹ ਪਦ ਨਿੰਦਾ ਵਾਚਕ ਹੈ)॥

**ਅੰਨ੍ਹਾ ਖੂਹ (ਖਾਤਾ),** ਪੁ:–ਜਿਥਿ ਕੁਝ ਨ ਦਿੱਸੈ॥

**ਅੰਨ੍ਹਾ ਘੋੜਾ,** ਪੁ:–ਜੁੱਤੀ॥

**ਅੰਨ੍ਹਾ ਚੁੰਨਾ,** ਵਿ:–ਜਿਸਨੂੰ ਚੰਗੀ ਤਰ੍ਹਾਂ ਨਾਂ ਦਿੱਸੇ॥

**ਅੰਨ੍ਹਾ ਧੁਤ,** ਪੁ:–ਬਿਲਕੁਲ ਅੰਨ੍ਹਾਂ॥

**ਅੰਨ੍ਹਾ ਬਣਾਉਣਾ,** ਕ੍ਰਿ:–'ਅੰਨ੍ਹਾ ਕਰਨਾ ਵੇਖੋ'॥

**ਅੰਨ੍ਹਾ ਵੰਡੇ ਰੇਵੜੀਆਂ ਮੁੜ ੨ ਆਪਣਿਆਂ ਨੂੰ ਦੇ** } ਮਤਲਬੀ ਆਦਮੀ ਆਪਣਾ ਮਤਲਬ ਹੀ ਕੱਢਦੇ ਹਨ॥

**ਅੰਨ੍ਹੀ,** ਸ:ਵਿ:–ਉਹ ਤ੍ਰੀਮਤ ਜਿਸਨੂੰ ਅੱਖੋਂ ਨਾ ਦਿੱਸੇ॥

**ਅੰਨ੍ਹੀ ਖੱਟੀ,** ਸ:–ਬਹੁਤੀ ਕਮਾਈ ਜਿਸ ਦਾ ਲੇਖਾ ਨਾ ਹੋ ਸੱਕੇ।

**ਅੰਨ੍ਹੀ ਧੁਤਨੀ,** ਸ:–ਬਿਲਕੁਲ ਅੰਨ੍ਹੀ॥

**ਅੰਨ੍ਹੀ ਪੀਹਵੇ ਕੁੱਤਾ ਚੱਟੇ,** ਬੇ ਓੜਕ ਖੱਟੀ ਹੋਣੀ ਅਤੇ ਉਸਨੂੰ ਐਵੇਂ ਗੁਆਉਣਾ॥

**ਅੰਨ੍ਹੀ ਪੈਣਾ** } **ਅੰਨ੍ਹੀ ਪੈ ਜਾਣਾ** } ਕ੍ਰਿ:–ਅਨਰਥ ਪੈ ਜਾਣਾ, ਗੜਬੜ ਹੋ ਜਾਣੀ, ਕੰਮ ਵਿਗੜ ਜਾਣਾ॥

**ਅੰਨ੍ਹੇ ਅੱਗੇ ਰੋਈਏ ਅੱਖੀਆਂ ਦਾ ਜਾਣ—** ਜਿਸ ਆਦਮੀ ਨੂੰ ਕਿਸੇ ਗੱਲ ਦਾ ਪਤਾ ਹੀ ਨਹੀਂ ਲਗਦਾ ਉਹ ਉਸਦੇ ਅੱਗੇ ਕਰਨੀ ਬਿਅਰਥ ਹੈ।

**ਅੰਨ੍ਹੇਵਾਹ,** ਕ੍ਰਿ: ਵਿ:–ਅੰਧਾ ਧੁੰਧ, ਬੇ ਸੋਚੇ ਸਮਝੇ, ਬੇ ਪਰਵਾਹੀ ਨਾਲ॥

**ਅਨ੍ਹੇਰ,** ਪੁ:–ਅੰਧੇਰ, ਅਨ੍ਹੇਰਾ, ਅੰਧਘਾਰ, ਚਾਨਣ ਨਾ ਹੋਣਾ, ਅਨਿਆਉਂ, ਜ਼ੁਲਮ, ਸਖ਼ਤੀ, ਜਬਰਦਸਤੀ, ਅੱਤ, ਖ਼ਰਾਬੀ, ਬਿਪਤਾ, ਹਲ ਚਲਾ ਅਨਰਥ।

**ਅਨ੍ਹੇਰ ਆਉਣਾ,** ਕ੍ਰਿ:–ਜੋਸ਼ ਹੋਣਾ, ਕੁਝ ਨਾ ਸੁੱਝਣਾ, ਕਾਮ ਕ੍ਰੋਧ ਆਦਿਕਾਂ ਦੇ ਵੱਸ ਵਿਚ ਹੋਣਾ॥

**ਅਨ੍ਹੇਰ ਕਰਨਾ,** ਕ੍ਰਿ:–ਜ਼ੁਲਮ ਕਰਨਾ, ਸਖ਼ਤੀ ਕਰਨਾ, ਦੁਖ ਦੇਣਾ, ਫਸਾਦ ਪਾਉਣਾ, ਬੇ ਪਰਵਾਹ ਹੋ ਜਾਣਾ॥

**ਅਨ੍ਹੇਰ ਖਾਤਾ,** ਪੁ:—ਹਲ ਚਲ, ਜ਼ੁਲਮ, ਗੜਬੜ, ਖੋਟਾ ਵਿਹਾਰ, ਲਹਿਣੇ ਦੇਣੇ ਵਿੱਚ ਰਕਮਾਂ ਦਾ ਉਲਟ ਪੁਲਟ ਹੋਣਾ॥

**ਅਨ੍ਹੇਰ ਗਰਦੀ,** ਸ:—ਉਪੱਦਰ, ਜ਼ੁਲਮ, ਸਖ਼ਤੀ, ਫ਼ਸਾਦ॥

**ਅਨ੍ਹੇਰ ਘੁੱਪ ਘੇਰ,** ਵਿ:—ਡਾਢਾ ਅਨ੍ਹੇਰਾ॥

**ਅਨ੍ਹੇਰ ਪਾਉਣਾ,** 'ਅਨ੍ਹੇਰ ਕਰਨਾ' ਵੇਖੋ॥

**ਅਨ੍ਹੇਰ ਪੈਣਾ,** ਕ੍ਰਿ:—ਅਨਰਥ ਆਉਣਾ, ਬਿਪਤਾ ਪੈਣੀ, ਜ਼ੁਲਮ ਹੋਣਾ, ਹਲ ਚਲ ਪੈ ਜਾਣੀ॥

**ਅਨ੍ਹੇਰ ਮਚਣਾ,** ਕ੍ਰਿ:—'ਅਨ੍ਹੇਰ ਪੈਣਾ' ਵੇਖੋ॥

**ਅਨ੍ਹੇਰ ਮਚਾਉਣਾ,** ਕ੍ਰਿ:—'ਅਨ੍ਹੇਰ ਕਰਨਾ' ਵੇਖੋ॥

**ਅਨ੍ਹੇਰਾ,** ਪੁ:—ਅੰਧਕਾਰ, ਧੁੰਦੂਕਾਰ, ਕੁਝ ਨਾਂ ਦਿਸਣਾ, ਚਾਨਣ ਨਾ ਹੋਣਾ॥

Digitized by Panjab Digital Library | www.panjabdigilib.org

ਵਿਃ—ਜੋ ਚਾਨਣਾ ਨਹੀਂ, ਜਿਸ ਵਿੱਚ ਕੁਝ ਨਾ ਦਿੱਸੇ, ਧੁੰਦਲਾ ॥

**ਮੂੰਹ ਅਨ੍ਹੇਰਾ,** ਕ੍ਰਿਃ ਵਿਃ—ਦਿਨ ਚੜ੍ਹਦੇ ਸਾਰ ਹੀ, ਬਹੁਤ ਸਵੇਰੇ ॥

**ਅਨ੍ਹੇਰੀ,** ਵਿਃ—ਜਿਸ ਵਿਚ ਕੁਝ ਨ ਦਿੱਸੇ, ਧੁੰਦਲੀ ॥
ਸਃ—ਬਹੁਤ ਜ਼ੋਰ ਦੀ ਵਾਉ ਜਿਸ ਦੇ ਸੰਗਨ ਨਾਲ ਘੱਟਾ ਉੱਡੇ, ਝੱਖੜ, ਕੁਝ ਨ ਦਿਸਣਾ, ਅੰਧਕਾਰ ॥

**ਅਨ੍ਹੇਰੀ ਕੋਠੜੀ,** ਸਃ—ਜਿਸ ਕੋਠੜੀ ਵਿਚ ਝਰੋਖਾ ਆਦਿਕ ਨ ਹੋਣ ਕਰਕੇ ਚਾਨਣ ਨਾ ਹੋਵੇ ਭਿੰਡ, ਗਰਭ, ਕਬਰ ॥

**ਅਨ੍ਹੇਰੀ ਚੁੱਕਣਾ**
**ਅਨ੍ਹੇਰੀ ਲਿਆਉਣਾ** } ਕ੍ਰਿਃ—ਸ਼ਰਾਰਤ ਕਰਨਾ, ਰੌਲਾ ਪਾਉਣਾ, ਊਧਮ ਮਚਾਉਣਾ ॥

**ਅਨੰਤ,** ਵਿਃ—ਜਿਸ ਦਾ ਅੰਤ ਨਹੀਂ, ਬੇ ਹੱਦ ਅਪਾਰ, ਪਰਮੇਸ਼ੁਰ ॥
ਪੁਃ—ਇੱਕ ਗਹਿਣਾ ਸੋਨੇ ਜਾਂ ਚਾਂਦੀ ਦਾ ਜਿਸ ਦੀਆਂ ਚੌਦਾਂ ਗਢਾਂ ਹੁੰਦੀਆਂ ਹਨ ਅਤੇ ਹਿੰਦੂ ਸੱਜੀ ਬਾਂਹ ਵਿਚ ਪਾਉਂਦੇ ਹਨ ॥

**ਅਨੰਤ ਚੌਦਸ,** ਸਃ—ਭਾਦਉਂ ਦੇ ਸ਼ੁਕਲਾ ਪੱਖ ਦੀ ਚੌਦਵੀਂ ਥਿੱਤ ਜਿਸ ਦਿਨ ਕਈ ਹਿੰਦੂ ਵਰਤ ਰੱਖਦੇ ਹਨ ਅਤੇ ਅਨੰਤ ਪਾਉਂਦੇ ਹਨ ॥

**ਅਨੰਤ ਭਗਵਾਨ,** ਪੁਃ—ਬਿਸ਼ਨ ਦੇਵਤਾ, ਪਰਮੇਸ਼ਰ, ਅਕਾਲ ਪੁਰਖ ॥

**ਅਨੰਤੀ,** ਸਃ—'ਨੰਤੀ' ਵੇਖੋ ॥

**ਅਨੰਦ,** ਪੁਃ—ਸੁਖ, ਅਰਾਮ, ਖੁਸ਼ੀ, ਚੈਨ, ਮੌਜ, ਸੁਖਾਲ, ਸੌਖ, ਸ਼ਾਂਤ, ਸੰਤੋਖ, ਤ੍ਰਿਪਤ, ਪਰਸੰਨਤਾਈ, ਰੱਜ ਆ ਗਿਆ ਹੋਰ ਪਰਸਾਦਾ ਨਹੀਂ ਲੋੜੀਦਾ, (ਸਿੱਖਾਂ ਦਾ ਬੋਲਾ), ਗੁਰੂ ਅਮਰ ਦਾਸ ਜੀ ਦੀ ਉਚਰੀ ਹੋਈ ਇੱਕ ਬਾਣੀ ॥

ਵਿਃ—ਸੁਖੀ, ਪਰਸੰਨ, ਖ਼ੁਸ਼, ਸੌਖਾ ਅਚਿੰਤ, ਬੇ ਪਰਵਾਹ ॥

**ਅਨੰਦ ਐਕਟ,** ਪੁਃ—ਅਨੰਦ ਪੜ੍ਹਾ ਕੇ ਵਿਆਹ ਕਰਨ ਦਾ ਕਨੂਨ ॥

**ਅਨੰਦ ਸਰੂਪ,** ਵਿਃ—ਪਰਮੇਸ਼ੁਰ, ਪਰਮਾਤਮਾ, ਭਗਵਾਨ ॥

**ਅਨੰਦ ਹੋ ?** = ਰਾਜ਼ੀ ਹੋ ? ਸੁਖ ਸਾਂਦ ਹੈ ?

**ਅਨੰਦ ਹੋਣਾ,** ਕ੍ਰਿਃ—ਪਰਸੰਨ ਹੋਣਾ, ਸੁਖ ਪਾਉਣਾ, ਮੌਜ ਕਰਨਾ। ਮਰ ਜਾਣਾ।

**ਅਨੰਦ ਹੋ ਜਾਣਾ,** ਕ੍ਰਿਃ—ਮਰ ਜਾਣਾ ॥

**ਅਨੰਦ ਕਰਨਾ,** ਕ੍ਰਿਃ—ਸੁਖ ਭੋਗਣਾ, ਐਸ਼ ਕਰਨਾ, ਮੌਜ ਲੈਣਾ, ਝੂਟੇ ਲੁਟਣਾ ॥

**ਅਨੰਦ ਮੰਗਲ,** ਪੁਃ—ਮੌਜ, ਖੁਸ਼ੀ, ਸੁਖ, ਭੋਗ, ਐਸ਼, ਅਰਾਮ। ਪਰਮੇਸ਼ਰ ਦਾ ਨਾਉਂ ॥

**ਅਨੰਦ ਮਯ,** ਵਿਃ—ਧੰਨ, ਭਾਗਵਾਨ, ਸੁਖੀ ॥

**ਅਨੰਦ ਪੜ੍ਹਨਾ,** ਕ੍ਰਿਃ—ਗੁਰੂ ਗ੍ਰੰਥ ਸਾਹਿਬ ਦੀ ਅਨੰਦ ਬਾਣੀ ਦਾ ਪਾਠ ਕਰਨਾ, ਅਨੰਦ ਦਾ ਪਾਠ ਕਰਕੇ ਵਿਆਹ ਕਰਨਾ ॥

**ਅਨੰਦ ਪੜ੍ਹਾਉਣਾ,** ਕ੍ਰਿਃ—ਅਨੰਦ ਦੀ ਰੀਤ ਨਾਲ ਵਿਆਹ ਕਰਾਉਣਾ ॥

**ਅਨੰਦਤਾਈ,** ਸਃ—ਖੁਸ਼ੀ, ਸੁਖ, ਪਰਸੰਨਤਾਈ ॥

**ਅਨੰਦਿਤ,** ਵਿਃ—ਖ਼ੁਸ਼, ਸੁਖੀ, ਪਰਸੰਨ ॥

**ਅਨੰਦੀ,** ਵਿਃ—ਬਹੁਤ ਖ਼ੁਸ਼, ਸੁਖੀ, ਬੜਾ ਪਰਸੰਨ ॥

**ਅਨੰਦੀ ਮਹਾ ਮਾਈ,** ਸਃ—ਹਿੰਦੂਆਂ ਦੀ ਵੱਡੀ ਦੇਵੀ ਦਾ ਨਾਉਂ ॥

**ਅਨੰਦੂ,** ਪੁਃ—'ਅਨੰਦ' ਵੇਖੋ ॥

Digitized by Panjab Digital Library | www.panjabdigilib.org

**ਅਨਭਵ** } **ਅਨਭੌ** } ਪੁਃ—ਅੰਦਰਲਾ ਗਿਆਨ, ਕਿਸੇ ਗੱਲ ਦਾ ਆਪੇ ਸੁਝ ਪੈਣਾ, ਗੁੱਝੀ ਗਲ ਨੂੰ ਜਾਣ ਲੈਣਾ ॥

**ਅਨਮਤ**
**ਅਨਮਤਾ**
**ਅਨਮਤੀ (ਤ੍ਰੀਆ)** } 'ਅਣਮਤ' ਆਦਿਕ ਵੇਖੋ ॥

**ਅਨਰਥ,** ਵਿਃ—ਜਿਸ ਦਾ ਕੁਝ ਅਰਥ ਨਹੀਂ, ਐਵੇਂ ਥਿਵੇਂ, ਨਿਕੰਮਾ, ਨਿਹਫਲ, ਅਕਾਰਥ, ਬਿਅਰਥ, ਅਕਾਜ, ਅਜੋਗ ॥

ਪੁਃ—ਫਜ਼ੂਲੀ, ਕੁਰਾਫਾਤ, ਘਾਟਾ, ਕਬਾਹਤ, ਬੇ ਫ਼ੈਦਾ ਕੰਮ, ਅਨੋਖੀ ਗੱਲ, ਬਿਪਤਾ, ਖੋਟਾ ਕੰਮ, ਅਨਿਆਉਂ, ਜ਼ੁਲਮ, ਪਾਪ, ਗੁਨਾਹ, ਕਸੂਰ, ਫਸਾਦ, ਖਰਾਬੀ ॥

**ਅਨਰਥਣ,** ਸਃ—ਅਨਰਥ ਕਰਨ ਵਾਲੀ ਤ੍ਰੀਮਤ ਬਿਪਤਾ ਪਾਉਣ ਵਾਲੀ, ਫਸਾਦਣ, ਪਾਪਣ, ਖੋਟੀ, ਜ਼ਾਲਮ ਤੀਵੀਂ ॥

**ਅਨਰਥੀ,** ਪੁਃ—ਅਨਰਥ ਕਰਨ ਵਾਲਾ ਮਰਦ, ਫਸਾਦੀ, ਪਾਪੀ, ਡਾਢਾ ਆਦਮੀ ॥

ਵਿਃ—ਉਲਕਾਪਾਤੀ, ਅਨੋਖਾ ਕੰਮ ਕਰਨ ਵਾਲਾ ਫਸਾਦੀ, ਪਾਪੀ ॥

**ਅੰਨਾਂ ਅੰਨਾਂ ਕਰਨਾ,** ਕ੍ਰਿਃ—ਵਿਲ੍ਹੂੰ ਵਿਲ੍ਹੂੰ ਕਰਨੇ ਮੰਗਦਿਆਂ ਫਿਰਨਾ, ਬਿਲਕਣਾ, ਲੋੜ ਵੰਦ ਹੋਣਾ ॥

**ਅਨਾਜ,** ਪੁਃ—ਅੰਨ, ਖੁਰਾਕ, ਭੋਜਨ, ਕਣਕ, ਜੁਆਰ ਆਦਿਕ ਦਾਣੇ ॥

**ਅਨਾਜ ਦਾ ਕੀੜਾ,** ਪੁਃ—ਅਨਾਜ ਵਿਚ ਰਹਿਣ ਵਾਲਾ ਕੀੜਾ, ਅਨਾਜ ਖਾਕੇ ਜੀਉਣ ਵਾਲਾ ਜੀ ਅਰਥਾਤ ਮਨੁੱਖ ॥

**ਅਨਾਥ,** ਵਿਃ—ਜਿਸਦਾ ਕੋਈ ਨਾਥ ਜਾਂ ਮਾਲਕ ਨਾ ਹੋਵੇ, ਜਿਸਦਾ ਕੋਈ ਸਹਾਈ ਨਾ ਹੋਵੇ, ਮਾਂ ਪਿਓ ਬਾਹਰਾ ਬਾਲਕ, ਮਹਿੱਟਰ, ਯਤੀਮ, ਜਿਸ ਤੀਵੀਂ ਦਾ ਸਾਈਂ ਨਾਂ ਹੋਵੇ, ਜਿਹਦਾ ਕੋਈ ਸਰਦਾਰ ਜਾਂ ਰਾਜਾ ਨਹੀਂ, ਗਰੀਬ, ਨਿਮਾਣਾ, ਨਿਓਟਾ, ਨਿਰਾਸਰਾ।

**ਅਨਾਥਣ,** ਸਃ—ਅਨਾਥ ਇਸਤ੍ਰੀ, ਗਰੀਬਣੀ, ਨਿਮਾਣੀ ਤੀਵੀਂ ॥

**ਅਨਾਥਾਲਯ,** ਪੁਃ—ਯਤੀਮ ਖਾਨਾ, ਗਰੀਬ ਖਾਨਾ ॥

**ਅਨਾਦਰ** ਪੁਃ— } **ਅਨਾਦਰੀ** ਸਃ— } ਅਪਮਾਨ, ਨਿਰਾਦਰ, ਬੇ ਇੱਜ਼ਤੀ, ਬੇ ਅਦਬੀ, ਕਿਸੇ ਨੂੰ ਹੌਲਾ ਸਮਝਣਾ, ਗਰਧ ਨਾ ਕਰਨਾ ॥

**ਅਨਾਨੀਤ,** ਸਃ—ਅਹੰਕਾਰ, ਅਭਮਾਨ, ਅਪਣੱਤ ਹਉਮੈ, ਮੈਂ ਮੇਰੀ, ਖੁਦੀ, ਗੁਮਾਨ।

**ਅਨਾਪ ਸ਼ਨਾਪ,** ਪੁਃ—ਚੰਗਾ ਮੰਦਾ, ਭਲਾ ਬੁਰਾ, ਕਈ ਤਰ੍ਹਾਂ ਦੀਆਂ ਚੀਜਾਂ ਮਿਲੀਆਂ ਹੋਈਆਂ, ਮਾੜੀਆਂ ਚੀਜਾਂ, ਦੁਖਾਂ ਦਾ ਘਾਣ, ਅਖ ਤ ਨਮੋਸ਼ੀ ॥

**ਅਨਾਪ ਸ਼ਨਾਪ ਬਕਣਾ,** ਕ੍ਰਿਃ—ਬਿਨਾ ਸੋਚੇ ਸਮਝੇ ਚੰਗੀਆਂ ਮੰਦੀਆਂ ਗੱਲਾਂ ਮੂੰਹੋਂ ਕੱਢਣੀਆਂ ॥

**ਅਨਾਰ,** ਪੁਃ—ਇੱਕ ਫਲ ਜਿਸਦੇ ਦਾਣਿਆਂ ਵਿੱਚੋਂ ਖੱਟਾ ਜਾਂ ਮਿੱਠਾ ਰਸ ਨਿਕਲਦਾ ਹੈ। ਬਰੂਤ ਦੀ ਭਰੀ ਹੋਈ ਇੱਕ ਕੁੱਜੀ ਜਿਸਦੇ ਮੂੰਹ ਉੱਤੇ ਕਾਗਤ ਲਾਇਆ ਹੋਇਆ ਹੁੰਦਾ ਹੈ ਅਤੇ ਅੱਗ ਲਾਇਆਂ ਬਰੂਤ ਚੱਲ ਪੈਂਦਾ ਹੈ ਜਿਸਦੇ ਚੰਗਿਆੜੇ ਬਹੁਤ ਉੱਚੇ ਜਾਂਦੇ ਹਨ ਅਤੇ ਰੁਖਦੀਆਂ ਟਾਹਣੀਆਂ ਵਾਕਰ ਭਾਸਦੇ ਹਨ (ਇੱਕਤਰ੍ਹਾਂ ਦੀ ਅਸਤ ਬਾਜੀ) ॥

**ਅਨਾਰ ਦਾਣਾ,** ਪੁਃ—ਖੱਟੇ ਅਨਾਰਾਂ ਦੇ ਸੁਕੇ ਹੋਏ ਬੀ ॥

**ਅਨਾਰਕਿਸਟ,** ਪੁਃ—ਇੱਕ ਪੰਥ ਜਿਸਦੇ ਮਨੁੱਖ ਵਡਿਆਈ ਛੁਟਿਆਈ ਦੂਰ ਕਰਕੇ ਹਕੂਮਤ ਦਾ ਨਾਸ ਕਰਨਾ ਚਾਹੁੰਦੇ ਹਨ ॥

**ਅਨਾਰਰੀ,** ਸਃ—ਨਿੱਕਾ ਜਿਹਾ ਅਨਾਰ ॥

**ਅਨਾੜਣ,** ਸਃ—ਅਣਜਾਣ ਤ੍ਰੀਮਤ, ਅੱਲ੍ਹੜ, ਅੰਞਾਣੀ, ਵਿਲੱਲੀ ॥

Digitized by Panjab Digital Library | www.panjabdigilib.org

**ਅਨਾੜੀ,** ਪੁ:—ਅਣਜਾਣ, ਅੰਞਾਣਾ, ਵਿਹਲਾ ਆਦਮੀ ॥

**ਅਨਿਆਂ / ਅਨਿਆਉਂ** } ਪੁ:—ਬੇਇਨਸਾਫ਼ੀ, ਜ਼ੁਲਮ, ਸਖ਼ਤੀ, ਅਨੀਤ, ਅਧਰਮ, ਉਪੱਦਰ ॥

**ਅਨਿਆਇਣ,** ਸ:—ਅਨਿਆਉਂ ਕਰਨ ਵਾਲੀ ਤ੍ਰੀਮਤ, ਅਧਰਮਣ, ਪਾਪਣ ॥

**ਅਨਿਆਈ,** ਵਿ:—ਅਨਿਆਉਂ ਕਰਨ ਵਾਲਾ ਪੁਰਖ, ਅਧਰਮੀ, ਪਾਪੀ ॥

**ਅਨਿੱਤ,** ਵਿ:—ਜੋ ਨਿੱਤ ਨਾ ਰਹੇ, ਨਾਸ਼ ਹੋਣ ਵਾਲਾ, ਨਾਸ਼ਮਾਨ ॥

**ਅਨਿੱਤ ਪਦਾਰਥ,** ਪੁ:—ਸੰਸਾਰ ਦੀਆਂ ਵਸਤਾਂ ਜੋ ਸਦਾ ਨਹੀਂ ਰਹਿਣੀਆਂ ॥

**ਅਨੀਤ,** ਸ:—ਅਨਿਆਉਂ, ਅਧਰਮ, ਜ਼ੁਲਮ, ਬੇਨਿਆਈਂ ॥

**ਅਨੀਤੀਆ,** ਵਿ:—ਅਨੀਤ ਕਰਨ ਵਾਲਾ ॥

**ਅਨੀਲ,** ਵਿ:—ਜਿਸਨੂੰ ਦਾਗ਼ ਨ ਲੱਗਾ ਹੋਵੇ, ਨਿਰਮਲ, ਨਿਹਕਲੰਕ ।

**ਅਨੁਸਾਰ,** 'ਅਨਸਾਰ' ਵੇਖੋ ॥

**ਅਨੁਸਾਰੀ,** ਵਿ:—ਅਨਸਾਰ ਚੱਲਣ ਵਾਲਾ, ਆਗਿਆਕਾਰੀ, ਅਧੀਨ ॥

**ਅਨੁਕੂਲ,** ਵਿ:—ਅਨਸਾਰ, ਮੁਜਿਬ, ਮਗਰ, ਪਿੱਛੇ ਚੱਲਣ ਵਾਲਾ ॥

**ਅਨੁਗ੍ਰਹਿ,** ਸ:—ਕਿਰਪਾ, ਦਯਾ, ਮਿਹਰ ॥

**ਅਨੁਮਾਨ / ਅਨੁਵਾਨ** } ਪੁ:—ਸੋਚ, ਵਿਚਾਰ, ਅਟਕਲ, ਕਿਆਸ, ਅੰਦਾਜ਼ਾ (ਕਰਨਾ) ॥

**ਅਨੂਠਾ,** ਵਿ:—ਅਚਰਜ, ਉੱਤਮ, ਚੰਗਾ, ਅਣੋਖਾ ॥

**ਅਨੂਪ,** ਵਿ:—ਸੋਹਣਾ, ਅਣੋਖਾ, ਅਚਰਜ, ਸਭ ਤੋਂ ਚੰਗਾ, ਜਿਸ ਜੇਹਾ ਹੋਰ ਨਹੀਂ ॥

**ਅਨੁਪਾਣ,** ਪੁ:—ਜੋ ਚੀਜ਼ ਦੁਆ ਦੇ ਮਗਰੋਂ ਖੀਤਿਆਂ ਗੁਣ ਕਰੇ ॥

**ਅਨੇਕ,** ਵਿ:—ਇੱਕ ਕੋਲੋਂ ਵੱਧ, ਬਹੁਤ ਸਾਰੇ, ਕਈ ॥

**ਅਨੇਕ ਅਕਾਰ,** ਵਿ:—ਕਈਆਂ ਸ਼ਕਲਾਂ ਵਾਲਾ, ਬਹੁ ਰੂਪੀ, ਬਹੁ ਰੰਗੀ ॥

**ਅਨੇਕ ਕਾਲ,** ਕ੍ਰਿ: ਵਿ:—ਬਹੁਤ ਚਿਰ ॥

**ਅਨੇਕ ਬਿਧ,** ਵਿ:—ਕਈਆਂ ਢੰਗਾਂ ਦਾ ॥

**ਅਨੇਕ ਰੂਪ,** ਵਿ:—ਬਹੁਤ ਰੂਪ ਧਾਰਨ ਵਾਲਾ, ਕਈ ਤਰ੍ਹਾਂ ਦਾ, ਚੰਚਲ, ਬਹੁ ਰੰਗੀ ॥

**ਅਨੇਕ ਵਿਧ,** ਵਿ:—ਕਈਆਂ ਢੰਗਾਂ ਦਾ ॥

**ਅਨੋਖ,** ਪੁ:—ਅਚਰਜ ਦੀ ਗੱਲ ਯਾ ਚੀਜ਼ ॥

**ਅਨੋਖਾ / ਅਨੋਖੀ** } —'ਅਣੋਖਾ' ਵੇਖੋ ॥

**ਅਪ ਸਗਣ,** ਪੁ:—ਬੁਰਾ ਸਗਨ ॥

**ਅਪ ਕਰਮ,** ਪੁ:—ਬੁਰਾ ਕਰਮ, ਖੋਟਾ ਕੰਮ, ਅਧਰਮ, ਪਾਪ, ਕੁਕਰਮ ॥

**ਅਪ ਕਰਮਣ,** ਸ:—ਖੋਟਾ ਕੰਮ ਕਰਨ ਵਾਲੀ, ਪਾਪਣ, ਮੰਦੀ, ਬੁਰਿਆਰ ਤ੍ਰੀਮਤ ।

**ਅਪਕਰਮੀ,** ਪੁ:—ਖੋਟਾ ਕੰਮ ਕਰਨ ਵਾਲਾ, ਪਾਪੀ, ਸ਼ਰਾਰਤੀ ਆਦਮੀ ॥

**ਅਪ ਕਾਰ,** ਪੁ:—ਕੰਮ ਦਾ ਵਿਗਾੜ, ਨੁਕਸਾਨ ॥

**ਅਪੱਛਰਾ,** ਸ:—ਇੰਦਰ ਦੀ ਸਭਾ ਵਿੱਚ ਨਾਚ ਕਰਨ ਵਾਲੀ ਤ੍ਰੀਮਤ, ਸੋਹਣੀ ਤੀਵੀਂ, ਹੂਰ ।

Digitized by Panjab Digital Library | www.panjabdigilib.org

**ਅਪ ਜਸ,** ਪੁ:–ਨਿੰਦਿਆ, ਬਦਨਾਮੀ, ਨਮੋਸ਼ੀ, ਨਿਰਾਦਰੀ । ( ਹੋਣਾ, ਹੋ ਜਾਣਾ, ਕਰਨਾ ਕਰਾਉਣਾ )॥

**ਅਪਣੱਤ,** ਸ:–ਆਪਣਾ ਆਪ, ਆਪਾ, ਅਨਾਨੀਤ, ਅਹੰਤਾ, ਖ਼ੁਦੀ ॥

**ਅਪਣਾਇਤ,** ਸ:–ਆਪਣੇ ਹੋਣਾ, ਸਾਕਾਦਾਰੀ, ਸਰਬੰਧ, ਦੋਸਤੀ, ਮੇਲ ॥

**ਅਪਤਾ,** ਸ:–ਬਿਪਤਾ, ਮੁਸੀਬਤ, ਦੁੱਖ, ਸੰਕਟ, ਬੇ ਨਸੀਬੀ, ਉਪੱਦਰ, ਔਖ, ਖਤਰਾ, ਡੈ, ਖਰਾਬੀ ॥

**ਅਪੱਥ,** ਵਿ:–ਅਜੋਗ, ਨਾ ਸੁਖਾਉਣ ਵਾਲੀ (ਵਸਤ), ਅਜੇਹੀ ਖਾਣ ਪੀਣ ਵਾਲੀ ਸ਼ੈ ਜੋ ਕਿਸੇ ਖ਼ਾਸ ਰੋਗ ਵਿੱਚ ਨੁਕਸਾਨ ਕਰੇ, ਕੋਈ ਮਾੜੀ ਚੀਜ਼ ਜਿਸ ਨਾਲ ਸਰੀਰ ਨੂੰ ਰੋਗ ਲੱਗੇ ॥

**ਅਪੱਦਰ,** ਪੁ:<br>
**ਅਪੱਦਰਣ,** ਸ:<br>
**ਅਪੱਦਰੀ,** ਪੁ: } 'ਉਪੱਦਰ' 'ਉਪੱਦਰਣ' ਅਤੇ 'ਉਪੱਦਰੀ' ਵੇਖੋ ॥

**ਅਪਮਾਨ,** ਪੁ:–ਨਿਰਾਦਰੀ, ਬੇ ਇੱਜ਼ਤੀ, ਅਵੱਗਿਆ, ਘਿਰਣ ॥

**ਅਪਰ,** ਅਵ:–ਪਰ, ਬਿਨਾ, ਸਿਵਾ, ਛੁੱਟ ॥

**ਅਪਰਤੀਤ,** ਸ:–ਬੇ ਪਰਤੀਤੀ, ਬੇ ਅਤਬਾਰੀ, ਬੇ ਵਸਾਹੀ ॥

**ਅਪਰਤੀਤਣ,** ਸ:–ਜਿਸ ਤ੍ਰੀਮਤ ਨੂੰ ਪਰਤੀਤ ਨਾ ਆਵੇ ॥

**ਅਪਰਤੀਤਾ,** ਪੁ:–ਜਿਸ ਪੁਰਖ ਨੂੰ ਪਰਤੀਤ ਨਹੀਂ, ਬੇ ਅਤਬਾਰਾ ਮਨੁੱਖ ॥

**ਅਪਰੰਪਾਰ,** ਵਿ:–ਜਿਸ ਦਾ ਪਾਰ ਨਹੀਂ, ਬੇ ਅੰਤ, ਪਰਮੇਸ਼ੁਰ ॥

**ਅਪਰਾਧ,** ਪੁ:–ਦੋਸ਼, ਕਸੂਰ, ਪਾਪ, ਗੁਨਾਹ, ਖ਼ਤਾ, ਤਕਸੀਰ, ਐਬ, ਹੁਕਮ ਅਦੂਲੀ ॥

**ਅਪਰਾਧਣ,** ਸ:–ਅਪਰਾਧ ਕਰਨ ਵਾਲੀ ਤ੍ਰੀਮਤ ਪਾਪਣ ॥

**ਅਪਰਾਧੀ,** ਪੁ:–ਅਪਰਾਧ ਕਰਨ, ਵਾਲਾ ਮਰਦ, ਪਾਪੀ ॥

**ਅਪਰਾਪਾਰ,** ਵਿ:–'ਅਪਰੰਪਾਰ' ਵੇਖੋ ॥

**ਅਪ੍ਰੈਲ,** ਪੁ:–ਚੌਥਾ ਅੰਗ੍ਰੇਜ਼ੀ ਮਹੀਨਾ ॥

**ਅਪਵਿਤ੍ਰ,** ਵਿ:–ਜੋ ਪਵਿੱਤ੍ਰ ਨਹੀਂ, ਮੈਲਾ, ਅਸ਼ੁੱਧ, ਮਲੀਨ, ਗੰਦਾ, ਨਾਪਾਕ, ਪਲੀਤ ॥

**ਅਪਵਿਤ੍ਰਤਾਈ,** ਸ:–ਮਲੀਨਤਾਈ, ਗੰਦ ਪੁਣਾ, ਨਾਪਾਕੀ, ਪਲੀਤੀ ॥

**ਅੱਪੜਨਾ,** ਕ੍ਰਿ:–ਪਹੁੰਚਣਾ, ਜਾ ਪੁਜਣਾ, ਹੱਥ ਆ ਜਾਣਾ ॥

**ਅੱਪੜ ਲੈਣਾ ( ਲੈਣੀ )** ਕ੍ਰਿ:–ਦੌੜ ਕੇ ਫੜ ਲੈਣਾ ॥

**ਅਪੜਾਣਾ,** ਕ੍ਰਿ:–ਦੂਜੇ ਦੀ ਰਾਹੀਂ ਪੁਚਾਣਾ ॥

**ਅਪਾਹਜ,** ਵਿ:–ਮੁਥਾਜ, ਲੂਲ੍ਹਾ, ਲੰਙਾ ॥

**ਅਪਾਰ,** ਵਿ:–ਜਿਸ ਦਾ ਪਾਰ ਨਹੀਂ, ਬੇ ਅੰਤ, ਅਨੰਤ, ਬੇ ਹੱਦ, ਹੱਦੋਂ ਬਾਹਰਾ, ਬਹੁਤ ਸਾਰਾ, ਡਾਢਾ, ਜਿਸ ਦੇ ਪਾਰ ਕੋਈ ਨਾ ਜਾ ਸੱਕੇ ਜਿਸ ਵਾਕਰ ਜਾਂ ਜਿਸ ਥੋਂ ਵਧਕੇ ਹੋਰ ਕੋਈ ਨਹੀਂ ॥

**ਅਪਾਯਰ,** ਪੁ:–ਕ੍ਰਿਕਟ ਵਿੱਚ ਫੈਸਲਾ ਕਰਨ ਵਾਲਾ ॥

**ਅਪੀਲ,** ਸ:–ਅਰਜ਼, ਬੇਨਤੀ, ਅਰਦਾਸ, ਦੂਜੀ ਵੇਰ ਨਾਲਸ਼ ਕਰਨੀ, ਇੱਕ ਅਦਾਲਤ ਤੋਂ ਦੂਈ ਵਿੱਚ ਮੁਕੱਦਮਾ ਲੈ ਜਾਣਾ । (ਅਪੀਲ ਕਰਨੀ )॥

Digitized by Panjab Digital Library | www.panjabdigilib.org

**ਅਪੀਲ ਨਵੀਸ,** ਪੁ:–ਅਪੀਲਾਂ ਲਿਖਣ ਵਾਲਾ ॥

**ਅਪੁੱਠਾ,** ਵਿ:–ਪੁੱਠਾ, ਮੂੰਧਾ, ਉਲਟਾ, ਫਿਰਿਆ ਹੋਇਆ, ਵੱਖਾ ॥

**ਅਪੁੱਤ**<br>**ਅਪੂਤ** } ਵਿ:–ਜਿਸ ਦੇ ਘਰ ਪੁੱਤ ਨਹੀਂ, ਔਤਰਾ ।

**ਅਫ਼ਸਰ,** ਪੁ:–ਹਾਕਮ, ਸਰਦਾਰ, ਜਿਸ ਦੇ ਹੇਠ ਕੋਈ ਨੌਕਰ ਹੋਵੇ ॥

**ਅਫ਼ਸਰੀ,** ਸ:–ਅਫ਼ਸਰ ਹੋਣਾ, ਹਕੂਮਤ, ਸਾਰ-ਦਾਰੀ ॥

**ਅਫ਼ਸਰੀ ਮਤਹਿਤੀ,** ਸ:–ਇੱਕ ਆਦਮੀ ਦਾ ਅਫ਼ਸਰ ਹੋਣਾ ਅਤੇ ਦੂਜੇ ਦਾ ਉਹ ਦੇ ਥਲੇ ਨੌਕਰ ਹੋਣਾ

**ਅਫ਼ਸੋਸ,** ਪੁ:–ਗ਼ਮ ਬਿਰਲਾਪ ਫ਼ਿਕਰ, ਚਿੰਤਾ ਸੰਤਾਪ, ਕਲਸ਼, ਰੰਜ ਅਰਮਾਨ ਪਛ-ਤਾਵਾ ।

**ਅਫ਼ਗਾਨ,** ਪੁ:–ਪਠਾਣ, ਮੁਸਲਮਾਨਾ ਦੀ ਮਸ਼ਹੂਰ ਕੌਮ ॥

**ਅਫਰਣਾ,** ਕ੍ਰਿ:–'ਆਫਰਨਾ' ਵੇਖੋ ॥

**ਅਫਰਾਉ,** ਪੁ:–'ਅਫਾਰਾ' ਵੇਖੋ ॥

**ਅਫਰਾਉਣਾ,** ਕ੍ਰਿ:–ਕਿਸੇ ਨੂੰ ਬਹੁਤ ਕੁਝ ਖੁਆ ਕੇ ਉਹ ਦਾ ਢਿੱਡ ਫੁਲਾ ਦੇਣਾ, ਤੂੰਨ ਤੂੰਨ ਕੇ ਖੁਆਉਣਾ, ਰਜਾ ਦੇਣਾ, ਬਹੁਤ ਧਨ ਆਦਿਕ ਦੇ ਕੇ ਕਿਸ ਦਾ ਮਨੋਰਥ ਪੂਰਾ ਕਰਨਾ ॥

**ਅਫਰਾਈ,** ਸ:–ਬਹੁਤ ਖਾਣ ਨਾਲ ਢਿੱਡ ਦਾ ਫੁੱਲ ਜਾਣਾ, ਨੱਕ ਤਕ ਭਰ ਜਾਣਾ, ਅੱਤ, ਵਧੀਕੀ॥

**ਅਫਰਾ ਤਫਰੀ**<br>**ਅਫਰਾ ਦਫਰੀ** } ਸ:–ਫਸਾਦ, ਗੜ ਬੜ, ਉਪੱ-ਦਰ, ਘਬਰਾ, ਹੱਥ ਪੈਰ ਪੈ ਜਾਣੇ, ਡਰ, ਭੈ, ਹੌਲ,ਹਰਾਨੀ॥

**ਅਫ਼ਰੀ**<br>**ਅਫਰੀਂ**<br>**ਅਫ਼ਰੀਨ** } ਅਵ:–ਸ਼ਾਬਾਸ਼ੇ, ਵਾਹ ਵਾਹ, ਧੰਨੇ॥ ਸ:–ਵਡਿਆਈ, ਤਰੀਫ਼, ਉਪਮਾ ।

**ਅਫ਼ਰੀ ਬਾਦ**<br>**ਅਫਰੀਂ ਬਾਦ** } ਸ:–ਵਡਿਆਈ, ਸ਼ਾਬਾਸ਼, ਵਾਹ ਵਾਹ

**ਅਫਰੋਈ,** ਸ:–ਵਧੀਕ ਦੀ ਖੱਟੀ, ਉਤਲੀ ਆਮਦਨੀ ॥

ਵਿ:–ਵਾਧੂ, ਜੋ ਕਿਸੇ ਕੰਮ ਦਾ ਨਹੀਂ ॥

**ਅੱਫਲ,** ਵਿ:–ਜਿਸ ਨੂੰ ਕੋਈ ਫਲ ਨਹੀਂ ਲੱਗਾ ਨਿਹਫਲ, ਬੇ ਫੈਦਾ, ਕਿਸੇ ਕੰਮ ਦਾ ਨਾ, ਬਿਅਰਥ, ਸੰਢ, ਔਤ ॥

**ਅਫਲਾਤੂ**<br>**ਅਫਲਾਤੂਣ** } ਪੁ:–ਯੂਨਾਨ ਦਾ ਇੱਕ ਪੁਰਾਣਾ ਹਕੀਮ, ਸਿਆਣਾ ਆਦਮੀ ਘਮੰਡੀ, ਵਡ੍ਹਾਂ ਮਾਰਨ ਵਾਲਾ ਮਨੁੱਖ ।

**ਅਫਲਾਤੂਣ ਦਾ ਬੱਚਾ,** ਪੁ:–ਆਕੜ ਬਾਜ਼ ਘਮੰਡੀ ਮਨੁਖ ਜੋ ਹੋਰਨਾਂ ਨੂੰ ਤੁੱਛ ਸਮਝਦਾ ਹੋਵੇ ॥

**ਅਫ਼ਵਾਹ,** ਸ:–ਅਵਾਈ, ਉਡਦੀ ਗੱਲ, ਮਸ਼ਹੂਰੀ, ਰਪੋਟ, ਝੂਠੀ ਖ਼ਬਰ ॥

**ਅਫ਼ਵਾਹ ਉੱਡਣੀ,** ਕ੍ਰਿ:–ਲੋਕਾਂ ਵਿੱਚ ਅਜੇਹੀ ਖ਼ਬਰ ਫ਼ੈਲ ਜਾਣੀ ਜਿਸ ਦੇ ਸੱਚੇ ਹੋਣ ਦਾ ਨਿਹਚਾ ਨਹੀਂ । ਇਕ ਦੂਜੇ ਕੋਲੋਂ ਸੁਣ ਕੇ ਅਵਾਈ ਚੁਫੇਰੇ ਫੈਲ ਜਾਣੀ ॥

**ਅਫਾਕਾ,** ਪੁ:–ਰੋਗ ਘਟ ਜਾਣਾ, ਚੰਗਾ ਜਿਹਾ ਅਰਾਮ

**ਅਫ਼ਾਕਾ ਆਉਣਾ,** ਕ੍ਰਿ:–ਬਿਮਾਰ ਦਾ ਹੋਸ਼ ਵਿੱਚ ਆਉਣਾ, ਰੋਗ ਦਾ ਘੱਟ ਜਾਣਾ ॥

**ਅਫ਼ਾਤ,** ਸ:–ਖਰਾਬੀ, ਮੁਸੀਬਤ, ਕਲੇਸ਼, ਬਿਪਤਾ, ਖਤਰਾ, ਸ਼ਤਾਨ, ਜਿੰਨ, ਭੂਤ, ਫਸਾਦੀ ਜਾਂ ਚਲਾਕ ਆਦਮੀ ॥

Digitized by Panjab Digital Library | www.panjabdigilib.org

**ਅਫਾਰਨਾ,** ਕ੍ਰਿ:-'ਅਫਰਾਉਣਾ' ਵੇਖੋ ॥

**ਅਫਾਰਾ,** ਪੁ:-ਬਹੁਤਾ ਖਾਣ ਕਰਕੇ ਜਾਂ ਵਾਈ ਨਾਲ ਢਿਡ ਦਾ ਫੁੱਲਣਾ (ਅਫਾਰਾ ਚੜ੍ਹਨਾ ਜਾਂ ਪੈਣਾ)

**ਅਫੀਮ,** ਸ:-ਹਫੀਮ, ਫ਼ੀਮ, ਪੋਸਤ ਦਾ ਗਾੜ੍ਹਾ ਕੀਤਾ ਹੋਇਆ ਰਸ, ਇਹ ਇਕ ਨੀਂਦਰ ਲਿਆਉਣ ਵਾਲੀ ਦੁਆ ਹੈ ਅਤੇ ਕਈਆਂ ਰੋਗਾਂ ਲਈ ਗੁਣਕਾਰ ਹੈ। (ਖਾਣੀ, ਖੁਆਉਣੀ) ॥

**ਅਫੀਮ ਕਰਕੇ ਜਾਨਣਾ,** ਕ੍ਰਿ:-ਅਫੀਮ (ਜਹਿਰ) ਦੀ ਨਿਆਈਂ ਸਮਝਣਾ ॥

**ਅਫੀਮ ਦੇਣੀ,** ਕ੍ਰਿ:-ਜ਼ਹਿਰ ਦੇਣੀ, ਜਹਿਰ ਦੇ ਕੇ ਮਾਰਨਾ ॥

**ਅਫੀਮ ਲੱਗਣੀ ਜਾਂ ਲੱਗ ਜਾਣੀ**
**ਅਫੀਮ ਲਾਉਣੀ ਜਾਂ ਲਾ ਲੈਣੀ** } ਕ੍ਰਿ:-ਅਫੀਮ ਖਾਣ ਲੱਗ ਪੈਣਾ ॥

**ਅਫੀਮਣ,** ਸ:-ਅਫੀਮ ਖਾਣ ਵਾਲੀ ਤ੍ਰੀਮਤ, ਅਮਲਣ, ਆਲਸਣ ॥

**ਅਫੀਮੀ,** ਪੁ:-ਅਫੀਮ ਖਾਣ ਵਾਲਾ ਮਰਦ। ਅਮਲੀ, ਆਲਸੀ ॥

**ਅਫੁਆਹ,** 'ਅਫਵਾਹ' ਵੇਖੋ ॥

**ਅਫੁਰ,** ਵਿ:-ਜਿਸ ਨੂੰ ਕੁਝ ਨਾ ਫੁਰੇ ਅਰਥਾਤ ਕਿਸੇ ਗਲ ਦੀ ਚਾਹ ਨਾ ਰਹੇ ॥

**ਅਫੁਰਣ**
**ਅਫੁਰਣਾ** } ਪੁ:-ਕਿਸੇ ਗੱਲ ਦੀ ਚਾਹ ਨਾ ਹੋਣਾ ॥

**ਅੰਬ,** ਪੁ:-ਇੱਕ ਬੂਟਾ ਅਤੇ ਉਸ ਦਾ ਫਲ (ਇਸ ਫਲ ਦੇ ਅੰਦਰ ਗਿਟਕ ਹੁੰਦੀ ਹੈ ਜਿਸ ਪੁਰ ਵਾਲ ਜੇਹੇ ਹੁੰਦੇ ਹਨ। ਪੱਕੇ ਹੋਏ ਫਲ ਨੂੰ ਬੁੱਲ੍ਹਾਂ ਨਾਲ ਚੂਪਦੇ ਹਨ ਅਤੇ ਉਸ ਵਿੱਚੋਂ ਮਿੱਠਾ ਯਾ ਖਟਾ ਰਸ ਨਿਕਲਦਾ ਹੈ। ਕੱਚੇ ਨੂੰ ਚੀਰ ਕੇ ਅਚਾਰ ਮੁਰੱਬਾ ਆਦਿਕ ਪਾਉਂਦੇ ਹਨ॥)

**ਅੰਬਚੂਰ,** ਪੁ:-ਅੰਬ ਦੇ ਛਿੱਲੜਾਂ ਦੇ ਟੋਟੇ ਧੁੱਪ ਵਿੱਚ ਸੁਕਾਏ ਹੋਏ ॥

**ਅੰਬਰਸ,** ਪੁ:-ਅੰਬ ਦਾ ਰਸ ਜਾਂ ਸ਼ਰਬਤ ॥

**ਟਪਕੇ ਦਾ ਅੰਬ,** ਪੁ:-ਪੱਕ ਕੇ ਰੁੱਖੋਂ ਡਿੱਗਾ ਹੋਇਆ ਅੰਬ ॥

**ਪੋਲ ਦਾ ਅੰਬ,** ਪੁ:-ਰੱਖਾਂ ਵਿੱਚ ਰੱਖਕੇ ਪਕਾਇਆ ਹੋਇਆ ਅੰਬ ॥

**ਅਬਕ ਦਬਕ,** ਸ:-ਝਾੜ ਝੁਪਾੜ, ਝਿੜਕ, ਘੁਰਕੀ, ਦਬਕਾ ॥

**ਅਬਕਾ,** ਪੁ:-ਡਰ ਭੈ, ਕਿਸੇ ਵੱਡੇ ਦਾ ਡਰ ॥

**ਅਬਕਾ ਦਬਕਾ,** ਪੁ:-'ਅਬਕ ਦਬਕ' ਵੇਖੋ ॥

**ਅਬਗਤ,** ਸ:-ਭੈੜਾ ਹਾਲ, ਦੁਰਦਸ਼ਾ, ਸੱਤਿਆ ਨਾਸ ॥

**ਅਬਗਤ ਮਰਨਾ,** ਕ੍ਰਿ:-ਕ੍ਰਿਯਾ ਕਰਮ ਆਦਿਕ ਹੋਣ ਬਾਝੋਂ ਮਰਨਾ, ਮੰਜੇ ਯਾ ਕੋਠੇ ਉੱਤੇ ਮਰਨਾ ॥

**ਅਬਜ,** ਵਿ:-ਅਜਬ, ਅਣੋਖਾ, ਅਚਰਜ ॥

**ਅੰਬ ਜਾਣਾ**
**ਅੰਬਣਾ** } ਕ੍ਰਿ:-ਰਗੜ ਨਾਲ ਸਰੀਰ ਦਾ ਕੋਈ ਥਾਂ ਪੱਕ ਜਾਣਾ ਜਾਂ ਸੁੱਜ ਜਾਣਾ ॥

**ਅਬ ਜੀਰਕਾ,** ਸ:-ਨਿਰਬਾਹ, ਗੁਜ਼ਾਰਾ, ਰੁਜ਼ਗਾਰ, ਅੰਨ, ਭੋਜਨ ॥

**ਅਬਦੂਮਾਨਾ,** ਪੁ:-ਵਿਆਹ ਕਾਜ ਵਿੱਚ ਜੋ ਗੰਦੇ ਗੀਤ ਤੀਮਤਾਂ ਗਾਉਂਦੀਆਂ ਹਨ ॥

Digitized by Panjab Digital Library | www.panjabdigilib.org

**ਅਬਧੂਤ,** ਪੁ:
**ਅਬਧੂਤਣੀ,** ਸ: } 'ਅਧੂਤ' ਅਤੇ 'ਅਧੂਤਣੀ' ਵੇਖੋ ॥

**ਅਬਨਾਸ਼ੀ,** ਵਿ:–ਨਾ ਨਾਸ ਹੋਣ ਵਾਲਾ, ਅਮਰ, ਨਿੱਤ ਰਹਿਣ ਵਾਲਾ, ਪਰਮੇਸ਼ੁਰ ॥

**ਅੰਬਰ,** ਪੁ:–ਅਕਾਸ, ਅਸਮਾਨ, ਵਾਉ ਦਾ ਮੰਡਲ ਜੋ ਧਰਤੀ ਦੇ ਚੁਫੇਰੇ ਹੈ ॥

**ਅੰਬਰ ਵੱਲ**
**ਅੰਬਰ ਵੇਲ** } ਸ:–ਇੱਕ ਤਰ੍ਹਾਂ ਦੀ ਵੇਲ ਜੋ ਰੁੱਖਾਂ ਦੇ ਉੱਪਰ ਉੱਗਦੀ ਹੈ ਅਤੇ ਜਿਸ ਦੀਆਂ ਨਾਂ ਜੜ੍ਹਾਂ ਹੁੰਦੀਆਂ ਹਨ ਅਤੇ ਨਾ ਪੱਤਰ।

**ਅਬਰਕ,** ਪੁ:–ਧਰਤੀ ਵਿੱਚੋਂ ਨਿਕਲਣ ਵਾਲੀ ਇੱਕ ਚੀਜ਼ ਜਿਸ ਦੀ ਬਨਾਵਟ ਪੇਤ੍ਹਾਂ ਵਰਗੀ ਹੁੰਦੀ ਹੈ ਜੋ ਪਤਲੇ ਅਤੇ ਲਚਕਦਾਰ ਹੁੰਦੇ ਹਨ ਅਤੇ ਸ਼ੀਸ਼ੇ ਵਾਕਰ ਚਮਕਦੇ ਹਨ।

**ਅੰਬਰਤ,** ਪੁ:–
**ਅੰਬਰਤੀ,** ਸ:– } 'ਅਮਰਤ' 'ਅਮਰਤੀ' ਵੇਖੋ ॥

**ਅਬਰਾ**
**ਅੰਬਰਾ** } ਪੁ:–ਦੋਹਰੇ ਕਪੜੇ ਦੀ ਬਾਹਰਲੀ ਤਹਿ (ਅੰਦਰਲੀ ਤਹਿ ਨੂੰ ਅਸਤਰ ਆਖਦੇ ਹਨ), ਰਜਾਈਆਂ ਤੁਲਾਈਆਂ ਦੇ ਉੱਪਰਲੇ ਕੱਪੜੇ ਜਿਨ੍ਹਾਂ ਵਿੱਚ ਰੂੰ ਭਰੀ ਜਾਂਦੀ ਹੈ ॥

**ਅਬਰੀ,** ਸ:–ਰੰਗ ਬਰੰਗਾ ਚਮਕਦਾਰ ਕਾਗਤ ਜਿਸ ਨੂੰ ਬਾਹਰਲਾ ਕਿਤਾਬਾਂ ਦੀਆਂ ਜਿਲਦਾਂ ਉੱਪਰ ਲਾਉਂਦੇ ਹਨ ॥

ਵਿ:–ਬੱਦਲ ਵਾਲਾ, ਬੱਦਲ ਦੀ ਸ਼ਕਲ ਯਾ ਰੰਗ ਦਾ ॥

**ਅੰਬਰੀ,** ਵਿ:–ਅੰਬਰ ਵਾਲਾ, ਮੀਂਹ ਦੇ ਆਸਰੇ॥

**ਅਬਰੂ**
**ਅਬਰੋ** } ਸ:–ਪਤ, ਇੱਜ਼ਤ, ਮਾਨ ਹੁਰਮਤ, ਮਰਤਬਾ, ਨਾਮਨਾ ॥

**ਅਬਰੋ ਉਤਾਰਨਾ,** ਕ੍ਰਿ:–ਪਤ ਲਾਹੁਣਾ, ਬੇ ਇਜ਼ਤੀ ਕਰਨਾ, ਗਾਲੀ ਕੱਢਣਾ, ਬਦਨਾਮ ਕਰਨਾ, ਨਿੰਦਣਾ, ਕਿਸੇ ਉੱਤੇ ਜਾ ਪੈਣਾ ॥

**ਅੱਬਲ,** ਵਿ: ਪਹਿਲਾ, ਅਗਲਾ, ਮੁੱਢ ਦਾ, ਸਭ ਤੋਂ ਵੱਡਾ, ਉੱਚਾ ਜਾ ਚੰਗਾ ॥

ਪ:–ਪਹਲਾ ਯਾ ਅਗਲਾ ਹਿੱਸਾ, ਮੁੱਢ ।

ਕ੍ਰਿ ਵਿ:–ਪਹਿਲਾਂ, ਮੋਹਰੇ, ਮੁੱਢ ਵਿਚ, ਪਹਿਲੇ ਪਹਿਲ ॥

**ਅੰਬਲਤਾਸ,** ਪੁ:–'ਅਮਲਤਾਸ' ਵੇਖੋ ॥

**ਅੰਬਲੀ,** ਸ:–ਇਮਲੀ ਦਾ ਰੁੱਖ ਅਤੇ ਉਹ ਦਾ ਫਲ। 'ਇਮਲੀ' ਵੇਖੋ ॥

**ਅਬੜ ਦਬੜ,** ਸ:–'ਅਬਕ ਦਬਕ' ਵੇਖੋ ॥

**ਅੱਬੜ ਵਾਹ ( ਵਾਹਾ )**–'ਅੱਭੜ ਵਾਹ' ਵੇਖੋ ।

**ਅੰਬੜੀ,** ਸ:–ਅੰਮਾਂ, ਪਿਆਰੀ ਮਾਂ ( ਦੁੱਖ ਦੇ ਵੇਲੇ ਇਹ ਸ਼ਬਦ ਵਰਤਿਆ ਜਾਂਦਾ ਹੈ ਜਿਹਾ ਕਿ 'ਹਾਇ ਨੀ ਮੇਰੀਏ ਅੰਬੜੀਏ' )॥

**ਅੰਬਾਉ,** ਪੁ:–ਰਗੜ ਨਾਲ ਸਰੀਰ ਦੀ ਕਿਸੇ ਥਾਂ ਉੱਤੇ ਜੋ ਸੋਜ ਪੈ ਜਾਂਦੀ ਹੈ। ਅੰਬਉ, ਅੰਬਾਟ, ਸਲਨ ॥

**ਅੰਬਾਕੜੀ**
**ਅੰਬਾਖੜੀ** } ਸ:–ਕੱਟ ਕੇ ਸੁਕਾਏ ਹੋਏ ਕੱਚੇ ਅੰਬ ਦੀ ਫਾੜੀ (ਉਨ੍ਹਾਂ ਦਾ ਹੀ ਅੰਬ ਚੂਰ ਬਣਦਾ ਹੈ )

**ਅੰਬਾਟ,** ਪੁ:–'ਅੰਬਾਉ' ਵੇਖੋ ॥

**ਅਬਾ ਤਬਾ,** ਪੁ:–ਬਕਵਾਦ ॥

**ਅਬਾਦ,** ਵਿ:–ਜਿੱਥੇ ਵਾਹੀ ਹੋਈ ਹੋਈ ਹੈ, ਵੱਸਿਆ ਹੋਇਆ ਥਾਂ, ਸੁਹਾਉਣਾ, ਘਰਾਂ ਅਤੇ ਮਨੁੱਖ ਨਾਲ ਭਰਿਆ ਹੋਇਆ । ਕਈਆਂ ਸ਼ਹਿਰਾਂ ਅਤੇ ਪਿੰਡਾਂ ਦੇ ਨਾਉਂ ਪਿੱਛੋਂ ਇਹ ਸ਼ਬਦ

Digitized by Panjab Digital Library | www.panjabdigilib.org

ਆਉਂਦਾ ਹੈ ਜਿਹਾ ਕਿ 'ਵਜ਼ੀਰਾ ਬਾਦ' ਆਦਿਕ ॥

**ਅਬਾਦ ਹੋਣਾ,** ਕ੍ਰਿ:-ਵਸਾਇਆ ਜਾਣਾ, ਵੱਸਣਾ ॥

**ਅਬਾਦ ਕਰਨਾ,** ਕ੍ਰਿ:-ਵਸਾਉਣਾ, ਘਰ ਪਾਉਣਾ, ਵਾਹੀ ਆਦਿਕ ਕਰਨੀ ॥

**ਅਬਾਦ ਰਹਿਣਾ,** ਕ੍ਰਿ:-ਵਸਣਾ ਰੱਸਣਾ, ਫਲਣਾ ਫੁਲਣਾ ਅਤੇ ਘਰ ਵਿਚ ਸੁਖੀ ਰਹਿਣਾ।

**ਅਬਾਦਾਨ,** ਵਿ:-'ਅਬਾਦ' ਵੇਖੋ ॥

**ਅਬਾਦਾਨੀ,**
**ਅਬਾਦੀ** } ਸ:-ਵੱਸੋਂ, ਹਰੀ ਭਰੀ ਸੁਹਾਉਣੀ ਥਾਂ, ਰੌਣਕ, ਪਰਤਾਪ ॥

**ਅੰਬਾਰਤ,** ਸ:-'ਅਮਾਰਤ' ਵੇਖੋ ॥

**ਅੰਬਾਰੀ,** ਸ:-'ਅਮਾਰੀ' ਵੇਖੋ ॥

**ਅੰਬੀ,** ਸ:-ਨਿੱਕਾ ਜਿਹਾ ਅੱਧਾ ਕੱਚਾ ਅਧਾ ਪੱਕਾ ਅੰਬ, ਛੋਟਾ ਕੱਚਾ ਅੰਬ ॥

**ਅੰਬੀਆ ਹਲਦੀ,** ਸ:-ਇੱਕ ਤਰਾਂ ਦੀ ਹਲਦੀ ॥

**ਅੰਬੀਰ,** ਪੁ:-
**ਅੰਬੀਰੀ,** ਸ:- } 'ਅਮੀਰ' 'ਅਮੀਰੀ' ਵੇਖੋ ॥

**ਅਬੁੱਝ,** ਵਿ:-ਨਾ ਬੁੱਝਣ ਵਾਲਾ, ਨਾ ਬੁੱਝਿਆ ਹੋਇਆ ॥

**ਅੰਬੂਆ,** ਪੁ:-ਅੰਬ ਦਾ ਬੂਟਾ ॥

ਵਿ:-ਅੰਬ ਦੇ ਕੂਲੇ ਕੂਲੇ ਪਤਰਾਂ ਦੇ ਰੰਗ ਵਾਲਾ। ਹਰਾ ਜੋ ਪੀਲੇ ਦੀ ਭਾਹ ਮਾਰੇ ॥

**ਅਬੂਝ,** ਵਿ:-ਬੇ ਸਮਝ, ਬੁੱਧੂ, ਮੂਰਖ ਜਿਸ ਵਿੱਚ ਅਕਲ ਦਾ ਘਾਟਾ ਹੋਵੇ। ਜੋ ਸਮਝ ਵਿੱਚ ਨਾ ਆਵੇ, ਜਿਸ ਨੂੰ ਕੋਈ ਨਾ ਬੁੱਝ ਸੱਕੇ ॥

**ਅਬੇਜਾਰ,** ਵਿ:-ਤੰਗ, ਦਿੱਕ, ਲਚਾਰ, ਅਕਿਆ ਹੋਇਆ, ਉਦਾਸ, ਗਰਿੰਜ ॥

**ਅਬੇਜਾਰਣ,** ਸ:-ਅਬੇਜ਼ਾਰ ਤ੍ਰੀਮਤ ॥

**ਅਬੇਜਾਰੀ,** ਸ:-ਲਚਾਰੀ, ਉਦਾਸੀ, ਗੁਸਾ, ਰੰਜ ॥

**ਅਬੇ ਤਬੇ,** ਸ:-ਤੂੰ ਤੂੰ ਕਹਿਣਾ, ਘਿਣ ਪਰਗਟ ਕਰਨ ਵਾਲਾ ਵਾਕ ॥

**ਅਬੇਰ,** ਸ:-ਅਵੇਰ, ਢਿੱਲ, ਚਿਰਕ, ਦੇਰ, ਦੇਰੀ ॥

**ਅਬੇਰੇ,** ਕ੍ਰਿ: ਵਿ:-ਚਿਰਕਾ, ਦੇਰ ਲਾਕੇ, ਢਿੱਲੀ ਕਰਕੇ ॥

**ਅੰਬੋਹ** ਪੁ:-
**ਅੰਬੋਹੀ,** ਸ:- } ਲੋਕਾਂ ਦਾ ਇਕੱਠ, ਭੀੜ ਭਾੜ ॥

**ਅਭਉ,** ਵਿ:-'ਅਭੈ' ਵੇਖੋ ॥

**ਅਭੱਖ,** ਵਿ:-ਜੋ ਖਾਣ ਦੇ ਲਾਇਕ ਨਹੀਂ, ਜੋ ਖਾਣੇ ਜੋਗ ਨਹੀਂ, ਹਰਾਮ, ਨਖਿੱਧ ॥

**ਅਭੰਗ,** ਵਿ:-ਜੋ ਟੁੱਟ ਨਹੀਂ ਸੱਕਦਾ, ਪਰਮੇਸੁਰ ਦਾ ਨਾਉਂ ॥

**ਅਭਗਤ,** ਵਿ:-'ਅਬਗਤ' ਵੇਖੋ ॥

**ਅਭਗਤ,** ਸ:-ਭਗਤਿ ਨਾ ਹੋਣੀ, ਅਧਰਮ, ਬੇਦੀਨੀ, ਬੇ ਪਰਵਾਹੀ, ਕੁਫਰ ॥

**ਅਭਗਤਣ,** ਸ:-ਵਿ:-ਜਿਸ ਤ੍ਰੀਮਤ ਵਿੱਚ ਭਗਤੀ ਨਹੀਂ, ਅਧਰਮਣ ॥

**ਅਭਮਾਨ,** ਪੁ:-ਆਪਣੇ ਆਪ ਨੂੰ ਵੱਡਾ ਸਮਝਣਾ, ਗੁਮਾਨ, ਘਮੰਡ, ਆਕੜ, ਹੰਕਾਰ, ਮਗਰੂਰੀ ॥

**ਅਭਿਮਾਨਣ,** ਸ:-ਅਭਮਾਨ ਕਰਨ ਵਾਲੀ ਤ੍ਰੀਮਤ ॥

Digitized by Panjab Digital Library | www.panjabdigilib.org

**ਅਭਿਮਾਨਤਾ, ਅਭਿਮਾਨਤਾਈ**, ਸਃ—ਹੰਕਾਰ, ਮਗਰੂਰੀ, ਗੁਮਾਨ ॥

**ਅਭਿਮਾਨੀ**, ਪੁਃ—ਅਭਿਮਾਨ ਕਰਨ ਵਾਲਾ ਮਰਦ। ਘਮੰਡੀ ॥

**ਅਭਯ**, ਵਿਃ—'ਅਭੈ' ਦੇਖੋ।

**ਅਭਯਾਸ, ਅਭਿਆਸ**, ਪੁਃ—ਕਿਸ ਕੰਮ ਦਾ ਬਾਰ ਬਾਰ ਕਰਨਾ, ਮਸ਼ਕ, ਪੜ੍ਹਾਈ ॥

**ਜੋਗਾਭਯਾਸ, ਜੋਗਾਭਿਆਸ**, ਪੁਃ—ਪਰਮਾਤਮਾ ਵਿੱਚ ਲੀਨ ਹੋਣ ਵਾਸਤੇ ਜੋਗ ਦਾ ਸਾਧਨ ਕਰਨਾ ਜਿਸ ਵਿਚ ਚੁਫੇਰਿਓਂ ਮਨ ਨੂੰ ਹਟਾ ਕੇ ਉਸੇ ਦਾ ਧਿਆਨ ਕੀਤਾ ਜਾਂਦਾ ਹੈ ॥

**ਅਭਯਾਸਣ, ਅਭਿਆਸਣ**, ਸਃ—ਅਭਯਾਸ ਕਰਨ ਵਾਲੀ ਤ੍ਰੀਮਤ, ਜਿਸ ਨੂੰ ਚੰਗੀ ਤਰਾਂ ਪੜ੍ਹਨ ਦੀ ਮਸ਼ਕ ਹੋ ॥

**ਅਭਯਾਸੀ, ਅਭਿਆਸੀ**, ਪੁਃ—ਅਭਯਾਸ ਕਰਨ ਵਾਲਾ ਪੁਰਖ, ਜਿਸਨੂੰ ਪੜ੍ਹਨ ਦੀ ਮਸ਼ਕ ਹੈ ॥

**ਜੋਗਾਭਯਾਸੀ, ਜੋਗਾਭਿਆਸੀ**, ਪੁਃ—ਜੋਗਾਭਯਾਸ ਕਰਨ ਵਾਲਾ ਆਦਮੀ ॥

**ਅਭਯਾਗਤ, ਅਭਿਆਗਤ**, ਪੁਃ—ਪਰਾਹੁਣਾ, ਜੋ ਓਪਰਾ ਮਨੁੱਖ ਅਚਾਨਚੱਕਾ ਘਰ ਆ ਜਾਏ, ਤਪੱਸੀ, ਰਮਤਾ ਫਕੀਰ ਜੋ ਥਾਂ ਥਾਂ ਮੰਗਦਾ ਫਿਰੇ ॥

**ਅਭਯਾਗਤਣ, ਅਭਿਆਗਤਣ**, ਸਃ—ਪਰਾਹੁਣੀ, ਤਪੱਸਣੀ ਫਕੀਰਨੀ, ਮੰਗਤੀ ॥

**ਅਭਰਕ, ਅਭਰਖ**, ਪੁਃ—'ਅਬਰਕ' ਦੇਖੋ ॥

**ਅਭਰੂਣ**, ਸਃ—ਥੋੜੀ ਜੇਹੀ ਸੋਜ, ਗਿਲਟੀ, ਛੋਟਾ ਫੋੜਾ ॥

**ਅਭਿਲਾਖਣ**, ਸਃ—ਅਭਿਲਾਖਾ ਕਰਨ ਵਾਲੀ ॥

**ਅਭਿਲਾਖਾ**, ਸਃ—ਮਰਜ਼ੀ, ਚਾਹ, ਇੱਛਿਆ, ਲਾਲਸਾ ॥

**ਅਭਿਲਾਖੀ**, ਪੁਃ—(ਕਰਨਾ, ਹੋਣਾ) ਅਭਿਲਾਖਾ ਕਰਨ ਵਾਲਾ ॥

**ਅੱਭੜ ਵਾਹ, ਅੱਭੜ ਵਾਹਾ, ਅੱਭੜ ਵਾਹੇ**, ਕ੍ਰਿਃ, ਵਿਃ—ਅਚਾਨ ਚੱਕ, ਘਾਬਰ ਕੇ (ਉੱਠਣਾ) ॥

**ਅਭਾਗ**, ਪੁਃ—ਸਃ—ਖੋਟੀ ਕਿਸਮਤ, ਬੇ ਨਸੀਬੀ, ਬਿਪਤਾ ॥

ਵਿਃ—ਬੇ ਨਸੀਬ, ਨਿਮਾਣਾ ॥

**ਅਭਾਗਣ**, ਸਃ—ਬੇ ਨਸੀਬ, ਨਿਮਾਣੀ ਤ੍ਰੀਮਤ ॥

ਵਿਃ—ਬੇ ਨਸੀਬ, ਕਰਮਾਂ ਮਾਰੀ ॥

**ਅਭਾਗਾ**, ਪੁਃ—ਬੇ ਨਸੀਬ, ਨਿਮਾਣਾ ਮਰਦ ॥

ਵਿਃ—ਬੇ ਨਸੀਬ, ਕਰਮਾਂ ਮਾਰਿਆ ॥

**ਅਭਾਗੀ**, ਵਿਃ—ਬੇ ਨਸੀਬ, ਕਰਮਾਂ ਮਾਰਿਆ, ਨਿਮਾਣਾ ॥

ਪੁਃ—ਨਸੀਬ ਸੜਾ, ਕਰਮਾਂ ਮਾਰਿਆ ਮਨੁੱਖ ॥

**ਅਭਿਆਸ**, ਪੁਃ—'ਅਭਯਾਸ' ਵੇਖੋ ॥

**ਅਭਿਆਸਣ**, ਸਃ—'ਅਭਯਾਸਣ' ਵੇਖੋ

**ਅਭਿਆਸੀ**, ਪੁਃ—'ਅਭਯਾਸੀ' ਵੇਖੋ ॥

**ਅਭਿਆਗਤ**, ਪੁਃ—'ਅਭਯਾਗਤ' ਵੇਖੋ ॥

**ਅਭਿਆਗਤਣ**, ਸਃ—'ਅਭਯਾਗਤਣ' ਵੇਖੋ ॥

**ਅਭੁੱਲ**, ਵਿਃ—ਨਾ ਭੁੱਲਣ ਵਾਲਾ ।

**ਅਭੂਖਣ**, ਪੁਃ—ਭੂਖਣ, ਗਹਿਣਾ, ਜ਼ੇਉਰ ॥

**ਅਭੇਤ, ਅਭੇਦ, ਅਭੇਵ**, ਵਿਃ—ਜਿਸ ਵਿਚ ਭੇਤ ਨਹੀਂ, ਖੁਲ੍ਹਾ ਪਰਗਟ, ੨ ਜਿਸ ਦੀ ਪਛਾਣ ਨ ਹੋ ਸਕੇ ਜੋ ਵੰਡਿਆ ਨਾ ਜਾਵੇ ॥

Digitized by Panjab Digital Library , www.panjabdigilib.org

**ਅਭੈ / ਅਭੌ**, ਵਿ:—ਜਿਸ ਨੂੰ ਕਿਸੇ ਦਾ ਭੈ ਜਾਂ ਭੌ ਨਾ ਹੋਵੇ, ਨਿਡਰ, ਨਿਰਭੌ, ਹੌਂਸਲੇ ਵਾਲਾ, ਦਲੇਰ, ਸਲਾਮਤ ।

ਪੁ:—ਭੈ ਨਾ ਹੋਣਾ, ਸਲਾਮਤੀ ॥

**ਅਮੱਸਯਾ / ਅਮੱਸਿਆ**, ਸ:—ਕ੍ਰਿਸ਼ਨ ਪਖ ਦੀ ਪੰਦਰਵੀਂ ਥਿੱਤ, ਨਵੇਂ ਚੰਦ੍ਰਮਾ ਦਾ ਦਿਨ, ਚੰਨ ਸੂਰਜ ਦਾ ਮੇਲ ॥

**ਅਮਕਾ**, ਵਿ:—ਫਲਾਣਾ ਮਨੁੱਖ ਜਾਂ ਫਲਾਣੀ ਚੀਜ਼ ॥

**ਅਮਕਾ ਢਮਕਾ**, ਪੁ:—ਤੁੱਛ, ਛੋਟਾ ਆਦਮੀ, ਜੋ ਕੋਈ, ਐਰ ਗੈਰ ॥

**ਅਮਣ**, ਪੁ:—'ਅਮਨ' ਵੇਖੋ ॥

**ਅਮਨ**, ਪੁ:—ਸਲਾਮਤੀ, ਸ਼ਾਂਤ, ਬਚਾਉ, ਲੜਾਈ ਝਗੜਾ ਨ ਹੋਣਾ ॥

**ਅਮਨ ਅਮਾਨ / ਅਮਨ ਚੈਨ**, ਪੁ:—ਸੁਖ ਸਾਂਦ, ਅਨੰਦ, ਮੌਜ, ਸਲਾਮਤੀ ॥

**ਅਮਨ ਵਿੱਚ ਰਹਿਣਾ**, ਕ੍ਰਿ:—ਸੁਖੀ ਵੱਸਣਾ ॥

**ਅਮਨ ਵਿੱਚ ਰੱਖਣਾ**, ਕ੍ਰਿ:—ਅਰਾਮ ਨਾਲ ਰੱਖਣਾ, ਦੁਖੀ ਨ ਹੋਣ ਦੇਣਾ ॥

**ਅਮੰਨਾ**, ਪੁ:—ਵਸਾਹ, ਭਰੋਸਾ, ਅਤਬਾਰ ॥

**ਅਮਰ**, ਵਿ:—ਜੋ ਮਰੇ ਨਾਂ, ਨਿੱਤ ਰਹਿਣ ਵਾਲਾ, ਵੱਡੀ ਉਮਰ ਵਾਲਾ। ਦੇਉਤਾ। ਪਰਮੇਸ਼ੁਰ ॥

**ਅਮਰ ਹੋ ਜਾਣਾ / ਅਮਰ ਹੋਣਾ**, ਕ੍ਰਿ:—ਸਦਾ ਰਹਿਣਾ, ਕਦੇ ਨਾ ਮਰਨਾ ॥

**ਅਮਰ ਬੇਲ**, ਸ:—'ਅੰਬਰ ਵੇਲ' ਵੇਖੋ ॥

**ਅਮਰਤ / ਅਮ੍ਰਿਤ**, ਪੁ:—ਦੇਉਤਿਆਂ ਦਾ ਭੋਜਨ, ਜਿਸ ਨੂੰ ਖਾ ਕੇ ਅਮਰ ਹੋ ਜਾਈਦਾ ਹ। ਜਿਹੜਾ ਜਲ ਪੀਕੇ ਮਨੁੱਖ ਕਦੇ ਨਾ ਮਰੇ ਆਬ ਹਯਾਤ, ਕੋਈ ਮਿੱਠੀ ਚੀਜ਼, ਬਿਖ ਦਾ ਅਸਰ ਦੂਰ ਕਰਨ ਵਾਲੀ ਔਖਧੀ, ਪਾਣੀ, ਸ਼ਰਾਬ ( ਸ਼ਰਾਬੀ ਸ਼ਰਾਬ ਨੂੰ ਅਮਰਤ ਆਖਦੇ ਹਨ ) । ਅਮਰ ਹੋ ਜਾਣਾ ।

**ਅਮ੍ਰਿਤ ਫਲ**, ਪੁ:—ਮਿੱਠਾ ਤੇ ਸੁਆਦਲਾ ਫਲ ॥

**ਅਮਰਤ ਬਾਣੀ**, ਸ:—ਮਿਠੀ ਬੋਲੀ, ਪਵਿਤ੍ਰ ਬਾਣੀ, ਸਤ ਪੁਰਖਾਂ ਦੀ ਬਾਣੀ, ਜਿਹਾ ਕਿ ਗੁਰੂ ਗ੍ਰੰਥ ਸਾਹਿਬ ਹੈ ॥

**ਅਮ੍ਰਿਤ ਰਸ**, ਪੁ:—ਮਿੱਠਾ ਰਸ ਜਾਂ ਸ਼ਰਬਤ ॥

**ਅਮ੍ਰਿਤ ਵੇਲਾ**, ਪੁ:—ਬਹੁਤ ਸਵੇਰ ਦਾ ਵੇਲਾ ਜਦੋਂ ਪਹਿਰ ਰਾਤ ਰਹਿੰਦੀ ਹੋਵੇ ॥

**ਅਮਰਿਤ / ਅਮ੍ਰਿਤ**, ਪੁ:—'ਅਮਰਤ' ਵੇਖੋ ॥

**ਅਮਰਿਤੀ**, ਸ:—ਇੱਕ ਤਰਾਂ ਦੀ ਮਠਿਆਈ ॥

**ਅਮਰੀਕ**, ਕ੍ਰਿ: ਵਿ:—ਸਦਾ ਹੀ, ਮੁੱਢੋਂ ॥

**ਅਮਲ**, ਪੁ:—ਕੰਮ, ਆਚਾਰ, ਚੱਲਣ, ਵਰਤਾਰਾ, ਸੁਭਾਉ, ਨਸ਼ਾ, ਅਫੀਮ, ਰਾਜ। ਜਾਦੂ, ਮੰਤਰ ॥

**ਅਮੱਲਕ / ਅਮੱਲਕੜੇ / ਅਮੱਲਕੇ**, ਕ੍ਰਿ:, ਵਿ: ਹੌਲਾ ਹੌਲੀ ਜਿਸ ਵਿੱਚ ਅਵਾਜ਼ ਨਾ ਆਵੇ ਤੇ ਹਿਲ ਜੁਲ ਘੱਟ ਹੋਵੇ, ਸਹਿਜੇ ਸਹਿਜੇ, ਆਸਤੇ ਆਸਤੇ

**ਅਮਲਣ**, ਸ:—ਅਮਲ ਖਾਣ ਜਾਂ ਪੀਣ ਵਾਲੀ, ਅਮਲ ਕਰਨ ਵਾਲੀ ਤੀਵੀਂ ॥

**ਅੱਮਲਤਾਸ**, ਪੁ:—ਇੱਕ ਰੁੱਖ ਅਰ ਉਹ ਦੀ ਫਲੀ। ਇਸ ਦੇ ਬੀ ਇੱਕ ਤਰ੍ਹਾਂ ਦੀ ਦਵਾ ਹਨ, ਜਿਸ ਦੇ ਖਾਧਿਆਂ ਪੀਤਿਆਂ ਜੁਲਾਬ ਲੱਗ ਜਾਂਦਾ ਹੈ ॥

**ਅਮਲ ਪੱਤੀ**, ਸ:—ਇੱਕ ਤਰ੍ਹਾਂ ਦੀ ਵੇਲ ਜਾਂ ਸੀਉਲ ਜੋ ਮਹੀਨ ਕਪੜੇ ਪੁਰ ਹੁੰਦੀ ਹੈ ॥

Digitized by Panjab Digital Library | www.panjabdigilib.org

**ਅਮਲਾ,** ਪੁ:-ਕਿਸੇ ਮਹਕਮੇ ਜਾਂ ਦਫਤਰ ਦੇ ਸਾਰੇ ਨੌਕਰਾਂ ਦਾ ਇਕੱਠਾ ਨਾਉਂ, ਮੁਨਸ਼ੀ, ਬਾਬੂ, ਕਲਰਕ ॥

**ਅਮਲੀ,** ਪੁ:-ਅਮਲ ਖਾਣ ਵਾਲਾ ਖਾਸ ਕਰਕੇ ਅਫੀਮੀ ਜਾਂ ਪੋਸਤੀ, ਚੰਗੇ ਅਮਲ ਜਾਂ ਕਰਮ ਕਰਨ ਵਾਲਾ ॥

**ਅਮਲੀ,** ਸ:-'ਇਮਲੀ' ਵੇਖੋ ॥

**ਅਮਲੋਕ,** ਪੁ:-ਸੁੱਕੀ ਹੋਈ ਲਸੂੜੀ ਦੀ ਸ਼ਕਲ ਦਾ ਇਕ ਕਾਲਾ ਪਹਾੜੀ ਫਲ ।

**ਅਮੜੀ,** ਸ:-ਅੰਬੜੀ, ਅੰਮਾਂ, ਪਿਆਰੀ ਮਾਂ, ਮਾਤਾ॥

**ਅੰਮਾਂ,** ਸ:-ਮਾਂ, ਮਾਤਾ, ਮਾਉਂ, ਮਾਈ ।

**ਅੰਮਾਂ ਮਹਿੱਟਰ,** ਪੁ:-ਜਿਸ ਦੀ ਮਾਂ ਮਰ ਗਈ ਹੈ, ਯਤੀਮ ॥

**ਅਮਾਉਸ,** ਸ:—'ਅਮਾਵਸ' ਵੇਖੋ ॥

**ਅਮੂਾਤੜ,** ਪੜ:-'ਹਮਾਤੜ' ਵੇਖੋ ॥

**ਅਮਾਨ,** ਸ:-ਸਲਾਮਤੀ, ਬਚਾਉ, ਅਮਾਨਤ, ਜੋ ਚੀਜ਼ ਕਿਸੇ ਜਣਾ ਦੂਜੇ ਕੋਲ ਕੁਝ ਚਿਰ ਲਈ ਰੱਖ ਜਾਵੇ ॥
ਪੁ:-ਇਮਾਨ, ਧਰਮ, ਸਰਧਾ ।

**ਅਮਾਨ ਗੁਆਉਣਾ,**
**ਅਮਾਨ ਹਾਰਨਾ (ਹਾਰ ਦੇਣਾ)** } ਕ੍ਰਿ:-ਧਰਮ ਹਾਰਨਾ, ਕਰਾਰ ਕਰਕੇ ਪੂਰਾ ਨਾ ਕਰਨਾ, ਅੰਗ ਨਾ ਪਾਲਣਾ, ਬੇਈਮਾਨੀ ਕਰਨੀ, ਧੋਖਾ ਦੇਣਾ, ਧਰੋਹ ਕਰਨਾ ।

**ਅਮਾਨਦਾਰ,** ਵਿ:-ਧਰਮੀ, ਦੀਨ ਦਾਰ, ਅੰਗ ਪਾਲਣ ਵਾਲਾ, ਸੱਚਾ, ਖਰਾ, ਨਿਆਉਂ ਕਰਨ ਵਾਲਾ, ਹਰ ਇੱਕ ਨੂੰ ਉਹ ਦਾ ਹੱਕ ਦੇਣ ਵਾਲਾ, ਜਿਸ ਦਾ ਲੋਕ ਵਸਾਹ ਕਰਨ ॥
ਪੁ:-ਜਿਸ ਪਾਸ ਕਿਸੇ ਦੀ ਅਮਾਨਤ ਹੋਵੇ ॥

**ਅਮਾਨਦਾਰੀ,** ਸ:-ਅੰਗ ਪਾਲਣਾ, ਦੀਨ ਦਾਰੀ, ਸਚਿਆਈ, ਸਪੁਰਦਗੀ, ਵਿਸਾਹ, ਅਮਾਨਤ ॥

**ਅਮਾਨ ਰੱਖਣਾ,** ਕ੍ਰਿ:-ਕਿਸੇ ਨੂੰ ਕੋਈ ਚੀਜ਼ ਕੁਝ ਚਿਰ ਵਾਸਤੇ ਰੱਖਣ ਲਈ ਦੇਣੀ । ਸਪੁਰਦ ਕਰਨਾ ॥

**ਅਮਾਨ ਰਹਿਣਾ,** ਕ੍ਰਿ:-ਧਰਮ ਕਾਇਮ ਰਹਿਣਾ, ਪਾਪ ਨਾ ਕਰਨਾ, ਨੇਕੀ ਉੱਤੇ ਚੱਲਣਾ ॥

**ਅਮਾਨ ਲਿਆਉਣਾ,** ਕ੍ਰਿ:-ਮੰਨਣਾ, ਨਿਹਚਾ ਕਰਨਾ, ਕਿਸੇ ਮਤ ਵਿੱਚ ਹੋ ਜਾਣਾ ॥

**ਅਮਾਨਤ,** ਸ:-ਕਿਸੇ ਨੂੰ ਰੱਖਣ ਵਾਸਤੇ ਜੋ ਰੁਪਇਆ ਜਾਂ ਕੁਝ ਹੋਰ ਚੀਜ਼ ਦਿੱਤੀ ਜਾਵੇ, ਅਮਾਨ ॥

**ਅਮਾਨਤੀ,** ਕ੍ਰਿ:, ਵਿ:-ਸਹਿਜੇ, ਅਮੇਲਕੜੇ, ਹੌਲਾ ਹੌਲੀ ॥

**ਅਮਾਨੀ,** ਵਿ:-ਅਮਾਨ ਦਾ, ਧਰਮ ਦਾ ॥

**ਅਮਾਨੀ ਕੰਮ,** ਪੁ:-ਦਿਹਾੜੀ ਦਾ ਕੰਮ, ਅਰਥਾਤ ਜਿੰਨਾ ਕੰਮ ਕੀਤਾ ਜਾਵੇ ਉੱਨੀ ਮਜੂਰੀ ਦਿੱਤੀ ਜਾਵੇ ਠੇਕਾ ਨਾ ਕੀਤਾ ਜਾਵੇ ॥

**ਅਮਾਮ,** ਪੁ:-ਪਰੋਹਤ, ਮੁਸਲਮਾਨਾਂ ਵਿਚ ਧਰਮ ਦਾ ਆਗੂ, ਜੋ ਮਨੁਖ ਅੱਗੇ ਖਲੋਕੇ ਹੋਰਨਾਂ ਨੂੰ ਨਮਾਜ਼ ਪੜ੍ਹਾਉਂਦਾ ਹੈ, ਵੱਡਾ, ਪਰਧਾਨ ਸਰਦਾਰ, ਮੁੱਲਾਂ, (ਤਸਬੀ ਦੇ ਸਿਰੇ ਉੱਤੇ ਇੱਕ ਵੱਡਾ ਮਣਕਾ ਜਿਸ ਨੂੰ ਤਸਬੀ ਫੇਰਦਿਆਂ ਹੱਥ ਵਿੱਚ ਠਹਿਰਾ ਰੱਖਦੇ ਹਨ) ॥

**ਅਮਾਮ ਜ਼ਾਦਾ,** ਪੁ:-ਅਮਾਮ ਦੀ ਉਲਾਦ, ਹਸਨ ਹੁਸੈਨ ਦਾ ਨਾਉਂ ॥

**ਅਮਾਮ ਬਾੜਾ,** ਪੁ:
**ਅਮਾਮ ਬਾੜੀ,** ਸ: } ਇੱਕ ਥਾਂ ਦਾ ਮੰਦਰ ਜਿਸ ਵਿਚ ਮੁਹੱਰਮ ਦਾ ਤਿਹਾਰ ਮਨਾਇਆ ਜਾਂਦਾ ਹੈ ਅਤੇ ਹਜ਼ਰਤ ਅਲੀ ਅਰ ਉਨ੍ਹਾਂ ਦੇ ਪੁੱਤ੍ਰਾਂ

Digitized by Panjab Digital Library / www.panjabdigilib.org

ਹਸਨ ਅਤੇ ਹੁਸੈਨ ਦੇ ਨਾਉਂ ਤੇ ਨਮਾਜ਼ ਪੜ੍ਹੀ ਜਾਂਦੀ ਹੈ ਅਤੇ ਮੋਇਆਂ ਦੀ ਨਿਆਜ਼ ਦਿੱਤੀ ਜਾਂਦੀ ਹੈ ॥

**ਅਮਾਮ ਮਹਿੰਦੀ,** ਪੁ:–'ਮਹਿੰਦੀ' ਵੇਖੋ ॥

**ਅਮਾਮਾ,** ਪੁ:–ਇੱਕ ਚਾਦਰ ਜਿਸ ਨੂੰ ਪੱਗ ਵਾਕਰ ਸਿਰ ਉੱਤੇ ਲਪੇਟਦੇ ਹਨ ॥

**ਅਮਾਰਤ,** ਸ:–ਸਰਕਾਰੀ ਮਕਾਨ, ਵੱਡਾ ਮਕਾਨ, ਮਹਿਲ, ਹਵੇਲੀ, ਘਰ, ਰਹਿਣ ਦੀ ਥਾਂ, ਕਿਲਾ ਬੰਦੀ॥

**ਅਮਾਰਤੀ ਗਜ,** ਪੁ:—ਰਾਜਾਂ ਦਾ ਗਜ਼ ਜਾਂ ਰੂਲ॥

**ਅਮਾਰੀ,** ਸ:–ਹਾਥੀ ਉੱਤੇ ਰੱਖਣ ਵਾਲੀ ਕੁਰਸੀ ਜਿਸ ਵਿੱਚ ਮਨੁੱਖ ਬੈਠਦੇ ਹਨ। ਛੱਤਿਆ ਹੋਇਆ ਹੌਦਾ, ਗੁੰਮਜ ॥

**ਅਮਾਲ,** ਪੁ:–ਅਮਲ ਦਾ ਬਹੁ ਬਚਨ, ਕੰਮ, ਕਰਮ, ਅਚਾਰ, ਚੱਲਣ ॥

**ਸ਼ਾਮਤ ਅਮਾਲ,** ਸ:–ਕਰਮਾਂ ਦੀ ਮਾਰ, ਆਪਣੇ ਕੀਤੇ ਦਾ ਫਲ॥

**ਅਮਾਵਸ,** ਸ:–ਅਮੱਸਿਆ, ਕ੍ਰਿਸ਼ਨ ਪੱਖ ਦੀ ਪੰਦ੍ਰਵੀਂ ਥਿੱਤ, ਨਵੇਂ ਚੰਨ ਦਾ ਦਿਨ॥

**ਅਮਿਟ,** ਵਿ:–ਨਾਂ ਮਿਟਣ ਵਾਲਾ, ਅਲ ਥੁੱਥ, ਅਟਲ, ਅਬਨਾਸ਼ੀ, ਅਮਰ, ਨਾ ਬਦਲਨ ਵਾਲਾ, ਜੋ ਇੱਕੋ ਜਿਹਾ ਰਹੇ ॥

**ਅਮੀਂ ਜਮੀਂ,** ਕ੍ਰਿ:, ਵਿ:–ਰਾਜ਼ੀ ਬਾਜ਼ੀ, ਸਹੀ ਸਲਾਮਤ ॥

**ਅਮੀਨ,** ਪੁ:–ਵੱਡਾ ਸਰਦਾਰ, ਪਰਧਾਨ, ਅਮਾਨਤ ਰੱਖਣ ਵਾਲਾ॥

**ਅਮੀਰ,** ਪੁ:–ਰਈਸ, ਸਰਦਾਰ, ਹਾਕਮ, ਸਾਂਈਂ,



ਰਾਜਾ, ਪਰਧਾਨ, ਬੜੇ ਹੁੱਦੇ ਵਾਲਾ ਜਾਂ ਬੜਾ ਮਸ਼ਹੂਰ, ਮੰਨਿਆਂ ਦੰਨਿਆ ਆਦਮੀ, ਦਾਤਾ, ਖੁੱਲ੍ਹੇ ਦਿਲ ਵਾਲਾ ਮਨੁੱਖ, ਭਲਾ ਮਾਨਸ ॥ ਧਨ ਵਾਲਾ, ਰੱਜਿਆ ਹੋਇਆ ॥

**ਅਮੀਰ ਜ਼ਾਦਾ,** ਪੁ:–ਅਮੀਰ ਦਾ ਪੁਤ੍ਰ ॥

**ਅਮੀਰ ਜ਼ਾਦੀ,** ਸ:–ਅਮੀਰ ਦੀ ਧੀ॥

**ਅਮੀਰੀ,** ਸ:–ਅਮੀਰ ਦੀ ਪਦਵੀ, ਰਾਜ, ਪਰਤਾਪ, ਸਰਦਾਰੀ, ਰਜਵਾੜਾ, ਹਕੂਮਤ ॥

**ਅਮੁੱਕ,** ਵਿ:–ਨਾਂ ਮੁੱਕਣ ਵਾਲਾ, ਅਖੁੱਟ ।

**ਅਮੁੱਲ,** ਵਿ: ਜਿਸ ਦਾ ਮੁੱਲ ਨਾ ਪੈ ਸੱਕੇ, ਵੱਡਾ ਮੁੱਲਾ, ਅਮੋਲਕ ॥

**ਅਮੂਹਜ਼**
**ਅਮੂਹੜ** } ਵਿ:–ਜਾਹਲ, ਮੂਰਖ, ਅਹਮਕ, ਬੇ ਪਰਵਾਹ, ਬੇ ਖ਼ਬਰ ॥

**ਅਮੂਹੜਪੁਣਾ,** ਸ:–ਮੂਰਖਤਾਈ, ਬੇ ਪਰਵਾਹੀ, ਬੇ ਖ਼ਬਰੀ ॥

**ਅਮੂਲ,** ਵਿ:–ਜਿਸ ਦਾ ਮੂਲ ਸ ਅਤ ਨਹੀਂ। ਜਿਸ ਕੋਲ ਰਾਸ ਨਹੀਂ ॥

**ਅਮੇਟ,** ਵਿ:—ਜੋ ਮੇਟਿਆ ਨਹੀਂ ਜਾ ਸਕਦਾ॥

**ਅਮੋਲ,** ਵਿ:—ਜਿਸਦਾ ਮੁੱਲ ਨਾਂ ਪੈ ਸੱਕੇ, ਬਹੁਤ ਮੁੱਲ ਵਾਲਾ, ਦੁਰਲਭ ॥

**ਅਮੋਲਕ,** ਵਿ: – 'ਅਮੋਲ' ਵੇਖੋ

**ਅੱਯੜ,** ਪੁ:—ਬੱਕਰੀਆਂ ਜਾਂ ਭੇਡਾਂ ਦਾ ਇਕੱਠ। ਇੱਜੜ॥

**ਅਯਾਣ ਪੁਣਾ,** ਪੁ:—ਮੂਰਖਤਾਈ, ਜਾਹਲੀ, ਬੇ ਸਮਝੀ ।

**ਅਯਾਣਾ,** ਵਿ:–ਅਞਾਣਾ, ਅਣਜਾਣ, ਨਿਆਣਾ,

Digitized by Panjab Digital Library | www.panjabdigilib.org

ਅੰਞਾਣਾਂ, ਮੂਰਖ, ਭੋਲਾ, ਛੋਟੀ ਉਮਰ ਦਾ ॥

**ਅਯਾਮ,** ਪੁ:—ਦਿਨ, ਰੋਜ, ਦਿਹਾੜੇ ॥

**ਅਯਾਲ,** ਪੁ:—ਸ਼ੇਰ ਜਾਂ ਘੜੇ ਦੀ ਗਿੱਚੀ ਦੇ ਵਾਲ, ਬੱਕਰੀਆਂ ਜਾ ਭੇਡਾਂ ਦਾ ਇੱਜੜ ॥

**ਅਯਾਲੀ,** ਪੁ:—ਬੱਕਰੀਆਂ ਭੇਡਾਂ ਚਾਰਨ ਵਾਲਾ। ਗੱਦੀ ॥

**ਅਯੋਗ,** ਵਿ:—ਜੋ ਯੋਗ ਨ ਹੋਵੇ, ਨਾ ਮੁਨਾਸਬ, ਨਲੈਕ, ਨਕਿੰਮਾ ॥

**ਅਰ,** ਅਵ:—ਅਤੇ, ਤੇ, ਨਾਲੇ, ਹੋਰ ॥

**ਅਰਸ਼,** ਪੁ:—ਛੱਤ, ਤਖਤ, ਨੌਵਾਂ ਅਸਮਾਨ ਜਿੱਥੇ ਮੁਸਲਮਾਨਾਂ ਦੇ ਮਤ ਅਨਸਾਰ ਖੁਦਾ ਦਾ ਤਖਤ ਹੈ॥

**ਅਰਸ਼ ਕੁਰਸ਼,** ਪੁ:—ਰੱਬ ਦਾ ਤਖਤ ਅਤੇ ਬਾਹਿਲ ਵਾਲੀ ਥਾਂ। ਸਭ ਤੋਂ ਉੱਚੀ ਪਦਵੀ ॥

**ਅਰਸਾ,** ਪੁ:—ਬਹੁਤ ਸਮਾ, ਚਿਰ, ਮੁਦੱਤ ॥

**ਅਰਕ,** ਸ:—ਕੂਹਣੀ, ਬਾਂਹ ਦੀਆਂ ਹੱਡੀਆਂ ਦਾ ਵਿਚਕਾਰਲਾ ਜੋੜ

ਪੁ:—ਕਿਸੇ ਚੀਜ ਨੂੰ ਉਬਾਲ ਕੇ ਉਹਦਾ ਰਸ ਖਿੱਚਿਆ ਹੋਇਆ ॥

**ਅਰਘ ਦੇਣਾ,** ਕ੍ਰਿ:—ਸੂਰਜ ਆਦਿਕ ਨੂੰ ਜਲ ਦੇਣਾ, ਕਿਸੇ ਦੇਉਤੇ ਨੂੰ ਕੁਝ ਭੇਟ ਕਰਨਾ ॥

**ਅਰਘਾ,** ਪੁ:—ਬੇੜੀ ਦੀ ਸ਼ਕਲ ਦਾ ਇੱਕ ਛੋਟਾ ਤਾਂਬੇ ਦਾ ਭਾਂਡਾ ਜਿਸ ਨਾਲ ਹਿੰਦੂ ਲੋਕ ਪੂਜਾ ਦੇ ਵੇਲੇ ਦੇਉਤਿਆਂ ਨੂੰ ਜਲ ਦੇਂਦੇ ਹਨ ਜਾਂ ਆਚਮਨ ਆਦਿਕ ਕਰਦੇ ਹਨ, ਚਮਚਾ।

**ਅਰਚਾ,** ਸ:—ਪੂਜਾ, ਭਗਤੀ ਉਪਾਸਨਾ, ਮੂਰਤ ॥

**ਅਰਜ,** ਪੁ:—ਕੱਪੜੇ ਦੀ ਚੁੜਾਈ, ਪਨ੍ਹਾ ॥

**ਅਰਜ,** ਸ:—ਬੇਨਤੀ, ਪ੍ਰਾਰਥਨਾ, ਅਰਦਾਸ, ਦਰਖ਼ਾਸਤ (ਕਰਨੀ, ਸੁਣਨੀ) ॥

**ਅਰਜ ਮਰੂਜ,** ਸ:—ਬੇਨਤੀ ਜੋ ਅਧੀਨਗੀ ਨਾਲ ਕੀਤੀ ਜਾਵੇ ॥

**ਅਰਜਨ,** ਪੁ:—ਪੰਜਾਂ ਪਾਂਡਵਾਂ ਵਿੱਚੋਂ ਇੱਕ ਦਾ ਨਾਉਂ। ਸਿੱਖਾਂ ਦਾ ਪੰਜਵਾਂ ਗੁਰੂ ॥

**ਅਰਜੀ,** ਸ:—ਲਿਖੀ ਹੋਈ ਅਰਦਾਸ, ਦਰ-ਖਾਸਤ, ਬੇਨਤੀ, ਸੁਆਲ, ਛੋਟੇ ਵਲੋਂ ਵੱਡੇ ਦੇ ਨਾਉਂ ਲਿਖੀ ਹੋਈ ਚਿੱਠੀ। (ਦੇਣੀ, ਲੈਣੀ) ॥

**ਅਰਜੀ ਨਵੀਸ,** ਪੁ:—ਮੁਕੱਦਮੇ ਵਾਲਿਆਂ ਦੀ-ਆਂ ਅਰਜੀਆਂ ਲਿਖਣ ਵਾਲਾ ॥

**ਅਰਜੀ ਪਾਣਾ,** ਕ੍ਰਿ:—ਨਾਲਸ਼ ਕਰਨਾ ॥

**ਅਰਜੋ**<br>**ਅਰਜੋਈ** } ਸ:—ਆਸ, ਚਾਹ, ਮਰਜੀ, ਇ-ਛਿਆ, ਲੋੜ, ਬੇਨਤੀ, ਪ੍ਰਾਰਥਨਾ, ਮਿੰਨਤ ॥

**ਅਰਥ,** ਪੁ:—ਮਤਲਬ, ਪਰੋਜਨ, ਤਾਤਪਰਜ, ਸਲਾਹ, ਦਲੀਲ, ਮਾਲ, ਬੇਨਤੀ, ਲੇਖਾ, ਖਾਤਰ, ਫ਼ੈਦਾ ॥

**ਅਰਥਾਤ,** ਕ੍ਰਿ°, ਵਿ:—ਇਸਦਾ ਇਹ ਅਰਥ ਹੈ ਕਿ, ਮਤਲਬ ਕੀ ਜੋ, ਜਿਹਾ ਕਿ।

**ਅਰਥੀ,** ਵਿ:—ਲੋੜ ਵੰਦ, ਮੰਗਤਾ, ਬੇਨਤੀ ਕਰਨ ਵਾਲਾ, ਮਤਲਬੀ ॥

ਪੁ:—ਸੁਆਲੀ, ਮੰਗਣ ਵਾਲਾ ਆਦਮੀ ॥

ਸ:—ਮੁਰਦਾ ਰੱਖਣ ਵਾਲਾ ਤਖ਼ਤਾ।

**ਅਰਥੀਆ,** ਵਿ:—(ਪੁ:)—'ਅਰਥੀ' ਵੇਖੋ ॥

**ਅਰਦਾਸ,** ਸ:—ਅਰਜੀ, ਚਿੱਠੀ, ਸੁਆਲ, ਪ੍ਰਾ-

Digitized by Panjab Digital Library | www.panjabdigilib.org

ਰਚਨਾ, ਮਿਨਤ, ਦੇਉਤੇ ਦੀ ਭੇਟ, ਬੇਨਤੀ, ਭੋਗ ਪੈਣ ਦੇ ਵੇਲੇ ਜੋ ਬਾਣੀ ਸਿੱਖ ਪੜ੍ਹਦੇ ਹਨ, ਜੋ ਚੀਜ਼ ਅਰਦਾਸ ਕਰਾਈ ਜਾਵੇ।

**ਅਰਦਾਸ ਕਰਨਾ,** ਕ੍ਰਿ:—ਮੰਗਣਾ, ਬੇਨਤੀ ਕਰਨਾ, ਅਰਦਾਸ ਦੀ ਬਾਣੀ ਪੜ੍ਹਨਾ।

**ਅਰਦਾਸ ਕਰਾਉਣਾ,** ਕ੍ਰਿ:—(ਸਿੱਖਾਂ ਵਿੱਚ) ਕੁਝ ਗੁਰੂ ਦੇ ਅਰਪਣ ਕਰਨਾ, ਭੇਟ ਦੇਣਾ।

**ਅਰਦਾਸਾ,** ਪੁ:—ਅਰਦਾਸ॥

**ਅਰਦਾਸਾ ਸੋਧਣਾ,** ਕ੍ਰਿ:—ਅਰਦਾਸ ਦੀ ਬਾਣੀ ਪੜ੍ਹਕੇ ਭੋਗ ਪਾਉਣਾ (ਪ੍ਰਿਥਮ ਭਗਉਤੀ ਸਿਮਰ ਕੈ ਗੁਰ ਨਾਨਕ ਲਈਂ ਧਿਆਇ ਆਦਿਕ)॥

**ਅਰਦਾਸੀਆ,** ਪੁ:—ਅਰਦਾਸ ਕਰਨ ਵਾਲਾ, ਅਰਜ਼ੀ ਦੇਣ ਵਾਲਾ। ਕਿਸੇ ਦੇਉਤੇ ਅੱਗੇ ਭੇਟ ਚੜ੍ਹਾਉਣ ਵਾਲਾ। ਸਿੱਖਾਂ ਵਿਚ ਅਰ-ਦਾਸਾ ਸੋਧਣ ਵਾਲਾ ਭਾਈ॥

**ਅਰਧੰਗੀ,** ਸ: ਵਹੁਟੀ (ਜੋ ਖ਼ਸਮ ਦਾ ਅੱਧਾ ਅੰਗ ਜਾਂ ਸਰੀਰ ਹੈ)॥

**ਅਰਨਾ,** ਸ:—ਜੰਗਲੀ ਮੈਂਹਾ॥

**ਅਰਨੀ,** ਸ:—ਜੰਗਲੀ ਮੈਂਹ॥

**ਅਰਪਣ,** ਪੁ:—ਭੇਟ, ਦਾਤ, ਬਲੀ, ਕੋਈ ਰਕਮ ਜੋ ਧਰਮਾਰਥ ਰੱਖੀ ਜਾਵੇ॥

**ਅਰਪਣ ਕਰਨਾ,** ਕ੍ਰਿ:—ਭੇਟ ਦੇਣਾ, ਸੌਂਪਣਾ। ਨਿਮਿੱਤ ਦੇਣਾ॥

**ਅਰਬ,** ਪੁ:—ਸੌ ਕਰੋੜ, ਇਕ ਦੇਸ ਦਾ ਨਾਉਂ ਜਿਥੇ ਮੁਸਲਮਾਨਾ ਦੇ ਪੈਗ਼ੰਬਰ ਮੁਹੰਮਦ ਸਾਹਿਬ ਨੇ ਜਨਮ ਲਿਆ ਸਾ॥

**ਅਰਬ ਖਰਬ,** ਵਿ:—ਅਸੰਖ, ਅਨ ਗਿਣਤ, ਅਨੇਕਾਂ ਹੀ॥

**ਅਰਬੀ,** ਸ:—ਅਰਬ ਦੀ ਬੋਲੀ, ਇੱਕ ਤਰ੍ਹਾਂ ਦੀ ਜੜ੍ਹ ਜੋ ਕਚਾਲੂਆਂ ਵਾਂਗਰ ਹੁੰਦੀ ਹੈ॥

ਵਿ:—ਅਰਬ ਦੇਸ ਦਾ (ਅਰਬੀ ਘੋੜਾ)॥

**ਅਰਬੇਲ,** ਵਿ:—'ਅਲਬੇਲ' ਵੇਖੋ॥

**ਅਰੰਭ,** ਪੁ:—'ਆਰੰਭ' ਵੇਖੋ।

**ਅਰੰਭਣਾ,** ਕ੍ਰਿ:—ਮੁੱਢ ਬੰਨ੍ਹਣਾ, ਛੇੜਨਾ, ਸ਼ੁਰੂ ਕਰਨਾ॥

**ਅਰਮਾਨ,** ਪੁ:—ਚਾਹ, ਇੱਛਿਆ, ਮਰਜ਼ੀ, ਦਲੀਲ, ਅਰਜ਼ੋ, ਆਸ, ਸ਼ੌਕ, ਗ਼ਮ, ਅਫ਼ਸੋਸ, ਪਛ-ਤਾਵਾ, ਹਾਵਾ, ਅਰਾਮ॥

**ਅਰਮਾਨ ਆਉਣਾ,** ਕ੍ਰਿ:—ਅਫਸੋਸ ਹੋਣਾ, ਅਰਾਮ ਆਉਣਾ॥

**ਅਰਮਾਨ ਕੱਢਣਾ**
**ਅਰਮਾਨ ਨਿਕਾਲਣਾ**
**ਅਰਮਾਨ ਨਿਕਾਲ ਲੈਣਾ**
} ਕ੍ਰਿ:—ਆਪਣੇ ਦਿਲ ਦੀ ਚਾਹ ਪੂਰੀ ਕਰ ਲੈਣੀ, ਮਨ ਨੂੰ ਭਟਕਣ ਨਾ ਦੇਣਾ॥

**ਅਰਮਾਨ ਰਹ ਜਾਣਾ,** ਕ੍ਰਿ:—ਦਿਲ ਦੀ ਦਿਲ ਵਿੱਚ ਹੀ ਰਹਿਣੀ, ਆਸ ਜਾਂ ਮਰਜ਼ੀ ਪੂਰੀ ਨਾ ਹੋਣੀ।

**ਅਰਮਾਨ ਲੱਗਣਾ,** ਕ੍ਰਿ:—ਅਫ਼ਸੋਸ ਹੋਣਾ, ਪਛੋ-ਤਾਉਣਾ।

**ਅਰਲ,** ਸ:—ਹੋੜਾ, ਚਿਟਕਣੀ (ਲੱਕੜੀ ਦੀ)॥

**ਅਰੜ ਪੋਪੋ,** ਪੁ:—ਕਿਸਮਤ ਦੱਸਣ ਵਾਲਾ॥

**ਅਰੜਾਉਣਾ,** ਕ੍ਰਿ:—ਅੜਾਉਣਾ, ਰੌਲਾ ਪਾਉਣਾ ਉੱਚੀ ਉੱਚੀ ਕੂਕਣਾ, ਧਰੁਦ ਮਚਾਉਣਾ॥

**ਅਰੜਾਟ,** ਸ:—ਗੱਜ, ਕੂਕ, ਅਵਾਜ਼, ਰੌਲਾ॥

Digitized by Panjab Digital Library | www.panjabdigilib.org

**ਅਰਾਈਂ,** ਪੁ:–ਮੁਸਲਮਾਨਾਂ ਦੀ ਇੱਕ ਜ਼ਾਤ, ਜਿਸ ਦੇ ਲੋਕ ਬਾਗ਼ਬਾਨੀ ਕਰਦੇ ਹਨ ਅਤੇ ਜ਼ਿਮੀਂ ਨੂੰ ਵਾਹ ਕੇ ਭਾਜੀ ਤਰਕਾਰੀ ਉਗਾਉਂਦੇ ਹਨ ॥

**ਅਰਾਦਾ,** ਪੁ:–ਇਰਾਦਾ, ਸਲਾਹ, ਮਰਜ਼ੀ ॥

**ਅਰਾਧਣਾ,** ਕ੍ਰਿ:–ਪੂਜਣਾ, ਜਪਣਾ, ਭਗਤੀ ਕਰਨਾ, ਉਪਾਸਨਾ ਕਰਨਾ, ਪ੍ਰਾਰਥਨਾ ਕਰਨਾ, ਬੇਨਤੀ ਕਰਨਾ, ਦੇਵਤਾ ਨੂੰ ਪਰਸੰਨ ਕਰਨਾ ॥

ਸ:–ਪੂਜਾ, ਜਾਪ, ਭਗਤੀ, ਉਪਾਸਨਾ, ਪ੍ਰਾਰਥਨਾ, ਬੇਨਤੀ, ਦੇਵਤੇ ਦੀ ਪਰਸੰਨਤਾਈ ॥

**ਅਰਾਮ,** ਪੁ:–ਬਿਸਰਾਮ, ਚੁੱਪ ਚਾਪ, ਸਾਂਤ, ਸੌਖ, ਸੁਖਾਲ, ਛੁੱਟੀ, ਸੰਤੋਖ, ਸੁਖ, ਖ਼ੁਸ਼ੀ, ਅਰੋਗਤਾ, ਤੰਦਰੁਸਤੀ, ਅਮਨ ਚੈਨ ॥

**ਅਰਾਮ ਆਉਣਾ,** ਕ੍ਰਿ:–ਰੋਗ ਹਟ ਜਾਣਾ, ਦੁਖ ਦੂਰ ਹੋਣਾ ॥

**ਅਰਾਮ ਹੋ ਜਾਣਾ**
**ਅਰਾਮ ਹੋਣਾ** } ਕ੍ਰਿ:–ਸੁਖ ਹੋਣਾ, ਸ਼ਾਂਤ ਆਉਣੀ, ਨਰੋਇਆ ਹੋਣਾ, ਹੱਛਾ ਹੋਣਾ, ਬਿਮਾਰੀ ਪਾਕੇ ਉੱਠਣਾ ।

**ਅਰਾਮ ਕਰਨਾ**
**ਅਰਾਮ ਕਰ ਦੇਣਾ** } ਕ੍ਰਿ:–ਇਲਾਜ ਕਰਕੇ ਰੋਗੀ ਨੂੰ ਹੱਛਾ ਕਰ ਦੇਣਾ ॥

**ਅਰਾਮ ਕਰਨਾ,** ਕ੍ਰਿ:–ਬਿਸਰਾਮ ਕਰਨਾ ਸਸਤਾਉਣਾ, ਥਕੇਵਾਂ ਦੂਰ ਕਰਨਾ, ਟਿਕ ਜਾਣਾ, ਲੰਮੇ ਪੈਣਾ, ਸੌਣਾ, ਲੇਟੇ ਰਹਿਣਾ, ਵੇਹਲੇ ਰਹਿਣਾ, ਸੁਖ ਭੋਗਣਾ, ਮੌਜ ਕਰਨਾ ।

**ਅਰਾਮ ਚਾਹੁਣਾ,** ਕ੍ਰਿ:–ਬਿਸਰਾਮ ਦੀ ਲੋੜ ਹੋਣੀ, ਥੱਕੇ ਹੋਏ ਹੋਣਾ, ਸਸਤਾਉਣ ਦੀ ਚਾਹ ਰੱਖਣੀ, ਆਲਸ ਕਰਨਾ ॥

**ਅਰਾਮ ਚੌਕੀ,** ਸ:–ਇੱਕ ਤਰਾਂ ਦੀ ਕੁਰਸੀ ਜਿਸ ਪੁਰ ਆਦਮੀ ਅਰਾਮ ਨਾਲ ਢਾਸਣਾ ਲਾ ਕੇ ਬਹਿ ਸੱਕਦਾ ਹੈ ।

**ਅਰਾਮ ਤਲਬੀ,** ਸ:–ਸੁਖਾਲ, ਸੁਖ, ਸੌਖ, ਬੇ ਫ਼ਿਕਰੀ, ਸੁਸਤੀ ॥

**ਅਰਾਮ ਦੇਣਾ,** ਕ੍ਰਿ:–ਸੁਖੀ ਕਰਨਾ, ਦੁਖ ਹਟਾਉਣਾ, ਧੀਰਜ ਦੇਣਾ, ਤਸੱਲੀ ਦੇਣਾ, ਖ਼ਾਤਰ ਕਰਨਾ, ਰੋਗੀ ਨੂੰ ਚੰਗਾ ਕਰਨਾ ॥

**ਅਰਾਮ ਨਾਲ,** ਕ੍ਰਿ:, ਵਿ:–ਸੌਖੀ ਤਰ੍ਹਾਂ, ਸੁਖਾਲਾ ਹੀ, ਸਹਿਜੇ, ਦੁਖ ਪਾਉਣ ਤੋਂ ਬਿਨਾ, ਅਮਨ ਚੈਨ ਨਾਲ ॥

**ਅਰਾਮ ਪਾਉਣਾ,** ਕ੍ਰਿ:–ਸੁਖੀ ਹੋਣਾ, ਬਿਸਰਾਮ ਮਿਲਣਾ, ਬਿਮਾਰੀ ਪਾਕੇ ਉੱਠਣਾ, ਚੰਗਾ ਹੋਣਾ ॥

**ਅਰਾਮ ਲੈਣਾ,** ਕ੍ਰਿ:–'ਅਰਾਮ ਕਰਨਾ' ਵੇਖੋ ॥

**ਅਰਾਟਾ,** ਪੁ:–ਰੌਲਾ, ਕਜ਼ੀਆ, ਚੀਕ ਚਿਹਾੜਾ (ਪਾਉਣਾ, ਛੁਹਣਾ )॥

**ਅਰਾਰੂਟ,** ਪੁ:–ਇੱਕ ਤਰਾਂ ਦਾ ਆਟਾ ਜੋ ਕਾਨੇ ਵਰਗੇ ਬੂਟਿਆਂ ਦੀ ਜੜ੍ਹ ਵਿੱਚੋਂ ਨਿਕਲਦਾ ਹੈ ਅਤੇ ਖਾਣ ਦੇ ਕੰਮ ਆਉਂਦਾ ਹੈ ॥

**ਅਰਿੰਡ,** ਸ:–'ਹਰਿੰਡ' ਵੇਖੋ ॥

**ਅਰੁਚ,** ਵਿ:–ਨਾ ਭਾਉਣ ਵਾਲਾ, ਨਾਂ ਸੁਖਾਉਣ ਵਾਲਾ, ਜਿਸ ਦੀ ਚਾਹ ਨਹੀਂ। ਬੇ ਸੁਆਦ, ਅਲੋਰੁਚ ॥

**ਅਰੁਚਣਾ,** ਕ੍ਰਿ:–ਨਾਂ ਭਾਉਣਾ, ਨਾਂ ਸੁਖਾਉਣਾ, ਬੇ ਸੁਆਦ ਲੱਗਣਾ ।

**ਅਰੂਜ,** ਪੁ: ਵਾਧਾ, ਚੜ੍ਹਾਉ, ਆਦਰ, ਮਾਨ ਜਾਂ ਮਰਾਤਬਾ ਵਧਣਾ ॥

**ਅਰੂਪ,** ਵਿ:–ਕੁਰੂਪਾ, ਭੈੜੀ ਸ਼ਕਲ ਵਾਲਾ, ਬੇ ਤੌਰ, ਕੁਢੱਬ ॥

Digitized by Panjab Digital Library | www.panjabdigilib.org

**ਅਰੂੜੀ,** ਸਃ-ਗੰਦਗੀ ਦਾ ਢੇਰ, ਮੌਲ੍ਹਾ, ਛੋਹ ॥

**ਅਰੇੜੀ,**
**ਅਰੇੜੀ ਪਲੀਆਂ** } ਸਃ-ਲਕੜੀ ਦੇ ਛੋਟੇ ਛੋਟੇ ਟੋਟੇ ਜੋ ਚਲਣ ਦੀ ਮਾਹਲ ਦੇ ਦੋਹਾਂ ਰੱਸਿਆਂ ਦੇ ਵਿਚਕਾਰ ਪੌੜਸਾਰ ਦੇ ਡੰਡਿਆਂ ਵਾਕਰ ਲੱਗੇ ਹੋਏ ਹੁੰਦੇ ਹਨ ਅਤੇ ਜਿਨ੍ਹਾਂ ਨਾਲ ਟਿੰਡਾਂ ਬੱਧੀਆਂ ਹੋਈਆਂ ਹੁੰਦੀਆਂ ਹਨ ॥

**ਮਾਹਲ ਅਰੇੜਨਾ,** ਕ੍ਰਿਃ-ਮਾਹਲ ਵਿੱਚ ਅਰੇੜੀਆਂ ਟਿਕਾਉਣੀਆਂ ॥

**ਅਰੈਣ,** ਸਃ-ਅਰਾਈਂ ਦੀ ਤ੍ਰੀਮਤ ॥

**ਅਰੋਕ,** ਵਿਃ-ਜਿਸ ਨੂੰ ਕੋਈ ਰੋਕ ਨਹੀਂ, ਖੁੱਲ੍ਹਾ ॥

**ਅਰੋਗ,** ਵਿਃ-ਜਿਸ ਨੂੰ ਕੋਈ ਰੋਗ ਨਹੀਂ, ਤੰਦਰੁਸਤ, ਚੰਗਾ ਭਲਾ, ਨਵਾਂ ਨਰੋਇਆ, ਤਕੜਾ ਤਾਜ਼ਾ ॥
ਪੁਃ-ਤੰਦਰੁਸਤ ਆਦਮੀ ॥

**ਅਰੋਗਣ,** ਸਃ-ਨਵੀਂ ਨਰੋਈ ਤ੍ਰੀਮਤ ॥

**ਅਰੋਗਤਾ,** ਸਃ-ਤੰਦਰੁਸਤੀ, ਚੰਗਾ ਭਲਾ ਹੋਣਾ ॥

**ਅਰੋਗੀ,** ਪੁਃ-ਨਵਾਂ ਨਰੋਇਆ ਮਨੁਖ ॥

**ਅਰੋੜਾ,** ਪੁਃ
**ਅਰੋੜੀ,** ਸਃ } ਹਿੰਦੂਆਂ ਦੀ ਇੱਕ ਜਾਤ ਇਸ ਜਾਤ ਦੇ ਲੋਕ ਸਭ ਤਰਾਂ ਦੇ ਕੰਮ ਕਰ ਲੈਂਦੇ ਹਨ ॥

**ਅੱਲ,** ਸਃ-ਇੱਕ ਭਾਜੀ ਦਾ ਨਾਉਂ, ਇਕ ਕਦੂ ਦੀ ਘੀਆ, ਕੱਦੂ। ਦੂਜਾ ਨਾਉਂ, ਅਸਲੀ ਨਾਉਂ ਤੋਂ ਵੱਖਰਾ ਨਾਉਂ ਜੋ ਲੋਕਾਂ ਵਿੱਚ ਮਸ਼ਹੂਰ ਹੋ ਜਾਏ ਭਾਵੇਂ ਚੰਗਾ ਭਾਵੇਂ ਮੰਦਾ ਹੋਵੇ ।
( ਅੱਲ ਪੈਣੀ ਜਾਂ ਪੈ ਜਾਣੀ )

**ਅੱਲ ਪੱਲ,** ਪੁਃ-ਛੋਟੀਆਂ ਮੋਟੀਆਂ ਚੀਜ਼ਾਂ, ਖਡੋਲੇ ਤੁੱਛ ਵਸਤਾਂ ।

**ਅਲਸਾਨਾ,** ਵਿਃ-ਨੀਂਦਰ ਵਿੱਚ, ਉਂਘਲਾਉਂਦਾ, ਸੁਸਤ, ਢਿੱਲਾ, ਆਲਸ ਦਾ ਮਾਰਿਆ ਹੋਇਆ ॥

ਕ੍ਰਿਃ-ਢਿੱਲਾ ਹੋ ਜਾਣਾ, ਸੁਸਤ ਪੈ ਜਾਣਾ ॥

**ਅਲਸਾਨੇ ਨੈਣ,** ਪੁਃ-ਉਂਘਲਾਉਂਦੀਆਂ ਅੱਖਾਂ, ਮਸਤ ਅੱਖੀਆਂ ।

**ਅਲਸੀ,** ਸਃ-ਇੱਕ ਤਰ੍ਹਾਂ ਦਾ ਬੂਟਾ ਜਿਸ ਦਾ ਕੱਪੜਾ ਬਣਦਾ ਹੈ। ਸਣ, ਸਣ ਦਾ ਬੀ ॥

**ਅਲਸੇਟ,** ਸਃ-ਫ਼ਰੇਬ, ਹੀਲਾ, ਬਣਾਉਟ, ਧੋਖਾ, ਛਲ, ਬਹਾਨਾ, ਪਖੰਡ, ਨਾ ਵਾਜਬ ਪਿਆਰ ( ਲੇਖੇ ਵਿਚ ) ਗੜ ਬੜ ਜਾਂ ਫ਼ਰਕ ॥

**ਅਲਸੇਟਣ,** ਸਃ-ਫ਼ਰੇਬਣ, ਛਲ ਕਰਨ ਵਾਲੀ ਤੀਵੀਂ ।

**ਅਲਸੇਟੀ,** ਪੁਃ—ਫ਼ਰੇਬੀ, ਛਲੀਆ ਮਨੁੱਖ ॥

**ਅੱਲਹੜ**
**ਅੱਲ੍ਹੜ** } ਵਿਃ—ਅਞਾਣਾ, ਅਣ ਸਿਖ, ਜਿਸਨੂੰ ਕੰਮ ਦਾ ਢੰਗ ਨਹੀਂ ਆਉਂਦਾ, ਸਿੱਧਾ, ਨਵਾਕਬ, ਉਹ ਪਸ਼ੂ ਜੋ ਅਜੇ ਕਾਰੇ ਨਹੀਂ ਲੱਗਾ (ਵਛੇਰਾ ਆਦਿਕ) ॥

**ਅਲ੍ਹੜ ਹਸਾਬ,** ਪੁਃ—ਚਲਦਾ ਲੇਖਾ (ਜੇਹੜਾ ਮੁੱਕਾ ਨਹੀਂ) ॥

**ਅਲ੍ਹੜ ਹਸਾਬ ਦੇਣਾ,** ਕ੍ਰਿਃ—ਕੁਝ ਰਕਮਾਂ ਅਗਾਊ ਦੇਣਾ ਜਿਨ੍ਹਾਂ ਦਾ ਲੇਖਾ ਮਗਰੋਂ ਹੋਵੇਗਾ, ਲੇਖੇ ਬਾਬਤ ਰਕਮਾਂ ਅਦਾ ਕਰਨਾ ॥

**ਅਲਕ,** ਸਃ—ਜ਼ੁਲਫ਼, ਕੁੰਡਲਾਂ ਵਾਲੇ ਵਾਲ ॥
ਪੁਃ—ਸਾਨ੍ਹ ਦਾ ਬੱਚਾ ਜਿਸਨੂੰ ਅਜੇ ਕਾਰੇ ਨਹੀਂ ਲਾਇਆ ॥

**ਅਲਕਸ,** ਸਃ—ਆਲਸ, ਸੁਸਤੀ ॥

**ਅਲਕਸਣ,** ਸਃ—ਆਲਸਣ, ਸੁਸਤ ਤੀਵੀਂ ॥

**ਅਲਕਸੀ**
**ਅਲਕਸੀਆ** } ਪੁਃ—ਆਲਸੀ, ਸੁਸਤ, ਢਿਲਾ, ਵੇਹਲਾ ਨਿਕੰਮਾ ਆਦਮੀ ॥

Digitized by Panjab Digital Library | www.panjabdigilib.org

**ਅਲਕਤ,** ਸ਼ਃ—ਘਬਰਾਊ, ਥੋੜੀ ਥੋੜੀ ਥੋ ਬੇਹੋਸ਼ੀ ॥

**ਅਲੰਕਾਰ,** ਪੁਃ—ਸ਼ਿੰਗਾਰ, ਗਹਿਣਾ, ਸਜਾਉਣ, ਅਵਾਜ਼, ਰਾਗ ਦੀ ਸੁਰ, ਇੱਕ ਵਿੱਦਿਆ ਜਿਸ ਵਿਚ ਬਾਣੀ ਦੇ ਗੁਣਾ ਔਗੁਣਾਂ ਦਾ ਬਿਆਨ ਹੁੰਦਾ ਹੈ ।

**ਅਲੰਕਾਰ ਭਰਨੀ,** ਕ੍ਰਿਃ—ਅਵਾਜ਼ ਕੱਢਣੀ, ਵਜਾਣਾ ॥

**ਅਲਕੋਹਲ,** ਸ਼ਃ—ਤੇਜ਼ ਅਤੇ ਖਾਲਸ ਸ਼ਰਾਬ, ਸ਼ਰਾਬ ਦਾ ਸਤ ॥

**ਅਲੱਖ,** ਵਿਃ—ਜੋ ਲਖਿਆ ਨ ਜਾਏ, ਅਣਡਿੱਠ, ਨਾ ਮਲੂਮ ਹੋਣ ਵਾਲਾ ॥
ਪੁਃ—ਪਰਮੇਸ਼ੁਰ ਦਾ ਇਕ ਨਾਉਂ ॥

**ਅਲੱਖ ਜਗਾਉਣਾ,** ਕ੍ਰਿਃ—"ਅਲੱਖ ਜਾਗੇ" ਉੱਚੀ ਅਵਾਜ਼ ਨਾਲ ਕਹਿਣਾ, ਪਰਮੇਸ਼੍ਵਰ ਦਾ ਨਾਉਂ ਲੈ ਕੇ ਭਿਛਿਆ ਮੰਗਣਾ ॥

**ਅਲੱਖ ਜਾਗੇ,** ਜੋਗੀਆਂ ਦਾ ਬੋਲ ਜਿਸ ਦਾ ਅਰਥ ਇਹ ਹੈ ਕਿ 'ਪਰਮੇਸ਼ਰ ਦੀ ਜੋਤ ਪਰਗਟ ਹੋਵੇ' ॥

**ਅਲਖ ਲਹਿ (ਲਥ) ਜਾਣੀ,** ਕ੍ਰਿਃ—ਨਾਸ ਹੋ ਜਾਣਾ ॥

**ਅਲਖ ਮਿਟਾ (ਮੁਕਾ ਜਾਂ ਲਾਹ) ਦੇਣੀ,** ਕ੍ਰਿਃ ਬਿਲਕੁਲ ਨਾਸ਼ ਕਰ ਦੇਣਾ ॥

**ਅਲੱਗ,** ਵਿਃ—ਵੱਖ, ਔਰ, ਨਿਆਰਾ, ਜੁਦਾ ॥

**ਅਲਗਰਜ,** ਵਿਃ—ਗਾਫ਼ਲ, ਬੇ ਪਰਵਾਹ, ਮਤਲਬੀ ॥

**ਅਲਗਰਜ਼ੀ,** ਵਿਃ—ਆਪਣਾ ਮਤਲਬ ਕੱਢਣ ਵਾਲਾ ॥
ਸ਼ਃ—ਬੇ ਪਰਵਾਹੀ, ਆਪ ਸੁਆਰਥ, ਗਫ਼ਲਤ ।

**ਅਲੱਜ,** ਵਿਃ—ਨਿਲੱਜ, ਬੇਸ਼ਰਮ, ਬੇ ਹਯਾ ॥

**ਅਲਜਬਰਾ,** ਪੁਃ—ਇੱਕ ਆਮ ਹਿਸਾਬ ਦੀ ਵਿਦਯਾ ਜਿਸ ਵਿੱਚ ਅੱਖਰਾਂ ਨਾਲ ਲੇਖਾ ਹੁੰਦਾ ਹੈ, ਬੀਜ ਗਣਿਤ ॥

**ਅਲਝਨਾ,** ਕ੍ਰਿਃ—'ਉਲਝਨਾ' ਵੇਖ ॥

**ਅਲਝਾਉ,** ਪੁਃ—'ਉਲਝਾਉ' ਵੇਖ

**ਅਲਝਾਉਣਾ,** ਕ੍ਰਿਃ—'ਉਲਝਾਉਣਾ' ਵੇਖੋ ॥

**ਅਲਝਾਊ,** ਵਿਃ—'ਉਲਝਾਊ' ਵੇਖੋ ॥

**ਅੱਲਣ,** ਪੁਃ—ਰਿਝਦੇ ਸਾਗ ਵਿਚ ਜੋ ਆਟਾ ਜਾਂ ਦਾਲ ਪਾਈ ਜਾਂਦੀ ਹੈ

**ਅਲਤਾ,** ਪੁਃ—ਲਾਲ ਜਾਂ ਪੀਲਾ ਧੂੜਾ ਜੋ ਹਿੰਦੂ ਹੋਲੀਆਂ ਵਿਚ ਇਕ ਦੂਏ ਉਤੇ ਪਾਉਂਦੇ ਹਨ ॥

**ਅਲੱਥ,** ਵਿਃ—ਖੋਟੇ ਕੰਮ ਕਰਨ ਵਾਲਾ ॥

**ਅਲੱਥ ਪੁਣਾ,** ਪੁਃ—ਖੋਟਾ ਕੰਮ ॥

**ਅਲਪ,** ਵਿਃ—ਥੋੜਾ, ਛੋਟਾ, ਤੁੱਛ, ਠਕਾਰਾ, ਨਿੱਕਾ ਕਮਜ਼ੋਰ ॥

**ਅਲਪ ਹਾਰ,** ਪੁਃ—ਥੋੜਾ ਖਾਣਾ, ਸੰਜਮ ॥

**ਅਲਪ ਹਾਰੀ,** ਵਿਃ-ਯਾ ਪੁਃ-ਥੋੜਾ ਖਾਣ ਵਾਲਾ, ਮਰਜਾਦਾ ਦਾ ਭੋਜਨ ਪਾਉਣ ਵਾਲਾ, ਸੰਜਮੀ ।

**ਅਲਪ ਸਕਤਿ**
**ਅਲਪ ਬਲ** } ਵਿਃ-ਥੋੜੇ ਬਲ ਵਾਲਾ, ਕਮਜ਼ੋਰ ॥

**ਅਲਪ ਬੁੱਧਿ,** ਵਿਃ-ਥੋੜੀ ਅਕਲ ਵਾਲਾ, ਮੂਰਖ ਬੇ ਸਮਝ, ਅਣ ਜਾਣ ।

**ਅਲਪੱਗ,** ਥੋੜਾ ਜਾਨਣ ਵਾਲਾ, ਅਗਿਆਨੀ ॥
ਪੁਃ—ਥੋੜੇ ਇਲਮ ਵਾਲਾ ਆਦਮੀ ॥

Digitized by Panjab Digital Library / www.panjabdigilib.org

**ਅਲਫ,** ਪੁਃ—ਫ਼ਾਰਸੀ ਦਾ ਪਹਿਲਾ ਅਖਰ, ਰੱਬ ਦਾ ਨਾਉਂ (ਇੱਕੋ ਅਲਫ ਤੇਰੇ ਦਰ-ਕਾਰ)

**ਅਲਫ ਨੰਗਾ (ਨੰਗੀ),** ਵਿਃ ਬਿਲਕੁਲ ਨੰਗਾ (ਨੰਗੀ)।

**ਅਲਫੋਂ ਬੇ ਨ ਕਹਿਣੀ,** ਕ੍ਰਿਃ ਬਿਲਕੁਲ ਚੁਪ ਕਰ ਰਹਿਣਾ

**ਅਲਬੇਲ**
**ਅਲਬੇਲਾ** } ਪੁਃ ਬਾਂਕਾ, ਛੈਲ ਛਬੀਲਾ
ਵਿਃ—ਭੋਲਾ ਸਿੱਧਾ, ਅੱਲ੍ਹੜ।

**ਅਲਬੇਲੀ,** ਸਃ—ਭੋਲੀ, ਸਿੱਧੀ, ਅਣਜਾਣ।

**ਅੱਲਮ ਗੱਲਮ,** ਪੁਃ—ਗੱਪ ਸ਼ੱਪ, ਬਿਅਰਥ ਗੱਲਾਂ, ਜਾਂ ਵਿਹਾਰ, ਹੋਛਾ ਪੁਣਾ, ਥੋੜੀਆਂ ਖੇਡਣੀਆਂ, ਗੁਮਾਨ, ਝੂਠਾ ਬਹਾਨਾ।

**ਅੱਲਮ ਗੱਲਮ ਬਕਣਾ,** ਬਿਨਾਂ ਸੋਚੇ ਸਮਝੇ ਜੋ ਮੂੰਹ ਆਵੇ ਬਕਣਾ, ਬਕਵਾਦ ਕਰਨਾ।

**ਅਲਮਾਰੀ,** ਸਃ—ਇਕ ਤਰਾਂ ਦਾ ਸੰਦੂਕ ਜਿਸ ਦੇ ਅੱਗੇ ਤਾਕ ਲਗੇ ਹੋਏ ਹੁੰਦੇ ਹਨ ਅਤੇ ਵਿਚ ਰਖਣੇ ਹੁੰਦੇ ਹਨ ਜਿਨ੍ਹਾਂ ਵਿਚ ਕਿਤਾਬਾਂ ਕਪੜੇ ਆਦਿਕ ਰਖੀਦੇ ਹਨ।

**ਅਲਮੋਨੀਅਮ,** ਪੁਃ—ਇਕ ਹਲਕੀ ਚਿੱਟੀ ਧਾਤ।

**ਅੱਲੜ ਪੱਲੜ**
**ਅੱਲੜ ਪਿੱਲੜ** } ਪੁਃ 'ਅਲ ਪਲ' ਵੇਖੋ (ਅੱਲ ਦੇ ਹੇਠ)।

**ਅੱਲ੍ਹਾ,** ਵਿਃ—ਕੱਚਾ ਅਤੇ ਮੁਲੈਮ (ਫਲ), ਕਚਾ ਫੁਜਾ (ਅਨਾਜ), ਜਿਸ ਜ਼ਖ਼ਮ ਜਾਂ ਘਾਉ ਨੂੰ ਅਜੇ ਚੰਗੀ ਤਰਾਂ ਅੰਗੂਰ ਨਹੀਂ ਆਇਆ।

**ਅੱਲਾ**
**ਅੱਲਾਹ** } ਪੁਃ—ਖ਼ੁਦਾ, ਰੱਬ, ਪਰਮੇਸ਼ੁਰ, ਪਰ-ਮਾਤਮਾ।

**ਅੱਲਾਹ! ਅੱਲਾਹ!** ਹਰਾਨੀ ਅਤੇ ਖੁਸ਼ੀ ਦੱਸਣ ਵਾਲੇ ਸ਼ਬਦ।

**ਅੱਲਾ ਹੂ ਅਕਬਰ,** ਰੱਬ ਵਡਾ ਹੈ। ਇਹ ਸ਼ਬਦ ਮੁਸਲਮਾਨ ਨਮਾਜ਼ ਵਿਚ ਪੜ੍ਹਦੇ ਹਨ ਅਤੇ ਜਦੋਂ ਕਿਸੇ ਜਨੌਰ ਨੂੰ ਹਲਾਲ ਕਰਨ ਲਗਦੇ ਹਨ ਤਾਂ ਆਖਦੇ ਹਨ

ਇਨਾਂ ਸ਼ਬਦਾਂ ਤੋਂ ਹਰਾਨੀ, ਜਾਂ ਸਬਰ ਸ਼ੁਕਰ ਆਦਿਕ ਭੀ ਪਰਗਟ ਹੁੰਦੇ ਹਨ॥

**ਅੱਲਾ ਬੇਲੀ,** ਰੱਬ ਰਾਖਾ ਹਵੇ, ਵਿਦਿਆ ਹੋਣ ਵੇਲੇ ਬੋਲਦੇ ਹਨ।

**ਅੱਲਾ ਵਾਲੀ**—'ਅੱਲਾ ਬੇਲੀ' ਵੇਖੋ।

**ਅੱਲਾ ਵਾਲੇ,** ਪੁਃ—ਈਸ਼ੁਰ ਦੇ ਭਗਤ, ਪ੍ਰੇਮੀ।

**ਅਲਾਇਸ਼**
**ਅਲਾਸ਼** } ਸਃ—ਪਾਕ, ਗੰਦ, ਮੈਲ, ਪਲੀਤੀ॥

**ਅਲਾਹਣੀ**
**ਅਲਾਹੁਣ**
**ਅਲਾਹੁਣੀ** } ਸਃ—ਮੁਰਦੇ ਦੇ ਸਿਆਪੇ ਵਿਚ ਜੋ ਛੰਦ ਬੋਲਕੇ ਤ੍ਰੀਮਤਾਂ ਪਿਟਦੀਆਂ ਹਨ ਪਹਿਲੇ ਨਾਇਣ ਜਾਂ ਮਰਾਸਣ ਅਲਾਹੁਣੀ ਦੇਂਦੀ ਅਰਥਾਤ ਬੋਲਦੀ ਹੈ ਮਗਰੋਂ ਬਾਕੀ ਤ੍ਰੀਮਤਾਂ ਅਲਾਹੁਣੀ ਲੈਂਦੀਆਂ ਅਰਥਾਤ ਓਹੀ ਕਹਿੰਦੀਆਂ ਹਨ॥

**ਅਲ੍ਹਾਹੀ,** ਪੁਃ—ਰੱਬ, ਖੁਦਾ, ਅੱਲਾ, ਪਰਮੇਸ਼ਰ॥

**ਅਲਾਹੀ ਤੋਬਾ,** ਅਵਃ—ਬਖਸ਼ੀਂ, ਵਾਹਿਗੁਰੂ ਵਾਹਿ-ਗੁਰੂ, ਸ਼ਿਵ ਸ਼ਿਵ॥

**ਅਲਾਕਾ,** ਪੁਃ—ਮੇਲ, ਆਸਰਾ, ਸਰਬੰਧ, ਸਾਕ, ਸਾਂਝ, ਵਾਸਤਾ, ਨਿਸਬਤ, ਕੰਮ, ਧੰਦਾ, ਮੇਲ, ਮੁਲਖ ਦਾ ਹਿੱਸਾ, ਸੂਬਾ, ਜ਼ਿਲਾ, ਮੌਲਗੁਜ਼ਾਰ, ਤੱਲਕਾ, ਵਿਹਾਰ॥

**ਅਲਾਕਾ ਦਾਰੀ,** ਸਃ—'ਅਲਾਕੇ ਦਾਰੀ' ਵੇਖੋ॥

Digitized by Panjab Digital Library | www.panjabdigilib.org

**ਅਲਾਕਾ ਰੱਖਣਾ,** ਕ੍ਰਿ:—(ਕਿਸੇ ਨਾਲ) ਸਾਂਝ ਹੋਣੀ, (ਕਿਸ ਦੇ) ਆਸਰੇ ਹੋਣਾ, (ਕਿਸੇ ਨਾਲ) ਸਰਬੰਧ ਹੋਣਾ, ਵਾਸਤਾ ਹੋਣਾ, ਵਾਹ ਪੈਣਾ ॥

**ਅਲਾਕੇਦਾਰ,** ਪੁ: ਉਹ ਆਦਮੀ ਜੋ ਪਿੰਡ ਦਾ ਮਸੂਲ ਉਗਰਾਹ ਕੇ ਦੇਣ ਦਾ ਜ਼ੁੰਮਾ ਲੈਂਦਾ ਹੈ ॥

**ਅਲਾਕੇਦਾਰੀ,** ਸ: ਅਲਾਕੇਦਾਰ ਦਾ ਕੰਮ, ਪਿੰਡ ਦਾ ਮਸੂਲ ਉਗਰਾਹ ਕੇ ਦੇਣ ਦਾ ਜ਼ੁੰਮਾ ਲੈਣਾ ॥

**ਅਲਾਕੇ ਵਿੱਚ,** ਕ੍ਰਿ: ਵਿ:—ਆਪਣੇ ਅਖਤਿਆਰ ਦੀ ਹੱਦ ਦੇ ਅੰਦਰ ।

**ਅਲਾਜ,** ਪੁ:—ਰੋਗ ਦੂਰ ਹੋਣਾ, ਬੀਮਾਰ ਦਾ ਚੰਗਾ ਹੋ ਜਾਣਾ, ਦੁਆ ਦਾਰੂ, ਔਖਧ, ਉਪਾਉ, ਸਜ਼ਾ ।

**ਅਲਾਜ ਕਰਨਾ,** ਕ੍ਰਿ:—ਰੋਗੀ ਨੂੰ ਚੰਗਾ ਕਰਨ ਦਾ ਜਤਨ ਕਰਨਾ, ਰੋਗ ਦੂਰ ਕਰਨਾ, (ਅਪਰਾਧੀ ਨੂੰ) ਸਿੱਧਾ ਕਰਨਾ, ਸਜ਼ਾ ਦੇਣੀ ॥

**ਅਲਾਪ,** ਪੁ:—ਗਾਉਣ ਲਗਿਆਂ ਸੁਰ ਠੀਕ ਕਰਨੀ, ਰਾਗ ਦਾ ਮੁੱਢ, ਗਾਉਣ ਤੋਂ ਪਹਿਲਾਂ ਅਨੇਕ ਸੁਰਾਂ ਕੱਢਣੀਆਂ । ਮੇਲ ਜੋਲ, ਗੱਲ ਬਾਤ, ਸੰਗਤ ॥

**ਅਲਾਪਣਾ,** ਕ੍ਰਿ:—ਰਾਗ ਦਾ ਮੁੱਢ ਬੰਨ੍ਹਣਾ, ਸੁਰ ਠੀਕ ਕਰਨੀ, ਗਾਉਣਾ ॥

**ਅਲਾਂਭਾ,** ਪੁ:—ਭਾਂਬੜ, ਲਾਟ, ਚਮਕਾਰਾ

**ਅਲਾਰਮ,** ਪੁ: ਸੁੱਤੇ ਨੂੰ ਜਗਾਉਣ ਲਈ ਜੋ ਅਵਾਜ਼ ਘੜੀ ਵਿੱਚੋਂ ਨਿਕਲਦੀ ਹੈ ।

**ਅਲੀ,** ਪੁ:—ਮਹੰਮਦ ਸਾਹਬ ਦੇ ਜੁਆਈ ਦਾ ਨਾਉਂ ॥

**ਅਲੀ ਅਲੀ ਕਰਨਾ,** ਕ੍ਰਿ:—ਐਵੇਂ ਕਹਿੰਦੇ ਰਹਿਣਾ ਕਿ ਸਾਡੇ ਪਾਸ ਕੁਝ ਨਹੀਂ, ਝੂਰਨਾ, ਚੀਕਦੇ ਰਹਿਣਾ ॥

**ਅਲੀਸ,** ਸ: ਇੱਕ ਰੁੱਖ ਦਾ ਨਾਉਂ, ਅੰਬਲਤਾਸ ॥

**ਅਲੀਸ ਦੀ ਫਲੀ,** ਸ:—ਅੰਬਲਤਾਸ ਦਾ ਫਲ ॥

**ਅਲੂਆਂ,** ਵਿ:—ਜਿਸ ਨੂੰ ਮੁੱਛਾਂ ਦਾੜ੍ਹੀ ਨਹੀਂ ਆਈ ॥

**ਅਲੂਆਂ ਮੁੰਡਾ,** ਪੁ: ਅਣ ਦਾੜ੍ਹੀਆ ਲੜਕਾ ॥

**ਅਲੂਚਾ,** ਪੁ: ਇੱਕ ਗੋਲ ਨਿੱਕਾ ਜਿਹਾ ਫਲ ਜਿਸ ਦੇ ਅੰਦਰ ਗਿਟਕ ਹੁੰਦੀ ਹੈ ਅਤੇ ਉੱਪਰ ਪਤਲਾ ਛਿੱਲੜ ਅਤੇ ਵਿੱਚੋਂ ਖੱਟਾ ਜਾਂ ਮਿੱਠਾ ਗੁੱਦਾ ਨਿਕਲਦਾ ਹੈ

**ਅਲੂਣਾ,** ਪੁ: }
**ਅਲੂਣੀ,** ਸ: } ਵਿ:—ਜਿਸ ਵਿਚ ਲੂਣ ਨਹੀਂ ਫਿੱਕਾ, ਬੇ ਸੁਆਦ

**ਅਲੂਣੀ ਸਿਲ ਚੱਟਣੀ,** ਕ੍ਰਿ:—ਬੇ ਸੁਆਦਾ, ਅਤੇ ਕਠਨ ਕੰਮ ਕਰਨਾ ਜਿੱਥੋਂ ਕੋਈ ਚੀਜ਼ ਨਹੀਂ ਮਿਲ ਸਕਦੀ ਉੱਥੋਂ ਉਹ ਲੈਣ ਦਾ ਜਤਨ ਕਰਨਾ

**ਅਲੇਲ,** ਪੁ:—ਉਹ ਵਛੇਰਾ ਜਿਸ ਦੀ ਸੁਆਰੀ ਅਜੇ ਕਿਸੇ ਨਹੀਂ ਕੀਤੀ ।
ਵਿ:—ਅੱਲ੍ਹੜ (ਜਿਹਾ ਕਿ ਘੋੜਾ) ॥

**ਅੱਲੇ,** ਸ:—ਸਰੀਰ ਵਿਚ ਜੋ ਬੇਚੈਨੀ ਜੇਹੀ ਮਲੂਮ ਹੋਵੇ । ਪੀੜ, ਉਕਸਾਉਣ ॥

**ਅੱਲੋਕਾਰ,** ਸ:—ਅਲੋਖੀ ਅਤੇ ਭੈੜੀ ਗੱਲ ਉਸਟੰਡ, ਉਪਦਰ ॥

**ਅਲੋਪ,** ਵਿ:—ਨਾ ਦਿੱਸਣ ਵਾਲਾ, ਛੁਪਿਆ ਹੋਇਆ, ਗੁੰਮ, ਗ਼ੈਬ, ਮਿਟਿਆ ਹੋਇਆ, ਨੱਠਿਆ ਹੋਇਆ, ਨਸ਼ਟ ਹੋਇਆ ਹੋਇਆ, ਗੁਪਤ ॥

Digitized by Panjab Digital Library, www.panjabdigilib.org

**ਅਲੋਪ ਹੋ ਜਾਣਾ, ਅਲੋਪ ਹੋਣਾ** } ਕ੍ਰਿ: -ਛੁੱਪ ਜਾਣਾ, ਨਾ ਦਿਸਣਾ, ਗੁੰਮ ਹੋ ਜਾਣਾ, ਗੈਬ ਹੋ ਜਾਣਾ, ਨਾਂ ਰ'ਹਣਾ, ਨਸ਼ਟ ਹੋ ਜਾਣਾ

**ਅਵੱਸ,** ਕ੍ਰਿ: ਵਿ:-ਜ਼ਰੂਰ, ਸਚ ਮੁਚ ॥

**ਅਵਸਥਾ,** ਸ:—ਦਸ਼ਾ, ਹਾਲ, ਉਮਰ ।

**ਅਵਗਤ,** ਵਿ:—ਅਗਮ,ਅਗੋਚਰ,ਸਰਬ ਬਿਆਪੀ॥

**ਅਵਗਨਾ, ਅਵੱਗਿਆ** } ਸ: —ਘਿਣ, ਬੇ ਪਰਵਾਹੀ, ਪਾਪ, ਕਸੂਰ, ਅਪਰਾਧ, ਆਖੇ ਨਾ ਲਗਣਾ ॥

**ਅਵੱਤਾ,** ਪੁ:—ਉਲਟੀ ਸਮਝ ਵਾਲਾ, ਕੱਬਾ ਮਨੁਖ, ਉਹ ਗੱਲ ਕਰਨ ਵਾਲਾ ਜੋ ਦੂਜਿਆਂ ਨੂੰ ਨਾ ਭਾਵੇ ॥

**ਅਵਤਾਰ,** 'ਅਉਤਾਰ' ਵੇਖੋ ॥

**ਅਵਤਾਰੀ,** 'ਅਉਤਾਰੀ' ਵੇਖੋ ॥

**ਅਵੱਤੀ,** ਸ:—ਕੱਬੀ, ਉਲਟਾ ਕੰਮ ਕਰਨ ਵਾਲੀ ਤ੍ਰੀਮਤ ॥

**ਅਵਧ, ਅਵਧੀ** } ਸ: ਇਕਰਾਰ,ਸ਼ਰਤ, ਹਦ, ਮੁਹਲੱਤ, ਵਧੀਕੀ ॥

**ਅਵਧੂਤ,** 'ਅਧੂਤ' ਵੇਖੋ ॥

**ਅਵਧੂਤਣੀ,** 'ਅਧੂਤਣੀ' ਵੇਖੋ ॥

**ਅਵਲੜਾ** ਸ:, **ਅਵੱਲੜੀ** ਪੁ:, **ਅਵੱਲਾ** ਸ:, **ਅਵੱਲੀ** ਸ: } ਵਿ:—ਉਲਟਾ, ਕੱਬਾ, ਝੱਲਾ, ਅਵੱਤਾ ; ਉਲਟੀ, ਕੱਬੀ, ਅਵੱਤੀ ॥

**ਅਵਾਈ,** ਸ:—ਉਡਦੀ ਖਬਰ, ਅਫ਼ਵਾਹ, ਚਪੇਟ, ਕਿਸੇ ਦੇ ਆਉਣ ਦੀ ਖ਼ਬਰ ।

**ਅਵਾਜ,** ਸ:—ਸ਼ਬਦ, ਬੋਲ, ਹਾਕ, ਹੱਕਲ,ਧਮਕ, ਗੂੰਜ, ਮਸ਼ਾਹੂਰੀ, ਕਣਸੋ, ਪਦ ॥

**ਅਵਾਜ ਭਾਰੀ,** ਸ:—ਸੰਘ ਬੈਠਣ ਨਾਲ ਜੋ ਅਵਾਜ ਮੱਧਮ ਪੈ ਜਾਂਦੀ ਹੈ ਜਾਂ ਮੋਟੀ ਹੋ ਜਾਂਦੀ ਹੈ ।

**ਅਵਾਜ ਆਉਣੀ,** ਕ੍ਰਿ:—ਅਵਾਜ ਸੁਣ ਸੱਕਣਾ, ਅਵਾਜ ਕੰਨੀਂ ਪੈਣੀ ॥

**ਅਵਾਜਕੱਢਣਾ,** ਕ੍ਰਿ:—ਬੋਲਣਾ, ਚੀਕਣਾ,ਕੂਕਣਾ ॥

**ਅਵਾਜ ਦੇਣਾ,** ਕ੍ਰਿ:-ਹਾਕ ਮਾਰਨਾ, ਉੱਤਰ ਦੇਣਾ, ਕੂਕਣਾ, ਸਾਹਬ ਸਲਾਮਤ ਕਰਨਾ ॥

**ਕੰਨ ਵਿੱਚ ( ਕੰਨੀਂ ) ਅਵਾਜ ਪੈਣੀ,** ਕ੍ਰਿ:—ਸੁਣ ਲੈਣਾ, ਕਣਸੋ ਪੈਣੀ, ਭਿਣਕ ਪੈ ਜਾਣੀ, ਅਚਾਨਚੱਕ ਸੁਣਨਾ ॥

**ਅਵਾਜ ਬੈਠਣਾ,** ਕ੍ਰਿ:—ਰੋਗ਼ ਨਾਲ ਜਾਂ ਬਹੁਤ ਗਾਉਣ ਕਰਕੇ ਸੰਘ ਬੈਠ ਜਾਣਾ, ਬੋਲ ਨਾਂ ਸਕਣਾ ॥

**ਅਵਾਜ ਭਾਰੀ ਹੋਣਾ,** ਕ੍ਰਿ:—ਸੰਘ ਬੈਠਣਾ ।

**ਅਵਾਜ ਮਾਰਨਾ,** ਕ੍ਰਿ:—ਉੱਚੀ ਉੱਚੀ ਬੁਲਾਉਣਾ ॥

**ਅਵਾਜ ਲਾਉਣਾ,** ਕ੍ਰਿ:—ਹੋਕ ਲਾਉਣਾ ।

**ਅਵਾਜ ਲੈਣਾ,** ਕ੍ਰਿ:—ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਕਰਨ ਵੇਲੇ ਜਾਂ ਕਿਸੇ ਕਾਰਜ ਦੇ ਅਰੰਭ ਵਿਚ ਪਹਲੇ ਪਹਿਲ ਜੋ ਸ਼ਬਦ ਆ ਜਾਏ ਉਸ ਦਾ ਪਾਠ ਕਰਨਾ ।

**ਅਵਾਦ**—'ਅਬਾਦ' ਵੇਖੋ ॥

**ਅਵਾਨ,** ਪੁ:—ਮੁਸਲਮਾਨਾਂ ਦੀ ਇਕ ਜਾਤ, ਇਕ ਤਰਾਂ ਦੇ ਜੋੜ ।

**ਅਵਾਰਾ, ਅਵਾਰਾ ਗਰਦ** } ਵਿ:—ਐਵੇਂ, ਇੱਧਰ ਉੱਧਰ ਫਿਰਨ ਵਾਲ ਬਦਮਾਸ਼ ਲੋਗ ( ਅਵਾਰਾ ਹੋਣਾ, ਫਿਰਨਾ ) ॥

**ਅਵਾਰਾ ਗਰਦੀ,** ਸ:—ਅਵਾਰਾ ਫਿਰਨ ਦੀ ਵਾਦੀ ॥

Digitized by Panjab Digital Library / www.panjabdigilib.org

**ਅਵਿਗੁਣ,**—'ਔਗੁਣ' ਵੇਖੋ

**ਅਵਿਚਾਰ,** ਸ:—ਵਿਚਾਰ ਜਾਂ ਸੋਚ ਸਮਝ ਨਾ ਹੋਣੀ, ਬੇਸਮਝੀ।

**ਅਵਿਚਾਰਣ,** ਸ:—ਬੇਸਮਝ ਤ੍ਰੀਮਤ।

**ਅਵਿਚਾਰੀ,** ਪੁ:—ਬੇ ਸਮਝ ਮਰਦ।

**ਅਵਿਦਯਾ**
**ਅਵਿੱਦਿਆ** } ਸ:—ਅਗਿਆਨ, ਧਰਮ ਨੂੰ ਨਾ ਜਾਨਣਾ, ਮੂਰਖਤਾਈ, ਵਿੱਦਿਆ ਨਾ ਹਣੀ

**ਅਵਿਨਾਸ,** ਪੁ:—ਨਾਸ ਨ ਹੋਣਾ ਸਲਾਮਤੀ, ਅਮਨ, ਬਚਾਉ।

**ਅਵਿਨਾਸੀ,** ਵਿ:—ਨਾਸ ਨਾ ਹੋਣ ਵਾਲਾ, ਅਮਰ, ਨਿੱਤ ਰਹਿਣ ਵਾਲਾ॥

**ਅਵਿਰਥਾ,** ਕ੍ਰਿ: ਵਿ:—ਬੇਅਰਥ, ਐਵੇਂ ਹੀ॥

**ਅਵਿਰੋਧ,** ਪੁ:—ਵਿਰੋਧ ਨਾ ਹੋਣਾ, ਮੇਲ, ਸੁਲਹ॥

**ਅਵਿਰੋਧਣ,** ਸ:—ਜਿਸ ਤ੍ਰੀਮਤ ਵਿਚ ਵਿਰੋਧ ਨਹੀਂ, ਸਾਲਸੀ ਰੱਖਣ ਵਾਲੀ ਇਸਤ੍ਰੀ॥

**ਅਵਿਰੋਧੀ,** ਪੁ:—ਜਿਸ ਮਰਦ ਵਿਚ ਵਿਰੋਧ ਨਹੀਂ, ਵੈਰ ਨਾ ਰੱਖਣ ਵਾਲਾ ਪੁਰਸ਼, ਸੱਜਣ॥

**ਅਵੇਸਲਾ,** ਪੁ:
**ਅਵੇਸਲੀ,** ਸ: } ਵਿ: ਮਦਲਾ (ਲੀ), ਬੇ ਪਰਵਾਹ, ਗ਼ਾਫ਼ਲ, ਅਣਚੇਤ

**ਅਵੇਰ,** ਸ:
**ਅਵੇਰਾ,** ਪੁ: } ਦੇਰ, ਢੇਰ, ਡੇਰੀ, ਢਿੱਲ, ਚਿਰਕ (ਹੋਣੀ, ਹੋ ਜਾਣੀ, ਕਰਨੀ ਕਰਾਉਣੀ)॥

**ਅਵੇਰੇ,** ਕ੍ਰਿ: ਵਿ:—ਦੇਰ ਕਰਕੇ, ਚਿਰ ਲਾਕੇ, ਕੁਵੇਲੇ, ਵੇਲੇ ਸਿਰ ਨਾਂ, ਸਮਾ ਬਿਤਾਕੇ॥

**ਅਵੈੜਾ,** ਪੁ:—ਅਵੱੜਾ, ਕੱਬਾ, ਉਲਟੀ ਸਮਝ ਵਾਲਾ॥

**ਅਵੈੜੀ,** ਸ:—ਅਵੱੜੀ, ਕੱਬੀ, ਉਲਟੀ ਸਮਝ ਵਾਲੀ॥

**ਅੜ,** ਸ:—ਰੋਕ, ਬੰਧੇਜ, ਅਟਕਾ, ਖ਼ਿਚਲ, ਵਿਤੁੜਾ, ਹਠ, ਜ਼ਿਦ।

(ਅੜ ਹੋ ਜਾਣੀ ਜਾਂ ਬੈਠ ਜਾਣੀ ਅਤੇ ਅੜ ਵਸ)॥

**ਅੜਕ ਮੜਕ,** ਸ:—ਬਾਂਕਪੁਣਾ, ਨਖ਼ਰਾ, ਅਟਕ ਮਟਕ॥

**ਅੜਦ ਬਜਾਰ,** ਪੁ:—ਸਧਾਰਣ ਮੰਡੀ, ਖੁੱਲ੍ਹਾ ਬਜ਼ਾਰ॥

**ਅੜਦਲ,** ਸ:—ਨੌਕਰ ਜਾਂ ਚਪੜਾਸੀ ਦਾ ਕੰਮ, ਕਿਸੇ ਰਈਸ ਜਾਂ ਸਰਦਾਰ ਦੀ ਹਾਜ਼ਰੀ ਵਿਚ ਰਹਿਣਾ।

**ਅੜਦਲੀ** ਪੁ:—ਅਜੇਹਾ ਚਪੜਾਸੀ ਜੋ ਕਿਸੇ ਅਫ਼ਸਰ ਜਾਂ ਸਰਦਾਰ ਦੀ ਹਾਜ਼ਰੀ ਵਿਚ ਲਗਾਤਾਰ ਰਹਿੰਦਾ ਹੈ ਅਤੇ ਸੁਨੇਹੇ ਪੁਚਾਉਂਦਾ ਹੈ ਅਤੇ ਚਿਠੀਆਂ ਅਰ ਹੁਕਮ ਲੈ ਜਾਂਦਾ ਹੈ॥ ਅਜੇਹਾ ਨੌਕਰ ਜੋ ਆਪਣੇ ਮਾਲਕ ਦੀ ਸਵਾਰੀ ਅੱਗੇ ਦੌੜਦਾ ਜਾਂਦਾ ਹੈ।

**ਅੜਨਾ,** ਕ੍ਰਿ:—ਰੁਕਣਾ, ਜ਼ਿਦ ਕਰ ਬੈਠਣੀ, ਹਠ ਕਰਨਾ, ਵਿਤੁ ਚ ਪੈਣਾ, ਖ਼ਿਚਲ ਪਾਉਣਾ

**ਅੜਬ,** ਵਿ:—ਕੱਬਾ, ਅੜਲਾ, ਅਹਮਕ, ਜ਼ਿਦੀ।

ਪੁ: ਮੂਰਖਤਾਈ ਦੀਆਂ ਗੱਲਾਂ ਕਰਨ ਵਾਲਾ, ਅਹਮਕ, ਅਨਾੜੀ ਆਦਮੀ॥

**ਅੜਬੰਗਾ**
**ਅੜਬਿੰਗਾ** } ਵਿ:—ਕੰਬਾ, ਵਿੰਗਾ, ਟੇਢਾ, ਉੱਚਾ ਨੀਵਾਂ, ਅਵੱਲੀ ਤਰਾਂ ਤੁਰਨ ਵਾਲਾ, ਅਧਰਮੀ, ਬਦਜਾਤਾ॥

**ਅੜਭ,** ਵਿ:—'ਅੜਬ' ਵੇਖੋ।

**ਅੜਭਪੁਣਾ,** ਪੁ:—ਅੜਭਾਂ ਦਾ ਕੰਮ, ਕੱਬ, ਉਲਟੀ ਸਮਝ, ਹਠ॥

**ਅੜਅਲ,** ਵਿ:—'ਅੜੀਅਲ' ਵੇਖੋ॥

Digitized by Panjab Digital Library | www.panjabdigilib.org

**ਅੜਾਉ,** ਪੁ:—ਅਟਕਾਉ, ਰੋਕ, ਬੰਨ੍ਹ, ਬਿਘਨ ॥

**ਅੜਾਉਣਾ,** ਕ੍ਰਿ:—ਠਰ੍ਹਾਉਣਾ, ਰੋਕਣਾ, ਅਟਕਾਉਣਾ, ਖੜਾ ਕਰਨਾ, ਬੰਦ ਕਰਨਾ, ਅੰਦਰ ਰੱਖਣਾ, ਦਖਲ ਦੇਣਾ, ਰੋਲਾ ਪਾਉਣਾ, ਰੁਕਣਾ ॥

**ਅੜਾਟਾ,** ਪੁ:—ਰੌਲਾ, ਕਜ਼ੀਆ, ਚੀਕ ਚਿਹਾੜਾ (ਪਾਉਣਾ, ਛੇੜਨਾ) ॥

**ਅੜਾ ਦੇਣਾ,** ਕ੍ਰਿ:—ਅਟਕਾ ਦੇਣਾ, ਠਹਿਰਾ ਦੇਣਾ, ਫਸਾ ਦੇਣਾ ॥

**ਅੜਿਆ,** ਸੰਬੋ:—ਓਇ! ਹੇ! ਮਿਤ੍ਰਾ, ਭਰਾਵਾ! ਵੇ! ਵੀਰਾ!

**ਅੜਿੱਕਾ,** ਪੁ:—ਰੋਕ, ਬੰਨ੍ਹ, ਬਿਘਨ, ਠੋਕਰ, ਅਟਕਾਉ, ਵਿਰੋਧ, ਸਾਹਮਣਾ ॥

**ਅੜਿੱਕਾ ਡਾਹੁਣਾ, ਅੜਿੱਕਾ ਪਾਉਣਾ,** ਕ੍ਰਿ:—ਬਿਘਨ ਪਾਉਣਾ, ਮੁਸ਼ਕਲ ਪਾ ਦੇਣੀ, ਰੋਕ ਪੈਦਾ ਕਰਨੀ।

**ਅੜਿੰਗਾ,** ਪੁ:—ਇਕ ਤਰਾਂ ਦਾ ਖੇਲ, ਰੋਕ, ਅੜਿੱਕਾ, ਅਟਕਾਉ, ਠੋਕਰ, ਹੋੜੇ ਦੀ ਲਕੜ। ਲੱਤ ਦਾ ਸਹਾਰਾ।

**ਅੜਿੰਗਾ ਬੜਿੰਗਾ,** ਪੁ:—ਕੋਈ ਵਿੰਗੀ ਚੀਜ਼, ਇਕ ਖੇਡ ਦਾ ਨਾਉਂ।

**ਅੜਿੰਗਾ ਮਾਰਨਾ,** ਕ੍ਰਿ:—ਅਟਕਾਉਣਾ, ਰੋਕਣਾ, ਉਲਟਾਣਾ

**ਅੜਿੱਚ,** ਸ:—ਰੋਕ, ਅਟਕਾ, ਵਿਰੋਧ, ਜ਼ਿਦ, ਬਿਘਨ ॥

**ਅੜਿੱਚਾਂ ਬੰਨ੍ਹਣੀਆਂ,** ਕ੍ਰਿ:—ਬਿਘਨ ਪਾਉਣਾ, ਰੋਕ ਟੋਕ ਕਰਨੀ।

**ਅੜੀ,** ਸ:—ਹਠ, ਜ਼ਿਦ, ਸ਼ਰਾਰਤ ॥

**ਅੜੀ ਬੰਨ੍ਹਣੀ,** ਕ੍ਰਿ:—ਬਹੁਤ ਹਠ ਕਰਨਾ ॥

**ਅੜੀ ਮਾਰ,** ਪੁ:—ਬਦਮਾਸ਼ ਆਦਮੀ, ਲੁੱਚਾ, ਗੁੰਡਾ, ਸ਼ਰਾਰਤੀ, ਕਾਮੀ, ਵਿਭਚਾਰੀ, ਵਿਸ਼ਈ ॥

**ਅੜੀਅਲ,** ਵਿ:—ਅੜੀ ਕਰਨ ਵਾਲਾ, ਨਾ ਤੁਰਨ ਵਾਲਾ (ਘੋੜਾ), ਹਠੀ, ਜ਼ਿੱਦੀ ॥

**ਅੜੀਏ,** ਸੰਬੋ:—ਨੀ! ਕੁੜੇ! ਹੇ! ਅਨੀਏ! ਭੈਣੇ! ਸਹੇਲੀਏ! ਸਖੀਏ!

**ਅੜੀਂਗੜੀ,** ਸ:—'ਅੜੋਂਗੜੀ' ਵੇਖੋ ॥

**ਅੜੁੰਗਣਾ,** ਕ੍ਰਿ:—ਧੋਤੀ ਕਪੜੇ ਆਦਿਕ ਦਾ ਲੜ ਅਟਕਾ ਲੈਣਾ।

**ਅੜੇਸ,** ਸ:—ਅਟਕਾ ਕੇ ਚੁੱਕਣ ਵਾਲੀ ਚੀਜ਼, ਤੂਲ, ਸਹਾਰਾ।

**ਅੜੇਕਵਾਂ, ਅੜੇਕਾ,** ਪੁ:—ਵੇਖੋ 'ਅੜਿੱਕਾ' ॥

**ਅੜੋਂਗੜੀ,** ਸ:—ਖੇਲ ਕਰਨ ਦਾ ਇਕ ਢੰਗ ਜਿਸ ਵਿਚ ਲੱਤਾਂ ਅੜਾ ਲੈਂਦੇ ਹਨ।

**ਅੜੀਂਗੜੀ ਪੜੀਂਗੜੀ,** ਸ:—ਫੇਰ ਵਾਲੀਆਂ ਗੱਲਾਂ, ਉਲਝਾਉ।

**ਅੜੈਲ,** ਸ:—ਸੋਨੇ ਦੇ ਵਰਕ ਕੁੱਟਣ ਵਾਲਿਆਂ ਦਾ ਇਕ ਹਥਿਆਰ। ਇਕ ਤਰ੍ਹਾਂ ਦਾ ਜੰਤਰ, ਤਾਰ ਖਿੱਚਣ ਵਾਲੀ ਜੰਦਰੀ।

**ਅੜੈਲ,** ਵਿ:—'ਅੜੀਅਲ' ਵੇਖੋ ॥

**ਅੜੈੜਾ,** ਵਿ:—ਬੁਰੇ ਸੁਭਾਉ ਵਾਲਾ, ਖਿਵੰਗਾ ॥

**ਅੜੋਸ ਪੜੋਸ,** ਪੁ:—ਹਮਸਾ ਗਤੀ, ਗੁਆਂਢ ਮੱਥਾ, ਗੁਆਂਢ ਆਸ ਪਾਸ ਜਾਂ ਲਾਗੇ ਦੇ ਥਾਂ।

Digitized by Panjab Digital Library | www.panjabdigilib.org

**ਅੜੋਸੀ ਪੜੋਸੀ,** ਪੁ:—ਹਮਸਾਇਆ, ਗੁਆਂਢੀ ॥

**ਆ,** ਕ੍ਰਿ:—'ਆਉਣਾ' ਧਾਤੂ ਦਾ ਅਨੁਮਤਕਾਰਥ ਲਕਾਰ ।
ਉਹ ਅਵਾਜ਼ ਜੋ ਰਾਗੀ, ਗਾਉਣ ਲਗਿਆਂ ਪਹਿਲੇ ਕੱਢਦੇ ਹਨ ।

**ਆਉ,** ਕ੍ਰਿ:—ਪੰਛੀਆਂ ਅਤੇ ਪਸ਼ੂਆਂ ਨੂੰ ਸੱਦਣ ਦੀ ਅਵਾਜ਼ ।

**ਆਉਣਾ,** ਕ੍ਰਿ:—ਅਪੜਨਾ, ਪੁੱਜਣਾ, ਇੱਧਰ ਨੂੰ ਚੱਲਣਾ, ਹੱਥ ਲੱਗਣਾ, ਹਾਸਲ ਹੋਣਾ, ਕੋਈ ਗਲ ਜਾਨਣਾ ।

**ਆਉ ਭਗਤ,** ਸ:—ਆਗਤ ਭਾਗਤ, ਖ਼ਾਤਰ, ਟਹਿਲ ਸੇਵਾ । ( ਹੋਣੀ, ਕਰਨੀ ) ॥

**ਆਉਲ,** ਸ:—ਜੇਰ, ਨਾੜੂ, ਨਾੜੂਆ ।

**ਆਉਲਾ,** ਪੁ:—ਇਕ ਬੂਟਾ ਅਤੇ ਉਹ ਦਾ ਫਲ ਇਹ ਨੂੰ ਦੁਆਵਾਂ ਵਿਚ ਵਰਤਦੇ ਹਨ ਅਤੇ ਕਚੇ ਦਾ ਅਚਾਰ ਪਾਉਂਦੇ ਹਨ

**ਆਉਲੇ ਦਾ ਖਾਧਾ ਤੇ ਸਿਆਣੇ ਦਾ ਆਖਿਆ ਪਿੱਛੋਂ ਸੁਆਦ ਲਗਦਾ ਹੈ,** ਜਿੱਕੁਰ ਆਉਲਾ ਪਹਿਲੇ ਖੱਟਾ ਹੁੰਦਾ ਹੈ, ਮਗਰੋਂ ਪਾਣੀ ਪਾਇ ਤਾਂ ਮਿੱਠਾ ਲਗਦਾ ਹੈ, ਤਿਵੇਂ ਸਿਆਣੇ ਦੀ ਮੱਤ ਪਹਿਲੇ ਨਹੀਂ ਭਾਉਂਦੀ ਪਰ ਫਲ ਚੰਗਾ ਹੁੰਦਾ ਹੈ

**ਆਉਲਾ ਸਾਰ,** ਸ:—'ਆਉਲੇ ਸਾਰ' ਵੇਖੋ

**ਆਉਲੀ,** ਸ:—ਨਿੱਕੀ ਤਰ੍ਹਾਂ ਦਾ ਆਉਲਾ ॥

**ਆਉਲੇ ਸਾਰ,** ਸ:—ਇੱਕ ਤਰ੍ਹਾਂ ਦੀ ਸਾਫ਼ ਕੀਤੀ ਹੋਈ ਗੰਧਕ ॥

**ਆਇਆ,** ਪੁ:—'ਐੜਾ' ਵੇਖੋ ॥

**ਆਇਆ ਗਿਆ,** ਪੁ:—ਪਰਾਹੁਣਾ, ਅਭਿਆਗਤ ॥

**ਆਇਆ ਗਿਆ ਕਰ ਛੱਡਣਾ,** ਕ੍ਰਿ:—ਅਣ-ਡਿੱਠ ਕਰ ਛੱਡਣਾ ॥

**ਆਇਤ,** ਸ:—ਕੁਰਾਨ ਜਾਂ ਅੰਜੀਲ ਦਾ ਕਈ ਬਚਨ

**ਆਇਤ ਉਤਰਨੀ,** ਕ੍ਰਿ:—ਇਲਹਾਮ ਜਾਂ ਅਕਾਸ਼ ਬਾਣੀ ਹੋਣੀ ।

**ਆਇਤ ਵਾਰ,** ਪੁ:—'ਆਧਤ ਵਾਰ' ਵੇਖੋ ।

**ਆਇਰਾ,** ਪੁ:—ਪਾਟਾ ਪੁਰਾਣਾ ਕਪੜਾ, ਮੀਂਹ ਦਾ ਪਾਣੀ ਰੋਕਣ ਲਈ ਜੋ ਥੰਨ੍ਹ ਮਾਰਿਆ ਜਾਵੇ, ਤੂੜੀ ਦਾ ਢੇਰ ਜਿਸ ਦੇ ਬਾਹਰਲੇ ਪਾਸੇ ਚੁਫੇਰੇ ਮਿਟੀ ਥੱਪੀ ਜਾਵੇ ॥

**ਆਇੜਾ,** ਪੁ:—'ਐੜਾ' ਵੇਖੋ ॥

**ਆਈ,** ਸ:—ਮੌਤ, ਆਪਤਾ, ਬਿਪਤਾ ॥

**ਆਈ ਗਈ ਕਰਨੀ,** ਕ੍ਰਿ:—'ਆਈ ਚਲਾਈ ਕਰਨੀ' ਵੇਖੋ ।

**ਆਈ ਚਲਾਈ,** ਸ:—ਜੋ ਰੁਪਇਆ ਆਵੇ ਅਤੇ ਜੋ ਖਰਚ ਹੋਵੇ ॥

**ਆਈ ਚਲਾਈ ਕਰਨੀ,** ਕ੍ਰਿ:—ਜਿਨਾ ਖੱਟਣਾ ਉੱਨਾ ਖਰਚ ਛੱਡਣਾ ।

**ਆਸ,** ਸ:—ਉਮੈਦ, ਭਰੋਸਾ, ਆਸਰਾ, ਸਹਾਰਾ, ਇੱਕ ਰੁੱਖ, 'ਆਸਾ' ਵੇਖੋ ।

**ਆਸ਼ਕ,** ਪੁ:—ਇਸ਼ਕ ਕਰਨ ਵਾਲਾ, ਪ੍ਰੇਮ ਵਿਚ ਮਗਨ, ਯਾਰ, ਬੇਪਰਵਾਹ ॥

**ਆਸ਼ਕੀ,** ਸ:—ਇਸ਼ਕ ਕਰਨਾ, ਪ੍ਰੇਮ, ਮੁਹੱਬਤ ॥

Digitized by Panjab Digital Library | www.panjabdigilib.org

**ਆਸਗੰਧ,** ਸ:—ਇੱਕ ਬੂਟੀ ਦਾ ਨਾਉਂ ਜੋ ਦੁਆਵਾਂ ਵਿੱਚ ਵਰਤੀ ਜਾਂਦੀ ਹੈ। ਅਸਗੰਧ॥

**ਆਸਣ,** ਪੁ:—ਚੌਂਕੀ, ਬੈਠਣ ਦੀ ਚੀਜ਼, ਉੱਨ ਦਾ ਛੋਟਾ ਜਿਹਾ ਕਲੀਚਾ ਜਿਸ ਉੱਤੇ ਬਹਿ ਕੇ ਹਿੰਦੂ ਪੂਜਾ ਕਰਦੇ ਹਨ ਜਾਂ ਭੋਜਨ ਪਾਉਂਦੇ ਹਨ, ਬਹਿਣ ਦਾ ਢੰਗ, ਖਾਸ ਕਰਕੇ ਜੋਗਾਭਿਆਸ ਕਰਨ ਲਈ ਜੋ ਜੋਗੀਆਂ ਦੇ ਬਹਿਣ ਦੇ ਢੰਗ ਹਨ (ਅਜੇਹੇ ਆਸਣ ਚੁਰਾਸੀ ਹਨ), ਭੋਗ ਕਰਨ ਦੇ ਢੰਗ (ਛੱਤੀ), ਚੌਕੜੀ, ਆਲਤੀ ਪਾਲਤੀ, ਘੁਟੈਨੇ ਦਾ ਉਹ ਹਿੱਸਾ ਜਿਸ ਪੁਰ ਮਨੁੱਖ ਬੈਠਦਾ ਹੈ, ਗੱਦ॥

**ਆਸਣ ਜਮਾਉਣਾ,** ਕ੍ਰਿ:—ਸਵਾਰੀ ਕਰਨ ਲੱਗਿਆਂ ਜੰਮ ਕੇ ਬੈਠਣਾ, ਚੰਬੜ ਜਾਣਾ, ਟਿਕ ਕੇ ਬਹਿਣਾ॥

**ਆਸਣ ਲਗਾਉਣਾ,** ਕ੍ਰਿ:—ਬਹਿ ਜਾਣਾ ਆਪਣੀ ਥਾਂ ਮੱਲ ਲੈਣਾ॥

**ਆਸਤੇ,** ਕ੍ਰਿ: ਵਿ:—ਹੌਲੀ ਹੌਲੀ, ਅਮੱਲਕੜੇ, ਸਹਿਜੇ ਸਹਿਜੇ, ਸਹਿਜ ਭਾ ਨਾਲ।

**ਆਸ ਪਾਸ,** ਪੁ:—ਗੁਆਂਢ, ਪੜਸ, ਹਮਸਾਇਗੀ ਨੇੜਾ, ਗੁਆਂਢੀ।

ਕ੍ਰਿ: ਵਿ:—ਨੇੜੇ ਤੇੜੇ, ਚੁਫੇਰੇ, ਲਾਗ, ਕੋਲੇ ਹੀ, ਹਰ ਪਾਸੇ, ਇੱਥੇ ਉੱਥੇ, ਸੱਜੇ ਖੱਬੇ॥

ਵਿ:—ਲਾਗੇ ਦਾ, ਨੇੜੇ ਤੇੜੇ ਦਾ, ਚੁਫੇਰੇ ਦਾ।

**ਆਸ ਪਾਸਲਾ,** ਵਿ:—ਆਸ ਪਾਸ ਦਾ, ਲਾਂਗੇ ਦਾ, ਗੁਆਂਢ ਹੋਣ ਵਾਲਾ।

**ਆਸ਼ਰਮ / ਆਸ਼੍ਰਮ**, ਪੁ: ਥਾਉਂ, ਟਿਕਾਣਾ, ਸਾਧੂ ਦਾ ਡੇਰਾ, ਵਿਦਿਆ ਪੜ੍ਹਨ ਵਾਲੀ ਥਾਂ, ਪਾਠ ਸ਼ਾਲਾ, ਅਸਥਾਨ, ਧਰਮ ਸ਼ਾਸਤ੍ਰ ਮੂਜਬ ਬ੍ਰਾਹਮਣ ਦੀ ਉਮਰ ਦੇ ਚਾਰ ਹਿੱਸੇ ਜਿਨ੍ਹਾਂ ਵਿਚ ਇਹ ਕਰਮ ਕਰਨੇ ਲਿਖੇ ਹਨ:—(੧) ਬ੍ਰਹਮਚਰਜ ਅਰਥਾਤ ਜਤੀ ਸਤੀ ਰੈਹਕੇ ਵਿਦਿਆ ਪੜ੍ਹਨੀ, (੨) ਗਿਰਿਸਥ ਅਰਥਾਤ ਸੰਸਾਰ ਵਿਚ ਰੈਹਕੇ ਸੰਤਾਨ ਉਤਪਤ ਕਰਨੀ ਅਤੇ ਉਸਨੂੰ ਪਾਲਣਾ, (੩) ਬਾਣ ਪਰਸਥ ਅਰਥਾਤ ਜੁਆਨੀ ਬੀਤ ਜਾਣੇ ਪੁਰ ਘਰ ਬਾਰ ਨੂੰ ਛੱਡ ਕੇ ਬਨ ਵਿੱਚ ਰਹਿਣਾ ਅਤੇ ਭਗਤੀ ਕਰਨੀ, (੪) ਸੰਨਿਆਸ ਅਰਥਾਤ ਬਿਰਧ ਅਵਸਥਾ ਵਿੱਚ ਸਾਰੇ ਲਾਂਝੇ ਛੱਡਕੇ ਤੇ ਮਰਨ ਜੀਉਣ ਦੀ ਚਿੰਤਾ ਤੋਂ ਰਹਿਤ ਹੋ ਕੇ ਦੇਸਾਂ ਦੇਸਾਂ ਵਿੱਚ ਉਪਦੇਸ਼ ਦੇਂਦੇ ਫਿਰਨਾ ਅਤੇ ਭਿੱਛਿਆ ਮੰਗ ਕੇ ਨਿਰਬਾਹ ਕਰਨਾ॥

**ਆਸਰਾ,** ਪੁ:—ਸਹਾਰਾ, ਭਰੋਸਾ, ਜ਼ੋਰ, ਜਕੀਨ ਅਤਬਾਰ, ਵਸਾਹ, ਆਸ, ਬਚਾਉ, ਸਹਾਇਤਾ, ਨਿਰਬਾਹ, ਗੁਜ਼ਾਰਾ॥

**ਆਸਾ,** ਸ:—ਉਮੈਦ, ਭਰੋਸਾ, ਸਹਾਰਾ, ਵਸਾਹ, ਨਿਰਬਾਹ, ਖਾਲ ਥੱਕਾ ਹੋਣਦੀ ਉਡੀਕ॥

**ਆਸ ਹੋਣਾ / ਆਸਾ ਹੋਣਾ**, ਕ੍ਰਿ:—ਚਾਹ ਹੋਣੀ, ਉਡੀਕ ਰੱਖਣੀ ਕਿਸੇ ਵੱਲ ਝੁੱਕਣਾ, ਕਿਸੇ ਦੇ ਆਸ ਤੇ ਰਹਿਣਾ॥

**ਆਸ ਪੁਜਾਉਣਾ / ਆਸਾ ਪੁਜਾਉਣਾ**, ਕ੍ਰਿ:—ਆਸ ਪੂਰੀ ਕਰਨਾ॥

**ਆਸ ਪੂਰੀ ਹੋਣੀ / ਆਸਾ ਪੂਰੀ ਹੋਣੀ**, ਕ੍ਰਿ:—ਜੋ, ਕੁਝ ਚਾਹੁਣਾ ਸੋ ਹੋ ਜਾਣਾ, ਮੁਰਾਦ ਮਿਲਣੀ ਜਾਂ ਪੂਰੀ ਹੋਣੀ॥

**ਆਸ ਪੂਰੀ ਕਰ ਦੇਣਾ / ਆਸਾ ਪੂਰੀ ਕਰ ਦੇਣਾ**, ਕ੍ਰਿ:—ਜੋ ਕੁਝ ਕੋਈ ਚਾਹੇ ਉਹੀ ਕਰਦੇਣਾ, ਕਿਸੇ ਦੀ ਬੇਨਤੀ ਮੰਨ ਲੈਣੀ।

**ਆਸਾ ਦੀ ਵਾਰ,** ਸ:—ਗੁਰੂ ਗ੍ਰੰਥ ਸਾਹਿਬ ਦੀ ਇੱਕ ਬਾਣੀ ਜੋ ਰਾਗੀ ਸਵੇਰ ਦੇ ਵੇਲੇ ਗਾਉਂਦੇ ਹਨ॥

Digitized by Panjab Digital Library | www.panjabdigilib.org

**ਆਸਾ ਦੀ ਵਾਰ ਲੱਗਣੀ, ਲਾਉਣੀ,** ਕ੍ਰਿ:—ਰਾਗੀਆਂ ਦਾ ਆਸਾ ਦੀ ਵਾਰ ਗਾਉਣਾ ॥

**ਆਸ ਰੱਖਣਾ** / **ਆਸਾ ਰੱਖਣਾ** } ਕ੍ਰਿ:—'ਆਸ ਹੋਣਾ' ਵੇਖੋ

**ਆਸਾ ਵੰਤ** / **ਆਸਾ ਵਾਨ** } ਪੁ:—ਆਸ ਰੱਖਣ ਵਾਲਾ ਆਦਮੀ, ਉਮੈਦ ਵਾਰ ਮਰਦ

**ਆਸਾ ਵੰਤੀ,** ਸ:—ਆਸ ਰੱਖਣ ਵਾਲੀ ਜਾਂ ਉਮੈਦ ਵਾਰ ਤੀਵੀਂ ॥

**ਆੱਸਾ,** ਪੁ:—ਡੰਡਾ, ਸੋਟਾ, ਇੱਛਿਆ, ਉਮੈਦ, ਇਕ ਰਾਗ, ਪੁਤ੍ਰ ਦਾ ਨਾਉਂ ॥

**ਆਸਾ ਪਾਸਾ,** ਪੁ:—ਚਾਰੇ ਪਾਸੇ, ਇੱਧਰ ਉੱਧਰ ।

**ਆਸਾਉਰੀ** / **ਆਸਾ ਵਰੀ** } ਸ:—ਕਈ ਤਰ੍ਹਾਂ ਦੇ ਰਾਗਾ ਅਤੇ ਸੁਰਾਂ ਦੇ ਨਾਉਂ ।

**ਆਸੀਂ ਪਾਸੀਂ,** ਕ੍ਰਿ-ਵਿ:—ਚੁਫੇਰੇ, ਲੱਗੇ, ਇੱਧਰ ਉੱਧਰ ।

**ਆਸੀਰ ਬਾਦ** / **ਆਸ਼ੀਰ ਵਾਦ** } ਸ:—ਅਸੀਸ, ਦੁਆ, ਭਲੇ ਬਚਨ

**ਆਸੇ ਪਾਸੇ,** ਕ੍ਰਿ-ਵਿ:—'ਆਸੀਂ ਪਾਸੀਂ' ਵੇਖੋ ।

**ਆਸੇ ਲਗਣਾ,** ਕ੍ਰਿ:—ਗਊ ਆਦਿਕ ਡੰਗਰਾ ਦਾ ਗੱਭਣ ਹੋਣਾ ।

**ਆਹ,** ਅਵ:—ਅਫਸੋਸ, ਗਮ ਜਾਂ ਪੀੜ ਦੀ ਅਵਾਜ਼, ਹਾਇ ॥

ਕ੍ਰਿ-ਵਿ:—ਆਹੋ, ਹਾਂ ॥

ਸ:—ਹਾਹੁਕਾ । ਪੜ:—ਇਹ ਜੋ ਸਾਮ੍ਹਣੇ ਹੈ

**ਆਹ ਕਰਨੀ** / **ਆਹ ਖਾਣੀ** / **ਆਹ ਮਾਰਨੀ** } ਕ੍ਰਿ:—ਹਾਹੁਕਾ ਭਰਨਾ ॥

**ਆਹਟਾ,** ਵਿ:—ਜੋ ਕੰਮ ਆਪੇ ਸੁਭਾਉਕ ਹੀ ਹੋ ਜਾਏ, ਜੋ ਖਾਹ ਮਖਾਹ ਹੋਵੇ ।

**ਆਹਣਾ,** ਕ੍ਰਿ:—ਆਖਣਾ, ਕਹਿਣਾ ॥

**ਆਹਣੂ,** ਪੁ:—ਕਲਕ ਮਕੜੀ ਜਾਂ ਜੌਆਂ ਦੇ ਸਿੱਟੇ ਕੱਚੇ ਭੁੰਨੇ (ਕਰਨਾ) ।

**ਆਹਮਣਾ ਸਾਮ੍ਹਣਾ,** ਪੁ:—ਦੂ ਬਦੂ, ਇੱਕ ਦੂਜੇ ਦੇ ਸਾਮ੍ਹਣੇ ।

**ਆਹਮਣਿਓਂ ਸਾਮ੍ਹਣਓਂ,** ਕ੍ਰਿ-ਵਿ: ਸਾਮ੍ਹਣੇ ਪਾਸਿਓਂ ।

**ਆਹਮੀਆਂ,** ਸ:—(ਬਹੁ: ਬਚ:) ਕਲਕ ਜਾਂ ਜੌਂ ਦੇ ਸਿੱਟੇ ਭੁੱਜੇ ਹੋਏ ॥

**ਆਹਮੋ ਸਾਹਮਣਾ,** ਵਿ:—ਦੂ ਬਦੂ, ਇੱਕ ਦੂਜੇ ਦੇ ਸਾਮ੍ਹਣੇ ॥

**ਆਹਰ,** ਪੁ:—ਕੰਮ ਦਾ ਚਾਉ, ਜੁੱਟੇ ਰਹਿਣਾ, ਕੰਮ ਵਿੱਚ ਲੱਗਣਾ, ਕੰਮ ਕਰਦੇ ਜਾਣਾ, ਉੱਦਮ, ਜਤਨ, ਚਿੰਤਾ, ਫਿਕਰ, ਕਿਸੇ ਪਸ਼ੂ ਤੇ ਲੱਦੀ ਹੋਈ ਛੱਟ ਦਾ ਇੱਕ ਪਾਸੇ ਝੁਕ ਪੈਣਾ ॥

**ਆਹਰਣ,** ਸ:—'ਅਹਿਰਣ' ਵੇਖੋ, ਮਕੜੀ ॥

**ਆਹਰੀ,** ਪੁ:—ਆਹਰ ਨਾਲ ਕੰਮ ਕਰਨ ਵਾਲਾ (ਸੌ ਕਾਮਾਂ ਇੱਕ ਆਹਰੀ) ॥

**ਆਹਲਕ,** ਪੁ:—ਆਲਸ, ਸੁਸਤੀ ॥

**ਆਹਲਕਣ,** ਸ:—ਆਲਸਣ, ਸੁਸਤ, ਢਿੱਲੀ ਤੀਵੀਂ ॥

**ਆਹਲਕੀ,** ਪੁ:—ਆਲਸੀ, ਸੁਸਤ, ਢਿਲਾ ਆਦਮੀ ॥

**ਆਹਲਣਾ,** ਪੁ: ਪੰਖੇਰੂਆਂ ਦਾ ਘਰ ॥

Digitized by Panjab Digital Library | www.panjabdigilib.org

**ਆਹਲੂਵਾਲਣੀ,** ਆਹਲੂ ਵਾਲੀਆ ਜਾਤ ਦੀ ਤ੍ਰੀਮਤ ॥

**ਆਹਲੂ ਵਾਲੀਆ,** ਪੁਃ—ਸਿੱਖਾਂ ਦੀ ਇੱਕ ਜਾਤ, ਕਲਾਲ, ਕਪੂਰਥਲੇ ਦੀ ਰਿਆਸਤ ਵਿਚ ਆਹਲੂਵਾਲ ਨਾਮੇ ਪਿੰਡ ਦਾ ਰਹਿਣ ਵਾਲਾ, ਕਪੂਰਥਲੇ ਦੇ ਰਾਜੇ ਦੀ ਕੁਲ ਦਾ ਨਾਉਂ ।

**ਆਹਲਾ,** ਵਿਃ—ਉੱਚਾ, ਵੱਡਾ, ਵੱਡੇ ਦਰਜੇ ਦਾ ।

**ਆਹਲਾ ਲੰਬੜ ਦਾਰ,** ਪੁਃ—ਪਿੰਡ ਦਾ ਸਭ ਤੋਂ ਵੱਡਾ ਲੰਬਰ ਦਾਰ ।

**ਆਹੜਤ,** ਸਃ—ਦਲਾਲੀ ਲੈਕੇ ਮਾਲ ਵੇਚਣ ਦਾ ਕੰਮ, ਛਿਆਲੀ, ਦਸਤੂਰੀ, ਵਿਹਾਰ, ਸਾਂਝ ॥

**ਆਹੜਤਣ,** ਸਃ—ਆਹੜਤ ਕਰਨ ਵਾਲੀ ਤ੍ਰੀਮਤ ।

**ਆਹੜਤੀ, ਆਹੜਤੀਆ,** ਪੁਃ—ਆਹੜਤ ਕਰਨ ਵਾਲਾ ਮਰਦ, ਛਿਆਲ, ਬੁਪਾਰੀ, ਦਲਾਲ ।

**ਆਹਾ,** ਕ੍ਰਿਃ—ਸਾ, ਸੀ, ਸੀਗਾ, ਹੈਸੀ ॥
ਅਵਃ—ਵਾਹ ਵਾਹ, ਬੱਲੇ, ਸ਼ਾਬਾਸ਼ ।

**ਆਹਿਣ,** ਸਃ—'ਅਹਿਣ' ਵੇਖੋ ॥

**ਆਹੀ,** ਕ੍ਰਿਃ—ਸੀ, ਸੀਗੀ, ਹੈਸੀ ॥

**ਆਹੂਲਾ,** ਪੁਃ—ਚੁੱਲ੍ਹੇ ਦੇ ਨਾਲ ਦੂਜਾ (ਹੋਚਕਾ ਧਰਨ ਵਾਲਾ) ਥਾਉਂ ਜਿਸ ਵਿਚ ਚੁੱਲ੍ਹੇ ਵਿੱਚੋਂ ਸੇਕ ਪਹੁੰਚਦਾ ਹੈ ।

**ਆਹੂ ਲਹਿ ਜਾਣੇ, ਆਹੂ ਲਹਿਣਾ,** ਕ੍ਰਿਃ—ਨਸ਼ਟ ਹੋਣਾ, ਖਰਾਬ ਹੋਣਾ, ਬਰਬਾਦ ਹੋਣਾ ।

**ਆਹੂ ਲਾਹ ਸੁੱਟਣਾ, ਆਹੂ ਲਾਹੁਣਾ,** ਕ੍ਰਿਃ ਨਾਸ ਕਰਨਾ, ਬਰਬਾਦ ਕਰਨਾ, ਬਿਗਾੜਨਾ ॥

**ਆਹੇ,** ਕ੍ਰਿਃ—ਸੇ, ਸੀ, ਸਨ, ਸੀਗੇ ॥

**ਆਹੋ,** ਅਵਃ—ਹਾਂ, ਠੀਕ, ਇਵੇਂ ਹੀ ॥

**ਆਕੜਾ,** ਵਿਃ—ਕਰੜਾ (ਆਟਾ ਆਦਿਕ) ॥

**ਆਕੜ,** ਸਃ—ਵੱਟ, ਐਂਠ, ਘਮੰਡ, ਸ਼ੇਖ਼ੀ, ਅਭਿਮਾਨ, ਹੰਕਾਰ ॥

**ਆਕੜ ਆਕੜ ਬਹਿਣਾ,** ਕ੍ਰਿਃ—ਅਭਿਮਾਨ ਕਰਨਾ, ਲੋਕਾਂ ਦੇ ਸਾਮ੍ਹਣੇ ਆਪਣੇ ਆਪ ਨੂੰ ਵੱਡਾ ਜ਼ਾਹਰ ਕਰਨਾ ।

**ਆਕੜ ਆਕੜ ਕੇ ਫਿਰਨਾ,** ਅਹੰਕਾਰ ਨਾਲ ਚਲਣਾ, ਆਪਣੇ ਜੇਹਾ ਕਿਸੇ ਨੂੰ ਨਾ ਸਮਝਣਾ ।

**ਆਕੜ ਖਾਂ, ਆਕੜ ਬਾਜ,** ਪੁਃ—ਅਾ ਸਃ—ਬਾਕਾ, ਘਮੰਡੀ ਮਰਦ, ਬਾਕੀ ਤ੍ਰੀਮਤ ॥
ਵਿਃ—ਘਮੰਡੀ, ਅਭਿਮਾਨੀ ॥

**ਆਕੜ ਭੱਜਣੀ,** ਕ੍ਰਿਃ—ਹੰਕਾਰ ਦੂਰ ਹੋਣਾ ॥

**ਆਕੜ ਭੰਨ ਸੁੱਟਣੀ,** ਕ੍ਰਿਃ—ਹੰਕਾਰ ਤੋੜਨਾ, ਘਮੰਡ ਦੂਰ ਕਰਨਾ ।

**ਆਕੜਣਾ,** ਕ੍ਰਿਃ—ਐਂਠਣਾ, ਮਰੋੜਨਾ, ਤੜਫਣਾ (ਹੱਥਾਂ ਪੈਰਾਂ ਆਦਿਕਾਂ ਦਾ) ਸਖਤ ਹੋਣਾ, ਹੰਕਾਰ ਕਰਨਾ, ਅਭਿਮਾਨ ਨਾਲ ਤੁਰਨਾ, ਸੁੱਤਿਆਂ ਉਠ ਕੇ ਸੁਸਤੀ ਲਾਹੁਣ ਲਈ ਸਰੀਰ ਨੂੰ ਤਾਨਣਾ ॥ ਸਾਹਮਣਾ ਕਰਨਾ, ਝਗੜਨਾ, ਲੜਨਾ, ਦੂ ਬਦੂ ਹੋਣਾ ॥

**ਆਕਾਸ,** ਪੁਃ—'ਅਕਾਸ' ਵੇਖੋ ॥

**ਆੱਕ੍ਰਾ ਬੱਕਾ,** ਪੁਃ—ਬਾਲਾਂ ਦਾ ਬਣਾਇਆ ਹੋਇਆ ਮਿੱਟੀ ਦਾ ਖਡੌਣਾ ॥
ਕੁਹਜਾ ਮਨੁੱਖ ॥

**ਆਕਾਰ,** ਪੁਃ—ਸ਼ਕਲ, ਸੂਰਤ, ਬਣਾਉਟ, ਰੂਪ, ਮੂਰਤ, ਪਿਰਤਮਾ, ਸੈਨਤ, ਨਿਸ਼ਾਨੀ, ਪਤਾ ।

Digitized by Panjab Digital Library | www.panjabdigilib.org

**ਆਕੀ,** ਵਿ:—ਸਾਹਮਣਾ ਕਰਨ ਵਾਲਾ, ਅਧੀਨ ਨਾ ਹੋਣ ਵਾਲਾ, ਜ਼ਿੱਦੀ, ਹਠੀ, ਮੱਲ ਮਾਰ ਕੇ ਬੈਠਾ ਹੋਇਆ, ਆਪ ਹੁਦਰਾ, ਆਖੇ ਨਾ ਲੱਗਣ ਵਾਲਾ, ਅੜਨ ਵਾਲਾ ।
ਪੁ:—ਰਾਜੇ ਦਾ ਵਿਰੋਧੀ ।

**ਆਕੀ ਹੋਣਾ,** ਕ੍ਰਿ:—ਵਿਰੋਧ ਕਰਨਾ ।

**ਆਕੀ ਠਾਣਾ,** ਪੁ:—ਆਕੀ ਆਦਮੀਆਂ ਦਾ ਅੱਡਾ ॥

**ਆਕੀ ਠਾਣਾ ਪਾਉਣਾ,** ਕ੍ਰਿ:—ਆਕੀ ਮਨੁੱਖਾਂ ਲਈ ਅੱਡਾ ਥਾਪਣਾ ॥

**ਆਖਣਾ,** ਕ੍ਰਿ:—ਕਹਿਣਾ, ਦੱਸਣਾ, ਹੁਕਮ ਦੇਣਾ ॥

**ਆਖਤ,** ਸ:—ਆਖੀ ਹੋਈ ਗੱਲ, ਅਖੌਤ, ਬਚਨ, ਬੋਲ ॥

**ਆਖਰ,** ਪ:—ਓੜਕ, ਛੇਕੜ, ਅੰਤ, ਮੌਤ ।
ਸ:—ਛੇਕੜਲਾ ਦਿਨ, ਪਰਲੋ, ਕਿਆਮਤ ।
ਕ੍ਰਿ-ਵਿ:—ਓੜਕ ਨੂੰ, ਅੰਤ ਨੂੰ, ਛੇਕੜ ।

**ਆਖਰ ਆਉਣਾ**
**ਆਖਰ ਆਉਣੀ** } ਕ੍ਰਿ:—ਗਰਮੀ, ਸਰਦੀ, ਉਪੱਦਰ, ਅਨਿਆਉਂ, ਜ਼ੁਲਮ ਯਾ ਬੇ ਰਹਮੀ ਦੀ ਹੱਦ ਹੋ ਜਾਣੀ ।

**ਆਖ਼ਰ ਹੋਣਾ** ਕ੍ਰਿ:—ਮੁੱਕ ਜਾਣਾ, ਅੰਤ ਆਉਣਾ, ਮਰ ਜਾਣਾ, ਸੁਆਸ ਦੇਣੇ ।

**ਆਖ਼ਰ ਢੁੱਕਣਾ**
**ਆਖ਼ਰ ਢੁੱਕਣੀ** } ਕ੍ਰਿ:—ਜ਼ੁਲਮ ਕਰਨਾ, ਸਖ਼ਤੀ ਕਰਨਾ ॥

**ਆਖ਼ਰੀ,** ਵਿ:—ਛੇਕੜਲਾ, ਅੰਤ ਦਾ, ਪਿਛਲਾ, ਸਭ ਤੋਂ ਦੂਰ, ਇਸ ਤੋਂ ਪਹਿਲਾ ।

**ਆਖਰੀ ਚਾਰ ਸ਼ੰਬਾ,** ਪੁ:—ਮੁਸਲਮਾਨਾਂ ਦਾ ਇਕ ਤਿਉਹਾਰ ਜੋ ਵਡੇ ਦੇ ਵਡੇ ਸਫ਼ਰ ਦੇ ਮਹੀਨੇ ਵਿੱਚ ਛੇਕੜਲੇ ਬੁਧ ਵਾਰ ਮਨਾਇਆ ਜਾਂਦਾ ਹੈ । ਉਸ ਦਿਨ ਉਨ੍ਹਾਂ ਦੇ ਪੈਗੰਬਰ ਸਾਹਬ ਬੜੀ ਭਾਰੀ ਬਿਮਾਰੀ ਪਾਕੇ ਉੱਠੇ ਸਨ ਅਤੇ ਪਹਿਲੇ ਪਹਿਲ ਬਾਹਰ ਜਾਣ ਜੋਗੇ ਹੋਏ ਸਨ ॥

**ਆਖਾ**
**ਆੱਖਿਆ** } ਪੁ:—ਆਖੀ ਹੋਈ ਗੱਲ, ਆਗਿਆ, ਹੁਕਮ, ਬਚਨ, ਬੋਲ, ਬੁਝਾਰਤ ॥

**ਆਖ਼ੀਰ,** ਪੁ:—'ਆਖ਼ਰ' ਵੇਖੋ ॥

**ਆਖ਼ੀਰੀ,** ਵਿ:—'ਅਖ਼ੀਰੀ' ਵੇਖੋ ।

**ਆਗ,** ਪੁ:-ਯਾ ਸ:—ਗੰਨੇ ਦਾ ਉਪਰਲਾ ਹਿੱਸਾ, ਅੱਗ

**ਆਗਤ,** ਸ:—ਆਉਣਾ, ਪਹੁੰਚਣਾ, ਆਮਦਨ, ਕਮਾਈ, ਆਦਰ ਭਾਉ, ਖ਼ਾਤਰ, ਸਲੂਕ, ਲਿਹਾਜ਼ ।

**ਆਗਤ ਹੋਣਾ,** ਕ੍ਰਿ:—ਰਕਮ ਵਸੂਲ ਹੋਣਾ, ਰੁਪਇਆ ਆਉਣਾ ॥

**ਆਗਤ ਕਰਨਾ,** ਕ੍ਰਿ:—ਰਕਮ ਵਸੂਲ ਕਰਨਾ, ਰੁਪਇਆ ਲੈਣਾ ਜਾਂ ਲੈਕੇ ਵਹੀ ਵਿੱਚ ਚੜ੍ਹਾ ਲੈਣਾ ।

**ਆਗਤ ਪੈਣਾ,** ਕ੍ਰਿ:—ਮਨ ਭਾਉਂਦਾ ਹੋਣਾ ॥

**ਆਗਤ ਭਾਗਤ,** ਸ:—ਆਦਰ ਭਾਉ, ਖ਼ਾਤਰ, 'ਜੀ ਆਇਆਂ ਨੂੰ' ਕਹਿਣਾ ।

**ਆਗਤ ਭਾਗਤ ਕਰਨਾ**
**ਆਗਤ ਭਾਗਤ ਕਰਨੀ** } ਕ੍ਰਿ:—ਆਦਰ ਭਾਉ ਕਰਨਾ, ਖ਼ਾਤਰ ਕਰਨੀ, ਆਏ ਨੂੰ ਸਿਰ ਤੇ ਚੁੱਕਣਾ ।

**ਆਗਨੇਯ,** ਵਿ:—ਦੱਖਣ ਅਤੇ ਪੂਰਬ ਦੇ ਵਿਚਲਾ ਪਾਸਾ ॥

**ਆਗਾ,** ਪੁ:—ਸੋਨੇ ਚਾਂਦੀ ਨੂੰ ਅੱਗ ਵਿੱਚ ਪਾਕੇ ਸਾਫ਼ ਕਰਨ ਦਾ ਕੰਮ ॥

Digitized by Panjab Digital Library | www.panjabdigilib.org

**ਆਗ੍ਯਾ** / **ਆਗਿਆ** } ਸਃ—ਹੁਕਮ, ਫ਼ਰਮਾਨ, ਬਚਨ, ਆ-ਖਿਆ, ਛੁੱਟੀ, ਅਖਤਿਆਰ, ਅਦੇਸ਼ ॥

**ਆਗ੍ਯਾ ਕਰਨਾ** / **ਆਗਿਆ ਕਰਨਾ** } ਕ੍ਰਿਃ—ਹੁਕਮ ਦੇਣਾ, ਛੁੱਟੀ ਦੇਣਾ ॥

**ਆਗ੍ਯਾ ਕਾਰ** / **ਆਗਿਆ ਕਾਰ** } ਵਿਃ—ਹੁਕਮ ਮੰਨਣ ਵਾਲਾ, ਤਾਬਿਆ ॥

**ਆਗ੍ਯਾ ਕਾਰੀ** / **ਆਗਿਆ ਕਾਰੀ** } ਸਃ—ਹੁਕਮ ਮੰਨਣਾ, ਆਖੇ ਲੱਗਣਾ ॥
ਵਿਃ—ਹੁਕਮ ਮੰਨਣ ਵਾਲਾ ।

**ਆਗ੍ਯਾ ਪੱਤ੍ਰ** / **ਆਗਿਆ ਪੱਤ੍ਰ** } ਪੁਃ—ਹੁਕਮ ਨਾਮਾ, ਵਰੰਟ, ਫ਼ਰਮਾਨ ।

**ਆਗ੍ਯਾ ਪਾਲਣਾ** / **ਆਗਿਆ ਪਾਲਣਾ** } ਕ੍ਰਿਃ—ਬਹੁਤ ਚਿਰ ਤਕ ਹੁਕਮ ਮੰਨਦੇ ਰਹਿਣਾ ।

**ਆਗ੍ਯਾ ਭੰਗ** / **ਆਗਿਆ ਭੰਗ** } ਸਃ—ਹੁਕਮ ਅਦੂਲੀ, ਕਿਹਾ ਨਾਂ ਮੰਨਣਾ ॥

**ਆਗ੍ਯਾ ਮੰਨਣਾ** / **ਆੱਗਿਆ ਮੰਨਣਾ** } ਕ੍ਰਿਃ—ਹੁਕਮ ਬਜਾਉਣਾ, ਤਾਬਿਆਦਾਰੀ ਕਰਨਾ, ਆਖੇ ਲੱਗਣਾ ॥

**ਆਗ੍ਯਾ ਮਾਨ** / **ਆੱਗਿਆ ਮਾਨ** } ਵਿਃ—'ਆਗਿਆ ਕਾਰ' ਵੇਖੋ ।

**ਆਗ੍ਯਾ ਵਿੱਚ ਰਹਿਣਾ** / **ਆੱਗਿਆ ਵਿੱਚ ਰਹਿਣਾ** } ਕ੍ਰਿਃ—'ਆੱਗਿਆ ਮੰਨਣਾ' ਵੇਖੋ ॥

**ਆਗ੍ਯਾ ਵਿੱਚ ਰੱਖਣਾ** / **ਆੱਗਿਆ ਵਿੱਚ ਰੱਖਣਾ** } ਕ੍ਰਿਃ—ਅਖਤਿਆਰ ਵਿੱਚ ਰੱਖਣਾ, ਹੁਕਮ ਚਲਾਉਣਾ ॥

**ਆਗ੍ਯਾ ਵਿੱਚ ਲਾਉਣਾ** / **ਆੱਗਿਆ ਵਿੱਚ ਲਾਉਣਾ** } ਕ੍ਰਿਃ— ਆਪਣੇ ਅਖਤਿਆਰ ਵਿਚ ਲਿਆਉਣਾ, ਵੱਸ ਵਿੱਚ ਕਰਨਾ, ਹੁਕਮ ਮਨਾਉਣਾ ॥

**ਆਗੂ**, ਪੁਃ—ਅੱਗੇ ਲੱਗਣ ਵਾਲਾ, ਰਾਹ ਵਿਖਾਉਣ ਵਾਲਾ, ਮੋਹਰੀ ।
ਕ੍ਰਿ, ਵਿਃ—ਅੱਗੇ, ਮੋਹਰੇ, ਇੱਥੋਂ ਤੱਕ ॥

**ਆਗੂ ਪੈਣਾ** / **ਆਗੂ ਲੈਣਾ** } ਕ੍ਰਿਃ—ਅਗੇ ਸਾਲਾ, ਖੁਸ਼ਾਮਦ ਕਰਨਾ, ਮਿੱਠੀਆਂ ਮਿੱਠੀਆਂ ਗੱਲਾਂ ਕਰ ਕੇ ਕੰਮ ਲੈਣਾ ॥

**ਆਚਮਨ**, ਪੁਃ—ਚੁਲੀ ਨਾਲ ਪਾਣੀ ਪੀਣਾ ॥

**ਆਚਰਣ**, ਪੁਃ— / **ਆਚਾਰ**, ਪੁਃ— } 'ਅਚਾਰ' ਵੇਖੋ ॥

**ਆਚਾਰ ਵੰਤ**, ਪੁਃ / **ਆਚਾਰ ਵੰਤੀ**, ਸਃ } 'ਅਚਾਰੀ' ਵੇਖੋ ॥

**ਆਚਾਰੀ**, ਪੁਃ—'ਅਚਾਰੀ' ਵੇਖੋ ॥

**ਆਛਾ**, ਵਿਃ—ਚੰਗਾ, ਖਰਾ ॥

**ਆਜਜ਼** / **ਆਜਜ** } ਵਿਃ—ਗਰੀਬ, ਅਧੀਨ, ਨਿਮਾਣਾ ਕਮਜ਼ੋਰ ਥੱਕਿਆ ਹੋਇਆ, ਕੰਮੋਂ ਰਿਹਾ ਹੋਇਆ, ਅਨਾਥ (ਹੋਣਾ, ਕਰਨਾ) ॥

**ਆਜਜ਼ੀ**, ਸਃ—ਕਮਜ਼ੋਰੀ, ਹਲੀਮੀ, ਗਰੀਬੀ, ਅਧੀਨਗੀ, ਬੇਨਤੀ, ਮਿਨਤ, ਉਦਾਸੀ, (ਕਰਨਾ) ॥

**ਆਜੜੀ**, ਪੁਃ—ਭੇਡਾਂ ਯਾ ਬਕਰੀਆਂ ਚਾਰਨ ਵਾਲਾ ॥

**ਆ ਜਾਣਾ**, ਕ੍ਰਿਃ—ਆਉਣਾ, ਅੱਪੜਨਾ, ਹੋਣਾ, ਭਾਣਾ ਵਰਤਣਾ ॥

**ਆਜ਼ਾਦ**, ਵਿਃ—ਜਿਸ ਨੂੰ ਆਜ਼ਾਦੀ ਯਾ ਖੁੱਲ੍ਹ ਹੋਵੇ, ਸੁਤੰਤ੍ਰ ॥

**ਆਜ਼ਾਦੀ**, ਸਃ ਖੁਲ੍ਹ, ਸੁਤੰਤ੍ਰਤਾ, ਆਪਣੀ ਮਰਜ਼ੀ ਤੇ ਚਲਣਾ ॥

**ਆਜੀਉਕਾ**, ਸਃ—'ਅਜੀਉਕਾ' ਵੇਖੋ ।

**ਆਂਝਲ**, ਸਃ—ਖੂਨ ਦਾ ਸਦਾ, ਜਿਸ ਖੂਨ ਦਾ ਰੰਬੜ ਜਾਣਾ, ਬਿਮਾਰੀ ॥

**ਆਂਝੂ**, ਪੁਃ—'ਅੰਝੂ' ਵੇਖੋ ।

Digitized by Panjab Digital Library / www.panjabdigilib.org

**ਆਂਟ**
**ਆਂਟ ਸਾਂਟ** } ਸ਼ਃ—ਗੰਢ, ਸਾਂਝ, ਸਰਬੰਧ, ਭਿਆਲੀ, ਮੇਲ ਗੇਲ, ਏਕਾ, ਦੁਸਮਣਾਂ ਦੇ ਮਿਲਣ ਦਾ ਵੇਲਾ ਅਤੇ ਬਾ ਠਹਿਰਾਉਣਾ ॥

**ਆਂਟ ਲੱਗਣੀ,** ਕ੍ਰਿਃ—ਘਾਣਾ ਪੈਣਾ, ਬਾਜ਼ ਲੱਗਣੀ, ਪੇਚ ਫਿਰ ਆਉਣਾ, ਫਸ ਜਾਣਾ, ਸਾਂਝ ਹੋਣੀ।

**ਆਂਟ ਲਾਉਣੀ,** ਕ੍ਰਿਃ—ਗੰਢ ਪਾਉਣੀ, ਬਾਜ਼ ਲਾਉਣੀ, ਸਰਬੰਧ ਮੇਲਣਾ ॥

**ਆਟਾ,** ਪੁਃ—ਚੱਕੀ, ਖਰਾਸ ਜਾਂ ਘਰਾਟ ਦਾ ਪੀਠਾ ਹੋਇਆ ਅਨਾਜ ਆਦਿਕ।
ਵਿਃ—ਪੀਸਿਆ ਹੋਇਆ, ਗਲਿਆ ਸੜਿਆ।

**ਆਟਾ ਹੋਣਾ,** ਕ੍ਰਿਃ—ਗਲ ਸੜ ਜਾਣਾ।

**ਆਟਾ ਖਰਾਬ ਹੋਣਾ,** ਕ੍ਰਿਃ—ਦੁਰਗਤ ਹੋਣੀ, ਨਿਰਾਦਰੀ ਹੋਣੀ, ਮੰਦਾ ਹਾਲ ਹੋਣਾ ॥

**ਆਟੇ ਵਿੱਚ ਲੂਣ,** ਪੁਃ—ਥੋੜਾ ਜੇਹਾ, ਬਹੁਤ ਥੋੜਾ, ਕਿਸੇ ਗਿਣਤੀ ਵਿੱਚ ਨਹੀਂ।

**ਆਠਰਨਾ,** ਕ੍ਰਿਃ—ਕਝ ਕੁਝ ਸੁੱਕ ਜਾਣਾ ॥

**ਆਠਾ,** ਪੁਃ—ਅੱਠ ਦਾ ਅੰਗ, ੮। ਅੱਠਾਂ ਦੀ ਰਕਮ।

**ਆਠਾਨੀ,** ਸਃ—'ਅਠਿਆਨੀ' ਵੇਖੋ ॥

**ਆਡ,** ਸਃ—ਬਾਗ ਦੀ ਮੋਰੀ, ਚਲਣ ਦਾ ਪਾਣੀ ਵੱਗਣ ਵਾਲੀ ਨਾਲੀ ॥ ਓਲ੍ਹਾ, ਬਚਾਉ, ਟੇਕ, ਮੱਥੇ ਦੀ ਕਾਰ ਜਾਂ ਰੇਖਾ।

**ਆਡ ਖਾਲਣਾ,** ਕ੍ਰਿਃ—ਪਾਣੀ ਦੀ ਆਡ ਜਾਂ ਨਾਲੀ ਸਾਫ ਕਰਨਾ ॥

**ਆਂਡ,** ਸਃ—ਨਲ, ਪਤਾਲੂ, ਕੀੜਿਆਂ ਦੇ ਆਂਡੇ ॥

**ਆਂਡ ਫੁੱਟਣੀ,** ਕ੍ਰਿਃ—ਆਂਡਿਆਂ ਵਿੱਚੋਂ ਬਹੁਤ ਸਾਰੇ ਕੀੜੇ ਨਿਕਲਕੇ ਪਰਗਟ ਹੋਣੇ ॥

**ਆਡਾ,** ਵਿਃ—ਟੇਢਾ, ਵਿੰਗਾ।

**ਆਂਡਾ,** ਪੁਃ—ਅੰਡਾ, ਇੱਕ ਗੋਲ ਜੇਹੀ ਚੀਜ਼ ਜਿਸ ਉੱਪਰ ਛਿਲਕ ਹੁੰਦਾ ਹੈ ਜਿਸ ਵਿੱਚੋਂ ਪੰਖੇਰੂ ਆਦਿਕ ਦਾ ਬੱਚਾ ਨਿਕਲਦਾ ਹੈ ॥

**ਆਡੰਬਰ,** ਪੁਃ
**ਆਡੰਬਰਣ,** ਸਃ
**ਆਡੰਬਰੀ,** ਪੁਃ } 'ਅਡੰਬਰ' ਆਦਿਕ ਵੇਖੋ।

**ਆਡਰ,** ਪੁਃ—'ਆਰਡਰ' ਵੇਖੋ ॥

**ਆਂਢ ਗੁਆਂਢ,** ਪੁਃ—ਪੜੋਸ, ਆਸ ਪਾਸ ਦੀ ਥਾਂ ਜਾਂ ਲੋਕ, ਹਮਸਾਏ ॥

**ਆਂਢ ਸਾਂਢ ਗੰਢਣੀ,** ਕ੍ਰਿਃ—ਮੇਲ ਕਰਨਾ, ਸਾਝ ਕਰਨਾ

**ਆਢਾ,** ਪੁਃ—ਵੈਰ, ਝਗੜਾ, ਵਿਖਾਧ।

**ਆਢਾ ਡਹੁਣਾ**
**ਆਢਾ ਲਾਉਣਾ** } ਕ੍ਰਿਃ—ਝਗੜਾ ਪਾਉਣਾ, ਵੈਰ ਕਰਨਾ, ਸਾਹਮਣਾ ਕਰਨਾ।

**ਆਢਾ,** ਪੁਃ—ਮਾਪ, ਜਾਚ, ਪਰਖ, ਪਰੀਛਿਆ ॥

**ਆਂਢਾ ਸਾਂਢਾ,** ਪੁਃ—ਸਾਂਝ, ਸਰਬੰਧ, ਭਿਆਲੀ, ਏਕਾ ॥

**ਆਣ,** ਸਃ—'ਆਨ' ਵੇਖੋ।

**ਆਤ,** ਸਃ—ਅੰਦਰ ॥

**ਆਤਸ਼ ਬਾਜ ਅਤੇ ਆਤਸ ਬਾਜੀ,** 'ਅਸਤ ਬਾਜ' ਅਤੇ 'ਅਸਤ ਬਾਜੀ' ਵੇਖੋ ॥

**ਆਤਸ਼ੀ ਸ਼ੀਸ਼ਾ,** ਪੁਃ—ਇਕ ਤਰ੍ਹਾਂ ਦਾ ਸ਼ੀਸ਼ਾ ਜਿਸ ਵਿਚੋਂ ਛੋਟੀਆਂ ਚੀਜ਼ਾਂ ਵੱਡੀਆਂ ਦਿਸਦੀਆਂ ਹਨ ॥

Digitized by Panjab Digital Library | www.panjabdigilib.org

**ਆਤਸ਼ੀ ਸ਼ੀਸ਼ੀ,** ਸਃ—ਚੰਗੀ ਤਰ੍ਹਾਂ ਪਕਾ ਕੇ ਬਣਾਈ ਹੋਈ ਕੱਚ ਦੀ ਸ਼ੀਸ਼ੀ ॥

**ਆਤਮ ਹੱਤਿਆ,** ਸਃ—ਆਪਣੇ ਆਪ ਨੂੰ ਮਾਰ ਛੱਡਣਾ, ਅਫੀਮ ਆਦਿਕ ਖਾਕੇ ਜਾਂ ਖੂਹ ਤਲਾ ਆਦਿਕ ਵਿੱਚ ਡੁੱਬਕੇ ਆਪਣੀ ਮਰਜ਼ੀ ਨਾਲ ਮਰਨਾ ॥

**ਆਤਮਕ,** ਵਿਃ—ਆਤਮਾ ਦਾ (ਸਰੀਰ ਦਾ ਨਹੀਂ)॥

**ਆਤਮਕ ਵਿਦਯਾ,** ਸਃ—ਉਹ ਵਿਦਯਾ ਜਿਸ ਵਿਚ ਆਤਮਾ ਪਰਮਾਤਮਾ ਦਾ ਵਰਣਨ ਹੋਵੇ, ਬ੍ਰਹਮ ਵਿਦਯਾ ।

**ਆਤਮਾ,** ਪੁਃ—ਰੂਹ, ਜੀਵ, ਬੋਲਣ ਵਾਲਾ, ਭੌਰ ਚਿੱਤ, ਮਨ, ਬੁੱਧ ॥

**ਆਤਮਾ ਪਰਮਾਤਮਾ,** ਪੁਃ—ਪਰਮੇਸ਼ੁਰ ।

**ਆਤਮਾ ਰਾਮ,** ਪੁਃ—ਜੀਵ, ਰੂਹ, ਦੇਹ ਨੂੰ ਚੇਤੰਨ ਰੱਖਣ ਵਾਲਾ ਤੱਤ ॥

**ਆਤਰ,** ਵਿਃ—ਦੁਖੀ, ਦੀਨ, ਲੋੜ ਵੰਦ ( ਹੋਣਾ, ਹੋ ਜਾਣਾ )॥

**ਆਂਤੜੀ,** ਸਃ—ਆਂਦਰ, ਆਂਤ ॥

**ਆਥਣ** }
**ਆਥੁਣ** } ਪੁਃ—ਪੱਛਮ, ਜਿਸ ਪਾਸੇ ਸੂਰਜ ਡੁਬਦਾ ਹੈ, ਲਹਿੰਦਾ । ਤ੍ਰਿਕਾਲਾਂ ਵੇਲਾ ।

**ਆਥਣਣਾ,** ਕ੍ਰਿਃ—(ਸੂਰਜ ਦਾ) ਅਸਤ ਹੋਣਾ ।

**ਆਦ,** ਪੁਃ—ਅਰੰਭ, ਸ਼ੁਰੂ, ਮੁਢ, ਪਹਿਲਾ, ਮੁਖੀਆ, ਅਗਲੇ ਸਮੇਂ ਦਾ ॥

**ਆਦ ਅੰਤ,** ਪੁਃ—ਪਹਿਲਾ ਅਤੇ ਪਿਛਲਾ, ਮੁੱਢ ਅਤੇ ਛੇਕੜ, ਸਿਰ ਤੋਂ ਪੈਰਾਂ ਤੀਕਰ, ਸਾਰਾ॥

**ਆਦ ਗ੍ਰੰਥ,** ਪੁਃ—ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਜਿਸ ਵਿੱਚ ਗੁਰੂ ਗੋਬਿੰਦ ਸਿੰਘ ਤੋਂ ਪਹਿਲੇ ਗੁਰੂਆਂ ਅਤੇ ਭਗਤਾਂ ਦੀ ਬਾਣੀ ਹੈ ਸਿੱਖਾਂ ਦਾ ਧਰਮ ਪੁਸਤਕ ॥

**ਆਦ ਜੁਗਾਦ,** ਵਿਃ—ਪਰੰਪਰਾ ਤੋਂ, ਸਨਾਤਨ, ਪਰਮੇਸ਼ਰ ਦਾ ਗੁਣ ॥

**ਆਦ ਪੁਰਖ,** ਪੁਃ—ਜਗਤ ਦਾ ਪਹਿਲਾ ਕਾਰਣ, ਅਕਾਲ ਪੁਰਖ, ਪਰਮੇਸ਼ਰ, ਕਰਤਾਰ ॥

**ਆਦਕ,** ਵਿਃ—'ਆਦਿਕ' ਵੇਖੋ ॥

**ਆਦਤ,** ਸਃ—ਹੇਲਤ, ਵਾਦੀ, ਸੁਭਾਉ, ਰੀਤ, ਵਰਤਾਰਾ, ਦਸਤੂਰ ॥

**ਆਦਤ ਕਰਨਾ** }
**ਆਦਤ ਪਾਉਣਾ** } ਕ੍ਰਿਃ ਕੋਈ ਕੰਮ ਬਾਰੰਬਾਰ ਕਰਕੇ ਉਸ ਨੂੰ ਆਪਣੀ ਹੇਲਤ ਬਣਾ ਲੈਣਾ, ਦੂਏ ਨੂੰ ਕਿਸੇ ਕੰਮ ਦੀ ਵਾਦੀ ਪਾ ਦੇਣੀ॥

**ਆਦਤ ਪੈ ਜਾਣੀ,** ਕ੍ਰਿਃ—ਕਰਦਿਆਂ ਕਰਦਿਆਂ ਕਿਸੇ ਕੰਮ ਦੀ ਵਾਦੀ ਪੈ ਜਾਣੀ॥

**ਆਦਮ,** ਪੁਃ—ਆਦਮੀ । ਪਹਿਲਾ ਮਨੁੱਖ (ਮੁਸਲਮਾਨ ਅਤੇ ਈਸਾਈ ਇਹ ਮੰਨਦੇ ਹਨ ਕਿ ਸੰਸਾਰ ਵਿਚ ਜਿਨੇ ਮਨੁਖ ਹਨ ਉਹ ਆਦਮ ਦੀ ਉਲਾਦ ਹਨ)॥

**ਆਦਮ ਹੱਵਾ,** ਪੁਃ—ਅਤੇ ਸਃ—ਪਹਿਲਾ ਮਰਦ ਅਤੇ ਪਹਿਲੀ ਤ੍ਰੀਮਤ ਜਿਨ੍ਹਾਂ ਤੋਂ ਸਾਰੀ ਖਲਕਤ ਦਾ ਹੋਣਾ ਮੰਨਿਆ ਜਾਂਦਾ ਹੈ ॥

**ਆਦਮ ਕੱਠਾ ਹੋਣਾ,** ਕ੍ਰਿਃ—ਲੋਕਾਂ ਦੀ ਭੀੜ ਲੱਗ ਜਾਣੀ ॥

**ਬਾਵੇ ਆਦਮ ਦੇ ਵੇਲੇ ਦੀ ਚੀਜ਼,** ਸਃ ਬਹੁਤ ਪੁਰਾਣੀ ਚੀਜ਼, ਉਹ ਚੀਜ਼ ਜਿਸ ਨੂੰ ਪੁਰਾਣੇ ਸਮੇਂ ਵਿੱਚ ਵਰਤਦੇ ਸਨ ॥

Digitized by Panjab Digital Library | www.panjabdigilib.org

**ਆਦਮੀ,** ਪੁ:—ਆਦਮ ਦੀ ਉਲਾਦ, ਮਨੁੱਖ(ਮਰਦ ਜਾਂ ਤ੍ਰੀਮਤ), ਜਣਾ, ਲੋਕ, ਨੌਕਰ, ਜੁਆਨ, ਸਿਆਣਾ ਜਾਂ ਅਮਾਨਦਾਰ ਮਨੁੱਖ ॥

**ਆਦਮੀ ਨਹੀਂ ਮਿਲਦਾ,** ਅਮਾਨ ਦਾਰ ਮਨੁੱਖਾਂ ਦੀ ਥੁੜ ਹੈ, ਨੌਕਰ ਨਹੀਂ ਲਭਦਾ ।

**ਉਹ ਦਾ ਆਦਮੀ ਨੱਠ ਗਇਆ,** ਉਹ ਦਾ ਨੌਕਰ ਚੋਰੀ ਨਿਕਲ ਗਇਆ ।

**ਆਦਮੀ ਹੋ ਜਾਣਾ**
**ਆਦਮੀ ਹੋਣਾ** } ਕ੍ਰਿ:—ਜੁਆਨ ਹੋਣਾ, ਅਕਲ ਸਿੱਖਣੀ, ਸੁਰਤ ਸੰਭਾਲਣੀ ।

**ਆਦਮੀ ਬਣਨਾ,** ਕ੍ਰਿ:—ਮੱਤ ਆਉਣੀ, ਖੋਟੀ ਚਾਲ ਛੱਡਕੇ ਚੰਗੀ ਫੜਨੀ ॥

**ਆਦਮੀ ਬਣਾਉਣਾ,** ਕ੍ਰਿ:—ਚੰਗੀ ਮੱਤ ਦੇਣੀ, ਵਿੱਦਯਾ ਪੜ੍ਹਾਉਣੀ, ਚੰਗੇ ਚਲਨ ਸਿਖਾਉਣੇ ।

**ਆਦਰ,** ਪੁ:—ਮਾਨ, ਇੱਜ਼ਤ, ਲਿਹਾਜ਼, ਖ਼ਾਤਰ, ਆਗਤ ਭਾਗਤ, ਅਦਬ, ਗਰਧ, ਖੁਲਕ ॥

**ਆਦਰ ਕਰਨਾ**
**ਆਦਰ ਦੇਣਾ** } ਕ੍ਰਿ:—ਇੱਜ਼ਤ ਕਰਨੀ, ਅਦਬ ਕਰਨਾ, ਮਾਨ ਰਖਣਾ ।

**ਆਦਰ ਨਾਲ ਬਿਠਾਉਣਾ,** ਕ੍ਰਿ:—ਕਿਸੇ ਨੂੰ ਬਹਿਣ ਵਾਲੀ ਥਾਂ ਪੁਰ ਆਦਰ ਨਾਲ ਲਜਾ ਕੇ ਬਹਾਲਣਾ ॥

**ਆਦਰ ਨਾਲ ਲਿਆਉਣਾ**
**ਆਦਰ ਨਾਲ ਲੈ ਜਾਣਾ** } ਕ੍ਰਿ:—ਘਰ ਆਏ ਦੀ ਇੱਜ਼ਤ ਕਰਨ ਲਈ ਅੱਗਲ ਵਾਂਢੀ ਜਾਕੇ ਉਸ ਨੂੰ ਆਪਣੇ ਨਾਲ ਲਿਆਉਣਾ ਜਾਂ ਲੈ ਜਾਣਾ ॥

**ਆਦਰ ਪਾਉਣਾ,** ਕ੍ਰਿ:—ਇੱਜ਼ਤ ਹੋਣੀ, ਸੋਭਾ ਪਾਉਣਾ, ਗਰਧ ਹੋਣਾ ॥

**ਆਦਰ ਭਾ**
**ਆਦਰ ਭਾਉ** } ਪੁ:—ਖ਼ਾਤਰ ਦਾਰੀ, ਅਦਬ, ਸਤਕਾਰ ॥

**ਆਦਰ ਮਾਨ**
**ਮਾਨ ਆਦਰ** } ਪੁ:—ਆਦਰ ਭਾਉ ਇੱਜ਼ਤ, ਅਦਬ ।

**ਆਂਦਰ,** ਸ:—ਇੱਕ ਨਾਲੀ ਜੇਹੀ ਜੋ ਢਿੱਡ ਤੋਂ ਲੈਕੇ ਹੇਠਾਂ ਤਕ ਵਲੀ ਹੋਈ ਹੁੰਦੀ ਹੈ (ਸਰੀਰ ਦੀ ਗੰਦਗੀ ਆਂਦਰਾਂ ਦੀ ਰਾਹੀਂ ਥੱਲੇ ਜਾਕੇ ਹੇਠਲੇ ਛੇਕ ਵਿੱਚੋਂ ਬਾਹਰ ਨਿਕਲ ਜਾਂਦੀ ਹੈ । ਆਂਦਰਾਂ ਸੱਪ ਵਾਕਰ ਵਲ ਖਾਂਦੀਆਂ ਹਨ)॥ ਪਿਆਰ, ਮੋਹ, ਉਲਾਦ ॥

**ਆਂਦਰਾਂ ਕੁਰਲ ਕੁਰਲ ਹੋਣੀਆਂ(ਕਰਨੀਆਂ),** ਕ੍ਰਿ:—ਭੁਖ ਜਾਂ ਵੈਰ ਨਾਲ ਬਿਆਕੁਲ ਹੋਣਾ ॥

**ਆਂਦਰਾਂ ਦਾ ਆਪ**
**ਵਿੱਚ ਦੀ ਲੜਨਾ** } ਕ੍ਰਿ:—ਭੁੱਖ ਲਗੀ ਹੋਣੀ ॥

**ਆਂਦਰਾਂ ਦਾ ਵਿਹੜ,** ਪੁ:—ਬਾਲਕ, ਜਾਤਕ, ਨੀਂਗਰ

**ਆਦਲ,** ਵਿ:—ਅਦਲ ਕਰਨ ਵਾਲਾ, ਸੱਚਾ, ਨਿਆਂਈ, ਧਰਮੀ, ਖਰਾ ॥

**ਆਂਦੜੀ,** ਸ:—'ਆਂਦਰ' ਵੇਖੋ ॥

**ਆਦਿ,** ਵਿ:—'ਆਦ' ਵੇਖੋ ॥

**ਆਦਿ**
**ਆਦਿਕ** } ਪੁ: ਥਾ ਸ:—ਏਹੋ ਜੇਹੇ ਹੋਰ, ਜਿਹਾ ਕਿ 'ਪੰਡਤ ਆਦਿਕ, ਅਰਥਾਤ 'ਪੰਡਤ ਅਤੇ ਏਹ ਜੇਹੇ ਹੋਰ ਲੋਕ, ਵਗੈਰਾ ॥

**ਆਦੀ,** ਵਿ:—ਪੁਰਾਣਾ, ਕਦੀਮੀ, ਮੁਢ ਦਾ, ਪਹਿਲਾ, ਅਗਲਾ ॥

ਪੁ:—ਮੁੱਢ ਦਾ ਲਾਗੀ ॥

**ਆਦੀ ਝੁੱਗਾ,** ਪੁ:—ਕਮੀਨਾ ਢੱਕਰ ॥

Digitized by Panjab Digital Library | www.panjabdigilib.org

**ਆਦੇਸ,** ਪੁਃ—'ਅਦੇਸ' ਵੇਖੋ ।

**ਆਧਾਰ,** ਪੁਃ—'ਅਧਾਰ' ਵੇਖੋ ॥

**ਆਧੋ ਆਧ ਸੁਹਾ,** ਆਓ ਅਧਾ ਅੱਧਾ ਵੰਡ ਲਈਏ।

**ਆਨ,** ਸਃ—ਸ਼ਰਮ, ਲੱਜਿਆ, ਕਾਨ, ਹਯਾਉ, ਨਖ਼ਰਾ, ਦਿਖਾਵਾ।(ਰੱਖਣੀ, ਨਾਂ ਰੱਖਣੀ, ਪਾਲਣੀ)॥

**ਆਨ ਅਦਾ,** ਸਃ—ਸੈਲਤ, ਦਿਖਾਵਾ, ਢੰਗ, ਸ਼ਰਮ, ਹਯਾਉ ॥

**ਆਨ ਕਾਨ,** ਸਃ—ਸ਼ਰਮ ਹਯਾਉ ॥

**ਆਨੰਦ,** 'ਅਨੰਦ' ਵੇਖੋ ॥

**ਆਨੰਦੀ,** 'ਅਨੰਦੀ' ਵੇਖੋ ।

**ਆਨਣਾ,** ਕ੍ਰਿਃ—ਲਿਆਉਣਾ, ਨਾਲ ਲੈਕੇ ਆਉਣਾ ॥

**ਆਨ ਬੈਠਣਾ,** ਕ੍ਰਿਃ—ਆ ਬਹਿਣਾ ।

**ਆਨਰੇਬਲ,** ਵਿਃ—ਲਾਟ ਸਾਹਬ ਦੀ ਕੌਂਸਲ ਦੇ ਮਿੰਬਰ ਦੇ ਨਾਉਂ ਅਗੇ ਇਹ ਲਫ਼ਜ਼ ਆਉਂਦੀ ਹੈ, ਪਤਵੰਤਾ ।

**ਆਨਾ,** ਪੁਃ—ਚਾਰ ਪੈਸੇ, ਰੁਪਏ ਦਾ ਸੋਲ੍ਹਵਾਂ ਹਿੱਸਾ, ਅੱਖ ਦਾ ਡੇਲਾ ।

**ਆਨਾ ਬਹਾਨਾ,** ਪੁਃ—ਹੀਲਾ, ਉਜ਼ਰ ॥

**ਆੱਨਾ ਟੱਕਾ,** ਪੁਃ—ਥੋੜੇ ਜਿਹੇ ਪੈਸੇ ॥

**ਆਪ,** ਪੜਃ—ਖ਼ੁਦ, ਹੋਰ ਕੋਈ ਨਾਂ, ਤੁਸੀਂ, ਆਤਮਾ, ਜੀਵ, ਪਰਮੇਸ਼ੁਰ (ਲੋਕ ਆਇਆ ਆਪ, ਨਾਉਂ ਰਖਾਇਆ ਆਪ, ਨਾਵਾਂ ਅਤੇ ਪੜਨਾਵਾਂ ਦੇ ਪਿੱਛੇ ਲੱਗ ਕੇ ਉਨ੍ਹਾਂ ਦਾ ਜ਼ੋਰ ਵਧਾ ਦੇਂਦਾ ਹੈ ਜਿਹਾ ਕਿ 'ਰਾਜਾ ਆਪ ਆਇਆ' 'ਮੈਂ ਆਪ ਬੋਲਿਆ' 'ਉਹ ਆਪ ਪੜ੍ਹਾਉਂਦਾ ਹੈ, ਆਦਿਕ ॥

**ਆਪ ਸੁਆਰਥੀ** ਪੁਃ—ਆਪਣਾ ਕੰਮ ਕੱਢਣ ਵਾਲਾ ਮਨੁੱਖ, ਮਤਲਬੀ ॥

**ਆਪ ਹੁਦਰਾ,** ਵਿਃ—ਆਪਣੀ ਮਰਜ਼ੀ ਤੇ ਚੱਲਣ ਵਾਲਾ ॥

**ਆਪ ਬੀਤੀ,** ਸਃ—ਆਪਣੇ ਦੁਖਾਂ ਦੀ ਕਹਾਣੀ, ਆਪਣਾ ਪੁਰਾਣਾ ਹਾਲ ॥

**ਆਪ ਭਲਾ ਜੱਗ ਭਲਾ,** ਆਪ ਨੇਕ ਹੋਣ ਨਾਲ ਸੰਸਾਰ ਦੇ ਸਭ ਮਨੁੱਖ ਚੰਗੇ ਭਾਸਦੇ ਹਨ ਅਤੇ ਵੈਰ ਵਿਰੋਧ ਕਿਸੇ ਨਾਲ ਨਹੀਂ ਰਹਿੰਦਾ ॥

**ਆਪ ਮਰੇ ਜੱਗ ਪਰਲੋ,** ਆਪਣੇ ਮਰਨ ਨਾਲ ਜਾਣੋ ਸੰਸਾਰ ਨਸ਼ਟ ਹੋ ਗਿਆ ਅਰਥਾਤ ਸਭ ਕੁਝ ਆਪਣੇ ਜੀ ਨਾਲ ਹੀ ਹੈ। ਅਹੰਤਾ ਦੀ ਸਾਰੀ ਲੀਲਾ ਹੈ ॥

**ਆਪ ਮੁਹਾਂ,** ਕ੍ਰਿਃ ਵਿਃ—ਆਪੇ ਹੀ, ਕਿਸੇ ਦੇ ਕਹੇ ਬਾਝੋਂ ਹੀ ॥

**ਆਪ ਵਿੱਚ ਦੀ,** ਕ੍ਰਿਃ ਵਿਃ—ਇੱਕ ਦੂਜੇ ਨਾਲ (ਆਪ ਵਿੱਚ ਦੀ ਲੜ ਪਏ)।

**ਆਪਸ,** ਪੜਃ—ਇਕ ਦੂਜਾ ।

**ਆਪਸ ਵਿੱਚ**
**ਆਪਸ ਵਿੱਚ ਦੀ** } ਕ੍ਰਿਃ ਵਿਃ—ਇਕ ਦੂਜੇ ਨਾਲ ਆਪ ਵਿੱਚ ਦੀ ।

**ਆਪਸ ਵਿੱਚ ਰਹਿਣਾ,** ਕ੍ਰਿਃ—ਇਕੱਠੇ ਰਹਿਣਾ, ਵਹੁਟੀ ਗਭਰੂ ਵਾਕਰ ਰਹਿਣਾ।

**ਆਪਣਾ,** ਵਿਃ—ਆਪਣੇ ਆਪ ਦਾ, ਕਿਸੇ ਹੋਰ ਦਾ ਨਾ, ਖ਼ਾਸ, ਨਿਜ ।

ਪੁਃ—ਸਰਬੰਧੀ, ਦੇਹ, ਪਰਾਣ, ਮਿੱਤਰ, ਯਾਰ, ਪਿਆਰਾ, ਸੱਜਣ ।

**ਆਪਣਾ ਆਪਣਾ,** ਵਿਃ—ਹਰ ਇਕ ਦਾ ਆਪਣਾ, ਦੂਜੇ ਦਾ ਨਾ, ਖ਼ਾਸ, ਆਪੋ ਆਪਣਾ ॥

Digitized by Panjab Digital Library | www.panjabdigilib.org

**ਆਪਣਾ ਹੋਣਾ,** ਕ੍ਰਿ:—ਸੰਬੰਧ ਬਣ ਜਾਣਾ, ਹਿਤ ਕਰਨਾ, ਸਰਬੰਧੀਆਂ ਵਾਕਰ ਵਰਤਣਾ, ਕਿਸੇ ਦੇ ਵੱਸ ਵਿਚ ਹੋਣਾ

**ਆਪਣਾ ਕਰਕੇ,** ਕ੍ਰਿ: ਵਿ:—ਜਿਵੇਂ ਆਪਣਾ ਕੰਮ ਹੁੰਦਾ ਹੈ।

**ਆਪਣਾ ਕਰ ਲੈਣਾ,** ਕ੍ਰਿ:—ਕਿਸੇ ਚੀਜ਼ ਯਾ ਮਨੁੱਖ ਨੂੰ ਆਪਣੇ ਮਤਲਬ ਦਾ ਕਰ ਲੈਣਾ, ਮਾਲਕ ਬਣ ਬੈਠਣਾ, ਵੱਸ ਵਿੱਚ ਕਰ ਲੈਣਾ, ਆਪਣੀ ਵੱਲ ਕਰ ਲੈਣਾ, ਮੋਹ ਪਾਉਣਾ, ਆਪਣੇ ਅਧੀਨ ਕਰਨਾ॥

**ਆਪਣਾ ਕੀਤਾ ਪਾਉਣਾ,** ਕ੍ਰਿ:—ਜੇਹਾ ਕੰਮ ਆਪ ਕਰਨਾ ਤੇਹਾ ਫਲ ਪਾਉਣਾ॥

**ਆਪਣਾ ਪਰਾਇਆ**
**ਆਪਣਾ ਬਗਾਨਾ** } ਪੁ: ਸਬ ਜਣੇ, ਸਾਕ ਬਾਕ ਉਪਰੇ ਬੀ, ਸੱਜਣ ਬੀ ਵੈਰੀ ਬੀ॥

**ਆਪਣਾ ਬਣਾ ਲੈਣਾ,** ਕ੍ਰਿ:—'ਆਪਣਾ ਕਰ ਲੈਣਾ' ਵੇਖੋ॥

**ਆਪਣਾ ਰਾਗ ਗਾਉਣਾ,** ਕ੍ਰਿ:—ਆਪਣੀ ਵਡਿਆਈ ਆਪ ਕਰਨੀ, ਫੜ ਮਾਰਨਾ, ਆਪਣੀਆਂ ਹੀ ਗੱਲਾਂ ਕਰਨੀਆਂ, ਆਪਣੇ ਰੋਣੇ ਰੋਣਾ।

**ਆਪਣੀ ਆਪਣੀ ਜਗਾ**
**ਆਪਣੀ ਆਪਣੀ ਥਾਂ** } ਕ੍ਰਿ:—ਹਰੇਕ ਆਪਣੀ ਠੀਕ ਥਾਂ ਪੁਰ, ਜੇਹਾ ਜੇਹਾ ਮਨੁਖ ਤੇਹੀ ਤੇਹੀ ਥਾਂ, ਆਪਣੀ ਹਾਲਤ ਮੂਜਬ ਜਾਂ ਗੁਣਾਂ ਅਨੁਸਾਰ।

**ਆਪਣੀ ਆਪਣੀ ਪੈਣੀ,** ਕ੍ਰਿ:—ਹਰ ਕਿਸੇ ਨੂੰ ਆਪਣਾ ਫਿਕਰ ਹੋਣਾ ਅਤੇ ਦੂਏ ਦੀ ਪਰਵਾਹ ਨਾ ਹੋਣੀ, ਆਪਣੇ ਮਤਲਬ ਦਾ ਹੀ ਖਿਆਲ ਹੋਣਾ॥

**ਆਪਣੀ ਕਰਨੀ ਭਰਨੀ,** ਕ੍ਰਿ:—'ਆਪਣਾ ਕੀਤਾ ਪਾਉਣਾ' ਵੇਖੋ॥

**ਆਪਣੀ ਗਲੀ ਕੁੱਤਾ ਬੀ ਸ਼ੇਰ ਹੁੰਦਾ ਹੈ** } ਆਪਣੀ ਥਾਂ ਹਰ ਕੋਈ ਨਿਡਰ ਹੁੰਦਾ ਹੈ॥

**ਆਪਣੀ ਢਾਈ ਪਾ ਖਿਚੜੀ ਅਲਗ ਪਕਾਉਣੀ** } ਕ੍ਰਿ:—ਹੋਰਨਾਂ ਥੋਂ ਵਖਰੇ ਹੋਕੇ ਕੋਈ ਕੰਮ ਆਪਣੀ ਮਰਜ਼ੀ ਨਾਲ ਕਰਨਾ॥

**ਆਪਣੀ ਨੀਂਦ ਸੌਣਾ ਅਤੇ**
**ਆਪਣੀ ਨੀਂਦ ਉੱਠਣਾ** } ਕ੍ਰਿ:—ਸਭ ਕੰਮ ਆਪਣੇ ਅਖ਼ਤਿਆਰ ਹੋਣਾ, ਦੂਏ ਦੇ ਅਧੀਨ ਨਾਂ ਹੋਣਾ, ਚਿੰਤਾ ਫਿਕਰ ਨਾ ਹੋਣਾ।

**ਆਪਣੀ ਪੈ ਜਾਣੀ,** ਕ੍ਰਿ:—ਆਪਣਾ ਹੀ ਫਿਕਰ ਹੋਣਾ, ਦੂਏ ਦੀ ਪਰਵਾਹ ਨਾ ਹੋਣੀ॥

**ਆਪਣੀ ਮਾਰੇ ਜਾਣਾ,** ਕ੍ਰਿ:—'ਆਪਣਾ ਰਾਗ ਗਾਉਣਾ' ਵੇਖੋ।

**ਆਪਣੀ ਵੱਲੋਂ,** ਕ੍ਰਿ: ਵਿ:—ਆਪਣੇ ਪਾਸਿਓਂ, ਆਪਣੇ ਜਤਨ ਮੂਜਬ॥

**ਆਪਣੇ ਅੱਗੇ ਕੰਡੇ ਬੀਜਣਾ,** ਕ੍ਰਿ:—ਆਪਣਾ ਜ਼ਿਆਨ ਆਪ ਕਰਨਾ, ਉਹ ਕੰਮ ਕਰਨਾ ਜਿਸ ਤੋਂ ਆਪਣੇ ਆਪ ਨੂੰ ਦੁਖ ਮਿਲੇ॥

**ਆਪਣੇ ਆਪ ਵਿੱਚ ਮਸਤ ਰਹਿਣਾ** } ਕ੍ਰਿ:—ਕਿਸੇ ਦੇ ਅਧੀਨ ਨਾ ਹੋਣ ਕਰਕੇ ਅਨੰਦ ਵਿਚ ਰਹਿਣਾ, ਕਿਸ ਦੀ ਪਰਵਾਹ ਨਾ ਕਰਨਾ॥

**ਆਪਣੇ ਪੈਰੀਂ ਕਹੀ ਮਾਰਨੀ**
**ਆਪਣੇ ਪੈਰੀਂ ਕੁਹਾੜੀ ਮਾਰਨੀ** } ਕ੍ਰਿ:—ਆਪਣਾ ਬੁਰਾ ਆਪ ਕਰਨਾ, ਆਪਣੀ ਮੂਰਖਤਾਈ ਨਾਲ ਆਪਣਾ ਸਤਿਆਨਾਸ ਕਰ ਲੈਣਾ॥

**ਆਪਣੇ ਵੱਲੋਂ,** 'ਆਪਣੀ ਵੱਲੋਂ' ਵੇਖੋ॥

Digitized by Panjab Digital Library / www.panjabdigilib.org

**ਆਪਣੇ ਵੱਲੋਂ ਸਭ ਕੁਝ ਕਰਨਾ** }
**ਆਪਣੇ ਵੱਲੋਂ ਵਾਹ ਲਾਉਣਾ** } ਕ੍ਰਿ:-ਜਿਨਾ ਹੋ ਸਕੇ ਜਤਨ ਕਰਨਾ ।

**ਆਪਰੇਸ਼ਨ,** ਪੁ:—ਡਾਕਟਰ ਦੀ ਜਰਾਹੀ, ਚੀਰ ਫਾੜ ॥

**ਆਪਾਂ,** ਪੜ:—ਅਸੀਂ (ਆਪ ਦਾ ਬਹੁ ਬਚਨ ਮਾਲਵੇ ਵਿੱਚ ਬੋਲਦੇ ਹਨ)॥

**ਆਪੇ,** ਪੜ:—ਆਪ ਹੀ, ਹੋਰ ਕੋਈ ਨਾ ।

**ਆਪੇ ਆਪ,** ਪੜ:—ਆਪ ਹੀ ॥

**ਆ ਪੈਣਾ,** ਕ੍ਰਿ:—ਆਕੇ ਕਿਸੇ ਉੱਤੇ ਪੈਣਾ, ਹੱਲਾ ਕਰਨਾ ॥

**ਆਪੋਂ,** ਕ੍ਰਿ:—ਵਿ: ਆਪੇ, ਆਪਣੀ ਮਰਜੀ ਨਾਲ, ਸਾਲ ਬੁੱਝ ਕੇ ॥

**ਆਪੋ ਆਪਣਾ** }
**ਆਪੋ ਆਪਣੀ** } ਪੜ:—ਆਪਣਾ ਆਪਣਾ, ਹਰੇਕ ਦਾ ਜੁਦਾ ਜੁਦਾ ॥

**ਆਪੋ ਆਪਣੀ ਪੈਣੀ,** ਕ੍ਰਿ:—'ਆਪਣੀ ਆਪਣੀ ਪੈਣੀ' ਵੇਖੋ ॥

**ਆਪੋ ਧਾਈ** } ਸ:—ਆਪਣਾ ਹੀ ਖਿਆਲ॥
**ਆਪੋ ਧਾਪ** } ਵਿ:—ਆਪਣਾ ਹੀ ॥
**ਆਪੋ ਧਾਪੀ** } ਕ੍ਰਿ: ਵਿ:—ਆਪਣੇ ਆਪ ॥

**ਆਫਤ,** ਸ:—ਖ਼ਰਾਬੀ, ਬਿਪਤਾ, ਬੇ ਨਸੀਬੀ, ਖਤਰਾ, ਔਖ, ਦੁੱਖ, ਉਪੱਦਰ, ਮਰੀ ॥

**ਆਫ਼ਤ ਆਉਣੀ,** ਕ੍ਰਿ:—ਬਿਪਤਾ ਪੈਣੀ, ਉਪੱਦਰ ਹੋਣਾ, ਪਰਮੇਸ਼ੁਰ ਦੀ ਕਰੋਪੀ ਹੋਣੀ, ਅਣਰਬ ਆਉਣਾ॥

**ਆਫ਼ਤ ਵਿੱਚ ਫਸ ਜਾਣਾ** }
**ਆਫ਼ਤ ਵਿੱਚ ਫਸਣਾ** } ਕ੍ਰਿ:-ਬਿਪਤਾ ਵਿਚ ਪੈ ਜਾਣਾ, ਔਖ ਹੋਣਾ, ਬਹੁਤ ਦੁੱਖ ਮਿਲਣਾ, ਮੁਸ਼ਕਲ ਬਣਨੀ ।

**ਆਫਰਨਾ,** ਕ੍ਰਿ:—ਢਿੱਡ ਦਾ ਫੁਲਣਾ, ਬਹੁਤ ਖਾਣ ਕਰਕੇ ਢਿੱਡ ਐਨਾ ਭਰ ਜਾਣਾ ਕਿ ਹੋਰ ਕੁਝ ਖਾਣ ਨੂੰ ਜੀ ਨ ਕਰਨਾ । ਹੱਦੋਂ ਬਾਹਰਾ ਹੋ ਜਾਣਾ । ਅਹੰਕਾਰ ਨਾਲ ਫੁੱਲਣਾ, ਕੰਮ ਬਣ ਜਾਣ ਕਰਕੇ ਭਾਰਾ ਗੁਮਾਣ ਕਰਨਾ, ਆਕੜਨਾ, ਫੜਾਂ ਮਾਰਨੀਆਂ, ਬਹੁਤ ਧਨਵਾਲਾ ਹੋ ਜਾਣਾ ॥

**ਆਬ,** ਪੁ:—ਅਤੇ ਸ:—ਪਾਣੀ (ਜਿਹਾ ਕਿ ਗੁਲਾਬ ਅਰਥਾਤ ਫੁੱਲਾਂ ਦਾ ਪਾਣੀ), ਸ਼ੋਭਾ, ਮਹਿਮਾ, ਸੁਹੱਪਣ, ਲਿਸ਼ਕ, ਜੋਤ, ਚਮਕ (ਹੀਰਿਆਂ ਜੁਆਹਰਾਂ ਦੀ ਜਾਂ ਵਡ ਮੁੱਲੇ ਕਪੜਿਆਂ ਦੀ), ਤਲਵਾਰ ਆਦਿਕ ਦੀ ਤਿੱਖੀ ਧਾਰ॥

**ਆਬ ਹਯਾਤ,** ਪੁ:—ਅਮ੍ਰਿਤ, ਇੱਕ ਗੁਝਾ ਕੁੰਡ ਜਿਸ ਦਾ ਜਲ ਪੀਣ ਵਾਲਾ ਕਦੇ ਨਹੀ ਮਰਦਾ ॥

**ਆਬ ਕਾਰ,** ਪੁ:—ਸ਼ਰਾਬ ਕੱਢਣ ਵਾਲਾ ਜਾਂ ਵੇਚਣ ਵਾਲਾ । ਕਲਾਲ ॥

**ਆਬ ਕਾਰੀ,** ਸ:—ਸ਼ਰਾਬ ਕੱਢਣ ਵਾਲੇ ਦਾ ਵਿਹਾਰ, ਕਲਾਲਾਂ ਦਾ ਕੰਮ, ਸ਼ਰਾਬ ਦੀ ਹੱਟੀ ਸ਼ਰਾਬ ਖਾਨਾ, ਸ਼ਰਾਬ ਕੱਢਣ ਅਤੇ ਵੇਚਣ ਦਾ ਮਸੂਲ ॥

**ਆਬ ਖੋਰਾ,** ਪੁ:—ਭੀੜੇ ਮੂੰਹ ਵਾਲਾ ਮਿੱਟੀ ਜਾਂ ਧਾਤ ਦਾ ਭਾਂਡਾ ਜਿਸ ਨਾਲ ਕੁਝ ਪੀਤਾ ਜਾਵੇ ਪਿਆਲਾ, ਕਟੋਰਾ ॥

**ਆਬਦਾਨਾ,** ਪੁ:—ਅੰਨ ਜਲ, ਖਾਣ ਪੀਣ ਦੀਆਂ ਵਸਤਾਂ ॥

**ਆਬ ਦਾਰ,** ਚਮਕਣ ਵਾਲਾ, ਸੁਥਰਾ, ਲਿਸ਼ਕਦਾ॥

**ਆਬਦਾਰੀ,** ਸ:—ਚਮਕ, ਲਿਸ਼ਕ, ਘੋਟ, ਤਲਵਾਰ ਆਦਿਕ ਦੀ ਧਾਰ ਦਾ ਤਿੱਖਾ ਹੋਣਾ ।

Digitized by Panjab Digital Library | www.panjabdigilib.org

**ਆਬ ਨਾ / ਆਬ ਨਾਇ** } ਸ:-ਕਲੀ ਦੀ ਸਿੱਧੀ ਖੜੀ ਹੋਈ ਨਲੀ ਜਿਸ ਉਤੇ ਚਿਲਮ ਰਖਦੇ ਹਨ

**ਆਬਰ / ਆਬਰੋ** } ਸ:—'ਆਬਰੂ' ਵੇਖੋ।

**ਆਬੀ,** ਵਿ:—ਪਾਣੀ ਵਾਲਾ, ਪਾਣੀ ਵਿੱਚ ਰਹਿਣ ਵਾਲਾ, ਸਿਲ੍ਹਾ, ਜਿਸ ਵਿਚ ਬਹੁਤ ਸਾਰਾ ਪਾਣੀ ਹੋਵ, ਜਿਸ ਨੂੰ ਚੰਗੀ ਤਰਾਂ ਪਾਣੀ ਮਿਲਿਆ ਹੋਵੇ (ਜ਼ਮੀਨ ਆਦਿਕ), ਪਾਣੀ ਦੇ ਰੰਗ ਵਾਲਾ, ਨੀਲੇ ਰੰਗ ਦੀ ਭਾਹ ਮਾਰਨ ਵਾਲਾ

**ਆਬੀਆਨਾ,** ਪੁ:—ਨਹਿਰ ਦੇ ਪਾਣੀ ਉੱਤੇ ਜੋ ਮਹਿਸੂਲ ਲਗਦਾ ਹੈ।

**ਆਬੂ / ਆਬੂ** } ਪੁ:-'ਅਹਬੂ' ਵੇਖੋ।

**ਆਮ,** ਵਿ:—ਸਧਾਰਣ, ਮਾਮੂਲੀ, ਸਭਨਾਂ ਦਾ, ਛੋਟੇ ਦਰਜੇ ਦੇ ਮਨੁਖਾਂ ਦਾ।
ਸ:-ਲੋਕੀ, ਲੁਕਾਈ।

**ਆਮ ਖਾਸ / ਖਾਸ ਆਮ** } ਪੁ:—ਸਭ ਤਰਾਂ ਦੇ ਲੋਕ, ਛੋਟੇ ਵਡੇ

**ਆਮ੍ਹ ਸਾਮ੍ਹ,** ਸ:—ਰਾਖੀ, ਬਚਾਉ॥

**ਆਮ੍ਹਣ ਸਾਮ੍ਹਣਾ / ਆਮ੍ਹਣਾ ਸਾਮ੍ਹਣਾ** } ਵਿ: ਆਮ੍ਹੋ ਸਾਮ੍ਹਣਾ, ਰੂਬਰੂ, ਇੱਕ ਦੂਜੇ ਦੇ ਸਾਮ੍ਹਣੇ

**ਆਮਣਾ,** ਪੁ:—ਸੇਵਾ, ਆਗਿਆ, ਹੁਕਮ॥

**ਆਮਣਾ ਮੰਨਣਾ,** ਕ੍ਰਿ:—ਅਧੀਨ ਹੋਣਾ, ਵੱਸ ਵਿੱਚ ਹੋਣਾ, ਸੇਵਾ ਕਰਨਾ, ਹੁਕਮ ਬਜਾਉਣਾ, ਹਾਜ਼ਰੀ ਵਿੱਚ ਖੜੇ ਰਹਿਣਾ, ਲਿਹਾਜ਼ ਕਰਨਾ॥

**ਆਮ੍ਹਣਿਓਂ ਸਾਮ੍ਹਣਿਓਂ,** ਕ੍ਰਿ:ਵਿ:-ਦੂਜੇ ਪਾਸਿਓਂ।

**ਆਮਦਨ / ਆਮਦਨੀ** } ਸ:—ਖੱਟੀ, ਕਮਾਈ, ਆਗਮ ਲਾਹਾ, ਲਾਭ॥ (ਹੋਣੀ, ਹੋ ਜਾਣੀ, ਕਰਨੀ, ਕਰਾਉਣੀ)।

**ਆਮਲ,** ਵਿ:—ਅਮਲ ਕਰਨ ਵਾਲਾ।

**ਆਮਲਾ,** ਪੁ:—'ਆਉਲਾ' ਵੇਖੋ॥

**ਆਮੀਂ,** ਅਵ:—ਅਜੇਹਾ ਹੀ ਹੋਵੇ, ਤਥਾਸਤੁ॥

**ਆਮੀਆ,** ਸ:—'ਆਹਮੀਆਂ' ਵੇਖੋ॥

**ਆਮ੍ਹੋ ਸਾਮ੍ਹਣਾ,** ਵਿ:—ਰੂਬਰੂ, ਇੱਕ ਦੂਏ ਦੇ ਸਾਮ੍ਹਣੇ

**ਆਯਤਵਾਰ,** ਪੁ:—ਐਤਵਾਰ, ਸਾਤੇ ਦਾ ਪਹਿਲਾ ਦਿਨ, ਚਕ੍ਰਦਾ ਵਾਰ, ਛਨਿੱਚਰ ਤੋਂ ਪਿਛਲਾ ਅਤੇ ਸੋਮ ਤੋਂ ਪਹਿਲਾ ਦਿਨ॥

**ਆਯੜਾ,** ਪੁ:—ਐੜਾ, ਗੁਰਮੁਖੀ ਪੈਂਤੀ ਦਾ ਦੂਜਾ ਅੱਖਰ "ਅ"॥

**ਆਯੁਰ ਵੇਦ,** ਪੁ:—ਵੈਦਗੀ, ਹਿੰਦੀ ਹਕੀਮੀ ਦੀ ਵਿੱਦਿਆ।

**ਆਯੁਰ ਵੇਦਕ,** ਵਿ:—ਆਯੁਰਵੇਦ ਦਾ॥

**ਆਯੁਰ ਵੇਦੀ,** ਪੁ:—ਵੈਦ, ਆਯੁਰਵੇਦ ਦਾ ਜਾਣੂ।

**ਆਯੁ,** ਪੁ:—ਉਮਰ, ਆਰਜਾ, ਜੀਉਣ ਦਾ ਸਮਾ॥

**ਆਰ,** ਸ:—ਮੋਚੀ ਦਾ ਸੂਆ, ਅੰਗਾਸ ਦੀ ਨੋਕ, ਸ਼ਰਮ, ਲੱਜਿਆ॥

**ਆਰਸੀ,** ਸ:—ਇੱਕ ਗਹਿਣੇ ਦਾ ਨਾਉਂ ਜਿਸ ਨੂੰ ਜ਼ਨਾਨੀਆਂ ਹੱਥ ਦੇ ਅੰਗੂਠੇ ਵਿੱਚ ਪਾਉਂਦੀਆਂ ਹਨ, (ਬਾਹਲੀਆਂ ਆਰਸੀਆਂ ਨੂੰ ਸ਼ੀਸ਼ਾ ਲੱਗਾ ਹੁੰਦਾ ਹੈ ਜਿਸ ਵਿੱਚੋਂ ਪਾਉਣ ਵਾਲੀਆਂ ਆਪਣਾ ਮੂੰਹ ਵੇਖਦੀਆਂ ਹਨ)॥

**ਆਰਜਾ,** ਸ:—ਉਮਰ, ਆਯੁ, ਜੀਉਣ ਦਾ ਸਮਾ।

Digitized by Panjab Digital Library | www.panjabdigilib.org

**ਆਰਜੂ,** ਸ਼ਃ—'ਆਰਜ਼ੋ' ਵੇਖੋ ॥

**ਆਰਟੀਕਲ,** ਪੁਃ—ਅਖਬਾਰਾਂ ਵਿੱਚ ਜੋ ਲੇਖ ਨਿਕਲੇ, ਮਜ਼ਮੂਨ ।

**ਆਰਡਰ,** ਪੁਃ—ਹੁਕਮ, ਪਰਵਾਨਾ, ਫ਼ਰਮੈਸ਼, ਖਰੀਦਾਰ ਦੀ ਲਿਖਤ ।

**ਆਰਤਾ,** ਪੁਃ—ਸਿੱਖਾਂ ਦੀ ਆਰਤੀ ਜਿਸ ਵਿੱਚ ਉਹ ਪਰਮੇਸ਼ੁਰ ਦੀ ਉਸਤਤ ਕਰਦੇ ਕਰਦੇ ਗ੍ਰੰਥ ਸਾਹਿਬ ਦੇ ਅੱਗੇ ਜਗਦੇ ਦੀਵੇ ਫਿਰਾਉਂਦੇ ਹਨ । ਪਰਮੇਸ਼ੁਰ ਦੀ ਉਸਤਤ ਦੇ ਸ਼ਬਦ ਜੋ ਉਸ ਵੇਲੇ ਗਾਵੇ ਜਾਂਦੇ ਹਨ । ਇਕ ਥਾਲ ਜਿਸ ਵਿੱਚ ਕਈਆਂ ਵੱਟੀਆਂ ਵਾਲਾ ਜਗਦਾ ਦੀਵਾ ਹੁੰਦਾ ਹੈ ॥

**ਆਰਤੀ,** ਸ਼ਃ—ਪੂਜਾ ਦੇ ਮਗਰੋਂ ਕਈ ਵੱਟੀਆਂ ਵਾਲਾ ਦੀਵਾ ਜਗਾ ਕੇ ਦੇਵਤੇ ਦੀ ਮੂਰਤ ਅੱਗੇ ਫੇਰਨ ਦੀ ਰੀਤ ਜਿਸ ਵਿਚ ਉੱਚੀ ਉੱਚੀ ਗਾਉਂਦੇ ਹਨ ਅਤੇ ਘੰਟੇ ਖੜਕਾਉਂਦੇ ਹਨ । ਉਸ ਵੇਲੇ ਦੇਵਤੇ ਦੀ ਉਸਤਤ ਦਾ ਜੋ ਭਜਨ ਗਾਵਿਆ ਜਾਂਦਾ ਹੈ, ਇੱਕ ਥਾਲ ਜਿਸ ਵਿੱਚ ਕਈਆਂ ਵੱਟੀਆਂ, ਵਾਲਾ ਜਗਦਾ ਦੀਵਾ ਹੁੰਦਾ ਹੈ ॥

**ਆਰ ਪਰਵਾਰ,** ਪੁਃ—ਟੱਬਰ, ਕਬੀਲਾ ਕੋੜਮਾ, ਨੌਕਰ ਚਾਕਰ ॥

**ਆਰੰਭ,** ਪੁਃ—ਕੋਈ ਕੰਮ ਹੱਥ ਵਿੱਚ ਲੈਣਾ, ਸ਼ੁਰੂ, ਮੁੱਢ, ਜਤਨ ॥

**ਆਰੰਭਕ,** ਪੁਃ—ਆਰੰਭ ਜਾਂ ਸ਼ੁਰੂ ਕਰਨ ਵਾਲਾ ।

**ਆਰੰਭਣਾ,** ਕ੍ਰਿਃ—ਮੁੱਢ ਬੰਨ੍ਹਣਾ, ਛੋਹਣਾ, ਛੇੜਣਾ, ਸ਼ੁਰੂ ਕਰਨਾ ।

**ਆਰਯ,** ਪੁਃ—'ਆਰੀਆ' ਵੇਖੋ, ਉੱਤਮ, ਸਰੇਸ਼ਟ ॥ ਹਿੰਦੂਆਂ ਦੇ ਵਡਿਆਂ ਦੀ ਕੌਮ ।

**ਆਰਾ,** ਪੁਃ—ਲੱਕੜੀ ਦੇ ਚੌਖਠੇ ਵਿਚ ਇੱਕ ਪਤਲੇ ਲੋਹੇ ਦਾ ਲੰਮਾ ਜੇਹਾ ਫਲ ਲੱਗਾ ਹੁੰਦਾ ਹੈ ਜਿਸ ਦੇ ਕਿਨਾਰੇ ਪੁਰ ਦੰਦੇ ਹੁੰਦੇ ਹਨ । ਇਹ ਲਕੜੀਆਂ ਦੇ ਤਖਤੇ ਚੀਰਨ ਦੇ ਕੰਮ ਆਉਂਦਾ ਹੈ । ਦੋ ਜਨੇ ਇਸ ਨੂੰ ਖਿੱਚਦੇ ਹਨ ॥

**ਆਰੀ,** ਸ਼ਃ—ਤਰਖਾਣਾਂ ਦਾ ਇੱਕ ਸੰਦ ਜਿਸ ਨਾਲ ਲਕੜੀ ਚੀਰਦੇ ਹਨ । ਇਸ ਦਾ ਲੋਹੇ ਦਾ ਫਲ ਹੁੰਦਾ ਹੈ ਅਤੇ ਲੱਕੜ ਦਾ ਮੁੱਠਾ, ਫਲ ਦੇ ਕਿਨਾਰੇ ਉੱਤੇ ਦੰਦੇ ਹੁੰਦੇ ਹਨ ॥

**ਆਰੀਆ,** ਪੁਃ—ਸੁਆਮੀ ਦਯਾਨੰਦ ਦਾ ਪੰਥ ਜੋ ਵੇਦ ਨੂੰ ਮੰਨਦਾ ਹੈ ॥

**ਆਰੀਆ ਸਮਾਜ,** ਸ਼ਃ—ਆਰੀਆ ਲੋਕਾਂ ਦੀ ਸਭਾ ॥

**ਆਰੀਆ ਵਰਤ,** ਪੁਃ—ਹਿੰਦੁਸਤਾਨ ਦਾ ਉੱਤਰੀ ਹਿੱਸਾ ॥

**ਆਲ,** ਸ਼ਃ—ਘੋੜੇ ਦੀ ਗਿੱਚੀ ਦੇ ਉੱਪਰ ਦੇ ਵਾਲ, ਸੰਤਾਨ, ਉਲਾਦ, ਇਕ ਰੁੱਖ ਦਾ ਨਾਉਂ (ਉਸ ਦੀ ਜੜ ਤੋਂ ਲਾਲ ਰੰਗ ਨਿਕਲਦਾ ਹੈ ਜਿਸ ਨਾਲ ਚੰਮ ਰੰਗਦੇ ਹਨ, ਉਸ ਰੰਗ ਨੂੰ ਭੀ ਆਲ ਸਦਦੇ ਹਨ) ॥

**ਆਲ ਉਲਾਦ,** ਸ਼ਃ—ਬਾਲ ਬੱਚੇ, ਜਾਤਕ, ਸੰਤਾਨ, ਪਰਵਾਰ, ਬੰਸ, ਟੱਬਰ ॥

**ਆਲ ਉਲਾਦ ਅੱਗੇ ਆਉਣਾ,** ਕ੍ਰਿਃ—ਕਿਸੇ ਦੇ ਬੁਰਾ ਕੰਮਾਂ ਦਾ ਫਲ ਉਸ ਦੀ ਉਲਾਦ ਨੂੰ ਮਿਲਣਾ ।

**ਆਲ ਜੰਜਾਲ,** ਪੁਃ—ਸੰਸਾਰ ਦੀ ਮੋਹ ਮਮਤਾ, ਧੰਧਾ, ਬੰਧਨ, ਚਿੰਤਾ ॥

**ਆਲ ਬਤਾਲ,** ਪੁਃ—ਊਤ ਪਟਾਂਗ, ਫਜ਼ੂਲ ਗੱਲਾਂ, (ਵਰਕਤੋਂ ਘੁੰਥੀ ਡੂਮਣੀ ਗਾਵੇ ਆਲ ਬਤਾਲ) ॥

Digitized by Panjab Digital Library | www.panjabdigilib.org

**ਆਲਸ,** ਪੁ:—ਅਲਕਸ, ਆਹਲਕ, ਢਿੱਲ, ਮਠ ਸੁਸਤੀ।

**ਆਲਸਣ,** ਸ: ਵਿ: } ਢਿੱਲ ਮੱਠ ਕਰਨ ਵਾਲੀ ਸੁਸਤ, ਬੇਕਾਰ ਤੀਵੀਂ॥

**ਆਲਸੀ,** ਪੁ: } ਢਿੱਲਾ, ਸੁਸਤ, ਬੇਕਾਰ, (ਮਰਦ)"

**ਆਲ੍ਹਣਾ,** ਪੁ:—ਪੰਖੇਰੂਆਂ ਦਾ ਘਰ

**ਆਲੂ ਵਾਲੀਆ**—'ਆਹਲੂ ਵਾਲੀਆ' ਵੇਖੋ॥

**ਆਲਿੰਗ,** ਸ:—ਘੋੜੀ ਨੂੰ ਘੋੜੇ ਦੀ ਚਾਹ।

**ਆਲਿੰਗਣਾ,** ਕ੍ਰਿ:—ਘੋੜੀ ਨੂੰ ਘੋੜੇ ਦੀ ਚਾਹ ਹੋਣੀ॥

**ਆਲਤੀ ਪਾਲਤੀ,** ਸ: ਚੌਕੜੀ।

**ਆਲਮ,** ਵਿ:—ਇਲਮ ਵਾਲਾ, ਪੜ੍ਹਿਆ ਹੋਇਆ, ਵਿਦਿਆ ਵਾਨ॥

ਪੁ:—ਪੜ੍ਹਿਆ ਹੋਇਆ ਆਦਮੀ, ਸੰਸਾਰ, ਜਹਾਨ, ਲੁਕਾਈ, ਤਮਾਸ਼ਾ, ਸਮਾਂ, ਜ਼ਮਾਨਾ।

**ਆਲਮ ਫਾਜ਼ਲ,** ਪੁ: 'ਵਿਦਿਆ ਵਾਨ ਆਦਮੀ, ਬਹੁਤਾ ਪੜ੍ਹਿਆ ਹੋਇਆ।

**ਆਲਾ,** ਪੁ:—ਕੰਧ ਵਿੱਚ ਦੀਵਾ ਆਦਿਕ ਰੱਖਣ ਲਈ ਬਣੀ ਹੋਈ ਥਾਂ। ਤਾਕਾ, ਖੁੱਡਾ॥

**ਆਲਾਪ,** ਪੁ:—'ਅਲਾਪ' ਵੇਖੋ॥

**ਆਲਾਪਣਾ,** ਕ੍ਰਿ:—'ਅਲਾਪਣਾ' ਵੇਖੋ।

**ਆਲਾ ਭੋਲਾ,** ਵਿ:—ਸਿੱਧਾ, ਬੁੱਧੂ, ਮੂਰਖ, ਜਿਸ ਵਿੱਚ ਛਲ ਕਪਟ ਨਾ ਹੋਵੇ॥

**ਆਲੀ,** ਸ:—ਨਿੱਕਾ ਜੇਹਾ ਆਲਾ।

**ਆਲੀ ਭੋਲੀ,** ਵਿ:—ਸਿਧੀ, ਮੂਰਖ, ਜਿਸ ਵਿੱਚ ਛਲ ਕਪਟ ਨਾ ਹੋਵੇ॥

**ਆਲੀ ਭੋਲੀ ਗੱਲ,** ਸ:—ਜਿਸ ਗੱਲ ਵਿੱਚ ਛਲ ਵਲ ਨਾ ਹੋਵੇ (ਹਲੀ, ਕਰਨੀ)॥

**ਆਲੂ,** ਪੁ:—ਇੱਕ ਤਰਕਾਰੀ ਦੀ ਜੜ੍ਹ, ਇੱਕ ਗੋਲ ਭਾਜੀ॥

**ਆਲੂ ਬੁਖਾਰਾ,** ਪੁ:—ਇੱਕ ਫਲ ਜੋ ਦੁਆਈ ਵਿੱਚ ਵਰਤਿਆ ਜਾਂਦਾ ਹੈ।

**ਆਲੇ ਕੌਡੀ ਛਿੱਕੇ ਕੌਡੀ ਕਰਨਾ,** ਕ੍ਰਿ:—ਕੰਮ ਕਰਨ ਵਿੱਚ ਬਹੁਤ ਢਿਲੇ ਹੋਣਾ, ਸੁਸਤੀ ਨਾਲ ਸਮਾਂ ਗੁਆਉਣਾ।

**ਆਲੇ ਟੋਲੇ,** ਪੁ:—ਝੂਠਾ ਇਕਰਾਰ, ਧੋਖਾ, ਬਹਾਨਾ, ਲਾਰਾ॥ (ਕਰਨੇ)

**ਆਲੇ ਦੁਆਲੇ,** ਕ੍ਰਿ:, ਵਿ:—ਚੁਫੇਰੇ, ਚੌਗਿਰਦੇ।

**ਆਂਵਲਾ,** ਪੁ:—'ਆਉਲਾ' ਵੇਖੋ।

**ਆਂਵਲਾ ਸਾਰ,** ਸ: 'ਆਉਲਾ ਸਾਰ' ਵੇਖੋ॥

**ਆਵਾ,** ਪੁ:—ਭੱਠਾ, ਜਿਥੇ ਇੱਟਾਂ ਪੱਕਦੀਆਂ ਹਨ॥

**ਆਵਾ ਊਤ ਜਾਣਾ,** ਕ੍ਰਿ:—ਸਾਰਾ ਟੱਬਰ ਜਾਂ ਸਾਰੀ ਮੰਡਲੀ ਹੀ ਭੈੜੀ ਹੋ ਜਾਣੀ। (ਇਕ ਨੂੰ ਕੀ ਰੋਣੀਏਂ ਊਤ ਗਿਆ ਹੀ ਆਵਾ)॥

**ਆਵਾਗਮਣ**
**ਆਵਾਗਵਣ**
**ਆਵਾਗੌਣ** } ਪੁ:—ਆਉਣਾ ਤੇ ਜਾਣਾ, ਸੰਸਾਰ ਵਿੱਚ ਜੰਮਣਾ ਤੇ ਮਰਨਾ, ਚੁਰਾਸੀ ਦਾ ਗੇੜਾ॥

ਵਿ:—ਅਵਾਰਾ, ਬਿਅਰਥ, ਨਾ ਮੁਨਾਸਬ, ਨਸ਼ਟ ਹੋਇਆ ਹੋਇਆ॥

**ਆਵਾ ਜਾਈ,** ਸ:—ਆਉਣਾ ਜਾਣਾ, ਫੇਰੇ ਪਾਉਣਾ॥

**ਆਵਾਨ,** ਪੁ:—'ਅਵਾਨ' ਵੇਖੋ॥

**ਆਵੀ,** ਸ:—ਛੋਟਾ ਆਵਾ, ਘੁਮਿਆਰ ਦੀ ਭੱਠੀ ਜਿਸ ਵਿੱਚ ਖਡੌਣੇ ਜਾਂ ਭਾਂਡੇ ਪਕਾਏ ਜਾਂਦੇ ਹਨ॥

Digitized by Panjab Digital Library | www.panjabdigilib.org

**ਆਵੀ ਲਾਉਣੀ,** ਕ੍ਰਿ:—ਭਾਂਡਿਆਂ ਆਦਿਕਾਂ ਨਾਲ ਆਵੀ ਭਰਨੀ ॥ (ਭਾਉਣ ਲਈ,

**ਆੜ ਬੰਦ,** ਪੁ:—ਇੱਕ ਤਰਾਂ ਦਾ ਲੰਗੋਟਾ ਜੋ ਹਿੰਦੂ ਸਾਧੂ ਬੰਨ੍ਹਦੇ ਹਨ ।

**ਆੜੀ,** ਪੁ:—ਸਾਥੀ, ਹਾਣੀ, ਆਪਣੇ ਮੇਲ ਦਾ ॥

**ਆੜੂ,** ਪੁ:—ਇੱਕ ਤਰਾਂ ਦਾ ਫਲ ਜਿਸ ਦੇ ਉਪਰ ਪਤਲਾ ਛਿੱਲੜ ਹੁੰਦਾ ਹੈ, ਅੰਦਰ ਪਿਲਪਿਲਾ ਗੁਦਾ ਅਤੇ ਗੁੱਦੇ ਦੇ ਅੰਦਰ ਗਿਟਕ ॥

**ਐ,** ਅਵ:—ਹੇ, ਓ, ਓਇ ।

ਪੜ:—ਇਹ, ਆਹ ।

**ਐਂ / ਐਉਂ,** ਕ੍ਰਿ:, ਵਿ:—ਇਸ ਤਰਾਂ, ਐੱਦੂਰ, ਐਵ ॥

**ਐਈ,** ਪੜ:—ਇਹ ਹੀ, ਏਹੋ, ਇਹੀਓ ॥

**ਐਈ ਐਈ,** ਸ:—ਮੂੰਹ ਖੋਲਕੇ ਦੰਦ ਵਿਖਾਉਣੇ, ਦੰਦ ਕੱਢਣਾ ॥

**ਐਈਂ,** ਕ੍ਰਿ: ਵਿ:—ਇਸ ਤਰਾਂ, ਐਉਂ ॥

**ਐਈਂ ਐਈਂ ਕਰਨਾ,** ਕ੍ਰਿ:—ਬੇਨਤੀ, ਤਰਲੇ ਮਿਨਤਾਂ ਕਰਨਾ।

**ਐਸ,** ਪੜ:—ਇਸ, ਇਹ ਨੇ ॥

**ਐਸ਼ / ਐਸ਼,** ਪੁ:—ਖੁਸ਼ੀ, ਸੁਖ, ਮੌਜ, ਅਨੰਦ, ਰੰਗ, ਬਿਲਾਸ ॥

**ਐਸਾ,** ਵਿ:—ਅਜੇਹਾ, ਐਹੋ ਜੇਹਾ, ਇਸ ਤਰਾਂ ਦਾ, ਇਸ ਵਰਗਾ ॥

ਕ੍ਰਿ: ਵਿ:—ਇਸ ਤਰਾਂ, ਐਉਂ, ਐੱਦੂਰ ।

**ਐਸਾ ਤੈਸਾ,** ਵਿ:—ਵੇਲਾਣਾ ॥

ਪੁ:—ਬਦਮਾਸ਼, ਲੁੱਚਾ ॥

**ਐਸਾ ਵੈਸਾ,** ਵਿ:—ਵਲਾਣਾ, ਤੁੱਛ, ਨਕਾਰਾ ਆਦਮੀ, ਨੀਚ, ਗਰੀਬ, ਭੈੜਾ ॥

ਕ੍ਰਿ: ਵਿ:—ਐਵੇਂ ਹੀ, ਐਵੇ ॥

**ਐਸੇ ਐਸੇ,** ਕ੍ਰਿ: ਵਿ:—ਐਉਂ, ਇਸ ਤਰ੍ਹਾਂ, ਇਸ ਢੰਗ ਨਾਲ ।

**ਐਸੀ,** ਸ:—ਅਜੇਹੀ, ਐਹੋ ਜੇਹੀ, ਇਸ ਤਰਾਂ ਦੀ॥

**ਐਸੀ ਤੈਸੀ,** ਸ:—ਦੁਰਗਤ, ਨਿਰਾਦਰੀ, ਨਮੋਸ਼ੀ ਜਿਸ ਗੱਲ ਦਾ ਨਾਉਂ ਨਹੀਂ ਲੈਣਾ ॥

**ਐਹਣ / ਐਹਿਣ,** 'ਅਹਿਰਣ' ਵੇਖ ।

**ਐਹਦ,** ਪੁ:—ਇਕਰਾਰ, ਬਚਨ, ਰਾਜ ਦਾ ਸਮਾ ॥

**ਐਹਦ ਨਾਮਾ,** ਪੁ:—ਇਕਰਾਰ ਨਾਮਾ ॥

**ਐਹਮਦ,** ਪੁ:—ਮੁਹੰਮਦ ਸਾਹਿਬ ਦਾ ਦੂਜਾ ਨਾਉਂ ਮੁਸਲਮਾਨਾਂ ਦਾ ਪਿਕੰਬਰ ।

**ਐਹਰਣ,** 'ਅਹਿਰਣ' ਵੇਖੋ

**ਐਹਾ,** ਵਿ:—ਐਸਾ, ਐਹੋ ਜੇਹਾ, ਅਜੇਹਾ ॥

ਕ੍ਰਿ:-ਵਿ:-ਐਸਾ ਇਸ ਤਰਾਂ, ਐਉਂ ॥

**ਐਹਾ ਜਿਹਾ (ਜੇਹਾ) ਜਾਂ ਐਹੋ ਜੇਹਾ,** ਵਿ:-'ਐਸਾ' ਵੇਖੋ ॥

**ਐਹੀ,** ਸ:-ਵਿ:-'ਐਸੀ' ਵੇਖੋ ॥

**ਐਹੀ (ਐਹੋ) ਜੇਹੀ,** ਸ:-ਵਿ:-'ਐਸੀ' ਵੇਖੋ ॥

**ਐਕਟਰ,** ਪੁ:—ਜੋ ਮਨੁੱਖ ਨਾਟਕ ਵਿਚ ਤਮਾਸ਼ਾ ਕਰੇ।

**ਐਕਰ**—'ਐਹਾ' ਵੇਖੋ ॥

**ਐਜੂਕੇਸ਼ਨਲ ਕਾਨਫ਼ਰੰਸ,** ਸ:—ਪੜ੍ਹਾਈ ਜਾਂ ਸਿੱਖਿਆ ਦੀ ਬਾਬਤ ਗੁਰਮਤਾ ਕਰਨ ਲਈ ਜੋ ਕਠ ਹੋਵੇ॥

Digitized by Panjab Digital Library | www.panjabdigilib.org

**ਐਂਟ, ਐਂਠ**, ਸ:—ਆਕੜ, ਘਮੰਡ, ਸ਼ੇਖੀ, ਹੰਕਾਰ, ਹਠ । ਕੁੰਡਲ, ਮਰੋੜਾ, ਲਪੇਟ, ਅਕੜਾਉ ॥

**ਐਂਠ ਕੇ ਚਲਣਾ**, ਕ੍ਰਿ:—ਆਕੜ ਕ ਕੇ ਅਭਮਾਨ ਨਾਲ ਟੁਰਨਾ ॥

**ਐਤ**, ਵਿ:—ਐਨਾ ਵਡਾ ।

**ਐਡੈਂਸ**, ਪੁ:—ਕਿਸੇ ਦਾ ਮਾਲ ਕਰਨ ਲਈ ਜੋ ਵਹਿਆਈ ਦਾ ਬਾਗਤ ਪੜ੍ਹਿਆ ਜਾਵੇ ॥

**ਐਡ ਕੇਡ, ਐਡਾ, ਐਡਾ ਕੇਡਾ, ਐਡੇ ਕੇਡ**, ਵਿ:—ਐਨਾ ਉੱਚਾ, ਇਨਿ ਕਦ ਦਾ, ਅਤਨਾ ਵਡਾ, ਐਨੀ ਅਵਸਥ ਦਾ

**ਐਡਾ ਕੇਡਾ**, ਵਿ:—ਇੰਡੇ ਦਾ ਇੰਡਾ, ਵੱਡਾ ਨਾ ॥

**ਐਡੀ ਐਡੀ ਅੱਖ ਰੋਣਾ**, ਕ੍ਰਿ:—ਰੋ ਰੋ ਕੇ ਅਖਾਂ ਸੁਜਾ ਲੈਣੀਆਂ ॥

**ਐਡੀਸ਼ਨ**, ਪੁ:—ਪੁਸਤਕ ਦੇ ਛਪਣ ਦੀ ਵਾਰੀ ਜਾਂ ਗਿਣਤੀ ॥

**ਐਡੀਟਰ**, ਪੁ:—ਜੋ ਛਾਪਣ ਲਈ ਅਖਬਾਰ ਦੇ ਜ਼ਰੂਰੀ ਮਜ਼ਮੂਨ ਤਿਆਰ ਕਰੇ ॥

**ਐਡੀਟੋਰੀਅਲ**, ਪੁ:—ਐਡੀਟਰ ਦਾ ਲੇਖ ॥ ਐਡੀਟਰ ਵੱਲੋਂ ।

**ਐਣ**, ਪੁ:—ਭੜੋਲੇ ਦੇ ਥੱਲੇ ਦਾ ਛੇਕ ਜਿਸ ਵਿਚੋਂ ਅਨਾਜ ਕਿਰਦਾ ਹੈ ॥

**ਐਤ**, ਪੜ:—ਇਹ ॥
ਪੁ:—ਐਤਵਾਰ, ਆਦਿਤ ॥

**ਐਤਕਾਂ, ਐਤਕੀ**, ਕ੍ਰਿ: ਵਿ:—ਹੁਣ, ਇਸ ਸਾਲ, ਹੁਣ ਦੀ ਵੇਰੀ, ਇਸ ਵਾਰ ॥

**ਐਤਕੀ, ਐਤਕੀਓਂ**, ਕ੍ਰਿ: ਵਿ:—ਹੁਣ ਤੋਂ ਜਾ ਇਸ ਸਾਲ ਤੋਂ ।

**ਐਤਨਾ**, ਵਿ:—ਐਨਾ, ਇੰਨਾ ਸਾਰਾ, ਇਸ ਜਿੰਨਾ ॥

**ਐਤਨੇ ਵਿੱਚ**, ਕ੍ਰਿ: ਵਿ:—ਇਸ ਵੇਲੇ, ਇਸ ਸਮੇਂ ਦੇ ਅੰਦਰ, ਇਸ ਤੋਂ ॥

**ਐਤਵਾਰ**, ਪੁ:—'ਆਦਤਵਾਰ' ਵੇਖੋ ॥

**ਐਤਵਾਰੀ**, ਸ:—ਐਤਵਾਰ ਦੀ ਦੇਖਣਾ ॥

**ਐਥੇ**, ਕ੍ਰਿ: ਵਿ: ਇੱਥੇ, ਇਸ ਥਾਂ ਤੇ, ਇਸ ਜਗਾ, ਇਸ ਮੌਕੇ ਪੁਰ । ਇਸ ਸੰਸਾਰ ਵਿੱਚ, ਇਸ ਹਾਲਤ ਵਿੱਚ ॥

**ਐਥੋਂ**, ਕ੍ਰਿ: ਵਿ:—ਇਸ ਥਾਂ ਤੋਂ, ਏਥੋਂ ॥

**ਐਦੋਂ, ਐਦੋਂ**, ਕ੍ਰਿ:, ਵਿ:—ਇਸ ਗੱਲੋਂ, ਇਸ ਕਰਕੇ, ਇਸ ਵੇਲੇ ਤੋਂ, ਹੁਣ ਤੋਂ, ਅੱਗੇ ਨੂੰ ॥

**ਐਧਰ**, ਕ੍ਰਿ: ਵਿ:—ਏਧਰ, ਇਸ ਪਾਸੇ ॥

**ਐਧਰ ਦਿਓਂ, ਐਧਰ ਦੀ, ਐਧਰ ਦੋਂ**, ਕ੍ਰਿ: ਵਿ:—ਇਸ ਪਾਸਿਓਂ, ਇਸ ਥਾਂ ਵੱਲੋਂ ਇਸ ਰਾਹੋਂ ॥

**ਐਨ**, ਪੜ:—ਇਸ ਨੇ, ਇਹ ਨੇ ॥
ਵਿ:—ਠੀਕ ਠਾਕ ॥
ਕ੍ਰਿ: ਵਿ:—ਠੀਕ, ਬਿਲਕੁਲ ॥

**ਐਨਕ**, ਸ:—ਅੱਖਾਂ ਦੀ ਜੋਤਨਾ ਵਧਾਉਣ ਵਾਲੇ ਸ਼ੀਸ਼ੇ ਜੋ ਧਾਤ ਦੇ ਢਾਂਚੇ ਵਿੱਚ ਜੜੇ ਹੋਏ ਹੁੰਦੇ ਹਨ ਅਤੇ ਲੋਕ ਅੱਖਾਂ ਅੱਗੇ ਲਾਉਂਦੇ ਹਨ ।

**ਐਨਾ ਕੁ**, ਪੁ: ਵਿ:—ਐਨੇ ਦੇ ਲਗ ਭਗ ॥

**ਐੱਨਾ**, ਵਿ:—ਇੰਨਾ, ਐਤਨਾ, ਇਸ ਜਿੰਨਾ ॥

Digitized by Panjab Digital Library / www.panjabdigilib.org

**ਐਨੀ,** ਸ: ਵਿ:—ਇੰਨੀ, ਐਤਨੀ, ਇਸ ਜਿੰਨੀ ॥

**ਐਨੀ ਕੁ,** ਵਿ:—ਐਨੀ ਦੇ ਲਗ ਭਗ ॥ ।

**ਐਪਰ,** ਅਵ:—ਪਰ, ਸਿਵਾ, ਬਾਝੋਂ, ਛੁੱਟ, ਤਾਂ ਭੀ ॥

**ਐਬ,** ਪੁ:—ਕਸੂਰ, ਦੋਸ, ਬਦੀ, ਬੁਰਿਆਈ, ਅਪਰਾਧ, ਔਗਣ, ਕਲੰਕ, ਪਾਪ, ਬਦ-ਨਾਮੀ, ਨਿਰਾਦਰੀ

**ਐਬ ਕੱਢਣਾ,** ਕ੍ਰਿ:—ਦੂਜੇ ਦਾ ਔਗਣ ਭਾਲਣਾ, ਬੁਰਿਆਈਆਂ ਦੱਸਣੀਆਂ ॥

**ਐਬ ਦਾਰ,** ਵਿ:—ਮੰਦਾ, ਬੁਰਿਆਰ, ਪਾਪੀ ਔਗਣ ਹਾਰ, ਬਦਮਾਸ਼। ਫੈਲਦਾਰ।

**ਐਬ ਲਗਾਉਣਾ,** ਕ੍ਰਿ:—ਊਜ ਲਾਉਣੀ, ਨਿੰਦਿਆ ਕਰਨੀ, ਬੁਰਾ ਕਹਿਣਾ ॥

**ਐਬ ਵੇਖਣਾ,**—'ਐਬ ਕੱਢਣਾ' ਵੇਖੋ ।

**ਐਬਣ,** ਸ:—ਮੰਦੀ ਰੰਨ, ਭੈੜੇ ਕੰਮ ਕਰਨ ਵਾਲੀ, ਪਾਪਣ, ਦੁਸਟ, ਖੋਟੀ, ਬੁਰਿਆਰ ॥

**ਐਬੀ,** ਪੁ:—ਮੰਦਾ ਆਦਮੀ, ਬਦਮਾਸ, ਪਾਪੀ, ਦੁਸ਼ਟ, ਖੋਟਾ, ਔਗਣਹਾਰ ॥

**ਐਮੇਂ,** ਕ੍ਰਿ: ਵਿ:—'ਐਵੇਂ' ਵੇਖੋ ॥

**ਐਰ ਗੈਰ,** 'ਐਰਾ ਗੈਰਾ' ਵੇਖੋ

**ਐਰ',** ਪੁ:—ਆਇਰਾ' ਵੇਖੋ ॥

**ਐਰਾ ਗੈਰਾ,** ਪੁ:—ਓਪਰਾ, ਪਰਦੇਸੀ, ਪਖਲਾ ॥

**ਐਂਹੀ ਐਰਾ** }
**ਐਹੋ ਐਰ** } ਸ:—ਦੋ ਪਹਿਰ ਮਿਲਣ ਦਾ ਵੇਲਾ, ਜਦੋਂ ਸੂਰਜ ਅੰਦਰ ਬਾਹਰ ਹੋਵੇ, ਸੰਧਿਆ ਵੇਲਾ ॥

(ਐਰੇ ਐਰ ਮਿਲਦਿਆਂ ਜਾਂ ਰਲਦਿਆਂ, ਕ੍ਰਿ: ਵਿ:—ਸੰਧਿਆ ਦੇ ਵੇਲ ) ॥



**ਐਲਾਨ,** ਪੁ:—ਸਭ ਲੋਕਾਂ ਨੂੰ ਕਿਸੇ ਗੱਲ ਦੀ ਖਬਰ ਦੇਣਾ (ਕਰਨਾ) ।

**ਐਵੇਂ,** ਕ੍ਰਿ: ਵਿ:—ਐਦਾਂ, ਇਸ ਤਰਾਂ, ਐਉਂ, ਸੌਂਦੀ ਮੁਫ਼ਤ, ਬੇ ਫ਼ਾਇਦਾ, ਬਿਰਥਾ ।

**ਐਂਵੇ ਕਿਵੇਂ,** ਵਿ:—ਸਧਾਰਣ, ਤੁੱਛ, ਜੋ ਬਹੁਤ ਅੱਛਾ ਨਹੀਂ ।

**ਐੜਾ,** ਪੁ:—'ਆਪੜਾ' ਵੇਖੋ ।

**ਔਸ,** ਪੜ:—ਉਸ ਨੇ, ਉਹ ਨ (ਦੂਰੋਂ ਬੋਲਿਆ ਜਾਂਦਾ ਹੈ) ॥

**ਔਸਟਣਾ,** ਕ੍ਰਿ:—ਔਚਟਣਾ, ਵੱਖਰਾ ਹੋ ਜਾਣਾ, ਉਖੜਣਾ (ਜਿਗੁਰ ਕੰਧ ਤੋਂ ਪਲਸਤਰ) ॥

**ਔਸਟਾਉਣਾ,** ਕ੍ਰਿ:—ਵੱਖਰਾ ਕਰਾਉਣਾ ॥

**ਔਸਰ,** ਪੁ:—ਰਾਗ ਦੀ ਤਾਲ, ਵੇਲਾ, ਵਖ਼ਤ, ਮੌਕਾ, ਸੰਜੋਗ, ਔਖ, ਦੁਖ, ਬਿਪਤਾ ॥

**ਔਸਰ ਚੁਕਣਾ,** ਕ੍ਰਿ:—ਵਖਤੋਂ ਘੁਸਣਾ, ਮੌਕਾ ਗਿਆ ਦੇਣਾ, ਥਾਹੋਂ ਬੇ ਤਾਲ ਹੋਣਾ (ਰਾਗ ਵਿੱਚ ) ॥

**ਔਸਾਣ,** ਪੁ:—ਸਰਤ, ਹੌਸਲਾ, ਜਿਗਰਾ ॥

**ਔਂਸੀ** ਸ: }
**ਔਂਸੀਆਂ** ਬਹੁ: } ਇੱਕ ਤਰਾਂ ਦੀ ਸ਼ਕਲ ਜੋ ਧਰਤੀ ਉੱਤੇ ਖਿੱਚ ਕੇ ਠੀਕ ਅਗੰਮ ਦਾ ਪਤਾ ਲਾਉਣਾ ਚਾਹੁੰਦੇ ਹਨ। ਜਿਸ ਨੂੰ ਔਂਸੀ ਪਾਉਣਾ ਜਾਂ ਔਂਸੀਆਂ ਪਾਉਣਾ ਆਖਦੇ ਹਨ। ਕੋਈ ਪਰਦੇਸ ਗਿਆ ਹੋਵੇ ਤਾਂ ਉਹ ਦੇ ਮੁੜ ਆਉਣ ਦਾ ਪਤਾ ਕੱਢਣ ਲਈ ਲੋਕ ਅਕਸਰ ਔਂਸੀ ਪਾਉਂਦੇ ਹਨ ।

**ਔਹ,** ਪੜ:—ਓਹ (ਦੂਰੋਂ ਬੋਲਦੇ ਹਨ) ॥

Digitized by Panjab Digital Library / www.panjabdigilib.org

**ਔਕਤ,** 'ਔਗਤ' ਵੇਖੋ ॥

**ਔਕੜ,** ਪੁ:—ਔਖ, ਬਿਪਤਾ, ਕਸ਼ਟ ॥

**ਔਕੜ ਵਿੱਚ ਫਸਣਾ,** ਕ੍ਰਿ:—ਬਿਪਤਾ ਪੈਣੀ, ਔਖ ਹੋਣਾ ।

**ਔਕਾਤ,** ਸ:—ਹਾਲਤ, ਅਵਸਥਾ, ਬੁੱਤਾ, ਢੰਗ, ਉਪਾਉ ॥

**ਔਖ,** ਪੁ:—ਮੁਸ਼ਕਲ, ਖੇਚਲ, ਬਿਪਤਾ, ਕਸ਼ਟ (ਹੋਣਾ) ॥

**ਔਖਤ, ਔਖਦ, ਔਖਦੀ** } ਸ:—ਦੁਆ ਦਾਰੂ, ਇਲਾਜ, ਰੋਗ ਨੂੰ ਹਟਾਉਣ ਵਾਲੀ ਸ਼ੈ ।

**ਔਖਾ, ਔਖੀ** } ਵਿ:—ਮੁਸ਼ਕਲ, ਦੁਖੀ (ਹੋਣਾ) ॥

**ਔਖੀ,** ਸ:—ਮੁਸ਼ਕਲ, ਦੁਖ, ਬਿਪਤਾ, ਕਸ਼ਟ ॥

**ਔਖੇ ਹੋਣਾ,** ਕ੍ਰਿ:—ਦੁਖ ਸਹਾਰਨਾ, ਖੇਚਲ ਕਰਨਾ ॥

**ਔਗਤ,** ਸ:—ਭੈੜੀ ਦਸ਼ਾ, ਮੰਦਾ ਹਾਲ, ਨਾਸ ।

**ਔਗਣ,** ਪੁ:—ਦੋਸ, ਐਬ, ਕਸੂਰ, ਅਪਰਾਧ, ਪਾਪ, ਤਕਸੀਰ, ਬਦੀ, ਬੁਰਿਆਈ, ਭੈੜ, ਸ਼ਰਾਰਤ, ਨਿੰਦਿਆ ॥

**ਔਗਣ ਹਾਰ, ਔਗਣ ਵੰਤ** } ਪੁ:—ਔਗਣਾਂ ਵਾਲਾ ਮਰਦ ॥

**ਔਗਣ ਹਾਰੀ, ਔਗਣ ਵੰਤੀ** } ਸ:—ਔਗਣਾਂ ਵਾਲੀ ਰੰਨ ॥

**ਔਗਾਣ,** ਪੁ:—ਪਠਾਣ ॥

**ਔਗਾਨਣ,** ਸ:—ਪਠਾਣੀ ॥

**ਔਗਾਨੀ,** ਸ:—ਪਠਾਣਾਂ ਦੀ ਬੋਲੀ, ਪਸ਼ਤੋ ॥

**ਔਘੜ,** ਪੁ:—ਇੱਕ ਤਰਾਂ ਦੇ ਹਿੰਦੂ ਫ਼ਕੀਰ ਜੋ ਬਹੁਤ ਗੰਦੇ ਰਹਿੰਦੇ ਹਨ ਅਤੇ ਕੰਨਾਂ ਵਿੱਚ ਪਿੱਤਲ ਦੀਆਂ ਮੁੰਦਰਾਂ ਪਾਉਂਦੇ ਹਨ। ਆਪ ਹੁਦਰਾ, ਜ਼ਿੱਦੀ ਯਾ ਢੀਠ ਆਦਮੀ ॥
ਵਿ:—ਭੈੜੀ ਸ਼ਕਲ ਦਾ, ਕੁਹਜਾ, ਬੇ ਡੌਲ, ਕਰੂਪ ।

**ਔਘੀ,** ਸ:—ਕਪੜੇ ਦੇ ਸਿਰੇ ਦੀ ਝਾਲਰ, ਇੱਕ ਲਮੀ ਚਾਬਕ, ਹਾਥੀ ਫੜਨ ਵਾਲਾ ਟੋਆ ॥

**ਔਚਟ ਜਾਣਾ, ਔਚਟਣਾ** } ਕ੍ਰਿ:—ਵੱਖਰਾ ਹੋ ਜਾਣਾ, ਉਖੜ ਜਾਣਾ, ਮਨ ਹਟ ਜਾਣਾ ॥

**ਔਜ਼ਾਰ,** ਪੁ:—ਹਥਿਆਰ, ਬਰੀਕ ਸੰਦ, ਸਮਿਆਨ ॥

**ਔਝੜ,** ਸ:—ਉਲਟਾ ਰਸਤਾ, ਅਵੱਲਾ ਰਾਹ, ਕੁਰਾਹ, ਟੇਢਾ ਰਸਤਾ ।

**ਔਝੜ ਚਲਣਾ ਯਾ ਜਾਣਾ, ਔਝੜ ਪੈਣਾ, ਔਝੜ ਰਾਹ ਪੈਣਾ** } ਕ੍ਰਿ:—ਪੁੱਠੇ ਰਾਹ ਪੈਕੇ ਤੁਰਨਾ, ਉੱਧਰ ਜਾਣਾ ਜਿਧਰ ਰਾਹ ਨਹੀਂ ॥

**ਔਟਣਾ,** ਕ੍ਰਿ:—ਉਬੱਲਣਾ, ਹੇਠ ਉੱਪਰ ਹੋਣਾ ॥

**ਔਟਲ ਜਾਣਾ, ਔਟਲਣਾ** } ਕ੍ਰਿ:—ਕਿਸੇ ਚੀਜ਼ ਦਾ ਅਜੇਹੀ ਥਾਂ ਰਖਿਆ ਜਾਣਾ ਜੋ, ਵੇਲੇ ਸਿਰ ਨਾ ਲਭੇ ।

**ਔਟਾਉਣਾ,** ਕ੍ਰਿ:—ਉਬਾਲਣਾ, ਹੇਠ ਉੱਪਰ ਕਰਨਾ ॥

**ਔਡਾ,** ਪੜ:—ਉਸ ਜਿੱਡਾ, ਉਤਨਾ, ਓਨਾ ॥

**ਔਢਾ,** ਪੁ:—ਚੰਮ ਦਾ ਟੁਕੜਾ, ਸੁਆਰ ਦੀ ਕਾਠੀ ਵਿੱਚ ਬਰਛਾ ਅੜਾਉਣ ਵਾਸਤੇ ਜੇਹੜਾ ਚੰਮ ਦਾ ਟੁਕੜਾ ਲੱਗਾ ਹੁੰਦਾ ਹੈ, ਰਕਾਬ, ਤਸਮਾ, ਤੰਗ ਦਾ ਇਕ ਹਿੱਸਾ ॥

Digitized by Panjab Digital Library - www.panjabdigilib.org

**ਔਤ, ਔਂਤ,** ਪੁ:
**ਔਤ੍ਰਾ, ਔਂਤ੍ਰਾ,** ਪੁ:
**ਔਤ੍ਰੀ, ਔਂਤ੍ਰੀ** ਸ: } ਜਿਸ ਦੇ ਘਰ ਉਲਾਦ ਨਾ ਹੋਵੇ, ਬੇ ਉਲਾਦ ॥
(ਔਤਰ ਨਖੱਤਰ, ਔਤਰਾ ਨਖੱਤਰਾ, ਔਤ ਪਰੇਤ, ਔਤਰੀ ਨਖਤ੍ਰੀ ਬੀ ਆਖਦੇ ਹਨ)॥

**ਔਤਰ ਜਾਣਾ,** ਕ੍ਰਿ:—ਬੇ ਉਲਾਦ ਮਰ ਜਾਣਾ ॥

**ਔਤਾਰ,** ਪੁ:—'ਅਉਤਾਰ' ਵੇਖੋ ॥

**ਔਤਾਰੀ,** ਵਿ:—'ਅਉਤਾਰੀ' ਵੇਖੋ ।

**ਔਤਾਰੀ ਜੀ,** ਪੁ: ਯਾ ਸ:—'ਅਉਤਾਰੀ ਜੀ' ਵੇਖੋ ॥

**ਔਧ,** ਪੁ:
ਸ: } ਵੇਲਾ, ਹੱਦ, ਥੈਨਾ, ਇਕਰਾਰ, ਸ਼ਰਤ, ਉਮਰ, ਆਰਜਾ, ਜਿੰਦ ॥ (ਔਧ ਪੁੱਗਣੀ, ਪੂਰੀ ਹੋਣੀ, ਹੰਢਾਣੀ ਬੀਤਣੀ, ਬਤੀਤ ਕਰਨੀ)॥

**ਔਨਰੇਬਲ,** ਵਿ:—'ਆਨਰੇਬਲ' ਵੇਖੋ ।

**ਔਰੰਗਜ਼ੇਬ,** ਪੁ:—ਇੱਕ ਜ਼ਾਲਮ ਬਾਦਸ਼ਾਹ ਜੋ ਜ਼ੋਰ ਨਾਲ ਲੋਕਾਂ ਨੂੰ ਮੁਸਲਮਾਨ ਕਰਦਾ ਸਾ ॥

**ਔਰੰਗਜ਼ੇਬੀ ਜ਼ਮਾਨਾ,** ਪੁ: ਜ਼ੁਲਮ ਦਾ ਜ਼ਮਾਨਾ, ਕਰੜਾ ਸਮਾ ॥

**ਔਲ,** ਸ:—ਨਾੜੂਆ, ਨਾੜੂ, ਜੇਰ ॥

**ਔਲ ਆਉਣੀ,** ਕ੍ਰਿ:—ਅਲਕਤ ਆਉਣੀ ॥

**ਔਲਖ,** ਪੁ:—ਕਲੰਕ, ਦੋਸ, ਬਲਾ ॥

**ਔਲਾ,** ਪੁ:—'ਆਉਲਾ' ਵੇਖੋ ॥

**ਔਲਾ ਸਾਰ,** ਸ:—'ਆਉਲੇ ਸਾਰ' ਵੇਖੋ ॥

**ਔਲਾ ਮੌਲਾ,** ਵਿ:—ਸਿੱਧ ਪੱਧਰਾ, ਭੋਲਾ ਭਾਲਾ, ਬੁੱਧੂ, ਕਮਲਾ ਰਮਲਾ, ਸੈਂਤੋਖੀ

**ਔਲੀਆ,** ਪੁ:—'ਵਲੀ' ਦਾ ਬਹੁ ਬਚਨ, ਅੱਲਾ ਵਾਲੇ, ਸਾਈਂ ਲੋਕ, ਪਿਕੰਬਰ, ਸੰਤ, ਮਹਾਤਮਾ, ਪਹੁੰਚੇ ਹੋਏ ॥

**ਔਲੀਆ ਅੱਲਾ,** ਪੁ:—ਈਸ਼ਰ ਦੇ ਪ੍ਰੇਮੀ, ਸੱਚੇ ਭਗਤ, ਅੱਲਾ ਵਾਲੇ ।

**ਔਲੋਂ,** ਸ:—ਜ਼ੋਰ ਜੋਰੀ, ਬੇ ਹੋਣੀ, ਖ਼ਿਆਉਣ ਦੀ ਚਾਹ (ਔਲੋਂ ਲਗਣੀ)॥

**ਔਲੋਂ ਹਾਰਾ,** ਪੁ:
**ਔਲੋਂ ਹਾਰੀ,** ਸ: } ਵਿ:—ਨਿਚਲਾ, (ਨਚੱਲੀ), ਫਸਾਦੀ (ਫਸਾਦਣ), ਪੱਟੂ।

**ਔੜ,** ਸ:—ਮੀਂਹ ਨਾ ਵੱਸਣਾ, ਕਾਲ ॥

**ਔੜ ਚੌੜ,** ਵਿ:—ਗਿਆ ਗੁਜ਼ਰਿਆ ॥

**ਔੜਣਾ,** ਕ੍ਰਿ:—ਚੇਤੇ ਆਉਣਾ, ਸੁੱਝਣਾ, ਹੱਥ ਆਉਣਾ, ਹੋਣਾ, ਹੋ ਸੱਕਣਾ ॥

**ਔੜਾ,** ਪੁ:—ਝੁੱਚਰ, ਰੋਕ ॥

## ੲ

**ੲ,** ਸ:—ਗੁਰਮੁਖੀ ਪੈਂਤੀ ਦਾ ਤੀਜਾ ਅੱਖਰ, ਈੜੀ ॥

**ਇਉਂ,** ਕ੍ਰਿ: ਵਿ:—ਐਉਂ, ਇਸ ਤਰਾਂ, ਇਵੇਂ, ਐਦਾਂ ॥

**ਇਸ,** ਪੜ:—ਇਹ, ਜੋ ਸਾਮ੍ਹਣੇ ਜਾਂ ਨੇੜੇ ਹੈ

**ਇਸ ਜੇਹਾ,** ਪੜ:—ਇਹ ਦੇ ਵਾਕਰ ॥

**ਇਸ ਤਰਾਂ,** ਕ੍ਰਿ: ਵਿ:—ਐਉਂ, ਐਂਚਰ, ਇਵੇਂ ॥

**ਇਸ਼ਕ,** ਪੁ:—ਪਿਆਰ, ਮੁਹੱਬਤ, ਨੇਹੁ, ਪ੍ਰੀਤ ॥

**ਇਸ਼ਕ ਪੇਚਾ,** ਪੁ:—ਇੱਕ ਵੇਲ ਅਰ ਉਸ ਦੇ ਫੁੱਲ ।

Digitized by Panjab Digital Library | www.panjabdigilib.org

**ਇਸ਼ਕ ਮੁਸ਼ਕ,** ਪੁ:—ਪ੍ਰੀਤ, ਪ੍ਰੇਮ, ਉਹ ਮਹੱਬਤ ਜੋ ਲੋਕਾਂ ਨੂੰ ਮਲੂਮ ਹੋ ਜਾਵੇ ॥

**ਇਸ਼ਕੀ ਟਿੱਡਾ,** ਪੁ:—ਇੱਕ ਵੱਡਾ ਸਾਵੇ ਰੰਗ ਦਾ ਮੱਕੜ, ਤੀਮਤਾਂ ਦਾ ਆਸ਼ਕ, ਪ੍ਰੇਮ ਦੇ ਜਾਲ ਵਿੱਚ ਫਸਿਆ ਹੋਇਆ ਆਦਮੀ ॥

**ਇਸਗੰਧ,** ਸ:—ਇੱਕ ਬੂਟੀ ਜਿਸ ਦੀ ਦੁਆ ਬਣਦੀ ਹੈ ।

**ਇਸ਼ਟ,** ਪੁ:—ਮਨਹਰ, ਵਸ ਹੋ ਜਕੋਨ, ਇੱਛਿਆ ਮਨ ਭਾਉਂਦਾ ਪਦਾਰਥ, ਜਿਸ ਦੇਵਤਾ ਦੀ ਕੋਈ ਪੂਜਾ ਕਰਦਾ ਹੈ (ਇਸ਼ਟ ਦੇਵ) ॥

**ਇਸਤ੍ਰੀ,** ਸ:—ਬੀਵੀ, ਤ੍ਰੀਮਤ ਜਨਾਨੀ, ਰੰਨ, ਔਰਤ, ਨਾਰ, ਨਾਰੀ, ਵਹੁਟੀ, ਲੋਹੇ ਦੀ ਬਣੀ ਹੋਈ ਉਹ ਚੀਜ਼ ਜਿਸ ਨੂੰ ਗਰਮ ਕਰਕੇ ਕਪੜਿਆਂ ਦੀ ਤਹ ਜਮਾਉਣ ਲਈ ਫੇਰਦੇ ਹਨ ।

**ਇਸਤ੍ਰੀ ਕਰਨੀ,** ਕ੍ਰਿ:—ਵਿਆਹ ਕਰਨਾ, ਕਪੜੇ ਦੀ ਤਹ ਜਮਾਉਣ ਲਈ ਉਸ ਉੱਤੇ ਇਸਤ੍ਰੀ ਫੇਰਨੀ ।

**ਇਸਤ੍ਰੀ ਧਨ,** ਪੁ:—ਦਾਜ ਦਾ ਮਾਲ, ਗਹਿਣੇ, ਅਸਬਾਬ, ਉਹ ਵਸਤਾਂ ਜੋ ਇਸਤ੍ਰੀ ਦੀਆਂ ਖਾਸ ਆਪਣੀਆਂ ਸਮਝੀਆਂ ਜਾਂਦੀਆਂ ਹਨ ਅਤੇ ਜਿਨ੍ਹਾਂ ਉੱਤੇ ਹੋਰ ਕਿਸੇ ਦਾ ਹੱਕ ਨਹੀਂ ਹੁੰਦਾ ।

**ਇਸਤ੍ਰੀ ਲਿੰਗ,** ਪੁ:—ਜਨਾਨਾ ਨਾਉਂ, ਤੀਮਤ ਦੀ ਨਿਸ਼ਾਨੀ ॥

**ਇਸ਼ਨਾਨ,** ਪੁ:—'ਅਸ਼ਨਾਨ' ਵੇਖੋ ॥

**ਇੰਸਪੈਕਟਰ,** ਪੁ:—ਹੋਰਨਾਂ ਦੇ ਕੰਮ ਦੀ ਦੇਖ ਭਾਲ ਕਰਨ ਵਾਲਾ ।

**ਇਸਪਾਤ,** ਪੁ:—'ਅਸਪਾਤ' ਵੇਖੋ ।

**ਇਸਲਾਮ,** ਪੁ:—ਮੁਸਲਮਾਨਾਂ ਦਾ ਮਜ਼੍ਹਬ ॥

**ਇਸ਼ਾਰਾ,** ਪੁ:—'ਸੈਨਤ' ਵੇਖੋ ॥

**ਇਹ,** ਪੜ:—ਆਹ, ਜੋ ਸਾਮ੍ਹਣੇ ਜਾਂ ਨੇੜੇ ਹੋ ਯਾ ਜਿਸ ਦੀ ਗੱਲ ਹੋ ਰਹੀ ਹੋ ॥

**ਇਹਸਾਨ,** ਪੁ:—ਦਯਾ, ਕਿਰਪਾ, ਭਲਾ, ਉਪਕਾਰ, (ਇਹਸਾਨ ਕਰਨਾ, ਜਾਨਣਾ, ਰੱਖਣਾ) ॥

**ਇਹਸਾਨ ਮੰਦ,** ਪੁ:—ਜਿਸ ਦੇ ਨਾਲ ਭਲਿਆਈ ਕੀਤੀ ਗਈ ਹੋ, ਇਹਸਾਨ ਜਾਨਣ ਵਾਲਾ ॥

**ਇਹਸਾਨ ਮੰਦੀ,** ਸ:—ਕੀਤੇ ਨੂੰ ਜਾਨਣਾ, ਉਪਕਾਰ ਮੰਨਣਾ ॥

**ਇਹਨਾਂ**
**ਇਹਨੀਂ**
ਪੜ:—'ਇਹ' ਦਾ ਬਹੁ ਵਚਨ, ਇਨ੍ਹਾਂ ॥

**ਇਹਾ,** ਪੜ:—ਏਹੋ, ਇਹ ਹੀ, ਹੋਰ ਕੋਈ ਨਾਂ, ਐਸਾ ॥

**ਇਹਾ ਜਿਹਾ,** ਪੜ:—ਇਸ ਵਰਗਾ, ਇਸ ਤਰਾਂ ਦਾ ॥

**ਇਹੀ**
**ਇਹੀਓ**
**ਇਹੋ**
ਪੜ:—ਇਹ ਹੀ, ਏਹੋ, ਹੋਰ ਕੋਈ ਨਾਂ ॥

**ਇਹੋ ਜਿਹਾ,** ਪੜ:—ਇਸ ਵਰਗਾ, ਐਸਾ ਹੀ ॥ (ਜੰਮਿਆ ਬਾਲ ਤੇ ਇਹੋ ਹਾਲ—ਜਦ ਦਾ ਬਾਲ ਜੰਮਿਆ ਹੈ ਇਹ ਹਾਲ ਹੀ ਰਿਹਾ ਹੈ)

**ਇੱਕ,** ਵਿ:—ਕੱਲਾ, ਦੋ ਜਾਂ ਦੋ ਤੋਂ ਵੱਧ ਨਹੀਂ, ਖ਼ਾਸ ਜਣਾ, ਹਰ ਕੋਈ, ਹੋਰ ਕੋਈ, ਦੋਹਾਂ ਵਿੱਚੋਂ ਕੋਈ, ਬਰਾਬਰ ਵਰਗਾ, ਜਿਸ ਜਿਹਾ ਹੋਰ ਕੋਈ ਨਹੀਂ, ਪੱਕਾ, ਨਾਂ ਬਦਲਣ ਵਾਲਾ, ਠੀਕ, ਸੱਚਾ ॥

Digitized by Panjab Digital Library | www.panjabdigilib.org

**ਇੱਕ ਅੱਖ ਨਾਲ ਵੇਖਣਾ,** ਕ੍ਰਿ:—ਇਕੋ ਜੇਹੇ ਸਮਝਣਾ, ਫਰਕ ਨਾ ਜਾਨਣਾ ॥

**ਇੱਕ ਅੱਧਾ,** ਵਿ: ਥੋੜੇ ਜੇਹੇ, ਸ਼ਾਇਦ ਹੀ ਕੋਈ, ਟਾਂਵਾਂ ਟਾਂਵਾਂ ॥

**ਇੱਕ ਇੱਕ ਕਰਕੇ,** ਕ੍ਰਿ: ਵਿ:—ਹਰ ਕੋਈ, ਅਲਗ ਅਲਗ, ਇੱਕ ਦੇ ਮਗਰ ਦੂਆ, ਕੱਲੇ ਕੱਲੇ ॥

**ਇੱਕ ਸਾਨ, ਇੱਕ ਸਾਰ,** ਵਿ: ਇੱਕੋ ਜੇਹੇ, ਬਰਾਬਰ, ਇੱਕ ਦੂਏ ਨਾਲ ਮਿਲਦੇ ॥

**ਇੱਕ ਹੋਰ,** ਵਿ:—ਇੱਕ ਵੱਧ, ਦੂਜਾ ॥

**ਇੱਕ ਕਤਾਰ,** ਵਿ:—ਇੱਕੋ ਢੰਗ ਦੇ ॥

**ਇੱਕ ਗੱਲ,** ਸ:—ਓਹੀ ਬਾਤ, ਕੋਈ ਫਰਕ ਨਾ, ਇੱਕ ਮੁਲ, ਸਚੀ ਗਲ ॥

**ਇੱਕ ਗੱਲ ਵਿੱਚ,** ਕ੍ਰਿ:, ਵਿ:—ਪਲ ਵਿੱਚ, ਬਹੁਤ ਛੇਤੀ

**ਇੱਕ ਛੱਤ ਰਾਜ,** ਪੁ:—ਸਾਰੇ ਫੈਲਿਆ ਹੋਇਆ ਰਾਜ ॥

**ਇੱਕ ਚਿੱਤ,** ਵਿ:—ਇੱਕ ਮਨ, ਇਕ ਪਾਸੇ ਜਿਸ ਦਾ ਧਿਆਨ ਹੈ ॥

**ਇੱਕ ਜਣਾ,** ਪੜ:—ਇੱਕ ਮਨੁੱਖ, ਕੋਈ ਆਦਮੀ ॥

**ਇੱਕ ਜਾਣ,** ਵਿ:—ਸੱਚੇ ਮਿਤ੍ਰ, ਪੱਕੇ ਯਾਰ, ਇੱਕ ਦੂਏ ਨਾਲ ਡਾਢੀ ਪ੍ਰੀਤ ਕਰਨ ਵਾਲੇ ।

**ਇੱਕ ਜਾਤ,** ਵਿ:—ਇੱਕੋ ਜਾਤ ਕੁਲ ਜਾਂ ਰੰਗ ਢੰਗ ਦੇ । ਇੱਕ ਤਰਾਂ ਦੇ ॥

**ਇੱਕ ਜੇਹੇ ਦਿਨ ਨਾਂ ਰਹਿਣੇ,** ਕ੍ਰਿ: -ਹਾਲਤ ਬਦਲਦੀ ਰਹਨੀ, ਦੁਖ ਪਿੱਛੋਂ ਸੁਖ ਮਿਲਨਾ ਜਾਂ ਸੁਖ ਪਿੱਛੋਂ ਦੁਖ ।

**ਇੱਕ ਟਿੱਕ ਲਾਉਣੀ,** ਕ੍ਰਿ:—ਨਜ਼ਰ ਟਿਕਾ ਕੇ ਵੇਖਣਾ, ਬਰਾਬਰ ਕੁਝ ਚਿਰ ਤੱਕਦੇ ਰਹਿਣਾ ॥

**ਇੱਕ ਠੌਰ,** ਸ:—ਇੱਕ ਥਾਂ, ਓਹੀਓ ਥਾਂ ॥

**ਇੱਕ ਡੌਲ,** ਵਿ:—ਇੱਕੋ ਜੇਹੇ ॥

**ਇੱਕ ਢਿੱਡ ਦੇ,** ਵਿ:—ਇੱਕ ਮਾ ਦੀ ਉਲਾਦ, ਆਪਣੇ ਭਰਾ ਜਾਂ ਭੈਣਾਂ ।

**ਇੱਕ ਤਰਹ, ਇੱਕ ਤਰਾਂ,** ਵਿ: ਬਰਾਬਰ, ਇਕੋ ਢੰਗ ਦੇ ਮਿਲਦੇ ॥

ਕ੍ਰਿ: ਵਿ:—ਇੱਕ ਗੱਲ ਦਾ ਵਿਚਾਰ ਕਰਕੇ ॥

**ਇੱਕ ਤਰਫ਼ਾ ਡਿਗਰੀ,** ਸ:—ਦੋਹਾਂ ਧਿਰਾਂ ਵਿੱਚੋਂ ਦੂਜੇ ਦੀ ਗੱਲ ਸੁਣੇ ਬਾਝੋਂ ਹੀ ਇੱਕ ਦੇ ਪੱਖ ਵਿੱਚ ਫੈਸਲਾ ਹੋਣਾ ॥

**ਇੱਕ ਤਾਂ,** ਕ੍ਰਿ: ਵਿ:—ਪਹਿਲੀ ਗੱਲ ਇਹ ਹੈ, ਪਹਿਲ, ਇੱਕ ਪਾਸੇ ।

**ਇੱਕ ਤਾਣ,** ਸ:—ਮੇਲ, ਜੋੜ ॥

**ਇੱਕ ਤੋਂ ਇੱਕ ਵਧਕੇ,** ਵਿ: —ਬਹੁਤ ਚੰਗੇ ॥

**ਇਕਦਮ,** ਕ੍ਰਿ: ਵਿ:—ਕੱਠੇ ਹੀ, ਝਟ ਪਟ ॥

**ਇੱਕ ਦਮ ਵਿੱਚ,** ਕ੍ਰਿ: ਵਿ:—ਪੱਲ ਵਿੱਚ, ਝੱਟ ਪੱਟ ॥

**ਇੱਕ ਦੂਜੇ ਦੀ ਮਦਦ,** ਸ:—ਮਿਲ ਕੇ ਕੰਮ ਕਰਨਾ, ਆਪਸ ਵਿੱਚ ਦਾ ਮੇਲ ।

**ਇੱਕ ਦੇ ਪਿੱਛੇ ਇੱਕ,** ਕ੍ਰਿ: ਵਿ:—ਇੱਕ ਦੂਏ ਦੇ ਮਗਰ, ਇੱਕ ਇੱਕ ਕਰਕੇ, ਲਗਾਤਾਰ ॥

**ਇੱਕ ਪਲ ਵਿੱਚ,** ਕ੍ਰਿ: ਵਿ:—ਇੱਕ ਦਮ ਵਿੱਚ, ਝੱਟ ਪੱਟ, ਅੱਖ ਦੀ ਝਮਕ ਵਿਚ, ਚੁਟਕੀ ਵਿੱਚ ॥

Digitized by Panjab Digital Library | www.panjabdigilib.org

**ਇੱਕ ਪਿੱਛੋਂ ਇੱਕ,** ਕ੍ਰਿ: ਵਿ:—ਇੱਕ ਇੱਕ ਕਰਕੇ ॥

**ਇੱਕ ਭਾ,** ਕ੍ਰਿ: ਵਿ:—ਉਸੇ ਭਾ ਸਭ ਨੂੰ ॥

**ਇੱਕ ਮਾਂ ਪਿਉ ਦੇ,** ਵਿ:—ਇੱਕੋ ਮਾਪਿਆਂ ਤੋਂ ਜਨਮੇ ਹੋਏ, ਸੱਕੇ ਭਰਾ ਜਾਂ ਭੈਣ ਭਰਾ ॥

**ਇੱਕ ਮਿੱਕ ਹੋਣਾ,** ਕ੍ਰਿ:—ਸੁਲ੍ਹਾ ਹੋਣੀ, ਮੇਲ ਜਾਂ ਏਕਾ ਹੋਣਾ ॥

**ਇੱਕ ਮੁੱਠ,** ਵਿ:—ਮਿਲ ਗਿਲ ਕੇ ਰਹਿਣ ਵਾਲੇ ॥ ਸ:—ਏਕਾ ॥

**ਇੱਕ ਮੁੱਲ,** ਕ੍ਰਿ: ਵਿ:—ਉਸੇ ਮੁੱਲ ਸਭ ਨੂੰ ॥

**ਇੱਕ ਰੰਗਾ, ਇੱਕ ਰੰਗਾ,** ਵਿ:—ਇੱਕ ਰੰਗ ਦਾ, ਇੱਕ ਤਰ੍ਹਾਂ ਦਾ, ਇੱਕੋ ਜੇਹਾ, ਮਿਲਦਾ ।

**ਇਕ ਵੱਲ,** ਵਿ:—ਇੱਕ ਪਾਸੇ, ਵੱਖਰਾ ।

**ਇੱਕ ਵਾਰੀ,** ਕ੍ਰਿ: ਵਿ:—ਇੱਕ ਸਮੇਂ, ਕਿਸੇ ਵੇਲੇ ॥

**ਇਕਸ,** ਵਿ:—ਇੱਕ ਜਣਾ, ਕੋਈ ।

**ਇਕਸਾ, ਇਕਸੀ,** ਵਿ:—ਇੱਕੋ ਜੇਹੇ, ਇੱਕੋ ਢੰਗ ਦੇ, ਇੱਕੋ ਹੀ, ਪੱਧਰਾ ॥

**ਇਕਹੱਤਰ,** ਵਿ:—ਇੱਕ ਉੱਤੇ ਸੱਤਰ ॥

**ਇੱਕਹੱਤਰਵਾਂ,** ਵਿ:—ਇੱਕਹੱਤਰਾਂ ਦੀ ਗਿਣਤੀ ਨੂੰ ਪੂਰਾ ਕਰਨ ਵਾਲਾ ॥

**ਇਕਹਰਾ,** ਵਿ:—ਇੱਕੋ, ਇੱਕ ਤਹਿ ਵਾਲਾ ॥

**ਇਕਹਰਾ ਸਰੀਰ,** ਪੁ:—ਲਿੱਸੀ ਜਾਂ ਪਤਲੀ ਦੇਹ ॥

**ਇਕੱਠ,** ਪੁ:—ਇੱਕ ਥਾਂ ਬਹੁਤ ਜਣਿਆਂ ਦਾ ਹੋਣਾ, ਜੋੜ ਮੇਲ, ਭੀੜ, ਏਕਾ ॥

**ਇਕੱਠਾ,** ਵਿ:—ਇੱਕ ਥਾਂ, ਜੁੜਿਆ ਹੋਇਆ, ਮਿਲਿਆ ਹੋਇਆ, ਅੱਡ ਅੱਡ ਨਹੀਂ ॥
ਕ੍ਰਿ: ਵਿ:—ਮਿਲਕੇ, ਸਾਰੇ ਦਾ ਸਾਰਾ (ਹੋਣਾ, ਕਰਨਾ)॥

**ਇਕੈਤ,** ਵਿ:—ਕੱਲਾ, ਵੇਹਲਾ, ਕੰਮ ਵਿੱਚ ਨਾ ਲੱਗਾ ਹੋਇਆ ॥

**ਇਕੱਤ੍ਰ,** ਵਿ:—ਇਕੱਠੇ, ਮੇਲ ਰੱਖਣ ਵਾਲੇ, ਇੱਕ ਪਾਸੇ ਹੋਏ ਹੋਏ ॥

**ਇਕੱਤ੍ਰੀ,** ਵਿ:—'ਇਕੱਤੀ' ਵੇਖੋ ।

**ਇਕਤਾਲੀਆ,** ਪੁ:—ਸੰਮਤ ਇਕਤਾਲੀ ॥

**ਇਕਤਾਲੀ,** ਵਿ:—ਚਾਲੀਆਂ ਉੱਤੇ ਇੱਕ ॥

**ਇਕਤਾਲੀਵਾਂ,** ਵਿ:—ਇਕਤਾਲੀਆਂ ਦੀ ਗਿਣਤੀ ਪੂਰੀ ਕਰਨ ਵਾਲਾ ॥

**ਇਕੱਤੀ,** ਵਿ:—ਤੀਹਾਂ ਉੱਤੇ ਇੱਕ ॥

**ਇਕੱਤੀਵਾਂ,** ਵਿ:—ਇਕੱਤੀਆਂ ਦੀ ਗਿਣਤੀ ਪੂਰੀ ਕਰਨ ਵਾਲਾ ।

**ਇਕਲਬਾਹੀਂ,** ਵਿ:—ਜਿਸ ਦਾ ਕੋਈ ਭਰਾ, ਭਾਈ ਨਹੀਂ । ਇਕੱਲਾ ॥

**ਇੱਕਲ ਵੰਜਾ, ਇਕਲਵਾਂਜਾ,** ਪੁ:—ਨਵੇਕਲੀ ਥਾਂ, ਇਕਾਂਤ । ਵਿ:—ਨਵੇਕਲਾ, ਕੱਲਾ ॥

**ਇਕੱਲਾ,** ਵਿ:—'ਅਕੱਲਾ' ਵੇਖੋ ॥

**ਇਕਲਾਪਾ,** ਵਿ:—ਇਕੱਲਾ, ਜਿਸ ਦਾ ਕੋਈ ਆਸਰਾ ਨਹੀਂ, ਜਿਸ ਦੇ ਕੋਈ ਅੰਗ ਸਾਕ ਨਹੀਂ ॥

**ਇਕਲੌਤਾ,** ਵਿ:, ਪੁ:—ਇੱਕੋ ਪੁੱਤ੍ਰ ॥

Digitized by Panjab Digital Library | www.panjabdigilib.org

**ਇਕਵੰਜਾ**, ਵਿ:—ਪੰਜਾਹ ਉੱਤੇ ਇੱਕ ॥

**ਇਕ ਵੱਲਾ**, ਵਿ:—ਅਟੰਕ, ਵੇਹਲਾ, ਨਵੇਕਲਾ ॥

**ਇੱਕਾ**, ਵਿ:, ਪੁ:—ਇਕੱਲਾ, ਇੱਕੋ ਹੀ, ਯੱਕਾ ॥

**ਇੱਕਾ ਦੁੱਕਾ**, ਵਿ: ਇੱਕ ਇੱਕ ਕਰਕੇ ਅਤੇ ਦੋ ਦੋ ਕਰਕੇ, ਟਾਵਾਂ ਟਾਵਾਂ ॥

**ਇਕਾਈ**, ਸ:—ਇਕੱਲੀ ਚੀਜ, ਇਕ ਸ਼ੈ ॥

**ਇਕਾਸੀ**, ਵਿ:—ਇੱਕ ਉੱਪਰ ਅੱਸੀ ॥

**ਇਕਾਹਟ**, ਵਿ:—ਇੱਕ ਉੱਪਰ ਸੱਠ ॥

**ਇਕਾਂਤ**, 'ਏਕਾਂਤ' ਵੇਖੋ ॥

**ਇਕਾਦਸੀ**, ਵਿ:—'ਅਕਾਦਸੀ' ਵੇਖੋ ।

**ਇਕਾਨਮੇਂ**, **ਇਕਾਨਵੇਂ**, ਵਿ:—ਇੱਕ ਉੱਤੇ ਨੱਵੇ ॥

**ਇੱਕੀ**, ਵਿ:—ਇੱਕ ਉੱਤੇ ਵੀਹ ॥

**ਇਕੀਹਵਾਂ**, **ਇਕੀਸਵਾਂ**, ਵਿ:- ਇਕੀਆਂ ਦੀ ਗਿਣਤੀ ਪੂਰੀ ਕਰਨ ਵਾਲਾ ॥

**ਇੱਕੁਰੇ**, ਕ੍ਰਿ: ਵਿ:—ਇਸ ਤਰਾਂ, ਇਵੇਂ, ਐਉਂ ॥

**ਇੱਕੋ**, ਵਿ:—ਇਕੱਲਾ, ਇੱਕਾ, ਦੂਜਾ ਨਹੀਂ ॥

**ਇਕੋਤਰ ਸੌ**, ਵਿ:—ਇੱਕ ਉੱਤੇ ਸੌ ॥

**ਇਖ**, ਪੁ:—ਗੰਨਾ ॥

**ਇਖਤਿਆਰ**, ਪੁ:—'ਅਖਤਿਆਰ' ਵੇਖੋ ॥

**ਇੰਗਰਨਾ**, ਕ੍ਰਿ:—ਅਹੰਕਾਰ ਕਰਨਾ, ਘਮੰਡ ਕਰਨਾ ਆਕੜਨਾ ॥

**ਇੰਗਲਸ**, ਸ:—'ਖਿਲਸ਼ਨ' ਵੇਖੋ ॥

**ਇੰਗਲਿਸਤਾਨ**, **ਇੰਗਲੈਂਡ**, ਪੁ: ਅੰਗ੍ਰੇਜਾਂ ਦਾ ਦੇਸ, ਵਲੈਤ, ਜਿਸ ਦੇਸ ਵਿਚ ਸਾਡਾ ਪਾਤਸ਼ਾਹ ਹੈ ॥

**ਇੰਚ**, ਪੁ:—ਇੱਕ ਛੋਟਾ ਨਾਪ, ਫੁਟ ਦਾ ਬਾਰ੍ਹਵਾਂ ਹਿੱਸਾ, ਪੈਰ ਦੀ ਚੌੜਾਈ ॥

**ਇੱਚਰ**, **ਇੱਚਿਰ**, ਪੁ:—ਇੰਨਾ ਚਿਰ, ਐਨੇ ਚਿਰ ॥ ਕ੍ਰਿ: ਵਿ:- ਐਨੇ ਚਿਰ ਵਿੱਚ ॥

**ਇੱਛਕ**, ਪੁ:—ਇੱਛਿਆ ਕਰਨ ਵਾਲਾ, ਚਾਹਕ ॥

**ਇੱਛਾ**, **ਇੱਛਿਆ**, ਸ:—ਮਰਜੀ, ਚਾਹ, ਖ਼ਾਹਸ਼, ਖੁਸ਼ੀ, ਲੋੜ, ਜ਼ਰੂਰਤ, ਪਰੋਜਨ । ਮਨਸਾ ॥ ( ਕਰਨੀ, ਰਖਣੀ, ਹੋਣੀ ) ॥

**ਇੱਛਿਆ ਧਾਰਣ**, ਸ:, **ਇੱਛਿਆ ਧਾਰੀ**, ਪੁ: ਜੋ ਆਪਣੀ ਮਰਜੀ ਨਾਲ ਅਨੇਕ ਰੂਪ ਧਾਰਣ ਕਰ ਸੱਕੇ ॥ ਜਿਸ ਦੀ ਖ਼ਾਹਸ਼ ਪੂਰੀ ਹੋ ਗਈ ਹੋ ॥

**ਇਜਨ**, ਸ:—ਆਗਿਆ, ਖੁੱਲ੍ਹ ॥

**ਇਜਨ**, ਪੁ:—ਰੇਲ ਦਾ ਜਾਂ ਕਿਸੇ ਹੋਰ ਕਲਾ ਦਾ ਬੰਬਾ ॥

**ਇੱਜਤ**, ਸ:—ਆਦਰ, ਮਾਨ, ਪਤ, ਆਬਰੋ ॥

**ਇੱਜਤ ਉਤਾਰਨੀ**, ਕ੍ਰਿ:—ਨਿਰਾਦਰੀ ਕਰਨੀ, ਪਤ ਲਾਹੁਣੀ, ਗਾਲ੍ਹ ਕੱਢਣੀ, ਸ਼ਰਮਿੰਦਾ ਕਰਨਾ ।

**ਇੱਜਤ ਕਰਨੀ**, ਕ੍ਰਿ:—ਆਦਰ ਮਾਨ ਕਰਨਾ, ਅਦਬ ਕਰਨਾ ।

**ਇੱਜਤ ਦੇਣੀ**, ਕ੍ਰਿ:—ਮਾਨ ਵਧਾਉਣਾ, ਮਰਾਤਬਾ ਦੇਣਾ, ਵਡਿਆਈ ਦੇਣੀ ।

**ਇੱਜਤ ਘਟਾਉਣੀ**, ਕ੍ਰਿ:—ਮਾਨ ਘਟਾਉਣਾ ॥

**ਇਜਤ ਰੱਖਣੀ**, ਕ੍ਰਿ:—ਮਾਨ ਰੱਖਣਾ, ਲਜਿਆ ਰਖਣੀ, ਆਬਰੋ ਬਚਾਉਣੀ ।

Digitized by Panjab Digital Library | www.panjabdigilib.org

**ਇੱਜ਼ਤ ਲਾਹੁਣੀ** / **ਇੱਜ਼ਤ ਵਗਾੜਣੀ**, ਕ੍ਰਿ: 'ਇੱਜ਼ਤ ਉਤਾਰਨੀ' ਵੇਖੋ ॥

**ਇੱਜ਼ਤ ਵਾਲਾ,** ਪੁ:—ਮੰਨਿਆ ਪਰਮੰਨਿਆ, ਉੱਚੀ ਪਦਵੀ ਜਾਂ ਮਰਾਤਬੇ ਵਾਲਾ।

**ਬੇ ਇੱਜ਼ਤ,** ਵਿ:—ਜਿਸ ਦੀ ਇੱਜ਼ਤ ਨਹੀਂ ॥

**ਬੇ ਇੱਜ਼ਤੀ,** ਸ:—ਨਿਰਾਦਰੀ ॥

**ਇੱਜੜ,** ਪੁ:—'ਅੱਯੜ' ਵੇਖੋ ॥

**ਇਜਾਜ਼ਤ,** ਸ:—ਆਗਯਾ, ਖੁੱਲ੍ਹ, ਛੁਟੀ ॥

**ਇੰਜੀਨੀਅਰ,** ਪੁ:—ਕਲਾ ਬਣਾਉਣ ਵਾਲਾ। ਸੜਕਾਂ ਮਕਾਨਾਂ ਆਦਿਕਾਂ ਦੀ ਬਣਾਵਟ ਸੋਚਣ ਵਾਲਾ ॥

**ਇੰਜੀਨੀਅਰੀ,** ਸ:—ਕਲਾ ਬਣਾਉਣ ਦੀ ਵਿਦਯਾ ॥

**ਇਜੇਹਾ,** ਪੜ:—ਇਸ ਜੇਹਾ, ਇਸ ਵਰਗਾ ॥

**ਇਜੇਹਾ ਕੇਹਾ,** ਵਿ:—ਐਵੇਂ ਕਿਵੇਂ, ਬਹੁਤ ਚੰਗਾ ਨਹੀਂ ॥

**ਇੰਝ,** 'ਐਂਝ' ਵੇਖੋ ॥

**ਇੱਟ,** ਸ:—ਆਵੇ ਦੇ ਵਿੱਚ ਪੱਕੀ ਹੋਈ ਮਿੱਟੀ ਜਿਸਨੂੰ ਪਹਿਲੇ ਸੱਚੇ ਵਿੱਚ ਪਾਕੇ ਅਕਸਰ ਸਿਲ ਦੀ ਸ਼ਕਲ ਦੀ ਬਣਾ ਲੈਂਦੇ ਹਨ ॥ (ਇੱਟਾਂ ਦੀ ਚਿਣਾਈ ਨਾਲ ਕੰਧ ਆਦਿਕ ਬਣਦੀ ਹੈ)। ਧਾਤ ਆਦਿਕ ਦੀ ਚੀਜ਼ ਇੱਟ ਦੀ ਸ਼ਕਲ ਦੀ ॥

**ਇੱਟ ਸਿੱਟ,** ਸ:—ਇੱਕ ਤਰਾਂ ਦਾ ਘਾ ਜਿਸ ਦੇ ਖਾਣ ਨਾਲ ਦਸਤ ਲਗ ਜਾਂਦੇ ਹਨ ਅਤੇ ਢਿੱਲਾ ਹੋ ਜਾਂਦਾ ਹੈ ॥
ਪਰ ਉਸ ਦੀ ਬੂਟੀ ਵਿੱਚ ਦਿਆਂ ਰੋਗਾਂ ਵਿੱਚ ਗੁਣ ਕਰਦੀ ਹੈ॥

**ਇੱਟ ਕੁੱਤੇ ਦਾ ਵੈਰ,** ਪੁ:—ਬੜੀ ਭਾਰੀ ਦੁਸ਼ਮਣੀ, ਅਤ ਵੈਰ॥

**ਇੱਟ ਖੜਕਾਊ,** ਪੁ:—ਇੱਕ ਖੇਡ ॥

**ਇੱਟ ਖੜਕਾਉਣਾ,** ਕ੍ਰਿ:—ਘਰ ਉਸਾਰਨਾ ॥

**ਇੱਟ ਖੜਿੱਕਾ ਲਾਉਣਾ,** ਕ੍ਰਿ:—ਲੜਾਈ ਕਰਦੇ ਰਹਿਣਾ।

**ਇੱਟ ਚੁੱਕਦੇ ਨੂੰ ਪੱਥਰ ਚੁਕਣਾ,** ਕ੍ਰਿ:—ਚੰਗੀ ਤਰਾਂ ਟਾਕਰਾ ਕਰਨ ਲਈ ਤਿਆਰ ਹੋ ਜਾਣਾ।

**ਇੱਟ ਨਾਲ ਇੱਟ ਖੜਕਾਉਣੀ,** ਕ੍ਰਿ:—ਕਿਸੇ ਅਮਾਰਤ ਨੂੰ ਢਾਹੁਣਾ, ਨਾਸ਼ ਕਰਨਾ ॥

**ਇੱਟ ਨਾਲ ਇੱਟ ਵੱਜਣੀ,** ਕ੍ਰਿ:—ਘਰ ਦਾ ਢਹਿ ਪੈਣਾ, ਨਾਸ਼ ਹੋਣਾ ॥

**ਇੱਟ ਨਾਲ ਇੱਟ ਵਜਾਉਣੀ,** ਕ੍ਰਿ:—'ਇੱਟ ਨਾਲ ਇੱਟ ਖੜਕਾਉਣੀ' ਵੇਖੋ।

**ਇੱਟ ਪੁੱਟਦੇ ਨੂੰ ਪੱਥਰ ਤਿਆਰ ਰੱਖਣਾ**, ਕ੍ਰਿ:—ਚੰਗੀ ਤਰਾਂ ਟਾਕਰਾ ਕਰਨ ਨੂੰ ਤਿਆਰ ਹੋਣਾ।

**ਇੱਟਾਂ ਥੱਪਣੀਆਂ,** ਕ੍ਰਿ: ਇੱਟਾਂ ਬਣਾਉਣੀਆਂ।

**ਇੱਟੋ ਰੋੜਾ,** ਪੁ:—ਇੱਕ ਖੇਡ॥

**ਇੱਡਾ,** ਵਿ:—ਐੱਡਾ, ਐੱਨਾ, ਇਸ ਜੇਡਾ

**ਇੱਡਾ ਕਿੱਡਾ,** ਵਿ:—'ਐੱਡਾ ਕੇਡਾ' ਵੇਖੋ॥

**ਇਨਕਾਰ,** ਪੁ:—ਨਾਂਹ, ਮੁਕਰੇਵਾਂ, ਨਾ ਮਨਜ਼ੂਰੀ॥

**ਇਨਕਾਰ ਕਰਨਾ,** ਕ੍ਰਿ:—ਨਾ ਮੰਨਣਾ, ਮੁਕਰ ਜਾਣਾ, ਜਵਾਬ ਦੇਣਾ, ਨਾਂਹ ਕਰ ਦੇਣੀ, ਤਿਆਗਣਾ ॥

**ਇਨਕਾਰੀ,** ਵਿ:—ਇਨਕਾਰ ਕਰਨ ਵਾਲਾ ॥

Digitized by Panjab Digital Library / www.panjabdigilib.org

**ਇਣੀ ਚਿਣੀ,** ਸਃ—ਅੱਲ ਪੱਲ, ਛੋਟੀਆਂ ਮੋਟੀਆਂ, ਚੀਜ਼ਾਂ, ਤੁੱਛ ਵਸਤਾਂ ॥

**ਇੱਤ,** ਪੜਃ—ਇਹ, ਇਸ ॥

**ਇਤਨਾ,** ਪੜਃ, ਕ੍ਰਿਃ ਵਿਃ — ਇਸ ਜਿੰਨਾ, ਐਨਾ ॥

**ਇਤਨਾ ਕੁ,** ਪੜਃ—ਐਨੇ ਦੇ ਲਗ ਭਗ ।

**ਇਤਨੇ ਵਿੱਚ,** ਕ੍ਰਿਃ ਵਿਃ—ਇਸ ਵੇਲੇ ਨੂੰ ॥

**ਇੰਤਜਾਮ,** ਪੁਃ—ਬੰਦੋਬਸਤ, ਪ੍ਰਬੰਧ, ਜੁਗਤ ॥

**ਇਤਬਾਰ,** ਪੁਃ—'ਅਤਬਾਰ' ਵੇਖੋ ॥

**ਇਤਬਾਰਣ,** ਸਃ—'ਅਤਬਾਰਨ' ਵੇਖੋ ॥

**ਇਤਬਾਰੀ,** ਵਿਃ—'ਅਤਬਾਰੀ' ਵੇਖੋ ।

**ਇਤ੍ਰ ਬਿਤ੍ਰ,** ਵਿਃ—ਖਿੰਡਿਆ ਹੋਇਆ ॥

**ਇੱਤਲ, ਇਤ ਵੱਲ** — ਕ੍ਰਿਃ ਵਿਃ—ਇਸ ਪਾਸੇ, ਇੱਧਰ, ਐਧਰ, ॥

**ਇਤਲਾਹ,** ਸਃ—ਖਬਰ, ਸੋਝੀ (ਕਰਨੀ, ਦੇਣੀ)॥

**ਇਤਵਾਰ,** ਪੁਃ—ਐਤਵਾਰ ॥

**ਇਤਿਹਾਸ,** ਪੁਃ—ਪਿਛਲੇ ਸਮੇਂ ਦਾ ਹਾਲ, ਤਵਾਰੀਖ਼ ॥

**ਇਤੀ,** ਪੜਃ—ਇੱਸੇ, ਇਸ ਨੇ ਹੀ॥
ਅਵਃ—ਬੱਸ, ਮੁੱਕ ਗਿਆ ॥

**ਇੱਥ,** ਕ੍ਰਿਃ ਵਿਃ—ਇਸ ਥਾਂ ਪੁਰ, ਇਸ ਜਗਾ, ਐਥੇ ॥

**ਇੱਥੋਂ,** ਕ੍ਰਿਃ ਵਿਃ—ਇਸ ਜਗਾ ਤੋਂ, ਐਥੋਂ ॥

**ਇੰਦ, ਇੰਦਰ** — ਪੁਃ—ਦੇਉਤਿਆਂ ਦਾ ਰਾਜਾ, ਮੀਂਹ ਵਸਾਉਣ ਵਾਲਾ ਦੇਉਤਾ ॥

ਸਃ—ਥੋ ਤੋਲ ਕ਼ੀਮਤ, ਇੱਕ ਬੱਕਰੀ ਜਿਸ ਦੇ ਬੱਚੇ ਨਹੀਂ ਹੁੰਦ ਪਰ ਦੁੱਧ ਦੇਂਦੀ ਹੈ ॥

**ਇੰਦਾਸਣ, ਇੰਦਰਾਸਣ** — ਪੁਃ—ਇੰਦਰ ਦਾ ਸਿੰਘਾਸਣ ਜਾਂ ਰਾਜ ਗੱਦੀ ॥

**ਇੰਦਰ ਸਭਾ,** ਸਃ—ਰਾਜੇ ਇੰਦਰ ਦਾ ਦਰਬਾਰ ॥

**ਇੰਦਰ ਗਾਮ,** ਪੁਃ—ਇੱਕ ਤਰਾਂ ਦੇ ਜੌਂ ਜਿਸ ਦੇ ਸਿਰੇ ਚੌੜੇ ਹੁੰਦੇ ਹਨ ਅਤੇ ਅਕਸਰ ਭੁਨਾ ਕੇ ਖਾਂਦੇ ਹਨ ॥

**ਇੰਦਰ ਜਾਲ,** ਪੁਃ—ਜਾਦੂ, ਛਲ, ਫਰੇਬ ॥

**ਇੰਦਰ ਜੌਂ,** ਪੁਃ—ਇੱਕ ਤਰ੍ਹਾਂ ਦੇ ਕਾਲੇ ਜੌਂ ਜਿਨ੍ਹਾਂ ਦਾ ਦਾਣਾ ਮਹੀਨ ਹੁੰਦਾ ਹੈ, ਇੱਕ ਤਰਾਂ ਦੇ ਬੀਜ ਜੋ ਮਰੋੜਾਂ ਦੇ ਰੋਗ ਵਿੱਚ ਵਰਤਦੇ ਹਨ ॥

**ਇੰਦਰ ਧਣਖ,** ਪੁਃ—ਮੀਂਹ ਵੱਸਣ ਪਿੱਛੋਂ ਕਈ ਵਾਰ ਜੋ ਅਸਮਾਨ ਉੱਤੇ ਕਈ ਰੰਗਾਂ ਦੀ ਕਮਾਣ ਦੀ ਸ਼ਕਲ ਖਿੱਚੀ ਜਾਂਦੀ ਹੈ, ਪੀਂਘ ॥

**ਇੰਦਰ ਲੋਕ,** ਪੁਃ—ਇੰਦਰ ਦੇ ਰਹਿਣ ਦੀ ਥਾਂ, ਸੁਰਗ ॥

**ਇੰਦਰਾਇਣ,** ਸਃ—'ਤੁੰਮਾ' ਵੇਖੋ ॥

**ਇੰਦਰਾਣੀ,** ਸਃ—ਇੰਦਰ ਰਾਜੇ ਦੀ ਰਾਣੀ ॥

**ਇੰਦਰਾ ਪੁਰੀ,** ਸਃ—ਰਾਜੇ ਇੰਦਰ ਦੀ ਨਗਰੀ, ਸੁਰਗ, ਇੰਦਰ ਲੋਕ ॥

**ਇੰਦਰੀ,** ਸਃ—ਸਰੀਰ ਦਾ ਕੋਈ ਅੰਗ, ਲਿੰਗ, ਪੁਰਖ ਇਸਤ੍ਰੀ ਦਾ ਗੁਪਤ ਅੰਗ ॥
ਪੁਃ—ਇੰਦਰ ਲੋਕ ਦਾ ਰਹਿਣ ਵਾਲਾ ॥

**ਕਰਮ ਇੰਦਰੀ,** ਸਃ—ਉਹ ਪੰਜ ਅੰਗ ਜਿਨ੍ਹਾਂ ਨਾਲ ਕੰਮ ਕੀਤਾ ਜਾਂਦਾ ਹੈ ਅਰਥਾਤ ਹੱਥ, ਪੈਰ ਆਦਿਕ ॥

Digitized by Panjab Digital Library | www.panjabdigilib.org

**ਗਿਆਨ ਇੰਦਰੀ,** ਸ:—ਉਹ ਪੰਜ ਅੰਗ ਜਿਨ੍ਹਾਂ ਨਾਲ ਕੁਝ ਜਾਣ ਸਕੀਦਾ ਹੈ ਜਿਹਾ ਕਿ ਅੱਖ, ਕੰਨ, ਨੱਕ ਆਦਿਕ ॥

**ਇੰਦਰੀ ਦੇ ਵੱਸ ਵਿੱਚ ਹੋਣਾ,** ਕ੍ਰਿ:—ਕਾਮ ਕ੍ਰੋਧ ਆਦਿਕਾਂ ਨੂੰ ਰੋਕ ਨਾ ਸਕਣਾ, ਵਿਸ਼ੈ ਭੋਗ ਦੀ ਚਾਹ ਕਰਕੇ ਬੇ ਵਸ ਹੋਣਾ ॥

**ਇੰਦਰੀਆਂ ਨੂੰ ਵੱਸ ਵਿੱਚ ਰੱਖਣਾ,** ਕ੍ਰਿ:—ਜਤੀ ਸਤੀ ਰਹਿਣਾ, ਮਨ ਨੂੰ ਰੋਕਣਾ ॥

**ਇਦ੍ਹੂੰ**—'ਐਦੂੰ' ਵਖੋ ॥

**ਇਧਰ,** ਕ੍ਰਿ: ਵਿ:—ਇੱਤਲ, ਇਸ ਪਾਸੇ, ਇਤ-ਵਲ, ਐਧਰ ॥

**ਇਨਸਾਨ,** ਪੁ: —ਆਦਮੀ, ਮਨੁਖ, ਨਰ। ਇਨ-ਸਾਨ ॥

**ਇਨਸਾਣ ਗਤ**
**ਇਨਸਾਣ ਗਤ**
**ਇਨਸਾਣ ਪੁਣਾ**
**ਇਨਸਾਣੀਯਤ**
} ਸ:, ਪੁ:—ਮਨੁੱਖਪੁਣਾ, ਭਲ-ਮਣਸਊ, ਦਰਦ ਵੰਦੀ ॥

**ਇਨਸਾਫ,** ਪੁ:—ਨਿਆਉਂ, ਖਰੇ ਖੋਟੇ ਦੀ ਪਰਖ, ਸਾਚਆਖੀ ॥

**ਇਨਸਾਫ਼ ਕਰਨਾ,** ਕ੍ਰਿ:—ਨਿਆਉਂ ਕਰਨਾ, ਖਰੀ ਗੱਲ ਕਰਨੀ, ਹੱਕ ਦਾਰ ਨੂੰ ਉਹ ਦਾ ਹੱਕ ਦੇਣਾ, ਮੁਕੱਦਮਿਆਂ ਦਾ ਫੈਸਲਾ ਕਰਨਾ ॥

ਬੇ **ਇਨਸਾਫ਼ੀ,** ਸ:—ਅਨਿਆਉਂ, ਕਿਸ ਦਾ ਪੱਖ ਪੂਰਨਾ ॥ ਤਰਫਦਾਰੀ। ਹਕ ਮਾਰਨਾ ॥

**ਇੰਨੂਣ,** ਪੁ:—ਈਂਧਣ, ਬਾਲਣ ॥

**ਇਨ੍ਹਾਂ,** ਪੜ:—'ਇਹ' ਦਾ ਬਹੁ ਬਚਨ, ਇਹਨਾਂ, ਇਹਨੀਂ, ਇਨ੍ਹੀਂ ॥

**ਇਨ੍ਹੀਂ,** ਪੜ:—ਇਨ੍ਹਾਂ, ਇਹਨਾ, ਇਹਨਾਂ ਨੇ ਹੀ ॥

**ਇੰਨਾ,** ਪੜ:—'ਇਤਨਾ' ਵੇਖੋ ॥

**ਇਨਾਮ,** ਪੁ:—ਬਖਸ਼ੀਸ਼, ਚੰਗਾ ਕੰਮ ਕਰਨ ਦਾ ਫਲ, ਸੁਗਾਤ, ਦਾਤ ॥

**ਇਨਾਮ ਕਿਨਾਮ,** ਪੁ:—ਬਖਸ਼ੀਸ਼ ਜਾਂ ਮਰਾਤਬਾ ਜੋ ਕੋਈ ਵੱਡਾ ਕਿਸੇ ਛੋਟੇ ਨੂੰ ਖੁਸ਼ ਹੋਕੇ ਦਵੇ ॥

**ਇਨਾਮ ਖੋਰ,** ਪੁ:, ਸ:—ਜਿਸ ਨੂੰ ਇਨਾਮ ਮਿਲੇ ॥

**ਇਨਾਮ ਦੇਣਾ,** ਕ੍ਰਿ:—ਬਖਸ਼ੀਸ਼ ਕਰਨਾ, ਇਨਾਮ ਵੰਡਣਾ ॥ ਕੋਈ ਚੀਜ਼ ਖੁਸ਼ ਹੋਕੇ ਮਜੂਰੀ ਤੋਂ ਅਲਗ ਦੇਣਾ।

**ਇਨਾਮ ਪਾਉਣਾ**
**ਇਨਾਮ ਲੈਣਾ**
} ਕ੍ਰਿ:—ਕੋਈ ਚੰਗਾ ਕੰਮ ਕਰਕੇ ਕਿਸੇ ਵੱਡੇ ਕੋਲੋਂ ਕੋਈ ਚੀਜ਼, ਧਨ ਜਾਂ ਮਰਾਤਬਾ ਹਥ ਆਉਣਾ ॥

**ਇਨਾਮੀ,** ਪੁ:—ਇਨਾਮ ਲੈਣ ਵਾਲਾ ਆਦਮੀ ॥
ਵਿ:—ਜੋ ਚੀਜ਼ ਇਨਾਮ ਵਿੱਚ ਦਿੱਤੀ ਜਾਵੇ, ਜਿਸ ਉੱਤੇ ਮਸੂਲ ਨਹੀਂ ਲਗਦਾ ॥

**ਇੰਨੂੰ,** ਪੁ:—ਕਪੜਾ ਆਦਿਕ ਵਲ ਕੇ ਜੋ ਭਾਰ ਚੁਕਣ ਥੋਂ ਪਹਿਲਾਂ ਮਜੂਰ, ਸਿਰ ਉੱਪਰ ਰੱਖ ਲੈਂਦੇ ਹਨ, ਜਿਸ ਤੇ ਭਾਰ ਟਿਕਿਆ ਰਹਿੰਦਾ ਹੈ ॥

**ਇੰਬਲੀ,** ਸ:—'ਇਮਲੀ' ਵੇਖੋ ॥

**ਇਬਾਰਤ,** ਸ:—ਲਿਖੀ ਹੋਈ ਗੱਲ, ਖਿਆਲ, ਲੇਖ, ਮਜ਼ਮੂਨ ॥

**ਇਮਤਹਾਨ**
**ਇਮਤਿਹਾਮ**
} ਪੁ:—ਪਰੀਖਿਆ, ਜਾਚ, ਪਰਖ, ਪਰਤਾਵਾ, ਪੜ੍ਹਾਈ ਪੜ੍ਹਾਣੀ ਸੁਨਣ ਦਾ ਕੰਮ ॥

Digitized by Panjab Digital Library / www.panjabdigilib.org

**ਇਮਤਿਹਾਨ ਦੇਣਾ,** ਕ੍ਰਿ:—ਆਪਣੀ ਪਰਖ ਕਰਾਉਣੀ। ਲਿਆਕਤ ਦੱਸਣ ਲਈ ਪ੍ਰਸ਼ਨਾਂ ਦੇ ਉੱਤਰ ਦੇਣੇ॥

**ਇਮਤਿਹਾਨ ਪਾਸ ਕਰਨਾ ਜਾਂ ਇਮਤਿਹਾਨ ਵਿੱਚ ਪਾਸ ਹੋਣਾ** } ਕ੍ਰਿ:—ਇਮਤਿਹਾਨ ਵਿਚ ਪੂਰਾ ਉਤਰਨਾ।

**ਇਮਤਿਹਾਨ ਲੈਣਾ,** ਕ੍ਰਿ:—ਅਜ਼ਮਾਉਣਾ, ਪਰਖਣਾ, ਪਰਤਾਉਣਾ॥

**ਇਮਤਿਹਾਨ ਵਿੱਚ ਫ਼ੇਲ ਹੋਣਾ** ਕ੍ਰਿ:—ਪੂਰਾ ਨਾ ਉਤਰਨਾ, ਰਹ ਜਾਣਾ॥

**ਇਮਰਤੀ,** ਸ:—ਇਕ ਤਰਾ ਦੀ ਮਠਿਆਈ ਜੋ ਜਲੇਬੀ ਵਾਕਰ ਹੁੰਦੀ ਹੈ॥

**ਇਮਲੀ,** ਸ:—ਇੱਕ ਰੁੱਖ ਅਤੇ ਉਸ ਦੀ ਫਲੀ ਜਿਸ ਦੇ ਬੀਆਂ ਵਿੱਚੋਂ ਖੱਟਾ ਰਸ ਨਿਕਲਦਾ ਹੈ ਜੋ ਤਾਪ ਲਈ ਗੁਣਕਾਰ ਹੈ॥

**ਇਮਾਣ,** ਪੁ:—ਨਿਹਚਾ, ਬਿਸ਼ਵਾਸ, ਸਰਧਾ, ਧਰਮ, ਮਤ, ਜਕੀਨ, ਭਰੋਸਾ, ਦਿਲ ਦੀ ਸਫ਼ਾਈ, ਸਚਿਆਈ।

**ਬੇਈਮਾਣ,** ਵਿ:—ਖੋਟਾ, ਝੂਠਾ, ਧ੍ਰੋਹੀ, ਅਧਰਮੀ (ਚਿੱਟੀ ਕਬਰ ਮੁਰਦਾ ਬੇਈਮਾਣ)।

**ਬੇ ਈਮਾਣੀ,** ਸ:—ਧਰੋਹ, ਕਪਟ, ਅਧਰਮ।

**ਇਮਾਣ ਹਾਰਨਾ, ਹਾਰ ਦੇਣਾ, ਇਮਾਣ ਗੁਆਉਣਾ,** } ਕ੍ਰਿ:—ਧਰੋਹ ਕਰਨਾ, ਪਾਪ ਕਮਾਉਣਾ, ਧੋਖਾ ਦੇਣਾ, ਧਰਮ ਹਾਰਨਾ॥

**ਇਮਾਣ ਦਾਰ,** ਵਿ:—ਖਰਾ, ਸੱਚਾ, ਧਰਮੀ, ਸਾਲਸਧ, ਧਰਮ ਉੱਤੇ ਨਿਹਚਾ ਰੱਖਣ ਵਾਲਾ।

**ਇਮਾਣ ਦਾਰੀ,** ਸ:—ਸਚਿਆਈ, ਧਰਮ, ਨੇਕੀ, ਨਿਮਕ ਹਲਾਲੀ॥

**ਇਮਾਣ ਨਾਲ,** ਕ੍ਰਿ:, ਵਿ:—ਸੱਚ ਸੱਚ, ਧਰਮ ਨਾਲ, ਸੱਚੇ ਦਿਲ ਨਾਲ।

**ਇਮਾਣ ਲਿਆਉਣਾ ਇਮਾਣ ਲੈ ਆਉਣਾ** } ਕ੍ਰਿ:—ਜਕੀਨ ਕਰਨਾ, ਸਰਧਾ ਰੱਖਣੀ, ਮੰਨ ਲੈਣਾ, ਨਵੇਂ ਮਤ ਵਿੱਚ ਰਲ ਜਾਣਾ, ਭਰੋਸਾ ਰੱਖਣਾ, ਵਸਾਹ ਕਰਨਾ॥

**ਇਮਾਣ ਰਹਿਣਾ,** ਕ੍ਰਿ:—ਧਰਮ ਕਾਇਮ ਰਹਿਣਾ, ਪਾਪ ਨਾ ਕਰਨਾ॥

**ਇਮਾਣ ਵੇਚਣਾ,** ਕ੍ਰਿ:—'ਇਮਾਣ ਗੁਆਉਣਾ' ਵੇਖੋ॥

**ਇਮਾਮ,** ਪੁ:—'ਅਮਾਮ' ਵੇਖੋ॥

**ਇਮਾਰਤ,** ਸ:—'ਅਮਾਰਤ' ਵੇਖੋ॥

**ਇਰਦ ਗਿਰਦ ਇਰਦੇ ਗਿਰਦੇ** } ਕ੍ਰਿ:, ਵਿ:—ਇੱਧਰ ਉੱਧਰ, ਸਭ ਪਾਸੇ, ਚੁਫੇਰ॥

**ਇਰੰਡ,** ਪੁ:—ਹਰੰਡ ਦਾ ਰੁੱਖ ਅਤੇ ਉਹ ਦਾ ਫਲ, ਇਸ ਦੇ ਬੀਆਂ ਦਾ ਤੇਲ ਜੁਲਾਬ ਦੇਣ ਦੀ ਦੁਆ ਹੈ॥

**ਇਰਾਦਾ,** ਪੁ:—ਸਲਾਹ, ਮਰਜੀ, ਇੱਛਿਆ॥

**ਇੱਲ,** ਸ:—ਚੀਲ, ਬਾਜ ਵਰਗਾ ਪੰਛੀ॥

**ਇਲਹਾਮ,** ਪੁ:—ਪਰਮੇਸ਼ੁਰ ਵਲੋਂ ਮਨੁੱਖ ਦੇ ਹਿਰਦੇ ਵਿੱਚ ਜੋ ਗਿਆਨ ਹੋਵੇ ਦੇਵ ਬਾਣੀ, ਅਕਾਸ਼ ਬਾਣੀ॥

**ਇਲਗਣ ਇਲਗਣੀ ਇਲਙਣ ਇਲਙਣੀ** } ਸ:—ਕਪੜੇ ਟੰਗਣ ਵਾਲ ਟੰਗਣਾ, ਕਿੱਲੀ।

Digitized by Panjab Digital Library | www.panjabdigilib.org

**ਇੱਲਤ,** ਸ:—ਰੋਗ, ਦੋਸ, ਕਸੂਰ, ਬਦੀ, ਐਬ, ਭੈੜੀ ਵਾਦੀ, 'ਊਜ', 'ਤੂਤ', ਮੈਲ, ਵੈਰ, ਬਦਨਾਮੀ ॥

**ਇੱਲਤ ਲਗਾਉਣੀ,** ਕ੍ਰਿ:—ਊਜ ਲਾਉਣੀ, ਬਦਨਾਮ ਕਰਨਾ।

**ਇੱਲਤ ਲਗਾ ਲੈਣੀ,** ਕ੍ਰਿ:—ਭੈੜੀ ਵਾਦੀ ਪਾ ਲੈਣੀ ॥

**ਇੱਲਤ ਵਿੱਚ ਫਸ ਜਾਣਾ,** ਕ੍ਰਿ:—ਐਬ ਲਾ ਲੈਣਾ, ਬਦਨਾਮ ਹੋ ਜਾਣਾ, ਕਲੰਕ ਲੱਗ ਜਾਣਾ ॥

**ਇੱਲਤਣ,** ਸ:, **ਇੱਲਤ ਖੋਰਾ,** ਪੁ:, **ਇੱਲਤ ਹਾਰਾ,** ਪੁ:, **ਇੱਲਤੀ,** ਪੁ: — ਸ਼ਰਾਰਤਾਂ ਕਰਨ ਵਾਲਾ, ਬਦਨਾਮ, ਐਬੀ, ਕਲੰਕੀ।

**ਇਲਮ,** ਪੁ:—ਵਿਦਿਆ, 'ਗਿਆਨ ਜਾਨਣ ਦਾ ਕੰਮ ਜਾਂ ਫਲ

**ਇਲਮ ਦਾਰ, ਇਲਮ ਵਾਲਾ** — ਵਿ:—ਵਿਦਿਆ ਵਾਨ, ਪੜ੍ਹਿਆ ਲਿਖਿਆ।

**ਇੱਲੜ,** ਪੁ:—ਚੀਲ੍ਹ ਦਾ ਨਰ, ਇਕ ਤਰਾਂ ਦਾ ਬਾਜ, ਮੂਰਖ ਆਦਮੀ ॥

**ਇਲਾਇਚੀ,** ਸ:—'ਇਲਾਚੀ' ਵੇਖੋ ॥

**ਇਲਾਕਾ,** ਪੁ:—'ਅਲਾਕਾ' ਵੇਖੋ ॥

**ਇਲਾਚੀ,** ਸ:—ਲਾਚੀ, ਅਦਰਕ ਦੀ ਜਾਤ ਦੇ ਕਈ ਬੂਟਿਆਂ ਦਾ ਖੁਸ਼ਬੂਦਾਰ ਬੀਆਂ ਵਾਲਾ ਫਲ ਜੋ ਦੁਆਈਆਂ ਵਿੱਚ ਵਰਤਿਆ ਜਾਂਦਾ ਹੈ ਅਤੇ ਜਿਸਦੇ ਬੀ ਦਾਲ ਭਾਜੀ ਦੇ ਮਸਾਲੇ ਵਿੱਚ ਪੈਂਦੇ ਹਨ।

**ਇਲਾਚੀ ਦਾਣਾ,** ਪੁ:—ਖੰਡ ਵਿਚ ਪਾਈ ਹੋਈ ਇਲਾਚੀ, ਇੱਕ ਹਲਕੀ ਤਰਾਂ ਦੀ ਇਲਾਚੀ ਦੇ ਬੀ ॥

**ਛੋਟੀ ਇਲਾਚੀ,** ਸ:—ਨਿੱਕੀ ਚਿੱਟੀ ਜਾਤ ਦੀ ਇਲਾਚੀ। ਚੂਸੀ ਲਾਚੀ ॥

**ਵੱਡੀ ਇਲਾਚੀ,** ਸ:—ਵੱਡੀ ਹਲਕੀ ਤਰਾਂ ਦੀ ਇਲਾਚੀ ॥

**ਇਲਾਜ,** ਪੁ—'ਅਲਾਜ' ਵੇਖੋ।

**ਇਵਜ,** ਪੁ:—ਬਦਲਾ, ਥਾਉਂ, ਜਗਾ ॥

**ਇਵਜ਼ੀ,** ਪੁ: ਯਾ ਸ:—ਇੱਕ ਦੀ ਥਾਂ ਦੂਆ ਸਲਾ ਕੰਮ ਕਰਨ ਵਾਲਾ।

**ਇਵੇਂ,** ਕ੍ਰਿ: ਵਿ:—ਇਸ ਤਰਾਂ, ਐਉਂ, ਇੰਞ।

**ਇੜਾ,** ਸ:—ਸਿਰ ਦੀ ਇੱਕ ਨਾੜੀ।

**ਈਸਟਰ,** ਪੁ:—ਈਸਾਈਆਂ ਦਾ ਇਕ ਤਿਹਾਰ ॥

**ਈਸ ਪੰਦ, ਈਸ ਪੰਦ** — ਪੁ: ਹਰਮਲ ਜਿਸ ਦੀ ਧੂਣੀ ਦੇ ਕੇ ਭੂਤ ਪ੍ਰੇਤ ਦੂਰ ਕਰਦੇ ਹਨ।

**ਈਸਬ ਗੋਲ,** ਪੁ:—ਇਕ ਤਰਾਂ ਦੇ ਬੀ ਜੋ ਦੁਆਈ ਵਾਸਤੇ ਵਰਤੇ ਜਾਂਦੇ ਹਨ ਅਤੇ ਮਰੋੜਾਂ ਅਰ ਤਾਪ ਵਿੱਚ ਗੁਣ ਕਰਦੇ ਹਨ।

**ਈਸਬ ਗੋਲ ਕੁਝ ਨਾ ਬੋਲ,** ਗੱਲ ਛੁਪੀ ਹੀ ਰਹਿਣ ਦਿਓ ॥

**ਈਸ਼ਰ, ਈਸ਼ੁਰ** — ਪੁ:—ਭਗਵਾਨ, ਨਾਰੈਣ, ਰੱਬ, ਖੁਦਾ ਮਾਲਕ, ਸਾਈਂ, ਪੈਦਾ. ਰਾਜਾ ॥ ਨਾਈ ਆਦਿਕ ਲਾਗੀ ਆਪਣੇ ਜਜਮਾਨਾਂ ਨੂੰ 'ਈਸ਼ਰੋ' ਕਹਿਕੇ ਭੀ ਬੁਲਾਉਂਦੇ ਹੁੰਦੇ ਹਨ ਅਰਥਾਤ 'ਹੇ ਮਾਲਕੋ ਜਾ ਸੁਆਮੀਓ' ॥

**ਈਸ਼ਰ ਅਰਾਧਨਾ,** ਸ:—ਪਰਮਾਤਮਾ ਦੀ ਪੂਜਾ, ਖੁਦਾ ਦੀ ਬੰਦਗੀ ॥

Digitized by Panjab Digital Library / www.panjabdigilib.org

**ਈਸ਼ਰਤਾ, ਈਸ਼ਰਤਾਈ,** ਸ:—ਈਸ਼ਰ ਦੀ ਸ਼ਕਤੀ, ਰੱਬ ਦੀ ਕੁਦਰਤ, ਖ਼ੁਦਾ ਦੀ ਮਹਾਨਤਾਈ॥

**ਈਸਾ, ਈਸਾ ਮਸੀਹ,** ਪੁ:—ਇੱਕ ਮਹਾਤਮਾ ਜਿਸ ਤੋਂ ਈਸਾਈਆਂ ਦਾ ਮਜ਼੍ਹਬ ਤੁਰਿਆ ਹੈ।

**ਈਸਾਈ,** ਪੁ:—ਈਸਾ ਨੂੰ ਮੰਨਣ ਵਾਲਾ, ਕਿਰਾਨੀ॥

**ਈਸਾਣ ਕੋਣ,** ਸ:—ਉੱਤਰ ਅਤੇ ਪੂਰਬ ਦੇ ਵਿਚਕਾਰਲਾ ਪਾਸਾ ॥

**ਈਹੋ ਜਿਹਾ,** ਵਿ: ਅਜੇਹਾ, ਐਸਾ, ਇਸ ਵਰਗਾ, ਇਸ ਤਰਾਂ ਦਾ ॥

**ਈਕੁਰ,** ਕ੍ਰਿ: ਵਿ:—ਐਕੁਰ, ਐਉਂ, ਇਸ ਤਰਾਂ॥

**ਈਖ,** ਪੁ:—ਗੰਨਾ ॥

**ਈਚ ਨੀਚ,** ਸ:—ਵੱਡੇ ਛੋਟੇ, ਸਭ ਤਰਾਂ ਦੇ ਲੋਕ॥

**ਈਚੀ ਮੀਚੀ,** ਸ: ਅੱਖਾਂ ਦੀ ਗਿੱਦ (ਸਵੇਰ ਦੇ ਵੇਲੇ ਮਾਵਾਂ ਆਪਣਿਆਂ ਪੁਤ੍ਰਾਂ ਦਾ ਮੂੰਹ ਧੋਂਦੀਆਂ ਧੋਂਦੀਆਂ ਇਹ ਕਹਿੰਦੀਆਂ ਜਾਂਦੀਆਂ ਹਨ—'ਈਚੀ ਮੀਚੀ ਕੋਕੋ ਖਾਏ, ਘੋੜੇ ਦੀ ਚੂਰੀ ਕਾਕਾ ਖਾਏ'। ਇਸ ਤਰਾਂ ਬਾਲ ਖ਼ੁਸ਼ੀ ਖ਼ੁਸ਼ੀ, ਮੂੰਹ ਧੁਆ ਲੈਂਦੇ ਹਨ ਅਤੇ ਉਨ੍ਹਾਂ ਦਾ ਧਿਆਨ ਮਾਂ ਦੀ ਗੱਲ ਵੱਲ ਲੱਗਾ ਰਹਿੰਦਾ ਹੈ।)

**ਈਣ,** ਸ:—ਕਨੂਨ, ਜੇਦਾ, ਨੇਮ, ਬਿਧਾ॥

**ਈਣ ਮਨਾਉਣੀ,** ਕ੍ਰਿ:—ਜ਼ਿਦ ਪੂਰੀ ਕਰਨੀ ॥

**ਈਦ,** ਸ:—ਮੁਸਲਮਾਨਾਂ ਦਾ ਇਕ ਮਜ਼ਬੀ ਤਿਹਾਰ, ਕੋਈ ਤਿਹਾਰ, ਪੁਰਬ, ਖ਼ੁਸ਼ੀ, ਐਸ਼ ॥

**ਈਦ ਕੁਰਬਾਨੀ,** ਸ:—ਈਦ ਦੇ ਉੱਤੇ ਜੋ ਕੁਰ-ਬਾਨੀ ਜਾਂ ਬਲੀ ਦਿੱਤੀ ਜਾਵੇ ॥

**ਈਦ ਗਾਹ,** ਸ:—ਇੱਕ ਜਗਾ ਜਿੱਥੇ ਮੁਸਲਮਾਨ ਕਦੇ ਕਦੇ ਨਮਾਜ਼ ਪੜ੍ਹਨ ਲਈ ਇਕਠੇ ਹੁੰਦੇ ਹਨ, ਖ਼ਾਸ ਕਰਕੇ ਈਦ ਵਾਲੇ ਦਿਨ ॥

**ਈਦ ਦਾ ਚੰਦ ਹੋਣਾ,** ਕ੍ਰਿ:—ਕਦੇ ਕਦਾਈਂ ਦਿੱਸਣਾ, ਬਹੁਤ ਚਿਰ ਪਿਛੋਂ ਆਉਣਾ ॥

**ਈਦ ਪਿੱਛੇ ਟਕੂ,** ਕੰਮ ਹੋ ਜਾਣ ਪਿੱਛੋਂ ਕਿਸੇ ਚੀਜ਼ ਦਾ ਮਿਲਣਾ ॥

**ਈਦੀ,** ਸ:—ਈਦ ਆਦਿਕ ਤਿਹਾਰਾਂ ਉੱਤੇ ਜੋ ਸਗਾਤ ਕਿਸੇ ਨੂੰ ਦਿੱਤੀ ਜਾਏ, ਇੱਕ ਤਰਾਂ ਦੇ ਬੈਂਤ ਜਿਨ੍ਹਾਂ ਵਿਚ ਈਦ ਦਾ ਖ਼ਿਆਲ ਹੁੰਦਾ ਹੈ। ਉਹ ਕਾਗਤ ਜਿਸ ਪੁਰ ਉਹ ਬੈਂਤ ਲਿਖੇ ਹੋਏ ਹੋਣ, ਉਨਾਂ ਬੈਂਤਾਂ ਦੇ ਲਿਖਣ ਦੀ ਦੱਛਣਾ ਜੋ ਮੁਸਲਮਾਨ ਸ਼ਗਿਰਦ ਆਪਣੇ ਉਸਤਾਦਾਂ ਨੂੰ ਦੇਂਦੇ ਹਨ।

**ਈਧਣ,** ਸ:—ਬਾਲਣ, ਲਕੜੀਆਂ ॥

**ਈਮਾਣ,** ਪੁ:—'ਇਮਾਨ' ਵੇਖੋ ॥

**ਈਰਖਾ,** ਸ:—ਵੈਰ, ਦੁਸ਼ਮਣੀ, ਕਿਸੇ ਨੂੰ ਵੇਖਕੇ ਸੜਨਾ ॥

**ਈਰਣ,** ਪੁ:—ਵਲੈਤੀ ਢੋਗ ਦਾ ਕੰਨ ਦਾ ਬਾਲਾ॥

**ਈਵੇਂ,** ਕ੍ਰਿ: ਵਿ:—ਇੱਸੇ ਤਰਾਂ, ਐਉਂ ਹੀ ॥

**ਏ,** ਪੜ:—ਇਹ, ਅਵ:—ਹੇ, ਓਇ, ਅੱਛਾ॥

**ਏਈ,** ਪੜ:—ਏਹੀ, ਏਹੋ॥

**ਏਹ,** ਪੜ:—'ਇਹ' ਵੇਖੋ॥

**ਏਹਾ, ਏਹੀ, ਏਹੀਓ, ਏਹੋ,** ਪੜ:—ਏਹ ਹੀ, ਹੋਰ ਕੋਈ ਨਾ, ਨਿਰਾ ਇਹ।

**ਏਕ,** ਵਿ:—'ਇੱਕ' ਵੇਖੋ॥

Digitized by Panjab Digital Library | www.panjabdigilib.org

**ਏਕੰਕਾਰ,** 'ਏਕਮ ਕਾਰ' ਵੇਖੋ ॥

**ਏਕਟ,** ਪੁ:—ਸਰਕਾਰ ਦਾ ਬੱਧਾ ਹੋਯਾ ਕਨੂਨ

**ਏਕਲਬੀਰ,** ਪੁ:—ਇੱਕ ਬੂਟਾ ਜਿਸ ਨੂੰ ਊਠ ਅਤੇ ਬੱਕਰੇ ਖਾਂਦੇ ਹਨ।

**ਏਕਮ,** ਸ:—ਹਿੰਦੂਆਂ ਦੇ ਪੱਖ ਦਾ ਪਹਿਲਾ ਦਿਨ ॥

**ਏਕਮਕਾਰ,** ਪੁ:—ਪਰਮੇਸ਼ਰ ਦਾ ਗੁਪਤ ਨਾਉਂ, ਓਅੰਕਾਰ, (ਅਰਦਾਸ ਆਦਿਕ ਦੇ ਪੈਹਲੇ ਇਸ ਦਾ ਉਚਾਰਣ ਹੁੰਦਾ ਹੈ )

**ਏਕੜ,** ਪੁ:—ਧਰਤੀ ਦਾ ਇੱਕ ਨਾਪ, ੪੮੪੦ ਮੁਰੱਬਾ ਗਜ ॥

**ਏੱਕਾ,** ਪੁ:—ਜੋੜ, ਮੇਲ, ਅਕਵਾਕ ॥

**ਏਕਾਗਰ,** ਵਿ:—ਧਿਆਨ ਵਿੱਚ ਮਗਨ ।

**ਏਕਾਗਰ ਚਿੱਤ,** ਪੁ:—ਜਿਸਦਾ ਮਨ ਇੱਕੋ ਪਾਸੇ ਲੱਗਾ ਹੈ ॥

**ਏਕਾਂਤ,** ਵਿ: ਪੁ:—ਸਭ ਤੋਂ ਨਿਆਰਾ, ਅਲਗ, ਕਲਾ, ਵੇਹਲਾ, ਲੋਕਾਂ ਤੋਂ ਦੂਰ। ਨਵੇਕਲੀ ਥਾਂ ਨਵੇਕਲਾ ਹੋ ਜਾਣਾ, ਸੰਸਾਰ ਦਾ ਤਿਆਗ (ਏਕਾਂਤ ਹੋ ਬੈਠਣਾ, ਰਹਿਣਾ) ॥

**ਏਕਾਤਸੀ** }
**ਏਕਾਦਸੀ** } ਸ: 'ਅਕਾਤਸੀ' ਵੇਖੋ।

**ਏਚ ਪੇਚ,** ਪੁ:—ਛਲ ਵਲ, ਉਲਝਾਉ, ਮੁਸ਼ਕਲ ।

**ਏਜੰਸੀ,** ਸ:—ਆੜ੍ਹਤ, ਦਲਾਲੀ, ਗੁਮਾਸ਼ਤੇ ਦਾ ਕੰਮ,

**ਏਜੰਟ,** ਪੁ:—ਗੁਮਾਸ਼ਤਾ, ਦਲਾਲ, ਆੜ੍ਹਤੀਆ, ਵਕੀਲ ਦਾ ਮੁਨਸ਼ੀ ॥

**ਏਡ,** ਸ:—ਅੱਡੀ ॥

**ਏਡ ਲਾਉਣੀ,** ਕ੍ਰਿ:—ਅੱਡੀ ਲਾਕੇ ਘੋੜੇ ਨੂੰ ਜ਼ੋਰ ਨਾਲ ਚਲਾਉਣਾ ॥

**ਏਂਡਵੀ,** ਸ:—ਇਹਨੂੰ, ਉਹਨੂੰ

**ਏੱਡਾ,** ਵਿ:—'ਐੱਡਾ ਵੇਖੋ' ॥

**ਏਤਨਾ, ਏੱਤਾ,**—'ਐਤਨਾ' ਵੇਖੋ ॥

**ਏੱਥੇ,** ਕ੍ਰਿ: ਵਿ:—ਇੱਥੇ, ਇਸ ਥਾਂ ਉੱਤੇ ॥

**ਏਦੂੰ** }
**ਏਦੋਂ** } ਕ੍ਰਿ: ਵਿ:—'ਐਦੂੰ' ਵੇਖੋ ॥

**ਏਧਰ,** ਕ੍ਰਿ: ਵਿ:—ਇੱਧਰ, ਇਸ ਪਾਸੇ, ਐੱਧਰ ॥

**ਏੱਨਾ,** ਵਿ:—ਐੱਨਾ, ਐਤਨਾ, ਇਸ ਜਿੰਨਾ

**ਏਰਨਾ ਗੋਹਾ,** ਪੁ:—ਪਸ਼ੂ ਦਾ ਕੀਤਾ ਹੋਇਆ ਗੋਹਾ ਜੋ ਉੱਸੇ ਤਰ੍ਹਾਂ ਸੁੱਕ ਜਾਏ (ਜਿਸ ਦੀਆਂ ਪਾਥੀਆਂ ਪਥ ਕੇ ਨਾ ਸੁਕਾਈਆਂ ਜਾਣ, ॥

**ਏਲਚੀ,** ਪੁ: ਸਨੇਹਾ ਦੇਕੇ ਘੱਲਿਆ ਹੋਇਆ, ਰਾਜੇ ਦਾ ਦੂਤ ।

**ਏਲਨ** }
**ਏਲਲ** } ਪੁ:—ਇੱਕ ਛੋਟਾ ਜਿਹਾ ਰੁੱਖ ਜੋ ਪੰਜਾਬ ਦੇ ਪਹਾੜਾਂ ਵਿੱਚ ਬਹੁਤ ਹੁੰਦਾ ਹੈ, (ਉਸਦੇ ਬੀ ਅਤੇ ਹਰੇ ਪੱਤ੍ਰ ਖਾਣ ਨਾਲ ਡੰਗਰ ਮਰ ਜਾਂਦੇ ਹਨ ਲਕੜੀ ਨਰਮ ਹੁੰਦੀ ਹੈ ਅਤੇ ਬਾਲਣ ਅਰ ਟੋਲ ਬਨਾਉਣ ਦੇ ਕੰਮ ਆਉਂਦੀ ਹੈ ।)

**ਏਲਵਾ,** ਪੁ:—ਇੱਕ ਰੁੱਖ ਜਿਸ ਦੇ ਪੱਤ੍ਰਾਂ ਦਾ ਰੋਟਾ ਗਰੀਬ ਅਤੇ ਕਾਲ ਸਮੇਂ ਵਿੱਚ ਹੋਰ ਲੋਕ ਬੀ ਖਾਂਦੇ ਹਨ, ਇਹ ਪਸ਼ੂਆਂ ਦੀਆਂ ਦੁਆਵਾਂ ਵਿੱਚ ਬੀ ਵਰਤਿਆ ਜਾਂਦਾ ਹੈ ਅਤੇ ਇਸਨੂੰ ਫੋੜਿਆਂ ਉੱਤੇ ਬੀ ਲਾਉਂਦੇ ਹਨ ॥

**ਏਲੂਆ,** ਪੁ:—ਮੁਸੱਬਰ, ਕਾਲਾ ਸੁਹਾਗਾ ॥

**ਏਲੋਂ,** ਸ:—ਇੱਕ ਤਰਾਂ ਦੀ ਭਾਜੀ ਜੋ ਗਰੀਬ ਗੁਰਬਾ ਖਾਂਦਾ ਹੈ ॥

**ਏਲੌਰ,** ਪੁ:—'ਏਲਨ' ਵੇਖੋ ॥

Digitized by Panjab Digital Library | www.panjabdigilib.org

**ਸ,** ਗੁਰਮੁਖੀ ਪੈਂਤੀ ਦਾ ਛੇਵਾਂ ਅੱਖਰ, ਸੱਸਾ ॥

**ਸਉਤ**
**ਸਉਂਲ**
**ਸਉਂਲਾ**
**ਸਉਰ**
**ਸਉਰਾ**
— 'ਸੌਤ', 'ਸੌਲ' ਆਦਿਕ ਵੇਖੋ।

**ਸਈਆਂ,** ਸ਼ਃ–ਸਹੇਲੀਆਂ, ਸਖੀਆਂ, ਦੁਭੈਣਾਂ।

**ਸਈਯਦ,** ਪੁਃ–ਮਹੰਮਦ ਸਾਹਿਬ ਦੇ ਜੁਆਈ ਅਲੀ ਦੀ ਉਲਾਦ।

**ਸਸ,** ਪੁਃ–ਚੰਨ, ਚੰਦ੍ਰਮਾ ॥

**ਸੱਸ,** ਸ਼ਃ–ਵਹੁਟੀ ਜਾਂ ਗਭਰੂ ਦੀ ਮਾਂ।

**ਸਸਕਣਾ,** ਕ੍ਰਿਃ–ਸਾਹ ਔਖਾ ਲੈਣਾ, ਹਟਕੋਰੇ ਭਰਨਾ ॥

**ਸੰਸਕ੍ਰਿਤ,** ਸ਼ਃ–ਸ਼ੁੱਧ ਭਾਖਾ, ਦੇਵ ਬਾਣੀ, ਸ਼ਾਸਤ੍ਰੀ, ਉਹ ਬੋਲੀ ਜਿਸ ਵਿੱਚ ਵੇਦ ਪੁਰਾਣ ਆਦਿਕ ਗ੍ਰੰਥ ਹਨ॥

**ਸਹਣਾ,** ਕ੍ਰਿਃ–ਅੰਗੀਕਾਰ ਕਰਨਾ, ਅਧੀਨ ਹੋਣਾ, ਸਹਾਰਨਾ, ਸਹਿਣਾ

**ਸਸਤ,** ਪੁਃ–ਚੀਜ਼ਾਂ ਦਾ ਮੁੱਲ ਥੋੜਾ ਹੋਣਾ, ਸੁਖਾਲ, ਖਾਣ ਪੀਣ ਦੀਆਂ ਵਸਤਾਂ ਦੀ ਲਹਿਰ ਬਹਿਰ, ਸੁਕਾਲ।

**ਸਸਤ ਮੁੱਲਾ,** ਵਿਃ–ਸਸਤਾ, ਥੋੜੇ ਮੁੱਲ ਵਾਲਾ ॥

**ਸ਼ਸਤ੍ਰ,** ਪੁਃ–ਤਲਵਾਰ ਆਦਿਕ ਹਥਿਆਰ॥

**ਸ਼ਸਤ੍ਰਧਾਰੀ,** ਵਿਃ–ਜਿਸ ਨੇ ਸ਼ਸਤ੍ਰ ਬੰਨ੍ਹੇ ਹੋਏ ਹੋਣ ॥

**ਸ਼ਸਤ੍ਰ ਬਸਤ੍ਰ,** ਪੁਃ–ਹਥਿਆਰ ਆਦਿਕ ਸਮਿਆਨ॥

**ਸ਼ਸਤ੍ਰ ਪਹਿਨਣਾ,** ਕ੍ਰਿਃ ਹਥਿਆਰ ਲਾਉਣਾ, ਸਰੀਰ ਦੇ ਉਦਾਲੇ ਹਥਿਆਰ ਰੱਖਣੇ ॥

**ਸਸਤਾ,** ਵਿਃ–ਜਿਸ ਦਾ ਮੁੱਲ ਥੋੜਾ ਹੈ॥

**ਸਸਤਾਉਣਾ,** ਕ੍ਰਿਃ–ਅਟਕਣਾ, ਰੁਕਣਾ, ਠਹਿਰ ਜਾਣਾ, ਅਰਾਮ ਕਰਨਾ।

**ਸਸਤਾਈ,** ਸ਼ਃ–ਅਟਕਾਉ ॥

**ਸਸਤਾ ਜਾਣਾ,** ਕ੍ਰਿਃ–'ਸਸਤਾਉਣਾ' ਵੇਖੋ ॥

**ਸ਼ਸ਼ਦਰ,** ਵਿਃ–ਹੈਰਾਨ ਪਰੇਸ਼ਾਨ ॥

**ਸਸਦਿਲ,** ਵਿਃ–ਉਦਾਸ, ਜਿਸਨੂੰ ਗ਼ਮ ਫ਼ਿਕਰ ਹੋਵੇ॥

**ਸਸਾ,** ਪੁਃ–ਸਹਾ, ਸਹਿਆ।

**ਸੱਸਾ,** ਪੁਃ–ਗੁਰਮੁਖੀ ਪੈਂਤੀ ਦਾ ਛੇਵਾਂ ਅੱਖਰ 'ਸ'। ਲਲਾ।

**ਸੰਸਾ,** ਪੁਃ–ਸ਼ੱਕ, ਸੰਦੇਹ, ਭਰਮ, ਵਿਸਵਾਸ, ਝਿਜਕ, ਚਿੰਤਾ, ਘਬਰਾਟ, ਡਰ।

**ਸੰਸਾਰ,** ਪੁਃ–ਜਹਾਨ, ਜਗ, ਦੁਨੀਆ, ਦਰਿਆਵਾਂ ਵਿੱਚ ਰਹਿਣ ਵਾਲਾ ਇੱਕ ਮਗਰ ਮੱਛ ਵਰਗਾ ਜਨੌਰ

**ਸੰਸਾਰਕ,** ਵਿਃ–ਸੰਸਾਰ ਦਾ।

**ਸੰਸਾਰੀ,** ਵਿਃ–ਦੁਨੀਆ ਦਾਰ, ਗ੍ਰਿਹਸਤੀ, ਸੰਸਾਰ ਦੀ ਮੋਹ ਮਾਇਆ ਵਿੱਚ ਫਸਿਆ ਹੋਇਆ ॥

**ਸੱਸੀ,** ਸ਼ਃ–ਲੈਲੀ, ਬਲੋਚਿਸਤਾਨ ਦੀ ਇੱਕ ਉੱਘੀ ਤੀਵੀਂ ਜੋ ਪੁੰਨੂੰ ਉੱਤੇ ਆਸ਼ਕ ਹੋ ਗਈ ਸੀ

**ਸੱਸੀ ਪੁੰਨੂੰ,** ਪੁਃ ਸ਼ਃ–ਇੱਕ ਪੋਥੀ ਦਾ ਨਾਉਂ ਜਿਸ ਵਿੱਚ ਸੱਸੀ ਅਤੇ ਪੁੰਨੂੰ ਦੇ ਇਸ਼ਕ ਦਾ ਹਾਲ ਬੈਂਤਾਂ ਵਿੱਚ ਹੈ ॥

Digitized by Panjab Digital Library | www.panjabdigilib.org

**ਸਸੀਅਰ,** ਪੁ:—ਸਸ, ਚੰਨ, ਚੰਦ੍ਰਮਾ ॥

**ਸਸੁਰ,** ਪੁ:—ਸਹੁਰਾ, ਵਹੁਟੀ ਜਾਂ ਗਭਰੂ ਦਾ ਪੇਉ।

**ਸੱਸੂ,** ਸ:—'ਸਸ' ਵੇਖੋ ॥

**ਸਹ,** ਸ:—ਰਾਉ ਸੈਹ ਦੀ ਸੇਵੇ ਲਈ ਚਾਹ 'ਸਹਣਾ' ਕ੍ਰਿਆ ਦਾ ਅਨੁਗਾਮੀ ਪਦ, (ਇੱਕ ਬਚਨ, ਮੱਧਮ ਪੁਰਖ ॥)

**ਸਹੰਸ, ਸਹੰਸਰ,** ਵਿ:—ਹਜਾਰ ਦਸ ਸੈ ॥

**ਸ਼ਹੰਸ਼ਾਹ,** ਪੁ:—ਪਾਤਸ਼ਾਹਾਂ ਦਾ ਪਾਤਸ਼ਾਹ, ਵੱਡਾ ਪਾਤਸ਼ਾਹ ॥

**ਸਹਕਾਉਣਾ,** ਕ੍ਰਿ:—ਦੂਏ ਨੂੰ ਸਹਿਕਣ ਦੇਣਾ ॥

**ਸ਼ਹਤੂਤ,** ਪੁ:—ਸ਼ਤੂਤ, ਇੱਕ ਤਰਾਂ ਦਾ ਬਿਰਛ ਜਿਸ ਦਾ ਫਲ ਬੜਾ ਸੁਆਦ ਹੁੰਦਾ ਹੈ ਅਤੇ ਲਕੜੀ ਭੀ ਪੱਕੀ ਹੁੰਦੀ ਹੈ ॥

**ਸ਼ਹਦ,** ਪੁ:—ਇੱਕ ਤਰਾਂ ਦੀਆਂ ਮੱਖੀਆਂ ਵਿੱਚੋਂ ਜੋ ਮਿੱਠਾ ਰਸ ਨਿਕਲਦਾ ਹੈ, ਮਾਖਿਉਂ, ਕੋਈ ਬਹੁਤ ਮਿੱਠੀ ਚੀਜ਼ ॥

**ਸ਼ਹਦ ਲਾਕੇ ਚੱਟਣਾ,** ਕ੍ਰਿ:—ਕੋਈ ਅਜੇਹੀ ਚੀਜ਼ ਕੋਲ ਹੋਣੀ ਜੋ ਕਿਸੇ ਕੰਮ ਨਾ ਆ ਸੱਕੇ

**ਸ਼ਹਰ,** ਪੁ:—ਨਗਰ, ਪੁਰੀ, ਵੱਡਾ ਕਸਬਾ ॥

**ਸ਼ਹਰ ਪਨਾਹ,** ਸ:—ਸ਼ਹਰ ਦੇ ਗਿਰਦੇ ਦੀ ਕੰਧ ॥

**ਸ਼ਹਰਣ,** ਸ:—ਸ਼ਹਰ ਵਿੱਚ ਰਹਿਣ ਵਾਲੀ ਤੀਵੀਂ ॥

**ਸ਼ਹਰੀ, ਸ਼ਹਰੀਆ,** ਪੁ:—ਸ਼ਹਰ ਵਿੱਚ ਰਹਿਣ ਵਾਲਾ ਮਰਦ ॥

**ਸਹਲ,** ਵਿ:—ਸੌਖਾ, ਸੁਖਾਲਾ ॥

**ਸਹਾ,** ਪੁ:—ਸਹਿਆ, ਲੰਮੇ ਲੰਮੇ ਕੰਨਾਂ ਵਾਲਾ ਨਿੱਕਾ ਜੇਹਾ ਇੱਕ ਜਨੌਰ, ਇੱਕ ਪੰਛੀ ॥

**ਸਹਾਉ,** ਪੁ:—ਸਹਾਰਾ, ਸਹਿਣ ਦੀ ਸਮਰਥ

**ਸਹਾਊ,** ਵਿ:—ਜੋ ਸਹਿਆ ਜਾ ਸੱਕੇ, ਸਹਾਰਨ ਜੋਗਾ ॥

**ਸਹਾਇ, ਸਹਾਇਕ,** ਪੁ:—ਸਹਾਇਤਾ ਕਰਨ ਵਾਲਾ, ਰਾਖਾ, ਹਮਤੀ ॥

**ਸਹਾਇਤਾ,** ਸ:—ਮੱਦਤ, ਹਮੈਤ, ਰੱਖੀ ਰੱਛਿਆ ॥

**ਸਹਾਇਤੀ, ਸਹਾਈ,** ਪੁ:—'ਸਹਾਇ' ਵੇਖੋ ॥

**ਸਹਾਨਾ,** ਪੁ:—ਵਿਆਹ ਦਾ ਰਾਗ ਹੱਛੇ ਢੰਗ ਦਾ ॥ ਵਿਆਹ ਦੇ ਕੱਪੜੇ ॥

**ਸਹਾਨੇ,** ਪੁ:—ਬਹੁ ਬਚਨ, ਖੁਸ਼ੀ ਦੇ ਗੀਤ (ਸਹਾਨ ਗਾਉਣੇ,

**ਸ਼ਹਾਦਤ,** ਸ:—ਉਗਾਹੀ, ਪਰਮਾਣ, ਸਾਖੀ ਸ਼ਾਹਦੀ, ਸ਼ਹੀਦੀ ॥

**ਸਹਾਬ,** ਪੁ:—ਪਰਮੇਸ਼ਰ ਦੇ ਦੂਤ ॥

**ਸਹਾਯਕ,** 'ਸਹਾਇਕ' ਵੇਖੋ ॥

**ਸਹਾਰਣ,** ਪੁ:—ਇੱਕ ਸ਼ਹਰ ਦਾ ਨਾਉਂ, ਸਹਾਰਨ ਪੁਰ। 'ਸਹਾਰਨਾ' ਧਾਤੂ ਦੀ ਅਨੁਗਾਮੀ ॥

**ਸਹਾਰਣ ਪੁਰੀ,** ਪੁ:—'ਸਹਾਰਨੀ' ਵੇਖੋ ॥

**ਸਹਾਰਨਾ,** ਕ੍ਰਿ:—ਸਹਿਣਾ, ਝੱਲਣਾ, ਸਹਾਰਾ ਦੇਣਾ, ਥੰਮਣਾ ॥

Digitized by Panjab Digital Library / www.panjabdigilib.org

**ਸਹਾਰਨੀ,** ਪੁ:—ਸਹਾਰਨ ਪੁਰ ਦਾ (ਅੰਬ ਆਦਿਕ), ਇੱਕ ਤਰਾਂ ਦਾ ਗੰਨਾ।

**ਸਹਾਰਨੀ ਪੌਂਨਾ,** ਪੁ:—ਸਹਾਰਨੀ ਗੰਨਾ॥

**ਸਹਾਰਾ,** ਪੁ:—ਆਸਰਾ, ਭਰੋਸਾ, ਅਟਕਾਉ, ਵਾਸਤਾ, ਸਬਰ, ਸਹਾਇਤਾ, ਮੱਦਤ॥

**ਸ਼ਹਿ,** ਸ:—ਉਕਸਾਉਣ, ਹੌਸਲਾ (ਸ਼ਹਿ ਦੇਣੀ, ਕ੍ਰਿ:—ਉਕਸਾਉਣਾ)॥

**ਸਹਿਆ,** ਪੁ:—'ਸਹਾ' ਵੇਖੋ॥

**ਸਹਿ ਸੁਭਾ,** ਕ੍ਰਿ: ਵਿ:—'ਸਹਿਜ ਸੁਭਾਉ' ਵੇਖੋ।

**ਸਹਿਕ,** ਸ:—ਇੱਛਿਆ, ਖਾਹਸ਼, ਲਾਲਸਾ, ਸੱਧਾਂ॥

**ਸਹਿਕਣਾ,** ਕ੍ਰਿ:—ਸਾਹ ਔਖਾ ਲੈਣਾ, ਹੌਂਕਣਾ, ਤਰਸਣਾ।

**ਸਹਿਜ,** ਵਿ:—ਸੌਖਾ, ਸੁਖਾਲਾ।
ਸ:—ਸੁਭਾਉਕ ਅਵਸਥਾ, ਮਜਾਜ।
ਕ੍ਰਿ: ਵਿ:—ਸੌਖੀ ਤਰਾਂ, ਸੁਖਾਲਾ, ਹੌਲੀ ਹੌਲੀ॥

**ਸਹਿਜ ਸੁਭਾਉ,** ਕ੍ਰਿ: ਵਿ:—ਸਿੱਧੀ ਤਰਾਂ ਜਿਸ ਵਿਚ ਛਲ ਕਪਟ ਨਾ ਹੋਵੇ। ਭੋਲੇ ਭਾਉ। ਆਪੇ ਆਪ।

**ਸਹਿਜਧਾਰੀ,** ਪੁ:—ਉਹ ਸਿੱਖ ਜਿਸ ਦੇ ਸਿਰ ਪੁਰ ਕੇਸ ਨਾ ਹੋਣ।

**ਸਹਿਜੇ,** ਕ੍ਰਿ: ਵਿ:—ਹੌਲੀ ਹੌਲੀ, ਸੌਖੀ ਤਰਾਂ, ਸੁਖਾਲਾ, ਆਪੇ ਹੀ, ਐਵੇਂ।

**ਸਹਿਣਹਾਰ,** ਵਿ:—ਸਹਿਣ ਵਾਲਾ, ਸਹਾਰਨ ਜੋਗਾ।

**ਸਹਿਣਕ,** ਸ:—ਮਿੱਟੀ ਦੀ ਚੌੜੀ ਕੁਨਾਲੀ, ਰਕਾਬੜੀ॥

**ਸਹਿਣਕੀ,** ਸ:—ਨਿੱਕੀ ਜੇਹੀ ਸਹਿਣਕ॥

**ਸਹਿਣਾ,** ਕ੍ਰਿ:—ਸਹਾਰਨਾ, ਝੱਲਣਾ॥

**ਸ਼ਹਿਤ,** ਪੁ:—'ਸ਼ਹਿਦ' ਵੇਖੋ॥

**ਸਹਿਨ,** ਪੁ:—ਵੇਹੜਾ, ਅੰਗਣ, ਅਖਾੜਾ॥

**ਸਹਿਮ,** ਪੁ:—ਡਰ, ਭੈ, ਚਿੰਤਾ, ਫ਼ਿਕਰ॥

**ਸਹਿਮ ਸੁੱਕਣਾ,** ਕ੍ਰਿ:—ਡਰ ਦੇ ਮਾਰੇ ਮੂੰਹ ਸੁੱਕ ਜਾਣਾ॥

**ਸਹਿਮ ਜਾਣਾ,** ਕ੍ਰਿ:—ਸਹਿਮਣਾ॥

**ਸਹਿਮਣਾ,** ਕ੍ਰਿ:—ਡਰਨਾ, ਚਿੰਤਾ ਕਰਨੀ॥

**ਸਹਿ ਮਰਨਾ,** ਕ੍ਰਿ:—ਬਹੁਤ ਦੁੱਖ ਝੱਲਕੇ ਮਰਨਾ

**ਸ਼ਹਿਰ,** ਪੁ:—'ਸ਼ਹਰ' ਵੇਖੋ॥

**ਸ਼ਹਿਰਣ,** ਸ:—'ਸ਼ਹਰਨ' ਵੇਖੋ॥

**ਸ਼ਹਿਰੀ**
**ਸ਼ਹਿਰੀਆ**
**ਸ਼ਹਿਰੂਨਾ** } ਪੁ:—'ਸ਼ਹਰੀ' ਵੇਖੋ॥

**ਸਹਿਲ,** ਵਿ:—ਸੌਖਾ, ਸੁਖਾਲਾ॥

**ਸਹਿ ਲੈਣਾ,** ਕ੍ਰਿ:—ਸਹਿਣਾ, ਸਹਾਰਨਾ, ਝੱਲ ਜਾਣਾ॥

**ਸਹਿਵੱਯਾ**
**ਸਹਿਵੈਯਾ** } ਪੁ:—ਸਹਿਣ ਵਾਲਾ, ਦੁੱਖ ਝੱਲਣ ਵਾਲਾ॥

**ਸਹੀ,** ਸ:—ਹੱਥ ਦੀ ਨਿਸ਼ਾਨੀ, ਦਸਖ਼ਤ, ਨਾਵਾਂ ਸਾਖੀ, ਪਰਮਾਣ, ਮਨਜ਼ੂਰੀ॥
ਵਿ:—ਠੀਕ, ਦਰੁਸਤ, ਸੱਚਾ, ਜਥਾਰਥ॥
ਕ੍ਰਿ: ਵਿ:—ਸੱਚ ਮੁਚ, ਠੀਕ ਠੀਕ॥

Digitized by Panjab Digital Library | www.panjabdigilib.org

**ਸਹੀ ਸਲਾਮਤ,** ਵਿ: ਰਾਜ਼ੀ ਬਾਜ਼ੀ, ਨਵਾਂ ਨਰੋਇਆ। ਅਮਾਂ ਜਮਾਂ।

**ਸਹੀ ਕਰਨਾ,** ਕ੍ਰਿ:—ਠੀਕ ਕਰਨਾ, ਨਵੀਂ ਗਲ ਮਲੂਮ ਕਰਨਾ, ਪਰਮਾਣ ਕਰਨਾ, ਦਸਖਤ ਕਰਨਾ।

**ਸਹੀ ਪਾਉਣਾ,** ਕ੍ਰਿ:—ਦਸਤਖ਼ਤ ਕਰਨਾ

**ਸਹੀਸ,** ਪੁ: —ਘਸਿਆਰਾ, ਘੋੜੇ ਨੂੰ ਸਾਂਭਣ ਵਾਲਾ ਨੌਕਰ॥

**ਸ਼ਹੀਦ,** ਪੁ:—ਧਰਮ ਦੇ ਵਾਸਤੇ ਸੀਸ ਦੇਣ ਵਾਲਾ, ਰਣ ਵਿਚ ਪ੍ਰਾਣ ਦੇਣ ਵਾਲਾ, ਜੋ ਮੁਸਲਮਾਨ ਕਾਫਰਾਂ ਨਾਲ ਲੜਦਾ ਲੜਦਾ ਮਾਰਿਆ ਜਾਇ ਜਾਂ ਜੋ ਗੁਰੂ ਕਾ ਸਿੱਖ ਤੁਰਕਾਂ ਨਾਲ ਲੜਦਾ ਲੜਦਾ ਮਰ ਜਾਵੇ, ਕੋਈ ਮਨੁੱਖ ਜੋ ਵੈਰੀ ਨਾਲ ਸਾਮ੍ਹਣੇ ਹੋਕੇ ਲੜਦਾ ਲੜਦਾ ਮਾਰਿਆ ਜਾਵੇ॥

**ਸ਼ਹੀਦ ਹੋਣਾ,** ਕ੍ਰਿ:—ਧਰਮ ਪਿੱਛੇ ਸੀਸ ਦੇਣਾ, ਜੁੱਧ ਵਿਚ ਮਾਰਿਆ ਜਾਣਾ, ਆਸ਼ਕ ਹੋਣਾ॥

**ਸ਼ਹੀਦ ਕਰਨਾ,** ਕ੍ਰਿ: ਧਰਮ ਦੀ ਖਾਤਰ ਲੜਨ ਵਾਲੇ ਨੂੰ ਮਾਰ ਸੁੱਟਣਾ, ਇਸ਼ਕ ਦੀ ਫਾਹੀ ਵਿੱਚ ਫਸਾ ਲੈਣਾ। ਮੋਹ ਲੈਣਾ।

**ਸ਼ਹੀਦ ਗੰਜ,** ਪੁ:—ਸ਼ਹੀਦਾਂ ਦੀਆਂ ਸਮਾਧਾਂ ਦੀ ਥਾਉਂ।

**ਸ਼ਹੀਦੀ,** ਸ:—ਸ਼ਹੀਦ ਦੀ ਪਦਵੀ, ਸ਼ਹੀਦ ਹੋਣ ਦਾ ਕੰਮ ਜਾਂ ਹਾਲਤ॥

**ਸ਼ਹੀਦੀ ਦੇਗ,** ਸ:—ਬਹੁਤ ਗਾੜ੍ਹੀ ਘੋਟੀ ਹੋਈ ਭੰਗ (ਸਿੱਖਾਂ ਦਾ ਬੋਲਾ)॥

**ਸ਼ਹੀਦੀ ਪਾਉਣੀ,** ਕ੍ਰਿ:—ਸ਼ਹੀਦ ਦੀ ਪਦਵੀ ਲੈਣੀ, ਸ਼ਹੀਦ ਬਨਣਾ॥

**ਸਹੁ,** ਪੁ:—ਲਾੜਾ, ਖੌਂਦ, ਆਸ਼ਕ, ਪਿਆਰਾ, ਪ੍ਰੀਤਮ। (ਸਹੁ ਰਾਜ਼ੀ ਤੇ ਖੁਦਾ ਰਾਜ਼ੀ)॥

**ਸਹੁੰ,** ਸ:—ਸੁਗੰਦ, ਕਸਮ॥

**ਸਹੁਰਾ,** ਪੁ:—ਵਹੁਟੀ ਜਾਂ ਗਭਰੂ ਦਾ ਪਿਉ। (ਛੋਟੇ ਮਨੁਖ ਨੂੰ ਬੀ 'ਸਹੁਰਾ' ਕਰਕੇ ਆਖ ਦੇਂਦੇ ਹਨ, ਇਹ ਇਕ ਗਾਲੀ ਹੈ)॥

**ਸਹੁਰੀ,** ਸ:—ਸੱਸ, ਭੈੜੀ ਤੀਮਤ॥

**ਸਹੁਰੀਂ,** ਕ੍ਰਿ:—ਸਹੁਰੇ ਘਰ॥

**ਸਹੁਰੇ,** ਪੁ:—ਸਹੁਰਿਆਂ ਦਾ ਘਰ, ਸਹੁਰੇ ਦਾ ਪਰਵਾਰ॥

**ਸਹੂਕਾਰ,** ਪੁ:—ਸੁਦਾਗਰ, ਖਖਣਾਵਰ, ਸਰਾਫ਼, ਰੁਪਏ ਬਿਆਜੀ ਦੇਣ ਵਾਲਾ।
ਵਿ:—ਇੱਜ਼ਤ ਵਾਲਾ, ਇਮਾਨ ਦਾਰ॥

**ਸਹੂਕਾਰਨੀ,** ਸ:—'ਸਹੂਕਾਰ' ਦਾ ਇਸਤ੍ਰੀ ਲਿੰਗ। ਧਨ ਵਾਲੀ ਤ੍ਰੀਮਤ॥

**ਸਹੂਕਾਰਾ,** ਪੁ: } ਸਹੂਕਾਰ ਦਾ ਕੰਮ, ਰੁਪਏ
**ਸਹੂਕਾਰੀ,** ਸ: } ਲੈਣ ਦੇਣ ਦਾ ਵਿਹਾਰ।

**ਸਹੂਕਾਰੀ,** ਵਿ:—ਸਹੂਕਾਰ ਦਾ, ਸਹੂਕਾਰਾਂ ਦੇ ਲਾਇਕ॥

**ਸ਼ਹੂਰ,** ਪੁ:—ਸੋਚ ਵਿਚਾਰ, ਅਕਲ, ਸਿਆਣਪ, ਚਤਰਾਈ, ਖੁਲਕ॥

**ਬੇ ਸ਼ਹੂਰ,** ਵਿ:—ਬੇ ਅਕਲ, ਮੂਰਖ॥

**ਸਹੇਲ ਪੁਣਾ,** ਪੁ:—ਮਿਤ੍ਰਤਾਈ, ਦੋਸਤੀ, ਯਰਾਨਾ॥

**ਸਹੇਲਾ,** ਪੁ:—ਯਾਰ, ਮਿਤ੍ਰ, ਦੋਸਤ, ਸਾਥੀ, ਬੇਲੀ॥

**ਸਹੇਲੀ,** ਸ:—ਸਖੀ, ਦੁਬੇਲ, ਸੰਗਲ, ਸਾਥਣ॥

**ਸਹੇੜਣਾ** }
**ਸਹੇੜ ਲੈਣਾ** } ਕ੍ਰਿ:—ਮੁਲ ਲੈਣਾ, ਖਰੀਦਣਾ, ਆਪਣੇ ਗਲ ਪਾਉਣਾ, ਲੈ ਲੈਣਾ, ਆਪਣਾ ਬਣਾ ਲੈਣਾ, ਆਪਣੇ ਉੱਪਰ ਵਰਤਣ ਦੇਣਾ (ਦੁਖ ਆਦਿਕ)।

Digitized by Panjab Digital Library | www.panjabdigilib.org

**ਸਹੇੜਦੇ,** ਪੁ:—(ਬਹੁ:) ਕੁੜੀ ਨੂੰ ਵਿਆਹ ਕੇ ਲਿਆਉਣ ਵਾਲੇ, ਸਹੁਰੇ।

**ਸਹੈਤਾ,** ਸ:—'ਸਹਾਇਤਾ' ਵੇਖੋ॥

**ਸਹੋਟਾ,** ਪੁ:—ਨਿਕਾ ਜਿਹਾ ਸਹਿਆ, ਸਹੇ ਦਾ ਬੱਚਾ॥

**ਸਹੋ ਮਹੋ,** ਵਿ:—ਪ੍ਰਸੰਨ, ਅਨੰਦ ਵਿੱਚ ਮਗਨ। (ਸਹੋ ਮਹੋ ਹੋਣਾ)।

**ਸੱਕ,** ਪੁ:—ਛਿੱਲੜ, ਛੋਡਾ, ਖ਼ਾਸ ਕਰਕੇ ਕਿੱਕਰ ਦੀ ਛਿੱਲ ਜੋ ਸ਼ਰਾਬ ਕਢਣ ਲਈ ਕੰਮ ਆਉਂਦੀ ਹੈ।

**ਸ਼ੱਕ,** ਪੁ: ਸ: — ਸੰਸਾ, ਭਰਮ, ਸੰਦੇਹ, ਵਿਸਵਾਸ, ਝਿਜਕ, ਚਿੰਤਾ, ਘਬਰਾਟ, ਡਰ।

**ਸਕਊ,** ਪੁ:—ਸਾਕ, ਸਰਬੰਧ।

**ਸਕੰਜਬੀ,** ਸ:—ਇੱਕ ਤਰਾਂ ਦਾ ਸ਼ਰਬਤ, ਸਿਰਕੇ ਜਾਂ ਨਿੰਬੂ ਦਾ ਰਸ ਜਿਸ ਵਿਚ ਖੰਡ ਮਿਲਾਈ ਹੋਵੇ॥

**ਸਕੰਜਾ,** ਪੁ:—ਦੋ ਫੱਟੀਆਂ ਜਿਨ੍ਹਾਂ ਵਿਚ ਪੇਚ ਲਗਾ ਹੁੰਦਾ ਹੈ ਅਤੇ ਜਿਨ੍ਹਾਂ ਦੇ ਵਿਚਕਾਰ ਜਿਲਦਗਰ ਕਿਤਾਬ ਰੱਖਕੇ ਕਸਦੇ ਹਨ। ਬਦੀ ਔਥ ਲਕੜੀ ਦਾ ਇਕ ਚੌਖਟਾ ਜਿਸ ਵਿਚ ਅਪਰਾਧੀਆਂ ਦੀਆਂ ਲੱਤਾਂ ਕਸਕੇ ਘੁੱਟਦੇ ਸਨ, ਕਾਠ॥

**ਸਕੰਜਾ ਚੜ੍ਹਾਉਣਾ,** ਕ੍ਰਿ:—ਸਕੰਜੇ ਵਿਚ ਰਖ ਕੇ ਕੱਸਣਾ, ਗੋਡਿਆਂ ਦੇ ਥਲੇ ਕੁਝ ਰੱਖਕੇ ਅਤੇ ਪੈਰਾਂ ਨੂੰ ਚਿੱਤੜਾਂ ਵੱਲ ਖਿੱਚਕੇ ਲੱਤਾਂ ਨੂੰ ਘੁੱਟਣਾ।

**ਸਕੰਜਾ ਢਿੱਲਾ ਹੋਣਾ,** ਕ੍ਰਿ:—(ਕਿਸੇ ਦਾ) ਅਹੰਕਾਰ ਭੱਜਣਾ, ਦਿਲ ਟੁੱਟਣਾ, ਉਦਾਸ ਜਾਂ ਸਦਾ ਬਿਮਾਰ ਹੋਣਾ॥



**ਸ਼ਕੰਜੇ ਵਿੱਚ ਪਾਉਣਾ,** ਕ੍ਰਿ: ਕਾਠ ਮਾਰਨਾ, ਘੁੱਟਣਾ ਜਾਂ ਫੰਸਣਾ॥

**ਸੰਕਟ,** ਪੁ:—ਦੁਖ, ਕਲੇਸ਼, ਸੰਤਾਪ, ਬਿਪਤਾ, ਪੀੜ, ਔਖ।

**ਸੱਕਣ,** ਸ:—ਸਕੇ ਦੀ ਬੀਵੀ। ਮਾਸ਼ੂਕਣ॥

**ਸ਼ੱਕਣ,** ਵਿ:—ਸ਼ੱਕ ਵਾਲੀ, ਭਰਮਣ।

**ਸੱਕਣਾ,** ਕ੍ਰਿ:—(ਕਿਸੇ ਕੰਮ ਨੂੰ ਕਰਨ ਦੀ) ਸਮਰਥ ਰਖਣੀ, (ਕੋਈ ਕੰਮ ਕਰਨ) ਜੋਗੇ ਹੋਣਾ॥

**ਸਕਤ,** ਸ:—ਸਮਰਥ, ਬਲ, ਜ਼ੋਰ, ਤਾਕਤ, ਸ਼ਕਤੀ।
ਵਿ:—ਸਖ਼ਤ, ਕਰੜਾ॥

**ਸਕਤਮ** ਨੇ—'ਸ਼ਕਤਾ' ਵੇਖੋ।

**ਸਕੱਤ੍ਰ,** ਪੁ:—ਕਿਸੇ ਸਭਾ ਜਾਂ ਕਮੇਟੀ ਦਾ ਕੰਮ ਤੋਰਨ ਵਾਲਾ ਅਧਕਾਰੀ॥

**ਸਕਤਾ,** ਵਿ:—ਸਮਰਥ ਵਾਲਾ, ਜੰਗ, ਤਕੜਾ॥

**ਸਕਤਾਈ,** ਸ:—ਸਖ਼ਤੀ, ਕਰੜਾਈ।

**ਸ਼ਕਤੀ,** ਸ:—ਸਮਰਥਾ, ਬਲ, ਤਾਕਤ, ਜ਼ੋਰ। ਪਰਮੇਸ਼ਰ ਦੀ ਮਾਯਾ। ਕੁਦਰਤ, ਦੁਰਗਾ, ਭਵਾਨੀ, ਭਗਵਤੀ। ਦੇਵੀ (ਲਛਮੀ, ਸੁਰਸਤੀ, ਕਾਲੀ ਕਾਲਕਾ ਆਦਿਕ)।

**ਸ਼ਕਤੀਮਾਨ,** ਵਿ:—ਸ਼ਕਤੀ ਵਾਲਾ, ਸਮਰਥ, ਬਲੀ, ਜ਼ੋਰਾਵਰ॥

**ਸਰਬ ਸ਼ਕਤੀ ਮਾਨ,** ਵਿ:—ਜੋ ਚਾਹੇ ਸੋ ਕਰ ਸੱਕਣ ਵਾਲਾ, ਕਾਦਰ; ਪਰਮੇਸ਼ੁਰ ਦਾ ਇਕ ਨਾਉਂ॥

**ਸਕਬੀਨਾਜ,** ਪੁ:—ਇਕ ਔਖਧ ਦਾ ਨਾਉਂ। ਇਹ ਗਾਲ ਵਾਕਰ ਹੁੰਦੀ ਹੈ ਅਤੇ ਹੌਲੀ ਹੌਲੀ ਰੋਗਾਂ ਨੂੰ

Digitized by Panjab Digital Library | www.panjabdigilib.org

ਬਣਾਉਂਦੀ ਹੈ ਅਤੇ ਮਰੋੜਾਂ ਵਿੱਚ ਭੀ ਗੁਣ ਕਰਦੀ ਹੈ॥

**ਸ਼ੱਕਰ,** ਸਃ—ਖੰਡ ਜਿਸ ਨੂੰ ਅਜੇ ਸਾਫ ਨਹੀਂ ਕੀਤਾ।

**ਸ਼ਕਰ ਕੰਦ, ਸ਼ਕਰ ਕੰਦੀ,** ਸਃ—ਇੱਕ ਤਰਾਂ ਦੀ ਆਲੂ ਵਰਗੀ ਜੜ੍ਹ ਜੋ ਲੰਮੀ ਹੁੰਦੀ ਹੈ ਅਤੇ ਖਾਣ ਵਿੱਚ ਮਿੱਠੀ ਹੁੰਦੀ ਹੈ।

**ਸ਼ਕਰ ਖ਼ੋਰਾ,** ਪੁਃ **ਸ਼ਕਰ ਖੋਰੀ,** ਸਃ—ਚੰਗੀ ਚੋਸੀ ਖਾਣ ਵਾਲਾ ਯਾ ਵਾਲੀ॥

**ਸ਼ਕਰ ਤਰਈ,** ਸਃ—ਗਿੱਲੀ ਸ਼ੱਕਰ॥

**ਸ਼ਕਰ ਦਾਣਾ,** ਪੁਃ—ਇਕ ਤਰਾਂ ਦੀ ਛੋਟੀ ਝਾੜੀ ਜਿਸ ਤੋਂ ਬਹੁਤ ਲਾ ਕੇਲਾ ਬਣਦਾ ਹੈ, ਅਤੇ ਜਿਸ ਦੇ ਪੱਤ੍ਰਾਂ ਨੂੰ ਸਦਾ ਅਤੇ ਸੇਖਮਾਂ ਉੱਪਰ ਖੰਡ੍ਹਦ ਹਨ।

**ਸ਼ਕਰ ਪਾਰਾ,** ਪੁਃ—ਇਕ ਤਰਾਂ ਦੀ ਮਠਿਆਈ।

**ਲਾਲ ਸ਼ੱਕਰ,** ਸਃ—ਲਾਲ ਰੰਗ ਦੀ ਸ਼ੱਕਰ, ਸੀਰਾ ਰਾਬ॥

**ਸਕਰਾਉਣਾ,** ਕ੍ਰਿਃ—ਦਬਣਾ, ਘੁੰਟਣਾ, ਸਮਟਣਾ, ਰੁੱਕਣਾ, ਥਾਂ ਨ ਦੇਣੀ। ਜਗਾ ਤੰਗ ਕਰਨਾ, ਹੀੜੀ ਸਕਾਰਨ ਦੇਣਾ॥

**ਸਕਰਾਂਤ, ਸਕਰਾਂਦ,** ਸਃ—ਹਿੰਦੂਆਂ ਦੇ ਮਹੀਨੇ ਦਾ ਪਹਲਾ ਦਿਨ। ਉਸ ਦਿਨ ਸੂਰਜ ਇੱਕ ਰਾਸ ਵਿੱਚੋਂ ਨਿਕਲ ਕੇ ਦੂਜੀ ਵਿੱਚ ਆਉਂਦਾ ਹੈ॥

**ਸਕਰਾਨਾ,** ਪੁਃ—ਘੋੜੇ ਖੰਡ ਵਾਲੇ ਚੌਲ। ਦਹੀਂ ਚਾਉਲ

**ਸ਼ਕਲ,** ਸਃ—ਸੂਰਤ, ਬਣਾਵਟ, ਮੂਰਤ, ਰੂਪ॥

**ਸ਼ਕਲ ਦਾਰ, ਸ਼ਕਲ ਵਾਲਾ,** ਵਿਃ—ਸੋਹਣਾ, ਸੁੰਦਰ॥

**ਸੰਕਲਪ,** ਪੁਃ—ਕੋਈ ਚੀਜ਼ ਪਰਮੇਸ਼ੁਰ ਜਾਂ ਦੇਉਤੇ ਦੇ ਅਰਪਣ ਕਰਨ ਦਾ ਜਾਂ ਕੋਈ ਧਰਮ ਦਾ ਕੰਮ ਕਰਨ ਦਾ ਇਕਰਾਰ ਜੋ ਇੱਕ ਖ਼ਾਸ ਰੀਤ ਨਾਲ ਕੀਤਾ ਜਾਂਦਾ ਹੈ। ਮੰਨਤਾ, ਪਰੋਜਨ, ਇਕਰਾਰ॥

**ਸੰਕਲਪਣਾ,** ਕ੍ਰਿਃ ਸੰਕਲਪ ਕਰਨਾ, ਕੋਈ ਚੀਜ਼ ਪਰਮੇਸ਼ੁਰ ਜਾਂ ਦੇਉਤੇ ਦੇ ਅਰਪਣ ਕਰਨਾ॥

**ਸਕਲਾਤ,** ਪੁਃ—ਇਕ ਤਰਾਂ ਦਾ ਮੋਟਾ ਉੱਨ ਦਾ ਕਪੜਾ।

**ਸਕਲੌਂਪ,** ਪੁਃ—'ਸੰਕਲਪ' ਵੇਖੋ॥

**ਸਕਲੌਂਪਣਾ,** ਕ੍ਰਿਃ—'ਸੰਕਲਪਣਾ' ਵੇਖੋ।

**ਸੱਕੜ,** ਪੁਃ—ਲੱਕੜੀ ਦਾ ਛਿੱਲੜ ਜਾਂ ਰੋੜਾ॥

**ਸੱਕਾ, ਸੱਕਾ,** ਪੁਃ ਪਿਉ ਦਾ ਜਾਂ ਅਸਲੀ ਸਾਕ ਸਕਾ ਭਾਈ, ਪਾਣੀ ਭਰਨ ਵਾਲਾ ਮਾਸ਼ਕੀ

ਵਿਃ—ਇੱਕੋ ਮਾਂ ਪਿਉ ਦਾ (ਸਕਾ ਭਰਾ)।

**ਸ਼ੰਕਾ,** ਸਃ—ਡਰ, ਸੰਸਾ, ਭਰਮ॥

**ਸ਼ਕਾਇਤ,** ਸਃ—ਫ਼ਰਿਆਦ॥

**ਸਕਾਉਤ,** ਸਃ—ਸਕਊ, ਮੌਕਾ ਦਾਰੀ॥

**ਸਕਮੂਨੀਯਾ,** ਪੁਃ—ਜੁਲਾਬ ਦੀ ਇਕ ਦੁਆ।

**ਸ਼ਕਾਰ,** ਪੁਃ—ਜੰਗਲੀ ਜਨੌਰਾਂ ਜਾਂ ਪੰਛੀਆਂ ਨੂੰ ਗੋਲੀ ਆਦਿਕ ਨਾਲ ਮਾਰਨ ਦਾ ਕੰਮ, ਇਸ ਤਰਾਂ ਮਾਰਿਆ ਹੋਇਆ ਜਨੌਰ, ਚੰਗੀ ਵਸਤੂ, ਲੁੱਟ ਦਾ ਮਾਲ। ਫੰਦੇ ਵਿੱਚ ਫਸਿਆ ਹੋਯਾ ਮਨੁੱਖ॥

**ਸ਼ਕਾਰ ਹੋਣਾ,** ਕ੍ਰਿਃ—ਕਿਸੇ ਦੇ ਹੱਥੋਂ ਮਾਰਿਆ ਜਾਣਾ, ਕਿਸੇ ਦੇ ਫੰਦੇ ਵਿੱਚ ਫਸਣਾ॥

**ਸ਼ਕਾਰ ਕਰਨਾ,** ਕ੍ਰਿਃ—ਜਨੌਰਾਂ ਨੂੰ ਗੋਲੀ ਆਦਿਕਾਂ ਨਾਲ ਮਾਰਨਾ, ਕਿਸੇ ਉੱਤੇ ਜਾ ਪੈਣਾ, ਮਾਲ

Digitized by Panjab Digital Library | www.panjabdigilib.org

ਵਿਚ ਫਸਾਉਣਾ, ਮੁਖਬਰ ਦਾ ਮਾਲੋਂ ਹਥ ਆਉਣਾ।

**ਸ਼ਕਾਰ ਜਾਣਾ** / **ਸ਼ਕਾਰ ਨੂੰ ਜਾਣਾ**, ਕ੍ਰਿ:—ਸ਼ਕਾਰ ਕਰਨ ਲਈ ਬਾਹਰ ਜਾਣਾ।

**ਸ਼ਕਾਰ ਬੰਦ**, ਪੁ:—ਸ਼ਕਾਰ ਕੀਤੇ ਹੋਏ ਜਨੌਰ ਨੂੰ ਬੰਨ੍ਹਣ ਵਾਲੀਆਂ ਰੱਸੀਆਂ॥

**ਸ਼ਕਾਰ ਮਾਰਨਾ**, ਕ੍ਰਿ:—'ਸ਼ਕਾਰ ਕਰਨਾ' ਵੇਖ

**ਸ਼ਕਾਰਣ**, ਸ:—ਸ਼ਕਾਰ ਕਰਨ ਵਾਲੀ ਤ੍ਰੀਮਤ, ਬਿਭਚਾਰਨ। ਬਦਕਾਰ।

**ਸਕਾਰਥ**, ਵਿ:—ਚੰਗੇ ਅਰਥ ਲਾਇਆ। ਹੋਇਆ।

**ਸਕਾਰਨਾ**, ਕ੍ਰਿ:—ਹੁੰਡੀ ਉੱਤੇ ਸਹੀ ਪਾਉਣੀ॥

**ਸ਼ਕਾਰੀ**, ਪੁ:—ਸ਼ਕਾਰ ਕਰਨ ਵਾਲਾ ਮਰਦ, ਬਿਭਚਾਰੀ॥

**ਸਕਾਵਾ**, ਪੁ:—ਨ੍ਹਾਉਣ ਵਾਸਤੇ ਠੰਢੇ ਪਾਣੀ ਵਾਲਾ ਭਾਂਡਾ, ਜਾਂ ਉਹ ਥਾਂ ਜਿੱਥੇ ਠੰਡੇ ਪਾਣੀ ਨਾਲ ਕੋਈ ਨ੍ਹਾਵੇ। ਸਿੰਕ। ਬ੍ਰਤ। ਸਕੋਵਾਂ॥

**ਸਕਿੰਟ**, ਪੁ:—ਮਿੰਟ ਦਾ ਸੱਠਵਾਂ ਹਿੱਸਾ, ਬਹੁਤ ਥੋੜ੍ਹਾ ਵਖਤ॥

**ਸ਼ੱਕੀ**, ਵਿ:—ਸ਼ੱਕ ਵਾਲਾ, ਭਰਮੀ॥

**ਸਕੀਮ**, ਸ:—ਜੁਗਤ, ਉਪਾਉ, ਤਤਬੀਰ, ਬੰਦੋਬਸਤ, ਵਿਉਂਤ। (ਪੜ੍ਹਾਈ ਦੀ ਸਕੀਮ = ਇਸ ਗੱਲ ਦਾ ਵੇਰਵਾ ਕਿ ਕੀ ਕੀ ਪੜ੍ਹਾਇਆ ਜਾਵੇਗਾ)॥

**ਸਕੀਰੀ**, ਸ:—ਸਾਕਾਦਾਰੀ, ਸਾਕਬੰਦ॥

**ਸਕੀਲ**, ਵਿ:—ਭਾਰਾ, ਪੱਕਾ॥

**ਸਕੀਲ ਖਾਣਾ**, ਪੁ:—ਬੋਝਲ ਭੋਜਨ, ਜੋ ਛੇਤੀ ਨਾਂ ਪਚੇ॥

**ਸੱਕੂ**, ਪੁ:—ਬੈਠਣ ਵਾਲਾ ਬੜਾ ਯਾ ਚੌਤੜਾ॥

**ਸਕੇਲ**, ਪੁ:—ਨਾਪ, ਪੈਮਾਨਾ॥

**ਸਕੂਲ**, ਪੁ:—ਬਹੁਤਿਆਂ ਬਾਲਕਾਂ ਦੇ ਕੱਠੇ ਪੜ੍ਹਨ ਦੀ ਥਾਂ, ਮਦਰਸਾ, ਪਾਠਸ਼ਾਲਾ॥

**ਸਕੇਲਾ**, ਪੁ:—ਕਈ ਤਰਾਂ ਦੀਆਂ ਲੋਹ ਦੀਆਂ ਸੀਖਾਂ ਨੂੰ ਮਿਲਾਕੇ ਬਣਾਈ ਹੋਈ ਸੀਖ॥

**ਸਕੋਵਾਂ**, ਪੁ:—ਸਿੱਕ, ਬ੍ਰਤ, ਲੋੜ, ਤਰਸੇਵਾਂ॥

**ਸੰਕੋਚ**, ਪੁ:—ਸਿਮਟਾਉ, ਨਿਮ੍ਰਤਾ, ਹਯਾਉ, ਲਾਜ, ਅਦਬ, ਲਿਹਾਜ ਡਰ, ਤੰਗੀ, ਬ੍ਰਤ, ਅਟਕਾਉ॥

**ਸੰਕੋਚਣ** / **ਸੰਕੋਚੀ**, ਵਿ:—ਲਾਜ ਵਾਨ, ਲਜੀਲਾ, ਸ਼ਰਮਾਊ, ਵਸਵਾਸੀ, ਸ਼ੱਕੀ॥

**ਸੰਕੋਚੀ**, ਸ:—ਬ੍ਰਤ, ਸ਼ਰਮ ਹਯਾ, ਲਾਜ॥

**ਸੰਖ**, ਪੁ:—ਇੱਕ ਤਰਾਂ ਦਾ ਘੋਂਗਾ ਜੋ ਹਿੰਦੂ ਪੂਜਾ ਦੇ ਵੇਲੇ ਮੂੰਹ ਨਾਲ ਵਜਾਉਂਦੇ ਹਨ, ਇੱਕ ਤਰਾਂ ਦਾ ਗਹਿਣਾ।

ਵਿ:—ਸੌ ਪਦਮ ਦੀ ਗਿਣਤੀ॥

**ਸੰਖ ਪੁਸ਼ਪੀ**, ਪੁ:—ਇੱਕ ਤਰਾਂ ਦੀ ਬੂਟੀ ਜੋ ਦੁਆਵਾਂ ਵਿੱਚ ਵਰਤੀ ਜਾਂਦੀ ਹੈ॥

**ਸੰਖ ਮਲਮਲ**, 'ਸੰਗ ਮਰਮਰ' ਵੇਖੋ॥

**ਫੋਕੇ ਸੰਖ ਵਜਾਉਣਾ**, ਕ੍ਰਿ:—ਮੂਰਖਤਾਈ ਦਾ ਕੰਮ ਕਰਨਾ॥

**ਸ਼ਖਸ**, ਪੁ:—ਪੁਰਸ਼, ਆਦਮੀ, ਮਨੁੱਖ, ਕੋਈ ਜਣਾ॥

**ਸ਼ਖਸਣੀ**, ਸ:—ਤੀਮਤ, ਕੋਈ ਜਣੀ॥

**ਸੱਖਣਾ** ਵਿ:—ਖਾਲੀ, ਸੁੰਨਾ॥

Digitized by Panjab Digital Library | www.panjabdigilib.org

ਪੁ:—ਜੁਲਾਹੇ ਦੀ ਨੜੀ ਜਿਸ ਉੱਤੇ ਤਾਣਾ ਲਪੇਟਦੇ ਹਨ।

**ਸੱਖਣੇ,** ਵਿ:—ਖ਼ਾਲੀ, ਸੁੰਨੀਂ।

ਸ:—ਜੁਲਾਹੇ ਦੀ ਨੜੀ ਜਿਸ ਉੱਤੇ ਬਾਣਾ ਲਪੇਟਦੇ ਹਨ॥

**ਸੰਖਣੀ,** ਸ:—ਛੋਟਾ ਜਿਹਾ ਸੰਖ, ਕੋਕ ਸ਼ਾਸਤ੍ਰ ਮੁਜਿਬ ਤ੍ਰੀਮਤਾਂ ਦੀ ਇੱਕ ਜਾਤ। (ਸੰਖਣੀ ਇਸਤ੍ਰੀ ਲੰਮੀ ਅਤੇ ਸੋਹਣੀ ਹੁੰਦੀ ਹੈ, ਉਸ ਦੀਆਂ ਲੰਮੀਆਂ ਅੱਖਾਂ ਅਤੇ ਲੰਮੇ ਵਾਲ ਹੁੰਦੇ ਹਨ, ਕਾਮ ਵੱਧੀ ਅਤੇ ਛੇਤੀ ਰੁੱਸੇ ਹੋਣ ਵਾਲੀ ਹੁੰਦੀ ਹੈ। ਨਾ ਲਿੱਸੀ ਨਾ ਮੋਟੀ)॥

**ਸਖਤ,** ਵਿ:—ਕਰੜਾ, ਪੱਕਾ, ਤਿੱਗਰ, ਮਜਬੂਤ।

**ਸਖਤਾਈ, ਸਖਤੀ,** ਸ:—ਕਰੜਾਈ, ਪਕਿਆਈ, ਜੁਲਮ, ਔਖ, ਮੁਸ਼ਕਲ।

**ਸੱਖਰ, ਸੱਖਰਾ,** ਵਿ:—ਕੁਝ ਕੁ ਵੱਧ, ਰਤਾ ਕੁ ਜ਼ਿਆਦਾ

**ਸੱਖਰਾ,** ਪੁ:—ਖਾਣ ਪਿੱਛੋਂ ਜੋ ਬਚ ਰਹੇ, ਖਾਧਿਆ ਖੁਧਿਆ ਅੰਨ, ਰਾਗ ਦੀ ਇਕ ਸੁਰ।

**ਸਖਾ,** ਪੁ:—ਮਿਤ੍ਰ, ਸੱਜਣ, ਬੇਲੀ।

**ਸਖਾਉਟ,** ਸ:—ਸਿੱਖਿਆ, ਪੜ੍ਹਾਈ, ਚੰਗੀ ਮੱਤ॥

**ਸਖਾਵਤ,** ਸ:—ਸਖੀ ਹੋਣਾ, ਦਾਨ ਕਰਨ ਦਾ ਗੁਣ, ਦਾਤਾਰੀ॥

**ਸਖਾਉਣਾ,** ਕ੍ਰਿ:—ਪੜ੍ਹਾਉਣਾ, ਸਿੱਖਿਆ ਦੇਣੀ ਮੱਤ ਦੇਣੀ।

**ਸਖਾਈ,** ਪੁ:—ਮਿਤ੍ਰ, ਯਾਰ, ਸੱਜਣ॥

**ਸੰਖਾ ਢਾਲ,** ਪੁ:—ਜੋਗੀਆਂ ਦੀ ਕ੍ਰਿਆ ਕਰਮ॥

**ਸੰਖਿਆ,** ਸ:—ਗਿਣਤੀ, ਲੇਖਾ, ਹਿਸਾਬ॥

**ਸਖੀ,** ਸ:—ਸਹੇਲੀ, ਦੁਬੇਲ, ਸਾਥਣ, ਕ੍ਰਿਸ਼ਨ ਮਹਾਰਾਜ ਦੀ ਕੋਈ ਗੋਪੀ॥

**ਸਖ਼ੀ,** ਵਿ:—ਦਾਤਾ, ਦਤਾਰ, ਦਾਨ ਕਰਨ ਵਾਲਾ॥

**ਸਖ਼ੀ ਸਰਵਰ,** ਪੁ:—ਲਗਾਹੇ ਦਾ ਪੀਰ, ਡੇਰਾ ਗਾਜ਼ੀ ਖਾਂ ਦੇ ਜ਼ਿਲੇ ਵਿਚ ਇੱਕ ਮਸ਼ਹੂਰ ਦਰਗਾਹ ਦਾ ਨਾਉਂ॥

**ਸੰਖੀ,** ਸ:—ਰਿੱਧੇ ਹੋਏ ਮਾਸ ਦੀ ਹੰਡੀ॥

**ਸੰਖੀਆ,** ਪੁ:—ਇੱਕ ਤਰ੍ਹਾਂ ਦੀ ਜ਼ਹਰ, ਬਿਖ॥

**ਸੰਖੀਰ, ਸੰਖੁ,** ਸ:—ਮਾਲ ਕੰਗਣੀ॥

**ਸਖੌਟੀ, ਸਖੌਤ, ਸਖੌਤੀ,** ਸ:—ਸਿੱਖਿਆ, ਪੜ੍ਹਾਈ, ਮੱਤ॥

**ਸੱਗ,** ਅਵ:—ਨਾਲ, ਸੰਗ॥

ਪੁ:—ਸਰਬੰਧ, ਸਾਕ, ਸਾਂਝ, ਅਪਣਾਇਤ ਮਿਤ੍ਰਾਚਾਰੀ॥

**ਸੰਗ,** ਸ:—ਸ਼ਰਮ, ਲੱਜਿਆ।

ਪੁ:—ਪੱਥਰ, ਸਾਥ, ਮੇਲ, ਜਾਤ੍ਰੀਆਂ ਜਾਂ ਰਾਹੀਆਂ ਦੀ ਟੋਲੀ॥

ਅਵ:—ਨਾਲ ਨਾਲ॥

**ਸੰਗ ਕਾਰਾ,** ਪੁ:—ਇੱਕ ਤਰਾਂ ਦਾ ਕਰੜਾ ਅਤੇ ਭਾਰਾ ਪੱਥਰ॥

Digitized by Panjab Digital Library | www.panjabdigilib.org

**ਸੰਗ ਚੂਰਾ,** ਪੁ:—ਤੋੜਕੇ ਬਰੀਕ ਕੀਤਾ ਹੋਇਆ ਪੱਥਰ॥

**ਸੰਗ ਜਰਾਹ,** ਇੱਕ ਤਰਾਂ ਦਾ ਪੱਥਰ ਜਿਸ ਦੀ ਕਲੀ ਸਾੜੀ ਦੀ ਹੈ ਤੇ ਜਿਸ ਦਾ ਪਲਾਸਟਰ ਔਫ਼ ਪੈਰਸ, ਬਣਦਾ ਹੈ॥

**ਸੰਗ ਮਰਮਰ,** ਪੁ:—ਇੱਕ ਤਰ ਦਾ ਚਿੱਟਾ ਨਰਮ ਪੱਥਰ॥

**ਸੰਗ ਮੂਸਾ,** ਪੁ:—ਇੱਕ ਤਰਾਂ ਦੀ ਸਖਤ ਮਿੱਟੀ ਦੀ ਸਿਲ॥

**ਸੰਗ ਲਰਜ਼ਾਂ,** ਪੁ:—ਇਕ ਤਰਾਂ ਦਾ ਭੁਰਭੁਰਾ ਪਥਰ॥

**ਸੰਗਟ** ਪੁ:—'ਸੰਕਟ' ਵੇਖੋ।

**ਸੰਗਣ,** ਸ:—ਸਾਥਣ, ਸਹੇਲੀ, ਸਖੀ।

**ਸੰਗਣਾ,** ਕ੍ਰਿ:—ਸ਼ਰਮਾਉਣਾ ਝਿਜਕਣਾ।

**ਸੰਗਤ,** ਵਿ:—ਸਖ਼ਤ, ਕਰੜਾ, ਨਿੱਗਰ॥
ਸ: —ਸ਼ਕਤੀ, ਤਾਕਤ, ਜ਼ੋਰ

**ਸੰਗਤ,** ਸ:—ਜੋੜ ਮੇਲ, ਸਭਾ, ਸਮਾਜ, ਇਕੱਠ, ਟੋਲੀ, ਸੰਜੋਗ, ਸੁਹਬਤ॥

**ਸੰਗਤਰਾ,** ਪੁ:—ਖੱਟੇ ਨੂੰ ਮਿੱਠੇ ਦੀ ਪੇਉਂਦ ਲਾਕੇ ਜੋ ਫਲ ਉਗਾਇਆ ਜਾਂਦਾ ਹੈ॥

**ਸੰਗਤਾਉ,** ਪੁ: —ਪਾਣੀ ਠੰਡਾ ਕਰਨ ਦਾ ਇਕ ਢੰਗ

**ਸੰਗਤਾਉਣਾ,** ਕ੍ਰਿ:—ਪਾਣੀ ਵਿੱਚ ਗਰਮ ਪੱਥਰ ਜਾਂ ਇੱਟਾਂ ਜਾਂ ਲੂਣ ਦੀਆਂ ਠਿਕਰਾਂ, ਜਾਂ ਧਾਤ ਦੇ ਟੁਕੜੇ ਪਾਕੇ ਪਾਣੀ ਨੂੰ, ਠੰਢਾ ਕਰਨਾ॥

**ਸੰਗਤੀ,** ਪੁ:—ਸਾਥੀ, ਜਾਂਞੀਆਂ ਦੇ ਸੰਗ ਵਿੱਚੋਂ ਕੋਈ ਜਣਾ॥

**ਸਗਨ,** ਪੁ:—ਕੋਈ ਅਜੇਹਾ ਭਾਣਾ ਜਿਸ ਤੋਂ ਅੱਗੇ ਹੋਣ ਵਾਲਾ ਸੁਖ ਦੁਖ ਮਲੂਮ ਹੋ ਜਾਵੇ। ਫ਼ਾਲ ਨਜ਼ਰ। ਸ਼ੁਭ ਕੰਮ। ਵਿਆਹ ਢੰਗ ਵਿੱਚ ਜੋ ਗਰੀ ਛੁਹਾਰੇ, ਕੁੱਜੇ, ਮਠਿਆਈ ਆਦਿਕ ਦਿੱਤੀ ਜਾਵੇ। ਕੁੜਮਾਈ ਵੇਲੇ ਜੋ ਵਸਤਾਂ ਕੁੜੀ ਦੇ ਮਾਪੇ ਮੁੰਡੇ ਦੀ ਝੋਲੀ ਪਾਉਂਦੇ ਹਨ॥

**ਸਗਮਲ,** ਪੁ:—ਇੱਕ ਭਾਜੀ ਦਾ ਨਾਉਂ, ਗੋਂਗਲੂ, ਠਿੱਪਰ, ਸ਼ਲਗਮ॥

**ਸਗਮਾਂ,** ਅਵ:—ਸਗੋਂ, ਹੰਢੋਂ, ਉਲਟਾ, ਖਰ॥
ਵਿ:—ਸਗਵਾਂ, ਇੱਕੋ ਜਿਹਾ॥

**ਸੰਗਰ,** ਪੁ:—ਜੰਡ ਦੀਆਂ ਫਲੀਆਂ।

**ਸੰਗਰਹਿਣੀ,** ਸ: ਇੱਕ ਰੋਗ ਜਿਸ ਵਿੱਚ ਦਸਤ ਲਗ ਜਾਂਦੇ ਹਨ ਅਤੇ ਖੰਘ ਅਰ ਕੰਸ ਭੀ ਹੁੰਦੀ ਹੈ।

**ਸਗਰਾ,** ਵਿ:—'ਸਗਲ' ਦੇਖੋ

**ਸੰਗਰਾਂਤ, ਸੰਗਰਾਂਦ,** ਸ: 'ਸਕਰਾਤ' [illegible]

**ਸੰਗਰਾਮ,** ਪੁ:—ਲੜਾਈ, ਜੁਧ।

**ਸੰਗਰੀ,** ਸ:—'ਸੰਗਰ' ਵੇਖੋ॥

**ਸਗਲ,** ਵਿ:—ਸਾਰਾ, ਸਭੋ, ਹਰ ਕੋਈ॥

**ਸੰਗਲ,** ਪੁ:—ਲੋਹੇ ਦੀ ਜ਼ੰਜੀਰ, ਰੇਲ ਦਾ ਨਿਸ਼ਾਨ ਜਿਸ ਦੇ ਹੱਥ ਡਿਗਣ ਤੋਂ ਮਲੂਮ ਹੋ ਜਾਂਦਾ ਹੈ ਕਿ ਰੇਲ ਦੀ ਲਾਈਨ ਸਾਫ਼ ਹੈ।

**ਸਗਲਾ,** ਵਿ:—'ਸਗਲ ਵੇਖੋ'॥

Digitized by Panjab Digital Library | www.panjabdigilib.org

ਪੁ:—ਇਕ ਚੌੜੇ ਮੂੰਹ ਵਾਲਾ ਚੌਂਕੇ ਦਾ ਭਾਂਡਾ, ਇਕ ਪੈਰੀਂ ਪਾਉਣ ਵਾਲਾ ਗਹਿਣਾ॥

**ਸੰਗਲਾ,** ਪੁ:—ਲਕੜੀ ਦੇ ਫੱਟਿਆਂ ਦਾ ਪੁਲ (ਪਹਾੜ ਵਿੱਚ)

**ਸੰਗਲੀ,** ਸ:—ਨਿੱਕਾ ਜੇਹਾ ਸੰਗਲ, ਪੈਰਾਂ ਵਿਚ ਪਾਉਣ ਵਾਲਾ ਇਕ ਗਹਿਣਾ॥

**ਸਗਵਾਂ**—'ਸਗਮਾਂ' ਵੇਖੋ।

**ਸਗੜ,** ਸ:—ਓਸ, ਤਰੇਲ (ਸਗੜ ਪੈਣੀ॥

**ਸਗੜੀ,** ਸ:—ਇੱਕ ਤਰਾਂ ਦੀ ਅੰਗੀਠੀ॥

**ਸੰਗਾਊਲਾ, ਸੰਗਾਊ** } ਪੁ:—ਸ਼ਰਮ ਕਰਨ ਵਾਲਾ, ਸ਼ਰਮਾਊ, ਸ਼ਰਮਾਕਲ।

**ਸ਼ਿੰਗਾਰ,** ਪੁ:—ਗਹਿਣਾ ਗੱਟਾ, ਮਿੱਸੀ ਬਿੰਦੀ ਆਦਿਕ, ਸਰੀਰ ਨੂੰ ਸਜਾਉਣ ਦਾ ਸਮਿਆਨ, ਸੋਹਣੀ ਪੁਸ਼ਾਕ।

**ਸੋਲ੍ਹਾਂ ਸ਼ਿੰਗਾਰ,** ਪੁ:—ਸੋਲਾਂ ਤਰਾਂ ਦੀ ਸਰੀਰ ਦੀ ਸਜਾਵਟ ('ਸੋਲਾਂ' ਵਿੱਚ ਵੇਖੋ)॥

**ਹਾਰ ਸ਼ਿੰਗਾਰ,** ਪੁ:—ਸੋਹਣੇ ਸੋਹਣੇ ਗਹਿਣੇ ਕੱਪੜੇ

**ਸ਼ਿੰਗਾਰ ਕਮਰਾ,** ਪੁ:—ਉਹ ਕਮਰਾ ਜਿਸ ਵਿੱਚ ਮੇਮਾਂ ਸ਼ਿੰਗਾਰ ਕਰਦੀਆਂ ਹਨ॥

**ਸ਼ਿੰਗਾਰਨਾ,** ਕ੍ਰਿ:—ਸ਼ਿੰਗਾਰ ਕਰਨਾ, ਸਰੀਰ ਨੂੰ ਸਜਾਉਣਾ, ਸੋਹਣੀ ਪੁਸ਼ਾਕ ਪਾਉਣੀ।

**ਸੱਗਾ ਰੱਤਾ, ਸੱਗਾ ਰਿੱਤਾ** } ਪੁ:—ਵਿਆਹ ਦਾ ਸਾਕ, ਜਾਂ ਅਜੇਹਾ ਸਰਬੰਧੀ ਜਿਸ ਦਾ ਆਦਰ ਮਾਨ ਕੀਤਾ ਜਾਵੇ॥

**ਸ਼ਾਗਿਰਦ,** ਪੁ:—ਪੜ੍ਹਨ ਵਾਲਾ, ਸਿੱਖ, ਚੇਲਾ, ਕੰਮ ਸਿੱਖਣ ਵਾਲਾ॥

**ਸ਼ਾਗਿਰਦ ਪੇਸ਼ਾ,** ਪੁ:—ਘਰ ਦੇ ਨੌਕਰ ਚਾਕਰ, ਕਾਮੇ। ਕੰਮ ਸਿੱਖਣ ਵਾਲੇ।

**ਸ਼ਾਗਿਰਦਣੀ,** ਸ:—ਪੜ੍ਹਨ ਵਾਲੀ, ਕੰਮ ਸਿੱਖਣ ਵਾਲੀ, ਚੇਲੀ॥

**ਸ਼ਾਗਿਰਦੀ,** ਸ:—ਸ਼ਾਗਿਰਦ ਦਾ ਕੰਮ ਜਾਂ ਗੁਣ॥

**ਸੰਗੀ,** ਪੁ:—ਸਾਥੀ, ਜਾਤ੍ਰੀਆਂ ਦੇ ਸੰਗ ਵਿੱਚੋਂ ਕੋਈ ਜਣਾ।

ਵਿ:—ਪੱਥਰ ਦਾ।

**ਸੰਗੀਤ,** ਪੁ:—ਗਾਉਣ, ਰਾਗ

**ਸੰਗੀਤ ਵਿੱਦਯਾ,** ਸ:—ਰਾਗ ਦੀ ਵਿੱਦਯਾ॥

**ਸੰਗੀਨ,** ਵਿ:—ਭਾਰਾ, ਨਿੱਗਰ, ਕਰੜਾ, ਪੱਕਾ ਵਡ ਮੁੱਲਾ।

ਸ:—ਬੰਦੂਕ ਦੇ ਅੱਗੇ ਲੱਗਣ ਵਾਲੀ ਇੱਕ ਛੋਟੀ ਜੇਹੀ ਤਲਵਾਰ।

**ਸੰਗੁੱਚਣਾ,** ਕ੍ਰਿ:—ਸੁੰਗੜਨਾ, ਸ਼ਰਮਾਉਣਾ, ਸਰਫਾ ਕਰਨਾ।

**ਸੰਗੁਲੀ,** ਸ:—'ਸੰਗਲੀ' ਵੇਖੋ।

**ਸ਼ਗੂਫਾ,** ਪੁ:—ਕਲੀ, ਫੁੱਲ। ਛਲ, ਫ਼ਰੇਬ॥

**ਸ਼ਗੂਫਾ ਨਿਕਲਣਾ, ਸ਼ਗੂਫਾ ਫੁੱਲਣਾ** } ਕ੍ਰਿ:—ਕਲੀ ਖਿੜਨੀ, ਫੁੱਲ ਪ੍ਰਗਟ ਹੋਣਾ, ਧੋਖਾ ਜ਼ਾਹਰ ਹੋ ਜਾਣਾ॥

**ਸਗੋਂ,** ਅਵ:—ਸਗਵਾਂ, ਚੌਖੇ, ਉਲਟਾ, ਪਰ॥

**ਸੰਗੋ ਸੰਗ,** ਅਵ:- ਕ੍ਰਿ:-ਵਿ: } ਨਾਲ, ਨਾਲੇ ਹੀ, ਨਾਲ ਨਾਲ, ਪੂਰਾ॥

**ਸਗੋਹ,** ਪੁ:—ਇੱਕ ਤਰਾਂ ਦਾ ਜਨੌਰ॥

**ਸੰਗੋਹ,** ਸ:—ਭੇਡਾਂ ਦਾ ਮਲ॥

Digitized by Panjab Digital Library / www.panjabdigilib.org

**ਸੰਗੋੜ,** ਪੁ:—ਸਿਮਟਾਉ, ਬਾਧਾ।

**ਸੰਗੋੜ ਕਰਨਾ, ਸੰਗੋੜ ਲੈਣਾ,** ਕ੍ਰਿ:—ਸੁੰਗੜਨਾ, ਬੰਦ ਹੋਣਾ।

**ਸੰਗੋੜਨਾ,** ਕ੍ਰਿ:—ਸੁੰਗੜਨਾ, ਸਿਮਟਨਾ, ਬੰਦ ਹੋਣਾ॥

**ਸਗੋਚਾ,** ਪੁ:—ਸ਼ਰਮ, ਹਯਾਉ, ਲਾਜ।

**ਸਗੋੜਨਾ,** ਕ੍ਰਿ:—ਸਮੇਟਣਾ, ਲਤਾਂ ਬਾਹਵਾਂ ਨੂੰ ਉਤਾਹਾਂ ਖਿੱਚ ਲੈਣਾ।

**ਸੰਘ,** ਪੁ:—ਗਿੱਚੀ ਦਾ ਅਗਲਾ ਹਿੱਸਾ, ਗਲ, ਕੰਠ॥

**ਸੰਘਣਾ,** ਪੁ:, **ਸੰਘਣੀ,** ਸ:—ਇੱਕ ਦੂਏ ਦੇ ਬਹੁਤ ਨੇੜੇ, ਗਾੜ੍ਹਾ, ਜਾਂ ਗਾੜ੍ਹੀ।

**ਸੰਘਰ,** ਪੁ:—ਪੱਥਰ ਆਦਿਕ ਦਾ ਬੰਨ੍ਹ, ਨਦੀ ਆਦਿਕ ਦੇ ਸਾਮ੍ਹਣੇ ਦੀ ਖਾਈ, ਕਿਲੇ ਦੇ ਢੰਗ ਪੁਰ ਬਲੂਆਰੀ ਹੋਈ ਥੇਹ, ਵੈਰੀ ਦੇ ਬਚਾਉ ਲਈ ਬਣਾਈ ਹੋਈ ਸਫੀਲ।

**ਸੰਘੜ ਚੌਥ,** ਸ:—ਗਣੇਸ਼ ਚੌਥ, ਬੁੱਢੀ ਦੇ ਵਰਤ ਦਾ ਦਿਨ॥

**ਸੰਘਾ,** ਪੁ:—ਗਿੱਚੀ ਦਾ ਅਗਲਾ ਹਿੱਸਾ, ਗਲ, ਕੰਠ, ਮੰਜੇ ਦੇ ਪਾਵਿਆਂ ਦੇ ਚੁਫੇਰੇ ਰੱਸੀਆਂ ਦੇ ਵਿੱਚ ਦੀ ਵਿਰਲ॥

**ਸੰਘਾਸਣ,** ਪੁ:—ਤਖ਼ਤ, ਰਾਜਿਆਂ ਦੇ ਬੈਠਣ ਦੀ ਚੌਕੀ, ਗੱਦੀ।

**ਸੰਘਾਰ,** ਪੁ:—ਨਾਸ, ਜਾਨੋਂ ਮਾਰਨਾ।

**ਸੰਘਾਰਨਾ,** ਕ੍ਰਿ:—ਨਾਸ ਕਰਨਾ, ਜਾਨੋਂ ਮਾਰਨਾ॥

**ਸੰਘਾੜਾ,** ਪੁ:, **ਸੰਘਾੜੀ,** ਸ:—ਇਕ ਪਾਣੀ ਵਿੱਚ ਉੱਗਣ ਵਾਲਾ ਭੂਰੇ ਰੰਗ ਦਾ ਫਲ ਜਿਸ ਦੇ ਛਿਲੜ ਵਿੱਚੋਂ ਕੰਡੇ ਨਿਕਲੇ ਹੋਏ ਹੁੰਦੇ ਹਨ। ਇਸ ਨੂੰ ਕੱਚੇ ਨੂੰ ਬੀ ਲੋਕ ਖਾਂਦੇ ਹਨ ਅਤੇ ਪਕਾ ਕੇ ਬੀ। ਇਸ ਦਾ ਆਟਾ ਹਿੰਦੂਆਂ ਦੇ ਤਿਹਾਰਾਂ ਵਿੱਚ ਵਰਤਿਆ ਜਾਂਦਾ ਹੈ ਅਤੇ ਇਸ ਨੂੰ ਗੁਲਾਬੀ ਰੰਗ ਦੇ ਕੇ ਹੋਲੀਆਂ ਪਰ ਇੱਕ ਦੂਸਰੇ ਉੱਤੇ ਸਿਟਦੇ ਹਨ॥

**ਸੰਘੀ,** ਸ:—ਛੋਟਾ ਸੰਘ, ਗਿੱਚੀ, ਕੰਠ, ਗਲ।

**ਸੰਘੋਟ,** ਪੁ:—ਗਲ ਘੁੱਟਣਾ, ਔਖ, ਕਸ਼ਟ॥

**ਸੰਘੋਟੂ,** ਵਿ:—ਗਲ ਘੁੱਟਣ ਵਾਲਾ, ਸਾਹ ਬੰਦ ਕਰਨ ਵਾਲਾ, ਜਿਸ ਦਾ ਸਾਹ ਬੰਦ ਹੋ ਜਾਵੇ, ਔਖਾ, ਬਿਪਤਾ ਵਿੱਚ ਫਾਸਿਆ ਹੋਇਆ। ਗਲ ਘੁੱਟੂ।

**ਸੱਚ,** ਪੁ:—ਸੱਤ, ਜਥਾਰਥ, ਠੀਕ, ਸਹੀ ਗੱਲ ਨਿਸਚਾ, ਅਸਲ।

ਵਿ:—ਜਿਉਂ ਦਾ ਤਿਉਂ, ਠੀਕ।

ਵਿਸਮਯਾਦਿ:—ਹਾ (ਭੁੱਲੀ ਹੋਈ ਗੱਲ ਚੇਤੇ ਆਏ ਤਾਂ ਬੋਲਦੇ ਹਨ)॥

ਕ੍ਰਿ: ਵਿ:—ਠੀਕ ਠੀਕ, ਬੇ ਸ਼ਕ, ਨਿਸੰਗ।

**ਸੱਚ ਹੋਣਾ,** ਕ੍ਰਿ:—ਕੋਈ ਗੱਲ ਠੀਕ ਨਿਕਲਣੀ॥

**ਸੱਚ ਕਹਿਣਾ,** ਕ੍ਰਿ:—ਜੋ ਗੱਲ ਹੋਵੇ ਓਹੀ ਮੂੰਹੋਂ ਕਢਣੀ, ਹੋਰ ਦੀ ਹੋਰ ਨਾ ਆਖਣੀ।

**ਸੱਚ ਖੰਡ,** ਪੁ:—ਬ੍ਰਹਮ ਲੋਕ, ਜਿੱਥੇ ਨਿਰੰਕਾਰ ਰਹਿੰਦਾ ਹੈ॥

**ਸੱਚਦਾਨੰਦ,** ਪੁ:—ਪਾਰ ਬ੍ਰਹਮ, ਪਰਮੇਸ਼ੁਰ॥

**ਸੱਚ ਬੋਲਣਾ,** ਕ੍ਰਿ:—'ਸੱਚ ਕਹਿਣਾ' ਵੇਖ॥

Digitized by Panjab Digital Library | www.panjabdigilib.org

**ਸੱਚ ਮੁੱਚ,** ਕ੍ਰਿ:, ਵਿ:—ਅਸਲ ਵਿਚ, ਠੀਕ ਠੀਕ, ਸਹੀ ਸਹੀ।

**ਸਚਰਣਾ,** ਕ੍ਰਿ:—ਅੰਦਰ ਜਾਣਾ, ਵੜਨਾ।

**ਸੱਚਾ,** ਵਿ:—ਠੀਕ, ਸਹੀ, ਜਥਾਰਥ, ਧਰਮੀ, ਨਿਆਉਂ ਕਰਨ ਵਾਲਾ।
ਪੁ: ਨਿਸ਼ਾਨ, ਠੱਪਾ, ਕਲਬੂਤ, ਸਾਂਚਾ

**ਸੱਚਾ ਪਾਤਸ਼ਾਹ,** ਪੁ: ਸਤਗੁਰੂ, ਪਰਮੇਸਰ

**ਸੰਚਾ,** ਪੁ:—ਸੱਚਾ ਕਲਬੂਤ, ਨਿਸ਼ਾਨ, ਠੱਪਾ।

**ਸਚਾਈ**
**ਸਚਿਆਈ** } ਸ: ਸੱਚੀ ਗੱਲ, [illegible] ਸਚ ਮੁਚ [illegible]

**ਸਚਿਆਰ**
**ਸਚਿਯਾਰ** } ਪੁ:-ਸ:-ਸੱਚਾ ਆਦਮੀ, ਸਚ ਨੂੰ ਚੰਗਾ ਸਮਝਕੇ ਸਚ ਬੋਲਣ ਵਾਲਾ ਖਰਾ ਮਨੁੱਖ।

**ਸੱਚੋ,** ਕ੍ਰਿ:-ਵਿ:—ਅਸਲ ਵਿਚ ਠੀਕ, ਨਿਸੰਗ॥

**ਸੱਚੀ ਮੁੱਚੀ,** ਕ੍ਰਿ:, ਵਿ:-ਸੱਚ ਮੁੱਚ॥

**ਸੰਚੀ,** ਸ:—ਪੋਥੀ ਦੇ ਅਠਾਂ ਦਸਾਂ ਪਤ੍ਰਿਆਂ ਦਾ ਇਕੱਠ, ਛੋਟਾ ਸਚਾ ਜੋ ਠਪਾ।

**ਸੱਚੋ ਸੱਚ,** ਕ੍ਰਿ:, ਵਿ:—ਠੀਕ ਠੀਕ, ਧਰਮ ਨਾਲ, ਅਸਲ ਵੀ।

**ਸਜ,** ਸ:—ਸ਼ਕਲ, ਸੂਰਤ, ਸਜਾਉਟ, ਸੁਹੱਪਣ, ਤਿਆਰੀ।

**ਸਜ ਦਾਰ,** ਵਿ:—ਚੰਗੀ ਸ਼ਕਲ ਵਾਲਾ॥ ਸੋਹਣਾ, ਸੁੰਦਰ॥

**ਸਜ ਧਜ,** ਸ:—ਤਿਆਰੀ, ਚੰਗਾ ਰੂਪ ਕੱਢਣਾ, ਧੂਮ ਧਾਮ, ਦਿਖਾਵਾ।

**ਸੱਜੋ,** ਪੁ:—ਸਵੇਰਾ, ਸੂਰਜ॥

**ਸੰਜੋ,** ਪੁ:—ਸੰਜੋ, ਲੜਾਈ ਵਿੱਚ ਸਰੀਰ ਨੂੰ ਬਚਾਉਣ ਲਈ ਲੋਹੇ ਦੀ ਜਾਲੀ ਆਦਿਕ ਦੀ ਪੁਸ਼ਾਕ।

**ਸਜਣਾ,** ਕ੍ਰਿ:—ਤਿਆਰ ਹੋਣਾ, ਸੋਹਣਾ ਲੱਗਣਾ, ਠੀਕ ਆਉਣਾ, ਬਣਨਾ, ਬੈਠ ਜਾਣਾ॥

**ਸੱਜਣ**
**ਸਜਨ** } ਪੁ:—ਮਿਤ੍ਰ, ਆਸ਼ਕ, ਪ੍ਰੀਤਮ, ਸਨਬੰਧੀ, ਭਲਾ, ਸਾਧ, ਨੇਕ ਆਦਮੀ।

**ਸਜਣਾਈ,** ਸ:—ਨੇਕੀ, ਦੋਸਤੀ, ਭਲਿਆਈ, ਪਿਆਰ।

**ਸਜਣੀ,** ਸ:—ਸਖੀ, ਸਹੇਲੀ, ਪਿਆਰੀ

**ਸੰਜਮ,** ਪੁ:—ਧੀਰਜ, ਸਾਂਤ, ਦਬਾਉ, ਰੋਕ, ਸਬਰ, ਖਾਸ ਖਾਸ ਦਿਨ ਅੰਨ ਪਾਣੀ ਨਾ ਕਰਨਾ, ਘਟ ਖਾਣਾ। ਜੋੜ ਮੇਲ, ਸਲਾਹ, ਏਕਾ, ਇਕੱਠ, ਪਰਾਪਤ ਹੋਣਾ, ਜੁਗਤ॥

**ਸੰਜਮੀ,** ਵਿ:-ਸੰਜਮ ਯਾ ਧੀਰਜ ਕਰਨ ਵਾਲਾ, ਧੀਮਾ, ਅਲਪ ਅਹਾਰੀ।

**ਸੱਜਰ,** ਵਿ:-ਥੋੜੇ ਚਿਰ ਤੋਂ ਸੂਈ ਹੋਈ (ਗਊ, ਮੱਝ)॥

**ਸੱਜਰਾ,** ਵਿ:-ਤਾਜ਼ਾ, ਹੁਣੇ ਦਾ, ਨਵਾਂ॥

**ਸਜ਼ਾ,** ਸ:—ਡੰਨ, ਅਪਰਾਧ ਦਾ ਫਲ, ਚੱਟੀ। (ਸਜ਼ਾ ਦੇਣੀ, ਲਾਉਣੀ, ਪਾਉਣੀ, ਮਿਲਣੀ)॥

**ਸੱਜਾ,** ਵਿ:-ਸਿੱਧੇ ਪਾਸੇ ਦਾ, ਉਸ ਹੱਥ ਵਾਲਾ ਪਾਸਾ ਜਿਸ ਨਾਲ ਰੋਟੀ ਖਾਈਦੀ ਹੈ ਅਤੇ ਸਲਾਮ ਕਰੀਦਾ ਹੈ। ਖੱਬੇ ਦਾ ਉਲਟ॥

**ਸਜਾਉ**
**ਸਜਾਉਟ** } ਸ:—ਤਿਆਰੀ, ਸ਼ਿੰਗਾਰ ਬਨਾਉ ਸੋਭਾ, ਅਲੰਕਾਰ, ਫੈਲ॥

Digitized by Panjab Digital Library | www.panjabdigilib.org

**ਸਜਾਉਣਾ**, ਕ੍ਰਿ:—ਬਣਾਉਣਾ, ਸ਼ਿੰਗਾਰ ਕਰਨਾ, ਸੋਭਾ ਦੇਣੀ, ਠੀਕ ਕਰਨਾ, ਬਣਵਾਉਣਾ ਜਾਂ ਠੀਕ ਕਰਾਉਣਾ । ਸੁਆਰਨਾ ॥

**ਸਜਾਤੀ**, ਵਿ:—ਇੱਕੋ ਜ਼ਾਤ ਜਾਂ ਢੰਗ ਦੇ ॥

**ਸਜਾਦ**, ਪੁ:—ਰਾਜੇ ਯਾ ਪਾਤਸ਼ਾਹ ਦਾ ਪੁਤ੍ਰ ॥

**ਸਜਾਦੀ**, ਸ:—ਰਾਜੇ ਜਾਂ ਪਾਤਸ਼ਾਹ ਦੀ ਧੀ ॥

**ਸੰਜਾਫ**, ਸ:—ਕਪੜੇ ਦੇ ਕੰਢੇ ਉੱਤੇ ਲੱਗੀ ਹੋਈ ਕੰਨੀ ॥

**ਸੰਜਾਫੇ**, ਵਿ:—ਸੰਜਾਫ ਵਾਲਾ ॥

**ਸੰਜਾਬ**, ਸ:—ਇੱਕ ਨਿੱਕੀ ਕਾਲੀ ਜੱਤ ਵਾਲਾ ਜਨੌਰ ।

**ਸੰਜੀ**, ਸ:—('ਸੰਜਾ' ਦਾ ਸਤ੍ਰੀ ਲਿੰਗ)। ਇੱਕ ਤਰ੍ਹਾਂ ਦੀ ਖਾਰ ਜਿਸਨੂੰ ਧੋਬੀ ਆਦਿਕ ਕੱਪੜੇ ਧੋਣ ਲਈ ਵਰਤਦੇ ਹਨ ॥

**ਸਜੀਲਾ**, ਵਿ:—ਚੰਗੀ ਸ਼ਕਲ ਵਾਲਾ, ਸੋਹਣਾ, ਸੁੰਦਰ, ਸਜਦਾਰ ॥

**ਸਜੀਵ**, ਵਿ:—ਜੀਉਂਦਾ ਜਾਗਦਾ, ਜਾਨ ਦਾਰ ॥

**ਸੰਜੋ**, ਪੁ:—'ਸੰਜ' ਵੇਖੋ ॥

**ਸੰਜੋਗ**, ਪੁ:—ਮੇਲ, ਸਾਹਿਜ ਸੁਭਾਉ, ਭਾਣਾ, ਚੰਗੇ ਭਾਗ, ਜੋੜ, ਮੇਲ, ਰਾਤ ਦਿਨ ਦੀ ਬਰਾਬਰੀ।

**ਸੰਜੋਗਣ**, ਸ:, **ਸੰਜੋਗੀ**, ਪੁ: — ਸੰਜੋਗ ਕਰਨ ਵਾਲੀ ਜਾਂ ਵਾਲਾ ਅਜੇਹਾ ਫਕੀਰ ਜਿਸ ਦਾ ਟੱਬਰ ਹੋਵੇ ॥

**ਸੰਝ**, ਸ:—ਸੰਧਿਆ, ਤ੍ਰਿਕਾਲਾਂ ॥

**ਸੰਝਿਆ**, ਪੁ:—ਸੰਝ, ਸੰਧਿਆ ॥

**ਸੱਟ**, ਸ:-ਚੋਟ, ਟਕੋਰ, ਰਗੜ, ਘਾਹ (ਸੱਟ ਲਗਣੀ, ਲਾਉਣੀ)॥

**ਸੱਟ ਪੱਟ**, ਕ੍ਰਿ:, ਵਿ:—ਬਹੁਤ ਛੇਤੀ, ਝਬਦੇ ॥

**ਸੱਟ ਪੇਟ**, ਸ:—ਸੱਟ, ਚੋਟ ॥

**ਸ਼ੰਟ ਕਰਨਾ**, ਕ੍ਰਿ:—ਰੇਲ ਦੇ ਇੰਜਨ ਦਾ ਇੱਧਰ ਉੱਧਰ ਫਿਰਨਾ ਜਾਂ ਮੁੜਨਾ ॥

**ਸਟੱਕ**, ਸ:—ਹੁੱਕੇ ਦੀ ਨੜੀ, ਡਾਂਜ, ਵਿਛੋੜਾ ॥

**ਸਟਕ ਪਟਕ**, ਪੁ: ਜਾਂ ਸ:—ਕਾਹਲੀ, ਹੜਬੜੀ, ਹੇਰ ਫੇਰ, ਬੇ ਪਰਵਾਹੀ ॥

**ਸਟਕਣਾ**, ਕ੍ਰਿ:—ਨੱਠ ਜਾਣਾ, ਵਿੱਛੜਨਾ, ਕਿਸ ਨੂੰ ਵੇਖ ਕੇ ਸੜਨਾ ॥

**ਸਟਡ**, ਪੁ:—ਇੱਕ ਤਰਾਂ ਦਾ ਬਣਨ ਜੋ ਛੇਕ ਵਿੱਚ ਫਸਿਆ ਰਹਿੰਦਾ ਹੈ, ਘੋੜਿਆਂ ਆਦਿਕਾਂ ਦੇ ਰਖਣ ਦੀ ਜਗਾ ।

**ਸੱਟਣਾ**, ਕ੍ਰਿ:—ਡੇਗਣਾ, ਢਾਹਣਾ, ਉਲੱਦਣਾ ॥

**ਸਟਰ ਪਟਰ**, ਪੁ:—ਕਾਹਲੀ, ਹੜਬੜੀ, ਹਰ ਫਰ, ਬੇ ਪਰਵਾਹੀ, ਨਿਕੰਮੀ ਗੱਲ ॥

**ਸਟਰੀ ਪਟਰੀ**, ਵਿ:—ਕਾਹਲੀ ਕਾਹਲੀ, ਐਵੇਂ ਕਿਵੇਂ ਚੰਗੀਆਂ ਮੰਦੀਆਂ ਗੱਲਾਂ ਜਾਂ ਕੰਮ ਕਰਨ ਵਾਲਾ ॥

**ਸਟਾਉਣਾ**, ਕ੍ਰਿ:—ਦੂਏ ਕੋਲੋਂ ਸੁੱਟਣ ਦਾ ਕੰਮ ਕਰਾਉਣਾ, ਡਿਗਾਉਣਾ ।

**ਸਟਾਫ਼**, ਸ:—ਸਟਣ ਦੀ ਮੋਹਰ [illegible] ਜਾਂ ਮੁਹਰ।

**ਸਟਾਕ**, ਪੁ:—ਕਾਹਲੀ, ਛੇਤੀ, [illegible], ਮੁੱਕੇ ਜਾਂ ਸੱਟ ਲੱਗਣ ਦੀ ਅਵਾਜ਼ ।

**ਸਟਾਕੇ ਨਾਲ**, ਕ੍ਰਿ:, ਵਿ:—ਛੇਤੀ, ਝਬਦੇ ॥

**ਸੱਟਾ ਬੱਟਾ**, ਪੁ:—ਵਟਾਂਦਰਾ, ਵੱਟਾ ਸੱਟਾ, ਇਕ ਸ਼ਾਕ ਦੇ ਕੇ ਉਹਦੇ ਬਦਲੇ ਦੂਆ ਲੈਣਾ ॥

Digitized by Panjab Digital Library | www.panjabdigilib.org

**ਸੱਟੀ,** ਸਃ—ਸੁੱਕੀਆਂ ਚੀਜ਼ਾਂ ਦੀ ਮੰਡੀ ਜਿੱਥੇ ਦਲਾਲ ਭਾਉ ਠਰਾਂਦੇ ਹਨ॥

**ਸਟੀਨ,** ਸਃ-ਇੱਕ ਕੱਪੜਾ ਜਿਸ ਦਾ ਅੰਦਰਸ ਲਗਦਾ ਹੈ॥

**ਸਟੀਮ,** ਸਃ-ਭਾਫ।

**ਸਟੀਮਰ,** ਪੁਃ—ਭਾਫ ਦੇ ਜ਼ੋਰ ਚੱਲਣ ਵਾਲਾ ਜਹਾਜ਼॥

**ਸਟੂਲ,** ਪੁਃ—ਲੱਕੜ ਦਾ ਮੂਹੜਾ॥

**ਸਟੇਸ਼ਨ,** ਪੁਃ-'ਰੇਲ ਘਰ' ਵੇਖੋ॥

**ਸਟੇਸ਼ਨ ਮਾਸਟਰ,** ਪੁਃ-ਸਟੇਸ਼ਨ ਦਾ ਸਭ ਤੋਂ ਵੱਡਾ ਅਫ਼ਸਰ॥

**ਸਟੇਜ,** ਪੁਃ—ਤਮਾਸ਼ੇ ਦੀ ਥਾਂ, ਚਬੂਤਰਾ

**ਸਟੋਰ,** ਪੁਃ—ਗੁਦਾਮ, ਚੀਜ਼ਾਂ ਦੇ ਕੱਠੇ ਰੱਖਣ ਦੀ ਥਾਂ।

**ਸਟੋਰ ਕੀਪਰ,** ਪੁਃ—ਜਿਸਦੇ ਸਪੁਰਦ ਸਟੋਰ ਹੋਵੇ॥

**ਸੱਠ,** ਵਿਃ—ਤ੍ਰਿੰਨ ਵੀਹਾਂ, ਪੰਜਾਹ ਉੱਤੇ ਦਸ॥ ਪੁਃ—ਜੋੜ, ਮੇਲ, ਏਕਾ॥

**ਸੱਠਣਾ,** ਕ੍ਰਿਃ—ਜੋੜਨਾ, ਮੇਲਣਾ, ਚਮੇੜਨਾ॥

**ਸੱਠਣੀ,** ਸਃ—ਜੋੜ, ਮੇਲ, ਜੁਲਾਹੇ ਦੇ ਤਾਣੇ, [illegible] ਦੀ ਗੰਢ।

**ਸੱਠਮਾਂ**
**ਸੱਠਵਾਂ** } ਵਿਃ-ਸੱਠਾਂ ਦੀ ਗਿਣਤੀ ਪੂਰੀ ਕਰਨ ਵਾਲਾ।

**ਸਠਵਾਉਣਾ,** ਕ੍ਰਿਃ—ਜੁੜਵਾਉਣਾ, ", ਖੱਡੀ ਵਿੱਚ ਕੱਪੜਾ ਲਗੁਆਣਾ॥

**ਸਠਵਾਈ,** ਸਃ—ਖੱਡੀ ਵਿੱਚ ਉਣਾਉਣ ਨੂੰ ਤਾਣੀ ਲੁਆਉਣ ਦੀ ਮਜੂਰੀ॥

**ਸੱਠਾ,** ਪੁਃ-ਸੱਠਵਾਂ ਸੰਮਤ।

**ਸਠਾਉਣਾ,** ਕ੍ਰਿਃ-ਮਿਲਾਉਣਾ॥

**ਸਠਾਈ,** ਸਃ-'ਸਠਵਾਈ' ਵੇਖੋ॥

**ਸਠੀ ਰਾਤ,** ਸਃ—ਬੱਚੇ ਜੰਮਣ ਦੇ ਪਿੱਛੋਂ ਛੇਵੀਂ ਰਾਤ॥

**ਸੱਠੀ,** ਸਃ-ਇੱਕ ਤਰਾਂ ਦੇ ਚੌਲ ਜਿਨ੍ਹਾਂ ਦਾ ਰੰਗ ਲਾਲ ਹੁੰਦਾ ਹੈ। ਮੰਡੀ॥

**ਸੱਠੀ ਵਾਲਾ,** ਪੁਃ-ਮੋਟੇ ਕਪੜੇ ਦਾ ਬੁਪਾਰੀ॥

**ਸੰਡਾਸ,** ਪੁਃ ਪਖਾਨਾ, ਟੱਟੀ, ਸੌਚ ਖਾਨਾ॥

**ਸੰਡਾਸੀ,** ਸਃ-ਸਨਿਆਸੀ, ਹਿਮਰਾ॥

**ਸੰਡਾਸੀ**
**ਸੰਡਾਸੀਆ** } ਪੁਃ—'ਸਨਿਆਸੀ' ਵੇਖੋ

**ਸੰਢ,** ਸਃ-ਜਿਸ ਜ਼ੁੰਮਤ ਦੇ ਉਲਾਦ ਨਾ ਹੋ ਸਕੇ (ਪਸ਼ੂਆਂ ਵਾਸਤੇ ਬੀ ਇਹ ਸ਼ਬਦ ਬੋਲਦੇ ਹਨ), ਬੰਝ।

**ਸੰਢਣਾ,** ਕ੍ਰਿਃ-ਜੋੜਨਾ, ਗੰਢਣਾ, ਸੱਠਣਾ, ਮੇਲਣਾ, ਦੋ ਰੱਸੀਆਂ ਦੇ ਸਿਰੇ ਕੱਠੇ ਵੱਟਣਾ॥

**ਸੰਢਾ,** ਪੁਃ—ਝੋਟਾ, ਸਾਨ੍ਹ, ਮੋਟਾ ਤਾਜ਼ਾ, ਹੱਟਾ ਕੱਟਾ ਆਦਮੀ, ਗਿਲ੍ਹਟੀ, ਸੱਟ ਯਾ ਫੋੜੇ ਕਰਕੇ ਲਾਗੋਂ ਪਈ ਹੋਈ ਸੋਜ॥

**ਸੰਢੀ,** ਸਃ-ਮੋਟੀ ਤੇ ਤਕੜੀ ਜ਼ੁੰਮਤ॥

**ਸਣ,** ਸਃ-ਇੱਕ ਬੂਟਾ ਜਿਸ ਦੇ ਰੇਸ਼ੇ ਤੋਂ ਮੋਟੇ ਕਪੜੇ ਅਤੇ ਰੱਸੇ ਆਦਿਕ ਬਣਦੇ ਹਨ। ਇਸ ਦੇ ਬੀ ਲਹੂ ਸਾਫ ਕਰਨ ਦੀ ਦੁਆ ਹਨ॥ ਅਵਃ—ਸਮੇਤ, ਨਾਲ॥

Digitized by Panjab Digital Library | www.panjabdigilib.org

**ਸਣਕੁਕੜਾ**
**ਸਣੁਕੜਾ** } ਪੁ:—ਇੱਕ ਮੋਟੀ ਤਰ੍ਹਾਂ ਦੀ ਸਣ ਜਿਸ ਦੀਆਂ ਬੋਰੀਆਂ, ਰੱਸੇ ਆਦਿਕ ਬਣਦੇ ਹਨ ਇਸ ਦੇ ਬੀ ਦੁਆਵਾਂ ਵਿੱਚ ਵਰਤੇ ਜਾਂਦੇ ਹਨ ॥

**ਸਣ ਬੂਟੀ,** ਸ:—'ਸੈਣਾ' ਵੇਖੋ ॥

**ਸਣ ਮੁੱਢਾ,** ਕ੍ਰਿ:, ਵਿ:—ਬਿਲਕੁਲ ॥

**ਸਣਤ,** ਪੁ:—'ਸੰਤ' ਵੇਖੋ ॥

**ਸਣਾਟਾ,** ਸ:—ਕੰਨ ਵਿੱਚ ਸਾਂ ਸਾਂ ਦੀ ਅਵਾਜ਼ ॥

**ਸਣਾਟਾ ਗੁਜ਼ਰ ਜਾਣਾ,** ਕ੍ਰਿ:—ਅਚਾਨਚੱਕ ਗ਼ਮ ਲੱਗ ਜਾਣਾ ॥

**ਸਣੀ,** ਸ:—ਇੱਕ ਤਰਾਂ ਦੀ ਬਰੀਕ ਸਣ ।

**ਸਣੁਕੜਾ,** 'ਸਣ' ਦੇ ਹੇਠਾਂ 'ਸਣਕੁਕੜਾ' ਵੇਖੋ ॥

**ਸਣੂ,** ਸ:—'ਸਣ' ਵੇਖੋ ।

**ਸਣੇ,** ਅਵ:—ਨਾਲ, ਸਮੇਤ ॥

**ਸਤ,** ਵਿ:—ਸੱਤ (ਹੋਰਨਾਂ ਸ਼ਬਦਾਂ ਨਾਲ ਮਿਲਕੇ, ਜਿਹਾ ਕਿ ਸਤ ਮਾਹਾ), ਸੱਚਾ, ਠੀਕ, ਅਸਲੀ ।
ਪੁ:—ਸੱਚ, ਧਰਮ, ਇਮਾਨਦਾਰੀ, ਨੇਕੀ, ਵਫ਼ਾਦਾਰੀ, ਤਾਕਤ, ਜ਼ੋਰ, ਨਿਚੋੜ, ਰਸ । ਦ੍ਰਿੜ੍ਹਤਾ ॥

**ਸਤ ਸਇਆ,** ਵਿ:—ਸੱਤ ਸੌ ਤਾਰਾਂ ਵਾਲਾ (ਕੱਪੜਾ ਆਦਿਕ), ਸਤ ਸੌ ਰੁਪਇਆ ਜਿਸ ਦਾ ਮੁੱਲ ਹੋ, ਜਿਸ ਵਿੱਚ ਸੱਤ ਸੌ ਰੁਪਏ ਹਨ ॥

**ਸਤ ਸਈ,** ਸ:—ਸੱਤ ਸੌ ਤਾਰਾਂ ਦੀ ਬੁਣਤਰ ਵਾਲਾ ਕੱਪੜਾ (ਇਸ ਤੋਂ ਕਪੜੇ ਦਾ ਗੁਣ ਪਰਗਟ ਹੁੰਦਾ ਹੈ) ਸੱਤ ਸੌ ਛੰਦਾਂ ਵਾਲੀ ਪੋਥੀ ॥

**ਸਤ ਸੱਠ,** ਵਿ:—ਸੱਤਾਂ ਉੱਤੇ ਸੱਠ, ਸਤਾਹਠ ॥

**ਸਤ ਸੰਗ** ਪੁ:—
**ਸਤ ਸੰਗਤ** ਸ: } ਸੱਜਣਾਂ ਦਾ ਮੇਲ, ਸੱਚਾ ਮੇਲ, ਸਾਧਾਂ ਜਾਂ ਭਲੇ ਪੁਰਖਾਂ ਦਾ ਸੰਗ, ਨੇਕਾਂ ਦੀ ਸੁਹਬਤ ; ਸੰਤਾਂ ਦੀ ਸਭਾ ॥

**ਸਤ ਸੰਗਣ,** ਸ:
**ਸਤ ਸੰਗੀ,** ਪੁ: } ਸਤ ਸੰਗ ਕਰਨ ਵਾਲਾ ਜਾਂ ਵਾਲੀ ॥

**ਸਤ ਹੀਨ,** ਵਿ:—ਜਿਸ ਦੀ ਸਾਖ ਜਾਂ ਵਸਾਹ ਨਹੀਂ ॥

**ਸਤ ਕਰਮ,** ਪੁ:—ਚੰਗਾ ਕੰਮ, ਨੇਕ ਅਮਲ, ਧਰਮ ਦਾ ਕਾਰਜ ॥

**ਸਤ ਕਰਮਣ,** ਸ:—ਚੰਗੇ ਕੰਮ ਕਰਨ ਵਾਲੀ ॥

**ਸਤ ਕਰਮੀ,** ਪੁ:—ਚੰਗੇ ਕੰਮ ਕਰਨ ਵਾਲਾ ॥

**ਸਤਕਾਰ,** ਪੁ:—ਚੰਗਾ ਕੰਮ, ਆਦਰ ਭਾਉ ॥

**ਸਤ ਖਸਮੀ,** ਸ:—ਸੱਤਾਂ ਖਸਮਾਂ ਵਾਲੀ ਰੰਨ, ਬਿਭਚਾਰਨੀ, ਮੰਦੀ ॥

**ਸਤ ਗਲੋ,**
**ਸਤ ਗਿਲੋ** } ਪੁ:—ਗਿਲੋ ਨਾਮੇ ਬੂਟੀ ਦਾ ਸਤ ਜੋ ਤਾਪ ਨੂੰ ਹਟਾਉਂਦਾ ਹੈ ਅਤੇ ਸਰੀਰ ਤਕੜਾ ਕਰਦਾ ਹੈ ॥

**ਸਤ ਗੁਣ**
**ਸਤ ਗੁਣਾ** } ਵਿ:—ਸੱਤ ਵਾਰ ਗੁਣਕੇ ਜਿੰਨਾ ਹੋਵੇ ॥ ਸੱਤ ਵਾਰੀ ਗਿਣਕੇ ਜੋੜਿਆ ਹੋਇਆ ॥

**ਸਤ ਗੁਰ**
**ਸਤ ਗੁਰੂ** } ਪੁ:—ਸੱਚਾ ਗੁਰੂ, ਪਰਮੇਸ਼ੁਰ ॥

**ਸਤ ਜੁਗ,** ਪੁ:—ਚਹੁੰ ਜੁਗਾਂ ਵਿੱਚੋਂ ਪਹਿਲਾ ਜੁਗ, ਇਸ ਵਿੱਚ ਸਾਰੇ ਲੋਕ ਸੱਚੇ ਅਤੇ ਧਰਮੀ ਹੁੰਦੇ ਹਨ ਅਤੇ ਇਹ ੧੧੨੮੦੦੦ ਸਾਲ ਰਹਿੰਦਾ ਹੈ । ਚੰਗਾ ਸਮਾ ॥

**ਸਤ ਜੁਗੀ,** ਪੁ:—ਸਤ ਜੁਗ ਵਿੱਚ ਰਹਿਣ ਵਾਲਾ, ਧਰਮਾਤਮਾ, ਨੇਕ ॥

Digitized by Panjab Digital Library / www.panjabdigilib.org

**ਸਤਨਾਜਾ,** ਪੁ:—ਸੱਤ ਅਨਾਜ ਕੱਠੇ ਕੀਤੇ ਹੋਏ । ਗ੍ਰਹਿਣ ਆਦਿਕ ਵਿੱਚ ਸਤਨਾਜੇ ਦਾ ਦਾਨ ਲੋਕ ਕਰਦੇ ਹਨ ।

**ਸਤ ਨਾਮ,** ਪੁ:—ਪਰਮੇਸ਼ੁਰ ਦਾ ਸੱਚਾ ਨਾਉਂ, ਭਾਈ ਰਾਮ ਸਿੰਘ ਕੂਕੇ ਦੇ ਗੁਰਮੰਤ੍ਰ ਦਾ ਪਹਿਲਾ ਪਦ ।

**ਸਤ ਨਾਮੀ** / **ਸਤ ਨਾਮੀਆ** } ਪੁ: ਇੱਕ ਤਰਾਂ ਦੇ ਹਿੰਦੂ ਸਾਧਾਂ ਦਾ ਪੰਥ ॥

**ਸਤ ਪੁੱਤਾ,** ਵਿ:—ਸੱਤਾਂ ਪੁਤ੍ਰਾਂ ਵਾਲਾ ।

**ਸਤ ਬਚਨ,** ਕ੍ਰਿ:, ਵਿ:—ਬਹੁਤ ਹੱਛਾ, ਠੀਕ ।
ਅਵ:—ਬਿਲਕੁਲ ਸੱਚ ਹੈ, ਭਲਾ ਜੀ, ਹਾਂ ਜੀ ॥

**ਸਤ ਬਚਨੀਆ,** ਪੁ:—ਹਾਂ ਹਾਂ ਕਰਨ ਵਾਲਾ, ਖੁਸ਼ਾਮਦੀ ॥

**ਸਤ ਬਰਗ,** ਪੁ:—ਇੱਕ ਫੁਲ ਦਾ ਨਾਉਂ ॥

**ਸਤ ਬਰਗੀ,** ਸ:—ਇੱਕ ਵੱਡੀ ਕੌਡਿਆਂ ਵਾਲੀ ਝਾੜੀ ॥

**ਸਤ ਬਾਦੀ,** ਵਿ:—'ਸਤ ਵਾਦੀ' ਵੇਖੋ ॥

**ਸਤ ਬਿਰੋਜਾ,** ਪੁ:—'ਬਿਰੋਜਾ' ਵੇਖੋ ॥

**ਸਤ ਭੰਗ ਕਰਨਾ,** ਕ੍ਰਿ:—ਪਤਿਬਰਤਾ ਇਸਤ੍ਰੀ ਨਾਲ ਮੰਦਾ ਕਰਮ ਕਰਨਾ ॥

**ਸਤ ਮਾਹਾਂ,** ਵਿ:—ਸੱਤਾਂ ਮਹੀਨਿਆਂ ਦਾ ॥

**ਸਤ ਮਾਹਾਂ ਬਾਲਕ,** ਪੁ:—ਗਰਭ ਹੋਣ ਤੋਂ ਸੱਤ ਮਹੀਨੇ ਮਗਰੋਂ ਜੰਮਿਆ ਹੋਇਆ ਬਾਲਕ ।

**ਸਤ ਲੜਾ,** ਵਿ:—ਸੱਤਾਂ ਧਾਗਾਂ ਜਾਂ ਲੜੀਆਂ ਵਾਲਾ, ਸਤ ਰਲਾ ॥

**ਸਤ ਲੋਕ,** ਪੁ:—ਜਿਸ ਲੋਕ ਵਿੱਚ ਸੰਤ ਵਿਚਰਦੇ ਹਨ । ਬ੍ਰਹਮ ਲੋਕ, ਸੱਚੇ ਅਤੇ ਧਰਮੀ ਮਨੁੱਖ ॥

**ਸਤ ਵਾਦੀ,** ਵਿ:—ਸੱਚ ਬੋਲਣ ਵਾਲਾ ਆਦਮੀ, ਗਿਆਨੀ ॥

**ਸਤਵੰਤੀ,** ਸ:—ਸਤ ਰੱਖਣ ਵਾਲੀ, ਪਤਿਬਰਤਾ ॥

**ਸੱਤ,** ਵਿ:—ਇੱਕ ਉੱਤੇ ਛੇ, ਇੱਕ ਘੱਟ ਅੱਠ ॥
ਪੁ:—ਸਚ, ਸਚਿਆਈ, ਧਰਮ, ਸੱਚਾ ਪਰਮੇਸ਼ੁਰ, ਪਰਮਾਤਮਾ ॥
ਕ੍ਰਿ:, ਵਿ:—ਸੱਚੀਂ, ਸੱਚ ਮੁਚ ॥
('ਸਤ' ਵੇਖੋ) ॥

**ਸੰਤ,** ਪੁ:—ਸਾਧ, ਭਗਤ, ਸਿੱਧਾ ਆਦਮੀ, ਭਲਾ ਮਾਣਸ, ਫਕੀਰ ॥
ਵਿ:—ਮਹਾਤਮਾ, ਨੇਕ, ਧਰਮੀ ॥

**ਸੰਤ ਮਤ,** ਪੁ:—ਸੰਤਾਂ ਦਾ ਮਤ, ਰਾਧਾ ਸੁਆਮੀ ਮਤ ॥

**ਸਤਹੱਤ੍ਰ,** ਵਿ:—ਸੱਤ ਉੱਪਰ ਸੱਤਰ ॥

**ਸਤ ਹੱਤ੍ਰਾ,** ਵਿ:—ਸਤਹੱਤ੍ਰਵਾਂ ਸੰਮਤ, ਉਸ ਸੰਮਤ ਵਿੱਚ ਬਣਿਆ ਹੋਇਆ ਸਿੱਕਾ ॥

**ਸਤਣਾ,** ਕ੍ਰਿ:—ਖਿਝਣਾ, ਖਪਣਾ, ਦੁਖ ਪਾਉਣਾ, ਛਿੱਥਾ ਹੋਣਾ ॥

**ਸੰਤਣੀ,** ਸ:—'ਸੰਤ' ਦਾ ਇਸਤ੍ਰੀ ਲਿੰਗ ॥ ਸਾਧਣੀ ।

**ਸਤੱਤਰ,** ਵਿ:—'ਸਤ ਹੱਤ੍ਰ' ਵੇਖੋ ॥

**ਸਤੱਤ੍ਰਾ,** ਵਿ:—'ਸਤਹੱਤ੍ਰਾ' ਵੇਖੋ ॥

**ਸਤੱਤਰਿਆ,** ਵਿ:—ਸਤੱਤ੍ਰਾਂ ਵਰਿਹਾਂ ਦਾ, ਬੁੱਢਾ ॥

**ਸਤੰਬਰ,** ਪੁ:—ਅੰਗ੍ਰੇਜ਼ੀ ਸਾਲ ਦਾ ਨੌਵਾਂ ਮਹੀਨਾ ॥

**ਸਤਮਣਾ,** ਵਿ:—ਸਤ ਮਣ ਰੁਪਏ ਦੇ ਭਾਉ ॥

**ਸੱਤਮਾਂ,** ਵਿ:—'ਸੱਤਵਾਂ' ਵੇਖੋ ॥

**ਸੱਤਮੀ,** ਸ:—ਸੱਤਵੀਂ ਥਿੱਤ (ਚੰਦ੍ਰਮਾਂ ਦੀ) ॥

Digitized by Panjab Digital Library / www.panjabdigilib.org

**ਸਤਰ,** ਸ:—ਪਾਲ, ਪਲੰਘ, ਪੰਗਤ ।
ਪੁ:—ਪੜਦਾ ਜੋ ਮੁਸਲਮਾਨੀਆਂ ਪਰਾਏ ਮਰਦਾਂ ਥੋਂ ਕਰਦੀਆਂ ਹਨ ॥

**ਸੱਤਰ,** ਵਿ:—ਦਸਾਂ ਉੱਤੇ ਸੱਠ ॥

**ਸ਼ੱਤ੍ਰ,** ਪੁ:—ਵੈਰੀ, ਦੁਸ਼ਮਨ ॥

**ਸਤਰੰਜ,** ਸ:—ਇੱਕ ਅਕਲ ਦੀ ਖੇਡ ਜੋ ਮੋਹਰਿਆਂ ਨਾਲ ਇੱਕ ਚਾਰ ਖਾਨੇ ਪਟੜੇ ਪੁਰ ਖੇਡੀ ਜਾਂਦੀ ਹੈ ।

**ਸਤਰੰਜ ਬਾਜ,** ਪੁ:—ਸਤਰੰਜ ਖੇਡਨ ਵਾਲਾ ॥

**ਸਤਰੰਜ ਬਾਜੀ,** ਸ:—ਸਤਰੰਜ ਦੀ ਖੇਡ ॥

**ਸਤਰੰਜੀ,** ਸ:—ਇੱਕ ਤਰ੍ਹਾਂ ਦੀ ਦਰੀ ਜੋ ਖਾਨੇਦਾਰ ਹੁੰਦੀ ਹੈ ॥

**ਸੱਤਰਾ ਬਹੱਤਰਾ,** ਵਿ:—ਬਹੁਤ ਬੁੱਢਾ, ਕਮਜ਼ੋਰ, ਬੁਢੇਪੇ ਕਰਕੇ ਜਿਸ ਦੀ ਮੱਤ ਮਾਰੀ ਗਈ ਹੈ ॥

**ਸੰਤਰਾ,** ਪੁ:—ਇਕ ਖਟ ਮਿੱਠੇ ਰਸ ਵਾਲਾ ਫਲ ਜੋ ਖਟੇ ਨੂੰ ਮਿੱਠੇ ਦੀ ਪੇਉਂਦ ਲਾ ਕੇ ਉਗਾਉਂਦੇ ਹਨ ।

**ਸੱਤਰਿਆ ਬਹੱਤਰਿਆ,** ਵਿ:—'ਸੱਤਰਾ ਬਹੱਤਰਾ' ਵੇਖੋ ॥

**ਸਤ੍ਰੀ,** ਸ:—'ਇਸਤ੍ਰੀ' ਵੇਖੋ ॥

**ਸੰਤਰੀ,** ਪੁ:—ਸਿਪਾਹੀ, ਪਹਿਰਾ ਦੇਣ ਵਾਲਾ ॥

**ਸੱਤ੍ਰੂ,** ਪੁ:—ਵੈਰੀ, ਦੁਸ਼ਮਨ ॥

**ਸਤਵੰਜਾ,** ਵਿ:—ਸੱਤਾਂ ਉੱਤੇ ਪੰਜਾਹ ॥

**ਸੱਤਵਾਂ,** ਵਿ:—ਸੱਤਾਂ ਦੀ ਗਿਣਤੀ ਪੂਰੀ ਕਰਨ ਵਾਲਾ ॥

**ਸਤਵਾਹਾਂ,** ਵਿ:—'ਸਤ' ਦੇ ਥੱਲੇ 'ਸਭ ਮਾਹਾਂ' ਵੇਖੋ ।

**ਸੱਤਾ,** ਪੁ:—ਸਤ ਦਾ ਅੰਗ—"੭" ਸੱਤਾਂ ਦੀ ਗਿਣਤੀ ।

**ਸਤਾਈ,** ਵਿ:—ਸੱਤਾਂ ਉੱਤੇ ਵੀਹ ॥

**ਸਤਾਈਆਂ**<br>**ਸਤਾਈਵਾਂ** } ਵਿ:—ਸਤਾਈ ਦੀ ਗਿਣਤੀ ਪੂਰੀ ਕਰਨ ਵਾਲਾ ॥

**ਸਤਾਉਣਾ,** ਕ੍ਰਿ:—ਦੁੱਖ ਦੇਣਾ, ਕਪਾਉਣਾ, ਖਿਝਾਉਣਾ ॥

**ਸਤਾਸੀ,** ਵਿ:—ਸੱਤਾਂ ਉੱਤੇ ਅੱਸੀ ॥

**ਸਤਾਹਸੀਆ,** ਪੁ:—ਸਤਾਸੀਵਾਂ ਸੰਮਤ ॥

**ਸਤਾਹਸੀਆਂ (ਵਾਂ)**—ਵਿ:—ਸਤਾਸੀ ਦੀ ਗਿਣਤੀ ਪੂਰੀ ਕਰਨ ਵਾਲਾ ॥

**ਸਤਾਹਟ,** ਵਿ:—ਸੱਤਾਂ ਉੱਤੇ ਸੱਠ ॥

**ਸਤਾਹਟਾ,** ਪੁ:—ਸੰਮਤ ੬੭ ॥

**ਸਤਾਹਠ,** ਵਿ: 'ਸਤਾਹਟ' ਵੇਖੋ ॥

**ਸਤਾਹਰਾ,** ਪੁ:<br>**ਸਤਾਹਰੀ,** ਸ: } ਸਤਾਰਾਂ ਉਂਗਲ ਲੰਮੀ ਜੁੱਤੀ ॥

**ਸਤਾਹਰੀ,** ਸ:—ਹਿੰਦੂ ਦੇ ਮਰਨ ਪਿੱਛੋਂ ਸਤਾਰਵੇਂ ਦਿਨ ਦੀ ਕਿਰਿਆ ਕਰਮ ॥

**ਸਤਾਈਆਂ,** ਵਿ:—'ਸਤਾਈਆਂ' ਵੇਖੋ ॥

**ਸਤਾਣਾ,** ਕ੍ਰਿ:—'ਸਤਾਉਣਾ' ਵੇਖੋ ।

**ਸ਼ਤਾਨ,** ਪੁ:—ਪਿਸ਼ਾਚ, ਭੂਤ, ਪ੍ਰੇਤ, ਲੋਕਾਂ ਨੂੰ ਕੁਰਾਹ ਪਾਉਣ ਵਾਲਾ ਰਬ ਦਾ ਵੈਰੀ, ਸ਼ਰਾਰਤੀ ਆਦਮੀ, ਦੁਸ਼ਟ ॥

Digitized by Panjab Digital Library | www.panjabdigilib.org

**ਸ਼ਤਾਨ ਤੁਫ਼ਾਨ,** ਪੁ:-ਤੁਹਮਤ, ਕਲੰਕ।

**ਸ਼ਤਾਨ ਦਾ ਲਸ਼ਕਰ,** ਪੁ:-ਮੁੰਡੇ । ਸ਼ਰਾਰਤੀ ਬਾਲਕ ॥

**ਸ਼ਤਾਨ ਪੁਣਾ,** ਪੁ:-ਸ਼ਰਾਰਤ, ਫ਼ਸਾਦ।

**ਸ਼ਤਾਨ ਤੁਫ਼ਾਨਣ,** ਸ:-ਝੂਠੀ ਤੁਹਮਤ ਲਾਉਣ ਵਾਲੀ ਜਾਂ ਨਿੰਦਿਆ ਕਰਨ ਵਾਲੀ ਤੀਮਤ । ਫ਼ਸਾਦਣ ॥

**ਸਤਾਨਮਾਂ,** ਵਿ:—ਸਤਾਨਵੇਂ ਦੀ ਗਿਣਤੀ ਪੂਰੀ ਕਰਨ ਵਾਲਾ।

**ਸਤਾਨਮੇਂ,** ਵਿ:-ਸੱਤਾਂ ਉੱਤੇ ਨੱਵੇ ॥

**ਸਤਾਨਵਾਂ,** ਵਿ:-'ਸਤਾਨਮਾਂ' ਵੇਖੋ ॥

**ਸਤਾਨਵੇਂ,** ਵਿ:-'ਸਤਾਨਮੇਂ' ਵੇਖੋ ॥

**ਸ਼ਤਾਨੀ,** ਵਿ:—ਸ਼ਤਾਨ ਵਰਗਾ, ਨਰਕੀ ॥
ਸ:-ਸ਼ਤਾਨ ਦਾ ਕੰਮ, ਸ਼ਤਾਨ ਪੁਣਾ ॥

**ਸ਼ਤਾਬੀ,** ਸ:—ਕਾਹਲੀ, ਛੇਤੀ, ਉਤਾਉਲ ॥
ਕ੍ਰਿ:, ਵਿ:-ਛੇਤੀ, ਝਬਦੇ, ਜਲਦੀ ॥

**ਸਤਾਰ,** ਸ:-ਇੱਕ ਤਰਾਂ ਦਾ ਵਾਜਾ, ਤਿੰਨਾਂ ਤਾਰਾਂ ਵਾਲਾ।

**ਸਤਾਰਯਾ,** ਪੁ:—ਸਤਾਰ ਵਜਾਉਣ ਵਾਲਾ ॥

**ਸਤਾਰਾ,** ਪੁ:-ਤਾਰਾ, ਗ੍ਰਹਿ।

**ਸਤਾਰਾਂ,** ਵਿ:-ਸੱਤਾਂ ਉੱਤੇ ਦਸ, ਤਿੰਨ ਘੱਟ ਵੀਹ ॥

**ਸਤਾਰੀਆ,** ਪੁ:-'ਸਤਾਰਯਾ' ਵੇਖੋ।

**ਸਤਾਵਰ,** ਪੁ:-ਇੱਕ ਤਰਾਂ ਦਾ ਬੂਟਾ, ਜਿਸ ਦੀ ਜੜ੍ਹ ਤਾਕਤ ਦੇਂਦੀ ਹੈ ਅਤੇ ਕਬਜ਼ੀ ਕਰਦੀ ਹੈ॥

**ਸਤਾਈ,** ਵਿ:-ਸਤਾਈ ਸੱਤਾਂ ਉੱਤੇ ਵੀਹ ॥

**ਸਤਿ,** ਪੁ:- ਸਤ, ਨਿਚੋੜ, ਰਸ ॥
ਵਿ:-ਸਚ ॥
ਕ੍ਰਿ:, ਵਿ:-ਸਚ ਮੁੱਚ ॥

**ਸੱਤਿਆ,** ਸ:-ਸਚਿਆਈ, ਧਰਮ ਦਾ ਬਲ, ਪਰਤਾਪ, ਕਰਾਮਾਤ ॥

**ਸੱਤਿਆ ਨਾਸ,** ਪੁ:—ਪੂਰਾ ਪੂਰਾ ਨਾਸ, ਤਬਾਹੀ, ਬਰਬਾਦੀ ॥

**ਸੱਤਿਆ ਨਾਸਣ,** ਸ:
**ਸੱਤਿਆ ਨਾਸੀ,** ਪੁ: } ਜਿਸ ਦਾ ਸੱਤਿਆ ਨਾਸ ਹੋ ਗਿਆ ਹੈ ਜਾਂ ਸੱਤਿਆ ਨਾਸ ਹੋਣ ਵਾਲਾ ਹੈ।
ਜੋ ਸੱਤਿਆਨਾਸ ਕਰੇ ॥

**ਸੱਤਿਆ ਮਾਣ**
**ਸਤਿਆ ਵਾਣ** } ਪੁ:-ਸੱਤਿਆ ਵਾਲਾ, ਸੱਚਾ, ਧਰਮੀ, ਕਰਾਮਾਤੀ, ਸਮਰਥੀ ॥

**ਸਤੀ,** ਸ:-ਆਪਣੇ ਮੋਏ ਹੋਏ ਭਰਤੇ ਨਾਲ ਸੜ ਮਰਨ ਵਾਲੀ ਤ੍ਰੀਮਤ। (ਹਿੰਦੂ) ॥
ਵਿ:—ਪਤਬਰਤਾ, ਨੇਕ, ਵਫ਼ਾਦਾਰ, ਸਤ ਵੰਤੀ ॥

**ਸ਼ਤੀਰ** ਪੁ:
**ਸ਼ਤੀਰੀ** ਸ: } ਛੱਤ ਨੂੰ ਆਸਰਾ ਦੇਣ ਵਾਲੀ ਮੋਟੀ ਲਕੜ ਜਿਸ ਉਤੇ ਕੜੀਆਂ ਟਿਕੀਆਂ ਰਹਿੰਦੀਆਂ ਹਨ। ਇਸੇ ਤਰ੍ਹਾਂ ਦੀ ਹੋਰ ਲੱਕੜ ਜਿਸ ਨੂੰ ਚੀਰ ਕੇ ਫੱਟ ਕੱਢ ਜਾਣ ॥

**ਸੰਤੁਸ਼ਟ,** ਵਿ:-'ਸੰਤੋਖੀ' ਵੇਖੋ ॥

**ਸੱਤੂ,** ਪੁ:—ਜੌਂ ਜਾਂ ਛੋਲੇ ਭੁੰਨਾ ਕੇ ਪੀਠੇ ਹੋਏ ਜਿਨ੍ਹਾਂ ਨੂੰ ਸ਼ਰਬਤ ਵਿਚ ਘੋਲ ਕੇ ਪੀਂਦੇ ਹਨ॥

**ਸਤੂੰਗੜਾ,** ਪੁ:-ਨਿੱਕਾ ਜੇਹਾ, ਸ਼ਤਾਨ, ਸ਼ਰਾਰਤੀ ਬਾਲ ॥

**ਸ਼ਤੂਤ,** ਪੁ:-'ਸ਼ਹਤੂਤ' ਵੇਖੋ ॥

**ਸਤੂਤੀ,** ਪੁ:-ਅਣੋਖੀ ਗਲ, ਬਨਾਉਟ ॥

Digitized by Panjab Digital Library / www.panjabdigilib.org

**ਸਤੂਤੀਆਂ,** ਸ:-(ਬਹੁ ਬਚਨ) ਇੱਕ ਤਰਾਂ ਦੇ ਸਤੂਤ ਜੋ ਬਹੁਤ ਨਿੱਕੇ ਹੁੰਦੇ ਹਨ ॥

**ਸੰਤੋਖ,** ਪੁ:-ਸਬਰ, ਸ਼ਾਂਤ, ਅਰਾਮ, ਰੱਜ ॥

**ਸੰਤੋਖਣ,** ਸ:-ਸੰਤੋਖ ਕਰਨ ਵਾਲੀ ਤੀਵੀਂ ।

**ਸੰਤੋਖਣਾ,** ਕ੍ਰਿ:-ਗੁਰੂ ਗ੍ਰੰਥ ਸਾਹਿਬ ਨੂੰ ਲੱਪ ਕੇ ਸਮ੍ਹਾਲ ਛੱਡਣਾ ॥

**ਸੰਤੋਖੀ,** ਪੁ:-ਸੰਤੋਖ ਕਰਨ ਵਾਲਾ ਮਰਦ ।

**ਸਤੋ ਗੁਣ,** ਪੁ:-ਰੱਬੀ ਗਿਆਈ ਦਾ ਗੁਣ, ਭਗਤੀ, ਨੇਕੀ ॥

**ਸਤੌਣਾ,** ਵਿ:-ਸੱਤ ਗੁਣਾ ॥

**ਸੱਥ,** ਸ: ਪਿੰਡ ਜਾਂ ਨਗਰ ਦੇ ਦਰਵਾਜ਼ੇ ਅੱਗੇ ਉਹ ਥਾਂ ਜਿਥੇ ਮਨੁੱਖ ਅਤੇ ਪਸ਼ੂ ਸਵੇਰ ਵੇਲੇ ਕੱਠੇ ਹੁੰਦੇ ਹਨ, ਪੰਚੈਤ, ਸਭਾ, ਝਗੜਾ, ਫ਼ਰਿਆਦ, ਮੁਕੱਦਮਾ ॥

**ਸਥ ਪਾਉਣਾ,** ਕ੍ਰਿ:-ਪੰਚੈਤ ਕੋਲ ਨਿਆਉਂ ਕਰਾਉਣ ਜਾਣਾ । ਘਰ ਦੇ ਝਗੜਿਆਂ ਦੀ ਹੋਰਨਾਂ ਲੋਕਾਂ ਅੱਗੇ ਜਾ ਫ਼ਰਿਆਦ ਕਰਨੀ ॥

**ਸੱਥਣੀ,** ਸ:-ਜੁਲਾਹੇ ਦੀ ਤਾਣੀ ਵਿੱਚੋਂ ਤੰਦ ਲਾਉਣੀ ॥

**ਸੱਥਰ,** ਪੁ:-ਭੁੰਞ ਦੀ ਵਿਛਾਈ, ਵੱਢਿਆ ਹੋਇਆ ਅਨਾਜ ਜੋ ਸੁਕਾਉਣ ਲਈ ਖਲੇਰਿਆ ਜਾਵੇ, ਹਿੰਦੂਆਂ ਦੇ ਕਿਸੇ ਸਰਬੰਧੀ ਦੇ ਮਰਨੇ ਪੁਰ ਉਸ ਦੇ ਘਰ ਘੱਟ ਤੋਂ ਘੱਟ ਤੇਰਾਂ ਦਿਨ ਸੌਣ ਦਾ ਦਸਤੂਰ ।

**ਸੱਥਰ ਦਾ ਚੋਰ,** ਪੁ:-ਆਪਣੇ ਸਾਥੀ ਦੀ ਚੀਜ਼ ਚੁਰਾਉਣ ਵਾਲਾ ॥

**ਸੱਥਰ ਪਾਉਣਾ**<br>**ਸੱਥਰ ਪਾਉਣਾ** } ਕ੍ਰਿ: ਸੌਣ ਲਈ ਭੁੰਞ ਵਿਛਾਉਣਾ ਡੇਰਾ ਲਾਉਣਾ ॥

**ਸੱਥਰ ਲਾਹੁਣਾ,** ਕ੍ਰਿ:-'ਆਹੂ ਲਾਹੁਣਾ' ਵੇਖੋ ॥

**ਸੱਥਰਾ,** ਪੁ:-ਤੇਸਾ ਜਿਸ ਨਾਲ ਤਰਖਾਣ ਲਕੜ ਛਿਲਦੇ ਹਨ ॥

**ਸੱਥਰੀ,** ਸ:-ਛੋਟਾ ਸੱਥਰਾ ਜਾਂ ਤੇਸਾ । ਨਵੇਂ ਵੱਢੇ ਹੋਏ ਘਾਹ, ਪੈਲੀ, ਅਨਾਜ ਦਾ ਕਲਾਵਾ ।

**ਸਥਾ,** ਸ:-ਸਬਕ, ਪਾਠ

**ਸਥਿਰ,** ਵਿ:-ਪੱਕਾ, ਦ੍ਰਿੜ੍ਹ, ਨਾ ਬਦਲਨ ਵਾਲਾ ॥

**ਸਥਿਰਤਾਈ,** ਸ:-ਪਕਿਆਈ, ਦ੍ਰਿੜ੍ਹਤਾ ॥

**ਸਦ,** ਪੁ:-ਸੈ, ਸੈ ।

**ਸਦ ਬਰਗ,** ਪੁ:-ਗੇਂਦੇ ਦਾ ਫੁੱਲ ॥

**ਸਦ ਬਰਗੀ,** ਸ: ਇੱਕ ਤਰ੍ਹਾਂ ਦਾ ਫੁੱਲ ਜੋ ਅੱਖੀਆਂ ... ਤਰਾਂ ਲਈ ਗੁਣਕਾਰ ਹੁੰਦਾ ਹੈ ॥

**ਸਦ,** ਸ:-ਹਾਕ, ਹੱਕਲ, ਅਵਾਜ਼, ਸੱਦਾ, ਇੱਕ ਤਰਾਂ ਦਾ ਆਜੜੀਆਂ ਦਾ ਗੀਤ, ਆਦਿ ਗ੍ਰੰਥ ਸਾਹਿਬ ਦਾ ਇਕ ਸ਼ਬਦ ਜਿਸ ਵਿਚ ਗੁਰੂ ਅਮਰ ਦਾਸ ਜੀ ਦੇ ਜੋਤੀ ਜੋਤ ਸਮਾਉਣ ਦਾ ਬਿਆਨ ਹੈ ॥

**ਸੱਦ ਆਖਣਾ ਜਾਂ ਕਹਿਣਾ,** ਕ੍ਰਿ:-ਗਾਉਣਾ ॥

**ਸੱਦ ਪੁੱਛ,** ਸ:-ਕਿਸੇ ਨੂੰ ਬੁਲਾਕੇ ਹਾਲ ਹਵਾਲ ਮਲੂਮ ਕਰਨਾ ।

**ਸੱਦ ਭਰ,** ਸ:-ਐਨੀ ਵਿੱਥ ਜਿੱਥੋਂ ਹਾਕ ਸੁਣੀ ਜਾ ਸਕੇ, ਪੈਂਡਾ ਜਾਂ ਅੱਧਾ ਕੋਹ ॥

**ਸੱਦ ਮਾਰਨੀ,** ਕ੍ਰਿ:-ਉੱਚੀ ਅਵਾਜ਼ ਨਾਲ ਬੁਲਾਉਣਾ, ਹਾਕ ਮਾਰਨੀ ॥

**ਸੱਦ ਲਾਉਣਾ,** ਕ੍ਰਿ:-ਹੇਕ ਲਾਕੇ ਗਾਉਣਾ, ਸੁਰ ਕਢਣੀ ॥

**ਸੰਦ,** ਪੁ:-ਤਰਖਾਣ ਆਦਿਕ ਕਾਰੀਗਰਾਂ ਦੇ ਹਥਿਆਰ ॥
ਵਿ:-ਦੁਬਲ, ਖੁਲ੍ਹਢੁਲਾ, ਢਿੱਲਾ ॥

Digitized by Panjab Digital Library | www.panjabdigilib.org

**ਸਦੱਕੜਾ } ਸਦੱਕੜੇ }** ਪੁ:—ਦੂਸਰੇ ਦੇ ਭਲੇ ਲਈ ਆਪਣੇ ਆਪ ਨੂੰ ਵਾਰ ਸੁੱਟਣ ਦਾ ਕੰਮ, ਕੁਰਬਾਨੀ ॥

**ਸਦੱਕੜੇ ਹੋ ਜਾਣਾ (ਹੋਣਾ),** ਕ੍ਰਿ:—ਦੂਜੇ ਦੇ ਭਲੇ ਲਈ ਕੁਰਬਾਨ ਹੋਣਾ ਜਾਂ ਬਲਿਹਾਰੀ ਜਾਣਾ।

**ਸਦਕਾ } ਸਦਕੇ }** ਪੁ:—ਕੁਰਬਾਨੀ, ਬਲੀ, ਵਾਰਨ, ਦਾਨ ਖ਼ੈਰਾਤ, ਕੁਰਬਾਨੀ, ਦੂਜੇ ਦੇ ਭਲੇ ਲਈ ਆਪਣਾ ਆਪ ਨੂੰ ਵਾਰ ਸਟਣਾ।

**ਸਦਕਾ ਦੇਣਾ,** ਕ੍ਰਿ:—ਖ਼ੈਰਾਤ ਕਰਨੀ ॥

**ਸਦਕਾ ਲੈਣਾ,** ਕ੍ਰਿ:—ਖ਼ੈਰਾਤ ਲੈਣੀ ॥

**ਸਦਕੇ ਹੋਣਾ } ਸਦਕੇ ਜਾਣਾ }** ਕ੍ਰਿ:—ਦੂਜੇ ਤੋਂ ਬਲਿਹਾਰ ਜਾਂ ਕੁਰਬਾਨ ਹੋਣ।

**ਸੱਦਣਾ,** ਕ੍ਰਿ:—ਬੁਲਾਉਣਾ, ਹਾਕ ਮਾਰਨੀ ॥

**ਸੱਦਣਾ ਪੁੱਛਣਾ,** ਕ੍ਰਿ:—ਬੁਲਾ ਕੇ ਹਾਲ ਹਵਾਲ ਮਲੂਮ ਕਰਨਾ ॥

**ਸਦ ਬਧ;** ਪੁ:—ਬੰਧ ਦੀ ਇਕ ਔਖਧ ॥

**ਸਦਰ,** ਪੁ:—ਵਡਾ ਬਜ਼ਾਰ, ਛਾਉਣੀ ਦਾ ਬਜ਼ਾਰ, ਵੱਡੇ ਅਫ਼ਸਰ ਦਾ ਦਫ਼ਤਰ, ਜਾਂ ਉਹ ਜਗ੍ਹਾ ਜਿਥੇ ਉਹ ਦਫ਼ਤਰ ਹੋਏ ॥

**ਸਿਦਰ,** ਪੁ:—ਸੰਦ, ਹਥਿਆਰ ॥

**ਸੰਦਲ,** ਪੁ:—ਚੰਨਣ, ਇੱਕ ਤਰ੍ਹਾਂ ਦਾ ਛੋਟਾ ਰੁਖ ਜਿਸ ਦੀ ਲੱਕੜ ਕਰੜੀ, ਭਾਰੀ ਅਤੇ ਪੱਕੀ ਹੁੰਦੀ ਹੈ ॥

**ਸੰਦਲੀ,** ਵਿ:—ਸੰਦਲ ਜਾਂ ਚੰਨਣ ਦਾ ਬਣਿਆ ਹੋਇਆ, ਸੰਦਲ ਦੇ ਰੰਗ ਦਾ ॥
ਸ:—ਚੌਕੀ, ਪੀੜ੍ਹੀ, ਮੇਜ਼ ਦਾ ਢਾਂਚਾ ॥

**ਸਦਾ,** ਕ੍ਰਿ:, ਵਿ:—ਨਿੱਤ, ਹਮੇਸ਼, ਹਰ ਵੇਲੇ ॥

**ਸਦਾ ਅਨੰਦ,** ਵਿ:—ਜੋ ਨਿਤ ਅਨੰਦ ਵਿੱਚ ਰਹੇ (ਜਿਹੇ ਮਹਾਤਮਾ ਪੁਰਖ ਹੁੰਦੇ ਹਨ) ॥

**ਸਦਾ ਸ਼ਿਵ,** ਪੁ:—ਮਹਾ ਦੇਵ, ਭੋਲਾ ਨਾਥ ॥

**ਸਦਾ ਸੀਤਾ,** ਵਿ:—ਔਗੁਣਾਂ ਤੋਂ ਰਹਿਤ, ਨਿਹ ਕਲੰਕ, ਬੇ ਐਬ ॥

**ਸਦਾ ਸੁਹਾਗ,** ਪੁ:—ਮੁਸਲਮਾਨ ਫ਼ਕੀਰ ਜੋ ਜ਼ਨਾਨੇ ਵੇਸ ਵਿਚ ਰਹਿੰਦੇ ਹਨ, ਖੁਦਾ ਦਾ ਸਦਾ ਸਿਰ ਉੱਤੇ ਰਹਿਣਾ ॥

**ਸਦਾ ਸੁਹਾਗਣ,** ਸ:—ਅਜਹੀ ਇਸਤ੍ਰੀ ਜੋ ਕਦੇ ਵਿਧਵਾ ਨਹੀਂ ਹੁੰਦੀ। ਇੱਕ ਤਰ੍ਹਾਂ ਦਾ ਪੰਛੀ, ਇਕ ਤਰ੍ਹਾਂ ਦਾ ਫੁੱਲ ॥

**ਸਦਾ ਸੁਖੀ,** ਵਿ:—ਹਮੇਸ਼ਾ ਜਿਸ ਨੂੰ ਖ਼ੁਸ਼ੀ ਹੈ। ਭਾਗਵਾਨ।

**[illegible],** ਕ੍ਰਿ:, ਵਿ:—ਹਮੇਸ਼, ਨਿੱਤ, ਆਦਿ ਤੋਂ।

**ਸਦਾ [illegible]ਬ,** ਪੁ:—ਇੱਕ ਤਰ੍ਹਾਂ ਦਾ ਗੁਲਾਬ ਦਾ ਫੁਲ ॥

**ਸਦਾ ਬਹਾਰ,** ਵਿ:—ਨਿੱਤ ਹਰਾ ਰਹਿਣ ਵਾਲਾ (ਰੁੱਖ) ॥

**ਸਦਾ ਬਰਤ,** ਪੁ:—ਗਰੀਬਾਂ ਨੂੰ ਜਾਂ ਮੁਸਾਫ਼ਰਾਂ ਨੂੰ ਰੋਜ਼ ਅੰਨ ਛਕਾਉਣਾ ਜਾਂ ਖ਼ੈਰਾਤ ਕਰਨੀ (ਸਦਾ ਬਰਤ ਲਾਉਣ), ਲੰਗਰ ॥

**ਸਦਾ ਬਰਤੀ,** ਪੁ:—ਸਦਾ ਬਰਤ ਲਾਉਣ ਵਾਲਾ, ਗਰੀਬਾਂ ਨੂੰ ਰੋਜ਼ ਦਾਨ ਕਰਨ ਵਾਲਾ ॥

**ਸਦਾ ਵਰਤ,** ਪੁ:—'ਸਦਾ ਬਰਤ' ਵੇਖੋ ॥

**ਸਦਾ ਵਰਤੀ,** ਪੁ:—'ਸਦਾ ਬਰਤੀ' ਵੇਖੋ ॥

**ਸਦਾ,** ਸ:—ਅਵਾਜ਼, ਉਹ ਅਵਾਜ਼ ਜੋ ਫ਼ਕੀਰ ਮੰਗਣ ਵੇਲੇ ਦੇਂਦੇ ਹਨ ॥

Digitized by Panjab Digital Library | www.panjabdigilib.org

**ਸੱਦਾ,** ਪੁ:-ਬੁਲਾਵਾ, ਨੇਉਂਤਾ, ਬੱਕਰੇ ਜਾਂ ਭੇਡੂ ਦਾ ਸਿੰਗ, ਇੱਕ ਥੈੜਾ ਜੋ ਦਾਹਿਆਂ ਦੇ ਦਿਨਾਂ ਵਿੱਚ ਖੜਾ ਕੀਤਾ ਜਾਂਦਾ ਹੈ ।

**ਸੱਦਾ ਘੱਲਣਾ,** ਕ੍ਰਿ:-ਬੁਲਾ ਭੇਜਣਾ, ਮੰਗੁਆਉਣਾ ॥

**ਸੱਦਾ ਪਾਉਣਾ,** ਕ੍ਰਿ:-ਕਿਸੇ ਨੂੰ ਨੇਉਂਤਾ ਦੇਣਾ, ਘਰ ਸੱਦ ਕੇ ਖਾਤਰ ਕਰਨੀ ॥

**ਸੱਦਾ ਬਜਾਉਣਾ, ਸੱਦਾ ਵਜਾਉਣਾ,** ਕ੍ਰਿ:-ਮੂੰਹ ਨਾਲ ਤੂਤੀ ਵਜਾਉਣਾ ॥

**ਸੰਦਾ,** ਪੁ:-ਅਸਬਾਬ, ਹਥਿਆਰ ॥
ਕ੍ਰਿ:-ਹੁੰਦਾ । ਅਵ:-ਦਾ ।

**ਸਦਾਉਣਾ,** ਕ੍ਰਿ:-ਬੁਲਵਾਉਣਾ, ਕਹਾਉਣਾ, ਅਖਆਉਣਾ ।

**ਸੰਦਾਰੀ,** ਸ:-ਪੀਂਘੇ ।

**ਸਦਿਆਣਾ,** ਪੁ:-ਵਿਆਹ ਕਾਜ ਆਦਿਕਾ ਵਿੱਚ ਜੋ ਵਾਜਾ ਗਾਜਾ ਅਤੇ ਰਾਗ ਰੰਗ ਹੁੰਦਾ ਹੈ । ਢੋਲ ਢਮੱਕਾ ॥

**ਸਦਿਆਣਾ ਬਜਾਉਣਾ, ਸਦਿਆਣਾ ਵਜਾਉਣਾ,** ਕ੍ਰਿ:-ਖੁਸ਼ੀ ਕਰਨੀ, ਮੰਗਲ ਗਾਉਣਾ ॥

**ਸਦਿਆਣੀ,** ਸ:-ਸਈਅਦ ਜਾਤ ਦੀ ਤੀਵੀਂ ॥

**ਸਦੀ,** ਸ:-ਸੌ ਵਰ੍ਹਾ ।

**ਸਦੀਪ,** ਪੁ:-ਅਨੰਤ ਕਾਲ ।

**ਸਦੀਪ ਕਾਲ,** ਕ੍ਰਿ:, ਵਿ:-ਨਿੱਤ, ਹਮੇਸ਼, ਆਦ ਤੋਂ, ਸਦਾ ॥

**ਸਦੀਪਕ,** ਵਿ:-ਸਨਾਤਨ, ਆਦਿ, ਨਿੱਤ ॥
ਕ੍ਰਿ:, ਵਿ:-ਸਦੀਪ ਕਾਲ, ਹਮੇਸ਼, ਆਦ ਤੋਂ, ਸਦਾ ਹੀ ॥

**ਸਦੂਕ,** ਪੁ:-ਲਕੜੀ ਲੋਹੇ ਆਦਿਕ ਦੀ ਬਣੀ ਹੋਈ ਚਨੁਕਰੀ ਚੀਜ਼ ਜੋ ਵਿੱਚੋਂ ਖਾਲੀ ਹੋਵੇ ਅਤੇ ਜਿਸ ਵਿਚ ਹੋਰ ਚੀਜਾਂ ਰੱਖੀਆਂ ਜਾਣ, ਬਕਸ, ਪੇਟੀ ॥

( ਸੰਦੂਕ ਅਤੇ ਡੱਬੇ ਵਿੱਚ ਇਹ ਫਰਕ ਹੈ ਕਿ ਸੰਦੂਕ ਅਕਸਰ ਵੱਡਾ ਹੁੰਦਾ ਹੈ ਅਤੇ ਚਨੁਕਰਾ ਅਰ ਉਸ ਨੂੰ ਕੁੰਡੀ ਸੰਗਲੀ ਲੱਗੀ ਹੁੰਦੀ ਹੈ ਪਰ ਡੱਬਾ ਅਕਸਰ ਛੋਟਾ ਅਤੇ ਗੋਲ ਹੁੰਦਾ ਹੈ ਅਰ ਉਸ ਦਾ ਢੱਕਣ ਵੱਖਰਾ ਹੋ ਸਕਦਾ ਹੈ ॥ )

**ਸੰਦੂਕਚੀ, ਸਦੂਕੜੀ,** ਸ:-ਨਿੱਕਾ ਜੇਹਾ ਸੰਦੂਕ ॥

**ਸੰਦੂਕੀ,** ਵਿ:-ਸੰਦੂਕ ਦੀ ਸ਼ਕਲ ਦਾ, ਇੱਕ ਦੂਏ ਨਾਲ ਜੁੜੇ ਹੋਏ ਵੱਟਾਂ ਦਾ ਬਣਿਆ ਹੋਇਆ (ਜਿਸ ਨੂੰ ਫੁਲ ਲੱਗੀ ਹੋਈ ਹੋਵੇ)

**ਸੰਦੇਸ, ਸੰਦੇਸਾ,** ਪੁ:-ਸਨੇਹਾ, ਸਮਾਚਾਰ, ਕਿਸ ਦੇ ਰਾਹੀਂ ਜੋ ਗੱਲ ਜਾਂ ਚੀਜ਼ ਕਿਸੇ ਨੂੰ ਕਹਾਈ ਜਾਂ ਭੇਜੀ ਜਾਵੇ ॥

**ਸੰਦੇਸੀ,** ਪੁ:-ਸਨੇਹਾ ਦੇਣ ਵਾਲਾ ॥

**ਸੰਦੇਹ,** ਪੁ:-ਸ਼ੱਕ, ਸੰਸਾ, ਵਿਸਵਾਸ, ਭਰਮ, ਚਿੰਤਾ, ਭੁਲ ਚੁੱਕ ॥ ਪਿਆਰ, ਮੋਹ ॥

**ਨਿੱਸੰਦੇਹ,** ਕ੍ਰਿ:, ਵਿ:-ਨਿਸੰਗ, ਅਵੱਸ਼ ॥

**ਸੰਦੇਹੀ,** ਵਿ:-ਸੰਦੇਹ ਵਾਲਾ, ਸ਼ੱਕੀ, ਭਰਮੀ, ਵਿਸਵਾਸੀ ।

**ਸੰਧ,** ਸ:-ਵਿਰਲ, ਦਰਜ, ਛੇਕ ।

**ਸਧਣਾ,** ਕ੍ਰਿ:-ਹੋ ਜਾਣਾ, ਬਣ ਚੁੱਕਣਾ, (ਕੰਮ) ਪੂਰਾ ਹੋ ਜਾਣਾ, ਠੀਕ ਹੋਣਾ, ਸੌਰਨਾ ॥

**ਸਧੱਤ੍ਰ,** ਵਿ:-ਸਤੰਤ੍ਰ, ਸੌਖਾ, ਉੱਤੇ ਸੌਂਤਰ ॥

Digitized by Panjab Digital Library | www.panjabdigilib.org

**ਸੱਧਰ,** ਸ:-ਚਾਉ, ਉਮੰਗ, ਸ਼ੌਕ, ਲਾਲਸਾ।

**ਸੱਧਰ ਲਾਹੁਣੀ,** ਕ੍ਰਿ:-ਚਾਉ ਪੂਰਾ ਕਰਨਾ॥

**ਸਧਵਾਈ,** ਸ:-ਗੱਡੇ ਨੂੰ ਸਿੱਧਾ ਰੱਖਣ ਲਈ ਜੋ ਉਸ ਦੇ ਪਿਛਲੇ ਪਾਸੇ ਦੇ ਹੇਠ ਲਕੜੀ ਲਟਕਦੀ ਹੈ ਅਤੇ ਜੋ ਧਰਤੀ ਉੱਤੇ ਟਿਕਕੇ ਗਡੇ ਨੂੰ ਸਹਾਰਾ ਦੇਂਦੀ ਹੈ॥

**ਸਧਾਰਣ / ਸਧਾਰਨ,** ਵਿ:-ਸਿੱਧ ਪੱਧਰਾ, ਐਵੇਂ ਕਿਵੇਂ, ਆਮ, ਤੁੱਛ, ਛੋਟਾ, ਬੇ ਪਰਵਾਹ, ਇਕਲਾ, ਸੌਖਾ॥

ਕ੍ਰਿ:, ਵਿ:-ਭੋਲੇ ਭਾਇ ਸਹਿਜ ਸੁਭਾ, ਬੇ ਪਰਵਾਹੀ ਨਾਲ, ਸੋਚ ਵਿਚਾਰ ਬਾਝੋਂ, ਅਕਸਰ॥

**ਸਧਾਰਣ ਰੀਤ,** ਸ:-ਆਮ ਦਸਤੂਰ॥

**ਸੰਧਿਆ (ਧਾ),** ਸ:-ਸੰਝ, ਤ੍ਰਿਕਾਲਾਂ, ਸ਼ਾਮਾਂ ਵੇਲਾ ਦ ਪਿਤ੍ਰ ਮਿਲਣ ਦਾ ਵੇਲਾ। ਸਵੇਰੇ, ਦੁਪਹਿਰੇ ਅਤੇ ਤ੍ਰਿਕਾਲਾਂ ਵੇਲੇ ਦੀ ਹਿੰਦੂਆਂ ਦੀ ਪੂਜਾ (ਇਸ ਨੂੰ ਤ੍ਰਿਕਾਲ ਸੰਧਿਆ ਆਖਦੇ ਹਨ)॥

**ਸੰਧਿਆ ਕਾਲ / ਸੰਧਿਆ ਵੇਲਾ,** ਪੁ:-ਤ੍ਰਿਕਾਲਾਂ, ਸੂਰਜ ਅਸਤ ਹੋਣ ਦਾ ਵੇਲਾ॥

**ਸੰਧੀ,** ਪੁ:-ਅਰਪਣ ਕੀਤਾ ਹੋਇਆ, ਬਾਲ ਜਿਸ ਨੂੰ ਉਸ ਦੇ ਠਰ੍ਹਾਏ ਹੋਏ ਮੁਲ ਦਾ ਦਸਵਾਂ ਹਿੱਸਾ ਦੇਕੇ ਵੇਲੇ ਸਿਰ ਛੁਡਾ ਲੈਂਦੇ ਹਨ। ਦਸਵੰਧੀ॥

ਵਿ:-ਦਾਕਰ (ਝੁੱਤੇ ਸੰਧੀ ਪੁਛਲੀ ਕਦੀ ਨਾ ਸਿੱਧੀ ਹੋ।)

**ਸੰਧੂ,** ਪੁ:-ਜੱਟਾਂ ਦੀ ਇੱਕ ਜ਼ਾਤ।

**ਸੰਧੂਰ,** ਪੁ:-ਇੱਕ ਤਰਾਂ ਦਾ ਲਾਲ ਧੂੜਾ ਜਿਸ ਨੂੰ ਹਿੰਦੂ ਮੱਥੇ ਪੁਰ ਲਾਉਂਦੇ ਹਨ ਜਾਂ ਜਿਸ ਦੇ ਟਿੱਕੇ ਕੱਢਦੇ ਹਨ॥

**ਸੰਧੂਰਨਾ,** ਕ੍ਰਿ:-ਸੰਧੂਰ ਚੜ੍ਹਾਣਾ, ਸੰਧੂਰ ਨਾਲ ਹਾਥੀ ਦਾ ਮੱਥਾ ਚਿੱਤਰਨਾ॥

ਹਾਥੀ ਦਾ ਮਸਤੀ ਵਿਚ ਆਉਣਾ॥

**ਸੰਧੂਰੀ,** ਵਿ:-ਸਧੂਰ ਦੇ ਰੰਗ ਦਾ॥

ਪੁ:-ਲਾਲੀ ਦੀ ਭਾਹ ਮਾਰਨ ਵਾਲਾ ਇਕ ਤਰਾਂ ਦਾ ਅੰਬ॥

**ਸੰਧੂਰੀ ਟੋਡੀ,** ਸ:-ਸਵੇਰ ਵੇਲੇ ਗਾਉਣ ਵਾਲੀ ਇੱਕ ਤਰਾ ਦੀ ਰਾਗਣੀ॥

**ਸੰਧੂਰੀਆ ਹਾਥੀ,** ਪੁ:-ਕਾਮ ਨਾਲ ਮਸਤ ਹੋਇਆ ਹੋਇਆ ਹਾਥੀ, ਕਾਮ ਨਾਲ ਅੰਤਰ ਹੋਈ ਹੋਈ ਤ੍ਰੀਮਤ।

**ਸਨ,** ਕ੍ਰਿ:-'ਹੋਣਾ' ਦਾ ਭੂਤ ਕਾਲ, ਅਨਯ ਪੁਰਖ ਬਹੁ ਬਚਨ, ਸੇ, ਆਹੇ, ਸਾਨ॥

ਪੁ:-ਅੰਗ੍ਰੇਜ਼ੀ ਸੰਮਤ ਜਾਂ ਸਾਲ॥

**ਸੰਨ,** ਸ:-ਸੰਮਤ, ਸਾਲ, ਸਿੱਕੇ ਦੇ ਉਪਰਲਾ ਠੱਪਾ ਜਿਸ ਤੋਂ ਪਾਤਸ਼ਾਹ ਯਾ ਰਾਜੇ ਦੇ ਗੱਦੀ ਉੱਤੇ ਬੈਠਣ ਦਾ ਸਾਲ ਮਲੂਮ ਹੋ ਜਾਵੇ (ਸੰਨ ਜਲੂਸ), ਨਿਸ਼ਾਨ, ਸਰਦੀ ਜਾ ਕਮਜ਼ੋਰੀ ਨਾਲ ਜੋ ਮੁਰਦਾ ਆ ਜਾਂਦੀ ਹੈ॥

**ਸਨ ਪਾਉਣਾ / ਸੰਨ ਪਾ ਦੇਣਾ,** ਕ੍ਰਿ:-ਠੱਪਾ ਲਾਉਣਾ, ਗਰਮ ਲੋਹੇ ਨਾਲ ਦਾਗਣਾ, ਬਦਨਾਮ ਕਰਨਾ (ਅੰਗ ਹੀਣ ਕਰਕੇ ਜਾਂ ਇਸੇ ਤਰਾਂ ਹੋਰ ਢੰਗ ਨਾਲ)॥

**ਸਨਸਾ,** ਪੁ:-'ਸੰਸਾ' ਵੇਖੋ॥

**ਸਨਸਿੱਕਾ,** ਪੁ:-ਸਿੱਕੇ ਦੇ ਉਪਰਲਾ ਠੱਪਾ ਰਾਜ ਦਾ ਅਧਕਾਰ, ਰਾਜੇ ਦਾ ਪਰਤਾਪ॥

**ਸੰਨ੍ਹ,** ਸ:-ਚੋਰ ਦੀ ਕੀਤੀ ਹੋਈ ਕੰਧ ਵਿੱਚ ਮੋਰੀ (ਚੋਰੀ ਕਰਨ ਲਈ)॥

ਪੁ:-ਵਿੱਥ, ਦੂਰੀ, ਛੀਤਾ।

(ਸੰਨ੍ਹ ਲਾਉਣਾ, ਸੰਨ੍ਹ ਲੱਗਣੀ, ਸੰਨ੍ਹ ਮਾਰਨੀ)।

Digitized by Panjab Digital Library | www.panjabdigilib.org

**ਸਨਹ,** ਪੁ:–ਤੀਰੇ ਦਾ ਅਗਲਾ ਹਿੱਸਾ ॥

**ਸਨਸਿੱਕਾ ਬਹਾਲਣਾ / ਸਨਸਿੱਕਾ ਬੈਠਾਉਣਾ** } ਕ੍ਰਿ:–ਮੁਲਕ ਵਿੱਚ ਰਾਜ ਕਰਨ ਲਈ ਆਪਣਾ ਅਖਤਿਆਰ ਜਮਾਉਣਾ ॥

**ਸੰਨ੍ਹੀ,** ਸ:–ਇੱਕ ਤਰਾਂ ਦਾ ਚਿਮਟਾ ਜੋ ਸੁਨਿਆਰੇ ਲੁਹਾਰ ਆਦਿਕ ਵਰਤਦੇ ਹਨ। ਸਨਿਆਸੀ, ਜੰਬੂਰ ॥

**ਸਨਗਾਸ,** ਸ:–'ਸੰਗਾਸ' ਵੇਖੋ ॥

**ਸਨਗਾਸੀ,** ਸ:–'ਸੰਗਾਸੀ' ਵੇਖੋ ॥

**ਸਨਢ,** ਸ:–'ਸੰਢ' ਵੇਖੋ ॥

**ਸਨਢਾ,** ਪੁ:–'ਸੰਢਾ' ਵੇਖੋ ॥

**ਸਨਢੀ,** ਸ:–'ਸੰਢੀ' ਵੇਖੋ ॥

**ਸਨਤ,** ਪੁ:–'ਸੰਤ' ਵੇਖੋ– ਸਨਦ।

**ਸਨਤਣੀ,** ਸ:–'ਸੰਤਣੀ' ਵੇਖੋ ॥

**ਸਨਤਾਪ,** ਪੁ:–'ਸੰਤਾਪ' ਵੇਖੋ ॥

**ਸਨਤਾਪੀ,** ਵਿ:–'ਸੰਤਾਪੀ' ਵੇਖੋ ॥

**ਸਨਤੋਖ,** ਪੁ:–'ਸੰਤੋਖ' ਵੇਖੋ ॥

**ਸਨਤੋਖੀ,** ਵਿ:–'ਸੰਤੋਖੀ' ਵੇਖੋ ॥

**ਸਨੱਥਾ,** ਪੁ:–ਇੱਕ ਤਰਾਂ ਦੀ ਝਾੜੀ ਜੋ ਸੁਰੱਖਿਆ ਲਈ ਸੜਕ ਦੀ ਦੋਹੀਂ ਪਾਸੀਂ ਗੱਡਦੇ ਹਨ ॥

**ਸਨਦ,** ਸ:–ਸਹੀ, ਦਸਤਖਤ, ਦਸਤਾ ਵੇਜ, ਹੁਕਮ ਨਾਮਾ । ਅਫਸਰ ਦੇ ਹੱਥਾਂ ਦਾ ਲਿਖਿਆ ਹੋਇਆ ਕਾਗਤ ਜਿਸ ਵਿੱਚ ਕਿਸੇ ਦੀ ਵਡਿਆਈ ਕੀਤੀ ਹੋਈ ਹੁੰਦੀ ਹੈ ਜਾਂ ਉਹਦੇ ਗੁਣ ਦੱਸੇ ਹੋਏ ਹੁੰਦੇ ਹਨ । ਪਰਵਾਨਾ ॥

**ਸਨਦਲ,** ਪੁ:–'ਸੰਦਲ' ਵੇਖੋ ॥

**ਸਨਦਲੀ,** ਵਿ: / ਸ: } 'ਸੰਦਲੀ' ਵੇਖੋ ॥

**ਸਨਦੀ,** ਵਿ:–ਸਨਦ ਕਰਕੇ ਰਿਹਾ ਹੋਇਆ, ਅਸਲੀ, ਪਰਮਾਨ, ਪਰਵਾਨ, ਜਿਸ ਨੂੰ ਸਭ ਕੋਈ ਮੰਨੇ ॥

**ਸਨਦੂਕ,** ਪੁ:–'ਸੰਦੂਕ' ਵੇਖੋ ॥

**ਸਨਦੂਕੜੀ (ਚੀ),** ਸ:–'ਸੰਦੂਕੜੀ' ਵੇਖੋ ॥

**ਸਨਦੂਕੀ,** ਵਿ:–'ਸੰਦੂਕੀ' ਵੇਖੋ ॥

**ਸਨਦੇਸ (ਸਾ)**–'ਸੰਦੇਸ' ਵੇਖੋ ॥

**ਸਨਦੇਸੀ,** ਪੁ:–'ਸੰਦੇਸੀ' ਵੇਖੋ ॥

**ਸਨਦੇਹ,** ਪੁ:–'ਸੰਦੇਹ' ਵੇਖੋ ॥

**ਸਨਦੇਹੀ,** ਵਿ:–'ਸੰਦੇਹੀ' ਵੇਖੋ ॥

**ਸਨਧਿਆ,** ਸ:–'ਸੰਧਿਆ' ਵੇਖੋ ॥

**ਸਨਪੂਰ,** ਪੁ:–'ਸੰਪੂਰ' ਵੇਖੋ ॥

**ਸਨਬੰਧ,** ਪੁ:–'ਸੰਬੰਧ' ਵੇਖੋ ॥

**ਸਨਮਾਲੀ,** ਪੁ:–'ਸੋਆ ਗੰਦਲ' ('ਸੋਆ' ਦੇ ਹੇਠ) ਵੇਖੋ ॥

**ਸਨਾ,** ਪੁ: / ਸ: } ਇੱਕ ਤਰਾਂ ਦੀ ਬੂਟੀ ॥

**ਸੰਨਾ,** ਸ:–ਇੱਕ ਬੂਟੀ ਜੋ ਤਾਕਤ ਦੀ ਦੁਆ ਹੈ ॥

**ਸਨਾਇ,** ਪੁ: / ਸ: } 'ਸਨਾ' ਵੇਖੋ ॥

**ਸਨਾਸ,** ਸ:–ਪਛਾਣ, ਵਾਕਫੀ, ਇਲਮ ॥ ਪੁ:–ਸਨਿਆਸ ॥

**ਸਨਾਸੀ,** ਪੁ:–'ਸਨਿਆਸੀ' ਵੇਖੋ ॥

**ਸਨਾਹ,** ਪੁ:–ਸਨੇਹਾ, ਸੰਦੇਸਾ, ਖਬਰ, ਸਾਰ ॥

Digitized by Panjab Digital Library | www.panjabdigilib.org

**ਸਨਾਕੇ,** ਪੁਃ–'ਸੰਭਾਲੂ' ਵੇਖੋ ॥

**ਸਨਾਖ਼ਤ,** ਸਃ–ਪਛਾਣ, ਸਨਾਸ,ਸਮਝ ।

**ਸਨਾਤਨ,** ਵਿਃ–ਆਦ ਤੋਂ, ਪੁਰਾਤਮੀ, ਕਦੀਮੀ ਜਿਸ ਦਾ ਆਦ ਅੰਤ ਨਹੀਂ ॥

**ਸਨਾਤਨ ਧਰਮ,** ਪੁਃ–ਪੁਰਾਣਾ ਧਰਮ ਜੋ ਸਦਾ ਤੋਂ ਚਲਿਆ ਆਇਆ ਹੈ, ਪ੍ਰਾਚੀਨ ਹਿੰਦੂਆਂ ਦਾ ਮਤ ॥

**ਸਨਾਤਨ ਧਰਮੀ,** ਵਿਃ–ਸਨਾਤਨ ਧਰਮ ਨੂੰ ਮੰਨਣ ਵਾਲਾ ।

**ਸਨਾਤਨੀ, ਸਨਾਤਨੀਆ,** ਵਿਃ–'ਸਨਾਤਨ ਧਰਮੀ' ਵੇਖੋ (ਨਿੰਦਾ ਵਾਚਕ ਪਦ) ।

**ਸਨਾਨ,** ਪੁ–ਅਸ਼ਨਾਨ, ਨ੍ਹਾਉਣਾ, ਇੱਕ ਬਿਰਛ ॥

**ਸਨਾ ਮੱਕੀ,** ਸਃ–ਜੁਲਾਬ ਦੀ ਇੱਕ ਦੁਆ ॥

**ਸਨਿਆਸ, ਸੰਨਿਆਸ,** ਪੁਃ–ਸੰਸਾਰ ਦਾ ਤਿਆਗ, ਇੱਕ ਤਰਾਂ ਦੀ ਫਕੀਰੀ ॥

**ਸਨਿਆਸੀ, ਸੰਨਿਆਸੀ,** ਪੁਃ–ਸੰਸਾਰ ਦੇ ਲਾਂਭੇ ਛੱਡ ਕੇ ਜੋ ਫਕੀਰ ਹੋ ਗਿਆ ਹੋ । ਬਾਹਲੇ ਸਨਿਆਸੀ ਸ਼ਿਵ ਜੀ ਦੇ ਉਪਾਸ਼ਕ ਹੁੰਦੇ ਹਨ ॥

ਸਃ–ਇੱਕ ਤਰਾਂ ਦੀ ਸੰਨ੍ਹੀ ॥

**ਸਨਿੱਛਰ,** ਪੁਃ–ਛਨਿੱਛਰ, ਸੱਤਵਾਂ ਵਾਰ, ਅਤਵਾਰ ਤੋਂ ਪਹਿਲਾ ਦਿਨ, ਇੱਕ ਗ੍ਰਹਿ । ਚੰਦਰਾ ਆਦਮੀ ॥

**ਸਨਿੱਛਰ ਆਉਣਾ,** ਕ੍ਰਿਃ–ਸਾੜ੍ਹ ਸਤੀ ਆਉਣੀ, ਗ੍ਰਹਿ ਆਉਣਾ, ਮੰਦੇ ਦਿਨ ਆਉਣੇ, ਬਿਪਤਾ ਪੈਣ ਲੱਗਣੀ ॥

**ਸੰਨ੍ਹੀ,** ਸਃ–ਸੇਖਾਂ ਪੁਹ ਕੇ ਕੱਢਣ ਵਾਲਾ ਲੋਹੇ ਦਾ ਹਥਿਆਰ ॥

**ਸਨੂਣਾ,** ਵਿਃ–ਸਲੂਣਾ, ਲੂਣ ਵਾਲਾ, ਨਿਮਕੀ ॥

**ਸਨੇ,** ਅਵਃ–ਨਾਲ, ਸਮੇਤ ॥

**ਸਨੇ ਸਨੇ,** ਕ੍ਰਿਃ, ਵਿਃ–ਹੌਲੀ ਹੌਲੀ ॥

**ਸਨੇਹ,** ਪੁਃ–ਪਿਆਰ, ਪ੍ਰੀਤ, ਪ੍ਰੇਮ, ਦੋਸਤੀ ॥

**ਸਨੇਹਾ, ਸਨੇਹਾਂ,** ਪੁਃ–'ਸੰਦੇਸ' ਵੇਖੋ ॥

**ਸਨੇਹੀਂ,** ਕ੍ਰਿਃ, ਵਿਃ–ਸਨੇਹਾ ਘੱਲ ਕੇ ਦੂਜੇ ਦੀ ਰਾਹੀਂ । (ਪਰ ਹਥੀਂ ਵਣਜ ਸਨੇਹੀਂ ਖੇਤੀ, ਕਦੇ ਨਾ ਹੁੰਦੇ ਬੱਤੀਆਂ ਦੇ ਤੇਤੀ) ।

**ਸੱਪ,** ਪੁਃ–ਇੱਕ ਤਰਾਂ ਦਾ ਰੱਸੀ ਵਰਗਾ ਲੰਮਾ ਜਨੌਰ ਜੋ ਧਰਤੀ ਉੱਪਰ ਘਸਰ ਘਸਰ ਕੇ ਚੱਲਦਾ ਹੈ ਅਤੇ ਜਿਸ ਦੇ ਡੰਗ ਵਿੱਚ ਐਨੀ ਵਿਸ ਹੁੰਦੀ ਹੈ ਕਿ ਜਿਸ ਨੂੰ ਲੜੇ ਉਹ ਮਰ ਜਾਂਦਾ ਹੈ ॥

ਸਰਪ, ਕੀੜਾ, ਹੁਗਾ, ਬਾਬਾ ।

**ਸੱਪ ਦਾ ਬੱਚਾ ਸਪੋਲਾ,** ਭੈੜਿਆਂ ਮਾਪਿਆਂ ਦੀ ਭੈੜੀ ਉਲਾਦ ॥

**ਸੱਪ ਸੀਹਣ, ਸੱਪ ਸੀਹਣੀ,** ਸਃ–ਇੱਕ ਤਰਾਂ ਦੀ ਕੋੜ੍ਹ ਕਿਰਲੀ, ਬੁਰਾ ਚਿਤਮਣ ਵਾਲੀ ਤ੍ਰੀਮਤ ।

**ਸਪੰਜ,** ਪੁਃ–ਸਮੁੰਦਰ ਵਿੱਚੋਂ ਨਿਕਲੀ ਹੋਈ ਇੱਕ ਛੇਕਾਂਵਾਲੀ ਚੀਜ਼ ਜਿਸ ਵਿੱਚ ਪਾਣੀ ਜੀਉਰ ਜਾਂਦਾ ਹੈ ॥

**ਸੱਪਣੀ,** ਸਃ–ਸੱਪ ਦੀ ਮਦੀਨ ॥

**ਸਪਤ,** ਵਿਃ–ਸੱਤ ॥

**ਸਪਤ ਭੁਜ,** ਪੁਃ–ਸੱਤਾਂ ਭੁਜਾਂ ਵਾਲੀ ਸ਼ਕਲ ॥

**ਸਪਤਮੀ,** ਸਃ–ਸੱਤਵੀਂ ਥਿੱਤ ॥

**ਸਪੱਤ੍ਰ,** ਵਿਃ–ਫਲਾਮਾਲਸ, ਇੱਜ਼ਤ ਵਾਲਾ ॥

**ਸਪਰਸ,** ਸਃ–ਛੋਹ, ਛੂਹਤ ॥

Digitized by Panjab Digital Library / www.panjabdigilib.org

**ਸਪਰਸ ਬਿੰਦ,** ਪੁ:
**ਸਪਰਸ ਬਿਰਤ,** ਪੁ: } ਛੋਹਣ ਵਾਲੀ ਲਕੀਰ॥
**ਸਪਰਸ ਰੇਖਾ,** ਸ:

**ਸਪਰਦਾ,** ਪੁ:—ਕੰਜਰੀਆਂ ਦੇ ਨਾਲ ਦਾ ਰਾਗੀ।

**ਸਪਰਦਾ ਪੁਣਾ,** ਪੁ:—ਸਪਰਦੇ ਦਾ ਕੰਮ॥

**ਸਪਰਦਾਈ,** ਪੁ:—ਕੰਜਰੀਆਂ ਦੇ ਨਾਲ ਦੇ ਸਾਰੇ ਰਾਗੀ

**ਸੰਪ੍ਰਦਾਯ,** ਪੁ:—ਮਤ, ਪੰਥ, ਧਰਮ, ਗੋਸ਼ਟ।

**ਸਪੜ ਸਪੜ ਕਰਨਾ,** ਕ੍ਰਿ:—ਲੰਮਾ ਸਾਹ ਅੰਦਰ ਖਿੱਚ ਕੇ ਗੱਟ ਗੱਟ ਆਦਿਕ ਦੀ ਅਵਾਜ਼ ਨਾਲ ਕੁਝ ਖਾਣਾ ਪੀਣਾ।

**ਸਪਾਇਆ,** ਪੁ: } ਚੌਕੀ, ਆਸਰਾ ਦੇਣ ਵਾਲੀ ਲਕੜੀ, ਪਾਣੀ ਰੱਖਣ ਵਾਲੀ
**ਸਪਾਈ,** ਸ: } ਘੜਵੰਜੀ। ਜਿਸ ਲਕੜੀ ਉੱਤੇ ਗੱਡਾ ਉਸ ਵੇਲੇ ਟਿਕਿਆ ਰਹਿੰਦਾ ਹੈ ਜਦੋਂ ਬਲਦ ਨਾ ਜੁਪੇ ਹੋਏ ਹੋਣ। ਓਹ ਲਕੜੀ ਦਾ ਢਾਂਚਾ ਜਿਸ ਉੱਤੇ ਪਣਾਲੀਆਂ ਦੀ ਲਮੀ ਤੋਪ ਰੱਖਕੇ ਚਲਾਈ ਜਾਂਦੀ ਹੈ। ਤਪਾਈ॥

**ਸਪਾ ਸਪ,** ਕ੍ਰਿ:, ਵਿ:—ਛੇਤੀ ਛੇਤੀ, ਤੇਜ਼ ਤੇਜ਼, ਫੁਰਤੀ ਨਾਲ। ਅਟਕਣ ਬਾਝੋਂ, ਰਵਾਂ॥
ਪੁ:, ਸ:—ਛੇਤੀ, ਫੁਰਤੀ॥

**ਸਪਾਹ,** ਸ:—ਸਪਾਹੀ, ਫੌਜ, ਸੈਨਾ॥

**ਸਪਾਹ ਸਲਾਰ,** ਪੁ:—ਫੌਜ ਦਾ ਵੱਡਾ ਅਫਸਰ, ਕਪਤਾਨ, ਕਮਾਨੀਅਰ। ਸੈਨਾ ਪਤੀ॥

**ਸਪਾਹ ਖਾਨਾ,** ਪੁ:—ਸਪਾਹੀਆਂ ਦਾ ਡੇਰਾ॥

**ਸਪਾਹ ਗਰੀ** ਸ: } ਸਪਾਹੀ ਦਾ ਕੰਮ ਫੌਜੀ ਨੌਕਰੀ॥
**ਸਪਾਹ ਪੁਣਾ** ਪੁ:

**ਸਪਾਹੀ,** ਪੁ:—ਫੌਜ ਵਿਚ ਨੌਕਰ, ਲੜਾਈ ਕਰਨ ਵਾਲਾ, ਜੋਧਾ, ਸੰਤਰੀ, ਚਪੜਾਸੀ॥

**ਸਪਾਰਸ,** ਸ:—'ਸਫਾਰਸ਼' ਵੇਖੋ॥

**ਸਪਾਰਸਣ,** ਸ:—'ਸਫ਼ਾਰਸ਼ਣ' ਵੇਖੋ॥

**ਸਪਾਰਸੀ,** ਪੁ:—'ਸਫ਼ਾਰਸ਼ੀ' ਵੇਖੋ॥

**ਸਪਾਰਾ,** ਪੁ:—ਕੁਰਾਨ ਸ਼ਰੀਫ ਦੇ ਤੀਹਾਂ ਹਿੱਸਿਆਂ ਵਿੱਚੋਂ ਕੋਈ॥

**ਸਪਾਟਾ,** ਪੁ:—ਕਾਹਲੀ, ਇੱਧਰ ਉੱਧਰ ਦੀ ਦੌੜ, ਚਲ, ਸੈਲ, ਫੇਰੀ।

**ਸਪਾਧਾ,** ਪੁ:—ਸੱਪ ਫੜਨ ਵਾਲਾ ਜਾਂ ਰੱਖਣ ਵਾਲਾ

**ਸਪਾਰੀ,** ਸ:—ਇਕ ਤਰਾਂ ਦਾ ਨਿੱਕਾ ਜੇਹਾ ਫਲ ਜਿਸ ਦਾ ਛਿਲੜ ਲੱਕੜੀ ਵਾਂਗਾਂ ਕਰੜਾ ਹੁੰਦਾ ਹੈ ਅਤੇ ਫਲ ਦੇ ਪੱਕਣ ਤੇ ਭੀ ਨਹੀਂ ਲਹਿੰਦਾ॥

ਇੰਦਰੀ ਦਾ ਅਗਲਾ ਹਿੱਸਾ, ਸਪਾਰੂ।

**ਸਪਾਰੂ,** ਪੁ:—ਇੰਦਰੀ ਦਾ ਅਗਲਾ ਹਿੱਸਾ॥

**ਸਪਿਆਧਾ,** ਪੁ:—'ਸਪਾਧਾ' ਵੇਖੋ।

**ਸਪਿਆਧਣ,** ਸ:—ਸਪਾਧੇ ਦੀ ਤੀਵੀਂ।

**ਸਪਿਆਰੀ,** ਸ:—'ਸਪਾਰੀ' ਵੇਖੋ॥

**ਸਪਿਆਰੂ,** ਪੁ:—'ਸਪਾਰੂ' ਵੇਖੋ॥

**ਸਪਿਰਿਟ,** ਸ:—ਰਾਉ, ਦਲੀਲ, ਨੀਯਤ, ਸ਼ਰਾਬ ਦਾ ਸਤ॥

**ਸਪੀਚ,** ਸ:—ਬੋਲ ਕੇ ਬਿਆਨ ਕਰਨਾ, ਲੈਕਚਰ, ਵਖਯਾਨ॥

**ਸਪੂਤ**
**ਸਪੁੱਤ** } ਪੁ:—ਹੁਕਮ ਆਗਿਆਕਾਰੀ ਪੁਤ੍ਰ, ਅੱਛਾ ਬੇਟਾ, ਪਿਆਰਾ ਪੁਤ੍ਰ।
**ਸਪੁੱਤ੍ਰ**

Digitized by Panjab Digital Library | www.panjabdigilib.org

**ਸਪੁਤ੍ਰਤਾਈ,** ਸ਼ਃ—'ਸਪੁਤਾਈ' ਵੇਖੋ॥

**ਸਪੁਰਦ / ਸਪੁਰਦਗੀ / ਸਪੁਰਦੋ** } ਸ਼ਃ—ਸੌਂਪਣਾ, ਹਵਾਲੇ ਕਰਨਾ, ਪਾਸ ਰੱਖਣਾ, ਸੌਂਪੀ, ਅਮਾਨਤ, ਰਾਖੀ। (ਸਪੁਰਦ ਕਰਨਾ, ਸਪੁਰਦਗੀ ਦੇਣਾ)॥

**ਸਪੂਤ,** ਪੁਃ—'ਸਪੁਤ' ਵੇਖੋ।

**ਸਪੂਤਾਈ,** ਸ਼ਃ—ਸਪੁੱਤ੍ਰ ਹੋਣ ਦਾ ਗੁਣ॥

**ਸਪੂਰਣ / ਸੰਪੂਰਣ** } ਵਿਃ—ਪੂਰਾ, ਭਰਿਆ ਹੋਇਆ, ਸਾਰਾ॥

**ਸਪੇਦ,** ਵਿਃ—ਸਫ਼ੇਦ, ਚਿੱਟਾ, ਧੌਲਾ, ਬੱਗਾ॥

**ਸਪੇਦਾ,** ਪੁਃ—'ਸਫ਼ੈਦਾ' ਵੇਖੋ।

**ਸਪੇਦੀ,** ਸ਼ਃ—ਸਫੈਦੀ, ਚਿਟਿਆਈ, ਕਲੀ॥

**ਸਪੇਰਾ,** ਪੁਃ—ਸੱਪ ਫੜਨ ਵਾਲਾ, ਮਾਂਦਰੀ, ਸਪਾਧਾ।

**ਸਪੈਸ਼ਲ,** ਸ਼ਃ—ਖ਼ਾਸ ਰੇਲ ਗੱਡੀ ਜੋ ਆਮ ਗੱਡੀਆਂ ਤੋਂ ਅਲਗ ਛੁੱਟੇ॥

**ਸਪੇਲਣ,** ਸ਼ਃ / **ਸਪੇਲਾ,** ਪੁਃ } ਸੱਪ ਫੜਨ ਜਾਂ ਰੱਖਣ ਵਾਲੀ ਯਾ ਵਾਲਾ। 'ਸਪਾਧਾ' ਵੇਖੋ॥

**ਸਪੋਲਾ / ਸਪੋਲੀਆ (ਯਾ)** } ਪੁਃ—ਸੱਪ ਦਾ ਬੱਚਾ, ਨਿੱਕਾ ਜੇਹਾ ਸੱਪ। ਕੀੜਾ॥

**ਸਫ,** ਸ਼ਃ—ਫੂਹੜੀ, ਚਟਾਈ॥

**ਸਫ਼ਤਾਲੂ,** ਪੁਃ—ਇਕ ਤਰਾਂ ਦਾ ਆੜੂ ਜੋ ਅਫ਼ਗਾਨਿਸਤਾਨ ਵਿੱਚ ਉਗਦਾ ਹੈ ਅਤੇ ਜਿਸਦੇ ਖਾਣ ਨਾਲ ਕੌਚਰਵੇ ਮਰ ਜਾਂਦੇ ਹਨ।

**ਸਫ਼ਰ,** ਪੁਃ—ਜਾਤ੍ਰਾ, ਪੰਧ, ਪੈਂਡਾ, ਮੁਸਾਫ਼ਰੀ॥

**ਸਫ਼ਰ ਖਰਚ,** ਪੁਃ—ਸਰਕਾਰੀ ਕੰਮ ਤੇ ਬਾਹਰ ਜਾਣ ਦਾ ਖਰਚ ਜੋ ਨੌਕਰ ਨੂੰ ਮਿਲੇ॥

**ਸਫ਼ਰ ਮੈਨਾ,** ਪੁਃ—ਖੁਦਾਈ ਆਦਿਕ ਦਾ ਕੰਮ ਕਰਨ ਵਾਲੇ ਸਿਪਾਹੀ।

**ਸਫ਼ਰਾ,** ਪੁਃ—ਪਿੱਤ, ਗਰਮੀ॥

**ਸਫ਼ਰਾ,** ਪੁਃ / **ਸਫ਼ਰੀ,** ਸ਼ਃ } ਇੱਕ ਚੰਮ ਦਾ ਟੁਕੜਾ ਜਿਸ ਵਿੱਚ ਤਮਾਕੂ ਮਲਦੇ ਹਨ ਜਾਂ ਜਿਸ ਵਿਚੋਂ ਖ਼ੁਰਾਕ ਛਾਣਦੇ ਹਨ॥

**ਸਫ਼ਰਾਵੀ,** ਵਿਃ—ਪਿਤ ਵਾਲਾ॥

**ਸਫ਼ਰਾਵੀ ਮਜਾਜ,** ਪੁਃ—ਗਰਮੀ ਦਾ ਸੁਭਾਉ॥

**ਸਫ਼ਰੀ,** ਵਿਃ, ਸਫ਼ਰ ਵਿੱਚ ਰਹਿਣ ਵਾਲਾ, ਸਫ਼ਰ ਵਿੱਚ ਕੰਮ ਆਉਣ ਵਾਲਾ॥

ਸ਼ਃ—'ਸਫ਼ਰਾ' ਵੇਖੋ॥

**ਸਫ਼ਾ,** ਵਿਃ—ਸਾਫ਼, ਪਵਿਤ੍ਰ, ਸ਼ੁਧ, ਖਰਾ, ਨਿਰਮਲ, ਛਾਣਿਆ ਹੋਇਆ, ਨਖ਼ਾਲਸ, ਸੁਥਰਾ, ਜਿਸ ਵਿੱਚ ਦਾਗ਼ ਨਹੀਂ, ਨਿਤਰਿਆ ਹੋਇਆ, ਨਿਖਰਿਆ ਹੋਇਆ, ਸਫ਼ਾਫ਼, ਜੋ, ਸੌਖਾ ਪੜ੍ਹਿਆ ਜਾਵੇ, ਸਿੱਧਾ, ਪੱਧਰਾ, ਇਕੋ ਜੇਹਾ, ਸੱਚਾ॥

ਕ੍ਰਿਃ, ਵਿਃ—ਸਫ਼ਾਈ ਨਾਲ, ਸਿੱਧੀ ਤਰਾਂ, ਸਭੀ ਹਨ।

**ਸਫ਼ਾਚਟ ਸਫ਼ਾ,** ਸ਼ਃ ਵਿਃ } ਬਰਬਾਦੀ, ਤਬਾਹੀ, ਸਤਿਆਨਾਸ। ਸਿਰ ਬਿਲਕੁਲ ਮੁੰਨਿਆ ਹੋਇਆ। (ਸਫ਼ਾ ਹੋਣਾ, ਕਰਨਾ, ਰਹਿਣਾ ਰਖਣਾ)॥

**ਸਫ਼ਾ,** ਪੁਃ—ਪੰਨਾ, ਵਰਕੇ ਦਾ ਇਕ ਪਾਸਾ॥

**ਸਫ਼ਾਇਤ,** ਸ਼ਃ—ਵਿਚੋਲਾ ਹੋਕੇ ਸਪਾਰਸ ਕਰਨੀ (ਜਿਹਾ ਕਿ ਮੁਸਲਮਾਨ ਆਖਦੇ ਹਨ ਕਿ ਮਹੰਮਦ ਸਾਹਿਬ ਆਪਣੀ ਉੱਮਤ ਦੀ ਸਫ਼ਾਇਤ ਕਰਨਗੇ, ਅਤੇ ਈਸਾਈਆਂ ਦਾ ਈਸਾ ਮਸੀਹ ਦੀ ਬਾਬਤ ਬੀ ਇਹੀ ਖ਼ਿਆਲ ਹੈ)।

Digitized by Panjab Digital Library | www.panjabdigilib.org

**ਸਫ਼ਾਈ,** ਸ:—ਸੁਧਰਾਈ, ਪਵਿਤ੍ਰਤਾਈ, ਦਿਲ ਦੀ ਸਚਿਆਈ, ਇਮਾਨਦਾਰੀ, ਬੇ ਗੁਨਾਹੀ, ਨਿਰਦੋਸ਼ ਹੋਣਾ, ਸੁਲ੍ਹਾ, ਮੇਲ। ਬਰਬਾਦੀ, ਖਰਾਬੀ। ( ਸਫ਼ਾਈ ਹੋਣੀ, ਕਰਨੀ ) ॥

**ਸ਼ਫ਼ਾਫ਼,** ਵਿ:—ਸਾਫ਼, ਨਿਰਮਲ, ਚਮਕਦਾ ਅਤੇ ਉੱਜਲ ( ਹੀਰਾ, ਮਾਣਕ ਆਦਿਕ )। ਅਜੇਹੀ ਚੀਜ਼ ਜਿਸ ਵਿਚੋਂ ਚਾਨਣ ਲੰਘ ਸੱਕੇ ਜਿਹਾ ਕਿ ਸ਼ੀਸ਼ਾ ॥

**ਸਫ਼ਾਰਸ਼,** ਸ:—ਦੂਸਰੇ ਦੇ ਅੱਗੇ ਕਿਸੇ ਦੀ ਜੋ ਵਡਿਆਈ ਉਹ ਦਾ ਕੰਮ ਸੁਆਰਨ ਲਈ ਕੀਤੀ ਜਾਵੇ। ( ਹੋਣੀ, ਕਰਨੀ )।

**ਸਫ਼ਾਰਸ਼ ਲੜਾਣੀ,** ਕ੍ਰਿ:—ਸਫ਼ਾਰਸ਼ ਨਾਲ ਕੰਮ ਚਲਾਣਾ।

**ਸਫ਼ਾਰਸ਼ਣ,** ਸ:—ਸਫ਼ਾਰਸ਼ ਕਰਨ ਵਾਲੀ॥

**ਸਫ਼ਾਰਸ਼ੀ,** ਪੁ:—ਸਫ਼ਾਰਸ਼ ਕਰਨ ਵਾਲਾ, ਵਿਚੋਲਾ॥

**ਸਫ਼ਾਰਸ਼ੀ ਚਿੱਠੀ,** ਸ:—ਜਿਸ ਚਿੱਠੀ ਵਿੱਚ ਕਿਸੇ ਦੀ ਸਫ਼ਾਰਸ਼ ਕੀਤੀ ਜਾਵੇ।

**ਸਫ਼ਾਰਸ਼ੀ ਟੱਟੂ,** ਪੁ:—ਜਿਸ ਮਨੁੱਖ ਨੂੰ ਨਿਰੀ ਸਫ਼ਾਰਸ਼ ਨਾਲ ਕੋਈ ਨੌਕਰੀ ਜਾਂ ਹੁੱਦਾ ਮਿਲੇ ॥

**ਸਫ਼ੀਰੀ,** ਸ:—ਤੁਰਮ, ਸੀਟੀ ॥

**ਸਫ਼ੀਲ,** ਸ:—ਕੰਧ, ਦਿਵਾਲ, ਕਿਲੇ ਜਾਂ ਸ਼ਹਿਰ ਦੇ ਚੁਫੇਰੇ ਦੀ ਉੱਚੀ ਕੰਧ ॥

**ਸਫ਼ੇਦ,** ਵਿ:—ਚਿੱਟਾ, ਬੱਗਾ, ਧੌਲਾ

**ਸਫ਼ੇਦਾ** ਪੁ:—'ਸਫ਼ੈਦਾ' ਵੇਖੋ॥

**ਸਫ਼ੇਦੀ,** ਸ:—ਚਿਟਿਆਈ, ਕਲੀ॥

**ਸਫ਼ੈਦ,** ਵਿ:—'ਸਫ਼ੇਦ' ਵੇਖੋ ॥

**ਸਫ਼ੈਦਪੋਸ਼,** ਪੁ:—ਚਿੱਟੇ ਕਪੜੇ ਪਾਉਣ ਵਾਲਾ, ਭਲਾ ਮਾਣਸ, ਰੱਜਿਆ ਹੋਇਆ, ਇੱਜ਼ਤ ਵਾਲਾ ਜ਼ੈਲਦਾਰ ਦੇ ਥੱਲੇ ਪਿੰਡ ਦਾ ਅਫ਼ਸਰ॥

**ਸਫ਼ੈਦਾ,** ਪੁ:—ਇੱਕ ਤਰਾਂ ਦਾ ਚਿੱਟਾ ਧੂੜਾ ਜੋ ਰੋਗਨ ਕਰਨ ਵਿਚ ਅਤੇ ਮੂੰਹ ਉਤੇ ਮਲਣ ਲਈ ਵਰਤਿਆ ਜਾਂਦਾ ਹੈ। ਰੁਪਇਆ। ਇੱਕ ਬੂਟਾ, ਇੱਕ ਹੱਛੀ ਕਿਸਮ ਦੇ ਚੌਲ॥

**ਸਫ਼ੈਦੀ,** ਸ:—ਚਿਟਿਆਈ, ਚਿੱਟਾ ਰੰਗ, ਕਲੀ॥

**ਸਬ,** ਵਿ:—'ਸਭ' ਵੇਖੋ, ਨੀਵੇਂ ਦਰਜੇ ਦਾ, ਮਤਹਿਤ, (ਸਬ ਕਮੇਟੀ, ਸਬ ਇੰਜੀਨੀਅਰ ਆਦਿਕ)॥

**ਸ਼ਬ,** ਸ:—ਰਾਤ ॥

**ਸ਼ਬ ਏ ਹਾਦਤ,** ਸ:—ਦਸਵੀਂ ਮੁਹੱਰਮ ਦੀ ਰਾਤ ਜਦੋਂ ਹੁਸੈਨ ਕਤਲ ਹੋਇਆ ਸਾ ॥

**ਸ਼ਬ ਕਦਰ,** ਸ:—ਦੂਜੀ ਰਮਜ਼ਾਨ ਦੀ ਰਾਤ ਜਦੋਂ ਕੁਰਾਨ ਅਸਮਾਨ ਤੋਂ ਉਤਰਿਆ ਸਾ॥

**ਸ਼ਬ ਦੇਗ਼,** ਸ:—ਮਾਸ ਅਤੇ ਗੋਂਗਲੂ ਜੋ ਸਾਰੀ ਰਾਤ ਰਿਝਦੇ ਰਹੇ ਹੋਣ॥

**ਸ਼ਬਰਾਤ,** ਸ:—ਮੁਸਲਮਾਨਾਂ ਦਾ ਇੱਕ ਤਿਹਾਰ ਜੋ ਸ਼ਬਾਨ ਦੀ ਚੌਧਵੀਂ ਰਾਤ ਨੂੰ ਮਨਾਇਆ ਜਾਂਦਾ ਹੈ, ਤਦ ਦੀਪ ਮਾਲਾ ਹੁੰਦੀ ਹੈ ਅਤੇ ਅਸਤ੍ਰ ਬਾਜ਼ੀ ਛੁਟਦੀ ਹੈ॥

**ਸ਼ਬਰਾਤੀ,** ਵਿ:—ਸ਼ਬਰਾਤ ਦਾ, ਸ਼ਬਰਾਤ ਦੇ ਮਹੀਨੇ ਜੰਮਿਆ ਹੋਇਆ॥

**ਸਬਕ,** ਪੁ:—ਪਾਠ, ਸੰਥਾ॥

**ਸਬਕ ਦੇਣਾ,** ਕ੍ਰਿ:—ਪੜ੍ਹਾਉਣਾ, ਸਿਖਾਉਣਾ॥

**ਸਬਕ ਲੈਣਾ,** ਕ੍ਰਿ:—ਪੜ੍ਹਨਾ, ਸਿੱਖਣਾ॥

Digitized by Panjab Digital Library | www.panjabdigilib.org

**ਸਬਜ਼,** ਵਿ:—ਸਾਵਾ, ਹਰਾ, ਕੱਚਾ।

**ਸਬਜ਼ ਕਦਮ** }
**ਸਬਜ਼ ਕਦਮਾ** } ਵਿ:—ਬੁਰੇ ਸ਼ਗਨ ਵਾਲਾ, ਚੰਦਰਾ, ਬੇ ਨਸੀਬ

**ਸਬਜ਼ ਮੰਡੀ,** ਸ:—ਜਿਸ ਮੰਡੀ ਵਿੱਚ ਭਾਜੀ ਤਰਕਾਰੀ ਵਿਕਦੀ ਹੈ॥

**ਸਬਜ਼ ਮਿੱਟੀ,** ਸ:—ਇੱਕ ਤਰਾਂ ਦੀ ਮਿੱਟੀ ਜਿਸ ਨਾਲ ਸਿਰ ਧੋਂਦੇ ਹਨ ( ਡੇਰਾ ਗ਼ਾਜ਼ੀ ਖਾਂ ਦੇ ਜ਼ਿਲੇ ਵਿੱਚ ਹੁੰਦੀ ਹੈ )॥

**ਸਬਜ਼ਾ,** ਪੁ:—ਬੂਟਾ ਬੱਚਾ, ਹਰਿਆਉਲ, ਇੱਕ ਭੂਰੇ ਰੰਗ ਦਾ ਘੋੜਾ, ਸਾਵੇ ਰੰਗ ਦੀ ਮਣੀ, ਭੂਰਾ ਰੰਗ (ਘੋੜੇ ਦਾ)॥

**ਸਬਜ਼ੀ,** ਸ: —ਹਰਿਆਉਲ, ਭਾਜੀ ਤਰਕਾਰੀ, ਇੱਕ ਤਰਾਂ ਦੇ ਫੁੱਲ, ਭੰਗ॥

**ਸਬਜ਼ੀ ਫ਼ਰੋਸ਼,** ਪੁ:—ਭਾਜੀ ਤਰਕਾਰੀ ਵੇਚਣ ਵਾਲਾ, ਅਰਾਈਂ॥

**ਸ਼ਬਦ,** ਪੁ:—ਭਜਨ, ਗੀਤ, ਗੁਰੂ ਗ੍ਰੰਥ ਸਾਹਿਬ ਦੀ ਬਾਣੀ, ਅਵਾਜ਼, ਪਦ, ਬੋਲ, ਤੁਕ, ਗੱਲ, ਬਾਤ।

**ਸ਼ਬਦ ਮਿਲਾਵਾ,** ਪੁ: 'ਮਿਲਾਵਾ' ਵੇਖੋ॥

**ਸ਼ਬਦੀ,** ਪੁ:—ਸ਼ਬਦ ਗਾਉਣ ਵਾਲਾ॥

**ਸੰਬੰਧ,** ਪੁ:—ਸਾਂਝ, ਸਰਬੰਧ, ਮੇਲ, ਜੋੜ, ਸਾਕ॥

**ਸੰਬੰਧਿਤ,** ਵਿ:—ਸੰਬੰਧ ਵਾਲਾ, ਮਿਲਿਆ ਹੋਇਆ॥

**ਸੰਬੰਧੀ,** ਪੁ:—ਸਾਕ, ਭਾਈ ਬੰਦ।
ਵਿ:—ਨਾਲ ਲਗਦਾ॥

**ਸਬੱਬ,** ਪੁ:—ਕਾਰਣ, ਮਤਲਬ॥

**ਬੇ ਸਬਬ,** ਵਿ:—ਜਿਸ ਦਾ ਕੁਝ ਕਾਰਣ ਨਹੀਂ, ਐਵੇਂ ਹੀ॥
ਕ੍ਰਿ:, ਵਿ:—ਐਵੇਂ, ਖ਼ਾਹ ਮਖ਼ਾਹ॥



**ਸਬੱਬੀਂ,** ਕ੍ਰਿ:, ਵਿ:—ਸਬੱਬ ਨਾਲ, ਕਿਸੇ ਮਤਲਬ ਲਈ॥

**ਸਬਰ,** ਪੁ:—ਸੰਤੋਖ, ਧੀਰਜ॥

**ਸਬਰ ਸ਼ੁਕਰ,** ਪੁ:—ਸਾਂਤ, ਸੰਤੋਖ॥

**ਸਬਰ ਹੋਣਾ** }
**ਸਬਰ ਕਰਨਾ** } ਕ੍ਰਿ:—ਧੀਰਜ ਕਰਨਾ, ਸਹਾਰਨਾ, ਸਹਿਣਾ॥

**ਸਬਰ ਪੈਣਾ,** ਕ੍ਰਿ:—ਪਛਤਾਉਣਾ, ਫਿਟਕਾਰਿਆ ਜਾਣਾ। ਸਰਾਪਿਆ ਜਾਣਾ॥

**ਬੇ ਸਬਰ,** ਵਿ:—ਜਿਸ ਨੂੰ ਸਬਰ ਨਹੀਂ, ਕਾਹਲਾ, ਹਿਰਸੀ, ਲਬੀ॥

**ਸੱਬਰ ਕੱਤੀ,** ਵਿ:—ਬਹੁਤ ਸਾਰਾ, ਚੋਖਾ, ਢੇਰ॥

**ਸੰਬਰ,** ਸ:—ਇੱਕ ਝਾੜੀ, ਮਰਤਨ॥

**ਸੰਬਰ ਸੂਹਣੀ,** ਸ:—ਸਤਿਆ ਨਾਸ, ਬਰਬਾਦੀ, ਤਬਾਹੀ, ਹੂੰਝਾ।

**ਸੰਬਰਨਾ,** ਕ੍ਰਿ:—ਬੁਹਾਰਨਾ, ਹੂੰਝਣਾ, ਥਾਂ ਸਾਫ਼ ਕਰਨੀ। ਬੁਹਾਰੀ ਦੇਣੀ।

**ਸੰਬਰਾਉਣਾ,** ਕ੍ਰਿ:—ਦੂਜੇ ਕੋਲੋਂ ਥਾਂ ਸਾਫ਼ ਕਰਾਉਣੀ ਜਾਂ ਬੁਹਾਰੀ ਦੁਆਉਣੀ॥

**ਸੰਬਰਾਈ,** ਸ:—ਸੰਬਰਨ ਦਾ ਕੰਮ ਜਾਂ ਮਜੂਰੀ, ਸਫ਼ਾਈ।

**ਸਬਲ,** ਵਿ:—ਬਲਵਾਨ, ਬਲੀ, ਜ਼ੋਰਾਵਰ॥

**ਸੱਬਲ,** ਸ:—ਇੱਕ ਲੋਹੇ ਦਾ ਹਥਿਆਰ ਜਿਸ ਦੇ ਨਾਲ ਜ਼ੋਰ ਕੰਧ ਪਾੜਦੇ ਹਨ।

**ਸ਼ਬਲ ਸ਼ਬਲ,** ਸ:—ਪਾਣੀ ਵਿੱਚ ਤੁਰਨ ਦੀ ਅਵਾਜ਼, ਰਿਝਦੇ ਮਾਸ ਦੀ ਤਰੀ ਦੀ ਅਵਾਜ਼, ਜਾਂ ਥੋੜੇ ਜੇਹੇ ਰਿੱਝਦੇ ਮਾਸ ਵਿੱਚ ਬਹੁਤ ਸਾਰਾ ਪਾਣੀ ਪਾਉਣ ਨਾਲ ਜੋ ਅਵਾਜ਼ ਨਿਕਲੇ॥

Digitized by Panjab Digital Library / www.panjabdigilib.org

**ਸਬਲਾ ਅਬਲਾ**, ਵਿ:—ਤਕੜਾ ਅਤੇ ਕਮਜ਼ੋਰ, ਚੰਗੀ ਮੰਦੀ (ਚੀਜ਼)।

**ਸਬਾਈ**, ਸ:—ਸਾਰਾ, ਸੱਭੋ।

**ਸਬਾਤ**, ਸ:—ਕੋਠੇ ਉੱਪਰ ਕੁਝ ਢੱਕੀ ਹੋਈ ਥਾਂ, ਉਸਾਰਾ, ਤੇਊੜੀ॥

**ਸਬਾਲ**, ਪੁ:—'ਸਰਬਾਲਾ' ਵੇਖੋ॥

**ਸਬਿਹਤਾਂ**, ਪੁ:—ਵਾਧਾ, ਤਰੱਕੀ, ਫ਼ੈਦਾ, ਲਾਹ, ਬਿਮਾਰ ਨੂੰ ਥੋੜਾ ਥੋੜਾ ਅਰਾਮ॥

**ਸਬਿਹਾਨ**, ਕ੍ਰਿ:, ਵਿ:—ਬਹੁਤ, ਢੇਰ, ਬਾਹਲਾ, ਚੰਗਾ (ਐਦਾਂ ਜੋ ਕੁਥਾਲੀ ਗੱਲ ਨਾ ਹੋਵੇ)

**ਸਬੀਹਨੀ**, ਸ:—ਮੋਟੀ ਅਤੇ ਮਧਰੀ ਤੀਮਤ।

**ਸਬੂਣ**, ਪੁ:—ਸਾਬਣ, ਸੱਜੀ ਅਤੇ ਤੇਲ ਦੀ ਬਣੀ ਹੋਈ ਚੀਜ਼ ਜਿਸ ਨਾਲ ਕੱਪੜਿਆਂ ਦੀ ਮੈਲ ਦੂਰ ਹੁੰਦੀ ਹੈ।

**ਸਬੂਣ ਗਰ**, ਪੁ:—ਸਾਬਣ ਬਣਾਉਣਵਾਲਾ।

**ਸਬੂਣੀ**, ਵਿ:—ਸਬੂਣ ਵਾਲਾ, ਸਾਬਣ ਨਾਲ ਧੋਤਾ ਹੋਇਆ, ਲਸੋਰ, ਇਕ ਤਰਾਂ ਦਾ ਸਬਜ਼ਾ॥

**ਸਬੂਣੀਆ**, ਪੁ:—ਸਾਬਣ ਬਣਾਉਣ ਵਾਲਾ ਜਾਂ ਵੇਚਣ ਵਾਲਾ।

**ਸਬੂਤ**, ਵਿ:—ਸਾਬਤ, ਸਾਰਾ।
ਪੁ:—ਪਰਮਾਣ, ਸ਼ਾਹਦੀ, ਸਹੀ, ਅਪਰਾਧ ਦਾ ਜਾਣਿਆ ਜਾਣਾ॥
(ਸਬੂਤ ਹੋਣਾ, ਕਰਨਾ)।

**ਸਬੂਤੀ**, ਸ:—ਸਬੂਤ, ਪਕਿਆਈ, ਪਰਮਾਣ॥

**ਸਬੂਨੀਆਂ**, ਸ:—(ਬ:ਵ:), ਰੇਉੜੀਆਂ ਦੇ ਫੋੜ ਜਿਨ੍ਹਾਂ ਉੱਪਰ ਤਿਲ ਲਗਦੇ ਹਨ॥

**ਸਬੂਰੀ**, ਸ:—ਸਬਰ, ਸੰਤੋਖ, ਧੀਰਜ॥

**ਸਬਰ ਸਬੂਰੀ**, ਸ:—ਸੰਤੋਖ, ਧੀਰਜ।

**ਸਬੇਰ**, ਸ:—'ਸਵੇਰ' ਵੇਖੋ

**ਸਬੇਰਾ**, ਪੁ:—'ਸਵੇਰਾ' ਵੇਖੋ॥

**ਸਬੇਰੇ**, ਕ੍ਰਿ:, ਵਿ:—'ਸਵੇਰੇ' ਵੇਖੋ॥

**ਸੰਬੋ**, ਪੁ:—ਗੁਲ ਸੰਬੋ, ਇੱਕ ਤਰਾਂ ਦਾ ਫੁੱਲ॥

**ਸਭ**, ਵਿ:—ਸਾਰੇ, ਸਾਰਾ, ਪੂਰਾ॥

**ਸਭ ਕੁਛ**, ਪੁ:—ਹਰ ਚੀਜ਼, ਸਾਰੀ ਸ਼ੈ॥

**ਸਭ ਦਾ**, ਵਿ:—ਸਾਂਝਾ, ਜਿਸ ਨੂੰ ਸਾਰੇ ਲੋਕ ਵਰਤਣ।

**ਸਭਨਾਂ**, ਪੁ:, ਵਿ:—ਸਭ ਲੋਕਾਂ, ਸਾਰਿਆਂ, ਸਭ ਜਣਿਆਂ ਨੇ॥

**ਸਭਨੀਂ**, ਵਿ:, ਪੁ:—ਸਭ ਲੋਕਾਂ, ਸਾਰਿਆਂ, ਸਭ ਜਣਿਆਂ, ਸਾਰੀਂ, ਹਰ ਕਿਸੇ॥

**ਸੰਭਲ**, ਪੁ:—ਇੱਕ ਬਿਰਛ॥

**ਸੰਭਲਣਾ**, ਕ੍ਰਿ:—ਸਹਾਰਾ ਮਿਲਣਾ, ਪੱਕੇ ਪੈਰੀਂ ਖਲੋਣਾ, ਡਿਗਦੇ ਡਿਗਦੇ ਬਚਣਾ, ਵਿਗੜਦੇ ਵਿਗੜਦੇ ਸੌਰ ਜਾਣ, ਹੋਸ਼ ਵਿਚ ਆਉਣਾ॥

**ਸਭਾ**, ਸ:—ਸਮਾਜ, ਇਕੱਠ, ਜੋੜ ਮੇਲ, ਟੋਲੀ, ਪਰਿਹਾ, ਕਮੇਟੀ

**ਇੰਦਰ ਸਭਾ**, ਸ:—ਦੇਉਤਿਆਂ ਦੇ ਰਾਜੇ ਇੰਦਰ ਦਾ ਦਰਬਾਰ।

**ਸਭਾ ਸਦ**, ਪੁ:—ਸਭਾ ਦੇ ਲੋਕ, ਮੈਂਬਰ॥

**ਸਭਾ ਕਰਨੀ**, ਕ੍ਰਿ:—ਜੋੜ ਮੇਲ ਕਰਨਾ, ਸਭਾ ਦੇ ਲੋਕਾਂ ਦਾ ਮਿਲਕੇ ਬੈਠਣਾ।

Digitized by Panjab Digital Library | www.panjabdigilib.org

**ਸਭਾ ਪਤੀ,** ਪੁ:—ਸਭਾ ਦਾ ਪਰਧਾਨ ਜਾਂ ਆਗੂ, ਮੁਖੀਆ ॥

**ਰਾਜ ਸਭਾ,** ਸ:—ਰਾਜੇ ਦਾ ਦਰਬਾਰ ॥

**ਸਭਾ / ਸਭਾਉ** } ਪੁ: —ਮਜ਼ਾਜ, ਤਬੀਅਤ, ਹਾਲਤ, ਤਾਕਤ ਹੋਲਤ, ਵੋਦੀ, ਕਿਸੇ ਚੀਜ਼ ਦੇ ਗੁਣ ॥

**ਸਭਾਉਕ,** ਵਿ:—ਕੁਦਰਤੀ, ਆਪਣੇ ਆਪ ॥

ਕ੍ਰਿ: ਵਿ:—ਭੋਲੇ ਭਾਉ, ਐਵੇਂ, ਆਪਣੇ ਆਪ, ਜਾਣ ਬੁੱਝਕੇ ਨਾ, ਸਹਿਜੇ ॥

**ਸੰਭਾਲਣਾ,** ਕ੍ਰਿ:—ਸਹਾਰਾ ਦੇਣਾ, ਥੰਮਣਾ, ਬਚਾਉਣਾ, ਰੋਕਣਾ, ਠਹਿਰਾਉਣਾ, ਦਬਾਉਣਾ, ਸਾਂਭਣਾ, ਲੇਖਾ ਲੈਣਾ ॥

**ਸੰਭਾਲੂ,** ਪੁ:—ਸੰਭਾਲਣ ਵਾਲਾ, ਰੱਖਿਆ, ਇੱਕ ਤਰਾਂ ਦੀ ਝਾੜੀ ॥

**ਸਭਾਵਕ,** ਵਿ:—'ਸਭਾਉਕ' ਵੇਖੋ ।

**ਸਭਿਆਰ,** ਕ੍ਰਿ: ਵਿ:—'ਸਥਿਹਾਰ' ਵੇਖੋ ॥

**ਸੱਭੇ / ਸੱਭੋ** } ਵਿ: —ਸਾਰੇ, ਹਰ ਕੋਈ ॥

**ਸਮ,** ਵਿ:—ਬਰਾਬਰ, ਵਰਗਾ, ਇੱਕੋ ਜੇਹਾ ॥

ਅਵ:—ਨਾਲ, ਸੰਗ, ਸਮੇਤ, ਸਣੇ, (ਦੂਸਰੇ ਪਦਾਂ ਨਾਲ ਮਿਲਕੇ 'ਸਮ' ਦੇ ਅਰਥ 'ਜੁੜਨਾ' ਜਾਂ 'ਪੂਰਾ ਕਰਨਾ' ਹਨ)

ਸ:—ਇੱਕ ਤਰਾਂ ਦੀ ਰਾਗਣੀ, ਇਕ ਰੁੱਖ ॥

**ਸਮਾਂਤਰ ਰੇਖਾ,** ਸ:—ਅਜੇਹੀਆਂ ਲਕੀਰਾਂ ਜਿਨ੍ਹਾਂ ਵਿਚ ਇੱਕੋ ਜੇਹੀ ਵਿੱਥ ਹੋਵੇ ॥

**ਸਮ ਖਟ ਭੁਜ,** ਪੁ:—ਛੇ ਬਰਾਬਰ ਭੁਜਾਂ ਵਾਲੀ ਸ਼ਕਲ ॥

**ਸਮਕਾਲੀ,** ਵਿ:—ਇੱਕੋ ਸਮੇਂ ਵਿੱਚ ਹੋਣ ਵਾਲੇ

**ਸਮਕੋਣ,** ਪੁ:—ਇੱਕ ਸਿੱਧੀ ਲਕੀਰ ਉੱਤੇ ਦੂਜੀ ਸਿੱਧੀ ਖੜ੍ਹੀ ਲਕੀਰ ਨਾਲ ਜੋ ਕੋਣ ਬਣਦੇ ਹਨ ॥

**ਸਮ ਤ੍ਰਿਬਾਹੁ ਤ੍ਰਿਭੁਜ,** ਪੁ:—ਤਿੰਨਾਂ ਬਰਾਬਰ ਭੁਜਾਂ ਵਾਲਾ ਤ੍ਰਿਭੁਜ ॥

**ਸਮ ਦਰਸੀ,** ਪੁ:—ਸਭ ਨੂੰ ਇੱਕੋ ਜੇਹਾ ਸਮਝਣ ਵਾਲਾ, ਸੱਚਾ ਮਨੁੱਖ, ਨਿਆਉਂ ਕਰਨ ਵਾਲਾ ।

**ਸਮਦ੍ਰਿਸ਼ਟੇਤਾ,** ਪੁ:—ਕਿਸੇ ਦਾ ਪੱਖ ਨਾ ਪੂਰਣ ਵਾਲਾ, ਸਭ ਨੂੰ ਬਰਾਬਰ ਸਮਝਣ ਵਾਲਾ ॥

**ਸਮ ਦੁਬਾਹੁ ਤ੍ਰਿਭੁਜ,** ਪੁ:—ਅਜੇਹਾ ਤ੍ਰਿਭੁਜ ਜਿਸ ਦੀਆਂ ਦੋ ਭੁਜਾਂ ਬਰਾਬਰ ਹੋਣ ।

**ਸਮ ਪੰਚ ਭੁਜ,** ਪੁ: —ਬਰਾਬਰ ਪੰਜਾਂ ਭੁਜਾਂ ਵਾਲੀ ਸ਼ਕਲ ॥

**ਸਮ ਬਹੁ ਭੁਜ ਛੇਤ੍ਰ,** ਪੁ:—ਬਰਾਬਰ ਬਹੁਤ ਭੁਜਾਂ ਵਾਲੀ ਸ਼ਕਲ ॥

**ਸੰਮ,** ਪੁ:—ਧਾਤ ਦਾ ਛੱਲਾ ਜਿਹਾ ਜੋ ਸੋਟੀ ਆਦਿਕ ਦੇ ਹੇਠਲ ਸਿਰੇ ਪੁਰ ਪਕਿਆਈ ਵਾਸਤੇ ਲਾਉਂਦੇ ਹਨ ॥

**ਸਮਸਾ,** ਪੁ:—ਮਾਲਾ ਦੇ ਨਿਕੇ ਜੇਹੇ ਚੁੰਮਣ, ਸੰਨਿਆਸੀ, ਸਿਮਰਨਾ

**ਸ਼ਮਸੀ,** ਪੁ:—ਸਈਧਦਾਂ ਦੀ ਇੱਕ ਕੁਲ, ਇੱਕ ਮੁਸਲਮਾਨ ਫ਼ਕੀਰ ਨੂੰ ਮੰਨਣ ਵਾਲਿਆਂ ਦਾ ਪੰਥ ਜਿਸ ਵਿੱਚ ਅਨੇਕ ਹਿੰਦੂ ਅਤੇ ਮੁਸਲਮਾਨ ਹਨ ॥

ਵਿ: —ਸੂਰਜ ਦਾ ।

**ਸਮ੍ਹਾਲਣਾ,** ਕ੍ਰਿ:—'ਸੰਭਾਲਣਾ' ਵੇਖੋ

**ਸਮ੍ਹਾਲੂ,** ਪੁ:—'ਸੰਭਾਲੂ' ਵੇਖ ।

Digitized by Panjab Digital Library / www.panjabdigilib.org

**ਸਮੱਕ / ਸਮੱਗ** } ਵਿ:—ਸੱਭੋ, ਸਾਰਾ, ਬਹੁਤ ਹਨੇਰੀ ਰਾਤ, (ਸੱਮਗ ਰਾਤ)।

**ਸਮੱਗ੍ਰੀ / ਸਮੱਗਰੀ** } ਸ:—ਸਮਿਆਨ, ਚੀਜ਼ ਵਸਤ, ਅਸ ਬਾਬ, ਪੂਜਾ ਆਦਿਕ ਵਿਚ ਲੋੜੀਦੀਆਂ ਚੀਜ਼ਾਂ ॥

**ਸਮਝ,** ਸ:—ਸੋਚ, ਵਿਚਾਰ, ਅਕਲ, ਬੁੱਧ ਮੱਤ ॥

**ਉਲਟੀ ਸਮਝ,** ਸ:—ਬੇਅਕਲੀ, ਖੋਟੀ ਮੱਤ

**ਸਮਝ ਆਉਣੀ,** ਕ੍ਰਿ:—ਸਿਆਣਾ ਹੋਣਾ, ਸੋਚ ਵਿਚਾਰ ਕਰਨ ਜੋਗਾ ਹੋ ਜਾਣਾ ।

**ਸਮਝ ਕੇ,** ਕ੍ਰਿ, ਵਿ:—ਜਾਣ ਬੁੱਝ ਕੇ, ਸੋਚ ਵਿਚਾਰ ਕੇ ॥

**ਸਮਝ ਕੇ ਕਰਨਾ,** ਕ੍ਰਿ:—ਸੋਚ ਵਿਚਾਰ ਕੇ ਕੋਈ ਕੰਮ ਕਰਨਾ, ਅਕਲ ਵਰਤਣੀ, ਸੁਚੇਤ ਹੋਣਾ ॥

**ਸਮਝ ਦਾਰ / ਸਮਝ ਵਾਨ** } ਵਿ:—ਸਿਆਣਾ, ਚਤੁਰ, ਸੁਚੇਤ, ਅਕਲ ਵਾਲਾ, ਚੇਤਸ, ਹੁਸ਼ਿਆਰ, ਦੂਰ ਧਿਆਨੀ, ਬੁੱਧਵਾਨ॥

**ਸਮਝਣਾ,** ਕ੍ਰਿ:—ਜਾਣਨਾ, ਵਿਚਾਰਨਾ, ਸੋਚਣਾ, ਬੁੱਝਣਾ, ਸਿਖਣਾ, ਮੰਨਣਾ, ਲੇਖਾ ਚੁਕਾਉਣਾ, ਬਦਲਾ ਲੈਣਾ ॥

**ਸਮਝਾਉਣਾ,** ਕ੍ਰਿ:—ਦੂਜੇ ਨੂੰ ਮੱਤ ਦੇਣੀ, ਸਿਖਾਉਣਾ, ਕੋਈ ਗੱਲ ਕਿਸੇ ਦੀ ਸਮਝ ਵਿਚ ਲਿਆਉਣੀ, ਦੱਸਣਾ, ਮਨਾਉਣਾ, ਬਿਆਨ ਕਰਨਾ, ਹਟਕਣਾ, ਵਰਜਣਾ, ਕੰਨ ਖੋਲ੍ਹ ਦੇਣੇ, ਉਪਦੇਸ਼ ਦੇਣਾ, ਚੇਤਣਾ ॥

**ਸਮਝਾਵਾ,** ਪੁ: / **ਸਮਝੌਤੀ,** ਸ: } ਸਮਝਾਉਣ ਦਾ ਕੰਮ, ਮਨਾਉਣਾ, ਉਪਦੇਸ਼ ॥



**ਸਮਝੌਤੀ ਦੇਣੀ,** ਕ੍ਰਿ:—ਸਲਾਹ ਦੇਣੀ, ਸਿਖਿਆ ਦੇਣੀ, ਜਤਾਉਣਾ ॥

**ਸੰਮਤ,** ਪੁ:—ਸਾਲ, ਸੰਨ, ਰਾਜਾ ਬਿਕਰਮਾਜੀਤ ਜਾਂ ਸਾਲਵਾਹਨ ਜਾਂ ਗੁਰੂ ਨਾਨਕ ਜੀ ਦਾ ਸਨ (ਬਿਕਰਮਾ ਜੀਤੀ ਸੰਮਤ, ਨਾਨਕ ਸ਼ਾਹੀ ਸੰਮਤ)।

**ਸਮੱਧਰ,** ਵਿ:—ਵਿਚਲੇ ਕੱਦ ਦਾ ॥

**ਸਮਧਾ,** ਸ:—ਬਾਲਣ ॥

**ਸੱਮਨ,** ਪੁ:—ਪੱਕਾ ਬਣਿਆ ਹੋਇਆ ਅੱਠ ਕੂਣਾਂ ਵਾਲਾ ਬੁਰਜ, ਕਚਹਿਰੀ ਵੱਲੋਂ ਬੁਲਾਵੇ ਦਾ ਕਾਗਜ਼ ॥

**ਸੱਮਨ ਕੱਢਣੇ,** ਕ੍ਰਿ:—ਕਚਹਿਰੀ ਵਿੱਚੋਂ ਕਿਸੇ ਦੇ ਨਾਉਂ ਦੇ ਬੁਲਾਵੇ ਦੇ ਕਾਗਜ਼ ਜਾਰੀ ਕਰਨੇ ॥

**ਸੱਮਨ ਕਢਾਉਣੇ,** ਕ੍ਰਿ:—ਸੱਮਨ ਜਾਰੀ ਕਰਾਉਣੇ ॥

**ਸੱਮਨ ਬੁਰਜ,** ਪੁ:—ਲਹੌਰ ਦੇ ਕਿਲੇ ਦਾ ਮਸ਼ਹੂਰ ਬੁਰਜ ॥

**ਸਮਪਟ,** ਪੁ:—ਸੰਕੋਚ, ਸਿਮਟਾਉ, ਮੇਲ, ਢੱਕ ਬੰਦ ਹੋਣਾ, ਬੰਦ ਡੱਬਾ, ਇਕ ਪੱਧਰੀ ਤਹਿ ਜਿਸ ਵਿੱਚ ਵਿੱਥਾਂ ਜਾਂ ਦਰਜਾਂ ਨਾ ਹੋਣ ॥

**ਸੱਮਰ ਸੂਹਣੀ,** ਸ:—'ਸਬਰ ਸੂਹਣੀ' ਵੇਖੋ ।

**ਸਮਰਥ / ਸਮਰਥਾ** } ਸ:—ਤਾਕਤ, ਜ਼ੋਰ, ਬਲ, ਸ਼ਕਤੀ ॥

**ਸਮਰਥੀ,** ਵਿ:—ਬਲਵਾਨ, ਜ਼ੋਰਾ ਵਰ, ਕੰਮ ਕਰ ਸੱਕਣ ਵਾਲਾ ॥

**ਸਮਰਣ,** ਪੁ, ਸ:—ਸਿਮਰਣ, ਭਜਨ, ਜਾਪ, ਚੇਤਾ ਧਿਆਨ, ਮਾਲਾ ॥

Digitized by Panjab Digital Library | www.panjabdigilib.org

**ਸੱਮਰਨਾ,** ਕ੍ਰਿ:—'ਸੰਵਰਨਾ' ਵੇਖੋ ॥

**ਸ਼ਮਲਾ,** ਪੁ:—ਪੱਗ ਦਾ ਲਟਕਣ ਵਾਲਾ ਲੜ ॥

**ਸਮਾ,** ਪੁ:—ਵੇਲਾ, ਵਖਤ, ਰੁੱਤ, ਚੰਗੀ ਫਸਲ, ਮੌਕਾ, ਚੀਜ਼ ਵਸਤ ਦਾ ਸੁਕਾਲ, ਸਸਤ, ਇੱਕ ਤਰਾਂ ਦਾ ਕੀੜਾ, ਤਮਾਸ਼ਾ, ਇੱਕ ਨਿੱਕਾ ਜਿਹਾ ਰੁੱਖ। ਇਸ ਸਮੇਂ ਦੇ ਲੋਕ, ਨਵਾਂ ਦੌਰ, ਵੇਲੇ ਦਾ ਲਾਹਾ॥

**ਸਸਤਾ ਸਮਾ,** ਪੁ:—ਜਿਨ੍ਹੀਂ ਦਿਨੀਂ ਚੀਜ਼ ਵਸਤ ਸਸਤੀ ਹੁੰਦੀ ਹੈ॥

**ਸਮਾ ਬੰਨ੍ਹਣਾ,** ਕ੍ਰਿ:—ਸੁਰਤ ਖਿੱਚ ਦੇਣੀ, ਚੰਗਾ ਖਿਆਲ ਕਰਨਾ, ਪਹੁੰਚਣਾ, ਸੁਰ ਮਿਲਾਉਣਾ॥

**ਮਹਿੰਗਾ ਸਮਾ,** ਪੁ:—ਕਾਲ, ਜਿਨ੍ਹੀਂ ਦਿਨੀਂ ਚੀਜ਼ ਵਸਤ ਮਹਿੰਗੀ ਹੋਵੇ।

**ਸ਼ਮਾ,** ਇ:—ਦੀਵਾ, ਚਰਾਗ਼, ਮੋਮ ਬੱਤੀ॥

**ਸ਼ਮਾ ਦਾਨ,** ਪੁ:—ਦੀਵਟ, ਥਾਲ ਵਿੱਚ ਗੱਡਿਆ ਹੋਇਆ ਉੱਚਾ ਦੀਵਾ।

**ਸਮਾਉ,** ਪੁ:—'ਸਮਾਈ' ਵੇਖੋ॥

**ਸਮਾਉਣਾ,** ਕ੍ਰਿ:—ਕਿਸੇ ਥਾਂ ਵਿੱਚ ਆ ਜਾਣਾ, ਅੰਦਰ ਜਾਣਾ, ਮੇਉਂਣਾ, ਮਰ ਜਾਣਾ (ਮਹਾਤਮਾ ਪੁਰਖਾਂ ਦਾ)। ਸੁਆਉਣਾ, ਕਪੜੇ ਸੀਉਣ ਦਾ ਕੰਮ ਦੂਜੇ ਕੋਲੋਂ ਕਰਾਉਣਾ।

**ਜੋਤੀ ਜੋਤ ਸਮਾਉਣਾ,** ਕ੍ਰਿ:—'ਜੋਤੀ' ਵੇਖੋ॥

**ਸਮਾਇਣ,** ਸਂ:—ਦੁੱਧ ਜਮਾਉਣ ਵਾਲੀ ਜਾਗ॥

**ਸਮਾਇਤ,** ਸਂ:—ਸੁਣਨਾ, ਮੁਕੱਦਮੇ ਵਿੱਚ ਦੋਹਾਂ ਧਿਰਾਂ ਦੇ ਬਿਆਨ ਸੁਣਨੇ। ਖ਼ਬਰ, ਸਾਰ, ਸੁੱਧ॥

**ਸਮਾਈ,** ਸਂ:—ਥਾਂ ਜਿਸ ਵਿੱਚ ਕੋਈ ਚੀਜ਼ ਸਮਾ ਸਕੇ। ਧੀਰਜ, ਸਹਾਰਾ। ਸੁਆਈ, ਕਪੜੇ ਸੀਉਣ ਦੀ ਮਜੂਰੀ।

**ਸਮਾਗਮ,** ਪੁ:—ਜੋੜ, ਮੇਲ, ਸੰਗ, ਮੌਕਾ॥

**ਸਮਾਚਾਰ,** ਪੁ:—ਖਬਰ, ਸਾਰ ਸੁੱਧ॥

**ਸਮਾਚਾਰ ਪੱਤ੍ਰ,** ਪੁ:—ਉਹ ਕਾਗਤ ਜਿਸ ਵਿੱਚ ਖਬਰਾਂ ਆਦਿਕ ਛਪਦੀਆਂ ਹਨ। ਅਖ਼ਬਾਰ॥

**ਸਮਾਚਾਰੀ,** ਪੁ:—ਖ਼ਬਰ ਦੇਣ ਵਾਲਾ।

**ਸਮਾਜ,** ਸਂ:—ਸਭਾ, ਸੰਗਤ, ਜੱਥਾ, ਗੋਸ਼ਟ॥

**ਸਮਾਜੀ, ਸਮਾਜੀਆ,** ਪੁ:—ਸਮਾਜ ਦਾ ਸਭਾਸਦ (ਨਿੰਦਾ ਵਾਚਕ ਪਦ)॥

**ਸਮਾਧ, ਸਮਾਧੀ,** ਸਂ:—ਹਿੰਦੂ ਜਾਂ ਸਿੱਖ ਦੀ ਮੜ੍ਹੀ। ਜਿੱਥੇ ਮੁਰਦੇ ਦੇ ਅੰਸ ਦੱਬਕੇ ਉੱਪਰ ਮੜ੍ਹੀ ਬਣਾਈ ਹੋਵੇ।

**ਸਮਾਧ ਲਗਾਉਣੀ, ਸਮਾਧ ਲਾਉਣੀ,** ਕ੍ਰਿ:—ਪਰਮੇਸ਼ਰ ਦੇ ਧਿਆਨ ਵਿੱਚ ਮਗਨ ਹੋਕੇ ਕੁਝ ਚਿਰ ਤੱਕ ਸਾਹ ਰੋਕ ਛੱਡਣਾ (ਜਿਵੇਂ ਕਈ ਸਾਧੂ ਕਰਦੇ ਹਨ॥)

**ਸਮਾਨ,** ਪੁ:—ਮਾਲ ਅਸਬਾਬ, ਸਮਗ੍ਰੀ, ਲੋੜੀਂਦੀ ਚੀਜ਼, ਵਸਤ॥

ਵਿ:—ਨਿਆਈਂ, ਵਰਗਾ, ਵਾਕਰ, ਬਰਾਬਰ, ਸਧਾਰਨ, ਖ਼ਾਸਾ॥

**ਸਮਾਪਤ,** ਵਿ:—ਮੁੱਕਾ ਹੋਇਆ, ਪੂਰਾ ਹੋਇਆ ਹੋਇਆ॥

**ਸਮਾਰਨਾ,** ਕ੍ਰਿ:—ਯਾਦ ਕਰਨਾ, ਚੇਤੇ ਕਰਨਾ, ਦਿਲ ਵਿੱਚ ਰੱਖਣਾ, ਧਿਆਉਣਾ॥

**ਸਮਾਲ੍ਹਣਾ,** ਕ੍ਰਿ:—'ਸੰਭਾਲਣਾ' ਵੇਖੋ॥

Digitized by Panjab Digital Library | www.panjabdigilib.org

**ਸਮ੍ਹਾਲੂ**, ਪੁ:—'ਸੰਭਾਲੂ' ਵੇਖੋ ॥

**ਸਮਿਆਨ**, ਪੁ:—'ਸਮਾਨ' ਵੇਖੋ ॥

**ਸਮਿਆਨਾ**, ਪੁ:—ਤੰਬੂ, ਡੇਰਾ ।

**ਸਮਿਗ੍ਰੀ**, ਸ:—'ਸਮਗ੍ਰੀ' ਵੇਖੋ ॥

**ਸੰਮੀ**, ਪੁ:—ਇੱਕ ਤਰਾਂ ਦਾ ਬਿਰਛ ॥

**ਸਮੀਪ**, ਵਿ:—ਨੇੜੇ, ਪਾਸ, ਲਾਗੇ ॥

**ਸਮੁੱਚਾ**, ਵਿ:—ਸਾਰਾ, ਪੂਰਾ ।

**ਸਮੁੱਚੇ**, ਕ੍ਰਿ:, ਵਿ:—ਬਿਲਕੁਲ, ਸਭ ਤਰਾਂ ॥

**ਸਮੁੰਦ**, **ਸਮੁੰਦਲ**, **ਸਮੁੰਦਰ**, ਪੁ:—ਸਾਗਰ, ਸਰੋਵਰ ।

**ਸਮੁੰਦ ਸੋਖ**, **ਸਮੁੰਦਰ ਸੋਖ**, ਪੁ:—ਇੱਕ ਤਰਾਂ ਦਾ ਘਾਹ, ਜਿਸ ਦੇ ਬੀ ਕਈਆਂ ਰੋਗਾਂ ਲਈ ਗੁਣਕਾਰ ਹਨ ॥

**ਸਮੁੰਦ ਝੱਗ**, **ਸਮੁੰਦਰ ਝੱਗ**, ਸ:—ਇਕ ਤਰਾਂ ਦੀ ਮੱਛੀ ਦੀ ਪਿੱਠ ਦੀ ਹੱਡੀ ਜੋ ਮੱਛੀ ਹਲ ਨਹੀਂ ਮਿਲਦੀ, ਇਹ ਇੱਕ ਤਰਾਂ ਦੀ ਦਵਾਈ ਹੈ ।

**ਸਮੁੰਦਰ ਫੁੱਲ**, ਪੁ:—ਇਕ ਤਰਾਂ ਦੀ ਔਖਧ ਜਿਸ ਦੀ ਜੜ੍ਹ ਕੌੜੀ ਹੁੰਦੀ ਹੈ ਅਤੇ ਬੀ ਖੁਸ਼ਬੂਦਾਰ ॥

**ਸਮੁੰਦਰੀ**, **ਸਮੁੰਦਰੀ**, ਵਿ:—ਸਮੁੰਦਰ ਦਾ

**ਸਮੂਹ**, ਪੁ:—ਜੱਥਾ, ਇਕੱਠ, ਢੇਰ

**ਸਮੂਚਾ**, ਵਿ:—ਸਾਰਾ, ਪੂਰਾ ।

**ਸਮੇਟਣਾ**, ਕ੍ਰਿ:—ਸਾਂਭਣਾ, ਇਕੱਠਾ ਕਰ ਲੈਣਾ, ਮੁਕਾਉਣਾ ।

**ਸਮੇਟੂ**, ਪੁ:—ਸਮੇਟਣ ਵਾਲਾ, ਇਕੱਠਾ ਕਰਨ ਵਾਲਾ ॥

ਵਿ:—ਜੋ ਸਮੇਟਿਆ ਜਾ ਸਕੇ ॥

**ਸਮੇਤ**, ਅਵ:—ਨਾਲ, ਸਣੇ ॥

**ਸਮੇਰ**, ਪੁ:—ਪਹਾੜ ਦਾ ਸਿਖਰ, ਮਾਲਾ ਦਾ ਪਹਿਲਾ ਮਣਕਾ, ਕਿਸੇ ਟੋਲੀ ਦਾ ਸਭ ਤੋਂ ਚੰਗਾ ਮਨੁੱਖ ॥

**ਸਮੇਰ ਪਰਬਤ**, ਪੁ:—ਇੱਕ ਮੰਨਿਆ ਹੋਇਆ ਸੋਨੇ ਦਾ ਪਹਾੜ ਜਿੱਥੇ ਦੇਉਤੇ ਰਹਿੰਦੇ ਹਨ ਅਤੇ ਜਿਸ ਦੇ ਚੁਫੇਰ ਸੂਰਜ ਘੁੰਮਦਾ ਹੈ ॥

**ਸਮੋਸ**, ਪੁ:—'ਸਮੋਸਾ' ਵੇਖੋ ॥

**ਸਮੋਸਾ**, ਪੁ:—ਇਕ ਸਧਾਰਨ ਤਰਾਂ ਦੇ ਚਾਉਲ ॥

**ਸਮੋਣਾ**, ਕ੍ਰਿ:—ਤੱਤੇ ਪਾਣੀ ਵਿਚ ਠੰਢਾ ਮਿਲਾ ਕੇ ਉਸ ਦੀ ਗਰਮੀ ਨੂੰ ਘਟਾਣਾ ।

**ਸੰਵਰਣਾ**, ਕ੍ਰਿ:—ਸਜਣਾ, ਸਿੰਗਾਰ ਕਰਨਾ ॥

**ਸਯਹਜ਼**, ਪੁ:—ਸਾਇਆ, ਸਹਾ ॥

**ਸੱਯਦ**, ਪੁ:—'ਸਈਯਦ' ਵੇਖੋ ।

**ਸੱਯਦਾਣੀ**, ਸ:—'ਸਇਦਾਣੀ' ਵੇਖੋ ॥

**ਸਯਾਂ**, ਸ:—ਸਖੀਆਂ, ਸਹੇਲੀਆਂ ॥

**ਸਰ**, ਪੁ:—ਤਲਾਉ, ਤਾਲ, ਛੱਪੜ, ਭੇਤ, ਗੁੱਝੀ ਗੱਲ । ਇੱਕ ਤਰਾਂ ਦਾ ਕਾਨਾ, ਇਕ ਤਰਾਂ ਦਾ ਘਾਹ ਜੋ ਛੱਪਰਾਂ ਉੱਤੇ ਪੈਂਦਾ ਹੈ ਅਤੇ ਜਿਸ ਦੀਆਂ ਡੂਹੜੀਆਂ ਬਲਦੀਆਂ ਹਨ ਅਰ ਜੋ ਡੰਗਰਾਂ ਨੂੰ ਚਾਰਦੇ ਹਨ ॥

ਸ:—ਜਿਤ, ਫਤ, ਦੂਰੀ, ਫਿਰ ॥

ਵਿ:—ਤੀਰ ਵਾਕਰ ਸਿੱਧਾ ।

**ਸਰ ਆਉਣਾ**, ਕ੍ਰਿ:—ਭੇਤ ਜਾਂ ਗੁੱਝੀ ਗੱਲ ਨੂੰ ਸਮਝ ਲੈਣਾ ॥

Digitized by Panjab Digital Library | www.panjabdigilib.org

**ਸਰ ਹੋਣਾ,** ਕ੍ਰਿ:—ਫਤੇ ਹੋਣਾ, ਜਿੱਤਿਆ ਜਾਣਾ ॥

**ਸਰ ਕਰਨਾ,** ਕ੍ਰਿ:—ਜਿੱਤਣਾ, ਫ਼ਤੇ ਕਰਨਾ, ਠੀਕ ਕਰਨਾ, ਤਿਆਰ ਕਰਨਾ, ਸੋਧਣਾ, ਪੂਰਾ ਕਰਨਾ, ਹੁੱਕੇ ਦੀ ਨੜੀ ਨੂੰ ਖੋਲ੍ਹਣਾ ॥

**ਸਰ ਗਰੋਹ,** ਪੁ:—ਸੈਨਾ ਪਤੀ, ਜੱਥੇ ਦਾਰ, ਸਾਧਾਂ ਦੀ ਮੰਡਲੀ ਦਾ ਆਗੂ, ਮੁਖੀਆ, ਸਰਦਾਰ ॥

**ਸਰ ਗਰੋਹੀ,** ਸ:—ਸਰ ਗਰੋਹ ਦੀ ਪਦਵੀ ॥

**ਸਰਗੁਣ,** ਵਿ:—ਸਭਨਾਂ ਗੁਣਾਂ ਵਾਲਾ, ਪਰਮੇਸ਼ੁਰ ॥

**ਸਰ ਜਾਣਾ,** ਕ੍ਰਿ:—ਨਿਰਬਾਹ ਹੋਣਾ, ਪੁੱਗਣਾ ਬਾਜੀ ਵਿਚ ਬਰੌਬਰ ਰਹਿਣਾ। ਵੈਤਣ ਵਿਚ ਲੋੜੀ ਚੀਜ਼ ਪੂਰੀ ਹੋਣੀ ॥

**ਸਰਜੀਤ,** ਵਿ:—ਜਿੱਤਣ ਵਾਲਾ, ਤਾ,ਪਰਤਾਪੀ, ਜ਼ੋਰਾਵਰ ॥

**ਸਰ ਦੇਣੀ,** ਕ੍ਰਿ:—ਜਿੱਤਣ ਦੇਣਾ ( ਤਾਸ਼ ਆਦਿਕ ਦੀ ਖੇਡ ਵਿਚ ), ਢਿੱਲ ਕਰਨੀ, ਪਤੰਗ ਦੀ ਡੋਰ ਢਿੱਲੀ ਛੱਡਣੀ, ਰੱਸੀ ਨੂੰ ਗੰਢ ਪਾਉਣੀ ॥

**ਸੱਰ ਸੱਰ ਕਰਨਾ,** ਕ੍ਰਿ:—ਛੁੱਟੇ ਹੋਏ ਤੀਰ ਜਾਂ ਸੱਪ ਦੇ ਤੁਰਨ ਦੀ ਅਵਾਜ਼ ਜਾਂ ਇਸ ਤਰਾਂ ਦੀ ਹੋਰ ਅਵਾਜ਼ ਨਿੱਕਲਣੀ ॥

**ਸ਼ਰਈ,** ਵਿ:-ਸ਼ਰਾ ਮੂਜਿਬ ( 'ਸ਼ਰਾ ਵੇਖੋ') ॥

**ਸ਼ਰਈ ਪਜਾਮਾ,** ਪੁ:-ਗਿੱਟਿਆਂ ਤੱਕ ਪਹੁੰਚਣ ਵਾਲਾ ਪਜਾਮਾ ਜਿਹਾ ਪੱਕੇ ਮੁਸਲਮਾਨ ਪਾਉਂਦੇ ਹਨ ॥

**ਸ਼ਰਈ ਦਾੜ੍ਹੀ,** ਸ:-ਛੋਟੀ ਦਾੜ੍ਹੀ ( ਜੋਹੀ ਸ਼ਰਾ ਦੇ ਮੁਜਿਬ ਰੱਖਣੀ ਚਾਹੀਦੀ ਹੈ ) ॥

**ਸਰਸ,** ਪੁ:-ਬਹੁਤ, ਵੱਧ, ਚੰਗਾ, ਖਰਾ, ਸਭ ਤੋਂ ਚੰਗਾ ( ਬਰਸੇ ਮਾਘ, ਸਰਸੇ ਭਾਗ ) ॥

**ਸਰਸੋਂ,** ਵਿ:—ਬਹੁਤ, ਵਧੀਕ, ਚੰਗਾ, ਭਾਗਾਂ ਚੰਗਾ ॥

ਪੁ:—ਇੱਕ ਤਰਾਂ ਦੀ ਕੜਛੀ ਜਿਸ ਨੂੰ ਹਲਵਾਈ ਵਰਤਦੇ ਹਨ, ਇੱਕ ਨਹਿਰ,ਇੱਕ ਸ਼ਹਿਰ ਦਾ ਨਾਉਂ ॥

**ਸਰਸਾਈ,** ਸ:—ਬਹੁਤਾਇਤ, ਲਹਿਰ ਬਹਿਰ। 'ਸਰਸਾਹੀ' ਭੀ ਵੇਖੋ ॥

**ਸਰਸਾਹੀ,** ਪੁ:—'ਸਿਰਸਾਹੀ' ਵੇਖੋ ॥

**ਸਰਸਾਮ,** ਪੁ:—ਅੰਤ ਗਰਮੀ ਨਾਲ ਜੋ ਮੂਰਛਾ ਆ ਜਾਵੇ, ਬੇ ਹੋਸ਼ੀ, ਪਾਗਲ ਪੁਣਾ, ਸਿਰ ਦੇ ਸੋਜ ਦਾ ਰੋਗ ॥

**ਸਰਸੋਂ,** ਸ:—'ਸਰਹੋਂ' ਵੇਖੋ ॥

**ਸਰਹਾਉਂਦੀ**
**ਸਰਹਾਂਦੀ**
**ਸਰ੍ਹਾਂਦੀ** } ਸ: ਮੰਜੇ ਜਾਂ ਸਮਾਧ ਆਦਿਕ ਦਾ ਸਿਰ ਵਾਲਾ ਪਾਸਾ ॥

**ਸਰਹਾਣਾ**
**ਸਰ੍ਹਾਣਾ** } ਪੁ: -ਮੰਜੇ ਜਾਂ ਸਮਾਧ ਆਦਿਕ ਦਾ ਸਿਰਾ,ਤਕੀਆ ॥

**ਸਰਹਿੰਦਾ,** ਸ:—ਇੱਕ ਜਾਤ ਦਾ ਨਾਉਂ ।

**ਸਰਹੋਂ,** ਸ:—ਇੱਕ ਬੂਟਾ ਜਿਸ ਦੇ ਬੀ ਰਾਈ ਵਾਕਰ ਹੁੰਦੇ ਹਨ, ਇਸ ਦਾ ਸਾਗ ਲੋਕ ਖਾਂਦੇ ਹਨ ਅਤੇ ਤੇਲ ਬਾਲਣ ਦੇ ਭੀ ਕੰਮ ਆਉਂਦਾ ਹੈ ਅਤੇ ਖਾਣ ਵਾਲੀਆਂ ਚੀਜਾਂ ਵਿੱਚ ਭੀ ਵਰਤਿਆ ਜਾਂਦਾ ਹੈ । ਸਰਹੋਂ ਸਿਆਲ ਵਿਚ ਉੱਗਦੀ ਹੈ ॥

**ਸਰਕ,** ਸ:—ਹਿੱਲ ਜੁੱਲ, ਪੰਛੀਆਂ ਨੂੰ ਫਾਹੁਣ ਵਾਲੇ ਜਾਲ ਦੀ ਰੱਸੀ ॥

Digitized by Panjab Digital Library | www.panjabdigilib.org

**ਸਰਕਸ,** ਪੁ:—ਜੰਗਲੀ ਅਤੇ ਹੋਰ ਜਾਨਵਰਾਂ ਦੀਆਂ ਖੇਡਾਂ ਦਾ ਤਮਾਸ਼ਾ ॥

**ਸਰਕੰਡਾ,** ਪੁ:—ਮੁੰਜ ਦੀ ਕੈਰੀ ਜਿਸਨੂੰ ਫੁੱਲ ਲਗਦੇ ਹਨ ॥

**ਸਰਕੱਢਾ,** ਵਿ:—ਮੰਨਿਆ ਦੰਨਿਆ, ਪਰਧਾਨ, ਮੁਖੀਆ, ਆਗੂ, ਸਰਦਾਰ ॥

**ਸਰਕਣਾ,** ਕ੍ਰਿ:—ਹਿੱਲਣਾ, ਰਸਤੇ ਵਿੱਚੋਂ ਪਰੇ ਹਟ ਜਾਣਾ, ਲਾਂਭੇ ਹੋਣਾ ॥

**ਸਰਕੱਪ,** ਪੁ:—ਪਿਛਲੇ ਸਮੇ ਦਾ ਇਕ ਰਾਜਾ ਜੋ ਲੋਕਾਂ ਦੇ ਸਿਰ ਕਪਦਾ ਹੁੰਦਾ ਸਾ। ਰਾਜੇ ਰਸਾਲੂ ਕੋਲੋਂ ਉਹ ਹਾਰਿਆ ॥

**ਸਰਕਰਦਾ,** ਪੁ:—ਵੱਡਾ ਆਦਮੀ, ਸਰਦਾਰ, ਪਰ-ਧਾਨ, ਫ਼ੌਜੀ ਅਫ਼ਸਰ, ਖਖਤਾਵਰ, ਕਰਨ ਕਾਰਨ, ਮੁਖ਼ਤਿਆਰ ॥

**ਸਰਕੜਾ,** ਪੁ:—ਮੁੰਜ ਦਾ ਘਾਹ ਤੇ ਪੱਤਰ, ਕਾਹੀ, ਸਰਕੰਡਾ।

**ਸਰਕਾਉਣਾ,** ਕ੍ਰਿ:—ਹਿਲਾਉਣਾ, ਲਾਂਭੇ ਕਰਨਾ, ਖਿੱਚਣਾ ॥

**ਸਰਕਾਰ,** ਪੁ:—ਪਾਤਸ਼ਾਹ ਦਾ ਦਰਬਾਰ, ਰਾਜ ਰਾਜਾ, ਅਲਾਕੇ ਦਾ ਮਾਲਕ, ਸਰਦਾਰ, ਅਧਕਾਰੀ, ਵੱਡਾ ਆਦਮੀ (ਆਦਰ ਲਈ ਬੋਲਦੇ ਹਨ) ਪਰਜਾ ਦੇ ਅਧੀਨ ਜੋ ਰਾਜ ਹੋਵੇ। ਮਹਾਰਾਜਾ ਰਣਜੀਤ ਸਿੰਘ, ਕਾਲਾ ਮਨੁੱਖ ॥

**ਸਰਕਾਰ ਅੰਗ੍ਰੇਜ਼ੀ,** ਸ:—ਅੰਗ੍ਰੇਜ਼ਾਂ ਦਾ ਰਾਜ ॥

**ਸਰਕਾਰੇ ਦਰਬਾਰੇ ਚੜ੍ਹਨਾ,** ਕ੍ਰਿ:—ਕਚਹਿਰੀ ਵਿੱਚ ਜਾ ਅਰਜ਼ੀ ਪਾਉਣੀ। ਨਾਲਸ਼ ਕਰਨੀ। (ਸਰਕਾਰ ਵਿਚ ਅੰਧਾਰ, ਸਾਧ ਕੂੜਾ ਚੋਰ ਸਚਿਆਰ = ਅਦਾਲਤਾਂ ਵਿੱਚ ਨਿਆਉਂ ਨਹੀਂ ਹੁੰਦਾ) ॥

**ਸਰਕਾਰੀ**
**ਸਰਕਾਰੂ** } ਵਿ:—ਸਰਕਾਰ ਦਾ, ਸਰਕਾਰ ਵਲੋਂ (ਸਰਕਾਰੀ ਆਦਮੀ, ਸਰਕਾਰੀ ਨੌਕਰ, ਸਰਕਾਰੀ ਦਫ਼ਤਰ, ਸਰਕਾਰੀ ਮਾਲ ਸਰਕਾਰੀ ਮਕਾਨ, ਸਰਕਾਰੀ ਨੌਕਰੀ, ਸਰ-ਕਾਰੀ ਹੁਕਮ ਆਦਿਕ) ॥

**ਸਰਗਸਤ,** ਪੁ:—ਘੋੜੀ ਉੱਤੇ ਚੜ੍ਹੇ ਹੋਏ ਲਾੜੇ ਦੇ ਸਿਰ ਉੱਤੇ ਫਿਰਨ ਵਾਲਾ ਕਾਗਤਾਂ ਦਾ ਵਤਰ ॥

**ਸਰਗਹੀ,** ਸ:—'ਸਰਘੀ' ਵੇਖੋ ॥

**ਸਰਗਮ,** ਪੁ:—ਸ:—ਰਾਗ ਦੀਆਂ ਸੱਤ ਸੁਰਾਂ 'ਸਾ ਰੇ ਗਾ ਮਾ ਪਾ ਧਾ ਨੀ)

**ਸਰਗਰਾ,** ਸ:—ਖਵੀ, ਪੰਨ੍ਹੀ ॥

**ਸਰੰਗੀ,** ਪੁ:—ਇਕ ਤਰਾਂ ਦਾ ਤਾਰਾਂ ਵਾਲਾ ਵਾਜਾ, ਜਿਸ ਨੂੰ ਬਾਹਲਾ ਗੁਆਰ ਵਜਾਉਂਦੇ ਹਨ ॥

**ਸਰੰਗੀ,** ਸ:—ਇਕ ਤਰਾਂ ਦਾ ਤਾਰਾਂ ਵਾਲਾ ਵਾਜਾ, ਕਿੰਗਾਰੀ ॥

**ਸਰੰਗੀਆ,** ਪੁ:—ਸਰੰਗੀ ਵਜਾਉਣ ਵਾਲਾ, ਢਸੰਨ੍ਹੀ।

**ਸਰਗੁਣ,** ਵਿ:—ਗੁਣਾ ਵਾਲਾ ॥

**ਸਰਘੀ,** ਸ:—ਰੋਜਿਆਂ ਦੇ ਦਿਨਾਂ ਵਿਚ ਮੁਸਲਮਾਨ ਤੜਕੇ ਹੀ ਜੋ ਕੁਝ ਖਾਂਦੇ ਹਨ। ਵਰਤ ਉਪਾ-ਰਨ ਵਾਸਤੇ ਜੋ ਕੁਝ ਤੜਕੇ ਖਾਧਾ ਜਾਵੇ ॥

**ਸਰਘੀ ਵੇਲਾ,** ਪੁ:—ਪਰਭਾਤ, ਤੜਕੇ ਸਾਰ ॥

**ਸਰਚਣਾ,** ਕ੍ਰਿ:—ਇਸ ਤਰਾਂ ਕੋਈ ਚੀਜ਼ ਵੰਡੀ ਜਾਣੀ ਕਿ ਸਭ ਨੂੰ ਹਿੱਸਾ ਮਿਲ ਜਾਵੇ, ਕੋਈ ਅਣਵਿੰਡ ਨਾ ਰਹੇ

**ਸਰਚਾਉਣਾ,** ਕ੍ਰਿ:—ਵੰਡਣ ਵੇਲੇ ਸਭ ਨੂੰ ਹਿੱਸਾ ਦੇਣਾ ॥

Digitized by Panjab Digital Library | www.panjabdigilib.org

**ਸਰਜਣਹਾਰ** / **ਸਰਜਨਹਾਰ**, ਪੁ:—ਕਰਤਾਰ, ਪੈਦਾ ਕਰਨ ਵਾਲਾ।

**ਸਰਜਨ**, ਪੁ:—ਡਾਕਟਰ, ਫੋੜੇ ਆਦਿਕ ਚੀਰਨ ਵਾਲਾ ਡਾਕਦਾਰ॥

**ਸਰੰਜਾਮ**, ਪੁ:—ਲਾਹ, ਪਰਾਪਤ, ਪਰੋਜਨ, ਅੰਤ ਤਿਆਰੀ, ਸਮਾਨ॥

**ਸਰਟਿਫਿਕੇਟ**, ਪੁ:—'ਸਨਦ' ਵੇਖੋ।

**ਸ਼ਰਨ**, ਸ:—ਬਚਾਉ, ਰਖ, ਆਸਰਾ, ਸਹਾਰਾ, ਓਟ, ਓਦਵਸਾ।

**ਸ਼ਰਨ ਪੈਣਾ**, ਕ੍ਰਿ:—ਓਟ ਲੈਣਾ, ਸਹਾਰਾ ਪਕੜਨਾ, ਆਸਰੇ ਆਉਣਾ

**ਸ਼ਰਤ**, ਸ:—ਇਕਰਾਰ, ਠੇਕਾ, ਬਾਂਧ, ਦਾਉ।

**ਸ਼ਰਤ ਕਰਨੀ** / **ਸ਼ਰਤ ਬੰਨ੍ਹਣੀ** / **ਸ਼ਰਤ ਲਾਉਣੀ**, ਕ੍ਰਿ:—ਦਾਉ ਲਗਾਉਣਾ, ਇਕਰਾਰ ਕਰਨਾ॥

**ਸਰਤਣਾ**, ਕ੍ਰਿ: ਵੰਡਿਆ ਜਾਣਾ, ਨਿਕਾਲੇ ਲੱਗਣਾ। ਅਲੱਗ ਹੋਣਾ, ਸਰਤਾਉਣਾ, ਵੰਡਣਾ ਅਲੱਗ ਕਰਨਾ, ਵਰਤ ਲੈਣਾ, ਭੁਗਤਾਉਣਾ॥

**ਸਰਦ**, ਵਿ:—ਠੰਢਾ॥

**ਸਰਦ ਕੱਪੜੇ**, ਪੁ:—ਉਨ੍ਹਾਲ ਦੀ ਪੁਸ਼ਾਕ॥

**ਸਰਦ ਖਾਨਾ**, ਪੁ:—ਜ਼ਮੀਨ ਦੀ ਤਹਿ ਤੋਂ ਥੱਲੇ ਦਾ ਕਮਰਾ॥

**ਸਰਦਈ**, ਵਿ:—ਇੱਕ ਤਰਾਂ ਦਾ ਰੰਗ। (ਸਰਦੇ ਦੇ ਰੰਗ ਵਰਗਾ)॥

**ਸਰਦਲ**, ਸ:—ਦਰਵਾਜ਼ੇ ਦੀ ਚੁਗਾਠ ਦਾ ਹੇਠਲਾ ਹਿੱਸਾ॥

**ਸਰਦਾ**, ਪੁ:—ਇੱਕ ਤਰਾਂ ਦਾ ਪਿੱਤਲ ਜਾਂ ਕਾਂਸੀ ਦਾ ਕਟੋਰਾ, ਇੱਕ ਬਹੁਤ ਚੰਗੀ ਕਿਸਮ ਦਾ ਖਰਬੂਜ਼ਾ ਜੋ ਕੰਧਾਰ ਅਤੇ ਕਾਬਲ ਵਿੱਚ ਉਗਦਾ ਹੈ।

**ਸਰਦਾ ਬਰਦਾ**, ਪੁ:—ਜਿਸ ਕੋਲ ਸਭ ਲੋੜੀਦੀਆਂ ਚੀਜ਼ਾਂ ਹਨ ਜੋ ਕਿਸੇ ਦਾ ਮੁਥਾਜ ਨਹੀਂ, ਘਰੋਂ ਰੱਜਾ।

**ਸਰਦਾਈ**, ਸ: ਸਰਦੀ, ਠੰਢ, ਇੱਕ ਤਰਾਂ ਦੀ ਠੰਢ ਪਾਉਣ ਵਾਲੀ ਦੁਆ ਜੋ ਬਦਾਮ, ਚਾਰ ਮਗਜ਼ ਆਦਿਕਾਂ ਨੂੰ ਘੋਟਨ ਨਾਲ ਬਣਦੀ ਹੈ॥

**ਸਰਦਾਰ**, ਪੁ:—ਪਰਧਾਨ, ਮੁਖੀਆ, ਕਿਸੇ ਸਾਹਬ ਦਾ ਬਾਹਰਾ, ਫੌਜਾ ਸਿੰਘ।

**ਸਰਦਾਰਨੀ**, ਸ:—ਸਰਦਾਰ ਦੀ ਵਹੁਟੀ, ਘਰਵਾਲੀ॥

**ਸਰਦਾਰੀ**, ਸ:—ਸਰਦਾਰ ਦੀ ਪਦਵੀ, ਪਰਧਾਨਤਾਈ॥

**ਸਰਦੀ**, ਸ:—ਠੰਢ, ਸੀਤ, ਰੇਜ਼ਾ॥

**ਸਰਧਾ**, ਸ:—ਨਿਹਚਾ, ਯਕੀਨ, ਭਰੋਸਾ, ਕਿਰਪਾ, ਪਰਤਾਪ, ਇੱਛਿਆ, ਚਾਹ, ਸ਼ਕਤੀ॥

**ਸਰਧਾਲੂ**, ਵਿ:—ਜਿਸ ਵਿੱਚ ਸਰਧਾ ਹੈ।

**ਸਰਨਾ**, ਸ:—'ਸ਼ਰਨ' ਵੇਖੋ।
ਇੱਕ ਟੰਗ ਦੀ ਸੁਭਾਉਕ ਕਮਜ਼ੋਰੀ।
(ਡੰਗਰਾਂ ਦੀ)॥

**ਸਰਨਾ**, ਵਿ:—ਜਿਸ ਪਸ਼ੂ ਦੀ ਇੱਕ ਟੰਗ ਸੁਭਾਉਕ ਹੀ ਕਮਜ਼ੋਰ ਹੋਵੇ॥
ਸ:—ਇੱਕ ਔਖਧ।
ਕ੍ਰਿ:—ਚਲਣਾ, ਹੋ ਜਾਣਾ, ਪੂਰਾ ਹੋਣਾ, ਨਿਬਣਾ, ਭੁਗਤਣਾ, ਬਰਾਬਰ ਹੋਣਾ, ਮੁੱਕਣਾ॥

**ਸਰਨਾਇਚੀ**, ਪੁ:—ਇੱਕ ਤਰਾਂ ਦੀ ਤੂਰੀ ਵਜਾਉਣ ਵਾਲਾ॥

Digitized by Panjab Digital Library | www.panjabdigilib.org

**ਸਰਨਾਈ**
**ਸਰਨਾਹ**
**ਸਰਨਾਹੀ** } ਸ:—ਕਿਸੇ ਜਨੌਰ ਦੀ ਖੱਲ ਜਿਸ ਵਿਚ ਵਾਉ ਭਰਕੇ ਅਤੇ ਜਿਸ ਉੱਤੇ ਚੜ੍ਹ ਨਦੀ ਪਾਰ ਹੁੰਦੇ ਹਨ ।

**ਸਰਨਾਟਾ,** ਪੁ: —ਤਿੱਖੀ ਅਵਾਜ਼, ਪਟਾਕਾ ॥

**ਸਰਨਾਟਾ ਕਰਨਾ,** ਕ੍ਰਿ:—ਵਾਉ ਵਿੱਚ ਪੰਛੀਆਂ ਦੇ ਉੱਡਣ ਨਾਲ ਜਾਂ ਹਨੇਰੀ ਆਦਿਕ ਨਾਲ ਅਵਾਜ਼ ਆਉਣੀ ॥

**ਸਰਨਾਮਾ,** ਪੁ:—ਕਿਸੇ ਦਾ ਪਤਾ ਜੋ ਚਿੱਠੀ ਵਿੱਚ ਜਾਂ ਲਫ਼ਾਫ਼ੇ ਉੱਤੇ ਲਿਖਿਆ ਜਾਂਦਾ ਹੈ ।

**ਸਰਪ,** ਪੁ:—'ਸੱਪ' ਵੇਖੋ ॥

**ਸਰਪਟ,** ਸ:—ਘੋੜੇ ਦੀ ਸਭ ਤੋਂ ਵਧੀਕ ਤਿੱਖੀ ਚਾਲ, ਉਸ ਚਾਲੇ ਘੋੜੇ ਨੂੰ ਦੁੜਾਉਣਾ ॥

**ਸਰਪਟ ਦੇਣੀ,** ਕ੍ਰਿ:—ਘੋੜੇ ਨੂੰ ਸਭ ਤੋਂ ਤਿੱਖੀ ਚਾਲੇ ਦੁੜਾਉਣਾ ਜਾਂ ਦੌੜਨ ਦੇਣਾ ॥

**ਸਰਪਤ,** ਸ:—ਸਰ, ਸਰਕੜਾ ॥

**ਸਰਪੇਚ,** ਪੁ:-ਪੱਗ ਉੱਪਰ ਬੰਨ੍ਹਣ ਵਾਲਾ ਕਨਾਰੀ ਦਾ ਪਟਕਾ ॥

**ਸਰਪੈਂਚ,** ਪੁ:—ਪੰਚ, ਦੋਹਾਂ ਧਿਰਾਂ ਦਾ ਝਗੜਾ ਨਿਬੇੜਨ ਵਾਲਾ, ਦੋ ਨਿਆਉਂ ਕਰਨ ਵਾਲਿਆਂ ਦਾ ਸਰਦਾਰ, ਚੌਧਰੀ ॥

**ਸਰਪੋਸ਼,** ਪੁ:—ਢੱਕਣ, ਢੱਕਣ ਵਾਲਾ ਛਿੱਕੂ, (ਰੋਟੀਆਂ ਜਾਂ ਕਪੜੇ ਆਦਿਕ ਰੱਖਣ ਲਈ) ॥

**ਸ਼ਰਫ਼,** ਪੁ:—ਇੱਜ਼ਤ, ਵਡਿਆਈ, ਕਿਰਪਾ ॥

**ਸਰਫ਼ ਅਦਾਲਤ,** ਪੁ:—ਜ਼ਿਲੇ ਦੀ ਕਚਹਿਰੀ ਜਾਂ ਤਸੀਲ ਦਾ ਫ਼ਾਰਸੀ ਅਫ਼ਸਰ ॥

**ਸਰਫ਼ਰਾਜ਼,** ਵਿ:—ਨਾਮ ਵਰ, ਮਸ਼ਹੂਰ, ਚੜ੍ਹਿਆ ਹੋਇਆ ॥

**ਸਰਫ਼ਰਾਜ਼ੀ,** ਸ:-ਨਾਮਵਰੀ, ਤਰੱਕੀ, ਚਾੜ੍ਹਾ ॥

**ਸਰਫ਼ਾ,** ਪੁ:-ਸੂਮ ਪੁਣਾ, ਕਿਰਸ, ਕੰਜੂਸੀ, ਥੋੜਾ ਖਰਚ ਕਰਕੇ ਧਨ ਜੋੜਨਾ ।

**ਸਰਫ਼ਾ ਕਰਕੇ ਸੁੱਤੀ ਜੋ**
**ਆਟਾ ਖਾ ਗਈ ਕੁੱਤੀ** } ਜਿੰਨਾ ਸਰਫ਼ਾ ਕੀਤਾ ਉਸ ਤੋਂ ਵੱਧ ਨੁਕਸਾਨ ਹੋਇਆ ॥

**ਸਰਬ,** ਵਿ:-ਸਭ, ਸਾਰਾ ॥

**ਸਰਬ ਗਿਆਨੀ,** ਪੁ:-ਸਭ ਕੁਝ ਜਾਨਣ ਵਾਲਾ, ਸਰਬੱਗ ॥

**ਸਰਬਦਾ,** ਕ੍ਰਿ:, ਵਿ:-ਸਦਾ, ਨਿੱਤ ॥

**ਸਰਬ ਦਾਤਾ,** ਪੁ:-ਸਭ ਨੂੰ ਦੇਣ ਵਾਲਾ, ਪਰਮੇਸ਼ਰ ॥

**ਸਰਬ ਪਾਲਕ,** ਪੁ:-ਸਭ ਨੂੰ ਪਾਲਣ ਵਾਲਾ, ਪਰਮੇਸ਼ੁਰ ॥

**ਸਰਬ ਬਯਾਪਕ**
**ਸਰਬ ਬਿਆਪਕ**
**ਸਰਬ ਬਿਆਪੀ**
**ਸਰਬ ਬਿਯਾਪੀ** } ਵਿ:-ਜੋ ਸਭਨੀਂ ਥਾਂਈਂ ਹੈ, ਪਰਮੇਸ਼ੁਰ

**ਸਰਬ ਬਿਦਯਾ**
**ਸਰਬ ਬਿੱਦਿਆ** } ਪੁ:, ਸ: ਸਾਰੀਆਂ ਵਿੱਦਿਆ ਜਾਨਣ ਵਾਲਾ ॥

**ਸਰਬ ਭੱਖੀ,** ਵਿ:-ਸਭ ਕੁਝ ਖਾ ਜਾਣ ਵਾਲਾ, ਸਰਭੰਗੀ ॥

**ਸਰਬ ਰਸ,** ਪੁ:-ਲੂਣ (ਸਿੰਘਾਂ ਦਾ ਬੋਲਾ) ॥

**ਸਰਬ ਵਯਾਪਕ**
**ਸਰਬ ਵਿਆਪਕ**
**ਸਰਬ ਵਯਾਪੀ**
**ਸਰਬ ਵਿਆਪੀ** } ਪੁ:-'ਸਰਬ ਬਿਆਪੀ' ਵੇਖੋ ॥

**ਸਰਬ ਵਿਦਯਾ**
**ਸਰਬ ਵਿੱਦਿਆ** } ਸ:-ਸਰਬ ਬਿਦਿਆ ਵੇਖੋ ॥

**ਸਰਬੱਗ,** ਵਿ:-ਸਭ ਕੁਝ ਜਾਨਣ ਵਾਲਾ, ਸਭਨੀ ਥਾਈਂ ਮੌਜੂਦ, ਸਰਬ ਬਿਆਪੀ ॥

**ਸਰਬੱਗ ਤਾਈ,** ਸ:-ਸਭ ਕੁਝ ਜਾਨਣਾ ॥

Digitized by Panjab Digital Library | www.panjabdigilib.org

**ਸਰਬੰਗ,** ਪੁ:-ਸਭ ਦੇ ਹੱਥੋਂ ਅਤੇ ਸਭ ਥਾਵਾਂ ਦੀ ਚੀਜ਼ ਬਿਨਾ ਵਿਚਾਰੇ ਖਾ ਜਾਣੀ ॥

**ਸਰਬੰਗਣ,** ਸ:—ਸਭ ਦੇ ਹੱਥੋਂ ਅਤੇ ਸਭ ਥਾਂਵਾਂ ਦੀ ਚੀਜ਼ ਖਾ ਜਾਣ ਵਾਲੀ, ਇੱਕ ਤਰਾਂ ਦੇ ਫਕੀਰਾਂ ਦਾ ਪੰਥ ॥

**ਸਰਬੱਗੀ,** ਵਿ:-ਸਭ ਕੁਝ ਜਾਨਣ ਵਾਲਾ, ਹਰ ਥਾਂ ਮੌਜੂਦ ॥
ਸ:-ਸਭ ਕੁਝ ਜਾਨਣਾ, ਸਭ ਥਾਂ ਮੌਜੂਦ ਹੋਣਾ ॥

**ਸਰਬੰਗੀ,** ਪੁ:-ਸਰਬ ਭੱਖੀ, ਇੱਕ ਤਰਾਂ ਦਾ ਫਕੀਰ ਜੋ ਸਭ ਕੁਝ ਅਤੇ ਹਰ ਮਨੁੱਖ ਦੇ ਹੱਥੋਂ ਖਾ ਲੈਂਦੇ ਹਨ ॥

**ਸ਼ਰਬਤ,** ਪੁ:-ਮਿੱਠਾ ਪਾਣੀ, ਫਲਾਂ ਦਾ ਰਸ, ਮਿੱਠੇ ਵਿਚ ਮਿਲਾਕੇ ਪਕਾਇਆ ਹੋਇਆ, ਜੋ ਪਾਣੀ ਵਿਚ ਪਾਕੇ ਪੀਂਦੇ ਹਨ ॥

**ਸਰਬੱਤ,** ਵਿ:—ਸਭ ਜਣੇ, ਸਾਰੇ, ਹਰ ਕੋਈ ॥

**ਸਰਬਤ੍ਰ,** ਕ੍ਰਿ:, ਵਿ:—ਸਭ ਥਾਂ ॥

**ਸ਼ਰਬਤੀ,** ਵਿ:—ਸ਼ਰਬਤ ਦੇ ਰੰਗ ਦਾ, ਰਸ ਵਾਲਾ, ਸ਼ਰਬਤ ਦੇ ਜੋਗ, ਪੀਲੇ ਜਾਂ ਲਾਲ ਧਾਨ ॥

**ਸਰਬੰਧ,** ਪੁ:—ਸਨਬੰਧ, ਸਾਕ, ਸਕੀਰਾਂ, ਸਾਂਝ, ਮੌਕਾ ।

**ਸਰਬੰਧਣ,** ਸ: } **ਸਰਬੰਧੀ,** ਪੁ: } ਸਾਕ, ਸਾਥੀ, ਜਿਸ ਨਾਲ ਸਰਬੰਧ ਹੋਵੇ ॥

**ਸਰਬਰਾਹ,** ਪੁ:-ਮੁਖਤਿਆਰ, ਗੁਮਾਸ਼ਤਾ, ਕਾਰਿੰਦਾ ॥

**ਸਰਬਾਣ,** ਪੁ:-ਊਠ ਵਾਹੁਣ ਵਾਲਾ ॥

**ਸਰਬਾਣੀ,** ਸ:-ਊਠ ਵਾਹੁਣ ਦਾ ਕੰਮ ॥

**ਸਰਬਾਨਣੀ,** ਸ:-ਊਠ ਵਾਹਣ ਵਾਲੇ ਦੀ ਤ੍ਰੀਮਤ ॥

**ਸਰਬਾਲ੍ਹਾ,** ਪੁ:-ਲਾੜੇ ਦੇ ਪਿੱਛੇ ਘੋੜੀ ਉੱਤੇ ਬੈਠਣ ਵਾਲਾ, ਲਾੜੇ ਦਾ ਸਾਥੀ ॥

**ਸ਼ਰਮ,** ਸ:-ਲੱਜਿਆ, ਹਯਾ, ਲਾਜ, ਸੰਕੋਚ ॥

**ਸ਼ਰਮ ਕੁਸ਼ਰਮੀ** } **ਸ਼ਰਮੋ ਕੁਸ਼ਰਮੀ** } ਕ੍ਰਿ:, ਵਿ:-ਕਿਸੇ ਨਾ ਕਿਸੇ ਤਰਾਂ, ਭਾਵੇਂ ਆਪਣੀ ਮਰਜ਼ੀ ਹੋਵੇ ਭਾਵੇਂ ਨਾ ਹੋਵੇ, ਆਪਣੀ ਲਾਜ ਲਈ ॥

**ਬੇ ਸ਼ਰਮ,** ਵਿ:-ਬੇ ਹਯਾ, ਨਿਰਲੱਜ ॥

**ਸ਼ਰਮਾਉਣਾ,** ਕ੍ਰਿ:-ਸ਼ਰਮ ਕਰਨੀ, ਸ਼ਰਮਿੰਦਾ ਹੋਣਾ । ਸ਼ਰਮਿੰਦਾ ਕਰਨਾ ॥

**ਸ਼ਰਮਾਊ** } **ਸ਼ਰਮਾਕਲ** } ਵਿ:-ਸ਼ਰਮ ਕਰਨ ਵਾਲਾ, ਸ਼ਰਮਿੰਦਾ, ਲਜੀਲਾ ॥

**ਸ਼ਰਮਾਣਾ,** ਕ੍ਰਿ:-'ਸ਼ਰਮਾਉਣਾ' ਵੇਖੋ ।

**ਸ਼ਰਮਿੰਦਗੀ,** ਸ:-ਸ਼ਰਮ, ਲਾਜ, ਬੇ ਇੱਜ਼ਤੀ, ਨਮੋਸ਼ੀ ॥

**ਸ਼ਰਮਿੰਦਾ,** ਵਿ:-ਜਿਸ ਨੂੰ ਸ਼ਰਮ ਆਈ ਹੈ, ਸ਼ਰਮ ਦਾ ਮਾਰਿਆ ਹੋਇਆ ॥

**ਸ਼ਰਮਿੰਦਾ ਹੋਣਾ,** ਕ੍ਰਿ:-ਸ਼ਰਮ ਕਰਨੀ, ਸ਼ਰਮਿੰਦਗੀ ਆਉਣੀ ॥

**ਸ਼ਰਮਿੰਦਾ ਕਰਨਾ,** ਕ੍ਰਿ:-ਕਿਸੇ ਨੂੰ ਸ਼ਰਮਿੰਦਗੀ ਦੇਣੀ (ਝੂਠਾ ਕਰਕੇ, ਜਾਂ ਝਾੜ ਪਾਕੇ) ॥

**ਸਰਲ,** ਵਿ:-ਜਾਰੀ, ਸੌਖਾ, ਸਿੱਧਾ, ਸਾਫ, ਧਰਮੀ, ਸੱਚਾ, ਇਮਾਨਦਾਰ, ਨਿਰਦੋਸ਼ ॥

**ਸਰਲ ਹੋਣਾ,** ਕ੍ਰਿ:—ਯਾਦ ਹੋ ਜਾਣਾ, ਕੰਠ ਹੋਣਾ, ਠੀਕ ਹੋ ਜਾਣਾ ॥

**ਸਰਲ ਕਰਨਾ,** ਕ੍ਰਿ:—ਕਿਸੇ ਗੱਲ ਨੂੰ ਜਾਰੀ ਕਰਨਾ, ਕੰਠ ਕਰਨਾ, ਘੋਟ ਕੇ ਯਾਦ ਕਰਨਾ ॥

Digitized by Panjab Digital Library / www.panjabdigilib.org

**ਸੱਰਲ,** ਪੁ:—ਛਿਅ ਮਹੀਨਿਆਂ ਤੋਂ ਦੋ ਸਾਲ ਦੀ ਉਮਰ ਤੱਕ ਦਾ ਘੋੜਾ ॥

**ਸਰਵੰਗ,** ਵਿ:—'ਸਰਬੰਗ' ਵੇਖੋ ॥

**ਸਰਵੰਗਤਾਈ,** ਸ:—'ਸਰਬੱਗਤਾਈ' ਵੇਖੋ ॥

**ਸਰਵੰਗੀ,** ਵਿ:, ਪੁ:—'ਸਰਬੰਗੀ' ਵੇਖੋ ॥

**ਸਰਵਣ**
**ਸਰਵਨ** } ਵਿ:—ਜੋਗ, ਲਾਇਕ, ਗੁਣੀ, ਸੂਰਮਾ, ਪ੍ਰੀਤ ਕਰਨ ਵਾਲਾ, ਦਾਤਾ, ਹਿਤਕਾਰੀ। (ਸਰਵਣ ਪੁੱਤ੍ਰ, ਸਰਵਣ ਭਰਾ)।
ਪੁ:—ਕੰਨ ॥

**ਸਰਵਨ ਕਰਨਾ,** ਕ੍ਰਿ:—ਸੁਣਨਾ ॥

**ਸਰਵਰ,** ਪੁ:—ਛੈਭ, ਸਰੋਵਰ, ਤਾਲ ॥

**ਸਖ਼ੀ ਸਰਵਰ,** ਪੁ:—ਨਗਾਹੇ ਅਤੇ ਧੌਂਕਲ ਦਾ ਪੀਰ ॥

**ਸਰਵਾਹ,** ਸ:—ਸਿਰ ਪੀੜ।

**ਸਰਵਾਹਣੀ,** ਪੁ:—ਇੱਕ ਤਰਾਂ ਦਾ ਥਾਨਾ ॥

**ਸਰਵਾ ਕੱਦ,** ਵਿ:—ਲੰਮੇ ਕੱਦ ਦਾ, ਲੰਮਾ ਝੰਮਾ, ਉੱਚਾ ਲੰਮਾ ॥

**ਸਰਵਾਣ,** ਪੁ:—'ਸਰਬਾਣ' ਵੇਖੋ ॥

**ਸਰਵਾਨਣੀ,** ਸ:—'ਸਰਬਾਨਣੀ' ਵੇਖੋ ॥

**ਸਰਵਾਨੀ,** ਸ:—'ਸਰਬਾਨੀ' ਵੇਖੋ ॥

**ਸਰਵਾਰਨਾ,** ਪੁ:—ਰੁਪਇਆ ਆਦਿਕ ਜੋ ਕਿਸੇ ਪਿਆਰੇ ਦੇ ਸਿਰ ਉੱਤੋਂ ਵਾਰ ਕੇ ਲਾਗੀਆਂ ਆਦਿਕਾਂ ਨੂੰ ਦਿੱਤਾ ਜਾਂਦਾ ਹੈ ॥

**ਸਰੜ ਸਰੜ ਕਰਨਾ,** ਕ੍ਰਿ:—ਕੋਈ ਚੀਜ਼ ਤਲਣ ਦੇ ਵੇਲੇ ਜੋ ਸੂੰ ਸੜਾਕਾ ਹੁੰਦਾ ਹੈ ਓਹੋ ਜੇਹੀ ਅਵਾਜ਼ ਕੱਢਣੀ ॥

**ਸ਼ਰਾ,** ਸ:—ਕਨੂਨ, ਕੁਰਾਨ ਸ਼ਰੀਫ ਮੁਜਿਬ ਮੁਸਲਮਾਨਾਂ ਦਾ ਧਰਮ ਸ਼ਾਸਤ੍ਰ, ਵਿਹਾਰ (ਸ਼ਰਾ ਵਿੱਚ ਬਾਹ ਦੀ ਸ਼ਰਮ ਹੈ)

**ਸ਼ਰਾ ਤੇ ਚੱਲਣਾ,** ਕ੍ਰਿ:—ਮੁਸਲਮਾਨਾਂ ਦੇ ਕਨੂਨ ਜਾਂ ਧਰਮ ਸ਼ਾਸਤ੍ਰ ਮੁਜਿਬ ਸਭ ਕੰਮ ਕਰਨਾ ॥

**ਸ਼ਰਾ ਮੁਹੰਮਦੀ,** ਸ:—ਮੁਸਲਮਾਨਾਂ ਦਾ ਧਰਮ ਸ਼ਾਸਤ੍ਰ ਜਾਂ ਕਨੂਨ ॥

**ਸਰਾਂ**
**ਸਰਾਉਂ** } ਸ:—ਮੁਸਾਫ਼ਰਾਂ ਦੇ ਠਹਿਰਨ ਦੀ ਥਾਂ, ਮੁਸਾਫ਼ਰ ਖ਼ਾਨਾ ॥

**ਨੂਰਮਹਿਲ ਦੀ ਸਰਾਂ,** ਸ:—ਅਨੋਖੀ ਚੀਜ਼ (ਜੇਹੀ ਨੂਰ ਮਹਿਲ ਦੀ ਸਰਾਂ ਹੈ) ॥

**ਸਰਾਉਗੀ,** ਪੁ:—"ਜੈਨ" ਅਤੇ "ਜੈਨੀ" ਵੇਖੋ ॥

**ਸਰਾਉਥਾ**
**ਸਰੌਥਾ** } ਪੁ:—ਸੁਪਾਰੀ ਆਦਿਕ ਕੱਟਣ ਵਾਲਾ ਹਥਿਆਰ ॥

**ਸਰ ਉਣਾ,** ਕ੍ਰਿ:—ਪੂਰਾ ਕਰਨਾ, ਮੁਕਾਉਣਾ, ਭੁਗਤਾਉਣਾ, ਅੰਤ ਕਾ ਪਾਉਣਾ ॥

**ਸਰਾਉ,** ਪੁ:—ਸਰਾਉਣ ਵਾਲਾ, ਮੰਜੇ ਦੀ ਚੁਗਾਠ ਦੇ ਸੋਤ੍ਰ ਅਰਥਾਤ ਸਿਰ ਅਤੇ ਪੈਰਾਂ ਵਾਲੇ ਪਾਸ ਦੇ ਡੰਡੇ ॥
ਵਿ:—ਸਰਲ ਜੋਗਾ, ਜਿਸ ਕਰਕੇ ਕੋਈ ਕੰਮ ਨਿਭ ਸੱਕੇ ॥

**ਸਰਾਮ,** ਪੁ:—ਇੱਕ ਛੋਟੀ ਜੇਹੀ ਲੋਹੇ ਦੀ ਸੀਖ ॥

**ਸਰਾਮ ਕਰਨਾ,** ਕ੍ਰਿ:—ਹੁੱਕੇ ਦੀ ਨੜੀ ਸਾਫ਼ ਕਰਨ ਲਈ ਲੋਹੇ ਦੀ ਸੀਖ ਤਾਕੇ ਉਸ ਵਿੱਚ ਫੇਰਨਾ ॥

**ਸਰਾਸਰ,** ਕ੍ਰਿ:, ਵਿ:—ਬਿਲਕੁਲ, ਸਾਰਾ ॥

**ਸਰਾਹਗਾ,** ਪੁ:—ਸੁੱਖਲਾ, ਮੈਨਤਾ, ਇੱਕ ਤਰਾਂ ਦਾ ਪਖੇਰੂ, ਛੀੜ ॥

**ਸਰਾਹਣਾ**
**ਸਰਾਹੁਣਾ** } ਕ੍ਰਿ:—ਵਡਿਆਉਣਾ, ਤਰੀਫ਼ ਕਰਨੀ, ਵਾਹ ਵਾਹ ਕਰਨਾ ॥

Digitized by Panjab Digital Library / www.panjabdigilib.org

**ਸਰਾਹਤ,** ਸ:—ਵਡਿਆਈ, ਤਰੀਫ, ਵਾਹ ਵਾਹ ॥

**ਸਰਾਘਾ,** ਪੁ:—'ਸਰਾਹਣਾ' ਵੇਖੋ ॥

**ਸਰਾਜ,** ਪੁ:—ਕਾਠੀ ਬਣਾਉਣ ਵਾਲਾ, ਜੁੱਤੀਆਂ ਉੱਪਰ ਰੇਸ਼ਮ ਅਤੇ ਤਿੱਲੇ ਦਾ ਕੰਮ ਕਰਨ ਵਾਲਾ ॥

**ਸਰਾਜਗੀ,** ਸ:—ਸਰਾਜ ਦਾ ਕੰਮ ॥

**ਸਰਾਜਣੀ,** ਸ:—ਸਰਾਜ ਦੀ ਵਹੁਟੀ ॥

**ਸਰਾਜੀ,** ਪੁ:—ਸਰਾਜਗੀ, ਜੁੱਤੀਆਂ ਉੱਪਰ ਰੇਸ਼ਮ ਅਤੇ ਤਿੱਲੇ ਦਾ ਕੰਮ ॥

**ਸਰਾਜੀ,** ਸ:—ਸਰਾਜਗੀ, ਸਰਾਜ ਦਾ ਕੰਮ।

**ਸਰਾਜੀ ਕਰਨਾ,** ਕ੍ਰਿ:—ਰੇਸ਼ਮ ਤਿੱਲੇ ਆਦਿਕ ਨਾਲ ਫੁੱਲ ਬੂਟੇ ਕੱਢਣਾ, ਗੁਲਕਾਰੀ ਕਰਨਾ ॥

**ਸਰਾਟਾ,** ਪੁ:—ਪਖੇਰੂਆਂ ਦੇ ਖੰਭਾਂ ਦੀ ਅਵਾਜ਼ ਜੋ ਉੱਡਣ ਵੇਲੇ ਚੱਕਰ ਖਾਣ ਕਰਕੇ ਹੁੰਦੀ ਹੈ।

**ਸਰਾਧ,** ਪੁ:—ਮੋਇਆਂ ਪਿਤਰਾਂ ਦੇ ਨਮਿੱਤ ਜੋ ਬ੍ਰਾਹਮਣਾਂ ਨੂੰ ਭੋਜਨ ਛਕਾਇਆ ਜਾਂਦਾ ਹੈ। (ਸਰਾਧ ਕਰਨਾ ਜਾਂ ਖੁਲਾਉਣਾ)॥

**ਸਰਾਪ,** ਪੁ:—ਧਿਕਾਰ, ਬਦ ਦੁਆ, ਲਾਨਤ, ਫਿਟਕਾਰ ॥

**ਸਰਾਪ ਦੇਣਾ,** ਕ੍ਰਿ:—ਧਿੱਕਾਰ ਕਰਨਾ, ਬਦ ਦੁਆ ਦੇਣੀ, ਕਿਸੇ ਦਾ ਬੁਰਾ ਮੰਗਣਾ, ਫਿਟਕਾਰਨਾ ॥

**ਸਰਾਪਣਾ,** ਕ੍ਰਿ:—'ਸਰਾਪ ਦੇਣਾ' ਵੇਖੋ ॥

**ਸਰਾਪਤ, ਸਰਾਪਿਤ, ਸਰਾਪੀ** } ਵਿ:—ਜਿਸ ਨੂੰ ਸਰਾਪ ਦਿੱਤਾ ਗਿਆ ਹੋ। ਫਿਟਕਾਰਿਆ ਹੋਇਆ।

**ਸਰਾਫ,** ਪੁ:—ਸਰਾਫ, ਸੋਨੇ ਚਾਂਦੀ ਆਦਿਕ ਦਾ ਵਣਜ ਕਰਨ ਵਾਲਾ; ਲੈਣ ਦੇਣ ਵੇਚਣ ਵਾਲਾ, ਸੇਠ, ਮੰਨਿਆ ਦੰਨਿਆ ਇੱਜ਼ਤ ਵਾਲਾ ਆਦਮੀ, ਕੁਲ ਵੰਤ ॥

**ਸਰਾਫਣਾ,** ਕ੍ਰਿ:—'ਸਰਾਪਣਾ' ਵੇਖੋ ॥

**ਸਰਾਫਣੀ,** ਸ:—ਸਰਾਫ ਦੀ ਵਹੁਟੀ, ਕੁਲਵੰਤੀ ॥

**ਸਰਾਫੀ,** ਸ:—ਸਰਾਫ ਦਾ ਕੰਮ, ਸੋਨੇ ਚਾਂਦੀ ਅਤੇ ਰੁਪਏ ਲੈਣ ਦੇਣ ਦਾ ਵਣਜ, ਇੱਜ਼ਤ ਆਬਰੋ ॥

**ਸ਼ਰਾਬ,** ਸ:—ਮਧ, ਮਦਿਰਾ, ਨਸ਼ਾ ॥

**ਸ਼ਰਾਬ ਖਾਨਾ,** ਪੁ:—ਕਲਾਲ ਖਾਨਾ, ਜਿੱਥੇ ਸ਼ਰਾਬ ਵਿਕਦੀ ਹੈ।

**ਸ਼ਰਾਬਣ,** ਸ:—ਸ਼ਰਾਬ ਪੀਣ ਵਾਲੀ ਤੀਮੀਂ, ਨਸ਼ੇਣ, ਮਧ ਮਾਤੀ ॥

**ਸ਼ਰਾਬੀ,** ਪੁ:—ਸ਼ਰਾਬ ਪੀਣ ਵਾਲਾ, ਨਸ਼ਈ, ਮਧ ਮਾਤਾ, ਜਿਸ ਨੂੰ ਸ਼ਰਾਬ ਪੀਣ ਦੀ ਇੱਲਤ ਹੋਵੇ ॥

**ਸ਼ਰਾਰਤ,** ਸ:—ਸ਼ੋਖੀ, ਬੁਰਿਆਈ, ਬਦਮਾਸ਼ੀ ॥

**ਸ਼ਰਾਰਤਣ,** ਸ:—ਸ਼ੋਖ, ਬੁਰੀ, ਸ਼ਰਾਰਤ ਕਰਨ ਵਾਲੀ ॥

**ਸ਼ਰਾਰਤੀ,** ਪੁ:—ਸ਼ੋਖ, ਬੁਰਾ, ਫਸਾਦੀ ਮਨੁੱਖ, ਸ਼ਰਾਰਤ ਕਰਨ ਵਾਲਾ ॥

**ਸਰਾਲ,** ਪੁ:—ਇੱਕ ਤਰਾਂ ਦਾ ਵੱਡਾ ਸੱਪ, ਜੋਂਕਾਂ ਦੀ ਇੱਕ ਜਾਤ ॥

**ਸਰਾਲਾ,** ਪੁ:—ਇੱਕ ਤਰਾਂ ਦਾ ਲੰਮਾ ਘਾਹ ਜਿਸ ਨੂੰ ਕੈੜੇ ਲੱਗੇ ਹੋਏ ਹੁੰਦੇ ਹਨ ॥

Digitized by Panjab Digital Library / www.panjabdigilib.org

**ਸਰਾਲੀ,** ਸ:—ਇੱਕ ਤਰਾਂ ਦੀ ਜੜ੍ਹ ਜਿਸ ਨੂੰ ਲੋਕ ਖਾਂਦੇ ਹਨ ॥

**ਸਰਾਵਾ,** ਪੁ:—ਮੰਜੇ ਦਾ ਸੇਰੂ, ਸਿਰ ਅਤੇ ਪੈਰਾਂ ਵਾਲੇ ਪਾਸੇ ਦੇ ਡੰਡੇ ॥

**ਸਰਾਵਾਂ,** ਪੁ:—'ਸਰੌਖਾਂ' ਵੇਖੋ ॥

**ਸਰਿਸ਼ਟ, ਸਰਿਸ਼ਟੀ,** ਸ:—ਸੰਸਾਰ, ਦੁਨੀਆ, ਰਚਨਾ, ਕੁਦਰਤ ॥

**ਸਰਿਸ਼ਤਾ,** ਪੁ:—ਧਾਗਾ, ਲੜੀ, ਸਨਬੰਧ, ਸਾਂਝ, ਨੇਮ, ਹੁਕਮ, ਦਸਤੂਰ ॥

**ਸਰਿਸ਼ਤੇਦਾਰ,** ਪੁ:—ਇੱਕ ਸਰਕਾਰੀ ਅਫ਼ਸਰ ਜੋ ਕਚਹਿਰੀ ਦੇ ਕਾਗਜ਼ ਅਤੇ ਮਿਸਲਾਂ ਰੱਖਦਾ ਹੈ, ਅਤੇ ਅਰਜ਼ੀਆਂ ਪੜ੍ਹਕੇ ਹਾਕਮ ਨੂੰ ਸੁਣਾਉਂਦਾ ਹੈ। ਵੱਡਾ ਬਾਬੂ, ਰਿਸ਼ਤੇਦਾਰ।

**ਸਰਿਸ਼ਤੇਦਾਰੀ,** ਸ:—ਸਰਿਸ਼ਤੇਦਾਰ ਦਾ ਹੁੱਦਾ ਜਾਂ ਕੰਮ। ਸਾਕ, ਸਰਬੰਧ ॥

**ਸਰੀ,** ਵਿ:—ਤੀਰ ਵਾਕਰ ਸਿੱਧੀ (ਰੁੱਖ ਦੀ ਟਾਹਣੀ)॥

ਸ:—ਲੋਹੇ ਦੀ ਸੀਖ, ਚਾਬਕ ਦਾ ਛਾਂਟਾ, ਪਤਲਾ ਤਸਮਾ ॥

**ਸ਼ਰੀਅਤ,** ਸ:—'ਸ਼ਰਾ' ਵੇਖੋ ॥

**ਸਰੀਹ,** ਕ੍ਰਿ:, ਵਿ:—ਸਾਮ੍ਹਣੇ, ਸਾਫ਼, ਪਰਤੱਖ ਜਾਹਰਾ ॥

**ਸਰੀਂਹ, ਸਰੀਂਹ,** ਸ:—ਇਕ ਤਰਾਂ ਦਾ ਰੁੱਖ ਜਿਸ ਦੇ ਪੋਲ ਅਤੇ ਫੁੱਲ ਫਲ ਹੁੰਦੇ ਹਨ ਅਤੇ ਜਿਸ ਨੂੰ ਲੰਮੀਆਂ ਫਲੀਆਂ ਲਗਦੀਆਂ ਹਨ ॥

**ਸਰੀਹਨ,** ਕ੍ਰਿ:, ਵਿ:—ਸਾਮ੍ਹਣੇ, ਸਾਫ਼, ਜਾਹਰਾ ॥

**ਸ਼ਰੀਕ,** ਪੁ:—ਸਾਥੀ, ਭਿਆਲ, ਭਰਾ ਭਾਈ, ਹਿੱਸੇਦਾਰ (ਸ਼ਰੀਕ ਹੋਣਾ, ਕਰਨਾ)॥

**ਸ਼ਰੀਕਣੀ,** ਸ:—ਸਾਥਣ, ਸ਼ਰੀਕ ਦੀ ਤੀਵੀਂ ॥

**ਸ਼ਰੀਕਤ,** ਸ:—ਭਿਆਲੀ, ਸਾਥ, ਸੰਗ, ਹਿੱਸਾ ਲੈਣ ਦੀ ਚਾਹ, ਵੈਰ ਵਿਹਾਰ ॥

**ਸ਼ਰੀਕਾ,** ਪੁ:—ਭਿਆਲੀ, ਸਾਥ, ਸਾਰੇ ਸ਼ਰੀਕ, ਬਰਾਦਰੀ।

**ਸਰੀਣਾ,** ਪੁ:—ਜੋ ਦਾਣੇ ਕਿਰਸਾਨ ਲੋਕ ਪਿੰਡ ਦੇ ਕਮਿਆਰਾਂ ਨੂੰ ਉਨ੍ਹਾਂ ਦੀ ਮਿਹਨਤ ਦੇ ਬਦਲੇ ਦੇਂਦੇ ਹਨ ॥

ਜ਼ਮੀਨ ਦਾ ਭਾੜਾ, ਦਾਣਿਆਂ ਦਾ ਗੁਦਾਮ ॥

**ਸਰੀਣੀ,** ਸ:—ਸ਼ਰਨੀ, ਮਠਿਆਈ ਜੋ ਲੋਕਾਂ ਨੂੰ ਵੰਡੀ ਜਾਏ, ਸੁੱਖਣਾ ॥

**ਸਰੀਧ,** ਕ੍ਰਿ:, ਵਿ:—'ਸਰੀਹਨ' ਵੇਖੋ ॥

**ਸਰੀਨ,** ਪੁ:—ਖੱਤਰੀਆਂ ਦੀ ਇੱਕ ਜ਼ਾਤ ॥

**ਸ਼ਰੀਫ਼,** ਵਿ:—ਮੰਨਿਆ ਦੰਨਿਆ, ਇੱਜ਼ਤ ਵਾਲਾ, ਕੁਲਵੰਤ, ਭਲਾ ਮਾਣਸ, ਅਮੀਰ, ਅਸੀਲ ॥

**ਸ਼ਰੀਫ਼ ਖਾਨਦਾਨ,** ਪੁ:—ਚੰਗੀ ਕੁਲ ਦਾ, ਭਲੇ ਦੀ ਅੰਸ ॥

**ਸ਼ਰੀਫ਼ਣੀ,** ਸ:—ਸ਼ਰੀਫ਼ ਤੀਮਤ ('ਸ਼ਰੀਫ਼' ਵੇਖੋ)

**ਸ਼ਰੀਫ਼ਾ,** ਪੁ:—ਇਕ ਤਰਾਂ ਦਾ ਫਲ ਜੋ ਸੇਊ ਵਾਕਰ ਹੁੰਦਾ ਹੈ। ਸੀਤਾ ਫਲ ॥

**ਸ਼ਰੀਰ,** ਪੁ:—ਦੇਹ, ਤਨ, ਬਦਨ, ਜਿਸਮ, ਡੀਲ ਮਨੁੱਖ (ਜਿਹਾ ਕਿ ਚਾਰ ਸਰੀਰ ਬੈਠੇ ਸਨ)॥

ਵਿ:—ਜੋ ਸ਼ਰਾਰਤ ਕਰੇ, ਸ਼ਰਾਰਤੀ ॥

Digitized by Panjab Digital Library | www.panjabdigilib.org

**ਸਟੂ**, ਪੁ:—ਇੱਕ ਬਹੁਤ ਉੱਚਾ ਬਿਰਛ ਜਿਸ ਨੂੰ ਮਾਜੂ ਫਲ ਲਗਦੇ ਹਨ॥

**ਸਰੂਪ**, ਪੁ:—ਸ਼ਕਲ, ਸੂਰਤ, ਬਨਾਵਟ, ਸੋਹਣੀ ਸ਼ਕਲ, ਸਾਂਗ, ਸੁਹੱਪਣ॥

**ਸਰੂਪ ਢਾਲਣਾ**, ਕ੍ਰਿ:—ਕਮਜ਼ੋਰ ਅਤੇ ਮਿੱਸਾ ਹੋਣਾ, ਰਾਜ ਗੱਦੀ ਤੋਂ ਉਤਾਰਨਾ॥

**ਰੂਪ ਸਰੂਪ**, ਵਿ:—ਸੋਹਣਾ॥

**ਸਰੂਰ**, ਪੁ:—ਖੁਸ਼ੀ, ਅਨੰਦ, ਮੌਜ, ਮਸਤੀ॥

**ਸਰੂੜ**, ਪੁ:—ਛੋਟਾ ਕਾਲਾ॥

**ਸਰੇਉੜਾ**, ਪੁ:—ਜੈਨੀ, ਜੈਨੀ ਸਾਧੂ ਜੋ ਮੂੰਹ ਪੁਰ ਪਟੀ ਬੰਨ੍ਹ ਛੱਡਦੇ ਹਨ ਕਿ ਸਾਹ ਲੈਣ ਨਾਲ ਜੀ ਅੰਦਰ ਨਾਂ ਚਲੇ ਜਾਣ। ਪੁਜ। ਇਕ ਪੰਖੇਰੂ ਦਾ ਨਾਉਂ॥

**ਸਰੇਸ਼**, ਸ:—ਮੋਏ ਹੋਏ ਪਸ਼ੂ ਦੇ ਚੰਮ, ਖੁਰ ਆਦਿਕ ਪਾਣੀ ਵਿਚ ਉਬਾਲ ਕੇ ਅਤੇ ਲੇਸ ਕੱਢ ਕੇ ਜਮਾਈ ਹੋਈ। ਇਸ ਨਾਲ ਲੱਕੜੀ ਦੀਆਂ ਫੱਟੀਆਂ ਆਦਿਕ ਜੋੜਦੇ ਹਨ॥

**ਸਰੇਸ਼ਟ**, ਵਿ:—ਬਹੁਤ ਹੱਛਾ, ਭਲਾ, ਖਰਾ, ਉੱਤਮ ਵੱਡਾ, ਚਾਢਾ ਚੰਗਾ॥

**ਸਰੇਵੜਾ**, ਪੁ:—'ਸਰੇਉੜਾ' ਵੇਖੋ॥

**ਸਰੋ**, ਪੁ:—'ਮਾਜੂ ਫਲ' ਵੇਖੋ॥

**ਸਰੋਆ**, ਪੁ:—ਹੋਮ ਕਰਨ ਵਾਲੇ ਅੱਗ ਵਿਚ ਘਿਉ ਪਾਉਣ ਵਾਲਾ ਲਕੜੀ ਦਾ ਚੱਬ॥

**ਸਰੋਸਰ**, ਕ੍ਰਿ:, ਵਿ:—'ਸਰਾਸਰ' ਵੇਖੋ॥

**ਸਰੋਹੀ**, ਸ:—ਇਕ ਤਰਾਂ ਦੀ ਤਲਵਾਰ॥



**ਸਰੋਤਾ**, ਪੁ:—ਸੁਣਨ ਵਾਲਾ, ਕਥਾ ਸੁਣਨ ਵਾਲਾ 'ਸਰੋਤਾ' ਵੇਖੋ॥

**ਸਰੋਦ**, ਪੁ:—ਗਾਉਣ, ਰਾਗ, ਗੀਤ, ਸੁਰ॥

**ਸਰੋਪਾ**, ਪੁ:—ਸੋਹਣਾ ਪੁਸ਼ਾਕ ਜੋ ਕੋਈ ਰਾਜਾ ਅਮੀਰ ਆਦਿਕ ਖੁਸ਼ ਹੋਕੇ ਕਿਸੇ ਨੂੰ ਬਖਸ਼ਦਾ ਹੈ॥

**ਸਰੋਵਰ**, ਪੁ:—ਸਮੁੰਦਰ, ਤਾਲ, ਛੰਬ॥

**ਸਰੋਗੀ**, ਪੁ:—ਜੈਨੀ, ਸਰੇਉੜਾ॥

**ਸਰੋਤਾ**
**ਸਰੌਥਾ** } ਪੁ:—ਸੁਪਾਰੀ ਆਦਿਕ ਕੱਟਣ ਵਾਲਾ ਹਥਿਆਰ॥

**ਸੱਲ**, ਪੁ:—ਤੀਰ, ਬਾਣ, ਛੇਕ, ਦੁਖੀ ਦਿਲ, ਰਾਗ, ਗ਼ਮ, ਸੱਟ। (ਸਲ ਲੱਗਣਾ)॥

**ਸਲੂੰਕ**
**ਸਲੂੰਗਾ** } ਪੁ:—ਇੱਕ ਨੇਜ਼ਾ ਜੇਹਾ ਜੰਦਰਾ, ਜਾਂ ਪਜੇ ਵਾਲਾ ਹਥਿਆਰ॥

**ਸਲੂਣਾ**
**ਸਲੂ ਲੈਣਾ** } ਕ੍ਰਿ:—ਇਕੱਠਾ ਕਰਨਾ, ਜਮਾ ਕਰਨਾ, ਜੋੜਨਾ॥

**ਸਲ੍ਹਾ**, ਪੁ:—ਚਿਤਾ, ਸਿਲ੍ਹਾ, ਸ਼ਿਵਾ॥

**ਸਲ੍ਹਾਬ**, ਸ:
**ਸਲ੍ਹਾਬਾ**, ਪੁ: } ਸਿੱਲ੍ਹ, ਨਮ, ਤਰੀ, ਤਰਾਵਤ॥

**ਸਲ੍ਹਾਬੀ**, ਵਿ:—ਸਿਲ੍ਹੀ, ਅਜੇਹੀ ਧਰਤੀ ਜਿੱਥੇ ਹੜ੍ਹ ਆਉਂਦਾ ਰਹਿੰਦਾ ਹੈ ਜਾਂ ਕਿਸੇ ਹੋਰ ਤਰਾਂ ਪਾਣੀ ਮਿਲਦਾ ਰਹਿੰਦਾ ਹੈ॥

**ਸਲਗਾਮ**, ਪੁ:—ਸ਼ਗਲਮ, ਗੋਂਗਲੂ, ਠਿੱਪਰ॥

**ਸਲਗੀ**, ਪੁ:—ਇੱਕ ਰੰਗ ਜੋ ਹਲਦੀ ਅਤੇ ਨੀਲ ਦਾ ਮਿਲਕੇ ਬਣਦਾ ਹੈ॥

Digitized by Panjab Digital Library | www.panjabdigilib.org

**ਸਲੰਘ**
**ਸਲਘਾ** } ਪੁ:—'ਸਲੰਗ' ਵੇਖੋ ॥

**ਸੱਲਣਾ,** ਕ੍ਰਿ:—ਪੁੱਛਣਾ, ਛੇਣੀ ਨਾਲ ਛੇਕ ਕਰਨਾ, ਛੇਦਣਾ ॥

**ਸਲੀਤਾ,** ਪੁ:—ਇੱਕ ਤਰਾਂ ਦਾ ਲੂਣ ॥

**ਸਲਿਲ,** ਪੁ:—ਪਾਣੀ, ਜਲ ॥

**ਸਲਵਾਉਣਾ,** ਕ੍ਰਿ:—ਸੱਲਣ ਦਾ ਕੰਮ ਕਰਾਉਣਾ, ਛੇਕ ਕਢਾਉਣਾ ॥

**ਸਲਵਾਈ,** ਸ:—ਸੱਲਣ ਯਾਂ ਛੇਕ ਕਰਨ ਦਾ ਕੰਮ, ਸੱਲਣ ਦੀ ਮਜੂਰੀ ॥

**ਸਲਵਾਰ,** ਸ:—ਬਹੁਤ ਖੁੱਲ੍ਹਾ ਪਜਾਮਾ ਜਿਸ ਦੀਆਂ ਮੁਹਰੀਆਂ ਤੰਗ ਹੁੰਦੀਆਂ ਹਨ ॥

**ਸਲਾ,** ਇੱਕ ਤਰਾਂ ਦੀ ਮਕੜੀ, ਟਿੱਡੀ ॥

**ਸੱਲਾ,** ਪੁ:—ਇਕ ਜਨੌਰ, ਅਵੈੜਾ ਆਦਮੀ, ਸੁੱਕੇ ਤਿਲਾਂ ਦੇ ਬੂਟੇ ਦੀ ਛੇੜੀ, ਗਾਜ ਪੀਪਲ ॥

**ਸਲਾ ਚੁਗਣੀ,** ਕ੍ਰਿ:—ਬਚਿਆ ਖੁਚਿਆ ਕੱਠਾ ਕਰਨਾ ॥

**ਸਲਾਉਣਾ,** ਕ੍ਰਿ:—ਸਮਾਉਣਾ, ਸੁਆਉਣਾ, ਸੀਉਣ ਦਾ ਕੰਮ ਕਰਾਉਣਾ ॥

**ਸਲਾਈ,** ਸ:—ਸੀਉਣ ਦਾ ਕੰਮ ਯਾਂ ਮਜੂਰੀ, ਲੋਹੇ ਦੀ ਪਤਲੀ ਸੀਖ ਜਿਸ ਨਾਲ ਅੱਖਾਂ ਵਿਚ ਸੁਰਮਾ ਪਾਉਂਦੇ ਹਨ, ਇੱਕ ਤਾਰ ਜਿਸ ਨੂੰ ਤਾਕੇ ਅੱਖਾਂ ਵਿੱਚ ਫੇਰਨ ਨਾਲ ਮਨੁੱਖ ਅੰਨ੍ਹਾ ਹੋ ਜਾਂਦਾ ਹੈ। ਤੱਕਲਾ ॥

**ਸਲਾਈ ਫੇਰਨਾ,** ਕ੍ਰਿ:—ਅੰਨ੍ਹਾ ਕਰਨਾ ॥



**ਦੀਵਾ ਸਲਾਈ,** ਸ:—ਅੱਗ ਬਾਲਣ ਵਾਲੀ ਤੀਲੀ ਜਿਸ ਦੇ ਸਿਰ ਉੱਤੇ ਮਸਾਲਾ ਲੱਗਾ ਹੁੰਦਾ ਹੈ ਅਤੇ ਡੱਬੀ ਦੇ ਮਸਾਲੇ ਵਾਲੇ ਪਾਸੇ ਉੱਤੇ ਰਗੜਨ ਨਾਲ ਬਲ ਪੈਂਦੀ ਹੈ ॥

**ਪੂਣ ਸਲਾਈ,** ਸ:—ਲਕੜੀ ਦੀ ਤੀਲੀ ਜਿਸ ਨਾਲ ਪੂਣੀਆਂ ਵੱਟਦੇ ਹਨ ॥

**ਸਲਾਸੀ,** ਪੁ:—ਸਾਂਤ, ਅਮਨ ਚੈਨ, ਅਰਾਮ ॥

**ਸਲਾਹ,** ਸ:—ਸਿੱਖ ਮੱਤ, ਰਲ ਕੇ ਵਿਚਾਰ ਕਰਨਾ, ਮਤਾ, ਮਰਜੀ, ਇੱਛਿਆ ॥

**ਸਲਾਹ ਹੋਣੀ,** ਕ੍ਰਿ:—ਕਿਸੇ ਕੰਮ ਕਰਨ ਨੂੰ ਜੀ ਕਰਨਾ (ਉਸ ਦੀ ਪੜ੍ਹਨ ਦੀ ਸਲਾਹ ਹੈ) ॥

**ਸਲਾਹ ਕਰਨੀ,** ਕ੍ਰਿ:—ਮਿਲਕੇ ਵਿਚਾਰ ਕਰਨਾ ਮਤਾ ਮਤਾਉਣਾ ॥

**ਸਲਾਹ ਕਾਰ,** ਪੁ:—ਜਿਸ ਨਾਲ ਸਲਾਹ ਕੀਤੀ ਜਾਵੇ, ਸਿੱਖ ਮੱਤ ਦੇਣ ਵਾਲਾ ॥

**ਸਲਾਹ ਤੇ ਚੱਲਣਾ,** ਕ੍ਰਿ:—ਜੇਹੀ ਕੋਈ ਮੱਤ ਦੇਵੇ ਉਸ ਦੇ ਮੂਜਿਬ ਕੰਮ ਕਰਨਾ ॥

**ਸਲਾਹ ਦੇਣੀ,** ਕ੍ਰਿ:—ਸਿੱਖ ਮੱਤ ਦੇਣੀ, ਕਿਸੇ ਨੂੰ ਕਾਹਣਾ ਕਿ ਫਲਾਨਾ ਕੰਮ ਕਰ, ਚੰਗਾ ਹੈ॥ ਮਤਾ ਮਤਾਉਣਾ। ਸਿਖਾਈ ਸੁੱਧ ਕਰਨੀ ॥

**ਸਲਾਹ ਨਹੀਂ,** ਕ੍ਰਿ:—ਮਰਜੀ ਨਹੀਂ, ਨਾ ਮੁਨਾਸਬ ॥

**ਪੱਕੀ ਸਲਾਹ,** ਸ:—ਅਜੇਹੀ ਸਲਾਹ ਜਿਸ ਤੇ ਜਰੂਰ ਚੱਲਿਆ ਜਾਵੇ ॥

**ਸਲਾਹਣਾ**
**ਸਲਾਹੁਣਾ** } ਕ੍ਰਿ:—ਵਡਿਆਉਣਾ, ਚੰਗਾ ਆਹਣਾ, ਮਹਿਮਾ ਕਰਨੀ ॥

**ਸਲਾਹਤ,** ਸ:—ਵਡਿਆਈ ॥

Digitized by Panjab Digital Library | www.panjabdigilib.org

**ਸਲਾਜੀਤ,** ਸ:—ਰਾਲ ਵਰਗੀ ਇੱਕ ਖੁਸ਼ਬੂਦਾਰ ਔਖਧ, ਸਿਲਾਜੀਤ, ਪੱਥਰ ਦੀ ਗੋਂਦ।

**ਸਲਾਬ,** ਸ:—ਨਮ, ਤਰੀ, ਸਿਲ੍ਹ ॥

**ਸਲਾਬੀ,** ਵਿ:—ਸਿੱਲ੍ਹਾ, ਨਮ ਵਾਲਾ ॥

**ਸਲਾਭਾ,** ਪੁ:—ਸਿਲ੍ਹ, ਨਮ, ਤਰੀ ॥

**ਸਲਾਮ,** ਸ:, ਪੁ:—ਬੰਦਗੀ, ਪੈਰੀ ਪੈਣਾ, ਮੱਥਾ ਟੇਕਣਾ, ਨਿਮਸਕਾਰ, ਪਰਨਾਮ, ਅਮਨ, ਬਚਾਉ, ਸਲਾਹ, ਵਿਦਾਇਗੀ ॥

**ਸਲਾਮਾ ਲੇਕ,** ਸ:—ਮੁਸਲਮਾਨਾਂ ਦੇ ਮਿਲਨ ਵੇਲੇ ਇਹ ਗਲ ਇਕ ਜਣਾਂ ਦੂਏ ਨੂੰ ਕਹਿਦਾ ਹੈ।

**ਸਲਾਮ ਦੇਣੀ,** ਕ੍ਰਿ:—ਵਿਦਿਆ ਕਰਨਾ, ਨਮਸਕਾਰ ਕਰਨੀ, ਆਪਣੇ ਆਉਣ ਦੀ ਜਾਂ ਦੂਏ ਦੇ ਆਕੇ ਮਿਲਣ ਲਈ ਬੇਨਤੀ ਕਰਨੀ (ਸਾਹਬਾਂ ਦੀ ਬੋਲੀ)।

**ਸਲਾਮ ਬੋਲੋ,** ਕ੍ਰਿ:—ਜੋ ਮਿਲਨ ਨੂੰ ਆਇਆ ਹੈ ਉਸ ਨੂੰ ਕਹਿ ਦਿਓ ਅੰਦਰ ਆ ਜਾਵੇ। ਸਲਾਮ ਦਿਓ ॥

(ਸਾਹਬ ਲੋਕ ਨੌਕਰਾਂ ਨੂੰ ਇਹ ਗੱਲ ਕਹਿੰਦੇ ਹੁੰਦੇ ਹਨ) ॥

**ਸਲਾਮਤ,** ਵਿ:—ਰਾਜੀ ਬਾਜੀ, ਨਵਾਂ ਨਰੋਇਆ, ਚੰਗਾ ਭਲਾ, ਅਮੀਂ ਜਮੀਂ ॥

**ਸਲਾਮਤੀ,** ਸ:—ਬਚਾਉ, ਅਮਨ ਚੈਨ, ਸੁੱਖ, ਸਰੀਰ ਦੀ ਅਰੋਗਤਾ ॥

**ਸਲਾਮੀ,** ਸ:—ਫੌਜੀ ਲੋਕਾਂ ਦੀ ਸਲਾਮ, ਵਿਆਹ ਦੇ ਵੇਲੇ ਦੀ ਭੇਟ, ਹਥਿਆਰ ਚਾਕੇ ਅਫ਼ਸਰ ਦੇ ਆਉਣ ਪੁਰ ਉਸ ਦਾ ਅਦਬ ਕਰਨਾ, ਆਗਤ ਭਾਗਤ, ਢਾਲ, ਨਹਿਰ ਦੀ ਤਹਿ ਦੇ ਆਰ ਪਾਰ ਜੋ ਫਰਸ਼ ਬੱਧਾ ਹੋਵੇ ॥

ਵਿ:-ਸਲਾਮ ਵਾਲਾ, ਢਾਲਵਾਂ ॥

**ਸਲਾਮੀ ਦੇਣਾ,** ਕ੍ਰਿ:—ਕਿਸੇ ਦੇ ਅਧੀਨ ਹੋਣਾ ॥

**ਸਲਾਮੀ ਦੇਣੀ,** ਕ੍ਰਿ:—ਢਾਲੂ ਹੋਣਾ, ਕਿਸੇ ਰਾਜੇ ਨਵਾਬ ਜਾਂ ਲਾਟ ਸਾਹਿਬ ਆਦਿਕ ਦੇ ਆਉਣ ਪੁਰ ਤੋਪਾਂ ਚਲਣੀਆਂ ॥

**ਸਲਾਮੀ ਕਰਨੀ,** ਕ੍ਰਿ:-ਰਾਜੇ ਆਦਿਕ ਦੇ ਆਉਣ ਪੁਰ ਤੋਪਾਂ ਚਲਾਉਣੀਆਂ, ਅਧੀਨ ਹੋਣਾ ॥

**ਸਲਾਮੀ ਦਾਰ,** ਵਿ:—ਢਾਲਵਾਂ (ਦੇਖੋ) ॥

**ਸਲਾਮੀ ਦੇਣੀ,** ਕ੍ਰਿ:-ਵਿਆਹ ਦੀ ਭੇਟ ਦੇਣੀ (ਲਾੜੇ ਨੂੰ), ਢਾਲਵਾਂ ਕਰਨਾ ॥

**ਸਲਾਟ,** ਪੁ:-ਸਰਦਾਰ, ਪਰਧਾਨ ਸੈਨਾਪਤੀ ॥

**ਸਲਾਟਾ**
**ਸਲਾਟੀ** } ਪੁ:-ਇੱਕ ਪਖੇਰੂ, ਇੱਕ ਤੋੜ ਕਰਨ ਵਾਲਾ ਕਪੜਾ ਜਿਸ ਵਿੱਚ ਰੇਸ਼ਮੀ ਜਾਂ ਤਿੱਲੇ ਦੀ ਧਾਰੀ ਹੁੰਦੀ ਹੈ। ਇੱਕ ਦੁਆ ॥

**ਸਲੇਂਗੀ,** ਪੁ:—ਇੱਕ ਵਲੈਤੀ ਸਿੱਕਾ (ਬਾਰਾਂ ਆਨਿਆਂ ਦਾ) ॥

**ਸਲਿੱਪਰ**
**ਸਲੀਪਰ** } ਪੁ:—ਇੱਕ ਤਰਾਂ ਦੀ ਢਿਲੀ ਜੁਤੀ ॥

**ਸਲੀਤਾ,** ਪੁ:—ਬੈਂਬੂ ਲਪੇਟ ਕੇ ਪਾਉਣ ਵਾਲਾ ਥੈਲਾ ॥

**ਸਲ੍ਹੂ,** ਪੁ:—ਇੱਕ ਪਤਲਾ ਤਸਮਾ ਜਿਸ ਨਾਲ ਜੁੱਤੀਆਂ ਸੀਉਂਦੇ ਹਨ ॥

**ਸਲੂਕ,** ਪੁ:—ਵਰਤੋਂ, ਵਰਤਣ, ਮੇਲ ॥

**ਸਲੂਕ ਕਰਨਾ**
**ਸਲੂਕ ਨਾਲ ਰਹਿਣਾ** } ਕ੍ਰਿ:-ਮਿਲਕੇ ਰਹਿਣਾ, ਪਿਆਰ ਮੁਹੱਬਤ ਕਰਨਾ ॥

Digitized by Panjab Digital Library / www.panjabdigilib.org

**ਸਲੂਕਾ,** ਪੁਃ—ਛੋਟੀਆਂ ਬਾਹਵਾਂ ਵਾਲਾ ਕੁਰਤਾ, ਫਤੂਹੀ ॥

**ਸਲੂਣਕ,** ਸਃ—ਇੱਕ ਬੂਟਾ ਜਿਸ ਦੀ ਭਾਜੀ ਬਣਾਕੇ ਖਾਂਦੇ ਹਨ ॥

**ਸਲੂਣਾ,** ਵਿਃ—ਲੂਣ ਵਾਲਾ, ਨਿਮਕੀ, ਮਸਾਲੇ ਦਾਰ, ਸੁਆਦ ॥
ਪੁਃ—ਸਾਲਣਾ, ਦਾਲ ਭਾਜੀ ਜਿਸ ਨਾਲ ਰੋਟੀ ਖਾਧੀ ਜਾਂਦੀ ਹੈ ॥

**ਸਲੂਣੀ,** ਪੁਃ—ਇੱਕ ਬੂਟਾ ਜਿਸ ਨੂੰ ਡੰਗਰ ਬੀ ਖਾਂਦੇ ਹਨ ਅਤੇ ਰਿੰਨ੍ਹਕੇ ਬੀ ॥
ਵਿਃ—ਲੂਣ ਵਾਲੀ, ਨਿਮਕੀ ॥

**ਸੱਲੇ,** ਪੁਃ—ਇੱਕ ਤਰਾਂ ਦਾ ਰੁੱਖ ॥

**ਸਲੇਟ,** ਸਃ—ਪੱਥਰ ਦੀ ਪੱਟੀ ਜਿਸ ਪੁਰ ਲਿਖਦੇ ਹਨ ॥

**ਸਲੇਟ ਪਿੰਸਲ,** ਸਃ—ਸਲੇਟ ਉੱਤੇ ਲਿਖਣਵਾਲੀ ਪੱਥਰ ਦੀ ਪਿੰਸਲ ॥

**ਸਲੋ,** ਵਿਃ—ਹੌਲੀ ਹੌਲੀ ਚੱਲਣ ਵਾਲੀ (ਘੜੀ) ॥

**ਸਲੋਹਾ,** ਪੁਃ—'ਸਿਆਲੀ' ਵੇਖੋ ॥

**ਸਲੋਤਰ,** ਪੁਃ—ਨਿਹੰਗਾਂ ਅਤੇ ਅਕਾਲੀਆਂ ਦਾ ਮੋਟਾ ਡੰਡਾ, ਭੰਗ ਘੋਟਣ ਵਾਲਾ ਡੰਡਾ ॥

**ਸਲੋੱਤਰ ਪੁਣਾ,** ਪੁਃ—ਪਸ਼ੂਆਂ ਦੀ ਹਕੀਮੀ ਦੀ ਵਿਦਯਾ ॥

**ਸਲੋਤਰੀ / ਸਲੋਤ੍ਰੀ** } ਪੁਃ—ਪਸ਼ੂਆਂ ਦਾ ਹਕੀਮ ॥

**ਸਲੋਦ,** ਪੁਃ—ਇੱਕ ਤਰਾਂ ਦਾ ਬੂਟਾ ॥

**ਸਲੋਨਾ,** ਵਿਃ—ਸਲੂਣਾ, ਲੂਣ ਮਸਾਲੇ ਵਾਲਾ ਸੁਹਣਾ, ਸੁਡੌਲ ॥

**ਸਲੌਂਕੇਰ,** ਪੁਃ—'ਨਾਗ ਦੌਣ' (ਨ ਗ ਦੇ ਹੇਠ) ਵੇਖੋ ॥

**ਸਵਦ,** ਪੁਃ—'ਸਬਦ' ਵੇਖੋ ॥

**ਸਵੱਯਾ,** ਪੁਃ—ਪਿੰਗਲ ਦੇ ਇੱਕ ਛੰਦ ਦਾ ਨਾਉਂ ॥

**ਸਵਲ,** ਪੁਃ—ਇੱਕ ਬੂਟਾ ਜੋ ਖੰਡ ਸਾਫ਼ ਕਰਨ ਦੇ ਕੰਮ ਆਉਂਦਾ ਹੈ ॥

**ਸਵੱਲੜਾ,** ਵਿਃ—ਅੱਗੇ ਨਾਲੋਂ ਸਸਤਾ ॥

**ਸਵੱਲਾ,** ਵਿਃ—ਸਸਤਾ, ਅੱਗੇ ਨਾਲੋਂ ਸਸਤਾ, ਰਿਆਇਤ ਵਾਲਾ, ਠੀਕ, ਸੂਤ ॥

**ਸਵਾ,** ਵਿਃ—ਇੱਕ ਪੂਰਾ ਅਤੇ ਚੌਥਾ ਹਿੱਸਾ ॥

**ਸਵਾਉਣਾ,** ਕ੍ਰਿਃ—'ਸੁਆਉਣਾ' ਵੇਖੋ ॥

**ਸਵਾਇਆ / ਸਵਾਈ** } ਵਿਃ—ਵਧੀਕ, ਚੰਗਾ, ਚੰਗੀ, ਸਵਾ ਗੁਣਾ ਜਾਂ ਗੁਣੀ ॥

**ਸਵਾਈ,** ਸਃ—ਇੱਕ ਚੀਜ਼ ਪੂਰੀ ਅਤੇ ਚੌਥਾ ਹਿੱਸਾ, ਉਹ ਰੱਸਾ ਜੋ ਤੰਬੂ ਦੇ ਡੰਡੇ ਦੇ ਉੱਪਰਲੇ ਸਿਰੇ ਨਾਲ ਬੰਧਾ ਹੁੰਦਾ ਹੈ ਅਤੇ ਜਿਸ ਦੇ ਚੁਫੇਰੇ ਤਣਨ ਨਾਲ ਤੰਬੂ ਟਿਕਿਆ ਰਹਿੰਦਾ ਹੈ। ਸੁਆਣੀ ॥

**ਸਵਾਸਣ,** ਸਃ—ਉਹ ਤ੍ਰੀਮਤ ਜੋ ਆਪਣੇ ਭਰੇ ਨਾਲ ਬੜਾ ਸਨੇਹ ਕਰੇ ॥

**ਸਵਾਹ,** ਸਃ—'ਸੁਆਹ' ਵੇਖੋ ॥

**ਸਵਾਂਕ,** ਪੁਃ—ਇੱਕ ਤਰਾਂ ਦੇ ਨਿੱਕੇ ਨਿੱਕੇ ਚਾਉਲ ਜੋ ਹਿੰਦੂ ਅਕਸਰ ਇਕਾਦਸੀ ਦੇ ਵਰਤ ਨੂੰ ਖਾਂਦੇ ਹਨ ॥

**ਸਵਾਂਗੀ,** ਪੁਃ—ਸਾਂਗ ਬਣਨ ਵਾਲਾ, ਤਮਾਸ਼ਾ ਕਰਨ ਵਾਲਾ ॥

**ਸਵਾਦ,** ਪੁਃ—ਸੁਆਦ, ਰਸ, ਚਸਕਾ, ਮਜ਼ਾ ॥

Digitized by Panjab Digital Library | www.panjabdigilib.org

**ਸਵਾਦੀ,** ਵਿ:—ਚੰਗੇ ਸੁਆਦ ਵਾਲਾ, ਮਜ਼ੇਦਾਰ, ਰਸੀਲਾ ॥

**ਸਵਾਧਾਨ,** ਵਿ:—ਚੇਤਨ, ਸੁਚੇਤ, ਜਾਗਦਾ, ਬ੍ਰਾਹਮਣਾਂ ਦੀ ਅਸੀਸ ਬਾਦ ।

**ਸਵਾਬ,** ਪੁ:—ਪੁੰਨ, ਉਪਕਾਰ, ਨੇਕੀ, ਚੰਗੇ ਕੰਮ ਦਾ ਫਲ, ਨੇਕੀ ਦਾ ਜੋ ਫਲ ਪਰਲੋਕ ਵਿੱਚ ਮਿਲੇਗਾ, ਭਲਿਆਈ ।

**ਸਵਾਰ,** ਪੁ:—ਘੋੜੇ ਆਦਿਕ ਉੱਤੇ ਚੜ੍ਹਿਆ ਹੋਇਆ ਮਨੁੱਖ ਘੁੜ ਚੜ੍ਹਾ ਸਿਪਾਹੀ ।

ਵਿ:—ਘੋੜੇ ਆਦਿਕ ਉੱਤੇ ਚੜ੍ਹਿਆ ਹੋਇਆ, ਸ਼ਰਾਬ ਨਾਲ ਮਸਤ ।

**ਸਵਾਰਨਾ,** ਕ੍ਰਿ:—ਸੁਆਰਨਾ, ਠੀਕ ਕਰਨਾ, ਤਿਆਰ ਕਰਨਾ, ਸਜਾਉਣਾ ॥

**ਸਵਾਰੀ,** ਸ:—ਘੋੜੇ ਆਦਿਕ ਪੁਰ ਚੜ੍ਹਨ ਦਾ ਕੰਮ, ਕੋਈ ਅਜੇਹੀ ਚੀਜ਼ ਜਿਸ ਨਾਲ ਇੱਕ ਥਾਂ ਤੋਂ ਦੂਜੀ ਥਾਂ ਜਾ ਸਕੀਏ ਜਿਹਾ ਕਿ ਗੱਡੀ ਘੋੜਾ ਆਦਿਕ। ਸਵਾਰ ਹੋਣ ਵਾਲਾ ਆਦਮੀ (ਟਮ ਟਮ ਵਿੱਚ ਚਾਰ ਸਵਾਰੀਆਂ ਬੈਠੀਆਂ ਹਨ) ਇੱਕ ਗੀਤ, ਇੱਕ ਤਰਾਂ ਦੀ ਸੁਰ ॥

**ਸਵਾਲ,** ਪੁ:—'ਸਵਲ' ਵੇਖੋ । ਪੁੱਛੀ ਹੋਈ ਗੱਲ, ਪ੍ਰਸ਼ਨ, ਅਰਜ਼ੀ, ਅਰਦਾਸ ॥

**ਸਵਾਲਣ,** ਸ:—ਸਵਾਲ ਕਰਨ ਵਾਲੀ, ਬੇਨਤੀ ਕਰਨ ਵਾਲੀ, ਮੰਗਤੀ ॥

**ਸਵਾਲੀ,** ਪੁ:—ਮੰਗਤਾ, ਅਰਜ਼ ਕਰਨ ਵਾਲਾ ਮਨੁੱਖ ॥

**ਸਵੇਰ,** ਸ:<br>**ਸਵੇਰਾ,** ਪੁ: } ਤੜਕਾ, ਪਰਭਾਤ, ਝਲਾਂਗਾ, ਦਿਨ ਦਾ ਪਹਿਲਾ ਹਿੱਸਾ, ਅੰਮ੍ਰਿਤ ਵੇਲਾ ॥

ਵਿ:—ਪਹਿਲਾ, ਛੇਤੀ ਦਾ, ਚੰਗੇ ਵੇਲੇ ਦਾ ॥

**ਸਵੇਰ ਸਾਰ,** ਕ੍ਰਿ:, ਵਿ:—ਤੜਕੇ ਹੀ, ਸਵੇਰ ਹੁੰਦੇ ਹੀ ॥

**ਸਵੇਰੇ,** ਕ੍ਰਿ:, ਵਿ:—ਤੜਕੇ, ਛੇਤੀ, ਦੂਏ ਬਲਕ, ਸਵੇਰ ਦੇ ਵੇਲੇ ॥

**ਸਵੇਲ,** ਸ:<br>**ਸਵੇਲਾ,** ਪੁ: } 'ਸਵੇਰ' ਵੇਖੋ ॥

**ਸਵੇਲੇ,** ਕ੍ਰਿ:, ਵਿ:—'ਸਵੇਰੇ' ਵੇਖੋ ।

**ਸਵੈੱਧਾ,** ਪ:—'ਸਵੁੱਧਾ' ਵੇਖੋ ।

**ਸੜਸੜ ਉਣਾ,** ਕ੍ਰਿ:—ਮਾਸ ਦੇ ਭੁੱਜਣ ਦੀ ਅਵਾਜ਼ ਆਉਣੀ, ਮਨ ਦੁਖੀ ਹੋਣਾ ॥ ਦੂਏ ਨੂੰ ਵੇਖਕੇ ਸੜਨਾ ।

**ਸੜ ਸੜਾਟ,** ਸ:—ਮਾਸ ਦੇ ਭੁੱਜਣ ਦੀ ਅਵਾਜ਼ ॥

**ਸੜਕ,** ਸ:—ਬਣਾਇਆ ਹੋਇਆ ਰਸਤਾ, ਚੌੜਾ ਰਾਹ, ਸੇਟੀ, ਰਾਗ, ਹੱਡਾਂ ਦੀ ਪੀੜ ।

**ਸੜਕ ਸੜਕ ਕਰਨਾ,** ਕ੍ਰਿ:—ਹੱਡੀਆਂ ਦਾ ਦੁਖਣਾ ॥

**ਸੜਕ ਸੜਕ ਜਾਣਾ,** ਕ੍ਰਿ:—ਸੜਕ ਦੇ, ਰਾਹ ਅੱਗੇ ਵਧਦੇ ਜਾਣਾ ॥

**ਸੜਕਣਾ,** ਕ੍ਰਿ:—ਦੁਖੀ ਹੋਣਾ, ਕਿਸੇ ਨੂੰ ਦੇਖ ਕੇ ਸੜਨਾ, ਛੇਤੀ ਛੇਤੀ ਤੁਰਨਾ

**ਸੜਕੜਾ,** ਕਾਨਾ, ਕਾਹੀ, ਸਰਕੰਡਾ ॥

**ਸੜਕਾ,** ਪੁ:—ਲਾਲਸਾ, ਤਾਂਘ, ਸੱਧਰ ॥

**ਸੜ ਜਾਣਾ,** ਕ੍ਰਿ:—'ਸੜਨਾ' ਵੇਖੋ ।

**ਸੜਣ,** ਸ:—ਸਾੜਾ, ਗਲ ਜਾਣ ਦੀ ਹਾਲਤ, ਜਲਣ, ਜੋਸ਼ ॥

Digitized by Panjab Digital Library / www.panjabdigilib.org

**ਸੜਣਾ,** ਕ੍ਰਿ:—ਗਲਣਾ, ਬੁੱਸਣਾ, ਤੁੱਕਣਾ, ਉੱਬਲਣਾ, ਮਲਣਾ, ਨਸ਼ਟ ਹੋਣਾ, ਦੂਸਰੇ ਨੂੰ ਸੁਖੀ ਵੇਖ ਕੇ ਆਪ ਦੁਖੀ ਹੋਣਾ ॥
ਖਾਰ ਖਾਣੀ ॥ ਪੰਘਰ ਕੇ ਗਰਮ ਹੋਣਾ (ਘਿਉ ਦਾ)॥

**ਸੜਾਉਣਾ,** ਕ੍ਰਿ:-ਸੜਨ ਦੇਣਾ, ਗਲਾਉਣਾ, ਜਲਾਉਣਾ, ਨਸ਼ਟ ਕਰਾਉਣਾ। ਬੁਸਆਉਣਾ ॥

**ਸੜਾਈ,** ਸ:-'ਸੜਨ' ਵੇਖੋ ॥

**ਸੜਾਕਾ,** ਪ:-ਨੱਕ ਰਾਹੀਂ ਲੰਮਾ ਸਾਹ ਲੈਣਾ। ਜ਼ੋਰ ਨਾਲ ਸਾਹ ਖਿੱਚ ਕੇ ਹੁੱਕਾ ਪੀਣਾ। ਛੌਂਤੀ, ਮੀਂਹ ਦੀਆਂ ਮੋਟੀਆਂ ਕਣੀਆਂ ਪੈਣ ਦੀ ਅਵਾਜ਼।

**ਸੜਿਆਂਹਣ**
**ਸੜਿਆਂਹਨ** } ਸ:—ਬੁੱਕਹਾਣ, ਚੀਜ਼ ਦੇ ਗਲਨ ਸੜਨ ਤੋਂ ਜੋ ਬਦ ਬੋ ਆਉਂਦੀ ਹੈ ॥
**ਸੜ੍ਹਆਂਧ**

**ਸੜਿਆ ਹੋਇਆ,** ਵਿ:—ਸੁੱਕਿਆ ਹੋਇਆ, ਖਿੱਝਿਆ ਹੋਇਆ, ਗੁੱਸੇ ਵਿੱਚ ਆਇਆ ਹੋਇਆ ॥

**ਸੜਿੰਗਾ,** ਪੁ:-ਪਿੰਡੇ ਉੱਤੇ ਲਾਉਣ ਵਾਲੀ ਇਕ ਮਾੜੀ ਜਿਹੀ ਸੰਗੀ ॥

**ਸੜਿੰਗਾ ਲੱਗਣਾ**
**ਸੜਿੰਗਾ ਲਾਉਣਾ** } ਕ੍ਰਿ: ਪਿੰਡੇ ਉੱਤੇ ਸਿੰਗੀ ਲੱਗਣਾ ਜਾਂ ਲਾਉਣਾ, ਕਿਸੇ ਚੀਜ਼ ਦਾ ਅਦਾ ਹੋਥ ਆਉਣਾ।

**ਸਾ,** ਕ੍ਰਿ:-'ਹੋਣਾ' ਧਾਤੂ (ਹਾਂ) ਦਾ ਭੂਤ ਕਾਲ, ਇਕ ਬਚਨ, ਸੀ, ਸੀਗਾ, ਆਹਾ

**ਸਾਂ,** ਕ੍ਰਿ:-'ਹੋਣਾ' ਧਾਤੂ (ਹਾਂ) ਦਾ ਭੂਤ ਕਾਲ, ਪ੍ਰਥਮ ਪੁਰਖ।

**ਸਾਉਂਕ,** ਪੁ:-'ਸਵਾਂਕ' ਵੇਖੋ ॥

**ਸਾਉਕਾ,** ਪੁ:-ਦੂਰ ਦਾ ਸਾਕ, ਸੌਕਣਾਂ ਦਾ ਵਿਹਾਰ, ਮਾੜਰ ॥

**ਸਾਉਗੀ,** ਸ:-ਇੱਕ ਕਿਸਮ ਦੀ ਸੁੱਕੀ ਹੋਈ ਦਾਖ, ਗੁਆਂਢ ॥

**ਸਾਉਣ,** ਪੁ:-ਹਿੰਦੂਆਂ ਦੇ ਪੰਜਵੇਂ ਮਹੀਨੇ ਦਾ ਨਾਉਂ ਜੋ ਹਾੜ ਦੇ ਮਗਰੋਂ ਅਤੇ ਭਾਦੋਂ ਤੋਂ ਪਹਿਲੇ ਆਉਂਦਾ ਹੈ। ਬਰਖਾ ਦੀ ਰੁਤ, ਬਰਸਾਤ ॥

**ਸਾਉਣੀ,** ਸ:-ਉਨ੍ਹਾਲੇ ਦੀ ਰੁਤ ਦਾ ਫਸਲ ॥

**ਸਾਉਲਾ**
**ਸਾਂਉਲਾ** } ਵਿ:-ਕਾਲੇ ਰੰਗ ਦਾ, ਪੀਲਾ, ਫਿੱਕਾ ॥

**ਸਾਊ,** ਵਿ:-ਬੀਬਾ, ਗਰੀਬ, ਜਿਸ ਵਿੱਚ ਕੋਈ ਕਜ ਨਹੀਂ। ਜੋ ਪਰਾਧੀਨ ਨਹੀਂ ॥
ਪੁ:-ਭਲਾ ਮਾਨਸ, ਚਤੁਰ ਬੁਧਵਾਨ ਆਦਮੀ, ਵਿਆਹ ਵਿੱਚ ਲਾੜੇ ਦਾ ਸਾਥੀ, ਜਨੇਤੀ, ਕਿਸੇ ਕੌਮ ਦਾ ਸਰਦਾਰ, ॥

**ਸਾਓ,** ਕ੍ਰਿ:-ਹੋਣਾ ਧਾਤੂ (ਹਾਂ) ਦਾ, ਭੂਤ ਕਾਲ ਮਧਮ ਪੁਰਖ, ਬਹੁ ਬਚਨ ॥

**ਸਾਅਤ,** ਸ: -ਘੰਟਾ, ਮਿਨਟ, ਪਲ, ਘੜੀ, ਮਹੂਰਤ, ਸੈਤ ॥

**ਸਾਇਆ,** ਪੁ:-ਛਾਉਂ, ਪਰਛਾਵਾਂ ॥

**ਸਾਇਆ ਦਾਰ,** ਵਿ:-ਛਾਉਂ ਵਾਲਾ ॥

**ਸਾਇੰਸ,** ਪੁ:-ਵਿਦਯਾ, ਪਦਾਰਥਾਂ ਦਾ ਗਿਆਨ, ਇਲਮ ਦੀ ਕੋਈ ਸ਼ਾਖ ॥

**ਸਾਇਤ,** ਪੁ:-'ਸਾਅਤ' ਵੇਖੋ ॥
ਕ੍ਰਿ:, ਵਿ:-ਸ਼ਬਰੋ, ਸੌ ਵਿਸਵਾ।

Digitized by Panjab Digital Library | www.panjabdigilib.org

**ਸਾਂਇਤਣਾ,** ਕ੍ਰਿ:-ਇਕੱਠਾ ਕਰਨ, ਜਮਾ ਕਰਨਾ, ਸਮੇਟਣਾ, ਕਾਬੂ ਕਰਨਾ, ਹੱਥ ਵਿਚ ਲੈਣਾ, ਚੌਕਸੀ ਕਰਨਾ ॥

**ਸਾਂਇਤ ਲੈਣਾ,** ਕ੍ਰਿ:-ਪਕੜ ਲੈਣਾ, ਕਬਜਾ ਕਰ ਲੈਣਾ, ਮਾਲਕ ਬਣ ਬੈਠਣਾ, ਚੰਗਾ ਮੌਕਾ ਹੱਥ ਆਉਣਾ ।

**ਸਾਇਣ,** ਸ:-ਸਾਈਂ ਦੀ ਤੀਮਤ, ਮਾਲਕਿਆਣੀ ॥

**ਸਾਇਣੀ,** ਪੁ:-ਹਿੰਦੂ ਕਿਰਸਾਣਾਂ ਦੀ ਇਕ ਜਾਤ ।

**ਸਾਇਬਾਣ,** ਪੁ:-ਤੰਬੂ ॥

**ਸਾਇਰ,** ਪੁ:-ਕਬੀਸ਼ਰ, ਜੋ ਸ਼ੇਅਰ ਬਣਾਵੇ।

**ਸਾਈ,** ਸ:-ਕਿਸੇ ਚੀਜ਼ ਦੇ ਮੁੱਲ ਵਿੱਚੋਂ ਕੁਝ ਰਕਮ ਜੋ ਅਗਾਊ ਦਿੱਤੀ ਜਾਵੇ। ਜੇ ਗਾਹਕ ਉਹ ਚੀਜ਼ ਨਾ ਲਵੇ ਤਾਂ ਉਸ ਦੀ ਰਕਮ ਮਰ ਜਾਂਦੀ ਹੈ ॥

ਖਿਆਲਾ। ਨਾਗਦੌਣ।

ਪੜ:-ਓਹੀ, ਓਹੋ, ਸੋਈ॥

**ਸਾਈਂ,** ਪੁ:-ਮਾਲਕ, ਖੌਂਦ, ਨਾਥ, ਪਰਮੇਸ਼ਰ, ਫਕੀਰ (ਮੁਸਲਮਾਨ) ॥

**ਸਾਈਂ ਜੀਵੇਂ,** ਪਰਮੇਸ਼ੁਰ ਤੁਹਾਡੀ ਉਮਰ ਵੱਡੀ ਕਰੇ। ਏਹ ਅਸੀਸ ਜਨਾਨੀਆਂ ਨੂੰ ਦਿੱਤੀ ਜਾਂਦੀ ਹੈ ਕਿ ਤੇਰਾ ਸਾਈਂ ਚਿਰੰਜੀਵ ਹੋਵੇ ਤੇ ਤੂੰ ਸੁਹਾਗਣ ਰਹੇਂ ।

**ਸਾਈਂ ਦੀਆਂ ਰੱਖਾਂ**
**ਰੱਖ ਸਾਈਂ ਦੀ** } ਪਰਮੇਸ਼ੁਰ ਤੁਹਾਡੀ ਰੱਛਿਆ ਕਰੇ!

**ਸਾਈਂ ਲੋਕ**
**ਸਾਈਂ ਵਾਲਾ** } ਪੁ:-ਫਕੀਰ, ਭੋਲਾ ਆਦਮੀ।

**ਸਾਈਆਂ (ਯਾ),** ਪੁ:-ਸਾਈਂ, ਹੇ ਸਾਈਂ॥

**ਸਾਸ**
**ਸਾਂਸ** } ਪੁ:-ਸੁਆਸ, ਸਾਹ, ਦਮ।

**ਸਾਸਤਰ**
**ਸਾਸਤ੍ਰ** } ਪੁ:-ਹਿੰਦੂਆਂ ਦੇ ਧਰਮ ਪੁਸਤਕ, ਵੇਦ ਪੁਰਾਣ ਆਦਿਕ, ਕੋਈ ਧਰਮ ਗ੍ਰੰਥ ਜਿਸ ਨੂੰ ਪਰਮਾਣ ਮੰਨਿਆ ਜਾਵੇ। ਅਨੇਕ ਤਰਾਂ ਦੀ ਵਿਦਿਆ, ਪੁਸਤਕ ॥

**ਸ਼ਾਸਤ੍ਰ ਅਨੁਸਾਰ,** ਪੁ:-ਸ਼ਾਸਤ੍ਰਾਂ ਦੇ ਮੂਜਬ, ਜਿਹਾ ਸ਼ਾਸਤ੍ਰਾਂ ਵਿੱਚ ਲਿਖਿਆ ਹੋਇਆ ਹੈ॥

**ਸ਼ਾਸਤ੍ਰਾਰਥ,** ਪੁ:-ਧਰਮ ਚਰਚਾ ।

**ਖਟ ਸ਼ਾਸਤ੍ਰ,** ਪੁ:-ਛੇ ਦਰਸ਼ਨ ਅਰਥਾਤ ਨਿਆਇ, ਸਾਂਖ੍ਯ, ਵੈਸ਼ੇਸ਼ਕ, ਯੋਗ, ਮੀਮਾਂਸਾ, ਵੇਦਾਂਤ।

**ਧਰਮ ਸ਼ਾਸਤ੍ਰ,** ਪੁ:-ਮਨੁ, ਪਰਾਸਰ ਆਦਿਕ ਰਿਖੀਆਂ ਦੀਆਂ ਬਣਾਈਆਂ ਹੋਈਆਂ ਸਿਮਰਤੀਆਂ (ਇਨ੍ਹਾਂ ਵਿਚ ਚੌਹਾਂ ਵਰਨਾਂ ਅਤੇ ਆਸਰਮਾਂ ਦੇ ਧਰਮ ਅਤੇ ਹੋਰ ਅਨੇਕ ਅਜੇਹੀਆਂ ਗੱਲਾਂ ਲਿਖੀਆਂ ਹਨ) ॥ ਸਿਮਰਤੀ ॥

**ਸ਼ਾਸਤ੍ਰੀ,** ਸ:-ਦੇਵ ਨਾਗਰੀ, ਸੰਸਕ੍ਰਿਤ, ਇਕ ਪਰੀਖਿਆ ਦਾ ਨਾਉਂ॥

ਪੁ:-ਸ਼ਾਸਤ੍ਰਾਂ ਨੂੰ ਜਾਨਣ ਵਾਲਾ, ਸ਼ਾਸਤ੍ਰੀ ਦੀ ਪਰੀਖਿਆ ਜਿਸ ਨੇ ਪਾਸ ਕੀਤੀ ਹੈ ।

**ਸਾਂਸਾ,** ਪੁ:-'ਸੰਸਾ' ਵੇਖੋ ।

**ਸਾਂ ਸਾਂ ਕਰਨਾ,** ਕ੍ਰਿ:-ਧੜਕਣਾ, ਰੁਖਾਂ ਵਿੱਚੋਂ ਵਗਦੀ ਪੌਣ ਦੀ ਅਵਾਜ਼ ਆਉਣੀ॥

**ਸਾਹ,** ਪੁ:-ਸੁਆਸ, ਦਮ, ਸਾਸ, ਸਾਹਾ ॥

**ਸਾਹ ਅਟਕਲਣਾ,** ਕ੍ਰਿ:-ਸਾਹ ਤੋਂ ਮਲੂਮ ਕਰਨਾ ਕਿ ਕੋਈ ਸੁਤਾ ਹੈ ਜਾਂ ਜਾਗਦਾ ਹੈ ॥

Digitized by Panjab Digital Library | www.panjabdigilib.org

**ਸਾਹ ਸਤ,** ਪੁ:—ਬਲ, ਤਾਕਤ, ਜ਼ੋਰ ॥

**ਸਾਹ ਸੋਧਣਾ,** ਕ੍ਰਿ:—ਲੰਮੇ ਸਾਹ ਲੈਣ ਦਾ ਅਭਿਆਸ ਕਰਨਾ । ਵਿਆਹ ਦਾ ਮਹੂਰਤ ਕੱਢਣਾ ॥

**ਸਾਹ ਘਸੀਟਣਾ,** ਕ੍ਰਿ:—ਦਮ ਰੋਕਣਾ ॥

**ਸਾਹ ਪਰਖਣਾ,** ਕ੍ਰਿ:—'ਸਾਹ ਅਟਕਲਣਾ' ਵੇਖੋ ।

**ਸਾਹ ਲੈਣਾ,** ਕ੍ਰਿ:—ਦਮ ਲੈਣਾ, ਸਸਤਾਉਣਾ ॥

**ਸ਼ਾਹ,** ਪੁ: ਧਨੀ, ਸੁਦਾਗਰ, ਰੁਪਇਆ ਬਿਆਜੀ ਦੇਣ ਵਾਲਾ, ਸੇਠ, ਸਰਾਫ਼, ਹਟਵਾਣੀਆ, ਬੁਪਾਰੀ, ਮੁਸਲਮਾਨ ਰਾਜਾ (ਪਾਤਸ਼ਾਹ), ਸੁਲਤਾਨ, ਕਈਆਂ ਫ਼ਕੀਰਾਂ ਦਾ ਨਾਉਂ, ਜਿਸ ਦਾ ਕੋਈ ਗੁਮਾਸ਼ਤਾ ਹੁੰਦਾ ਹੈ ਉਹ ਉਸ ਦਾ ਸ਼ਾਹ ਕਹਾਉਂਦਾ ਹੈ, ਸਈਦਾਂ ਨੂੰ 'ਸ਼ਾਹ ਜੀ' ਕਰਕੇ ਬੁਲਾਉਂਦੇ ਹਨ ॥

**ਸ਼ਾਹ ਤਰਾ,** ਪੁ:—ਇੱਕ ਕੋੜਾ ਬੂਟਾ ਜਿਸ ਦੇ ਬੀ ਅਤੇ ਪਤ੍ਰ ਠੰਡੇ ਹੁੰਦੇ ਹਨ ਅਤੇ ਕਈਆਂ ਰੋਗਾਂ ਵਿਚ ਵਰਤੇ ਜਾਂਦੇ ਹਨ ॥

**ਸ਼ਾਹ ਤੂਤ,** ਪੁ:—'ਸ਼ਹਤੂਤ' ਵੇਖੋ ।

**ਸ਼ਾਹ ਦਰਾ,** ਪੁ:—ਲਹੌਰ ਦੇ ਪਾਸ ਰਾਵੀ ਦੇ ਕੰਢੇ ਉੱਤੇ ਇੱਕ ਪਿੰਡ ਦਾ ਨਾਉਂ ਜਿੱਥੇ ਜਹਾਂਗੀਰ ਪਾਤਸ਼ਾਹ ਦਾ ਮਕਬਰਾ ਹੈ ॥

**ਸ਼ਾਹ ਦੌਲਾ,** ਪੁ:—'ਦੌਲਾ' ਵੇਖੋ ॥

**ਸ਼ਾਹ ਨਸ਼ੀਨ,** ਸ:—ਘਰ ਦੀ ਛੱਤ ਉਪਰ ਬੈਠੇ ਦੇ ਨਾਲ ਅਗਾਹਾਂ ਨੂੰ ਵਧਿਆ ਹੋਇਆ ਥੜਾ ਜਿਸ ਉਤੇ ਮਨੁੱਖ ਬਹਿੰਦੇ ਹਨ ॥ ਰੌਸ ॥

**ਸ਼ਾਹ ਪਸੰਦ,** ਪੁ:—ਇੱਕ ਤਰਾਂ ਦਾ ਮੁਲਤਾਨੀ ਅੰਬ । ਇੱਕ ਤਾਕਤ ਦੀ ਦੁਆ ਜੋ ਕੌੜੀ ਹੁੰਦੀ ਹੈ ॥

**ਸ਼ਾਹ ਮਕਸੂਦੀ,** ਪੁ:—ਇੱਕ ਤਰਾਂ ਦਾ ਸੰਗ ਮਰਮਰ ਜੋ ਯੂਸਫ਼ ਜ਼ਈ ਤੋਂ ਆਉਂਦਾ ਹੈ ॥

**ਸ਼ਾਹ ਰਗ,** ਸ:—ਸਭ ਤੋਂ ਵੱਡੀ ਰਗ, ਧੌਂਸੀ ॥

**ਸ਼ਾਹ ਰਾਹ,** ਪੁ:—ਵੱਡੀ ਸੜਕ, ਆਮ ਲੋਕਾਂ ਦੇ ਲੰਘਣ ਲਈ ਚੌੜਾ ਰਸਤਾ ।

**ਸਾਹਸ,** ਪੁ:—ਹੌਸਲਾ, ਦਲੇਰੀ, ਹਿੰਮਤ ॥

**ਸਾਂਹਸੀ,** ਪੁ:—ਇੱਕ ਲਟੇਰੀ ਜਾਤ ਦਾ ਨਾਉਂ ।

**ਸਾਹਜਰ,** ਪੁ:—ਪਰਭਾਤ, ਸਵੇਰਾ, ਤੜਕਾ ॥ ਵਿ:—ਛੇਤੀ ਦਾ, ਪਹਿਲਾ ।

**ਸਾਹਜੇਰੇ,** ਕ੍ਰਿ:, ਵਿ: ਪਹਲੇ, ਪਰਭਾਤ ਦੇ ਵੇਲੇ ॥

**ਸਾਹਣ,** ਪੁ:—ਖੁੱਲ੍ਹਾ ਛੱਡਿਆ ਹੋਇਆ ਬਲਦ, ਜਾਂ ਘੋੜਾ, ਗਊਆਂ ਨੂੰ ਗੱਭਣ ਕਰਨ ਵਾਲਾ ਬਲਦ ਵੱਡਾ ਢੱਗਾ ।

**ਸਾਹਣਾਂ ਦਾ ਭੇੜ,** ਪੁ: ਵੱਡੇ ਆਦਮੀਆਂ ਦੀ ਲੜਾਈ ।

**ਸਾਹਣਕ,** ਸ:—ਮਿੱਟੀ ਦੀ ਕੁਨਾਲੀ ॥

**ਸਾਹਣਕੀ,** ਸ:—ਨਿੱਕੀ ਜੇਹੀ ਸਾਹਣਕ ।

**ਸਾਹਣਾ,** ਪੁ:—ਇੱਕ ਤਰਾਂ ਦਾ ਕਿਰਲਾ ॥

**ਸ਼ਾਹਣੀ,** ਸ:—ਸ਼ਾਹ ਦੀ ਵਹੁਟੀ ॥

**ਸ਼ਾਹਦ,** ਪੁ:—ਉਗਾਹ, ਸਾਖੀ ।

**ਸ਼ਾਹਦੀ,** ਸ:—ਉਗਾਹੀ, ਪਰਮਾਣ, ਸਾਖੀ ॥

Digitized by Panjab Digital Library | www.panjabdigilib.org

**ਸਾਹਨਣੀ,** ਸ਼ਃ—'ਸਾਨ੍ਹਣੀ' ਦੇਖੋ ॥

**ਸਾਹਬ,** ਪੁਃ—ਮਾਲਕ, ਨਾਥ, ਸਾਈਂ, ਭਲਾ ਮਾਨਸ, ਫਰੰਗੀ, ਹਾਕਮ, ਸਰਦਾਰ, ਜੀ, ਖੌਂਦ, ਪਰਮੇਸ਼ੁਰ। ਅੰਗ੍ਰੇਜ਼ ਅਫਸਰ ॥

**ਸਾਹਬ ਸਲਾਮਤ,** ਸ਼ਃ—ਵੱਡੇ ਨੂੰ ਜੋ ਸਲਾਮ ਕੀਤੀ ਜਾਂਦੀ ਹੈ, ਜਾਂ ਹਿੰਦੂ ਮੁਸਲਮਾਨ ਮਿਲਕੇ ਜੋ ਸਲਾਮ ਕਰਦੇ ਹਨ। ਵਾਕਫੀ, ਰਾਮ ਰਮਈਆ, ਮਿਤ੍ਰਤਾਈ ॥

**ਸਾਹਬ ਜਾਦਾ,** ਪੁਃ<br>
**ਸਾਹਬ ਜਾਦੀ,** ਸ਼ਃ } ਭਲੇ ਮਾਨਸ ਕੁਲਵੰਤ ਦਾ ਪੁਤ੍ਰ ਜਾਂ ਧੀ, ਗੁਰਾਂ ਦੀ ਅੰਸ।

**ਸਾਹਬ ਜਿਲਾ ਜਾਂ ਜਿਲੇ ਵਾਲਾ ਸਾਹਬ** } ਪੁਃ—ਜਿਲੇ ਦਾ ਸਭ ਤੋਂ ਵੱਡਾ ਅਫ਼ਸਰ। ਡਿਪਟੀ ਕਮਿਸ਼ਨਰ ਜਾਂ ਕਲ-ਟਰ ॥

**ਸਾਹਬੀ,** ਸ਼ਃ—ਮਾਲਕੀ, ਸਰਦਾਰੀ ॥

**ਸਾਹਮਣਾ,** ਪੁਃ—ਅਗਲਾ ਹਿੱਸਾ, ਪਹਿਲਾ ਹਿੱਸਾ, ਮੱਥਾ। ਵਿਰੋਧ। ਲੜਾਈ ॥

**ਸਾਹਮਣਾ ਕਰਨਾ,** ਕ੍ਰਿਃ—ਲੜਨ ਨੂੰ ਅੱਗੇ ਆਉਣਾ, ਵਿਰੋਧ ਕਰਨਾ ॥

**ਸਾਹਮਣੇ,** ਕ੍ਰਿਃ, ਵਿਃ ਅਵਃ } ਅੱਗੇ, ਮੂਹਰੇ, ਪਰਤੱਖ।

**ਸਾਹਮਣੇ ਹੋਣਾ,** ਕ੍ਰਿਃ—ਅੱਗੇ ਆਉਣਾ, ਮੂੰਹ ਵਿਖਾਉਣਾ, ਲੜਨ ਨੂੰ ਤਿਆਰ ਹੋਣਾ ॥

**ਸਾਹਮਣੇ ਕਰਨਾ,** ਕ੍ਰਿਃ—ਪੇਸ਼ ਕਰਨਾ, ਅੱਗੇ ਲੈ ਜਾਣਾ, ਹਾਜ਼ਰ ਕਰਨਾ, ਮੂੰਹ ਬਣਾਉਣਾ ॥

**ਸਾਹਮਣੇ ਥੋਂ,** ਕ੍ਰਿਃ, ਵਿਃ—ਅੱਗੋਂ, ਪਾਸੋਂ ॥

**ਸਾਹਲ,** ਪੁਃ—ਲੋਹੇ ਦਾ ਗੋਲਾ ਜਿਸ ਨਾਲ ਰੱਸੀ ਬੱਧੀ ਹੁੰਦੀ ਹੈ ਅਤੇ ਜਿਸ ਨਾਲ ਰਾਜ ਸੇਧ ਮਲੂਮ ਕਰਦੇ ਹਨ ॥

**ਸਾਹਲੀ,** ਵਿਃ—ਸਾਹਲ ਵਿਚ ਦੀ ਚੀਜ਼ ਯਥਾ। ਦੀਵਾਰ, ਸਿੱਧੀ ॥

**ਸਾਹੜ ਸਤੀ,** ਸ਼ਃ—ਛਨਿੱਛਰ, ਛਨਿੱਛਰ ਦੀ ਪਾਈ ਹੋਈ ਸਾਢਿਆਂ ਸੱਤਾਂ ਵਰ੍ਹਿਆਂ ਦੀ ਬਿਪਤਾ, ਬਦਨਸੀਬੀ, ਖੋਟੀ ਕਿਸਮਤ, ਹੋਣੀ, ਨੁਸਤੀ ॥

**ਸਾਹੜਾ,** ਪੁਃ—ਇੱਕ ਤੇੜ ਬੰਨ੍ਹਣ ਵਾਲਾ ਕੱਪੜਾ ॥

**ਸਾਹੜੀ,** ਸ਼ਃ—ਇੱਕ ਲੱਕ ਬੰਨ੍ਹਣ ਵਾਲਾ ਛੋਟਾ ਕੱਪੜਾ, ਇੱਕ ਲੰਮੀ ਰੇਸ਼ਮੀ ਧੋਤੀ ਜੋ ਪਾਰ-ਸਨਾਂ ਜਾਂ ਹਿੰਦਣੀਆਂ ਪਹਿਨਦੀਆਂ ਹਨ ਅਤੇ ਜਿਸ ਦਾ ਇੱਕ ਲੜ ਸਿਰ ਉੱਪਰ ਆ ਜਾਂਦਾ ਹੈ। ਇੱਕ ਫਲ ਦਾ ਨਾਉਂ ॥

ਸਿਆਲ ਦਾ ਫਸਲ, ਹਾੜੀ

**ਸਾਹਾ,** ਪੁਃ—ਹਿੰਦੂਆਂ ਵਿੱਚ ਜੋ ਵਿਆਹ ਦਾ ਦਿਨ ਬਧਿਆ ਜਾਵੇ, ਜੋਤਸ਼ੀਆਂ ਦਾ ਕੱਢਿਆ ਹੋਇਆ ਵਿਆਹ ਦਾ ਮਹੂਰਤ, ਵਿਆਹ ਕਾਜ ॥

**ਸਾਹਾ ਸੁਧਾਉਣਾ,** ਕ੍ਰਿਃ—ਵਿਆਹ ਦਾ ਮਹੂਰਤ ਕਢਾਉਣਾ।

**ਸਾਹਾ ਸੋਧਣਾ,** ਕ੍ਰਿਃ—ਜੋਤਿਸ਼ ਦਾ ਲੇਖਾ ਕਰਕੇ ਵਿਆਹ ਦਾ ਮਹੂਰਤ ਕੱਢਣਾ।

**ਸਾਹਾ ਬਨਣਾ,** ਕ੍ਰਿਃ—ਵਿਆਹ ਦਾ ਵੇਲਾ ਬਧਿਆ ਜਾਣਾ।

**ਸਾਹੇ ਜਾਣਾ,** ਕ੍ਰਿਃ—ਕਿਸੇ ਦੇ ਵਿਆਹ ਪੁਰ ਜਾਣਾ।

Digitized by Panjab Digital Library / www.panjabdigilib.org

**ਸਾਹੀ,** ਸ਼ਃ–ਅਗਾਊਂ ਦਿੱਤੀ ਹੋਈ ਰਕਮ, ਸਾਈ, ਬਿਆਨਾ । ਅਰਾਮ ॥
ਖੱਤਰੀਆਂ ਦੀ ਇੱਕ ਜਾਤ ॥

**ਸਾਹੁਰੇ,** ਪੁਃ–ਵਹੁਟੀ ਜਾਂ ਗਭਰੂ ਦੇ ਪੇਕੇ, ਸਹੁਰੇ ।

**ਸਾਹੂਕਾਰ,** ਪੁਃ–'ਸਹੂਕਾਰ' ਵੇਖੋ ॥

**ਸਾਹੂ ਕਾਰਨੀ,** ਸ਼ਃ—'ਸਹੂਕਾਰਨੀ' ਵੇਖੋ ॥

**ਸਾਹੂ ਕਾਰਾ,** ਪੁਃ }
**ਸਾਹੂ ਕਾਰੀ,** ਸ਼ਃ } 'ਸਹੂਕਾਰਾ' ਵੇਖੋ।

**ਸਾਕ,** ਪੁਃ—ਸਰਬੰਧੀ, ਨਾਤਾ, ਵਰ ਲਈ ਕੰਨਿਆ ਜਾਂ ਕੰਨਿਆਂ ਲਈ ਵਰ ॥

**ਸਾਕ ਅੰਗ** }
**ਸਾਕ ਸੈਣ** } ਪੁਃ—ਸਰਬੰਧੀ, ਆਪਣੇ ।

**ਸਾਕ ਹੋਣਾ,** ਕ੍ਰਿਃ—ਕੁੜਮਾਈ ਹੋਣੀ ।

**ਸਾਕ ਕਰਨਾ,** ਕ੍ਰਿਃ—ਕੁੜਮਾਈ ਕਰਨੀ, ਮੁੰਡਾ ਜਾਂ ਕੁੜੀ ਮੰਗਣੀ ॥

**ਸਾਕ ਦਾਰ,** ਪੁਃ—ਸਰਬੰਧੀ ॥

**ਸਾਕ ਦਾਰੀ,** ਸ਼ਃ—ਸਰਬੰਧ, ਨਾਤਾ ॥

**ਸਾਕ ਨਾਤਾ,** ਪੁਃ—ਸਰਬੰਧ, ਅਪਣਾਇਤ, ਸਰਿਸ਼ਤੇਦਾਰੀ, ਸਰਬੰਧੀ ॥

**ਸਾਕਤ,** ਪੁਃ–ਮੂਰਖ, ਦੁਸ਼ਟ, ਪਾਪੀ ॥

**ਸਾਕਰ,** ਵਿਃ–ਸ਼ੁਕਰ ਕਰਨ ਵਾਲਾ, ਸੰਤੋਖੀ ।

**ਸਾਂਕਲ,** ਪੁਃ–ਸੰਗਲ, ਜੰਜੀਰ, ਇੱਕ ਤਰਾਂ ਦਾ ਗਹਿਣਾ, ਭੀੜੀ ਗਲੀ ।

**ਸਾਕਾ,** ਪੁਃ–ਬਹਾਦਰੀ, ਮਸ਼ਹੂਰੀ, ਸੰਮਤ (ਮਹਾਰਾਜਾ ਸਲਵਾਹਨ ਦਾ)॥

**ਸਾਕਾ ਕਰਨਾ,** ਕ੍ਰਿਃ—ਬਹਾਦਰੀ ਦੇ ਕੰਮ ਕਰਕੇ ਜਸ ਖੱਟਣਾ ॥

**ਸਾਕੀ,** ਪੁਃ—ਭੰਗੜਾਂ ਨੂੰ ਘੋਟੀ ਹੋਈ ਭੰਗ ਵਰਤਾਉਣ ਵਾਲਾ । (ਸ਼ਰਾਬੀ ਸ਼ਰਾਬ ਪਿਲਾਉਣ ਵਾਲੇ ਨੂੰ ਭੀ ਸਾਕੀ ਆਖਦੇ ਹਨ)

**ਸਾਖ,** ਸ਼ਃ–ਪਰਤੀਤ, ਵਸਾਹ, ਅਤਬਾਰ, ਰੁੱਖ ਦੀ ਟਾਹਣੀ।

**ਸਾਖ ਪਾਲਣੀ** }
**ਸਾਖ ਰੱਖਣੀ** } ਕ੍ਰਿਃ–ਖਰਾ ਵਿਹਾਰ ਕਰਕੇ ਆਪਣਾ ਵਸਾਹ ਬਣਾਈ ਰੱਖਣਾ ॥

**ਸਾਖ ਵਾਲਾ,** ਪੁਃ—ਜਿਸ ਦੀ ਸਾਖ ਜਾਂ ਪਰਤੀਤ ਹੋਵੇ ।

**ਸ਼ਾਖ ਜ਼ਿਨਾਰੀ,** ਪੁਃ–ਇੱਕ ਰੰਗ, ਪੀਲਾ ਜੋ ਕਾਲੇ ਜਾਂ ਨੀਲੇ ਦੀ ਭਾਹ ਮਾਰੇ ॥

**ਸਾਖਤੀ,** ਸ਼ਃ–ਘੋੜੇ ਦੇ ਸਾਜ ਦਾ ਪਿਛਲਾ ਤਸਮਾ ॥

**ਸ਼ਾਖਾ,** ਪੁਃ–ਲੰਮੀ ਮਸਾਲ ॥

**ਸਾਖੀ,** ਸ਼ਃ—ਕਥਾ, ਕਹਾਣੀ, ਵਾਰਤਾ, ਸਿੱਖਾਂ ਦੇ ਸਤਗੁਰਾਂ ਦੇ ਜੀਵਨ ਬਿਰਤਾਂਤ, ਉਗਾਹੀ, ਸ਼ਾਹਦੀ, ਪਰਮਾਣ ॥

**ਸਾਖੀ ਦੇਣੀ** }
**ਸਾਖੀ ਭਰਨੀ** } ਕ੍ਰਿ–ਉਗਾਹੀ ਦੇਣੀ, ਸ਼ਾਹਦੀ ਦੇਣੀ ।

**ਸਾਗ,** ਪੁਃ–ਭਾਜੀ, ਤਰਕਾਰੀ, ਸਬਜ਼ੀ ॥

**ਜੌਂ ਸਾਗ,** ਪੁਃ–'ਬਾਥੂ' ਵੇਖੋ ॥

**ਸਾਗ ਪੱਤ** }
**ਸਾਗ ਪੱਤਰ** }
**ਸਾਗ ਪੱਤਾ** } ਃ–ਭਾਜੀ, ਤਰਕਾਰੀ ਆਦਿਕ ।

Digitized by Panjab Digital Library | www.panjabdigilib.org

**ਸਾਂਗ,** ਪੁ:–ਨਕਲ, ਸਰੂਪ, ਤਮਾਸ਼ਾ, ਨਾਟਕ, ਭੇਖ, ਬਣਾਵਟ, ਪਖੰਡ ।
ਸ:–ਸੂਲ, ਕੰਡਾ, ਇਕ ਭਾਂਤ ਦੀ ਬਰਛੀ ।

**ਸਾਂਗ ਕੱਢਣਾ,** ਕ੍ਰਿ:–ਸਰੂਪ ਬਣਾਕੇ ਬਜ਼ਾਰਾਂ ਵਿਚ ਫੇਰਨਾ ।

**ਸਾਂਗ ਬਣਨਾ,** ਕ੍ਰਿ:–ਭੇਖ ਬਦਲਨਾ ॥

**ਸਾਂਗ ਬਣਾਉਣਾ,** ਕ੍ਰਿ:–ਨਾਟਕ ਕਰਨ ਲਈ ਸਰੂਪ ਬਣਾਉਣੇ ॥

**ਸਾਂਗ ਭਰਨਾ / ਸਾਂਗ ਵਿਖਾਉਣਾ** } ਕ੍ਰਿ:–ਜਿਸ ਦਾ ਤਮਾਸ਼ਾ ਕਰਨਾ ਹੋਵੇ ਓਹੋ ਜਹੀ ਸ਼ਕਲ ਬਣਾ ਲੈਣੀ ।

**ਸਾਂਗ ਲਾਹੁਣਾ,** ਕ੍ਰਿ:–ਨਕਲ ਕਰਨੀ, ਜਿਵੇਂ [illegible] ਕਰੇ ਤਿਵੇਂ ਆਪ ਕਰਨਾ ॥

**ਸਾਂਗਲੂ,** ਪੁ:–ਸਗਲ ਵੱਸਣ ਵਾਲਾ

**ਸਾਂਗਰ,** ਪੁ:–ਸਮੁੰਦਰ, ਸਰੋਵਰ

**ਸ਼ਾਗਿਰਦ,** ਪੁ:–'ਸ਼ਗਿਰਦ' ਵੇਖੋ ॥

**ਸ਼ਾਗਿਰਦਣੀ,** ਸ:–'ਸ਼ਗਿਰਦਣੀ' ਵੇਖੋ ॥

**ਸ਼ਾਗਿਰਦੀ,** ਸ:–'ਸ਼ਗਿਰਦੀ' ਵੇਖੋ ॥

**ਸਾਂਗੀ,** ਪੁ:–ਸਾਂਗ ਬਣਨ ਵਾਲਾ, ਬਹੁਰੂਪੀਆ, ਨਕਲੀਆ, ਨਟ ॥

**ਸਾਂਗੀ,** ਸ:–ਜੰਦਰਾ, 'ਸਲੰਗ' ਵੇਖੋ ॥

**ਸਾਗੂ ਦਾਣਾ,** ਪੁ:–ਇੱਕ ਬਿਰਛ ਜਿਸ ਦੇ ਨਿੱਕੇ ਨਿੱਕੇ ਚਿੱਟੇ ਦਾਣੇ ਹੁੰਦੇ ਹਨ ਜੋ ਛੇਤੀ ਪਚਣ ਵਾਲੀ ਖੁਰਾਕ ਹੋਣ ਕਰਕੇ ਮਾਂਦਿਆਂ ਨੂੰ ਦੁੱਧ ਜਾਂ ਪਾਣੀ ਵਿੱਚ ਰਿੰਨ੍ਹ ਕੇ ਦੇਂਦੇ ਹਨ ।

**ਸਾਗੂਨ,** ਪੁ:–ਇੱਕ ਵਡ ਮੁੱਲੀ ਲਕੜੀ ਦਾ ਰੁੱਖ ॥

**ਸਾਂਚ,** ਪੁ:–ਸੱਚ, ਸਚਿਆਈ, ਧਰਮ ॥

**ਸਾਂਚਾ,** ਵਿ:–ਸੱਚਾ, ਧਰਮੀ ॥
ਪੁ:–ਸਚਾ, ਸੰਚਾ, ਨਿਸ਼ਾਨ, ਠੱਪਾ, ਕਲਬੂਤ ।

**ਸਾਜ,** ਪੁ:–ਘੋੜੇ ਦੀ ਕਾਠੀ, ਸ਼ਿੰਗਾਰ, ਸਜਾਉਟ, ਪੂਜਾ ਪਾਉਣ ਵਾਲੀ ਸ਼ੀਸ਼ੀ ਜਾਂ ਪਿਆਲੀ ॥

**ਸਾਜ ਬਾਜ,** ਪੁ:–ਲੁਖਣ, ਸ਼ਿੰਗਾਰ ।
ਵਿ:–ਬਣਿਆ ਠਣਿਆ ॥

**ਸਾਜਣਾ,** ਕ੍ਰਿ:–ਤਿਆਰ ਕਰਨਾ, ਬਣਾਉਣਾ, ਕਪੜੇ ਗਹਿਣੇ ਪਾਉਣਾ, ਸ਼ਿੰਗਾਰ ਕਰਨਾ ॥

**ਸਾਜਣਾ ਨਿਵਾਜਣਾ,** ਕ੍ਰਿ:–ਵਧਾਉਣਾ, ਉੱਚੀ ਪਦਵੀ ਦੇਣੀ ।

**ਸਾਂਜਣਾ,** ਪੁ:–'ਸੁਹਾਂਜਣਾ' ਵੇਖੋ ॥

**ਸਾਜਨ,** ਪੁ: 'ਸੱਜਣ' ਵੇਖੋ ।

**ਸਾਜਾਤੀ,** ਵਿ:–'ਸਜਾਤੀ' ਵੇਖੋ ॥

**ਸਾਂਝ,** ਸ:–ਭਿਆਲੀ, ਸ਼ਰੀਕਤ ॥

**ਸਾਂਝਣ,** ਸ:–ਸਾਂਝ ਪਾਉਣ ਵਾਲੀ, ਸ਼ਰੀਕਣੀ ॥

**ਸਾਝਰਾ,** ਪੁ:–'ਸਾਹਜਰਾ' ਵੇਖੋ ॥

**ਸਾਝਰੇ,** ਕ੍ਰਿ:, ਵਿ:–'ਸਾਹਜਰੇ' ਵੇਖੋ ॥

**ਸਾਂਝਾ,** ਵਿ:–ਸਭਨਾਂ ਵਿਚ ਇੱਕੋ ਜਿਹਾ, ਸਾਂਝ ਵਾਲਾ ॥

**ਸਾਂਝੀ / ਸਾਂਝੂ** } ਪੁ:–ਭਿਆਲ, ਸ਼ਰੀਕ, ਸਾਥੀ, ਹਿੱਸੇਦਾਰ ॥

**ਸਾਂਟ,** ਸ:–ਸਰਬੰਧ, ਜੋੜ, ਏਕਾ, ਘੋੜੇ ਦੀ ਚਾਬਕ, ਘੋੜੇ ਨੂੰ ਚਾਬਕ ਮਾਰਨੀ ॥
ਫਲ ਦੀ ਅਵਾਜ ॥ ਸੂਰ ਦੀ ਅੰਦਰਲੀ ਖੱਲ (ਚਰਬੀਦਾਰ) ।

Digitized by Panjab Digital Library | www.panjabdigilib.org

**ਸਾਂਟਾ,** ਪੁ:—ਘੋੜੇ ਨੂੰ ਮਾਰਨ ਵਾਲੀ ਛਿਟੀ, ਛਾਂਟਕ, ਕਮਚੀ ॥

**ਸਾਣ੍ਹ,** ਪੁ:—ਪਗੜਾ, ਆਸ਼ਕ ॥

**ਸਾਠੀ,** ਸ:—'ਸੱਠੀ' ਵੇਖੋ ॥

**ਸਾਂਡਾ,** ਪੜ:—ਮੈਂ ਦਾ ਸੰਬੰਧ ਕਾਰਕ ਬਹੁ ਬਚਨ, ਅਸਾਡਾ, ਆਪਣਾ ॥

**ਸਾਢ,** ਸ: ਅੰਧ, ਅੰਧਾ ਹੋਣਾ ॥
( ਸਾਢ ਪਾਉਣੀ, ਸਾਢ ਪੈਣੀ )

**ਸਾਂਢ,** ਪੁ:—ਸਾਨ੍ਹ, ਬਲਦ । 'ਸਾਹਣ' ਵੇਖੋ ।

**ਸਾਂਢੂ,** ਪੁ: ਵਹੁਟੀ ਦੀ ਭੈਣ ਦਾ ਗਭਰੂ ॥

**ਸਾਢੇ,** ਵਿ:—ਅੱਧਾ ਵੱਧ ( ਸਾਢੇ ਤਿੰਨ ਅਰਥਾਤ ਤਿੰਨ ਅਤੇ ਅੱਧਾ )॥

**ਸਾਣ,** ਸ:—ਚਾਕੂ ਆਦਿਕ ਲਾਉਣ ਵਾਲਾ ਪੱਥਰ ।

**ਸਾਣ ਚਾੜ੍ਹਣਾ,** ਕ੍ਰਿ:—ਚਾਕੂ ਆਦਿਕ ਨੂੰ ਸਾਣ ਨਾਲ ਰਗੜ ਕੇ ਤਿੱਖਾ ਕਰਨਾ ।

**ਸ਼ਾਣ,** ਸ:—ਮਹਿਮਾ, ਵਡਿਆਈ, ਪਦਵੀ, ਜਲੋ, ਹਾਲਤ, ਚਮਕ, ਤੇਜ, ਪਰਤਾਪ, ਨੂਰ, ਪਰਮੇਸ਼ੁਰ ਦੀ ਕੁਦਰਤ । ਸ਼ਕਤੀ । ਮਾਯਾ । ਰਚਨਾ ॥

**ਸ਼ਾਣ ਅਲਾਹੀ** }
**ਖੁਦਾ ਦੀ ਸ਼ਾਣ** } ਖ:—ਪਰਮੇਸ਼ੁਰ ਦੀ ਮਾਯਾ ॥

**ਸ਼ਾਣ ਗੁਮਾਣ,** ਪੁ:—ਖਿਆਲ ਵਿਚਾਰ ॥
ਵਿ:—ਬਦਨਾਮ, ਉੱਚਾ ।

**ਸ਼ਾਣਦਾਰ,** ਵਿ:—ਸ਼ਾਣ ਵਾਲਾ, ਚਮਕਦਾਰ, ਵੱਡਾ, ਉੱਚੇ ਮਰਤਬੇ ਜਾਂ ਪਦਵੀ ਵਾਲਾ ॥

**ਸ਼ਾਣ ਨਾਲ ਰਹਿਣਾ,** ਕ੍ਰਿ:—ਧੂਮ ਧਾਮ ਨਾਲ ਰਹਿਣਾ, ਜਲੌ ਰਖਣਾ, ਅਮੀਰਾਂ ਦੀ ਰਹਿਣੀ ਰਹਿਣਾ ॥

**ਸ਼ਾਣ ਪੂਰਨੀ,** ਕ੍ਰਿ:—ਸ਼ਾਣ ਵਿੱਚ ਹੋਣਾ ।

**ਸ਼ਾਣ ਮਾਰੀ ਜਾਣੀ,** ਕ੍ਰਿ:—ਇੱਜ਼ਤ ਘਟਣੀ ।

**ਸ਼ਾਣ ਵਿਖਾਉਣੀ,** ਕ੍ਰਿ:—ਵੱਡਾ ਬਣ ਕੇ ਦੱਸਣਾ, ਆਪਣਾ ਦਬਦਬਾ ਵਿਖਾਉਣਾ ॥

**ਸਾਂਤ,** ਸ:—ਅਮਣ, ਚੈਨ ।

**ਸਾਤੁਕ,** ਵਿ:—ਮੁਤਾਬਿਕ, ਸੱਚਾ, ਸਤੋ ਗੁਣ ਦਾ ॥

**ਸਾਤਾਂ,** ਪੁ:—ਸੱਤ ਦਾ ਅੰਗ, ੭, ਸੱਤਾਂ ਦੀ ਗਿਣਤੀ, ਸਤ ਦਿਨ, ਇੱਕ ਲੋਹੇ ਦੀ ਬਣੀ ਹੋਈ ਚੀਜ਼ ਜਿਸ ਨੂੰ ਭਗਤ ਇੱਛਿਆ ਮੰਗਣ ਵੇਲੇ ਛਣਕਾਉਂਦਾ ਹੈ ॥

**ਸਾਥ,** ਪੁ:—ਸੰਗ, ਮੇਲ, ਸੁਹਬਤ ॥
ਅਵ:—ਨਾਲ, ਇਕੱਠੇ, ਨਾਲੇ ਹੀ ॥

**ਸਾਥ ਕਰਨਾ,** ਕ੍ਰਿ: ਨਾਲ ਚੱਲਣਾ ॥

**ਸਾਥ ਦੇਣਾ,** ਵਿ:—ਮੇਲ ਰੱਖਣਾ, ਮੱਦਤ ਕਰਨੀ, ਮਿਲ ਕੇ ਕੰਮ ਕਰਨਾ, ਸਹਾਰਾ ਦੇਣਾ, ਕਿਸੇ ਦੇ ਪਾਸੇ ਹੋਣਾ, ਪੱਖ ਪੂਰਨਾ ।

**ਸਾਥ ਨਿਭਾਉਣਾ** }
**ਸਥ ਪਾਲਣਾ** } ਕ੍ਰਿ:—ਨਾਲ ਜਾਣਾ, ਅੰਗ ਪਾਲਣਾ, ਤੋੜ ਨਿਭਾਉਣੀ, ਸਦਾ ਦੋਸਤੀ ਰੱਖਣੀ, ਪ੍ਰੀਤ ਵਧਾਉਣੀ ।

**ਸਾਥ ਰਹਿਣਾ,** ਕ੍ਰਿ:—ਇਕੱਠੇ ਰਹਿਣਾ, ਤੀਵੀਂ ਮਰਦ ਦਾ ਵਹੁਟੀ ਗਭਰੂ ਵਾਕਰ ਰਹਿਣਾ ॥

**ਸਾਥਣ,** ਸ:—ਸੰਗਣ, ਸਹੇਲੀ, ਪਿਛ ਲੱਗ ॥

**ਸਾਥੀ,** ਪੁ:—ਸੰਗੀ, ਮਿਤ੍ਰ, ਮਲੀ, ਪਿਛਲੱਗ ॥

**ਸਾਦ,** ਵਿ:—ਖੁਸ਼, ਪਰਸਿੰਨ, ਅਨੰਦ ॥

**ਸਾਦ ਮਸੂਦਾ,** ਵਿ:—ਗਾਹਿਲਿਆਂ ਬਾਝੋਂ, ਭੂਰਾ, ਸਿੱਧਾ, ਅਹਮਕ ॥

**ਸਾਦ ਮੁਰਾਦਾ,** ਵਿ:—ਸਿੱਧਾ, ਸ਼ਾਨ ਨਾ ਰੱਖਣ ਵਾਲਾ, ਹੱਛਾ, ਸੌਖਾ, ਖਰਾ ॥

Digitized by Panjab Digital Library | www.panjabdigilib.org

**ਸਾਂਦਲ ਗਰਦੀ,** ਸ:-ਅਵਾਰਾ ਫਿਰਨਾ ॥

**ਸਾਦਾ,** ਵਿ:-ਸਿਧਾ, ਸਾਫ, ਸਧਾਰਨ, ਖਰਾ, ਸਜਾਉਟ ਬਿਨਾ, ਚਿੱਟਾ, ਇੱਕੋ ਜੇਹੇ ਰੰਗ ਦਾ ਭੁਲਾ, ਸਚਾ, ਛਲ ਵਲ ਨਾ ਜਾਨਣ ਵਾਲਾ ।

**ਸਾ ਦਿਹ ਕੇ,** ਕ੍ਰਿ:, ਵਿ:-ਉਸੇ ਦਿਨ, ਇੱਕੋ ਦਿਨ, ਇੱਕੋ ਦਿਨ ਵਿਚ ॥

**ਸਾਦੀ,** ਸ:-'ਸਾਦਾ' ਦਾ ਸਤ੍ਰੀ ਲਿੰਗ ॥

**ਸ਼ਾਦੀ,** ਸ:-ਵਿਆਹ, ਢੰਗ, ਖੁਸ਼ੀ, ਅਨੰਦ ॥

**ਸ਼ਾਦੀ ਹੋਣੀ,** ਕ੍ਰਿ:-ਵਿਆਹ ਹੋਣਾ ।

**ਸ਼ਾਦੀ ਕਰਨੀ,** ਕ੍ਰਿ:-ਵਿਆਹ ਕਰਨਾ, ਅਨੰਦ ਮਨਾਉਣਾ, ਖੁਸ਼ੀਆਂ ਮਾਨਣੀਆਂ ।

**ਸ਼ਾਦੀ ਗਮੀ,** ਸ:-ਖੁਸ਼ੀ ਜਾਂ ਗਮ ਦਾ ਮੌਕਾ ।

**ਸ਼ਾਦੀਆਨਾ,** ਪੁ:-'ਸ਼ਾਦਿਆਨਾ' ਵੇਖੋ ॥

**ਸਾਧ,** ਪੁ:-ਸਤ, ਮਹਾਤਮਾ, ਫਕੀਰ, ਭਗਤ ॥
ਵਿ:-ਨੇਕ, ਸੱਚਾ, ਧਰਮੀ, ਪਾਵੇਂਤ੍ਰ ।

**ਸਾਧਕ,** ਪੁ:-ਫਕੀਰ ਦਾ ਚੇਲਾ, ਸਾਧਨ ਕਰਨ ਵਾਲਾ । ਅਭਿਆਸੀ ॥

**ਸਾਧਣ,** ਪੁ:-ਕਰਮ, ਅਮਲ, ਅੱਭਿਆਸ ॥

**ਸਾਧਣਾ,** ਕ੍ਰਿ:-ਸਿਖਾਉਣਾ, ਠੀਕ ਕਰਨਾ, ਹੋਲਤ ਪਾਉਣੀ, ਅਭਿਆਸ ਕਰਕੇ ਕਿਸੇ ਚੀਜ਼ ਦਾ ਵਰਤਾਵਾ ਸਿੱਖਣਾ ॥
ਅੱਭਿਆਸ ਕਰਨਾ, ਨਿਰਨਾ ਕਰਨਾ, ਪੂਰਾ ਕਰਨਾ, ਬਣਾਉਣਾ ।
ਸ:-ਅਭਿਆਸ, ਸਿੱਖਿਆ, ਕੰਮ ਦਾ ਪੂਰਾ ਹੋਣਾ, ਸਿੱਧ ਕਰਨਾ ॥

**ਸਾਧਣੀ,** ਸ:-ਸੰਤਣੀ, ਭਗਤਣੀ, ਫਕੀਰਨੀ ॥
ਵਿ:-ਨੇਕ, ਸੱਚੀ, ਧਰਮਣ ॥

**ਸਾਧਾਰਣ,** ਵਿ:-'ਸਧਾਰਨ' ਵੇਖੋ ।

**ਸਾਧੂ,** ਪੁ:-ਵਿ:-'ਸਾਧ' ਵੇਖੋ ॥

**ਸਾਧੂ ਚੋਰ,** ਪੁ:-ਛਲੀਆ, ਠਗ, ਦੂਸ਼ਟ ॥

**ਸਾਨ,** ਪੁ:-ਹੁਲਾਰਾ, ਥਰਥਰਾਹਟ, ਰਾਗ ਵਿੱਚ ਸੁਰ ਦਾ ਥਿੜਕਣਾ ।
ਸ:-'ਸ਼ਾਨ' ਵੇਖੋ

**ਸਾਨ੍ਹ,** ਪੁ:-'ਸਾਹਨ' ਵੇਖੋ ॥

**ਸਾਨ੍ਹਕੀ,** ਸ:-ਨਿੱਕੀ ਜੇਹੀ ਮਿੱਟੀ ਦੀ ਕੁਨਾਲੀ ॥

**ਸਾਨ੍ਹਣੀ,** ਸ:-ਊਠਣੀ, (ਕਦੇ ਕਦੇ ਊਠ ਨੂੰ ਭੀ ਸਾਨ੍ਹਣੀ ਕਹ ਦੇਂਦੇ ਹਨ ।)

**ਸਾਨ੍ਹਣੀ ਸੁਆਰ,** ਪੁ:-ਊਠਣੀ ਉੱਤੇ ਚੜ੍ਹਿਆ ਹੋਇਆ ॥

**ਸਾਨ੍ਹਾਂ,** ਪੁ:-ਇਕ ਤਰਾਂ ਦਾ ਕਿਰਲਾ ॥

**ਸਾਨੀ,** ਵਿ:-ਦੂਸਰਾ, ਵਰਗਾ, ਜਿਹਾ, ਸਮਾਨ ॥
ਸ਼ਾਨਦਾਰ, ਸ਼ਾਨ ਵਿਖਾਉਣ ਵਾਲਾ ॥
ਸ:-ਤੂੜੀ ਜਾਂ ਪੱਠੇ ਕੁਤਰਕੇ ਅਨਾਜ ਖਲ ਅਤੇ ਪਾਣੀ ਨਾਲ ਰਲਾਏ ਹੋਏ (ਡੰਗਰਾਂ ਨੂੰ ਪਾਉਣ ਲਈ), ਗੁਤਾਵਾ ।

**ਸਾਫ਼,** ਵਿ:-'ਸਫ਼ਾ' ਵੇਖੋ ॥

**ਸਾਫਾ,** ਪੁ:-ਰੁਮਾਲ, ਪਰਨਾ, ਪੋਣਾ, ਪੱਗ, ਪਟਕਾ ॥

**ਸਾਫ਼ੀ,** ਸ:-ਪਰਨਾ, ਇੱਕ ਗਿੱਲਾ ਕੱਪੜਾ ਜੋ ਉਬਾਲੇ ਹੋਏ ਚੌਲਾਂ ਉੱਤੇ ਦਈਦਾ ਹੈ । ਇੱਕ ਲੀਰ ਜਿਸ ਨੂੰ ਚਰਸੀ ਚਿਲਮ ਹੇਠਾਂ ਲਪੇਟ ਕੇ ਸੂਟਾ ਲਾਉਂਦੇ ਹਨ ॥

Digitized by Panjab Digital Library | www.panjabdigilib.org

**ਸਾਬਕ,** ਵਿ:–ਪਹਿਲਾ, ਪਿਛਲਾ, ਪੁਰਾਣਾ ॥

**ਸਾਬਕ ਦਸਤੂਰ;** ਪੁ:–ਪੁਰਾਣੀ ਰੀਤ, ਜਿਵੇਂ ਕਰ ਪਿੱਛੇ ਹੁੰਦਾ ਰਿਹਾ ਹੈ ।

**ਸਾਬਣ,** ਪੁ:–'ਸਬੂਨ' ਵੇਖੋ।

**ਸਾਬਣੀਆਂ,** ਪੁ:—ਸਾਬਣ ਬਨਾਉਣ ਜਾਂ ਵੇਚਣ ਵਾਲਾ ।

**ਸਾਬਤ,** ਵਿ:–ਪੱਕਾ, ਥੱਪਿਆ ਹੋਇਆ, ਪੂਰਾ, ਸਿੱਧ ਹੋਇਆ ਹੋਇਆ, ( ਸਾਬਤ ਹੋਣਾ, ਕਰਨਾ )।

**ਸਾਬਤ ਕਦਮ,** ਵਿ: ਪੱਕਾ, ਕੈਮ, ਵਫ਼ਾਦਾਰ, ਲੱਗ ਕੇ ਕੰਮ ਕਰਨ ਵਾਲਾ, ਮੇਹਨਤੀ ।

**ਸਾਬਤਾ,** ਵਿ:–ਪੂਰਾ, ਸਾਰਾ, ਸਬੂਤ, ਪੱਕਾ ।

**ਸਾਬਤੀ,** ਸ:–ਪਕਿਆਈ, ਲੱਗ ਕੇ ਕੰਮ ਕਰਨਾ, ਦ੍ਰਿੜ੍ਹਤਾ ।

**ਸਾਬਤੀ ਰੱਖਣੀ,** ਕ੍ਰਿ:–ਦ੍ਰਿੜ੍ਹ ਰਹਿਣਾ, ਆਪਣੇ ਹਠ ਪੁਰ ਕਾਇਮ ਰਹਿਣਾ ॥

**ਸਾਬਰ,** ਪੁ:, ਸ:–ਹਰਨ ਦੀ ਖੱਲ, ਪਹਾੜੀ ਬਕਰੀ ਦਾ ਚੰਮ

**ਸਾਬਰਾ,** ਪੁ:
**ਸਾਬਰੀ,** ਸ: } ਸਾਬਰ ਦਾ ਬਣਿਆ ਹੋਇਆ ॥

**ਸ਼ਾਬਾ**
**ਸ਼ਾਬਾਸ਼**
**ਸ਼ਾਬਾਸ਼ੇ** } ਅਵ:–ਵਾਹ ਵਾਹ, ਬੱਲੇ, ਅਸ਼ਕੇ, ਅਫ਼ਰੀਨ ।

**ਸ਼ਾਬਾ ਸ਼ਾਬਾ,** ਅਵ:–ਵਾਹ ਵਾਹ, ਬਲੇ, ਅਸ਼ਕੇ, ਅਫ਼ਰੀਨ ।

**ਸ਼ਾਬਾ ਸ਼ਾਬਾ ਕਰਨੀ,** ਕ੍ਰਿ: ਵਡਿਆਈ ਕਰਨੀ, ਵਾਹ ਵਾਹ ਕਰਨੀ



**ਸ਼ਾਬਾਨ,** ਪੁ:–ਮੁਸਲਮਾਨਾਂ ਦਾ ਅਠਵਾਂ ਮਹੀਨਾ, ਇਸ ਮਹੀਨੇ ਦੀ ਚੌਧਵੀਂ ਨੂੰ ਸ਼ਬਰਾਤ ਹੁੰਦੀ ਹੈ ॥

**ਸਾਬਿਤ,** ਵਿ:–'ਸਾਬਤ' ਵੇਖੋ ।

**ਸਾਬੂਣ,** ਪੁ:–'ਸਬੂਨ' ਵੇਖੋ ।

**ਸਾਬੂਣੀ,** ਵਿ:–'ਸਬੂਣੀ' ਵੇਖੋ ।

**ਸਾਬੂਣੀਆਂ,** ਪੁ:–'ਸਬੂਣੀਆ' ਵੇਖੋ ॥

**ਸਾਬੂ ਦਾਣਾ,** ਪੁ:–'ਸਾਗੂਦਾਣਾ' ਵੇਖੋ ॥

**ਸਾਂਭ,** ਸ:-ਰਾਖੀ, ਬਚਾਉ ॥

**ਸਾਂਭਣਾ**
**ਸਾਂਭ ਲੈਣਾ** } ਕ੍ਰਿ:–ਸਹਾਰਾ ਦੇਣਾ, ਸਮੇਟਣਾ, ਸੰਮਲਣਾ ਰੋਕਣਾ, ਅਟਕਾਣਾ, ਦਬਾ ਰੱਖਣਾ, ਰਖੀ ਕਰਨੀ, ਬੰਦੋਬਸਤ ਕਰਨਾ ।

**ਸਾਂਭਰ,** ਪੁ:–ਇੱਕ ਤਰ੍ਹਾਂ ਦਾ ਲੂਣ ਜੋ ਧਰਤੀ ਵਿੱਚੋਂ ਨਿਕਲਦਾ ਹੈ । ਅਜਮੇਰ ਦੇ ਪਾਸ ਇੱਕ ਸ਼ਹਿਰ ਅਤੇ ਛੰਭ ਦਾ ਨਾਉਂ ਜਿਸ ਵਿੱਚੋਂ ਲੂਣ ਨਿਕਲਦਾ ਹੈ । ਉਸ ਲੂਣ ਦਾ ਨਾਉਂ ।

**ਸ਼ਾਮ,** ਸ:–ਤ੍ਰਿਕਾਲਾਂ, ਸੰਧਿਆ, ਸੰਝ, ਬਚਾਉ, ਆਸਰਾ । ਸੋਟੀ ਦੇ ਹੇਠਲੇ ਸਿਰੇ ਉੱਤੇ ਬਚਾਉ ਲਈ ਲੱਗੀ ਹੋਈ ਧਾਤ ਦੀ ਪੱਤ੍ਰੀ ॥

ਪੁ:–ਕ੍ਰਿਸ਼ਨ ਜੀ ਦਾ ਨਾਉਂ (ਰਾਧੇ ਸ਼ਾਮ) ॥

ਵਿ:–ਕਾਲਾ, ਸਾਉਲੇ ਰੰਗ ਦਾ ॥

**ਸ਼ਾਮ ਕਲਿਆਣ,** ਪੁ:–ਤ੍ਰਿਕਾਲਾਂ ਦਾ ਇੱਕ ਰਾਗ ॥

**ਸਾਮ ਬੇਦ**
**ਸਾਮ ਵੇਦ** } ਪੁ:–ਚੌਹਾਂ ਵੇਦਾਂ ਵਿੱਚੋਂ ਇੱਕ ਵੇਦ । ਤੀਸਰਾ ਵੇਦ ॥ ਇਸ ਵੇਦ ਦੇ ਮੰਤ੍ਰ ਗਾਏ ਜਾਂਦੇ ਹਨ ॥

Digitized by Panjab Digital Library | www.panjabdigilib.org

**ਸ਼ਾਮਾਂ ਵੇਲਾ** ( ਮੁਸਲਮਾਨੀ ਬੋਲੀ ), ਪੁ:–ਤ੍ਰਿਕਾਲਾਂ, ਸੰਧਿਆ, ਸੂਰਜ ਡੁੱਬਣ ਤੋਂ ਪਿੱਛੇ ਜਗਾਣ ਤੱਕ ਦਾ ਵੇਲਾ, ਦੋ ਪਹਿਰ ਮਿਲਦਿਆਂ ।

**ਸਾਮ੍ਹ,** ਸ:—'ਸਾਂਝ' ਵੇਖੋ ।

**ਸਾਮ੍ਹਣਾ,** ਵਿ:-'ਸਾਹਮਣਾ' ਵੇਖੋ ॥

**ਸ਼ਾਮਤ,** ਸ:—ਬੇ ਨਸੀਬੀ, ਬਿਪਤਾ, ਮੰਦੇ ਦਿਨ, ਬੇ ਇੱਜ਼ਤੀ, ਬਦਨਾਮੀ ॥

**ਸ਼ਾਮਤ ਆਉਣੀ,** ਕ੍ਰਿ:-ਭੈੜੀ ਕਿਸਮਤ ਹੋਣੀ, ਅਪਦਾ ਪੈਣੀ ।

**ਸ਼ਾਮਤ ਦੀ ਮਾਰ,** ਸ:—ਮੰਦੇ ਦਿਹਾੜੇ, ਭੈੜੀ ਪਰਾਲਬਧ ।

**ਸਾਮਰਤੱਕ,** ਵਿ:-ਪਰਤੱਖ, ਵਰਤਮਾਨ, ਸਾਹਮਣੇ, ਦਿੱਸਣ ਵਾਲਾ, ਸਭ, ਜਿਉਂ ਦਾ ਤਿਉਂ ਭਾਸਣ ਵਾਲਾ ।

**ਸਾਮਰਥ**
**ਸਾਮਰਥਾ** } ਸ:—'ਸਮਰਥ' ਵੇਖੋ ॥

**ਸਾਮਰਥੀ,** ਵਿ:-'ਸਮਰਥੀ' ਵੇਖ ।

**ਸਾਮਲਾ,** ਵਿ:-'ਸਾਉਲਾ' ਵੇਖੋ ।

**ਸ਼ਾਮਲਾਤ,** ਸ:-ਸਾਰੇ ਪਿੰਡ ਦੀ ਸਾਂਝੀ ਜ਼ਮੀਨ ਜਿਸ ਦਾ ਇੱਕ ਮਾਲਕ ਨਹੀਂ ।

**ਸ਼ਾਮਲਾਤ ਦੇਹ,** ਪੁ:—ਸ਼ਾਮਲਾਤ ॥

**ਸਮਾਨ,** ਪੁ:-'ਸਮਾਨ' ਵੇਖੋ ॥

**ਸਾਮੀ,** ਪੁ:—ਜਿਸ ਕੋਲੋਂ ਕੁਝ ਲੈਣਾ ਹੋਵੇ । ਮੁਕੱਦਮੇ ਵਾਲਾ, ਕਿਰਸਾਣ, ਕਿਰਾਏਦਾਰ, ਕਰਜ਼ਾਈ, ਮਾਲਕ, ਸਾਈਂ । ਮਿਤ੍ਰ, ਸਾਥੀ । ਇੱਕ ਪਖੇਰੂ, ਹੁੱਦਾ, ਨੌਕਰੀ ॥

ਸ:—ਬਚਾਉ, ਆਸਰਾ ॥

ਵਿ:—ਸ਼ਾਮ ਵਰਨ ਦਾ, ਸਾਉਲਾ ॥

**ਸਾਮੀ ਵੱਥੀ**
**ਸਾਮੀ ਵਣਜ** } ਪੁ:—ਦੁਕਾਨਦਾਰਾਂ ਸ੍ਰਦੀ ਲੈਣ ਦੇਣ ਦਾ ਵਿਹਾਰ, ਸਾਹੂਕਾਰਾ ।

**ਸਾਮੀ ਵਾਲਾ,** ਪੁ:—ਕਰਜ਼ਾਈ ॥

**ਵੱਡੀ ਸਾਮੀ,** ਸ:—ਵਡੇ ਮਰਤਬੇ ਜਾਂ ਹੁੱਦੇ ਵਾਲਾ ਆਦਮੀ । ਅਜੇਹਾ ਮਨੁਖ ਜਿਸ ਤੋਂ ਬਹੁਤ ਕੁਝ ਮਿਲਣ ਦੀ ਆਸ ਹੋਵੇ ।

**ਸ਼ਾਮੀ,** ਵਿ:
ਪੁ: } ਸ਼ਾਮ ਵਰਨ ਦਾ, ਸਾਉਲਾ । ਇਕ ਬੂਟੀ

**ਸ਼ਾਮੀ ਹੋਕ,** ਪੁ:—ਖੱਤਰੀਆਂ ਦੀ ਇੱਕ ਜਾਤ ॥

**ਸ਼ਾਮੀ ਦਾ ਵੀ,** ਪੁ:—ਇਕ ਨੈਣੀ ਔਖਧ ਜੋ ਵਿਸ ਦੂਰ ਕਰਦੀ ਹੈ ॥

**ਸਾਯਾ,** ਪੁ:—ਛਾਉਂ, ਪਰਛਾਂਵਾਂ ॥

**ਸਾਯਾ ਦਾਰ,** ਵਿ:—ਛਾਉਂ ਵਾਲਾ ॥

**ਸਾਰ,** ਪੁ:—ਮਗਜ਼, ਸਤ, ਰਸ, ਨਿਚੋੜ, ਤੱਤ, ਗਿੱਦਾ, ਮਤਲਬ । ਕਿਰਪਾ, ਦਯਾ, ਕਦਰ । ਖਬਰ, ਸੁਰਤ, ਸੁਧ, ਸਮਾਚਾਰ, ਹਾਲ

**ਸਾਰ ਪਾਸਾ,** ਪੁ:-ਇੱਕ ਖੇਡ, ਚੋਪੜ ॥

**ਸਾਰ ਮਾਰਨਾ,** ਕ੍ਰਿ:—ਲੋਹਾ ਸਾੜਨਾ ॥

**ਸਾਰ ਲੈਣੀ,** ਕ੍ਰਿ:—ਖਬਰ ਲੈਣੀ, ਸੋਝੀ ਰੱਖਣੀ, ਖ਼ਿਆਲ ਰੱਖਣਾ ॥

**ਸਾਰ ਵਿੱਚ ਆਉਣਾ**
**ਸਾਰ ਵਿੱਚ ਹੋਣਾ** } ਕ੍ਰਿ:—ਕਿਸੇ ਦੀ ਰਾਖੀ ਵਿਚ ਹੋਣਾ, ਚੰਗੇ ਭਾਗ ਹੋਣੇ, ਵਧਣਾ ਫੁੱਲਣਾ, ਰੱਬ ਦੀ ਮਿਹਰ ਹੋਣੀ । ਖੁਦਾ ਦਾ ਫ਼ਜ਼ਲ ਹੋਣਾ ।

Digitized by Panjab Digital Library | www.panjabdigilib.org

**ਸਾਰਸ,** ਪੁਃ-ਇਕ ਪੰਛੀ ਕੁਲੰਗ ਵਰਗਾ ॥

**ਸਾਰਕ,** ਪੁਃ, **ਸਾਰਕਾ** ਸਃ — ਇਕ ਪਖੇਰੂ, ਮੈਨਾ ॥

**ਸਾਰਖਾ,** ਪੁਃ-ਵਰਗਾ, ਜੈਹਾ, ਸਮਾਨ ।

**ਸਾਰੰਗ,** ਪੁਃ-ਇੱਕ ਰਾਗ, ਚਾਤ੍ਰਿਕ ॥

**ਸਾਰੰਗ ਧਰ,** ਪੁਃ-ਹਿੰਦੂਆਂ ਦੀ ਹਕੀਮੀ ਦਾ ਇੱਕ ਪੁਸਤਕ, ਧਨਖ ਧਾਰੀ ॥

**ਸਾਰੰਗਾ,** ਪੁਃ-'ਸਰੰਗਾ' ਵੇਖੋ ॥

**ਸਾਰੰਗੀ,** ਸਃ-'ਸਰੰਗੀ' ਵੇਖੋ ॥

**ਸਾਰੰਗੀਆ,** ਪੁਃ-'ਸਰੰਗੀਆ' ਵੇਖੋ ॥

**ਸਾਰਜੰਟ,** ਪੁਃ-ਸਿਪਾਹੀਆਂ ਦਾ ਇੱਕ ਦਰਜਾ (ਹਵਾਲਦਾਰ ਦੇ ਹੇਠ)।

**ਸਾਰਦਾ,** ਸਃ-ਦੁਰਗਾ (ਦੇਵੀ), ਬ੍ਰਹਮਾ ਦੀ ਧੀ, ਰਾਗ ਦੀ ਦੇਵੀ, ਸ਼ਾਸਤ੍ਰਾਂ ਦੀ ਵਿਦਯਾ। ਸਰਸਤੀ ॥

**ਸਾਰਨਾ,** ਕ੍ਰਿਃ ਕਰਨਾ, ਬਣਾਉਣਾ, ਮੁਕਾਉਣਾ, ਠੀਕ ਕਰਨਾ, ਭਰਨਾ, ਸਾਰਨ ਦੇਣਾ, ਨਿਭਾਉਣਾ, ਭੁਗਤਾਉਣਾ ॥

**ਸਾਰਬਾਣ,** ਪੁਃ-ਊਠ ਚਾਰਨ ਵਾਲਾ ਜਾਂ ਹੱਕਣ ਵਾਲਾ ॥

**ਸਾਰਾ,** ਪੁਃ-ਸੱਭੋ, ਹਰ ਕੋਈ, ਪੂਰਾ ॥

**ਸਾਰਾ ਹਾਲ,** ਪੁਃ-ਜੋ ਕੁਝ ਬੀਤੀ ਹੈ, ਇੱਕ ਇਕ ਗੱਲ। ਸਾਰੀ ਹਕੀਕਤ ।

**ਸਾਰੀ,** ਸਃ-'ਸਾਰਾ' ਦਾ ਸਤ੍ਰੀ ਲਿੰਗ ॥
ਪੁਃ-ਇੱਕ ਵਲ, ਪੈਉਂਦੀ ਖੁਮਾਨੀ ॥



**ਸਾਲ,** ਪੁਃ-ਵਰ੍ਹਾ, ਬਾਰਾਂ ਮਹੀਨੇ, ਛੇਕ, ਮੋਰੀ, ਜਿਸ ਉੱਤੇ ਅਰਜ਼ੀ ਪਈ ਹੋਵੇ ॥
ਇਕ ਰੁੱਖ ਜਿਸ ਦੀ ਲੱਕੜ ਪੱਕੀ ਹੁੰਦੀ ਹੈ ॥
ਵਿਃ-ਸਿੱਧਾ, ਠੀਕ, ਸਹੀ, ॥

**ਸਾਲ ਹੋਣਾ**, **ਸਾਲ ਹੋ ਤੁਰਨਾ** — ਕ੍ਰਿਃ-ਸਿਧਾ ਹਣਾ, ਸੌਰਨਾ, ਠੀਕ ਚਾਲੇ ਚਲਣਾ ।

**ਸਾਲ ਬਤੀਤਨਾ,** ਕ੍ਰਿਃ-ਵਰ੍ਹਾ ਟਪਾਉਣਾ, ਬਾਰਾਂ ਮਹੀਨੇ ਪੂਰੇ ਕਰਨੇ ॥

**ਸ਼ਾਲ,** ਸਃ-ਪਸ਼ਮੀਨੇ ਦੀ ਚਾਦਰ ॥

**ਸਾਲਸ,** ਪੁਃ ਪੈਂਚ, ਜੋ ਦੋ ਧਿਰਾਂ ਦਾ ਝਗੜਾ ਨਿਬੇੜਦਾ ਹੈ ।

**ਸਾਲਸੀ,** ਸਃ-ਸੁਲ੍ਹਾ ਸਫਾਈ, ਨਰਮੀ, ਪੰਚਾਇਤ ਦਾ ਫੈਸਲਾ ।

**ਸਾਲ ਸੁੱਧ,** ਵਿਃ ਸਚਾ, ਖਰਾ ਸਿਧਾ ਇਮਾਨਦਾਰ, ਜੋ ਛਲ ਵਲ ਨਹੀਂ ਜਾਣਦਾ, ਸਾਫ਼ ਦਿਲ ॥

**ਸਾਲਿਕ,** ਪੁਃ ਮੁਸਾਫ਼ਰ, ਰਾਹੀ, ਭਗਤ ॥

**ਸਾਲਕ ਰਾਮ** ਪੁਃ 'ਸਾਲਗ ਰਾਮ' ਵੇਖੋ ।

**ਸਾਲ੍ਹਿਜਾਨ,** ਪੁਃ ਇੱਕ ਰੁੱਖ ਦਾ ਛਿਲ ਜਿਸ ਵਿੱਚੋਂ ਰੇਸ਼ੇ ਨਿਕਲਦੇ ਹਨ ।

**ਸਾਲਗਰਾਮ,** ਪੁਃ ਇੱਕ ਤਰਾਂ ਦਾ ਪੱਥਰ ਜਿਸ ਉੱਤੇ ਕੁਝ ਨਿਸ਼ਾਨ ਹੁੰਦੇ ਹਨ ਅਤੇ ਜਿਸ ਨੂੰ ਹਿੰਦੂ ਵਿਸ਼ਨ ਜੀ ਦਾ ਰੂਪ ਸਮਝਕੇ ਪੂਜਦੇ ਹਨ ।

**ਸਾਲਣ**, **ਸਾਲਣਾ** — ਪੁਃ-ਰੋਟੀ ਜਾਂ ਚੌਲਾਂ ਨਾਲ ਜੋ ਮੱਛੀ ਮਾਸ ਆਦਿਕ ਖਾਧਾ ਜਾਂਦਾ ਹੈ । (ਘਿਉ ਸੁਆਰੇ ਸਾਲਣਾ ਬੜੀ ਬਹੂ ਦਾ ਠਰੂੰ ਘਿਉ ਨਾਲ ਸਲੂਣਾ ਸੁਆਦ ਹੋ ਜਾਂਦਾ ਹੈ ਪਰ ਵਡਿਆਈ ਪਕਾਉਣ ਵਾਲੀ ਦੀ ਹੁੰਦੀ ਹੈ)

Digitized by Panjab Digital Library | www.panjabdigilib.org

**ਸਲਣਾ ਘਰ ਗਾਲਣਾ,** ਮਾਸ ਆਦਿਕ ਛੌਂਕੀ ਚੌਖੇ ਖਾਲ ਨਾਲ ਘਰ ਉੱਜੜ ਜਾਂਦਾ ਹੈ ਕਿਉਂ ਜੋ ਖ਼ਰਚ ਬਹੁਤ ਹੁੰਦਾ ਹੈ॥

**ਸਾਲਨ,** ਪੁ:-ਰੀਨਾ, ਰੈਗਣੀ॥

**ਸਾਲਬ,** ਪੁ:-ਇਕ ਬੂਟੀ ਦੀ ਜੜ੍ਹ ਜੋ ਖਾਧੀ ਜਾਂਦੀ ਹੈ॥

**ਸਾਲਬ ਮਿਸਰੀ,** ਸ:-ਇਕ ਤਾਕਤ ਦੀ ਦਵਾ।

**ਸਾਲਾ,** ਪੁ:-ਵਹੁਟੀ ਦਾ ਭਰਾ, ਆਦ ਪੁਰਖ॥

**ਸਾਲਾ, ਸ਼ਾਲਾ,** ਸ:—ਸਕੂਲ, ਮਦਰਸਾ, ਘਰ, ਅਸਥਾਨ (ਧਰਮ ਸਾਲਾ, ਪਾਠਸਾਲਾ ਆਦਿਕ)॥

**ਸਾਲਾਰ,** ਪੁ:-ਸਰਦਾਰ, ਪਰਧਾਨ॥

**ਸਾਲਿਗਰਾਮ,** ਪੁ:-'ਸਾਲਗਰਾਮ' ਵੇਖੋ॥

**ਸਾਲਿਬ,** ਪੁ:—'ਸਾਲਬ' ਵੇਖੋ॥

**ਸਾਲੂ,** ਪੁ:-ਮਜੀਠ ਦੇ ਰੰਗ ਵਿਚ ਰੰਗਿਆ ਹੋਇਆ ਕੱਪੜਾ ਜੋ ਅਕਸਰ ਤ੍ਰੀਮਤਾਂ ਉੱਪਰ ਲੈਂਦੀਆਂ ਹਨ ਅਤੇ ਕਦੇ ਕਦ ਮੁੰਡੇ ਜਾਂ ਸਿਆਣੇ ਮਨੁੱਖ ਭੀ ਇਸ ਦੀ ਪੱਗ ਬੰਨ੍ਹਦੇ ਹਨ॥

**ਸਾਲੇਹਾਰ,** ਸ:—ਸਾਲੇ ਦੀ ਵਹੁਟੀ।

**ਸਾਂਵਕ,** ਪੁ:-ਇੱਕ ਤਰਾਂ ਦਾ ਘਾਹ॥

**ਸਾਵਣ,** ਪੁ:-'ਸਾਉਣ' ਵੇਖੋ॥

**ਸਾਵਣੀ,** ਸ:-'ਸਾਉਣੀ' ਵੇਖੋ॥

**ਸਾਵਧਾਨ,** ਵਿ:-'ਸਵਾਧਾਨ' ਵੇਖੋ॥

**ਸਾਵਲਾ,** ਵਿ:-ਸਾਉਲਾ ਵੇਖੋ॥

**ਸਾਵਾ,** ਵਿ:-ਹਰਾ, ਸਬਜ਼, ਕੱਚਾ (ਜੋ ਸਾਵੇ ਤੇ ਕੋਈ ਨਾ ਆਵੇ, ਜੋ ਪੱਕੇ ਤੇ ਮਿਲਣ ਸੋਕੇ॥)

**ਸ਼ਾਵਾਂ, ਸ਼ਾਵਾਸ਼ੇ,** ਅਵ:—'ਸ਼ਾਬਾ' ਵੇਖੋ॥

**ਸਾਵਾਂ,** ਵਿ:—ਬਹੁਤ ਚੌੜਾ, ਗੁਣਵਾਨ, ਇੱਜ਼ਤਦਾਰ, ਬਰਾਬਰ, ਇੱਕੋ ਜਿਹਾ, ਪੱਧਰਾ

ਪੁ:-ਹਿੰਦੂਆਂ ਦਾ ਇੱਕ ਤਿਹਾਰ ਜੋ ਸਾਉਣ ਦੇ ਮਹੀਨੇ ਹਰ ਐਤਵਾਰ ਨੂੰ ਮਨਾਇਆ ਜਾਂਦਾ ਹੈ॥

**ਸਾਵੀ,** ਵਿ:-ਸਾਵੇ ਰੰਗ ਦੀ, ਹਰੀ॥

ਸ:-ਭੰਗ, ਸੁੱਖਾ, ਸਬਜ਼ੀ॥

**ਸਾੜ,** ਪੁ:-ਚਾਬਕ ਜਾਂ ਬੈਂਤ ਮਾਰਨ ਨਾਲ ਜੋ ਅਵਾਜ਼ ਨਿਕਲਦੀ ਹੈ, ਸੜਨ, ਜਲਨ, ਅਫਾਰਾ॥

**ਸਾੜ ਸਾੜ ਮਾਰਨਾ,** ਕ੍ਰਿ:-ਛਾਂਟਾ ਮਾਰਨਾ, ਖਪਾਉਣਾ, ਸਤਾਣਾ॥

**ਸਾੜ ਸੁੱਟਣਾ, ਸਾੜਨਾ,** ਕ੍ਰਿ:-ਜਾਲਣਾ, ਫੂਕਣਾ, ਬਾਲਣਾ, ਗਾਲਣਾ, ਖਪਾਉਣਾ, ਹਾਲ ਕੱਢਣੀ।

**ਸਾੜਾ,** ਪੁ:—ਬਲਣਾ, ਗਲਣਾ, ਅੰਦਰਲਾ ਵੈਰ, ਖਾਰ।

**ਸਾੜ੍ਹਾ ਪਾਉਣਾ,** ਕ੍ਰਿ:-ਕਿਸੇ ਦੁਆ ਨੂੰ ਗਾਲਣ ਲਈ ਪਾਣੀ ਵਿਚ ਪਾਉਣਾ॥

**ਸਾੜਾ ਪੈਣਾ,** ਕ੍ਰਿ:—ਖਿਝਣਾ, ਦੁਖੀ ਹੋਣਾ, ਕਿਸੇ ਨੂੰ ਵੇਖਕੇ ਸੜਨਾ, ਖ਼ਾਰ ਖਾਣੀ॥

**ਸਾੜ੍ਹੀ,** ਸ:—'ਸਾਹੜੀ' ਵੇਖੋ॥

**ਸਿਉਣਾ,** ਕ੍ਰਿ:—ਸੀਉਣਾ।

ਪੁ:—ਸੋਨਾ, ਸੁਅਰਨ॥

**ਸਿਆ,** ਪੁ:—ਪਰਦੇਸੀ, ਓਪਰਾ॥

ਵਿ:—ਅਣਦੇਖਾ, ਪਰਦੇਸੀ॥

Digitized by Panjab Digital Library | www.panjabdigilib.org

**ਸਿਆਹ,** ਵਿ:—ਕਾਲਾ, ਹਨੇਰਾ ।

**ਸਿਆਹਾ,** ਪੁ:—ਲੇਖਾ, ਲਿਖਤ, ਅਜੇਹਾ ਲੇਖਾ ਜਿਸ ਦੀਆਂ ਰਕਮਾਂ ਅੱਗੇ ਪਿਛੇ ਹੋਣ । ਯਾਦ ਰੱਖਣ ਲਈ ਜੋ ਲੇਖਾ ਲਿਖਿਆ ਗਿਆ ਹੋ। ਸੁਦਾਗਰਾਂ ਦੀ ਵਹੀ ॥ ਫੇਲ।

**ਸਿਆਹੀ,** ਸ:—ਕਾਲਖ, ਮੱਸ, ਕੱਜਲ, ਕਾਲਾ ਕਰਨ ਵਾਲੀ ਚੀਜ਼ ॥

**ਸਿਆਹੀ (ਸੁਪੇਦੀ) ਸੁਫੈਦੀ ਕਰਨੀ,** ਕ੍ਰਿ:—ਜੋ ਜੀ ਚਾਹੇ ਕਰਨਾ, ਜਿਸ ਗੱਲ ਦੀ ਮਰਜ਼ੀ ਹੋਵੇ ਕਰਨ ਦੀ ਸਮਰਥ ਹੋਣੀ ॥

**ਸਿਆਣ,** ਸ:—ਵਿੱਦਯਾ, ਗਿਆਨ, ਪਛਾਣ, ਸਨਾਸ ।

**ਸਿਆਣਪਤ** ਸ:<br>**ਸਿਆਣਪੁਣਾ** ਪੁ: } 'ਸਿਆਣਪ' ਵੇਖੋ ॥

**ਸਿਆਣਪ**<br>**ਸਿਆਣਫ** } ਸ:—ਦਨਾਈ, ਚਤਰਾਈ, ਸੋਚ ਵਿਚਾਰ, 'ਸਿਆਣੇ ਹੋਣ ਦੀ ਉਮਰ, ਜੁਗਤ, ਕਿਰਸ ॥

**ਸਿਆਣਾ,** ਵਿ:—ਦਨਾ, ਬੁੱਧਵਾਨ, ਸਮਝਦਾਰ ਗਿਆਨੀ, ਜੁਆਨ, ਹੁਸ਼ਿਆਰ, ਚਤਰ, ਅਕਲ ਵੰਦ, ਚੁਰਤੋਲਾ, ਖਚਰਾ, ਫਰੇਬੀ, ਛਲੀਆ, ਜੁਗਤੀ । ਕਿਰਸੀ ॥

( ਸੌ ਸਿਆਣਿਆਂ ਇੱਕੋ ਮਤ, ਮੂਰਖ ਆਪੋ ਆਪਣੀ–ਸੌ ਬੁਧਵਾਨ ਮਨੁੱਖਾਂ ਨੂੰ ਇੱਕੋ ਗੱਲ ਸੁਝਦੀ ਹ, ਮੂਰਖਾਂ ਦੀ ਅਕਲ ਵਿੱਚ ਵੱਖੋ ਵੱਖਰੀਆਂ ਗੱਲਾਂ ਆਉਂਦੀਆਂ ਹਨ, ਅਰਥਾਤ ਸਿਆਣਿਆਂ ਵਿਚ ਹੀ ਮੇਲ ਹੁੰਦਾ ਹੈ

ਜਿਸ ਦੀ ਕੋਠੀ ਦਾਣੇ ਉਹ ਦੇ ਕਮਲੇ ਬੀ ਸਿਆਣੇ—ਧਨ ਵਾਲੇ ਮੂਰਖ ਬੀ ਚਤਰ ਸਮਝੇ ਜਾਂਦੇ ਹਨ ॥ )

**ਸਿਆਣਾ ਬਿਆਣਾ,** ਵਿ:–ਸੱਚ ਮੁੱਚ ਜੋ ਸਿਆਣਾ ਹੈ ॥

**ਸਿਆਣੂ,** ਵਿ:—ਸਿਆਣਨ ਵਾਲਾ, ਜਾਣੂ, ਵਾਕਫ਼, ਜਿਸ ਨਾਲ ਜਾਣ ਪਛਾਣ ਹੋਵੇ ॥

**ਸਿਆਣਨਾ,** ਕ੍ਰਿ:—ਜਾਣਨਾ, ਪਛਾਣਨਾ ॥

**ਸਿਆਪਾ,** ਪੁ:—ਕਿਸੇ ਦੇ ਮਰਨ ਪਿੱਛੋਂ ਤੀਮਤਾਂ ਦੇ ਰੋਣ ਪਿੱਟਣ ਦੀ ਰੀਤ, ਬਿਰਲਾਪ, ਕਜੀਆ, ਪੁਆੜਾ । ( ਰੰਨ ਗਈ ਸਿਆਪੇ, ਘਰ ਆਵੇ ਤਾਂ ਜਾਪੇ) ॥

**ਸਿਆਪਾ ਕਰਨਾ,** ਕ੍ਰਿ:—ਮੁਰਦੇ ਨੂੰ ਰੋਣਾ, ਸੋਗ ਕਰਨਾ, ਦੁਹਾਈ ਮਚਾਉਣੀ, ਕਜੀਆ ਪਾਉਣਾ ॥

**ਸਿਆਪਾ ਪਾਉਣਾ,** ਕ੍ਰਿ: ਵਖਤ ਪਾਉਣਾ ॥

**ਸਿਆਪੇ ਦੀ ਨੈਣ,** ਸ:–ਉਹ ਨੈਣ ਜੋ ਅਲਾਹਣੀ ਦੇ ਕੇ ਤੀਮਤਾਂ ਦੀ ਮੰਡਲੀ ਨੂੰ ਪਿਟਾਉਂਦੀ ਹੈ, ਝਗੜਾ ਪਾਉਣ ਵਾਲਾ ਮਨੁੱਖ ॥

**ਸਿਆਬਸੀ**<br>**ਸਿਆਬਸੇ**<br>**ਸਿਆਬਾ** } ਅਵ:–'ਸ਼ਾਬਾ' ਵੇਖੋ ॥

**ਸਿਆਮ,** ਪੁ:<br>ਸ: } ਕਿਸ਼ਨ ਮਹਾਰਾਜ, ਬ੍ਰਹਮਾ ਦੇ ਪਾਸ ਇਕ ਦੇਸ ਦਾ ਨਾਉਂ, ਸ਼ਾਮ (ਸੰਝ) ।

**ਸਿਆਮ ਸੁੰਦਰ**<br>**ਸਿਆਮ ਮੂਰਤ** } ਪੁ: ਕ੍ਰਿਸ਼ਨ ਮਹਾਰਾਜ ( ਕਾਲੇ ਰੰਗ ਵਾਲਾ ,

**ਸਿਆਮ ਪੈਣੀ,** ਕ੍ਰਿ:—ਸ਼ਾਮ ਜਾਂ ਸੰਧਿਆ ਹੋਣੀ ॥

**ਸਿਆਮੀ,** ਪੁ:—ਬੈਰਾਗੀ ਸਾਧ, ਖੌਂਦ, ਕੰਤ, ਸਾਈਂ, ਨਾਥ, ਮਾਲਕ, ਕ੍ਰਿਸ਼ਨ ਮਹਾਰਾਜ ॥

**ਸਿਆਲ,** ਪੁ:—ਪੰਜਾਬ ਦੇਸ ਦਾ ਇੱਕ ਅਲਾਕਾ, ਮੁਸਲਮਾਨ ਜੱਟਾਂ ਦੀ ਇੱਕ ਜਾਤ, ਸਰਦੀ ਦੀ ਰੁੱਤ। ਪਾਲੇ ਦੇ ਦਿਨ।

Digitized by Panjab Digital Library | www.panjabdigilib.org

**ਸਿਆਲ ਕਾਂਟਾ,** ਪੁ:—ਇਕ ਬੂਟਾ ॥

**ਸਿਆਲਾ,** ਪੁ:—ਸਰਦੀ ਦੀ ਰੁੱਤ, ਪਾਲੇ ਦੇ ਦਿਨ ॥

**ਸਿਆਲੀ,** ਸ:—ਇਕ ਤਰਾਂ ਦੀ ਵੇਲ, (ਇਸ ਦੀਆਂ ਜੜ੍ਹਾਂ ਲੋਕ ਖਾਂਦੇ ਹਨ ਅਤੇ ਦੁਆਵਾਂ ਵਿੱਚ ਵਰਤੀਆਂ ਜਾਂਦੀਆਂ ਹਨ,।
'ਸਿਆਲ ਦੇ (ਜਿਹਾਕੁ ਸਿਆਲੀ ਦਿਨ, ।

**ਸਿਆਲੀਆਂ,** ਪੁ:—ਨਾਗਰ ਮੋਥਾ

**ਸਿਆਲੂ,** ਵਿ:—ਸਿਆਲ ਦਾ, ਸਿਆਲ ਵਾਸਤੇ, ਸਿਆਲੇ ਵਿਚ ਕੰਮ ਆਉਣ ਵਾਲਾ
ਪੁ:-ਇਕ ਤਰਾਂ ਦਾ ਲਾਲ ਕਪੜਾ ॥

**ਸਿਆੜ,** ਪੁ:-ਹਲ ਵਾਹੁਣ ਨਾਲ ਜੋ ਜ਼ਮੀਨ ਵਿਚ ਲੰਮੀ ਲਕ ਪੈਂਦੀ ਜਾਂਦੀ ਹੈ

**ਸਿਆੜ ਕੱਢਣਾ,** ਕ੍ਰਿ: ਹਲ ਵਾਹੁਣਾ।

**ਸਿਸਕਣਾ,** ਕ੍ਰਿ:—ਸਾਹ ਔਖਾ ਲੈਣਾ, ਸਾਹ ਰੁਕਣਾ, ਹਟਕੋਰੇ ਭਰਨਾ

**ਸਿਸਤ,** ਸ: —ਨਜ਼ਰ, ਨੀਝ, ਬੰਦੂਕ ਦੀ ਮੱਖੀ।

**ਸਿਸਤ ਲਾਉਣੀ, ਸਿਸਤ ਬੰਨ੍ਹਣੀ,** ਕ੍ਰਿ:—ਨਸ਼ਾਨਾ ਲਾਉਣਾ, ਟਿਕਟਿਕੀ ਲਾਕੇ ਤੱਕਣਾ॥

**ਸਿਸ਼ਨ,** ਸ:—ਇੱਕ ਅਦਾਲਤ ਜਿੱਥੇ ਫੌਜਦਾਰੀ ਦੀਆਂ ਅਪੀਲਾਂ ਅਤੇ ਕਤਲ ਆਦਿਕ ਦੇ ਅਪਰਾਧਾਂ ਦੇ ਮੁਕੱਦਮੇ ਸੁਣੇ ਜਾਂਦੇ ਹਨ॥

**ਸਿਸ਼ਨ ਸਪੁਰਦ ਹੋਣਾ,** ਕ੍ਰਿ:—ਸਿਸ਼ਨ ਦੀ ਅਦਾਲਤ ਦੇ ਜ਼ੁੰਮੇ ਕੋਈ ਮੁਕੱਦਮਾ ਹੋਣਾ।

**ਸਿਹ,** ਪੁ:—ਇਕ ਚਹੁੰ ਪੈਰਾਂ ਵਾਲਾ ਜਨੌਰ ਜਿਸਦੇ ਪਿੰਡੇ ਉਤੇ ਸੂਲਾਂ ਹੁੰਦੀਆਂ ਹਨ।

**ਸਿੰਹ,** 'ਸਿੰਘ' ਵੇਖੋ॥

**ਸਿਹਰ,** ਪੁ:—ਜਾਦੂ, ਮੰਤਰ॥

**ਸਿਹਰਾ,** ਪੁ:—ਫੁੱਲਾਂ ਦੀ ਮਾਲਾ, ਸੁਨਹਿਰੀ ਜਾਂ ਰੁਪਹਿਰੀ ਤਿਲੇ ਦੀ ਝਾਲਰ ਜੋ ਲਾੜ੍ਹਾ ਵਿਆਹ ਵੇਲੇ ਸਿਰ ਪਰ ਬੰਨ੍ਹਦਾ ਹੈ॥

**ਸਿਹੜ ਬੱਤਣੀ,** ਕ੍ਰਿ:—ਹੁੜ ਵੱਟ ਛੱਡਣੀ, ਚੁਪ ਕਰ ਰਹਿਣਾ, ਢਿਠਾਈ ਜਾਂ ਹਠ ਕਰਨਾ॥

**ਸਿਹੜੀ,** ਸ:—ਇੱਕ ਪਖੇਰੂ॥

**ਸਿਹੇੜਣਾ,** ਕ੍ਰਿ:—'ਸਹੇੜਨਾ' ਵੇਖੋ॥

**ਸਿੱਕ,** ਸ: ਚਾਹ, ਲਾਲਸਾ, ਅਭਲਾਖਾ, ਪਾਸਾ॥

**ਸਿਕੰਜਬੀ,** ਸ:—'ਸਕੰਜਬੀ' ਵੇਖੋ॥

**ਸਿਕੰਜਾ,** ਪੁ:—'ਸਕੰਜਾ' ਵੇਖੋ॥

**ਸਿਕਣਾ,** ਕ੍ਰਿ:—ਗਰਮ ਹੋਣਾ, ਸੇਕ ਮਿਲਣਾ, ਭੁਜਣ ਸਕਾਏ ਜਾਣਾ॥

**ਸਿਕਦਾਰ,** ਪੁ:—ਸਰਦਾਰ, ਪਰਧਾਨ, ਮੀਰ॥

**ਸਿਕਦਾਰੀ,** ਸ: —ਸਰਦਾਰੀ, ਮੀਰੀ॥

**ਸ਼ਿਕਮ,** ਪੁ: ਢਿੱਡ, ਗਰਭ।

**ਸ਼ਿਕਮ ਹੋਣਾ,** ਕ੍ਰਿ: ਗੱਭਣ ਹੋਣਾ।

**ਸ਼ਿਕਮ ਕਰਨਾ,** ਕ੍ਰਿ: ਗੱਭਣ ਕਰਨਾ।

**ਸਿਕਰ,** ਪੁ:—'ਸਿਖਰ' ਵੇਖੋ॥

**ਸ਼ਿਕਰਾ** ਪੁ: **ਸ਼ਿਕਰੀ** ਸ: } ਇਕ ਪਖੇਰੂ (ਬਾਜ ਵਰਗਾ)॥ ਅਵਾਰਾ ਆਦਮੀ॥

**ਸਿੱਕਰੀ,** ਸ:—ਚਿੱਟੀ ਚਿੱਟੀ ਮੈਲ ਜੋ ਸਿਰ ਦੇ ਵਾਲਾਂ ਨੂੰ ਲਗ ਜਾਂਦੀ ਹੈ, ਸੁਕਾ ਹੋਇਆ ਚਿੱਕੜ। ਗਿੱਲੀ ਚੀਜ਼ ਦੇ ਸੁੱਕਣ ਨਾਲ ਜੋ ਉੱਪਰ ਪੇਪੜੀ ਜੰਮ ਜਾਂਦੀ ਹੈ। (ਸਿੱਕਰੀ ਜੰਮਣੀ ਜਾਂ ਲਗਣੀ)॥

Digitized by Panjab Digital Library | www.panjabdigilib.org

**ਸਿਕਲ,** ਪੁ:—ਚਮਕਾਉਣਾ, ਸਾਫ਼ ਕਰਨਾ, ਉਜਲਾਉਣਾ, ਘੋਟਣਾ ॥
ਚਮਕ, ਸਫ਼ਾਈ, ਲਿਸ਼ਕ ॥
(ਸਿਕਲ ਕਰਨਾ, ਚੜ੍ਹਾਉਣਾ, ਚਾੜ੍ਹਨਾ)।

**ਸਿਕਲ ਜਾਣਾ,** ਕ੍ਰਿ: ਘਿਸਕ ਜਾਣਾ, ਫਿਸ਼ ਜਾਣਾ ॥

**ਸਿਕਲ ਦੁਪਹਿਰ,** ਸ:-'ਸਿਖਰ ਦੁਪਹਿਰ' ਵੇਖੋ।

**ਸਿਕਲੀ,** ਵਿ:-ਸਿਕਲ ਕੀਤਾ ਹੋਇਆ, ਚਮਕਾਇਆ ਹੋਇਆ (ਹਥਿਆਰ ਆਦਿਕ) ॥

**ਸਿਕਲੀ ਗਰ,** ਪੁ:
**ਸਿਕਲੀ ਗਰਨੀ,** ਸ: } ਤਲਵਾਰਾਂ ਜਾਂ ਧਾਤਾਂ ਦੀਆਂ ਬਣੀਆਂ ਹੋਈਆਂ ਹੋਰ ਚੀਜ਼ਾਂ ਨੂੰ ਸਾਫ਼ ਕਰਨ ਵਾਲਾ ਜਾਂ ਵਾਲੀ ॥

**ਸਿਕਲੀਗਰੀ,** ਸ:-ਸਿਕਲ ਕਰਨ ਦਾ ਕੰਮ ॥

**ਸਿਕਵਾਉਣਾ,** ਕ੍ਰਿ:-ਸੇਕ ਦੁਆਉਣਾ, ਗਰਮ ਕਰਾਉਣਾ, ਭੁਣਾਉਣਾ ॥

**ਸਿਕਵਾਈ,** ਸ:-ਸੇਕ ਦੁਆਉਣ ਜਾਂ ਭੁਨਾਉਣ ਦਾ ਕੰਮ ਜਾਂ ਮਜੂਰੀ ॥

**ਸਿਕੜੀ,** ਸ:—'ਸ਼ਿਕਰੀ' ਵੇਖੋ ॥

**ਸ਼ਿਕੜੀ,** ਸ:-'ਛਿਕੜੀ' ਵੇਖੋ ॥

**ਸਿੱਕੜੀ,** ਸ:-'ਸਿੱਕਰੀ' ਵੇਖੋ।

**ਸਿੱਕਾ,** ਪੁ:- ਮੁਹਰ, ਠੱਪਾ, ਰੁਪਏ ਪੈਸੇ ਉੱਪਰ ਜੋ ਨਸ਼ਾਨ ਹੁੰਦਾ ਹੈ, ਰੁਪਇਆ ਪੈਸਾ ਆਦਿਕ ਨਗਦੀ। ਇਕ ਧਾਤ ਜਿਸਦੇ ਤੋਪ ਦੇ ਗੋਲੇ ਬਣਦੇ ਹਨ, ਖਤਰੀਆਂ ਦੀ ਇੱਕ ਜਾਤ ॥

**ਸਿੱਕਾ ਬਠਾਣਾ,** ਕ੍ਰਿ:-ਕਿਸੇ ਰਾਜੇ ਦਾ ਆਪਣਾ ਅਖਤਿਆਰ ਜਮਾਉਣਾ (ਜਦ ਤੋਂਕ ਕੋਈ ਰਾਜਾ ਆਪਣਾ ਸਿੱਕਾ ਨਾ ਚਲਾਏ ਉਸ ਦਾ ਅਖ਼ਤਿਆਰ ਮੁਲਖ ਵਿਚ ਨਹੀਂ ਸਮਝਿਆ ਜਾਂਦਾ ॥ )

**ਸਿੱਕਾ ਓਠਣਾ,** ਕ੍ਰਿ:—ਰਾਜੇ ਦਾ ਅਖਤਿਆਰ ਕੰਮ ਜਾਣਾ ॥

**ਸਿਕਾਉਣਾ,** ਕ੍ਰਿ:-ਸੇਕ ਦੁਆਉਣਾ, ਭੁਨਾਉਣਾ ॥

**ਸ਼ਿਕਾਇਤ,** ਸ:—ਫਰਿਆਦ ॥

**ਸਿਕਾਈ,** ਸ:—ਸੇਕ ਦੁਆਉਣ, ਜਾਂ ਭੁਨਾਉਣ ਦਾ ਕੰਮ ਜਾਂ ਮਜੂਰੀ ॥

**ਸ਼ਿਕਾਰ,** ਪੁ:-'ਸ਼ਕਾਰ' ਵੇਖੋ ॥

**ਸਿੱਖ,** ਪੁ:-ਚੇਲਾ, ਸ਼ਗਿਰਦ, ਗੁਰੂ ਨਾਨਕ ਅਤੇ ਬਾਕੀ ਦੋ ਨੌਆਂ ਸਤਗੁਰਾਂ ਦੇ ਮਤ ਨੂੰ ਮੰਨਣ ਵਾਲਾ। ਗੁਰੂ ਕਾ ਸਿੰਘ, ਜਿਸ ਨੇ ਪਹੁਲ ਲਈ ਹੈ ॥

ਸ:—ਸਿੱਖਿਆ, ਉਪਦੇਸ਼ ॥

**ਸਿੱਖਾ ਸ਼ਾਹੀ,** ਸ:-ਸਿੱਖਾਂ ਦਾ ਰਾਜ, ਅਨਿਆਈਂ ਦਾ ਸਮਾ ॥

**ਸਿਖ ਮਤ,** ਸ:-ਸਲਾਹ, ਸਿੱਖਿਆ, ਗੁਰਾਂ, ਦਾ ਉਪਦੇਸ਼। ਨਸੀਹਤ ॥

**ਸਿਖ ਪੁਣਾ,** ਪੁ:-ਸਿੱਖ ਹੋਣਾ, ਸਿੱਖੀ ॥

**ਸਿਖੜੂ,** ਪੁ:—ਸਿੱਖ ਵਰਗਾ, ਸਿੱਖ ਪੁਣਾ ॥

**ਸਿਖਣਾ,** ਕ੍ਰਿ:-ਵਿੱਦਯਾ ਪੜ੍ਹਨੀ, ਜਾਨਣਾਂ, ਨਵੀਂ ਗੱਲ ਮਲੂਮ ਕਰਨੀ, ਉਪਦੇਸ਼ ਲੈਣਾ ॥

**ਸਿਖਣੀ,** ਸ:—ਚੇਲੀ, ਸ਼ਗਿਰਦਣੀ, ਸਿਖ ਦੀ ਤੀਵੀਂ, ਸਿੰਘਣੀ ॥

**ਸਿਖਰ,** ਪੁ:—ਸਭ ਤੋਂ ਉੱਚੀ ਥਾਂ, ਕਿਸੇ ਚੀਜ਼ ਦਾ ਉਤਲਾ ਸਿਰਾ, ਟੀਸੀ, ਚੋਟੀ, ਕਿੰਗਰਾ ॥

**ਸਿਖਰ ਦੁਪਹਿਰ,** ਸ:-ਠੀਕ ਦੁਪਹਿਰ ਦਾ ਵੇਲਾ ਜਿਸ ਵੇਲੇ ਤਿਖੀ ਧੁੱਪ ਪੈਂਦੀ ਹੈ।

Digitized by Panjab Digital Library | www.panjabdigilib.org

**ਸਿਖਲਾਉਣ,** ਸ॰ ਸਿੱਖ ਮਤ, ਸਿੱਖਿਆ, ਖੋਟੀ ਪੜ੍ਹਾਉਣ ਜਾਂ ਖੋਟੇ ਪਾਸੇ ਲਾਉਣ ਦਾ ਕੰਮ।

**ਸਿਖਲਾਉਣਾ,** ਕ੍ਰਿ॰–ਸਿਖਾਉਣਾ, ਮਤ ਦੇਣੀ, ਰਾਹ ਪਾਉਣਾ, ਝਿੜਕਣਾ, ਚੰਡਣਾ, ਕੰਨ ਖਿੱਚਣੇ। ਖੋਟੀ ਪੜ੍ਹਾਣਾ, ਖੋਟੇ ਪਾਸ ਲਾਉਣਾ।

**ਸਿਖਲਾਵਟ,** ਸ॰–'ਸਿਖਲਾਉਣ' ਵੇਖੋ ॥

**ਸਿਖੜਾ,** ਪੁ॰—ਸਿੱਖ (ਨਿੰਦਾ ਵਾਚਕ ਪਦ), ਛੋਟੀ ਉਮਰ ਦਾ ਸਿੱਖ।

**ਸਿਖਾਉਣ,** ਸ॰–'ਸਿਖਲਾਉਣ' ਵੇਖ ॥

**ਸਿਖਾਉਣਾ, ਸਿਖਾਲਣਾ, ਸਿਖਾਵਣਾ** } ਕ੍ਰਿ॰—ਪੜ੍ਹਾਉਣਾ, ਸਿੱਖਿਆ ਦੇਣੀ, ਉਪਦੇਸ਼ ਕਰਨਾ, ਨਸੀਹਤ ਦੇਣੀ, ਝਿੜਕਣਾ, ਚੰਡਣਾ, ਖੋਟੀ ਮੱਤ ਦੇਣੀ ॥

**ਸਿੱਖਿਆ, ਸਿਖਯਾ** } ਸ॰— ਸਿੱਖਣ ਵਾਲੀ ਗੱਲ, ਪੜ੍ਹਾਈ, ਉਪਦੇਸ਼, ਨਸੀਹਤ, ਮਤ, ਸਿਦਕ

**ਸਿੱਖੀ,** ਸ॰—ਸਿੱਖਾਂ ਦਾ ਧਰਮ, 'ਸਿਖਪਣ', ਸਾਰੇ ਸਿਖ, ਖ਼ਾਲਸਾ ਪੰਥ ॥

**ਸਿੱਖੀ ਚਲਾਣਾ,** ਕ੍ਰਿ॰–ਆਪਣੇ ਸਿੱਖਾਂ ਕੋਲੋਂ ਭੇਟ ਪੂਜਾ ਲੈਣ ਲਈ ਫਿਰਨਾ, ਦੌਰਾ ਕਰਕੇ ਸਿੱਖਾਂ ਨੂੰ ਦਰਸ਼ਨ ਦੇਣਾ ॥

**ਸਿਖੋਣ, ਸਿਖੋਣੀ, ਸਿਖੌਤ, ਸਿਖੌਤੀ** } ਸ॰–'ਸਿਖਲਾਉਣ' ਵੇਖੋ ॥

**ਸਿੰਗ,** ਪੁ॰ ਗਊ ਆਦਿਕ ਪਸ਼ੂਆਂ ਦੇ ਬਚਾਉ ਲਈ ਉਨ੍ਹਾਂ ਦੇ ਸਿਰ ਵਿਚੋਂ ਜੋ ਕਰੜ ਕਿਲੇ ਜੇਹੇ ਨਿਕਲੇ ਹੋਏ ਹੁੰਦੇ ਹਨ ॥

**ਸਿੰਗ ਸਮਾਉਣੇ,** ਕ੍ਰਿ॰–ਸਮਾਈ ਹੋਣੀ, ਗੁੰਜਾਇਸ਼ ਹੋ ਸਕਣੀ। ਆਸਰਾ ਮਿਲ ਜਾਣਾ ॥



**ਸਿੰਗਰਫ਼,** ਪੁ॰–ਪਾਰਾ ਮਾਰਿਆ ਹੋਇਆ ਜਿਸ ਦਾ ਰੰਗ ਲਾਲ ਹੁੰਦਾ ਹੈ ॥

**ਸਿੰਗਰਫ਼ੀ,** ਵਿ॰—ਸ਼ਿੰਗਰਫ਼ ਦੇ ਰੰਗ ਦਾ, ਲਾਲ ॥

**ਸਿਗਰਟ,** ਪੁ॰–ਕਾਗਤ ਵਿਚ ਲਪੇਟਿਆ ਹੋਯਾ ਤਮਾਕੂ ਦਾ ਵੱਟ (ਪੀਣਾ)। ਛੋਟਾ ਸਿਗਾਰ ॥

**ਸਿਗੜਾ,** ਪੁ॰ ਇਕ ਪੂੜਾ ਪਾਉਣ ਵਾਲੀ ਪਿਆਲੀ ਜਾਂ ਸੁਰਾਹੀ ॥

**ਸਿੰਗਾ,** ਪੁ॰–ਤੁਰਮ ॥

**ਸਿਗਾਰ,** ਪੁ॰–ਬੁੱਲ੍ਹਾਂ ਵਿਚ ਰਖਕੇ ਪੀਣ ਵਾਲਾ ਤਮਾਕੂ ਦਾ ਵੱਟ ॥

**ਸਿੰਗਾਰ,** ਪੁ॰–ਗਹਿਣੇ ਕੱਪੜੇ, ਸੋਹਣੀ ਪੁਸ਼ਾਕ ਸਜਾਵਟ। 'ਸ਼ੰਗਾਰ' ਵੇਖੋ ॥

**ਸਿੰਗਾਰਨਾ,** ਕ੍ਰਿ॰–'ਸ਼ੰਗਾਰਨਾ' ਵੇਖੋ ॥

**ਸਿੰਗੀ,** ਸ॰–ਪਿੰਡੇ ਉੱਤੇ ਲਾਉਣ ਵਾਲੀ ਨਲਕੀ ਜੋਗੀਆਂ ਦੀ ਤੁਰ੍ਹੀ।

**ਕਿੱਕਰ ਸਿੰਗੀ,** ਸ॰–ਇਕ ਔਖਧ ਜੋ ਖੰਘ ਲਈ ਗੁਣਕਾਰ ਹੈ ॥

**ਸਿੰਗੌਟ, ਸਿੰਗੌਟੀ** } ਸ॰–ਸਿੰਗ।

**ਸਿੰਘ,** ਪੁ॰—ਸ਼ੇਰ, ਗੁਰੂ ਨਾਨਕ ਆਦਿਕ ਦਸ ਗੁਰਾਂ ਦੇ ਮਤ ਨੂੰ ਮੰਨਣ ਵਾਲਾ (ਸਿੱਖ) ਅਤੇ ਜਿਸਨੇ ਗੁਰੂ ਗੋਬਿੰਦ ਸਿੰਘ ਜੀ ਦੀ ਰਹਿਤ ਅਨੁਸਾਰ ਪਾਹੁਲ ਲਈ ਹੈ। ਖ਼ਾਲਸਾ ॥ ਇਹ ਪਦ ਸਿਖਾਂ ਰਜਪੂਤਾਂ ਅਤੇ ਹੋਰ ਕਈਆਂ ਜਾਤਾਂ ਦੇ ਮਨੁੱਖਾਂ ਦੇ ਨਾਵਾਂ ਮਗਰ ਲਗਦਾ ਹੈ।

**ਸਿੰਘ ਰਾਤ,** ਸ॰—ਬੁਰੇ ਸਗਨ ਵਾਲੇ ਦਿਨ ਜਿਨ੍ਹਾਂ ਵਿਚ ਹਿੰਦੂਆਂ ਦੇ ਵਿਆਹ ਨਹੀਂ ਹੁੰਦੇ।

Digitized by Panjab Digital Library / www.panjabdigilib.org

**ਸਿੰਘ ਪੁਣਾ,** ਪੁ:-ਸਿੰਘ ਹੋਣਾ, ਸਿੰਘੀ, ਰਹਿਤ।

**ਸਿੰਘਊ,** ਪੁ:—ਸਿੰਘ ਪੁਣਾ॥

**ਸਿੰਘਣਾ,** ਕ੍ਰਿ:—ਸੁੰਘਣਾ, ਮੁਸ਼ਕ ਲੈਣੀ।

**ਸਿੰਘਣੀ,** ਸ:-ਸਿੰਘ ਦੀ ਤੀਵੀਂ, ਉਹ ਤੀਵੀਂ ਜੋ ਖ਼ਾਲਸਾ ਪੰਥ ਵਿਚ ਹੈ। ਸਿੱਖਣੀ। ਸ਼ੇਰਨੀ॥

**ਸਿੰਘਲ,** ਸ:—'ਸੰਘਲ ਦੀਪ' ਵੇਖੋ (ਸੰਘ ਵਿਚ)।

**ਸਿੰਘਾਸਣ,** ਪੁ:-ਤਖ਼ਤ, ਰਾਜ ਗੱਦੀ॥

**ਸਿੰਘਾਸਣ ਤੇ ਬੈਠਣਾ,** ਕ੍ਰਿ:-ਰਾਜ ਗੱਦੀ ਉੱਤੇ ਬਹਿਣਾ ਅਰਥਾਤ ਰਾਜਾ ਬਣਨਾ॥

**ਸਿੰਘਾੜਾ,** ਪੁ:-'ਸੰਘਾੜਾ' ਵੇਖੋ।

**ਸਿੰਘੂ,** ਪੁ:-'ਸਿੰਘ' ਵੇਖੋ॥

**ਸਿੰਙ,** ਪੁ:-'ਸਿੰਗ' ਵੇਖੋ॥

**ਸਿੰਙਾ,** ਪੁ:-'ਸਿੰਗਾ' ਵੇਖੋ॥

**ਸਿੱਜਣਾ,** ਕ੍ਰਿ:-ਭਿੱਜਣਾ, ਗਿੱਲਾ ਹੋਣਾ॥

**ਸਿੱਜਪਸਿੱਜ ਜਾਣਾ,** ਕ੍ਰਿ:-ਗਿੱਲਾ ਹੋ ਜਾਣਾ॥

**ਸਿੰਜਣਾ,** ਕ੍ਰਿ:-ਧਰਤੀ ਨੂੰ ਪਾਣੀ ਦੇਣਾ॥

**ਸਿਜਦਾ,** ਪੁ:-ਨਮਾਜ਼ ਦੇ ਵੇਲੇ ਮੱਥਾ ਟੇਕਣਾ, ਗੋਡੇ ਨਿਵਾਕੇ ਜ਼ਮੀਨ ਉੱਤੇ ਸਿਰ ਰੱਖਣਾ॥

**ਸਿੰਜਰਨਾ,** ਕ੍ਰਿ:—ਭਿਉਣਾ, ਤਰ ਕਰਨਾ, ਨਮ ਹੋਣੀ, ਖਲਰਨਾ, ਧਸਣਾ॥

**ਸ਼ਿਜਰਾ,** ਪੁ:-ਖੇਤ ਦਾ ਨਕਸ਼ਾ। ਕੁਰਸੀ ਨਾਮਾ॥

**ਸਿਜਲ,** ਵਿ:-ਅੱਛਾ, ਸੁਥਰਾ, ਠੀਕ, ਉੱਜਲਾ॥

**ਸਿਜਾਉਣਾ,** ਕ੍ਰਿ:—ਭਿਉਣਾ, ਗਿੱਲਾ ਕਰਨਾ।

**ਸਿੰਜਾਉਣਾ,** ਧਰਤੀ ਨੂੰ ਪਾਣੀ ਦੁਆਉਣਾ, ਤਰ ਕਰਾਉਣਾ॥

**ਸਿੰਜਾਈ,** ਸ:-ਸਿੰਜਰਨ ਦਾ ਕੰਮ ('ਸਿੰਜਰਨਾ' ਵੇਖੋ), ਸਿੰਜਰਨ ਦੀ ਮਜੂਰੀ॥

**ਸਿੱਝਣਾ,** ਕ੍ਰਿ:-ਬਦਲਾ ਲੈਣਾ, ਸਮਝਣਾ, ਝਗੜਾ ਨਿਬੇੜਨਾ॥

**ਸਿਝਾਉਣਾ**<br>**ਸਿਝਾ ਦੇਣਾ** } ਕ੍ਰਿ:-ਕਿਸੇ ਦੀ ਰਾਹੀਂ ਬਦਲਾ ਲੈਣਾ॥ ਨਿਬੜਾਉਣਾ, ਸਮਝਾਉਣਾ॥

**ਸਿੱਟ,** ਸ:-ਸਿੱਟਣ ਦਾ ਕੰਮ, ਪਰੇ ਕਰਨਾ॥

**ਸਿੱਟ ਸਿੱਟਣੀ,** ਕ੍ਰਿ:—ਅੱਜ ਕੱਲ ਕਰਨਾ, ਟਾਲਣਾ, ਹੀਲਾ ਹਵਾਲਾ ਕਰਨਾ, ਹਿਕਮਤ ਕਰਨੀ॥

**ਸਿੱਟ ਦੇਣਾ,** ਕ੍ਰਿ:—ਪਰੇ ਮਾਰਨਾ॥

**ਸਿੱਟ ਪਸਿੱਟ,** ਸ:—ਹੀਲਾ ਹਵਾਲਾ, ਆਲੇ ਟਾਲੇ, ਗੜ ਬੜ, ਹੇਰ ਫੇਰ। ਇੱਧਰ ਉੱਧਰ ਚੀਜ਼ਾਂ ਦਾ ਖਿੰਡਣਾ॥

**ਸਿੱਟ ਪਾਉਣਾ,** ਕ੍ਰਿ:—ਸਿੱਟ ਦੇਣਾ॥

**ਸਿੱਟਣਾ,** ਕ੍ਰਿ:—ਪਰੇ ਮਾਰਨਾ, ਥੱਲੇ ਡੇਗਣਾ, ਢਾਹ ਦੇਣਾ॥

**ਸਿੱਟਾ,** ਪੁ:—ਅਨਾਜ ਦੀ ਛੱਲੀ, ਤੱਤ, ਜੂਏ ਦਾ ਸੌਦਾ ਜਿਸ ਵਿੱਚ ਰਕਮ ਪੱਲਿਓਂ ਨਹੀਂ ਪਾਉਣੀ ਪੈਂਦੀ ਖਾਲੀ ਨਫੇ ਨੁਕਸਾਨ ਦਾ ਸੌਦਾ ਹੁੰਦਾ ਹੈ॥

**ਸਿੱਟਾ ਆਉਣਾ**<br>**ਸਿੱਟਾ ਨਿਕਲਣਾ**<br>**ਸਿੱਟਾ ਲੱਗਣਾ** } ਕ੍ਰਿ:—ਖੇਤੀ ਉੱਤੇ ਸਿੱਟਾ ਉੱਗ ਪੈਣਾ॥

**ਸਿੱਟਾ ਲਾਉਣਾ,** ਕ੍ਰਿ:—ਸਿੱਟਾ ਉਗਾਉਣਾ, ਸਿੱਟਾ ਉਪਜਾਉਣਾ॥

Digitized by Panjab Digital Library | www.panjabdigilib.org

**ਸਿੱਟੇ ਬੂਰ ਪੈਣਾ,** ਕ੍ਰਿ: ਸਿੱਟੇ ਦਾ ਪੱਕਣਾ ਜਾਂ ਖਿੜਨਾ ॥

**ਸਿਟਾਉਣਾ,** ਕ੍ਰਿ:—ਦੂਜੇ ਕੋਲੋਂ ਸਿੱਟਣ ਦਾ ਕੰਮ ਕਰਾਉਣਾ, ਗਿਰਾਉਣਾ, ਢੁਆਉਣਾ ॥

**ਸਿੱਟੀ,** ਸ:—ਨਿੱਕਾ ਜਿਹਾ ਸਿਟਾ ॥

**ਸਿੱਠ,** ਸ:—ਗੰਦਾ ਗੀਤ, ਕਿਸੇ ਚੀਜ਼ ਦੀ ਬੁਰਿਆਈ ਦੱਸਣ ਵਾਲਾ ਗੀਤ ( ਸ਼ਰਾਬ ਦੀ ਸਿੱਠ ) ॥

**ਸਿੱਠ ਜੋੜਣਾ,** ਕ੍ਰਿ:—ਗੰਦਾ ਗੀਤ ਬਣਾਉਣਾ, ਨਿੰਦਿਆ ਕਰਨ ਵਾਲਾ ਗਾਉਣ ਬਣਾਉਣਾ ॥

**ਸਿੱਠਣਾ,** ਕ੍ਰਿ:—ਸਿੱਠ ਜੋੜਨੀ ॥

**ਸਿਠਣੀ,** ਸ:—ਇੱਕ ਤਰਾਂ ਦੇ ਗੰਦੇ ਗੀਤ ਜੋ ਤ੍ਰੀਮਤਾਂ ਵਿਆਹ ਢੰਗ ਵਿੱਚ ਗਾਉਂਦੀਆਂ ਹਨ (ਇਨ੍ਹਾਂ ਵਿੱਚ ਕੁੜਮਾਂ ਆਦਿਕਾਂ ਨਾਲ ਮਖੌਲ ਕੀਤਾ ਹੋਇਆ ਹੁੰਦਾ ਹੈ )॥

**ਸਿੱਡ,** ਪੁ:—ਦ੍ਰਿੜ੍ਹਤਾ, ਹਠ, ਜ਼ਿਦ, ਬੁਰੀ ਗੱਲ ਦੇ ਮਗਰ ਪੈਣਾ ॥

**ਸਿੱਡ ਕਰਨਾ,** ਕ੍ਰਿ:—ਆਪਣੀ ਗੱਲ ਉੱਤੇ ਅੜ ਜਾਣਾ, ਜ਼ਦ ਕਰਨੀ, ਹਠ ਕਰਨਾ ॥

**ਸਿੱਡ ਪੁਗਾਉਣਾ,** ਕ੍ਰਿ:—ਆਪਣੀ ਜ਼ਿਦ ਪੂਰੀ ਕਰਕੇ ਛੱਡਣੀ ॥

**ਸਿੱਡੇ ਬਾਜ਼,** ਵਿ:—ਹਠੀ, ਜ਼ਿਦੀ, ਢੀਠ, ਆਪ ਹੁਦਰਾ ॥

**ਸਿਣਕਣਾ,** ਕ੍ਰਿ:—ਨੱਕ ਦੀ ਮੈਲ ਜ਼ੋਰ ਨਾਲ ਬਾਹਰ ਕੱਢਣੀ। ਸੁਲਕਣਾ ॥

**ਸਿਣਕਾਉਣਾ,** ਕ੍ਰਿ:—ਨੱਕ ਦੀ ਮੈਲ ਕਢਵਾਉਣੀ। ਸੁਲਕਾਉਣਾ ॥

**ਸਿੱਤ ਨੌਲਣੀ / ਸਿੱਤ ਪੁਨਣੀ,** ਕ੍ਰਿ: —ਗਾਲ੍ਹਾਂ ਕੱਢਣੀਆਂ, ਮੰਦਾ ਬੋਲਣਾ ॥

**ਸਿਤ ਪਸਿੱਤਾ,** ਵਿ:—ਵੱਖਰਾ, ਸਭ ਤੋਂ ਅਲਗ, ਨਿਆਰਾ।

**ਸਿੱਤਾ,** ਪੁ:—ਮਠਿਆਈ ਦੀਆਂ ਰੋੜੀਆਂ ਜੋ ਮਾਵੇ ਉੱਪਰ ਖੰਡ ਅਤੇ ਖਸਖਾਸ ਲਾਕੇ ਬਣਦੀਆਂ ਹਨ ॥

**ਸਿਤਾਰ,** ਸ:—'ਸਤਾਰ' ਵੇਖੋ।

**ਸਿਤਾਰਾ,** ਪੁ:—ਤਾਰਾ, ਗ੍ਰਹਿ ।

**ਸਿਦਕ,** ਪੁ:—ਸਚਿਆਈ, ਧਰਮ ॥

**ਸਿਦਕ ਨਾਲ,** ਕ੍ਰਿ:, ਵਿ:—ਦਿਲੋਂ, ਸੱਚੇ ਦਿਲ ਨਾਲ ॥

**ਸਿਦਕ ਪਾਲਣਾ,** ਕ੍ਰਿ:—ਸੱਚ ਪੁਰ ਚੱਲਣਾ, ਧਰਮ ਉੱਤੇ ਕਾਇਮ ਰਹਿਣਾ ॥

**ਸਿਦਕ ਮੰਦ,** ਵਿ:—ਸੱਚਾ, ਧਰਮੀ, ਸਿਦਕੀ ॥

**ਸਿਦਕ ਰੱਖਣਾ,** ਕ੍ਰਿ:—'ਸਿਦਕ ਪਾਲਣਾ' ਵੇਖੋ ॥

**ਸਿਦਕੀ,** ਵਿ:—ਸਿਦਕ ਵਾਲਾ, ਸੱਚਾ, ਧਰਮੀ ॥

**ਸਿਦੀਵਣਾ,** ਕ੍ਰਿ:—ਬੁਲਾਇਆ ਜਾਣਾ ॥

**ਸਿਧ,** ਸ:—ਵਿਦਾਇਗੀ, ਰਵਾਨਗੀ, ਚੱਲ ਪੈਣਾ ॥

**ਸਿਧ ਕਰਨਾ,** ਕ੍ਰਿ:—ਵਿਦਿਆ ਹੋਣਾ, ਤੁਰ ਪੈਣਾ, ਰਵਾਨਾ ਹੋਣਾ ॥

**ਸਿੱਧ,** ਸ: / ਪੁ: — ਜੋਗ, ਸਿੱਧਾ ਰਾਹ, ਬੜੀ ਸ਼ੱਤਿਆ ਵਾਲਾ ਸਾਧੂ, ਕਰਾਮਾਤੀ, ਸੰਤ, ਸਾਈਂ ਲੋਕ । ਮਹਾਤਮਾ ॥

ਵਿ:—ਤਿਆਰ, ਸੰਪੂਰਨ, ਠੀਕ, ਧਰਵਾਨ, ਪਵਿੱਤ੍ਰ ॥

Digitized by Panjab Digital Library | www.panjabdigilib.org

**ਸਿੱਧ ਸੁਭਾਉ,** ਪੁ:-ਸੌਖਾ, ਸ਼ੁੱਧ ਮਨ, ਜਿਸ ਵਿੱਚ ਛਲ ਕਪਟ ਨਹੀਂ ॥

ਕ੍ਰਿ:, ਵਿ:—ਸਿੱਧੀ ਤਰਾਂ, ਭੋਲੇ ਭਾਉ, ਸਹਿਜ ਸੁਭਾਇ, ਆਪੇ ਆਪ ॥

**ਸਿੱਧ ਹੋਣਾ,** ਕ੍ਰਿ:-ਪੂਰਾ ਹੋਣਾ, ਮੁੱਕਣਾ।

**ਸਿੱਧ ਕਰਨਾ,** ਕ੍ਰਿ:—ਪੂਰਾ ਕਰਨਾ, ਤਿਆਰ ਕਰਨਾ, ਮੁਕਾਉਣਾ, ਸਿੱਧਾ ਕਰਨਾ, ਜਾਦੂ ਮੰਤਰ ਨਾਲ ਵੱਸ ਕਰਨਾ ॥

**ਸਿੱਧ ਪੱਧਰਾ,** ਵਿ:-ਸੌਖਾ, ਭੋਲਾ, ਛਲ ਕਪਟ ਨਾ ਜਾਨਣ ਵਾਲਾ। ਇੱਕੋ ਜਿਹਾ, ਸਾਫ਼, ਸੌਖੀ ਤਰਾਂ ਲਿਖਿਆ ਹੋਇਆ ਜਿਸ ਵਿੱਚ ਕਿਸੇ ਤਰਾਂ ਦੀ ਸਜਾਉਟ ਨਹੀਂ।

**ਸਿੰਧ,** ਪੁ:-ਇੱਕ ਦੇਸ਼, ਇੱਕ ਦਰਿਆਉ ॥

**ਸਿੱਧਣੀ,** ਸ:-ਫਕੀਰਨੀ, ਜੋਗਣੀ

**ਸਿੱਧਾ,** ਪੁ:-ਸਰਲ, ਖੜਾ, ਸੌਖਾ, ਠੀਕ, ਸਾਫ, ਭੋਲਾ, ਮੂਰਖ॥

**ਸਿੱਧਾ ਹੋ ਜਾਣਾ,** ਕ੍ਰਿ:-ਸੌਰ ਜਾਣਾ ॥

**ਸਿੱਧਾ ਕਰਨਾ (ਬਨਾਉਣਾ)** ਕ੍ਰਿ:-ਠੀਕ ਕਰਨਾ ਝੰਬਣਾ, ਸਜ਼ਾ ਦੇਣੀ ॥

**ਸਿਧਾਈ,** ਸ:-ਸਿੱਧੇ ਹੋਣ ਦਾ ਗੁਣ, ਭੇਦ ॥

**ਸਿਧਾਰਣ,** ਵਿ:-'ਸਧਾਰਣ' ਵੇਖੋ॥

**ਸਿਧਾਰਨਾ,** ਕ੍ਰਿ:-ਚਲੇ ਜਾਣਾ, ਵਿਦਿਆ ਹੋ ਜਾਣਾ, ਦੂਰ ਜਾਣਾ, ਛੱਡ ਜਾਣਾ, ਕੂਚ ਕਰਨਾ॥

**ਸਿੱਧੀ,** ਵਿ:-'ਸਿੱਧਾ' ਦਾ ਇਸਤ੍ਰੀ ਲਿੰਗ ॥

ਸ:-ਕਰਾਮਾਤ, ਸ਼ਕਤੀਆਂ, ਤਪੱਸਿਆ ਕਰਕੇ ਜੋ ਸ਼ਕਤੀਆਂ ਹੋ ਜਾਂਦੀਆਂ ਹਨ ॥

**ਸਿੰਧੀ,** ਪੁ:-ਸਿੰਧ ਦੇਸ ਦਾ ਰਹਿਣ ਵਾਲਾ ॥

**ਸਿੱਧੂ, ਸਿੱਧੂ** ਪੁ:-ਜੱਟਾਂ ਦੀ ਇਕ ਜਾਤ, (ਪਟਿਆਲਾ ਨਾਭਾ ਅਤੇ ਜੀਂਦ ਦੇ ਰਾਜੇ ਇੱਸੇ ਜਾਤ ਦੇ ਹਨ।)॥

**ਸਿੱਧੇ,** ਵਿ:-ਸਰਲ, ਇੱਕੋ ਪਾਲ ਵਿੱਚ ॥

**ਸਿੱਧੇ ਹੋਣਾ,** ਕ੍ਰਿ:-ਸਿੱਧਾ ਹੋ ਜਾਣਾ, ਭਲਾ ਮਾਣਸ ਬਣ ਜਾਣਾ, ਸਾਮ੍ਹਣਾ ਕਰਨਾ, ਸਾਮ੍ਹਣੇ ਹੋਣਾ ॥

**ਸਿਧੌਣ,** ਸ:-ਸਿੱਧਾ ਹੋਣਾ, ਸਚਿਆਈ, ਸਿਦਕ ॥

**ਸਿੰਨ੍ਹ,** ਸ:-ਇਕ ਬੂਟਾ, ਇੱਕ ਤਰਾਂ ਦਾ ਸੱਪ, ਉਗਾਹ ॥

**ਸਿੰਨ੍ਹਣਾ, ਸਿਨ੍ਹਣਾ** ਕ੍ਰਿ:-ਗਿਲਾ ਹੋਣਾ, ਭਿੱਜਣਾ, ਨਿਸ਼ਾਣਾ ਲਗਣਾ, ਸਿਸਤ ਬੰਨ੍ਹਣੀ।

**ਸਿਨਾ,** ਵਿ:-ਗਿੱਲਾ।

**ਸਿਨ੍ਹਾਉਣਾ,** ਕ੍ਰਿ:-ਗਿੱਲਾ ਕਰਨਾ, ਭੇਉਣਾ, ਸਿਸਤ ਬਨ੍ਹਾਉਣੀ, ਨਿਸ਼ਾਨਾ ਲੁਆਉਣਾ ॥

**ਸਿੱਪ,** ਪੁ:-ਇੱਕ ਸਮੁੰਦਰੀ ਜਨੌਰ ਦੀ ਛਿੱਲ ਜਿਸ ਵਿੱਚੋਂ ਮੋਤੀ ਨਿਕਲਦੇ ਹਨ ॥

**ਸਿਫਤ,** ਸ:-ਸਿਫ਼ਤ, ਗੁਣ ਵਡਿਆਈ ॥

**ਸਿਪਹ ਸਲਾਰ, ਸਿਪਾ ਸਲਾਰ** ਪੁ:-ਫੌਜ ਦਾ ਵੱਡਾ ਅਫ਼ਸਰ, ਸੈਨਾ ਪਤੀ, ਜਰਨੈਲ, ਕਮਾਨੀਅਰ, ਕਪਤਾਨ ॥

**ਸਿਪਾਹ,** ਪੁ:-'ਸਪਾਹ' ਵੇਖੋ।

**ਸਿਪਾਹੀ,** ਪੁ:-'ਸਪਾਹੀ' ਵੇਖੋ ॥

**ਸਿੱਪੀ,** ਸ:-ਛੋਟਾ ਸਿੱਪ, ਸੰਖ, ਮੋਤੀ ॥

**ਸਿਫ਼ਤ,** ਸ:-ਨੇਕੀ, ਚੰਗਿਆਈ, ਗੁਣ, ਵਡਿਆਈ ਪਰਮੇਸ਼ੁਰ ਦੀ ਉਸਤਤ ॥

Digitized by Panjab Digital Library | www.panjabdigilib.org

**ਸ਼ਿਬ,** ਪੁ:-ਹਿੰਦੂਆਂ ਦਾ ਇੱਕ ਦੇਉਤਾ ਜੋ ਸੰਸਾਰ ਦਾ ਨਾਸ਼ ਕਰਨ ਵਾਲਾ ਹੈ, ਮਹਾ ਦੇਉ, ਭੋਲਾ ਨਾਥ, ਸ਼ੰਕਰ ॥

**ਸ਼ਿਬ ਸ਼ਿਬ ਕਰਨਾ,** ਕ੍ਰਿ:-ਸ਼ਿਬ ਦੇ ਨਾਉਂ ਦਾ ਜਪ ਕਰਨਾ। ਔਖੇ ਵੇਲੇ ਸ਼ਿਬਜੀ ਦੀ ਸਹਾਯਤਾ ਮੰਗਣੀ ॥

**ਸ਼ਿਬ ਜੀ,** ਪੁ:-ਸ਼ਿਬ (ਆਦਰ ਕਰਕੇ ਪਿੱਛੇ 'ਜੀ' ਲਾਇਆ ਹੈ)॥

**ਸ਼ਿਬ ਪੁਰੀ,** ਸ:-ਕਾਂਸ਼ੀ, ਬਨਾਰਸ ॥

**ਸ਼ਿਬ ਰਾਤ੍ਰੀ,** ਸ:-ਫੱਗਣ ਬਦੀ ਚੌਦਸ ਦੀ ਰਾਤ ਜਦੋਂ ਸ਼ਿਬ ਜੀ ਦੇ ਉਪਾਸਕ ਵਰਤ ਰੱਖਦੇ ਹਨ ਅਤੇ ਪਾਠ ਪੂਜਾ ਕਰਦੇ ਹਨ ॥

**ਸ਼ਿਬ ਲਿੰਗ,** ਪੁ:-ਧਰਤੀ ਵਿਚ ਗੱਡੀ ਹੋਈ ਇੱਕ ਵੱਡੇ ਲਿੰਗ ਦੀ ਪੱਥਰ ਦੀ ਮੂਰਤ ਜਿਸ ਨੂੰ ਕਈ ਹਿੰਦੂ ਪੂਜਦੇ ਹਨ ਅਤੇ ਜਿਸ ਦੇ ਉੱਪਰ ਜਲ ਚੜ੍ਹਦੇ ਹਨ।

**ਸ਼ਿਬ ਲਿੰਗੀ,** ਸ:-ਇੱਕ ਬੂਟੀ ॥

**ਸਿਬਸਿਖਾਣ;** ਸ:-ਧਰਤੀ ਦੀ ਨਮ ਜਿਸ ਕਰਕੇ ਮਿੱਟੀ ਪੋਲੀ ਹੋ ਜਾਂਦੀ ਹੈ।

**ਸਿੰਬਲ,** ਪੁ:-'ਸਿੰਮਲ' ਵੇਖੋ ॥

**ਸਿਬਾਲਾ,** ਪੁ:-'ਸਰਬਾਲ੍ਹਾ' ਵੇਖੋ ॥

**ਸਿਮਟ,** ਸ: }
**ਸਿਮਟਾਉ**-ਪੁ: } ਸੰਕੋਚ, ਸੁੰਗੜਾਉ, ਜਮਾਉੜ ॥

**ਸਿਮਟਣਾ,** ਕ੍ਰਿ:-ਜੰਮਣਾ, ਇਕੱਠਾ ਹੋਣਾ, ਸੁੰਗੜਨਾ ॥

**ਸਿਮਟਾਉ,** ਪੁ:-'ਸਿਮਟ' ਵੇਖੋ ॥

**ਸਿਮਟਾਉਣਾ,** ਕ੍ਰਿ: ਜਮਾਉਣਾ ਇਕੱਠਾ ਕਰਨਾ, ਸੁੰਗੜਾਉਣਾ ॥

**ਸਿਮਟੀ,** ਸ:-ਇੱਕ ਤਰਾਂ ਦਾ ਕੱਪੜਾ।

**ਸਿਮਟੂ,** ਵਿ:-ਸਿਮਟਣ ਵਾਲਾ, ਜੋ ਸੁੰਗੜ ਸਕਦਾ ਹੈ।

**ਸਿੰਮਣਾ,** ਕ੍ਰਿ:-ਰਤਾ ਰਤਾ ਹੋਣਾ, ਥੋੜਾ ਥੋੜਾ ਪਸਿੱਜ ਕੇ ਨਿਕਲਣਾ (ਜਿੱਕੁਰ ਭਾਂਡੇ ਵਿੱਚੋਂ ਪਾਣੀ ਜਾਂ ਜ਼ਖਮ ਵਿੱਚੋਂ ਲਹੂ ਸਿੰਮਦਾ ਹੈ)॥

**ਸਿੰਮਲ,** ਪੁ: ਇੱਕ ਰੁੱਖ ਜੋ ਬਹੁਤ ਉੱਚਾ ਉੱਗਦਾ ਹੈ ਇਸ ਦੀਆਂ ਫਲੀਆਂ ਵਿਚ ਇਕ ਤਰਾਂ ਦੀ ਕਪਾਹ ਹੁੰਦੀ ਹੈ ਜਿਸ ਨਾਲ ਸਿਰ੍ਹਾਣੇ ਭਰਦੇ ਹਨ ॥

**ਸਿਮਰਣ,** ਪੁ: ਚੇਤਾ, ਯਾਦ, ਪਰਮੇਸ਼ਰ ਜਾਂ ਕਿਸੇ ਦੇਵਤੇ ਦੇ ਨਾਉਂ ਦਾ ਜਾਪ, ਵੀਣੀ ਵਿੱਚ ਪਾਉਣ ਵਾਲੀ ਇੱਕ ਛੋਟੀ ਮਾਲਾ ॥

**ਸਿਮਰਤੀ,** ਸ:-ਯਾਦ ਚੇਤਾ, ਧਰਮ ਸ਼ਾਸਤ੍ਰ ('ਸ਼ਾਸਤ੍ਰ ਵੇਖੋ'), ॥

**ਸਿਮਰਨਾ,** ਕ੍ਰਿ: ਯਾਦ ਕਰਨਾ, ਪਰਮੇਸ਼ਰ ਦਾ ਨਾਉਂ ਲੈਣਾ ॥
ਪੁ:-ਇੱਕ ਵੱਡੀ ਮਾਲਾ ॥

**ਸਿਮਰਨੀ,** ਸ:-ਪਰਮੇਸ਼ਰ ਦਾ ਨਾਉਂ ਜਪਣਾ, ਇਕ ਛੋਟੀ ਮਾਲਾ ॥

**ਸਿਮ੍ਰਿਤੀ,** ਸ:-'ਸਿਮਰਤੀ' ਵੇਖੋ ॥

**ਸਿਮਾਉਣਾ,** ਕ੍ਰਿ:-ਜੋੜਨਾ, ਗੰਢਣਾ, ਮਿਲਾਉਣਾ, (ਕੱਪੜਾ ਆਦਿਕ) ਸੁਆਉਣਾ ॥

**ਸਿਮਾਈ,** ਸ:-ਗੰਢ, ਜੋੜ, ਸੁਆਈ, ਸੁਆਉਣ ਦੀ ਮਜੂਰੀ ॥

Digitized by Panjab Digital Library | www.panjabdigilib.org

**ਸਿਯਾਹ,** ਵਿਃ—'ਸਿਆਹ' ਵੇਖੋ ॥

**ਸਿਯਾਹੀ,** ਸਃ—'ਸਿਆਹੀ' ਵੇਖੋ ॥

**ਸਿਯਾਣ,** ਪੁਃ—'ਸਿਆਣ' ਵੇਖੋ ॥

**ਸਿਯਾਣਪ, ਸਿਯਾਣਬ** } ਸਃ—'ਸਿਆਣਪ' ਵੇਖੋ ॥

**ਸਿਯਾਣਾ** ਵਿਃ—'ਸਿਆਣਾ' ਵੇਖੋ ॥

**ਸਿਯਾਣੂ,** ਵਿਃ—'ਸਿਆਣੂ' ਵੇਖੋ ॥

**ਸਿਯਾਣਨਾ,** ਕ੍ਰਿਃ—'ਸਿਆਣਨਾ' ਵੇਖੋ ।

**ਸਿਯਾਪਾ,** ਪੁਃ—'ਸਿਆਪਾ' ਵੇਖੋ ।

**ਸਿਯਾਬਸੀ, ਸਿਯਾਬਸੇ, ਸਿਯਾਬਾ** } ਅਵਃ—'ਸ਼ਾਬਾ' ਵੇਖੋ ॥

**ਸਿਯਾਮ,** ਸਃ, ਪੁਃ } 'ਸਿਆਮ' ਵੇਖੋ ॥

**ਸਿਯਾਮੀ,** ਪੁਃ —'ਸਿਆਮੀ' ਵੇਖੋ ॥

**ਸਿਯਾਲ, (ਲਾ),** ਪੁਃ—'ਸਿਆਲ' ਵੇਖੋ ॥

**ਸਿਯਾਲੀ,** ਸਃ—'ਸਿਆਲੀ' ਵੇਖੋ ॥

**ਸਿਯਾਲੂ,** 'ਸਿਆਲੂ' ਵੇਖੋ ।

**ਸਿਰ,** ਪੁਃ–ਸਰੀਰ ਦਾ ਸਭ ਥੋਂ ਉਪਰਲਾ ਹਿੱਸਾ ਜਿਸ ਵਿੱਚ ਅਖਾਂ, ਨੱਕ, ਕੰਨ, ਮੂੰਹ ਹੁੰਦੇ ਹਨ ਸੀਸ, ਮੁੰਡੀ, ਮਸਤਕ, ਦੀਰਾ, ਚੋਟੀ, ਟੀਸੀ, ਸਿਖਰ, ਕਿੰਗਰਾ ॥

ਅਵਃ–ਉਪਰ, ਨਿੱਤ, ਵਾਸਤੇ, ਜ਼ੁੰਮੇ।

ਵਿਃ–ਠੀਕ, ਮੁਨਾਸਬ, ਜੋਗ।

**ਸਿਰ ਆਉਣਾ,** ਕ੍ਰਿਃ–ਸ਼ੋਖ਼ ਹੋਣਾ, ਸ਼ੋਖੀ ਕਰਨੀ।

**ਸਿਰ ਸਦਕਾ,** ਵਿਃ–ਆਪਣੀ ਜਾਣ ਤੋਂ ਵਾਰਕੇ ਦਿੱਤਾ ਹੋਯਾ ।

**ਸਿਰ ਸੜਾ,** ਵਿਃ—ਜੋ ਇਕ ਕੰਮ ਨੂੰ ਲਗਾਤਾਰ ਕਰਦੇ ਨਾਂ ਅੱਕੇ, ਇਕ ਗਾਲ੍ਹੀ ॥

**ਸਿਰ ਸਿਹਰਾ ਆਉਣਾ (ਹੋਣਾ),** ਕ੍ਰਿਃ–ਜਸ ਮਿਲਣਾ, ਵਡਿਆਈ ਹੋਣੀ, ਮਾਣ ਹੋਣਾ ॥

**ਸਿਰ ਸਿੰਗ ਹੋਣੇ,** ਕ੍ਰਿਃ—ਅਣੋਖੀ ਗੱਲ ਹੋਣੀ ॥

**ਸਿਰ ਸੁਆਹ ਪਾਉਣੀ,** ਕ੍ਰਿਃ–ਬਦਨਾਮੀ ਕਰਨੀ ਨਿੰਦਯਾ ਕਰਨੀ, ਬਿਰਲਾਪ ਕਰਨਾ, ਬੁਰੀ ਗਲ ਦਾ ਧਿਆਨ ਛੋੜਨਾ ॥

**ਸਿਰ ਸੁਆਹ ਪੈਣੀ,** ਕ੍ਰਿਃ–ਕਲੰਕ ਲਗਣਾ, ਬਦਨਾਮ ਹੋਣਾ, ਨਮੋਸ਼ੀ ਹੋਣੀ ॥

**ਸਿਰ ਸੁਕਣਾ,** ਕ੍ਰਿਃ—ਸਿਰ ਦੇ ਗਿੱਲੇ ਵਾਲ ਸੁੱਕ ਜਾਣੇ ॥

**ਸਿਰ ਸੁਕਾਉਣਾ,** ਕ੍ਰਿਃ–ਸਿਰ ਦੇ ਵਾਲ ਸੁਕਾਉਣੇ ॥

**ਸਿਰ੍ਹਾਣਾ,** ਪੁਃ 'ਸਰ੍ਹਾਣਾ' ਵੇਖੋ ।

**ਸਿਰ ਹਰਾ ਕਰਨਾ,** ਕ੍ਰਿਃ–ਸਿਰ ਦੇ ਗਿੱਲੇ ਕੇਸ ਸੁਕਾਉਣੇ ( ਸਿੰਘਾਂ ਦੀ ਬੋਲੀ )॥

**ਸਿਰ ਹਿਲਾਉਣਾ,** 'ਸਿਰ ਮਾਰਨਾ' ਵੇਖੋ ॥

**ਸਿਰ ਹੋਣਾ,** ਕ੍ਰਿਃ–ਮਗਰ ਲੱਗਣਾ, ਖਹਿੜੇ ਪੈਣਾ ਖਟ ਕਰਨਾ।

**ਸਿਰ ਕਰਨਾ,** ਕ੍ਰਿਃ–ਸਿਰ ਦੇ ਵਾਲ ਗੁੰਦਣੇ ॥

**ਸਿਰ ਕੋਬ,** ਪੁਃ–ਰਾਖਾ, ਸਰਕਸ਼ੀ ਕਰਨ ਵਾਲਾ ਜੋਰ, ਕਿਸੇ ਕੰਮ ਦਾ ਉਸਤਾਦ, ਤਕੜਾ, ਵੈਰੀ॥

**ਸਿਰ ਖਪਣਾ,** ਕ੍ਰਿਃ–ਕਿਸੇ ਦੀਆਂ ਗੱਲਾਂ ਸੁਣ ਕੇ, ਸਿਰ ਵਿੱਚ ਪੀੜ ਹੋਣ ਲਗ ਪੈਣੀ, ਕਿਸੇ ਦੀ ਬਕਵਾਦ ਕਰਕੇ ਬਿਆਕੁਲ ਹੋਣਾ, ਮਗਜ਼ ਖਪਣਾ ॥

Digitized by Panjab Digital Library | www.panjabdigilib.org

**ਸਿਰ ਖਪਾਉਣ,** ਕ੍ਰਿ:–ਬਹੁਤੀਆਂ ਗੱਲਾਂ ਕਰਕੇ ਸਿਰ ਵਿੱਚ ਪੀੜ ਕਰ ਲੈਣੀ । ਮਗਜ਼ ਮਾਰਨਾ ॥

**ਸਿਰ ਖਪਾਈ,** ਸ:–ਬਕਵਾਦ ਜਾਂ ਇੱਧਰ ਉੱਧਰ ਦੀਆਂ ਗੱਲਾਂ ਨਾਲ ਜੋ ਕਿਸ ਨੂੰ ਬਿਆਕਲ ਕੀਤਾ ਜਾਂ ਕਿਸੇ ਦਾ ਸਿਰ ਦੁਖਾਇਆ ਜਾਵੇ ॥

**ਸਿਰ ਖਾਣਾ,** ਕ੍ਰਿ:–ਡਾਢਾ ਰੌਲਾ ਪਾਉਣਾ, ਖਪਾਉਣਾ, ਖਿਝਾਉਣਾ, ਸਤਾਉਣਾ ॥

**ਸਿਰ ਖਾਲੀ ਹੋਣਾ,** ਕ੍ਰਿ:–ਬਹੁਤਾ ਬੋਲਣ ਜਾਂ ਪੜ੍ਹਣ ਲਿਖਣ ਨਾਲ ਸਿਰ ਕਮਜ਼ੋਰ ਹੋਣਾ

**ਸਿਰ ਖਾਲੀ ਕਰਨਾ,** ਕ੍ਰਿ:–ਬਹੁਤ ਬੋਲਣ ਆਦਿਕ ਕਰਕੇ ਕਿਸ ਦਾ ਸਿਰ ਦੁਖਾਉਣਾ–'ਸਿਰ ਖਾਣਾ' ਵੇਖੋ ॥

**ਸਿਰ ਖੁਦ,** ਵਿ:–ਜੋ ਕਿਸੇ ਦੇ ਅਧੀਨ ਨਹੀਂ ॥

**ਸਿਰ ਗਸਤ,** ਪੁ:–'ਸਰਗਸ਼ਤ' ਵੇਖੋ ॥

**ਸਿਰ ਗਰਦਾਈ,** ਪੁ:–ਆਪ ਹੁਦਰਾ ॥

**ਸਿਰ ਗੁੰਦਣਾ,** ਕ੍ਰਿ:–ਵਾਲਾਂ ਨੂੰ ਕੰਘਾ ਕਰ ਕੇ ਮੇਢੀਆਂ ਆਦਿਕ ਕਰਨੀਆਂ ॥

**ਸਿਰ ਘੁੱਮਣਾ**
**ਸਿਰ ਚੱਕਰ ਆਉਣਾ** } ਕ੍ਰਿ:–ਸਿਰ ਵਿਚ ਘੇਰ ਪੈਣੀ, ਸੁਰਤ ਮਾਰੀ ਜਾਣੀ, ਹੋਸ਼ ਟਿਕਾਣੇ ਨਾ ਰਹਿਣੀ ॥

**ਸਿਰ ਚੜ੍ਹਕੇ ਮਰਨਾ,** ਕ੍ਰਿ:–ਐਉਂ ਮਰਨਾ ਕਿ ਮਾਰਨ ਦਾ ਅਪਰਾਧ ਦੂਜੇ ਦੇ ਸਿਰ ਲੱਗੇ ॥

**ਸਿਰ ਚੜ੍ਹਨਾ,** ਕ੍ਰਿ:–ਲਾਡ ਨਾਲ ਵਿਗੜ ਜਾਣਾ, ਸ਼ੋਖੀ ਜਾਂ ਬੇਅਦਬੀ ਕਰਨਾ ॥

**ਸਿਰ ਚੜ੍ਹਾਉਣਾ,** ਕ੍ਰਿ:–ਲਾਡ ਕਰਕੇ (ਬਾਲ ਨੂੰ) ਵਿਗਾੜਨਾ, ਕਿਸੇ ਛੋਟੇ ਆਦਮੀ ਨੂੰ ਐਸਾ ਵਧਾਉਣਾ ਕਿ ਉਹ ਵੱਡਿਆਂ ਦੀ ਪਰਵਾਹ ਨਾ ਕਰੇ ।

**ਸਿਰ ਚਿੱਟਾ ਹੋਣਾ;** ਕ੍ਰਿ:–ਧੌਲੇ ਆ ਜਾਣੇ, ਬੁੱਢੇ ਹੋ ਜਾਣਾ ॥

**ਸਿਰ ਝੱਲਣਾ,** ਸਿਰ ਤੇ ਸਹਿਣਾ ਵੇਖੋ ॥

**ਸਿਰ ਡਲਵਾਈਆ,** ਵਿ:–ਸਿੱਧਾ, ਖੜਾ, ਢਾਲੂ ਜਿਸ ਦਾ ਸਿਰ ਹਿਠਾਂਹ ਹੈ ਜਾਂ ਅੱਗੇ ਝੁਕਿਆ ਹੋਇਆ ਹੈ । ਸਿਰ ਦੇ ਭਾਰ ॥

**ਸਿਰ ਤੇ,** ਕ੍ਰਿ: ਵਿ: ਨੇੜੇ, ਪਾਸ, ਕੋਲ, ਆਸਰੇ ਜ਼ੁੰਮੇ ॥

**ਸਿਰ ਤੇ ਸਹਣਾ,** ਕ੍ਰਿ:–ਧੀਰਜ ਕਰਕੇ ਦੁੱਖਾਂ ਨੂੰ ਝੱਲਣਾ ॥

**ਸਿਰ ਤੇ ਹੱਥ ਧਰਨਾ,** ਕ੍ਰਿ:–ਆਪਣੇ ਆਸਰੇ ਰਖਣਾ, ਸਹਾਰਾ ਦੇਣਾ, ਰੱਛਿਆ ਕਰਨੀ ॥

**ਸਿਰ ਤੇ ਹੱਥ ਫੇਰਨਾ,** ਕ੍ਰਿ:–ਪਿਆਰ ਦੇਣਾ, ਲਾਡ ਕਰਨਾ ॥

**ਸਿਰ ਤੇ ਚੁੱਕਣਾ (ਚੁੱਕਣਾ)** ਕ੍ਰਿ:–ਕਿਸੇ ਦੀ ਬੜੀ ਖਾਤਰ ਕਰਨੀ, ਆਗਤ ਭਾਗਤ ਕਰਨੀ ॥

**ਸਿਰ ਤੇ ਚੜ੍ਹਨਾ,** ਕ੍ਰਿ:–'ਸਿਰ ਚੜ੍ਹਨਾ' ਵੇਖੋ ॥

**ਸਿਰ ਤੇ ਪਿਆਰ ਦੇਣਾ,** ਕ੍ਰਿ:–ਸਿਰ ਤੇ ਹੱਥ ਫੇਰਨਾ, ਲਾਡ ਕਰਨਾ ॥

**ਸਿਰ ਤੇ ਪੈਣਾ (ਪੈਣੀ),** ਕ੍ਰਿ:–ਸਪੁਰਦ ਹੋਣਾ, ਜ਼ੁੰਮੇ ਹੋਣਾ, ਬਿਸਮਤ ਵਿਚ ਹੋਣਾ; ਭਾਣਾ ਵਰਤਣਾ ॥

Digitized by Panjab Digital Library / www.panjabdigilib.org

**ਸਿਰ ਤੇ ਰੱਖਣਾ,** ਕ੍ਰਿ:—ਆਦਰ ਕਰਨਾ।

**ਸਿਰ ਤੇ ਲੈਣਾ,** ਕ੍ਰਿ:—ਆਪਣੇ ਜ਼ੁੰਮੇ ਲੈਣਾ, ਦੂਜੇ ਵਾਸਤੇ ਆਪਣੀ ਜਿੰਦ ਤਲੀ ਤੇ ਧਰਨੀ॥

**ਸਿਰ ਦਵਾਲ,** ਪੁ: }
**ਸਿਰ ਦਵਾਲੀ,** ਸ: } ਲਗਾਮ ਦਾ ਉਹ ਹਿੱਸਾ ਜੋ ਸਿਰ ਦੇ ਦੁਆਲੇ ਹੁੰਦਾ ਹੈ॥

**ਸਿਰ ਦੇਣਾ,** ਕ੍ਰਿ:—ਸੀਸ ਅਰਪਣ ਕਰਨਾ, ਕਿਸੇ ਦੀ ਖ਼ਾਤਰ ਜਿੰਦ ਦੇਣੀ, ਕੁਰਬਾਨ ਜਾਂ ਸਦਕੇ ਹੋਣਾ॥

**ਸਿਰ ਧੋਣਾ,** ਕ੍ਰਿ:—ਸਿਰ ਦੇ ਵਾਲ ਧੋਣੇ (ਦਹੀਂ ਆਦਿਕ ਸਿਰ ਪਾਕੇ ਨੁਾਉਣਾ)।

**ਸਿਰ ਨ੍ਹਾਉਣੀ,** ਸ:—ਲਹੂ ਜੋ ਇਸਤ੍ਰੀਆਂ ਨੂੰ ਮਹੀਨੇ ਦੇ ਮਹੀਨੇ ਆਉਂਦਾ ਹੈ, ਕੱਪੜੇ ਆਉਣੇ।

**ਸਿਰ ਨਾ ਪੈਰ,** ਵਿ:—ਜਿਸ ਦਾ ਕੁਝ ਪਤਾ ਨਹੀਂ ਲਗਦਾ, ਨਿਰਮੂਲ, ਝੂਠ

**ਸਿਰ ਨਾਲ ਮਾਰਨਾ,** ਕ੍ਰਿ:—ਵਗਾਹ ਕੇ ਸਿੱਟਣਾ ਕੋਈ ਚੀਜ਼ ਗੁੱਸੇ ਹੋ ਕੇ ਦੇਣੀ॥

**ਸਿਰ ਨਿਵਾਉਣਾ,** }
**ਸਿਰ ਨੀਵਾਂ ਕਰਨਾ,** } ਕ੍ਰਿ:—ਮੱਥਾ ਟੇਕਣਾ, ਸ਼ਰਮ ਦੇ ਮਾਰੇ ਮੂੰਹ ਨੀਵਾਂ ਕਰ ਲੈਣਾ

**ਸਿਰ ਨੂੰ ਆਉਣਾ,** ਕ੍ਰਿ:—ਸਾਮ੍ਹਣਾ ਕਰਨਾ, ਉੱਤੇ ਆ ਪੈਣਾ, ਹੱਲਾ ਕਰਨਾ।

**ਸਿਰ ਪਟਕਣਾ,** ਕ੍ਰਿ:—ਬਹੁਤ ਜਤਨ ਕਰਨਾ, ਜਿੰਨੀ ਵਾਹ ਲੱਗੇ ਲਾਉਣੀ।

**ਸਿਰ ਪਰਨੇ,** ਕ੍ਰਿ: ਵਿ:—ਸਿਰ ਦੇ ਭਾਰ, ਸਿਰ ਹੇਠਾਂਹ ਕਰਕੇ॥



**ਸਿਰ ਪੈਣੀ,** ਕ੍ਰਿ:—'ਸਿਰ ਤੇ ਪੈਣੀ' ਵੇਖੋ

**ਸਿਰ ਪਿੱਟਣਾ,** ਕ੍ਰਿ:—ਸਿਰ ਨੂੰ ਦੁਹੱਥੜਾਂ ਮਾਰਨੀਆਂ, ਬਿਰਲਾਪ ਕਰਨਾ॥

**ਸਿਰ ਫੜਕੇ ਬਹਿ ਜਾਣਾ,** }
**ਸਿਰ ਫੜਕੇ ਬੈਠਣਾ,** } ਕ੍ਰਿ: ਬਹੁਤ ਤੰਗ ਹੋਣਾ॥

**ਸਿਰ ਫੜਨਾ,** ਕ੍ਰਿ:—ਧੀਰਜ ਦੇਣੀ, ਹੌਸਲਾ ਦੇਣਾ॥

**ਸਿਰ ਫਿਰਨਾ,** ਕ੍ਰਿ:—'ਸਿਰ ਘੁੰਮਣਾ' ਵੇਖੋ, ਪਾਗਲ ਹੋਣਾ॥

**ਸਿਰ ਫੇਰਨਾ,** ਕ੍ਰਿ:—ਨਾਂਹ ਕਰਨੀ॥

**ਸਿਰ ਬੇਚਣਾ,** ਕ੍ਰਿ:—ਅਜੇਹਾ ਕੰਮ ਕਰਨਾ ਜਿਸ ਤੇ ਪ੍ਰਾਣਾਂ ਦਾ ਖੌ ਹੋਵੇ। ਆਪਣੇ ਆਪ ਨੂੰ ਦੂਜੇ ਦੇ ਵਸ ਕਰਨਾ।

**ਸਿਰ ਭਾਰੀ ਹੋਣਾ,** ਕ੍ਰਿ:—ਸਿਰ ਪੀੜ ਹੋਣੀ ਜਾਂ ਚੱਕਰ ਆਉਣਾ॥

**ਸਿਰ ਭੌਂ ਜਾਣਾ,** ਕ੍ਰਿ:—ਪਾਗਲ ਹੋ ਜਾਣਾ॥

**ਸਿਰ ਭੌਂਣਾ,** ਕ੍ਰਿ:—'ਸਿਰ ਘੁੰਮਣਾ' ਵੇਖੋ। ਪਾਗਲ ਹੋਣਾ।

**ਸਿਰ ਮੱਥੇ,** ਕ੍ਰਿ: ਵਿ:—ਖੁਸ਼ੀ ਨਾਲ॥

**ਸਿਰ ਮੜ੍ਹਨਾ,** ਕ੍ਰਿ:—(ਕਿਸੇ ਦੇ) ਦੋਸ਼ ਦੇਣਾ, ਦੂਸ਼ ਲਾਉਣੀ।

**ਸਿਰ ਮਾਰਨਾ,** ਕ੍ਰਿ:—ਸੈਨਤ ਕਰਨੀ, ਸਿਰ ਖਪਾਉਣਾ। ਨਾਂਹ ਕਰਨੀ॥

**ਸਿਰ ਮੁੰਨਣਾ,** ਕ੍ਰਿ:—ਸਿਰ ਦੇ ਵਾਲ ਉਸਤਰੇ ਨਾਲ ਲਾਹੁਣੇ, ਨਿਰਾਦਰੀ ਕਰਨਾ, ਧੋਖਾ ਦੇਣਾ, ਮੁੱਛਣਾ॥

Digitized by Panjab Digital Library | www.panjabdigilib.org

**ਸਿਰ ਮੁਨਾਉਣਾ,** ਕ੍ਰਿ:—ਸਿਰ ਦੇ ਵਾਲ ਉਸਤਰੇ ਨਾਲ ਲਹਾਉਣੇ, ਸਾਧੂ ਹੋ ਜਾਣਾ, ਧੋਖਾ ਖਾਣਾ, ਨਿਰਾਦਰੀ ਕਰਾਉਣੀ ॥

**ਸਿਰ ਮੁਨਾਕੇ ਭਦ੍ਰਾਂ ਪੁੱਛਣੀਆਂ**
**ਸਿਰ ਮੁਨਾਕੇ ਮਹੂਰਤ ਪੁੱਛਣਾ** } ਕ੍ਰਿ:—ਕੰਮ ਕਰਕੇ ਪਿੱਛੋਂ ਸੋਚਣਾ ਕਿ ਇਹ ਕਰਨਾ ਸੀ ਜਾਂ ਨਹੀਂ ॥

**ਸਿਰ ਰੰਗਣਾ,** ਕ੍ਰਿ:—'ਸਿਰ ਲਾਲ ਕਰਨਾ' ਵੇਖੋ॥

**ਸਿਰ ਲੱਗਣਾ,** ਕ੍ਰਿ:—ਊਜ ਲੱਗਣੀ, ਕਲੰਕ ਲੱਗਣਾ। ਅਪਰਾਧੀ ਬਣਾਇਆ ਜਾਣਾ ॥

**ਸਿਰ ਲਾਲ ਕਰਨਾ,** ਕ੍ਰਿ:—ਪਿੱਟ ਪਿੱਟ ਕੇ ਸਿਰ ਭੰਨ ਲੈਣਾ, ਮਾਰ ਮਾਰ ਕੇ ਸਿਰ ਨੂੰ ਲਹੂ ਲੁਹਾਨ ਕਰਨਾ।

**ਸਿਰ ਵਾਰਨਾ,** ਕ੍ਰਿ:—ਆਪਣੇ ਕਿਸੇ ਪਿਆਰੇ ਦੇ ਸਿਰ ਤੋਂ ਕੁਝ ਵਾਰ ਕੇ ਦਾਨ ਕਰ ਦੇਣਾ ('ਵਾਰਨਾ' ਵੇਖੋ)
ਪੁ:—ਉਹ ਰਕਮ ਜੋ ਵਾਰੀ ਜਾਏ ॥

**ਸਿਰ ਵਿਚ ਸੁਆਹ ਪਾਉਣੀ,** ਕ੍ਰਿ:—'ਸਿਰ ਸੁਆਹ ਪਾਉਣੀ' ਵੇਖੋ ॥

**ਸਿਰ ਵੇਚਣਾ,** ਕ੍ਰਿ:—'ਸਿਰ ਦੇਣਾ' ਵੇਖੋ ॥

**ਸਿਰੇ ਚੜ੍ਹਨਾ,** ਕ੍ਰਿ:—(ਕੋਈ ਕੰਮ) ਪੂਰਾ ਹੋਣਾ ॥

**ਸਿਰੇ ਚਾੜ੍ਹਨਾ,** ਕ੍ਰਿ:—ਪੂਰਾ ਕਰਨਾ, ਨਿਬਾਹੁਣਾ ॥

**ਸਿਰੋਂ ਹੋਣਾ,**
**ਸਿਰੋਂ ਨੰਗੀ ਹੋਣਾ,** } ਕ੍ਰਿ: ਖੌਂਦ ਮਰ ਜਾਣਾ, ਰੰਡੀ ਜਾਂ ਵਿਧਵਾ ਹੋਣਾ ॥

**ਸਿਰਸਾਹੀ**
**ਸਿਰਸਾਹੀ** } ਸ:—ਛਟਾਂਕ ਦਾ ਅੱਠਵਾਂ ਹਿੱਸਾ ਜ਼ਮੀਨ ਦਾ ਇਕ ਮਾਪ, ਮਰਲੇ ਦਾ ਨੌਂਵਾ ਹਿੱਸਾ ॥

**ਸਿਰਸਾਮ,** ਪੁ:—'ਸਰਸਾਮ' ਵੇਖੋ ।

**ਸਿਰਕਾ,** ਇਕ ਤਰਾਂ ਦਾ ਖੱਟਾ ਅਰਕ ਜੋ ਫਲਾਂ ਦੇ ਰਸ ਦੇ ਤਰੱਕਣ ਨਾਲ ਬਣਦਾ ਹੈ॥

**ਸਿਰਕੀ,** ਸ:—ਕਾਨਾ, ਸਰਕੜਾ, ਮੀਂਹ ਤੋਂ ਬਚਣ ਵਾਸਤੇ ਇਕ ਤਰਾਂ ਦੀ ਕਾਨਿਆਂ ਜਾਂ ਮੁੰਜ ਦੀਆਂ ਤੀਲੀਆਂ ਦੀ ਬਣੀ ਹੋਈ ਛੁਹਣੀ। ਮੁੰਜ ਦੇ ਘਾਹ ਦਾ ਛੱਪਰ। ਬੂਹੇ ਜਾਂ ਬਾਰੀ ਅੱਗੇ ਲਟਕਾਉਣ ਵਾਲੀ ਚਿਕ ॥

**ਸਿਰਕੀ ਬੰਨ੍ਹ,** ਪੁ:—ਸਿਰਕੀ ਬੰਨ੍ਹਣ ਵਾਲਾ ॥

**ਸਿਰਕੀ ਬਾਸ,** ਪੁ:—ਸਿਰਕੀ ਦੀਆਂ ਛੰਨਾਂ ਵਿਚ ਰਹਿਣ ਵਾਲੇ ਨਟ ਲੋਕ ।

**ਸਿਰਗਾ,** ਪੁ:—ਇੱਕ ਤਰਾਂ ਦੀ ਫੁਲਕਾਰੀ, ਇਕ ਰੰਗ (ਘੋੜਿਆਂ ਦਾ)।

**ਸਿਰਜਣ ਹਾਰ,** ਪੁ:—ਸੰਸਾਰ ਨੂੰ ਪੈਦਾ ਕਰਨ ਵਾਲਾ, ਕਰਤਾਰ ॥

**ਸਿਰਜਣਾ,** ਕ੍ਰਿ:—ਬਣਾਉਣਾ, ਪੈਦਾ ਕਰਨਾ, ਉਤਪਤ ਕਰਨਾ, ਰਚਣਾ ॥

**ਸਿਰਨਾ,** ਪੁ:—ਸਰ੍ਹੋਂ ਜਾਂ ਸਾਨ੍ਹ ਦੀ ਕੁਲਾਈ ਹੋਈ ਖੱਲ ਜਿਸ ਪੁਰ ਚੜ੍ਹਕੇ ਨਦੀ ਪਾਰ ਜਾਂਦੇ ਹਨ ।

**ਸਿਰਬਾਲਾ,** ਪੁ:—'ਸਰਬਾਲ੍ਹਾ' ਵੇਖੋ ॥

**ਸਿਰਮਟ,** ਪੁ:—ਵਿਲਾਇਤੀ ਚੂਨਾ ॥

**ਸਿਰੜ,** ਪੁ:—ਪਾਗਲ ਪੁਣਾ, ਹਠ ॥

**ਸਿਰੜਣ,** ਸ:—ਸਿਰੜ ਕਰਨ ਵਾਲੀ, ਸੁਦਾਇਣ ॥

**ਸਿਰੜਾ**
**ਸਿਰੜੀ** } ਪੁ:—ਸੁਦਾਈ, ਹਠੀ, ਢੀਠ ਮਨੁੱਖ ॥

Digitized by Panjab Digital Library / www.panjabdigilib.org

**ਸਿਰਾ,** ਪੁ:—ਨੋਕ, ਚੋਟੀ, ਛੇਕੜਲਾ ਹਿੱਸਾ, ਮੁੱਢ, ਮੰਜੀ ਦਾ ਸਿਰ ਵਾਲਾ ਪਾਸਾ, ਵੱਸੀ, ਪਲਾ ਕੈਨੀ ॥

**ਸਿਰਾਂਦੂ, ਸਿਰਾਵਾਂ,** ਪੁ:—ਮੰਜੇ ਦੇ ਸਿਰ ਜਾਂ ਪੈਰ ਵਾਲੇ ਪਾਸੇ ਦਾ ਡੰਡਾ।

**ਸਿਰਿਸ,** ਪੁ:—'ਸਿਰੀਂਹ' ਵੇਖੋ।

**ਸਿਰਿਸ਼ਟ,** ਸ:—ਰਚਨਾ, ਕੁਦਰਤ, ਜੋ ਕੁਝ ਪੈਦਾ ਹੋਇਆ ਹੈ, ਜਗਤ ॥

**ਸਿਰੀ,** ਸ:—ਛੋਟਾ ਸਿਰ, ਖਾਣ ਵਾਸਤੇ ਜੋ ਕਿਸੇ ਜਨੌਰ ਦੀ ਮੁੰਡੀ ਵੱਢੀ ਜਾਵੇ। ਮਨੁੱਖਾਂ ਪੁਸਤਕਾਂ ਤੀਰਥਾਂ, ਦੇਉਤਿਆਂ, ਚਿਠੀਆਂ ਆਦਿਕਾਂ ਦੇ ਨਾਵਾਂ ਅੱਗੇ ਆਦਰ ਵਾਸਤੇ ਲਗਣ ਵਾਲਾ ਪਦ (ਜਿਹਾ ਕਿ ਸਿਰੀ ਗੁਰੂ ਨਾਨਕ ਸਾਹਿਬ, ਸਿਰੀ ਗੁਰੂ ਗ੍ਰੰਥ ਸਾਹਿਬ, ਸਿਰੀ ਅੰਮ੍ਰਿਤਸਰਜੀ) ਲੱਛਮੀ, ਸੁੰਦਰਤਾਈ, ਬਖ਼ਤਾਵਰੀ ॥

**ਸਿਰੀ ਸਾਹਿਬ,** ਸ:—ਤਲਵਾਰ (ਸਿੱਖਾਂ ਦੀ ਬੋਲੀ)॥

**ਸਿਰੀ ਸਾਫ਼,** ਪੁ:—ਇੱਕ ਤਰਾਂ ਦਾ ਰੇਸ਼ਮੀ ਕੱਪੜਾ ॥

**ਸਿਰੀ ਧਰ,** ਪੁ:—ਕ੍ਰਿਸ਼ਨ ਭਗਵਾਨ, ਪਰਮੇਸ਼ਰ, ਨਾਰਾਇਣ ॥

**ਸਿਰੀ ਮਾਨ,** ਪੁ:—ਮਹਾਰਾਜ (ਆਦਰ ਦਾ ਬਚਨ)॥

**ਸਿਰੀ ਰਾਗ,** ਪੁ:—ਇਕ ਰਾਗ ਦਾ ਨਾਉਂ ਜੋ ਸਿਆਲੇ ਦੀ ਰੁੱਤ ਵਿਚ ਲੌਹਡੇ ਵੇਲੇ ਗਾਉਣਾ ਚਾਹੀਦਾ ਹੈ।

**ਸ਼ਿਰੀਣੀ,** ਸ:—ਮਠਿਆਈ, ਪੀਰਾਂ ਫਕੀਰਾਂ ਨੂੰ ਚੜ੍ਹਾਕੇ ਜੋ ਮਠਿਆਈ ਲੋਕਾਂ ਨੂੰ ਵੰਡੀ ਜਾਂਦੀ ਹੈ। ਪਰਸ਼ਾਦ।

**ਸਿਰੋਦ,** ਪੁ:—'ਸਰੋਦ' ਵੇਖੋ।

**ਸਿਰੋਪਾ,** ਪੁ:—'ਸਰੋ ਪਾ' ਵੇਖੋ।

**ਸਿਲ,** ਸ:—ਪੱਥਰ ਦੀ ਇਕ ਫੱਟੀ ਜਿਸ ਉਤੇ ਮਸਾਲਾ ਚੀਣੀ ਆਦਕ ਪੀਂਹਦੇ ਹਨ ਜਾ ਰਗੜ ਲਾਉਂਦੇ ਹਨ ॥

**ਸਿਲ ਵੱਟਾ,** ਪੁ:—ਸਿਲ ਜਿਸ ਪੁਰ ਮਸਾਲਾ ਆਦਿਕ ਪੀਂਹਦੇ ਹਨ ਅਤੇ ਵੱਟਾ ਜਿਸ ਨਾਲ ਪੀਂਹਦੇ ਹਨ। ਜੋ ਆਦਮੀ ਕੁਝ ਬਲ ਨਾ ਸੱਕੇ, ਡੈਨ, ਬੁੱਤ ॥

**ਸਿਲ,** ਸ:—ਇਕ ਰੋਗ (ਛਾਤੀ ਦਾ), ਖੰਘ, ਤਾਪ, ਖਈ ਰੋਗ, ਤਪ ਦਿੱਕ ॥

**ਸਿੱਲ੍ਹ,** ਸ:—ਨਮ, ਤਰੀ, ਸਲ੍ਹਾਬ ॥

**ਸਿੱਲ੍ਹ ਚੜ੍ਹਨੀ,** ਕ੍ਰਿ:-ਨਮਵਾਲਾ ਜਾਂ ਸਿੱਲ੍ਹਾ ਹੋਜਾਣਾ॥

**ਸਿੱਲ੍ਹਾ,** ਵਿ:—'ਸਿਲ੍ਹ' ਵਾਲਾ, ਜਿਸ ਵਿਚ ਨਮ ਹੋਵੇ।

**ਸਿਲ੍ਹਾਬ,** ਸ:-'ਸਿਲ੍ਹ' ਵੇਖੋ।

**ਸਿਲ੍ਹਾਬੀ,** ਵਿ:—'ਸਿੱਲ੍ਹਾ', ਨਮ ਵਾਲਾ॥

**ਸਿੱਲਣਾ,** ਕ੍ਰਿ:—ਜੋ ਚੀਜ਼ ਰਾਤ ਨੂੰ ਚੁਰਾਉਣ ਦੀ ਮਰਜ਼ੀ ਹੋਵੇ ਦਿਨੇ ਉਸਨੂੰ ਤਾੜਨਾ ॥

**ਸਿਲਵਾਉਣਾ,** ਕ੍ਰਿ:—ਸੁਆਉਣਾ, ਸੀਉਣ ਦਾ ਕੰਮ ਦੂਜੇ ਕੋਲੋਂ ਕਰਾਉਣਾ।

**ਸਿਲਵਾਈ,** ਸ:—ਕੱਪੜੇ ਆਦਿਕ ਸੁਆਉਣ ਦੀ ਮਜੂਰੀ।

**ਸਿਲਾ,** ਸ:—'ਸਿਲ' ਵੇਖੋ, ਵਾਢੀ ਦੇ ਮਗਰੋਂ ਖੇਤ ਵਿਚ ਡਿੱਗੇ ਪਏ ਦਾਣੇ ॥

**ਸਿਲਾ ਚੁਗਣਾ,** ਕ੍ਰਿ:—ਖੇਤ ਵਿੱਚੋਂ ਡਿਗੇ ਪਏ ਦਾਣੇ ਚੁਗਣਾ।

**ਸਿਲਾਉਣਾ,** ਕ੍ਰਿ:—ਸੁਆਉਣਾ, ਸੀਉਣ ਦਾ ਕੰਮ ਕਰਾਉਣਾ।

Digitized by Panjab Digital Library | www.panjabdigilib.org

**ਸਲਾਈ,** ਸਃ—ਸੁਆਈ, ਸੀਉਣ ਦਾ ਕੰਮ ਜਾਂ ਮਜ਼ੂਰੀ॥

**ਸਲਾਜੀਤ,** ਸਃ-ਇੱਕ ਰਾਲ ਵਰਗੀ ਖੁਸ਼ਬੂਦਾਰ ਚੀਜ਼ ਜੋ ਦੁਆਵਾਂ ਵਿੱਚ ਵਰਤੀ ਜਾਂਦੀ ਹੈ। ਮੁਮਿਆਈ॥

**ਸਿਲੇਹਾਰ,** ਪੁਃ ਸਿਲਾ ਚੁਗਣ ਵਾਲਾ ("ਸਿਲਾ" ਵੇਖੋ)॥

**ਸ਼ਿਵ,** ਪੁਃ 'ਸ਼ਿਬ' ਵੇਖੋ॥

**ਸਿਵਲ ਸਰਜਨ,** ਪੁਃ-ਜ਼ਿਲੇ ਦਾ ਸਭ ਤੋਂ ਵੱਡਾ ਡਾਕਟਰ॥

**ਸਿਵਾ,** ਅਵਃ-ਬਾਝੋਂ, ਛੁੱਟ, ਬਿਨਾ।
ਵਿਃ-ਹੋਰ, ਸਵਾਇਆ, ਫਾਲਤੂ

**ਸਿਵਾ,** ਪੁਃ ਮਸਾਣ, ਸੜਦਾ ਮੁਰਦਾ, ਮੁਰਦੇ ਸਾੜਨ ਦੀ ਥਾਂ॥

**ਸਿਵਾਉਣਾ,** ਕ੍ਰਿਃ-ਸੀਉਣ ਦਾ ਕੰਮ ਕਰਾਉਣਾ॥

**ਸਿਵਾਲਾ,** ਪੁਃ-ਸ਼ਿਵਜੀ ਦਾ ਮੰਦਿਰ॥

**ਸਿੜ੍ਹੀ,** ਸਃ-ਇੱਕ ਤਰਾਂ ਦੀ ਪੌੜੀ ਜਿਸ ਉੱਤੇ ਹਿੰਦੂ ਮੁਰਦੇ ਨੂੰ ਪਾ ਕੇ ਸਾੜਨ ਲਈ ਲੈ ਜਾਂਦੇ ਹਨ॥

**ਸੀ,** ਕ੍ਰਿਃ ਹੋਣਾ (ਹਾਂ) ਧਾਤੂ ਦਾ ਭੂਤ ਕਾਲ॥
ਸਾ, ਆਹਾ, ਸੋਗਾ, ਸੋਗੇ, ਆਹੇ।
ਪੁਃ-ਠੰਢ (ਸੀ ਲਗਦਾ ਹੈ)

**ਸੀ ਕਰਨੀ,** ਕ੍ਰਿਃ-'ਸੀ ਸੀ' ਕਰਕੇ ਜਾਂ ਹਾਹੁਕਾ ਭਰਕੇ ਗਮ, ਅਫਸੋਸ ਜਾਂ ਪੀੜ ਦੱਸਣੀ॥

**ਸੀਂ,** ਸਃ-ਹੱਦ, ਬੰਨਾ, ਵਾਹੀ।

**ਸੀਂ ਸੀਂ ਕਰਨਾ,** ਕ੍ਰਿਃ-ਪਾਲੇ ਨਾਲ ਠੁਰ ਠੁਰ ਕਰਨਾ, ਕੰਬਣਾ, ਕੰਮਣੀ ਨਾਲ ਤਾਪ ਚੜ੍ਹ ਜਾਣਾ॥

**ਸੀਉਣ,** ਸਃ-ਸੁਆਈ ਦਾ ਜੋੜ, ਸੀਤੇ ਹੋਏ ਕੱਪੜੇ ਦੀ ਉਹ ਥਾਂ ਜਿੱਥੇ ਤੋਪੇ ਲੱਗੇ ਹੋਏ ਹੁੰਦੇ ਹਨ॥

**ਸੀਉਣਾ,** ਕ੍ਰਿਃ-ਸੂਈ ਧਾਗੇ ਨਾਲ ਕੱਪੜੇ ਆਦਿਕ ਨੂੰ ਜੋੜਨਾ।
ਸੂਈ ਧਾਗੇ ਨਾਲ ਕੰਮ ਕਰਨਾ॥

**ਸੀਉਲ,** ਸਃ-ਇੱਕ ਬੂਟਾ ਜਿਸ ਦੇ ਬੀ ਖਸਖਸ ਦੇ ਦਾਣਿਆਂ ਵਰਗੇ ਹੁੰਦੇ ਹਨ ਅਤੇ ਜਿਨ੍ਹਾਂ ਨੂੰ ਭੁੰਨ ਕੇ ਮਰੂੰਡੇ ਆਦਿਕ ਬਣਾਉਂਦੇ ਹਨ ਜਾਂ ਦੁੱਧ ਵਿੱਚ ਖੀਰ ਬਣਾਕੇ ਖਾਂਦੇ ਹਨ (ਇਕਾਦਸ਼ੀ ਦੇ ਵਰਤ ਨੂੰ ਇਹ ਬਹੁਤ ਵਰਤੀ ਜਾਂਦੀ ਹੈ।) ਸਾਂਲ।

**ਸ਼ੀਆ,** ਪੁਃ-ਮੁਸਲਮਾਨਾਂ ਦਾ ਇੱਕ ਪੰਥ ਜੋ ਅਲੀ ਨੂੰ ਮੰਨਦਾ ਹੈ ਅਤੇ ਪਹਿਲਿਆਂ ਤਿੰਨਾਂ ਖ਼ਲੀਫ਼ਿਆਂ ਅਰਥਾਤ ਅਬੂ ਬਕਰ, ਉਮਰ ਅਤੇ ਉਸਮਾਨ ਨੂੰ ਨਹੀਂ ਮੰਨਦਾ॥

**ਸੀਸ,** ਪੁਃ-ਸਿਰ॥

**ਸ਼ੀਸ਼ਮ,** ਪੁਃ 'ਟਾਹਲੀ' ਵੇਖੋ॥

**ਸ਼ੀਸ਼ ਮਹਿਲ,** ਪੁਃ-ਵੱਡੀ ਸੋਹਣੀ ਹਵੇਲੀ, ਜਿਸ ਹਵੇਲੀ ਵਿੱਚ ਸ਼ੀਸ਼ੇ ਲੱਗੇ ਹੋਏ ਹੋਣ॥

**ਸੀਸਾ,** ਪੁਃ-ਸੀਸ, ਸਿਰ। ਇੱਕ ਰੇਤ ਅਤੇ ਖਾਰ ਦੀ ਮਿਲ ਕੇ ਬਣੀ ਹੋਈ ਲਿਸ਼ਕਾਰ, ਸਫਾਫ ਅਤੇ ਛੇਤੀ ਭੱਜਣ ਵਾਲੀ ਚੀਜ਼, ਕੱਚ। ਐਨਕ, ਮੂੰਹ ਵੇਖਣ ਵਾਲਾ ਦਰਪਣ। ਅਰਕ ਆਦਿਕ ਪਾਉਣ ਵਾਲਾ ਕੱਚ ਦਾ ਭਾਂਡਾ। ਅਲਮਾਰੀਆਂ, ਬੂਹਿਆਂ, ਬਾਰੀਆਂ ਆਦਿਕਾਂ ਦੇ ਤਾਕਾਂ ਵਿੱਚ ਲੱਗੇ ਹੋਏ ਕੱਚ ਦੇ ਦਿਲੇ। ਬੋਤਲ, ਸ਼ਿੱਕਾ॥

**ਸ਼ੀਸ਼ਾ ਲੂਣ,** ਪੁਃ-ਇੱਕ ਤਰਾਂ ਦਾ ਸ਼ੀਸ਼ੇ ਵਰਗਾ ਸਫਾਫ ਲੂਣ।

**ਸੀਸੀ,** ਸਃ-ਛੋਟਾ ਸੀਸਾ, ਨਿੱਕੀ ਬੋਤਲ॥

Digitized by Panjab Digital Library | www.panjabdigilib.org

**ਸੀਂਹ,** ਪੁ:–ਸਿੰਹ, ਸਿੰਘ, ਸ਼ੇਰ।

**ਸੀਹਣੀ,** ਸ:–ਸ਼ੇਰਨੀ।

**ਸੀਹਨ,** ਪੁ:–ਸੀਂਹ ਸ਼ੇਰ।

**ਸੀਹੜਾ,** ਵਿ:–ਹਠੀ, ਜ਼ਿੱਦੀ, ਆਪਹੁਦਰਾ, ਕਰੜਾ॥

**ਸੀਹਾਂ,** ਵਿ:–ਸ਼ੇਰ ਵਰਗਾ, ਪੀਲਾ, ਕਲਰ ਰੰਗਾ, ਕੁੱਞਾ।

**ਸੀਕ,** ਸ: ਦੀਵਾ ਸੀਖਣ ਵਾਲੀ ਤੀਲੀ, ਉਕਸਾਊਂਦਾ॥

**ਸੀਕਣਾ,** ਕ੍ਰਿ:–ਬਲਦੇ ਦੀਵੇ ਦੀ ਵੱਟੀ ਨੂੰ ਠੀਕ ਕਰਨਾ, ਉਕਸਾਉਣਾ, ਉਜਾਲਾ ਦੇਣਾ॥

**ਸੀਖ,** ਸ:–ਲੋਹੇ ਆਦਿਕ ਦੀ ਪਤਲੀ ਲੰਬ ਜਾਂ ਤੀਲੀ, ਤੀਲੀ, ਉਕਸਾਊਂਦ।

**ਸੀਖਣਾ,** ਕ੍ਰਿ:–'ਸੀਕਣਾ' ਵੇਖੋ।

**ਸੀਗ**, **ਸੀਗਾ** } ਸ:–ਸੰਗਤ, ਸੰਗ ਕਰਨਾ, ਨਾਲ ਰਹਿਣਾ ਸਾਥ, ਉਕਸਾਉਂਦ।

**ਸੀਗਾ**, **ਸੀਗੀ**, **ਸੀਗੇ** } ਕ੍ਰਿ:–"ਹੋਣਾ (ਹਾਂ)" ਧਾਤੂ ਦਾ ਭੂਤ ਕਾਲ, ਸਾ, ਸੀ, ਸੇ; ਸਨ॥

**ਸੀਘਰ,** ਕ੍ਰਿ: ਵਿ:–ਛੇਤੀ, ਝਬਦੇ॥

**ਸੀਟੀ,** ਸ:–ਚੀਕ ਦੀ ਅਵਾਜ਼ ਜੋ ਬੁਲ੍ਹਾਂ ਵਿੱਚੋਂ ਕੱਢੀ ਜਾਂਦੀ ਹੈ। ਰੇਲ ਦੇ ਇੰਜਨ ਜਾਂ ਕਿਸੇ ਹੋਰ ਤਰ੍ਹਾਂ ਦੇ ਥੰਬੇ ਵਿੱਚੋਂ ਜੋ ਚੀਕ ਨਿਕਲਦੀ ਹੈ। ਇਕ ਖਡਾਉਣਾ ਜਿਸ ਨੂੰ ਮੂੰਹ ਨਾਲ ਵਜਾਉਣ ਨਾਲ ਚੀਕ ਨਿਕਲਦੀ ਹੈ। ਇਕ ਤਰਾਂ ਦੀ ਚੈਂਝਲੀ॥

**ਸੀਟੀ ਬਜਾਉਣੀ,** ਕ੍ਰਿ: ਸੀਟੀ ਨਾਲ ਚੀਕ ਦੀ ਅਵਾਜ਼ ਕੱਢਣੀ॥

**ਸੀਟੀ ਬਾਜ਼,** ਪੁ:–ਸੀਟੀ ਬਜਾਉਣ ਵਾਲਾ॥

**ਸੀਟੀ ਮਜਿਸਟ੍ਰੇਟ,** ਪੁ:–ਸ਼ਹਿਰ ਦਾ ਵੱਡਾ ਮਜਿਸ-ਟ੍ਰੇਟ॥

**ਸੀਟੀ ਮਾਰਨੀ,** ਕ੍ਰਿ:–ਸੀਟੀ ਬਜਾਉਣੀ।

**ਸੀਟੀ ਵਜਣੀ,** ਕ੍ਰਿ:–ਸੀਟੀ ਵਿਚੋਂ ਚੀਕ ਦੀ ਅਵਾਜ਼ ਨਿਕਲਣੀ।

**ਸੀਟੀ ਵਜਾਉਣੀ,** ਕ੍ਰਿ:–ਸੀਟੀ ਬਜਾਉਣੀ॥

**ਸੀਠਾ,** ਵਿ:–ਫਿੱਕਾ, ਬੇਸੁਆਦ, ਨਕਾਰਾ, ਫਿੱਕਾ, ਰੰਗਾ।

**ਸੀਂਢ,** ਪੁ:–ਨੱਕ ਦੀ ਮੈਲ ਜੋ ਸੁਣਕਣ ਨਾਲ ਬਾਹਰ ਆ ਜਾਂਦੀ ਹੈ।

(ਹੁਸਨਾਕ ਬਾਹਮਣੀ ਸੀਂਢ ਦਾ ਤੜਕਾ)

**ਸੀਂਢਲ,** ਪੁ:– ਸੀਂਢ ਵਾਲਾ, ਜਿਸ ਦਾ ਨੱਕ ਵਗਦਾ ਰਹਿੰਦਾ ਹੈ।

**ਸੀਤ,** ਪੁ:—ਠੰਢ, ਸਰਦੀ, ਸੀ॥
ਵਿ:—ਠੰਢਾ, ਸਰਦ॥

**ਸੀਤ ਕਾਲ,** ਪੁ:—ਸਰਦੀ ਦੀ ਰੁੱਤ, ਸਿਆਲਾ॥

**ਸੀਤ ਪਰਸਾਦ,** ਪੁ:—ਗੁਰੂ ਦਾ ਜੂਠਾ ਭੋਜਨ॥

**ਸੀਤਲ,** ਵਿ:—ਠੰਢਾ, ਇਕ ਤਰਾਂ ਦਾ ਖੁਸ਼ਬੂਦਾਰ ਬੂਟਾ, ਚਣ ਜੋੜਾ॥

**ਸੀਤਲ ਪੱਟੀ,** ਸ:—ਚਟਾਈਆਂ, ਜੋ ਕੁਰਸੀਆਂ ਆਦਿਕਾਂ ਦੀ ਸੰਢਲੀ ਬੁਣਤ। ਇੱਕ ਤਰਾਂ ਦੀ ਮਹੀਨ ਬੁਣੰਤ ਦੀ ਠੰਢੀ ਚਟਾਈ॥

**ਸੀਤਲਾ,** ਸ:—ਮਾਤਾ, ਚੇਚਕ, ਇੱਕ ਦੇਵੀ (ਕਈ ਹਿੰਦੂ ਮੰਨਦੇ ਹਨ ਕਿ ਇਹ ਦੇਵੀ ਹੀ ਮਨੁੱਖ ਦੇ ਪਿੰਡੇ ਉੱਤੇ ਮਾਤਾ ਦੇ ਦਾਣੇ ਕੱਢਦੀ ਹੈ)॥

**ਸੀਤਾ,** ਸ:—ਸਿਰੀ ਰਾਮ ਚੰਦਰ ਜੀ ਦੀ ਇਸਤ੍ਰੀ॥

**ਸੀਤਾ ਫਲ,** ਪੁ:—ਇੱਕ ਤਰਾਂ ਦਾ ਫਲ ਜੋ ਸੇਉ ਵਾਂਗਰ ਹੁੰਦਾ ਹੈ, ਸ਼ਰੀਫ਼ਾ॥

Digitized by Panjab Digital Library | www.panjabdigilib.org

**ਸੀਂਦ**
**ਸੀਂਦੜ**
**ਸੀਂਦੜਾਂ**
**ਸੀਂਦੜੀ**
**ਸੀਂਦੜੀਂ**
**ਸੀਂਦ ਮੀਂਦ**
**ਸੀਂਦੀ**
**ਸੀਂਦੀ ਮੀਂਦੀ** } ਕ੍ਰਿ: ਵਿ: ਐਵੇਂ ਹੀ, ਮੁੱਲ ਬਾਝੋਂ ਕੁਝ ਦਿੱਤੇ ਬਿਨਾ ਹੀ ਮੁਫ਼ਤ।

**ਸੀਂਧਾ,** ਪੁ:– ਇੱਕ ਤਰਾਂ ਦਾ ਲੂਣ ਜੋ ਸਿੰਧ ਦੇਸ ਵੱਲੋਂ ਆਉਂਦਾ ਹੈ, ਸੇਂਧਾ।

**ਸੀਨ,** ਪੁ: –ਜੋ ਕੁਝ ਦਿੱਸੇ, ਨਜ਼ਾਰਾ, ਨਾਟਕ ਦੇ ਖੇਲ ਦਾ ਕੋਈ ਹਿੱਸਾ॥

**ਸੀਨਾ,** ਪੁ:—ਛਾਤੀ, ਹਿੱਕ॥
ਕ੍ਰਿ:—ਸੀਉਣਾ॥

**ਸੀਨੇ ਬੰਦ,** ਪੁ:—ਅੰਗੀ, ਚੋਲੀ, ਚੋਗੇ ਦੀਆਂ ਸਾਹਮਣੀਆਂ ਤਣੀਆਂ॥

**ਸੀਂਨਾਂ,** ਪੁ:—'ਸੀਨਾ' ਵੇਖੋ॥

**ਸੀਨੀਅਰ,** ਵਿ:—ਉੱਚੇ ਦਰਜੇ ਦਾ, ਵੱਡਾ॥

**ਸੀਮਾ,** ਸ:—ਸੀਂ, ਹੱਦ, ਬੰਨਾ।

**ਸੀ ਮੁਰਗ,** ਪੁ:—ਇੱਕ ਖਿਆਲੀ ਪੰਖੇਰੂ ਜਿਸ ਦਾ ਅਕਸਰ ਕਹਾਣੀਆਂ ਵਿਚ ਜ਼ਿਕਰ ਆਉਂਦਾ ਹੈ॥

**ਸੀਰ,** ਪੁ:—ਭੂੰਤ, ਜ਼ਮੀਨ, ਜੋ ਭੁਇੰ ਆਪ ਵਾਹੀ ਕਰਨ ਲਈ ਕੋਈ ਰਖਦਾ ਹੈ। ਦੁੱਧ, ਸਾਂਝ, ਹਿੱਸਾ॥

**ਸੀਰਣੀ,** ਸ:—'ਸ਼ਿਰੀਣੀ' ਵੇਖੋ। ਦੇਸਨ ਦੀਆਂ ਮਿੱਠੀਆਂ ਸੇਵੀਆਂ॥

**ਸੀਰਾ,** ਪੁ:—ਸ਼ਰਬਤ, ਫਲਾਂ ਦਾ ਰਸ, ਉਹ ਕੜਾਹ ਜਿਸ ਵਿੱਚ ਘਿਉ ਨਾ ਹੋਵੇ ਜਾਂ ਥੋੜਾ ਹੋਵੇ॥ ਖੰਡ ਦੀ ਮੈਲ ਜੋ ਤਮਾਕੂ ਆਦਿਕਾਂ ਵਿੱਚ ਪੈਂਦੀ ਹੈ।

**ਸੀਰੀ,** ਸ:—ਮਿਠਾਸ, ਮਿੱਠਤ।

**ਸੀਲ,** ਸ:—ਆਦਤ, ਸੁਭਾਉ, ਸਖਾਉਤ, ਦਾਤਾਰੀ॥

**ਸੀਰਦੀ,** ਸ:–ਠੰਢ, ਲੱਜਿਆ, ਹਯਾਉ, ਇੱਕ ਤਰਾਂ ਦਾ ਅੰਨ, ਸੀਉਲ (ਵੇਖੋ)।

**ਸੀਲ ਸੁਭਾ**
**ਸੀਲ ਸੁਭਾਉ** } ਵਿ: –ਜਿਸ ਦਾ ਸੁਭਾਉ ਨਰਮ ਹੈ, ਲੋਕਾਂ ਨਾਲ ਖਿੜੇ ਮੱਥੇ ਮਿਲਣ ਵਾਲਾ, ਠੰਢਾ, ਸੀਲਾ, ਜਿਸ ਵਿਚ ਕ੍ਰੋਧ ਨਹੀਂ॥

**ਸੀਲ ਵੰਤ,** ਵਿ:—ਚੰਗੇ ਸੁਭਾਉ ਵਾਲਾ, ਦੁਨਿਆਂ ਨਾਲ ਚੰਗਾ ਸਲੂਕ ਕਰਨ ਵਾਲਾ, ਮਿਲਾਪੜਾ।

**ਸੀਲ ਵੰਤੀ,** ਵਿ:—ਚੰਗੇ ਸੁਭਾਉ ਵਾਲੀ, ਮਿਲਾਪੜੀ।

**ਸੀਲ ਵਾਣ,** ਵਿ:—'ਸੀਲ ਵੰਤ' ਵੇਖੋ॥

**ਸੀਲਾ,** ਪੁ:—ਠੰਢਾ, ਸਿਲ੍ਹਾ, ਨਮ, ਤਰੀ॥

**ਸੀਂਵ**
**ਸੀਵਾਂ** } ਸ: –ਹੱਦ, ਬੰਨਾ ਵੀ॥

**ਸੀਵੇਂ,** ਕ੍ਰਿ:—ਵਿ:—ਨੇੜੇ।

**ਸੀਤ੍ਰ ਵੱਟਣੀ,** ਕ੍ਰਿ:—ਚੁੱਪ ਕਰ ਰਹਿਣਾ।
ਜਾੜ ਵੱਟਣੀ, ਦੰਦ ਮੀਟੇ ਜਾਣੇ॥

**ਸੀੜ੍ਹੀ,** ਸ:—ਪੌੜੀ॥

**ਸੁਅਰ,** ਸ:—ਸੁਰ, ਰਾਗ ਦੀ ਅਵਾਜ਼॥

**ਸੁਅਰਣ,** ਪੁ:—'ਸੁਵਰਨ' ਵੇਖੋ।

Digitized by Panjab Digital Library | www.panjabdigilib.org

**ਸੁਆਉਣਾ,** ਕ੍ਰਿ:—ਕਿਸੇ ਪਸੂ ਜਾਂ ਜਨੌਰ ਨੂੰ ਬੱਚਾ ਜਮਾਉਣਾ, ( ਬਾਲਕ ਆਦਿਕਾਂ ਨੂੰ ) ਨੀਂਦਰ ਲਿਆਉਣੀ, ਸੀਉਣ ਦਾ ਕੰਮ ਕਰਾਉਣਾ ॥

**ਸੁਆਇਆ,** ਵਿ:—'ਸਵਾਇਆ' ਵੇਖੋ ॥

**ਸੁਆਈ,** ਸ:—ਕਿਸੇ ਜਨੌਰ ਜਾਂ ਪਸੂ ਨੂੰ ਬੱਚਾ ਜਮਾਉਣ ਦਾ ਕੰਮ ਜਾਂ ਮਜੂਰੀ, ਕੱਪੜੇ ਆਦਿਕ ਸੀਉਣ ਦਾ ਕੰਮ ਜਾਂ ਮਜੂਰੀ 'ਸਵਾਈ' ਵੇਖੋ ॥

**ਸੁਆਸ,** ਪੁ:—ਸਾਹ, ਸਾਸ, ਦਮ ॥

**ਸੁਆਸ ਦੇਣੇ,** ਕ੍ਰਿ:—ਪ੍ਰਾਣ ਤਿਆਗਣੇ, ਮਰ ਜਾਣਾ ॥

**ਸੁਆਹ,** ਸ:—ਕਿਸੇ ਚੀਜ਼ ਦੇ ਸੜਨ ਮਗਰੋਂ ਜੋ ਧੂੜਾ ਜਿਹਾ ਬਾਕੀ ਰਹਿ ਜਾਂਦਾ ਹੈ, ਭਸ, ਖੇਹ ਬਭੂਤ, ਨਕਾਰੀ ਚੀਜ਼, ਜਿਸ ਚੀਜ਼ ਦਾ ਕੁਝ ਮੁੱਲ ਨਹੀਂ, ਕੁਝ ਨਹੀਂ ।
ਵਿ:—ਭੈੜਾ, ਖਰਾਬ ( ਸੁਆਹ ਕੰਮ ਕੀਤਾ ਸੂ )
ਕ੍ਰਿ: ਵਿ:—ਬੁਰੀ ਤਰਾਂ ( ਸੁਆਹ ਲੱਗਦੀ ਹੈ ) ॥

**ਸੁਆਹ ਉੱਡਣੀ,** ਕ੍ਰਿ:—ਲੋਕਾਂ ਵਿਚ ਨਮੋਸ਼ੀ ਹੋਣੀ, ਕਿਸੇ ਦਾ ਮੰਦਾ ਕੰਮ ਸਭ ਨੂੰ ਮਲੂਮ ਹੋ ਜਾਣਾ ॥

**ਸੁਆਹ ਉਡਾਉਣੀ,** ਕ੍ਰਿ:—ਮੰਦੇ ਕੰਮ ਨਾਲ ਆਪਣੇ ਆਪ ਨੂੰ ਨਿਸ਼ਰ ਕਰਨਾ ॥

**ਸੁਆਹ ਕਰਨੀ,** ਕ੍ਰਿ:—( ਕਿਸੇ ਚੀਜ਼ ਨੂੰ ) ਨਸ਼ਟ ਕਰਨਾ ॥

**ਸਿਰ ਸੁਆਹ ਪਾਉਣੀ,** ਕ੍ਰਿ:—'ਸਿਰ' ਹੇਠ ਵੇਖੋ ॥

**ਸੁਆਹ ਖੇਹ,** ਸ:—ਭੈੜੀਆਂ ਚੀਜ਼ਾਂ ॥

**ਸੁਆਂਕ,** ਪੁ:—ਇੱਕ ਤਰਾਂ ਦੇ ਨਿੱਕੇ ਚਾਉਲ ॥

**ਸੁਆਂਗ,** ਪੁ:—ਨਕਲ, 'ਸਾਂਗ' ਵੇਖੋ ।

**ਸੁਆਂਜਣਾ,** ਪੁ:—'ਸੁਹਾਂਜਣਾ' ਵੇਖੋ ।

**ਸੁਆਣੀ,** ਸ:—ਚਤਰ, ਸਘੜ ਸ੍ਰੀਮਨ, ਚੰਗੀ ਕੁਲ ਵਾਲੀ ਰਜਪੂਤਣੀ, ਘਰ ਵਾਲੀ ॥

**ਸੁਆਦ,** ਪੁ:—ਮਜ਼ਾ, ਰਸ, ਚਸਕਾ ॥
ਵਿ:—ਮਜ਼ੇਦਾਰ, ਜੀਭ ਨੂੰ ਚੰਗਾ ਲੱਗਣ ਵਾਲਾ

**ਸੁਆਦਣ**<br>**ਸੁਆਦਿਣ** } ਸ:—ਜਿਸ ਨੂੰ ਜ਼ਬਾਨ ਦਾ ਚਸਕਾ ਪੈ ਗਿਆ ਹੈ, ਬਹੁਤ ਖਾਣ ਵਾਲੀ ਤੀਮਤ ॥

**ਸੁਆਦਲਾ ( ਲੀ ),** ਵਿ:—ਜਿਸ ਦਾ ਚੰਗਾ ਸੁਆਦ ਹੋ, ਜੋ ਮਨ ਨੂੰ ਭਾਵੇ ॥

**ਸੁਆਦੀ,** ਪੁ:—ਬਹੁਤ ਖਾਣ ਵਾਲਾ ਮਨੁੱਖ, ਪੇਟੂ, ਜਿਸ ਨੂੰ ਚਸਕਾ ਪਿਆਰਾ ਹੈ ॥
ਵਿ:—ਸੁਆਦ ਵਾਲਾ, ਮਜ਼ੇਦਾਰ ॥

**ਸੁਆਦੀਕ**<br>**ਸੁਆਦੂ** } ਵਿ:—ਚੰਗੇ ਸੁਆਦ ਵਾਲੀ ਮਜ਼ੇਦਾਰ ਚੀਜ਼ ॥

**ਸੁਆਮੀ,** ਪੁ:—ਮਾਲਕ, ਸਾਈਂ, ਖੌਂਦ, ਪਰਮੇਸ਼ੁਰ, ਗੁਰੂ, ਮਹੰਤ, ਸੰਨਿਆਸੀਆਂ ਦੇ ਨਾਉਂ ਅਗੇ ਆਦਰ ਵਾਸਤੇ ਲੱਗਣ ਵਾਲਾ ਪਦ ॥

**ਸੁਆਰ,** ਸ:—ਦਰੁਸਤੀ, ਕੰਮ ਪੂਰਾ ਕਰਨਾ ॥
ਪੁ:<br>ਵਿ: } 'ਸਵਾਰ' ਵੇਖੋ । ਸੋਮ ਵਾਰ ॥

**ਸੁਆਰਥ,** ਪੁ:—ਚੰਗੀ ਇੱਛਿਆ ਜਾਂ ਪਰੋਜਨ, ਭਲਾ ਅਰਥ ॥

**ਸੁਆਰਥ ਕਰਨਾ,** ਕ੍ਰਿ:—ਕੰਮ ਲੈਣਾ, ਵਰਤਣਾ, ਵਿਆਹ ਢੰਗ ਕਰਨਾ ॥

Digitized by Panjab Digital Library | www.panjabdigilib.org

**ਸੁਆਰਥ ਲੱਗਣਾ,** ਕ੍ਰਿ:—ਚੰਗੇ ਅਰਥ ਧਨ ਖਰਚ ਹੋਣਾ ( ਦਾਨ ਆਦਿਕ ਵਿਚ )॥

**ਸੁਆਰਥਣ,** ਸ: } ਚੰਗਾ ਕੰਮ ਕਰਨ ਵਾਲਾ,
**ਸੁਆਰਥੀ,** ਪੁ: } ਕਿਸੇ ਚੀਜ਼ ਤੋਂ ਚੰਗਾ ਕੰਮ ਲੈਣ ਵਾਲਾ।

**ਸੁਆਰਨਾ,** ਕ੍ਰਿ:—ਠੀਕ ਕਰਨਾ, ਸ਼ਿਆਰ ਕਰਨਾ, ਸਜਾਉਣਾ, ਹੱਛਾ ਬਣਾਉਣਾ, ਸੋਧਣਾ॥

**ਸੁਆਰੀ,** ਸ:—ਇਕ ਤਰਾਂ ਦੀ ਲਾਲ ਖੰਡ, 'ਸਵਾਰੀ' ਵੇਖ॥

**ਸੁਆਲ,** ਪੁ:—'ਸਵਾਲ' ਵੇਖੋ॥

**ਸੁਆਲਣ,** ਸ:—'ਸਵਾਲਣ' ਵੇਖੋ॥

**ਸੁਆਲਣਾ,** ਕ੍ਰਿ:—ਸੁਆਉਣਾ, ਨੀਂਦਰ ਲਿਆਉਣੀ॥

**ਸੁਆਲੀ** } ਪੁ:—'ਸਵਾਲੀ' ਵੇਖੋ॥
**ਸੁਆਲੀਆਂ** }

**ਸੁਸਤ,** ਵਿ:—ਆਲਸੀ, ਕਮਜ਼ੋਰ, ਮਾਂਦਾ, ਨਮਰਦ, ਉਦਾਸ॥

**ਸੁਸਤੀ,** ਸ:—ਆਲਸ, ਕਮਜ਼ੋਰੀ, ਮਾਂਦਗੀ ਨਮਰਦੀ, ਉਦਾਸੀ

**ਸੁੱਸਰੀ,** ਸ:—ਇਕ ਨਿੱਕਾ ਜੇਹਾ ਕੀੜਾ ਜੋ ਅਨਾਜ ਨੂੰ ਲੱਗ ਕੇ ਸੁਆਹ ਕਰ ਦੇਂਦਾ ਹੈ॥ ਧੁੱਪ ਵਿਚ ਸੁਕਾਈ ਹੋਈ ਇੱਟ॥

**ਸੁੱਸਰੀ ਸੌਂ ਜਾਣਾ,** ਕ੍ਰਿ:—ਮਰ ਜਾਣਾ, ਸੌਂ ਕੇ ਮੁੜ ਨਾ ਉੱਠਣਾ॥

**ਸੁਸਾਇਟੀ** } ਸ:—ਸਭਾ, ਕਮੇਟੀ, ਸੰਗ, ਮੇਲੀ॥
**ਸਸੈਟੀ** }



**ਸੁਹਜ (ਜੀ)** ਸ:—'ਸੋਭਾ' ਵੇਖ॥

**ਸੁਹਜਾ,** ਪੁ:—'ਸੋਭਾ' ਵੇਖੋ॥

**ਸੁਹਜੇ,** ਕ੍ਰਿ:—ਵਿ:—ਖਬਰਦਾਰ ਹੋਕੇ॥

**ਸੁਹਦਾ,** ਪੁ:—ਬਦਮਾਸ਼, ਲੁੱਚਾ ਆਦਮੀ, ਵਿਚਾਰਾ, ਗਰੀਬ, ਭੋਲਾ॥

**ਸੁਹੱਪਣ,** ਪੁ:—ਸੁੰਦਰਤਾਈ, ਖੂਬ ਸੂਰਤੀ॥

**ਸੁਹਬਤ,** ਸ:—ਸੰਗਤ, ਮਰਦ ਤ੍ਰੀਮਤ ਦਾ ਮੇਲ॥

**ਸੁਹਬਤੀ,** ਪੁ:—ਸੰਗੀ, ਸਾਥੀ, ਸੁਹਬਤ ਕਰਨ ਦੇ ਲੋਕ, ਮੇਲੀ॥

**ਸੁਹਾਉਣਾ,** ਵਿ:—ਮਨ ਭਾਉਣਾ, ਦਿਲ ਨੂੰ ਖੁਸ਼ ਕਰਨ ਵਾਲਾ, ਮਨੋਹਰ, ਹਰਾ ਭਰਾ॥

ਕ੍ਰਿ:—ਸਜਣਾ, ਸੋਹਣਾ ਲੱਗਣਾ, ਫੱਬਣਾ, ਮਨ ਨੂੰ ਭਾਉਣਾ।

**ਸੁਹਾਗ,** ਪੁ:—ਇਸਤ੍ਰੀ ਦੇ ਸਿਰ ਤੇ ਖਾਵੰਦ ਦਾ ਹੋਣਾ, ਭਰਤੇ ਦੇ ਹੁੰਦਿਆਂ ਤ੍ਰੀਮਤ ਜੋ ਗਹਣੇ ਪਾਉਂਦੀ ਹੈ, ਭਰਤਾ, ਪਿਆਰ, ਵਿਆਹ, ਕੁੜੀਆਂ ਦੇ ਵਿਆਹ ਦਾ ਗੀਤ॥

**ਸੁਹਾਗ ਗਾਉਣਾ,** ਕ੍ਰਿ:—ਕੁੜੀਆਂ ਦੇ ਵਿਆਹ ਪਰ ਇੱਕ ਖ਼ਾਸ ਗੀਤ ਗਾਉਣਾ॥

**ਸੁਹਾਗ ਪਟਾਰਾ** ਪੁ: } ਇਕ ਪਟਾਰੀ ਜਿਸ
**ਸੁਹਾਗ ਪਟਾਰੀ** ਸ: } ਵਿੱਚ ਮਿੱਸੀ, ਬਿੰਦੀ, ਸੁਰਮਾ, ਕੰਘੀ ਆਦਿਕ ਚੀਜ਼ਾਂ ਹੁੰਦੀਆਂ ਹਨ। ਇਹ ਪਟਾਰੀ ਸੁਹਾਗਣੀ ਤੀਰਥਾਂ ਉੱਤੇ ਜਾਂ ਘਰ ਵਿੱਚ ਉਜਾਪਣ ਆਦਿਕਾਂ ਦੇ ਵੇਲੇ ਮਨਸਦੀਆਂ ਹਨ। ਇਕ ਸੁਹਾਗ ਪਟਾਰੀ ਵਿਆਹ ਦੇ ਦਿਨਾਂ ਵਿੱਚ ਕੁੜੀ ਨੂੰ ਸਹੁਰਿਓਂ ਆਉਂਦੀ ਹੈ, ਉਸ ਵਿੱਚ ਗਰੀ ਛੁਹਾਰਾ ਹੁੰਦਾ ਹੈ॥

Digitized by Panjab Digital Library | www.panjabdigilib.org

**ਸੁਹਾਗ ਪੁੜਾ,** ਪੁ:—ਇੱਕ ਕਾਗਜ਼ ਦਾ ਪੁੜਾ ਜਿਸ ਵਿੱਚ ਕੇਸਰ, ਕਸਤੂਰੀ, ਇਲਾਚੀ ਆਦਿਕ ਸਭ ਚੀਜ਼ਾਂ ਹੁੰਦੀਆਂ ਹਨ, ਇਹ ਪੁੜਾ ਵਿਆਹ ਦੇ ਦਿਨੀਂ ਕੁੜੀ ਵਾਸਤੇ ਸਹੁਰਿਓਂ ਆਉਂਦਾ ਹੈ।

**ਸੁਹਾਗਣ,** ਸ:—ਅਜੇਹੀ ਤ੍ਰੀਮਤ ਜਿਸ ਦਾ ਖੌਂਦ ਜੀਉਂਦਾ ਹੈ।

**ਸੁਹਾਗਾ,** ਪੁ:—ਇੱਕ ਫਟਕੜੀ ਵਰਗੀ ਚੀਜ਼ ਜਿਸ ਨਾਲ ਸੋਨਾ ਗਾਲਦੇ ਹਨ ਅਤੇ ਜੋ ਹੋਰ ਕਈ ਕੰਮ ਦੇਂਦਾ ਹੈ। ਇਕ ਲਕੜੀ ਦਾ ਹਥਿਆਰ ਜਿਸ ਨਾਲ ਹਲ ਫੇਰਨ ਮਗਰੋਂ ਖੇਤ ਦੀ ਤਾਂਹ ਸਾਫ ਕਰਦੇ ਹਨ॥

**ਸੁਹਾਗਾ ਫਿਰਨਾ,** ਕ੍ਰਿ: ਖੇਤ ਦੀ ਤਾਂਹ ਸੁਹਾਗੇ ਨਾਲ ਇੱਕੋ ਜੇਹੀ ਹੋ ਜਾਣੀ, ਮਿੱਟੀ ਦੀਆਂ ਡਲੀਆਂ ਭੱਜ ਜਾਣੀਆਂ, ਸੱਭਿਆ ਨਾਸ ਹੋ ਜਾਣਾ।

**ਸੁਹਾਗਾ ਫੇਰਨਾ,** ਕ੍ਰਿ:—ਸੁਹਾਗੇ ਨਾਲ ਖੇਤ ਦੀ ਤਾਂਹ ਇੱਕੋ ਜੇਹੀ ਕਰ ਦੇਣੀ॥

**ਕਾਲਾ ਸੁਹਾਗਾ,** ਪੁ:—ਮੁਸੱਬਰ।

**ਸੁਹਾਂਜਣਾ,** ਪੁ:—ਇੱਕ ਰੁੱਖ ਜਿਸਦੀਆਂ ਫਲੀਆਂ ਦਾ ਅਚਾਰ ਪਾਉਂਦੇ ਹਨ॥

**ਸੁਹਾਨ,** ਪੁ:—ਠਠਿਆਰਾਂ ਦਾ ਇੱਕ ਸੰਦ॥

**ਸੁਹਾਲਾ,** ਪੁ:—ਇੱਕ ਤਰਾਂ ਦਾ ਮੱਠਾ, ਜਿਸ ਪੁਰ ਖੰਡ ਲਗੀ ਹੋਈ ਹੁੰਦੀ ਹੈ॥

**ਸੁਹਾਵਾ,** ਵਿ:—ਸੁਹਣਾ, ਸੁੰਦਰ, ਮਨੋਹਰ॥

**ਸੁਹੁਕਣਾ,** ਕ੍ਰਿ:—ਤਰਲਾ।

**ਸੁਹੂਜ,** (ਜ਼ੀ) ਸ:—ਚੌਕਸਾ, ਖਬਰਦਾਰੀ, ਸਜਾਉਣ, ਸੋਭਾ॥



**ਸੁਹੇਜੀ ਵਾਲਾ,** ਵਿ: ਚੌਕਸ, ਹੁਸ਼ਿਆਰ ਸਿਆਣਾ।

**ਸੁਹੁਣ,** ਪੁ:— ਸੁਹਾਨ ਵੇਖੋ।

**ਸੁਹਣਾ,** ਵਿ:—ਸੁੰਦਰ, ਚੰਗੀ ਸ਼ਕਲ ਵਾਲਾ, ਬਹੁਤ ਚੰਗਾ, ਸੁਹਾਉਣਾ॥

**ਸੁਹੁਬਾ,** ਸ:—ਜਸ, ਨਮੂਜ, ਸੁਹਪਣ, ਸੁਹੂਜ।

**ਸੁਹਰਤ,** ਸ:—ਮਸ਼ਹੂਰੀ, ਜਸ, ਕੀਰਤ, ਬਦਨਾਮੀ (ਸ਼ੁਹਰਤ ਹੋਣੀ, ਦੇਣੀ, ਕਰਨੀ)॥

**ਸੁਹੂਲ,** ਵਿ:—ਕੋਮਲ, ਮੁਲਾਇਮ।

**ਸੁਹੇਲਾ,** ਵਿ:—ਸੌਖਾ, ਸੁਖਾਲਾ।

**ਸੁਕਚਣਾ,** ਕ੍ਰਿ:—ਸੁੰਗੜਨਾ ਇਕਠਾ ਹੋਣਾ, ਸ਼ਰਮਾਉਣਾ, ਦਬਕਣਾ।

**ਸੁੱਕਣਾ,** ਕ੍ਰਿ:—ਖੁਸ਼ਕ ਹੋਣਾ, ਮੁਰਝਾਉਣਾ, ਕੁਮਲਾਉਣਾ, ਵਾਉ ਬਲ ਕੇ ਉੱਡ ਜਾਣਾ॥

**ਸ਼ੁਕਰ,** ਪੁ:—ਧੰਨ ਬਾਦ, ਕੀਤੇ ਨੂੰ ਜਾਨਣਾ (ਸ਼ੁਕਰ ਕਰਨਾ, ਗੁਜ਼ਾਰਨਾ, ਬਜਾਉਣਾ)।

**ਸ਼ੁਕਰ ਗੁਜ਼ਾਰ,** ਪੁ:—ਸ਼ੁਕਰ ਕਰਨ ਵਾਲਾ, ਧੰਨ ਬਾਦੀ।

**ਸ਼ੁਕਰ ਗੁਜ਼ਾਰੀ,** ਸ:—ਸ਼ੁਕਰ ਕਰਨਾ, ਧੰਨ ਵਾਦੀ ਹੋਣਾ, ਕੀਤੇ ਨੂੰ ਜਾਨਣਾ।

**ਸ਼ੁੱਕਰ,** ਪੁ:—ਇੱਕ ਗ੍ਰਹਿ ਦਾ ਨਾਉਂ, ਸਾਤੇ ਦਾ ਛੇਵਾਂ ਦਿਨ, ਵੀਰਵਾਰ ਤੋਂ ਪਿਛਲਾ ਅ: ਛਨਿੱਛਰ ਤੋਂ ਪਹਿਲਾ ਦਿਨ॥

**ਸ਼ੁਕਲ,** ਪੁ:—ਚਾਨਣਾ ਪੱਖ, ਜਿਸ ਦਿਨ ਨਵਾਂ ਚੰਦ ਚੜ੍ਹੇ ਉਸ ਦਿਨ ਤੋਂ ਪੂਰਨਮਾਸੀ ਤਕ ਜੋ ਦਿਨ ਹਨ॥

Digitized by Panjab Digital Library | www.panjabdigilib.org

**ਸੁਕਲਾਈ,** ਸਃ—ਪਾਲੀ ਵਿੱਚ ਕੋ ਇਕ ਤਰਾਂ ਦਾ ਘਾਹ ਉਗ ਪੈਂਦਾ ਹੈ ਜਿਸ ਨਾਲ ਖੰਡ ਸਾਫ਼ ਕਰਦੇ ਹਨ, ਜਾਲਾ ॥

**ਸੁਕਲਾਤ, ਸੁਕਲਾਬ** } ਸਃ—ਪਾਲੀ ਵਿਚ ਉੱਗਣ ਵਾਲਾ ਇਕ ਬੂਟਾ ਜਿਸ ਦਾ ਬੀ ਨਹੀਂ ਹੁੰਦਾ। ਇੱਕ ਉੱਨ ਦਾ ਮੋਟਾ ਕੱਪੜਾ॥

**ਸੁਕਲਾਤ ਦੇ ਬੀਆਂ ਨੂੰ ਪੁਚਾਉਣਾ,** ਕ੍ਰਿਃ—ਮੂਲੋਂ ਨਾਸ ਕਰ ਦੇਣਾ, ਖਰ ਖੋਜ ਮਿਟਾ ਦੇਣਾ॥

**ਸੁੱਕੜ,** ਵਿਃ—ਸੁੱਕਾ ਹੋਇਆ (ਮਨੁੱਖ) ਜਿਸਾ, ਹੱਡੀਆਂ ਦੀ ਮੁੱਠ, ਬਾਮ ਕੰਦਲਾ।

**ਸੁਕੜ ਜਾਣਾ, ਸੁਕੜਣਾ,** } ਕ੍ਰਿਃ—ਸੁੰਗੜ ਜਾਣਾ, ਇਕੱਠਾ ਹੋਣਾ ॥

**ਸੁਕੜੇਰੀ,** ਸਃ—ਲੱਤ ਦੀ ਹੱਡੀ।

**ਸੁਕੜੂ,** ਵਿਃ—'ਸੁੰਕੜ' ਵੇਖੋ॥

**ਸੁੱਕਾ,** ਵਿਃ—ਖੁਸ਼ਕ, ਰੁੱਖਾ, ਸੁੱਕਾ ਪੁਕਾ।
ਵਿਃ—ਬਹੁਤ ਖੁਸ਼ਕ, ਨਿਰਾ, ਜਿਸ ਵਿਚ ਫਾਲਤੂ ਖਰਚ ਨਾ ਹੋਵੇ ॥
ਪੁਃ—ਕੱਚੀ ਰਸਤ ॥

**ਸੁੱਕੀਂ ਕੱਖੀਂ ਅੱਗ ਲਾਉਣੀ,** ਕ੍ਰਿਃ—ਬਹੁਤ ਭੜਕਾਉਣਾ ॥

**ਸੁਕਾਉਣਾ,** ਕ੍ਰਿਃ—ਖੁਸ਼ਕ ਕਰਨਾ, ਖੁਸ਼ਕ ਹੋਣ ਦੇਣਾ, ਉਸਕਾਣਾ, ਭੜਕਾਉਣਾ॥

**ਸੁਕਾਈ,** ਸਃ—ਖੁਸ਼ਕ ਕਰਨ ਦਾ ਕੰਮ ਜਾਂ ਮਜੂਰੀ।

**ਸੁਕਾਰਥ, ਸੁਕਾਰਥਾ** } ਵਿਃ—ਸੁਫਲ, ਚੰਗੇ ਅਰਥ ਲਾਇਆ ਹੋਇਆ।

**ਸਕਾਲ,** ਪੁਃ—ਸਸਤਾ ਸਮਾ, ਜਦੋਂ ਚੀਜ਼ ਵਸਤ ਥੋੜੇ ਮੁਲ ਪਰ ਮਿਲੇ॥

**ਸੁਕੀਣ,** ਵਿਃ—'ਸ਼ੌਕੀਨ' ਵੇਖੋ॥

**ਸੁਕੀਨੀ,** ਸਃ—'ਸ਼ੌਕੀਨੀ' ਵੇਖੋ॥

**ਸੁਕ੍ਰੇਤਰ,** ਪੁਃ—ਸ਼ੌਂਕਣ ਦਾ ਪੁਤ੍ਰ॥

**ਸੁਕੇਲਾ,** ਵਿਃ ਚੰਗਾ ਮਿਲਿਆ ਹੋਇਆ (ਜਿਹਾ ਕਿ ਚੰਗਾ ਅਤੇ ਖੁਰਾ ਲੋਹਾ ਮਿਲਿਆ ਹੋਇਆ ਹੋਵੇ) ਸ਼ੌਂਤ ਦੇ ਸਾਕ ਦਾ ਅਰਥਾਤ ਮਤ੍ਰੇਆ (ਸੁਕੇਲਾ ਪੁਤ੍ਰ, ਭਰਾ ਆਦਿਕ)॥
ਪੁਃ—ਇਕ ਤਰਾਂ ਦੀ ਤਲਵਾਰ॥

**ਸੁਖ,** ਪੁਃ—ਅਰਾਮ, ਸ਼ਾਂਤ, ਬਖਤਾਵਰੀ, ਸੰਤੋਖ, ਖੁਸ਼ੀ, ਅਨੰਦ॥

**ਸੁਖ ਚੈਣ,** ਪੁਃ—ਇੱਕ ਸੁੰਦਰ ਬਰਫ਼॥

**ਸੁਖ ਜੀਉੜਾ,** ਪੁਃ—ਬਖ਼ਤਾਵਰ, ਸੁਖੀ, ਅਰਾਮ ਨਾਲ ਰਹਿਣ ਵਾਲਾ॥

**ਸੁਖ ਦਰਸਣ,** ਪੁਃ—ਇੱਕ ਤਰਾਂ ਦੀ ਛੁਰੀ॥

**ਸੁਖ ਦਾਇਕ,** ਵਿਃ—ਸੁਖ ਦੇਣ ਵਾਲਾ॥

**ਸੁਖ ਦਾਇਣ,** ਵਿਃ—ਸੁਖ ਦੇਣ ਵਾਲੀ॥

**ਸੁਖ ਦਾਈ,** ਵਿਃ—'ਸੁਖ ਦਾਇਕ' ਵੇਖੋ।

**ਸੁਖ ਦਾਸ,** ਪੁਃ—ਇੱਕ ਤਰਾਂ ਦੇ ਚਾਉਲ॥

**ਸੁਖ ਪਾਉਣਾ,** ਕ੍ਰਿਃ—ਸੁਖੀ ਹੋਣਾ, ਸੁਖ ਨਾਲ ਰਹਿਣਾ, ਅਰਾਮ ਪਾਉਣਾ।

**ਸੁੱਖ,** ਕ੍ਰਿਃ ਵਿਃ—ਚੰਗਾ, ਕੁਝ ਚਿੰਤਾ ਨਹੀਂ, ਕੁਝ ਡਰ ਨਹੀਂ, ਖੈਰ॥

**ਸੁਖ ਸਾਂਦ,** ਸਃ—ਅਰਾਮ, ਰਾਜ਼ੀ ਖੁਸ਼ੀ ਕੁਸ਼ਲ, ਅਨੰਦ॥

**ਸੁਖ ਮੰਗਣੀ, (ਮਨਾਉਣੀ)** ਕ੍ਰਿਃ—ਭਲਾ ਚਾਹੁਣਾ॥

Digitized by Panjab Digital Library | www.panjabdigilib.org

**ਸੁਖ ਮੁਰਾਦ,** ਸ:—ਜੇਹੀ ਖੁਸ਼ੀ ਮਨੁੱਖ ਚਾਹੁੰਦਾ ਹੈ॥

**ਸੁਖੀ ਸਾਂਦੀਂ,** ਕ੍ਰਿ: ਵਿ:—ਸੁਖ ਚੈਨ ਨਾਲ, ਅਰਾਮ ਨਾਲ, ਰਾਜ਼ੀ ਬਾਜ਼ੀ, ਵਾਹਿਗੁਰੂ ਭਲਾ ਕਰੇ॥

**ਸੁਖੀ ਲੱਧਾ,** ਵਿ:—ਲਾਡਲਾ, ਅਛਿੱਦਾ॥

**ਸੁਖਨ,** ਪੁ:—ਬਚਨ, ਇਕਰਾਰ, ਬੋਲ, ਕਲਾਮ॥

**ਸੁਖਨ ਦਾ ਪੂਰਾ,** ਵਿ:—ਆਪਣਾ ਬਚਨ ਪੂਰਾ ਕਰਨ ਵਾਲਾ।

**ਸੁਖਨ ਪਾਲਣਾ,** ਕ੍ਰਿ:—ਆਪਣਾ ਬਚਨ ਪੂਰਾ ਕਰਨਾ, ਜੋ ਗੱਲ ਮੂੰਹੋਂ ਆਖੀ ਹੋ ਪੂਰੀ ਕਰਕੇ ਛੱਡਣੀ।

**ਸੁੱਖਣਾ,** ਕ੍ਰਿ:—ਮਨ ਵਿੱਚ ਧਾਰਨਾ ਕਿ ਮੁਰਾਦ ਪੂਰੀ ਹੋਣ ਤੇ ਮੈਂ ਫਲਾਣੀ ਚੀਜ਼ ਭੇਟ ਕਰਾਂਗਾ ਜਾਂ ਵਰਤ ਆਦਿਕ ਰੱਖਾਂਗਾ।

**ਸੁੱਖਨਾ,** ਸ:—ਜਿਸ ਵਸਤੂ ਦਾ ਸਾਧ ਸੰਤ ਤੇ ਮੁਰਾਦ ਪੂਰੀ ਹੋਣ ਤੇ ਜੋ ਮਿਥੀ ਹੋਈ ਹੋਵੇ ਦਿੱਤੀ ਜਾਏ ਸੁੱਖਣੀ॥

**ਸੁਖਲਾ,** ਵਿ:—ਸੁਖਾਲਾ, ਸੌਖਾ, ਸੁਖੀ, ਸਹਿਜ, ਅਸਾਨ।

**ਸੁਖਮਣੀ,** ਸ:—ਗੁਰੂ ਅਰਜਨ ਸਾਹਿਬ ਜੀ ਦੀ ਬਾਣੀ ਜੋ ਗੁਰੂ ਗ੍ਰੰਥ ਸਾਹਿਬ ਆਦਿ ... ਹੈ ਅਤੇ ਜਿਸ ਦਾ ਪਾਠ ਬਹੁਤ ਸਿੱਖ ਅਤੇ ਹਿੰਦੂ ਸਵੇਰ ਦੇ ਵੇਲੇ ਕਰਦੇ ਹਨ।

**ਸੁਖਮਨਾ,** ਸ:—ਇੜਾ ਅਤੇ ਪਿੰਗਲਾ ਨਾੜੀਆਂ ਦੇ ਵਿਚਕਾਰਲੀ ਨਾੜੀ॥

**ਸੁੱਖਾ,** ਪੁ:—ਅਮਲ ਵਾਲੀ ਇੱਕ ਬੂਟੀ, ਭੰਗ, ਸਬਜ਼ੀ (ਸਿੰਘਾਂ ਦੀ ਬੋਲੀ)॥

**ਸੁਖਾਉਣਾ,** ਕ੍ਰਿ:—ਸੁਖਾਉਣਾ, ਮਨ ਨੂੰ ਭਾਉਣਾ ਸਰੀਰ ਨੂੰ ਗੁਣਕਾਰੀ ਹੋਣਾ॥

**ਸੁਖਾ ਨੰਦ,** ਪੁ:—ਚਾਉਲਾਂ ਦੀ ਇਕ ਜਾਤ॥

**ਸੁਖਾਲ,** ਪੁ:—ਸੌਖ, ਅਰਾਮ, ਅਸਾਨੀ, ਸੁਕਾਲ ਸਸਤਾ ਸਮਾ॥

**ਸੁਖਾਲਾ,** ਵਿ:—ਸੌਖਾ, ਸੁਖੀ, ਅਸਾਨ॥

**ਸੁਖੀ,**
**ਸੁਖੀਆ** } ਵਿ:—ਸੁਖ ਭੋਗਣ ਵਾਲਾ, ਸੰਤੋਖੀ ਖੁਸ਼, ਅਨੰਦ, ਪਰਸੰਨ॥

**ਸੁਖੀ ਜੀਊੜਾ,** ਪੁ:—'ਸੁਖ ਜੀਊੜਾ' ('ਸੁਖ' ਵਿਚ) ਵੇਖੋ॥

**ਸੁਖੀ ਬਨ,** ਸ:—ਇਕ ਔਖਧ॥

**ਸੁਖੀ ਲੱਧਾ (ਧੀ)** ਵਿ:—ਜੇਹੜਾ ਪ੍ਰਭੂ ਦੀ ਤਰਸ ਕੇ ਮਿਲਿਆ ਹੋਵੇ, ਅਛਿੱਦਾ (ਦੀ)॥

**ਸੁਗੰਦ,** ਸ:—ਸੌਂਹ, ਕਸਮ॥

**ਸੁਗੰਦ ਖਾਣੀ,** ਕ੍ਰਿ:—ਸੌਂਹ ਖਾਣੀ॥

**ਸੁਗੰਧ**
**ਸੁਗੰਧਤਾ**
**ਸੁਗੰਧਤਾਈ** } ਸ:—ਚੰਗੀ ਮੁਸ਼ਕ, ਖੁਸ਼ਬੋ, ਬਾਸ਼ਨਾ॥

**ਸਗੰਧੀ,** ਵਿ:—ਖੁਸ਼ਬੂਦਾਰ, ਚੰਗੀ ਮੁਸ਼ਕ ਵਾਲਾ॥

**ਸੁਗਾਰ,** ਪੁ:—ਪੋਸਤ, ਕਪਾਹ ਆਦਿਕ ਦਾ ... ਬੂਟਾ॥

**ਸੁੰਗਰ**
**ਸੁੰਗਰੀ** } ਪੁ:—ਸੂਰ॥

**ਸੁੰਗਰਾ,** ਪੁ:—'ਸੁੰਗਰ' ਵੇਖੋ॥

**ਸੁਗਲ,** ਪੁ:—ਕੰਮ, ਕਾਜ, ਜਿਸ ਨਾਲ ਜੀ ਲੱਗਾ ਰਹੇ॥

Digitized by Panjab Digital Library | www.panjabdigilib.org

**ਸੁੰਗੜਣਾ**, ਕ੍ਰਿ:—ਸਿਮਟਣਾ, ਸੁਕੜਨਾ, ਇਕੱਠਾ ਹੋਣਾ, ਝੁਕਣਾ, ਕਮ ਹੋਣਾ ॥

**ਸੁਗਾਤ**, ਸ:—ਅਮੋਲ ਵਸਤ, ਤੋਹਫ਼ਾ, ਨਜ਼ਰ ਭੇਟ ॥

**ਸੁਗੁਰਾ**, ਵਿ:—ਆਪਣੇ ਗੁਰੂ ਦੀ ਆਗਿਆ ਵਿਚ ਰਹਿਣ ਵਾਲਾ ॥

**ਸੁਗੁਲ**, 'ਸੁਗਲ' ਵੇਖੋ ॥

**ਸੁੰਗੁੜਣਾ**, ਕ੍ਰਿ:-'ਸੁੰਗੜਣਾ' ਵੇਖੋ ॥

**ਸੁੰਗੁੜਾਉ**, ਪੁ:-ਸਰੀਰ ਦੇ ਕਿਸੇ ਅੰਗ ਦੇ ਸੁਗੜ ਜਾਣਾ।

**ਸੁੰਗੁੜਾਉਣਾ** / **ਸੁੰਗੋੜਣਾ** } ਕ੍ਰਿ:-ਸਮੇਟਣਾ, ਇਕੱਠਾ ਕਰਨਾ ਅੰਦਰ ਵਲ ਖਿੱਚਣਾ (ਬਾਹਵਾਂ ਲਤਾਂ)॥

**ਸੁਘ**, ਸ:—ਖਬਰ ਸਾਰ, ਸਮਾਚਾਰ, ਪਤਾ॥

**ਸੁੰਘਣਾ**, ਕ੍ਰਿ:-ਮੁਸ਼ਕ ਲੈਣੀ।

**ਸੁਘਰ**, 'ਸੁਘੜ' ਵੇਖੋ

**ਸੁੰਘਵਈਆ**, ਪੁ:—ਸੁੰਘਣ ਵਾਲਾ।

**ਸੁੰਘਵਾਉਣਾ**, ਕ੍ਰਿ:—(ਕੋਈ ਚੀਜ਼) ਕਿਸੇ ਕੋਲੋਂ ਸੁੰਘਾਉਣਾ ॥

**ਸੁਘੜ**, ਵਿ:-ਸੁਹਣਾ, ਪੂਰਾ ਪੂਰਾ, ਸੁਹਾਉਣਾ, ਮਨੋ-ਹਰ ਨਕ, ਹੁਸ਼ਿਆਰ, ਚਤਰ, ਮਾਂਗਲੀ ਹਾਲਤ ਵਿਚੋਂ ਨਿਕਲਿਆ ਹੋਇਆ ॥

**ਸੁਘੜਤਾਈ**, ਸ:-ਚਤਰਾਈ, ਹੁਸ਼ਿਆਰੀ, ਨੇਕੀ ਸੁਹੱਪਣ ॥

**ਸੁਘੜਬੀਬੀ**, ਸ:—ਚਤਰ ਇਸਤ੍ਰੀ, ਜੋ ਘਰ ਦਾ ਕੰਮ ਕਾਜ ਸੋਹਣੀ ਤਰਾਂ ਕਰਦੀ ਹੈ। ਇਕ ਪੰਛੀ ਦਾ ਨਾਉਂ ॥

**ਸੁਘੜਉ**, ਇਸ:—'ਸੁਘੜ ਤਾਈ' ਵੇਖੋ ॥

**ਸੁਘੜਾ**, ਵਿ:—'ਸੁਘੜ' ਵੇਖੋ ॥

**ਸੁਘੜਾਈ**, ਸ:—'ਸੁਘੜ ਤਾਈ' ਵੇਖ ॥

**ਸੁੰਘਾਉਟ**, ਸ:—ਸੁੰਘਣ ਦਾ ਕੰਮ ॥

**ਸੁੰਘਾਉਣਾ**, ਕ੍ਰਿ:—ਸੁੰਘਣ ਦਾ ਕੰਮ ਕਰਾਉਣਾ

**ਸੁੱਚ**, ਸ:—ਪਵਿੱਤ੍ਰਤਾਈ, ਸਫ਼ਾਈ, ਭਲਿਆਈ॥

**ਸੁੱਚ ਪਵਿੱਤ੍ਰ**, ਵਿ: —ਸ਼ੁੱਧ, ਸਾਫ਼, ਨਿਰਮਲ, ਪਾਕ, ਜਿਸ ਵਿੱਚ ਜੂਠ ਦੀ ਲਾਗ ਨਹੀਂ, ਨੇਕ ॥

**ਸੁਕਚਣਾ**, ਕ੍ਰਿ:—ਸ਼ਰਮਾਉਣਾ, ਝਿਜਕਣਾ, ਸੁੰਗ-ੜਨਾ, ਦਬਕਣਾ ॥

**ਸੁਚੱਜ**, ਪੁ:—ਸੁਘੜਤਾਈ, ਚੰਗੀ ਤਰਾਂ ਕੰਮ ਕਰਨ ਦਾ ਢੰਗ ॥

**ਸੁਚੱਜਾ**, ਪੁ: / **ਸੁਚੱਜੀ**, ਸ: } ਸੁਘੜ, ਚਤਰ, ਹੁਸ਼ਿਆਰ ॥

**ਸੁੱਚਮ**, ਸ:—ਪਵਿਤ੍ਰ, ਸ਼ੁੱਧ, ਪਵਿੱਤ੍ਰਤਾਈ, ਸੁੱਚ ॥

**ਸੁੱਚਮ ਤਾਈ**, ਸ:—ਸਫ਼ਾਈ, ਪਵਿੱਤ੍ਰ ਤਾਈ ॥

**ਸੁੱਚਾ**, ਵਿ:—ਪਵਿੱਤ੍ਰ, ਚੰਗਾ, ਸਾਫ਼, ਨਿਰਮਲ, ਸੱਚਾ, ਅਸਲੀ, ਜਿਸ ਚੀਜ਼ ਨੂੰ ਅਜੇ ਕਿਸੇ ਨੇ ਜੂਠਾ ਨਹੀਂ ਕੀਤਾ, ਈਮਾਨਦਾਰ ॥

**ਸੁਚਾਰਾ**, ਵਿ:—ਸੁੱਚਾ, ਪਵਿੱਤ੍ਰ, ਚੰਗਾ, ਖਰਾ ।

**ਸੁਚਾਲ** / **ਸੁਚਾਲਾ** } ਵਿ:—ਚੰਗੀ ਚਾਲ ਵਾਲਾ, ਸੀਲ ਵਾਲਾ ॥

**ਸੁਚਿਆਰਾ**, ਪੁ: / **ਸੁਚਿਆਰੀ**, ਸ: } ਪਵਿੱਤ੍ਰ, ਅੱਛਾ, ਨੇਕ, ਸੱਚਾ ਖਰਾ ॥

**ਸੁਚੇਤ**, ਵਿ:—ਹੁਸ਼ਿਆਰ, ਚੌਕਸ, ਚਤਰ, ਸਮਝ ਦਾਰ, ਧਿਆਨ ਦੇ ਕੇ ਕੰਮ ਕਰਨ ਵਾਲਾ ॥

**ਸੁਚੇਤ ਹੋਣਾ**, ਕ੍ਰਿ:—ਜਾਗ੍ਰ ਜਾਣਾ, ਸੁਰਤ ਆਉਣਾ, ਪਖਾਨਾ ਫਿਰਨਾ, ਹੋਸ਼ ਵਿੱਚ ਆਉਣਾ ॥

**ਸੁਚੇਤ ਕਰਨਾ**, ਕ੍ਰਿ:-ਧੋਣਾ, ਸਾਫ਼ ਕਰਨਾ (ਹੱਥ,

Digitized by Panjab Digital Library | www.panjabdigilib.org

**ਸੁਚੇਤਾ,** ਪੁ:—ਨ੍ਹਾ ਧੋ ਕੇ ਕੱਪੜੇ ਆਦਿਕ ਪਾਣਾ, ਝਾੜੇ ਜਾਣਾ ਝਾੜਾ, ਪਖਾਨਾ ਫਿਰਨਾ।

**ਸੁਚੇਤੇ ਹੋਣਾ / ਸੁਚੇਤੇ ਜਾਣਾ,** ਕ੍ਰਿ:—ਝਾੜੇ ਜਾਣਾ ਪਖਾਨਾ ਫਿਰਨਾ ॥

**ਸੁੰਜ,** ਵਿ:—ਉਜਾੜ ਸੱਖਣਾ, ਖਾਲੀ।

**ਸੁੱਜ ਜਾਣਾ / ਸੁੱਜਣਾ,** ਕ੍ਰਿ:—ਫੁੱਲਣਾ ਫੁੱਕਰਨਾ ਗੁੱਸਾ ਚੜ੍ਹ ਜਾਣਾ ॥

**ਮੂੰਹ ਸੁੱਜ ਜਾਣਾ ਜਾ ਸੁੱਜਣਾ,** ਕ੍ਰਿ:—ਕ੍ਰੋਧ ਚੜ੍ਹ ਜਾਣਾ ॥

**ਸੁੰਜਾ,** ਵਿ:—ਚੋਦਰਾ, ਛੜਾ, ਉਜੜਿਆ ਹੋਇਆ, ਭੁੱਖਾ ਮਰਦਾ, ਨਕਾਰਾ, ਸੱਖਣਾ, ਖਾਲੀ।

**ਸੁਜਾਉਣਾ,** ਕ੍ਰਿ:—"ਸੁਜਾਲਣਾ" ਦੇਖੋ ॥

**ਸੁਜਾਕ,** ਪੁ:—ਮਰਦ ਜਾਂ ਇਸਤ੍ਰੀ ਦੇ ਗੁਝੇ ਅੰਗਾਂ ਦਾ ਇੱਕ ਰੋਗ ਜਿਸ ਵਿਚ ਸੋਜ ਪੈਂਦੀ ਹੈ ਅਤੇ ਪਾਕ ਨਿਕਲਦੀ ਹੈ ॥

**ਸੁਜਾਖਾ,** ਵਿ:—ਅੱਖੀਆਂ ਵਾਲਾ ਜਿਸ ਨੂੰ ਅੱਖਾਂ ਦਿਸਦਾ ਹੈ ॥

**ਸੁਜਾਗ / ਸੁਜਾਗਾ,** ਵਿ:—ਤੜਕੇ ਜਾਗਣ ਵਾਲਾ, ਸੁਚੇਤ।

**ਸੁਜਾਨ,** ਵਿ:—ਚਤੁਰ, ਸਿਆਣਾ ਗਿਆਨੀ ॥

**ਸੁਜਾਲਣਾ,** ਕ੍ਰਿ:—ਸੋਜ ਪਾਉਣੀ, ਫੁਲਾਉਣਾ ॥

**ਮੂੰਹ ਸੁਜਾਉਣਾ,** ਕ੍ਰਿ:—ਗੁੱਸੇ ਹੋਣਾ।

**ਸੁੰਜੀ,** ਵਿ:—'ਸੁੰਜ' ਦਾ ਇਸਤ੍ਰੀ ਲਿੰਗ ॥

**ਸੁੱਝ,** ਸ:—ਨਜ਼ਰ, ਸਮਝ, ਪਤਾ ॥

**ਸੁੱਝ ਪੈਣਾ,** ਕ੍ਰਿ:—ਦਿੱਸ ਪੈਣਾ, ਮਲੂਮ ਹੋ ਜਾਣਾ

**ਸੁੱਝਣਾ,** ਕ੍ਰਿ:—ਦਿੱਸਣਾ ਨਜ਼ਰ ਆਉਣਾ ਸਮਝ ਵਿਚ ਆਉਣਾ ਮਲੂਮ ਹੋਣਾ ਪਤਾ ਲੱਗ ਜਾਣਾ ॥ ਆਪੇ ਹੀ ਦਿਲ ਵਿੱਚ ਖਿਆਲ ਆਉਣਾ।

**ਸੁਝਾਉਣਾ,** ਕ੍ਰਿ:—ਦਿਖਾਉਣਾ ਸਮਝਾਉਣਾ।

**ਸੁੱਝਆਉਣਾ,** ਕ੍ਰਿ:—ਦਿਸ ਪੈਣਾ ਨਜ਼ਰ ਆ ਜਾਣਾ, ਮਲੂਮ ਹੋ ਜਾਣਾ ॥

**ਸੁੱਦ,** ਵਿ: ਸੁੱਧਾ ॥

**ਸੁੱਦਾ,** ਵਿ: ਸੁਧਾ ਵਾਂਗੂੰ।

**ਸੁੱਦੀ,** ਵਿ:—'ਸੁੱਦਾ' ਦਾ।

**ਸੁੱਟਣਾ,** ਕ੍ਰਿ:—ਡੇਗਣਾ, ਡਾਉਣਾ, ਪਰੇ ਮਾਰਨਾ ॥

**ਸੁਟਾਉਣਾ,** ਕ੍ਰਿ:—ਸੁੱਟਣ ਦਾ ਕੰਮ ਕਰਾਉਣਾ, ਡਿਗਾਉਣਾ ॥

**ਸੁੰਡ,** ਸ:—ਹਾਥੀ ਦਾ ਲੰਮਾ ਨੱਕ।

**ਸੁੰਡੀ,** ਸ:—ਇਕ ਕੀੜਾ ਜੋ ਦਾਣਿਆਂ ਦਾ ਦਾਣਿਆਂ ਤੇ ਫਲਾਂ ਵਿਚ ਪੈ ਜਾਂਦਾ ਹੈ ॥

**ਸੁਡੌਲ,** ਵਿ:—ਚੰਗੀ ਸ਼ਕਲ ਦਾ, ਸੁਹਣਾ, ਚੰਗਾ ਢਾਲਿਆ ਹੋਇਆ ॥

**ਸੁੰਢ,** ਸ:—ਸੁੱਕਾ ਹੋਇਆ ਅਧਰਕ ॥

**ਸੁੱਢਾ,** ਪੁ:—ਗਲਤੀ, ਸੌਦਾ ਜਾ ਲੈਣੇ ਕਰਕੇ ਲਾਏ ਗਏ ਨਾਲੀ ਦਸ ॥

**ਸੁਢਾਲ** ਵਿ:—ਚੰਗੀ ਢਾਲ ਵਾਲਾ, ਸੁਡੌਲ ॥

**ਸੁੰਢੌਲਾ,** ਪੁ:—ਗੁੜ ਘਿਉ ਨੂੰ ਗਰਮ ਕਰਕੇ ਉਸ ਵਿੱਚ ਸੁੰਢ ਰਲਾਈ ਹੋਈ ॥

**ਸੁਣਕਣਾ,** ਕ੍ਰਿ:—ਨੱਕ ਨੂੰ ਜ਼ੋਰ ਨਾਲ ਸਾਫ ਕਰਨਾ, ਸਾਹ ਬਾਹਰ ਕੱਢਣਾ ॥

Digitized by Panjab Digital Library | www.panjabdigilib.org

**ਸੁਣੱਖਾ,** ਵਿ: -ਸੋਹਣੀਆਂ ਅੱਖਾਂ ਵਾਲਾ ॥

**ਸੁਤ,** ਪੁ:--ਪੁੱਤ੍ਰ ॥

**ਸੁੱਤ,** ਸ:--ਪੈਰਾਂ ਦੀਆਂ ਉਂਗਲੀਆਂ ਵਿੱਚ ਪਾਉਣ ਵਾਲੇ ਇਕ ਤਰਾਂ ਦੇ ਚਾਂਦੀ ਦੇ ਛੱਲੇ ॥

**ਸੁਤੰਤ੍ਰ,** ਵਿ:--ਜਿਸ ਨੂੰ ਖੁਲ੍ਹ ਹੋਵੇ, ਜੋ ਆਪਣੀ ਮਰਜ਼ੀ ਨਾਲ ਚੱਲ ਸਕੇ, ਸਿਰਖ਼ੁਦ।

**ਸੁਤੰਤ੍ਰਤਾ,** ਸ: --ਖੁਲ੍ਹ, ਆਪਣੀ ਮਰਜ਼ੀ ਤੇ ਚਲ ਸਕਣਾ ॥

**ਸੁਤਰ,** ਪੁ:- ਊਠ ॥

**ਸੁਤਰ ਬੇ ਮੁਹਾਰ,** ਵਿ:- ਸੁਤੰਤਰ, ਆਪ ਹੁਦਰਾ, ਅਵਾਰਾ ।

**ਸੁਤਰ ਮੁਰਗ,** ਪੁ:--ਇਕ ਬੜਾ ਵੱਡਾ ਕੁੱਕੜ ਦੀ ਜ਼ਾਤ ਦਾ ਪੰਖੇਰੂ ॥

**ਸੁਤਰੀ,** ਸ: --ਊਠ ਉੱਤੇ ਰੱਖਿਆ ਹੋਇਆ ਤੋਸ਼ਾ।

ਵਿ:--ਊਠ ਦੇ ਰੰਗ ਦਾ, ਭੂਰਾ, ਊਠ ਦੇ ਵਾਲਾਂ ਦਾ ਬਣਿਆ ਹੋਇਆ।

**ਸੁੱਤਾ,** ਕ੍ਰਿ:--(ਸੌਣਾ ਧਾਤੂ ਦਾ ਭੂਤ ਕਾਲ)-ਸੌਂ ਗਿਆ ॥

**ਸੁੱਤਾ ਹੋਇਆ,** ਵਿ-ਸੁਸਤ, ਆਲਸੀ, ਬੇ ਪਰਵਾਹ ॥

**ਸੁੱਤੀ ਕਲਾ ਜਗਾਉਣੀ,** ਕ੍ਰਿ:--ਮੱਠੇ ਹੋਏ ਝਗੜੇ ਨੂੰ ਫੇਰ ਖੜਾ ਕਰਨਾ ॥

**ਸੁੱਤੇ ਰਹਿਣਾ,** ਕ੍ਰਿ:--ਨੀਂਦਰ ਵਿੱਚ ਰਹਿਣਾ, ਗਾਫ਼ਲ ਜਾਂ ਬੇ ਪਰਵਾਹ ਰਹਿਣਾ ॥

**ਸੁਤੇ,** ਕ੍ਰਿ-ਆਪੇ ਆਪ, ਸੁਭਾਉਕ ॥

**ਸੁਤੇ ਸਿੱਧ,** ਵਿ:-ਜਤਨ ਕੀਤੇ ਬਾਝੋਂ ਕਿਸੇ ਵਸਤ ਦਾ ਪਰਾਪਤ ਹੋਣਾ ॥

**ਸੁਤੇਲਾ,** ਵਿ:-ਸੌਂਕਣ ਦਾ, ਮਤ੍ਰੇਆ ॥

**ਸੁੱਥਣ,** ਸ:--ਤ੍ਰੀਮਤਾਂ ਦੇ ਪਾਉਣ ਵਾਲਾ ਖੁਲ੍ਹਾ ਪਜਾਮਾ ਜਾਂ ਘੁਟੰਨਾ ॥

**ਸੁਥਣਾ,** ਪੁ-ਖੁਲ੍ਹਾ ਪਜਾਮਾ ॥

**ਸੁਥਣੀ,** ਸ:-ਤ੍ਰੀਮਤਾਂ ਦਾ ਖੁੱਲ੍ਹਾ ਪਜਾਮਾ ॥

**ਸੁਥਰਾ,** ਪੁ:-ਇੱਕ ਹਿੰਦੂ ਫਕੀਰਾਂ ਦਾ ਪੰਥ। ਉਸ ਪੰਥ ਨੂੰ ਚਲਾਉਣ ਵਾਲੇ ਦਾ ਨਾਉਂ, ਲੁੱਚਾ ਜਿਸ ਨੇ ਆਪਣਾ ਸਾਰਾ ਮਾਲ ਉੜਾ ਛੱਡਿਆ ਹੋਵੇ।

ਵਿ:-ਅੱਛਾ, ਚੰਗਾ, ਸੋਹਣਾ, ਖਰਾ, ਸਾਫ਼, ਪਵਿੱਤ੍ਰ।

ਕਈ ਮਰੇ ਕੋਈ ਜੀਵੇ ਸੁਥਰਾ ਘੋਲ ਪਤਾਸੇ ਪੀਵੇ = ਆਜਿਹਾ ਬੇ ਪ੍ਰਵਾਹ ਆਦਮੀ ਜਿਸ ਨੂੰ ਲਥੀ ਚੜ੍ਹੀ ਦੀ ਕੋਈ ਨਹੀਂ ॥

**ਸੁਥਰਾਈ,** ਸ:-ਚੰਗਿਆਈ, ਸਫ਼ਾਈ, ਸੁਹੱਪਣ।

**ਸੁਥਰੇ ਸ਼ਾਹੀ,** ਪੁ:-ਸੁਥਰੇ ਫਕੀਰ, ਸੁਥਰੇ ਦੇ ਚੇਲੇ ਵਿ:--ਸੁਥਰਿਆਂ ਵਾਲਾ ॥

**ਸੁੱਥੁਣ,** ਸ:--'ਸੁੱਥਣ' ਵੇਖੋ ॥

**ਸੁਦ,** ਪੁ:--ਕੋਈ ਖੁਸ਼ੀ ਦਾ ਮੌਕਾ, ਢੰਗ, ਕਾਜ, ਉਤਸਵ ॥

**ਸੁਦ ਸੁਆਰਥ,** ਪੁ:-ਕੋਈ ਖੁਸ਼ੀ ਜਾਂ ਖਰੇ ਸੌਦੇ ਦਾ ਮੌਕਾ, ਵਿਆਹ, ਕਾਜ, ਢੰਗ ॥

**ਸੁਦਨੀ,** ਸ:--ਹੋਣਹਾਰ, ਭਾਵੀ, ਕਿਸਮਤ ॥

**ਸੁੰਦਰ,** ਵਿ:--ਸੋਹਣਾ, ਮਨੋਹਰ, ਚੰਗਾ, ਨੇਕ, ਸੁਭਾਉਕ ਚੰਗਾ

Digitized by Panjab Digital Library / www.panjabdigilib.org

**ਸੁੰਦਰਤਾਈ,** ਸ: -ਸੁੰਦਰਪਨ ॥

**ਸੁੰਦਰਸ,** ਪੁ:—ਇੱਕ ਚੀਜ਼ ਜਿਸ ਦੀਆਂ ਸਿਮ-ਰਨੀਆਂ ਬਨਦੀਆਂ ਹਨ।

**ਸੁੰਦਰੀ,** ਸ: ਸੋਹਣੀ ਤ੍ਰੀਮਤ, ਸੁੰਦਰਪਨ, ਸਤਾਰ ਦੀਆਂ ਤਾਰਾਂ ਦੇ ਹੇਠ ਪਿੱਤਲ ਦੇ ਬੰਦ ਜਿਨ੍ਹਾਂ ਨਾਲ ਸੁਰ ਠੀਕ ਕਰਦੇ ਹਨ ॥

**ਸੁਦਾ,** ਪੁ:-ਪਾਗਲ ਪਨਾ, ਝੱਲ ॥

**ਸੁਦਾ ਹੋਣਾ,** ਕ੍ਰਿ:-ਪਾਗਲ ਹੋਣਾ ।

**ਸੁਦਾ ਪੁਣਾ,** ਪੁ:—ਪਾਗਲ ਪੁਣਾ ।

**ਸੁੱਦਾ,** ਪੁ:—ਸੁੱਕਾ ਹੋਇਆ ਕਰੜਾ ਮੈਲਾ ਜੋ ਆਂਦਰਾਂ ਵਿੱਚ ਫਸ ਜਾਏ ॥

**ਸੁਦਾਉ,** ਪੁ:-'ਸੁਦਾ' ਵੇਖੋ ।

**ਸੁਦਾਇਣ,** ਸ:-ਪਾਗਲ ਤ੍ਰੀਮਤ, ਕਮਲੀ, ਝੱਲੀ ॥

**ਸੁਦਾਈ,** ਪੁ:—ਪਾਗਲ, ਕਮਲਾ, ਝੱਲਾ।

**ਸੁਦਾਗਰ,** ਪੁ:-ਬੁਪਾਰੀ, ਸੌਦਾ ਸੂਤ ਕਰਨਵਾਲਾ।

**ਸੁਦਾਗਰ ਬੱਚਾ,** ਪੁ:—ਜੁਆਨ ਬੁਪਾਰੀ ॥

**ਸੁਦਾਗਰਨੀ,** ਸ:—ਬੁਪਾਰ ਕਰਨ ਵਾਲੀ ਤੀਵੀਂ ।

**ਸੁਦਾਗਰੀ,** ਸ:—ਬੁਪਾਰ, ਵਣਜ, ਵਿਹਾਰ।

**ਸੁਦੀ,** ਸ:—ਸੁਕਲ ਪੱਖ ( ਸੁਕਲ ਵੇਖੋ )

**ਸੁਧ,** ਸ:—ਚੇਤਾ, ਹੋਸ਼, ਸੂਝ, ਖਿਆਲ, ਖਬਰ ਸਾਰ। ਸੋਝੀ ( ਸੁੱਧ ਰੱਖਣੀ )

**ਸੁੱਧ ਬੁੱਧ,** ਸ:—ਹੋਸ਼, ਵਿਚਾਰ, ਸੋਝੀ, ਹੌਂਸਲਾ ।

**ਬੇਸੁਧ,** ਵਿ:—ਬੇਹੋਸ਼, ਬੇਖਬਰ ॥

**ਸੁੱਧ,** ਵਿ:—ਸਾਫ, ਪਵਿੱਤ੍ਰ, ਠੀਕ, ਸਹੀ, ਸਿੱਧਾ, ਸੁੰਦਰ ।
ਸ:—ਹਿੰਦੂਆਂ ਵਿਚ ਕਿਸੇ ਦੇ ਮਰਨ ਤੋਂ ਕਈ ਦਿਨਾਂ ਪਿੱਛੋਂ ਜੋ ਰੀਤ ਕੀਤੀ ਜਾਂਦੀ ਹੈ, ਚਉਕੀ ॥

**ਸੁੱਧ ਸਾਰੰਗ,** ਪੁ:—ਇਕ ਰਾਗ ਜੋ ਤਪਦੇ ਵੇਲੇ ਗਾਂਵਿਆਂ ਜਾਂਦਾ ਹੈ ॥

**ਸੁਧਤਾਈ,** ਸ:—ਦਰੁਸਤੀ, ਸਫਾਈ, ਪਵਿੱਤ੍ਰ-ਤਾਈ।

**ਸੁੱਧਮਨ,** ਵਿ:—ਜਿਸ ਦਾ ਦਿਲ ਸਾਫ ਹੈ, ਸੱਚ, ਨੇਕ ।

**ਸੁੰਧਕਣਾ,** ਕ੍ਰਿ:—ਬਲਣਾ, ਅੱਗ ਲਗਣੀ, ਸੁਲ-ਗਣਾ ॥

**ਸੁੰਧਕਾਉਣਾ,** ਕ੍ਰਿ:—ਬਾਲਣਾ, ਅੱਗ ਲਾਉਣੀ, ਸੁਲਗਾਉਣਾ ।

**ਸੁਧਰਨਾ,** ਕ੍ਰਿ: ਸੌਰਨਾ, ਠੀਕ ਹੋ ਜਾਣਾ ॥

**ਸੁੱਧਾ,** ਵਿ:—ਸਾਫ, ਸਿੱਧਾ, ਭਲਾ, ਸੌਖਾ ।
ਅਵ:—ਨਾਲ, ਸਮੇਤ॥

**ਸੁਧਾਉਣਾ,** ਕ੍ਰਿ:—ਸੁਧ, ਕਰਾਉਣਾ, ਮਹੂਰਤ ਕਢਾਉਣਾ ॥

**ਸੁਧਾਈ,** ਸ: ਸੁਧਾਉਣ ਦੀ ਮਜੂਰੀ ਜਾਂ ਕੰਮ।

**ਸੁੰਨ,** ਵਿ: —ਜਿਸ ਵਿਚ ਪੀੜ ਆਦਿਕ ਮਲੂਮ ਨਾ ਹੋਵੇ, ਪਾਲੇ ਦਾ ਮਾਰਿਆ ਹੋਇਆ। ਚੁਪਚੁੱਪ, ਸੱਖਣਾ, ਖਾਲੀ ॥
ਪੁ:—ਹਾਥੀ ਦੀ ਸੁੰਡ, ਝੋਲਾ ॥

**ਸੁੰਨਸਾਣ,** ਵਿ:—ਉਜਾੜ, ਬੀਆਬਾਨ, ਚੁਪਚਾਣ, ਖਾਲੀ ਥਾਂ ॥

Digitized by Panjab Digital Library / www.panjabdigilib.org

**ਸੁੰਨ ਮਸਾਣ**
**ਸੁੰਨ ਮਸੁੰਨ** } ਵਿ:—ਉਜਾੜ,ਬਣ, ਚੁਪਚਾਣ॥

**ਸੁਨਹੱਪ,** ਪੁ:-ਸੁਰੱਪਣ॥

**ਸੁਨਹਿਰਾ,** ਵਿ:—ਸੋਨੇ ਦਾ, ਸੋਨੇ ਦੇ ਰੰਗ ਦਾ। ਪੁ:-ਰੰਗ ਰਗੜਣ ਵਾਲਾ ਦੇਸ਼ਾ ਰੰਗ

**ਸੁਨਣਾ,** ਕ੍ਰਿ:-ਕੰਨਾਂ ਰਾਹੀਂ ਅਵਾਜ਼ ਦਾ ਜਾਣਨਾ, ਖਬਰ ਹੋਣੀ, ਪਤਾ ਲਗਣਾ।

**ਸੁਨਤ**
**ਸੁੰਨਤ** } ਸ:—ਮੁਸਲਮਾਨਾਂ ਵਿਚ ਜੋ ਇੰਦ੍ਰੀ ਦੀ ਅਗਲਾ ਚੰਮ ਵੱਢ ਸੁੱਟਣ ਦੀ ਰੀਤ ਹੈ॥

**ਸੁੰਨਬਾਹੀ,** ਸ: ਪਿੰਡੇ ਦਾ ਇਕ ਰੋਗ॥

**ਸੁੰਨਾ,** ਵਿ:-ਸੱਖਣਾ, ਖਾਲੀ, ਇਕੱਲਾ॥

**ਸੁਨਾਉਣਾ,** ਕ੍ਰਿ:-ਕੰਨ ਵਿਚ ਅਵਾਜ਼ ਪਾਉਣੀ, ਦੱਸਣਾ,ਖਬਰ ਦੇਣੀ,ਕੌੜੀ ਗੱਲ ਕਰਾਉਣੀ।

**ਸੁਨਾਉਣੀ,** ਸ:-ਕਿਸੇ ਦੇ ਮਰਨ ਦੀ ਖਬਰ (ਸੁਨਾਉਣੀ ਆਉਣੀ, ਘੱਲਣੀ)।

**ਸੁਨਾਉਣੀ ਸੁੱਟਣੀ,** ਕ੍ਰਿ:-ਕਿਸੇ ਨੂੰ ਸੁਨਾਉਣ ਲਈ ਦੂਜੀ ਇਸ਼ਾਰੇ ਨਾਲ ਗੱਲ ਆਖਣੀ॥

**ਸੁਨਾਈ,** ਸ:—ਸੁਨਣ ਦਾ ਕੰਮ॥

**ਸੁਨਾਹਾ,** ਪੁ:-ਸੁਨੇਹਾ, ਖਬਰ ਸਾਰ, ਸਮਾਚਾਰ, ਸੰਦੇਸਾ॥

**ਸੁਨਿਆਰ,** ਪੁ:—ਸੋਨੇ ਚਾਂਦੀ ਦੇ ਗਹਿਣੇ ਘੜਨ ਵਾਲਾ, ਫਰੇਬੀ, ਛਲੀਆ॥

**ਸੁਨਿਆਰ ਪੁਣਾ,** ਪੁ:-ਸੁਨਿਆਰ ਦਾ ਕੰਮ।

**ਸੁਨਿਆਰਣ**
**ਸੁਨਿਆਰੀ** } ਸ:-ਸੁਨਿਆਰੇ ਦੀ ਵਹੁਟੀ।

**ਸੁਨਿਆਰੀ,** ਵਿ:-ਸੁਨਿਆਰੇ ਦਾ॥

**ਸੁਨਿਆਰਾ,** ਪੁ:-'ਸੁਨਿਆਰ' ਵੇਖੋ।

**ਸੁਨਿਯਾਰ,** ਪੁ:-'ਸੁਨਿਆਰ' ਵੇਖੋ

**ਸੁੰਨੀ,** ਵਿ:-ਸੱਖਣੀ, ਖਾਲੀ, ਇਕਲੀ॥

ਪੁ:-ਮੁਸਲਮਾਨਾਂ ਦਾ ਇਕ ਪੰਥ ਜੋ ਇਸਲਾਮ ਦੇ ਪਹਿਲਿਆਂ ਤਿੰਨਾਂ ਖਲੀਫਿਆਂ ਨੂੰ ਮੰਨਦਾ ਹੈ॥

**ਸੁਨੇਹਰੀ,** ਪੁ:-ਸੋਨੇ ਦਾ ਰੰਗ ਜੋ ਤੁਲਣ ਜਾਂ ਕਸੁੰਭੇ ਦੇ ਫੁੱਲਾਂ ਤੋਂ ਬਣਦਾ ਹੈ।

**ਸੁਨੇਹਾ,** ਪੁ:—ਖਬਰਸਾਰ, ਸਮਾਚਾਰ, ਸੰਦੇਸਾ॥

**ਸੁਪਣਾ,** ਪੁ:-ਸੁੱਤੇ ਪਇਆਂ ਨੀਂਦਰ ਵਿਚ ਮਨੁੱਖ ਜੋ ਜੋ ਵੇਖਦਾ ਸੁਣਦਾ ਜਾਂ ਕਰਦਾ ਹੈ॥

**ਸੁਪੱਤਾ,** ਵਿ: ਪੁ:-ਭਲਾ ਮਾਣਸ, ਇੱਜਤ ਵਾਲਾ ਸੀਲ ਸੁਭਾਉ।

**ਸੁਪਨ,** ਪੁ:-'ਸੁਪਣਾ' ਵੇਖੋ॥

**ਸੁਪਰਿੰਟੈਂਡੈਂਟ,** ਪੁ:-ਦੇਖ ਭਾਲ ਕਰਨ ਵਾਲਾ, ਦਾਰੋ-ਗਾ, ਨਾਜਰ॥

**ਸੁਪਰੀਡੈਂਟ,** ਪੁ:—ਦੇਖ ਭਾਲ ਕਰਨ ਵਾਲਾ॥

**ਸੁਪਾਤ੍ਰ,** ਪੁ:-ਭਲਾ ਮਾਣਸ, ਲਾਇਕ ਪੁਤ੍ਰ॥

**ਸੁਪਾਰੀ,** ਸ:-'ਸਪਾਰੀ' ਵੇਖੋ।

**ਸੁਪਾਰੂ,** ਪੁ:-'ਸਪਾਰੂ' ਵੇਖੋ॥

**ਸੁਪੁੱਤ**
**ਸੁਪੁਤ੍ਰ** } ਪੁ:-ਚੰਗਾ ਪੁਤ੍ਰ, ਆਗਿਆਕਾਰੀ, ਸੇਵਾ, ਬਰਖੁਰਦਾਰ॥

**ਸੁਪੁੱਤ੍ਰਾ,** ਪੁ:-ਜਿਸਦਾ ਪੁਤ੍ਰ ਚੰਗਾ ਹੋ॥

**ਸੁਪੂਤ,** ਪੁ:-'ਸੁਪੁੱਤ' ਵੇਖੋ।

**ਸੁਫਨ, (ਨਾ),** ਪੁ:-'ਸੁਪਣਾ' ਵੇਖੋ।

Digitized by Panjab Digital Library | www.panjabdigilib.org

**ਸੁਫਲ,** ਪੁ:—ਚੰਗਾ ਫਲ, ਫ਼ੈਦਾ ॥

**ਸੁਫਲ / ਸੁਫਲਾ** } ਵਿ:—ਚੰਗੇ ਫਲ ਵਾਲਾ, ਹੱਛਾ, ਲਾਹ ਫੈਦ, ਸਕਾਰਥ ।

**ਸੁਫੈਦ,** ਵਿ:—'ਸਫ਼ੈਦ' ਵੇਖੋ ॥

**ਸੁਫੈਦਾ,** ਪੁ:—'ਸਫ਼ੈਦਾ' ਵੇਖੋ ॥

**ਸੁਫੇਦੀ,** ਸ:—'ਸਫੇਦੀ' ਵੇਖੋ ॥

**ਸੁਫੇਦ,** ਵਿ:—'ਸਫੇਦ' ਵੇਖੋ ॥

**ਸੁਫੈਦਾ,** ਪੁ:—'ਸਫ਼ੈਦਾ' ਵੇਖੋ ॥

**ਸੁਫੈਦੀ,** ਸ:—'ਸਫ਼ੈਦੀ' ਵੇਖੋ ॥

**ਸੁੱਬ,** ਪੁ:—ਤਮਾਕੂ ਦੇ ਪੱਤ੍ਰਾਂ ਦਾ ਇਕ ਵਲ, ਭਰੀ ਬੰਨ੍ਹਣ ਵਾਲਾ ਮੁੰਜ ਆਦਿਕ ਦਾ ਰੱਸਾ, ਜਿਸ ਨਾਲ ਕੋਈ ਚੀਜ਼ ਇਕੱਠੀ ਕੀਤੀ ਜਾਵੇ। ਤੋਪ ਨੂੰ ਸਾਫ ਕਰਨ ਵਾਲੀ ਚੀਜ਼। ਸੁੰਬਾ ॥

**ਸੁੰਬ,** ਪੁ:—ਘੋੜੇ ਦਾ ਖੁਰ, ਪਾਣੀ ਦਾ ਕੁੰਡ ॥

**ਸੁਬਹਾ,** ਪੁ:—ਸੰਸਾ, ਭਰਮ, ਵਸਵਾਸ ।
ਸ:—ਸਵੇਰ, ਤੜਕਾ, ਪਰਭਾਤ ॥

**ਸੁਬਹਾਨ,** ਅਵ:—ਧੰਨ ਹੈ ਪਰਮੇਸ਼ੁਰ ! ਬੱਲੇ, ਵਾਹ ਵਾਹ ! ।

**ਸੁਬਕ,** ਵਿ:—ਹਲਕਾ, ਹੌਲਾ, ਪਤਲਾ, ਨਰਮ ॥

**ਸੁਬਕਊ,** ਪੁ:—ਹਲਕਾਪਨ, ਚੰਚਲਤਾਈ ॥

**ਸੁਬਕਾਈ / ਸੁਬਕੀ** } ਸ:—ਹਲਕਾ ਪਨ, ਚੰਚਲਤਾਈ, ਬਰੀਕੀ, ਨਾਜ਼ਕੀ, ਕਮੀਨਪੁਣਾ ॥

**ਸੁੱਬਰ,** ਪੁ:—'ਸੁੱਬ' ਵੇਖੋ ॥

**ਸੱਬੜ / ਬਾ** } ਪੁ:—'ਸੁੱਬ' ਵੇਖੋ ।

**ਸੁੰਬਾ,** ਪੁ:—ਇਕ ਡੰਡਾ ਜਿਸ ਦੇ ਅੱਗੇ ਲੀਰਾਂ ਆਦਿਕ ਬੱਧੀਆਂ ਹੋਣ (ਪੱਟਾ ਝਾੜਨ ਲਈ), ਬੰਦੂਕ ਦਾ ਗਜ਼।
ਤਕੜਾ ਲੰਮਾ ਝੰਮਾ ਆਦਮੀ ॥

**ਸੁੰਬਾਇਤ,** ਸ:—ਖੁਰ (ਘੋੜੇ ਜਾਂ ਖੋਤੇ ਦਾ), ਸਾਬਤ ਖੁਰ ॥

**ਸੁਬਾਕ,** ਵਿ:—ਸੋਹਣੀ ਗੱਲ ਕਰਨ ਵਾਲਾ ॥

**ਸੁਬਾਲ੍ਹ,** ਪੁ:—'ਸਰਬਾਲ੍ਹ' ਵੇਖੋ ॥

**ਸੁਬਿਹਤਾ,** ਪੁ:—ਵੇਹਲ, ਅਰਾਮ, ਬਿਸਰਾਮ, ਰੋਗ ਦਾ ਘਟਣਾ, ਲਾਹ, ਫ਼ੈਦਾ, ਸੌਖ, ਭਲਾ, ਅਰੋਗਤਾ ॥
ਵਿ:—ਅਗੇ ਨਾਲੋਂ ਹੱਛਾ, ਚੰਗਾ ਭਲਾ। ਜੀ ਸੁਖਾਲਾ ॥

**ਸੁਬਿਹਾਰ,** ਵਿ:—ਬਹੁਤ, ਫਾਵਾ, ਬਾਹਲਾ ॥

**ਸੁੱਬੀ,** ਸ:—ਛੋਟਾ ਸੁੱਬ, 'ਸੁੱਬ' ਵੇਖੋ ॥

**ਸੁੰਬੈਤ,** ਸ:—'ਸੁੰਬਾਇਤ' ਵੇਖੋ ॥

**ਸੁਭ,** ਵਿ:—ਹੱਛਾ, ਚੰਗਾ, ਮਨਭਾਉਂਦਾ, ਭਾਗਾਂ ਵਾਲਾ, ਚੰਗੇ ਸਗਨ ਵਾਲਾ ॥
ਸ:—ਚੰਗੀ ਗੱਲ, ਭਲਿਆਈ, ਅਰੋਗਤਾ ॥

**ਸੁਭ ਘੜੀ,** ਸ:—ਚੰਗਾ ਮਹੂਰਤ ॥

**ਸੁੱਭਰ / ਸੁਭੂਰ** } ਵਿ:—ਮੈਲਾ, ਗੁਦਗਦਾ, ਗਾੜ੍ਹਾ (ਕੱਪੜਾ ਆਦਿਕ)।

ਪੁ:—ਮਜੀਠ ਵਿੱਚ ਰੰਗਿਆ ਹੋਇਆ ਇੱਕ ਮੋਟਾ ਕੱਪੜਾ ॥

**ਸੁਭਾ / ਸੁਭਾਉ** } ਪੁ:—ਮਜ਼ਾਜ, ਤਬੀਅਤ, ਹਾਲਤ ਤਾਕਤ ਦੌਲਤ, ਵਾਦੀ, ਕਿਸੇ ਚੀਜ਼ ਦੇ ਗੁਣ ॥

Digitized by Panjab Digital Library | www.panjabdigilib.org

**ਸੁਭਾਉਕ,** ਵਿ:—ਕੁਦਰਤੀ, ਆਪਣੇ ਆਪ ॥

**ਸੁਭਾਵ,** ਪੁ:—'ਸੁਭਾ' ਵੇਖੋ ॥

**ਸੁਭਾਵਕ,** ਵਿ:—'ਸੁਭਾਉਕ' ਵੇਖੋ ॥

**ਸੁੱਮ,** ਪੁ:—'ਸੁੰਬ' ਵੇਖੋ ॥

**ਸੁਮੱਤ,** ਸ:—ਚੰਗੀ ਮਤ, ਚੰਗਾ ਸੁਭਾਉ, ਖਰਾ ਦਿਲ, ਸਖਾਉਤ, ਨੇਕ ਸਲਾਹ ॥

**ਸੁਮਰਨ,** ਸ:—ਚੇਤਾ, ਜਾਪ (ਖ਼ਾਸ ਕਰਕੇ ਪਰਮੇਸ਼ੁਰ ਦੇ ਨਾਉਂ ਦਾ), ਇੱਕ ਛੋਟੀ ਮਾਲਾ ॥

**ਸੁਮਰਨਾ,** ਕ੍ਰਿ:—ਚੇਤੇ ਕਰਨਾ, ਜਪਣਾ (ਖ਼ਾਸ ਕਰਕੇ ਪਰਮੇਸ਼ੁਰ ਦਾ ਨਾਉਂ) ॥

**ਸ਼ੁਮਾਰ,** ਪੁ:—ਗਿਣਤੀ ॥

**ਸੁਮੇਰ,** ਪੁ:—'ਸਮੇਰ' ਵੇਖੋ ॥

**ਸੁਮੇਲ,** ਵਿ:—ਜਿਸ ਦਾ ਮੇਲ ਠੀਕ ਮਿਲਦਾ ਹੈ, ਮੁਨਾਸਬ, ਜੋਗ ॥

ਪੁ:—ਜੋੜ, ਦਰੁਸਤੀ ।

**ਸੁਮੋਸਾ,** ਪੁ:—ਦੂਹਰਾ ਕੀਤਾ ਹੋਇਆ ਕੱਪੜਾ ਜਿਸ ਦੀਆਂ ਤਿੰਨ ਨੁੱਕਰਾਂ ਹੋ ਜਾਣ, ਇਕ ਤਰਾਂ ਦੀ ਤਲੀ ਹੋਈ ਸਲੂਣੀ ਚੀਜ਼ ਜਿਸ ਦੀਆਂ ਤਿਨ ਨੁੱਕਰਾਂ ਹੁੰਦੀਆਂ ਹਨ ।

**ਸੁਰ,** ਸ:-ਪੁ:—(ਬਹੁ ਬਚਨ—ਸੁਰਾਂ) ਅਵਾਜ਼, ਸ਼ਬਦ, ਤਾਨ, ਰਾਗ, ਗੀਤ, ਧਾਰਨਾ, ਮਲ, ਨਾਸਾਂ ਰਾਹੀਂ ਸਾਹ ਲੈਣਾ। ਦੇਵਤਾ, ਦੇਉਤਾ ।

**ਉੱਚੀ ਸੁਰ,** ਸ:—ਗਾਉਣ ਦੇ ਵੇਲੇ ਜੋ ਉੱਚੀ ਅਵਾਜ਼ ਨਿਕਲੇ । ਪੰਚਮ ॥

**ਸੁਰ ਕਰਨਾ,** ਕ੍ਰਿ:—ਅਵਾਜ਼ ਕੱਢਣੀ, ਗਾਉਣ ਲੱਗਿਆਂ ਅਵਾਜ਼ ਠੀਕ ਕਰਨੀ, ਕਿਸੇ ਵਜੰਤਰ ਦੀਆਂ ਤਾਰਾਂ ਆਦਿਕ ਠੀਕ ਕਰਕੇ ਸੁਰ ਮੇਲਣੀ, ਰਾਗ ਅਲਾਪਣਾ ॥

**ਨੀਵੀਂ ਸੁਰ,** ਸ:—ਮੱਧਮ ਅਵਾਜ਼ ॥

**ਸੁਰ ਮਿਲਾਉਣੀ,** ਕ੍ਰਿ:—ਇਕ ਵਜੰਤਰ ਦੀ ਸੁਰ ਨੂੰ ਦੂਜੇ ਦੇ ਨਾਲ ਮੇਲਣਾ, ਇੱਕਾ ਕਰਨਾ, ਮੇਲ ਕਰਨਾ, ਸਲਾਹ ਕਰਨੀ ॥

**ਬੇ ਸੁਰ,** ਕ੍ਰਿ:, ਵਿ:—ਸੁਰ ਵਿਗਾੜ ਕੇ ॥

**ਬੇ ਸੁਰਾ,** ਵਿ:—ਜਿਸ ਦੀ ਸੁਰ ਠੀਕ ਨਹੀਂ, ਬੇ ਤੋਲਾ, ਕੋਹਜਾ ।

**ਸੁਰ ਲਾਉਣੀ**<br>**ਸੁਰਾਂ ਲਾਉਣੀਆਂ** } ਕ੍ਰਿ:—'ਮਿਰਜ਼ਾ' ਆਦਿਕ ਰਟਕੇ ਗੀਤ ਗਾਉਣਾ । ਲੰਮੀ ਹੇਕ ਲਾਕੇ ਗਾਉਣਾ ॥

**ਸੁਰਸਤੀ,** ਸ:—'ਵਿੱਦਿਆ ਦੀ ਦੇਵੀ', ਬਾਣੀ ॥

**ਮੂੰਹ ਉੱਤੇ ਸੁਰਸਤੀ ਬੈਠਣਾ,** ਕ੍ਰਿ:—ਅਗੰਮੋਂ ਦੀਆਂ ਗੱਲਾਂ ਕਰਨੀਆਂ ॥

**ਸੁਰਸੁਰਾ,** ਪੁ:—ਇਕ ਤਰਾਂ ਦੀ ਲੋਹੇ ਦੀ ਮੇਖ ਜਿਸ ਦੇ ਦੋਹੀਂ ਪਾਸੀਂ ਨੋਕਾਂ ਹੁੰਦੀਆਂ ਹਨ ਅਤੇ ਦੋ ਫੱਟੀਆਂ ਦੀਆਂ ਧਾਰਾਂ ਨੂੰ ਜੋੜਨ ਲਈ ਵਰਤੀ ਜਾਂਦੀ ਹੈ।

**ਸੁਰਸੁਰਾਉਣਾ,** ਕ੍ਰਿ:—ਰਿੜ੍ਹਨਾ, ਸੱਪ ਵਾਕਰ ਧਰਤੀ ਉੱਤੇ ਢਿੱਡ ਘਸਰ ਘਸਰ ਕੇ ਚੱਲਣਾ, ਰਿੜ੍ਹਨ ਦੀ ਅਵਾਜ਼ ਹੋਣੀ, 'ਸੁੜ੍ਹ ਸੁੜ੍ਹ ਕਰਨਾ' ਭੀ ਵੇਖੋ ॥

**ਸੁਰ ਸੁੜ੍ਹਾਟ,** ਪੁ:—ਸੱਪ ਜਾਂ ਰੱਸੇ ਦੇ ਘਸਰਨ ਦੀ ਅਵਾਜ਼

**ਸੁਰਹਾ**<br>**ਸੁਰਹਾਂ** } ਸ:—ਬਿਹਸ਼ਤ ਦੇਸ ਦੀ ਗਊ। ਜੋ ਗਊ ਸਦਾ ਦੁੱਧ ਦੇਂਦੀ ਰਹੇ।

**ਸੁਰਕਣਾ,** ਕ੍ਰਿ:—ਹਿੱਲਣਾ, ਦੁਰਕਣਾ, ਰਿੜ੍ਹਨਾ

Digitized by Panjab Digital Library | www.panjabdigilib.org

ਧਰਤੀ ਨਾਲ ਸਰੀਰ ਘਸਰ ਘਸਰ ਕੇ ਤੁਰਨਾ ॥

**ਸੁਰਕ ਮੁਰਕ,** ਸ:—ਇੱਕ ਪਾਸਿਓਂ ਦੂਏ ਪਾਸੇ ਹਿੱਲਣਾ ॥

**ਸੁਰਖ਼,** ਵਿ:—ਲਾਲ, ਰੱਤਾ, ਕਸੁੰਭੇ ਦੇ ਰੰਗ ਦਾ।

ਪੁ:—ਇਕ ਲਾਲ ਪਖੇਰੂ।

**ਸੁਰਖ਼ ਬਾਦ,** ਪੁ:—ਇੱਕ ਰੋਗ ॥

**ਸੁਰਖਰੂ / ਸੁਰਖਰੋ** } ਵਿ:—ਕਿਸੇ ਦਾ ਕੰਮ ਪੂਰਾ ਕਰਕੇ ਜੋ ਉਸ ਤੋਂ ਭਲਿਆਈ ਲਏ ਦੂਏ ਜੋ ਸਾਮ੍ਹਣੇ ਜਿਸ ਦੀ ਲਾਜ ਰਹੇ, ਜਿਸ ਦਾ ਕਾਰਜ ਰਾਸ ਆਵੇ। (ਸੁਰਖਰੂ ਹੋਣਾ, ਕਰਨਾ)॥

**ਸੁਰਖ ਰੋਈ,** ਸ:—ਜੱਸ, ਵਡਿਆਈ, ਭਲਿਆਈ, ਸ਼ੁੱਧ ਅੰਤਹਕਰਣ ॥

**ਸੁਰਖਾ,** ਪੁ:—ਘੋੜਿਆਂ ਦਾ ਇੱਕ ਰੰਗ, ਚਿੱਟਿਆਈ ਦੀ ਭਾਹ ਮਾਰਨ ਵਾਲਾ ਭੂਰਾ ਰੰਗ।

**ਸੁਰਖ਼ਾਬ,** ਪੁ:—ਇੱਕ ਪਾਣੀ ਵਿੱਚ ਰਹਿਣਵਾਲਾ ਪੰਖੇਰੂ ਜਿਸ ਦਾ ਪਰ ਬਹੁਤ ਸੋਹਣਾ ਅਤੇ ਵਡ ਮੁੱਲਾ ਹੁੰਦਾ ਹੈ।

**ਸੁਰਖ਼ਾਬ ਦਾ ਪਰ,** ਪੁ:—ਅਨੋਖੀ ਗਾਥ।

**ਸੁਰਖ਼ਾਬ ਦਾ ਪਰ ਸਿਰ ਤੇ ਹੋਣਾ ਜਾਂ ਲੱਗਣਾ** } ਕ੍ਰਿ: ਗੁਮਾਨ ਕਰਨਾ, ਆਕੜਨਾ ॥

**ਸੁਰਖ਼ੀ,** ਸ:—ਲਾਲੀ, ਲਾਲ ਰੰਗ, ਇੱਟਾਂ ਜਾਂ ਮਿੱਟੀ ਦੇ ਭਾਂਡਿਆਂ ਦੇ ਟੋਟਿਆਂ ਨੂੰ ਪੀਹ ਕੇ ਜੋ ਲਾਲ ਚੂਰਨ ਜਿਹਾ ਬਣ ਜਾਂਦਾ ਹੈ ਅਤੇ ਜਿਸ ਨੂੰ ਚੂਨੇ ਨਾਲ ਰਲਾ ਕੇ ਵਰਤਦੇ ਹਨ ਲਾਲ ਸਿਆਹੀ, ਛਾਪਣ ਵਿੱਚ ਕਿਸੇ ਹਿੱਸੇ ਨੂੰ ਉੱਘਾ ਕਰ ਦੇਣਾ ॥

**ਸੁਰਗ,** ਪੁ:—ਪਰਲੋਕ ਵਿਚ ਉਹ ਥਾਂ ਜਿੱਥੇ ਚੰਗ ਕੰਮ ਕਰਨ ਵਾਲ ਮਰ ਕੇ ਜਾਂਦੇ ਹਨ। ਬਹਿਸ਼ਤ। ਦੇਵ ਲੋਕ।

**ਸੁਰਗ ਬਾਸ / ਸੁਰਗ ਬਾਸੀ** } ਪੁ:—ਸੁਰਗ ਵਿੱਚ ਰਹਿਣ ਵਾਲਾ ਮੋਇਆ ਹੋਇਆ।

**ਸੁਰਗ ਬਾਸ ਹੋਣਾ,** ਕ੍ਰਿ:—ਮਰ ਜਾਣਾ ॥

**ਸੁਰੰਗ,** ਸ:—'ਸੁਰੰਗ' ਵੇਖੋ ॥

**ਸੁਰਗਣ,** ਸ: / **ਸੁਰਗੀ,** ਪੁ: } ਸੁਰਗ ਵਿੱਚ ਰਹਿਣ ਵਾਲੀ ਜਾਂ ਵਾਲਾ ਸੁਰਗ ਦਾ ॥

**ਸੁਰਗੁਣ,** ਵਿ:—ਜਿਸ ਵਿੱਚ ਸਭ ਅੱਛੇ ਗੁਣ ਹਨ, ਪਰਮੇਸੁਰ ॥

**ਸੁਰਜਣ,** ਪੁ:—ਸਜਣ, ਮਿੱਤ੍ਰ, ਪਿਆਰਾ, ਬੇਲੀ, ਭਲਾ ਲੋਕ ॥

**ਸੁਰਜਣਾ,** ਕ੍ਰਿ:—ਬਣਾਉਣਾ, ਉਤਪਤ ਕਰਨਾ, ਪੈਦਾ ਕਰਨਾ ॥

**ਸੁਰਜੀਤ,** ਵਿ:—ਜੀਉਂਦਾ ਜਾਗਦਾ, ਜਿਸ ਵਿੱਚ ਜਿੰਦ ਹੋਵੇ ॥

**ਸੁਰਤ,** ਸ:—ਸਮਝ, ਵਿਚਾਰ, ਧਿਆਨ, ਸੋਝੀ, ਹੋਸ਼। ਚੇਤਾ, ਦਿਲ, ਮਨ ॥

**ਸੁਰਤ ਸੰਭਾਲਣਾ,** ਕ੍ਰਿ:—ਸਮਝ ਆਉਣੀ, ਭਲਾ ਬੁਰਾ ਵਿਚਾਰਨ ਲਗ ਪੈਣਾ, ਸਿਆਣੇ ਹੋਣਾ।

**ਸੁਰਤ ਕਰਨਾ,** ਕ੍ਰਿ:—ਹੋਸ਼ ਵਿੱਚ ਆਉਣਾ (ਜਿਹਾ ਕਿ 'ਉਹ' ਸੁਰਤ ਨਹੀਂ ਕਰਦਾ)।

**ਸੁਰਤ ਟਿਕਾਣੇ ਨਾਂ ਰਹਿਣੀ / ਸੁਰਤ ਮਾਰੀ ਜਾਣੀ** } ਕ੍ਰਿ:—ਘਾਬਰ ਜਾਣਾ, ਤੇਰ ਭੇਰ ਹੋ ਜਾਣਾ, ਸਿਰ ਭੌਂ ਜਾਣਾ।

Digitized by Panjab Digital Library / www.panjabdigilib.org

**ਸੁਰਤਾ,** ਵਿ:–ਸੁਰਤ ਵਾਲਾ, ਸਮਝਦਾਰ, ਸਿਆਣਾ, ਚਤਰ, ਚੋਕਸ, ਹੁਸ਼ਿਆਰ, ਠੀਕ ਕੰਮ ਕਰਨ ਵਾਲਾ ॥

**ਸੁਰਤੀ,** ਸ:–ਵੇਦ, ਵੇਦ ਮੰਤ੍ਰ। ਸੁਰਤ ॥

**ਸੁਰਤੀਲਾ**
**ਸੁਰਤੈਲਾ** } ਵਿ:–'ਸੁਰਤਾ' ਵੇਖੋ ॥

**ਸੁਰਨਾਇਕੀ,** ਵਿ:–ਸੁਰਨਾਈ ਵਜਾਉਣ ਵਾਲਾ॥

**ਸੁਰਨਾਈ,** ਸ:–ਇੱਕ ਤਰ੍ਹਾਂ ਦੀ ਬਾਂਸਰੀ ਜਾਂ ਤੁਰ੍ਹੀ ॥

**ਸੁਰਨਾਹ**
**ਸੁਰਨਾਹੀ** } ਸ:–'ਸਰਨਾਹ' ਵੇਖੋ ।

**ਸੁਰਮਈ,** ਵਿ:–ਸੁਰਮੇ ਦੇ ਰੰਗ ਦਾ, ਗੂੜ੍ਹੇ ਨੀਲੇ ਰੰਗ ਦਾ ਜੋ ਲਾਲੀ ਦੀ ਭਾਹ ਮਾਰੇ ॥

**ਸੁਰਮਚੂ,** ਪੁ:—ਅੱਖਾਂ ਵਿਚ ਸੁਰਮਾ ਪਾਉਣ ਵਾਲੀ ਸਲਾਈ ॥

**ਸੁਰਮਾ,** ਪੁ:–ਇੱਕ ਗੂੜ੍ਹੇ ਨੀਲੇ ਰੰਗ ਦਾ ਪੱਥਰ ਜਿਸ ਨੂੰ ਮਹੀਨ ਪੀਹ ਕੇ ਅੱਖਾਂ ਵਿੱਚ ਪਾਉਂਦੇ ਹਨ। ਇਸ ਨਾਲ ਅੱਖਾਂ ਦੀ ਜੋਤ ਵਧਦੀ ਹੈ ਅਤੇ ਅੱਖਾਂ ਠੰਡੀਆਂ ਰਹਿੰਦੀਆਂ ਹਨ। ਲਿਖਣ ਵਾਲੀ ਕਾਲੀ ਸੁੱਕੀ ਚੀਜ, ਪਿੰਸਲ ਦੀ ਸਿਆਹੀ ॥

**ਸੁਰਮੀ,** ਸ:–ਇੱਕ ਤਰ੍ਹਾਂ ਦਾ ਘਟੀਆ ਸੁਰਮਾ॥

**ਸੁਰਮੇਦਾਣੀ,** ਸ:–ਧਾਤ, ਲੱਕੜੀ ਜਾਂ ਹਾਥੀ ਦੰਦ ਦੀ ਡੱਬੀ ਜਿਸ ਵਿੱਚ ਸੁਰਮਾ ਪਾਇਆ ਜਾਂਦਾ ਹੈ ॥

**ਸੁਰਲਾਉਣਾ,** ਕ੍ਰਿ: ਸਰਕਣਾ, ਪਸਰ ਪਸਰ ਕੇ ਤੁਰਨਾ (ਜਿੱਕੁਰ ਪਿਛੇ ਉੱਤੇ ਚੀੜ੍ਹੀ ਆਦਿਕ ਸੁਰ ਲਾਉਂਦੀ ਹੈ)। ਸੁਸਤੀ ਨਾਲ ਕੰਮ ਕਰਨਾ ਬੇ ਪਰਵਾਹੀ ਕਰਨੀ ॥

**ਸੁਰਲਿਆ ਹੋਇਆ,** ਵਿ:—ਸੁਸਤ, ਆਲਸੀ, ਬੇ ਪਰਵਾਹ, ਗਾਫ਼ਲ ॥

**ਸੁਰੜ ਸੁਰੜ ਕਰਣਾ,** ਕ੍ਰਿ:—ਰੋਸੇ ਨਾਲ ਨੱਕ ਵਿੱਚ ਸੌਂਕ ਦੇ ਹਿੱਲਣ ਦੀ ਅਵਾਜ ਕੱਢਣੀ।

**ਸੁਰਾਹੀ,** ਸ:—ਇੱਕ ਮਿੱਟੀ ਦਾ ਭਾਂਡਾ ਜਿਸ ਦਾ ਗਲ ਲੰਮਾ ਅਤੇ ਭੀੜਾ ਹੁੰਦਾ ਹੈ। ਇਸ ਵਿੱਚ ਪਾਣੀ ਠੰਢਾ ਰਹਿੰਦਾ ਹੈ। ਇਸ ਸ਼ਕਲ ਦਾ ਕੋਈ ਭਾਂਡਾ। ਕੰਨ ਵਿੱਚ ਪਾਉਣ ਵਾਲੇ ਇੱਕ ਤਰ੍ਹਾਂ ਦੇ ਲੰਮੇ ਮੋਤੀ॥

**ਸੁਰਾਲਾ,** ਪੁ:—ਇੱਕ ਤਰ੍ਹਾਂ ਦਾ ਕੰਡਿਆਲਾ ਘਾਹ।

**ਸੁਰੀਤ,** ਸ:—ਚੰਗੀ ਰੀਤ, ਧਰੋਲ ॥

**ਸੁਰੰਗ,** ਸ:—ਧਰਤੀ ਦੇ ਥੱਲੇ ਬਣਿਆ ਹੋਇਆ ਰਾਹ, ਜਾਂ ਅਜੇਹੀ ਮੋਰੀ ਜਿਸ ਵਿੱਚ ਬਰੂਦ ਭਰ ਕੇ ਉੱਪਰਲਿਆਂ ਮਕਾਨਾਂ ਆਦਿਕਾਂ ਨੂੰ ਉਡਾਇਆ ਜਾ ਸਕੇ। ਸਮੁੰਦ੍ਰ ਦੇ ਅੰਦਰ ਜਹਾਜ ਡੋਬਣ ਵਾਲੀਆਂ ਬਿਜਲੀ ਦੀਆਂ ਤਾਰਾਂ ॥

**ਸੁਰੂ,** ਪੁ:—ਮੁੱਢ, ਅਰੰਭ, ਆਦ ॥

**ਸੁਰੂਆ (ਵਾ),** ਪੁ:—'ਸ਼ੋਰੇਆ' ਵੇਖੋ ॥

**ਸੁਲ੍ਹਾ,** ਸ:—ਮੇਲ, ਮਲੌਤ, ਸਲੂਕ, ਲਿਹਾਜ॥

**ਸੁਲ੍ਹਾ ਸਫ਼ਾਈ,** ਸ:—ਮੇਲ ਮਿਲਾਪ, ਰੁੱਸਿਆਂ ਦਾ ਮੰਨ ਪੈਣਾ॥

**ਸੁਲ੍ਹਾ ਹੋਣੀ,** ਕ੍ਰਿ:—ਰੁੱਸੇ ਮਨੁੱਖ ਦਾ ਮੰਨ ਪੈਣਾ ਲੜਾਈ ਹਟ ਜਾਣੀ ॥

**ਸੁਲ੍ਹਾ ਕਰਨੀ,** ਕ੍ਰਿ:—ਮੰਨ ਪੈਣਾ, ਮਨਾ ਲੈਣਾ, ਸ਼ਰਤਾਂ ਮੰਨ ਲੈਣੀਆਂ, ਕਰਾਰ ਨਾਮੇ ਉੱਤੇ ਸਹੀ ਪਾ ਦੇਣੀ।

Digitized by Panjab Digital Library | www.panjabdigilib.org

**ਸੁੱਲ੍ਹਾ ਕਰਵਾਉਣੀ,** ਕ੍ਰਿਃ—ਮਨਾਉਣਾ ਰੁੱਠਿਆਂ ਨੂੰ ਆਪੋ ਵਿੱਚ ਮੇਲ ਦੇਣਾ ॥

**ਸੁਲ੍ਹਾ,** ਵਿਃ—ਸੁਸਤ, ਆਲਸੀ, ਬੇ ਪਰਵਾਹ ॥

**ਸੁਲਸੁਲਾ,** ਪੁਃ—'ਸੁਰਸੁਰਾ' ਦੇਖੋ ॥

**ਸੁਲੱਖਣਾ,** ਵਿਃ—ਭਾਗਾਂ ਵਾਲਾ, ਸੁਖੀ, ਨੇਕ ॥

**ਸੁਲਗ,** ਸਃ—ਬਲਣਾ, ਭੜਕ ॥

**ਸੁਲੱਗ,** ਵਿਃ—ਚੰਗੇ ਸੁਭਾਉ ਵਾਲਾ, ਨਿਰਦੋਸ, ਖਾਲਸ ( ਸੋਨਾ ਚਾਂਦੀ ਆਦਿਕ )॥

**ਸੁਲਗਣਾ,** ਕ੍ਰਿਃ—ਬਲਣਾ, ਧੁਖਣਾ ।

**ਸੁਲਗਾਉਣਾ,** ਕ੍ਰਿਃ—ਬਾਲਣਾ, ਧੁਖਾਉਣਾ ॥

**ਸੁਲੱਛਣਾ,** ਵਿਃ—ਭਾਗਾਂ ਵਾਲਾ, ਸੁਖੀ, ਨੇਕ ॥

**ਸੁਲਝਣਾ,** ਕ੍ਰਿਃ—ਸਾਫ਼ ਹੋਣਾ, ਖੁਲ੍ਹਣਾ (ਗੁੰਝਲਾਂ ਦਾ ), ਔਖ ਦੂਰ ਹੋਣਾ ॥

**ਸੁਲਝਾਉਣਾ,** ਕ੍ਰਿਃ—ਗੁੰਝਲ ਆਦਿਕ ਖੋਲ੍ਹਣਾ, ਸਾਫ਼ ਕਰਨਾ, ਔਖ ਦੂਰ ਕਰਨਾ ॥

**ਸੁਲਤਾਨ,** ਪੁਃ—ਪਾਤਸ਼ਾਹ, ਰਾਜਾ, ਇਕ ਮੁਸਲਮਾਨ ਪੀਰ ਦਾ ਨਾਉਂ ਜਿਸ ਨੂੰ ਕਈ ਹਿੰਦੂ ਮੁਸਲਮਾਨ ਮੰਨਦੇ ਹਨ ॥

**ਸੁਲਤਾਨਣ,** ਸਃ—ਸੁਲਤਾਨ ਨਾਮੇ ਪੀਰ ਨੂੰ ਮੰਨਣ ਵਾਲੀ ॥

**ਸੁਲਤਾਨੀ,** ਪੁਃ—ਸੁਲਤਾਨ ਨੂੰ ਮੰਨਣ ਵਾਲਾ, ਇਕ ਤਰ੍ਹਾਂ ਦੀ ਬਨਾਤ ॥

**ਸੁਲਤਾਨੀਆ,** ਪੁਃ—ਸੁਲਤਾਨ ਨੂੰ ਮੰਨਣ ਵਾਲਾ ॥

**ਸੁਲਫਾ,** ਪੁਃ—ਜਿੰਨਾ ਤਮਾਕੂ ਜਾਂ ਚਰਸ ਇੱਕ ਵੇਲੇ ਚਿਲਮ ਵਿੱਚ ਪਾਇਆ ਜਾਂਦਾ ਹੈ ॥

**ਸੁਲਾਉਣਾ,** ਕ੍ਰਿਃ—ਸੁਆਉਣਾ, ਨੀਂਦਰ ਲਿਆਉਣੀ, ਸੁਆਲਣਾ ॥

**ਸੁਲਾਈ,** ਸਃ—ਸੁਆਉਣ ਦੀ ਮਜੂਰੀ ॥

**ਸੁਲਾਕ,** ਪੁਃ—ਛੇਕ, ਮੋਰੀ ॥

**ਸੁਲਾਕਣਾ,** ਕ੍ਰਿਃ—ਛੇਕ ਕੱਢਣਾ, ਮੋਰੀ ਕਰਨਾ, ਪਰਖਣਾ, ਜਾਚਣਾ ।

**ਸੁਲਾਕਾਂ,** ਸਃ—( ਬਹੁਬਚਨ ), ਸੀਖਾਂ, ਸੂਲਾਂ ॥

**ਸੁਲੂਣਾ,** ਵਿਃ, ਪੁਃ—'ਸਲੂਣਾ' ਦੇਖੋ ॥

**ਸੁਲੇਮਾਨ,** ਪੁਃ—ਇੱਕ ਪੁਰਾਣੇ ਸਮੇਂ ਦਾ ਯਹੂਦੀਆਂ ਦਾ ਰਾਜਾ ਜੋ ਬਹੁਤ ਮਹਾਤਮਾ ਅਤੇ ਬੁੱਧਵਾਨ ਸਾ ॥

**ਸੁਲੇਮਾਨੀ,** ਵਿਃ—ਸੁਲੇਮਾਨ ਦਾ ॥

**ਸੰਗ ਸੁਲੇਮਾਨੀ,** ਪੁਃ—ਇੱਕ ਤਰ੍ਹਾਂ ਦਾ ਪੱਥਰ ਜਿਸ ਦੇ ਹਿੱਸੇ ਰੰਗ ਬਰੰਗ ਦੇ ਹੁੰਦੇ ਹਨ ॥

**ਤਖਤ ਸੁਲੇਮਾਨੀ**—ਉਡਣਾ ਤਖਤ ਜੋ ਪਰੀਆਂ ਲਈ ਫਿਰਦੀਆਂ ਹਨ ॥

**ਸੁਵਖਤੇ,** ਕ੍ਰਿਃ ਵਿਃ—ਸਵੱਲੇ, ਬਹੁਤ ਦਿਨ ਚੜ੍ਹੇ ਨਾਂ ।

**ਸੁਵਚਨ,** ਪੁਃ—ਚੰਗਾ ਬਚਨ, ਸੋਹਣੀ ਗੱਲ ॥

**ਸੁਵਰਣ,** ਪੁਃ—ਸੋਨਾ, ਸਿਉਨਾ ॥

**ਸੁਵੱਲਾ,** ਵਿਃ—ਸਸਤਾ ॥

**ਸੁਵਾਉਣਾ,** ਕ੍ਰਿਃ—ਸੁਆਉਣਾ, ਨੀਂਦਰ ਲਿਆਉਣੀ, ਹੁੰਗਾਉਣਾ, ( ਕੱਪੜੇ ਆਦਿਕ ਦੇ ) ਸੀਉਣ ਦਾ ਕੰਮ ਕਰਾਉਣਾ, ਬੱਚਾ ਜਮਾਉਣਾ॥

**ਸੁੜ ਸੁੜ ਕਰਨਾ,** ਕ੍ਰਿਃ—ਮਾਸ ਦੇ ਭੁੱਜਣ ਜੇਹਾ

Digitized by Panjab Digital Library | www.panjabdigilib.org

ਅਵਾਜ਼ ਕੱਢਣਾ, ਗੁੜਗੁੜਾਉਣਾ ॥

**ਸੁੜ੍ਹਕਣਾ,** ਕ੍ਰਿ—ਲੰਮਾ ਸਾਹ ਖਿੱਚ ਕੇ ਕੁਝ ਪੀਣਾ ਜਾਂ ਖੀਰ ਆਦਿਕ ਪਤਲੀ ਚੀਜ਼ ਖਾਣੀ।

**ਸੁੜ੍ਹਕਾ,** ਪੁ—ਇੱਕ ਪੀਣ ਵਾਲੀ ਦਵਾ ॥

**ਸੁੜ੍ਹਕੀ,** ਸ—ਲੰਮਾਂ ਸਾਹ ਖਿੱਚ ਕੇ ਕੁਝ ਪੀਣ ਜਾਂ ਖਾਣ ਦੀ ਅਵਾਜ਼। ਸੁੜ੍ਹਕ ਕੇ ਖਾਣ ਪੀਣ ਦਾ ਕੰਮ ॥

**ਸੁੜ੍ਹਣਾ,** ਕ੍ਰਿ—ਭੁੱਖ ਦੇ ਮਾਰੇ ਢਿੱਡ ਵਿੱਚ ਗੁੜ ਗੁੜ ਹੋਣੀ ॥

**ਸੁੜ੍ਹਾਉਣਾ,** ਕ੍ਰਿ—ਭੁੱਖਾ ਰਖ ਕੇ ਢਿੱਡ ਵਿੱਚ ਗੁੜ ਗੁੜ ਹੋਣ ਦੇਣੀ ॥

**ਸੁੜਕਣਾ,** ਕ੍ਰਿ—ਨੱਕ ਵਿੱਚ ਬੋਲਣਾ, ਗੁਣ ਗੁਣ ਕਰਨਾ, ਜ਼ੋਰ ਨਾਲ ਨੱਕ ਰਾਹੀਂ ਸਾਹ ਅੰਦਰ ਖਿੱਚਣਾ, ਗਟ ਗਟ ਕਰਕੇ ਪੀ ਜਾਣਾ ॥

**ਸੁੜ੍ਹਾਕਾ,** ਪੁ—ਗੁਣਗੁਣਾਟ, ਵੱਡੇ ਵੱਡੇ ਘੁੱਟ ॥

**ਸੂ,** ਸ—ਬੱਚਾ ਦੇਣ ਦਾ ਗੁਣ ਜਾਂ ਕੰਮ, ਜਣੇਪਾ, ਪਰੋਸ। ਉਲਾਦ, ਸੰਤਾਨ ॥

**ਸੂ ਪੈਣਾ,** ਕ੍ਰਿ—ਸੂਣਾ, ਬੱਚਾ ਦੇਣਾ ॥

**ਸੂੰ,** ਸ—ਨੱਕ ਵਿੱਚੋਂ ਕੱਢੀ ਹੋਈ ਅਵਾਜ਼ ॥

**ਸੂੰ ਸੂੰ ਕਰਨਾ,** ਕ੍ਰਿ—ਨੱਕ ਵਿੱਚੋਂ ਅਵਾਜ਼ ਕੱਢਣੀ, ਨੱਕ ਸੁਣਕਣਾ। ਪਾਣੀ ਦੀ ਅਵਾਜ਼ ਉੱਬਲਣ ਤੋਂ ਪਹਿਲੇ ॥

**ਸੂਆ,** ਪੁ—ਵੱਡੀ ਸੂਈ, ਨੋਕ ਵਾਲਾ ਦੰਦ ਜਿਸ ਨਾਲ ਸਖ਼ਤ ਚੀਜ਼ਾਂ ਪਾੜੀਆਂ ਜਾ ਸਕਦੀਆਂ ਹਨ, ਤੱਕਲਾ, ਨਵੀਂ ਟਹਿਣੀ, ਘਾਹ ਦਾ ਪੱਤਾ, ਕਿਸੇ ਜਨੌਰ ਦਾ ਨਵਾਂ ਜੰਮਿਆਂ ਹੋਇਆ ਬੱਚਾ, ਲੇਲਾ। ਛੋਟੀ ਨਹਿਰ ॥

**ਸੂਏ ਦੇਣਾ,** ਕ੍ਰਿ—(ਗਊ ਦਾ) ਸੂਣਾ ॥

**ਸੂਈ,** ਸ—ਲੋਹੇ ਦੀ ਇੱਕ ਪਤਲੀ ਅਤੇ ਲੰਮੀ ਡੰਡੀ ਜਿਸ ਦੇ ਇਕ ਸਿਰੇ ਉੱਤੇ ਨੱਕਾ ਅਰਥਾਤ ਛੇਕ ਹੁੰਦਾ ਹੈ, ਅਤੇ ਪਤਲੀ ਹੁੰਦੀ ਹੁੰਦੀ ਦੂਜੇ ਸਿਰੇ ਤਕ ਨੋਕ ਬਣ ਜਾਂਦੀ ਹੈ, ਸੂਈ ਦੇ ਨੱਕੇ ਵਿਚ ਧਾਗਾ ਪਾ ਕੇ ਉਸ ਨਾਲ ਸੀਉਂਦੇ ਹਨ, ਸੂਈ ਵਰਗੀ ਕੋਈ ਹੋਰ ਚੀਜ਼ ॥

**ਸੂਸ,** ਵਿ—ਮੋਟਾ, ਸ—ਸ਼ਰਮ ॥

**ਸੂਸਣਾ,** ਕ੍ਰਿ—ਸ਼ਰਮਾਉਣਾ, ਝਿਜਕਣਾ ॥

**ਸੂਸੀ,** ਸ—ਜਨਾਨੀਆਂ ਸੁੱਥਣਾ ਸੀਉਣ ਲਈ ਇੱਕ ਸੂਤ ਦਾ ਕੱਪੜਾ ਜਿਸ ਉੱਤੇ ਕਈ ਰੰਗ ਦੀਆਂ ਧਾਰੀਆਂ ਹੁੰਦੀਆਂ ਹਨ ॥

**ਸੂਹ,** ਸ—ਖ਼ਬਰ, ਸਾਰ, ਪਤਾ, ਉੱਘ ਸੁੱਘ ਸਮਾਚਾਰ ॥

**ਸੂਹਟਾ,** ਪੁ—ਪਾਣੀ ਦਾ ਸੰਪ, ਕੰਡ।

**ਸੂਹਾ,** ਵਿ—ਲਾਲ, ਰੱਤਾ, ਸੁਰਖ਼ ॥
ਪੁ—ਜਿਸ ਨੂੰ ਸਭ ਖ਼ਬਰ ਹੈ, ਪਤਾ ਦੇਣ ਵਾਲਾ ਆਗੂ, ਇੱਕ ਰਾਗ ॥

**ਸੂਹੀ,** ਪੁ—ਇਕ ਰਾਗ ਦਾ ਨਾਉਂ।
ਵਿ—ਲਾਲ, ਰੱਤੀ ॥

**ਸੂਹੀ ਰੰਦਲ,** ਸ—'ਖਿਪੂ' ਵੇਖੋ।

**ਸੂਹੀ ਬਲਾਉਲ,** ਪੁ—ਕਾਨ੍ਹੜਾ ਰਾਗ ॥

**ਸੂਹੀਆ,** ਪੁ—ਖ਼ਬਰ ਲਿਆਉਣ ਵਾਲਾ ॥

**ਸੂਹੜ,** ਪੁ—ਇੱਕ ਤਰ੍ਹਾਂ ਦਾ ਝੋਪਾ ਸਿਲਾਈ ਜਿਸ ਵਹੀ ਵਿੱਚ ਲੋਕਾਂ ਦਾ ਲੇਖਾ ਵੱਖੋ ਵੱਖ ਲਿਖਦੇ ਹਨ ॥

Digitized by Panjab Digital Library / www.panjabdigilib.org

**ਸੂਹੜਾ,** ਪੁ:—ਅਨਾਜ ਦਾ ਛਾਣ, ਬੂਰਾ ।

**ਸੂਹੜੀ,** ਸ:—ਦਾਲ ਦੇ ਛਿੱਲੜ ॥

**ਸੂਕ,** ਸ:—ਜ਼ੋਰ ਨਾਲ ਵਗਦੀ ਵਾਉ ਦਾ ਚੀਕ ਵਰਗਾ ਅਵਾਜ਼, ਕਾਹਲੀ ਕਾਹਲੀ ਸਾਹ ਲੈਣ ਨਾਲ ਜੋ ਅਵਾਜ਼ ਨਿਕਲਦੀ ਹੈ ਸੱਪ ਦਾ ਫੁੰਕਾਰਾ, ਸੂਗ, ਸ਼ੁੱਕਰ ਤਾਰਾ ॥

**ਸੂੰਕ,** ਸ:—ਸੱਪ ਦਾ ਫੁੰਕਾਰਾ, ਛੇਤੀ ਛੇਤੀ ਸਾਹ ਲੈਣ ਦੀ ਅਵਾਜ਼, ਪੌਣ ਦੇ ਵਗਣ ਦੀ ਅਵਾਜ਼ ॥

**ਸੂੱਕਣਾ, ਸੂੰਕਣਾ,** ਕ੍ਰਿ:—ਹਫਣਾ, ਕਾਹਲੀ ਕਾਹਲੀ ਸਾਹ ਲੈਣਾ, ਜ਼ੋਰ ਨਾਲ ਫੂਕ ਮਾਰਨਾ, ਫੜ ਮਾਰਨਾ, ਸੱਪ ਵਾਕਰ ਫੁੰਕਾਰ ਮਾਰਨਾ, ਵਗਦੀ ਪੌਣ ਵਾਕਰ ਅਵਾਜ਼ ਕੱਢਣਾ, ਚੜ੍ਹੇ ਹੋਏ ਦਰਿਆਉ ਵਾਕਰ ਸ਼ਾਂ ਸ਼ਾਂ ਕਰਨਾ, ਵਧਣ ਫੁਲਣਾ ॥

**ਸੂਕਰ,** ਪੁ:—ਸੂਰ, ਇੱਕ ਗੰਦਗੀ ਖਾਣ ਵਾਲਾ ਜਨੌਰ ।

**ਸੂਕਰ, ਸੂੰਕਰ,** ਸ:—'ਸੂੰਕ' ਵੇਖੋ ।

**ਸੂਕਰਣਾ ਸੂੰਕਰਣਾ** ਕ੍ਰਿ:—'ਸੁਕਰਣਾ' ਵੇਖੋ ।

**ਸੂਕਾ ਤਾਪ,** ਪੁ:—ਜ਼ੋਰ ਦੀ ਕਸ, ਕਾਂਬੇ ਦਾ ਤਾਪ ॥

**ਸੂਕੂਰ,** ਸ:—ਵਗਦੀ ਪੌਣ, ਚੜ੍ਹੇ ਹੋਏ ਦਰਿਆਉ ਜਾਂ ਮੋਹਲੇ ਧਾਰ ਮੀਂਹ ਦੀ ਅਵਾਜ਼। ਸੱਪ ਦੀ ਫੂਕਾਰ।

**ਸੂਖਮ,** ਵਿ:—ਪਤਲਾ, ਮਹੀਨ, ਬਰੀਕ, ਠੀਕ ॥

**ਸੂਖਮਤਾਈ,** ਸ:—ਬਰੀਕੀ, ਦਰੁਸਤੀ ॥

**ਸੂਗ,** ਸ:—ਸ਼ਰਮ, ਹਯਾਉ, ਘਿਣ, ਕਰਾਹਤ ॥

**ਸੂਗ ਕਰਨੀ,** ਕ੍ਰਿ:—ਜੀ ਮਿਚਕਣਾ, ਕਰਾਹਤ ਆਉਣੀ।

**ਸੂਗਣਾ,** ਕ੍ਰਿ:—ਜੀ ਮਿਚਕਣਾ, ਘਿਣ ਆਉਣੀ।

**ਸੂੰਗੜਣਾ,** ਕ੍ਰਿ:—'ਸੁੰਗੜਨਾ' ਵੇਖੋ ॥

**ਸੂਚ,** ਵਿ:—ਪਵਿੱਤ੍ਰ, ਚੰਗਾ, ਸੁਚਾਰਾ ਅਤੇ 'ਸੁਚਾਲ' ਭੀ ਵੇਖੋ ॥

**ਸੂਚੀ ਪੱਤ੍ਰ,** ਪੁ:—ਤਤਕਰਾ, ਫਹਿਰਸਤ, ਨਾਮਾਵਲੀ॥

**ਸੂਜ,** ਸ:—ਸੋਜ, ਫੁਲਾਉ, ਉਭਾਰ ॥

**ਸੂੰਜ,** ਵਿ:—'ਸੁੰਞ' ਵੇਖੋ।

**ਸੂਜਨ,** ਸ:—ਸੁਜ (ਕਾਵਤਾ ਵਿੱਚ ਆਉਂਦਾ ਹੈ)॥

**ਸੂਜ਼ਨੀ,** ਸ:—ਸੌਣ ਜਾਂ ਬੈਠਣ ਦੀ ਇੱਕ ਚਾਦਰ ਜਿਸ ਪੁਰ ਬੜੀ ਸੋਹਣੀ ਫੁਲਕਾਰੀ ਹੋਈ ਹੁੰਦੀ ਹੈ। ਨਿੱਕੀਆਂ ਕੁੜੀਆਂ ਦੇ ਲੱਕ ਬੰਨ੍ਹਣ ਵਾਲਾ ਇੱਕ ਕੱਪੜਾ ॥

**ਸੂਜੀ,** ਸ:—ਕਣਕ ਦਾ ਦਾਣੇ ਵਾਲਾ ਆਟਾ ਜਿਸ ਦਾ ਕੜਾਹ ਆਦਿਕ ਬਣਦਾ ਹੈ।

**ਸੂਝ,** ਸ:—ਨਜ਼ਰ, ਸਮਝ, ਵਿਚਾਰ, ਖ਼ਬਰ ॥

**ਸੂਝਵਾਣ,** ਵਿ:—ਜਿਸ ਨੂੰ ਨਜ਼ਰ ਆਉਂਦਾ ਹੈ, ਸਿਆਣਾ, ਸੋਚ ਵਾਲਾ, ਚਤਰ ॥

**ਸੂਟ,** ਪੁ:—ਅੰਗਰੇਜ਼ੀ ਢੰਗ ਦੇ ਕੱਪੜਿਆਂ ਦਾ ਜੋੜਾ ਅਰਥਾਤ ਕੋਟ, ਵਾਸਕਟ ਅਤੇ ਪਤਲੂਣ ॥
ਸ:—ਚੁੱਪ, ਚੈਨ, ਹਲਚਲ ॥

Digitized by Panjab Digital Library | www.panjabdigilib.org

**ਸੂਟ ਵੱਟਣੀ,** ਕ੍ਰਿ:—ਅਜੇਹੀ ਜ਼ਬ੍ਹ ਵੱਟਣੀ ਕਿ ਭਾਵੇਂ ਕੋਈ ਕਿੰਨਾ ਬੁਲਾਏ ਨਾ ਬੋਲਣਾ, ਮੂੰਹੋਂ ਬੋਲਣ ਤੋਂ ਬਿਨਾ ਆਪਣੇ ਹਠ ਉੱਤੇ ਕੈਮ ਰਹਿਣਾ। ਹੱਲਾ ਕਰਕੇ ਜਾ ਪੈਣਾ, ਜ਼ੋਰ ਨਾਲ ਨਕ ਦੀ ਸੇਧੇ ਦੌੜੇ ਜਾਣਾ॥

**ਸੂਟਾ,** ਪੁ:—ਜ਼ੋਰ ਨਾਲ ਸਾਹ ਖਿੱਚ ਕੇ ਹੁੱਕਾ ਪੀਣਾ (ਸੂਟਾ ਮਾਰਨਾ, ਲਾਉਣਾ)॥

**ਸੂੰਡ,** ਸ:—'ਸੁੰਡ' ਵੇਖੋ॥

**ਸੂੰਡਕਾ,** ਪੁ:—ਲੌਂਦੂ ਟੱਟੂ ਆਦਿਕ ਦੇ ਉੱਪਰ ਪਾਉਣ ਵਾਲੀ ਨਾੜ ਦੀ ਗੱਦੀ ਜੇਹੀ, ਪੱਗ ਦਾ ਮੁੰਡਾ॥

**ਸੂਣਾ,** ਕ੍ਰਿ:—ਜਣਨਾ, ਬੱਚਾ ਦੇਣਾ (ਜਨੌਰਾਂ ਦਾ)॥

**ਸੂਤ,** ਪੁ:—ਸੂਤਰ, ਧਾਗੇ ਤਾਰ, ਤੰਦ ਤੰਗ, ਤਰਖਾਣਾਂ ਦੀ ਡੋਰੀ ਜਿਸ ਨਾਲ ਸੇਧ ਮਲੂਮ ਕਰਦੇ ਹਨ। ਸੇਧ, ਮੇਲ ਮਿਲਾਪ। ਇੱਕ ਮਠਿਆਈ।

**ਸੂਤਕ,** ਪੁ:—ਬਾਲਕ ਦੇ ਜੰਮਣ ਕਰਕੇ ਹਿੰਦੂਆਂ ਦੇ ਘਰਾਂ ਵਿਚ ਤੇਰਾਂ ਜਾਂ ਚਾਲੀ ਦਿਨਾਂ ਦੀ ਅਪਵਿੱਤ੍ਰਤਾਈ, ਥੋੜ੍ਹਾ ਲਾਹ।

**ਸੂਤ ਲੜ,** ਪੁ:—ਇੱਕ ਲੱਕੜੀ ਜੋ ਖੂਹ ਦੇ ਪਾਸੇ ਝੁਕੀ ਰਹਿੰਦੀ ਹੈ ਅਤੇ ਮਾਲ੍ਹ ਨੂੰ ਆਪਣੇ ਥਾਂ ਸਿਰ ਰੱਖਦੀ ਹੈ।

**ਸੂਤਕੇ,** ਸ:—ਇੱਕ ਤਰ੍ਹਾਂ ਦੀ ਮਠਿਆਈ॥

**ਸੂਤਣਾ,** ਕ੍ਰਿ:—ਮੇਲਣਾ, ਜ਼ੋਰ ਨਾਲ ਹੱਥ ਫੇਰਨਾ ਖਿੱਚਣਾ, ਮਿਆਨ ਵਿਚੋਂ ਤਲਵਾਰ ਕੱਢ ਲੈਣੀ, ਇੱਕੋ ਜਿਹਾ ਕਰਨਾ (ਨਵੇਂ ਰੱਸੇ ਜਾਂ ਧਾਗੇ ਆਦਿਕ ਨੂੰ)॥

**ਸੂਤਣੀ,** ਸ:—'ਸੂਥਣੀ' ਵੇਖੋ॥

**ਸੂਤਰ,** ਪੁ:—ਉਹ ਧਾਗੇ ਜੋ ਕੱਪੜਾ ਬੁਣਨ ਲਈ ਤਿਆਰ ਕੀਤੇ ਗਏ ਹਨ। ਤੰਦ, ਤਾਰ, ਤਰਖਾਣਾਂ ਦੀ ਡੋਰੀ।

**ਸੂਤਰ ਲੜ,** ਪੁ:—'ਸੂਤ ਲੜ' (ਸੂਤ ਵਿੱਚ) ਵੇਖੋ॥

**ਸੂਤਰੀ, ਸੂਤਲ, ਸੂਤੜੀ,** ਸ:—ਰੱਸੀ, ਡੋਰੀ। ਮੰਜਾ ਉਣਨ ਵਾਲੀ ਜਾਂ ਖੂਹ ਵਿੱਚੋਂ ਪਾਣੀ ਕੱਢਣ ਵਾਲੀ ਰੱਸੀ॥

**ਸੂਤਾ,** ਪੁ:—ਕੋਈ ਅਜੇਹੀ ਚੀਜ਼ ਜੋ ਮਲਣ ਅਤੇ ਇੱਕੋ ਜੇਹਾ ਕਰਨ ਲਈ ਵਰਤੀ ਜਾਵੇ॥

**ਸੂਤੀ,** ਸ:—ਤਾਣੀ ਵਿੱਚ ਜੋ ਛਿਟੀਆਂ ਇਸ ਲਈ ਲੰਘਾਉਂਦੇ ਹਨ ਕਿ ਧਾਗੇ ਆਪੋ ਵਿੱਚ ਉਲਝ ਨਾ ਜਾਣ।

ਵਿ:—ਕਪਾਹ ਦੇ ਸੂਤਰ ਦਾ ਬਣਿਆ ਹੋਇਆ।

**ਸੂਦ,** ਪੁ:—ਲਾਹ, ਬਿਆਜ, ਹਿੰਦੂਆਂ ਦੀ ਇੱਕ ਨਿਕੀ ਜਾਤ, ਸੂਦਰ॥

**ਸੂਦਣਾ,** ਪੁ:—ਭਲਵਾਨਾਂ ਦਾ ਇਕ ਕੱਪੜਾ॥

**ਸੂਦਨੀ,** ਸ:—ਸੂਦ ਦੀ ਤੀਵੀਂ।

**ਸੂਦਰ,** ਪੁ:—ਹਿੰਦੂਆਂ ਦੀਆਂ ਚਾਰ ਵੱਡੀਆਂ ਜਾਤਾਂ ਵਿਚੋਂ ਸਭ ਤੋਂ ਨੀਵੀਂ ਜਾਤ॥

**ਸੂਦਰਨੀ,** ਸ:—ਸੂਦਰ ਜਾਤ ਦੀ ਤ੍ਰੀਮਤ।

**ਸੂਦੀ,** ਵਿ:—ਬਿਆਜ ਉੱਤੇ ਦਿੱਤਾ ਹੋਇਆ (ਰੁਪਇਆ), ਬਿਆਜੀ, ਬਿਆਜੂ॥

**ਸੂਧ,** ਸ:—ਸੁਧ, ਸਫਾਈ।

ਵਿ:—ਸਿੱਧਾ, ਸੱਚਾ, ਖਰਾ, ਮੁਨਾਸਬ, ਭੋਲਾ॥

**ਸੂਧਾ,** ਕ੍ਰਿ, ਵਿ:—ਮੂੰਹਮੂਹ ਗਿਰਾ॥

ਵਿ:—ਇਕੱਲਾ, ਸਿੱਧਾ, ਭਲਾ॥

Digitized by Panjab Digital Library | www.panjabdigilib.org

**ਸੂਫ,** ਪੁ:—ਇੱਕ ਤਰਾਂ ਦਾ ਕੱਪੜਾ, ਉੱਨ, ਅੰਬ ਦੇ ਗੁੱਦੇ ਜਾਂ ਰੇਸ਼ਮ, ਦੇਸੀ ਸਿਆਹੀ ਦੀ ਦਵਾਤ ਵਿਚ ਜੋ ਲੀਰ ਜਾਂ ਰੂੰ ਪਾਇਆ ਜਾਂਦਾ ਹੈ ॥

**ਸੂਫ ਦਾਰ,** ਵਿ:—ਸੂਫ ਵਾਲਾ, ਅੰਖ

**ਸੂਫਣ,** ਸ:—ਸੂਫੀਆਂ ਦੇ ਮਤ ਵਾਲੀ ਇਸਤ੍ਰੀ ('ਸੂਫੀ' ਵੇਖ)

**ਸੂਫੀ,** ਪੁ: ਮੁਸਲਮਾਨਾਂ ਦਾ ਇੱਕ ਪੰਥ ਜੋ ਹਿੰਦੂਆਂ ਦੇ ਵੇਦਾਂਤ ਮਤ ਨਾਲ ਮਿਲਦਾ ਹੈ ਇਹ ਲੋਕ ਇਕ ਅੱਲਾ ਨੂੰ ਸੱਚ ਅਤੇ ਬਾਕੀ ਸਭ ਕੁਝ ਝੂਠ ਮੰਨਦੇ ਹਨ । ਸ਼ਰਾਬ ਆਦਿਕ ਨਸ਼ੇ ਨਾ ਪੀਣ ਵਾਲਾ॥

**ਸੂਫੀਆਣਾ,** ਵਿ: ਸੂਫੀਆਂ ਦਾ, ਸੂਫੀਆਂ ਵਰਗਾ ਸਿੱਧਾ, ਹੌਲੇ ਰੰਗ ਦਾ, ਮੱਧਮ, ਮੈਲ ਖੋਰ (ਕੱਪੜੇ ਦਾ ਰੰਗ)।

**ਸੂਬਾ,** ਪੁ:—ਮੁਲਕ ਦਾ ਇੱਕ ਹਿੱਸਾ ਜਿੱਥੇ ਵੱਖਰਾ ਹਾਕਮ ਹੋਵੇ, ਉੱਥੋਂ ਦਾ ਹਾਕਮ ॥

**ਸੂਬੇਦਾਰ,** ਪੁ:—ਸੂਬੇ ਦਾ ਹਾਕਮ, ਪਲਟਣ ਦਾ ਇੱਕ ਦੇਸੀ ਅਫ਼ਸਰ ॥

**ਸੂਬੇਦਾਰਨੀ,** ਸ:—ਸੂਬੇਦਾਰ ਦੀ ਇਸਤ੍ਰੀ ।

**ਸੂਬੇ ਦਾਰੀ,** ਸ: —ਸੂਬੇਦਾਰ ਦਾ ਕੰਮ ਜਾਂ ਹੁੱਦਾ

**ਸੂਮ,** ਵਿ:, ਪੁ: —ਕੰਜੂਸ, ਕਿਰਸੀ, ਦਾਨ ਨਾ ਕਰਨ ਵਾਲਾ, ਧਨ ਜੋੜਨ ਵਾਲਾ, ਇੱਕ ਰੁੱਖ ਦਾ ਨਾਉਂ ।

**ਸੂਮਣੀ,** ਸ:—ਕੰਜੂਸਣ, ਕਿਰਸਣ, ਧਨ ਜੋੜਨ ਵਾਲੀ, ਬਹੁਤ ਸਰਫ਼ਾ ਕਰਨ ਵਾਲੀ ॥

**ਸੂਮੜਾ,** ਪੁ:—ਸੂਮ, ਇਕ ਜੰਗਲੀ ਬੂਟਾ॥

**ਸੂਮਾਕ,** ਪੁ:—ਇੱਕ ਔਖਧ ਦਾ ਨਾਉਂ ॥

**ਸੂਰ,** ਪੁ: —ਇੱਕ ਗੰਦਕੀ ਖਾਣ ਵਾਲਾ ਜਨੌਰ ਜੋ ਮੁਸਲਮਾਨਾਂ ਵਿੱਚ ਹਰਾਮ ਹੈ, ਬਦ, ਖੂਕ, ਗਾਲੀ ਦਾ ਬਚਨ ॥

ਬਹਾਦਰ, ਬਲੀ, ਦਲੇਰ, ਸੂਰਮਾ ॥

**ਸੂਰਤਾਈ,** ਸ:—ਬਹਾਦਰੀ, ਦਲੇਰੀ ॥

**ਸੂਰਦਾਸ,** ਪੁ:—ਕ੍ਰਿਸ਼ਨ ਮਹਾਰਾਜ ਦਾ ਇਕ ਮਸ਼ਹੂਰ ਭਗਤ ਅਤੇ ਕਬੀਸ਼ਰ ਜੋ ਅਖੀਓਂ ਅੰਨ੍ਹਾ ਸੀ । ਅੰਨ੍ਹਾ ਸਿੱਖ ਰਾਗੀ, ਅੰਨਾ ਹਿੰਦੂ ਜਾਂ ਸਿਖ ॥

**ਸੂਰ ਬੀਰ,** ਪੁ:—ਬਹਾਦਰ, ਸੂਰਮਾ, ਜੋਧਾ ॥

**ਸੂੰਰ,** ਪੁ: —ਸੂਰ, ਬਦ, ਗੰਦਕੀ, ਖਾਣ ਵਾਲਾ ਜਨੌਰ ॥ ਖੂਕ ॥

**ਸੂਰਜ,** ਪੁ:—ਉਹ ਚਮਕਦਾਰ ਗੋਲਾ ਜੋ ਧਰਤੀ ਅਤੇ ਹੋਰ ਕਈਆਂ ਗ੍ਰਹਿਆਂ ਨੂੰ ਗਰਮੀ ਅਤੇ ਚਾਨਣ ਪੁਚਾਉਂਦਾ ਹੈ, ਰਵਿ ।

**ਸੂਰਜ ਗ੍ਰਹਿਣ,** ਪੁ:—ਸੂਰਜ ਉੱਤੇ ਛਾਇਆ ਪੈਣੀ । ਸੂਰਜ ਸਾਰਾ ਜਾਂ ਉਸ ਦਾ ਕੁਝ ਹਿੱਸਾ ਹਨੇਰਾ ਹੋ ਜਾਣਾ ।

**ਸੂਰਜ ਮੁਖੀ,** ਪੁ:—ਇੱਕ ਫੁੱਲ, ਇੱਕ ਤਰਾਂ ਦਾ ਪੱਖਾ, ਇੱਕ ਤਰਾਂ ਦੀ ਆਤਸ਼ ਬਾਜ਼ੀ ।

**ਸੂਰਜ ਬੰਸੀ,** ਪੁ:—ਸੂਰਜ ਦੇ ਬੰਸ ਜਾਂ ਕੁਲ ਦੇ ਰਾਜੇ, ਜਿਸ ਕੁਲ ਵਿਚ ਰਾਜਾ ਰਾਮ ਚੰਦ੍ਰ ਜੀ ਹੋਏ ਹਨ । ਅਜੇ ਤੱਕ ਕਈ ਰਜਪੂਤ ਆਪਣੇ ਆਪ ਨੂੰ ਸੂਰਜ ਬੰਸੀ ਆਖਦੇ ਹਨ

**ਸੂਰਤ,** ਸ:—ਸ਼ਕਲ, ਬਨਾਵਟ, ਰੂਪ, ਚੇਹਰਾ, ਢੰਗ, ਢੌਲ, ਹਾਲਤ। ਇੱਕ ਸ਼ਹਿਰ

**ਸੂਰਨੀ,** ਸ:—ਸੂਰੀ।

Digitized by Panjab Digital Library | www.panjabdigilib.org

**ਸੂਰਮੱਤ**
**ਸੂਰਮਤਾਈ** } ਸ:—ਸੂਰਮਾ ਪੁਣਾ, ਬਹਾਦਰੀ।

**ਸੂਰ ਮਲ੍ਹਾਰ,** ਪੁ:—ਬਰਖਾ ਰੁੱਤ ਦਾ ਇਕ ਰਾਗ।

**ਸੂਰਮਾ,** ਪੁ:—ਸੂਰਬੀਰ, ਬਹਾਦਰ, ਜੋਧਾ॥

**ਸੂਰਮਾ ਸਿੰਘ,** ਪੁ:—ਅੰਨ੍ਹਾਂ ਸਿੱਖ॥

**ਸੂਰਮਾ ਪੁਣਾ,** ਪੁ:—ਬਹਾਦਰੀ, ਦਲੇਰੀ॥

**ਸੂਰਾ,** ਪੁ:—ਸੂਰਬੀਰ, ਸੂਰਮਾ, ਬਹਾਦਰ, ਜੋਧਾ॥

**ਸੂਰੀ**
**ਸੂਰ੍ਹੀ** } ਸ:—ਸੂਰ ਜਨੌਰ ਦੀ ਮਦੀਨ॥

**ਸੂਲ,** ਪੁ:—ਹਾਲ, ਦਸ਼ਾ। ਵੱਥ, ਢੰਗ। ਬਰਛੀ ਦੀ ਨੋਕ। ਮੇਖ, ਕੰਡਾ, ਅੰਦਰਾਂ ਜਾਂ ਢਿੱਡ ਵਿੱਚ ਜੋ ਅੱਚਣ ਚੇਤ ਪੀੜ ਹੋਣ ਲੱਗ ਪਏ। ਭਰਮ। ਦਯਾ। ਸਾੜਾ, ਦੁਖ ਦਾ ਕਾਰਣ॥

**ਸੂਲ ਉੱਠਣਾ,** ਕ੍ਰਿ:—ਅਚਾਨ ਚੱਕ ਢਿੱਡ ਵਿੱਚ ਡਾਢੀ ਪੀੜ ਹੋਣ ਲਗ ਪੈਣੀ, ਕਿਸੇ ਨੂੰ ਦੁਖ ਦੇ ਸੜਨਾ॥

**ਸੂਲੀ,** ਸ:—ਫਾਹੇ ਦੇਣ ਵਾਲੀ, ਥੰਮ੍ਹੀ, ਫਾਂਸੀ ਫਾਹੀ, ਇੱਕ ਬੂਟਾ॥

**ਸੂੜ੍ਹ,** ਪੁ:—'ਸੂਹੜ' ਵੇਖੋ॥

**ਸੂੜ੍ਹੀ,** ਸ:—'ਸੂਹੜੀ' ਵੇਖੋ॥

**ਸੂਝਣਾ,** ਕ੍ਰਿ:—ਖਾਣਾ, ਛੁਰਨਾ॥

**ਸੇ,** ਕ੍ਰਿ:—'ਹੋਣਾ (ਹਾ)' ਧਾਤੂ ਦੇ ਭੂਤ ਕਾਲ ਦਾ ਬਹੁ ਬਚਨ, ਸਾਂ, ਸਾਓ, ਸਨ, ਸਾਗੇ॥

ਸ:—ਬੰਦਾਂ, ਫਕੀਰਾਂ ਅਤੇ ਬ੍ਰਾਹਮਣਾਂ ਦਾ ਇਕ ਲਾਗ॥

ਪੁ:—ਇੱਕ ਫਲ, ਸੇਉ, ਸੇਬ॥

**ਸੇ ਲਾਉਣਾ,** ਕ੍ਰਿ:—ਪਾੜ ਲਾਉਣਾ॥

**ਸੇਉ,** ਪੁ:—ਇੱਕ ਗੋਲ, ਨਾਖ ਵਰਗਾ ਫਲ ਜੋ ਕਸ਼ਮੀਰ ਵਿੱਚ ਬਹੁਤ ਹੁੰਦਾ ਹੈ। ਸੇ, ਸੇਬ॥

**ਸੇਉਕ,** ਪੁ:—ਨੌਕਰ, ਟਹਿਲੂਆ, ਭਗਤ, ਚੇਲਾ॥

**ਸੇਉਕ ਪੁਣਾ,** ਪੁ:—'ਸੇਉਕੀ' ਵੇਖੋ॥

**ਸੇਂਉਕ,** ਸ:—ਇੱਕ ਤਰਾਂ ਦਾ ਚਿੱਟਾ ਕੀੜਾ॥

**ਸੇਉਕਣੀ,** ਸ:—ਸੇਵਾ ਕਰਨ ਵਾਲੀ, ਟਹਿਲਣ, ਭਗਤਣੀ, ਚੇਲੀ॥

**ਸੇਉਕੀ,** ਸ:—ਟਹਿਲ, ਸੇਵਾ, ਚਾਕਰੀ। ਸਾਰੇ ਸੇਉਕ (ਬਾਬਾ ਖੇਮ ਸਿੰਘ ਦੀ ਸੇਉਕੀ ਓੱਥੇ ਬਹੁਤ ਹੈ)॥

**ਸੇਉਣ,** ਸ:—ਪੈਂਉਂਦੀ ਬੇਰ (ਸੇਉਣ ਬੇਰ ਜਾਂ ਬੇਰੀ)॥

**ਸੇਉਣਾ,** ਕ੍ਰਿ:—'ਸੇਵਣਾ' ਵੇਖੋ॥

**ਸੇਂਉਣੀ,** ਸ:—'ਸੇਂਵੀਂ' ਵੇਖੋ॥

**ਸੇਉਤੀ,** ਸ:—ਇੱਕ ਚਿੱਟਾ ਗੁਲਾਬ ਦਾ ਫੁੱਲ॥

**ਸੇਉੜਾ,** ਪੁ:—ਜੈਨੀ ਸਾਧੂ॥

**ਸੇਊ,** ਪੁ:—ਇੱਕ ਤਰ੍ਹਾਂ ਦਾ ਫਲ, ਛੋਟਾ ਜਿਹਾ ਸਉ ਦੀ ਜਾਤ ਦਾ॥

ਪੜ:—ਸੋਈ, ਓਹੋ॥

**ਸੇਊ ਬੇਰ,** ਪੁ:—ਇਕ ਤਰਾਂ ਦਾ ਪੈਂਉਂਦੀ ਬੇਰ॥

**ਸੇਈ,** ਪੜ:—ਓਹੀ, ਸਾਈ॥

**ਸੇਸ਼,** ਪੁ:—ਬਾਕੀ, ਜਿਸ ਨਾਲ ਕੋਈ ਚੀਜ਼ ਪੂਰੀ ਹੋਵੇ॥

**ਸ਼ੇਸ਼ਨਾਗ,** ਪੁ:—ਪਤਾਲ ਦੇ ਨਾਗਾਂ ਜਾਂ ਸੱਪਾਂ ਦਾ ਰਾਜਾ ਜਿਸ ਦੇ ਹਜ਼ਾਰ ਸਿਰ ਹਨ ਅਤੇ

Digitized by Panjab Digital Library / www.panjabdigilib.org

ਜਿਸ ਨੇ ਆਪਣੇ ਫਲ ਉੱਪਰ ਧਰਤੀ ਚੁੱਕੀ ਹੋਈ ਹ। (ਅਨੰਤ ਕਾਲ ਦਾ ਰੂਪ)।

**ਸੇਹ,** ਸ਼ਃ–ਇੱਕ ਤਰਾਂ ਦੀ ਕਿਰਲੀ, ਇੱਕ ਤਰਾਂ ਦਾ ਜਨੌਰ ਜਿਸ ਦੇ ਪਿੰਡੇ ਉੱਤੇ ਤੱਕਲੇ ਹੁੰਦੇ ਹਨ। ਨਾਲ 'ਸੇਰ' ਅਤੇ 'ਸੰਡੀ' ਵੇਖੋ ॥

**ਸੇਹ ਦਾ ਕੰਡਾ,** ਪੁਃ–ਲੜਾਈ ਦਾ ਮੂਲ।

**ਸ਼ੇਹਰ,** ਪੁਃ—ਛੰਦ, ਬੈਂਤ, ਕਵਿਤਾ॥

**ਸੇਹੜਾ,** ਵਿਃ–ਬਹਾਨਾ ਕਰਨ ਵਾਲਾ, ਮਚਲਾ, ਮੂਰਖ, ਕੱਬਾ ॥

**ਸੇਹੜੀ,** ਸਃ–ਇੱਕ ਤਰਾਂ ਦਾ ਪਖੇਰੂ॥

**ਸੇਕ,** ਪੁਃ–ਤਾਉ, ਗਰਮੀ,ਭੁੰਨਣ, ਟਕੋਰ, ਪਿਆਰ, ਆਦਰ, ਤਰਸ ॥

**ਸੇਕਣਾ,** ਕ੍ਰਿਃ–ਤਾਉ ਦੇਣਾ, ਭੁੰਨਣਾ, ਟਕੋਰ ਕਰਨੀ ॥

**ਸ਼ੇਖ਼,** ਪੁਃ–ਮੁਸਲਮਾਨਾਂ ਦਾ ਸਰਦਾਰ ਜਾਂ ਪੀਰ, ਹੋਰ ਕਿਸੇ ਮਤ ਦਾ ਆਦਮੀ ਜੋ ਮੁਸਲਮਾਨ ਹੋ ਗਿਆ ਹੋਵੇ। ਬਰਾਈ ॥

**ਸ਼ੇਖ਼ ਚਿੱਲੀ,** ਪੁਃ–ਇਕ ਮਸ਼ਖ਼ਰਾ ਜਿਸ ਦੀ ਕਹਾਣੀ ਮਸ਼ਹੂਰ ਹੈ। ਝੱਲਾ, ਮੂਰਖ, ਮਨ ਦੀਆਂ ਖੇਪਾਂ ਲੱਦਣ ਵਾਲਾ।

**ਸ਼ੇਖ਼ਣੀ,** ਸਃ–ਸ਼ੇਖ਼ ਦੀ ਬੀਵੀ।

**ਸ਼ੇਖੀ,** ਸਃ–ਵਡ, ਆਕੜ, ਗੱਪ ॥

**ਸ਼ੇਖੀ ਕੱਢਣੀ,** ਕ੍ਰਿਃ–ਅਭਮਾਨ ਤੋੜਨਾ, ਆਕੜ ਭੰਨਣੀ।

**ਸ਼ੇਖੀ ਖੋਰਾ, ਸ਼ੇਖੀ ਬਾਜ਼,** ਪੁਃ–ਫੜਾਂ ਮਾਰਨ ਵਾਲਾ, ਗੱਪੀ ॥

**ਸੇਂਗਰਾ,** ਪੁਃ–'ਮੂਲੀ', 'ਮੁੰਗਰਾ' ਵੇਖੋ ॥

**ਸੇਂਘਾ,** ਪੁਃ–ਜੋ ਮਨੁੱਖ ਦੱਬੇ ਹੋਏ ਧਨ ਦਾ ਪਤਾ ਦੇਵੇ॥

**ਸੇਜ,** ਸਃ–ਮੰਜਾ, ਬਿਸਤਰਾ, ਵਿਛਾਉਣਾ॥

**ਸੇਜ ਚੜ੍ਹਣਾ,** ਕ੍ਰਿਃ—ਸੇਜ ਲੱਗਣਾ॥

**ਸੇਜ ਬੰਦ,** ਪੁਃ–ਵਿਛਾਉਣੇ ਨੂੰ ਮੰਜੇ ਨਾਲ ਬੰਨ੍ਹਣ ਵਾਲੀ ਰੇਸ਼ਮੀ ਡੋਰੀ॥

**ਸੇਂਜਣੀ,** ਕ੍ਰਿਃ–'ਸੁਹਾਂਜਣਾ' ਵੇਖੋ॥

**ਸੇਜੜੀ,** ਸਃ–'ਸੇਜ' ਵੇਖੋ॥

**ਸੇਂਜਾ,** ਪੁਃ–ਖੇਤਾਂ ਨੂੰ ਪਾਣੀ ਦੇਣ ਦਾ ਕੰਮ॥

**ਸੇਂਜੀ,** ਸਃ–ਇਕ ਬੂਟਾ ਜਿਸ ਦੇ ਪੱਠੇ ਪਸ਼ੂਆਂ ਨੂੰ ਪਾਉਣ ਤੋਂ ਉਹ ਦੁੱਧ ਵਧੀਕ ਦਾਂਦੇ ਹਨ।

**ਸੇਟ,** ਪੁਃ–ਪੀੜਿਆ ਹੋਇਆ ਗੰਨਾ।

**ਸੇਠ,** ਪੁਃ–ਸੁਦਾਗਰ, ਥੋਕ ਮਾਲ ਵੇਚਣ ਵਾਲਾ, ਸਰਾਫ਼, ਖੱਤਰੀਆਂ ਦੀ ਇੱਕ ਜ਼ਾਤ, ਪੀੜਿਆ ਹੋਇਆ ਗੰਨਾ, ਮਾਰਵਾੜੀਆਂ ਅਤੇ ਪਾਰਸੀਆਂ ਆਦਿਕਾਂ ਦੇ ਨਾਉਂ ਅੱਗੇ ਆਦਰ ਵਾਸਤੇ ਇਹ ਪਦ ਲੱਗਦਾ ਹੈ।

**ਸੇਠਣ, ਸੇਠਣੀ,** ਸਃ–ਸੇਠ ਦੀ ਤੀਮਤ, ਸੁਦਾਗਰਨੀ, ਸ਼ਾਹਣੀ॥

**ਸੇਂਡਿਲ,** ਪੁਃ–ਜਿਸ ਦਾ ਲੱਕ ਵਗਦਾ, ਰਹੇ, ਸੌਂਦਲ॥

**ਸੇਤਜ,** ਪੁਃ–ਪਰਸੇਉ ਤੋਂ ਪੈਦਾ ਹੋਣ ਵਾਲੇ ਜੀਵ, (ਜੂਆਂ ਆਦਿਕ)॥

**ਸੋਤ ਛੇਤ,** ਪੁਃ–ਭੇਤ, ਗੁੱਝੀ ਗੱਲ॥

Digitized by Panjab Digital Library | www.panjabdigilib.org

**ਸੇਤਾ,** ਵਿ:-ਚਿਟਾ ॥

ਪੁ:-ਇਕ ਤਰ੍ਹਾਂ ਦਾ ਚਿੱਟਾ ਘਾਹ ॥

**ਸੇਤਾਵਰੀ,** ਵਿ:-ਸੈਂਤੀ, ਸੇਤਾਂ ਉਤੇ ਤੀਹ ॥

**ਸੇਤਾ ਪੰਜੀ,** ਪੁ:-'ਮਮਰਾਲ' ਵੇਖੋ ॥

**ਸੈਂਨੀ,** ਅਵ: ਨਾਲ, ਨਾਲੇ ਹੀ ॥

ਸ -ਚਿੜੀ ਸਰਹੋਂ ਦੇ ਬੀ ਜਿਨ੍ਹਾਂ ਵਿਚੋਂ ਤੇਲ ਕਢਦੇ ਹਨ।

**ਸੇਤੀ ਭੇਤੀ,** ਪੁ:-ਖਬਰ ਦੇਣ ਵਾਲਾ, ਗੁੱਝੀਆਂ ਗੱਲਾਂ ਜਾਨਣ ਵਾਲਾ, ਸੂਹੀਆ ॥

**ਸੇਦ** }
**ਸੇਧ** } ਸ:-ਸਿਧਾ ਹੋਣਾ, ਸੂਧ। ਅਵ:-ਅੱਗੇ, ਸਾਮ੍ਹਣੇ ॥

**ਸੇਧ ਖਾਨਾ,** ਪੁ:-ਟੱਟੀ, ਪਖਾਨਾ, ਜਾ ਜ਼ਰੂਰ।

**ਸੇਧ ਧਰਣੀ,** ਕ੍ਰਿ:-ਅੱਗੇ ਵੱਲ ਰਹਿਣਾ।

**ਸੇਧ ਧਰ ਲੈਣੀ,** ਕ੍ਰਿ:-ਅੱਗੇ ਵਲ ਰਹਿਣਾ, ਅਟਕਲ ਨਾਲ ਦੱਸਣਾ ॥

**ਸੇਧ ਬੰਨ੍ਹਣੀ,** ਕ੍ਰਿ:-ਸਧੀ ਲੀਕ ਦਾ ਨਿਸ਼ਾਨ ਕਰ ਲੈਣਾ ॥

**ਸੇਧ ਦੇਖਣੀ,** ਕ੍ਰਿ:-'ਸੇਧ ਧਰਨੀ' ਵੇਖੋ ॥

**ਸੇਂਧਾ,** ਪੁ:-ਇਕ ਤਰ੍ਹਾਂ ਦਾ ਲੂਣ ॥

**ਸੇਂਧੀ,** ਪੁ:-ਜੰਗਲੀ ਖਜੂਰਾਂ ਦਾ ਰਸ ॥

**ਸੇਪ,** ਸ਼ਤ -ਸੇਪੀ ਨੇ ਜੋ ਮਿਹਨਤ ਕੀਤੀ ਹੈ ('ਸੇਪੀ' ਵੇਖੋ) ॥

**ਸੇਪੀ,** ਸ:-ਪੁ:-ਸੇਪ ਕਰਨ ਵਾਲਾ, ਪਿੰਡ ਦੇ ਅਜੇਹੇ ਕਿਰਤੀ, ਜੋ ਸਭ ਦਾ ਕੰਮ ਕਰਦੇ ਹਨ ਪਰ ਕਿਸੇ ਖਾਸ ਆਦਮੀ ਦੇ ਨੌਕਰ ਨਹੀਂ ਜਿਹਾ ਕਿ ਘੁਮਿਆਰ, ਚੂੜ੍ਹਾ, ਮੋਚੀ। ਇਹ ਵਾਹੀ ਦੇ ਕੰਮ ਵਿਚ ਜੱਟਾਂ ਦੀ ਮਦਦ ਕਰਦੇ ਹਨ ਅਤੇ ਮਜੂਰੀ ਛੁੱਟ ਕੁਝ ਪੈਸੇ ਅਤੇ ਅਨਾਜ ਭੀ ਇਨ੍ਹਾਂ ਨੂੰ ਮਿਲਦਾ ਹੈ

**ਸੇਪੀਦਾਰ,** ਪੁ:-ਸੇਪੀ ॥

**ਸੇਬ,** ਪੁ:-ਇਕ ਫਲ, ਸੇ, ਸੇਉ, ਸਿਵ।

**ਸੇਘਾ,** ਪੁ:-ਉਗਾਹ, ਪਾਣੀ ਦਾ ਸਿੰਮ ਕੇ ਧਰਤੀ ਨੂੰ ਸਿੰਜਣਾ, ਧਰਤੀ ਦੀ ਤਹਿ ਦੀ ਹੇਠਲੀ ਨਮ, ਬਰਾਨੀ ਜ਼ਮੀਨਾਂ ਦੀ ਤਹਿ ਸੁਕਣ ਮਗਰੋਂ ਭੀ ਨਮ ਰਹਿ ਜਾਵੇ। ਦਰਿਆਉ ਦੇ ਲਾਗੇ ਦੀ ਧਰਤੀ ਵਿਚ ਦਰਿਆਉ ਦੇ ਪਾਣੀ ਦੇ ਸਿੰਮਣ ਕਰਕੇ ਜੋ ਨਮੀ ਹੁੰਦੀ ਹੈ। ਲਾਦੂ ਜਨੌਰਾਂ ਉੱਪਰ ਪਾਉਣ ਵਾਲੇ ਕਪੜੇ ਦਾ ਮੂੰਹ ਬੰਦ ਕਰਨ ਵਾਲਾ ਸਣ ਦਾ ਰਸਾ

**ਸੇਬਾਲ,** ਪੁ:-ਪਾਣੀ ਵਿਚ ਉੱਗਣ ਵਾਲਾ ਇੱਕ ਬੂਟਾ ਜਿਸ ਦੀ ਜੜ੍ਹ ਮੱਛੀਆਂ ਦੇ ਫੜਨ ਦੀ ਬੱਤੀ ਹੈ ॥

**ਸੇਮ,** ਥ:-ਇੱਕ ਤਰਾਂ ਦੀ ਫਲੀ।

**ਸੇਮੀਆਂ,** ਸ: (ਬਹੁ ਬਚਨ) 'ਸੇਵੀਆਂ' ਵੇਖੋ।

**ਸੇਰ,** ਪੁ:-ਸੋਲਾਂ ਛਟਾਂਕਾਂ ਜਾਂ ਚਹੁੰ ਪਾਵਾਂ ਦਾ ਭਾਰ, ਜਾਂ ਵੱਟਾ। ਇਕ ਤਰ੍ਹਾਂ ਦਾ ਘਾਹ।

**ਸ਼ੇਰ,** ਪੁ:-ਬਣ ਦੇ ਜਨੌਰਾਂ ਦਾ ਰਾਜਾ। ਸਿੰਘ, ਭਿੜ੍ਹਾ, ਸੌਂਰ, ਸੂਰਬੀਰ, ਬਹਾਦਰ ਆਦਮੀ ॥ ਵਿ:-ਬਹਾਦਰ, ਤਕੜਾ, ਤੌਂਫਾ ॥

**ਸ਼ੇਰ ਹੋਣਾ,** ਕ੍ਰਿ:-ਦਲੇਰ ਹੋਣਾ, ਨਿਡਰ ਹੋ ਜਾਣਾ ਦੂਜੇ ਨੂੰ ਵੱਸ ਵਿਚ ਕਰ ਲੈਣਾ ॥

**ਸ਼ੇਰ ਗਿਲ,** ਪੁ:-ਜੱਟਾਂ ਦੀ ਇੱਕ ਜਾਤ।

Digitized by Panjab Digital Library | www.panjabdigilib.org

**ਸ਼ੇਰ ਮਰਦ,** ਪੁ:—ਬਹਾਦਰ ਆਦਮੀ ॥

**ਸ਼ੇਰ ਮਰਦੀ,** ਸ:—ਬਹਾਦਰੀ, ਦਲੇਰੀ ॥

**ਸ਼ੇਰਣੀ,** ਸ:—ਸ਼ੇਰ ਜਾਂ ਚਿਤ੍ਰੇ ਦੀ ਮਦੀਨ ॥

**ਸੇਰਵਾ, ਸੇਰੂ, ਸੇਰੂਆ,** ਪੁ:—ਮੰਜੇ ਦੇ ਸਿਰ ਜਾਂ ਪੈਰਾਂ ਵਾਲੇ ਪਾਸੇ ਦਾ ਤੇੜਾ ॥

**ਸੇਰੂ ਬਾਈ,** ਪੁ:—ਇੱਟਾਂ ਨੂੰ ਪਹਿਲੇ ਲੰਮੇ ਦਾਉ ਅਤੇ ਫੇਰ ਛੋਟੇ ਦਾਉ ਰਖਕੇ ਤਾਹ ਜਮਾਉਣ ਦਾ ਢੰਗ ॥

**ਸੇਲ,** ਸ:—ਇਕ ਲੰਮੀ ਬਰਛੀ ॥

**ਸੇਲ੍ਹੀ,** ਸ:—'ਸੇਲੀ' ਵੇਖੋ ॥

**ਸੇਲਖੜੀ,** ਪੁ:—ਇਕ ਤਰਾਂ ਦੀ ਦੁਆ ।

**ਸੇਲਾ,** ਪੁ:—ਇਕ ਤਰਾਂ ਦੀ ਬਰੀਕ ਮਲਮਲ, ਬਰਛੀ ।

**ਸੇਲ੍ਹਾਂ,** ਸ:—(ਬਹੁ ਬ:)—ਸਿਰ ਪੀੜ, ਪੁੜਪੁੜੀਆਂ ਵਿੱਚ ਭਾਰੀ ਪੀੜ, ਚੁਭਾਂ (ਵੇਖੋ—'ਚੁਲ')।

**ਸੇਲੀ,** ਸ:—ਧਾਗਿਆਂ ਜਾਂ ਵਾਲਾਂ ਦੀ ਮਾਲਾ, ਸੁਥਰਿਆਂ, ਉਦਾਸੀਆਂ ਅਤੇ ਫਕੀਰਾਂ ਵਾਲਾ ਉੱਨ ਦਾ ਰੱਸਾ ॥

**ਸੇਲੀ ਟੋਪੀ ਦੇਣਾ,** ਕ੍ਰਿ:—ਆਪਣੀ ਥਾਂ ਪੂਜਨੀਕ ਜਾਂ ਗੁਰੂ ਥਾਪਣਾ ॥

**ਸੇਲ੍ਹੂ,** ਪੁ:—ਸੇਲਾ ਚੁੱਕਣ ਵਾਲਾ, ਚੋਰੀ ਛਪੀ ਖ਼ਬਰ ਲਿਆਉਣ ਵਾਲਾ, ਭੇਤੀ।

**ਸੇਵ,** ਪੁ:—'ਸੇਉ' ਵੇਖੋ ॥

**ਸੇਵਕ,** ਪੁ:—'ਸੇਉਕ' ਵੇਖੋ ॥

**ਸੇਵਕਣੀ,** ਸ:—'ਸੇਉਕਣੀ' ਵੇਖੋ ॥

**ਸੇਵਕਾਈ, ਸੇਵਕੀ,** ਸ:—ਟਹਿਲ, ਸੇਵਾ, ਭਗਤੀ ਆਦਿ 'ਸੇਉਕੀ' ਵੇਖੋ ॥

**ਸੇਵਣਾ,** ਕ੍ਰਿ: ਸੇਵਾ ਕਰਨੀ, ਭਗਤੀ ਕਰਨੀ ਤਰ ਕਰਨਾ, ਭੇਉਣਾ ।

**ਸੇਵਤਾ,** ਪੁ:—ਚਿੱਟੇ ਗੁਲਾਬ ਦਾ ਫੁੱਲ।

**ਸੇਵਤੀ,** ਪੁ:—'ਗੁਲਾਬ' ਵੇਖੋ

**ਸੇਵੜਾ,** ਪੁ:—ਜੈਨੀ ਸਾਧੂ, ਸਰੇਵੜਾ ।

**ਸੇਵਾ,** ਸ:—ਟਹਿਲ, ਚਾਕਰੀ, ਨੌਕਰੀ, ਭਗਤੀ, (ਸੇਵਾ ਤੋਂ ਮੇਵਾ ਮਿਲਦਾ ਹੈ) ॥

**ਸੇਵ ਦਾਰ,** ਪੁ:—ਭਟ, ਫਕੀਰ ਜਾਂ ਬ੍ਰਾਹਮਣ ਜੋ ਜ਼ੋਰ ਪਾਕੇ ਲੋਕਾਂ ਕੋਲੋਂ ਦਾਨ ਮੰਗੇ ਅਤੇ ਲਿਤੇ ਬਾਝੋਂ ਨਾ ਟਲੇ। ਸੇਵਾ ਕਰਨ ਵਾਲਾ ।

**ਸੇਵਿੰਗ ਬੈਂਕ,** ਪੁ:—ਜਿਸ ਬੈਂਕ ਵਿਚ ਆਪਣਾ ਜੋੜਿਆ ਹੋਯਾ ਰੁਪਯਾ ਕੋਈ ਜਮਾ ਕਰਾਵੇ ॥

**ਸੇਵੀਆਂ,** ਸ:—(ਬਹੁ ਬ:)—ਆਟੇ ਜਾਂ ਮੈਦੇ ਦੀਆਂ ਲੰਮੀਆਂ ਤਾਰਾਂ ਜਾਂ ਡੋਰੀਆਂ ਜਿਨ੍ਹਾਂ ਨੂੰ ਭੁਨਾ ਕੇ ਉਬਾਲਦੇ ਹਨ ਅਤੇ ਮਿੱਠਾ ਅਰ ਘਿਉ ਜਾਂ ਦੁਧ ਪਾਕੇ ਖਾਂਦੇ ਹਨ। ਵੇਸਣ ਦੀਆਂ ਸਲੂਣੀਆਂ ਸੇਵੀਆਂ ਬੀ ਤਲਦੇ ਹਨ ॥

**ਸ਼ੱਕਰ ਸੇਵੀਆਂ,** ਸ:—ਉਬਾਲੀਆਂ ਹੋਈਆਂ ਸੇਵੀਆਂ ਜਿਨ੍ਹਾਂ ਵਿਚ ਘਿਉ ਅਤੇ ਸ਼ੱਕਰ ਰਲੀ ਹੋਈ ਹੁੰਦੀ ਹੈ ॥

**ਸੈ,** ਵਿ:—ਸੌ, ਪੰਜ ਵੀਹਾਂ ।

**ਸ਼ੈ,** ਸ:—ਚੀਜ਼, ਵਸਤ, ਮਨਿਆਈ, ਬਲਾ ॥

**ਸੈਂ,** ਕ੍ਰਿ:—ਹੋਣਾ (ਹੋ) ਧਾਤੂ ਦਾ ਭੂਤ ਕਾਲ, ਮਧਮ ਪੁਰਖ, ਇਕ ਬਚਨ ॥

Digitized by Panjab Digital Library / www.panjabdigilib.org

**ਸੈਇਆ,** ਵਿ:—ਸੈਆਂ ਦਾ (ਜਿਹਾ ਕਿ ਇਹ ਘੋੜਾ ਪੰਜ ਸੈਇਆ ਹੈ ਅਰਥਾਤ ਪੰਜ ਸੌ ਰੁਪਏ ਦਾ ਹੈ)। ਆਪੇ ਉਪਜਿਆ ਜਾਂ ਉੱਗਿਆ ਹੋਇਆ। ਹਰਾਮਦਾ। ਸੌ॥

**ਸੈਈ,** ਵਿ: -ਸੈਆਂ ਦੀ (ਜਿਹਾ ਕਿ ਇਹ ਘੋੜੀ ਦੋ ਸੈਈ ਹੈ ਅਰਥਾਤ ਦੋ ਸੌ ਦੀ ਹੈ)॥

ਸ:—ਜਤਨ, ਕੋਸ਼ਸ਼, ਮਦਦ॥

**ਸੈਈਕਾਰ,** ਪੁ:—ਸਹਾਈ, ਰਾਖਾ॥

**ਸੈਈਕਾਰੀ,** ਸ:—ਸਹਾਇਤਾ, ਮੱਦਤ, ਆਸਰਾ ਸਹਾਰਾ॥

**ਸੈਂਸ,** ਪੁ:—'ਸੰਸਾ' ਵੇਖੋ॥

**ਸ਼ੈਹ,** ਸ:—ਸਹਾਰਾ, ਮੱਦਤ, ਉਚਾਲਾ।

**ਸ਼ੈਹ ਦੇਣਾ,** ਕ੍ਰਿ:—ਉਕਸਾਉਣਾ॥

**ਸ਼ੈਹਤ,** (ਦ) 'ਸ਼ਹਦ' ਵੇਖੋ।

**ਸੈਕੜਾ**
**ਸੈਂਕੜਾ** } ਵਿ:—ਸੌ, ਸ਼ੌ, ਪੰਜ ਵੀਹਾਂ॥

**ਸੈਂਚਾ,** ਪੁ:—ਸੰਚਾ, ਠੱਪਾ, ਕਲਬੂਤ।

**ਸੈਂਚੀ,** ਸ:—ਛੋਟਾ ਸੈਂਚਾ, ਠੱਪਾ, ਪੋਥੀ ਦਾ ਹਿੱਸਾ, ਪੱਤ੍ਰਿਆਂ ਦਾ ਇਕਠ।

**ਸ਼ੈਤ,** ਕ੍ਰਿ: ਵਿ:—ਸ਼ਾਇਤ, ਖਬਰੇ, ਸੌ ਵਿਸਵਾ।

**ਸੈਂਤ,** ਸ:—ਸਾਂਤ, ਚੈਨ, ਸੰਤੋਖ, ਵਿਆਹ ਦੀ ਇੱਕ ਗੀਤ, ਮੌਕਾ, ਵੇਲਾ, ਮਹੂਰਤ॥

**ਸੈਂਤਾ,** ਪੁ:—ਮੁੰਡਿਆਂ ਦੀ ਖੇਡ ਦੀ ਬੋਲੀ।

**ਸੈਂਤਾਹਲੀਆ**
**ਸੈਤਾਹਲ੍ਹੀਆ** } ਪੁ:—ਸੰਮਤ ਸੰਤਾਲੀ॥

**ਸੈਂਤਾਲੀ,** ਵਿ:—ਸੱਤੀ ਉੱਤੇ ਚਾਲੀ॥

**ਸੈਂਤਾਲੀਮਾ**
**ਸੈਂਤਾਲੀਵਾਂ** } ਵਿ:—ਸੈਂਤਾਲੀਆਂ ਦੀ ਗਿਣਤੀ ਪੂਰੀ ਕਰਨ ਵਾਲਾ॥

**ਸੈਂਤੀ,** ਵਿ:—ਸੱਤਾਂ ਉੱਤੇ ਤੀਹ।

**ਸੈਂਤੀਮਾ**
**ਸੈਂਤੀਵਾਂ** } ਵਿ: ਸੈਂਤੀਆਂ ਦੀ ਗਿਣਤੀ ਪੂਰੀ ਕਰਨ ਵਾਲਾ।

**ਸ਼ੈਦ,** ਕ੍ਰਿ: ਵਿ:—"ਸ਼ੈਤ" ਵੇਖ॥

**ਸੈਂਦਕ**
**ਸੈਂਦਕੀ**
**ਸੈਂਦਕੀਂ** } ਕ੍ਰਿ: ਵਿ:—ਮੁਫ਼ਤ, ਐਵੇਂ ਹੀ, ਬਿਨਾਂ ਮੁਲ ਦੇ॥

**ਸੈਦਾਣੀ,** ਸ:—ਸੱਯਦ ਦੀ ਤੀਮਤ॥

**ਸੈਦੀ,** ਪੁ:—ਮਿਸਰ ਦੇਸ ਦੀ ਸੈਦਾ ਨਾਮੇ ਜਗਾ ਤੋਂ ਆਇਆ ਹੋਇਆ।ਇਕ ਤਰਾਂ ਦਾ ਸਬਜ਼ਾ।

**ਸੈਨ,** ਸ:—ਸਹੀ, ਦਸਤਖ਼ਤ, ਸੈਨਤ, ਨਿਸ਼ਾਨ॥

**ਸੈਨਕ**
**ਸੈਨਤ** } ਸ:—'ਸੈਨ' ਵੇਖੋ, ਇਸ਼ਾਰਾ, ਸਮਝੌਤੀ॥

**ਸੈਨਾ,** ਸ:—ਫੌਜ, ਇਕੱਠ, ਬਾਂਦਰ॥

**ਸੈਨਾ ਸੈਨੀ,** ਸ:—ਇੱਕ ਦੂਜੇ ਦਾ ਆਪੋ ਵਿੱਚ ਸੈਨਤਾਂ ਕਰਨਾ।

**ਸੈਨਾ ਪਤੀ,** ਪੁ:—ਫੌਜ ਦਾ ਜਰਨੈਲ, ਕਮਾਨੀਅਰ, ਕਪਤਾਨ॥

**ਸੈਨਾ ਮੈਨਾ,** ਸ:—ਬਾਲਾਂ ਦੀ ਮੰਡਲੀ॥

**ਸੈਰ,** ਪੁ:—ਖਜੂਰ ਦੇ ਰੁੱਖਾਂ, ਘਾਹ, ਮੱਛੀਆਂ ਫੜਨ ਦੀ ਥਾਂ ਆਦਿਕਾਂ ਉੱਤੇ ਜੋ ਮਸੂਲ ਲਗਦਾ ਹੈ। 'ਸਲ' ਵੇਖੋ॥

**ਸੈਰਨਾ,** ਕ੍ਰਿ:—ਲੈ, ਲੈਣਾ, ਕਬਜਾ, ;ਕਰਨਾ।

Digitized by Panjab Digital Library | www.panjabdigilib.org

**ਸੈਲ,** ਪੁਃ—ਫਿਰਨਾ ਤੁਰਨਾ, ਘੁੰਮਣਾ, ਵਾਉ, ਛੱਖਲੀ, ਕਿਤਾਬ ਪੜ੍ਹ ਜਾਣੀ, ਇਕ ਤਰਾਂ ਦੀ ਪੱਥਰ ਦੀ ਸਿਲ॥

**ਸੈਲ ਸਪੱਟਾ,** ਪੁਃ—ਫਿਰਨਾ ਤੁਰਨਾ, ਨਵੀਆਂ ਨਵੀਆਂ ਥਾਵਾਂ ਵੇਖਣੀਆਂ।

**ਸੈਲ ਬਾਜ਼,** ਪੁਃ—ਸੈਲ ਕਰਨ ਵਾਲਾ, ਜਿਸ ਨੂੰ ਕੰਮ ਕਾਜ ਛੱਡ ਕੇ ਅਵਾਰਾ ਫਿਰਨ ਦੀ ਇੱਲਤ ਪੈ ਜਾਵੇ।

**ਸੈਲ ਬਾਜ਼ੀ,** ਸਃ—ਸੈਲ ਸਪੱਟਾ, ਆਵਾਰਾ ਫਿਰਨਾ, ਥਾਂ ਥਾਂ ਘੁੰਮਣ।

**ਸੈਲਣ,** ਸਃ—ਸੈਲ ਕਰਨ ਵਾਲੀ ਜਾਂ ਪਰਦੇਸ ਵਿਚ ਫਿਰਨ ਵਾਲੀ ਤੀਵੀਂ, ਅਵਾਰਾ, ਲੁੱਚਣੀ॥

**ਸੈਲਾਬ,** ਸਃ—ਸਲ੍ਹਾਬ, ਹੜ੍ਹ॥

**ਸੈਲਾਬੀ,** ਸਃ—ਨਦੀਆਂ ਦੇ ਹੜ੍ਹ ਆਦਿਕ ਨਾਲ ਸਿੰਜਣ ਵਾਲੀ ਧਰਤੀ।

**ਸੈਲੀ**
**ਸੈਲੂ** } ਪੁਃ—ਸੈਲ ਕਰਨ ਵਾਲਾ, ਮੁਸਾਫਰ, ਰਾਹੀ, ਅਵਾਰਾ, ਲੱਚਾ॥

**ਸੋ,** ਪੜਃ—ਉਹ, ਵਲਾਣਾ।

ਕ੍ਰਿਃ, ਵਃ—ਇਸ ਕਰਕੇ, ਇਸ ਲਈ, ਐਉਂ॥

**ਸੋਆ,** ਪੁਃ—ਇੱਕ ਤਰਾਂ ਦਾ ਸਾਗ॥

**ਸੋਆ ਪਾਲਕ,** ਪੁਃ—ਸੋਆ॥

**ਸੋਆ ਰੇਵਣ,** ਸਃ—ਇੱਕ ਔਖਧ॥

**ਸੋਇਆ,** ਪੁਃ—'ਸੋਆ' ਵੇਖੋ॥

**ਸੋਇਨਾ,** ਪੁਃ—ਸੋਨਾ ਸੁਵਰਣ, ਸਿਓਨਾ ਕੰਚਨ॥

**ਸੋਈ,** ਪੜਃ—ਓਹੀ, ਓਹਾ ਓਹੋ, ਓਹੀਓ

ਪੁਃ—ਦਰਜੀ, ਕਪੜੇ ਸੀਊਣ ਵਾਲਾ॥

**ਸੋਏ,** ਪੁਃ—'ਸੋਆ' ਵੇਖੋ॥

**ਸੋਸ,** ਵਿਃ—ਸੁਕਾ, ਖੁਸ਼ਕ॥

**ਸੋਸ ਹੋਣਾ,** ਕ੍ਰਿਃ—ਸੁਕਣਾ, ਮੁਰਝਾਉਣਾ।

**ਸੋਸ ਕਰਨਾ,** ਕ੍ਰਿ—ਸੁਕਾਉਣਾ॥

**ਸੋਸਨ,** ਪੁਃ—ਇੱਕ ਨੀਲੇ ਰੰਗ ਦਾ ਫੁੱਲ॥

**ਸੋਸਨੀ,** ਵਿਃ—ਸੋਸਨ ਦੇ ਰੰਗ ਦਾ, ਕਸੁੰਭੇ ਅਤੇ ਨੀਲ ਨੂੰ ਘੋਲ ਕੇ ਬਣਾਇਆ ਹੋਇਆ ਰੰਗ॥

**ਸੋਸ਼ਲ,** ਵਿਃ—ਭਾਈ ਚਾਰਕ, ਮਨੁੱਖਾਂ ਦੇ ਮੇਲ ਸੰਬੰਧੀ॥

**ਸੋਸਾਇਟੀ,** ਸਃ—ਸਭਾ, ਕਮੇਟੀ, ਜਥਾ।

**ਸੋਹਜ,** ਸਃ—ਸਮਝ, ਬੂਝ, ਨਜ਼ਰ, ਪਛਾਣ, ਸਜਾਵਟ, ਦਿਖਾਵਾ॥

**ਸੋਹਜਰਾ**
**ਸੋਹਜਲਾ** } ਪੁਃ—ਸਵੇਰ, ਤੜਕਾ, ਪਰਭਾਤ॥

**ਸੋਹਜਾ,** ਸਃ—'ਸੋਭਾ' ਵੇਖੋ॥

**ਸੋਹਣੀ,** ਸਃ—'ਸੋਭੀ' ਵੇਖੋ॥

**ਸੋਹਣ,** ਪੁਃ—ਠਠਿਆਰਾਂ ਦਾ ਇਕ ਸੰਦ, ਇੱਕ ਤਰਾਂ ਦੀ ਮਠਿਆਈ।

ਵਿਃ—ਮਨੋਹਰ, ਸੁਹਾਉਣਾ॥

**ਸੋਹਣਾ,** ਵਿਃ—ਸੁੰਦਰ, ਮਨੋਹਰ, ਫੱਬਾ॥

ਕ੍ਰਿਃ—ਸਜਣਾ ਠੀਕ ਆਉਣਾ॥

Digitized by Panjab Digital Library | www.panjabdigilib.org

**ਸੋਹਣੀ,** ਵਿ:—'ਸੋਹਣਾ' ਦਾ ਸਤ੍ਰੀ ਲਿੰਗ।

ਸ:—ਪਿਆਰੀ, ਸੁੰਦਰੀ, ਇੱਕ ਇਸਤ੍ਰੀ ਜਿਸ ਦਾ ਆਸ਼ਕ ਮਹੀਂਵਾਲ ਸਾ, ਇੱਕ ਰਾਗਣੀ ਦਾ ਨਾਉਂ ॥

**ਸੋਹੇਦੜਾ, ਸੋਹੰਦਾ** } ਵਿ:—ਸੋਹਣਾ ਲੱਗਣ ਵਾਲਾ, ਜੋ ਮਨ ਨੂੰ ਭਾਵ ॥

**ਸੋਂਹਦੀ,** ਪੁ:—ਖੱਤਰੀਆਂ ਦੀ ਇੱਕ ਜਾਤ।

**ਸੋਹਨ ਪੱਤ੍ਰ,** ਪੁ:—ਇਕ ਤਰਾਂ ਦੇ ਚਾਉਲ ॥

**ਸੋਹਲ,** ਵਿ:—ਨਾਜ਼ਕ, ਮੁਲਾਇਮ, ਕੋਮਲ। ਜੱਟਾਂ ਅਤੇ ਤਰਖਾਣਾਂ ਦੀ ਇੱਕ ਜਾਤ ॥

**ਸੋਹਲ ਪੇਸੀਂ,** ਸ:—ਇੱਕ ਵੱਡੇ ਕਦ ਦਾ ਮੋਛੀਆ ਵਰਕਣ ਵਾਲਾ ਜਨੌਰ ॥

**ਸੋਹਲਾ,** ਪੁ:—ਸੰਮਤ ਸੋਲਾਂ, ਵਿਆਹ ਆਦਿਕ ਦੇ ਗੀਤ ॥

ਵਿ:—ਸੋਲਾ ਅੰਗੁਲਾਂ ਲੰਮਾ (ਜੁੱਤੀ ਦਾ ਪੈਰ)।

**ਸੋਹਲੇ ਸੁਣਾਉਣੇ,** ਕ੍ਰਿ:—ਲਾਹ ਪਾਹ ਕਰਨੀ, ਬੁਰਾ ਭਲਾ ਕਹਿਣਾ, ਗਾਲਾਂ ਕਢਣੀਆਂ

**ਸੋਹਲੇ ਗਾਉਣੇ,** ਕ੍ਰਿ:—ਵਡਿਆਈ ਕਰਨੀ, ਗੁਣ ਗਾਉਣੇ, ਸਲਾਹੁਣਾ ॥

**ਸੋਹਲੀ,** ਸ:—ਇੱਕ ਤਰਾਂ ਦਾ ਜੁਆ ਜੋ ਸੋਲ੍ਹਾਂ ਕੌਡਾਂ ਨਾਲ ਖੇਡਿਆ ਜਾਂਦਾ ਹੈ ॥

**ਸੋਹਾਂਜਣਾ,** ਪੁ:—'ਸੁਹਾਂਜਣਾ' ਵੇਖੋ ॥

**ਸੋਹਾਵੜਾ, ਸੋਹਾਵਾ** } ਵਿ:—ਸੁੰਦਰ, ਮਨੋਹਰ, ਸੋਹਣਾ ॥

**ਸੋਹੁਣ,** ਪੁ:—'ਸੋਹਲ' ਵੇਖੋ ॥

**ਸੋਹੁਣਾ,** ਵਿ:—'ਸੋਹਣਾ' ਵੇਖੋ ॥

**ਸੋਹੁਲ,** ਵਿ:—'ਸੋਹਲ' ਵੇਖੋ ॥

**ਸੋਹੁਲਾ,** ਪੁ:—'ਸੋਹਲ' ਵੇਖੋ ॥

**ਸੋਕ,** ਪੁ:—ਗ਼ਮ, ਅਫ਼ਸੋਸ, ਦੁੱਖ ॥

**ਸੋਕ,** ਸ:—ਖੁਸ਼ਕੀ ॥

**ਸੋਕੜਾ, ਸੋਕਾ** } ਪੁ:—ਔੜ, ਖੁਸ਼ਕੀ, ਪਾਣੀ ਦੀ ਥੁੜ ॥

**ਸੋਕਾ,** ਪੁ:—ਪਾਣੀ ਨਾ ਹੋਣ ਕਰਕੇ ਜੀਣੇ ਦਾ ਸੁਕ ਸੜ ਜਾਣਾ ॥

**ਸੋਖ,** ਵਿ:—ਗੁਸਤਾਖ਼, ਸ਼ਰਾਰਤੀ, ਅੱਥਰਾ, ਨਟ ਖਟ, ਗੂੜ੍ਹਾ (ਰੰਗ)।

**ਸੋਖ, ਸੋਖਤ** } ਸ:—ਸੁਕਣਾ, ਜੀਰਣਾ, ਖੁਸ਼ਕੀ।

**ਸੋਖਤ,** ਸ:—ਬਲਣਾ, ਜਲਣ, [illegible], ਦੁਖ ਦੇਖਣਾ ॥

**ਸੋਖਤਾ,** ਵਿ:—ਸਾੜਿਆ ਹੋਇਆ, ਝੁਲਸਿਆ ਹੋਇਆ ॥

**ਸੋਖੀ,** ਸ:—ਸ਼ਰਾਰਤ, ਚੰਚਲ ਪੁਣਾ, ਗੁਸਤਾਖੀ, ਮਸਤੀ, ਨਖ਼ਰਾ ॥

**ਸੋਖੀ ਵੱਟਣੀ,** ਕ੍ਰਿ:—ਦੜ ਵੱਟਣੀ, ਚੁਪ ਕਰ ਰਹਿਣਾ ॥

**ਸੋਗ,** ਪੁ:—ਬਿਰਲਾਪ, ਰੋਣਾ ਪਿੱਟਣਾ, ਗ਼ਮ।

**ਸੋਗਮਾਨ,** ਵਿ:—ਸੋਗ ਕਰਨ ਵਾਲਾ, ਉਦਾਸ ਜਿਸਨੂੰ ਗ਼ਮ ਹੈ, ਦਿਲਗੀਰ।

**ਸੋਗਣ,** ਸ:, **ਸੋਗੀ,** ਪੁ: } ਸੋਗ ਕਰਨ ਵਾਲੀ ਜਾਂ ਵਾਲਾ ॥

**ਸੋੱਘਾ,** ਵਿ:—ਪੁ:—ਸਿਆਣਾ, ਸਮਝਦਾਰ, ਚੌਕਸ, ਚਤਰ, ਖ਼ਬਰਦਾਰ। ਚੌਕਸੀ, ਹੁਸ਼ਿਆਰੀ, ਸਾਂਭਿਆ ਹੋਣਾ ॥

Digitized by Panjab Digital Library | www.panjabdigilib.org

**ਸੋਘਾ**, ਪੁ:—ਪਸ਼ੌਰ ਦੇ ਇਲਾਕੇ ਦੇ ਇਕ ਤਰਾਂ ਦੇ ਹਲ ॥

**ਸੌਂਘੀ**, ਸ:—ਵਿ:—ਸਿਆਣਪ, ਚਤਰਾਈ। ਚੌਕਸੀ, ਸਾਂਭੋ ਹੋਣਾ (ਚੀਜ਼) ॥

**ਸੋਚ, ਸੌਂਚ**, ਸ:—ਧਿਆਨ, ਵਿਚਾਰ, ਕਿਆਸ, ਖਿਆਲ, ਚਿੰਤਾ, ਫ਼ਿਕਰ, ਗ਼ਮ ॥

**ਸੋਚ ਮਾਨ, ਸੋਚ ਵਾਲਾ**, ਵਿ:—ਵਿਚਾਰ ਵਾਨ, ਸਮਝਦਾਰ, ਸਿਆਣਾ

**ਸੋਚ ਵਿਚਾਰ**, ਸ:—ਖਿਆਲ, ਗੌਰ, ਹੁਸ਼ਿਆਰੀ, ਚੌਕਸੀ, ਸਿਆਣਪ, ਸਮਝ, ਬੂਝ ॥

**ਸੋਚਣਾ, ਸੋਚਣਾ**, ਕ੍ਰਿ:—ਸੋਚ ਕਰਨੀ, ਵਿਚਾਰਨਾ ॥ ਖਿਆਲ ਕਰਨਾ, ਧਿਆਨ ਦੇਣਾ ॥

**ਸੋਂਚਲ**, ਪੁ:—'ਸੋਂਚਲ' ਵੇਖੋ ॥

**ਸੋਚੀ, ਸੋਂਚੀ**, ਪੁ:—ਸੋਚਣ ਵਾਲਾ, ਵਿਚਾਰ ਵਾਨ, ਸਮਝ ਦਾਰ ਆਦਮੀ ॥

**ਸੋਜ, ਸੋੱਜਾ**, ਸ:—ਸਰੀਰ ਦੇ ਕਿਸੇ ਹਿੱਸੇ ਦਾ ਫੁਲਾਉ, ਉਭਾਰ, ਜਲਨਾ।

**ਸੋਝ**, ਸ:—ਖਿਆਲ, ਚੌਕਸੀ, ਹੁਸ਼ਿਆਰੀ, ਖਬਰਦਾਰੀ, ਦਿਖਾਵਾ, ਸਮਾਇਣ।

**ਸੋਝ ਮਾਨ**, ਵਿ:—'ਸੋਝਾ' ਵੇਖੋ

**ਸੋਝਾ**, ਵਿ:—ਚੌਕਸ, ਖਬਰਦਾਰ, ਹੋਸ਼ਿਆਰ, ਸਿਆਣਾ ॥

ਸ:—ਪੁ:—ਚੌਕਸੀ, ਖਬਰਦਾਰੀ, ਹਿੰਦੂਆਂ ਵਿੱਚ ਕਿਸੇ ਦੇ ਮਰਨ ਪਿੱਛੋਂ ਤੇਰ੍ਹਵਾਂ ਦਿਨ ਜਿਸ ਦਿਨ ਕਿਰਿਆ ਹੁੰਦੀ ਹੈ ॥

**ਸੋਝੀ**, ਸ:—ਚੌਕਸੀ, ਖਬਰਦਾਰੀ ॥

**ਸੋਟਾ**, ਪੁ:, **ਸੋਟੀ**, ਸ:—ਡੰਡਾ, ਲਾਠੀ, ਛਟੀ ॥

**ਸੋਠਾ**, ਪੁ:, **ਸੋਠੀ**, ਸ:—'ਸੋਟਾ' ਵੇਖੋ ॥

**ਸੋਡਾ**, ਪੁ: ਖਾਰ, ਸੱਜੀ, ਵਲੈਤੀ ਖਾਰਾ ਪਾਣੀ ॥

**ਸੋਡਾ ਵਾਟਰ**, ਪੁ:—ਸੋਡੇ ਦਾ ਪਾਣੀ (ਜਿਸ ਵਿੱਚ ਗੈਸ ਭਰੀ ਹੁੰਦੀ ਹੈ)।

**ਸੋਢ ਬੰਸ, ਸੋਢ ਵੰਸ**, ਪੁ:—ਸੋਢੀਆਂ ਦੀ ਜਾਤ ਦਾ। ਸਢੀ। ਹਰ ਇੱਕ ਸਿੱਖ ਜਦ ਪਹੁਲ ਲੈਣ ਲਗਦਾ ਹੈ ਤਾਂ ਉਸ ਨੂੰ ਉਪਦੇਸ਼ ਕੀਤਾ ਜਾਂਦਾ ਹੈ ਕਿ ਹੁਣ ਤੇਰੀ ਪਹਿਲੀ ਜਾਤ ਜਾਂਦੀ ਰਹੀ, ਹੁਣ ਤੂੰ ਸੋਢ ਬੰਸ ਹੈਂ ॥

**ਸੋੱਢੀ**, ਪੁ:—ਖੱਤਰੀਆਂ ਦੀ ਇੱਕ ਜਾਤ, ਜਿਸ ਜਾਤ ਦੇ ਗੁਰੂ ਗੋਬਿੰਦ ਸਿੰਘ ਸਨ। ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੀ ਕੁਲ, (ਸਿੱਖ ਲੋਕ ਸੋਢੀਆਂ ਦਾ ਬੜਾ ਆਦਰ ਮਾਣ ਕਰਦੇ ਹਨ) ॥

**ਸੋੱਢੀ ਸਰਦਾਰ**, ਪੁ:—ਰਈਸ, ਸਾਊ, ਪੈਂਚ, ਵੱਡਾ ਆਦਮੀ ॥

**ਸੋਢੀ ਪਾਤਸ਼ਾਹ**, ਪੁ:—ਗੁਰੂ ਗੋਬਿੰਦ ਸਿੰਘ ਜੀ ॥

**ਸੋਣ**, ਪੁ:—ਸੌਣ ਦਾ ਮਹੀਨਾ, ਰਸਮ।

**ਸੋਤ**, ਸ:—ਸੌਣ ਦਾ ਕੰਮ, ਸੌਣ ਵੇਲੇ ਦੇ ਕੱਪੜ, ਸੌਣ ਦੀ ਥਾਂ ॥

**ਸੋਤਰ**, ਪੁ:—ਬਹੁਤ ਸੌਣ ਵਾਲਾ, ਸੁਸਤ।

**ਸੋਤਾ**, ਵਿ:—ਜਿਸ ਨੂੰ ਨੀਂਦਰ ਪਈ ਆਉਂਦੀ ਹੈ ਪੁ:—ਸੌਂਥ, ਉਂਡ ॥

**ਸੋਤਾ ਵੇਲਾ**, ਪੁ:—ਸੌਣ ਦਾ ਵੇਲਾ, ਜਿਸ ਵੇਲੇ ਸਾਰੇ ਬਾਰੇ ਨਿਕਲ ਚੁਕਦੇ ਹਨ ॥

Digitized by Panjab Digital Library | www.panjabdigilib.org

**ਸੋਧਣਾ,** ਕ੍ਰਿ:—ਠੀਕ ਕਰਨਾ, ਸਹੀ ਕਰਨਾ, ਇੱਕ ਪੋਥੀ ਨੂੰ ਦੂਜੀ ਨਾਲ ਮੇਲਕੇ ਸੁੱਧ ਕਰਨਾ, ਧਾਤਾਂ ਵਿੱਚੋਂ ਮੈਲ ਕੱਢਣੀ, ਮਹੂਰਤ ਕਢਣਾ, ਲੇਖਾ ਕਰਨਾ, ਢੂੰਡਣਾ, ਪੜਤਾਲ ਕਰਨੀ ॥

**ਸੋਂਧਾ,** ਵਿ:—ਮਨ ਭਾਉਂਦਾ, ਵਡਮੁੱਲਾ ਖੁਸ਼ਬੂਦਾਰ ਪੁ:—ਸਿਰ ਦੇ ਵਾਲ ਦੇ ਵਿੱਚ ਦੀ ਲੀਕ।

**ਸੋਂਧੀ,** ਪੁ:—ਖੱਤਰੀਆਂ ਦੀ ਇੱਕ ਜਾਤ ॥

**ਸੋਨ ਸਿਹਰਾ,** ਪੁ:—ਵਿਆਹ ਵਾਲੇ ਦਿਨ ਜੋ ਸੁਨਹਿਰੀ ਸਿਹਰਾ ਲਾੜਾ ਮੱਥੇ ਉੱਤੇ ਬੰਨ੍ਹਦਾ ਹੈ।

**ਸੋਨ ਖਰਸਾ,** ਪੁ:—ਇੱਕ ਤਰਾਂ ਦੇ ਚੌਲ ਜੋ ਸਰਸੇ ਦੇ ਅਲਾਕੇ ਵਿੱਚ ਹੁੰਦੇ ਹਨ ॥

**ਸੋਨ ਚਿੜੀ,** ਸ:—ਇੱਕ ਪੀਲੇ ਰੰਗ ਦਾ ਪਖੇਰੂ (ਜਿਸ ਵੇਲੇ ਨਾਈ ਕਿਸੇ ਮੁੰਡੇ ਦੀ ਸੁੰਨਤ ਕਰਨ ਲੱਗਦੇ ਹਨ ਤਾਂ ਉਹਦਾ ਧਿਆਨ ਹੋਰ ਪਾਸੇ ਲਾਉਣ ਲਈ ਸੋਨ ਚਿੜੀ ਦੀ ਗੱਲ ਕਰਦੇ ਹਨ) ॥

**ਸੋਨ ਮੱਖੀ,** ਸ:—ਤਾਂਬ ਜਾਂ ਲੋਹੇ ਦੀ ਕਚੀ ਧਾਤ ॥

**ਸੋਨ ਮੱਖੀ,** ਸ:—ਇੱਕ ਤਰਾਂ ਦੀ ਪੀਲੀ ਮੱਖੀ, ਇੱਕ ਦੁਆ, ਇੱਕ ਤਰਾਂ ਦਾ ਨਰਮ ਪੱਥਰ ॥

**ਸੋਨ ਪਤ,** ਪੁ:—ਇੱਕ ਤਰਾਂ ਦੇ ਚੌਲ ॥

**ਸੋਨਾ,** ਪੁ—ਸੋਇਨਾ, ਸੁਵਰਨ, ਕੰਚਨ ॥

**ਸੋਨੀ,** ਪੁ:—ਖੱਤਰੀਆਂ ਦੀ ਇੱਕ ਜਾਤ ॥

**ਸੋਂਫ,** ਸ:—'ਸੌਂਫ' ਵੇਖੋ ॥

**ਸੋਫਤਾ,** ਪੁ:—ਅਰਾਮ, ਵੇਹਲ, ਛੁਟਕਾਰਾ ॥

**ਸੋਫੀ,** ਪੁ:—'ਸੂਫੀ' ਵੇਖ ॥

**ਸੋਬੀ,** ਵਿ:—ਖੋਟ ਵਾਲੀ ਚਾਂਦੀ ॥

**ਸੋਭਾ,** ਸ:—ਸੁਹੱਪਣ, ਸੋਹੁਜ, ਮਾਣ, ਵਡਿਆਈ, ਪ੍ਰਭਾਵ, ਮਹਿਮਾ, ਦਿਖਾਵਾ, ਸਜਾਵਟ, ਮਸ਼ਹੂਰੀ।

**ਸੋਮ,** ਪੁ:—ਚੰਦ੍ਰਮਾ, ਐਤਵਾਰ ਤੋਂ ਦੂਜਾ ਦਿਨ, ਪੁਰਾਣੇ ਆਰਯ ਲੋਕ ਜਿਸ ਬੂਟੀ ਦਾ ਰਸ ਕੱਢਕੇ ਪੀਂਦੇ ਸਨ ਅਤੇ ਜਿਸ ਦਾ ਜਗ ਕਰਦੇ ਸਨ ॥

**ਸੋਮਵਤੀ ਅਮਾਵਸ, ਸੋਮਵਤੀ ਮੱਸਿਆ,** ਸ:—ਜਹੜੀ ਮੱਸਿਆ, ਅਰਥਾਤ ਕ੍ਰਿਸ਼ਨ ਪੱਖ ਦੀ ਛੇਕੜਲੀ ਥਿੱਤ ਸੋਮਵਾਰ ਹੋਵੇ (ਉਹ ਦਿਨ ਪੁਰਬ ਸਮਝਿਆ ਜਾਂਦਾ ਹੈ)॥

**ਸੋਮਵਾਰ,** ਪੁ:—ਐਤਵਾਰ ਤੋਂ ਦੂਜਾ ਦਿਨ, ਪੀਰ ॥

**ਸੋਯਾ,** ਪੁ:—'ਸੋਆ' ਵੇਖੋ ॥

**ਸ਼ੋਰ,** ਪੁ:—ਰੌਲਾ, ਚੀਕ ਚਿਹਾੜਾ, ਡੰਡ, ਕੱਲਰ ॥ ਵਿ:—ਨਿਮਕੀ, ਲੂਣ ਵਾਲਾ।

**ਸ਼ੋਰ ਸ਼ਰਾਬਾ,** ਪੁ:—ਰੌਲਾ ਗੌਲਾ, ਲੜਾਈ ਝਗੜਾ।

**ਸ਼ੋਰ ਕਰਨਾ,** ਕ੍ਰਿ:—ਰੌਲਾ ਪਾਉਣਾ

**ਸ਼ੋਰ ਜ਼ਮੀਨ,** ਸ:—ਕੱਲਰ ਵਾਲੀ ਧਰਤੀ ॥

**ਸ਼ੋਰ ਲੱਗਣਾ,** ਕ੍ਰਿ:ਧਰਤੀ ਆਦਿਕ ਵਿੱਚ ਕੱਲਰ ਪੈਦਾ ਹੋ ਜਾਣਾ।

**ਸੋਰਠ,** ਪੁ:—ਇੱਕ ਰਾਗ ਦਾ ਨਾਉਂ ॥

**ਸੋਰਠਾ,** ਪੁ:—ਇੱਕ ਛੰਦ ਜੋ ਦੋਹਰੇ ਨੂੰ ਉਲਟਾਉਣ ਤੋਂ ਬਣਦਾ ਹੈ ॥

**ਸੋਰਮਾ,** ਸ:—ਇੱਕ ਔਖਧ ਦਾ ਨਾਉਂ ॥

Digitized by Panjab Digital Library / www.panjabdigilib.org

**ਸ਼ੋਰਾ,** ਪੁ:—ਇੱਕ ਲੂਣ ਵਰਗੀ ਚੀਜ਼ ਜੋ ਬਹੁਤ ਆਦਕਾਂ ਵਿੱਚ ਪੈਂਦੀ ਹੈ। ਸ਼ੋਰੂਆ, ਰਸਾ, ਤਰੀ

**ਕਲਮੀ ਸ਼ੋਰਾ,** ਪੁ:—ਚਮਕਦਾਰ ਸਾਫ਼ ਤੀਲਿਆਂ ਵਰਗਾ ਸ਼ੋਰਾ॥

**ਸ਼ੋਰੀ,** ਵਿ—ਸ਼ੋਰ ਕਰਨ ਵਾਲਾ, ਰੌਲਾ ਪਾਉਣ ਵਾਲਾ॥

**ਸ਼ੋਰੂਆ,** ਪੁ:—ਮਾਸ ਦੀ ਤਰੀ।

**ਸੋਲਾਂ,** ਵਿ:—ਦਸ ਉੱਤੇ ਛੇ। ਪਦਾਰਥਾਂ ਤੋਂ ਇੱਕ ਵੇਧ॥

**ਸੋਲਾਂ ਆਨੇ,** ਕ੍ਰਿ: ਵਿ:—ਪੂਰਾ ੨, ਠੀਕ, ਬਿਲਕੁਲ (ਸੋਲਾਂ ਆਨੇ ਸੱਚ)॥

**ਸੋਲਾਂ ਸ਼ਿੰਗਾਰ,** ਪੁ:—ਸ਼ਿੰਗਾਰ ਕਰਨ ਦੇ ਸੋਲਾਂ ਢੰਗ ਅਰਥਾਤ (੧) ਕੁਰੀ, (੨) ਧੂੜਾ, (੩) ਸੁਹਾਗਾ, (੪) ਸੰਧੂਰ, (੫) ਕੇਸਰ, (੬) ਸੁਰਮਾ, (੭) ਬਿੰਦੀ, (੮) ਸਿਰ ਦਾ ਤੇਲ, (੯) ਅਤਰ (੧੦) ਮਿਸੀ, (੧੧) ਨੀਲ, (੧੨) ਮਹਿੰਦੀ, (੧੩) ਵੱਟਣਾ, (੧੪) ਕੰਘੀ, (੧੫) ਪਾਨ, (੧੬) ਲਾਖ॥

**ਸੌ,** ਵਿ:—ਪੰਜ ਵੀਹਾਂ, ਸੈ, ਸੈਂਕੜਾ॥

ਕ੍ਰਿ:—ਸਾਂਝ, 'ਹੋਣਾ (ਹਾਂ)' ਧਾਤੂ ਦਾ ਭੂਤ ਕਾਲ ਮਧਮ ਪੁਰਖ, ਬਹੁ ਬਚਨ॥

**ਸੌਕੁ,** ਵਿ:—ਇੱਕ ਸੈਂਕੜੇ ਦੇ ਲਗ ਭਗ।

**ਸੌ ਗੁਣਾ,** ਵਿ: ਸੌ ਵਾਰ ਜੋੜਨ ਥੀਂ ਜਿੰਨਾ ਆਵੇ॥

**ਸੌ ਵਿਸਵਾ,** ਕ੍ਰਿ:, ਵਿ:—ਖਬਰੇ, ਸ਼ਾਇਦ, ਬਹੁਤ ਆਸ ਹੈ ਕਿ॥

(ਸੌ ਵਿਸਵਾ ਅਜੇ ਮੀਂਹ ਪਏਗਾ ਅਰਥਾਤ ਮੀਂਹ ਪੈਣ ਦੀ ਬਹੁਤ ਆਸ ਹੈ)।

**ਸੌਂਹ,** ਸ:—ਸੁਗੰਦ, ਕਸਮ।

**ਸੌਹਰਾ,** ਪੁ:—ਵਹੁਟੀ ਜਾਂ ਗਭਰੂ ਦਾ ਪਿਉ, ਝੋੜਾ, ਚੰਡਾਲ, ਮੂਰਖ॥

**ਸੌਹਰੇ ਦਾ,** ਪੁ:—ਸਾਲਾ (ਗਾਲ੍ਹੀ ਹੈ)॥

**ਸੌਹਰੀ,** ਸ:—ਵਹੁਟੀ ਜਾਂ ਗਭਰੂ ਦੀ ਮਾਂ, ਸੱਸ, ਫੱਲੀ, ਲੜਾਕੀ॥

**ਸੌਹਰੀ ਦਾ,** ਪੁ:—ਸਾਲਾ (ਗਾਲ੍ਹੀ ਹੈ)॥

**ਸੌਹੜ,** ਸ:—ਉਹ ਤੱਪੜ ਜਿਸ ਵਿੱਚ ਭ੍ਰੇਬ ਦਾ ਸਿਰਾ ਲਪੇਟਦੇ ਹਨ॥

**ਸੌਹੜ ਸਲੀਤਾ,** ਪੁ:—ਤੱਪੜ, ਬੋਰੀ, ਅਸਬਾਬ, ਸਮਿਆਨ॥

**ਸੌਹੜ ਮਾਰਣਾ**
**ਸੌਹੜ ਲਾਉਣਾ** } ਕ੍ਰਿ:—ਸਿਰ ਜਾਂ ਪਟੜੇ ਉੱਤੇ ਮਾਰ ਮਾਰ ਕੇ ਕੱਪੜੇ ਧੋਣਾ॥

**ਸੌਂਹੁ,** ਸ:—'ਸੌਂਹ' ਵੇਖੋ॥

**ਸੌਹੁਰਾ,** ਪੁ:—'ਸੌਹਰਾ' ਵੇਖੋ॥

**ਸੌਹੁਰੀ,** ਸ:—'ਸੌਹਰੀ' ਵੇਖੋ॥

**ਸੌਹੇਂ,** ਅਵ:—ਸਾਮ੍ਹਣੇ, ਅੱਗੇ, ਅਗਾੜੀ॥

**ਸ਼ੌਕ**
**ਸ਼ੌਂਕ** } ਪੁ:—ਚਾਹ, ਖੁਸ਼ੀ, ਇੱਛਿਆ, ਦਲੀਲ, ਲਾਲਸਾ, ਪ੍ਰੀਤ॥

**ਸ਼ੌਕ ਨਾਲ,** ਕ੍ਰਿ:, ਵਿ:—ਚਾਹ ਕੇ, ਬੜਾ ਖੁਸ਼ ਹੋਕੇ॥

**ਸੌਕਣ,** ਸ:—ਕਿਸੇ ਮਰਦ ਦੀਆਂ ਜੇ ਦੋ ਜਾਂ ਵਧੀਕ ਵਹੁਟੀਆਂ ਹੋਣ ਤਾਂ ਉਹ ਇੱਕ ਦੂਜੀ ਦੀਆਂ ਸੌਕਣਾਂ ਕਹਾਉਂਦੀਆਂ ਹਨ॥

Digitized by Panjab Digital Library | www.panjabdigilib.org

**ਸੌਂਕਣ ਪੁਣਾ,** ਪੁਃ—ਸੌਂਕਣਾਂ ਦਾ ਸਾੜ, ਸੌਂਕਣਾਂ ਦਾ ਵਰਤਾਰਾ, ਵੈਰ ਵਿਰੋਧ ॥

**ਸੌਂਕਾ,** ਪੁਃ—'ਸਾਉਕਾ' ਵੇਖੋ, ਇਕ ਪੰਖੇਰੂ ॥

**ਸ਼ੌਂਕੀ** / **ਸ਼ੌਕੀਣ** } ਵਿਃ—ਚਾਹ ਰੱਖਣ ਵਾਲਾ, ਪ੍ਰੇਮੀ ॥ ਬਣਠਣ ਕੇ ਰਹਿਣ ਵਾਲਾ, ਬਾਂਕਾ ।

**ਸੌਖ,** ਪੁਃ—ਸੁਖਾਲ, ਅਸਾਨੀ ॥

**ਸੌਖਾ,** ਵਿਃ—ਸੁਖਾਲਾ, ਅਸਾਨ, ਸੁਖੀ ॥

**ਸੌਗੰਦ,** ਪੁਃ—ਸੌਂਹ, ਕਸਮ ॥

**ਸੌਗੀ,** ਸਃ—ਮੇਵਾ, ਕਿਸ਼ਮਿਸ਼ । ਗਆਂਢ ॥

**ਸੌਂਚਲ,** ਪੁਃ—ਇੱਕ ਤਰਾਂ ਦਾ ਲੂਣ, ਇੱਕ ਸਾਗ ।

**ਸੌਂਚੀ** / **ਸੌਂਚੀ** } ਸਃ—ਇੱਕ ਖੇਡ ਜੋ ਮੌਲਿਆ ਮੁਸਾਹਬਿਆਂ ਵਿਚ ਖੇਡਦੇ ਹਨ ।

**ਸੌਚੇਤ,** ਵਿਃ—'ਸੁਚੇਤ' ਵੇਖੋ ॥

**ਸੌਜਗਾਰ,** ਵਿਃ—ਲਾਹਵੰਦ, ਜਿਸ ਵਿਚ ਵੰਦ ਹੈ, ਸੁਫਲ ॥

**ਸੌਜਣਾ,** ਕ੍ਰਿਃ—ਲਾਹ ਵੰਦ ਹੋਣਾ, ਸੁਫਲ ਹੋਣਾ ॥

**ਸੌਂਜੀ,** ਸਃ—ਇੱਕ ਧਰਤੀ ਦਾ ਟੁਕੜਾ ਜਿਸ ਦੀ ਵਾਹੀ ਇਸ ਲਈ ਧਰਮ ਅਰਥ ਕੀਤੀ ਜਾਵੇ ਕਿ ਆਪਣੀਆਂ ਸਨਬੰਧਣਾਂ ਜਾਂ ਸੇਵਾਂਆਂ ਦੀ ਪਾਲਣਾ ਹਵੇ ॥

**ਸੌਣ,** ਪੁਃ—ਹਿੰਦੂਆਂ ਦਾ ਪੰਜਵਾਂ ਮਹੀਨਾ ॥
ਸਃ—ਨੀਂਦਰ ਲੈਣ ਦਾ ਕੰਮ ॥

**ਸੌਣਾ** / **ਸੌਂਣਾ** } ਕ੍ਰਿਃ—ਨੀਂਦਰ ਲੈਣੀ, ਮਰਨਾ, (ਹੱਥਾਂ ਪੈਰਾਂ ਆਦਿਕ ਦਾ, ਸੁੰਨ ਹੋਣਾ ॥

**ਸੁੱਸਰੀ ਸੌਣਾ** / **ਸੁੱਸਰੀ ਵਾਂਗੂ ਸੌਣਾ** } ਕ੍ਰਿਃ—'ਸੁੱਸਰੀ' ਵੇਖੋ ।

**ਸੌਣੀ,** ਸਃ—ਸਉਣ ਦਾ ਕੰਮ ਜਾਂ ਢੰਗ, ਉਨ੍ਹਾਲ ਦਾ ਫਸਲ ॥

**ਸੌਤ** / **ਸੌਤ੍ਰ** / **ਸੌਤ੍ਰਾ** / **ਸੌਤ੍ਰੀ** / **ਸੌਤ੍ਰਾ** } ਵਿਃ—'ਔਤਰਾ' ਦਾ ਉਲਟ, ਆਲ ਉਲਾਦ ਵਾਲਾ ਜਾਂ ਵਾਲੀ, ਜਿਸ ਦੀ ਸੰਤਾਨ ਚੰਗੀ ਹੋ, ਟੱਬਰ ਦਾਰ ।

**ਸੌਦਾ,** ਪੁਃ—ਸੁਦਾ, ਝੱਲ, ਕਮਲ ਪੁਣਾ, ਪਾਗਲ-ਪੁਣਾ ॥

**ਸੌਦਾ** / **ਸੌਂਦਾ** } ਪੁਃ—ਬੁਪਾਰ, ਵਣਜ ਜਨਸ, ਵਿਕਾਊ ਮਾਲ, ਖਾਣ ਪੀਣ ਵਾਲੀ ਵਸਤ ॥

**ਸੌਦਾ ਸੁਲਫ,** ਪੁਃ—ਵਣਜ, ਵਿਹਾਰ ਵੰਡਾ ॥

**ਸੌਦਾ ਸੂਤ,** ਪੁਃ—ਚੀਜ਼ਾਂ ਵਸਤਾਂ, ਜਿਨਸ, ਮਾਲ ।

**ਸੌਦਾ ਹੋ ਜਾਣਾ** / **ਸੌਦਾ ਹੋਣਾ** } ਕ੍ਰਿਃ—ਭਾਵੇ ਆਦਿਕ ਦਾ ਨਬੇੜਾ ਹੋ ਜਾਣਾ ।

**ਸੌਦਾ ਕਰਨਾ,** ਕ੍ਰਿਃ—ਕੋਈ ਚੀਜ਼ ਖਰੀਦਣ ਜਾਂ ਵੇਚਣ ਲੱਗਿਆ ਭਾਉ ਆਦਿਕ ਦਾ ਨਬੇੜਾ ਕਰਨਾ ॥

**ਸੌਦਾ ਪੱਟਣਾ,** ਕ੍ਰਿਃ—ਸੌਦਾ ਹੋਣਾ, ਭਾਉ ਆਦਿਕ ਦਾ ਨਬੇੜਾ ਹੋ ਜਾਣਾ ॥

**ਸੌਦਾ ਪੱਤਾ,** ਪੁਃ—ਵੇਚਣ ਵਾਲੀਆਂ ਚੀਜ਼ਾਂ ॥

**ਸੌਦਾ ਬਨਾਉਣ,** ਕ੍ਰਿਃ—'ਸੌਦਾ ਕਰਨਾ' ਵੇਖੋ।

**ਸੌਦਾਗਰ,** ਪੁਃ—'ਸੁਦਾਗਰ' ਵੇਖੋ ।

**ਸੌਦਾਗਰਣੀ,** ਸਃ—'ਸੁਦਾਗਰਣੀ' ਵੇਖੋ ॥

**ਸੌਦਾਗਰੀ,** ਸਃ—'ਸੁਦਾਗਰੀ' ਵੇਖੋ ॥

**ਸੌਂਪਣਾ,** ਕ੍ਰਿਃ—ਸਪੁਰਦ ਕਰਨਾ, ਹਵਾਲੇ ਕਰਨਾ, ਰੱਖ ਛੱਡਣ ਲਈ ਦੇਣਾ, ਅਰਪਣ ਕਰਨਾ ॥
ਸਃ—ਸਪੁਰਦਗੀ, ਸੇਵੀ, ਅਮਾਨਤ ॥

Digitized by Panjab Digital Library | www.panjabdigilib.org

**ਸੌਂਫ,** ਸਃ—ਇੱਕ ਤਰਾਂ ਦੇ ਦਾਣੇ ਜੋ ਢਿੱਡ ਪੀੜ ਅਤੇ ਅਫਾਰੇ ਦੀ ਦਵਾ ਹਨ ਇਸ ਦਾ ਅਰਕ ਭੀ ਗੁਣਕਾਰ ਹੈ ॥

**ਸੌਂਫੀਆ / ਸੌਂਫੀਯਾ,** ਵਿਃ—ਸੌਂਫ ਦੀ ਮੁਸ਼ਕ ਵਾਲਾ (ਅੱਖ)॥

**ਸੌਰ ਜਾਣਾ / ਸੌਰਣਾ,** ਕ੍ਰਿਃ—ਠੀਕ ਹੋਣਾ, ਸੁਧਰਣਾ, ਸਜਣਾ, ਚੰਗਾ ਬਣਨਾ, ਸੰਧ ਹੋਜਾਣਾ, ਰੱਬਣ ਹੋਣਾ, (ਚੀਜਾਂ ਦਾ) ਥੌਹ ਸਿਰ ਰੱਖਿਆ ਜਾਣਾ, (ਦੁੱਧ ਦਾ) ਜੰਮ ਜਾਣਾ ॥

**ਸੌਲ,** ਸਃ—ਇੱਕ ਤਰਾਂ ਦੀ ਮੱਛੀ ॥

**ਸੌਲਾ,** ਵਿਃ—ਕਾਲਾ, ਪੀਲਾ, ਵਿੰਗੇ ਰੰਗ ਦਾ, ਪੱਲਾ ॥

**ਸੌੜ,** ਸਃ—ਤੰਗੀ, ਸਖ਼ਤੀ, ਔਖ ਇੱਕ ਤਰਾਂ ਦੀ ਰਜਾਈ (ਜਿਤਨੀ ਪਹੁੰਚ ਬਿਚਾਰੀਏ ਉਤਨੀ ਕੀਜੇ ਦੌੜ ਉਤਨੇ ਪਾਉਂ ਪਸਾਰੀਏ ਜਿਤਨੀ ਲੰਬੀ ਸੌੜ)

**ਸੌੜ੍ਹ,** ਪੁਃ,ਸਃ—ਇੱਕ ਤਰਾਂ ਦੀ ਦੁਲਾਈ ਜਿਸ ਨੂੰ ਚੋਗੇ ਵਾਂਗਰ ਪਹਿਨਦੇ ਹਨ

**ਸੌੜ੍ਹ ਸਲੀਤਾ,** ਪੁਃ—ਭੇਰੇ ਦੀਆਂ ਬੋਰੀਆਂ ਬਿਸ-ਤਰੇ ਆਦਿਕ ਜੋ ਮੁਸਾਫ਼ਰੀ ਵਿਚ ਉਠ ਉੱਪਰ ਲੱਦਦੇ ਹਨ ॥

**ਸੌੜਾ,** ਵਿਃ—ਭੀੜਾ, ਤੰਗ, ਔਖਾ, ਤੰਗ ॥

**ਸੌੜ੍ਹੀਆ (ਯਾ),** ਪੁਃ—'ਫ਼ਰਾਸ਼' ਵੇਖੋ ।

## ਹ

**ਹ,** ਪੁਃ—ਹਾਹਾ, ਗੁਰਮੁਖੀ ਪੈਂਤੀ ਦਾ ਪੰਜਵਾਂ ਅਖਰ ॥

**ਹਉਕਾ,** ਪੁਃ—'ਹਾਹੁਕਾ' ਵੇਖੋ ॥

**ਹਉਮੈਂ,** ਸਃ—ਆਕੜ, ਗੁਮਾਨ, ਹੰਕਾਰ, ਅਭਮਾਨ, ਅਹੰਤਾ, ਖ਼ੁਦੀ ॥

**ਹਊ / ਹਊਆ,** ਪੁਃ—ਬਾਲਾਂ ਨੂੰ ਡਰਾਉਣ ਵਾਸਤੇ ਇੱਕ ਖਿਆਲੀ ਭੂਤ ॥

**ਹਊਆ ਭੈਣ,** ਪੁਃ—ਬਹੁਤ ਖਾਣ ਵਾਲਾ, ਪੇਟੂ ॥

**ਹਊ ਬੇਰ,** ਪੁਃ—ਇੱਕ ਤਰਾਂ ਦੇ ਲਾਲ ਨਿਕ ਬੇਰ ॥

**ਹਈ,** ਪੁਃ—ਹ ਹੁਕੇ ਕਰਨ ਦੀ ਅਵਾਜ਼ ਜੋ ਪੀੜ ਦੇ ਵੇਲੇ ਨਿਕਲਦੀ ਹੈ

ਅਵਃ—ਹੇ! (ਹਈ ਰੱਖਾ—ਹੇ ਪਰਮੇਸ਼ਰਾ)॥

ਕ੍ਰਿ—ਹੈ ('ਹੋਣਾ' ਧਾਤੂ ਦਾ ਵਰਤਮਾਨ ਕਾਲ ਅਨਯ ਪੁਰਖ, ਇਕ ਬਚਨ)।

**ਹੱਸ,** ਪੁਃ—ਇਕ ਸੋਨੇ ਜਾਂ ਚਾਂਦੀ ਦਾ ਗਲ ਦਾ ਗਹਿਣਾ ਜੋ ਤ੍ਰੀਮਤਾਂ ਅਤੇ ਬਾਲ ਪਾਉਂਦੇ ਹਨ॥ ਗਲ ਦੇ ਹੇਠ ਦੀ ਹੱਡੀ

**ਹੰਸ,** ਪੁਃ—ਇੱਕ ਜਲ ਵਿੱਚ ਤਰਨ ਵਾਲਾ ਪੰਖੇਰੂ ਜਿਸ ਦਾ ਰੰਗ ਬਾਹਲਾ ਚਿੱਟਾ ਹੁੰਦਾ ਹੈ, ਜੀਵ, ਆਤਮਾ, ਹੱਸ, ਹਮੀਰੀ ॥

**ਹੰਸ ਗਾਮਣੀ,** ਪੁਃ—ਹੰਸ ਵਾਂਗਰ ਸੁੰਦਰ ਚਾਲ ਚੱਲਣ ਵਾਲੀ ਤ੍ਰੀਮਤ ॥

**ਹੰਸ ਵਾਂਗੂ ਚੱਲਣਾ,** ਕ੍ਰਿ—ਸੋਹਣੀ ਚਾਲੇ ਚਲਣਾ।

**ਪਰਮ ਹੰਸ,** ਪੁਃ—ਬੜਾ ਗਿਆਨੀ ਅਤੇ ਪਰਮਾਤਮਾ ਸਾਧੂ ਜਿਸ ਨੂੰ ਕਿਸੇ ਤਰਾਂ ਦਾ ਬੰਧਨ ਨਹੀਂ ॥

**ਹਸਣ,** ਪੁਃ—ਹਜ਼ਰਤ ਅਲੀ ਦਾ ਪੁਤ੍ਰ ਜੋ ਯਜ਼ੀਦ ਨਾਲ ਜੁੱਧ ਕਰਦਾ ਕਰਦਾ ਮਾਰਿਆ ਗਿਆ, ਜਿਸ ਦੀ ਯਾਦਗੀਰੀ ਵਿੱਚ ਮੁਹੱਰਮ ਦੇ ਦਿਨੀਂ ਦਾਹੇ ਬਣਾਏ ਜਾਂਦੇ ਹਨ ॥

Digitized by Panjab Digital Library / www.panjabdigilib.org

**ਹੱਸਣਾ,** ਕ੍ਰਿ:—ਖਿੜ ਖਿੜ ਕਰਕੇ ਖੁਸ਼ੀ ਪਰਗਟ ਕਰਨੀ, ਪਰਸੰਨ ਹੋਣਾ, ਛੇੜਨਾ, ਠੱਠਾ ਕਰਣਾ ॥

**ਹਸਤ,** ਪੁ:—ਹੱਥ, ਹਾਥੀ ॥

**ਹਸਤਣੀ,** ਸ:—ਹਥਣੀ, ਅਜੇਹੀ ਤ੍ਰੀਮਤ ਜਿਸ ਦੀਆਂ ਮੋਟੀਆਂ ਲੱਤਾਂ ਮਧਰਾ ਕੱਦ ਅਤੇ ਭਾਰਾ ਸਰੀਰ ਹੋਵੇ ॥

**ਹਸਤਨਾ ਪੁਰੀ,** ਪੁ:—ਦਿੱਲੀ ਸ਼ਹਿਰ ਦਾ ਪੁਰਾਣਾ ਨਾਉਂ ॥

**ਹਸਤੀ,** ਪੁ:—ਹਾਥੀ ॥

**ਹਸਾਬ,** ਪੁ:—ਲੇਖਾ, ਗਿਣਤੀ, ਲੈਹਣਾ ਦੇਣਾ, ਮੁੱਲ ਭਾਉ, ਪਰਖ, ਜਾਚ ॥

**ਹਸ਼ਮਤ,** ਸ:—ਦੌਲਤ, ਮਾਯਾ, ਰੋਬ, ਸ਼ਾਨ ॥

**ਹਸਮੁਖ / ਹਸਮੁਖਾ,** ਪੁ:—ਜਿਸ ਦਾ ਚਿਹਰਾ ਹਸੂੰ ਹਸੂੰ ਕਰੇ, ਖੁਸ਼ ਰਹਿਣ ਵਾਲਾ ਮਨੁੱਖ, ਖਿੜੇ ਮੱਥੇ ਵਾਲਾ ਆਦਮੀ ॥

**ਹਸ਼ਰ,** ਪੁ:—ਅੰਤ ਦਾ ਦਿਨ, ਪਰਲੋ ॥

**ਹਸਲੀ / ਹੰਸਲੀ,** ਸ:—ਦੁਆਬੇ ਦੀ ਇੱਕ ਨਹਿਰ ਦਾ ਨਾਉਂ। ਹਸੀ, ਹਸੀਰੀ ॥

**ਹੰਸਾ,** ਪੁ:—ਹੰਸ (ਕਵਿਤਾ ਵਿੱਚ ਆਉਂਦਾ ਹੈ) ॥

**ਹਸਾਉਣਾ,** ਕ੍ਰਿ:—ਖਿੜ ਖਿੜਾਉਣਾ, ਖੁਸ਼ ਕਰਨਾ।

**ਹਸਾਈ,** ਸ:—ਹਸਾਉਣ ਦਾ ਕੰਮ, ਠੱਠਾ, ਖਿੱਲੀ ॥

**ਹਸਾਬ ਕਤਾਬ,** ਸ:—ਲੇਖਾ ਜੋਖਾ, ਵਹੀਖਾਤਾ (ਰੱਖਣਾ) ॥

**ਹਸਾਬ ਕਤਾਬ ਵੇਖਣਾ,** ਕ੍ਰਿ:—ਲੇਖੇ ਦੀ ਪੜਤਾਲ ਕਰਨਾ ॥

**ਹਸਾਬ ਕਰਣਾ,** ਕ੍ਰਿ:—ਲੇਖਾ ਨਬੇੜਨਾ ॥

**ਹਸਾਬ ਚੁਕਾਉਣਾ,** ਕ੍ਰਿ:—ਹਸਾਬ ਭੁਗਤਾਉਣਾ ਵੇਖੋ ॥

**ਹਸਾਬ ਜਮਾ ਕਰਣਾ,** ਕ੍ਰਿ:—ਕਿਸੇ ਦੇ ਲੇਖੇ ਵਿੱਚ ਕੋਈ ਰਕਮ ਪਾਉਣੀ, ਸਾਰੀਆਂ ਰਕਮਾਂ ਦਾ ਜੋੜ ਕਰਨਾ ॥

**ਹਸਾਬ ਜੋੜਣਾ,** ਕ੍ਰਿ:—ਸਾਰਾ ਲੇਖਾ ਗਿਣਕੇ ਜੋੜ ਕੱਢਣਾ ॥

**ਹਸਾਬ ਦੱਸਣਾ / ਹਸਾਬ ਦੇਣਾ,** ਕ੍ਰਿ:—ਲੇਖਾ ਕਰਕੇ ਸਮਝਾਉਣਾ ਜਾਂ ਵਿਖਾਉਣਾ ॥

**ਬੇਹਸਾਬ,** ਵਿ:—ਅਣਗਿਣਤ ॥

**ਹਸਾਬ ਭੁਗਤਣਾ,** ਕ੍ਰਿ:—ਲੇਖਾ ਦੇਇਆ ਜਾਣਾ ਜਾਂ ਨਿਬੜ ਜਾਣਾ ॥

**ਹਸਾਬ ਭੁਗਤਾਉਣਾ,** ਕ੍ਰਿ:—ਲੇਖਾ ਨਬੇੜਨਾ, ਲੇਖਾ ਦੇਣਾ, ਰਕਮਾਂ ਮੇਲ ਕੇ ਠੀਕ ਕਰਨੀਆਂ ॥

**ਹਸਾਬ ਲਗਾਉਣਾ,** ਕ੍ਰਿ:—ਗਿਣਨਾ, ਲੇਖਾ ਕਰਨਾ ॥

**ਹਸਾਬ ਲੈਣਾ,** ਕ੍ਰਿ:—ਲੇਖਾ ਸੁਣਨਾ ਜਾਂ ਮਲੂਮ ਕਰਨਾ ॥

**ਹਸਾਨ,** ਪੁ:—ਉਪਕਾਰ, ਭਲਿਆਈ, ਦੂਜੇ ਨਾਲ ਜੋ ਨੇਕੀ ਕੀਤੀ ਜਾਵੇ ॥

**ਹਸਾਬੀ,** ਪੁ:—ਹਸਾਬ ਕਰਨ ਵਾਲਾ ॥

**ਹਸਾਬਣ,** ਸ:—ਹਸਾਬ ਕਰਨ ਵਾਲੀ ॥

Digitized by Panjab Digital Library | www.panjabdigilib.org

**ਹੱਸੀ**, **ਹਸੀਰੀ**, ਸਃ—ਨਿੱਕਾ ਜਿਹਾ ਹੰਸ ॥

**ਹਸੂਹਲਣਾ**, ਪੁਃ ਹਸਣ ਵਾਲਾ ਹਸ ਮਖ ਮਖੌਲੀਆ, ਠੱਠੇ ਬਾਜ਼ ॥

**ਹਿੰਮ**, ਪੁਃ—ਹੌਸਲਾ, ਦਲੇਰੀ ॥

**ਹੱਕ**, ਪੁਃ—ਅਖ਼ਤਿਆਰ, ਅਧਿਕਾਰ, ਨਿਆਉ, ਮੁਨਾਸਬੀ ਧਰਮ, ਦਾਵਾ, ਹਿੱਸਾ, ਸਚਿਆਈ, ਠੀਕ ਸੱਚਾ
ਵਿਃ—ਠੀਕ, ਸਚ, ਮੁਨਾਸਬ ॥

**ਹੱਕ ਅਦਾ ਕਰਨਾ**, ਕ੍ਰਿਃ ਜੋ ਵਸਤ ਜਿਸ ਦੀ ਹੈ ਉਸ ਨੂੰ ਦੇ ਦੇਣੀ, ਧਰਮ ਅਨੁਸਾਰ ਦੂਜੇ ਨਾਲ ਵਰਤਣਾ।

**ਹੱਕ ਸ਼ੁਫ਼ਾ**, ਪੁਃ—ਗੁਆਂਢੀ ਦੀ ਜ਼ਮੀਨ ਦੇ ਮੁਲ ਲੈਣ ਦਾ ਹੋਰਨਾਂ ਨਾਲੋਂ ਪਹਿਲਾ ਹੱਕ

**ਹੱਕ ਹਲਾਲ**, ਵਿਃ—ਜੋ ਵਸਤ ਧਰਮ ਨਾਲ ਕਿਸੇ ਲੀ ਹੈ। (ਹੱਕ ਹਲਾਲ ਦੀ ਕਮਾਈ)॥

**ਹੱਕ ਹੋਣਾ**, ਕ੍ਰਿਃ—ਧਰਮ ਨਾਲ ਕਿਸੇ ਉੱਤੇ ਅਖ਼ਤਿਆਰ ਹੋਣਾ। ਮਰਨਾ॥

**ਹੱਕ ਦਬਾਉਣਾ**, ਕ੍ਰਿਃ-ਦੂਜੇ ਦਾ ਹੱਕ ਖੋਹ ਲੈਣਾ ਬਗਾਨਾ ਮਾਲ ਸਾਂਭ ਲੈਣਾ॥

**ਹੱਕਦਾਰ**, ਵਿਃ, ਪੁਃ—ਜਿਸ ਦਾ ਦਾਵਾ ਠੀਕ ਹੈ, ਅਸਲੀ ਮਾਲਕ।

**ਹੱਕ ਦੁਆਉਣਾ**, ਕ੍ਰਿਃ-ਹੱਕਦਾਰ ਨੂੰ ਜੋ ਕੁਝ ਮਿਲਣਾ ਚਾਹੀਦਾ ਹੈ ਮਿਲਣ ਦੇਣਾ।

**ਹੱਕ ਦੇਣਾ**, ਕ੍ਰਿਃ—ਨਿਆਉਂ ਕਰਨਾ, ਕਿਸੇ ਨੂੰ ਆਪਣਾ ਹੱਕ ਲੈਣ ਦੇਣਾ॥

**ਹੱਕ ਨਾ ਹੱਕ**, ਕ੍ਰਿਃ ਵਿਃ ਐਵੇਂ ਹੀ, ਬੇਇਨਸਾਫ਼ੀ ਨਾਲ॥

**ਹੱਕ ਨਾਲ**, ਕ੍ਰਿਃ ਵਿਃ ਧਰਮ ਨਾਲ ਸਚਿਆਈ ਨਾਲ॥

**ਹੱਕ ਮੰਗਣਾ**, ਕ੍ਰਿਃ ਦਾਵਾ ਕਰਨਾ।

**ਹੱਕ ਪੂਰਾ ਕਰਨਾ**, ਕ੍ਰਿਃ-'ਹੱਕ ਅਦਾ ਕਰਨਾ' ਵੇਖ।

**ਹੱਕ ਮਾਰਨਾ**, ਕ੍ਰਿਃ-ਦੂਜੇ ਦਾ ਹੱਕ ਨ ਰਹਿਣ ਦੇਣਾ, 'ਹੱਕ ਦਬਾਉਣਾ' ਵੇਖੋ।

**ਹੱਕਣਾ**, ਕ੍ਰਿਃ—ਅਗੇ ਤੋਰਨਾ, ਚਲਾਣਾ॥

**ਹੱਕਰ**, ਸਃ—ਫਲ ਦੀ ਗਿਟਕ॥

**ਹੱਕਲ**, ਸਃ—ਹਾਕ, ਅਵਾਜ਼

**ਹੱਕਲ ਮਾਰਨੀ**, ਕ੍ਰਿਃ—ਉੱਚੀ ਅਵਾਜ਼ ਨਾਲ ਬੁਲਾਉਣਾ॥

**ਹੱਕਲਾ**, ਪੁਃ—ਥਥਲਾ, ਅਟਕ ਅਟਕ ਕੇ ਬੋਲਣ ਵਾਲਾ॥

**ਹਕਲਾਉਣਾ**, ਕ੍ਰਿਃ-ਥਥਲਾਉਣਾ, ਅਟਕ ਅਟਕ ਕੇ ਬੋਲਣਾ॥

**ਹਕਵਈਆ**, ਪੁਃ—ਹੱਕਣ ਵਾਲਾ॥

**ਹਕਵਾਉਣਾ**, ਕ੍ਰਿਃ—ਟੁਰਾਉਣਾ, ਚਲੁਆਣਾ, ਦੂਜੇ ਕੋਲੋਂ ਹੱਕਣ ਦਾ ਕੰਮ ਕਰਾਉਣਾ॥

**ਹਕਵਾਈ**, ਸਃ ਹੱਕਣ ਦਾ ਕੰਮ ਜਾਂ ਮਜੂਰੀ॥

**ਹਕਾਉਣਾ**, ਕ੍ਰਿਃ—ਹੱਕਣ ਦਾ ਕੰਮ ਕਰਾਉਣਾ॥

**ਹਕਾਇਤ**, ਸਃ—ਕਥਾ, ਵਾਰਤਾ, ਕਹਾਣੀ॥

**ਹਕਾਈ**, ਸਃ—ਹੱਕਣ ਦਾ ਕੰਮ ਜਾਂ ਮਜੂਰੀ॥

Digitized by Panjab Digital Library | www.panjabdigilib.org

**ਹੱਕਾ ਬੱਕਾ,** ਵਿ:- ਹਰਾਨ, ਘਾਬਰਿਆ ਹੋਇਆ, ਸਹਿਮਿਆ ਹੋਇਆ ॥

**ਹਕਾਰ, ਹੰਕਾਰ,** ਪੁ:—ਗੁਮਾਨ, ਆਕੜ, ਹਉਮੈਂ, ਅਭਮਾਨ ਗਰਬ, ਖੁਦੀ ॥

**ਹੰਕਾਰਣ, ਹਕਾਰਨ,** ਵਿ:, ਸ:- ਹੰਕਾਰ ਕਰਨ ਵਾਲੀ ॥

**ਹੰਕਾਰਨਾ, ਹਕਾਰਨਾ,** ਕ੍ਰਿ:—ਹੰਕਾਰ ਕਰਨਾ ॥

**ਹੰਕਾਰੀ, ਹਕਾਰੀ,** ਵਿ:, ਪੁ:—ਹੰਕਾਰ ਕਰਨ ਵਾਲਾ।

**ਹਕਾਯਤ,** ਸ:—"ਹਕਾਇਤ" ਵੇਖੋ।

**ਹਕੀਕ,** ਪੁ:—ਲਾਲ ਰੰਗ ਦਾ ਇੱਕ ਵਡਮੁੱਲਾ ਪੱਥਰ।

**ਹਕੀਕਤ,** ਸ:—ਸਚਿਆਈ, ਹਾਲ ਹਵਾਲ, ਗੱਲ, ਅਸਲੀ ਗੁਣ, ਬਿਆਨ।

**ਹਕੀਕਤ ਰਾਇ,** ਪੁ:—ਸਿਆਲਕੋਟ ਦੇ ਖਤਰੀਆਂ ਦਾ ਮੁੰਡਾ ਜਿਸ ਨੇ ਮੁਸਲਮਾਨਾਂ ਦੇ ਸਮੇਂ ਧਰਮ ਪਿੱਛੇ ਸੀਸ ਦਿੱਤਾ ਅਤੇ ਇਸੇ ਕਰਕੇ ਜਿਸ ਦਾ ਨਾਉਂ ਧਰਮੀ ਭੀ ਹੈ॥

**ਹਕੀਕਤ ਲਿਖਣੀ,** ਕ੍ਰਿ:—ਅਸਲ ਹਾਲ ਲਿਖਣਾ, ਸੱਚੀ ਗੱਲ ਲਖਣੀ।

**ਹਕੀਕੀ,** ਵਿ:—ਸੱਚਾ, ਸੱਕਾ, ਅਸਲੀ, ਯਥਾਰਥ (ਹਕੀਕੀ ਭਾਈ, ਪੁ:—ਸੱਕਾ ਭਰਾ)।

**ਹੱਕੀ ਬੱਕੀ,** ਵਿ:—'ਹੱਕਾ, ਬੱਕਾ' ਦਾ ਸਤ੍ਰੀ ਲਿੰਗ।

**ਹਕੀਮ,** ਪੁ:—ਰੋਗ ਦਾ ਦਾਰੂ ਕਰਨ ਵਾਲਾ, ਵੈਦ ਡਾਕਦਾਰ॥ ਹਕਮਤ ਜਾਣਨ ਵਾਲਾ, ਸਿਆਣਾ॥

**ਹਕੀਮਣੀ,** ਸ:—ਹਕੀਮ ਦੀ ਵਹੁਟੀ, ਰੋਗ ਦਾ ਦਾਰੂ ਕਰਨ ਵਾਲੀ, ਵੈਦਣੀ॥

**ਹਕੀਮੀ,** ਸ:—ਹਿਕਮਤ, ਵੈਦਗੀ, ਡਾਕਦਾਰੀ।

**ਹਕੂਮਤ,** ਸ:—ਰਾਜ, ਪਰਤਾਪ, ਸ਼ਕਤੀ, ਸਮਰਥ, ਅਖ਼ਤਿਆਰ।

**ਹੱਗਣ,** ਪੁ:—ਝਾੜਾ, ਗੂੰਹ, ਮੈਲਾ, ਗੰਦਗੀ॥

**ਹੱਗਣਾ, ਹੱਗ ਦੇਣਾ,** ਕ੍ਰਿ:—ਝਾੜੇ ਫਿਰਨਾ, ਟੱਟੀ ਜਾਣਾ, ਪਖਾਨੇ ਫਿਰਨਾ, ਜੰਗਲ ਹੋਣਾ, ਹੌਸਲਾ ਹਾਰਨਾ, ਬੇਦਿਲ ਹੋਣਾ॥

**ਹੱਗ ਹੱਗ ਭਰਣੇ,** ਕ੍ਰਿ:—ਔਖਿਆਈ ਨਾਲ ਥਾਂ ਗੰਦੀ ਕਰਨੀ।

(ਆਪਣ ਘਰ ਤੇ ਹੱਗ ਹੱਗ ਭਰ)॥

**ਹਗਾਉਣਾ,** ਕ੍ਰਿ: (ਬਾਲ ਆਦਕਾਂ ਨੂੰ) ਝਾੜੇ ਫਿਰਾਉਣਾ॥

**ਹਗਾਇਆ,** ਵਿ:—ਜਿਸ ਨੂੰ ਹੱਗਣ ਆਇਆ ਹੋਇਆ ਹੈ, ਜੋ ਝਾੜੇ ਫਿਰਨਾ ਚਾਹੁੰਦਾ ਹੈ॥

**ਹਗਾਸ,** ਸ:—ਝਾੜੇ ਫਿਰਨ ਦੀ ਇੱਛਿਆ, ਹੱਗਣ ਨੂੰ ਜੀ ਕਰਨਾ॥

**ਹਗਾਸਾ,** ਵਿ:—ਹਗਾਇਆ, ਵੇਖੋ॥

**ਹਗਾਮਾ, ਹੰਗਾਮਾ,** ਪੁ:—ਫਸਾਦ, ਉਪਦਰ, ਦੰਗਾ, ਰੌਲਾ ਗੌਲਾ, ਗੜਬੜ, ਹੱਲਾ।

**ਹਗਾਮਾ ਕਰਨਾ,** ਕ੍ਰਿ:—ਫਸਾਦ ਮਚਾਉਣਾ, ਦੰਗਾ ਕਰਨਾ॥

**ਹੰਗਾਲਣਾ,** ਕ੍ਰਿ: 'ਹੰਘਾਲਣਾ' ਵੇਖੋ॥

**ਹੰਗੀ,** ਸ:—'ਹੰਘੀ' ਵੇਖੋ॥

Digitized by Panjab Digital Library | www.panjabdigilib.org

**ਹੱਘਣਾ / ਹੰਘਣਾ**, ਕ੍ਰਿ:—( ਰੱਸੇ ਆਦਿਕ ਦਾ ) ਢਿੱਲਾ ਹੋਣਾ, ਜ਼ੋਰ ਨਾਲ ਖੁਲ੍ਹਾਇਆ ਜਾਣਾ, ( ਆਟੇ ਦਾ ) ਛਣਨਾ, ਵਸਣਾ ॥

**ਹੰਘਾਉਣਾ**, ਕ੍ਰਿ:—( ਰੱਸਾ ) ਢਿੱਲਾ ਕਰਨਾ, ਜ਼ੋਰ ਨਾਲ ਖੁਲ੍ਹਾਉਣਾ, ਵਸਾਣਾ, ਛਣਾਨਾ ।

**ਹੰਘਾਲਣਾ**, ਕ੍ਰਿ:—ਕੱਪੜਾ ਜਾਂ ਭਾਂਡਾ ਪੈ ਧਾ ਕੇ ਸਾਫ਼ ਕਰਨਾ, ਪਾਣੀ ਵਿੱਚੋਂ ਕੱਢਕੇ ਨਰੋ ਖ਼ਲਾ ॥

**ਹੰਘੀ**, ਸ:—ਆਟਾ ਜਾਂ ਦੁਆਈਆਂ ਛਾਨਣ ਵਾਲੀ ਇੱਕ ਬਰੀਕ ਰੇਸ਼ਮੀ ਛਾਨਣੀ ॥

**ਹੱਛਾ**, ਵਿ:—'ਅਛਾ' ਵੇਖ ॥

**ਹੰਜ**, ਪੁ:—ਮਨ ਦੀ ਬਿਆਰਤ, ਚੰਗੀ ਹਾਲਤ, ਬਖਤਾਵਰੀ ।

**ਹੰਜ**, ਸ:—ਅੰਝੂ, ਅੱਖਾਂ ਵਿੱਚੋਂ ਜੋ ਰੋਣ ਦੇ ਵੇਲੇ ਪਾਣੀ ਨਿਕਲਦਾ ਹੈ । ਅੱਥਰੂ ॥

**ਹਜ਼ਮ**, ਪੁ:—ਖਾਧਾ ਪੀਤਾ ਪਚ ਜਾਣਾ, ਧੋਖੇ ਨਾਲ ਦੂਜੇ ਦਾ ਮਾਲ ਲੈ ਲੈਣਾ ॥
( ਹਜ਼ਮ ਹੋਣਾ, ਹਜ਼ਮ ਕਰਨਾ ) ॥

**ਹਜ਼ਰਤ**, ਪੁ:—ਮਹਾਰਾਜ (ਆਦਰ ਦਾ ਬਚਨ), ਮਹੰਮਦ, ਈਸਾ, ਮੂਸਾ ਆਦਿਕ ਪਿਕੰਬਰ, ਸਈਅਦ, ਵੱਡਾ । ਉਸਤਾਦ, ਬਦਮਾਸ਼, ਛਟਿਆ ਹੋਇਆ ॥

**ਹਜਰਾਇਤ / ਹਜਰਾਤ**, ਸ:—ਇਕ ਮੰਤਰ ਜਿਸ ਨਾਲ ਜਿੰਨਾਂ ਦੇ ਪਾਤਸ਼ਾਹ ਨੂੰ ਕਿਸੇ ਮੁੰਡੇ ਦੀ ਰਾਹੀਂ ਬੁਲਾਉਂਦੇ ਹਨ ਜੋ ਇੱਕ ਬਲਦੇ ਦੀਵੇ ਦੇ ਸਾਮ੍ਹਣੇ ਬਹਿੰਦਾ ਹੈ ।

**ਹਜਾਮ**, ਪੁ:—ਸਿਰ ਮੁੰਨਣ ਵਾਲਾ, ਨਾਈ ॥

**ਹਜਾਮਤ**, ਸ:—ਵਾਲ ਕਟਾਉਣ ਜਾਂ ਸਿਰ ਮੁਨਾਉਣ ਦਾ ਕੰਮ ॥

**ਹਜਾਮਤ ਹੋਣੀ**, ਕ੍ਰਿ:—ਸਿਰ ਮੁੰਨਿਆ ਜਾਣਾ, ਲੁਟੇ ਪੁਟੇ ਜਾਣਾ, ਕੁਝ ਨਾ ਰਹਿਣਾ ॥

**ਹਜਾਮਤ ਕਰਨੀ**, ਕ੍ਰਿ:—ਸਿਰ ਮੁੰਨਣਾ, ਵਾਲ ਕੱਟਣੇ ॥ ਧੋਖਾ ਦੇਣਾ, ਮਾਲ ਲੁੱਟਣਾ ॥

**ਹਜਾਮਤ ਕਰਵਾਉਣੀ / ਹਜਾਮਤ ਬਨਵਾਉਣੀ**, ਕ੍ਰਿ:—ਵਾਲ ਕਟਾਉਣ ਸਿਰ ਮੁਨਾਉਣਾ ॥

**ਹਜਾਰ**, ਵਿ:—ਦਸ ਸੌ, ਸਹੰਸਰ ।
ਪੁ:—ਕਚਹਰੀ ਵਿਚ ਜੋ ਬਿਆਨ ਲਿਖਾਇਆ ਜਾਂਦਾ ਹੈ, ਉਗਾਹੀ ।

**ਹਜਾਰ ਦਾਣਾ**, ਪੁ:—ਇਕ ਬੂਟੀ ਅਤੇ ਉਸਦੇ ਬੀਜ ਜੋ ਦੁਆਈਆਂ ਵਿਚ ਵਰਤੇ ਜਾਂਦੇ ਹਨ ॥

**ਹਜਾਰਾ**, ਪੁ:—ਪਠਾਣਾਂ ਦੀ ਇਕ ਜਾਤ, ਦੋਹਰਾ ਫੁੱਲ, ਦੋਹਰਾ ਲਾਲ ਪੋਸਤ ॥
ਵਿ:—ਹਜਾਰ ਤਹਾਂ ਵਾਲਾ (ਕੱਪੜਾ), ਹਜਾਰਾਂ ਰੁਪਿਆਂ ਦਾ ਮਾਲਕ, ਜਿਸ ਚੀਜ਼ ਦਾ ਮੁੱਲ ਹਜਾਰ ਰੁਪਿਆ ਹੈ ॥

**ਹਜਾਰੇ ਦੇ ਸ਼ਬਦ**, ਪੁ:—ਗੁਰੂ ਗ੍ਰੰਥ ਸਾਹਿਬ ਦੇ ਖਾਸ ਸ਼ਬਦ ਜਿਨ੍ਹਾਂ ਦਾ ਪਾਠ ਬਾਹਲੇ ਸਿੱਖ ਕਰਦੇ ਹਨ ॥

**ਹਜਾਰੀ**, ਵਿ:—'ਹਜਾਰਾ' ਵੇਖੋ

**ਹਜੀਰ / ਹੰਜੀਰ**, ਸ:—ਇਕ ਬਿਰਛ ਅਤੇ ਉਸ ਦਾ ਫਲ, ਅੰਜੀਰ ॥

**ਹਜੀਰਾਂ**, ਸ:—( ਬਹੁ ਬਚਨ ) ਇਕ ਰੋਗ ਜਿਸ ਨਾਲ ਗਲ ਵਿਚ ਗਿਲਟੀਆਂ ਹੋ ਜਾਂਦੀਆਂ ਹਨ ।

Digitized by Panjab Digital Library | www.panjabdigilib.org

**ਹੰਜੂ,** ਪੁ:– ਹੰਜ ਵੇਖੋ ॥

**ਹਜੂਮ,** ਪੁ:–ਲੋਕਾਂ ਦਾ ਕੱਠ, ਭੀੜ ॥

**ਹਜ਼ੂਰ,** ਪੁ: ਹਾਜ਼ਰ ਹੋਣਾ, ਕਿਸੇ ਹਾਕਮ ਦਾ ਮੌਜੂਦ ਹੋਣਾ, ਅਵਸਰ ਜਾਂ ਹਾਕਮ ਨੂੰ ਬੁਲਾਉਣ ਲਈ ਆਦਰ ਦਾ ਬਚਨ। ਮਹਾਰਾਜ! ਸ੍ਰੀ ਮਾਨ, ਗਰੀਬ ਨਵਾਜ਼, ਸਰਕਾਰ।

**ਹਜ਼ੂਰੀ,** ਸ:–ਹਾਜ਼ਰੀ, ਪਾਤਸ਼ਾਹ ਜਾਂ ਹਾਕਮ ਦਾ ਮੌਜੂਦ ਹੋਣਾ।

ਵਿ:–ਸਰਕਾਰੀ ਦਰਬਾਰੀ, ਕਚਹਿਰੀ ਦਾ ॥

**ਹਜ਼ੂਰੀ ਬਾਗ,** ਪੁ:–ਲਾਹੌਰ ਦੇ ਕਿਲੇ ਦੇ ਸਾਹਮਣੇ ਮਹਾਰਾਜਾ ਰਣਜੀਤ ਸਿੰਘ ਦਾ ਬਾਗ ॥

**ਹਜੋ,** ਸ:–ਨਿੰਦਿਆ, ਬੁਰਿਆਈ ॥

**ਹਜੋਕਾ,** ਪੁ:–ਧੱਕਾ, ਝਟਕਾ, ਝੋਕ ॥

**ਹੰਝ**
**ਹੰਝੂ** } ਸ:–'ਹੰਜ' ਵੇਖ ॥

**ਹੱਟ,** ਸ:–ਦੁਕਾਨ, ਸੌਦਾ ਰੱਖਣ ਵਾਲਾ ਕੋਠਾ ॥

**ਹਟ,** ਅਵ:–ਪਰ੍ਹੇ ਜਾ, ਦੂਰ ਹੋ ॥

**ਹਟਪਟਣੀ,** ਸ:–ਹੱਟ ਦੁਕਾਨ ॥

**ਹਟਬਾਣੀਆ**
**ਹਟਵਾਣੀਆ** } ਪੁ:–ਹੱਟੀ ਵਾਲਾ, ਦੁਕਾਨਦਾਰ ॥

**ਹਟਕਣਾ,** ਕ੍ਰਿ:–ਰੋਕਣਾ, ਵਰਜਣਾ, ਅਟਕਾਉਣਾ ਹਟਾਉਣਾ, ਠਹਿਰਾਉਣਾ, ਥੰਮ੍ਹਣਾ, ਰੁਕਣਾ, ਅਟਕਣਾ, ਹਟਣਾ, ਠਹਿਰਨਾ ॥

**ਹਟਕਾਉਣਾ,** ਕ੍ਰਿ:–ਦੂਜੇ ਕੋਲੋਂ ਹਟਕਣ ਦਾ ਕੰਮ ਕਰਾਉਣਾ ॥

**ਹਟਕੋਰਾ,** ਪੁ:–ਹੜਕੋਰਾ, ਹਾਉਕਾ, ਲੰਮਾ ਸਾਹ ॥

**ਹਟਣਾ,** ਕ੍ਰਿ:–ਰੁਕਣਾ, ਮੁੜਨਾ, ਟਲਣਾ, ਪਰੇ ਹੋਣਾ, ਪਿੱਛੇ ਆ ਜਾਣਾ, ਅਗੇਰੇ ਤੋਂ ਪਰੇ ਜਾਣਾ ॥

**ਹਟਤਾਰ**
**ਹਟਤਾਲ** } ਸ:–ਜ਼ੁਲਮ ਕਰਕੇ ਜਾਂ ਕਿਸੇ ਹਾਕਮ ਜਾਂ ਉਸ ਦੇ ਸਰਬੰਧੀ ਦੇ ਮਰਨ ਦੇ ਸੋਗ ਵਿਚ ਬਜ਼ਾਰ ਜਾਂ ਮੰਡੀ ਦੀਆਂ ਸਾਰੀਆਂ ਹੱਟਾਂ ਦਾ ਬੰਦ ਹੋ ਜਾਣਾ ॥

**ਹਟਵਾਉਣਾ,** ਕ੍ਰਿ:–ਦੂਰ ਕਰਵਾਉਣਾ ॥

**ਹਟਵਾਈ,** ਸ:–ਹਟਵਾਉਣ ਦਾ ਕੰਮ ਜਾਂ ਮਜ਼ੂਰੀ ॥

**ਹਟਾ,** ਪੁ:–ਪਰੇ ਕਰਨਾ, ਟਾਲਣਾ। 'ਹਟਾਉਣਾ' ਧਾਤੂ ਦੀ ਆਗਿਆਰਥਕ ਕ੍ਰਿਆ ॥

**ਹੱਟਾ,** ਵਿ: / ਪੁ: } ਹੱਟ ਦਾ, ਹੱਟੀਆਂ ਦਾ ਇਕੱਠ।

**ਹੱਟਾ ਕੱਟਾ,** ਵਿ:–ਤਕੜਾ, ਤਾਜ਼ਾ, ਮੋਟਾ, ਰਸਤ, ਬਲਵਾਨ, ਮੁਸ਼ਟੰਡਾ ॥

**ਬਜਾਜ ਹੱਟਾ,** ਪੁ: ਇਕ ਬਜ਼ਾਰ ਜਿਸ ਵਿਚ ਬਜਾਜਾਂ ਦੀਆਂ ਹੱਟੀਆਂ ਹਨ।

**ਬੱਤੀ ਹੱਟਾ,** ਪੁ:–ਬਤੀ ਹੱਟੀਆਂ ਵਾਲਾ, ਕਟੜਾ ॥

**ਹਟਾਉ,** ਪੁ:–'ਹਟਾ' ਵੇਖੋ ॥

**ਹਟਾਉਣਾ,** ਕ੍ਰਿ:–ਪਰ੍ਹੇ ਕਰਨਾ, ਦੂਰ ਕਰਨਾ, ਟਾਲ ਦੇਣਾ, ਹਟਕਣਾ, ਵਰਜਣਾ, ਰੋਕਣਾ, ਬੰਦ ਕਰਨਾ ॥

**ਹਟਾਊ,** ਪੁ:–ਹਟਾਉਣ ਵਾਲਾ ॥

**ਹੱਟੀ,** ਸ:–ਛੋਟੀ ਹੱਟ ਜਾਂ ਦੁਕਾਨ ॥

**ਹੱਟੀ ਕਰਨੀ,** ਕ੍ਰਿ:–ਦੁਕਾਨ ਖੋਲ੍ਹਣੀ ਜਾਂ ਦੁਕਾਨਦਾਰੀ ਦਾ ਕੰਮ ਕਰਨਾ।

**ਹੱਟੀ ਚਲ ਪੈਣੀ,** ਕ੍ਰਿ:–ਬਹੁਤ ਸੌਦਾ ਵਿਕਣਾ, ਗਾਹਕੀ ਬਹੁਤ ਹੋਣੀ ॥

Digitized by Panjab Digital Library | www.panjabdigilib.org

**ਹੱਟੀ ਚਲਾਉਣੀ,** ਕ੍ਰਿ:-ਚੰਗਾ ਬੁਪਾਰ ਟੋਰਨਾ, ਹੱਟੀ ਦਾ ਕੰਮ ਚੰਗੀ ਤਰਾਂ ਕਰਨਾ ॥

**ਹੱਟੀ ਪਾਉਣੀ,** ਕ੍ਰਿ:-ਨਵੀਂ ਦੁਕਾਨ ਖੋਲ੍ਹਣੀ, ਬੁਪਾਰ ਕਰਨ ਲਗਨਾ ॥

**ਹੱਟੀ ਲਗਾਉਣੀ,** ਕ੍ਰਿ:-ਹੱਟੀ ਖੋਲਣੀ, ਬੁਪਾਰ ਕਰਨ ਲਗ ਪੈਣਾ। ਲੋਕਾਂ ਨੂੰ ਵਿਖਾਉਣ ਲਈ ਹੱਟੀ ਦੇ ਅੱਗੇ ਮਾਲ ਸਜਾ ਕੇ ਰੱਖਣਾ ॥

**ਹੱਟੀ ਵਧਾਉਣੀ,** ਕ੍ਰਿ:-ਹੱਟੀ ਬੰਦ ਕਰਨੀ ॥

**ਹਠ,** ਪੁ:-ਜ਼ਿਦ, ਢਿਠਾਈ, ਕਿਸੇ ਗੱਲ ਪੁਰ ਅੜ ਬੈਠਣਾ, ਜੋ ਕਹਿਣਾ ਕਰਕੇ ਛਡਣਾ।

**ਹਠ ਜੋਗ,** ਪੁ:-ਸਰੀਰ ਨੂੰ ਕਸ਼ਟ ਦੇਕੇ ਜੋ ਜੋਗ ਸਾਧਿਆ ਜਾਵੇ ॥

**ਹਠ ਧਰਮੀ,** ਸ:-ਅਨਿਆਉਂ, ਆਪਣੇ ਮਤ ਦਾ ਪੱਖ ਪੂਰਣਾ, ਝੂਠੀ ਗੱਲ ਉੱਤੇ ਕਾਇਮ ਰਹਿਣਾ, ਕਿਸੇ ਦੀ ਕਹੀ ਨੂੰ ਨਾ ਜਾਨਣਾ ॥

**ਹਠਾਹਰ**
**ਹਠਾਹਾਂ**
**ਹਠਾੜ੍ਹ** } ਕ੍ਰਿ:-ਵਿ:-ਹੇਠਾਂ, ਥਲੇ, ਹੇਠਲੇ ਪਾਸੇ,

**ਹਠੀ**
**ਹਠੀਆ**
**ਹਠੀਲਾ** } ਪੁ:-ਹਠ ਕਰਨ ਵਾਲਾ ਮਨੁੱਖ, ਜਿੱਦੀ ਆਪਣੀ ਗਲ ਨੂੰ ਪੂਰਾ ਕਰਕੇ ਛੱਡਣ ਵਾਲਾ ॥

**ਹਠੂਆਂ,** ਅਠੂਆਂ ਵੇਖੋ ॥

**ਹੱਡ,** ਪੁ:-ਵੱਡੀ ਹੱਡੀ, ਮੁਰਦੇ ਪਸੂ ਦੀਆਂ ਵੱਡੀਆਂ ਹੱਡੀਆਂ ॥

**ਮੁੱਢਾ ਹੱਡ,** ਪੁ:-ਚੰਗੀ ਕੁਲ ਦਾ, ਸਾਊ ॥

**ਹੱਡ ਗੋਡੇ ਛੱਲਣੇ,** ਕ੍ਰਿ:-ਸਰੀਰ ਨੂੰ ਕਈ ਬ ਸਟਾਂ ਲਗਣੀਆਂ ॥

**ਹੱਡ ਗੋਡੇ ਭੰਨ ਸੁੱਟਣੇ**
**ਹੱਡ ਗੋਡੇ ਭੰਨਣੇ** } ਕ੍ਰਿ:-ਡਾਢਾ ਮਾਰਨਾ।

**ਹੱਡ ਗੋਡੇ ਰਹਿ ਜਾਣੇ,** ਕ੍ਰਿ:-ਤੁਰ ਨਾ ਸਕਣਾ, ਗੰਠੀਆਂ ਦਾ ਰੋਗ ਹੋ ਜਾਣਾ ॥

**ਹੱਡ ਲਾਹੁਣਾ,** ਕ੍ਰਿ:-ਮੇਹਨਤ ਕਰਨੀ, ਕੰਮ ਕਰਕੇ ਥਕ ਜਾਣਾ।

**ਹੱਡਾਂ ਦਾ ਸਾੜਾ,** ਵਿ:-ਦੁਖ ਦੇਣ ਵਾਲਾ, ਫ਼ਿਕਰ ਲਾਉਣ ਵਾਲਾ, ਨੁਕਸਾਨ ਕਰਨ ਵਾਲਾ ॥

**ਹਡ ਕੋਰਾ,** ਪੁ:-ਹਾਹੁਕਾ, ਉੱਚੇ ਸਾਹ, ਹਿਰਕੀ।

**ਹੱਡਾ,** ਪੁ:-ਇਕ ਘੋੜਿਆਂ ਦਾ ਰੋਗ ਜਿਸ ਨਾਲ ਓਹ ਲੰਗੜੇ ਹੋ ਜਾਂਦੇ ਹਨ ॥

**ਹੱਡੀ,** ਸ:-ਸਰੀਰ ਦੇ ਸਭ ਤੋਂ ਕਰੜੇ ਹਿੱਸੇ ਜਿਨ੍ਹਾਂ ਦਾ ਢਾਂਚਾ ਬਣਿਆਂ ਹੋਇਆ ਹੈ, ਸੰਘੀ, ਅਸਤ ॥

**ਹੱਡੀ ਕੜਕਣਾ,** ਕ੍ਰਿ:-ਹੱਡੀ ਟੁੱਟਣਾ ॥

**ਕੁੱਤੇ ਦੀ ਹੱਡੀ ਵਾਲਾ ਸੁਆਦ,** ਪੁ:-ਝੂਠਾ ਸੁਆਦ, ਝੂਠਾ ਸੁਖ ॥

**ਹੱਡੀਆਂ ਦੀ ਮੁੱਠ,** ਸ:-ਬਹੁਤ ਲਿੱਸਾ ਆਦਮੀ।

**ਹੱਡੀਆਂ ਨਿਕਲ ਆਉਣੀਆਂ,** ਕ੍ਰਿ:-ਬਹੁਤ ਲਿਸਾ ਹੋ ਜਾਣਾ ॥

**ਹੱਡੇ ਮੂਤੇ**
**ਹੱਡੇ ਮੂੜ੍ਹੇ** } ਪੁ:-ਡੰਗਰਾਂ ਦਾ ਇੱਕ ਰੋਗ ॥

**ਹੰਡੋਲ,** ਪੁ:-ਇਕ ਤਰ੍ਹਾਂ ਦਾ ਰਾਗ ॥

**ਹੰਡੋਲਾ,** ਪੁ:-ਪੰਘੂੜਾ, ਪੀਂਘ, ਝੂਲਾ, ਕ੍ਰਿਸ਼ਨ ਮਹਾਰਾਜ ਦਾ ਪੰਘੂੜਾ ॥

Digitized by Panjab Digital Library | www.panjabdigilib.org

ਹੰਢ ਜਾਣਾ, ਹੰਢਣਾ } ਕ੍ਰਿ:-(ਕੱਪੜੇ ਆਦਿਕ ਦਾ) ਪੁਰਾਣਾ ਹੋ ਜਾਣਾ, ਬੁੱਢਾ ਅਤੇ ਸਿਆਣਾ ਹੋ ਜਾਣਾ, ਫਿਰਨਾ, ਤੁਰਨਾ।

ਹੰਢਾਉਣਾ, ਕ੍ਰਿ:-ਕੱਪੜਾ ਆਦਿਕ ਵਰਤ ਕੇ ਪੁਰਾਣਾ ਕਰ ਦੇਣਾ॥

ਹਣ, ਕ੍ਰਿ:-ਹਨ, "ਹੈ" ਦਾ ਬਹੁ ਵਚਨ॥

ਹਣੂੰ, ਸ:-ਦਾਰੂ॥

ਹਤਕ, ਸ:-ਨਿਰਾਦਰੀ, ਬੇ ਇੱਜ਼ਤੀ॥

ਹਤਕਣਾ, ਕ੍ਰਿ:-ਨਿਰਾਦਰੀ ਕਰਨਾ॥

ਹੱਤ ਤੇਰਾ (ਤੇਰੀ), ਅਵ:-ਚਲ ਪਰੇ ਹਟ, ਦੂਰ ਹੋ॥

ਹੱਤ ਤੇਰਾ ਕੰਨ ਕਤਰਿਆ, ਹੱਤ ਤੇਰੀ ਮਾਂ ਮਰੇ } ਚਲ ਦੂਰ ਹੋ।

ਹਤਣਾ, ਕ੍ਰਿ:-ਨੀਚਾਂ ਵਾਲਾ ਕੰਮ ਕਰਨਾ, ਮਾਰਨਾ।

ਹੱਤਿਆ, ਹੱਤਿਆ } ਸ: ਪਾਪ, ਅਪਰਾਧ, ਕੁਕਰਮ, ਕਤਲ, ਹਿੰਸਾ, ਜਾਨੋਂ ਮਾਰਨਾ (ਕਰਨਾ, ਕਰਨੀ)॥

ਹੱਤਿਆਰਾ, ਹਤਿਆਰਾ } ਪੁ: ਵਿ: ਹੱਤਿਆ ਕਰਨ ਵਾਲਾ, ਪਾਪੀ।

ਹੱਥ, ਪੁ:-ਬਾਂਹ ਦਾ ਅਗਲਾ ਹਿੱਸਾ, ਪੰਜਾ, ਅੱਧੇ ਗਜ਼ ਦਾ ਮਾਪ, ਪਾਸਾ, ਤਰਫ਼, ਕਬਜ਼ਾ, ਬਚਾਉ, ਰਾਖੀ, ਤੇਲ ਦਾ ਸੰਗਲ॥

ਹੱਥ ਉਠਾਉਣਾ, ਕ੍ਰਿ:-'ਹੱਥ ਚੁੱਕਣਾ' ਵੇਖੋ॥

ਹੱਥ ਆਉਣਾ, ਆ ਜਾਣਾ } ਕ੍ਰਿ:-ਕੋਈ ਚੀਜ਼ ਮਿਲ ਜਾਣੀ।

ਹੱਥ ਹਲਾਉਣਾ, ਕ੍ਰਿ:-ਕੰਮ ਕਰਨਾ, ਕਮਾਉਣਾ॥

ਹੱਥ ਹੁਦਾਰ, ਪੁ:-ਥੋੜ੍ਹੇ ਚਿਰ ਵਾਸਤੇ ਲਿਆ ਹੋਇਆ ਹੁਦਾਰ (ਲਿਖਤ ਕਰਨ ਬਾਝੋਂ)॥

ਹੱਥ ਹੇਠ (ਠਾਂ) ਆਉਣਾ, ਕ੍ਰਿ:-ਕਾਬੂ ਆ ਜਾਣਾ॥

ਹੱਥ ਹੇਠਾਂ ਕਰਣਾ, ਕ੍ਰਿ:-ਕਾਬੂ ਕਰਨਾ, ਵੱਸ ਵਿੱਚ ਕਰਨਾ॥

ਹੱਥ ਹੌਲਾ ਕਰਣਾ (ਕਰਾਉਣਾ), ਕ੍ਰਿ:-ਝਾੜਾ ਜਾਂ ਟੂਣਾ ਕਰਨਾ (ਕਰਾਉਣਾ)।

ਹੱਥ ਕੱਟਣਾ, ਕ੍ਰਿ:-ਲਿਖ ਕੇ ਇਕਰਾਰ ਕਰਨਾ।

ਹੱਥ ਕੰਡਾ, ਪੁ:-ਚਲਾਕੀ, ਉਸਤਾਦੀ, ਛਲ॥

ਹੱਥ ਕੰਬਣਾ, ਕ੍ਰਿ:-ਕਈ ਕੰਮ ਨਾ ਕਰ ਸੱਕਣਾ।

ਹੱਥ ਕਰ ਜਾਣੇ (ਕਰਣਾ), ਕ੍ਰਿ:-ਧੋਖਾ ਦੇਣਾ॥

ਹੱਥ ਕਲਾ, ਪੁ:-ਮੁੰਨਾ, ਬਿੱਲੀ ਜਾਂ ਚਿਟਕਣੀ॥

ਹੱਥ ਕੜਾ (ਕੜੀ), ਪੁ:-ਸ:-ਹਥਾਂ ਨੂੰ ਕਾਬੂ ਕਰਨ ਲਈ ਜੋ ਲੋਹੇ ਦੀਆਂ ਕੜੀਆਂ ਅਪਰਾਧੀਆਂ ਨੂੰ ਪਾਉਂਦੇ ਹਨ॥

(ਕਿਸੇ ਦੇ) ਹੱਥ ਘੱਲਣਾ, ਕ੍ਰਿ:-(ਕਿਸੇ ਦੀ) ਰਾਹੀਂ ਕੋਈ ਚੀਜ਼ ਭੇਜਣਾ॥

ਹੱਥ ਚਲਾਕੀ, ਸ:-ਉਸਤਾਦੀ, ਹਿਕਮਤ।

ਹੱਥ ਚੁੱਕਣਾ, ਕ੍ਰਿ:-ਮਾਰਨ ਨੂੰ ਤਿਆਰ ਹੋਣਾ, ਹਟ ਜਾਣਾ, ਨਿਰਾਸ਼ ਹੋਣਾ।

ਹੱਥ ਛੂਟ, ਪੁ:-ਤਲਵਾਰ ਜਾਂ ਸੋਟੇ ਦਾ ਵਾਰ, ਮਾਰਨ ਵਾਲਾ॥

Digitized by Panjab Digital Library | www.panjabdigilib.org

**ਹੱਥ ਜੋੜਨਾ,** ਕ੍ਰਿ:-ਆਦਰ ਜਾਂ ਬੇਨਤੀ ਕਰਨ ਵਾਸਤੇ ਕਿਸੇ ਦੇ ਸਾਮ੍ਹਣੇ ਆਪਣੇ ਹੱਥਾਂ ਦੀਆਂ ਤਲੀਆਂ ਮੇਲ ਦੇਣੀਆਂ, ਸਾਕ ਕਰਨਾ॥

**ਹੱਥ ਜੋੜੀ,** ਸ: ਹੱਥ ਜੋੜਨਾ, ਇੱਕ ਜੜ੍ਹ ਜਿਸ ਦਾ ਤਵੀਤ ਬਣਦੇ ਹਨ॥

**ਹੱਥ ਝੂਠਾ ਹੋਣਾ,** ਕ੍ਰਿ:-ਹੱਥ ਸੌਂ ਜਾਣਾ, ਸੁੰਨ ਹੋ ਜਾਣਾ ਜਾਂ ਨਿਕੰਮਾ ਹੋ ਜਾਣਾ॥

**ਹੱਥ ਟੱਡਣਾ**
**ਹੱਥ ਡਾਹੁਣਾ** } ਕ੍ਰਿ:-ਮੰਗਣ ਲਈ ਹੱਥ ਕਿਸੇ ਦੇ ਅੱਗੇ ਕਰਨਾ।

**ਹੱਥ ਠੋਕਾ,** ਵਿ:-ਹਥ ਕਰਨ ਵਾਲਾ, ਤਾਬਿਆਦਾਰ।

**ਹੱਥ ਤੰਗ ਹੋਣਾ,** ਕ੍ਰਿ:- ਧਨ ਨਾ ਹੋਣਾ।

**ਹੱਥ ਤੇ ਹੱਥ ਧਰ ਕੇ ਬੈਠਣਾ,** ਕ੍ਰਿ: -ਵਿਹਲਾ ਰਹਿਣਾ, ਕੁਝ ਕੰਮ ਨਾ ਕਰਨਾ॥

**ਹੱਥ ਤੇ ਹੱਥ ਮਾਰ ਜਾਣਾ (ਮਾਰਨਾ),** ਕ੍ਰਿ:- ਪੱਕਾ ਕਰਾਰ ਕਰਨਾ, ਧੋਖਾ ਦੇਣਾ।

**ਹੱਥ ਤੇ ਧਰਨਾ,** ਕ੍ਰਿ: -ਕੁਝ ਦੇਣਾ॥

**ਹੱਥ ਦਾ ਸੁੱਚਾ,** ਵਿ: -ਅਮਾਨਤਦਾਰ, ਸਿਆਣਾ।

**ਹੱਥ ਦੀ ਮੈਲ,** ਸ:-ਧਨ, ਮਾਇਆ, ਦੌਲਤ॥

**ਹੱਥ ਦੇਣਾ,** ਕ੍ਰਿ:-ਸਹਾਰਾ ਦੇਣਾ, ਮੱਦਤ ਕਰਨੀ, ਕਿਸੇ ਦੇ ਮਰਨ ਤੇ ਬਲਾਉਣ ਆਏ ਹੋਏ ਲੋਕਾਂ ਨੂੰ ਹੱਥ ਨਾਲ ਕਹਿਣਾ ਕਿ ਚਲੇ ਜਾਓ।

**(ਸਿਰ ਤੇ) ਹੱਥ ਧਰਨਾ,** ਕ੍ਰਿ:-'ਹੱਥ ਰਖਣਾ' ਵੇਖੋ॥

**ਹੱਥ ਧੋਕੇ (ਪਿੱਛੇ ਪੈਣਾ),** ਕ੍ਰਿ:-ਕੋਈ ਕੰਮ ਲਗ ਕੇ ਕਰਨਾ, ਲਗਾਤਾਰ ਸਤਾਉਣਾ॥

**ਹੱਥ ਧੋਣਾ (ਧੋ ਬੈਠਣਾ),** ਕ੍ਰਿ:-ਨਿਰਾਸ ਹੋ ਜਾਣਾ, ਉਮੈਦ ਨਾ ਰਹਿਣੀ॥

**ਹੱਥ ਨਾਟਕ,** ਪੁ:-ਹੱਥ ਦੇ ਹੇਰ ਫੇਰ ਨਾਲ ਕੀਤੇ ਹੋਏ ਅਨੋਖੇ ਕਰਤਬ॥

**ਹੱਥ ਨਾਂ ਰੱਖਣ ਦੇਣਾ,** ਕ੍ਰਿ:-ਛੋਹਣ ਨਾ ਦੇਣਾ ਆਪਣੀ ਗੱਲ ਉੱਤੇ ਕੈਮ ਰਹਿਣਾ (ਘੋੜੇ ਦਾ ਤੇਜ਼ ਹੋਣਾ)।

**ਹੱਥ ਪਾਉਣਾ,** ਕ੍ਰਿ:-ਕੰਮ ਸ਼ੁਰੂ ਕਰਨਾ, ਦਖਲ ਦੇਣਾ, ਲੁੱਟਣਾ, ਚੁਰਾਉਣਾ, ਛੇੜਨਾ, ਫੜਨਾ॥

**ਹੱਥ ਪੈਣਾ,** ਕ੍ਰਿ:-ਕਬਜ਼ਾ ਜਾਂ ਦਖ਼ਲ ਹੋਣਾ॥

**ਹੱਥ ਪੈਰ ਚੱਲਣੇ,** ਕ੍ਰਿ:-ਕੰਮ ਕਰਨ ਜੋਗੇ ਹੋਣਾ॥

**ਹੱਥ ਪੈਰ ਠੰਢੇ ਹੋਣੇ,** ਕ੍ਰਿ:-ਮਰਨ ਤੋਂ ਪਹਿਲੇ ਸਰੀਰ ਵਿਚ ਸਤ ਨਾ ਰਹਿਣਾ॥

**ਹੱਥ ਪੈਰ ਪੈ ਜਾਣੇ,** ਕ੍ਰਿ:-ਕਾਹਲੀ ਕਰਕੇ ਘਾਬਰ ਜਾਣਾ॥

**ਹੱਥ ਪੈਰ ਮਾਰਨੇ,** ਕ੍ਰਿ:-ਜਤਨ ਕਰਨਾ, ਕੰਮ ਕਰਨਾ॥

**ਹੱਥ ਫੇਰਨਾ,** ਕ੍ਰਿ:-ਰੱਖਿਆ ਕਰਨੀ॥

**ਹੱਥ ਫੇਰ ਜਾਣਾ (ਫੇਰਨਾ),** ਕ੍ਰਿ:-ਲਾਡ ਪਿਆਰ ਕਰਨਾ, ਮਾਲ ਲੁਟ ਲੈ ਜਾਣਾ॥

**ਹੱਥ ਫੇਰੀ ਕਰਨਾ,** ਕ੍ਰਿ:-ਹੱਥ ਚਲਾਕੀ ਕਰਨਾ, ਲਾਡ ਕਰਨਾ, ਬੇਈਮਾਨੀ ਕਰਨਾ॥

**ਹੱਥ ਬੱਧਾ ਗੁਲਾਮ,** ਪੁ:-ਖੁਸ਼ੀ ਖੁਸ਼ੀ ਹੁਕਮ ਮੰਨਣ ਵਾਲਾ ਆਦਮੀ॥

Digitized by Panjab Digital Library | www.panjabdigilib.org

**ਹੱਥ ਬੰਨ੍ਹ ਕੇ ਖੜੇ ਹੋਣਾ ( ਰਹਣਾ )** ਕ੍ਰਿ:-ਵੱਡੇ ਜਾਂ ਹਾਕਮ ਦੀ ਆਗਜ਼ਾ ਮੰਨਣ ਨੂੰ ਤਿਆਰ ਰਹਿਣਾ ॥

**ਹੱਥ ਬੰਨ੍ਹਣਾ,** ਕ੍ਰਿ:-ਬੇਨਤੀ ਕਰਨ ਵਾਸਤੇ ਹੱਥ ਜੋੜਨੇ ॥

**ਹੱਥ ਭਰਨਾ,** ਕ੍ਰਿ:-ਕਿਸੇ ਸੁੱਕੀ ਜਾਂ ਗਿੱਲੀ ਚੀਜ਼ ਦਾ ਹੱਥਾਂ ਨੂੰ ਲਗ ਜਾਣਾ । ਹਿੰਦੂਆਂ ਦੀ ਇਕ ਰੀਤ ਮੂਜਬ ਪਾਣੀ ਵਰਗੀ ਚੀਜ਼ ਵਿਚ ਹੱਥ ਪਾਉਣੇ ॥

**ਹੱਥ ਮਲਣਾ,** ਕ੍ਰਿ:-ਪਛੁਤਾਣਾ ।

**ਹੱਥ ਮਲਾਉਣ,** ਕ੍ਰਿ:-ਦੋ ਜਣਿਆਂ ਦਾ ਮਿਲਣ ਜਾਂ ਵਿਛੜਨ ਦੇ ਵੇਲੇ ਇਕ ਦੂਜੇ ਦਾ ਸੱਜਾ ਹੱਥ ਪਕੜ ਕੇ ਹਿਲਾਉਣਾ (ਸਾਹਿਬੀ ਵਾਕਫ਼) ॥

**ਹੱਥ ਮਾਰਣਾ,** ਕ੍ਰਿ:-ਬੇਈਮਾਨੀ ਕਰਨਾ

**ਹੱਥ ਰੱਖਣਾ ( ਸਿਰ ਤੇ )** ਕ੍ਰਿ:-ਸਹਾਰਾ ਦੇਣਾ, ਰੱਛਿਆ ਕਰਨੀ, ਸਿਰ ਦੀ ਸਹੁੰ ਖਾਣੀ ॥

**ਹੱਥ ਰੱਖਾ,** ਪੁ:-ਜਿਸ ਚੀਜ਼ ਤੇ ਹੱਥ ਰੱਖਿਆ ਜਾਵੇ, ਢੋਲ ਜਾਂ ਮ੍ਰਿਦੰਗ, ਆਸਰਾ, ਮਸੂਕ, ਜਿਸ ਮਨੁੱਖ ਤੇ ਕੋਈ ਕੰਮ ਕਰਾਇਆ ਜਾਵੇ ।

**ਹੱਥ ਰੰਗਣਾ,** ਕ੍ਰਿ:-ਹਥਾਂ ਨੂੰ ਮਹਿੰਦੀ ਲਾਉਣੀ. ਵੱਢੀ ਲੈਣੀ ॥

**ਹੱਥ ਲਗ ਜਾਣਾ ( ਲਗਣਾ ) ( ਲਗਣ )** ਕ੍ਰਿ:-ਹੱਥ ਆ ਜਾਣਾ, ਹਸਾਬ ਵਿਚ ਜੋੜ ਕਰਦਿਆਂ ਰਕਮ ਅੱਗੇ ਲਜਾਣੀ, ਧੋਖਾ ਖਾਣਾ ਮਾਰ ਪੈਣੀ (ਅੱਜ ਤੇਰੇ ਹੱਥ ਕੂਲ੍ਹੇ ਹਨ। ਚੰਗਾ ਲੱਗਣ ਤੋਂ ਜਾਣੇ ) ॥

**ਹੱਥ ਲਗਾਉਣਾ(ਣੇ),** ਕ੍ਰਿ: ਛੋਹਣਾ, ਸ਼ੁਰੂ ਕਰਨਾ, ਮਾਰਨੀ, ਹਰਾਉਣਾ, ਧੋਖਾ ਦੇਣਾ ॥

**ਹੱਥ ਲਾਇਆਂ ਮੈਲਾ ਹੋਣਾ,** ਕ੍ਰਿ: ਸਰੀਰ ਬਹੁਤ ਸੋਹਣਾ ਅਤੇ ਕੋਮਲ ਹੋਣ ॥

**ਹਥ ਵਖਾਉਣਾ (ਣੇ),** ਕ੍ਰਿ:-ਰੋਲ ਨੂੰ ਹੱਥ ਦੀ ਤਲੀ ਦਿਖਾ ਕੇ ਕਿਸਮਤ ਪੁੱਛਣੀ । ਹਕੀਮ ਨੂੰ ਨਬਜ਼ ਦੱਸਣੀ ਚਲਾਕੀ ਕਰਕੇ ਦੂਜੇ ਨੂ ਧੋਖਾ ਦੇਣਾ ॥

**ਹੱਥ ਵੱਢਣਾ,** ਕ੍ਰਿ:-'ਹੱਥ ਕੱਟਣਾ' ਵੇਖੋ ॥

**ਹੱਥ ਵਿੱਚ ਠੂਠਾ ਦੇਣਾ,** ਕ੍ਰਿ:-ਫਕੀਰ ਕਰ ਦੇਣਾ॥

**ਹੱਥ ਵਿੱਚ ਠਠਾ ਲੈਣਾ,** ਕ੍ਰਿ:-ਫਕੀਰ ਹੋ ਜਾਣਾ॥

**ਹੱਥ ਵਿਚ ਲੈਣਾ,** ਕ੍ਰਿ:-ਫੜਨਾ, ਕਾਬੂ ਕਰਣਾ॥

**ਹੱਥ ਵੇਖਣਾ,** ਕ੍ਰਿ:-ਕਿਸੇ ਦੀ ਨਬਜ਼ ਵੇਖਣਾ, ਤਲੀ ਵੇਖ ਕੇ ਕਿਸਮਤ ਦੱਸਣੀ, ਹਾਰ ਜਾਣਾ

**ਹੱਥ ਵੇਚਣਾ ( ਕਿਸੇ ਦੇ ),** ਕ੍ਰਿ:-( ਕਿਸੇ ਕੋਲ ) ਕੋਈ ਸ਼ੈ ਵੇਚ ਦੇਣੀ ॥

**ਹੱਥਾਂ ਉੱਤੇ ਸਰੋਂ ਜਮਾਉਣੀ,** ਕ੍ਰਿ:-ਚਿਰੀਂ ਹੋਣ ਵਾਲਾ ਕੰਮ ਛੇਤੀ ਕਰ ਦੇਣਾ ॥

**ਹੱਥਾਂ ਉੱਤੇ ( ਤੇ ) ਪਾਉਣਾ,** ਕ੍ਰਿ:-( ਕਿਸੇ ਨੂੰ ) ਆਪਣੇ ਵੱਸ ਕਰਨਾ ॥

**ਹੱਥਾਂ ਪੈਰਾਂ ਵਿੱਚ ਦੇਣਾ ਹੋ ਜਾਣਾ** ਕ੍ਰਿ:-ਅਜਿਹਾ ਢਿੱਲ ਹੋਣ ਜੋ ਜਾਉਣ ਦੀ ਆਸ ਨਾ ਰਹਿਣੀ॥

**ਹਥਣੀ,** ਸ:-ਹਾਥੀ ਦੀ ਮਦੀਨ ॥

**ਹੱਥਲ,** ਵਿ:-ਖਾਲੀ ਹੱਥਾਂ ਵਾਲਾ, ਬੇਕਾਰ, ਜੋਹੜੀ ਗਊ ਮਹਿੰ ਖਾਸ ਆਦਮੀ ਦੇ ਹੱਥੋਂ ਹੀ ਦੁਧ ਦੁਆਵੇ ॥

**ਹੱਥ ਲੇਵਾਂ ਹਥ ਲੇਵਾਂ** ਪੁ:-ਹਿੰਦੂਆਂ ਦੇ ਵਿਆਹ ਦੀ ਇੱਕ ਰਸਮ ।

Digitized by Panjab Digital Library | www.panjabdigilib.org

**ਹਥਵਾਸਾ,** ਪੁ:-ਬਹਿਲੀ ਆਦਿਕ ਦੇ ਰੱਸੇ (ਸਹਾਰੇ ਵਾਸਤੇ ॥)

**ਹਥਵਾਨ,** ਪੁ:-ਹਾਥੀ ਚਲਾਉਣ ਵਾਲਾ, ਮਹੌਤ

**ਹਥਵਾਨੀ,** ਸ:-ਹਥਵਾਨ ਦਾ ਕੰਮ।

**ਹਥਵਾਨਣੀ,** ਸ: ਹਥਵਾਨ ਦੀ ਤ੍ਰੀਵੀ

**ਹੱਥੜੀ,** ਸ:-ਚਰਖ਼ੇ ਦੇ ਪਹੀਏ ਨੂੰ ਫੜ ਕੇ ਭੁਆਉਣ ਵਾਲੀ ਲੱਕੜ॥

**ਹੱਥਾ,** ਪੁ:-ਚਰਖ਼ੇ ਚੱਕੀ ਆਦਿਕ ਦਾ ਮੁੱਠਾ॥

**ਹਥਿਆਰ, ਹਥਿਯਾਰ** } ਪੁ:-ਤਲਵਾਰ ਆਦਿਕ ਸ਼ਸਤ੍ਰ, ਲੜਾਈ ਦਾ ਸਾਮਾਨ।

**ਹਥਿਆਰ ਚਲਾਉਣਾ,** ਕ੍ਰਿ:-ਹਥਿਆਰ ਨਾਲ ਕਿਸੇ ਨੂੰ ਮਾਰਨ ਲਗਣਾ॥

**ਹਥਿਆਰ ਬੰਨ੍ਹਣਾ,** ਕ੍ਰਿ:-ਤਲਵਾਰ ਆਦਿਕ ਲੈ ਲੈਣੀ, ਸ਼ਸਤ੍ਰ ਧਾਰਨ ਕਰਨਾ।

**ਹੱਥੀ,** ਸ:-ਘੋੜਿਆਂ ਨੂੰ ਮਲਣ ਵਾਲਾ ਇਕ ਵਾਲਾਂ ਦਾ ਦਸਤਾਨਾ, ਮੁੰਜ ਜਾਂ ਵਾਣ ਦੀ ਗੁੱਛੀ ਜਿਸ ਚੀਜ਼ ਨਾਲ ਛੱਪਰ ਪਾਣ ਵਾਲੇ ਸਰਕੜੇ ਦੇ ਸਿਰੇ ਇੱਕੋ ਜੇਹੇ ਕਰਦੇ ਹਨ, ਜੁਲਾਹਿਆਂ ਦੀ ਹੱਥ ਵਿਚ ਰੱਖਣ ਵਾਲੀ ਲੱਕੜ॥

**ਹੱਥੀਂ,** ਕ੍ਰਿ: ਵਿ:-ਹੱਥਾਂ ਦੀ ਰਾਹੀਂ, ਹੱਥਾਂ ਨਾਲ।

**(ਦੋਹੀਂ) ਹੱਥੀਂ ਸਮੇਟਣ,** ਕ੍ਰਿ:-ਕਈ ਚੀਜ਼ ਚੰਗੀ ਤਰਾਂ ਇਕੱਠੀ ਕਰਨੀ॥

**ਹੱਥੀਂ ਛਾਂਵਾਂ ਕਰਨੀਆਂ,** ਕ੍ਰਿ:-ਪਿਆਰ ਮੁਹੱਬਤ ਦਾ ਸਲੂਕ ਕਰਨਾ, ਰਖਿਆ ਕਰਨੀ॥

**ਹੱਥੀਂ ਪੈਣਾ (ਪੈਂਣਾ),** ਕ੍ਰਿ:-ਲੜਨਾ॥

**ਹਥੇਲੀ,** ਸ:-ਹੱਥ ਦੀ ਤਲੀ॥

**ਹੱਥੋਂ,** ਕ੍ਰਿ: ਵਿ:-ਹੱਥਾਂ ਤੋਂ, ਇੱਕ ਦੇ ਦੂਏ ਨੂੰ। ਅਵ:-ਸਗੋਂ॥

**ਹੱਥੋਂ ਨਿਕਲ ਜਾਣਾ, ਨਿਕਲਣਾ** } ਕ੍ਰਿ: ਕਿਸੇ ਦਾ ਹੱਥੋਂ ਕੁਝ ਕੰਮ ਨਿਕਲ ਜਾਣਾ, ਵੱਸ ਵਿੱਚ ਨਾ ਰਹਿਣਾ॥

**ਹੱਥੋ ਹੱਥ, ਹੱਥੋ ਹੱਥੀਂ** } ਕ੍ਰਿ:-ਵਿ: ਝਟ ਪਟ, ਛੇਤੀ।

**ਹੱਥੋ ਹੱਥੀ ਉਡ ਜਾਣਾ, ਲੱਗ ਜਾਣਾ, ਵਿਕ ਜਾਣਾ** } ਕ੍ਰਿ:-ਛੇਤੀ ਹੀ ਵਿਕ ਜਾਣਾ॥

**ਹੱਥੋ ਪਾਈ,** ਸ:-ਲੜਾਈ, ਝਗੜਾ, ਘੋਲ॥

**ਹੱਥੋ ਪਾਈ ਹੋਣਾ,** ਕ੍ਰਿ:-ਲੜਨਾ, ਮਾਰ ਕੁਟਾਈ ਕਰਨਾ, ਧੌਲ ਧੱਪਾ ਕਰਨਾ॥

**ਹਥੌਟੀ, ਹਥੌਂਟੀ** } ਸ:-ਚਲਾਕੀ, ਉਸਤਾਦੀ, ਹੁੰਨਰ ਕਾਰੀਗਰੀ।

**ਹਥੌੜਾ, ਹਥੌਂੜਾ** } ਪੁ:-ਜਿਸ ਚੀਜ਼ ਨਾਲ ਧਾਤਾਂ ਕੁਟਦੇ ਹਨ॥

**ਹਥੌੜੀ, ਹਥੌਂੜੀ** } ਸ:-ਛੋਟਾ ਹਥੌੜਾ।

**ਹਥੌੜੀਆਂ,** ਸ:-(ਬਹੁ: ਬ:) ਹਥਕੜੀਆਂ॥

**ਹਥੌੜੀਆਂ ਮਾਰਨੀਆਂ,** ਕ੍ਰਿ:-ਹਥਕੜੀਆਂ ਪਾਉਣੀਆਂ॥

**ਹੱਦ,** ਸ:-ਕੰਢਾ, ਬੰਨਾ, ਸਿਰਾ, ਨਿਸ਼ਾਨ, ਸੀਂ, ਮਰਜਾਦਾ॥

ਵਿ:-ਸਭ ਤੋਂ ਵੱਧ, ਪਰਲੇ ਸਿਰੇ ਦਾ, ਡਾਢਾ॥

ਕ੍ਰਿ:-ਵਿ:-ਘੱਟ ਤੋਂ ਘੱਟ, ਵੱਧ ਤੋਂ ਵੱਧ॥ (ਹੱਦ ਹੋ ਗਈ ਹੈ:-ਬਹੁਤ ਹੋ ਗਈ ਹੈ, ਹੋਰ ਲੋੜ ਨਹੀਂ॥)

Digitized by Panjab Digital Library | www.panjabdigilib.org

**ਹੱਦ ਹੋਜਾਣੀ (ਹੋਣੀ)** ਕ੍ਰਿ:—ਕੋਈ ਗੱਲ ਹੱਦ ਤਕ ਪਹੁੰਚ ਜਾਣੀ, ਅੰਤ ਹੋਣੀ।

**ਹੱਦ ਕਰਣਾ,** ਕ੍ਰਿ:—ਅੰਤ ਕਰਨਾ, ਕਿਸੇ ਗੱਲ ਨੂੰ ਓੜਕ ਤਕ ਪੁਚਾਣਾ॥

**ਹੱਦ ਬਸਤ,** ਸ:—ਹੱਦਾਂ ਦਾ ਫੈਸਲਾ, ਹੱਦ ਠਹਿਰਾਉਣਾ, ਹੱਦ ਬੰਦੀ॥

**ਹੱਦ ਬੰਦੀ ਕਰਨਾ**
**ਹੱਦ ਬੰਨ੍ਹਣਾ** } ਕ੍ਰਿ:—ਹੱਦਾਂ ਠਹਿਰਾਉਣੀਆਂ ਜਾਂ ਹੱਦਾਂ ਉੱਤੇ ਨਿਸ਼ਾਨ ਲਾਉਣੇ॥

**ਹੱਦੋਂ ਬਾਹਰ ਹੋਣਾ,** ਕ੍ਰਿ:—ਆਪਣੇ ਬ[illegible] ਵਧ ਕੇ ਕੰਮ ਕਰਨਾ, ਮਰਯਾਦਾ ਟੱਪ ਜਾਣਾ, ਹੱਦ ਤੋੜਨਾ॥

**ਹੱਦੋਂ ਬਾਹਰਾ,** ਵਿ:—ਬਹੁਤ ਹੀ, ਜਿਸ ਤੋਂ ਵਧਕੇ ਹੋਰ ਨਾ ਹੋਵੇ।

**ਬੇ ਹੱਦ,** ਵਿ:—ਜਿਸ ਦੀ ਹੱਦ ਨਹੀਂ, ਅਥਾਹ, ਅੰਤ, ਹੱਦੋਂ ਬਾਹਰਾ, ਅਪਾਰ।

**ਹੰਦ,** ਪੁ:—ਇਕ ਤਰ੍ਹਾਂ ਦਾ ਜਾਲ॥

**ਹੰਦਰਾਤਾ,** ਪੁ:—ਇਕ ਰੋਗ ਜਿਸ ਵਿੱਚ ਰਾਤੀਂ ਨਹੀਂ ਦਿਸਦਾ॥

**ਹਦਵਾਣਾ,** ਪੁ:—ਤਰਬੂਜ਼, ਇੱਕ ਗੋਲ ਫਲ॥

**ਹਦਵਾੜ,** ਸ:—ਅੰਧੀ ਬੋਛਾੜ—'ਅਧ ਵਾੜ' ਵੇਖੋ॥

**ਹਦਾਇਤ**
**ਹਦਾਯਤ** } ਸ:—ਉਪਦੇਸ਼, ਨਸੀਹਤ ਸਿਖ ਮੱਤ (ਕਰਨੀ ਜਾਂ ਦੇਣੀ)॥

**ਹੰਦਾਲ,** ਪੁ:—ਜੱਟਾਂ ਦੀ ਇੱਕ ਜਾਤ॥

**ਹਦੀਸ,** ਸ:—ਮਹੰਮਦ ਸਾਹਿਬ ਦਾ ਬਚਨ, ਨਸੀਹਤ।

**ਹਦੀਸ ਪਕੜਣੀ**
**ਫੜਣੀ** } ਕ੍ਰਿ:—ਨਸੀਹਤ ਮੰਨਣੀ॥

**ਹਦੀਣ,** ਵਿ:—ਵੇਖੋ 'ਅਧੀਨ'॥

**ਹਦੀਣਤਾ**
**ਹਦੀਣਤਾਈ** } ਸ:—ਵੇਖੋ 'ਅਧੀਨਤਾਈ'॥

**ਹਦੀਯਾ,** ਪੁ:—ਨਜ਼ਰ, ਭੇਟ, ਇਨਾਮ, ਮੁੱਲ॥

**ਹਦੁਆਣਾ,** ਪੁ:—ਅਦੁਆਣਾ, ਤਰਬੂਜ਼॥

**ਹਦੁਆੜ,** ਸ:—ਵੇਖੋ 'ਅੱਧ ਵਾੜ'

**ਹਨੇਰ,** ਪੁ:—ਵੇਖੋ 'ਅਨ੍ਹੇਰ'॥

**ਹਨੇਰਾ,** ਪੁ:—ਵੇਖੋ 'ਅਨ੍ਹੇਰਾ'।

**ਹਨੇਰੀ,** ਸ: ਵੇਖੋ 'ਅਨ੍ਹੇਰੀ'॥

**ਹਦੈਤ,** ਸ:—ਵੇਖੋ 'ਹਦਾਇਤ'.

**ਹਨ,** ਕ੍ਰਿ:—ਹਨ, ਹੈਨ, 'ਹੈ' ਦਾ ਬਹੁ: ਬ:॥

**ਹੰਨਾ,** ਪੁ:—ਕਾਠੀ ਦਾ ਸਿਰਾ।

**ਹਨੂਮਾਨ,** ਪੁ:—ਬਾਂਦਰ, ਰਾਮ ਚੰਦ੍ਰ ਜੀ ਦਾ ਦੂਤ॥

**ਹਨੇਰ**
**ਹਨੇਰਾ**
**ਹਨੇਰੀ** } ਵੇਖੋ 'ਅਨ੍ਹੇਰ' 'ਅਨ੍ਹੇਰਾ' 'ਅਨ੍ਹੇਰੀ'

**ਹਨੋਰੀ ਮਜਿਸਟ੍ਰੇਟ,** ਪੁ:—ਜੋ ਮਜਿਸਟ੍ਰੇਟ ਕੁਝ ਤਨਖਾਹ ਨਾ ਲਵੇ॥

**ਹੱਪ,** ਸ:—ਅਜੇਹੀ ਅਵਾਜ਼ ਜੋ ਸਮਝੀ ਨ ਜਾਵੇ।

**ਹੱਪ ਹੱਪ ਕਰਣਾ,** ਕ੍ਰਿ:—ਅਜੇਹਾ ਬੋਲਣਾ ਕਿ ਗੱਲ ਸਮਝੀ ਨ ਜਾਵੇ (ਬੋਤਿਆਂ ਵਾਕਰ)॥

Digitized by Panjab Digital Library | www.panjabdigilib.org

**ਹੱਪਾ,** ਪੁ:-ਪਤਲੀ ਖਿਚੜੀ ਭਫਾ ॥

**ਹੱਪੀ ਹੱਪੀ ਖਾਣਾ**
**ਹੱਪੂ ਕਰ ਲੈਣਾ**
**ਹੱਪੂ ਹੱਪੂ ਖਾਣਾ** } ਕ੍ਰਿ: ਜੋ ਹੱਥ ਆਵੇ ਨਿਗਲ ਜਾਣਾ, ਲੁਕਾਣਾ ਛਿਪਾਣਾ ॥

**ਹਫਣਾ,** ਕ੍ਰਿ:-ਥੱਕੇ ਹੋਏ ਹੋਣਾ, ਛੇਤੀ ਛਤੀ ਸਾਹ ਲੈਣਾ, ਦਮ ਟੁਟ ਜਾਣਾ ॥

**ਹੱਫਾ,** ਪੁ:-ਉਸਤਾਦ, ਆਗੂ, ਜ਼ੁੱਮੇਵਾਰ ਆਦਮੀ ॥

**ਹਫਾਉਣਾ,** ਕ੍ਰਿ:-ਸਾਹ ਚੜ੍ਹਨਾ, ਥਕਾਉਣਾ॥ ਹਰਾਉਣਾ ॥

**ਹਬਸ਼,** ਪੁ:-ਅਫ਼ਰੀਕਾ ਦਾ ਇੱਕ ਦੇਸ ਜਿੱਥੋਂ ਦੇ ਲੋਕ ਕਾਲੇ ਹੁੰਦੇ ਹਨ ॥
ਸ:-ਤ੍ਰਿਸ਼ਨਾ, ਲੋਭ, ਹਿਰਸ ॥

**ਹਬਸ਼ਣ,** ਸ:-ਹਬਸ਼ ਦੀ ਰਹਿਣ ਵਾਲੀ ॥

**ਹਬਸ਼ੀ,** ਪੁ:-ਹਬਸ਼ ਦਾ ਰਹਿਣ ਵਾਲਾ ।

**ਹਬਕ,** ਸ:-ਹਭਕ, ਬੂਰੀ ਮੁਸ਼ਕ ॥

**ਹਬਕ ਦਬਕ,** ਸ:-ਝਿੜਕ, ਡਾਂਟ ਡਪਟ ॥

**ਹਬਕਣਾ ਦਬਕਣਾ,** ਕ੍ਰਿ:—ਝਿੜਕਣਾ, ਡਾਂਟ ਡਪਟ ਕਰਨੀ ॥

**ਹੱਬ ਕੱਬ,** ਪੁ:—ਢੰਗ, ਸ਼ਕਲ, ਚੰਗੀ ਹਾਲਤ, ਕੀਮਤ, ਦੇਉਤਿਆਂ ਅਤੇ ਪਿਤਰਾਂ ਦੇ ਨਮਿੱਤ ਜੋ ਅਨਾਜ ਦਿੱਤਾ ਜਾਵੇ ॥

**ਹਬੜ ਦਬੜ,** ਸ:-ਘਬਰਾ, ਹਰਾਨੀ, ਹੌਲ ॥

**ਹਬੜਣਾ,** ਕ੍ਰਿ:-ਘਬਰਾ ਜਾਣਾ, ਹਰਾਨ ਹੋਣਾ

**ਹਬੜਾ ਦਬੜੀ,** ਸ:-'ਹਬੜ ਦਬੜ' ਵੇਖੋ ॥

**ਹਬੂਬ,** ਪੁ:-ਹੌਂਕ, ਮਾੜੀ; ਛੁਟਕਾਰਾ ॥



**ਹੰਬੇਲ,** ਸ:-ਰੁਪਇਆਂ ਮੋਹਰਾਂ ਆਦਿਕਾਂ ਦੀ ਹੈਕਲ ॥

**ਹੰਭੇਲੀ,** ਸ:-ਹਵੇਲੀ, ਮਾੜੀ, ਦੌਲਤ ॥

**ਹਭਕ,** ਸ:—ਬਦਬੋ (ਆਉਣੀ, ਮਾਰਨੀ) ॥

**ਹਭਕਣਾ,** ਕ੍ਰਿ:—ਬਦਬੋ ਜਾਂ ਸੜ੍ਹਿਆਣ ਆਉਣੀ ॥

**ਹੰਭਲੀ,** ਸ:—ਉਛਾਲਾ (ਹੰਭਲੀ ਮਾਰਨੀ = ਉਛੱਲਣਾ) ॥

**ਹੰਭਲੇ**
**ਹੰਭੜੇ** } ਅਵ:-ਸ਼ਾਬਾਸ਼ੇ, ਬੱਲੇ ॥

**ਹਮ,** ਪੜ:—ਅਸੀਂ ॥

**ਹਮਸਾਇਆ (ਯਾ),** ਪੁ:-ਗੁਆਂਢੀ, ਪੜੋਸੀ ॥

**ਹਮਸਾਗਣੀ,** ਸ:—ਗੁਆਂਢ, ਪੜੋਸ ॥

**ਹਮਸੋਸ,** ਪੁ:—ਅਫਸੋਸ, ਪਛਤਾਵਾ, ਅਰਮਾਨ, ਗ਼ਮ ( ਹਮਸੋਸ ਆਉਣਾ ) ॥
ਅਵ:-ਹਾਇ । ਓਹੋ !

**ਹਮਸੋਸਿਆ ਹੋਇਆ -ਪੁ:**
**ਹਮਸੋਸੀ ਹੋਈ-ਸ:** } ਜਿਸ ਨੂੰ ਅਫਸੋਸ ਜਾਂ ਗ਼ਮ ਹੈ ॥

**ਹਮਰਾਹ,** ਅਵ:-ਨਾਲ, ਸੰਗ ॥
ਸ:-ਸਾਥ, ਸੰਗ, ਸੰਗਤ ॥

**ਹਮਰਾਹੀ,** ਸੰਗੀ, ਸਾਥੀ ॥
ਸ:—ਸੰਗ, ਸਾਥ, ਸੰਗਤ ॥

**ਹਮਲ,** ਪੁ:—ਪਿੰਡ, ਗਰਭ ( ਰਹਿਣਾ, ਹੋਣਾ ਕਰਨਾ ) ॥

**ਹਮਲਾ,** ਪੁ:—ਚੜ੍ਹਾਈ, ਧੱਲਾ ( ਕਰਨਾ ) ॥

Digitized by Panjab Digital Library | www.panjabdigilib.org

ਹਮਾਇਤ, / ਹਮਾਯਤ, — ਸਃ—ਸਹਾਰਾ, ਆਸਰਾ, ਬਚਾਉ ॥

ਹਮਾਇਤ ਕਰਨੀ ਕ੍ਰਿਃ ਪੱਖ ਪੂਰਨਾ, ਰਾਖੀ ਕਰਨੀ, ਬਚਾਉਣਾ ॥

ਹਮਾਇਤਣ / ਹਮਯਤਣ — ਸਃ-ਹਮਾਇਤ ਕਰਨ ਵਾਲੀ ॥

ਹਮਾਇਤੀ / ਹਮਾਯਤੀ — ਪੁਃ-ਹਮਾਇਤ ਕਰਨਣ ਵਾਲਾ ॥

ਹਮਾਤੜ, ਪੁਃ, ਸਃ-ਸਾਡੇ ਵਰਗੇ ਗਰੀਬ ॥

ਹਮਾਤੜ ਸਾਥ, ਪੁਃ-ਹਮਾਤੜਾਂ ਜੇਹੇ ॥

ਹਮਾਤੜ ਤਮਾਤੜ, ਪੁਃ—ਸਾਡੇ ਤੁਹਾਡੇ ਜੇਹੇ ।

ਹਮਾਮ, ਪੁਃ-ਤੱਤੇ ਪਾਣੀ ਨਾਲ ਨ੍ਹਾਉਣ ਵਾਲੀ ਥ ॥

ਹਮਾਮ ਦਸਤੇ, ਪੁਃ—ਲੋਹੇ ਜਾਂ ਪਿੱਤਲ ਦੇ ਕੂੰਡੇ ਅਤੇ ਮੂੰਗਲੀ ॥

ਹਮਾਰੀ, ਸਃ—'ਅਮਾਰੀ' ਵੇਖੋ ॥

ਹਮਿਆਣੀ, ਸਃ—ਵਾਸਣੀ ॥

ਹਮੀ, ਸਃ—ਹਉਮੈਂ, ਹੰਕਾਰ, ਅਪਣਤ ॥

ਹਮੀਕਰਨੀ (ਖਿਚਣੀ), ਕ੍ਰਿਃ-ਹੰਕਾਰ ਕਰਨਾ ॥

ਹਮੀ ਚੁਦਾ, ਅਵਃ—ਜੋ ਕੁਝ ਹਾਂ ਅਸੀਂ ਹਾਂ (ਹੰਕਾਰ ਦੀ ਗੱਲ) ॥

ਹਮੇਸ਼ / ਹਮੇਸ਼ਾ — ਕ੍ਰਿਃ ਵਿਃ—ਸਦਾ, ਨਿਤ, ਲਗਾਤਾਰ ।

ਹਮੇਸ਼ਗੀ, ਸਃ—ਸਦਾ ਹੋਣਾ ਜਾਂ ਰਹਿਣਾ ॥

ਹਮੇਲ, ਸਃ—'ਹੰਬੇਲ' ਵੇਖੋ ॥

ਹਮੇਲੀ, ਸਃ—ਹਵੇਲੀ, ਮਹਿਲ ਮਾੜੀ ॥

ਹਯਾ / ਹਯਾਉ — ਪੁਃ—ਸ਼ਰਮ, ਲੱਜਿਆ, ਲਾਜ ॥

ਹਯਾ ਵਾਲਾ, ਵਿਃ-ਲੱਜਿਆ ਵਾਨ, ਸ਼ਰਮ ਵਾਲਾ ॥

ਬੇ ਹਯਾ, ਵਿਃ-ਨਿਲੱਜ, ਬੇ ਸ਼ਰਮ ॥

ਹਯਾਓਂ, ਪੁਃ-ਬਹਾਦਰੀ, ਦਲੇਰੀ, ਹੌਂਸਲਾ ॥

ਹਯਾਤ (ਤੀ), ਸਃ—ਜ਼ਿੰਦ, ਉਮਰ, ਆਰਜਾ, ਅਵਸਥਾ ॥

ਹਯਾਤੀਆਂ ਕੈਮ !—ਰੱਬ ਵੱਡੀ ਉਮਰ ਕਰੇ!

ਹੀਣ ਹਯਾਤ, ਸਃ-ਜੀਉਂਦੇ ਜੀ, ਸਾਰੀ ਉਮਰ ॥

ਹੀਣ ਹਯਾਤ ਵਿੱਚ, ਕ੍ਰਿਃ ਵਿਃ-ਜੀਉਂਦੇ ਜੀ ॥

ਹਰ, ਪੁਃ-ਸ਼ਿਬ ਜੀ, ਪਰਮੇਸ਼ਰ ॥
ਪੜਃ-ਹੇਕੀ, ਸਭ ॥

ਹਰ ਹਰ ਕਰਨਾ, ਕ੍ਰਿਃ ਪਰਮੇਸ਼ਰ ਦਾ ਨਾਉਂ ਲੈਣਾ, ਡਰੇ ਹੋਏ ਹੋਣਾ ॥

ਹਰ ਹਾਲ ਵਿੱਚ, ਕ੍ਰਿਃ ਵਿਃ-ਸਦਾ ਹੀ ॥

ਹਰ ਹੀਲੇ—ਹਰ ਤਰਾਂ ਵੇਖੋ ।

ਹਰ ਕਿਸੇ ਕੋਲੋਂ (ਥੋਂ), ਕ੍ਰਿਃ-ਵਿਃ—ਸਭਨਾਂ ਪਾਸੋਂ ॥

ਹਰ ਗੱਲੋਂ, ਕ੍ਰਿਃ ਵਿਃ-ਸਭ ਤਰਾਂ, ਸਭ ਪਾਸਿਓਂ ।

ਹਰ ਗੁਣ ਗਾਉਣਾ, ਕ੍ਰਿਃ-ਪਰਮੇਸ਼ਰ ਦਾ ਭਜਨ ਕਰਨਾ ॥

ਹਰ ਘੜੀ, ਕ੍ਰਿਃ, ਵਿਃ-ਸਦਾ, ਨਿੱਤ ॥

ਹਰ ਜਗਾਂ (ਜਾ), ਕ੍ਰਿਃ ਵਿਃ-ਸਭ ਥਾਂ ॥

ਹਰ ਤਰਾਂ, ਕ੍ਰਿਃ ਵਿਃ-ਜ਼ਰੂਰ, ਹੋ ਸਕੇ ॥
ਕਿਸੇ ਨਾ ਕਿਸੇ ਢੰਗ ਨਾਲ; ਹਰ ਗੱਲੋਂ ॥

Digitized by Panjab Digital Library | www.panjabdigilib.org

**ਹਰਦਮ** / **ਹਰ ਪਲ** } ਕ੍ਰਿ:, ਵਿ:-ਸਦਾ, ਹਮੇਸ਼ ॥

**ਹਰ ਪਾਸੇ,** ਕ੍ਰਿ:, ਵਿ:-ਚੁਫੇਰੇ, ਸਭ ਥਾਂ ॥

**ਹਰ ਬਰਿਹਾਈ,** ਵਿ:-ਹਰ ਸਾਲ ਬੱਚਾ ਜਨਣ ਵਾਲੀ ॥

**ਹਰ ਬਾਰ (ਰੀ),** ਕ੍ਰਿ: ਵਿ: ਸਦਾ, ਨਿੱਤ, ਹਰ ਵਖਤ ॥

**ਹਰ ਮਸਾਲੇ ਪਿੱਪਲਾ ਮੂਲ,** ਵਿ:-ਸਭ ਕੰਮ ਨੂੰ ਹੱਥ ਪਾਉਣ ਵਾਲਾ ॥

**ਹਰ ਰੋਜ਼,** ਕ੍ਰਿ: ਵਿ:-ਰੋਜ਼, ਸਭ ਦਿਨ ॥

**ਹਰ ਵਾਰ (ਰੀ),** ਕ੍ਰਿ: ਵਿ:—ਨਿੱਤ, ਸਦਾ, ਹਰ ਵਕਤ ॥

**ਹਰ ਵਰਿਹਾਈ,** ਵਿ:-'ਹਰ ਬਰਿਹਾਈ' ਵੇਖੋ ॥

**ਹਰਕਤ,** ਸ:-ਹਿੱਲ ਜੁਲ, ਕੰਮ, ਭੈੜੇ ਚਲਣ, ਅਟਕਾਉ, ਨੁਕਸਾਨ, ਆਵਾਰਗੀ, ਕਸਰ (ਹੋਣੀ, ਕਰਨੀ, ਦੇਣੀ) ॥

**ਹਰਕਤਣ,** ਸ: / **ਹਰਕਤੀ,** ਪੁ: } ਹਰਕਤ ਕਰਨ ਵਾਲਾ ਜਾਂ (ਵਾਲੀ) ॥

**ਹਰਕੰਬ,** ਵਿ:—ਕੰਬਣ ਵਾਲਾ, ਹਿੱਲਣ ਵਾਲਾ ॥

**ਹਰਖ,** ਪੁ:—ਖੁਸ਼ੀ, ਅਨੰਦ ॥

**ਹਰਖਣ,** ਸ: / **ਹਰਖੀ,** ਪੁ: } ਖੁਸ਼, ਹਰਖ ਕਰਨ ਵਾਲਾ (ਵਾਲੀ) ॥

**ਹਰਚੰਦ,** ਪੁ:-ਜੌਆਂ ਦੀ ਇੱਕ ਜ਼ਾਤ ॥

**ਹਰਜ,** ਪੁ:—ਰੋਕ, ਅਟਕਾਉ, ਔਖ, ਦੁਖੇਸ਼ਾ, ਹਲ ਚਲ, ਨੁਕਸਾਨ ਦਾ ਬਦਲਾ (ਕਰਨਾ) ॥

**ਹਰਜ ਮਰਜ,** ਸ:-ਰੋਕ, ਫੇਰ, ਗੜ ਬੜ, ਹਲ ਚਲ ॥

**ਹਰਜਾ,** ਪੁ:-ਨੁਕਸਾਨ, ਨੁਕਸਾਨ ਦਾ ਬਦਲਾ ॥

**ਹਰਜਾ ਭਰਨਾ,** ਕ੍ਰਿ:-ਨੁਕਸਾਨ ਦਾ ਬਦਲਾ ਦੇਣਾ ॥

**ਹਰਟ** / **ਹਰ੍ਹਟ** } ਪੁ:-ਵੱਗਣ ਵਾਲਾ ਖੂਹ ਜਿਸ ਵਿੱਚੋਂ ਟਿੰਡਾਂ ਨਾਲ ਪਾਣੀ ਕੱਢਦੇ ਹਨ, ਹਲਟ ॥

**ਹਰਤਾਲ,** ਸ:-ਇੱਕ ਪੀਲੇ ਰੰਗ ਦੀ ਧਾਤ ਵਰਗੀ ਚੀਜ਼, ਗ਼ਮ ਜਾਂ ਗੁੱਸੇ ਕਰਕੇ ਬਜ਼ਾਰ ਦੀਆਂ ਹੱਟੀਆਂ ਬੰਦ ਹੋ ਜਾਣੀਆਂ ॥

**ਹਰਦਲ,** ਸ:-ਹਲਦੀ, ਹਲਦਰ ॥

**ਹਰਨ,** ਪੁ:-ਇੱਕ ਜਨੌਰ, ਮਿਰਗ ॥

**ਹਰਣ ਹੋ ਜਾਣਾ (ਹੋਣਾ),** ਕ੍ਰਿ:-ਭਜ ਜਾਣਾ, ਨੱਠ ਜਾਣਾ ॥

**ਹਰਨਾ,** ਕ੍ਰਿ:—ਲੈ ਜਾਣਾ, ਲੁੱਟਣਾ, ਲੁਟੀਣਾ, ਲੈ ਜਾਏ ਜਾਣਾ ॥

**ਹਰਨਾਲੀ,** ਸ:-ਕਮਜ਼ੋਰੀ ਕਰਕੇ ਜੋ ਅੱਖੀਂ ਅੱਗੇ ਅਨ੍ਹੇਰਾ ਆ ਜਾਂਦਾ ਹੈ, ਸਿਰ ਦਾ ਚਕਰਾਉਣਾ, ਵਾਹੀ ਕਰਨ ਮਗਰੋਂ ਹਲ ਨੂੰ ਜੋਗ ਦੇ ਗਲ ਨਾਲ ਬੰਨ੍ਹਣਾ ॥

**ਹਰਨੀ,** ਸ:-ਹਰਨ ਦੀ ਮਦੀਨ, ਹੱਦੋਂ ਕਦੀ ਤੁਰਨ ਫਿਰਨ ਵਾਲੀ ਤੀਵੀਂ ॥

**ਹਰਨੋਟਾ,** ਪੁ:-ਹਰਨ ਦਾ ਬੱਚਾ ॥

**ਹਰਫ਼,** ਪੁ:-ਅੱਖਰ, ਅਪਰਾਧ, ਦੋਸ਼ ॥

**ਹਰਫ਼ ਆਉਣਾ,** ਕ੍ਰਿ:-ਦੋਸ਼ ਲੱਗਣਾ ॥

**ਹਰਫ਼ ਦੇਣਾ,** ਕ੍ਰਿ:-ਸਿਖਾਉਣਾ, ਵਿੱਦਿਆ ਪੜ੍ਹਾਉਣਾ ॥

Digitized by Panjab Digital Library / www.panjabdigilib.org

**ਹਰਫ਼ ਲੈਣਾ,** ਕ੍ਰਿਃ-ਵਿਦਯਾ ਸਿੱਖਣੀ ॥

**ਹਰਫ਼ਾ,** ਪੁਃ-ਈਦੋਂ ਪਹਿਲਾ ਦਿਨ ॥

**ਹਰਬੇ ਜਰਬੇ,** ਕ੍ਰਿਃ, ਵਿਃ-ਹਰ ਗੱਲੇ ॥

**ਹਰਮ,** ਪੁਃ-ਮਹਿਲ, ਪਾਤਸ਼ਾਹ ਆਦਿਕ ਦੀ ਤ੍ਰੀਮਤ ॥

**ਹਰਮ ਸਰਾ,** ਸਃ—ਮਹਿਲ ਦਾ ਉਹ ਹਿੱਸਾ ਜਿੱਥੇ ਤ੍ਰੀਮਤਾਂ ਰਹਿਣ ॥

**ਹਰਮ ਜਦਗੀ,** ਸਃ-ਸ਼ਰਾਰਤ, ਬਦਮਾਸ਼ੀ ॥

**ਹਰਮਲ,** ਸਃ—ਇਕ ਬੂਟੀ ਜਿਸ ਦੇ ਬੀ ਧੁਖਾਉਂਦੇ ਹਨ ॥

**ਹਰਮਲ ਦੀ ਧੂਣੀ ਦੇਣੀ,** ਕ੍ਰਿਃ—ਰੋਗੀ ਦੇ ਪਾਸ ਹਰਮਲ ਧੁਖਾਉਣੀ ॥

**ਹਰ ਰੋਟਾ,** ਪੁਃ-ਹਰਨੋਟਾ, ਹਰਨ ਦਾ ਬੱਚਾ ॥

**ਹਰਵਣੀਆ**
**ਹਰਵਣੀਯਾ** } ਪੁਃ-ਹਾਰਣ ਵਾਲਾ ॥

**ਹਰਵਾਉਣਾ,** ਕ੍ਰਿਃ-ਹਾਰਨ ਦੇਣਾ ॥

**ਹਰਵਾਈ,** ਸਃ—ਹਰਾਉਣ ਦਾ ਕੰਮ ॥

**ਹਰਵਾਂਹ,** ਪੁਃ-ਇੱਕ ਤਰਾਂ ਦਾ ਅਨਾਜ, ਰੌਂਗ ॥

**ਹਰੜ,** ਸਃ-ਇੱਕ ਦੁਆ, ਹਰੀੜ, ਇੱਕ ਤਰਾਂ ਦੀ ਗੰਢ ॥

**ਹਰਾ,** ਵਿਃ-ਸਾਵਾ, ਸਬਜ਼, ਕੱਚਾ, ਵਸਦਾ ਰਸਦਾ ਸੁਖੀ ॥

**ਹਰਾ ਬਾਗ਼ ਵਖਾਉਣਾ,** ਕ੍ਰਿਃ-ਝੂਠੇ ਲਾਰੇ ਦੇਣਾ ॥

**ਹਰਾ ਭਰਾ,** ਵਿਃ—ਵਸਦਾ ਰਸਦਾ, ਸੁਖੀ, ਉਲਾਦ ਵਾਲਾ, ਹਰਿਆਉਲਾ ॥



**ਹਰਾਉਣ,** ਕ੍ਰਿਃ-ਕਿਸੇ ਨੂੰ ਹਾਰ ਦੇਣੀ, ਜਿੱਤਣਾ, ਹਾਰਨ ਦੇਣਾ ॥

**ਹਰਾਈ,** ਸਃ—ਹਾਰਨ ਦੇਣਾ, ਹਰਵਾਈ ॥

**ਹਰਾਸ,** ਪੁਃ-ਡਰ, ਖੌਫ, ਗ਼ਮ, ਬੇ ਉਮੈਦੀ ॥

**ਹਰਾਸ ਜਾਣਾ,** ਕ੍ਰਿਃ-'ਹਰਾਸਣਾ' ਵੇਖੋ ॥

**ਹਰਾਸਣਾ,** ਕ੍ਰਿਃ-ਡਰ ਜਾਣਾ, ਬੇ ਉਮੈਦ ਹੋਣਾ ॥

**ਹਰਾਸਿਆ,** ਵਿਃ-ਡਰਿਆ ਹੋਇਆ, ਬੇ ਉਮੈਦ ॥

**ਹਰਾਨ,** ਵਿਃ-ਘਾਬਰਿਆ ਹੋਇਆ, ਡਰਿਆ ਹੋਇਆ, ਹੱਕਾ ਬੱਕਾ, ਦੰਗ ॥

**ਹਰਾਨਗੀ**
**ਹਰਾਨੀ** } ਸਃ-ਅਚਰਜ, ਅਚੰਭਾ, ਘਬਰਾਟ ਮੁਸ਼ਕਲ ਔਕੜ ॥

**ਹਰਾਫ਼,** ਪੁਃ
**ਹਰਾਫ਼ਣੀ,** ਸਃ } ਵਿਃ-ਸਿਆਣਾ (ਣੀ), ਹੁਸ਼ਿਆਰ, ਮੌਜੀ । ਚੁਲਬੁਲੀ (ਚੁਲਬੁਲਣ) ॥

**ਹੱਰਾਫ਼ੀ,** ਸ-ਹੁਸਿਆਰੀ, ਚਲਾਕੀ, ਮੌਜ, ਚੁਹਲ ॥

**ਹਰਾਮ,** ਵਿਃ, ਪੁਃ-ਵਰਜਿਆ ਹੋਇਆ, ਅਯੋਗ, ਨਾ ਮੁਨਾਸਬ, ਬੁਰਾ ਕੰਮ । ਜ਼ਨਾਹ । ਬਿਭਚਾਰ ॥

**ਹਰਾਮ ਹਲਾਲ,** ਪੁਃ-ਗੰਦੀਆਂ ਗਾਲਾਂ ॥

**ਹਰਾਮ ਕਰਣਾ,** ਕ੍ਰਿਃ-ਬੁਰਾ ਕਰਨਾ, ਜ਼ਿਨਾਹ ਕਰਨਾ ॥

**ਹਰਾਮ ਕਾਰ,** ਪੁਃ-ਬੁਰਾ ਕਰਨ ਵਾਲਾ, ਜ਼ਨਾਹੀ ਬਿਭਚਾਰੀ ॥

**ਹਰਾਮ ਕਾਰੀ,** ਸਃ-ਬੁਰਾ ਕੰਮ, ਜ਼ਨਾਹ, ਬਿਭਚਾਰ ॥

**ਹਰਾਮ ਖਾਣਾ,** ਕ੍ਰਿਃ-ਪਾਪ ਦੀ ਕਮਾਈ ਖਾਣਾ ॥

**ਹਰਾਮ ਖੋਰ,** ਵਿਃ ਪੁਃ-ਪਾਪ ਦੀ ਕਮਾਈ, ਵੱਢੀ ਜਾਂ ਬੁਰੀ ਵਸਤ ਖਾਣ ਵਾਲਾ, ਸੁਸਤ, ਮੁਫ਼ਤ ਖੋਰਾ, ਅਕਿਰਤ ਘਣ ॥

Digitized by Panjab Digital Library / www.panjabdigilib.org

**ਹਰਾਮ ਖ਼ੋਰੀ,** ਸਃ–ਹਰਾਮ ਦੀ ਕਮਾਈ, ਵੱਢੀ ਬੇ ਇਮਾਨੀ, ਨਿਕੰਮੇ ਰਹਿਕੇ ਖਾਣਾ।

**ਹਰਾਮ ਜ਼ਦਗੀ**
**ਹਰਾਮ ਜ਼ਾਦਗੀ,** } ਸਃ–ਸ਼ਰਾਰਤ, ਬਦਮਾਸ਼ੀ॥

**ਹਰਾਮ ਜ਼ਾਦਾ, (ਜ਼ਾਦੀ),** ਵਿਃ–ਜੋ ਆਪਣੇ ਪਿਉ ਦੀ ਉਲਾਦ ਨਹੀਂ। ਸ਼ਰਾਰਤੀ, ਬਦਮਾਸ਼॥

**ਹਰਾਮ ਦਾ,**
**ਹਰਾਮ ਦਾ ਤੁਖ਼ਮ,**
**ਹਰਾਮ ਦਾ ਬੀ,** } ਵਿਃ–ਵੇਖੋ 'ਹਰਾਮ ਜ਼ਾਦਾ'॥

**ਹਰਾਮ ਦਾ ਮਾਲ,** ਪੁਃ–ਪਾਪ ਦੀ ਕਮਾਈ॥

**ਹਰਮਣਾ,** ਕ੍ਰਿਃ ਹਰਾਮ ਜਾਣਾ, ਐਵੇਂ ਜਾਣਾ, ਨਸ਼ਟ ਹੋ ਜਾਣਾ॥

**ਹਰਾਮੜ,** ਪੁਃ, ਸਃ,
**ਹਰਾਮੜ–ਸਃ**
**ਹਰਾਮੀ–ਪੁਃ** } ਹਰਾਮਜ਼ਾਦਾ, ਸ਼ਰਾਰਤੀ, ਬਦਮਾਸ਼, ਸੁਸਤ, ਮੁਫ਼ਤ ਖ਼ੋਰਾ।

**ਹਰਾਰਤ,** ਸਃ ਗਰਮੀ, ਤਾਉ, ਮਾੜੀ ਮਾੜੀ ਤਪ॥

**ਹਰਿਆ,** ਪੁਃ–ਸਬਜ਼ੀ, ਭਾਜੀ, ਵੱਢਕ ਸਾਗ, ਹਰਾ ਘਾਹ, ਤਰਾਉਤ॥
ਵਿਃ–ਸਾਵਾ, ਸਬਜ਼, ਹਰਾ, ਤਾਜ਼ਾ॥

**ਹਰਿਆ ਭਰਿਆ,** ਵਿਃ–ਸੁਖੀ, ਫਲਿਆ ਹੋਇਆ, ਅਬਾਦਾਨ, ਉਲਾਦ ਵਾਲਾ॥

**ਹਰਿਆਉਲ,** ਸਃ–ਸਬਜ਼ੀ, ਹਰਿਆਈ॥

**ਹਰਿਆਉਲਾ,** ਵਿਃ–ਸਾਵਾ, ਹਰਾ, ਸੱਜਰਾ, ਸੁਖੀ॥

**ਹਰਿਆਉ–** 'ਹਰਿਆਰ' ਵੇਖੋ॥

**ਹਰਿਆਈ,** ਸਃ–ਸਬਜ਼ੀ, ਹਰਿਆਉਲ॥



**ਹਰਿਆਹਣ**
**ਹਰਿਆਂਧ**
**ਹਰਿਆਂਨ੍ਹ** } ਸਃ–ਹਰਿਆਈ ਦੀ ਜਾਂ ਹਰੀਆਂ ਭਾਜੀਆਂ ਦੀ ਮੁਸ਼ਕ।

**ਹਰਿਆਰ**
**ਹਰਿਆਲ** } ਵਿਃ, ਪੁਃ, ਸਃ–ਚਰਦੇ ਚੁਗਦੇ ਡੰਗਰ, ਹਰਾ ਘਾਹ ਚੌਣਾ ਕਰਨਵਾਲਾ ਪਸ਼ੂ। ਜਿਸ ਮਨੁੱਖ ਦੇ ਭੇਡਾਂ ਵਾਛੀਆਂ ਹੋਣ॥

**ਹਰਿਆਲਾ,** ਵਿਃ–ਸਾਵਾ, ਹਰਾ, ਸੱਜਰਾ, ਸੁਖੀ॥

**ਹਰਿੰਡ,** ਪੁਃ–ਇੱਕ ਬੂਟਾ ਜਿਸ ਦੇ ਬੀਆਂ ਦਾ ਤੇਲ ਨਿਕਲਦਾ ਹੈ। ਉਸ ਦੇ ਪੀਣ ਨਾਲ ਜੁਲਾਬ ਲਗ ਜਾਂਦਾ ਹੈ॥

**ਹਰੀ,** ਪੁਃ–ਪਰਮੇਸ਼ਰ, ਭਗਵਾਨ, ਰਾਮ॥
ਸਃ, ਵਿਃ–ਸਾਵੀ, ਸਬਜ਼, ਸੱਜਰੀ॥
ਸਃ–ਫਸਲ ਪੱਕੀ ਤੇ ਜ਼ਿਮੀਂ ਦਾ ਜੋ ਮਸੂਲ ਲੈਂਦੇ ਉਸ ਦਾ ਕੁਝ ਹਿੱਸਾ, (ਹਰੀ ਲਾਉਣੀ ਲੈਣੀ)॥

**ਹਰੀ ਹਰ,** ਪੁਃ–ਪਰਮੇਸ਼ਰ ਦੇ ਨਾਉਂ ਦਾ ਜਾਪ॥

**ਹਰੀ ਹਰ ਕਰਣਾ,** ਕ੍ਰਿਃ–ਭੋਜਨ ਪਾਉਣ ਲਗਣਾ।

**ਹਰੀ ਭਰੀ,** ਵਿਃ–ਫਲੀ ਹੋਈ, ਸੁਖੀ, ਉਲਾਦ ਵਾਲੀ॥

**ਹਰੀਆ,** ਵਿਃ–ਸਾਵਾ, ਹਰਾ, ਸੱਜਰਾ॥ ਪੁਃ–ਤੋਤਾ॥

**ਹਰੀਸ,** ਵਿਃ–ਲੋਭੀ, ਲਾਲਚੀ, ਹਿਰਸ ਕਰਨ ਵਾਲਾ॥

**ਹਰੀਰ**
**ਹਰੀੜ** } ਸਃ–ਹਰੜ॥

**ਹਰੀਰਾ,** ਪੁਃ–ਖ਼ੁਰਾਕ, ਮਲੀਦਾ, ਲਾਪਸੀ॥

**ਹਰੀਰੀ,** ਸਃ–ਰੇਸ਼ਮ ਜਾਂ ਕਸ ਦਾ ਬਣਿਆ ਹੋਇਆ ਪਤਲਾ ਕਾਗਤ॥

Digitized by Panjab Digital Library / www.panjabdigilib.org

**ਹਰੇਕ,** ਪੜ:–ਹਰ ਕੋਈ, ਸਭ ਜਣੇ, ਹਰ ਮਨੁੱਖ॥

**ਹਲ,** ਪੁ:–ਲੱਕੜੀ ਦਾ ਇੱਕ ਸੰਦ ਜਿਸ ਨਾਲ ਜਿਮੀ ਵਾਹੁੰਦੇ ਹਨ॥

**ਹਲ ਜੋਣਾ,** ਕ੍ਰਿ:–ਵਾਹੀ ਕਰਨੀ॥

**ਹਲਵਾਹ (ਹਾ),** ਪੁ:–ਵਾਹੀ ਕਰਨ ਵਾਲਾ ਕਿਰਸਾਨ ਜਿਮੀਦਾਰ॥

**ਹਲ ਵਾਹੀ,** ਸ: ਜਿਮੀ ਉੱਤੇ ਹਲ ਚਲਾਉਣ ਦਾ ਕੰਮ, ਖੇਤੀ॥

**ਹਲ ਵਾਹੁਣਾ;** ਕ੍ਰਿ:–ਹਲ ਜੋਣਾ, ਵਾਹੀ ਕਰਨੀ, ਜਿਮੀ ਤੇ ਹਲ ਚਲਾਉਣਾ॥

**ਹੱਲ,** ਸ:–ਹਰਕਤ, ਹਿੱਲ ਜੁੱਲ, ਖੇਚਲ, ਮੁਸੀਬਤ, ਬਿਮਾਰੀ, ਇਕ ਤਰਾਂ ਦਾ ਹਲ, ਹਲਸ, ਘੁਲਣ, ਪੀਹਣ ਅਤੇ ਰਗੜਨ ਦਾ ਕੰਮ॥

**ਹਲ ਹੋਣਾ,** ਕ੍ਰਿ:–ਘੁਲ ਜਾਣ, ਔਖੀ ਗੱਲ ਦਾ ਬੁੱਝਿਆ ਜਾਣਾ, ਔਖ ਦੂਰ ਹੋਣਾ॥

**ਹੱਲ ਦੇਣਾ,** ਕ੍ਰਿ:–ਔਖੇ ਹੋਣਾ, ਮਾੜੇ ਪੈਣਾ।

**ਹੱਲ ਕਰਨਾ,** ਕ੍ਰਿ:–ਘੋਲਣਾ, ਪੀਹਣਾ॥

**ਹਲਸ,** ਸ:–ਹਲ ਦੀ ਲੰਮੀ ਲੱਕੜ॥

**ਹਲਹਲਾਟ,** ਸ:–ਹਿੱਲ ਜੁੱਲ, ਹਰਕਤ॥

**ਹਲਕ,** ਪੁ:–ਗਲ, ਸੰਘ। ਇੱਕ ਰੋਗ ਜੋ ਪਾਗਲ ਕੁੱਤੇ ਦੇ ਵੱਢਣ ਨਾਲ ਹੋ ਜਾਂਦਾ ਹੈ ਅਤੇ ਜਿਸ ਦੇ ਹੋਣ ਤੇ ਪਾਣੀ ਕੋਲੋਂ ਡਰ ਆਉਂਦਾ ਹੈ।

(ਹਲਕ ਹੋਣਾ, ਕੁੱਦਣਾ, ਚੜ੍ਹਨਾ)।

**ਹਲਕਣਾ,** ਕ੍ਰਿ:–ਹਲਕ ਕੁੱਦਣਾ, ਹੋਣਾ ਜਾਂ ਚੜ੍ਹਨਾ॥

**ਹਲਕਾ**
**ਹਲਕਾਹ** } ਪੁ:–ਮੁਲਖ ਦਾ ਇੱਕ ਹਿੱਸਾ, ਮੰਡਲ, ਪਟਵਾਰੀ ਆਦਿਕਾਂ ਦਾ ਇਲਾਕਾ॥

**ਹਲਕਾ,** ਪੁ:
**ਹਲਕੀ,** ਸ: } ਵਿ:–ਹੌਲਾ, ਥੋੜ ਭਾਰ ਵਾਲਾ ਦਾਮਬੀ, ਤੁੱਛ, ਨਕਾਰਾ, ਗਰੀਬ ਜੋ ਧਰਤੀ, ਹਰਿਆਵਲੀ ਨਹੀਂ ਨੀਵਾਂ, ਸਸਤਾ, ਨੀਚ ਹਲਕਾਇਆ ਭੀ ਵੇਖੋ॥

**ਹਲਕਾ ਹੋਣਾ,** ਕ੍ਰਿ:–ਘਟ ਜਾਣਾ, ਜੁੰਮੇ ਵਾਰੀ ਨਾ ਰਹਿਣੀ, ਅਧੀਨ ਹੋਣਾ॥

**ਹਲਕਾ ਕਰਨਾ,** ਕ੍ਰਿ:–ਭਾਰ ਥੋੜ੍ਹਾ ਕਰਨਾ, ਘਟਾਉਣਾ, ਸ਼ਰਮਿੰਦਾ ਕਰਨਾ, ਪਤ ਲਾਹੁਣੀ॥

**ਹਲਕਾ ਪਣ (ਪੁਣਾ);** ਪੁ:–ਨੀਚਤਾ, ਹੋਛਪੁਣਾ॥

**ਹਲਕਾ ਫੁਲਕਾ,** ਵਿ:–ਬਹੁਤ ਹਲਕਾ।

**ਹਲਕੀ ਖੁਰਾਕ,** ਸ:–ਛੇਤੀ ਪਚ ਜਾਣ ਵਾਲੀ ਖੁਰਾਕ॥

**ਹਲਕਾਇਆ**
**ਹਲਕਾਈ**
**ਹਲਕ੍ਰਿਆ** } ਵਿ:–ਜਿਸਨੂੰ ਹਲਕ ਦਾ ਰੋਗ ਹੋਵੇ (ਵੇਖੋ "ਹਲਕ" ॥)

**ਹਲਕਾਰਾ,** ਪੁ:–ਡਾਕ ਪੁਚਾਉਣ ਵਾਲਾ, ਖਬਰ ਦੇਣ ਵਾਲਾ।

**ਹਲਕ੍ਰੀ,** ਸ:–ਵੇਖੋ 'ਹਲਕਾ'॥

**ਹਲੰਘ,** ਸ:–ਸਾਰਸ ਵਰਗਾ ਇੱਕ ਜਨੌਰ॥

**ਹਲੰਘ ਜਿਹਾ,** ਪੁ:–ਲੰਮਾ ਅਤੇ ਕੋਝਾ ਮਨੁੱਖ।

**ਹਲ ਚਲ**
**ਹਲ ਚਲਾ** } ਸ:–ਰੌਲਾ ਰੌਲਾ, ਘਬਰਾ, ਗੜ ਬੜ ਗਾਜ ਰੌਲਾ (ਪੈਣੀ)॥

**ਹਲਟ,** ਪੁ:–ਹਰਟ, ਵਗਦਾ ਖੂਹ ਟਿੰਡਾਂ ਵਾਲਾ, ਠਹਿਰਾਉ, ਚਲਦੀ ਚੀਜ਼ ਦਾ ਅਟਕਾਉ॥
ਕ੍ਰਿ:–ਠਹਿਰ ਜਾਓ॥

Digitized by Panjab Digital Library / www.panjabdigilib.org

**ਹਲਟ ਹੁਕਮ ਸਲੇਟ,** ਵਿਸਮਯਃ–ਠਹਿਰੋ ! ਕੌਣ ਅਜੇਹੇ ਕੁਵੇਲੇ ਪਿਆ ਆਉਂਦਾ ਹੈ ।

**ਹਲਟ ਹੁਕਮ ਦਰ,** ਵਿਸਮਯਃ–ਠਹਿਰੋ ! ਕੌਣ ਆਉਂਦਾ ਹੈ ?

**ਹੱਲਣਾ,** ਕ੍ਰਿਃ–ਹਿੱਲਣਾ, ਹਰਕਤ ਕਰਨਾ ॥

**ਹਲਤ ਪਲਤ,** ਸਃ–ਇਹ ਲੋਕ ਅਤੇ ਪਰਲੋਕ॥

**ਹਲਦਰ (ਦੀ)**
**ਹਲਧਰ (ਧੀ),** } ਸਃ—ਪੀਲੀਆਂ ਜੇਹੀਆਂ ਗੰਢੀਆਂ ਜਿਨ੍ਹਾਂ ਨੂੰ ਪੀਹ ਕੇ ਸਲੂਣੇ ਵਿੱਚ ਰੰਗ ਚਾੜ੍ਹਨ ਲਈ ਪਾਉਂਦੇ ਹਨ, ਵਸਾਰ ॥ (ਚੂਹੇ ਨੂੰ ਹਲਦੀ ਦੀ ਗੰਢੀ ਲੱਭੀ ਪਸਾਰੀ ਬਣ ਬੈਠਾ )॥

**ਹਲਦੀਆ**
**ਹਲਧੀਆ** } ਵਿਃ—ਹਲਦੀ ਦੇ ਰੰਗ ਦਾ ॥

ਪੁਃ—ਹਲਦੀ ਵਰਗੀ ਇੱਕ ਜੜ੍ਹ ਜਿਸ ਵਿਚ ਜ਼ਹਿਰ ਹੁੰਦੀ ਹੈ ॥

**ਹਲਵਾ,** ਪੁਃ—ਸੂਜੀ ਘਿਉ ਖੰਡ ਦੀ ਬਣੀ ਹੋਈ ਮਠਿਆਈ, ਕੜਾਹ, ਕੁਲਕਾ ॥

**ਹਲਵਾ ਕੱਦੂ,** ਪੁਃ—ਗੋਲ ਕੱਦੂ, ਕਾਸੀ ਫਲ ॥

**ਹਲਵਾਇਣ,** ਸਃ–ਹਲਵਾਈ ਦੀ ਤੀਵੀਂ ॥

**ਹਲਵਾਈ,** ਪੁਃ–ਮਠਿਆਈ ਜਾਂ ਦੁਧ ਦਹੀਂ ਵੇਚਣ ਵਾਲਾ ਆਦਮੀ ॥

**ਹਲਵਾਨ,** ਪੁਃ–ਇੱਕ ਤਰਾਂ ਦਾ ਕੱਪੜਾ, ਰੰਗ ਬਰੰਗਾ ਸੂਤ, ਬੱਕਰੀ ਜਾਂ ਭੇਡ ਦਾ ਬੱਚਾ ॥

**ਹਲਵਾਨੀ,** ਵਿਃ–ਹਲਵਾਨ ਦੇ ਰੰਗ ਦਾ ॥

**ਹਲਾ,** ਅਵਃ—ਹੱਛਾ ! ਆਹੋ !



**ਹੱਲਾ,** ਪੁਃ–ਹਮਲਾ, ਚੜ੍ਹਾਈ, ਕਿਸੇ ਉੱਤੇ ਜਾ ਪੈਣਾ।

ਅਵਃ–ਹਲਾ, ਹੱਛਾ, ਆਹੋ ! ਸਚ ਮੁਚ !

**ਹੱਲਾ ਸ਼ੇਰੀ,** ਸਃ–ਹੌਸਲਾ, ਦਿਲ ਵਧਾਉਣਾ॥

**ਹਲਾਉਣਾ,** ਕ੍ਰਿਃ–ਹਲੂਣੇ ਦੇਣੇ, ਝੂਠਣਾ, ਹਰਕਤ ਦੇਣੀ ।

**ਹਲਾਹਲ,** ਸਃ–ਬੜੀ ਤੇਜ਼ੀ ਜ਼ਹਿਰ ॥

**ਹਲਾਕ,** ਵਿਃ–ਮਾਰਿਆ ਹੋਇਆ, ਮੁਰਦਾ ॥

**ਹਲਾਕ ਕਰਨਾ,** ਕ੍ਰਿਃ—ਜਾਨੋਂ ਮਾਰਨਾ ॥

**ਹਲਾਕ ਖੋਰ,** ਪੁਃ—ਹਲਾਲ ਖੋਰ, ਚੂਹੜਾ ॥

**ਹਲਾਲ,** ਵਿਃ–ਧਰਮ ਅਨੁਸਾਰ, ਉਹ ਪਸ਼ੂ ਜਿਸ ਦਾ ਖਾਣਾ ਮੁਹੰਮਦ ਸਾਹਬ ਦੀ ਸ਼ਰਾ ਮੂਜਬ ਹੈ, ਧਰਮ ਦੀ ਕਮਾਈ ॥

**ਹਲਾਲ ਕਰਕੇ ਖਾਣਾ,** ਕ੍ਰਿਃ, ਜਿਸ ਕੰਮ ਦੀ ਮਜੂਰੀ ਮਿਲਦੀ ਹੈ ਉਹ ਦਿਲ ਦੇ ਕੇ ਕਰਨਾ ॥

**ਹਲਾਲ ਕਰਨਾ,** ਕ੍ਰਿਃ–ਮੁਸਲਮਾਨਾਂ ਦੇ ਮਤ ਅਨੁਸਾਰ ਜਨੌਰ ਨੂੰ ਖਾਣ ਵਾਸਤੇ ਮਾਰਨਾ, ਧਰਮ ਅਨੁਸਾਰ ਬਣਾਣਾ, ਬਹੁਤ ਮਾਰਨਾ, ਕੁੱਟਣਾ ॥

**ਹਲਾਲ ਖ਼ੋਰ** ਪੁਃ
**ਹਲਾਲ ਖ਼ੋਰਨੀ** ਸਃ } ਧਰਮ ਦੀ ਕਮਾਈ ਖਾਣ ਵਾਲਾ, (ਲੀ) ਚੂਹੜਾ, ਚੂਹੜੀ ॥

**ਹਲਾਲ ਖੋਰੀ,** ਸਃ –ਧਰਮ ਦੀ ਕਮਾਈ ਖਾਣਾ, ਚੂਹੜੇ ਦਾ ਕੰਮ ॥

**ਹਲਾਲ ਦਾ,** ਵਿਃ—ਧਰਮ ਅਨੁਸਾਰ, ਸੱਚਾ, ਪਵਿਤ੍ਰ ॥

Digitized by Panjab Digital Library | www.panjabdigilib.org

**ਹਲਾਲੀ,** ਸ਼ਃ–ਹਲਾਲ ਕੀਤੇ ਹੋਏ ਜਨੌਰ ਦਾ ਗਲ ਜਿਗਰ ਸਮੇਤ ਜੋ ਹਲਾਲ ਕਰਨ ਵਾਲੇ ਕਸਾਈ ਜਾਂ ਮੁੱਲਾਂ ਨੂੰ ਮਿਲਦਾ ਹੈ ॥

**ਹਲਾਲੀ ਹਰਾਮੀ,** ਪੁਃ–ਚੋਰ, ਲੁਟੇਰਾ ॥

**ਹਲੀਮ,** ਵਿਃ–ਅਧੀਨ, ਧੀਰਜ ਵਾਲਾ, ਗਰੀਬ ॥

**ਹਲੀਮੀ,** ਸ਼ਃ–ਅਧੀਨਗੀ, ਧੀਰਜ, ਗਰੀਬੀ ॥

**ਹਲੀਰਾ,** ਪੁਃ–ਖੁਰਾਕ, ਮਲੀਦਾ। ਹਲ ॥

**ਹਲੀਰੀ,** ਸਃ—ਨਿੱਕਾ ਜਿਹਾ ਹਲ ॥

**ਹਲੁਆਇਣ,** ਸਃ–'ਹਲਵਾਇਣ' ਵੇਖੋ ॥

**ਹਲੁਆਈ,** ਪੁਃ–'ਹਲਵਾਈ' ਵੇਖੋ ॥

**ਹਲੂਆ,** ਪੁਃ–'ਹਲਵਾ' ਵੇਖੋ ॥

**ਹਲੂਣਾ,** ਪੁਃ–( ਫਲ ਵਾਲੇ ਬ੍ਰਿਖ ਆਦਿਕ ਨੂੰ ) ਹਲਾਉਣਾ, ਝੂਣਾ ਦੇਣਾ ॥

**ਹਲੂਣਨਾ,** ਕ੍ਰਿਃ –ਹਲੂਣਾ ਦੇਣਾ, ਹਲਾਉਣਾ ॥

**ਹਵਨ,** ਪੁਃ–'ਹੋਮ' ਵੇਖ ॥

**ਹਵਾ,** ਸਃ–ਵਾਉ, ਪੌਣ ॥

**ਹਵਾਦਾਰ,** ਵਿਃ–ਜਿੱਥੇ ਹਵਾ ਆਉਂਦੀ ਹੋਵੇ ॥

**ਹੱਵਾ,** ਸਃ–ਸਭ ਤੋਂ ਪਹਿਲੀ ਤ੍ਰੀਮਤ, ਆਦਮ ਦੀ ਵਹੁਟੀ ।

**ਅੰਮਾ ਹੱਵਾ, ਮਾਈ ਹੱਵਾ,** ਸਃ–ਹੱਵਾ ( ਜੋ ਸਭ ਮਨੁੱਖਾਂ ਦੀ ਮਾਂ ਹੈ, ਬੁਢੀ ਮਾਈ, ਵਾਰਾਂ ॥

**ਹਵਾਈ,** ਸਃ–ਇੱਕ ਤਰਾਂ ਦੀ ਅਸਤ ਬਾਜੀ ਜੋ ਉੱਡ ਕੇ ਅਗਾਸ ਨੂੰ ਚੜ੍ਹ ਜਾਂਦੀ ਹੈ (ਛੁੱਟਣਾ) ॥

ਵਿਃ–ਐਵੇਂ ਕਿਵੇਂ, ਛੋਹ ਵਾਲੀ (ਬਿਮਾਰੀ) ॥

**ਹਵਾਈ ਜਹਾਜ,** ਪੁਃ—ਉੱਡਣ ਵਾਲਾ ਜਹਾਜ ॥

**ਹਵਾਈ ਬੰਦੂਕ,** ਸਃ—ਬਰੂਤ ਦੇ ਬਿਨਾ ਚੱਲਣ ਵਾਲੀ ਬੰਦੂਕ ॥

**ਹਵਾਈਆਂ ਉੱਡਣੀਆਂ,** ਕ੍ਰਿਃ–ਡਰ ਦੇ ਮਾਰੇ ਚਿਹਰੇ ਦਾ ਰੰਗ ਪੀਲਾ ਪੈ ਜਾਣਾ ॥

**ਹਵਾਸ,** ਪੁਃ–ਇੰਦ੍ਰੀਆਂ, ਨੱਕ, ਅੱਖ, ਕੰਨ ਆਦਿਕ, ਸੁਰਤ, ਹੋਸ਼ ॥

**ਹਵਾਸ ਗੁੰਮ ਹੋਣੇ,** ਕ੍ਰਿਃ–ਸੁਰਤ ਮਾਰੀ ਜਾਣੀ ॥

**ਹਵਾੜ,** ਸਃ—ਤੱਤੀ ਵਾਉ ਭਾਫ, ਗਰਮ ਸਾਹ ॥

**ਮਨ ਦੀ ਹਵਾੜ ਕੱਢਣੀ,** ਕ੍ਰਿਃ–ਦਿਲ ਦੇ ਦੁਖੜੇ ਲੋਕਾਂ ਨੂੰ ਦੱਸਣੇ, ਵਿਰਲਾਪ ਕਰਨਾ ॥

**ਹਵਾਂਕਣੀ, ਹਵਾਂਗਣਾ (ਣੀ),** ਕ੍ਰਿਃ -ਗਿੱਦੜ ਦਾ ਬੋਲਣਾ ॥

**ਹਵਾਣ,** ਪੁਃ—ਹਾਣ, ਆਪਣੀ ਉਮਰ ਦਾ ॥

**ਹਵਾਣੀ,** ਸਃ—ਹਾਣ, ਆਪਣੀ ਉਮਰ ਦੀ ॥

**ਹਵਾਨ,** ਪੁਃ–ਪਸ਼ੂ, ਜਨੌਰ, ਡੰਗਰ, ਮੂਰਖ, ਅਹਿਮਕ ॥

**ਹਵਾਨਾ,** ਪੁਃ–ਗਊ ਦਾ ਬਲ ॥

**ਹਵਾਨੀ,** ਵਿਃ–ਪਸ਼ੂਆਂ ਦਾ ਕੰਮ ॥

**ਹਵਾਰਾ,** ਪੁਃ–ਧੁੱਪ ਜਾਂ ਵਾਉ ਤੋਂ ਬਚਣ ਲਈ ਜੋ ਥੋੜੇ ਚਿਰ ਵਾਸਤੇ ਛੱਪਰ ਪਾਇਆ ਜਾਵੇ ॥

**ਹਵਾਲ,** ਪੁਃ–ਹਾਲ, ਹਾਲਤ, ਦਸ਼ਾ, ਖਬਰ ਸਾਰ ॥

**ਹਵਾਲਦਾਰ,** ਪੁਃ–'ਹੌਲ ਦਾਰ' ਵੇਖੋ ॥

**ਹਵਾਲ ਦਾਰੀ,** ਸਃ–ਹੌਲਦਾਰ ਦਾ ਹੁੱਦਾ ॥

**ਹਾਲ ਹਵਾਲ,** ਪੁਃ–ਖਬਰ ਸੁਰਤ, ਵਿਰਤਾਂਤ ਸਮਾਚਾਰ (ਦੱਸਣਾ, ਪੁਛਣਾ) ॥

Digitized by Panjab Digital Library | www.panjabdigilib.org

**ਹਵਾਲਾ, ਹਵਾਲੇ,** ਪੁ:—ਸਪੁਰਦਗੀ, ਸੌਂਪਣੀ, ਰਾਖੀ ॥ (ਹਵਾਲੇ ਕਰਨਾ) ਪਤਾ, ਪਰਮਾਣ (ਹਵਾਲਾ ਦੇਣਾ)

**ਹਵਾਲਾਤ,** ਸ:—ਉਹ ਥਾਂ ਜਿੱਥੇ ਅਪਰਾਧੀ ਮੁਕੱਦਮੇ ਦੇ ਦਿਨਾਂ ਵਿੱਚ ਬੰਦ ਕਰਕੇ ਰੱਖੇ ਜਾਂਦੇ ਹਨ। (ਹਵਾਲਾਤ ਵਿਚ ਕਰਨਾ, ਦੇਣਾ, ਰੱਖਣਾ) ॥

**ਹਵਾੜ,** ਸ:—'ਹਵਾੜ੍ਹ' ਵੇਖੋ ॥

**ਹਵੇਲੀ,** ਸ:—ਵੱਡਾ ਸਾਰਾ ਘਰ, ਮਹਿਲ, ਮਾੜੀ ॥

**ਹੜ੍ਹ,** ਪੁ:—ਨਦੀ ਵਿੱਚ ਚੜ੍ਹਿਆ ਹੋਇਆ ਪਾਣੀ ॥

**ਹੜ੍ਹਨਾ,** ਕ੍ਰਿ:—ਹੜ੍ਹ ਨਾਲ ਰੁੜ੍ਹ ਜਾਣਾ ॥

**ਹੜ੍ਹਿਆ ਹੋਇਆ,** ਵਿ:—ਬੇ ਪਰਵਾਹ, ਅਵਾਰਾ, ਮਜਾਜੋ ॥

**ਹੜਤਾਲ,** ਸ:—'ਹਰਤਾਲ' ਵੇਖੋ ॥

**ਹੜੱਪ,** ਸ:—ਲਾਲਚ ਕਰਕੇ ਬਹੁਤ ਖਾਣਾਂ, ਨਿਗਲਣਾ ॥

**ਹੜੱਪ ਕਰਨਾ,** ਕ੍ਰਿ:—ਨਿਗਲ ਜਾਣਾ, ਪਰਾਇਆ ਮਾਲ ਖਾ ਜਾਣਾ ॥

**ਹੜੱਪਾ,** ਪੁ:—ਜ਼ੋਰ ਨਾਲ ਉਛਲਣ ਵਾਲਾ ॥

**ਹੜਬ (ਬਹੁ: ਬ: ਹੜਬਾਂ),** ਸ:—ਜਬਾੜ੍ਹੇ ਦੀ ਹੱਡੀ ॥

**ਹੜਬਾਂ ਦਾ ਛੇੜ,** ਪੁ:—ਨਕਾਰੀਆਂ ਗੱਲਾਂ ਦਾ ਝਗੜਾ ॥

**ਹੜਬਾਂ ਨਿਕਲ ਆਉਣੀਆਂ,** ਕ੍ਰਿ:—ਲਿੱਸਾ ਹੋਣ ਕਰਕੇ ਹੱਡੀਆਂ ਨਿਕਲ ਆਉਣੀਆਂ ॥

**ਹੜਬੜਾਉਣਾ,** ਕ੍ਰਿ:—ਡਰ ਜਾਣਾ, ਘਾਬਰ ਜਾਣਾ ॥

**ਹੜਬੜੀ,** ਸ:—ਹਲਚਲ, ਡਰ, ਘਬਰਾ ॥

**ਹੜਾਉਣਾ,** ਕ੍ਰਿ:—ਜੋਖਣਾ, ਅਕੜਾਉਣਾ ॥

**ਹੜ੍ਹਾਉਣਾ,** ਕ੍ਰਿ:—ਰੁੜ੍ਹਾਉਣਾ, ਰੁੜ੍ਹਨ ਦੇਣਾ (ਹੜ੍ਹ ਨਾਲ) ॥

**ਹੜ੍ਹਾਊ,** ਵਿ:—ਹੜ੍ਹਨ ਵਾਲਾ, ਰੁੜ੍ਹਨ ਵਾਲਾ ॥

**ਹੜੱਤ,** ਪੁ:—ਕਿਸੇ ਦੀ ਵਹੁਟੀ ਦਾ ਪਹਿਲੇ ਖੌਂਦ ਤੋਂ ਪੁਤ੍ਰ ॥

**ਹੜ੍ਹੋਟਾ,** ਪੁ:—ਛੋਟਾ ਜਿਹਾ ਹੜ੍ਹ, ਹਾੜ੍ਹੀ ਦੀ ਫਸਲ ਵਿਚ ਆਣੇ ਵਿਚੋਂ ਨਿਕਲਿਆ ਹੋਇਆ ਪੰਛੀ ਦਾ ਬੱਚਾ ॥

**ਹਾ,** ਅਵ:—ਨਾਂਹ, ਬਿਲਕੁਲ ਨਹੀਂ ॥

**ਹਾਹਾ,** ਅਵ:—ਹਾਇ! ਅਫ਼ਸੋਸ! ਕਿਹਾ ਅਚੰਰਜ ਹੈ ॥

**ਹਾਂ,** ਅਵ:—ਆਹੋ, ਹੱਛਾ, ਭਲਾ, ਸਚ ਮੁਚ, ਠੀਕ, ਕ੍ਰਿ:—'ਹੋਣਾ' ਧਾਤੂ ਦਾ ਵਰਤਮਾਨ ਕਾਲ ਵਿੱਚ ਉੱਤਮ ਪੁਰਖ ਇਕ ਵਚਨ ॥

**ਹਾਂ ਵਿੱਚ ਹਾਂ ਮਿਲਾਉਣੀ,** ਕ੍ਰਿ:—ਜੋ ਗੱਲ ਦੂਜਾ ਕਹੇ ਉਹੀ ਆਪ ਕਹਿਣੀ ॥

**ਹਾਇ,** ਸ:—ਵਿਰਲਾਪ, ਹਾਉਕਾ, ਅਫ਼ਸੋਸ ਜਾਂ ਪੀੜ ਦੀ ਅਵਾਜ ॥

ਅਵ:—ਅਫ਼ਸੋਸ! ਕਿਹਾ ਦੁਖ ਹੈ ॥

**ਹਾਇ ਹਾਇ,** ਅਵ:—ਅਫ਼ਸੋਸ, ਪੀੜ ਦੀ ਅਵਾਜ, ਤ੍ਰੀਮਤਾਂ ਪਿਟਦੀਆਂ ਵਿਚ ਬੋਲਦੀਆਂ ਹਨ ॥

**ਹਾਇ ਰੱਬਾ!** ਵਿਸਮਕ:—ਦੁਖ ਦੇ ਵੇਲੇ ਰੱਬ ਨੂੰ ਯਾਦ ਕਰਨ ਦਾ ਵਚਨ ॥

Digitized by Panjab Digital Library | www.panjabdigilib.org

**ਹਾਇਆ,** ਪੁ:-ਇੱਕ ਕੀਰਨਾ, ਹਾਇ, ਹਾਇ ਹਾਇ ॥

**ਹਾਇੰ ਸਿਆਰਾ,** ਵਿ:-'ਹੈਂਸਿਆਰਾ' ਵੇਖੋ ॥

**ਹਾਏ,** ਅਵ:-ਹਾਇ, ਹਾਇਆ ॥
ਸ:-ਹਾਹੁਕਾ ॥

**ਹਾਸਮਾਂ (ਵਾਂ),** ਵਿ:-ਕਈਆਂ ਛੱਤਾਂ ਵਾਲਾ (ਘਰ), ਜਿਹਾ ਕਿ ਦੁਹਾਸਮਾਂ ਘਰ ॥

**ਹਾਸਲ, ਹਾਂਸਲ,** ਸ:-ਪੈਦਾਵਾਰੀ, ਪ੍ਰਾਪਤ, ਮਾਲ, ਮਸੂਲ ॥ ਹਾਸਲ ਹੋਣਾ=ਹੱਥ ਆਉਣਾ। ਹਾਸਲ ਕਰਨਾ=ਲੈਣਾ ॥

**ਹਾਸਾ,** ਪੁ: **ਹਾਸੀ,** ਸ: **ਹਾਂਸੀ,** ਸ: — ਹੱਸਣ ਦਾ ਕੰਮ, ਠੱਠਾ ਮਖੌਲ, ਮੌਜੂ (ਰੋਗ ਦਾ ਮੂਲ ਖਾਂਸੀ, ਲੜਾਈ ਦਾ ਮੂਲ ਹਾਂਸੀ) ॥

**ਹਾਸ਼ੀਆ,** ਪੁ:-ਕੰਢਾ, ਕਿਨਾਰਾ (ਕਿਤਾਬ ਆਦਿਕ ਦਾ) ॥

**ਹਾਹਮੀ,** ਸ:—ਵੇਖੋ "ਹਾਮੀ" ॥

**ਹਾਹੜ,** ਪੁ:-ਹਿੰਦੂਆਂ ਦਾ ਚੌਥਾ ਮਹੀਨਾ, ਹਾੜ੍ਹ।

**ਹਾਹੜਾ,** ਪੁ:-ਬੇਨਤੀ, ਮਿਨਤਾਂ, ਤਰਲੇ ॥

**ਹਾਹੜੀ,** ਸ:-ਸਿਆਲ ਦੀ ਫਸਲ ॥

**ਹਾਹੜੇ,** ਪੁੰ:-'ਹਾਹੜਾ' ਵੇਖੋ ॥

ਅਵ:-ਕਿਰਪਾ ਕਰਕੇ, ਰੱਬ ਦੇ ਵਾਸਤੇ ॥

**ਹਾਹਾ,** ਪੁ:-ਗੁਰਮੁਖੀ ਪੈਂਤੀ ਦਾ ਪੰਜਵਾਂ ਅੱਖਰ-"ਹ" ॥

**ਹਾਹਾ! ਹਾਹਾ ਹੀਹੀ** ਅਵ:—ਹੱਸਣ ਦੀ ਅਵਾਜ। ਅਫਸੋਸ! ਹਾਇ ॥

**ਹਾਹਾ ਹੀਹੀ ਕਰਨੀ,** ਕ੍ਰਿ:—ਖਿੜ ਖਿੜ ਕਰਕੇ ਹੱਸਣਾ।

**ਹਾਹਾ ਕਾਰ,** ਸ:-ਰੋਣ ਪਿੱਟਣ ਦੀ ਅਵਾਜ ਬਿਰਲਾਪ, ਰੁਪਇਆਂ ਦੀ ਰਕਮ ਲਿਖਣ ਦਾ ਨਿਸ਼ਾਨ ॥

**ਹਾਹੁਕਾ,** ਪੁ:—ਹਉਕਾ, ਲੰਮਾ ਸਾਹ ॥

**ਹਾਕ,** ਸ:—ਹੱਕਲ, ਅਵਾਜ, ਸੱਦ ॥

**ਹਾਕ ਪੁਕਾਰ,** ਸ:—ਉੱਚੀ ਅਵਾਜ ਨਾਲ ਬੁਲਾਉਣਾ ॥

**ਹਾਕ ਮਾਰਨੀ,** ਕ੍ਰਿ:—ਜੋਰ ਨਾਲ ਸੱਦਣਾ ॥

**ਹਾਕਮ,** ਪੁ:-ਹਕੂਮਤ ਜਾਂ ਅਦਾਲਤ ਕਰਨ ਵਾਲਾ ਅਫਸਰ, ਮਾਲਕ ॥

**ਹਾਕਮ ਆਲਾ,** ਪੁ:—ਵਡਾ ਅਫਸਰ ॥

**ਵਕਤ ਦਾ ਹਾਕਮ,** ਪੁ:—ਜਿਸ ਦਾ ਰਾਜ ਇਸ ਸਮੇਂ ਹੈ ॥

**ਹਾਕਮਣੀ, ਹਾਕਮਾਣੀ, ਹਾਕਮਿਆਂਣੀ** ਸ:—ਹਾਕਮ ਦੀ ਤ੍ਰੀਮਤ, ਹਕੂਮਤ ਕਰਨ ਵਾਲੀ ॥

**ਹਾਕਮੀ,** ਸ:—ਹਕੂਮਤ, ਰਾਜ, ਅਖ਼ਤਿਆਰ ॥

**ਹਾਕਾਂ,** ਸ:—ਹਾਕ, ਹੱਕਲ, ਅਵਾਜ਼, ਸੱਦ ॥

**ਹਾਕੀ,** ਸ:—ਇੱਕ ਅੰਗ੍ਰੇਜ਼ੀ ਖੇਡ ਜੋ ਖੂੰਡੀਆਂ ਨਾਲ ਖੇਡਦੇ ਹਨ ॥

**ਹਾਜਣ,** ਸ:—ਜਿਸ ਬੀਵੀ ਨੇ ਹੱਜ ਕੀਤਾ ਹੋਵੇ ॥

**ਹਾਂਜਣ,** ਸ:—ਹਾਂਜੀ ਜਾਂ ਮਲਾਹ ਦੀ ਤ੍ਰੀਮਤ ॥

**ਹਾਜਤ,** ਸ:—ਜਰੂਰਤ, ਲੋੜ, ਚਾਹ, ਟੱਟੀ ਜਾਣ ਦੀ ਇੱਛਿਆ ॥

**ਹਾਜਤ ਮੰਦ (ਵਾਲਾ),** ਵਿ:—ਲੋੜ "ਵ

Digitized by Panjab Digital Library | www.panjabdigilib.org

**ਹਾਜਮਾ,** ਪੁਃ—ਅੰਨ ਪਚਾਉਣ ਦੀ ਸਮਰਥ ॥

**ਹਾਜ਼ਰ,** ਵਿਃ—ਮੌਜੂਦ, ਤਿਆਰ, ਆਇਆ ਹੋਇਆ (ਹੋਣ, ਕਰਨਾ, ਰਹਿਣਾ)।

**ਹਾਜ਼ਰ ਜ਼ਮਾਨਤ,** ਸਃ—ਕਿਸੇ ਮਨੁੱਖ ਨੂੰ ਅਦਾਲਤ ਵਿੱਚ ਹਾਜ਼ਰ ਕਰਨ ਦੀ ਜ਼ੁੰਮੇਵਾਰੀ ॥

**ਹਾਜ਼ਰ ਜ਼ਾਮਨ,** ਪੁਃ—ਜੋ ਮਨੁਖ ਕਿਸੇ ਨੂੰ ਅਦਾਲਤ ਵਿੱਚ ਹਾਜ਼ਰ ਕਰਨ ਦਾ ਜ਼ੁੰਮਾ ਲਏ ॥

**ਹਾਜ਼ਰ ਜ਼ਾਮਨੀ,** ਸਃ—'ਹਾਜ਼ਰ ਜ਼ਮਾਨਤ' ਵੇਖੋ ॥

**ਹਾਜ਼ਰ ਬੰਦੀ,** ਸਃ—ਕਿਸੇ ਦੇ ਹਦੀਨ ਅਤੇ ਆਗਿਆ ਵਿੱਚ ਰਹਿਣਾ ॥

**ਹਾਜ਼ਰ ਬਾਸ਼ੀ,** ਸਃ—ਬਰਾਬਰ ਮੌਜੂਦ ਰਹਿਣਾ ॥

**ਗ਼ੈਰ ਹਾਜ਼ਰ,** ਵਿਃ—ਜੋ ਹਾਜ਼ਰ ਨਹੀਂ ਹੈ ॥

**ਹਾਜ਼ਰਾ ਹਜ਼ੂਰ,** ਵਿਃ—ਸਾਮ੍ਹਣੇ ਮੌਜੂਦ, ਪਰਤੱਖ, ਸਾਮਰਤੱਕ ॥

**ਹਾਜ਼ਰੀ,** ਸਃ—ਹਾਜ਼ਰ ਰਹਿਣਾ, ਹਾਜ਼ਰ ਹੋਣ ਵਾਲਿਆਂ ਦੇ ਨਾਂਵਾਂ ਵਾਲੀ ਕਤਾਬ, ਸਾਹਬ ਲੋਕਾਂ ਦਾ ਸਵੇਰ ਦਾ ਖਾਣਾ, ਹਜ਼ਰਤ ਅੱਬਾਸ ਦੇ ਨਾਉਂ ਦੀ ਨਿਆਜ਼ ॥

**ਹਾਜ਼ਰੀ ਖਾਣੀ,** ਕ੍ਰਿਃ—ਸਵੇਰ ਦਾ ਖਾਣਾ ਖਾਣਾ ॥

**ਹਾਜ਼ਰੀ ਭਰਨੀ,** ਕ੍ਰਿਃ—ਆ ਮੌਜੂਦ ਹੋਣਾ ॥

**ਹਾਜ਼ਰੀ ਲੈਣੀ,** ਕ੍ਰਿਃ—ਨਾਉਂ ਬੋਲਕੇ ਪਤਾ ਲਾਉਣਾ ਕਿ ਕੌਣ ਕੌਣ ਹਾਜ਼ਰ ਹੈ ॥

**ਹਾਜ਼ਰੀ ਵਿੱਚ ਖੜੇ ਰਹਿਣਾ,** ਕ੍ਰਿਃ—ਸੇਵਾ ਕਰਨ ਲਈ ਬਰਾਬਰ ਮੌਜੂਦ ਰਹਿਣਾ ॥

**ਹਾਜੀ,** ਪੁਃ—ਹੱਜ ਕਰਨ ਵਾਲਾ ॥

**ਹਾਂਜੀ,** ਪੁਃ—ਮਲਾਹ ॥
ਕ੍ਰਿਃ, ਵਿ—ਹੱਛਾ। 'ਜੀ'।

**ਹਾਟਾ,** ਅਵਃ—ਜਿਹਾ, ਵਰਗਾ ॥

**ਹਾਠਾ,** ਵਿਃ—ਹਠ ਕਰਨ ਵਾਲਾ, ਜ਼ਿੱਦੀ ॥

**ਹਾਂਢ,** ਸਃ—ਘੁੰਮਣਾ, ਭੌਣਾ (ਹਾਂਢ ਪੈਣਾ) ॥

**ਹਾਂਢਾ, ਹਾਂਢੀ,** ਪੁਃ—ਭੌਣ, ਤੌਖਣ ਦਾ ਵਹਿਮ (ਕਰਨਾ) ॥

**ਹਾਣ,** ਪੁਃ—ਇੱਕੋ ਉਮਰ ਦੇ ਹੋਣਾ, ਆਪਣੀ ਉਮਰ ਦਾ ॥
ਸਃ—ਨੁਕਸਾਨ, ਘਾਟਾ, ਟੋਟਾ ॥

**ਹਾਣ ਕਾਣ, ਹਾਣ ਪਰਮਾਣ,** ਪੁਃ—ਬਰਾਬਰ ਉਮਰ ਦਾ ਹੋਣਾ ॥

**ਹਾਣ ਲਾਭ,** ਪੁਃ—ਵਾਧਾ ਘਾਟਾ, ਨਫ਼ਾ ਨੁਕਸਾਨ ॥

**ਹਾਣੀ,** ਵਿਃ—ਹਾਣ ਦਾ, ਇੱਕੋ ਉਮਰ ਦਾ।

**ਹਾਤਾ,** ਪੁਃ—ਘੇਰਾ, ਘੇਰੀ ਹੋਈ ਥਾਂ, ਅਲਾਕਾ ॥

**ਹਾਥ,** ਪੁਃ—ਹੱਥ, ਅੱਧੇ ਗਜ਼ ਦਾ ਮਾਪ, ਥਾਹ, ਤਾਹ, ਥੱਲਾ ॥

**ਹਾਥ ਆਉਣੀ,** ਕ੍ਰਿਃ—ਪਾਣੀ ਦੀ ਤਹਿ ਤੱਕ ਪਹੁੰਚਣਾ, ਧੀਰਜ ਹੋਣੀ ॥

**ਹਾਥੀ,** ਪੁਃ—ਇੱਕ ਸੁੰਡ ਵਾਲਾ ਬੜਾ ਵੱਡਾ ਜਨੌਰ ॥

**ਹਾਥੀ ਥਾਣ (ਵਾਣ),** ਪੁਃ—ਹਾਥੀਆਂ ਦਾ ਰਾਖਾ, ਮਹੌਤ ॥

**ਹਾਥੀ ਥਾਨਣੀ (ਵਾਨਣੀ),** ਸਃ—ਹਾਥੀਆਂ ਦੀ ਰਾਖੀ ਕਰਨ ਵਾਲੀ ਤੀਵੀਂ ॥

Digitized by Panjab Digital Library | www.panjabdigilib.org

ਹਾਨ, ਪੁ:-'ਹਾਣ' ਵੇਖੋ ॥

ਹਾਨਤ, ਸ:-ਨਿਰਾਦਰੀ, ਅਵੱਗਿਆ, ਬੇਇੱਜ਼ਤੀ ॥

ਹਾਨੀ, ਸ:-'ਹਾਣ' ਵੇਖੋ ॥

ਹਾਨੀ ਸਾਲ, ਕ੍ਰਿ:, ਵਿ:-ਓੜਕ ਨੂੰ, ਛੇਕੜ ॥

ਹਾਫ਼ਜ਼ ਪੁ:—ਜਿਸ ਨੇ ਕੁਰਾਨ ਕੰਠ ਕੀਤਾ ਹੋਵੇ, ਅੰਨ੍ਹਾ ਮੁਸਲਮਾਨ ॥

ਹਾਬੜ ਜਾਣਾ, ਹਾਬੜਨਾ } ਕ੍ਰਿ:-ਸਦਾ ਖਾਂਦੇ ਰਹਿਣਾ ਪਰ ਭੁੱਖ ਨਾ ਮਿਟਣੀ

ਹਾਬੜਾ, ਪੁ:-ਡਾਢੀ ਭੁੱਖ, ਤ੍ਰਿਸ਼ਨਾ, (ਪੇਟਾ) ॥

ਹਾਬੜਿਆ ਹੋਇਆ, ਵਿ:-ਜੋ ਕਦੇ ਨਾ ਰੱਜੇ ॥

ਹਾਮੀ, ਸ:-ਮਨਜ਼ੂਰੀ, ਖੁਸ਼ੀ, ਮਰਜ਼ੀ ।

ਹਾਮੀ ਭਰਣੀ, ਕ੍ਰਿ:-ਮੰਨ ਜਾਣਾ ॥

ਹਾਰ, ਪੁ:, ਸ:-ਮਾਲਾ, ਕੰਠੀ, ਲੜੀ । ਥਕਾਨ, ਅਧੀਨਗੀ, ਨੁਕਸਾਨ, ਹਾਨੀ । ਵਾਕਰ ( ਪ੍ਰੇ ਕਾਰ ), ਵਾਲਾ (ਹੋਣ ਹਾਰ, ਕਰਨ ਹਾਰ) ।

ਹਾਰ ਆਉਣੀ, ਕ੍ਰਿ:—ਹਾਰ ਜਾਣਾ, ਨੁਕਸਾਨ ਹੋਣਾ ॥

ਹਾਰ ਸ਼ਿੰਗਾਰ, ਪੁ:-ਸ਼ਿੰਗਾਰ, ਕਪੜੇ ਗਹਿਣੇ ਆਦਿਕ ॥

ਗਲ ਦਾ ਹਾਰ, ਪੁ:-'ਗਲ' ਵੇਖੋ ॥

ਹਾਰ ਜਾਣਾ (ਦੇਣੀ), ਕ੍ਰਿ:-ਹਾਰਨਾ ॥

ਹਾਰ ਜਿੱਤ (ਜੀਤ), ਸ:-ਘੱਟਾ ਵਾਧਾ, ਜੂਆ, ਖਤਰਾ, ਹਾਰਨਾ ਤੇ ਜਿੱਤਣਾ ॥

ਹਾਰ ਜੁਹਾਰ, ਸ:-ਜੂਏ ਜਾਂ ਬੁਖਾਰ ਵਿੱਚ ਧਨ ਦਾ ਵਾਧਾ ਘਾਟਾ, ਮਸਤੀ ਨਾਲ ਸਿਰ ਮਾਰਨਾ ॥



ਹਾਰ ਪਾਉਣਾ, ਕ੍ਰਿ:-ਗਲ ਵਿੱਚ ਹਾਰ ਘੱਤਣਾ (ਆਪਣੇ ਜਾਂ ਦੂਏ ਦੇ) ॥

ਹਾਰ ਮੰਨਣੀ, ਕ੍ਰਿ:-ਅਧੀਨ ਹੋ ਜਾਣਾ ॥

ਮਾਲ ਦੀ ਹਾਰ ਆਉਣੀ, ਕ੍ਰਿ:-ਪਸ਼ੂ ਮਰ ਜਾਣੇ ॥

ਹਾਰਨਾ, ਕ੍ਰਿ:-ਦੂਜੇ ਦੇ ਅਧੀਨ ਹੋ ਜਾਣਾ, ਭਾਂਜ ਖਾਣੀ, ਜੂਏ ਵਿਚ ਹੱਥੋਂ ਧਨ ਗੁਆਉਣਾ, ਕੰਮ ਨਾ ਬਣਨਾ, ਥਕ ਟੁੱਟ ਕੇ ਰਹਿ ਜਾਣਾ, ਬੁੱਢੇ ਅਤੇ ਕਮਜ਼ੋਰ ਹੋ ਜਾਣਾ, ਹਿੰਮਤ ਨਾ ਰਹਿਣੀ । (ਜਰ ਆਈ, ਜੋਬਨ ਹਾਰਿਆ)

ਹਾਰਨਿਆਣੀ, ਸ:—'ਹਾਰਨੀ' ਜਾਤ ਦੀ ਇਸਤ੍ਰੀ, ਦੂਸ਼ਣ ਅਤੇ ਆਪ ਹੁਦਰੀ ਤ੍ਰੀਮਤ ॥

ਹਾਰਨੀ, ਪੁ: ਇੱਕ ਨੀਚ ਜਾਤ ਜਿਸ ਦੇ ਮਨੁੱਖ ਚੋਰੀ ਚਕਾਰੀ ਕਰਨ ਕਰਕੇ ਬਦਨਾਮ ਹਨ ॥

ਹਾਰਮੋਨੀਅਮ, ਪੁ:-ਸੰਦੂਕੜੀ ਦੀ ਸ਼ਕਲ ਦਾ ਵਾਜਾ ॥

ਹਾਰਾ, ਅਵ:—ਵਾਲਾ (ਮਾਰਨ ਹਾਰਾ ਆਦਿਕ) ॥

ਹਾਰੂ, ਪੁ:—ਹਾਰਨ ਵਾਲਾ, ਜੋ ਹਰਾਇਆ ਜਾ ਸਕੇ ॥

ਹਾਲ, ਪੁ:-ਦਸ਼ਾ, ਖਬਰ, ਸਾਰ, ਬਿਆਨ, ਸਮਾਚਾਰ, ਇਸ ਵੇਲੇ, ਕਥਾ, ਕਹਾਣੀ, ਪਹੀਏ ਦਾ ਚੱਕਰ (ਲੋਹੇ ਦਾ), ਪ੍ਰੇਮ ਦੀ ਮਸਤੀ ਵਿੱਚ ਆ ਕੇ ਨੱਚਣਾ ਜਾਂ ਸਿਰ ਮਾਰਨਾ 'ਜੋਕੁਰ ਕਈ ਫ਼ਕੀਰ ਕਰਦੇ ਹਨ ॥ ਵੱਡਾ ਖੁੱਲ੍ਹਾ ਕਮਰਾ ॥

ਕ੍ਰਿ:, ਵਿ:—ਹੁਣ, ਇਸ ਵੇਲੇ ॥

ਹਾਲ ਆਉਣਾ (ਖੇਡਣਾ), ਕ੍ਰਿ:—ਮਸਤ ਹੋ ਜਾਣਾ । ਮਸਤੀ ਨਾਲ ਸਿਰ ਮਾਰਨਾ ॥

Digitized by Panjab Digital Library | www.panjabdigilib.org

**ਹਾਲ ਹਵਾਲ,** ਪੁ:—ਖਬਰ, ਸਾਰ, ਬਿਰਤਾਂਤ ਸਮਾਚਾਰ ॥

**ਹਾਲ ਹਾਲ ਕਰਣਾ**
**ਹਾਲ ਹਾਲ ਪਾਉਣਾ**
} ਕ੍ਰਿ:—ਚੀਕ ਚਿਹਾੜਾ ਪਾਉਣਾ, ਰੌਲਾ ਚੁਰਲਾਉਣਾ, ਨਿਆਂ ਕਰਾਉਣ ਲਈ ਚੀਕਣਾ ॥

**ਹਾਲ ਚਾਲ,** ਸ:—ਖਬਰ ਸਾਰ, ਸੂਰਤ, ਤੌਲ ॥

**ਹਾਲ ਪਾਹ੍ਰਿਆ ਕਰਣਾ**
**ਹਾਲ ਪੌਹ੍ਰਿਆ ਕਰਣਾ**
**ਜਾਂ ਪਾਉਣਾ**
} ਕ੍ਰਿ:—'ਹਾਲ ਹਾਲ ਕਰਣਾ' ਵੇਖੋ ॥

**ਹਾਲ ਪੁਕਾਰ ਕਰਣੀ,** ਕ੍ਰਿ:—ਚੀਕ ਚਿਹਾੜਾ ਪਾਉਣਾ, ਰੌਲਾ ਪਾਕੇ ਆਪਣਾ ਹਾਲ ਕਹਿਣਾ, ਨਿਆਂ ਕਰਾਉਣ ਲਈ ਸਾਰਾ ਹਾਲ ਦੱਸਣਾ ॥

**ਹਾਲੋਂ ਬੇ ਹਾਲ ਹੋਣਾ**
**ਬੇਹਾਲ ਹੋਣਾ**
} ਕ੍ਰਿ:—ਚੰਗੇ ਹਾਲ ਤੋਂ ਮੰਦਾ ਹਾਲ ਹੋ ਜਾਣਾ।

**ਹਾਲੂਆ,** ਕ੍ਰਿ:, ਵਿ:—ਮਰੀਅਲ, ਸਾਫ਼, ਬਾਹਰਾ ॥

**ਹਾਲਤ,** ਸ:—ਹਾਲ, ਸਮਾਚਾਰ, ਬਿਆਨ ॥

**ਹਾਲਾ,** ਪੁ:—ਮਹਸੂਲ, ਜਿਮੀਂ ਦਾ ਮਾਮਲਾ ॥

**ਹਾਲੀ,** ਪੁ:—ਹਲ ਵਾਹੁਣ ਵਾਲਾ ॥

**ਹਾਲੀ ਮੁਆਲੀ,** ਪੁ: (ਬਹੁ: ਬ:) ਸਾਈ, ਸੱਜਣ, ਨੌਕਰ ਚਾਕਰ ॥

**ਹਾਲੋਂ,** ਸ:—ਇੱਕ ਦੁਆ ਦੇ ਬੀ ॥

**ਹਾਵਾ,** ਪੁ:—ਅਰਮਾਨ, ਦੁਖ, ਗਮ, ਚਿੰਤਾ, ਵਾਉ ॥

**ਹਾੜ੍ਹ,** ਪੁ:—ਹਿੰਦੂਆਂ ਦਾ ਚੌਥਾ ਮਹੀਨਾ ॥



**ਹਾੜਨਾ**
**ਹਾੜ ਲੈਣਾ**
} ਕ੍ਰਿ:—ਤੋਲਣਾ, ਵੇਖਣਾ, ਨਾਪਣਾ ਅੰਦਾਜ਼ਾ ਕਰਨਾ, ਜਾਂਚਣਾ, ਮੁੱਲ ਪਾਉਣਾ, ਪਰਖਣਾ, ਸਾਬਤ ਕਰਨਾ।

**ਹਾੜਾ,** ਪੁ:—ਤੋਲ, ਮਾਪ, ਅੰਦਾਜ਼ਾ, ਜਾਂਚ, ਪਰਖ ॥

**ਹਾੜਾ ਲੈਣਾ,** ਕ੍ਰਿ:—'ਹਾੜਨਾ' ਵੇਖੋ ॥

**ਹਾੜੀ**
**ਹਾੜ੍ਹੀ**
} ਸ:—ਅੱਸੂ ਕੱਤਕ ਵਿੱਚ ਜਿਸ ਫਸਲ ਦਾ ਬੀ ਪਾਉਂਦੇ ਹਨ ॥

**ਹਾੜੂ,** ਪੁ:—ਹਾੜਾ ਕਰਨ ਵਾਲਾ, ਜਾਚਣ ਵਾਲਾ ॥

**ਹਾੜ੍ਹੂ,** ਵਿ:—ਹਾੜ੍ਹ ਦਾ, ਹਾੜ੍ਹ ਵਿਚ ਜੰਮਿਆਂ ਜੋ ਬੀਜਿਆ ਹੋਯਾ ॥

**ਹਾੜ੍ਹੇ,** ਅਵ:—ਨਾ, ਬਿਲਕੁਲ ਨਾ, ਵੇਖੀਂ, ਇਹ (ਮਾੜਾ ਕੰਮ) ਨਾ ਕਰੀਂ ॥

**ਹਿਆਉ,** ਪੁ:—ਲੱਜਿਆ, ਸ਼ਰਮ, ਹੌਸਲਾ, ਦਲੇਰੀ ॥

**ਹਿਸਟਰੀ,** ਸ:—ਇਤਿਹਾਸ, ਤਵਾਰੀਖ਼, ਕਥਾ, ਸਮਾਚਾਰ, ਸਾਰਾ ਹਾਲ ॥

**ਹਿੱਸਾ,** ਪੁ:—ਭਾਗ, ਵੰਡਾ, ਟੁਕੜਾ, ਅੰਗ, ਅੰਸ ॥

**ਹਿੱਸਾ ਹਾਕਮੀ,** ਸ:—ਪੈਦਾਵਾਰੀ ਦਾ ਉਹ ਹਿੱਸਾ ਜੋ ਮਾਲਕ ਲੈਂਦਾ ਹੈ ॥

**ਹਿੱਸਾ ਕਰਣਾ,** ਕ੍ਰਿ:—ਵੰਡਣਾ ॥

**ਹਿੱਸੇਦਾਰ,** ਪੁ:—ਸ਼ਰੀਕ, ਭਿਆਲ, ਭਾਈਵਾਲ ॥

**ਹਿੱਸੇ ਦਾਰੀ,** ਸ:—ਹਿੱਸੇ ਦਾਰ ਹੋਣਾ, ਪੱਤੀ ॥

**ਹਿੰਸਾ,** ਸ:—ਕਿਸੇ ਨੂੰ ਜਾਨੋਂ ਮਾਰਨਾ, ਹਿਣਸਾ ॥ ਪੁ:—ਹਿੰਦਸਾ, ਹਿਸਾਬ ਦੇ ਅੰਗ (੧,੨, ਆਦਿਕ) ॥

**ਹਿਸਾਬ,** ਪੁ:—ਵੇਖੋ 'ਹਸਾਬ' ।

Digitized by Panjab Digital Library | www.panjabdigilib.org

**ਹਿਸਾਬਣ,** ਸ:–ਵੇਖੋ 'ਹਸਾਬਣ'।

**ਹਿਸਾਬੀ,** ਪੁ:–ਵੇਖੋ 'ਹਸਾਬੀ'।

**ਹਿੱਕ,** ਸ:–ਛਾਤੀ, ਕਾਲਜਾ।
ਵਿ:–ਇੱਕ ॥

**ਹਿੱਕ ਸਾੜਣੀ,** ਕ੍ਰਿ:–ਗੁੱਸਾ ਚਾੜ੍ਹਨਾ ॥

**ਹਿਕ ਠੰਡੀ ਹੋਣੀ,** ਕ੍ਰਿ:–ਖੁਸ਼ੀ ਹੋਣੀ, ਸੁਖ ਹੋਣਾ ॥

**ਹਿੱਕ ਠੰਡੀ ਕਰਣੀ,** ਕ੍ਰਿ:–ਖੁਸ਼ ਕਰਨਾ, ਸੁਖ ਦੇਣਾ ॥

**ਹਿੱਕ ਠੋਕਣੀ,** ਕ੍ਰਿ:–ਪੱਕੀ ਸਲਾਹ ਕਰ ਲੈਣੀ ਕਿ ਫਲਾਣਾ ਕੰਮ ਜ਼ਰੂਰ ਕਰਨਾ ਹੈ॥

**ਹਿੱਕ ਤਾਣ,** ਵਿ:–ਤਕੜਾ, ਜਿਗਰੇ ਵਾਲਾ॥

**ਹਿੱਕ ਤਾਣੀ,** ਸ:–ਜਿਗਰਾ, ਹਿੰਮਤ, ਹੌਸਲਾ।

**ਹਿੱਕ ਤਾਣੀ ਜ਼ੋਰ ਲਾਉਣਾ,** ਕ੍ਰਿ:–ਜਿੰਨੀ ਵਾਹ ਲੱਗੇ ਲਾਉਣੀ॥

**ਹਿੱਕ ਤੇ ਹੱਥ ਰੱਖਣਾ,** ਕ੍ਰਿ:–'ਹਿੱਕ ਠੋਕਣੀ' ਵੇਖੋ ॥

**ਹਿੱਕ ਦਾ ਧੱਕਾ (ਕਰਣਾ),** ਪੁ:–ਜ਼ੋਰ, ਸਖ਼ਤੀ, ਜ਼ੁਲਮ ॥

**ਹਿੱਕ ਦੇ ਜ਼ੋਰ (ਤਾਣ),** ਕ੍ਰਿ:, ਵਿ:–ਆਪਣੇ ਜ਼ੋਰ ਨਾਲ, ਆਪਣੀ ਹਿੰਮਤ ਨਾਲ ॥

**ਹਿੱਕ ਬਹਿੱਕ,** ਕ੍ਰਿ:, ਵਿ:–ਸੌਰ ਸੁਚ, ਠੀਕ ਠੀਕ ॥

**ਹਿੱਕ ਲੂਹਣੀ,** ਕ੍ਰਿ:–ਹਿੱਕ 'ਸਾੜਣੀ' ਵੇਖੋ ॥



**ਹਿਕਮਤ,** ਸ:–ਜੁਗਤ, ਤਦਬੀਰ, ਉਸਤਾਦੀ, ਦਨਾਈ, ਚਤਰਾਈ, ਹਕੀਮੀ (ਕਰਨੀ)।

**ਹਿਕਮਤਣ,** ਸ:–ਹਿਕਮਤ ਕਰਨ ਵਾਲੀ ॥

**ਹਿਕਮਤੀ,** ਪੁ:–ਹਿਕਮਤ ਕਰਨ ਵਾਲਾ ॥

**ਹਿਕੱਲਾ,** ਵਿ:–ਇਕੱਲਾ।

**ਹਿੱਕਾ**<br>**ਹਿੱਕੋ** } ਵਿ: –ਇੱਕਾ, ਓਹੀਓ॥

**ਹਿੰਗ,** ਸ:–ਇੱਕ ਮਸ਼ਹੂਰ ਚੀਜ਼ ਜਿਸ ਵਿੱਚੋਂ ਬੋ ਆਉਂਦੀ ਹੈ ਅਤੇ ਜੋ ਬਾਈ ਹਟਾਉਂਦੀ ਹੈ। ਮੁਸ਼ਕਣੀ॥

**ਹਿੰਗ ਹੱਗਣੀ,** ਕ੍ਰਿ:–ਆਪੇ ਦਸਤ ਨਿਕਲਣੇ, ਬਹੁਤ ਮਾੜੇ ਹੋਣਾ, ਢਾਢੀ ਪੀੜ ਹੋਣੀ ॥

**ਹਿਗਰਾ,** ਵਿ:–ਇਕੱਲਾ।

**ਹਿੰਘਰਣਾ,** ਕ੍ਰਿ:–ਮੂੜ੍ਹ ਕੇ ਜਵਾਬ ਦੇਣਾ, ਗੁਸਤਾਖੀ ਨਾਲ ਬੋਲਣਾ ॥

**ਹਿਚਕਣਾ,** ਕ੍ਰਿ:–ਝਿਜਕਣਾ, ਪਛਾਂਹ ਨੂੰ ਹਟਣਾ।

**ਹਿਚਕੀ,** ਸ:–ਹਿਜਕੀ, ਘਿਰਕੀ, ਅਚਾਨਕ ਸਾਹ ਰੁਕ ਕੇ ਅਵਾਜ਼ ਨਿਕਲਣੀ॥

**ਹਿਚਕੋਲਾ,** ਪੁ:–ਹਿੱਲ ਜੁਲ ਹੋਣਾ, ਧੱਕਾ॥

**ਹਿਚਣਾ,** ਕ੍ਰਿ:–ਝਿਜਕਣਾ, ਪਛਾਂਹ ਨੂੰ ਹਟਣਾ, ਗਲਤੀਆਂ ਵਿੱਚ ਪੈਣਾ ॥

**ਹਿਚਰ ਪਿਚਰ,** ਵਿ:–ਕਚੀ ਦਲੀਲ ਵਾਲਾ, ਹੈਰਲ, ਝਗੜੂ। (ਹਿਚਰ ਪਿਚਰ ਕਰਨਾ)॥

**ਹਿਜਕੀ,** ਸ:–ਹਿਚਕੀ, ਹਿਡਕੀ, ਹਿੜਕੀ ॥

**ਹਿਜੜਾ,** ਪੁ:–ਖੁਸਰਾ, ਨਾਮਰਦ, ਖੋਜਾ ॥

Digitized by Panjab Digital Library | www.panjabdigilib.org

**ਹਿੰਝ,** ਸ਼—ਅੰਝੂ, ਰੋਣ ਆਦਿਕ ਨਾਲ ਜੋ ਅੱਖਾਂ ਵਿੱਚੋਂ ਪਾਣੀ ਦੀ ਬੂੰਦ ਨਿਕਲਦੀ ਹੈ ॥

**ਹਿੱਟ,** ਸ਼—ਕ੍ਰਿਕਟ ਆਦਿਕ ਵਿਚ ਬੱਲੇ ਆਦਿਕ ਨਾਲ ਗੇਂਦ ਨੂੰ ਮਾਰ ਹਟਾਉਣ ਦਾ ਕੰਮ (ਮਾਰਨੀ, ਲੱਗਣੀ, ਲਾਉਣੀ, ਵੱਜਣੀ) ॥

**ਹਿੱਟਰ,** ਵਿ—ਹਿੱਟਾਂ ਲਾਉਣ ਵਾਲਾ ॥

**ਹਿਠ,** ਸ਼—ਦਿਲ ਦੀ ਪਕਿਆਈ, ਹਠ, ਆਸਾ ਜਿਗਰਾ (ਪੈਣੀ, ਬੰਨ੍ਹਣੀ) ॥

**ਹਿਠਾਂ, ਹਿਠਾਹਾਂ** } ਅਵ—ਹੇਠਾਂ, ਥੱਲੇ ॥

**ਹਿਠਾੜ,** ਸ਼—ਹੇਠਲੀ ਥਾਂ, ਨਿਵਾਣ, ਥੱਲਾ ॥

**ਹਿਡਕੀ,** ਸ਼—'ਹਿਚਕੀ' ਵੇਖੋ ॥

**ਹਿਡਕੋਰਾ,** ਪੁ—ਹਿੜਕੀ, ਹਾਉਕਾ, ਉੱਭੇ ਸਾਹ ॥

**ਹਿੰਢ,** ਸ਼—ਆਕੜ, ਐਂਠ, ਜ਼ਿਦ (ਕਰਨੀ, ਮਾਰਨੀ) ॥

**ਹਿੰਢ ਭੰਨਣੀ,** ਕ੍ਰਿ—ਅਧੀਨ ਕਰਨਾ ॥

**ਹਿਣਹਿਣਾਉਣਾ,** ਕ੍ਰਿ—ਘੋੜੇ ਦਾ ਬੋਲਣਾ ॥

**ਹਿਣਹਿਣਾਟ,** ਸ਼—ਘੋੜੇ ਦੀ ਅਵਾਜ਼ ॥

**ਹਿਣਕਣਾ,** ਕ੍ਰਿ—ਘੋੜੇ ਦਾ ਬੋਲਣਾ ॥

**ਹਿਣਕਾਉਣਾ,** ਕ੍ਰਿ—ਘੋੜੇ ਨੂੰ ਹਿਣਕਣ ਦੇਣਾ ॥

**ਹਿਣਕਾਟ, ਹਿਣਕਾਰ** } ਪੁ—'ਹਿਣਹਿਣਾਟ' ਵੇਖੋ ॥

**ਹਿਤ,** ਪੁ—ਪਿਆਰ, ਮੁਹੱਬਤ, ਸਜਣਾਈ, ਭਲਿਆਈ ॥

**ਹਿਤਕਾਰ,** ਪੁ, **ਹਿਤਕਾਰਣ,** ਸ਼, **ਹਿਤਕਾਰੀ,** ਪੁ } ਹਿਤ ਕਰਨਵਾਲਾ ਜਾਂ ਵਾਲੀ, ਸੱਜਣ, ਜੋ ਕਿਸੇ ਦਾ ਭਲਾ ਚਾਹੇ ॥

**ਹਿਤੀ,** ਪੁ—ਹਿਤ ਜਾਂ ਉਪਕਾਰ ਕਰਨ ਵਾਲਾ ॥

**ਹਿੰਦ, ਹਿੰਦੁਸਤਾਨ** } ਪੁ—ਹਿੰਦੁਸਤਾਨ, ਭਾਰਤ ਵਰਖ, ਸਾਡਾ ਦੇਸ ॥

**ਹਿੰਦਕੀ, ਹਿੰਦਗੀ** } ਸ਼—ਹਿੰਦੀ, ਮਹਾਜਨੀ, ਲੰਡੇ, ਹਿੰਦ ਦੀ ਬੋਲੀ ॥

**ਹਿੰਦਣੀ, ਹਿੰਦੂਣੀ** } ਸ਼—ਹਿੰਦੂ ਧਰਮ ਦੀ ਤੀਮਤ ॥

**ਹਿੰਦਵਾਣੀ,** ਸ਼—ਹਿੰਦਣੀ, ਹਿੰਦੂਆਂ ਦੇ ਢੰਗ ਦੀ ।

**ਹਿੰਦਵੀ,** ਸ਼—'ਹਿੰਦੀ' ਵੇਖੋ ॥

**ਹਿਦਾਰ,** ਪੁ—'ਅਧਾਰ' ਵੇਖੋ ॥

**ਹਿੰਦੀ,** ਸ਼—ਹਿੰਦ ਦੀ ਬੋਲੀ, ਭਾਖਾ, ਦੇਵ ਨਾਗਰੀ, ਹਿੰਦੁਸਤਾਨੀ, ਮਹਾਜਨੀ, ਲੰਡੇ ॥
ਵਿ—ਹਿੰਦ ਦਾ (ਦੀ) ॥

**ਹਿੰਦੁਆਣਾ (ਣੀ),** ਵਿ—ਹਿੰਦੂਆਂ ਦੇ ਢੰਗ ਦਾ (ਦੀ) ॥

**ਹਿੰਦੁਸਤਾਨ,** ਪੁ—ਹਿੰਦ ਦੇਸ, ਭਾਰਤ ਵਰਖ, ਪੂਰਬ ॥

**ਹਿੰਦੁਸਤਾਨੀ,** ਪੁ—ਹਿੰਦੁਸਤਾਨ ਦਾ ਵਸਨੀਕ
ਵਿ—ਹਿੰਦੁਸਤਾਨ ਦਾ (ਦੀ), ਹਿੰਦੀ ॥
ਸ਼—ਹਿੰਦੁਸਤਾਨ ਦੀ ਬੋਲੀ ॥

**ਹਿੰਦੂਣੀ,** ਸ਼—'ਹਿੰਦਣੀ' ਵੇਖ ॥

**ਹਿੰਦੂਵਾਣੀ,** ਸ਼—'ਹਿੰਦਵਾਣੀ' ਵੇਖੋ ॥

**ਹਿੰਦੂ,** ਪੁ—ਹਿੰਦ ਦਾ ਵਸਨੀਕ, ਹਿੰਦੂ ਧਰਮ ਨੂੰ ਮੰਨਣ ਵਾਲਾ, ਜਿਸ ਨੂੰ ਗਊ ਦੀ ਸਹੁੰ ਹੈ ॥

**ਹਿੰਦੂ ਮਤ, ਹਿੰਦੂ ਧਰਮ** } ਪੁ—ਹਿੰਦੂਆਂ ਦਾ ਮਜ਼ਬ, ਜੋ ਉਸ ਮਜ਼ਬ ਨੂੰ ਮੰਨੇ, ਵੇਦ ਸ਼ਾਸਤ੍ਰ ਦਾ ਮਤ ॥

Digitized by Panjab Digital Library / www.panjabdigilib.org

**ਹਿਦੈਤ,** ਸ:—ਹਦਾਇਤ, ਸਿੱਖ ਮੱਤ, ਨਸੀਹਤ ॥

**ਹਿਪ ਹਿਪ ਹੁੱਰਾ,** ਵਿਸਮਯ:—ਖੁਸ਼ੀ ਦਾ ਨਾਰਾ, ਆਹਾ !

**ਹਿੱਬ,** ਸ:—ਹਾਸ ਭਾਲੇ ਇੱਕ ਦੂਏ ਤੇ ਪਾਣੀ ਦੇ ਛੱਟੇ ਮਾਰਨੇ ॥

**ਹਿੰਮਤ,** ਸ:—ਦਲੇਰੀ, ਜਿਗਰਾ, ਹੌਸਲਾ, ਜ਼ੋਰ, ਬਹਾਦਰੀ ॥

**ਹਿੰਮਤ ਹਾਰਨਾ,** ਕ੍ਰਿ:—ਦਿਲ ਢਹਿ ਜਾਣਾ, ਹੌਸਲਾ; ਨਾ, ਰਹਿਣਾ ॥

**ਹਿੰਮਤ ਕਰਨੀ,** ਕ੍ਰਿ:—ਹੌਸਲਾ ਕਰਨਾ, ਜ਼ੋਰ ਲਾਉਣਾ ॥

**ਹਿੰਮਤ ਵਾਲਾ,** ਵਿ:—'ਹਿੰਮਤੀ' ਵੇਖੋ ॥

**ਹਿੰਮਤਣ,** ਸ: / **ਹਿੰਮਤੀ,** ਪੁ: } ਜਿਸ ਵਿੱਚ ਹਿੰਮਤ ਹੋਵੇ, ਬਹਾਦਰ, ਬੀਰ ॥

**ਹਿਯਾਉ** / **ਹਿਯਾਉਂ** } ਪੁ:—ਲੱਜਿਆ, ਸ਼ਰਮ, ਦਲੇਰੀ, ਹੌਸਲਾ ॥

**ਹਿਰਸ,** ਸ:—ਤ੍ਰਿਸ਼ਨਾ, ਲੋਭ, ਲਾਲਚ ॥

**ਹਿਰਸਣ,** ਸ: / **ਹਿਰਸੀ,** ਪੁ: } ਜਿਸ ਨੂੰ ਹਿਰਸ ਹੈ, ਲਾਲਚੀ, ਲੋਭੀ ॥

**ਹਿਰਸੀ ਵੱਟੂ,** ਪੁ:—ਜਿਸ ਦੀ ਹਿਰਸ ਨਾ ਮਿਟੇ ॥

**ਹਿਰਖ,** ਪੁ:—ਗੁੱਸਾ, ਅਰਮਾਨ, ਗ਼ਮ ॥

**ਹਿਰਖਣ,** ਸ: / **ਹਿਰਖੀ,** ਪੁ: } ਵਿ: -ਹਿਰਖ ਕਰਨ ਵਾਲਾ ਵਾਲੀ) ॥

**ਹਿਰਦਾ,** ਪੁ:—ਮਨ, ਦਿਲ, ਆਤਮਾ, ਪ੍ਰਾਣ ॥

**ਹਿਰਨਾ,** ਕ੍ਰਿ:—ਲੈ ਜਾਏ ਜਾਣਾ, ਲੁਟੀਣਾ ॥

**ਹਿਲਕਣਾ,** ਕ੍ਰਿ:—ਹਿਲਾਏ ਜਾਣਾ, ਬਿਨਾ ਬੁਲਾਏ ਆਉਣਾ ॥

**ਹਿਲਕਦਾ ਆਉਣਾ,** ਕ੍ਰਿ:—ਝੂਮਦੇ ਆਉਣਾ ॥

**ਹਿਲਕਾਰਣਾ** / **ਹਿਲਕੋਰਣਾ** } ਕ੍ਰਿ:—ਜ਼ੋਰ ਨਾਲ ਬੁਲਾਉਣਾ, ਕੁੱਤੇ ਨੂੰ ਛੇੜਨਾ, ਉਕਸਾਉਣਾ, ਹਿਲਾਉਣਾ ॥

**ਹਿੱਲ ਜੁਲ,** ਸ:—ਹਿਲਾਉਣਾ, ਇੱਧਰ ਉੱਧਰ ਕਰਨਾ, ਉਕਸਾਹਟ, ਅਫ਼ਰਾ ਤਫ਼ਰੀ, ਰੌਲਾ ਗੌਲਾ, ਹਰਕਤ ।

**ਹਿੱਲਣਾ,** ਕ੍ਰਿ:—ਇੱਧਰ ਉੱਧਰ ਹੋਣਾ, ਕੰਬਣਾ, ਹਰਕਤ ਕਰਨੀ ॥

**ਹਿੱਲਣਾ ਜੁੱਲਣਾ,** ਕ੍ਰਿ:—ਚੰਗੇ ਹਿੱਲਣਾ ॥

**ਹਿਲਣਾ,** ਕ੍ਰਿ:—ਆਦਤ ਪੈ ਜਾਣੀ, ਜਾਣੂ ਹੋ ਜਾਣਾ । ਪਲਣਾ ਜਾਂ ਸਿੱਖ ਜਾਣਾ ( ਘੋੜੇ ਆਦਿਕ ਦਾ ) ॥

**ਹਿਲ ਮਿਲ ਜਾਣਾ,** ਕ੍ਰਿ:—ਬਿਲਕੁਲ ਮਿਲ ਜਾਣਾ, ਭਰੋਸਾ ਅਤੇ ਵਾਕਫ਼ੀ ਹੋ ਜਾਣੀ ॥

**ਹਿਲਤਰ,** ਸ:—ਹੋਲਤ, ਵਾਦੀ, ਸੁਭਾਉ ॥

**ਹਿਲਾਉਣਾ,** ਕ੍ਰਿ:—ਇੱਧਰ ਉੱਧਰ ਕਰਨਾ ਪਾਲਣਾ, ਵੱਸ ਵਿੱਚ ਲਿਆਉਣਾ ॥

**ਹਿਲਾਉਣਾ ਜੁਲਾਉਣਾ,** ਕ੍ਰਿ:—ਚੰਗੇ ਹਿਲਾਉਣਾ, ਚੰਗੀ ਤਰਾਂ ਹਿਲਾਉਣਾ ॥

**ਹਿੜਹਿੜ ਕਰਨਾ** / **ਹਿੜ ਹਿੜਾਉਣਾ** } ਕ੍ਰਿ:—ਹੱਸਣਾ, ਠੱਠਾ ਕਰਨਾ ॥

**ਹਿੜ ਹਿੜਾਟ,** ਸ:—ਹਾਸਾ, ਠੱਠਾ ॥

Digitized by Panjab Digital Library / www.panjabdigilib.org

**ਹਿੜਕ,** ਸ:—ਫਲ ਦੀ ਗਿਟਕ, ਇੱਕ ਰੁੱਖ

**ਹਿੜਕ ਝਿੜਕ,** ਸ:—ਝਾੜ, ਡਰਾਵਾ॥

**ਹਿੜਕੀ,** ਸ:—'ਹਿਚਕੀ' ਵੇਖੋ॥

**ਹਿੜਬਸੀ,** ਵਿ:—ਲਾਲਚੀ, ਲੋਭੀ, ਹਿਰਸੀ॥

**ਹਿੜਬਿਸ,** ਸ:—ਲਾਲਚ, ਤ੍ਰਿਸ਼ਨਾ, ਹਿਰਸ॥

**ਹੀ, ਹੀਂ** } ਅਵ:—ਠੀਕ, ਸਚ ਮੁਚ, ਆਪੇ, ਝਟ ਪੱਟ॥

**ਹੀਂ ਹੀਂ ਕਰਨਾ,** ਕ੍ਰਿ:—ਹੌਸਲਾ॥

**ਹੀਆਂ,** ਪੁ:—ਹਿਰਦਾ, ਮਨ, ਦਿਲ, ਆਤਮਾ॥

**ਹੀਹ, ਹੀਂਹ** } ਸ:—ਮੰਜੇ ਦੀ ਬਾਹੀ, ਪੱਟੀ॥

**ਹੀਕ,** ਸ:—ਸ਼ਰਾਬ ਦੀ ਬੂ, ਬਦ ਬੋ, ਢਿੱਡ ਦਾ ਰੋਗ (ਆਉਣੀ, ਮਾਰਨੀ)॥

**ਹੀਂਗਣਾ,** ਕ੍ਰਿ:—ਖੋਤੇ ਦਾ ਬੋਲਣਾ॥

**ਹੀਜ ਪਿਆਜ਼,** ਪੁ:—ਫੇਤ, ਰੱਦੀ ਗੱਲ॥ ਵਿ:—ਚੰਗਾ ਮੰਦਾ॥

**ਹੀਜੜਾ,** ਪੁ:—ਖੁਸਰਾ, ਨਾਮਰਦ॥

**ਹੀਣ, ਹੀਣਤ, ਹੀਣਤਾਈ** } ਸ:—ਘਾਟਾ, ਕਮੀ, ਨਿਰਾਦਰੀ॥

**ਹੀਣਾ,** ਪੁ: **ਹੀਣੀ,** ਸ: } ਵਿ:—ਥੋੜ੍ਹਾ, ਕਮਜ਼ੋਰ, ਨੀਵਾਂ, ਗਰੀਬ॥

**ਹੀਣੀ ਅਸਾਮੀ (ਸਾਮੀ),** ਪੁ:—ਕਮਜ਼ੋਰ ਆਦਮੀ, ਗਰੀਬ॥

**ਹੀਨ ਹਯਾਤ,** ਵਿ:—ਜੀਉਂਦਾ ਜਾਗਦਾ॥ ਕ੍ਰਿ: ਵਿ:—ਜੀਉਂਦੇ ਜੀ॥

**ਹੀਮ ਕੀਮ (ਖੀਮ),** ਸ:—ਹਾਲਤ, ਹੀਲਾ ਬਹਾਨਾ॥

**ਹੀਯਾਂ,** ਪੁ:—ਦਿਲ, ਮਨ, ਹਿਰਦਾ, ਆਤਮਾ, ਹੌਸਲਾ॥

**ਹੀਯੇ** ਅਵ:—ਮੱਝਾਂ ਨੂੰ ਬੁਲਾਉਣ ਵਾਸਤੇ ਬੋਲਦੇ ਹਨ॥

**ਹੀਰ,** ਸ:—ਰੰਗਣਾਂ ਦਾ ਚੋਲਾ॥ ਇੱਕ ਤ੍ਰੀਮਤ ਜਿਸ ਉਤੇ ਰਾਂਝਾ ਆਸ਼ਕ ਸਾ। ਹੀਰ ਰਾਂਝੇ ਦੇ ਕਿੱਸੇ ਦੀ ਕਤਾਬ॥

**ਹੀਰਾ,** ਪੁ:—ਇੱਕ ਵਡਮੁੱਲਾ ਜਵਾਹਰ, ਰਤਨ॥ ਵਿ:—ਚੰਗਾ, ਨੇਕ, ਸੋਹਣਾ॥

**ਹੀਰਾ ਚੱਟਣਾ,** ਕ੍ਰਿ:—ਹੀਰੇ ਦੀ ਕਣੀ ਖਾਕੇ ਆਪਣੀ ਜਿੰਦ ਗੁਆਉਣੀ॥

**ਹੀਰਾ ਮਣ,** ਪੁ:—ਇਕ ਭਾਂਤ ਦਾ ਤੋਤਾ॥

**ਹੀਰੋ,** ਪੁ:—ਮਹਾਂ ਪੁਰਖ, ਸੂਰਮਾ, ਨਾਟਕ ਵਿਚ ਜੋ ਪ੍ਰਧਾਨ ਹੋਵੇ॥

**ਹੀਲ,** ਸ:—(ਬਹੁ: ਬ: ਹੀਲਾ)—ਬਹਾਨਾ, ਛਲ ਘਾਟਾ, ਹਾਰ, ਚੱਟੀ॥

**ਹੀਲ ਹੁੱਜਤ,** ਸ:—ਆਲੇ ਟੋਲੇ, ਬਹਾਨਾ॥

**ਹੀਲਾ,** ਪੁ:—ਕੰਮ ਕਾਜ, ਉੱਦਮ, ਛਲ, ਧੋਖਾ, ਬਹਾਨਾ। ਉਪਾਉ। ਉਪਰਾਲਾ, ਜਤਨ, (ਕਰਨਾ)॥

**ਹੀਲਾ ਹਵਾਲਾ,** ਪੁ:—ਛਲ, ਕਪਟ, ਫ਼ਰੇਬ॥

**ਹੀਲਾ ਵਸੀਲਾ,** ਪੁ:—ਰਿਜ਼ਕ ਦਾ ਉਪਾਉ, ਜਿਸ ਦੀ ਰਾਹੀਂ ਰੁਜ਼ਗਾਰ ਮਿਲੇ॥

**ਹੁਆਂ,** ਸ:—ਜੰਮਦੇ ਬਾਲ ਦੇ ਰੋਣ ਦੀ ਅਵਾਜ਼ (ਹੁਆਂ ਹੁਆਂ ਕਰਨਾ)॥

Digitized by Panjab Digital Library / www.panjabdigilib.org

**ਹੁਆਣ,** ਪੁ:—ਜਨੌਰ, ਹੈਵਾਨ, ਪਸ਼ੂ, ਡੰਗਰ, ਮੂਰਖ ॥

**ਹੁਆਲ,** ਪੁ:—'ਹਵਾਲ' ਵੇਖੋ ॥

**ਹੁਆਲਾ,** ਪੁ:—'ਹਵਾਲਾ' ਵੇਖੋ ॥

**ਹੁਸ਼ (ਹੁਸ਼ੀ)**
**ਹੁਸ਼ੀ ਹੁਸ਼ੀ** } ਅਵ:—ਕੁੱਤੇ ਨੂੰ ਚਮਕਾਉਣ ਦੀ ਅਵਾਜ਼ ॥

**ਹੁਸ,** ਅਵ:—ਉਠ ਦਾ ਗੋਡਾ ਨਿਵਾਉਣ ਲਈ, ਇਹ ਅਵਾਜ਼ ਹੈ ॥

**ਹੁੱਸ ਜਾਣਾ**
**ਹੁੱਸਣਾ** } ਕ੍ਰਿ:—ਥਕ ਜਾਣਾ, ਹਾਰਨਾ ॥

**ਹੁਸਨ,** ਪੁ:—ਸੁਹੱਪਣ, ਸੁਹਜ, ਹੁਸੈਨ ਦਾ ਭਰਾ ॥

**ਹੁੱਸਣਾ,** ਕ੍ਰਿ:—'ਹੁੱਸ ਜਾਣਾ' ਵੇਖੋ ॥

**ਹੁੱਸੜ,** ਪੁ:—ਹੁੰਮ, ਤਾਉ, ਗਰਮੀ, ਵਾਊ ਬੰਦ ਹੋਣੀ ॥

**ਹੁਸੜਨਾ,** ਕ੍ਰਿ:—ਘਾਬਰਨਾ, ਬਿਆਕਲ ਹੋਣਾ ॥

**ਹੁਸੜਾਉਣਾ**
**ਹੁਸਾਉਣਾ** } ਕ੍ਰਿ:—ਥਕਾਉਣਾ, ਘਬਰਾ ਦੇਣਾ ॥

**ਹੁਸਾਣ,** ਪੁ:—ਹੋਸ਼ ਹਵਾਸ, ਸੁਰਤ, ਹੌਸਲਾ ॥

**ਹੁਸ਼ਿਆਰ,** ਵਿ:—ਖਬਰਦਾਰ, ਸੁਚੇਤ, ਸਿਆਣਾ ॥

**ਹੁਸ਼ਿਆਰ ਹੋਣਾ,** ਕ੍ਰਿ:—ਹੋਸ਼ ਜਾਂ ਸੁਰਤ ਆਉਣੀ, ਸਿਆਣਾ ਹੋਣਾ ॥

**ਹੁਸ਼ਿਆਰ ਕਰਨਾ,** ਕ੍ਰਿ:—ਕਿਸੇ ਖਤਰੇ ਦੀ ਖਬਰ ਪਹਿਲੇ ਕਰ ਦੇਣੀ ॥

**ਹੁਸ਼ਿਆਰ ਰਹਿਣਾ,** ਕ੍ਰਿ:—ਚੌਕਸੀ ਰੱਖਣੀ ॥

**ਹੁਸ਼ਿਆਰੀ,** ਸ:—ਸੋਝੀ, ਸਿਆਣਪ, ਖਬਰਦਾਰੀ, ਚਤਰਾਈ ਚਲਾਕੀ ॥ ਪੁਰਖ ਦੀ ਇੰਦ੍ਰੀ ਦਾ ਖੜਾ ਹੋਣਾ ॥(ਆਉਣੀ)



**ਹੁਸੈਨ,** ਪੁ:—ਮੁਹੰਮਦ ਸਾਹਿਬ ਦਾ ਦੋਹਤ੍ਰਾ ॥

**ਹੁੱਕ,** ਸ:—ਛਾਤੀ ਜਾਂ ਵੱਖੀ ਦੀ ਪੀੜ, ਤੋਖਾ, ਮੁੜੀ ਹੋਈ ਮੇਖ ਜਾਂ ਕਿੱਲੀ ॥

**ਹੁਕਈ,** ਪੁ:—ਬਹੁਤ ਹੁੱਕਾ ਪੀਣ ਵਾਲਾ ॥

**ਹੁਕਣਾ,** ਪੁ:—ਪਚਕਾਰੀ ਜਿਸ ਨਾਲ ਮਨੁੱਖ ਦੇ ਸਰੀਰ ਵਿੱਚ ਹੇਠੋਂ ਪਾਣੀ ਚਾੜ੍ਹਦੇ ਹਨ ॥

**ਹੁਕਮ,** ਪੁ:—ਆਗਿਆ, ਪਰਵਾਨਾ, ਕਾਇਦਾ, ਕਨੂੰਨ, ਛੁੱਟੀ ਖੁੱਲ੍ਹ, ਮਨਜ਼ੂਰੀ, ਅਖ਼ਤਿਆਰ ਮੁਖ਼ਤਾਰੀ, ਹਦਾਇਤ, ਬੰਦੋਬਸਤ, ਫੈਸਲਾ ਤਾਸ਼ ਦਾ ਇੱਕ ਕਾਲਾ ਰੰਗ ਅਤੇ ਉਸ ਦਾ ਪੱਤਾ। (ਕਰਨਾ, ਦੇਣਾ) ॥

**ਹੁਕਮ ਉਠਾਉਣਾ (ਉਠਾ ਦੇਣਾ),** ਕ੍ਰਿ:—ਹੁਕਮ ਹਟਾ ਦੇਣਾ ॥

**ਹੁਕਮ ਅਦੂਲੀ,** ਸ:—ਹੁਕਮ ਨਾ ਮੰਨਣਾ ॥

**ਹੁਕਮ ਸੱਤ ਹੋਣਾ ਹੋ ਜਾਣਾ,** ਕ੍ਰਿ:—ਮਰ ਜਾਣਾ।

**ਹੁਕਮ ਸੱਤ ਮੰਨਣਾ,** ਕ੍ਰਿ:—ਆਖੇ ਲੱਗਣਾ ॥

**ਹੁਕਮ ਹਾਸਲ,** ਪੁ:—ਅਖ਼ਤਿਆਰ, ਹਕੂਮਤ ॥

**ਹੁਕਮ ਕਰਨਾ**
**ਹੁਕਮ ਚਲਾਉਣਾ** } ਕ੍ਰਿ:—ਆਪਣਾ ਅਖ਼ਤਿਆਰ ਵਰਤਣਾ ॥

**ਹੁਕਮ ਦੇਣਾ,** ਕ੍ਰਿ:—ਫੈਸਲਾ ਕਰਨਾ, ਆਗਿਆ ਜਾਂ ਮਨਜ਼ੂਰੀ ਦੇਣੀ, ਹਦਾਇਤ ਕਰਨੀ ॥

**ਹੁਕਮ ਨਾਮਾ,** ਪੁ:—ਉਹ ਕਾਗਤ ਜਿਸ ਤੇ ਹੁਕਮ ਲਿਖਿਆ ਹੈ ॥

**ਹੁਕਮ ਬਜਾਉਣਾ,** ਕ੍ਰਿ:—ਆਖੇ ਲੱਗਣਾ ॥

**ਹੁਕਮ ਮਨਸੂਖ਼ ਕਰਨਾ,** ਕ੍ਰਿ:—ਹੁਕਮ ਹਟਾ ਦੇਣਾ ॥

**ਹੁਕਮ ਮੰਨਣਾ,** ਕ੍ਰਿ:—ਆਖੇ ਲੱਗਣਾ ॥

Digitized by Panjab Digital Library / www.panjabdigilib.org

**ਹੁਕੜਾ,** ਪੁ: } ਬਹੁਤ ਛੋਟਾ ਹੁੱਕਾ॥
**ਹੁਕੜੀ,** ਸ: }

**ਹੁੱਕਾ,** ਪੁ:—ਮਿੱਟੀ ਰੰਗ ਜਾਂ ਧਾਤ ਦੀ ਨਲੀ ਜਿਸ ਉੱਪਰ ਤਮਾਕੂ ਦੀ ਚਿਲਮ ਰੱਖ ਕੇ ਲੋਕ ਧੂਆਂ ਸਾਹ ਨਾਲ ਅੰਦਰ ਖਿੱਚਦੇ ਹਨ॥

**ਹੁੱਕਾ ਤਾਜਾ ਕਰਨਾ,** ਕ੍ਰਿ:—ਹੁੱਕੇ ਦਾ ਪਾਣੀ ਬਦਲਨਾ॥

**ਹੁੱਕਾ ਪਾਣੀ,** ਪੁ:—ਭਾਈ ਚਾਰੇ ਦਾ ਮੇਲ ਗੇਲ॥

**ਹੁੱਕਾ ਪਾਣੀ ਛੇਕਣਾ** } ਕ੍ਰਿ:—ਬਿਰਾਦਰੀ ਵਿੱਚੋਂ
**ਜਾਂ ਬੰਦ ਕਰਨਾ** } ਕੱਢ ਦੇਣਾ, ਨਾਲ ਨਾਂ ਵਰਤਣਾ॥

**ਹੁੱਕਾ ਪੀਣਾ** } ਕ੍ਰਿ:—ਹੁੱਕੇ ਦੀ ਨੜੀ ਮੂੰਹ ਵਿਚ ਲੈਕੇ
**ਜਾਂ ਛਿਕਣਾ** } ਤਮਾਕੂ ਦਾ ਧੂਆਂ ਅੰਦਰ ਖਿੱਚਣਾ॥

**ਹੁੱਕਾ ਭਰਣਾ,** ਕ੍ਰਿ:—ਚਿਲਮ ਵਿੱਚ ਤਮਾਕੂ ਆਦਿਕ ਪਾਉਣਾ॥

**ਹੁੱਕੇ ਪਾਣੀ ਦੀ ਸੁਲਾ ਕਰਣੀ** } ਕ੍ਰਿ:—ਘਰ
**ਜਾਂ ਮਾਰਣੀ** } ਆਏ ਨੂੰ ਹੁੱਕਾ ਆਦਿਕ ਪੀਣ ਲਈ ਕਹਿਣਾ॥

**ਹੁੱਕੀ,** ਸ:—ਛੋਟਾ ਜਿਹਾ ਹੁੱਕਾ॥

**ਹੁਕੈਣ,** ਸ:—ਬਹੁਤ ਹੁੱਕਾ ਪੀਣ ਵਾਲੀ ਤੀਵੀਂ॥

**ਹੁੱਗ,** ਸ:—ਰੌਲਾ, ਅਵਾਈ, ਖਬਰ, ਪੁਕਾਰ॥

**ਹੁੰਗਾਰਾ,** ਪੁ:—ਹਾਂ, ਹਾਂ ਹਾਂ, ਸੱਤ ਬਚਨ, ਕਹੀ ਗੱਲ ਮੰਨਣਾ॥

**ਹੁੰਗਾਰਾ ਦੇਣਾ ਜਾਂ ਭਰਣਾ,** ਕ੍ਰਿ:—ਹਾਂ ਹਾਂ ਕਹਿਣਾ॥



**ਹੁਚਕਾ** } ਪੁ:—ਠੋਕਰ, ਧੱਕਾ ਹੋਰਾ, (ਲੱਗਣ
**ਹੁਚਕੋਰਾ** } ਮਾਰਨ)।

**ਹੁੱਜ,** ਸ:—ਧੱਕਾ, ਸੋਟੀ ਆਦਿਕ ਦੀ ਨੋਕ ਮਾਰਨੀ॥

**ਹੁੱਜ ਦੇਣੀ** }
**ਹੁੱਜ ਮਾਰਣੀ** } ਕ੍ਰਿ:—ਸੋਟੀ ਆਦਿਕ ਚੋਭਣੀ, ਧੱਕਾ ਮਾਰਨਾ॥
**ਹੁੱਜ ਲਾਉਣੀ** }

**ਹੁਜਕਾ,** ਪੁ:—'ਹੁਚਕਾ' ਵੇਖੋ॥

**ਹੁੱਜਤ,** ਸ:—ਦਲੀਲ, ਸਬੂਤ, ਸ਼ੱਕ, ਵੈਰ, ਝਗੜਾ, ਫੱਰਰ।

**ਹੁੱਜਤ ਕਰਨੀ,** ਕ੍ਰਿ:—ਝਗੜਨਾ, ਦਲੀਲ ਦੇਣੀ।

**ਹੁੱਜਤ ਕੱਢਣੀ,** ਕ੍ਰਿ:—ਫੱਰਰ ਪਾਉਣੀ॥

**ਹੁੱਜਤਣ,** ਸ: } ਹੁੱਜਤ ਕਰਨ ਵਾਲਾ ਜਾਂ
**ਹੁੱਜਤੀ,** ਪੁ: } ਵਾਲੀ॥

**ਹੁਜਦਾ,** ਪੁ:—ਉਪਾਉ, ਵਸੀਲਾ, ਤਾਕਤ, ਸਮਰਥ॥

**ਹੁਜਦਾ ਵਿਚਾਰਣਾ (ਵੇਖਣਾ),** ਕ੍ਰਿ:—ਇਹ ਸੋਚ ਲੈਣਾ ਕਿ ਫਲਾਣਾ ਕੰਮ ਸਾਥੋਂ ਹੋ ਸਕਦਾ ਹੈ ਕਿ ਨਹੀਂ॥

**ਹੁਜਰਾ,** ਪੁ:—ਕੋਠੜੀ, ਪੂਜਾ ਕਰਨ ਵਾਲੀ ਕੋਠੜੀ ਜਾਂ, ਮਸੀਤ ਨਾਲ ਲਗਦਾ ਮੁੱਲਾਂ ਕਾਜ਼ੀਆਂ ਦੇ ਵਰਤਣ ਦੇ ਵਾਸਤੇ ਨਿੱਕੀ ਜੇਹੀ ਕੋਠੜੀ।

**ਹੁਝਕਾ,** ਪੁ:—'ਹੁਚਕਾ' ਵੇਖੋ॥

**ਹੁੱਟ,** ਪੁ:—ਹੁੰਮ੍ਹ, ਹੁੱਸੜ, ਵਾਉ ਬੰਦ ਹੋਣੀ॥ (ਹੌਲਾ)॥

**ਹੁੱਟਣਾ,** ਕ੍ਰਿ:—ਬੰਦ ਕਰਨਾ, ਰੋਕਣਾ, ਥੱਕ ਜਾਣਾ।

Digitized by Panjab Digital Library / www.panjabdigilib.org

**ਹੁੰਡ,** ਸ:—ਵੱਡਾ ਦੰਦ, ਵਾਧੂ ਦੰਦ ( ਸੂਰ ਦੀ ਹੁੰਡ ) ਸਿਰ ਜਾਂ ਪਿੱਠ ਉੱਤੇ ਪਾਣ ਵਾਲੀ ਟੋਪੀ ਜੇਹੀ ਜੋ ਜਿਗਰੀ ਲੋਹ ਵੇਲੇ ਪਾਈ ਦੀ ਹੈ ॥

**ਹੁਡਕ,** ਸ:—ਉਕੋਂਧ, ਹੌਲਤ, ਰੀਝ, ਵਰਤਾਰਾ (ਲੱਗਣੀ) ॥

**ਹੁਡਕਣਾ,** ਕ੍ਰਿ:—ਚੁੱਥ ਨਿਕਲਣਾ ॥

**ਹੁਡਕਣੀ,** ਸ:—ਕੰਜਰੀ ॥

**ਹੁੰਨਰ,** ਪੁ:—ਕਾਰੀਗਰੀ, ਉਸਤਾਦੀ, ਚਤਰਾਈ ॥ 'ਹੁਨਰ' ਵੇਖੋ ॥

**ਹੁੰਨਰੀ,** ਵਿ:—ਹੁੰਨਰ ਵਾਲਾ, ਕਾਰੀਗਰ, ਉਸਤਾਦ ॥

**ਹੁੰਡਵੀ,** ਸ:—'ਹੁੰਡੀ' ਵੇਖੋ ॥

**ਹੁੰਡਾਉਣ,** ਸ:—ਹੁੰਡੀ ਦੀ ਦਸਤੂਰੀ ਜਾਂ ਵੱਟਾ ॥

**ਹੁੰਡਿਆਉਣ,** ਪੁ:—ਹੁੰਡੀ ਦੀ ਦਸਤੂਰੀ, ਵੱਟਾ ॥

**ਹੁੰਡਾ ਭਾੜਾ,** ਪੁ:—ਮਾਲ ਵਿਸ਼ੇਸ਼ ਘੱਲਣ ਦਾ ਠੇਕਾ, ਮਸੂਲ ਸਮੇਤ ॥

**ਹੁੰਡੀ,** ਸ:—ਇੱਕ ਕਾਗਤ ਜੋ ਸ਼ਾਹੂਕਾਰ ਲੋਕ ਇੱਕ ਦੂਏ ਦੇ ਨਾਉਂ, ਲਿਖਕੇ ਇੱਕ ਥਾਂ ਦਾ ਰੁਪੱਯਾ ਦੂਜੀ ਥਾਂ ਦੁਆ ਦੇਂਦੇ ਹਨ ॥

**ਹੁੰਡੀ ਕਰਨੀ,** ਕ੍ਰਿ:—ਹੁੰਡੀ ਲਿਖ ਕੇ ਭੇਜਣੀ ॥

**ਕਿਸੇ ਤੇ ਹੁੰਡੀ ਕਰਨੀ,** ਕ੍ਰਿ:—ਕਿਸੇ ਦੇ ਨਾਉਂ ਦੀ ਹੁੰਡੀ ਲਿਖ ਭੇਜਣੀ ॥

**ਹੁੰਡੀ ਮੁੱਕਣੀ,** ਕ੍ਰਿ:—ਹੁੰਡੀ ਦੀ ਰਾਹੀਂ ਰੁਪਯਾ [illegible]

**ਹੁੰਡੀ ਚਿੱਠੀ,** ਸ:—ਵੱਟਾ ॥

**ਹੁੰਡੀ ਪਟਣੀ,** ਕ੍ਰਿ:—ਹੁੰਡੀ ਦਾ ਰੁਪਯਾ ਮਿਲ ਜਾਣਾ ॥

**ਹੁੰਡੂ,** ਪੁ:—ਛੇੜ, ਬੱਕਰਾ ॥

**ਹੁਣ,** ਕ੍ਰਿ:, ਵਿ:—ਇਸ ਵੇਲੇ, ਇਨ੍ਹਾਂ ਦਿਨਾਂ ਵਿਚ ॥

**ਹੁਣ ਤੀਕ,** ਕ੍ਰਿ:, ਵਿ:—ਅਜੇ ਤੱਕ ॥

**ਹੁਣ ਤੋਂ (ਥੋਂ),** ਕ੍ਰਿ:, ਵਿ:—ਇਸ ਵੇਲੇ ਤੋਂ ਅੱਗੇ ॥

**ਹੁਣ ਦਾ (ਦੇ),** ਵਿ:—ਨਵਾਂ, ਪਿਛਲਾ, ਹੋਰ ॥

**ਹੁਣ ਦਾ ਪੋਸ਼ (ਪੋਚ),** ਪੁ:—ਅੱਜ ਕੱਲ ਦੇ ਬਾਲਕ ॥

**ਹੁਣ ਬੀ** / **ਹੁਣ ਵੀ** } ਕ੍ਰਿ:, ਵਿ:—ਅਜੇ ਤੱਕ ਬੀ, ਫੇਰ ਬੀ ॥

**ਹੁਣੇਰ,** ਪੁ:—ਕਾਰੀਗਰੀ, ਉਸਤਾਦੀ, ਚਤਰਾਈ ॥

**ਹੁਣਰ ਵਾਲਾ,** ਪੁ: / ਵਿ: } ਕਾਰੀਗਰ, ਉਸਤਾਦ ਸਿਆਣਾ ॥

**ਬੇ ਹੁਣਰ,** ਵਿ:-ਜਿਸ ਵਿਚ ਹੁਨਰ ਨਹੀਂ, ਅਣਜਾਣ ॥

**ਹੁਣਰੀ,** ਵਿ:—ਕਾਰੀਗਰ, ਉਸਤਾਦ ਸਿਆਣਾ ਚਤਰ ॥

**ਹੁਣੇ,** ਕ੍ਰਿ:, ਵਿ:—ਇਸੇ ਵੇਲੇ, ਝਟ ਪੱਟ, ਥੋੜਾ ਚਿਰ ਹੋਇਆ, ਥੋੜੇ ਚਿਰ ਨੂੰ ॥

**ਹੁਣੇ ਹੀ,** ਕ੍ਰਿ:, ਵਿ:-ਇੱਸੇ ਵੇਲੇ, ਪਲਕ ਨੂੰ, ਥੋੜਾ ਚਿਰ ਹੋਇਆ ॥

**ਹੁਣੇ ਹੁਣੇ,** ਕ੍ਰਿ:, ਵਿ:—ਬਹੁਤ ਛੇਤੀ, ਢਿਲ ਨਾ ਕਰਕੇ ॥

Digitized by Panjab Digital Library | www.panjabdigilib.org

**ਹੁੱਤ,** ਸ:—ਨਾਂਹ ਨੁੱਕਰ, ਉਜਰ (ਕਰਨੀ) ॥ ਕ੍ਰਿ:, ਵਿ:—ਹੱਛੇ, ਸਗੋਂ, ਨਹੀਂ, ਹਾਂ, ਆਹੋ ॥

**ਹੁੱਬੂ,** ਪੁ:—ਉੱਬੂ, 'ਉੱਬਰੂ' ਵੇਖੋ ॥

**ਹੁਦਹੁਦ,** ਪੁ:—ਇੱਕ ਪੰਖੇਰੂ ॥

**ਹੁਦਰ,** ਪੁ:—ਮਨ, ਸਲਾਹ, ਮਰਜੀ, ਦਲੀਲ ॥

**ਹੁੰਦੜ ਹੇਲ,** ਵਿ: -ਛੋਟੀ ਵਡਾ ਹੋਣ ਵਾਲਾ ਮੁੰਡਾ ਯਾ ਕੁੜੀ ॥

**ਹੁੱਦਾ,** ਪੁ:—ਨੌਕਰੀ, ਸਾਮੀ, ਦਰਜਾ, ਮਰਾਤਬਾ, ਰੁਜ਼ਗਾਰ, ਕੰਮਕਾਰ ॥

**ਹੁਦਾਰ,** ਪੁ:—ਉਧਾਰ, ਕਰਜ਼, ਮੰਗਵਾਂ ਲਿਆ ਹੋਯਾ ਧਨ ॥

**ਹੁੰਦਿਆਂ,** ਕ੍ਰਿ:, ਵਿ:—ਪਾਸ ਹੋਣ ਕਰਕੇ ॥

**ਹੁੰਦਿਆਂ ਸੁੰਦਿਆਂ,** ਕ੍ਰਿ:, ਵਿ:—ਭਾਵੇਂ ਪਾਸ ਹੋਵੇ ਭੀ ॥

**ਹੁੰਦੀ,** ਅਵ:—ਥਾਂਉਂ; ਬਦਲੇ ॥

**ਹੁੰਦੇ,** ਕ੍ਰਿ, ਵਿ:—ਹੋਣ ਕਰਕੇ ॥

**ਹੁੰਦੇ ਸੁੰਦੇ,** ਕ੍ਰਿ: ਵਿ:—ਭਾਵੇਂ ਪਾਸ ਹੋਵੇ ਭੀ ॥

**ਹੁੱਦੇ ਦਾਰ,** ਪੁ:—ਹੁੱਦੇ ਵਾਲਾ, ਅਫ਼ਸਰ, ਹਾਕਮ ॥

**ਹੁੱਦੇ ਦਾਰੀ,** ਸ:—ਹੁਦੇ ਦਾਰ ਹੋਣਾ, ਅਫ਼ਸਰੀ ॥

**ਹੁੰਧ (ਹੁੰਧੜ),** ਸ:—ਮੁੱਕਾ, ਘਸੁੰਨ ॥

**ਹੁੰਧੜ ਮੁੱਕੀ ਹੋਣਾ,** ਕ੍ਰਿ:—ਇਕ ਦੂਜੇ ਨੂੰ ਮੁੱਕੇ ਮਾਰਨਾ ॥

**ਹੁੰਨ,** ਪੁ:—ਇੱਕ ਸਕੇ ਦਾ ਸਿਕਾ, ਬਹੁਤ ਧਨ (ਵਰ੍ਹਦੇ) ॥

**ਹੁਨਰ,** ਪੁ:—ਵੇਖੋ 'ਹੁਨਰ' ਅਤੇ 'ਹੁੰਰਰ' ॥

**ਹੁਨਾਲ / ਹੁਨਾਲਾ** } ਪੁ:—ਗਰਮੀਆਂ ਦੀ ਰੁੱਤ ॥

**ਹੁੱਬ,** ਸ:—ਪਿਆਰ, ਮੁਹੱਬਤ, ਚਾਹ, ਖਾਹਸ਼ ॥

**ਹੁੱਬ ਤੌਫ਼ੀਕ,** ਸ:—ਫੁਰਸਤ, ਥੌੜਾ, ਸਮਰਥ ॥

**ਹੁਬਸ ਜਾਣਾ / ਹੁਬਸਣਾ** } ਕ੍ਰਿ:—ਥੁੱਸਣਾ, ਬੋਛੱੜਨਾ, ਗਲਨਾ, ਸੜਨਾ। ਵਿਗੜਣਾ ॥

**ਹੁਬਸਲੀ,** ਸ:-ਪਾਣੀ ਦੀ ਧਾਰ (ਆਉਣੀ ਲੈਣੀ) ॥

**ਹੁਬ ਹੁਬਾਉ,** ਸ:—ਖੁਸ਼ੀ, ਅਨੰਦ ॥

**ਹੁੱਬਣਾ,** ਕ੍ਰਿ:—ਹਿੰਮਤ ਕਰਨੀ, ਭਰੋਸਾ ਰੱਖਣਾ, ਆਸਾ ਰੱਖਣੀ, ਚਿੰਬਣਾ ॥

**ਹੁੱਬੇ ਹੁੱਬੇ ਫਿਰਨਾ,** ਕ੍ਰਿ:—ਖੁਸ਼ੀ ਖੁਸ਼ੀ ਫਿਰਨਾ ॥

**ਹੁਬਕੀ,** ਸ:—'ਹਿਚਕੀ' ਵੇਖੋ ॥

**ਹੁਬਾਬ,** ਸ:—ਬੁਲਬੁਲਾ ॥

**ਹੁੱਬੇ ਸਾਹ ਲੈਣੇ,** ਕ੍ਰਿ:—ਹਉਕੇ ਭਰਣੇ, ਲੰਮੇ ਸਾਹ ਲੈਣੇ ॥

**ਹੁਮ ਹੁਮਾਕੇ,** ਕ੍ਰਿ, ਵਿ:—ਬਹੁਤ ਸਾਰੇ ਕੱਠੇ ਹੋ ਕੇ ।

**ਹੁੰਮ੍ਹ,** ਪੁ:—ਵੱਟ, ਗਰਮੀ, ਤਾਉ, ਹੁੱਸੜ ॥

**ਹੁਮੈਤ(ਤੀ)**—'ਹਮਾਇਤ' ਆਦਿਕ ਵੇਖੋ ॥

**ਹੁਰ,** ਸ:—ਪੰਖੇਰੂਆਂ ਦੇ ਉੱਡਣ ਦੀ ਅਵਾਜ਼ ॥ ਪੰਖੇਰੂਆਂ ਨੂੰ ਉਡਾਉਣ ਦੀ ਅਵਾਜ਼ ॥

**ਹੁਰਨਾ**—ਕ੍ਰਿ:—ਪਿੰਜਰੇ ਵਿੱਚ ਬੰਦ ਹੋਣਾ ॥

Digitized by Panjab Digital Library | www.panjabdigilib.org

**ਹੁਰਮਚ,** ਸ:<br>**ਹੁਰਮਚੀ,** ਵਿ: } ਇੱਕ ਤਰਾਂ ਦੀ ਲਾਲ ਮਿੱਟੀ ॥<br>**ਹੁਰਮਜ਼,** ਸ:<br>**ਹੁਰਮਜ਼ੀ,** ਵਿ: } ਹੁਰਮਚ ਦੇ ਰੰਗ ਦਾ ॥

**ਹੁਰਮਤ**<br>**ਹੁਰਮਤੀ** } ਸ:—ਪਤ, ਮਾਨ, ਆਬਰੋ ਇੱਜ਼ਤ ॥

**ਹੁਰਮਤ ਵਾਲਾ,** ਵਿ:, ਪੁ:—ਇੱਜ਼ਤ ਆਬਰੋ ਵਾਲਾ ਆਦਮੀ ॥ ਪਤਵੰਤਾ ॥

**ਬੇ ਹੁਰਮਤ,** ਵਿ:—ਬਦਨਾਮ ॥

**ਬੇ ਹੁਰਮਤੀ,** ਸ:—ਬੇ ਇੱਜ਼ਤੀ, ਨਿਰਾਦਰੀ ॥

**ਹੁੱਰਾ,** ਸ:—ਜੋਸ਼ ਦੀ ਗਾਜ, ਜੋਸ਼ ਦਾ ਤਿੱਤਰ ਬਿੱਤਰ ਹੋਣਾ ॥ ਖੁਸ਼ੀ ਦਾ ਜੈਕਾਰਾ ॥

**ਹੁਰਾਂ, ਹੁਰੀਂ,** ਪ੍ਰਤਯਯ—'ਹੋਰਾਂ', 'ਹੋਰੀਂ' ਵੇਖੋ ॥

**ਹੁਲ,** ਸ:—ਅੱਖ ਜਾਂ ਸਿਰ ਦੀ ਪੀੜ, ਜਿੱਥੇ ਉਗ੍ਰਾਹ ਸੁੱਟਣਾ ॥

**ਹੁਲ ਹੁਲ,** ਸ:—ਇੱਕ ਬੂਟਾ ॥

**ਹੁਲਕਾਰਨਾ,** ਕ੍ਰਿ:—'ਹਿਲਕਾਰਨਾ' ਵੇਖੋ ॥

**ਹੁਲਰ** ਪੁ:<br>**ਹੁਲਰੀ,** ਸ: } ਬਹੁਤ ਧਨ ਉਡਾਉਣਾ ॥

**ਹੁੱਲੜ,** ਪੁ:—ਔਖਾ ਸਾਹ, ਰੌਲਾ ਗੌਲਾ, ਹਿੱਲ ਜੁੱਲ ॥

**ਹੁੱਲੜ ਮਾਰ,** ਪੁ:—ਰੌਲਾ ਰੌਲਾ ਪਾਉਣ ਵਾਲਾ, ਫਸਾਦੀ । ( ਹੁਲੱੜ ਮਚਾਉਣਾ )॥

**ਹੁਲਾਸ,** ਸ:—ਨਸਵਾਰ, ਖੁਸ਼ੀ, ਮੌਜ ॥

**ਹੁਲਾਸਾ,** ਪੁ:—ਖੁਸ਼ੀ, ਅਨੰਦ, ਮੌਜ, ਲਾਲਸਾ ॥

**ਹੁਲਾਰਾ,** ਪੁ:—ਹੂਟਾ, ਝੂਟਾ, ਸਿਰ ਦਾ ਹਿੱਲਣਾ, (ਹੋਣਾ, ਲੈਣਾ) ਇੱਕ ਤਰਾਂ ਦਾ ਤੌਬਰਾ ਜੋ ਖੱਚਰਾਂ ਦੀ ਕਾਠੀ ਉੱਤੇ ਪਾਉਂਦੇ ਹਨ ॥

**ਹੁੜਕ,** ਸ:—ਹੋਲਤ, ਰੀਤ, ਦਸਤੂਰ ॥

**ਹੁੜਣਾ**<br>**ਹੁੜ੍ਹਣਾ** } ਕ੍ਰਿ:—ਪਿੰਜਰੇ ਵਿੱਚ ਬੰਦ ਹੋਣਾ ॥

**ਹੁੜਦੂ ਲਾਨਤ,** ਸ:—ਦੋਹਾਂ ਦਾ ਫਿਰੇ ਮੂੰਹ, ਬਦਨਾਮੀ ( ਉੱਨਾਂ ! ਚੜ੍ਹਾਈ ਕਰਨੀ ਕਿ ਲਹਾਈ । ਅਖੇ ਹੁੜਦੂ ਲਾਨਤ )॥

**ਹੁੜਬਣਾ,** ਕ੍ਰਿ:—ਪਿੰਜਰੇ ਵਿੱਚ ਬੰਦ ਕਰਨਾ, ਕੈਦ ਕਰਨਾ ॥

**ਹੁੜਵਾਉਣਾ,** ਕ੍ਰਿ:—ਪਿੰਜਰੇ ਵਿੱਚ ਬੰਦ ਕਰਾਉਣਾ ॥

**ਹੁੜਵਾਈ,** ਸ:—ਪਿੰਜਰੇ ਵਿੱਚ ਬੰਦ ਕਰਨਾ ॥

**ਹੁੜਾਉਣਾ,** ਕ੍ਰਿ:—'ਹੁੜਵਾਉਣਾ' ਵੇਖੋ ॥

**ਹੂ,** ਅਵ:—ਓਹ, ਓਹਿ ॥<br>ਪੁ:—ਰੌਬ ॥

**ਹੂ ਹਕਾ, ਹੂ ਹਾਂ,** ਸ:—ਦਿਖਾਵਾ, ਧੂਮ ਧਾਮ ॥

**ਹੂ ਪੈਣੀ,** ਕ੍ਰਿ:—ਚੰਗੀ ਮੰਦੀ ਗੱਲ ਮਸ਼ਹੂਰ ਜਾਣੀ ॥

**ਹੂ ਬਹੂ,** ਕ੍ਰਿ:, ਵਿ:—ਠੀਕ, ਬਿਲਕੁਲ, ਪੂਰਾ ਪੂਰਾ ॥

**ਹੂੰ,** ਅਵ:—ਹਾਂ, ਬਹੁਤ ਚੰਗਾ, ਠੀਕ ਕਰ, ਕਰ ਜਾਂ ॥

**ਹੂੰ ਹਾਂ,** ਸ:—ਹਾਂ, ਮਰਜ਼ੀ ਦੱਸਣ ਵਾਲਾ ਬਚਨ ॥

**ਹੂੰਕਰਨਾ,** ਕ੍ਰਿ:—ਹਾਂ ਕਰਨਾ ਗੱਲ ਮੰਨ ਲੈਣੀ ॥

Digitized by Panjab Digital Library | www.panjabdigilib.org

**ਹੂਕ,** ਸ:—ਚੀਰਵੀਂ ਪੀੜ ਨਾਲ ਕੁਰਲਾਉਣਾ, ਝਟਕਾ, ਜਕੜਾਊ ॥

**ਹੁਸ (ਹੂੰਸ),** ਸ:—ਵੈਰ, ਲਾਲਚ, ਸਾੜ੍ਹਾ, ਗਮ ॥

**ਹੂਥ,** ਪੁ:—ਜੰਗਲੀ ਜਲੌਰ, ਅਹਿਮਕ, ਅਨਜਾਣ ॥

**ਹੂੰਗ,** ਸ:
**ਹੂੰਗਣ,** ਸ:
**ਹੂੰਗਾ,** ਪੁ: } ਪੀੜ ਨਾਲ ਹੂੰ ਹੂੰ ਕਰਨਾ, ਕੁਰਲਾਟ ॥

**ਹੂੰਗਣਾ,** ਕ੍ਰਿ:—ਪੀੜ ਨਾਲ ਕੁਰਲਾਉਣਾ ॥

**ਹੂੰਗਾ ਭਰਨਾ,** ਕ੍ਰਿ:—ਰੋਣਾ (ਜਿੱਦਾਂ ਕੁੜੀ ਪੇਕਿਓਂ ਤੁਰਨ ਲੱਗੀ ਕਰਦੀ ਹੈ) ॥

**ਹੂੰਝਣਾ,** ਕ੍ਰਿ:—ਸੰਬਰਨਾ, ਕੜਾ ਛੰਡ ਕੇ ਬਾਹਰ ਸੁੱਟਣਾ ॥

**ਹੂੰਝਾ,** ਪੁ:—ਸਫਾਈ, ਸਤਿਆਨਾਸ, ਬਰਬਾਦੀ (ਹੂੰਝਾ ਫਿਰਨਾ, ਫੇਰਨਾ) ॥

**ਹੂਤ,** ਵਿ:—ਹਾਰੂ, ਨੱਸਿਆ ਹੋਇਆ ॥

**ਹੂਰ,** ਸ:—ਬਹਿਸ਼ਤ ਵਿਚ ਸੁੰਦਰ ਇਸਤ੍ਰੀਆਂ ਜੋ ਦੀਨ ਦਾਰਾਂ ਨੂੰ ਮਿਲਣਗੀਆਂ, ਸੁੰਦਰ ਇਸਤ੍ਰੀ ॥

**ਹੂਰਾ,** ਪੁ:—ਮੁੱਕਾ (ਹੂਰਾ ਮਾਰਨਾ, ਵੱਟਣਾ) ॥

**ਹੂਰਾਂ ਪਰੀ,** ਸ:—ਬਹੁਤ ਸੁੰਦਰ ਇਸਤ੍ਰੀ ॥

**ਹੂਲ,** ਸ:—ਹੱਲਾ, ਧੱਕਾ, ਹੁੱਜ; (ਹੂਲ ਚਲਾਉਣੀ, ਮਾਰਨੀ) ॥

**ਹੂਲਣਾ,** ਕ੍ਰਿ:—ਉਕਸਾਉਣਾ, ਧੱਕਣਾ ॥

**ਹੂੜ੍ਹ,** ਸ:—ਜ਼ਿਦ, ਹਠ, ਮੂਰਖਤਾਈ, ਬੇ ਸਮਝੀ, ਅਜੇਹਾ ਕੰਮ ਕਰਨ ਲੱਗਣਾ ਜੋ ਆਪਣੇ ਕੋਲੋਂ ਨਾ ਹੋ ਸਕੇ ॥

**ਹੂੜ੍ਹ ਮਤ,** ਸ:—ਬੇ ਸਮਝੀ, ਜਟਕੀ ਅਕਲ ॥

**ਹੂੜ੍ਹ ਮਾਰ,** ਪੁ:-ਵਿ:—ਢੀਠ, ਮੂਰਖ, ਅੰਨ੍ਹੇ ਵਾਹ ਬੇਥੀ ਕੰਮ ਕਰਨ ਵਾਲਾ ॥

**ਹੂੜ੍ਹ ਮਾਰੀ**
**ਹੂੜ੍ਹ ਵਾਹੀ** } ਸ:—ਮੂਰਖਤਾਈ, ਬੇਅਕਲੀ ਦਾ ਕੰਮ ਕਰਨਾ (ਕਰਨੀ, ਮਾਰਨੀ) ॥

**ਹੇ,** ਅਵ:—ਓਇ, ਓ, ਦੂਜੇ ਨੂੰ ਬੁਲਾਉਣ ਦਾ ਬਚਨ ॥

**ਹੇਂਹ,** ਸ:—ਆਕੜ, ਗੁਮਾਨ, ਐਂਠ, ਮਜਾਲ ॥
ਅਵ:—ਕੀ ਹੈ? ਓਇ! ਕਿਉਂ? ਇਹ ਗੱਲ ਹੈ?

**ਹੇਹੜ,** ਸ:—ਮੰਡਲੀ, ਭੀੜ, ਕੱਠ ॥

**ਹੇਕ,** ਸ:—ਸੁਰ, ਅਵਾਜ (ਕੱਢਣੀ, ਮਾਰਨੀ) ॥

**ਹੇੱਕ,** ਵਿ:—ਇੱਕ ॥

**ਹੇਕੱਠਾ,** ਵਿ:—ਇਕੱਠਾ ॥

**ਹੇਕੜ**
**ਹੇਕੜੀ** } ਸ:—ਘਮੰਡ, ਅਹੰਕਾਰ, ਅਕੜਾਊ ॥

**ਹੇਰ ਫੇਰ,** ਪੁ:—ਧੋਖਾ, ਛਲ, ਘਾਤ ॥

**ਹੇਜ,** ਸ:—ਲਾਜ, ਨਖਰਾ, ਅਦਾ, ਦਿਖਾਵਾ ਕਰਨਾ) ॥

**ਹੇਜਲਾ,**
**ਹੇਜਲੀ,** } ਵਿ:—ਪਿਆਰਾ, ਹਿਤਕਾਰੀ ॥

**ਹੇਠ,** ਕ੍ਰਿ:-ਵਿ:—ਥੱਲੇ, ਨੀਵੀਂ ਥਾਂ, ਨੀਵੇਂ, ਪਿੱਛੇ ॥

**ਹੇਠ ਉੱਪਰ,** ਕ੍ਰਿ: ਵਿ:—ਇਕ ਦੇ ਉਪਰ ਦੂਜਾ ਉਲਟ ਪੁਲਟ। ਗੜ ਬੜ ॥

**ਹੇਠ ਦੀ**
**ਹੇਠੋਂ ਹੇਠ** } ਕ੍ਰਿ: ਵਿ:—ਥੱਲੇ ਦੇ ਪਾਸਿਓਂ ॥

**ਹੇਠਲਾ,** ਵਿ:—ਹੇਠ ਦਾ, ਥੱਲੇ ਦਾ, ਨੀਵਾਂ ॥

**ਹੇਠਲੀ ਉੱਤੇ,** ਸ:—ਪਰਲੋ ॥

**ਹੇਠਾ,** ਵਿ:—ਛੋਟੇ ਦਰਜੇ ਦਾ, ਹੌਲਾ, ਹੀਣਾ ॥

Digitized by Panjab Digital Library / www.panjabdigilib.org

**ਹੇਠਾ ਪੁਣਾ,** ਪੁਃ—ਹੇਠਾਂ ਹੋਣਾ, ਹੀਨ ਭਾਈ ॥

**ਹੇਠੇ ਹੋਣਾ,** ਕ੍ਰਿਃ—ਅਧੀਨਹੋਣਾ, ਹਾਰ ਜਾਣਾ ॥

**ਹੇਤ,** ਪੁਃ—ਪਿਆਰ, ਮੁਹੱਬਤ, ਪ੍ਰੇਮ ॥
ਅਵਃ—ਖਾਤਰ, ਕਰਕੇ, ਕਾਰਨ ॥

**ਹੇਰ ਫੇਰ,** ਪੁਃ—ਚੱਕਰ, ਫੇਰੇ, ਗੇੜੇ, ਮੋੜ ॥

**ਹੇਰਵਾ,** ਪੁਃ—ਬਾਲਕਾਂ ਨੂੰ ਜੋ ਮਾਂ ਪੇਉ, ਜਾਂ ਕਿਸੇ ਸੱਜਨ ਦੇ ਵਿਛੋੜੇ ਦਾ ਦੁਖ ਹੁੰਦਾ ਹੈ ॥

**ਹੇਰਵਾ ਲੈਣਾ,** ਕ੍ਰਿਃ—ਵਿਛੋੜੇ ਕਰਕੇ ਦੁਖੀ ਹੋਣਾ ॥

**ਹੇਰਾ,** ਪੁਃ—ਲੰਮੀ ਸੁਰ ਦਾ ਗੀਤ ਜੋ ਅਯਾਲੀ ਗਾਉਂਦੇ ਹਨ ( ਹੇਰੇ ਦੇਣੇ )॥

**ਹੇਲ ਮੇਲ ਹੋਣਾ,** ਕ੍ਰਿਃ—ਮਿਲਣਾ ਗਿਲਣਾ ॥

**ਹੇਲਤ,** ਸਃ—ਆਦਤ, ਵਾਦੀ, ਸੁਭਾਉ (ਪੋਠੀ)॥

**ਹੇਲਾ,** ਪੁਃ—ਇੱਕ ਜਨੌਰ ॥

**ਹੇਲਾ ਓਇ !** ਵਿਸਮਯਃ—ਮੱਦਤ ਲਈ ਪੁਕਾਰ ॥

**ਹੇਲਾਂ,** ਸਃ—(ਬਹੁਃ—ਬਃ) ਧਾਵੇ, ਹੱਲੇ, ਭੀੜ [illegible]

**ਹੇੜ੍ਹ,** ਸਃ—ਡੰਗਰਾਂ ਦਾ ਵੱਗ, ਲੋਕਾਂ ਦੀ ਭੀੜ ॥

**ਹੇੜਾ,** ਪੁਃ—ਸ਼ਿਕਾਰ (ਹੇੜਾ ਖੇਡਣਾ, ਹੇੜੇ ਜਾਣਾ)॥

**ਹੇੜੀ,** ਵਿਃ—ਸ਼ਿਕਾਰ ਦਾ, ਸ਼ਿਕਾਰ ਵਾਲਾ ॥

**ਹੈ**
**ਹੈਈ** } ਕ੍ਰਿਃ—'ਹੋਣਾ' ਧਾਤੂ ਦਾ ਵਰਤਮਾਨ ਕਾਲ ਅਨਯ ਪੁਰਖ ਇਕ ਬਚਨ ॥

ਪਃ—ਹਾਹੁਕਾ ਜੋ ਪੀੜ ਦੇ ਵੇਲੇ ਭਰਿਆ ਜਾਵੇ॥

ਅਵਃ—ਓਇ, ਹੇ ( ਹੈਈ ਰੱਬਾ ! )॥

**ਹੈਂ,** ਕ੍ਰਿਃ, ਵਿਃ—ਕੀ ਹੈ ?
"ਵਃ—ਨਾਂ ਕਰ, ਵੇਖ ! ਸੋਝੀ ਰੱਖ ! ਸੱਚ ਮੁਚ ?
ਕ੍ਰਿਃ—'ਹੋਣਾ' ਧਾਤੂ ਦਾ ਵਰਤਮਾਨ ਕਾਲ ਮਧਯਮ ਪੁਰਖ ਦਾ ਇੱਕ ਬਚਨ ॥

**ਹੈਸ,** ਕ੍ਰਿਃ—ਹੈਸੀ, ਸੀ, ਸੀਗਾ, ਸਾ, ਆਹਾ ॥

**ਹੈਸਣ,** ਕ੍ਰਿਃ—ਸਨ, ਸੇ, ਸੀਗੇ, ਆਹੇ ॥

**ਹੈਂਸਿਆਰਾ**
**ਹੈਂਸਿਯਾਰਾ** } ਵਿਃ—ਨਿਰਦਯੀ, ਬੇ ਤਰਸ, ਕਰੜੇ ਜਿਗਰੇ ਵਾਲਾ ॥ ਘਾਤੀ ॥

**ਹੈਸੀ,** ਕ੍ਰਿਃ—ਹੈਸ, ਸੀ, ਸੀਗਾ, ਸਾ, ਆਹਾ ॥

**ਹੈਸੀਯਤ,** ਸਃ—ਉੱਤਾ, ਤੌਫ਼ੀਕ, ਸਮਰਥ, ਧਨ ਦਾ ਬਲ ॥

**ਹੈਕਲ**
**ਹੈਂਕਲ** } ਸਃ—ਗਲ ਵਿੱਚ ਪਾਉਣ ਵਾਲਾ ਇੱਕ ਚਾਂਦੀ ਜਾਂ ਸਿਉਨ ਦਾ ਗਹਿਣਾ ॥

**ਹੈਕੜ**
**ਹੈਂਕੜ** } ਸਃ—ਆਕੜ, ਗੁਮਾਨ, ਘਮੰਡ ॥

**ਹੈਗਾ,** ਕ੍ਰਿਃ—'ਹੈ' ਵੇਖੋ ॥

**ਹੈਂਜਾ,** ਪੁਃ—ਇੱਕ ਰੋਗ ਜਿਸ ਵਿੱਚ ਕੈ ਅਤੇ ਦਸਤ ਆਉਂਦੇ ਹਨ । ਮਰੀ ( ਹੋਣਾ, ਹੋ ਜਾਣਾ)॥

**ਹੈੱਜਾ ਪੈਣਾ,** ਕ੍ਰਿਃ—ਹੈਜ਼ੇ ਦੀ ਬਿਮਾਰੀ ਖਿੱਲਰਨੀ ॥

**ਹੈਂਡ ਬਿਲ,** ਪੁਃ—ਹੱਥ ਵਿਚ ਫੜ ਕੇ ਪੜ੍ਹਨ ਵਾਲਾ ਛੋਟਾ ਕਾਗਤ ॥

**ਹੈਡ ਮਾਸਟਰ,** ਪੁਃ—ਸਕੂਲ ਦਾ ਸਭ ਤੋਂ ਵੱਡਾ ਉਸਤਾਦ ॥ ਉਸਤਾਦਾਂ ਦਾ ਸਰਦਾਰ ॥

Digitized by Panjab Digital Library | www.panjabdigilib.org

**ਹੈਂਡਲ,** ਪੁ:-ਹੱਥਾ, ਦਸਤਾ।

**ਹੈਣ,** ਕ੍ਰਿ:—ਹਨ, 'ਹੈ' ਦਾ ਬਹੁ ਵਚਨ॥

**ਹੈਦਰ,** ਪੁ:—ਹਜ਼ਰਤ ਅਲੀ ਦਾ ਇੱਕ ਨਾਉਂ॥

**ਹੈਦਰੀ,** ਪੁ:, ਸ:—ਹਜ਼ਰਤ ਅਲੀ ਨੂੰ ਮੰਨਣ ਵਾਲਾ॥
ਵਿ:—ਹੈਦਰ ਦਾ, ਬਹੁਤ ਬੜਾ

**ਹੈਬਤ,** ਸ:—ਡਰ, ਭੌ, ਖੌਫ॥

**ਹੈਰਤ,** ਸ:—ਹਰਾਨਗੀ, ਅਚੰਭਾ।

**ਹੈਰਾਨ,** ਵਿ:—ਹੱਕਾ ਬੱਕਾ, ਦੰਗ, ਘਾਬਰਿਆ ਹੋਇਆ॥

**ਹੈਰਾਨਗੀ, ਹਰਾਨੀ,** ਸ:—ਅਚਰਜ, ਅਚੰਭਾ ਹੈਰਤ, ਔਕੜ।

**ਹੋ,** ਕ੍ਰਿ:—'ਹੋਣਾ' ਧਾਤੂ ਦਾ ਮਧਮ ਪੁਰਖ ਬਹੁ ਵਚਨ ਵਰਤਮਾਨ ਕਾਲ॥
ਅਵ:—ਆਹੋ, ਹੱਛਾ, ਕੀ ਕਹਿੰਦਾ ਹੈਂ ਬਈ?

**ਹੋ ਆਉਣਾ,** ਕ੍ਰਿ:—ਕਿਤੇ ਜਾਕੇ ਮੁੜ ਆਉਣਾ॥

**ਹੋ ਸਕਣਾ,** ਕ੍ਰਿ:—ਹੋਣਵਾਲਾ ਹੋਣਾ॥

**ਹੋਕੇ,** ਕ੍ਰਿ, ਵਿ:—ਹੋਣ ਦੇ ਮਗਰੋਂ, ਹੋਣ ਕਰਕੇ॥

**ਹੋ ਕੇ ਰਹਿਣਾ,** ਕ੍ਰਿ:—ਜ਼ਰੂਰ ਹੋਣਾ, ਕਿਸੇ ਦੇ ਅਧੀਨ ਰਹਿਣਾ। ਇੱਕ ਦੇ ਮਗਰ ਲੱਗਣਾ॥

**ਹੋ ਚੁੱਕਣਾ,** ਕ੍ਰਿ:—ਪੂਰਾ ਹੋਣਾ, ਮਰ ਜਾਣਾ॥

**ਹੋ ਜਾਣਾ,** ਕ੍ਰਿ:—ਵਰਤਣਾ (ਭਾਣਾ), ਮਾੜੇ ਪੈਣਾ॥

**ਹੋ ਲੈਣਾ,** ਕ੍ਰਿ:—ਹੋ ਜਾਣਾ, ਪੂਰਾ ਹੋਣਾ, ਇੱਕ ਦਾ ਰਹਿਣਾ॥

**ਹੋਊ,** ਕ੍ਰਿ:—ਹੋਵੇਗਾ, ਪਿਆ ਹੋਵੇ, ਕੁਝ ਪਰਵਾਹ ਨਹੀਂ॥

**ਹੋਇਆ,** ਕ੍ਰਿ:—'ਹੋਣਾ' ਧਾਤੂ ਦਾ ਭੂਤ ਕਾਲ ਇਕ ਵਚਨ ਅੰਨਯ ਪੁਰਖ ਪੁਲਿੰਗ॥

**ਹੋਈ,** ਕ੍ਰਿ:—'ਹੋਇਆ' ਦਾ ਇਸਤ੍ਰੀ ਲਿੰਗ॥
ਸ:—ਜੋ ਗੱਲ ਹੋ ਚੁਕੀ ਹੈ। ਇੱਕ ਤਿਹਾਰ, ਜੋ ਦਿਵਾਲੀ ਤੋਂ ਅੱਠ ਦਿਨ ਅਗੋਂ ਆਉਂਦਾ ਹੈ।

**ਹੋਏ,** ਕ੍ਰਿ:—'ਹੋਇਆ' ਦਾ ਬਹੁ ਵਚਨ॥

**ਹੋਏ ਹੋਏ,** ਸ:—ਸ਼ਰਮ, ਨਿਰਾਦਰੀ, ਬਦਨਾਮੀ, ਨਮੋਸ਼ੀ॥

**ਹੋਸ,** ਕ੍ਰਿ:—'ਹੋਣਾ' ਧਾਤੂ ਦਾ ਇਕ ਵਚਨ, ਭੂਤ ਕਾਲ ਅੰਨਯ ਪੁਰਖ, ਇਕ ਵਚਨ॥

**ਹੋਸ਼,** ਕ੍ਰਿ:—ਸ:—ਸੁਰਤ, ਸਮਝ, ਸੋਝੀ॥

**ਹੋਸ਼ ਉੱਡਣੀ,** ਕ੍ਰਿ:—ਬੇ ਸੁਰਤ ਹੋ ਜਾਣਾ, ਹਰਾਨ ਹੋ ਜਾਣਾ॥

**ਹੋਸ਼ ਆਉਣੀ,** ਕ੍ਰਿ:—ਸੁਰਤ ਆਉਣੀ, ਚੇਤੰਨ ਹੋਣਾ, ਸੁਚੇਤ ਹੋਣਾ॥

**ਹੋਸ਼ ਸੰਭਾਲਣੀ,** ਕ੍ਰਿ:—ਸੁਰਤ ਆਉਣੀ, ਸਿਆਣਾ ਹੋਣਾ॥

**ਹੋਸ਼ ਹਵਾਸ,** ਸ:—ਸੁਰਤ, ਸਮਝ॥

**ਹੋਸ਼ ਕਰਣੀ,** ਕ੍ਰਿ:—ਚੇਤੰਨ ਜਾਂ ਸੁਚੇਤ ਹੋਣਾ॥

**ਹੋਸ਼ ਗੁੰਮ ਹੋਣੀ,** ਕ੍ਰਿ:—ਬੇ ਸੁਰਤ ਹੋ ਜਾਣਾ॥

**ਹੋਸ਼ ਦਾ ਦਾਰੂ ਕਰਨਾ,** ਕ੍ਰਿ:—ਬੇ ਸਮਝੀ ਹਟਾਉਣੀ॥

**ਹੋਸ਼ ਫੜਣੀ,** ਕ੍ਰਿ:—'ਹੋਸ਼ ਸੰਭਾਲਣੀ', ਵੇਖੋ॥

Digitized by Panjab Digital Library | www.panjabdigilib.org

**ਹੋਸ਼ ਮੰਦ,** ਵਿ:—ਜਿਸਨੂੰ ਹੋਸ਼ ਹੈ ॥

**ਹੋਸ਼ ਮੰਦੀ,** ਸ:—ਸਮਝ, ਸਿਆਣਪ

**ਹੋਸ਼ ਵਾਲਾ,** ਵਿ:—ਜਿਸਨੂੰ ਹੋਸ਼ ਹੈ ॥

**ਹੋਸ਼ ਵਿੱਚ ਆਉਣਾ,** ਕ੍ਰਿ: ਹੋਸ਼ ਆਉਣੀ, ਵੇਖੋ ॥

**ਹੋਸਣ,** ਕ੍ਰਿ:—ਹੋਣਗੇ (ਉਹ) ।

**ਹੋਸਾਂ,** ਕ੍ਰਿ:—ਹੋਵਾਂਗਾ (ਮੈਂ)

**ਹੋਸਿਣ,** ਕ੍ਰਿ:—ਹੋਣਗੇ (ਉਹ) ।

**ਹੋਸੀ,** ਕ੍ਰਿ:—ਹੋਵੇਗਾ (ਉਹ) ॥

**ਹੋਸੀਂ, ਹੋਸੇਂ,** ਕ੍ਰਿ:—ਹੋਵੇਂਗਾ (ਤੂੰ) ॥

**ਹੋਸੋ,** ਕ੍ਰਿ:—ਹੋਵੋਗੇ (ਤੁਸੀਂ) ॥

**ਹੌਹ,** ਪੁ:—ਧੱਕਾ, ਹੁਜਕਾ (ਲੱਗਣਾ) ॥

**ਹੋਕਾ,** ਪੁ:—ਉੱਚੀ ਬੋਲਕੇ ਲੋਕਾਂ ਨੂੰ ਕੋਈ ਗੱਲ ਦੱਸਣੀ, ਚੀਜ਼ਾਂ ਵੇਚਣ ਲਈ ਕੂਕਣਾ, ਪੁਕਾਰ, ਢੰਡੋਰਾ ॥ (ਹੋਕਾ ਦੇਣਾ, ਫੇਰਨਾ) ॥

**ਹੋਖਾ,** ਵਿ:—ਕਮਜ਼ੋਰ, ਹੌਲਾ, ਚੰਚਲ, ਨਕਾਰਾ ॥

**ਹੋਖੇ ਪੈਣਾ,** ਕ੍ਰਿ:—ਨਿਰਾਦਰੀ ਹੋਣੀ ॥

**ਹੋਗ, ਹੋਗ,** ਕ੍ਰਿ:—ਹੋਵੇ, ਹੋਵੇਗਾ, ਹੋਊ, ਹੋਸੀ ॥

**ਹੋਛ ਪੁਣਾ,** ਪੁ:—ਹੋਛਾ ਹੋਣਾ, ਕਮੀਨ ਪੁਣਾ ਬੇਅਕਲੀ ।

**ਹੋਛਾ,** ਵਿ:—ਨਕਾਰਾ, ਬੇ ਸਮਝ, ਮੂਰਖ, ਕਮੀਨਾ, ਆਕੜ ਬਾਜ਼ ॥



**ਹੋਟਲ,** ਪੁ:—ਅੰਗ੍ਰੇਜ਼ੀ ਢੰਗ ਦੀ ਸਰਾਂ, ਮੁਸਾਫਰ ਖਾਨਾ ਅੰਗ੍ਰੇਜ਼ੀ ਢੰਗ ਦਾ ਤੰਦੂਰ ॥

**ਹੋਠ (ਹੋਂਠ),** ਪੁ:—ਬੁੱਲ੍ਹ, ਲਬ ।

**ਹੋਂਡ,** ਪੁ:—ਕਮਾਦ ਕੱਟਣ ਮਗਰੋਂ ਜੋ ਗੰਨੇ ਦੀ ਜੜ੍ਹ ਰਹਿ ਜਾਂਦੀ ਹੈ ॥

**ਹੋਣ,** ਸ:—ਹੋਣਾ, ਵਰਤਣਾ, ਜੀਉਣਾ ॥

**ਹੋਣਹਾਰ,** ਸ:—ਜੋ ਹੋਣਾ ਹੈ । ਭਾਵੀ, ਪਰਾਲਬਧ, ਹੁੰਦੜ ਹੇਲ ॥

**ਹੋਣਾ,** ਕ੍ਰਿ:—ਜੀਉਣਾ, ਭਾਣਾ ਵਰਤਣਾ, ਜੰਮਣਾ, ਉੱਗਣਾ, ਰਖਣਾ, ਮੁੱਕਣਾ ॥

**ਹੋਣੇ ਵਾਲਾ,** ਪੁ:—ਜੋ ਕੰਮ ਛੇਤੀ ਹੋਣ ਵਾਲਾ ਹੈ ॥ ਵਿ:—ਹੋਣਹਾਰ ॥

**ਹੋਣੀ,** ਸ:—ਭਾਵੀ, ਕਿਸਮਤ, ਪਰਾਲਬਧ ।

**ਹੋਤ,** ਪੁ:—ਮਿਤ੍ਰ, ਯਾਰ, ਬੇਲੀ ॥ ਪੜ:—ਉਹ (ਬਹੁ: ਬ:)

**ਹੋਤਾ,** ਪੜ:—ਉਨ੍ਹਾਂ ਦਾ, ਉਨ੍ਹਾਂ ਨੂੰ ॥

**ਹੋਂਦ,** ਸ:—ਹੋਣਾ, ਹੋਣ ਦੀ ਹਾਲਤ ॥

**ਅਣਹੋਂਦ,** ਸ:—ਨਾਂ ਹੋਣਾ, ਝੂਠ ॥

**ਹੋਦਾਰ,** ਪੁ:—'ਹੁਦਾਰ' ਵੇਖੋ ॥

**ਹੋਮ,** ਪੁ:—ਅੱਗ ਵਿੱਚ ਘਿਉ ਦੀ ਆਹੁਤੀ ਆਦਿਕ ਪਾਉਣਾ (ਵੇਦਾਂ ਦੇ ਮੰਤ੍ਰ ਪੜ੍ਹਕੇ), ਹਮਨ, ਜੱਗ, ਅਗਨੀ ਹੋਤ੍ਰ ॥

**ਹੋਯਾ,** ਪੁ:—ਜ ਹੋ ਚੁਕਾ ਹੈ, ਪੈਦਾ ਵਾਰੀ, ਫਸਲ ॥

Digitized by Panjab Digital Library | www.panjabdigilib.org

**ਹੋਰ,** ਪੜਨਾਂ—ਦੂਜਾ, ਵੱਖਰਾ, ਓਪਰਾ, ਵੱਧ ॥
ਕ੍ਰਿ:, ਵਿ:—ਇਸ ਤੋਂ ਵਧੀਕ, ਛੁੱਟ ॥
ਅਵ:—ਅਤੇ, ਅਜੇ ॥

**ਹੋਰ ਸਾਰੇ,** ਵਿ:—ਬਾਕੀ ਸਭ ॥

**ਹੋਰ ਸੁਣੋ,** ਇਸ ਤੋਂ ਅੱਗੇ ਇਹ ਗੱਲ ਹੈ ॥

**ਹੋਰ ਸ਼ੈ,** ਸ:—ਦੂਜੀ ਚੀਜ਼ ॥

**ਹੋਰ ਹੀ,** ਵਿ:—ਬਿਲਕੁਲ ਵੱਖਰਾ ॥

**ਹੋਰ ਕੀ,** ਇਸ ਤੋਂ ਛੁਟ ਹੋਰ ਕੇਹੜੀ ਗੱਲ ਹੈ ॥

**ਹੋਰ ਕੀ ਕਹਾਂ,** ਇਹ ਗੱਲ ਬਿਲਕੁਲ ਸੱਚ ਹੈ ॥

**ਹੋਰ ਕੋਈ,** ਪੜ:—ਦੂਆ ਜਨਾ ॥

**ਹੋਰ ਤੋਂ ਹੋਰ,** ਵਿ:—ਦੂਈ ਤਰ੍ਹਾਂ ਦਾ ॥

**ਹੋਰਥੇ, ਹੋਰਦਰੇ,** ਕ੍ਰਿ:, ਵਿ:—ਦੂਈ ਥਾਂ ।

**ਹੋਰਦਾ,** ਵਿ:—ਆਪਣਾ ਨਾਂ, ਪਰਾਯਾ ॥

**ਹੋਰ ਧਰ,** ਕ੍ਰਿ:, ਵਿ:—ਦੂਈ ਥਾਂ, ਦੂਏ ਪਾਸੇ ॥

**ਹੋਰ ਨਾਂ,** ਕ੍ਰਿ:, ਵਿ:—ਇੰਨਾ ਹੀ, ਬੱਸ ॥

**ਹੋਰਨਾਂ (ਨੀਂ)** ਪੜ:—ਹੋਰ ਜਨਿਆਂ, ਬਾਕੀ ਆਦਮੀਆਂ ਨੂੰ ।

**ਹੋਰ ਬੀ, ਭੀ, ਵੀ,** ਅਤੇ, ਵਧੀਕ, ਨਾਲੇ ।

**ਹੋਰਾਂ, ਹੋਰੀਂ,** ਪ੍ਰਤਯ, ਜੀ, ਆਦਰ ਵਾਸਤੇ ਨਾਵਾਂ ਦੇ ਮਗਰ ਲਾਉਂਦੇ ਹਨ, ਜਿਹਾਕਿ 'ਰਾਮੇ ਹੋਰਾਂ ਆਖਿਆ' 'ਲਾਲੋ ਹੋਰੀਂ ਆਏ'॥

**ਹੋਰੀ,** ਸ:—'ਹੋਲੀ' ਵੇਖੋ ॥

**ਹੋਰੇ ਤੌਰ,** ਕ੍ਰਿ:, ਵਿ:—ਕਿਸੇ ਹੋਰ ਤਰਾਂ ॥

**ਹੋਲਡਰ,** ਪੁ:—ਵਲੈਤੀ ਕਲਮ ਦੀ ਡੰਡੀ ॥

**ਹੋੱਲਾ,** ਪੁ:—ਸਿੱਖਾਂ ਦੀ ਹੋਲੀ ਜੋ ਹੋਰਨਾਂ ਹਿੰਦੂ ਦੀ ਹੋਲੀ ਤੋਂ ਦੂਏ ਦਿਨ ਮਨਾਈ ਜਾਂਦੀ ਹੈ ॥

**ਹੋੱਲਾਂ,** ਸ:—(ਬਹੁ: ਬਚਨ), ਭੁੰਨਿਆ ਹੋਇਆ ਛੋਲੀਆ ।

**ਹੋੱਲੀ,** ਸ:—ਹਿੰਦੂਆਂ ਦਾ ਇਕ ਤਿਹਾਰ ਜੋ ਫੱਗਣ ਦੇ ਮਹੀਨੇ ਆਉਂਦਾ ਹੈ ਅਤੇ ਜਿਨ੍ਹੀਂ ਦਿਨੀਂ ਇੱਕ ਦੂਜੇ ਤੇ ਗੁਲਾਲ ਆਦਿਕ ਪਾਉਂਦੇ ਹਨ, ਹੋਲੀਆਂ ਵਿੱਚ ਗਾਉਣ ਵਾਲਾ ਗੀਤ ॥

**ਹੋੜਨਾ,** ਕ੍ਰਿ:—ਰੋਕਣਾ, ਵਰਜਣਾ, ਹਟਕਣਾ ।

**ਹੋੜ੍ਹਾ,** ਪੁ:—ਗੁਰਮੁਖੀ ਦੀ ਇੱਕ ਲਗ (ੋ) ਦਾ ਨਾਉਂ, ਅੰਦਰੋਂ ਤਾਕ ਬੰਦ ਕਰਨ ਵਾਲਾ ਡੰਡਾ ॥

**ਹੌ,** ਪੁ:—ਤ੍ਰਿਸ਼ਨਾ, ਲੋਭ, ਹਿਰਸ, ਆਪਸੁਆਰਥ ।

**ਹੌਂ,** ਪੁ:—ਹੰਕਾਰ, ਅਲਗਰਜੀ ॥
ਪੜ:—ਮੈਂ ॥

**ਹੌਂਸ,** ਸ:—ਇੱਛਿਆ, ਹਿਰਸ, ਚਾਹ, ਮਤਾ ॥

**ਹੌਸਲਾ, ਹੌਂਸਲਾ,** ਪੁ:—ਸਮਰਥ, ਦਲੇਰੀ, ਇੱਛਿਆ, ਹਿੰਮਤ ॥

**ਹੌਸਲਾ ਕਰਨਾ, ਹੌਂਸਲਾ ਛੱਡਣਾ,** ਕ੍ਰਿ:—ਜਿੰਨਾ ਜੋਰ ਲੱਗੇ ਲਾਉਣਾ ॥

**ਹੌਂਸਲੇ ਵਾਲਾ,** ਵਿ:—ਦਲੇਰ, ਹਿੰਮਤੀ ॥

**ਹੌਂਕਣਾ, ਹੌਂਕਣਾ,** ਕ੍ਰਿ:—ਛੇਤੀ ਛੇਤੀ ਜਾਂ, ਔਖਾ, ਸਾਹ ਲੈਣਾ ਹਫਣਾ ॥

**ਹੌਂਕਣੀ,** ਸ:—ਔਖਾ ਸਾਹ, ਦਮਾ (ਰੜ੍ਹਨੀ) ।

Digitized by Panjab Digital Library | www.panjabdigilib.org

**ਹੌਕਾ,** ਪੁ:—'ਹਾਹੁਕਾ' ਵੇਖੋ ॥

**ਹੌਜ (ਹੌਦ),** ਪੁ:—ਨਿੱਕਾ ਤਲਾਉ, ਚਬੱਚਾ।

**ਹੌਦਾ,** ਪੁ:—ਹਾਥੀ ਦੀ ਪਿੱਠ ਉੱਤੇ ਰਖਕੇ ਬਹਿਣ ਵਾਲੀ ਚੌਕੀ, ਅਮਾਰੀ॥

**ਹੌਮਾ, ਹੌਮਾਂ** ਪੁ:—ਅਭਮਾਨ, ਹੰਕਾਰ, ਮਮਤਾ, ਹਿਰਸ।

**ਹੌਲ,** ਪੁ:—ਡਰ, ਭਉ, ਧੜਕੀ, ਚਿੰਤਾ ॥

**ਹੌਲਦਾਰ,** ਪੁ:—ਫੌਜ ਦਾ ਜਾਂ ਪੁਲਸ ਦਾ ਇਕ ਦੇਸੀ ਅਫਸਰ।

**ਹੌਲਦਾਰੀ,** ਸ:—ਹੌਲਦਾਰ ਦਾ ਹੁੱਦਾ।

**ਹੌਲਦਿਲ,** ਪੁ:—ਦਿਲ ਦੀ ਧੜਕੀ॥

**ਹੌਲਦਲੀ, ਹੌਲਦਿਲੀ** ਸ:—ਇੱਕ ਤਰਾਂ ਦਾ ਪੱਥਰ ਜੋ ਧੜਕੀ ਹਟਾਉਣ ਲਈ ਪਾਉਂਦੇ ਹਨ ਅਤੇ ਹਿੱਕ ਉੱਤੇ ਲਟਕਦਾ ਰਹਿੰਦਾ ਹੈ.

**ਹੌਲਾ** ਵਿ:—ਹਲਕਾ, ਮੁਲੈਮ, ਸੁਖਾਲਾ, ਛੋਟੇ ਦਰਜੇ ਦਾ॥

**ਹੌਲੀ,** ਸ:, ਵਿ:—ਹਲਕੀ, ਮੁਲੈਮ, ਸੁਖਾਲੀ ।

**ਹਲੀ ਹੌਲੀ, ਹੌਲੀਂ ਹੌਲੀਂ, ਹੌਲੇ, ਹੌਲੇ ਹੌਲੇ** ਕ੍ਰਿ:, ਵਿ:—ਅਰਾਮ ਨਾਲ, ਆਸਤੇ ਆਸਤੇ, ਸੌਖੀ ਤਰ੍ਹਾਂ, ਧੀਰਜ ਨਾਲ, ਸਹਿਜੇ, ਅਮੱਲ-ਥਰੋ.

## ਕ

**ਕ,** ਪੁ:—ਗੁਰਮੁਖੀ ਪੈਂਤੀ ਦਾ ਛੇਵਾਂ ਅੱਖਰ, ਕੱਕਾ ॥

**ਕਉ,** ਪੁ:—ਇੱਕ ਰੁਖ ਜਿਸ ਦੀ ਲਕੜੀ ਦੀਆਂ ਸੋਟੀਆਂ ਬਣਦੀਆਂ ਹਨ ॥

**ਕਉਆ,** ਪੁ:—ਇੱਕ ਕਾਲਾ ਪੰਖਰੂ, ਕਾਉਂ, ਕਾਂ॥

**ਕਈ,** ਪੜ:—ਬਹੁਤ, ਬਥੇਰੇ, ਅਨੇਕ।

**ਕਈਕੁ,** ਪੜ:—ਕਈ, ਬਹੁਤ ਸਾਰੇ ॥

**ਕਈ ਵਾਰ,** ਕ੍ਰਿ:, ਵਿ:—ਬਹੁਤ ਵੇਰੀ, ਅਕਸਰ।

**ਕਸ,** ਸ:—ਤਾਪ, ਕੰਗਾਲ, ਜ਼ੋਰ, ਤਾਕਤ ਖਿੱਚ ਰੰਗ ਵਾਲੇ ਰੁੱਖਾਂ ਦੀ ਛਿਲ, ਕਸੌਟੀ ਲੱਕੜੀ ਦੇ ਛਾਬਿਆਂ ਦੀ ਰੱਸੀ, ਪਤੰਗ ਦੀ ਡੋਰ, ਧਾਤ ਨੂੰ ਪਰਖਣ ਲਈ ਜੋ ਉਸ ਉੱਤੇ ਲਕੀਰ ਪਾਈ ਜਾਵੇ, ਕਮੀ, ਘਾਟਾ, ਮੇਲ॥

**ਕਸ ਉਗਲਣੀ,** ਕ੍ਰਿ:—ਕੰਗਾਲ ਨਿਕਲਣਾ ॥

**ਕਸ ਆਉਣੀ, ਹੋਣੀ ਜਾਂ ਚੜ੍ਹਣੀ,** ਕ੍ਰਿ:—ਤਾਪ ਚੜ੍ਹਨਾ॥

**ਕਸ ਪਾਉਣਾ,** ਕ੍ਰਿ:—ਜ਼ੋਰ ਲਾਉਣਾ, ਤੱਕੜੀ ਦੇ ਛਾਬੇ ਵਿੱਚ ਰੱਸੀ ਪਾਉਣਾ।

**ਕਸ ਲਾਉਣੀ,** ਕ੍ਰਿ:—ਕਸੌਟੀ ਉੱਤੇ ਸੋਨਾ ਰਗੜ ਕੇ ਪਰਖਣਾ॥

**ਕੱਸ,** ਸ:—ਕੱਸਿਆ ਹੋਇਆ ਹੋਣਾ, ਤੰਗੀ, ਕਸਾ-ਉਟ॥

**ਕੰਸ,** ਪੁ:—ਇੱਕ ਰਾਜਾ, ਕ੍ਰਿਸ਼ਨ ਜੀ ਦਾ ਮਾਮਾ, ਅਲਮਾਰੀ ਆਦਿਕ ਦੇ ਉਤਲੇ ਕਢੇ ਦੀ ਲਕੜੀ॥

**ਕਸਕਸਾ,** ਪੁ:—ਕੱਸਿਆ ਹੋਇਆ ਹੋਣਾ ॥

**ਕਸਕਾਸ,** ਸ:—ਖਸਖਾਸ, ਪੋਸਤ ਦੇ ਬੀ॥

**ਕਸਕਾਸੀ,** ਵਿ:—ਖਸਖਸ ਵਰਗੇ ਛੋਟੇ ਛੋਟੇ ਹੋਣੇ॥

**ਕਸ਼ਟ,** ਪੁ:, **ਕਸਟਣੀ,** ਸ: ਦੁਖ, ਪੀੜ, ਕਲੇਸ਼, ਸੋਖ॥

Digitized by Panjab Digital Library / www.panjabdigilib.org

**ਕਸ਼ਟ ਪਾਉਣਾ,** ਕ੍ਰਿ:—ਦੁਖ ਝੱਲਣਾ ॥

**ਕਸਣਾ,** ਕ੍ਰਿ:—ਧਾਤ ਦਾ ਅਸਰ ਹੋਣਾ, ਘਟ ਜਾਣਾ ॥

**ਕੰਸਣਾ,** ਕ੍ਰਿ:—ਘੁੱਟ ਕੇ ਬੰਨ੍ਹਣਾ, ਵੱਟਣਾ, ਮੁੱਲ ਚਾੜ੍ਹਨਾ ॥

**ਕਸਤ,** ਪੁ:—ਇੱਛਿਆ, ਸਲਾਹ, ਇਰਾਦਾ (ਕਰਨਾ) ॥

**ਕਸਤੂਰਾ,** ਪੁ:—ਇਕ ਪੰਛੀ ॥

**ਕਸਤੂਰੀ,** ਸ:—ਹਰਨ ਦੀ ਧੁੰਨੀ ਵਿਚੋਂ ਨਿਕਲਣ ਵਾਲੀ ਇੱਕ ਖੁਸ਼ਬੂਦਾਰ ਚੀਜ਼। ਨਾਫਾ, ਮੁਸ਼ਕ ॥

**ਕਸਦ,** ਪੁ:—ਇੱਛਿਆ, ਸਲਾਹ, ਇਰਾਦਾ (ਕਰਨਾ) ॥

**ਕਸ਼ੱਪ,** ਪੁ:—ਇਕ ਰਿਖੀ ਦਾ ਨਾਉਂ, ਰਜਪੂਤਾਂ ਦੀ ਇੱਕ ਜਾਤ, ਇਕ ਗੋਤ੍ਰ ਦਾ ਨਾਉਂ ।

**ਕਸੱਪਣ,** ਪੁ:—ਕਸਾਈ ਦਾ ਕੰਮ, ਬੇਤਰਸੀ ॥

**ਕਸਬ,** ਪੁ:—ਕੰਮ, ਕਾਰ, ਕਿਰਤ, ਕਾਰੀਗਰੀ, ਪੇਸ਼ਾ ॥

**ਕਸਬਣ**, **ਕਸਬੀ** } ਸ:—ਪੇਸ਼ਾ ਕਰਨ ਵਾਲੀ, ਕੰਜਰੀ, ਵੇਸਵਾ

**ਕਸਬਾ,** ਪੁ:—ਛੋਟਾ ਸ਼ਹਿਰ, ਵੱਡਾ ਪਿੰਡ ।

**ਕਸਬਾਤਣ,** ਸ:, **ਕਸਬਾਤੀ,** ਪੁ: } ਛਲ ਛਿੱਦ੍ਰ ਜਾਂ ਝਗੜਾ ਕਰਨ ਵਾਲਾ ਮਨੁਖ ਕਪਟੀ॥

**ਕਸਬੀ,** ਪੁ:—ਕਸਬ ਵਾਲਾ, ਕਾਰੀਗਰ ।

**ਕਸੀਮ,** ਸ:—ਸੌਂਹ, ਸੁਗੰਦ ।

**ਕਸਮਲ,** ਪੁ:—ਪਾਪ, ਗੁਨਾਹ ॥

**ਕਸ਼ਮੀਰ,** ਪੁ:—ਪਜਾਬ ਦੇ ਉੱਤਰ ਵੱਲ ਇੱਕ ਠੰਡਾ ਦੇਸ ਜਿੱਥੇ ਰਾਜੇ ਦਾ ਰਾਜ ਹੈ ॥

**ਕਸ਼ਮੀਰਣ,** ਸ:—ਕਸ਼ਮੀਰ ਦੀ ਰਹਿਣ ਵਾਲੀ ॥

**ਕਸ਼ਮੀਰੀ,** ਪੁ:—ਕਸ਼ਮੀਰ ਦਾ ਵਸਨੀਕ, ਜਾਂ ਕਸ਼ਮੀਰ ਦੀ ਬੋਲੀ ।

**ਕਸਰ,** ਸ:—ਘਾਟਾ, ਥੁੜ, ਔਗਣ, ਨੁਕਸਾਨ, ਭੂਤ ਚੜ੍ਹਨਾ, ਮਿਰਗੀ ॥

**ਕਸਰ ਕੱਢਣੀ,** ਕ੍ਰਿ:—ਪਹਿਲਾ ਘਾਟਾ ਪੂਰਾ ਕਰ ਲੈਣਾ ॥

**ਕਸਰ ਖਾਣੀ,** ਕ੍ਰਿ:—ਨੁਕਸਾਨ ਉਠਾਉਣਾ ॥

**ਕਸਰ ਦੇਣਾ,** ਕ੍ਰਿ:—ਕਿਸੇ ਨੂੰ ਘਾਟਾ ਪਾਉਣਾ ॥

**ਕਸਰ ਪੈਣੀ,** ਕ੍ਰਿ:—ਥੁੜ ਜਾਣਾ, ਭੂਤ ਚੜ੍ਹਨਾ ਮਿਰਗੀ ਪੈਣੀ ॥

**ਕਸਰ ਭਰਨੀ,** ਕ੍ਰਿ:—ਘਾਟਾ ਪੂਰਾ ਕਰਨਾ ॥

**ਕਸਰ ਰਹਿਣੀ,** ਕ੍ਰਿ:—ਪੂਰਾ ਨਾ ਹੋਣਾ ॥

**ਕਸਰ ਰੱਖਣੀ,** ਕ੍ਰਿ:—ਪੂਰਾ ਨਾਂ ਕਰਨਾ ॥

**ਕਸਰਤ,** ਸ:—ਜ਼ੋਰ, ਵਿਆਮ, ਡੰਡ ਆਦਿਕ ਕੱਢਣੇ, ਕਸ਼ਤੀ ।

**ਕਸਰਾਧਾ,** ਵਿ:—ਕਸਰ ਵਾਲਾ, ਘਟੀਆ ॥

**ਕਸਰੋ,** ਵਿ:, ਪੁ:—ਕਸੂਰ ਵਾਰ, ਅਪਰਾਧੀ, ਰੋਗੀ ॥

**ਕਸਵਾਉਣਾ,** ਕ੍ਰਿ:—ਕੱਸਣ ਦਾ ਕੰਮ ਕਰਾਉਣਾ, ਬਨਵਾਉਣਾ ॥

**ਕਸਵਾਈ,** ਸ:—ਕੱਸਣ ਦਾ ਕੰਮ ਜਾਂ ਮਜ਼ੂਰੀ ॥

Digitized by Panjab Digital Library / www.panjabdigilib.org

**ਕੱਸਾ,** ਵਿ:—ਕੌੜਾ, ਤੇਲ ਵਿੱਚ ਘੋਟ ॥
ਪੁ:—ਲੱਸੀ ਦਾ ਛੰਨਾ ॥

**ਕਸਾਉ,** ਪੁ: / **ਕਸਾਉਟ,** ਸ: } ਕੱਸਲ ਦਾ ਗੁਣ, ਖਿੱਚ ਇਕ ਰੰਗ ਘੁਲਿਆ ਹੋਇਆ ॥

**ਕਸਾਉਣਾ,** ਕ੍ਰਿ:—ਕੱਸਣ ਜਾਂ ...ਨ ਦਾ ਕੰਮ ਕਰਾਉਣਾ ।

**ਕਸਾਇਣ,** ਸ: / **ਕਸਾਈ,** ਪੁ: } ਜਨੌਰਾਂ ਨੂੰ ਮਾਰਕੇ ਉਹ ਦਾ ਮਾਸ ਵੇਚਣ ਵਾਲਾ ਜਾਂ ਵਾਲੀ, ਨਿਰਦਈ, ਬੇਤਰਸ ॥

**ਕਸਾਂਦਾ,** ਪੁ:—ਕੁਸਾਂਦਾ, ਉਹ ਪ... ਜਿਸ ਵਿੱਚ ਬੂਟੀ ਭਿੱਜੀ ਹੋਈ ਹੋਵੇ ॥

**ਕਸਾਰ,** ਪੁ:—ਆਟਾ ਘਿਉ ਵਿੱਚ ਭੁੰਨ ਕੇ ਵਿੱਚ ਖੰਡ ਆਦਿਕ ਪਾਈ ਹੋਈ, ਪੰਜੀਰੀ, ਅਤੇ ਜੌਂ ਦੇ ਸਿੱਟਿਆਂ ਦੇ ਵਾਲ ।

**ਕਸਾਲਾ,** ਪੁ:—ਖੇਚਲ, ਔਖ, ਦੁੱਖ, ਕਸ਼ਟ, ਰੋਗ, ਮਿਹਨਤ, ਗ਼ਮ (ਕਰਨਾ)॥

**ਕਸਾਵਟ,** ਸ:—'ਕਸਾਉਟ', ਵੇਖੋ ॥

**ਕਸਿਆ,** ਵਿ:—ਬਹੁਤ ਕੌੜਾ, ਘਾਟੇ ਵਾਲਾ ॥

**ਕਸਿਆਉਣਾ,** ਕ੍ਰਿ:—ਕੈਂਸਰਨਾ, ਧਾਤ ਦਾ ਅਸਰ ਹੋਣਾ, ਉਲਟੀ ਕਰਨਾ ।

**ਕਸ਼ਿਆਣਾ,** ਵਿ:—ਸ਼ਰਮਿੰਦਾ (ਕਸਿਆਣੇ ਹੋਣਾ)

**ਕਸੀਸ,** ਪੁ:—ਲੋਹੇ ਦੀ ਮੈਲ ॥

**ਕਸੀਸ ਵੱਟਣੀ,** ਕ੍ਰਿ:—ਦੰਦ ਮਾਰਨੀ, ਸਾਹ ਵੱਟ ਕੇ ਚੁਪ ਕਰ ਰਹਿਣਾ ॥

**ਕਸੀਦਾ,** ਪੁ:—ਸੂਈ ਦਾ ਕੰਮ, ਕੱਪੜੇ ਉੱਤੇ ਵੇਲ ਬੂਟੇ ਕੱਢਣਾ, ਨਿੱਕਾ ਨਿੱਕਾ ਤੇ ਸਹਿਜੇ ਸਹਿਜੇ ਹੋਣ ਵਾਲਾ ਕੰਮ (ਕਸੀਦਾ ਲੈ ਬੈਠਣਾ

**ਕਸੀਰਾ,** ਪੁ:—ਧੇਲਾ, ਅੱਧਾ ਪੈਸਾ ॥

**ਕਸੁੰਡਾ,** ਪੁ:—ਇੱਟਾਂ ਵਿਚਲੀ ਦਰਜ ਜਿਸ ਦੀ ਟੀਪ ਕਰੀਦੀ ਹੈ ॥

**ਕਸੁੰਭਾ,** ਪੁ:—'ਕੁਸੁੰਭਾ' ਵੇਖੋ ॥

**ਕਸੂਤ,** ਪੁ:—ਵਿਗਾੜ, ਉਲਝਾਉ, ਗੜਬੜ, ਕੱਬ, ਵਿੰਗ, ਖਰਾਬੀ, ਭੈੜ ॥

**ਕਸੂਤਾ,** ਵਿ:—ਵਿੰਗਾ, ਭੈੜਾ, ਵਿਗੜਿਆ ਹੋਇਆ ॥

**ਕਸੂਰ,** ਪੁ:—ਐਬ, ਦੋਸ, ਅਪਰਾਧ, ਇੱਕ ਸ਼ਹਿਰ ॥

**ਕਸੂਰ ਵਾਰ,** ਵਿ:—ਕਸੂਰ ਕਰਨ ਵਾਲਾ ॥

**ਬੇ ਕਸੂਰ,** ਵਿ:—ਜਿਸ ਦਾ ਕੋਈ ਕਸੂਰ ਨਹੀਂ ॥

**ਕਸੂਰੀਆ,** ਪੁ:—ਕਸੂਰ ਦਾ ਰਹਿਣ ਵਾਲਾ ॥

**ਕਸੇਰ,** ਪੁ:—ਮਿੱਢਾਂ ਵਾਲਾ ਘਾਹ ਪੱਠਾ ॥

**ਕਸੇਰਾ,** ਪੁ:—ਪਿੱਤਲ ਆਦਿਕ ਦੇ ਭਾਂਡੇ ਵੇਚਣ ਵਾਲਾ ॥

**ਕਸੈਲਾ,** ਵਿ:—ਬੇ ਸੁਆਦ, ਤੇਜ਼, ਤਿੱਖਾ ॥

**ਕੌੜਾ ਕਸੈਲਾ,** ਵਿ:—ਬੇ ਸੁਆਦ ਤੇ ਕੌੜਾ ॥

**ਕਸੌਟਾ (ਟੀ),** ਪੁ:, ਸ:—'ਕਛੌਟਾ' ਵੇਖੋ ।

**ਕਸੌਟੀ,** ਸ:—ਜਿਸ ਪੱਥਰ ਉੱਪਰ ਕਸ ਲਾਉਂਦੇ ਹਨ, ਘਸਵੱਟੀ ॥

**ਕਹਜਾ,** ਪੁ:—ਝਾਲਾ, ਮੁਦਲੀ, ਬਿਪਤਾ, ਬਿਰਲਾਪ ॥

**ਕਹਾ,** ਸ:—ਰੌਲਾ, ਲੜਾਈ ॥
ਪੁ:—ਗੱਲ ਬਾਤ, ਹੁਕਮ ।

**ਕਹਕਾਰ,** ਵਿ:—ਆਖੇ ਲੱਗਣ ਵਾਲਾ ॥

**ਕਹਾਕੇ,** ਕ੍ਰਿ:, ਵਿ:—ਅਖਵਾਕੇ, ਹੁਕਮ ਨਾਲ ॥

Digitized by Panjab Digital Library | www.panjabdigilib.org

**ਕਹਾਂ ਪਾਈਏ,** ਵਿਸਮਯਕ:—ਇਹ ਵਸਤ ਅਮੋਲਕ ਹੈ ਅਤੇ ਭਾਗਾਂ ਨਾਲ ਮਿਲਦੀ ਹੈ।

**ਕਹਾਉਣਾ,** ਕ੍ਰਿ:—ਅਖਵਾਉਣਾ, ਬੁਲਵਾਉਣਾ।

**ਕਹਾਵਤ,** ਸ:—ਅਖਾਉਤ, ਅਖਾਣ, ਗੱਲ।

**ਕਹਾਈ,** ਸ:—ਲੱਤਾਂ ਵਿਚ ਪਹਿਨਣ ਦਾ ਕੱਪੜਾ।

**ਕਹਾਣੀ,** ਸ:—ਕਥਾ, ਵਾਰਤਾ, ਬਾਤ, ਕੁੜਮਾਈ॥

**ਕਹਾਰ,** ਪੁ:—ਝੀਉਰ, ਪਾਣੀ ਭਰਨ ਵਾਲਾ, ਮਹਿਰਾ॥

**ਕਹਾਰਨੀ (ਰੀ)** ਸ:—ਕਹਾਰ ਦੀ ਤ੍ਰੀਮਤ, ਮਹਿਰੀ।

**ਕਹਿਓਸੁ,** ਕ੍ਰਿ:—ਉਸ ਨੇ ਕਹਿਆ, ਉਸ ਨੂੰ ਕਹਾ॥

**ਕਹਿਆ,** ਪੁ:—ਅਖਾਣ, ਆਖਾ, ਗੱਲ, ਹੁਕਮ॥

**ਕਹਿਗਲ,** ਸ:—ਕੱਚਾ ਪਲਸਤਰ, ਲੇਬੀ॥

**ਕਹਿਣਾ,** ਪੁ:—ਇੱਕ ਨਿੱਕਾ ਜੇਹਾ ਕੀੜਾ, ਮਕੜ।

**ਕਹਿਣਾ,** ਕ੍ਰਿ:—ਆਖਣਾ, ਬੋਲਣਾ, ਦੱਸਣਾ, ਕੂਣਾ, ਨਾਉਂ ਲੈਣਾ, ਹੁਕਮ ਦੇਣਾ, ਸਮਝਾਣਾ, ਉੱਤਰ ਦੇਣਾ।
ਪੁ:—ਗੱਲ, ਕਹਿਆ, ਹੁਕਮ, ਨਸੀਹਤ (ਕਹਿਣਾ ਕਰਨਾ, ਮੰਨਣਾ। ਕਹਿਣੇ ਤੇ ਚੱਲਣਾ, ਕਹਿਣ ਜਾ ਕਹਿਣੇ ਵਿੱਚ ਰਹਿਣਾ,)

**ਕਹਿਣ ਦੀਆਂ ਗੱਲਾਂ,** ਸ:—ਫੋਕੀਆਂ ਬਾਤਾਂ ਜਿਨ੍ਹਾਂ ਤੇ ਚਲਣਾ ਨਾ ਹੋਵੇ।

**ਕਹਿਣਾ ਸੁਣਨਾ,** ਕ੍ਰਿ:—ਨਸੀਹਤ ਕਰਨਾ, ਸਮਝਾਣਾ॥

**ਕਹਿਣੇ ਤੇ ਜਾਣਾ,** ਕ੍ਰਿ:—ਪਰਵਾਹ ਕਰਨੀ

**ਕਹਿੰਦ,** ਪੁ:—ਗੁਆਰ, ਝੱਲਾ, ਉਤ॥

**ਕਹਿੰਦ ਪੁਣਾ,** ਪੁ: }
**ਕਹਿੰਦ ਵਾਈ** ਸ: } ਮੂਰਖਤਾਈ, ਉਤ ਪੁਣਾ॥

**ਕਹਿਰ,** ਪੁ:—ਗੁੱਸਾ, ਜੁਲਮ, ਬਿਪਤਾ, ਖਰਾਬੀ॥
ਵਿ:—ਬਹੁਤ, ਅੱਤ।

**ਕਹਿਰ ਦਾ,** ਵਿ:—ਨਸ਼ਟ ਕਰਨ ਵਾਲਾ, ਬਿਪਤਾ ਪਾਉਣ ਵਾਲਾ, ਦੁਖਦਾਈ॥

**ਕਹਿਰਮਾਨ (ਵਾਨ,)** ਵਿ:—ਕ੍ਰੋਧੀ, ਜਾਲਮ

**ਕਹਿਰਾ,** ਵਿ:—ਲਿੱਸਾ, ਪਤਲਾ, ਬਰੀਕ, ਗਰੀਬ, ਇਕੱਲਾ।

**ਕਹਿਰੀ ਜ਼ਹਿਰੀ ਦੀ ਮੌਤ,** ਸ:—ਕੁਆਲ ਦਾ ਮਰਨਾ॥

**ਕਹਿਲਾਉਣਾ,** ਕ੍ਰਿ:—ਅਖਵਾਉਣਾ, ਬੁਲਵਾਉਣਾ।

**ਕਹਿਲਾ ਭੇਜਣਾ,** ਕ੍ਰਿ:—ਆਖ ਭੇਜਣਾ, ਸਨੇਹਾ ਘੱਲਣਾ॥

**ਕਹੀ,** ਸ:—ਮਿੱਟੀ ਪੁੱਟਣ ਵਾਲਾ ਹਥਿਆਰ ਲੋਹੇ ਦਾ।

**ਕਹੂ,** ਪੁ:—ਇੱਕ ਰੁੱਖ ਜਿਸ ਦੀ ਲੱਕੜੀ ਦੀਆਂ ਸੋਟੀਆਂ ਬਣਦੀਆਂ ਹਨ॥

**ਕਹੇ,** ਪੜ:—ਕਿਸ ਤਰਾਂ ਦੇ, ਕਿਹੇ, ਕੇਹੇ॥

**ਕਹੇਕਾਰ,** ਵਿ:—ਆਖੇ ਲੱਗਣ ਵਾਲਾ ਆਗਿਆਕਾਰ।

**ਕਕਾਹਰਾ,** ਪੁ:—ਕ ਖ ਗ ਆਦਿਕ ਅੱਖਰ, ਪੈਂਤੀ॥

**ਕੱਕਰ,** ਪੁ:—ਠੰਢ, ਬਰਫ, ਪਾਲਾ, ਪਾਣੀ ਜੰਮਿਆ ਹੋਇਆ॥

Digitized by Panjab Digital Library | www.panjabdigilib.org

**ਕੰਕਰ, ਕੰਕਰੀ, ਕੰਕਰੀਟ,** ਸ:—ਰੋੜਾ, ਰੋੜੀ, ਪੱਥਰ ਦੇ ਨਿੱਕੇ ਨਿੱਕੇ ਟੋਟੇ, ਚਿਲਮ ਵਿਚ ਅਟਕਾਉਣ ਵਾਲਾ ਰੋੜਾ ॥

**ਕਕਰੇਜੀ,** ਵਿ:—ਭੂਰੇ ਜੇਹੇ ਰੰਗ ਦਾ ॥

**ਕੱਕੜ,** ਪੁ: ਖਤ੍ਰੀਆਂ ਦੀ ਇੱਕ ਜਾਤ, ਇੱਕ ਜਨੌਰ ॥

ਸ:—ਇੱਕ ਰੁਖ, ਤਮਾਕੂ ਦੇ ਧੂਏਂ ਦਾ ਮੂੜ ਉਗਲਣਾ ॥

**ਕਕੜ ਸਿੰਗੀ,** ਸ:—ਖੰਘ ਦੀ ਇੱਕ ਦੁਆ-ਬੂਟੀ ॥

**ਕੱਕੜੀ,** ਸ:—ਖੱਖੜੀ, ਤਰ, ਖੱਨੂੰਆਂ ਦੀ ਇੱਕ ਜਾਤ ॥

**ਕਕੜੈਲ,** ਪੁ:—ਕੱਕੜ ਦੀ ਧੌਲ ।

**ਕੱਕਾ,** ਪੁ:—ਗੁਰਮੁਖੀ ਪੈਂਤੀ ਦਾ ਛੇਵਾਂ ਅੱਖਰ, ਕ। ਕੇਸ ਕੜਾ ਆਦਿਕ ਪੰਜਾਂ ਵਸਤਾਂ ਵਿੱਚੋਂ ਕੋਈ ॥

ਵਿ:—ਭੂਰੇ ਰੰਗ ਦਾ, ਭੂਰੇ ਵਾਲਾਂ ਵਾਲਾ ॥

**ਕਕੌੜਾ,** ਪੁ:—ਕਰੇਲੇ ਵਰਗੀ ਇੱਕ ਤਰਕਾਰੀ ॥

**ਕੱਖ, ਕੱਖ ਕਾਣ,** ਪੁ:—ਤੀਲ੍ਹਾ, ਘਾਹ, ਤੂੜੀ, ਨਕਾਰੀ ਸ਼ੈ ॥

**ਕੱਖ ਭੰਨ ਕੇ ਦੂਹਰਾ ਨਾ ਕਰਣਾ,** ਕੁਝ ਕੰਮ ਨਾ ਕਰਨਾ, ਵੇਹਲੇ ਰਹਿਣਾ ॥

**ਕੱਖਾਂ ਤੋਂ ਹੌਲੇ ਹੋਣਾ,** ਕ੍ਰਿ:—ਬਹੁਤ ਨਿਰਾਦਰੀ ਹੋਣੀ ॥

**ਕੰਗਣ,** ਪੁ:—ਚਾਂਦੀ ਜਾਂ ਸੋਨੇ ਦਾ ਕੜਾ, ਇੱਕ ਅਨਾਜ ॥

**ਕਣਾ,** ਪੁ:—ਵਿਆਹ ਵੇਲੇ ਜੋ ਲਾੜਾ ਲਾੜੀ ਗਾਨਾ ਬੰਨ੍ਹਦੇ ਹਨ ॥

**ਕੰਗਣੀ,** ਸ:—ਪਤਲੀ ਚੂੜੀ, ਇੱਕ ਅਨਾਜ ॥

**ਮਾਲ ਕੰਗਣੀ,** ਸ:—ਪੇਟ ਦੇ ਰੋਗਾਂ ਦੀ ਇੱਕ ਦੁਆ (ਕੌੜੇ ਬੀ)।

**ਕੰਗਹੂੜ, ਕੰਗਰੋੜ,** ਸ:—ਪਿੱਠ ਦੀ ਹੱਡੀ ॥

**ਕੰਗਲਾ,** ਪੁ:—ਕੰਗਾਲ, ਮੰਗਤਾ, ਗਰੀਬ ॥

**ਕੰਗਾਲ,** ਪੁ: **ਕੰਗਾਲਣੀ,** ਸ: ਨਿਰਧਨ, ਮੰਗਤਾ, ਗਰੀਬ ॥

**ਕੰਗਾਲ ਪੁਣਾ,** ਪੁ:—ਗਰੀਬੀ, ਥੁੜ ॥

**ਕੰਗੁਰਾ, ਕੰਗੂਰਾ,** ਪੁ:—ਕਿੰਗਰਾ, ਸਫ਼ੀਲ, ਸਿਖਰ, ਕਲਸ ॥

**ਕੰਗੁਰੇ ਦਾਰ,** ਵਿ:—ਕਿੰਗਰੇ ਵਾਲਾ ॥

**ਕੰਘਾ,** ਪੁ:—ਵੱਡੀ ਕੰਘੀ ਜਿਸ ਨਾਲ ਸਿੱਖ ਕੇਸ ਵਾਹੁੰਦੇ ਹਨ। (ਕਰਨਾ, ਫੇਰਨਾ, ਵਾਹੁਣਾ)॥

**ਕੰਘਾ ਹੋ ਜਾਣਾ, ਹੋਣਾ,** ਕ੍ਰਿ:—ਬੜਾ ਨੁਕਸਾਨ ਹੋਣਾ ਸਤਿਆਨਾਸ ਹੋ ਜਾਣਾ ॥

**ਕੰਘਾ ਕਰ ਸੱਟਣਾ, ਕਰਨਾ,** ਕ੍ਰਿ:—ਦੂਏ ਦਾ ਬਹੁਤ ਨੁਕਸਾਨ ਕਰਨਾ, ਡਾਢਾ ਮਾਰਨਾ ॥

**ਕੰਘਾਲਣਾ,** ਕ੍ਰਿ:—ਹੰਗਾਲਣਾ, ਧੋਕੇ ਸਾਫ ਕਰਨਾ ॥

**ਕੰਘੀ,** ਸ:—ਲੱਕੜੀ ਆਦਿਕ ਦੀ ਵਾਲ ਸੁਆਰਨ ਵਾਲੀ ਚੀਜ਼ ਜਿਸ ਵਿੱਚ ਦੰਦੇ ਹੁੰਦੇ ਹਨ ॥ (ਕਰਨੀ, ਫੇਰਨੀ, ਵਾਹੁਣੀ)॥

**ਕੰਘੀ ਘਾੜਾ,** ਪੁ:—ਕੰਘੀਆਂ ਬਣਾਉਣ ਵਾਲਾ ॥

**ਕੰਘੀ ਮਾਰਨਾ (ਮਨ ਵਿੱਚ),** ਕ੍ਰਿ:—ਸੋਚਣਾ, ਵਿਚਾਰਨਾ ॥

Digitized by Panjab Digital Library | www.panjabdigilib.org

**ਕੰਙਣ,** ਪੁ:—'ਕੰਗਣ', ਵੇਖੋ ॥

**ਕੰਙਣਾ,** ਪੁ:—'ਕਗਣਾ' ਵੇਖੋ ॥

**ਕੰਙਣੀ,** ਸ:—'ਕੰਗਣੀ' ਵੇਖੋ ॥

**ਕੱਚ** ਪੁ:—ਸੀਸਾ,ਕਰਿਆਈ॥

**ਕੱਚ, ਪੱਕ,** ਪੁ:—ਉਚਕਤਾਈ, ਝੱਕੇ ਡੁੱਕੇ ॥

**ਕੱਚ ਬੱਚ,** ਪੁ:—ਛੋਟੇ ਜਾਤਕ, ਬਾਲ ਬੱਚੇ ॥

**ਕੱਚ ਲਹੂ,** ਪੁ:—ਲਹੂ ਤੇ ਪਾਕ ਦਾ ਨਿਕਲਣਾ।

**ਕਚਹਿਰੀ,** ਸ:—ਅਦਾਲਤ, ਮੁਨਸਫ਼ੀ ॥

**ਕਚਹਿਰੀ ਕਰਨਾ,** ਕ੍ਰਿ: -ਮੁਕੱਦਮੇ ਸਕਰੇ ਲਿਆਂ ਕਰਨਾ ॥

**ਕਚਹਿਰੀ ਚੜ੍ਹਨਾ,** ਕ੍ਰਿ:—ਅਰਜ਼ੀ ਪਾਉਣੀ, ਨਾਲਸ਼ ਕਰਨੀ ॥

**ਕਚਹਿਰੀ ਦਾ ਕੁੱਤਾ,** ਪੁ:—ਅਰਦਲੀ,ਚਪੜਾਸੀ ਆਦਿਕ ॥

**ਕਚਹਿਰੀ ਲਗਾਉਣਾ,** ਕ੍ਰਿ:-'ਕਚਹਿਰੀ ਕਰਨਾ', ਵੇਖੋ ॥

**ਭਰੀ ਕਚਹਿਰੀ ਵਿੱਚ,** ਅਦਾਲਤ ਵਿੱਚ ਸਭ ਦੇ ਸਾਮ੍ਹਣੇ ॥

**ਕਚਕੌਲ,** ਪੁ:—ਨਰੇਲ ਦਾ ਭਾਂਡਾ ਜਿਸ ਵਿਚ ਸਾਧ ਭਿੱਛਿਆ ਕੱਠੀ ਕਰਦੇ ਹਨ

**ਕਚ ਖਾਮ,** ਵਿ:—ਕੱਚਾ, ਝੂਠਾ, ਕਪਟੀ।

**ਕੰਚਣ,** ਸ:—ਸਿਉਨਾ, ਸੋਨਾ, ਸੁਵਰਨ, ਇੱਕ ਝਾੜ ਜਿਸ ਦੀਆਂ ਤੌਰੀਆਂ ਲੱਗਦੀਆਂ ਹਨ ॥

**ਕੰਚਣੀ,** ਸ:—ਕੰਜਰੀ, ਵੇਸਵਾ ॥

**ਕਚਨਊ,** ਪੁ:—ਕੰਜਰੀਆਂ ਦਾ ਮੇਲ ॥

**ਕਚਨਾਰ (ਲ),** ਸ:—ਇੱਕ ਰੁਖ ਜਿਸ ਦੀਆਂ ਕੱਲੀਆਂ ਦੀ ਭਾਜੀ ਬਣਾਉਂਦੇ ਹਨ ॥

**ਕਚਰ ਕਚਰ,** ਪੁ:—ਕੱਚੀ ਭਾਜੀਆਂ ਫਲ ਖਾਣ ਦੀ ਅਵਾਜ਼ ॥

**ਕਚਰਾ,** ਪੁ:—ਕੱਚਾ ਖਰਬੂਜ਼ਾ ॥

**ਕਚਰਾਉਣਾ,** ਕ੍ਰਿ:—ਡਰਨਾ, ਡਰਾਉਣਾ ॥

**ਕਚਰਾਧਾ**<br>**ਕਚਰਾਧਾ ਹੋਇਆ** } ਵਿ:—ਕੱਚਾ, ਅਧੂਰਾ।

**ਕਚਰੀ,** ਸ:—ਇੱਕ ਭਾਜੀ, ਇੱਕ ਫਲ।

**ਕਚਵਾ (ਵੇ),** ਪੁ:—ਹਾੜ੍ਹੇ ਮਾਂਹ।

**ਕੱਚਾ**<br>**ਕੱਚੀ** } ਵਿ:—ਹਰਾ, ਨਾ ਪੱਕਾ ਹੋਇਆ, ਨ ਸਾੜਿਆ ਹੋਇਆ, ਛੋਟਾ, ਅਧੂਰਾ, ਥੋੜ੍ਹੀ ਰਿੱਝਿਆ ਹੋਇਆ, ਮਿੱਟੀ ਜਾਂ ਪਿੱਲੀਆਂ ਇੱਟਾਂ ਦਾ ਬਣਿਆ ਹੋਇਆ (ਘਰ), ਹੌਲਾ, ਕਮਜ਼ੋਰ, ਉੱਤਰ ਜਾਣ ਵਾਲਾ (ਰੰਗ), ਝੂਠ, ਨਕਲੀ, ਜਿਸ ਲਿਖਤ ਉੱਪਰ ਅਸ਼ਟਾਮ ਨਹੀਂ, ਢਿੱਲਾ, ਬੇ ਠਿਕਾਨਾ, ਅਟਕਲ ਪਚੂ, ਵਧਣ ਘਟਣ ਵਾਲਾ ॥

ਪੁ:—ਜੰਮਣ ਤੋਂ ਪਹਿਲੇ ਬੱਚੇ ਦੀ ਸੂਰਤ ॥

**ਕੱਚਾ ਹੋਣਾ,** ਕ੍ਰਿ:—ਸ਼ਰਮਿੰਦਾ ਹੋਣਾ ॥

**ਕੱਚਾ ਹੋਣਾ (ਜੀ ਜਾਂ ਦਿਲ),** ਕ੍ਰਿ:—ਜੀ ਘਿਰਨਾ ॥

**ਕੱਚਾ ਕਰਨਾ,** ਕ੍ਰਿ:—ਸ਼ਰਮਿੰਦਾ ਕਰਨ, ਡਾਂਝ ਪਾਉਣੀ, ਸੀਉਣ ਤੋਂ ਪਹਿਲਾਂ ਕੱਚੇ ਤੋਪ ਮਾਰਨ ॥

**ਕੱਚਾ ਤੋਲ,** ਪੁ:—ਅਸਲੀ ਤੋਲ ਤੋਂ ਘੱਟ ॥

**ਕੱਚਾ ਧਾਗਾ,** ਪੁ:—ਸਹਿਜੇ ਟੁੱਟ ਜਾਣ ਵਾਲੀ ਚੀਜ਼ ॥ (ਹਿੰਦੂ ਧਰਮ ਦਾ ਕੱਚਾ ਧਾਗਾ ਹ)

Digitized by Panjab Digital Library | www.panjabdigilib.org

**ਕੱਚਾ ਪੱਕਾ,** ਵਿ:—ਅੱਧਾ ਕੱਚਾ ਅੱਧਾ ਪੱਕਾ, ਪੱਕੀਆਂ ਇੱਟਾਂ ਤੇ ਗਾਰੇ ਦਾ ਬਣਿਆ ਹੋਇਆ (ਘਰ) ॥

**ਕੱਚਾ ਪੱਕਾ ਕਰਨਾ,** ਕ੍ਰਿ:—ਥੋੜਾ ਕੁ ਤਲਣਾ, ਸੌਦਾ ਕਰਨਾ ॥

**ਕੱਚਾ ਮਸਾਣ,** ਪੁ:—ਮਰੇ ਹੋਏ ਕੁਆਰੇ ਬੱਚੇ ਦੀਆਂ ਹੱਡੀਆਂ ।

**ਕੱਚੀ ਅਕਲ,** ਸ:—ਥੋੜੀ ਸਮਝ ॥

**ਕੱਚੀ ਕਰਨੀ,** ਕ੍ਰਿ:—ਹੱਡੀ ਨੂੰ ਆਪਣੀ ਥਾਂ ਤੋਂ ਹਟਾਣਾ ॥

**ਕੱਚੀ ਧਾਤ,** ਸ:—ਖਾਣ ਤੋਂ ਨਿਕਲੀ ਹੋਈ ਧਾਤ ਜੋ ਅਜੇ ਸਾਫ ਨਹੀਂ ਹੋਈ ॥

**ਕੱਚੀ ਪੱਕੀ,** ਸ:—ਬੇ ਠਿਕਾਣਾ, ਜਿਸ ਦਾ ਨਿਸਚਾ ਨਹੀਂ ॥

**ਕੱਚੀ ਪੇਸ਼ੀ,** ਸ: ਮੁਕੱਦਮੇ ਦੀ ਪਹਿਲੀ ਪੇਸ਼ੀ ॥

**ਕੱਚੀ ਬਹਾਰ,** ਸ:—'ਕੱਚੀ ਰੁੱਤ' ਵੇਖੋ ॥

**ਕੱਚੀ ਰੁੱਤ,** ਸ:—ਬਰਸਾਤ, ਕਦ ਗਰਮੀ ਕਦੇ ਸਰਦੀ ।

**ਕੱਚੇ ਘੜੇ ਪਾਣੀ ਭਰਨਾ,** ਕ੍ਰਿ:—ਔਖਾ ਕੰਮ ਕਰਨਾ ॥

**ਕੱਚੇ ਦਿਨ,** ਪੁ: (ਬਹੁ:), ਕੱਚੀ ਰੁੱਤ,, ਤੀਮਤ ਦੇ ਗਰਭ ਦੇ ਦਿਨ ॥

**ਕਚਾਰੀਹ,** ਸ:—'ਕਾਂਚਹਰੀ' ਵੇਖੋ ॥

**ਕਚਾਲੂ,** ਪੁ:—ਇੱਕ ਤਰਾਂ ਦੀ ਜੜ੍ਹ ਜੋ ਲੋਕ ਖਾਂਦੇ ਹਨ ॥

**ਕਚਿਆਈ,** ਸ:—ਥੋੜ, ਕੱਚੇ ਹੋਣ ਦਾ ਗੁਣ ।

**ਕਚਿਆਹਟ, ਕਚਿਆਹਣ, ਕਚਿਆਂਧ,** ਸ:—ਕੱਚੇ ਹੋਣ ਦੀ ਮੁਸ਼ਕ, ਘਿਣ ॥

**ਕਚੀਚੀ,** ਸ:—ਗੁੱਸੇ ਨਾਲ ਦੰਦ ਚੱਬਣਾ, (ਲੈਣੀ ਵੱਟਣੀ) ॥

**ਕੱਛ,** ਸ:—ਬਗਲ, ਜੰਘੀ, ਇੱਕ ਗੋਡਿਆਂ ਤੋਂ ਉੱਪਰ ਰਹਿਣ ਵਾਲਾ ਘੁਟੰਨਾ ਜੋ ਸਿੱਖ ਪਾਉਂਦੇ ਹਨ, ਜ਼ਿਮੀਂ ਦਾ ਨਾਪ ॥

**ਕੱਛ ਪਾਉਣਾ, ਕੱਛ ਲੈਣਾ,** ਕ੍ਰਿ:—ਜ਼ਿਮੀਂ ਨਾਪਣਾ ॥

**ਕੱਛਾਂ ਵਜਾਉਣੀਆਂ ਯਾ ਵਜਾਵਣੀਆਂ,** ਕ੍ਰਿ:—ਬਹੁਤ ਖੁਸ਼ ਹੋਣਾ ।

**ਕੱਛੇ ਮਾਰਨਾ,** ਕ੍ਰਿ:—ਬਗਲ ਹੇਠ ਲੁਕਾਉਣਾ

**ਕਛਹਿਰਾ,** ਪੁ:—ਕੱਛ ਜੋ ਸਿੱਖ ਪਾਉਂਦੇ ਹਨ ॥

**ਕੱਛਣਾ,** ਕ੍ਰਿ:—ਧਰਤੀ ਨਾਪਣੀ, ਪੈਦਾਵਾਰੀ ਦਾ ਅੰਦਾਜ਼ਾ ਲਾਉਣਾ ॥

**ਕਛੂਆਲੀ,** ਸ:—ਕੱਛ ਦੇ ਵਿਚ ਦਾ ਫੋੜਾ ॥

**ਕਛਵਾਹਾ,** ਪੁ:—ਰਜਪੂਤਾਂ ਦੀ ਇਕ ਜਾਤ, ਜ਼ਿਮੀਂ ਕੱਛਣ ਵਾਲਾ ॥

**ਕੱਛਾ,** ਪੁ:—ਬੇੜੀ ਦਾ ਅਗਲਾ ਅਤੇ ਪਿਛਲਾ ਹਿੱਸਾ ਜਿਸ ਦੇ ਉੱਚੇ ਥੰਮ ਉੱਤੇ ਲੋਕ ਬਹਿੰਦੇ ਹਨ ॥
ਇਕ ਟੁਕੜ, ਇਕ ਪਾਸਾ ॥ ਕਛਹਿਰਾ ॥

**ਕਛਾਉਣਾ,** ਕ੍ਰਿ:—ਜ਼ਿਮੀਂ ਦਾ ਨਾਪ ਕਰਾਉਣਾ, ਫਸਲ ਦਾ ਮੁਲ ਪੁਆਉਣਾ ॥

**ਕਛਾਈ,** ਸ:—ਫਸਲ ਦਾ ਮੁੱਲ ਪਾਉਣਾ, ਮੁੱਲ ਪੁਆਈ ॥

Digitized by Panjab Digital Library | www.panjabdigilib.org

**ਕੱਛੂ (ਕੱਛੂ ਕੁੰਮਾਂ) / ਕਛੂਆ**, ਪੁ:—ਪਾਣੀ ਦਾ ਇੱਕ ਜਨੌਰ ॥

**ਕਛੋਟਾ**, ਪੁ: / **ਕਛੋਟੀ**, ਸ: — ਬਾਲਾਂ ਦੇ ਲੱਕ ਬੰਨ੍ਹਣ ਵਾਲੀ ਤਿਕੋਣੀ ਲੀਰ ॥

**ਕਜ**, ਸ:—ਵਿੰਗ, ਦੋਸ, ਜਾਤ ਦਾ ਵਿਗਾੜ (ਪੈ ਜਾਣੀ) ॥

**ਕੰਜ**, ਵਿ:—ਸੰਢ, ਉਹ ਤੀਮਤ ਜਿਸ ਦੇ ਉਲਾਦ ਹੋ ਨਹੀਂ ਸਕਦੀ ।

**ਕਜਈ**, ਸ:—ਇੱਕ ਤਰਾਂ ਦੀ ਲਗਾਮ, ਬਾਗ ।

**ਕੰਜਕ (ਕਾਂ)**, ਸ:—ਕੁਆਰੀ ਕੁੜੀ ॥

**ਕੰਜਕਾਂ ਜਵਾਣੀਆਂ (ਜੁਆਣੀਆਂ)**, ਕ੍ਰਿ:—ਦੁਰਗਾ ਅਸ਼ਟਮੀ ਨੂੰ ਕੁਆਰੀਆਂ ਕੁੜੀਆਂ ਨੂੰ ਲੁਚੀ ਕੜਾਹ ਆਦਿਕ ਖਾਣ ਨੂੰ ਦੇਣਾ ।

**ਕੰਜਕਾ ਭਵਾਨੀ**, ਸ:—ਦੇਵੀ, ਭਗਵਤੀ, ਆਦ ਕੁਆਰੀ, ਨਿਕੀ ਜੇਹੀ ਅਲਾ ਭੋਲੀ ਕੁੜੀ ।

**ਕੱਜਣਾ**, ਕ੍ਰਿ:—ਢੱਕਣਾ, ਲੁਕਾਉਣਾ ॥

**ਕੰਜਰ**, ਪੁ:—ਉਹ ਲੋਕ, ਜਿਨ੍ਹਾਂ ਦੀਆਂ ਤੀਮਤਾਂ ਪੇਸ਼ਾ ਕਰਦੀਆਂ ਹਨ, ਬੇਸ਼ਰਮ ਆਦਮੀ ॥

**ਕੰਜਰ ਪੁਣਾ**, ਪੁ:—ਕੰਜਰਾਂ ਦਾ ਕੰਮ, ਕਮੀਣ ਪੁਣਾ, ਬੇਸ਼ਰਮੀ ਦਾ ਕੰਮ ॥

**ਕੰਜਰਊ**, ਪੁ:—ਕੰਜਰਾਂ ਦਾ ਕੰਮ, ਕੰਜਰ ਪੁਣਾ ।

**ਕੰਜਰੀ**, ਸ:—ਪੇਸ਼ਾ ਕਰਨ ਵਾਲੀ ਤ੍ਰੀਮਤ ।

**ਕੱਜਲ / ਕਜਲਾ**, ਪੁ:—ਦੀਵੇ ਦੀ ਕਾਲਕ ਅੱਖਾਂ ਵਿਚ ਪਾਉਣ ਵਾਲੀ ॥

**ਕਜਲੀ**, ਸ:—ਦਸਤਾਂ ਲਿਆਉਣ ਵਾਲੀ ਇਕ ਦੁਆ ॥



**ਕਜਲੀ ਬਣ**, ਪੁ:—ਇਕ ਬਣ ਜਿੱਥੇ ਹਾਥੀ ਹੁੰਦੇ ਹਨ

**ਕੰਜਲੀ**, ਸ:—ਸੱਪ ਦੀ ਕੁੰਜ ॥

**ਕਜਲੌਟੀ**, ਸ:—ਕੱਜਲ ਰੱਖਣ ਵਾਲਾ ਭਾਂਡਾ ॥

**ਕਜ਼ਾ**, ਸ:—ਛੁੱਟੀ ਹੋਈ ਨਮਾਜ਼ ਪੜ੍ਹਨਾ, ਮੌਤ ਕਿਸਮਤ, ਕਾਜ਼ੀ ਦਾ ਕੰਮ, ਹਠ ॥

**ਕਜ਼ਾ ਉਮਰੀ**, ਸ:—ਜਿਸ ਵਿਚ ਸਾਰੇ ਸਾਲ ਦੀ ਨਮਾਜ਼ ਦਾ ਘਾਟਾ ਪੂਰਾ ਕੀਤਾ ਜਾ, ਸਕਦਾ ਹੈ ॥

**ਕਜ਼ਾ ਕਰਨੀ**, ਕ੍ਰਿ:—ਹਠ ਜਾਂ ਜਿੱਦ ਕਰਨੀ ॥

**ਨਮਾਜ਼ ਕਜ਼ਾ ਕਰਨੀ**, ਕ੍ਰਿ:—ਨਾਗਾ ਪਾਉਣਾ (ਨਮਾਜ਼ ਪੜ੍ਹਨ ਵਿਚ) ॥

**ਕੰਜਾ**, ਵਿ:—ਨੀਲੀਆਂ ਅੱਖਾਂ ਵਾਲਾ ॥

**ਕਜ਼ਾਕ**, ਪੁ:—ਲੁਟੇਰਾ, ਧਾੜਵੀ, ਬਹੁਤ ਖਾਣ ਵਾਲਾ ।

**ਕਜ਼ਾਕ ਪੁਣਾ**, ਪੁ:—'ਕਜ਼ਾਕੀ' ਦੇਖੋ

**ਕਜ਼ਾਕੀ**, ਸ:—ਕਜ਼ਾਕ ਦਾ ਕੰਮ, ਲੁੱਟਮਾਰ, ਬਹੁਤ ਖਾਣਾ ॥

**ਕਜਾਵਾ**, ਪੁ:—ਊਠ ਦੀ ਕਾਠੀ ॥

**ਕਜ਼ੀਆ**, ਸ:—ਕਾਜ਼ੀ ਦਾ ਕੰਮ, ਜਜ ॥

**ਕਜ਼ਿਆਇਣ / ਕਜ਼ਿਆਣ / ਕਜ਼ਿਆਣੀ**, ਸ:—ਕਾਜ਼ੀ ਦੀ ਵਹੁਟੀ ॥

**ਕੰਜੀ**, ਪੁ:—ਬਾਰੀ ਦੁਆਬ ਦਾ ਇੱਕ ਕੌਮ ॥

**ਕਜ਼ੀਆ**, ਪੁ:—ਪੁਆੜਾ, ਝਗੜਾ, ਫਸਾਦ (ਕਰਨਾ, ਮਕਾਉਣਾ, ਪਾਉਣਾ) ॥

Digitized by Panjab Digital Library | www.panjabdigilib.org

**ਕਜੀਆ ਗਲ ਪਾਉਣਾ,** ਦੂਜੇ ਦੇ ਝਗੜੇ ਵਿੱਚ ਦਖਲ ਦੇਣਾ, ਕੋਈ ਦੁਖਦਾਈ ਕੰਮ ਕਰ ਬਹਿਣਾ ॥

**ਕੰਜੂਸ,** ਪੁ: / **ਕੰਜੂਸਣ (ਣੀ),** ਸ: } ਸੂਮ (ਜਾਂ ਸੂਮਣੀ), ਧਨ ਜੋੜਨ ਵਾਲਾ (ਲੀ) ॥

**ਕੰਜੂਸ ਪੁਣਾ,** ਪੁ:—'ਕੰਜੂਸੀ' ਵੇਖੋ ।

**ਕੰਜੂਸੀ,** ਸ:—ਸੂਮ ਪੁਣਾ, ਦੁਖ ਪਾਕੇ ਧਨ ਜੋੜਨਾ

**ਕਟ,** ਸ:—ਕਮਰ, ਲੱਕ ॥

**ਕੱਟ,** ਪੁ:—ਇੱਕ ਕਾਲਾ ਰੰਗ, ਚਾਲ ।

**ਕਟਹਿਰਾ(ੜਾ),** ਪੁ:—ਜੰਗਲਾ, ਬਜਾਰ, ਮੰਡੀ ।

**ਕਟਕ,** ਪੁ:—ਲੋਕਾਂ ਦਾ ਕੱਠ, ਫੌਜ, ਧਾੜ ॥

**ਕੰਟਕ,** ਪੁ:—ਕੰਡਾ, ਬਿਘਨ, ਦੁਸ਼ਟ ਆਦਮੀ, ਵੈਰੀ ॥
ਵਿ:—ਸੂਮ, ਔਖੀ ਵੇਖਣ ਵਾਲਾ, ਰੋਕਸ ।

**ਕੱਟਣਾ,** ਕ੍ਰਿ:—ਵੱਢਣਾ, ਕਤਰਨਾ, ਟੋਟੇ ਕਰਨੇ, ਮਾਰਨਾ, ਜੁਦਾ ਕਰਨਾ, ਚੀਰਨਾ, ਵੇਲਾ ਟਪਾਉਣਾ, ਜਿਮੀਂ ਖਾਲੀ ਕਰਨੀ ।

**ਹਰਫ ਕੱਟਣਾ,** ਕ੍ਰਿ:—ਲਿਖੇ ਹੋਏ ਉੱਤੇ ਲੀਕ ਮਾਰਨੀ ॥

**ਕੱਟ ਖਾਣਾ,** ਕ੍ਰਿ:—ਡੰਗ ਮਾਰਨਾ, ਖਾ ਜਾਣਾ ।

**ਗੱਲ ਕੱਟਣੀ** / **ਬਾਤ ਕੱਟਣੀ** } ਕ੍ਰਿ:—ਦੂਜੇ ਦੀ ਗੱਲ ਰੱਦਣੀ ।

**ਬੇੜੀਆਂ ਕੱਟਣੀਆਂ,** ਕ੍ਰਿ:—ਕੈਦ ਖਲਾਸ ਕਰਨੀ ।

**ਮਿਤਾ ਕੱਟਣਾ,** ਕ੍ਰਿ:—ਦਸਤੂਰੀ ਲੈ ਲੈਣੀ ॥

**ਰੰਗ ਕੱਟਣਾ,** ਕ੍ਰਿ:—ਰੰਗ ਕੱਢਣਾ ਜਾਂ ਨਿਚੋੜਨਾ ॥

**ਕੱਟਣੀ,** ਸ:—ਵੇਲਾ ਬਿਤਾਉਣਾ, ਨਰੇਲ ਦੇ ਛਿੱਲੜ ਦੀ ਰੱਸੀ ॥

**ਕਟਫੋੜਾ,** ਪੁ:—ਇੱਕ ਪੰਛੀ ਲੱਕੜੀ ਵਿੱਚ ਚੁੰਝਾਂ ਮਾਰਨ ਵਾਲਾ ॥

**ਕਟਵਾਉਣਾ,** ਕ੍ਰਿ:—ਕੱਟਣ ਦਾ ਕੰਮ ਕਰਾਉਣਾ ॥

**ਕਟਵਾਈ,** ਸ:—ਕੱਟਣ ਦਾ ਕੰਮ ਜਾਂ ਮਜੂਰੀ ।

**ਕੱਟੜ,** ਪੁ:—ਵੱਢਣ ਵਾਲਾ ਘੋੜਾ ।
ਵਿ:—ਪੱਕਾ, ਸਖਤ, ਆਪਣੇ ਮਤ ਦਾ ਪੱਖ ਕਰਨ ਵਾਲਾ ॥

**ਕਟੜਾ,** ਪੁ:—ਬਜਾਰ, ਮਹੱਲਾ, ਜੁਆਨ ਸੰਢ, ਕੱਟਾ, ਝੋਟਾ ॥

**ਕਟੜੀ,** ਸ: ਕੱਟੀ, ਝੋਟੀ ਛੋਟਾ ਕਮਰਾ ॥

**ਕੱਟ,** ਪੁ:—ਮਹਿੰ ਦਾ ਬੱਚਾ, ਝੋਟਾ ॥
ਵਿ:—ਧਰਮ ਦਾ ਪੱਕਾ ॥

**ਹੱਟਾ ਕੱਟਾ,** ਵਿ:—ਤਕੜਾ, ਬਲੀ, ਮੋਟਾ ॥

**ਕਟਾਉ,** ਪੁ: ਕਾਟ, ਕਪੜੇ ਉੱਤੇ ਕੱਢੇ ਹੋਏ ਇੱਕ ਤਰਾਂ ਦੇ ਵੇਲ ।

**ਕਟਾਉਣਾ,** ਕ੍ਰਿ:—ਕੱਟਣ ਦਾ ਕੰਮ ਕਰਾਉਣਾ ॥

**ਕਟਾਊ,** ਵਿ: ਕੱਟਣ ਜੋਗਾ ।

**ਕਟਾਈ,** ਸ:—ਕੱਟਣ ਦਾ ਕੰਮ ਜਾਂ ਮਜੂਰੀ ॥

**ਕਟਾਖ,** ਸ:—ਪ੍ਰੇਮ ਦੀ ਨਿਗਾਹ ॥

**ਕਟਾਰ,** ਸ:—ਇੱਕ ਤਰਾਂ ਦੀ ਤਲਵਾਰ, ਖੰਡਾ (ਮਾਰਨਾ) ॥

**ਕਟਾਰਾ,** ਪੁ:—ਵੱਡੀ ਕਟਾਰ, ਇੱਕ ਛੁਰੀ, ਇੱਕ ਪੰਛੀ ॥

**ਕਟਾਰੀ,** ਸ:—ਛੋਟੀ ਕਟਾਰ (ਮਾਰਨਾ) ॥

Digitized by Panjab Digital Library | www.panjabdigilib.org

**ਕਟਾਰੀਆ,** ਪੁ:—ਇੱਕ ਤਰਾਂ ਦਾ ਰੇਸ਼ਮੀ ਕਪੜਾ ਜਿਸ ਉੱਪਰ ਕਟਾਰੀ ਦੀ ਸ਼ਕਲ ਦੀਆਂ ਧਾਰੀਆਂ ਹੁੰਦੀਆਂ ਹਨ। ਅਰੋੜਿਆਂ ਦੀ ਇੱਕ ਜਾਤ ॥

**ਕਟਾਵਣ,** ਪੁ:—ਕਪੜੇ ਉੱਤੇ ਇੱਕ ਤਰਾਂ ਦੇ ਫੁਲ ਕੱਢੇ ਹੋਏ ॥

**ਕਟੀ,** ਸ:—ਛੋਟੀ, ਮੱਝ ਦੀ ਬਚੀ ('ਕੱਟਾ' ਵੇਖੋ) ॥

**ਕਟੀਲਾ,** ਵਿ:—ਚਲਾਕ, ਚੁਸਤ, ਬਹਾਦਰ, ਤੇਜ਼ (ਤਲਵਾਰ) ॥

**ਕਟੂ (ਕੱਟੂ),** ਪੁ:—ਕਟਣਾ, ਕੱਟਣ ਵਾਲਾ ॥

**ਕੱਟੂ ਬੱਛੂ,** ਸ:—ਗਊਆਂ ਮਹੀਆਂ ਦੇ ਬੱਚੇ ॥

**ਕਟੂਆ,** ਪੁ:—ਮਾਂਗਣੂੰ, ਖਟਮਲ ॥

ਵਿ:—ਤੇਜ਼, ਤਿੱਖਾ, ਬਹਾਦਰ ।

**ਕਟੇਲਾ,** ਵਿ:—'ਕਟੀਲਾ' ਵੇਖੋ ॥

**ਕਟੋਚ,** ਪੁ:—ਰਜਪੂਤਾਂ ਦੀ ਇੱਕ ਬੜੀ ਉੱਚੀ ਜਾਤ ॥

**ਕਟੋਰਦਾਨ,** ਪੁ:—ਇੱਕ ਪਿੱਤਲ ਦਾ ਭਾਂਡਾ, ਪਿੱਤਲ ਦੇ ਕਟੋਰੇ ਦਾ ਢੱਕਣ । ਇੱਕ ਧਾਤ ਦਾ ਪਿਆਲਾ ॥

**ਕਟੋਰਾ,** ਪੁ:
**ਕਟੋਰੀ,** ਸ: } ਧਾਤ ਦਾ, ਗੋਲ, ਪਿਆਲਾ, ਛੰਨਾ ॥

ਵਿ:—ਚੰਗੀ ਵੰਸ਼ ਵਾਲਾ (ਸ਼ਾਹਰ), ਸੋਹਣੀ ਬਣੀ ਹੋਈ (ਚੀਜ਼) ॥

**ਕੱਠ,** ਪੁ:—'ਇਕੱਠ' ਵੇਖੋ ॥

**ਕੰਠ,** ਪੁ:—ਗਲ, ਸੰਘ, ਅਵਾਜ਼, ਘੰਡੀ ॥

ਕ੍ਰਿ:, ਵਿ:—ਜ਼ਬਾਨੀ ਯਾਦ, ਚੇਤੇ (ਹੋਣਾ, ਕਰਨਾ) ॥

**ਕੰਠ ਕਰਨਾ,** ਕ੍ਰਿ:—ਜ਼ਬਾਨੀ ਯਾਦ ਕਰਨਾ, ਰਟਣਾ ॥

**ਕੰਠ ਬੋਲਣਾ,** ਕ੍ਰਿ:—ਸੰਘ ਵਿੱਚ ਬੋਲਣਾ ਜਿਵੇਂ ਮਰਨ ਲੱਗਿਆਂ ਮਨੁੱਖ ਕਰਦਾ ਹੈ ॥

**ਕਠਣ,** ਵਿ:—ਔਖਾ, ਕਰੜਾ, ਸਖ਼ਤ, ਦੁਖਦਾਈ ॥

**ਕਠਣਤਾਈ**
**ਕਠਨਊ**
**ਕਠਨਾਈ** } ਸ:—ਔਖ, ਮੁਸ਼ਕਲ, ਸਖ਼ਤੀ ਜਿਗਰਾ ॥

**ਕੱਠਾ,** ਪੁ:—'ਇਕੱਠਾ' ਵੇਖੋ, ਪਹਾੜੀ ਨਾਲਾ ॥

**ਕੰਠਾ,** ਪੁ:—ਗਲ ਦੀ ਮਾਲਾ (ਵੱਡੇ ਮਣਕਿਆਂ ਦੀ) ਹਾਰ ॥

**ਕੰਠੀ,** ਸ:—ਨਿੱਕਾ ਕੰਠਾ ਜੋ ਗਲ ਦੇ ਨਾਲ ਲੱਗਾ ਰਹੇ

ਪੰਛੀਆਂ ਦੀ ਗਿੱਚੀ ਦੇ ਗਿਰਦ ਗੋਲ ਜਹੀ ਲਕੀਰ ॥

**ਕੰਠੀ ਦੇਣਾ,** ਕ੍ਰਿ:—ਚੇਲਾ ਬਣਾਉਣਾ ॥
(ਬੈਰਾਗੀਆਂ ਦਾ)

**ਕੰਠੀ ਬੰਨ੍ਹਣਾ,** ਕ੍ਰਿ, ਚੇਲਾ ਹੋਣਾ
(ਬੈਰਾਗੀਆਂ ਦਾ)

**ਕਠੋਰ,** ਵਿ:—ਸਖ਼ਤ, ਕਰੜਾ, ਪਕਾ, ਨਿਰਦਈ ॥

**ਕਠੋਰਤਾਈ,** ਸ:—ਸਖ਼ਤੀ, ਪਕਿਆਈ, ਬੇਰਹਮੀ ॥

**ਕੰਡ,** ਸ:—ਪਿੱਠ, ਢੂਹੀ, ਜੁਆਲੀ, ਬਣਿਆਂ ਉੱਤੇ ਜੋ ਮੁਲਾਇਮ ਚੀਜ਼ ਹੁੰਦੀ ਹੈ ॥

Digitized by Panjab Digital Library / www.panjabdigilib.org

**ਕੰਡ ਭੰਨਣੀ,** ਕ੍ਰਿ:—ਹਰਾ ਦੇਣਾ ॥

**ਕੰਡ ਲੱਥਣੀ,** ਕ੍ਰਿ:—ਹਾਰ ਜਾਣਾ, ਵੈਰੀ ਢਾਹੁਣੀ ॥

**ਕੰਡ ਲਾਹ ਸੁੱਟਣੀ,** ਕ੍ਰਿ:—ਹਰਾ ਦੇਣਾ, ਦਿਲ ਤੋੜਨਾ ॥

**ਕੰਡਾ,** ਪੁ:—ਸੂਲ, ਛੋਟੀ ਤਕੜੀ, ਗਲ ਵਿਚ ਦੀ ਸੋਜ, ਮੱਛੀ ਦੀ ਹੱਡੀ, ਜੀਭ ਦੀ ਖੁਸ਼ਕੀ ਜਾਂ ਖੁਰਦਰਾ ਪਨ, ਕੁੱਕੜ ਦੀ ਟੰਗ ਦੀ ਨੋਕ ॥

**ਕੰਡਿਆਰੀ,** ਸ:—'ਕੰਡਿਆਲੀ' ਵੇਖੋ ॥

**ਕੜਿਆਲਾ,** ਪੁ:—ਲਗਾਮ ਦਾ ਦਹਾਨਾ ॥

**ਕੰਡਿਆਲਾ,** ਵਿ:—ਕੰਡਿਆਂ ਵਾਲਾ ॥

ਪੁ:—ਕੰਡਿਆਂ ਵਾਲਾ ਰੁੱਖ ਜਾਂ ਝਾੜੀ, ਲਗਾਮ ਦਾ ਦਹਾਨਾ ॥

**ਕੜਿਆਲੇ ਚੱਬਣੇ,** ਕ੍ਰਿ:—ਗੁੱਸੇ ਵਿੱਚ ਆਉਣਾ ॥

**ਕੰਡਿਆਲੀ,** ਸ:—ਇੱਕ ਪੀਲੇ ਦਾਣਿਆਂ ਵਾਲੀ ਵੇਲ ॥

**ਕੰਡੀ,** ਸ:—ਨਿੱਕਾ ਕੰਡਾ (ਸੋਨੇ ਚਾਂਦੀ ਦੀਆਂ ਚੀਜ਼ਾਂ ਤੋਲਣ ਵਾਲਾ), ਇੱਕ ਪਹਾੜੀ ਟੋਕਰੀ, ਜਿਸ ਚੀਜ਼ ਨਾਲ ਰਾਜ ਚੂਨਾ ਕਲੀ ਲਾਉਂਦੇ ਹਨ ॥

**ਕੰਡੀ ਚੜ੍ਹਾਉਣਾ (ਚੜ੍ਹਨਾ),** ਕ੍ਰਿ:—ਤੋਲਣਾ ॥

**ਕੱਢਣਾ,** ਕ੍ਰਿ:—ਬਾਹਰ ਕਰਨਾ, ਸੁਟ ਪਾਉਣਾ, ਬਾਹਰ ਖਿੱਚਣਾ, ਜੜ੍ਹੋਂ ਪੁੱਟਣਾ, ਅਨਾਜ ਦੀ ਪੈਲੀ ਵਿੱਚੋਂ ਘਾਹ ਬੂਟ ਜੁਦਾ ਕਰਨਾ, ਮਿਆਨ ਵਿੱਚੋਂ ਤਲਵਾਰ ਖਿੱਚਣੀ, ਲਕੀਰ ਖਿੱਚਣੀ, ਬੱਚਾ ਜੰਮਾਉਣਾ, ਚੁਗਣਾ, ਉਤਾਰਨਾ, ਘਟਾਉਣਾ, ਛਾਪਣਾ, ਖੋਲਣਾ, ਨਵੀਂ ਗੱਲ ਮਲੂਮ ਕਰਨਾ ਜਾਂ ਨਵੀਂ ਚੀਜ਼ ਬਣਾਉਣਾ, ਰੰਗਰਾਂ ਨੂੰ ਸਿੱਧਾ ਕਰਨਾ, ਕਸੀਦੇ ਦਾ ਕੰਮ ਕਰਨਾ ॥

**ਕੱਢ ਮਾਰਨਾ,** ਕ੍ਰਿ:—ਅੰਦਰਲੀ ਚੀਜ਼ ਨੂੰ ਕੱਢ ਕੇ ਬਾਹਰ ਸੁਟਣਾ ।

**ਮੂੰਹੋਂ ਕੱਢਣਾ,** ਕ੍ਰਿ:—ਗੱਲ ਕਹਿਣੀ, ਬੋਲਣਾ ॥

**ਕੱਢ ਲਿਆਉਣਾ,** ਕ੍ਰਿ:—ਕੱਢ ਜਾਂ ਚੁਰਾ ਕੇ ਲੈ ਆਉਣਾ ।

**ਕੱਢ ਲੈ ਜਾਣਾ,** ਕ੍ਰਿ:—ਕੱਢ ਜਾਂ ਚੁਰਾ ਕੇ ਲੈ ਜਾਣਾ ।

**ਕੱਢ ਰੱਖਣਾ,** ਕ੍ਰਿ:—ਕੱਢ ਕੇ ਜਮਾਂ ਕਰ ਛੱਡਣਾ ॥

**ਕੰਢਲੀ, ਕੰਢੂਲੀ,** ਸ:—ਬਾਲਾਂ ਜਾਂ ਤੀਮਤਾਂ ਦੇ ਪਾਉਣ ਵਾਲੀ ਇੱਕ ਕੈਂਠੀ ॥

**ਕੰਢਾ,** ਪੁ:—ਕਿਨਾਰਾ, ਸਿਰਾ, ਪਾਸਾ, ਬੰਨਾ ॥

**ਕਢਾਉਣਾ,** ਕ੍ਰਿ:—ਕੱਢਣ ਦਾ ਕੰਮ ਕਰਾਉਣਾ ॥

**ਕਢਾਈ,** ਸ:—ਕੱਢਣ ਦੀ ਮਜੂਰੀ ।

**ਕੰਢੀ,** ਸ:—ਪਹਾੜ ਨਾਲ ਲਗਦੀ ਧਰਤੀ, ਦਰਿਆ ਦੇ ਕਿਨਾਰੇ ਦੀ ਥਾਂ ॥

**ਕਣ,** ਪੁ:—ਜੁਆਲ, ਰੀਣ, ਪੈਲੀ ਦਾ ਮੁੱਲ ਪਾਉਣਾ, ਫੁੱਲਾਂ ਦੀ ਕਲੀ, ਤਾਂਬੇ ਦਾ ਹਰਾ ਬੂਟਾ, ਬਲ, ਸ਼ਕਤਿਆ ॥

**ਕਣ ਕਰਨਾ (ਪਾਉਣਾ),** ਕ੍ਰਿ:—ਪੈਲੀ ਦਾ ਮੁਲ ਪਾਉਣਾ ॥

**ਕਣ ਮਣੇ,** ਸ:—ਮੀਂਹ ਦੀਆਂ ਥੋੜੀਆਂ ਜਾਂ ਹਾਲੀਆਂ ਕਣੀਆਂ ਪੋਲੀਆਂ ॥

**ਕਣਸ,** ਪੁ:—'ਕੈਸ' ਵੇਖੋ ॥

Digitized by Panjab Digital Library | www.panjabdigilib.org

**ਕਣਸੋ,** ਸ਼ਃ—ਗੁੱਝੀ ਖ਼ਬਰ (ਲੈਣੀ, ਪੈਣੀ, ਕੰਨ ਵਿੱਚ ਪੈਣੀ)॥

**ਕਣਕ,** ਸ਼ਃ—ਇੱਕ ਅਨਾਜ ਜਿਸ ਦੇ ਆਟੇ ਦੀ ਬਾਹਲੇ ਲੋਕ ਰੋਟੀ ਪਕਾਉਂਦੇ ਹਨ॥

**ਕਣਾ,** ਪੁਃ—ਤਕੜੀ ਦੇ ਛਾਬਿਆਂ ਦੀਆਂ ਰੱਸੀਆਂ।

**ਕਣੀ,** ਸ਼ਃ—ਮੀਂਹ ਆਦਿਕ ਦੀ ਬੂੰਦ, ਚੂਹੀ ਰੁਆਲ, ਰੀਠ, ਛਾਣ, ਛੋਟੇ ਟੁਕੜੇ, ਚੌਲ ਦੇ ਦਾਣੇ, ਜਿੱਧੇ ਹੌਲੇ ਚੌਲਾਂ ਵਿੱਚ ਕੱਚ ਦਾਣਾ, ਹੀਰੇ ਆਦਿਕ ਦਾ ਟੋਟਾ, ਸੱਤਿਆ, ਸ਼ਕਤੀ, ਕਰਾਮਾਤ॥

**ਕਣੀਵਾਲਾ,** ਵਿਃ—ਸੱਤਿਆ ਵਾਲਾ, ਕਰਾਮਾਤੀ॥

**ਕਣੋਈ,** ਪੁਃ—ਪੈਲੀ ਦਾ ਮੁੱਲ ਪਾਉਣ ਵਾਲਾ, ਸਰਕਾਰੀ ਅਫ਼ਸਰ॥

**ਕਣੌਡ,** ਸ਼ਃ—ਝੂਰ, ਮੁਥਾਜੀ, ਸ਼ਰਮਿੰਦਗੀ, ਖ਼ੁਸ਼ਾਮਦ॥

**ਕਣੌਡਾ,** ਵਿਃ—ਦਾਗ਼ੀ, ਕਮਜ਼ੋਰ, ਲੋੜ ਵੰਦ, ਮੁਥਾਜ, ਸ਼ਰਮਿੰਦਾ॥

**ਕੱਤ,** ਪੁਃ—ਕਲਮ ਦੀ ਨੋਕ ਕੱਟਣਾ (ਲਾਉਣਾ)॥

**ਕੰਤ,** ਪੁਃ—ਖ਼ੌਂਦ, ਗਭਰੂ, ਘਰ ਵਾਲਾ॥

**ਕੱਤਕ,** ਪੁਃ—ਹਿੰਦੂਆਂ ਦਾ ਸੱਤਵਾਂ ਮਹੀਨਾ, ਕੱਤੇ॥

**ਕੱਤਣਾ,** ਕ੍ਰਿਃ—ਚਰਖੇ ਨਾਲ ਰੂੰ ਦੀਆਂ ਤਾਰਾਂ ਕੱਢਣੀਆਂ॥

**ਕੱਤਣੀ,** ਸ਼ਃ—ਰੂੰ ਪਾਉਣ ਵਾਲੀ ਟੋਕਰੀ॥

**ਕੱਤਰ,** ਪੁਃ—ਕਾਂਤਰ, ਲੀਰ ਦਾ ਟੁਕੜਾ।

**ਕਤਰਨਾ,** ਕ੍ਰਿਃ—ਕੈਂਚੀ ਨਾਲ ਕੱਟਣਾ, ਹਿਸੇ ਕਰਨੇ॥

**ਕਤਰਨੀ,** ਸ਼ਃ—ਕੈਂਚੀ।

**ਕਤਰਾ, ਕਤ੍ਰਾ,** ਪੁਃ—ਪਾਣੀ ਆਦਿਕ ਦੀ ਬੂੰਦ, ਕਾਤਰਾਂ॥

**ਕਤਰਾਉਣਾ,** ਕ੍ਰਿਃ ਕਤਰਨ ਦਾ ਕੰਮ ਕਰਾਉਣਾ, ਰਾਹ ਛੱਡ ਕੇ ਇੱਕ ਪਾਸੇ ਨੂੰ ਪੈਣਾ ਝੇਪਣਾ, ਵਿਚ ਜਾਣਾ (ਕੰਨੀ ਕਤਰਾਉਣਾ)॥

**ਕਤਰਾਈ,** ਸ਼ਃ—ਕਤਰਨ ਦਾ ਕੰਮ ਜਾਂ ਮਜੂਰੀ॥ ਕ੍ਰਿਃ ਵਿਃ—ਪਾਸੇ ਵੱਲ, ਬਗ਼ਲੇ॥

**ਕਤਲ,** ਸ਼ਃ—ਮਾਰਨ ਦਾ ਕੰਮ, ਘਾਤ, ਹੱਤਿਆ (ਕਰਨਾ)॥

**ਕਤਲ ਦੀ ਰਾਤ,** ਸ਼ਃ—ਮੁਹੱਰਮ ਦੀ ਦਸਵੀਂ ਰਾਤ ਜਦੋਂ ਹੁਸੈਨ ਮਾਰਿਆ ਗਿਆ ਸੀ॥

**ਕਤਲੰਮਾ,** ਪੁਃ—ਇੱਕ ਤਰਾਂ ਦੀ ਮੋਟੀ ਪੂੜੀ॥

**ਕਤਲਾ,** ਪੁਃ—ਟੁਕੜਾ, ਹਿੱਸਾ, ਮਠਿਆਈ ਦਾ ਟੋਟਾ॥

**ਕਤਲਾਮ,** ਸ਼ਃ—ਆਮ ਕਤਲ, ਜੋ ਅੱਗੇ ਆਵੇ ਉਸ ਨੂੰ ਮਾਰ ਦੇਣਾ॥

**ਕਤਾ,** ਸ਼ਃ—ਕਪੜੇ ਦੀ ਕਾਟ, ਸ਼ਕਲ। ਪੱਕੀ ਸਲਾਹ (ਕਰਨੀ)॥

**ਕੱਤਾ,** ਪੁਃ—ਇੱਕ ਛੋਟੀ ਤਲਵਾਰ॥

**ਕਤਾਉਣਾ,** ਕ੍ਰਿਃ—ਕੱਤਣ ਦਾ ਕੰਮ ਕਰਾਉਣਾ॥

**ਕਤਾਈ,** ਸ਼ਃ—ਕੱਤਣ ਦਾ ਕੰਮ ਜਾਂ ਮਜੂਰੀ।

**ਕਤਾਨ,** ਪੁਃ ਮਹੀਨ ਸਣ ਦਾ ਕਪੜਾ॥ ਵਿਃ—ਕਢੀ॥

Digitized by Panjab Digital Library | www.panjabdigilib.org

**ਕਤਾਬ,** ਸ:—ਕਿਤਾਬ, ਪੋਥੀ, ਪੁਸਤਕ, ਗ੍ਰੰਥ ॥

**ਅਹਿਲ ਕਤਾਬ,** ਪੁ:—ਕਿਸੇ ਧਰਮ ਪੁਸਤਕ ਨੂੰ ਮੰਨਣ ਵਾਲ, (ਮੁਸਲਮਾਨ, ਯਹੂਦੀ ਅਤੇ ਈਸਾਈ ) ।

**ਕਤਾਬ ਅਲਾਹੀ,** ਸ:—ਕੁਰਾਨ ॥

**ਕਤਾਬਣ,** ਸ:<br>**ਕਤਾਬੀ,** ਪੁ:<br>**ਕਤਾਬੀਆ,** ਪੁ: } ਕਿਤਾਬ ਪੜ੍ਹਨ ਵਾਲਾ, ਕਤਾਬਾਂ ਦਾ ਮਾਲਕ ॥

**ਕਤਾਬੀ,** ਵਿ:—ਕਤਾਬ ਦਾ ॥

**ਕਤਾਰ,** ਸ:—ਪਾਲ, ਲੰਗ, ੜੀ, ਪੰਗਤ ।

**ਕਤੀ,** ਸ:—ਸੁਨਿਆਰਿਆਂ ਲੁਹਾਰਾਂ ਦੀ ਕੈਂਚੀ, ਕੱਤਣ ਵਾਲਾ ਜਾਂ ਵਾਲੀ, ਤਾਰ ।

**ਕਤੀਰਾ,** ਸ:—ਇੱਕ ਤਰਾਂ ਦੀ ਗੂੰਦ ॥

**ਕਤੂਗੜਾ**<br>**ਕਤੂਰਾ** } ਪੁ:—ਕੁਤੇ ਦਾ ਬੱਚਾ ॥

**ਕੱਤੇਂ,** ਪੁ:—'ਕੱਤਕ' ਵੇਖੋ ।

**ਕਤੇਬ,** ਸ:—'ਕਤਾਬ' ਵੇਖੋ ॥

**ਕਤੇਬਣ**<br>**ਕਤੇਬੀ**<br>**ਕਤੇਬੀਆ** } 'ਕਤਾਬਣ' ਵੇਖੋ ॥

**ਕਥ**<br>**ਕਥਾ** } ਸ:—ਕਹਾਣੀ, ਵਾਰਤਾ, ਉਪਦੇਸ਼ (ਕਰਨਾ) ॥

**ਕਥਾ ਕਹਾਨੀ,** ਸ:—ਇਸਰਾਰ, ਕੁੜਮਾਈ ॥

**ਕਥਾ ਦਾ ਭੋਗ ਪੈਣਾ, ਪਾਉਣਾ,** ਕ੍ਰਿ:—ਕਥਾ ਮੁੱਕਣੀ ॥

**ਕਥਾ ਵਾਰਤਾ (ਵਾਰਤਾ),** ਸ:—ਧਰਮ ਚਰਚਾ ਜਾਂ ਉਪਦੇਸ਼ ॥

**ਕਥਾ ਬਿਠਾਉਣਾ,** ਕ੍ਰਿ:—ਕਥਾ ਦਾ ਆਰੰਭ ਕਰਾਉਣਾ ॥

**ਕਥਾ ਕਰਵਾਉਣਾ,** ਕ੍ਰਿ:—ਕਥਾ ਕਰਾਉਣਾ ॥

**ਕਥਾ ਵਾਚਣਾ,** ਕ੍ਰਿ:—ਕਿਸੇ ਧਰਮ ਪੁਸਤਕ ਦਾ ਪਾਠ ਕਰਕੇ ਅਰਥ ਦੱਸਣਾ ॥

**ਕਥਾ ਵਾਚਣ ਵਾਲਾ,** ਪੁ:—ਕਿਸੇ ਧਰਮ ਪੁਸਤਕ ਦਾ ਪਾਠ ਕਰਕੇ ਅਰਥ ਦੱਸਣ ਵਾਲਾ ॥

**ਕੱਥ**<br>**ਕੱਥਾ** } ਪੁ:—ਇਕ ਬੂਟੀ ਦਾ ਸਤ ਜੋ ਪਾਨ ਨਾਲ ਖਾਂਦੇ ਹਨ ॥

**ਕੱਥਕ,** ਪੁ:—ਕਥਾ ਕਰਨ ਵਾਲਾ, ਗਵੱਯਾ, ਨੱਚਣ ਵਾਲਾ ।

**ਕਥਣਾ,** ਕ੍ਰਿ:—ਕਹਿਣਾ, ਬਿਆਨ ਕਰਨਾ, ਪ੍ਰਸੰਗ ਸੁਣਾਉਣਾ ॥

**ਕਥਣਾ ਮਥਣਾ,** ਕ੍ਰਿ:—ਕਹਿਣਾ, ਦੱਸਣਾ, ਵਾਦ ਰਚਣਾ ॥

**ਕਥਣੀ,** ਸ:—ਗੱਲ, ਬਾਤ, ਉਪਦੇਸ਼, ਲੈਕਚਰ ਤਕਰੀਰ ( ਕਥਨੀ ਕਹ ਭਰਮ ਨ ਜਾਈ ) ॥

**ਕੱਥੀ,** ਸ:—ਚਮ ਨੂੰ ਛੋਹਣ ਵਾਲਾ ਮੋਚੀਆਂ ਦਾ ਕਪੜਾ ॥

**ਕਥਣੀ ਦਾ ਸੂਰਾ,** ਪੁ:—ਨਿਰਾ ਬੋਲਣ ਵਾਲਾ ਜੋ ਕਮਾਈ ਨਾ ਕਰੇ ॥

**ਕਥਣੀ ਮਥਣੀ,** ਸ:—ਕਹਾਣੀ, ਕਿੱਸਾ, ਕਥਾ ॥

**ਕਦ,** ਕ੍ਰਿ, ਵਿ:—ਕਿਸ ਵੇਲੇ ॥

Digitized by Panjab Digital Library / www.panjabdigilib.org

**ਕਦ ਕਦ,** ਕ੍ਰਿ:, ਵਿ:—ਬਹੁਤ ਵਾਰ ਨਹੀਂ ॥

**ਕਦ ਕੁ,** ਕ੍ਰਿ:, ਵਿ:—ਕੇਹੜੇ ਕੁ ਵੇਲੇ ।

**ਕੱਦ,** ਪੁ:—ਉਚਾਈ, ਡੀਲ ॥

**ਕੱਦਾਵਰ (ਵਰ)** ਵਿ:—ਵਡੇ ਕੱਦ ਵਾਲਾ, ਲੰਮਾ ਝੰਮਾ ॥

**ਕੰਦ,** ਸ:—ਕਸ਼ਮੀਰ ਅਤੇ ਫਾਰਸ ਦੀ ਮਿਸਰੀ, ਇਕ ਬੂਟਾ ਜਿਸ ਦੀਆਂ ਜੜ੍ਹਾਂ ਗਾਜਰ ਵਰਗੀਆਂ ਹੁੰਦੀਆਂ ਹਨ ਅਤੇ ਵਿਚੋਂ ਖੰਡ ਨਿਕਲਦੀ ਹੈ ॥

**ਕੰਦ ਮੂਲ,** ਪੁ:—ਕੰਦ ਦੀਆਂ ਜੜ੍ਹਾਂ ॥

**ਕਦਮ,** ਪੁ:—ਉਲਾਂਘ, ਚਾਲ, ਇਕ ਰੁੱਖ ॥

**ਕਦਮ ਉਠਾਕੇ ਚੱਲਣਾ,** ਕ੍ਰਿ:—ਛੇਤੀ ਛੇਤੀ ਤੁਰਨਾ ॥

**ਕਦਮ ਕਦਮ,** ਕ੍ਰਿ:, ਵਿ:—ਹੌਲੀ ਹੌਲੀ ॥

**ਕਦਮ ਭਰਨਾ,** ਕ੍ਰਿ:—ਬਰਾਬਰ ਚਲੇ ਜਾਣਾ, ਡਬਦੇ ਡਬਦੇ ਚੱਲਣਾ ॥

**ਕਦਮਾਂ ਦਾ ਮੇਲਾ,** ਪੁ:—ਸਖੀ ਸਰਵਰ ਦੇ ਲਾਗੇ ਨਗਾਹੀਏ ਦੇ ਪੀਰ ਦੀ ਯਾਦਗੀਰੀ ਦਾ ਮੇਲਾ ॥

**ਕਦਰ,** ਸ:—ਕੀਮਤ, ਮੁੱਲ, ਆਦਰ, ਵਡਿਆਈ, ਪਰਮਾਣ ॥

**ਕੰਦਰਾ,** ਸ:—ਗੁਫਾ, ਪਹਾੜ ਵਿਚ ਦਾ ਖੱਪਾ ॥

**ਕੰਦਲ,** ਪੁ:—ਜੌਂ ਅਤੇ ਕਣਕ ਨੂੰ ਲੱਗਣ ਵਾਲਾ ਇੱਕ ਰੋਗ ॥

**ਕੰਦਲਾ, ਕੰਦਲੀ** } ਪੁ:—ਸੋਨੇ ਚਾਂਦੀ ਦੀ ਤਾਰ, ਲੋਹ ਦੀ ਮੋਟੀ ਤਾਰ ॥

**ਕਾਮ ਕੰਦਲਾ,** ਵਿ:—ਬਹੁਤ ਲਿੰਗਾ ਮਨੁੱਖ ॥

**ਕੰਦਲੇ ਕਸ਼,** ਪੁ:—ਚਾਂਦੀ ਦੀ ਤਾਰ ਖਿੱਚਣ ਵਾਲਾ ॥

**ਕਦਲੀ,** ਪੁ:—ਕੇਲਾ ॥

**ਕੰਦਾ,** ਪੁ:—ਇਕ ਤਰਾਂ ਦੀ ਛੁੱਟੀ ਜੋ ਕੈਦੀਆਂ ਨੂੰ ਮਿਲਦੀ ਹੈ ॥

**ਕਦਾ ਚਿੱਤ,** ਕ੍ਰਿ:, ਵਿ:—ਕਦੇ, ਸ਼ਾਇਤ, ਅਚਾਨ ਚੱਕ ।

**ਕਦੀ,** ਕ੍ਰਿ:, ਵਿ:—ਕਿਸੇ ਵੇਲੇ ।

**ਕਦੀ ਕਦੀ,** ਕ੍ਰਿ:, ਵਿ:—ਕੁਝ ਕੁਝ ਚਿਰ ਪਿੱਛੋਂ, ਕਿਸੇ ਕਿਸੇ ਵੇਲੇ ॥

**ਕਦੋ ਦਾ (ਦੀ),** ਕ੍ਰਿ:, ਵਿ:—ਬਹੁਤ ਚਿਰ ਹੋਇਆ ॥

**ਕਦੇ ਨਹੀਂ,** ਕ੍ਰਿ:, ਵਿ:—ਕਿਸੇ ਤਰਾਂ ਨਹੀਂ, ਕਿਸੇ ਵੇਲੇ ਨਹੀਂ ॥

**ਕਦੀ ਨਾ ਕਦੀ,** ਕ੍ਰਿ:, ਵਿ:—ਕਿਸੇ ਨਾ ਕਿਸੇ ਵੇਲੇ ॥

**ਕੰਦੀ,** ਸ:—ਮਫ਼, ਵਿ:—ਖੰਡ ਦਾ ਬਣਿਆ ਹੋਇਆ (ਮਿਰਕਾ) ॥

**ਸਕਰ ਕੰਦੀ,** ਸ:—ਇੱਕ ਤਰਾਂ ਦੀਆਂ ਮਿਠੀਆਂ ਆਲੂ ਦੀ ਕਿਸਮ ਦੀਆਂ, ਲੰਮੀਆਂ ਗੰਢੀਆਂ ॥

**ਕਦੀਮ, ਕਦੀਮੀ** } ਪੁ:—ਪੁਰਾਣਾ ਸਮਾ, ਪਿਛਲਾ ਜ਼ਮਾਨਾ, ਵਿ:—ਪੁਰਾਣਾ, ਪਿਛਲੇ ਸਮੇ ਦਾ, ਵਡਿਆਂ ਦੇ ਵੇਲੇ ਦਾ, ਪਿਤਾ ਪੁਰਖੀ ।

**ਕਦੀਮ ਤੋਂ (ਥੋਂ),** ਕ੍ਰਿ:, ਵਿ:—ਪਿਛਲੇ ਸਮੇਂ ਤੋਂ, ਮੁੱਢੋਂ ॥

**ਕੰਦੀਲ,** ਸ:—ਲਾਲਟੈਣ, ਫਾਨੂਸ ॥

Digitized by Panjab Digital Library | www.panjabdigilib.org

**ਕੱਦੂ,** ਪੁ:—ਗੋਲ ਘੀਆ, ਕਾਂਸ਼ੀ ਫਲ ॥

**ਕੱਦੂ ਕਸ਼,** ਪੁ:—ਲੋਹੇ ਦੀ ਜਿਸ ਚੀਜ਼ ਨਾਲ ਕੱਦੂ ਆਦਿਕ ਛਿੱਲਕੇ ਕੱਟਦੇ ਹਨ ॥

**ਕੱਦੂ ਦਾਨਾ,** ਪੁ:—ਇੱਕ ਤਰਾਂ ਦੇ ਕਿਰਮ ਜੋ ਆਂਦਰਾਂ ਵਿਚ ਪੈ ਜਾਂਦੇ ਹਨ ॥

**ਮਗਜ਼ ਕੱਦੂ,** ਪੁ:—ਕੱਦੂਆਂ ਦੇ ਬੀਆਂ ਦੀ ਗਿਰੀ ॥

**ਕਦੂਰਤ,** ਸ:—ਵੈਰ, ਸਾੜ੍ਹਾ, ਪਲੀਤੀ, ਮਲ ॥

**ਕੰਦੂਰਾ,** ਪੁ:—ਮੇਜ਼ ਉੱਤੇ ਪਾਉਣ ਵਾਲਾ ਕੱਪੜਾ ॥

**ਕੰਦੂਰੀ,** ਸ:—ਇੱਕ ਫਲ, ਮੁਸਲਮਾਨੀਆਂ ਬੀਬੀ ਫ਼ਾਤਮਾ ਦੇ ਨਿਆਉਂ ਦਾ ਜੋ ਖਾਣਾ ਦੇਂਦੀਆਂ ਹਨ ॥

**ਕਦੇ,** ਕ੍ਰਿ:, ਵਿ:—ਕਿਸੇ ਵੇਲੇ, 'ਕਦੀ' ॥

**ਕਦੇਕੁ, ਕਦੇ ਦਾ**<br>**ਕਦੇ ਨਹੀਂ, ਕਦੇ**<br>**ਨ ਕਦੇ** } 'ਕਦੀ' ਵੇਖੋ ॥

**ਕਦੋਂ,** ਕ੍ਰਿ:, ਵਿ:—ਕੇਹੜੇ ਵੇਲੇ, ਕਿਸ ਵੇਲੇ, ਕਦ ॥

**ਕਦੋਂ ਕੁ,** ਕ੍ਰਿ:, ਵਿ:—ਕਿਸ ਕੁ ਵੇਲੇ ॥

**ਕਦੋਕਣਾ,** ਵਿ:—ਕਿਨੇ ਚਿਰ ਦਾ, ਬਹੁਤ ਚਿਰ ਦਾ ॥

**ਕੰਧ,** ਸ:—ਦਿਵਾਲ, ਘਰ ਦੇ ਉਹ ਪਾਸੇ ਜਿਨ੍ਹਾਂ ਉੱਪਰ ਛੱਤ ਹੁੰਦੀ ਹੈ। ਕਮਜ਼ੋਰ ਆਦਮੀ ਕੰਧੀ, ਸ:—ਘਰ ॥

**ਕੰਧਾ,** ਪੁ:—ਮੋਢਾ, ਬਾਂਹ ਦਾ ਉੱਪਰਲਾ ਜੋੜ ॥

**ਕੰਧਾ ਦੇਣਾ,** ਕ੍ਰਿ:—ਮੋਢੇ ਉੱਤੇ ਚੁੱਕਣਾ, ਮੁਰਦੇ ਦੀ ਅਰਥੀ ਨੂੰ ਮੋਢੇ ਦਾ ਸਹਾਰਾ ਦੇਣਾ ॥

**ਕੰਧੋਲਾ,** ਪੁ:—ਗੰਦਾੜੀ, ਇੱਕ ਤਰਾਂ ਦਾ ਕੱਦੂ ॥

**ਕੰਨ,** ਪੁ:—ਸਰੀਰ ਦੇ ਉਹ ਅੰਗ ਜਿਨ੍ਹਾਂ ਨਾਲ ਸੁਣੀਦਾ ਹੈ ॥

**ਕੰਨ ਹੋਣੇ,** ਕ੍ਰਿ:—ਖਬਰਦਾਰ ਹੋਣਾ, ਸਮਝ ਆਉਣੀ ॥

**ਕੰਨ ਕਟਾ,** ਵਿ:—ਜਿਸ ਦੇ ਕੰਨ ਕੱਟੇ ਹੋਏ ਹੋਣ ॥

**ਕੰਨ ਖੜੇ ਹੋਣੇ,** ਕਿਸੇ ਗੱਲ ਦਾ ਡਰ ਹੋਣਾ ॥

**ਕੰਨ ਖੜੇ ਕਰਨੇ,** ਕ੍ਰਿ:—ਹੁਸ਼ਿਆਰ ਹੋ ਜਾਣਾ ॥

**ਕੰਨ ਖਾਣੇ,** ਕ੍ਰਿ:—ਬਹੁਤੀਆਂ ਗੱਲਾਂ ਕਰਕੇ ਕਿਸ ਦਾ ਸਿਰ ਖਪਾਣਾ ॥

**ਕੰਨ ਖਿੱਚਣੇ,** ਕ੍ਰਿ:—ਸਮਝਾਉਣਾ, ਮੱਤ ਦੇਣੀ, ਸਜ਼ਾ ਦੇਣੀ ॥

**ਕੰਨ ਖੋਲ ਦੇਣੇ,** ਕ੍ਰਿ:—ਹਟਕਣਾ, ਸਮਝਾ ਦੇਣਾ, ਖਬਰਦਾਰ ਕਰਨਾ ॥

**ਕੰਨ ਤੇ ਹੱਥ ਰੱਖਣਾ,** ਕ੍ਰਿ:—ਮੁੱਕਰ ਜਾਣਾ, ਨ ਮੰਨਣਾ ॥

**ਕੰਨ ਤੇ ਜੂੰ ਨਾਂ ਚੱਲਣੀ,** ਕ੍ਰਿ:—ਕੁਝ ਧਿਆਨ ਨਾਂ ਦੇਣਾ, ਪਰਵਾਹ ਨਾ ਕਰਨੀ ॥

**ਕੰਨ ਦੇਣਾ**<br>**ਕੰਨ ਧਰਨਾ** } ਕ੍ਰਿ:—ਧਿਆਨ ਨਾਲ ਸੁਣਨਾ ॥

**ਕੰਨ ਨਾ ਹਿਲਾਉਣਾ,** ਕ੍ਰਿ:—ਚੁੱਪ ਕਰ ਰਹਿਣਾ ॥

**ਕੰਨ ਪੁੱਟਣਾ,** ਕ੍ਰਿ:—'ਕੰਨ ਖਿੱਚਣੇ' ਵੇਖੋ ॥

**ਕੰਨ ਪੈਣੀ,** ਕ੍ਰਿ:—ਸੁਣ ਲੈਣਾ ॥

Digitized by Panjab Digital Library | www.panjabdigilib.org

**ਕੰਨ ਫੜਣਾ,** ਕ੍ਰਿ:—ਲੱਤਾਂ ਹੇਠੋਂ ਹੱਥ ਕੱਢਕੇ ਕੰਨ ਫੜਨੇ, ( ਇੱਕ ਸਜਾ )॥

**ਕੰਨ ਫੜਾਉਣਾ,** ਕ੍ਰਿ:—ਕੰਨ ਫੜਨ ਦੀ ਸਜਾ ਦੇਣੀ ॥

**ਕੰਨ ਫੂਲ,** ਪੁ:—ਕੰਨਾਂ ਦਾ ਇੱਕ ਗਹਿਣਾ ॥

**ਕੰਨ ਭਰਨਾ ( ਨੇ ),** ਕ੍ਰਿ:—ਚੁਗਲੀਆਂ ਕਰਨੀਆਂ ॥

**ਕੰਨ ਵੱਜਣੇ,** ਕ੍ਰਿ:—ਕੰਨ ਵਿੱਚ ਅਵਾਜ ਪੈਣ ਦਾ ਭਰਮ ਹੋਣਾ, ਸਾਂ ਸਾਂ ਹੋਣੀ ॥

**ਕੰਨ ਵਿਹਨਾ,** ਪੁ:—ਕੰਨ ਵਿੰਨ੍ਹਣ ਵਾਲਾ॥

**ਕੰਨ ਵਿੱਚ ਉਂਗਲੀਆਂ ਦੇਣੀਆਂ,** ਕ੍ਰਿ:—ਕੰਨ ਬੰਦ ਕਰਨੇ, ਨਾਂ ਸੁਨਣਾ ॥

**ਕੰਨ ਵਿੱਚ ਕਹਿਣਾ,** ਕ੍ਰਿ:—ਹੌਲੀ ਅਵਾਜ ਨਾਲ ਕਹਿਣਾ ॥

**ਕੰਨ ਵਿੱਚ ਰੂੰ ਦੇਣਾ,** ਕ੍ਰਿ:- ਕਿਸੇ ਦੀ ਗੱਲ ਨਾਂ ਸੁਨਣੀ ॥

**ਕੰਨ ਵਿੰਨ੍ਹਣਾ,** ਕ੍ਰਿ:—ਮੁਰਕੀ ਆਦਿਕ ਪਾਉਣ ਲਈ ਕੰਨ ਵਿੱਚ ਛੇਕ ਕੱਢਣੇ ।

**ਕੰਨ ਵਿਨ੍ਹਾਉਣਾ,** ਕ੍ਰਿ:—ਕੰਨ ਵਿੱਚ ਛੇਕ ਕਢਾਉਣੇ ॥

**ਇਸ ਕੰਨ ਸੁਨਣਾ, ਉਸ ਕੰਨ ਕੱਢ ਦੇਣਾ,** ਕ੍ਰਿ:—ਧਿਆਨ ਦੇਕੇ ਗੱਲ ਨਾ ਸੁਨਣੀ, ਪਰਵਾਹ ਨਾ ਕਰਨੀ ॥

**ਕੰਨਾਂ ਘੇਸਲ ਮਾਰਨਾ**<br>**ਕੰਨਾਂ ਮੂੰਢੀਂ ਮਾਰ ਛੱਡਣਾ** } ਕ੍ਰਿ: —ਮਚਲੇ ਹੋ ਰਹਿਣਾ, ਨਾਂ ਸੁਨਣ ਦਾ ਬਹਾਨਾ ਕਰਨਾ ॥

**ਕੰਨਾਂ ਦਾ ਕੱਚਾ,** ਪੁ:—ਲਾਈ ਲੱਗ, ਦੂਜੇ ਦੀ ਗੱਲ ਨੂੰ ਐਵੇਂ ਮੰਨ ਜਾਣ ਵਾਲਾ॥

**ਕੰਨਾਂ ਨੂੰ ਹੱਥ ਲਾਉਣਾ,** ਕ੍ਰਿ:—ਤੋਬਾ ਕਰਨਾ॥

**ਕਨ੍ਹਈਆ,** ਪੁ:—ਕਾਨ੍ਹ, ਕਿਸ਼ਨ, ਇਕ ਜਾਤ॥

**ਕਨਸਤਰ,** ਪੁ:—ਟੀਨ ਦਾ ਛੋਟਾ ਪਪਾ ॥

**ਕਨਕਊਆ,** ਪੁ:—ਉਡਾਉਣ ਵਾਲੀ ਗੁੱਡੀ, ਪਤੰਗ ॥

**ਕੰਨਕਾਂ,** ਸ:—(ਬਹੁ ਬ:) ਕੁੜੀਆਂ, ਕੁਆਰੀਆਂ ਕੰਜਕਾਂ ॥

**ਕਨਖਜੂਰਾ,** ਪੁ:—ਇੱਕ ਤਰਾਂ ਦਾ ਬਹੁਤ ਪੈਰਾਂ ਵਾਲਾ ਕੀੜਾ ਜੋ ਸਰੀਰ ਨੂੰ ਚੰਬੜ ਜਾਂਦਾ ਹੈ॥

**ਕਨਪੱਟੀ,** ਸ:—ਪੁੜ ਪੁੜੀ, ਘੋੜਿਆਂ ਦੀਆਂ ਅੱਖੀਂ ਉੱਤੇ ਬੰਨ੍ਹਣ ਵਾਲਾ ਪੜਦਾ ।

**ਕੰਨਾ,** ਪੁ:—ਇੱਕ ਲਗ ( ।), ਪਤੰਗ ਦੀਆਂ ਨੁਕਰਾਂ, ਜੁੱਤੀ ਦੇ ਸਿਰੇ ਦੇ ਵਿੰਗੇ ਕਿਨਾਰੇ ॥

**ਕੰਨ੍ਹਾ,** ਪੁ:—'ਕੰਧਾ' ਵੇਖੋ॥

**ਕਨਾਗਤ,** ਸ:—ਅੱਸੂ ਦੇ ਪਿਛਲਾ ਪੱਖ ਵਿੱਚ ਪਿਤਰਾਂ ਦੇ ਨਿਮਿਤ ਜੋ ਕਿਰਿਆ ਹਿੰਦੂ ਕਰਦੇ ਹਨ ।

**ਕਨਾਤ,** ਸ:—ਇੱਕ ਤਰਾਂ ਦਾ ਪੜਦਾ ਜੋ ਤੰਬੂ ਦੇ ਗਿਰਦੇ ਖੜਾ ਕੀਤਾ ਜਾਂਦਾ ਹੈ ।

**ਕਨਾੜੇ**<br>**ਕਨੌੜੇ**<br>**ਕਨੌਤੀਆਂ** } ਪੁ: (ਬਹੁ: ਬ:)—ਖੱਚਰਾਂ, ਘੋੜਿਆਂ ਆਦਿਕਾਂ ਦੇ ਕੰਨਾਂ ਦੇ ਸਿਰੇ ॥

**ਕਨਾਰ,** ਸ:—ਘੋੜਿਆਂ ਦਾ ਇੱਕ ਰੋਗ ॥

**ਕਨਾਰਾ,** ਪ:—ਕੰਢਾ, ਪਾਸਾ, ਕੰਨੀ, ਹੱਦ । ਬੰਨਾ ॥

Digitized by Panjab Digital Library | www.panjabdigilib.org

**ਕਨਾਰਾ ਹੋਣਾ, ਹੋ ਜਾਣਾ, ਕਰਨਾ,** ਕ੍ਰਿ:—ਪਰੇ ਹਟ ਜਾਣਾ ॥

**ਮਰਣ ਕਨਾਰੇ ਹੋਣਾ,** ਕ੍ਰਿ:—ਮਰਨ ਵਿੱਚ ਥੋੜ੍ਹਾ ਫਿਰ ਹੋਣਾ ਮਰਨ ਦੇ ਨੜੇ ਹੋਣਾ ॥

**ਕਨਾਰੀ,** ਸ:—ਸੋਨੇ ਚਾਂਦੀ ਦੀਆਂ ਤਾਰਾਂ ਦੀ ਪੱਟੀ ਕਪੜਿਆਂ ਉੱਤੇ ਲਾਉਣ ਵਾਲੀ, ਗੋਟਾ ॥

**ਕਨਾਲ,** ਪੁ:—ਜਿਮੀਂ ਦਾ ਨਾਪ, ਘੁਮਾਂ ਦਾ ਅੱਠਵਾਂ ਹਿੱਸਾ ॥

**ਕੰਨਿਆਂ,** ਸ:—ਕੁੜੀ, ਧੀ, ਕੁਆਰੀ ॥

**ਕੰਨਿਆਂ ਦਾਨ,** ਪੁ:—ਧੀ ਵਿਆਹ ਕੇ ਵਰ ਨੂੰ ਦੇਣੀ ।

**ਕੰਨਿਆ ਪਤੀ,** ਪੁ:—ਕੁੜੀ ਦਾ ਗਭਰੂ, ਵਰ, ਧੌਂਦ ॥

**ਕੰਨੀ,** ਸ:—ਕਨਾਰਾ, ਪਾਸਾ, ਲੂੰਗੀ ਦਾ ਸਿਰਾ, ਗੁੱਡੀ ਦੀ ਨੁੱਕਰ ॥

**ਕੰਨੀ ਕਰਨੀ**
**ਕੰਨੀ ਕਤਰਾਉਣੀ** } ਕ੍ਰਿ:—ਪਰੇ ਹਟਣਾ ਬਚਣਾ ॥

**ਕੰਨੀ ਦੇਣੀ**
**ਕੰਨੀਆਂ ਦੇਣੀਆਂ** } ਕ੍ਰਿ:—ਪਤੰਗ ਜਾਂ ਗੁੱਡੀ ਨੂੰ ਹੱਥ ਨਾਲ ਉਤਾਂਹ ਚੁਕਣਾ ॥

**ਕੰਨੀ ਰਾਖਵਾਂ (ਵੀਂ)** ਵਿ:—ਕੰਨੀ ਛੱਡਕੇ ਬੁਣਿਆ ਜਾਂ ਰੰਗਿਆ ਹੋਇਆ (ਖੇਸ) ॥

**ਕੰਨੀਂ,** ਕ੍ਰਿ:, ਵਿ:—ਕੰਨਾਂ ਰਾਹੀਂ (ਕੰਨੀਂ ਸੁਣਨਾ) ॥

**ਕਨੂਟੀ,** ਸ:—ਕੰਨ ਦਾ ਬਾਹਰਲਾ ਹਿੱਸਾ ॥

**ਕਨੂਨ,** ਪੁ:—ਨੇਮ, ਵਿਧ, ਖਿਵਸਥਾ, ਕੈਦਾ ॥

**ਕਨੂਨ ਛਾਂਟਣਾ,** ਕ੍ਰਿ:—ਹੁੱਜਤਾਂ ਕਰਨੀਆਂ ॥



**ਕਨੂਨ ਤੇ ਚੱਲਣਾ,** ਕ੍ਰਿ:—ਕਨੂਨ ਮੂਜਿਬ ਕੰਮ ਕਰਨਾ ॥

**ਕਨੂਨਣ,** ਸ:
**ਕਨੂਨੀ,** ਪੁ: } ਕਨੂਨ ਛਾਂਟਣ ਵਾਲਾ (ਲੀ), ਕਨੂਨ ਮੂਜਿਬ, ਕਨੂਨ ਦਾ (ਦੀ)

**ਕਨੇਠਾ,** ਵਿ:—ਭੈਂਰਿਆਂ ਵਿਚੋਂ ਛੁਟੇਰਾ ॥

**ਕਨੇੜਾ**
**ਕਨੇੜੂ** } ਪੁ:—ਕੰਨ ਦੇ ਪਿੱਛੇ ਹੋਣ ਵਾਲਾ ਕਰੜਾ ਫੋੜਾ ॥

**ਕਨ੍ਹੈੜਾ,** ਪੁ:
**ਕਨ੍ਹੈੜੀ,** ਸ: } ਕੰਧਾ, ਮੋਢਾ ॥

**ਕਨੇਰ (ਕਨੇਲ),** ਪੁ:—ਇੱਕ ਫੁੱਲ ਦੇਉਤਿਆਂ ਅੱਗੇ ਚੜ੍ਹਾਉਣ ਵਾਲਾ ॥

**ਕਨੈਤ,** ਪੁ:
**ਕਨੈਤਣੀ,** ਸ: } ਰਜਪੂਤਾਂ ਦੀ ਇੱਕ ਨਿੱਕੀ ਜ਼ਾਤ ਦਾ ਮਰਦ ਜਾਂ ਤੀਵੀਂ ॥

**ਕਨੌਤੀਆਂ**
**ਕਨੌਤਰੇ** } ਪੁ:—(ਬਹੁ: ਬ) 'ਕਨਾਤ੍ਰੋ' ਵੇਖੋ ॥

**ਕਪ,** ਪੁ:—ਬਾਂਦਰ ।

**ਕੈਂਪ,** ਪੁ:—ਕੈਂਪੂ, ਡੇਰਾ, ਅਫਸਰ ਦਾ ਤੰਬੂ ॥

**ਕਪਟ,** ਪੁ:
**ਕਪਟ ਭਾਈ,** ਸ: } ਧੋਖਾ, ਫਰੇਬ, ਛਲ, ਮਕਰ, ਪਖੰਡ ॥

**ਕਪਟਣ,** ਸ:
**ਕਪਟੀ,** ਪੁ: } ਕਪਟ" ਕਰਨ ਵਾਲਾ (ਲੀ), ਫਰੇਬੀ ॥

**ਕੱਪਣਾ,** ਕ੍ਰਿ:—ਵੱਢਣਾ, ਕੱਟਣਾ, ਮਾਰਨਾ ॥

**ਕੰਪਣੀ,** ਸ:—ਸਿਪਾਹੀਆਂ ਦੀ ਟੋਲ੍ਹਾ, ਕਠੇ ਮਿਲਕੇ ਤਮਾਸ਼ਾ ਜਾਂ ਬੁਪਾਰ ਕਰਨ ਵਾਲਿਆਂ ਦੀ ਮੰਡਲੀ ॥

Digitized by Panjab Digital Library | www.panjabdigilib.org

**ਕੰਪਣੀ ਬਾਗ,** ਪੁ:—ਸ਼ਹਿਰ ਦਾ ਸਰਕਾਰੀ ਬਾਗ਼ ॥

**ਕਪੱਤ / ਕਪੱਤਾ** } 'ਕੁਪੱਤ', 'ਕੁਪੱਤਾ' ਵੇਖੋ ॥

**ਕਪਤਾਨ,** ਪੁ:—ਇੱਕ ਫੌਜੀ ਅਫ਼ਸਰ, ਖਿਡਾਰੀਆਂ ਦਾ ਆਗੂ ॥

**ਕਪਲਾ,** ਸ:—ਭੂਰੇ ਰੰਗ ਦੀ ਗਊ ॥

**ਕਪੜਹਾਨ,** ਸ:—'ਕਪੜਿਆਹਨ' ਵੇਖੋ ।

**ਕਪੜ ਛਾਣ,** ਵਿ:—ਕੱਪੜੇ ਵਿੱਚੋਂ ਛਾਤਾ ਹੋਇਆ ॥

**ਕਪੜ ਪੜੀ,** ਸ:—ਕੱਪੜਿਆਂ ਦਾ ਵੇਰ(ਕਰਨਾ) ।

**ਕਪੜ ਪੁਲ (ਕ)** ਸ:—ਕੱਪੜਾ ਬਾੜ੍ਹ ਕੇ ਬੱਧੀ ਹੋਈ ਪੁੜ, ਇੱਕ ਤਰਾਂ ਦੀ ਜਾਲੀ ॥

**ਕੱਪੜਾ,** ਪੁ:—ਲੀੜਾ, ਲੱਤਾ, ਵਸਤ੍ਰ ॥

**ਕਪੜਾਂਧ / ਕਪੜਿਆਹਨ** } ਸ:—ਕੱਪੜਾ ਸੜਨ ਦਾ ਮੁਸ਼ਕ ॥

**ਕੱਪੜੀ,** ਪੁ:, ਵਿ:—ਕੱਪੜਿਆਂ ਦੀ ਲੋੜ ਵਾਲਾ, ਰੁਮਾਲ ॥

**ਕੱਪੜੇ,** ਪੁ: (ਬਹੁ: ਬ:) ਪੁਸ਼ਾਕ (ਬਦਲਣੇ, ਪਾਣੇ ਪਹਿਨਣੇ ) ॥

**ਕਪੜੇ ਆਉਣੇ,** ਕ੍ਰਿ:—ਤੀਮਤ ਦਾ ਰਿੱਤੀ ਹੋਣਾ ॥

**ਕਪੜੇ ਰੰਗਣੇ,** ਕ੍ਰਿ:—ਸਾਧੂ ਹੋ ਜਾਣਾ ॥

**ਕਪੜੌਟੀ / ਕਪੜੌਂਟੀ** } ਸ:—ਕਪੜੇ ਦੀਆਂ ਕੁਝ ਤਹਿਆਂ ।

**ਕੰਪਾਸ,** ਪੁ:—ਜਿਮੀ ਨੂੰ ਕੱਢਣ ਦਾ ਮਸ਼ਹੂਰ ਜੰਤ੍ਰ ॥

**ਕਪਾਹ,** ਸ:—ਰੂੰ ਦਾ ਬੂਟਾ ਅਤੇ ਉਸਦੀਆਂ ਡੋਡੀਆਂ ॥

**ਕਪਾਹੀ,** ਵਿ:—ਕਪਾਹ ਦੇ ਬੂਟੇ ਦੇ ਰੰਗ ਦਾ ॥

**ਕਪਾਹੇ,** ਵਿ:—ਕਪਾਹ ਦਾ ਬਣਿਆ ਹੋਇਆ ॥

**ਕੰਪਾਜ਼ਿਟਰ,** ਪੁ:—ਛਾਪੇ ਦੇ ਅੱਖਰ ਜਮਾਉਣ ਵਾਲਾ ॥

**ਕਪਾਟ,** ਪੁ:—ਕਵਾੜ, ਤਾਕ, ਬੂਹਾ, ਦਰਵਾਜ਼ਾ ॥

**ਕਪਾਲ,** ਪੁ:—ਖੋਪਰੀ, ਸਿਰ, ਮਗਜ, ਨਸੀਬ ।

**ਕਪਾਲ ਕਿਰਿਆ,** ਸ:—ਸੜੇ ਹੋਏ ਮੁਰਦੇ ਦੀ ਖੋਪਰੀ ਨੂੰ ਬਾਂਸ ਨਾਲ ਤੋੜਨਾ ( ਕਰਨੀ ) ॥

**ਕਪੀਟ,** ਸ:—ਇੱਕ ਤਰਾਂ ਦੀ ਲੰਗੋਟੀ ॥

**ਕਪੁਤ / ਕਪੁਤ੍ਰ** } ਪੁ:—ਬੁਰਾ ਪੁਤ੍ਰ, ਨਲੈਕ ਬੇਟਾ ॥

**ਕੰਪੂ,** ਪੁ:—ਫੌਜ ਦਾ ਡੇਰਾ, ਛਾਉਣੀ ॥

**ਕਪੂਤ,** ਪੁ:—ਕਪੁਤ੍ਰ, ਭੈੜਾ ਪੁੱਤ੍ਰ ॥

**ਕਪੂਰ,** ਪੁ:—ਇੱਕ ਚਿੱਟੀ ਖੁਸ਼ਬੂਦਾਰ ਦਵਾ, ਖਤ੍ਰੀਆਂ ਦੀ ਇੱਕ ਜਾਤ ॥

**ਕਪੂਰ ਕਚਰੀ,** ਸ:—ਇੱਕ ਦੁਆ ॥

**ਕਪੂਰ ਧੂੜੀਆ,** ਪੁ:—ਇੱਕ ਰੇਸ਼ਮੀ ਕਪੜਾ ॥

**ਕਪੂਰੀ,** ਵਿ:—ਕਪੂਰ ਦੇ ਰੰਗ ਦਾ, ਹਲਕਾ ਪੀਲਾ ॥

**ਕਫ਼,** ਸ:—ਥੁੱਕ, ਬਲਗਮ, ਖੰਘ, ਕਮੀਜ਼ ਦੀ ਮੋਹਰੀ ॥

**ਕਫ਼ਗੀਰ,** ਪੁ:—ਇੱਕ ਤਰਾਂ ਦੀ ਕੜਛੀ ਜਾਂ ਡੋਈ ॥

Digitized by Panjab Digital Library | www.panjabdigilib.org

**ਕਫ਼ਣ,** ਪੁ:—ਮੁਰਦਾ ਲਪੇਟਣ ਵਾਲਾ ਕੱਪੜਾ ॥

**ਕਫਨੀ,** ਸ:—ਫਕੀਰਾਂ ਦੇ ਪਾਉਣ ਵਾਲਾ ਇੱਕ ਕੱਪੜਾ ॥

**ਕਫਨਾਉਣਾ**<br>**ਕਫਨੀਰਣਾ** } ਕ੍ਰਿ:—ਕਫਨ ਪਾਉਣਾ, ਮੁਰਦਾ ਦੱਬਣ ਦੀ ਤਿਆਰੀ ਕਰਨੀ ॥

**ਕਫਾਇਤ,** ਸ:—ਧਨ ਦਾ ਵਾਧਾ, ਜੁਗਤ ਸਰਫ਼ਾ (ਕਰਨੀ) ॥

**ਕਫ਼ਾਇਤਣ,** ਸ:<br>**ਕਫ਼ਾਇਤੀ,** ਪੁ: } ਕਫਾਇਤ ਕਰਨ ਵਾਲਾ (ਲੀ) ॥

**ਕਬ,** ਪੁ:—ਕਵੀ, ਕਵੀਸ਼ਰ, ਗ੍ਰੰਥਕਾਰ । ਮੂਰਖ ॥

**ਕੱਬ,**<br>**ਕੱਬ ਪੁਣਾ** } ਪੁ:—ਵਿੰਗ, ਚਲ, ਜਿਦ ॥

**ਕਬਜ਼,** ਸ:—ਟੱਟੀ ਖੁਲ੍ਹ ਕੇ ਨਾ ਆਉਣੀ ॥

**ਕਬਜਾ,** ਪੁ:—ਇੱਕ ਤਰਾਂ ਦਾ ਜੁਲਾਬਾ, ਪਕੜ, ਦਖਲ, ਅਖਤਿਆਰ, ਮੁੱਠਾ, ਬਾਂਹ ਦਾ ਉੱਪਰਲਾ ਹਿੱਸਾ ॥

**ਕਬਜੀ**<br>**ਕਬਜੀਅਤ**<br>**ਕਬਜੀਤ** } ਸ:—ਕਬਜ, ਟੱਟੀ ਖੁਲ੍ਹ ਕੇ ਨਾ ਆਉਣੀ ॥

**ਕਬੱਡ,** ਪੁ:<br>**ਕਬੱਡੀ,** ਸ: } ਇਕ ਖੇਡ ਜਿਸ ਵਿੱਚ ਮੁੰਡੇ 'ਕਬੱਡੀ ਕਬੱਡੀ' ਕਹਿੰਦੇ ਦੌੜਦੇ ਹਨ ॥

**ਕੰਬਣਾ,** ਕ੍ਰਿ:—ਥਰ ਥਰ ਕਰਨਾ, ਹਿੱਲਣਾ ॥

**ਕੰਬਣੀ,** ਸ:—ਕੰਬਣ ਦਾ ਕੰਮ, ਕਾਂਬਾ (ਆਉਣੀ ਚੜ੍ਹਨੀ) ॥

**ਕਬਤਾ**<br>**ਕਬਤਾਈ** } ਸ:—'ਕਵਿਤਾ' ਵੇਖੋ ॥

**ਕਬਰ,** ਸ:—ਮੁਰਦਾ ਦੱਬਣ ਵਾਲਾ ਟੋਇਆ, ਮੜ੍ਹੀ ।

**ਕਬਰ ਵਿੱਚ ਪੈਰ ਹੋਣੇ,** ਕ੍ਰਿ:—ਮਰਨ ਕਨਾਰੇ ਹੋਣਾ ॥

**ਕਬਰਾਂ ਦੇ ਮੁਰਦੇ ਪੁੱਟਣੇ,** ਕ੍ਰਿ:—ਪੁਰਾਣੇ ਝਗੜੇ ਮੁੜ ਖੜ੍ਹੇ ਕਰਨੇ ॥

**ਕਬਰਚੂਨੇ ਗਜ ਤੇ ਮੁਰਦਾ ਬੇਈਮਾਨ,** ਜਾਹਰੀ ਟੀਪ ਟਾਪ ਚੰਗੀ, ਵਿਚੋਂ ਖੋਟਾ ॥

**ਕਬਰਸਤਾਨ**<br>**ਕਬਰਸਥਾਨ** } ਪੁ:—ਜਿਸ ਥਾਂ ਕਬਰਾਂ ਹੋਣ ॥

**ਕਬਰਾ,** ਵਿ:—ਫੁਸਲਾ, ਭੂਰੀਆਂ ਅੱਖਾਂ ਵਾਲਾ ॥

**ਚਿਤਕਬਰਾ,** ਵਿ:—ਕਈਆਂ ਰੰਗਾਂ ਦਾ, ਰੰਗ ਬਰੰਗਾ ॥

**ਕਬਰੀ,** ਸ:—ਬਾਂਸ ਦੀ ਭੂਰੀ ਲਾਠੀ ॥

**ਕੰਬਲ,** ਪੁ:<br>**ਕੰਬਲੀ,** ਸ: } ਉੱਨ ਦੀ ਮੋਟੀ ਚਾਦਰ, ਲੋਈ ਭੂਰਾ ॥

**ਕੰਬਲੀ ਨਹੀਂ ਛਡਦੀ,** ਅਜਿਹੀ ਔਕੜ ਵਿਚ ਫਸਿਆ ਹਾਂ ਜਿੱਥੋਂ ਆਪ ਨਹੀਂ ਨਿਕਲ ਸਕਦਾ ॥

**ਕਬਲੀਅਤ**<br>**ਕਬਲੀਤ** } ਸ:—ਲਾਇਕੀ, ਹੁਨਰ, ਬਲ, ਸਮਰਥ ॥

**ਕੱਬਾ,** ਵਿ:-ਅੜਬ, ਵਿੰਗਾ, ਅਣਮੋੜ, ਹਠੀ ॥

**ਕੰਬਾਉਣਾ,** ਕ੍ਰਿ:-ਹਿਲਾਉਣਾ, ਡਰਾਉਣਾ, ਥਰ-ਥਰ ਕਰਾਉਣਾ ॥

**ਕਬਾਹਤ,** ਸ:—ਦੋਸ, ਐਬ, ਖਰਾਬੀ, ਬੇਈਮਾਨੀ, ਅਖ, ਘਾਟਾ, ਨੁਕਸਾਨ, ਕਜ ॥

Digitized by Panjab Digital Library / www.panjabdigilib.org

**ਕਬਾਹਤਨ,** ਸ: / **ਕਬਾਹਤੀ,** ਪੁ: } ਦੁਸ਼ਟ ਭੈੜਾ, (ੜੀ), ਸਰਾ-ਰਤੀ ॥

**ਕਬਾਦਾ,** ਪੁ:—ਇੱਕ ਨਿੱਕੀ ਜੇਹੀ ਕਮਾਨ ॥

**ਕਬਾਬ,** ਪੁ:—ਭੁੱਜਾ ਹੋਇਆ ਮਾਸ (ਕਰਨਾ, ਭੁੰਨਣਾ) ॥

**ਕਬਾਬ ਹੋਣਾ,** ਕ੍ਰਿ:—ਭੁਜਣਾ, ਇਸ਼ਕ ਜਾਂ ਗੁੱਸੇ ਨਾਲ ਸੜਨਾ ॥

**ਕਬਾਬ ਚੀਨੀ,** ਸ:—ਇੱਕ ਮਸਾਲਾ, ਦੁਆ ॥

**ਕਬਾਬਚੀ,** ਸ:—ਇੱਕ ਦੁਆ ॥

**ਕਬਬਾਣ,** ਸ: / **ਕਬਾਬੀ (ਆ),** ਪੁ: } ਮਾਸ ਭੁੰਨਣ ਵਾਲਾ (ਵਾਲੀ) ॥

**ਕਬਿ,** ਪੁ: ਕਬੀਸਰ, ਪੰਡਤ, ਸ਼ੁੱਕਰ ਤਾਰਾ ॥

**ਕਬਿੱਤ,** ਪੁ:—ਇੱਕ ਛੰਦ, ਕਬੀਸਰੀ, ॥

**ਕਬਿਤਾ,** ਸ:—ਕਬੀਸਰੀ, ਕਵੀਆਂ ਦੀ ਬਾਣੀ ॥

**ਕਬੀ,** ਪੁ:—ਛੰਦਾਂ ਵਿਚ ਬਾਣੀ ਰਚਣ ਵਾਲਾ ਪੰਡਤ, ਸ਼ੁੱਕਰ ਤਾਰਾ ॥

**ਕਬੀਬਰ,** ਪੁ:—ਵੱਡਾ ਕਬੀ, ਗ੍ਰੰਥ ਕਾਰ ॥

**ਕਬੀਸ਼ਰੀ,** ਸ:—ਕਵਿਤਾ, ਬਾਣੀ, ਛੰਦਾਬੰਦੀ ॥

**ਕਬੀਰ,** ਪੁ:—ਇੱਕ ਭਗਤ ਦਾ ਨਾਉਂ ਜੋ ਜੁਲਾਹਾ ਸਾ, ਹੋਲੀਆਂ ਵਿੱਚ ਗਾਉਣ ਵਾਲੇ ਗੰਦੇ ਗੀਤ ॥

**ਕਬੀਰ ਪੰਥ,** ਪੁ:—ਕਬੀਰ ਜੀ ਦਾ ਮਤ ॥

**ਕਬੀਰ ਪੰਥੀ** / **ਕਬੀਰ ਬੰਸੀ** / **ਕਬੀਰ ਬੰਸੀਆ** } ਪੁ:—ਕਬੀਰ ਜੀ ਦੇ ਮਤ ਨੂੰ ਮੰਨਣ ਵਾਲਾ। ਜੁਲਾਹਾ ॥

**ਕਬੀਲਦਾਰ,** ਪੁ:—ਟੱਬਰ ਵਾਲਾ, ਗਿਰਸਤੀ ॥

**ਕਬੀਲਦਾਰੀ,** ਸ:—ਪਰਵਾਰ ਵਾਲਾ ਹੋਣਾ, ਗਿਰਸਤ ॥

**ਕਬੀਲਾ,** ਪੁ:—ਟੱਬਰ, ਪਰਵਾਰ, ਘਰ ਵਾਲੀ, ਇੱਕ ਦੁਆ ॥

**ਕੰਬੀਲਾ,** ਪੁ:—ਇੱਕ ਦੁਆ (ਫੋੜੇ ਫਿੰਸੀਆਂ ਦੀ) ॥

**ਕਬੂਰੀ** / **ਕਬੂਰੀਆ** } ਪੁ:—ਜਾਲਮ, ਚਲਾਕ, ਉਪੱਦਰੀ ॥

**ਕਬੂਤਰ,** ਇੱਕ ਪੰਖੇਰੂ ॥

**ਕਬੂਤਰ ਖਾਨਾ,** ਪੁ:—ਜਿੱਥੇ ਕਈ ਆਉਣ ਤੇ ਕਈ ਜਾਣ ॥

**ਕਬੂਤਰ ਬਾਜ਼,** ਪੁ:—ਕਬੂਤਰਾਂ ਦੇ ਉਡਾਉਣ ਦੀ ਖੇਡ ਕਰਨ ਵਾਲਾ ॥

**ਕਬੂਤਰ ਬਾਜ਼ੀ,** ਸ:—ਕਬੂਤਰਾਂ ਦੀ ਖੇਡ ॥

**ਕਬੂਤਰੀ,** ਸ:—ਕਬੂਤਰ ਦੀ ਮਦੀਨ, ਕਬੂਤਰੀ ਦੇ ਰੰਗ ਦੀ ਘੋੜੀ ॥

**ਕਬੂਲ,** ਪੁ:—ਮਨਜ਼ੂਰੀ, ਰਜ਼ਾ, ਅਕਰਾਰ (ਹੋਣਾ, ਕਰਨਾ) ॥

**ਕਬੂਲ ਸੂਰਤ,** ਵਿ:—ਸੋਹਣਾ, ਸੁੰਦਰ ॥

**ਕਬੂਲਦਾਈ,** ਸ:—ਮਨਜ਼ੂਰੀ, ਕਰਾਰ ॥

**ਕਬੂਲਣਾ,** ਕ੍ਰਿ:—ਮੰਨਣਾ, ਲੈ ਲੈਣਾ, ਅੰਗੀ-ਕਾਰ ਕਰਨਾ ॥

**ਕਬੂਲਵਾਉਣਾ,** ਕ੍ਰਿ:—ਕਬੂਲ ਕਰਾਉਣਾ ॥

**ਕੰਬੋ,** ਪੁ: / **ਕੰਬੋਣੀ,** ਸ: } ਇੱਕ ਨਿੱਕੀ ਜਾਤ ਦੇ ਲੋਕ ॥

Digitized by Panjab Digital Library | www.panjabdigilib.org

**ਕਮ,** ਵਿ:—ਥੋੜ੍ਹਾ, ਥੋੜ੍ਹੇ, ਘੱਟ, ਕੱਸਾ, ਦੁਰਲਭ ॥
ਕ੍ਰਿ:, ਵਿ:—ਥੋੜ੍ਹਾ, ਕਦੇ ਹੀ, ਕਿਤੇ ਹੀ ॥

**ਕਮ ਖਰਚ ਬਾਲਾ ਨਸ਼ੀਨ,** ਵਿ:—ਥੋੜ੍ਹਾ ਖਰਚ ਕਰਕੇ ਬਹੁਤ ਸੁਖ ਪਾਉਣ ਵਾਲਾ, ਜੁਗਤੀ ॥

**ਕਮਜ਼ਾਤ,** ਵਿ:—ਕਮੀਨਾ, ਸ਼ਰਾਰਤੀ, ਉਪੱਦਰੀ ॥

**ਕਮ ਜ਼ਾਤੀ,** ਸ:—ਕਮੀਣਪੁਣਾ, ਸ਼ਰਾਰਤ, ਉਪੱਦਰ ॥

**ਕਮਬਖ਼ਤ,** ਵਿ:—ਬੇ ਨਸੀਬ, ਨਕਰਮਾ ॥

**ਕਮਬਖ਼ਤੀ,** ਸ:—ਬੇ ਨਸੀਬੀ, ਬਿਪਤਾ ॥

**ਕੰਮ,** ਪੁ:—ਕਾਰ, ਕਾਜ, ਵਿਹਾਰ, ਕਾਰੀਗਰੀ, ਮੇਹਨਤ, ਹੁਨਰ, ਕਸੀਦਾ, ਟਹਿਲ, ਨੌਕਰੀ (ਹੋਣਾ, ਕਰਨਾ) ॥

**ਕੰਮ ਆਉਣਾ,** ਕ੍ਰਿ:—ਵਰਤਿਆ ਜਾਣਾ, ਗੁਣ-ਕਾਰ ਹੋਣਾ ॥

**ਕੰਮ ਸਮੇਟਣਾ**
**ਕੰਮ ਸਵਾਰਣਾ** } ਕ੍ਰਿ:—ਕੰਮ ਪੂਰਾ ਕਰਨਾ ਜਾਂ ਠੀਕ ਕਰਨਾ ॥

**ਕੰਮ ਕੱਢਣਾ,** ਕ੍ਰਿ:—ਆਪਣਾ ਮਤਲਬ ਪੂਰਾ ਕਰਨਾ ॥

**ਕੰਮ ਕਾਜ**
**ਕੰਮ ਕਾਰ** } ਪੁ:—ਵਿਹਾਰ, ਬੁਪਾਰ, ਜਗਤ ਦਾ ਧੰਦਾ ॥

**ਕੰਮ ਖੁਲ੍ਹਣਾ,** ਕ੍ਰਿ:—ਨਵਾਂ ਕੰਮ ਨਿਕਲਣਾ ॥

**ਕੰਮ ਚਲਾਊ,** ਵਿ:—ਜਿਸ (ਚੀਜ਼) ਤੋਂ ਆਪਣਾ ਕੰਮ ਪੂਰਾ ਹੋ ਸੱਕੇ ॥

**ਕੰਮ ਚੜ੍ਹਾਉਣਾ,** ਕ੍ਰਿ:—ਮਸ਼ੀਨ ਚਲਾਉਣੀ ॥

**ਕੰਮ ਚੋਰ**
**ਕਮ ਚੋਰ** } ਵਿ:—ਸੁਸਤ, ਆਲਸੀ ॥

**ਛੋੱਤੀ ਦਾ ਕੰਮ,** ਪੁ:—ਛੋੱਤੀ ਕਰਨ ਵਾਲਾ ਜ਼ਰੂਰੀ ਕੰਮ ॥

**ਕੰਮ ਤੇ ਬੈਠਣਾ,** ਕ੍ਰਿ:—ਕੰਮ ਛੋਹਣਾ, ਸ਼ਗਿਰਦ ਬਣਨਾ ॥

**ਕੰਮ ਦਾ,** ਵਿ:—ਚੰਗਾ, ਵੱਡਾ, ਜ਼ਰੂਰੀ, ਗੁਣਕਾਰ ॥

**ਕੰਮ ਦੇ ਸਿਰ ਹੋਣਾ,** ਕ੍ਰਿ:—ਲੱਗ ਕੇ ਕੰਮ ਕਰਨਾ ।

**ਕੰਮ ਬਨਣਾ (ਬਨਾਉਣਾ),** ਕ੍ਰਿ:—ਕੰਮ ਪੂਰਾ ਹੋਣਾ (ਕਰਨਾ) ॥

**ਕੰਮ ਭੁਗਤਣਾ (ਭੁਗਤਾਉਣਾ),** ਕ੍ਰਿ:—ਕੰਮ ਮੁੱਕਣਾ (ਮੁਕਾਉਣਾ) ॥

**ਕੰਮ ਲੱਗਣਾ,** ਕ੍ਰਿ:—ਕੰਮ ਛੋਹਣਾ, ਸ਼ੁਰੂ ਕਰਨਾ

**ਕੰਮ ਲਗਾਉਣਾ,** ਕ੍ਰਿ:—ਕਿਸੇ ਨੂੰ ਨੌਕਰ ਰੱਖਣਾ ॥

**ਕੰਮ ਲੈਣਾ,** ਕ੍ਰਿ:—ਦੂਏ ਕੋਲੋਂ ਕੰਮ ਕਰਾਉਣਾ ॥

**ਕੰਮ ਵਿੱਚ ਲਿਆਉਣਾ,** ਕ੍ਰਿ:—ਵਰਤਣਾ ॥

**ਵੇਲੇ ਸਿਰ ਕੰਮ ਆਉਣਾ,** ਕ੍ਰਿ:—ਲੋੜ ਪਏ ਤਾਂ ਸੇਵਾ ਜਾਂ ਸਹਾਇਤਾ ਕਰਨੀ ॥

**ਕਮਸਰੀਟ**
**ਕਮਸਰੇਟ** } ਪੁ:—ਫੌਜ ਦੇ ਸਮਿਆਨ ਅਤੇ ਰਸਦ ਦਾ ਮਹਿਕਮਾ ॥

**ਕਮੱਗਰ,** ਪੁ:—ਕਮਾਨ ਜਾਂ ਧਨਖ ਬਣਾਉਣ ਵਾਲਾ ॥

**ਕਮਚੀ,** ਸ:—ਚਾਬਕ, ਛਿਟੀ, ਚਾਬਕ, ਸੋਟਾ ॥

**ਕਮੰਡਲ,** ਪੁ:—ਸਾਧੂਆਂ ਦਾ ਲਕੜੀ ਦਾ ਗੜਵਾ ਧਾਤ ਦੀ ਦਸਤੇ ਵਾਲੀ ਡੋਲਣੀ ॥

Digitized by Panjab Digital Library | www.panjabdigilib.org

**ਕਮੰਦ,** ਸ:—ਰਸੇ ਦੀ ਪੌੜੀ, ਫੰਦਾ ਫਾਹੀ।

**ਕਮਰ,** ਸ:—ਲੱਕ, ਸਰੀਰ ਦਾ ਵਿਚਕਾਰਲਾ ਹਿੱਸਾ ॥

**ਕਮਰ ਕੱਸਾ,** ਸ:—ਲੱਕ ਨੂੰ ਤਕੜਾ ਕਰਨ ਵਾਲੀ ਇੱਕ ਦੁਆ ॥

**ਕਮਰ ਕਸਾ,** ਪੁ:—ਲੱਕ ਬਨ੍ਹਣ ਦਾ ਕੰਮ, ਤਿਆਰੀ ॥

**ਕਮਰ ਕੱਸਣੀ,** **ਕਮਰ ਕਸਾ ਕਰਨਾ,** **ਕਮਰ ਕਸਾ ਲਾਉਣਾ** — ਕ੍ਰਿ:—ਟੁਰਨ ਲਈ ਤਿਆਰ ਹੋ ਜਾਣਾ।

**ਕਮਰ ਕੋਟ,** ਪੁ:—ਸ਼ਹਿਰ ਦੀ ਬਾਹਰਲੀ ਫਸੀਲ ॥

**ਕਮਰ ਖੋਲ੍ਹਣਾ,** ਕ੍ਰਿ:—ਅਰਾਮ ਕਰਨਾ ॥

**ਕਮਰ ਦਿਵਾਲ** ਸ:—ਚੰਮ ਦੀ ਪੇਟੀ ॥

**ਕਮਰ ਬੰਦ,** ਪੁ:—ਪਟਕਾ, ਲੱਕ ਦੇ ਗਿਰਦੇ ਵਲਣ ਵਾਲਾ ਕੱਪੜਾ ॥

**ਕਮਰ ਬੰਨ੍ਹਣੀ,** ਕ੍ਰਿ:—ਤਿਆਰ ਹੋਣਾ, ਹਿੰਮਤ ਕਰਨੀ ॥

**ਕਮਰਖ,** ਸ:—ਇੱਕ ਤਰਾਂ ਦਾ ਮਹੀਨ ਚਿੱਟਾ ਕਪੜਾ ॥

**ਕਮਰਾ,** ਪੁ:—ਚੁਬਾਰਾ, ਕੋਠੜੀ, ਬੈਠਕ ਅੰਦਰ ॥

**ਕਮਰੁਠ,** ਵਿ:—ਰੁਸਿਆ ਹੋਇਆ।

**ਕਮਲ,** ਪੁ:—ਸੁਦਾਈ, ਪਾਗਲ ਪੁਣਾ, ਇਕ ਫੁੱਲ ॥

**ਕਮਲ ਪੁਣਾ,** ਪੁ:—ਕਮਲ, ਸੁਦਾਈ, ਪਾਗਲ ਪੁਣਾ ॥

**ਕੰਮਲ,** ਪੁ:—ਕੰਬਲ, ਉੱਨ ਦੀ ਮੋਟੀ ਚਾਦਰ, ਭੂਰਾ ॥

**ਕਮਲਾ,** ਪੁ:, **ਕਮਲੀ,** ਸ: — ਵਿ:—ਪਾਗਲ, ਝੱਲਾ (ਲੀ), ਸੁਦਾਈ (ਸੁਦਾਇਣ) ॥

**ਕੰਮਲੀ,** ਸ:—ਕੰਬਲ, ਛੋਟਾ ਕੰਬਲ।
ਵਿ:—ਕੰਬਲ ਦਾ ਬਣਿਆ ਹੋਇਆ॥

**ਕਮਲਾਉਣਾ,** **ਕਮਲਾ ਜਾਣਾ** — ਕ੍ਰਿ:—ਮੁਰਝਾਉਣਾ।

**ਕਮਵਾਉਣਾ,** ਕ੍ਰਿ:—ਕਮਾਈ ਕਰਾਉਣੀ, ਕੰਬਾ-ਉਣਾ ॥

**ਕਮਾਉਣਾ,** ਕ੍ਰਿ:—ਖੱਟਣਾ, ਕੰਮ ਕਰਨਾ, ਸਾਫ਼ ਕਰਨਾ ॥

**ਕਮਾਊ,** ਪੁ:, ਵਿ: — ਕਮਾਉਣ ਵਾਲਾ, ਮਿਹਨਤੀ ਮਜ਼ੂਰ, ਕਾਮਾ ॥

**ਕਮਾਈ,** ਸ:—ਖੱਟੀ, ਲਾਹਾ, ਮਜ਼ੂਰੀ, ਕੰਮ ਕਾਜ (ਕਰਨਾ) ॥

**ਖੱਟੀ ਕਮਾਈ,** ਸ:—ਮਿਹਨਤ ਮਜ਼ੂਰੀ, ਆਮਦਨ।

**ਕਮਾਚ,** ਪੁ:—ਇਕ ਰਾਗ, ਉਹ ਕਮਾਣੀ ਜਿਸ ਨਾਲ ਸਰੰਗੀ ਵਜਾਉਂਦੇ ਹਨ ॥

**ਕਮਾਣੀ,** ਸ:—ਮਾਰ ਕੁਟਾਈ, ਸਜ਼ਿਆ ਨਾਸ (ਕਰੀਨ) ॥

**ਕਮਾਂਡਰ ਇਨਚੀਫ਼,** ਪੁ:—ਸਭ ਤੋਂ ਵੱਡਾ ਫ਼ੌਜੀ ਅਫ਼ਸਰ, ਜੰਗੀ ਲਾਟ।

**ਕਮਾਣ,** ਪੁ:—ਧਨੁਖ। ਤਾਕ। ਹੁਕਮ, ਅਖ-ਤਿਆਰ ॥

**ਕਮਾਨ ਅਫ਼ਸਰ,** ਪੁ:—ਪਲਟਨ ਦਾ ਸਭ ਤੋਂ ਵੱਡਾ ਹਾਕਮ।

Digitized by Panjab Digital Library | www.panjabdigilib.org

**ਕਮਾਣ ਤੇ ਜਾਣਾ,** ਕ੍ਰਿ:—ਵੱਡੀ ਨੌਕਰੀ ਦੇ ਕੰਮ ਤੇ ਜਾਣਾ ॥

**ਕਮਾਣ ਬੋਲੇ ਜਾਣਾ,** ਕ੍ਰਿ:—ਨੌਕਰੀ ਦਾ ਹੁਕਮ ਹੋਣਾ ॥

**ਕਮਾਣਚੀ,** ਪੁ:—ਕਮਾਨ ਨਾਲ ਤੀਰ ਚਲਾਉਣ ਵਾਲਾ ॥

**ਕਮਾਣੀ,** ਸ:—ਧਾਤ ਦੀ ਵਿੰਗੀ ਸੀਖ ਜਾਂ ਤਾਰ ਜੋ ਬੱਘੀ, ਘੜੀ ਐਨਕ ਆਦਿਕਾਂ ਵਿੱਚ ਲਗਦੀ ਹੈ ॥

**ਕਮਾਦ,** ਪੁ:, **ਕਮਾਦੀ,** ਸ: — ਗੰਨਾ, ਗੰਨੇ ਦਾ ਖੇਤ ਜਾਂ ਫਸਲ ॥

**ਕਮਾਨੀਅਰ,** ਪੁ:—ਫੌਜ ਦੀ ਪਲਟਨ ਦਾ ਅਫਸਰ ॥

**ਕਮਾਮ,** ਪੁ:- ਕਸਬ, ਵਿਹਾਰ, ਦਸਤੂਰ, ਵਾਹੀ ॥

**ਕਮਾਮ ਦਾਰ,** ਪੁ:—ਕਾਰੀਗਰ, ਬੁਪਾਰੀ ॥

**ਕਮਾਮ ਦਾਰਨੀ,** ਸ: ਕਮਾਮ ਦਾਰ ਦੀ ਤੀਮਤ ।

**ਕਮਾਮ ਦਾਰੀ,** ਸ:—ਕਸਬ, ਕੰਮ ਕਾਜ, ਵਿਹਾਰ।

**ਕਮਾਰੀ,** ਸ:—ਕੁਆਰੀ ਕੁੜੀ, ਕੰਨਿਆ ॥

**ਕਮਾਲ,** ਪੁ:—ਪੂਰਾ ਪੂਰਾ ਹੋਣਾ, ਵਡਿਆਈ, ਅੰਤ, ਕਬੀਰ ਭਗਤ ਦੇ ਪੁੱਤ੍ਰ ਦਾ ਨਾਉਂ ॥

ਵਿ:—ਪੂਰਾ, ਬਹੁਤ ਹੀ ਚੰਗਾ, ਉੱਤਮ ।

ਕ੍ਰਿ:, ਵਿ:—ਬਹੁਤ ਹੀ ਚੰਗੀ ਤਰਾਂ ।

**ਕਮਾਲੀਤ,** ਸ:—ਪੂਰਾ ਪੂਰਾ ਹੋਣਾ, ਵਡਿਆਈ ॥

**ਕਮਿਸ਼ਨਰ,** ਪੁ:—ਛੋਟੇ ਲਾਟ ਸਾਹਿਬ ਦੇ ਹੇਠ ਸਭ ਤੋਂ ਵੱਡਾ ਹਾਕਮ ॥

**ਕਮਿਸ਼ਨਰੀ,** ਸ:—ਕਮਿਸ਼ਨਰ ਸਾਹਿਬ ਦਾ ਇਲਾਕਾ, ਦਫਤਰ, ਕੰਮ ਜਾਂ ਹੁੱਦਾ ॥

**ਕਮੀ,** ਸ:—ਘਾਟਾ, ਨੁਕਸਾਨ, ਟੋਟਾ ॥

**ਕਮੀਆਂ,** ਸ:—(ਬਹੁ ਬ:)—ਨੀਚ ਛਰ ਦੇ ਟੋਲ ॥

**ਕਮੀਸ਼ਣ,** ਸ:—ਦਲਾਲੀ, ਦਸਤੂਰੀ, ਕੋਈ ਖਾਸ ਹਾਲ ਮਲੂਮ ਕਰਨ ਵਾਲੀ ਅਫਸਰਾਂ ਦੀ ਟੋਲੀ (ਬੈਠਕੀ) ॥

**ਕਮੀਜ਼ ਜ਼,** ਸ: ਇੱਕ ਤਰਾਂ ਦਾ ਕਲੀਆਂ ਵਾਲਾ ਕੁਰਤਾ ॥

**ਕਮੀਨਣੀ,** ਸ:—ਨੀਚ ਜਾਤ ਦੀ ਤੀਵੀਂ, ਗੋਲੀ ॥

**ਕਮੀਣ,** ਵਿ:, ਪੁ: — ਨੀਚ ਜਾਤ ਦਾ, ਛੋਟੇ ਦਰਜੇ ਦਾ, ਗੋਲਾ, ਪਿੰਡ ਦੇ ਮਿਰਾਸੀ, ਨਾਈ ਆਦਿਕ ॥

**ਕਮੀਣ ਕਾਂਦੂ,** ਪੁ:—ਕਮੀਨ ਲੋਕ ॥

**ਕਮੀਣਪੁਣਾ,** ਪੁ:—ਕਮੀਨ ਦੀ ਹਾਲਤ, ਸੁਬਕੀ ॥

**ਕਮੀਣ,** ਵਿ:, ਪੁ: — ਨੀਚ ਜਾਤ ਦਾ, ਗੋਲਾ ਨਕੰਮਾ ॥

**ਕਮੀਆ,** ਪੁ:—ਇਕ ਦੂਆ ਜੋੜ ਕਿਸੀਆਂ ਦੀ ॥

**ਕਮੁਆਉਣਾ,** ਕ੍ਰਿ:—ਕਮਾਈ ਕਰੁਆਉਣਾ ॥

**ਕਮੂਤ ਜ਼,** ਪੁ:—ਨਕੰਮਾ, ਨੀਚ, ਨਕਾਰਾ, ਕਮੀਨਾ ਆਦਮੀ ॥

**ਕਮੇਟੀ,** ਸ:—ਮੰਡਲੀ, ਪੰਚੈਤ, ਸ਼ਹਿਰ ਦੇ ਮੁਖੀਆਂ ਦੀ ਸਭਾ ॥

**ਕਮੇਟੀ ਘਰ,** ਪੁ:—ਸ਼ਹਿਰ ਦੀ ਕਮੇਟੀ ਦੇ ਬੈਠਣ ਦਾ ਮਕਾਨ ॥

Digitized by Panjab Digital Library | www.panjabdigilib.org

**ਕਮੇਠੀ,** ਸ: [illegible] ਪੈਂਬਸਨ।

**ਕਮੈਤ (ਦ),** ਪੁ:—ਲਾਖੇ ਰੰਗ ਦਾ ਘੋੜਾ।

**ਕਮੋਂ,** ਪੁ:—ਇੱਕ ਨਿੱਕੀ ਜਾਤ ਦੇ ਲੋਕ, ਕੰਬੋ।

**ਕਰ,** ਪੁ:, ਸ:—ਹਥ, ਮਿੱਕਰ, 'ਕਰਨਾ' ਧਾਤੂ ਦਾ ਅਨੁਮਤੀਜਰਥ ਲਕਾਰ, ਮਸੂਲ, ਮਾਮਲਾ॥

**ਕਰ ਕਰ ਕਰਨਾ,** ਕ੍ਰਿ:—ਮਿਸਰੀ ਆਦਿਕ ਖਾਣ ਦੀ ਅਵਾਜ਼ ਕੱਢਣੀ॥

**ਕਰ ਗੁਜ਼ਰਨਾ,** ਕ੍ਰਿ: ਕਰ ਕੇ ਛੱਡਣਾ॥

**ਕਰ ਛੱਡਣਾ,** ਕ੍ਰਿ:—ਤਿਆਰ ਕਰ ਰੱਖਣਾ॥

**ਕਰ ਪੈਰ,** ਪੁ:—ਹੱਥ ਅਤੇ ਪੈਰ, ਸਰੀਰ ਦੇ ਅੰਗ॥

**ਕਰ ਬੈਠਣਾ,** ਕ੍ਰਿ:—ਕੋਈ ਦੁਖਦਾਈ ਕੰਮ ਕਰ ਚੁੱਕਣਾ॥

**ਕਰ ਲੈਣਾ,** ਕ੍ਰਿ:—ਕਰਨਾ, ਬਣਾਉਣਾ, ਰੰਡੀ ਨਾਲ ਵਿਆਹ ਕਰਨਾ।

**ਕਰ ਵੇਖਣਾ,** ਕ੍ਰਿ:—ਪਰਤਾਉਣਾ॥

**ਕਰਸਾਣ,** ਪੁ:—ਵਾਹੀ ਕਰਨ ਵਾਲਾ, ਜ਼ਿਮੀਂਦਾਰ।

**ਕਰਸਾਣੀ,** ਇਸ:—ਵਾਹੀ, ਖੇਤੀ, ਜ਼ਿਮੀਦਾਰੀ॥

**ਕਰਸਾਣਣੀ,** ਸ:—ਜੱਟੀ, ਜ਼ਿਮੀਂਦਾਰਨੀ।

**ਕਰਹਲ,** ਵਿ:—ਝਗੜਾਲੂ, ਖਪਾਉਣ ਵਾਲਾ॥

**ਕਰਹਾ,** ਪੁ:—ਊਠ॥

**ਕਰਕ,** ਸ:—ਜੋੜਾਂ ਦਾ ਜਾਂ ਸੱਟ ਦੀ ਪੀੜ (ਉੱਠਣੀ ਹੋਣੀ, ਮਾਰਨੀ)।

**ਕਰਕੇ,** ਅਵ:—ਸਬਬ ਤੋਂ, ਕਾਰਨ, ਖ਼ਾਤਰ॥

**ਕਰਕੈਣਾ,** ਵਿ:—ਬਕਵਾਦੀ, ਬਹੁਤ ਗੱਲਾਂ ਕਰਨ ਵਾਲਾ।

**ਕਰਖ਼ਤ,** ਵਿ:—ਸਖ਼ਤ, ਕਰੜਾ, ਨਿਗਰ॥

**ਕਰੰਗ,** ਪੁ:—ਪਿੰਜਰ, ਲਿੰਸਾ, ਸੁੱਕਾ ਹੋਇਆ, ਮਰਾਂਧਲ॥

**ਕਰਜ਼,** ਪੁ:—ਉਧਾਰ, ਬਿਆਜ ਲਿਆ ਹੋਇਆ ਰੁਪਯਾ॥

**ਕਰਜ਼ ਉਤਰਨਾ,** ਕ੍ਰਿ:—ਉਧਾਰ ਦਾ ਰੁਪਯਾ ਮਾਲਕ ਨੂੰ ਮਿਲਣਾ॥

**ਕਰਜ਼ ਚੁਕਾਉਣਾ**
**ਕਰਜ਼ ਉਤਾਰਨਾ (ਉਤਾਰ ਦੇਣਾ),**
**ਕਰਜ਼ ਭਰ ਦੇਣਾ**
} ਕ੍ਰਿ:—ਉਧਾਰ ਦਾ ਰੁਪਇਆ ਮਾਲਕ ਨੂੰ ਦੇ ਦੇਣਾ।

**ਕਰਜ਼ ਉਠਾਉਣਾ**
**ਕਰਜ਼ ਕਢਾਉਣਾ**
**ਕਰਜ਼ ਲੈਣਾ**
**ਕਰਜ਼ ਚੁਕਣਾ**
} ਕ੍ਰਿ:—ਉਧਾਰ ਲੈਣਾ, ਬਿਆਜ ਦੇਣਾ ਕਰਕੇ ਧਨ ਮੰਗਵਾਂ ਲੈਣਾ॥

**ਕਰਜ਼ ਤੋਂ ਛੁਡਾਉਣਾ,** ਕ੍ਰਿ:—ਉਧਾਰ ਲਾਹ ਦੇਣਾ।

**ਕਰਜ਼ਦਾਰ,** ਵਿ:—ਉਧਾਰ ਲੈਣ ਵਾਲਾ॥

**ਕਰਜ਼ਦਾਰੀ,** ਸ:—ਉਧਾਰ, ਲਿਆ ਹੋਇਆ ਹੋਣਾ॥

**ਕਰਜ਼ ਦੇਣਾ,** ਕ੍ਰਿ:—ਬਿਆਜ ਲੈਣਾ ਕਰਕੇ ਰੁਪਯਾ ਮੰਗਵਾਂ ਦੇਣਾ॥

**ਕਰੰਜਵਾ,** ਪੁ:—ਇੱਕ ਸਾਗ॥

Digitized by Panjab Digital Library | www.panjabdigilib.org

**ਕਰਜ਼ਾ**, ਪੁ:—ਕਰਜ, ਹੁਦਾਰ ॥

**ਕਰਜ਼ਾਇਣ**, ਸ: } **ਕਰਜ਼ਾਈ**, ਪੁ: } ਕਰਜ਼ਾ, ਲੈਣ ਵਾਲਾ (ਵਾਲੀ) ॥

**ਕਰਣ ਕਾਰਣ**, ਵਿ:—ਸਭ ਕੁਝ ਆਪੇ ਕਰਨ ਵਾਲਾ, ਕੁਲਕੁਲਾਂ ॥

**ਕਰਤਬ** } **ਕਰਤੱਬ** } ਪੁ:—ਕੰਮ, ਕਾਰ, ਹੁਨਰ, ਨਟ ਆਦਿਕਾਂ ਦੇ ਖੇਲ ॥

**ਕਰਤਲ**, ਸ:—ਹੱਥ ਦੀ ਤਲੀ ॥

**ਕਰਤਾ**, ਪੁ:—ਕਰਨ ਵਾਲਾ, ਬਨਾਉਣ ਵਾਲਾ ਪਰਮੇਸ਼ਰ ॥

ਸ: —ਬਲ, ਤਾਕਤ, 'ਹਿੰਮਤ' ॥

**ਕਰਤਾਰ**, ਪੁ:—'ਕਰਤਾ' ਵੇਖੋ ॥

**ਕਰਤਾਰਥ**, ਵਿ:—'ਕਿਰਤਾਰਥ' ਵੇਖੋ ॥

**ਕਰਤਾਰੀ**, ਸ:—ਕਰਤਾਰ ਦਾ ਕੰਮ, ਕਰਿਸ਼ਮਾ ॥

**ਕਰਤੂਤ**, ਸ:—ਕੰਮ, ਕਾਜ, ਬੁਰਾ ਕੰਮ, ਵਿਆਹ ਵੰਗ ਲੰਗੀ ਤਰਾਂ ਕਰਨਾ ।

**ਕਰਦ**, ਸ:—ਲੰਮਾ ਚਾਕੂ ਜਿਸ ਦਾ ਫਲ ਸਿੱਧਾ ਰਹਿੰਦਾ ਹੈ ॥

**ਕਰਦਨੀ**, ਸ:—ਕੰਮ, ਕਾਜ, ਕਰਤੂਤ ॥

**ਕਰਨ**, ਪੁ:—ਕੰਨ ॥

**ਕਰਨ ਫੂਲ**, ਪੁ:—ਇਕ ਕੰਨ ਦਾ ਗਹਿਣਾ ॥

**ਕਰਨਾ**, ਪੁ:—ਫੁੱਲਿਆਂ ਦਾ ਬੂਟਾ ਜਾਂ ਫੁਲ ॥

ਸ:—ਦਯਾ (ਕਰਨਾ ਨਿਧ, ਕਰਨਾ ਨਿਧਾਨ, ਕਰਨਾ ਮਯ = ਦਯਾ ਵਾਨ, ਪਰਮੇਸ਼ਰ)॥

ਕ੍ਰਿ:—ਕੰਮ ਸਿਰੇ ਚਾੜ੍ਹਨਾ, ਬਨਾਉਣਾ, ਰੀਤੀ ਜਾਂ ਰੀਤੇ ਨਾਲ ਵਿਆਹ ਕਰਨਾ, ਵਰਤਣਾ, ਬੁਪਾਰ ਕਰਨਾ, ਆਰੰਭਣਾ, ਖੋਲ੍ਹਣਾ, ਚਲਾਉਣਾ (ਹਟੀ ਕਰਨੀ), ਤਿਆਰ ਕਰਨਾ, ਪੂਰਾ ਕਰਨਾ । ਪਹਿਨਣਾ ॥

**ਅਦਾਲਤ ਕਰਨਾ** } **ਕਚਹਿਰੀ ਕਰਨਾ** } ਕ੍ਰਿ:—ਬੈਠ ਕੇ ਅਦਾਲਤ ਦਾ ਕੰਮ ਕਰਨਾ ॥

**ਸਿਰ ਕਰਨਾ**, ਕ੍ਰਿ:—ਸਿਰ ਦੇ ਵਾਲ ਗੁੰਦਣੇ ॥

**ਕਰਨੇ ਜੋਗ (ਜੋਗਾ)**, ਵਿ:—ਜੋ ਕਰ ਸਕਦੇ ਹਾਂ, ਮੁਨਾਸਬ ॥

**ਚੱਦਰ ਆਦਿਕ ਕਰਨਾ**, ਕ੍ਰਿ:—ਪਹਿਨਣਾ ॥

**ਜੀ ਕਰਨਾ**, ਕ੍ਰਿ:—ਚਾਹੁਣਾ, ਇੱਛਿਆ ਹੋਣੀ ॥

**ਰੋਟੀ ਆਦਿਕ ਕਰਨੀ**, ਕ੍ਰਿ:—ਪਕਾਉਣਾ, ਰਿੰਨ੍ਹਣਾ ।

**ਕਰਨੀ**, ਸ:—ਕੰਮ, ਕਾਰ, ਕਰਤੂਤ ॥

**ਕਰਨੀ ਭਰਨੀ**, ਕ੍ਰਿ:—ਆਪਣ ਕੀਤੇ ਦਾ ਫਲ ਪਾਉਣਾ ॥

**ਕਰਨੈਲ**, ਪੁ:—ਇੱਕ ਫ਼ੌਜੀ ਅਫ਼ਸਰ ॥

**ਕਰਪਾਨ**, ਸ:—'ਕਿਰਪਾਨ', ਵੇਖੋ ॥

**ਕਰਪਾਲ**, ਪੁ: —ਖੋਪਰੀ, ਸਿਰ, ਮੱਥਾ । 'ਕਪਾਲ' ਵੇਖੋ ॥

**ਕਰਬ**, ਪੁ:—ਬਾਜਰੇ ਤੇ ਜੁਆਰ ਦਾ ਸੁੱਕਾ ਹੋਇਆ ਟਾਂਡਾ ॥

**ਕਰਬਲਾ**, ਪੁ: —ਅਰਬ ਵਿੱਚ ਇੱਕ ਥਾਂ ਹੈ ਜਿਥੇ ਹਜ਼ਰਤ ਇਮਾਮ ਹੁਸੈਨ ਸ਼ਹੀਦ ਹੋਏ ਸਨ, ਦਾਹੇ ਦੱਬਣ ਦੀ ਥਾਂ ॥

**ਕਰਬਲਾਈ**, ਪੁ:—ਕਰਬਲਾ ਦਾ ਰਹਿਣ ਵਾਲਾ

Digitized by Panjab Digital Library | www.panjabdigilib.org

**ਕਰਬੜੀ**, **ਕਰਬੜ੍ਹੀ**, ਸਃ—ਅਜਹੀ ਦਾੜ੍ਹੀ ਜਿਸ ਵਿੱਚ ਕਾਲੇ ਅਤੇ ਧੌਲੇ ਵਾਲ ਮਿਲੇ ਹੋਏ ਹੋਣ ॥

**ਕਰਮ**, ਪੁਃ—ਕੰਮ, ਕਾਜ, ਕਿਸਮਤ, ਨਸੀਬ, ਭਾਗ, ਦੋ ਕਦਮਾਂ ਜਾਂ ਜਿੰਨਾ ਹੱਥਾਂ ਦੀ ਵਿੱਥ। ਦਯਾ ॥

**ਕਰਮ ਹੀਣ**, ਵਿਃ—ਬੇ ਨਸੀਬ, ਖੋਟੀ ਕਿਸਮਤ ਵਾਲਾ ॥

**ਕਰਮ ਕੱਲਾ**, ਪੁਃ—ਇੱਕ ਤਰਾਂ ਦੀ ਗੋਭੀ ॥

**ਕਰਮ ਕਾਂਡ**, ਪੁਃ—ਸ਼ੁਭ ਕੰਮਾਂ ਵਾਲਾ ਧਰਮ ।

**ਕਰਮ ਭੋਗਣੇ**, ਕ੍ਰਿਃ—ਆਪਣੇ ਕਰਮਾਂ ਦਾ ਫਲ ਪਾਉਣਾ ॥

**ਕਰਮ ਰੇਖਾ**, ਸਃ—ਮੱਥੇ ਦਾ ਲੇਖ, ਪਰਾਲਬਧ ॥

**ਕਰਮਾਂ ਵਾਲਾ**, ਪੁਃ, **ਕਰਮਾਂ ਵਾਲੀ**, ਸਃ—ਭਾਗ ਵਾਨ, ਚੰਗੀ ਕਿਸਮਤ ਵਾਲਾ ॥

**ਕਰਮਾਂ ਮਾਰਿਆ**, ਪੁਃ, **ਕਰਮਾਂ ਮਾਰੀ**, ਸਃ—ਬੇ ਨਸੀਬ, ਕਰਮ ਹੀਣ।

**ਕਿਰਿਆ ਕਰਮ**, ਪੁਃ—ਹਿੰਦੂਆਂ ਵਿੱਚ ਮਰਨ ਤੋਂ ਤੇਰ੍ਹਵੇਂ ਦਿਨ ਦੀ ਰੀਤ ॥

**ਕਰਮੰਡਲ**, ਪੁਃ—ਤਿਹਾਰਾਂ ਪੁਰ ਜਾਤ੍ਰੀਆਂ ਦੇ ਇਕੱਠੇ ਹੋਣ ਦੀ ਥਾਂ, ਕਮੰਡਲ ॥

**ਕਰਮਣ**, ਸਃ, **ਕਰਮੀ**, ਪੁਃ—ਕਰਨ ਵਾਲਾ (ਲੀ), ਭਾਗ ਵਾਨ ॥

**ਕਰਮੀ ਧਰਮੀ**, ਪੁਃ—ਕਿਰਿਆ ਕਰਮ ਕਰਾਉਣ ਵਾਲਾ ॥

**ਕਰਲਾਉਣਾ**, ਕ੍ਰਿਃ—ਰੋਣਾ, ਚੀਕਣਾ ॥

**ਕਰਵਤ**, **ਕਰਵਤ੍ਰ**, ਪੁਃ—ਕਾਂਸ਼ੀ ਵਿੱਚ ਇੱਕ ਆਰਾ ਜਿਸ ਨਾਲ ਮਨੁਖ ਆਪਣੇ ਸਰੀਰ ਦੇ ਚਿਰਾ ਕੇ ਦੋ ਟੋਟੇ ਕਰਦੇ ਹੁੰਦੇ ਸਨ ॥

**ਕਰਵਾ**, ਪੁਃ—ਮਿੱਟੀ ਦਾ ਲੋਟਾ ॥

**ਕਰਵਾ ਚੌਥ**, ਸਃ—ਇੱਕ ਤਿਹਾਰ ਜਿਸ ਦਿਨ ਹਿੰਦੂਆਂ ਦੀਆਂ ਸੁਹਾਗਣਾਂ ਵਰਤ ਰੱਖਕੇ ਤੜਕੇ ਸਰਘੀ ਖਾਂਦੀਆਂ ਹਨ ॥

**ਕਰਵਾਉਣਾ**, ਕ੍ਰਿਃ—ਦੂਏ ਕੋਲੋਂ ਕੰਮ ਕਰਾਉਣਾ॥

**ਕਰਵਾਈ**, ਸਃ—ਕਰਨ ਦਾ ਮਜੂਰੀ, ਬਲਆਈ॥

**ਕਰਵਾਨ**, ਪੁਃ—ਊਠਾਂ ਵਾਲਾ, ਮੁਸਾਫਰਾਂ ਦਾ ਟੋਲਾ, ਮਸੂਲ ਉਗਰਾਹੁਣ ਵਾਲਾ ॥

**ਕਰਵਾਨਣੀ**, ਸਃ—ਊਠਾਂ ਵਾਲੇ ਦੀ ਵਹੁਟੀ ॥

**ਕਰਵਾਨੀ**, ਸਃ—ਊਠ ਰੱਖਣ ਦਾ ਕਸਬ ॥

**ਕਰਵਾਲ**, ਪੁਃ—ਖੂਹ ਵਿੱਚੋਂ ਪਾਣੀ ਕੱਢਣ ਵਾਲਾ ਮਿੱਟੀ ਦਾ ਡੋਲ ॥

**ਕਰਵੇ ਚੌਥ**—'ਕਰਵਾ ਚੌਥ' ਵੇਖੋ ॥

**ਕਰੜ**, ਪੁਃ—ਕਸੇਲੇ ਦਾ ਥਾਂ, ਠਿੱਗਰ ਧਰਤੀ ॥

**ਕਰੜ ਕਰੜ ਕਰਨਾ**, ਕ੍ਰਿਃ—ਦੰਦ ਕਰੀਚਣਾ, ਰੋੜੀ ਭੇੜਨਾ ॥

**ਕਰੜ ਬੈਟ**, ਪੁਃ—ਲੰਮਾ ਚੌੜਾ ਮੋਟਾ ਆਦਮੀ ॥

**ਕਰੜ ਬਰੂੜਾ**, ਵਿਃ—ਕਰਬੜੀ ਦਾੜ੍ਹੀ ਵਾਲਾ ॥

**ਕਰੜਾ**, ਵਿਃ—ਠਿੱਗਰ, ਸਖ਼ਤ, ਪੱਕਾ ॥

**ਕਰੜਾਈ**, ਸਃ—ਸਖ਼ਤੀ, ਪਕਿਆਈ ॥

**ਕਰਾਉਣਾ**, ਕ੍ਰਿਃ—ਦੂਜੇ ਨੂੰ ਕੰਮ ਕਰਨ ਦੇਣਾ ॥

**ਕਰਾਇਆ**, ਪੁਃ—ਭਾੜਾ, ਮਜੂਰੀ ॥

**ਕਰਾਏ ਦਾਰ**, ਪੁਃ—ਕਰਾਇਆ ਦੇਕੇ ਰਹਿਣ ਵਾਲਾ ॥

Digitized by Panjab Digital Library | www.panjabdigilib.org

**ਕਰਾਏ ਦੇਣਾ**, ਕ੍ਰਿ:—ਕਰਾਇਆ ਲੈ ਕੇ ਚੀਜ਼ ਵਰਤਣ ਦੇਣਾ ॥

**ਕਰਾਏ ਨਾਮਾ**, ਪੁ:—ਕਰਾਏ ਬਾਬਤ ਅਸ਼ਟਾਮ ਦਾ ਕਾਗਜ਼ ॥

**ਕਰਾਏ ਲੈਣਾ**, ਕ੍ਰਿ:—ਕਰਾਇਆ ਦੇ ਕੇ ਕੋਈ ਚੀਜ਼ ਵਰਤਣ ਲਈ ਲੈਣਾ ॥

**ਕਰਾਈ**, ਸ:—ਬਣੁਆਈ, ਮਜੂਰੀ ॥

**ਕਰਾਹ**, ਪੁ:—ਧਰਤੀ ਪੱਧਰੀ ਕਰਨ ਵਾਲਾ ਜੰਦਰਾ ॥

**ਕਰਾਹਣਾ**, ਕ੍ਰਿ:—ਹਾਹੁਕਾ ਭਰਨਾ, ਗ਼ਮ ਕਰਨਾ।

**ਕਰਾਹਤ**, ਸ:—ਘਿਣ, ਸੂਗ, ਨਾ ਭਾਉਣਾ (ਆਉਣੀ, ਕਰਨੀ) ॥

**ਕਰਾਮਾਤ**, ਸ:—ਅਚਰਜ ਦੀ ਗਲ, ਸਿੱਧੀ, ਸ਼ੱਤਿਆ ॥

**ਕਰਾਮਾਤਣ**, ਸ: / **ਕਰਾਮਾਤੀ**, ਪੁ: } ਕਰਾਮਾਤ ਕਰਨ ਵਾਲਾ (ਲੀ) ॥

**ਕਰਾਰ**, ਪੁ:—ਹਾਂ ਕਰਨਾ, ਮੰਨ ਲੈਣਾ, ਬਚਨ, ਕੌਲ ॥

**ਕਰਾਰ ਨਾਮਾ**, ਪੁ:—ਜਿਸ ਲਿਖਤ ਵਿੱਚ ਕੋਈ ਕਰਾਰ ਕੀਤਾ ਜਾਵੇ ॥

**ਕਰਾਰਾ**, ਵਿ:—ਨਿੱਗਰ, ਕਰੜਾ, ਮਸਾਲੇ ਦਾਰ, ਤਕੜਾ ॥

**ਕਰਾੜ**, ਪੁ:—ਅਰੋੜਾ, (ਇੱਕੜਾਂ ਦਾ 'ਕੁਨਾਉਂ' ਹੈ)

**ਕਰਿਆਂਦਣ** / **ਕਰਿਆਂਦ** } ਸ:—ਧਾਤ ਦੀ ਬੋ, ਉਨ ਦੀ ਮੁਸ਼ਕ, ਬਦਬੋ ॥

**ਕਰਿਆਨਾ**, ਪੁ:—ਰੁਪਏ ਦਾ ਫੇਰ ਘੜ, ਪਰਚੂਨ ॥

**ਕਰਿਸਟਾਨ (ਤਾਨ)**, ਪੁ:—ਕਿਰਾਨੀ, ਈਸਾਈ ॥

**ਕਰਿਸ਼ਨ** / **ਕਰਿਸ਼ਨਾ** } ਪੁ:—ਬਿਸ਼ਨ ਦਾ ਇਕ ਅਉਤਾਰ, ਕਨ੍ਹੈਯਾ ॥

**ਕਰਿਸ਼ਨ ਪੱਖ**, ਪੁ:—ਮਹੀਨੇ ਦਾ ਉਹ ਅੱਧ ਜਿਸ ਵਿਚ ਚੰਦ ਘਟਦਾ ਜਾਂਦਾ ਹੈ ॥

**ਕ੍ਰਿਸਮਸ** / **ਕਰਿਸਮਸ** } ਪੁ:—'ਵੱਡਾ ਦਿਨ' ਵੇਖੋ ॥

**ਕਰਿਸ਼ਮਾ**, ਪੁ:—ਕਰਾਮਾਤ ਵਡਿਆਈ, ਸਤਿਆ ॥

**ਕਰਿੰਗਰ**, ਪੁ:—ਕਾਰੀਗਰ, ਹੱਥਾਂ ਦੀ ਕਾਰ ਕਰਨ ਵਾਲਾ ॥

**ਕਰਿਗਰਣ**, ਸ:—ਹੱਥਾਂ ਦੀ ਕਾਰ ਕਰਨ ਵਾਲੀ ਕਾਰੀਗਰ ਦੀ ਵਹੁਟੀ ॥

**ਕਰਿੰਗਰੀ**, ਸ:—ਕਾਰੀਗਰੀ, ਹੱਥਾਂ ਦੀ ਕਾਰ ॥

**ਕ੍ਰਿਤ**, ਵਿ:—ਬਣਾਇਆ ਹੋਇਆ (ਪੁਸਤਕ ਆਦਿਕ) ॥

**ਕਰਿੰਦਾ**, ਪੁ:—ਦੂਜੇ ਵੱਲੋਂ ਕੰਮ ਕਰਨ ਵਾਲਾ, ਗੁਮਾਸ਼ਤਾ ਸਰਬਰਾਹ, ਮੁਖਤਿਆਰ ਏਜੰਟ, ਦੂਏ ਦੀ ਧਰਤੀ ਵਾਹੁਣ ਵਾਲਾ।

**ਕਰੀਂਹ**, ਪੁ:—ਇੱਕ ਝਾੜੀ। ਜਿਸ ਦੇ, ਫਲ ਡੇਲਿਆਂ ਦਾ ਅਚਾਰ ਪੈਂਦਾ ਹੈ ॥

**ਕਰੀਚਣਾ**, ਕ੍ਰਿ:—ਦੰਦ ਕੜ੍ਹਕੜ ਕਰਨੇ ਕਿਰਕਿਰਾਉਣਾ ॥

**ਕਰੀਬ**, ਵਿ:—ਲਗ ਭਗ, ਨੇੜੇ ॥

**ਕਰੀਮ**, ਵਿ:, ਪੁ:—ਕਰਮ ਕਰਨ ਵਾਲਾ, ਦਯਾਵਾਨ ॥

**ਕਰੀਰ**, ਪੁ:—'ਕਰੀਂਹ' ਵੇਖੋ ॥

Digitized by Panjab Digital Library | www.panjabdigilib.org

ਕਰੀਰ, ਸਃ—ਦੰਦਾਂ ਦਾ ਕਰੀਚਣਾ ॥

ਕਰੀਰਣਾ, ਕ੍ਰਿਃ—ਦੰਦ ਕਿਰਕਿਰਾਉਣਾ ॥

ਕਰੂੰ, ਪੁਃ—ਕਦਮ, ਉਲਾਂਘ ॥

ਕਰੂੰਜੜ ਪੁਣਾ, ਪੁਃ—ਕਰੂੰਜੜੇ ਦਾ ਕੰਮ ॥

ਕਰੂੰਜੜਾ, ਪੁਃ } ਸਾਗ ਭਾਜੀ ਵੇਚਣ ਵਾਲਾ (ਲੀ) ॥
ਕਰੂੰਜੜੀ, ਸਃ }

ਕਰੂੰਡੀਆ, ਪੁਃ—ਇਕ ਤਰਾਂ ਦਾ ਸੱਪ ॥ ਵਿਹੁਲੇ ਸੁਭਾ ਵਾਲਾ ਪੁਰਸ਼ ।

ਕਰੂਨਣ, ਸਃ } ਕੰਜੂਸ, ਸੂਮ (ਸੂਮਣੀ) ॥
ਕਰੂਨਾਂ, ਪੁਃ }

ਕਰੂਰ, ਵਿਃ—ਬੇ ਤਰਸ, ਨਿਰਦਈ ॥

ਕਰੂਰਾ, ਪੁਃ—ਮੂਤ੍ਰ, ਰੋਗੀ ਦਾ ਪਸ਼ਾਬ ॥

ਕਰੇਲਾ, ਪੁਃ—ਇਕ ਲੰਮੀ ਭਾਜੀ, ਕਰੇਲੇ ਦੀ ਸ਼ਕਲ ਦੀ ਬੋਤਲ ਜਾਂ ਸੁਰਮੇ ਦਾਨੀ ॥

ਕਰੇਵਾ, ਪੁਃ—ਰੰਡੀ ਦਾ ਵਿਆਹ, ਚਾਦਰ ਪਾਣੀ ॥

ਕਰੇੜਾ, ਪੁਃ—ਦੰਦਾਂ ਉੱਤੇ ਜੰਮੀ ਹੋਈ ਮੈਲ (ਲੱਗਣਾ) ॥

ਕਰੋ, ਪੁਃ—ਕਦਮ, ਉਲਾਂਘ ॥

ਕਰੋਹ, ਪੁਃ—ਪੱਕਾ ਕੋਹ ॥

ਕਰੋਹੀ, ਸਃ—ਪੈਰਾਂ ਦਾ ਇੱਕ ਰੋਗ ॥

ਕਰੋਧ, ਪੁਃ—ਗੁੱਸਾ, ਰੋਹ, ਧੱਪ, ਕਰੋਪ ॥

ਕਰੋਧਣ, ਸਃ } ਕਰੋਧ ਕਰਨ ਵਾਲਾ (ਲੀ) ॥
ਕਰੋਧੀ, ਪੁਃ }

ਕਰੋਪ, ਪੁਃ—ਕਰੋਧ, ਗੁੱਸਾ ॥

ਕਰੋਪਣ, ਸਃ } ਕਰੋਪ ਕਰਨ ਵਾਲਾ (ਲੀ) ॥
ਕਰੋਪੀ, ਪੁਃ }

ਕਰੋਪੀ, ਸਃ—ਕਿਸੇ ਦੇਉਤੇ ਦਾ ਕ੍ਰੋਧ ॥

ਕਰੋਲਣਾ, ਕ੍ਰਿਃ—ਫੋਲਣਾ, ਛੁਰੀ ਆਦਿਕ ਨਾਲ ਖੋਹਣਾ ॥

ਕਰੋੜ, ਪੁਃ—ਸੌ ਲੱਖ ।

ਕਰੋੜਾਂ ਪਤੀ, ਪੁਃ—ਕਰੋੜਾਂ ਰੁਪਏ ਦਾ ਮਾਲਕ, ਬੜਾ ਭਾਰਾ ਬਖ਼ਤਾਵਰ ॥

ਕਰੋੜਾ, ਪੁਃ—ਦੇਖ ਭਾਲ ਕਰਨ ਵਾਲਾ, ਅਫ਼ਸਰ ॥

ਕਰੋੜੀ, ਪੁਃ—ਕਰੋੜ ਰੁਪਏ ਦਾ ਮਾਲਕ ॥

ਕਰੌਂਦਾ, ਪੁਃ—ਇਕ ਬਿਰਛ ਅਤੇ ਉਸ ਦਾ ਫਲ ਜਿਸ ਦਾ ਅਚਾਰ ਪੈਂਦਾ ਹੈ ॥

ਕਲ, ਸਃ—ਮਸ਼ੀਨ, ਕਲਾ । ਫਲ, ਉਪੱਦਰ, ਲੜਾਈ, ਆਰਾਮ, ਚੈਨ ॥

ਕਲ ਕਲ, ਸਃ—ਲੜਾਈ, ਝਗੜਾ, ਰੌਲਾ ਗੌਲਾ ॥

ਕਲ ਜਗਾਉਣੀ, ਕ੍ਰਿਃ—ਝਗੜਾ ਪਾਉਣਾ ॥

ਕਲ ਜਾਣਾ, ਕ੍ਰਿਃ—ਜਾਨਣਾ, ਸਮਝਣਾ, ਸਿੱਖਣਾ ॥

ਕਲਜੁਗ, ਪੁਃ—ਪਾਪ ਦਾ ਸਮਾ ਜੋ ਅਜ ਕੱਲ ਬੀਤਦਾ ਹੈ । ਚੌਥਾ ਜੁਗ ॥

ਕਲਜੁਗੀ, ਵਿਃ—ਕਲਜੁਗ ਦਾ, ਭੈੜਾ, ਝਗੜੇ ਵਾਲਾ ॥

ਕਲਜੋਗਣ } ਸਃ—ਮਹੀਨੇ ਵਿੱਚ ਇੱਕ ਵਾਰ ਧਰਤੀ ਦੇ ਗਿਰਦੇ ਭੌਣ ਵਾਲੀਆਂ (ਮੰਨੀਆਂ ਹੋਈਆਂ) ਭੂਤਨੀਆਂ ॥
ਕਲਜੋਗਣੀ }

ਕਲਦਾਰ, ਵਿਃ—ਸਰਕਾਰੀ ਠੱਪੇ ਵਾਲਾ ਰੁਪਇਆ ਜਾਂ ਮੋਹਰ ॥

Digitized by Panjab Digital Library / www.panjabdigilib.org

**ਕੱਲ,** ਕ੍ਰਿ:, ਵਿ:—ਅਗਲੇ ਦਿਨ, ਭਲਕੇ, ਪਿਛਲੇ ਦਿਨ
ਪੁ:—ਕੱਲਾ ਹੋਣਾ ॥

**ਕੱਲ ਕਲੋਤਰ ਨੂੰ,** ਕ੍ਰਿ: ਵਿ:—ਅੱਗੋ ਨੂੰ ॥

**ਕੱਲ ਖੋਰ,** ਵਿ:—ਕੱਲਾ ਖਾਣ ਵਾਲਾ, ਮਤਲਬੀ ॥

**ਕੱਲ ਖੋਰੀ,** ਸ:—ਕੱਲਾ ਖਾਣਾ, ਦਿਲ ਦੀ ਤੰਗੀ ॥

**ਕੱਲ ਦੀ ਗੱਲ,** ਥੋੜ੍ਹੇ ਚਿਰ ਦੀ ਗੱਲ ॥

**ਕਲਈ,** ਸ:—ਰੰਗ, ਚਿੱਟਾ ਚੂਨਾ ॥

**ਕਲਈ ਕਰਨੀ,** ਕ੍ਰਿ:—ਰੰਗ ਨਾਲ ਭਾਂਡੇ ਚਿੱਟੇ ਕਰਨੇ, ਕੰਧਾਂ ਉੱਤੇ ਸੁਫੈਦੀ ਫੇਰਨੀ ॥

**ਕਲਸ,** ਪੁ:—ਇੱਕ ਤਰਾਂ ਦਾ ਮਿੱਟੀ ਦਾ ਘੜਾ ਮੰਦਰ ਦੀ ਚੋਟੀ, ਪੀੜ੍ਹੇ ਦਾ ਉਤਲਾ ਸਿਰਾ ॥

**ਕਲਸੀ,** ਸ:—ਛੋਟਾ ਕਲਸ ॥

**ਕਲਹ,** ਸ:—ਲੜਾਈ, ਝਗੜਾ, ਫਸਾਦ ॥

**ਕਲਹਿਣਾ,** ਪੁ: }
**ਕਲਹਿਣੀ,** ਸ: } ਲੜਨ ਝਗੜਨ ਵਾਲਾ (ਲੀ) ॥

**ਕਲੰਕ,** ਪੁ:—ਦੋਸ, ਐਬ, ਊਜ, ਦਾਗ (ਲੱਗਣਾ ਲਾਉਣਾ) ॥

**ਕਲੰਕਣ,** ਸ: }
**ਕਲੰਕੀ,** ਪੁ: } ਜਿਸ ਨੂੰ ਕਲੰਕ ਲੱਗੇ ॥

**ਕਲਕਣਾ,** ਕ੍ਰਿ:—ਪਾਣੀ ਦਾ ਬਾਹਲਾ ਗਰਮ ਹੋਣਾ, ਉਬਲਣ ਲਗ ਪੈਣਾ ॥

**ਕਲਕਾ,** ਪੁ:—ਛੋ ਧੁੱਪ ਦੀ ਗਰਮੀ ॥

**ਕਲਗਾ,** ਪੁ:—ਇੱਕ ਫੁਲ, ਵੱਡੀ ਕਲਗੀ ॥

**ਕਲਗਾ ਸਿੰਘ,** ਪੁ: | ਗੀਗਾ ॥



**ਕਲਗੀ,** ਸ:—ਟੋਪੀ ਜਾਂ ਪਗੜੀ ਵਿੱਚ ਲਾਉਣ ਵਾਲਾ ਪਰ, ਪੰਖੇਰੂ ਦੇ ਸਿਰ ਉੱਤੇ ਪਰਾਂ ਦਾ ਤਾਜ ॥

**ਕਲਗੀ ਦਾਰ,** ਵਿ:—ਕਲਗੀ ਵਾਲਾ ॥
ਪੁ:—ਇਕ ਸੱਪ ॥

**ਕਲਗੀ ਧਰ,** ਪੁ:—ਗੁਰੂ ਗੋਬਿੰਦ ਸਿੰਘ ਜੀ ॥

**ਕਲੱਟਰ,** ਪੁ:—ਅਫਸਰ ਮਾਲ, ਜ਼ਿਲੇ ਦਾ ਹਾਕਮ ॥

**ਕਲੱਤਰ,** ਵਿ:—ਕਾਲਾ, ਨੀਲ ॥

**ਕਲੰਦਰ,** ਪੁ:—ਇੱਕ ਤਰਾਂ ਦਾ ਫਕੀਰ, ਬਾਂਦਰ ਜਾਂ ਰਿੱਛ ਦਾ ਤਮਾਸ਼ਾ ਕਰਨ ਵਾਲਾ ॥

**ਕਲੰਦਰੀ,** ਵਿ:—ਕਲੰਦਰ ਦਾ ॥
ਸ:—ਇੱਕ ਤਰਾਂ ਦਾ ਤੰਬੂ ॥

**ਕਲਨਾ,** ਕ੍ਰਿ:—ਜਾਨਣਾ, ਸਮਝਣਾ, ਸਿੱਖਣਾ ॥

**ਕਲਪ,** ਪੁ:—ਬ੍ਰਹਮਾ ਦਾ ਦਿਨ ਜੋ ੧੦੦੦ ਜੁਗਾਂ ਦਾ ਹੈ ॥ ਕਲਫ਼ ।

**ਕਲਪ ਬਿਰਛ,** ਪੁ:—ਸੁਰਗ ਦਾ ਇੱਕ ਬਿਰਛ, ਜਿਸ ਤੋਂ ਜੋ ਮੰਗੀਏ ਦੇਂਦਾ ਹੈ ॥

**ਕਲਪਣਾ,** ਕ੍ਰਿ:—ਦੁਖੀ ਹੋਣਾ, ਖਿਝਣਾ, ਝੁਰਨਾ।
ਸ:—ਇੱਛਿਆ, ਚਾਹ, ਲਾਲਸਾ, ਭਟਕੀ ॥

**ਕਲਪਾਉਣਾ,** ਕ੍ਰਿ:—ਦੁਖ ਦੇਣਾ, ਖਪਾਉਣਾ ॥

**ਕਲਫ,** ਸ:—ਕਪੜਿਆਂ ਜਾਂ ਵਾਲਾਂ ਨੂੰ ਲਾਉਣ ਵਾਲਾ ਰੰਗ। ਮਾਇਆ। (ਕਰਨੀ, ਲਾਉਣੀ)

**ਕਲਸ,** ਸ:—ਸਭਾ, ਮਜਲਸ, ਕੱਠ ॥

**ਕਲਬੂਤ,** ਪੁ:—ਢਾਂਚਾ, ਸ਼ਕਲ, ਸਰੀਰ। ਲੱਕੜੀ ਦਾ ਸੱਚਾ ॥

Digitized by Panjab Digital Library | www.panjabdigilib.org

**ਕਲਬੂਤੀ,** ਵਿ:—ਸੱਚੇ ਨਾਲ ਬਣਿਆ ਹੋਇਆ, ਗ੍ਰਾਟ ਵਾਲਾ ( ਕਲਬੂਤੀ ਦਰਵੱਜਾ )॥

**ਕਲਮ,** ਸ:—ਲੇਖਣ, ਟਾਹਣੀ, ਰੁਖ ਦੀ ਕੱਟੀ ਹੋਈ ਟਾਹਲੀ, ਪੱਚਰ, ਇੱਕ ਨਾਲ ਜੋੜਨੀ॥

**ਕਲਮ ਕਰਨਾ,** ਕ੍ਰਿ:—ਰੁੱਖ ਦੀ ਟਾਹਣੀ ਕੱਟਣੀ ॥

**ਕਲਮ ਕਾਰੀ,** ਸ:—ਕਾਰੀਗਰੀ॥

**ਕਲਮ ਘੜਨੀ / ਬਣਾਉਣੀ** } ਕ੍ਰਿ:—ਲਖਣ ਨੂੰ ਛਿੱਲ ਛੱਲ ਕੇ ਠੀਕ ਕਰਨਾ॥

**ਕਲਮ ਚਲਾਉਣੀ / ਵਗਾਉਣਾ** } ਕ੍ਰਿ:—ਲਿਖਣਾ॥

**ਕਲਮਦਾਨ,** ਪੁ:—ਕਲਮਾਂ ਰੱਖਣ ਵਾਲਾ ਖਾਨਾ॥

**ਕਲਮ ਫੇਰਨੀ,** ਕ੍ਰਿ:—ਲਿਖੇ ਹੋਏ ਨੂੰ ਰੱਦੀ ਕਰਨਾ ॥

**ਕਲਮ ਲਾਉਣੀ,** ਕ੍ਰਿ:—ਬੂਟੇ ਦੀ ਟਾਹਣੀ ਕੱਟਕ ਦੂਜੀ ਥਾਂ ਲਾਉਣੀ॥

**ਕਲਮਾਂ** ਸ:—ਪੁੜਪੁੜੀਆਂ ਦੇ ਪਾਸ ਦੇ ਵਾਲ॥

**ਲੱਖਾਂ ਤੇ ਕਲਮ,** ਤੂੰ ਲਖ ਪਤੀ ਹੋਵੇਂ ! (ਅਸੀਸ)॥

**ਕਲਮ ਦਾ ਧਨੀ,** ਵਿ:—ਬੜਾ ਲਿਖਾਰੀ॥

**ਕਲਮਲ,** ਸ:—ਬਿਪਤਾ, ਮੁਸੀਬਤ, ਕਲੇਸ਼ ॥

**ਕਲਮਲਾਉਣਾ,** ਕ੍ਰਿ:—ਬੇ ਚੈਨ ਹੋਣਾ, ਜੀ ਘਟਣਾ, ਘਬਰਾਣਾ॥

**ਕਲਮਾ,** ਪੁ:—ਬਚਨ, ਮੁਸਲਮਾਨਾਂ ਦੇ ਧਰਮ ਦਾ ਮੂਲ ਮੰਤ੍ਰ।

**ਕਲਮਾ ਪੜ੍ਹਨਾ,** ਕ੍ਰਿ:—ਮੁਸਲਮਾਨ ਹੋ ਜਾਣਾ।

**ਕਲਮਾ ਪੜ੍ਹਾਉਣਾ,** ਕ੍ਰਿ:—ਮੁਸਲਮਾਨ ਕਰ ਲੈਣਾ॥

**ਕੁਫ਼ਰ ਦਾ ਕਲਮਾ,** ਪੁ:—ਪਰਮੇਸਰ ਜਾਂ ਨਬੀ ਦੀ ਨਿੰਦਿਆ ਜਾਂ ਅਵੱਗਿਆ ਦਾ ਬਚਨ ॥

**ਕਲਮੀ,** ਵਿ:—ਹੱਥ ਦੀ ਲਿਖੀ ਹੋਈ, (ਕਿਤਾਬ), ਕਲਮ ਲਾਕੇ ਉਗਾਇਆ ਹੋਇਆ ( ਅੰਬ ਆਦਿਕ )॥

**ਕਲਮੀ ਸ਼ੋਰਾ,** ਪੁ:—ਸਾਫ਼ ਬਲੌਰ ਵਰਗਾ ਸ਼ੋਰਾ॥

**ਕੱਲਰ,** ਪੁ:—ਬੰਜਰ ਧਰਤੀ, ਸ਼ੋਰ, ਕਰੋ ॥

**ਕਲਰਕ,** ਪੁ:—ਦਫ਼ਤਰ ਦਾ ਬਾਬੂ, ਮੁਨਸ਼ੀ॥

**ਕਲਵੰਜੀ,** ਸ:—ਇੱਕ ਬੂਟਾ ਜਿਸ ਦੇ ਕਾਲੇ ਬੀ ਖੰਘ ਅਤੇ ਗੰਠੀਏ ਦੀ ਦੁਆ ਹਨ॥

**ਕਲਵਤ੍ਰ,** ਪੁ:—ਆਰਾ-'ਕਰਵਤ੍ਰ' ਵੇਖੋ॥

**ਕਲਾ,** ਸ:—ਮਸ਼ੀਨ, ਉਸਤਾਦੀ, ਹਿਕਮਤ, ਬਿਪਤਾ, ਉਪੱਦਰ, ਫਸਾਦ, ਮਨੁੱਖਾਂ ਦਾ ਘਾਤ, ਚੰਦ ਦਾ ਹਿੱਸਾ, ਸ਼ੱਤਿਆ ॥

**ਕਲਾ ਜੰਗ,** ਪੁ:—ਕੁਸ਼ਤੀ ਦਾ ਇੱਕ ਦਾਉ ॥

**ਕਲਾ ਜਗਾਉਣੀ,** ਕ੍ਰਿ:—ਝਗੜਾ ਪਾਉਣਾ ॥

**ਕਲਾ ਦਾ ਮੂਲ,** ਪੁ:, ਸ:—ਫ਼ਸਾਦੀ ਮਨੁੱਖ॥

**ਕਲਾ ਬਾਜ਼ੀ,** ਸ:—ਸਿਰ ਦੇ ਭਾਰ ਉਲਟਣਾ॥

**ਕੱਲਾ,** ਵਿ:—ਇਕੱਲਾ, ਆਪੇ, ਜਿਸ ਦਾ ਸਾਥੀ ਨਹੀਂ, ਅਨਾਥ ॥

**ਕੱਲਾ ਦੁਕੱਲਾ,** ਵਿ:—ਕੱਲਾ ਫਿਰਨ ਵਾਲਾ॥

**ਕਲਾਉਣਾ,** ਕ੍ਰਿ:—ਅਨਾਜ ਛੰਡਣਾ ॥

Digitized by Panjab Digital Library | www.panjabdigilib.org

**ਕਲਾਉਂਤ,** ਪੁ: } ਮਿਰਾਸੀ (ਸਣ), ਗਾਉਣ
**ਕਲਾਉਂਤਣੀ,** ਸ: } ਵਾਲਾ (ਲੀ) ॥

**ਕਲਾਈ,** ਸ:—ਕੋਹਣੀ ਅਤੇ ਹੱਥ ਦੇ ਵਿਚਕਾਰਲਾ ਹਿੱਸਾ, ਵੀਣੀ ॥

**ਕਲਾਸ,** ਸ:—ਜਮਾਤ, ਦਰਜਾ ॥

**ਕਲਾਕ,** ਪੁ:—ਵੱਡੀ ਘੜੀ, ਵਕਤ ਦੱਸਣ ਵਾਲਾ ਘੰਟਾ ॥

**ਕਲਾਬਤੂ,** ਪੁ:—ਗੋਟਾ, ਤਿੱਲਾ ॥

**ਕਲਾਮ,** ਪੁ:—ਬਚਨ, ਬਾਣੀ, ਬਾਤ, ਮੰਤ੍ਰ ॥

**ਕਲਾਮ-ਅੱਲਾ,** ਪੁ:—ਪਰਮੇਸਰ ਦੀ ਬਾਣੀ, ਕੁਰਾਨ ॥

**ਕਲਾਲ,** ਪੁ: } ਇੱਕ ਜਾਤ, ਸਰਾਬ
**ਕਲਾਲਣ (ਲੀ)** ਸ: } ਕੱਢਣ ਜਾਂ ਵੇਚਣ ਵਾਲਾ।

**ਕਲਾਵੰਤ,** 'ਕਲਾਉਂਤ' ਵੇਖੋ ॥

**ਕਲਾਵੜਾ** } ਪੁ:—ਬਾਹਵਾਂ ਦਾ ਘੇਰਾ, ਬਾਹਾਂ ਦੇ
**ਕਲਾਵਾ** } ਘੇਰੇ ਅੰਦਰ ਜਿੰਨੀ ਚੀਜ਼ ਆ ਜਾਵੇ ॥

**ਕਲਿਆਣ,** ਪੁ:—ਕੁਲ ਦੇ ਮਿਰਾਸੀ ਦਾ ਉੱਚੀ ਉੱਚੀ ਵੱਡਿਆਂ ਦੇ ਨਾਉਂ ਲੈਣਾ, ਭਲਾ, ਵੱਧਾ, ਅਸੀਸ। ਹੁੱਕਾ। ਇੱਕ ਰਾਗ ॥

**ਕਲਿਹਾਰ,** ਸ:—ਪਕਿਆਈ, ਕਾਇਮੀ ॥

**ਕਲਿਹਾਰਾ,** ਵਿ:—ਦੁਖ ਦੇਣ ਵਾਲਾ, ਝਗੜਾਲੂ ॥ ਪੁ:—ਨਵੇਂ ਪਰਾਂ ਵਾਲਾ ਪੰਖੇਰੂ ॥

**ਕਲਿਤ੍ਰ,** ਵਿ:—ਕਾਲਾ, ਨੀਲਾ ॥

**ਕਲਿਯਾਣ,** 'ਕਲਿਆਣ' ਵੇਖੋ ॥

**ਕਲੀ,** ਸ:—ਰੰਗ, ਚਿੱਟਾ ਚੂਨਾ, ਰਾਂਗੇ ਆਦਿਕ ਦੇ ਫੁੱਲ ਦਾ ਖਿੜਾਉ। ਪਿੱਤਲ ਦਾ ਹੁੱਕਾ, ਨਵੇਂ ਪਰ ॥

**ਕਲੀਆ,** ਪੁ:—ਮਾਸ, ਤਰਕਾਰੀ ॥

**ਕਲੀਚਾ,** ਪੁ:—ਇੱਕ ਤਰਾਂ ਦਾ ਉੱਨ ਦਾ ਵਿਛੌਣਾ, ਫਰਸ਼ ॥

**ਕਲੀਨ,** ਪੁ:—ਗਲੀਚਾ, ਫਰਸ਼, ਉੱਨ ਦਾ ਵਿਛਾਉਣਾ ॥

**ਕਲੀਰਾ,** ਪੁ:—ਪਰੋਈਆਂ ਹੋਈਆਂ ਕੌਡੀਆਂ ਦਾ ਗੁੱਛਾ। ਕੜੀ ਵਰਗਾ ਗਹਿਣਾ ॥

**ਕਲੇਸ਼,** ਪੁ:—ਦੁਖ, ਪੀੜ, ਕਸ਼ਟ (ਦੇਣਾ, ਕਰਨਾ) ॥

**ਕਲੇਜਾ,** ਪੁ: } ਜਿਗਰ, ਜਿਗਰਾ, ਹੌਂਸਲਾ,
**ਕਲੇਜੀ,** ਸ: } ਧੀਰਜ ॥

**ਕਲੈਹਣੀ,** ਸ:—'ਲੜਾਕੀ ॥

**ਕਲੋਰ,** ਪੁ:—ਵੱਛਾ, ਗਊ ਦਾ ਬੱਚਾ ॥

**ਕਲੋਰੋ ਫ਼ਾਰਮ,** ਸ:—ਇੱਕ ਦਵਾ ਜਿਸ ਦੇ ਸੁੰਘਣ ਨਾਲ ਮਨੁੱਖ ਬੇ ਹੋਸ਼ ਹੋ ਜਾਂਦਾ ਹੈ ॥

**ਕਲੋਲ,** ਪੁ:—ਪਿਆਰ, ਲਾਡ, ਖੇਲ, (ਕਰਨਾ) ॥

**ਕਲੌਂਜੀ** ਸ:—ਇੱਕ ਬੂਟਾ, ਕਲਵੰਜੀ ॥

**ਕੰਵਰ,** ਪੁ:—ਪੁਤ੍ਰ, ਰਾਜੇ ਦਾ ਪੁਤ੍ਰ, ਟਿੱਕਾ ॥

**ਕੰਵਲ,** ਪੁ: ਇੱਕ ਫੁੱਲ, ਦਿਲ ॥

**ਕੰਵਲ ਖਿੜਨਾ,** ਕ੍ਰਿ:—ਦਿਲ ਖੁਸ਼ ਹੋਣਾ ।

**ਕਵਾਇਦ,** ਸ:—ਸਪਾਹੀਆਂ ਦੀ ਫੌਜੀ ਕਸਰਤ ਜੋ ਕੱਠੇ ਹੋਕੇ ਕਰਦੇ ਹਨ ॥

**ਕਵਾਬੀ,** ਪੁ:—ਇੱਕ ਫੁੱਲ, ਕੰਵਲ ॥

Digitized by Panjab Digital Library | www.panjabdigilib.org

**ਕਵਾਰ** / **ਕੰਵਾਰ** } ਸ:—ਨਾ ਵਿਆਹੀ ਹੋਈ ਕੁੜੀ, ਮੁਲਤਾਨ ਵਲ ਵਿਆਹੀ ਹੋਈ ਨੂੰ ਵੀ ਆਖਦੇ ਹਨ ਯਥਾ ਵਲਾਨੇ ਦੀ ਕੁਆਰ ॥

**ਕਵਾਰ ਗੰਦਲ,** ਸ:—ਇੱਕ ਬੂਟਾ ਜਿਸ ਦਾ ਰਸ ਸੁੱਕ ਕੇ ਏਲੂਆ ਕਹਾਉਂਦਾ ਹੈ ॥

**ਕਵਾਰਾ (ਰੀ)** / **ਕੰਵਾਰਾ (ਰੀ)** } ਪੁ:, ਸ:—ਜਿਸ ਦਾ ਵਿਆਹ ਨਹੀਂ ਹੋਇਆ ॥

**ਕਵਾਲ,** ਪੁ:—ਗਵਈਆ, ਰਾਗੀ ॥

**ਕਵਾਲੀ,** ਸ:—ਗਵਈਏ ਦਾ ਕੰਮ, ਇੱਕ ਰਾਗ ॥

**ਕਵਾੜ (ੜਾ),** ਪੁ:—ਤਾਕ, ਬੂਹਾ, ਦਰਵਾਜ਼ਾ।

**ਕਵਾੜੀ,** ਸ:—ਬਾਰੀ, ਤਾਕੀ, ਨਿੱਕਾ ਬੂਹਾ ॥

**ਕਵਾੜੀਆ,** ਪੁ:—ਪੁਰਾਣਾ ਅਤੇ ਟੁੱਟਾ ਭੱਜਾ ਅਸਬਾਬ ਵੇਚਣ ਵਾਲਾ ॥

**ਕਵਿ (ਵੀ),** ਪੁ:—ਕਵੀਸ਼ਰ, ਛੰਦਾਂ ਵਿਚ ਬਾਣੀ ਰਚਣ ਵਾਲਾ ॥

**ਕਵਿਤਾ,** ਸ:—ਕਵੀਸ਼ਰੀ, ਛੰਦਾਂ ਵਿੱਚ ਰਚੀ ਹੋਈ ਬਾਣੀ ॥

**ਕਵਿਤਾਈ,** ਸ:—ਕਵੀਸ਼ਰੀ, ਛੰਦ ਰਚਣ ਦੀ ਵਿਦਯਾ ॥

**ਕਵੈਦ,** ਸ:—'ਕਵਾਇਦ' ਵੇਖੋ ॥

**ਕੜ,** ਪੁ:—ਬੱਚਾ ਜੰਮਣ ਮਗਰੋਂ ਲਹੂ ਦਾ ਵਗਣਾ, ਬੰਨ੍ਹ ॥
ਰੋਕ (ਬੰਨ੍ਹਣਾ, ਮਾਰਨਾ) ॥

**ਕੜ ਕੜ,** ਸ:—ਕਿਸੇ ਚੀਜ਼ ਦੇ ਟੁੱਟਣ ਦੀ ਅਵਾਜ਼ ॥

**ਕੜ ਟੁੱਟਣਾ** / **ਕੜ ਪਾਟਣਾ** } ਕ੍ਰਿ:—ਖੂਹ ਦੇ ਪਾਣੀ ਦੀ ਉਹ ਝਰ ਪਾਟਣੀ ਜਿਸ ਵਿੱਚੋਂ ਪਾਣੀ ਆਉਂਦਾ ਨਿਖੁਟਦਾ ਨਹੀਂ ॥

**ਕੜਕ,** ਸ:—ਬੱਦਲ ਦੀ ਗੱਜ, ਤੋਪ ਦੀ ਅਵਾਜ਼। ਉੱਚੀ ਅਵਾਜ਼ ॥

**ਕੜਕਣਾ,** ਕ੍ਰਿ:—ਗੱਜਣਾ, ਉੱਚੀ ਬੋਲਣਾ ॥

**ਕੜਕਾ,** ਪੁ:—ਕੜਕ, ਗੱਜ। ਜਿੱਤ ਦਾ ਗੀਤ ॥

**ਕੜਕਾਉਣਾ,** ਕ੍ਰਿ:—ਤੋੜਨਾ, ਭੰਨਣਾ, ਕੜ ਕੜ ਕਰਨਾ ॥

**ਕੜਛ** / **ਕੜਛਾ** } ਪੁ:—ਲੋਹੇ ਜਾਂ ਪਿੱਤਲ ਦਾ ਭਾਂਡਾ ਜੋ ਅੱਗੋਂ ਕਟੋਰੀ ਵਰਗਾ ਹੁੰਦਾ ਹੈ ਅਤੇ ਪਿੱਛੋਂ ਡੰਡੀ ਹੁੰਦੀ ਹੈ ॥

**ਕੜਛੀ,** ਸ:—ਛੋਟਾ ਕੜਛ ॥

**ਕੜਤ,** ਸ:—ਤਸਮਾ, ਚਮੜੇ ਦਾ ਮੰਜਾ

**ਕੜਣਾ,** ਕ੍ਰਿ:—ਕੱਸ ਕੇ ਬੰਨ੍ਹਣਾ, ਕਾਬੂ ਕਰਨਾ ॥

**ਕੜ੍ਹਣਾ,** ਕ੍ਰਿ:—ਉੱਬਲਣਾ, ਤਪਣਾ, ਗਰਮ ਹੋਣਾ ॥

**ਕੜਬੜ ਕੜਬੜ** / **ਕੜਬੜਾਟ** } ਸ:—ਘੋੜੇ ਦੇ ਪੈਰਾਂ ਦੀ ਅਵਾਜ਼ ॥

**ਕਬੜਾ,** ਵਿ:—ਅਧਾ ਚਿੱਟਾ, ਅੱਧਾ ਕਾਲਾ (ਦਾੜ੍ਹੀ) ॥

**ਕੜਾ,** ਪੁ:—ਹੱਥ ਵਿੱਚ ਪਾਣ ਵਾਲਾ ਗਹਿਣਾ, ਲੋਹੇ ਦਾ ਵੱਡਾ ਛੱਲਾ ਜੋ ਸਿੱਖ ਹੱਥੀਂ ਪਾਉਂਦੇ ਹਨ, ਪਹੀਏ ਦਾ ਚੱਕਰ।

**ਕੜਾਉਣਾ,** ਕ੍ਰਿ:—ਘੁੱਟ ਕੇ ਬਨ੍ਹਾਉਣਾ ॥

**ਕੜ੍ਹਾਉਣਾ,** ਕ੍ਰਿ:—ਉਬਾਲਣਾ, ਗਰਮ ਕਰਨਾ ॥

Digitized by Panjab Digital Library | www.panjabdigilib.org

**ਕੜਾਹ,** ਪੁ:—ਸੂਜੀ, ਘਿਉ ਅਤੇ ਖੰਡ ਦੀ ਬਣੀ ਹੋਈ ਮਠਿਆਈ ॥

**ਕੜਾਹ ਪਰਸਾਦ,** ਪੁ:—ਧਰਮ ਸਾਲਾਂ ਵਿਚ ਜਾਂ ਗੁਰੂ ਗ੍ਰੰਥ ਸਾਹਿਬ ਦੀ ਕਥਾ ਕੀਰਤਨ ਦੇ ਮਗਰੋਂ ਜੋ ਕੜਾਹ ਵਰਤਾਇਆ ਜਾਵੇ ॥

**ਕੜਾਹਾ,** ਪੁ:—ਲੋਹੇ ਦਾ ਵੱਡਾ ਭਾਂਡਾ ਜਿਸ ਵਿੱਚ ਚੀਜ਼ਾਂ ਤਲਦੇ ਹਨ ਜਾਂ ਮਠਿਆਈਆਂ ਬਣਾਉਂਦੇ ਹਨ ॥

**ਕੜਾਹੀ,** ਸ:—ਕੜਾਹ, ਛੋਟਾ ਕੜਾਹਾ ॥

**ਕੜਾਕੜ,** ਪੁ:—ਕੜ ਕੜ ਦੀ ਅਵਾਜ਼ ਜੋ ਲਗਾਤਾਰ ਹੋਵੇ ॥

**ਕੜਾਕਾ,** ਪੁ:—ਕਿਸੇ ਸਖਤ ਚੀਜ਼ ਦੇ ਟੁੱਟਣ ਦੀ ਅਵਾਜ਼ ॥

ਉਂਗਲੀਆਂ ਦੇ ਜੋੜਾਂ ਨੂੰ ਘੁੱਟ ਕੇ ਕੱਢੀ ਹੋਈ ਅਵਾਜ਼ ( ਕੱਢਣਾ ) ॥

**ਕੜਾਕੇ ਦੀ ਧੁੱਪ,** ਸ:—ਬਹੁਤ ਤਿੱਖੀ ਧੁੱਪ ॥

**ਕੜਿਆਲਾ,** ਪੁ:—ਕਸਣੀ, ਲਗਾਮ ਦਾ ਉਹ ਹਿੱਸਾ ਜੋ ਘੋੜੇ ਦੇ ਮੂੰਹ ਵਿੱਚ ਹੁੰਦਾ ਹੈ ॥

**ਕੜਿਆਲੇ ਚੱਬਣੇ,** ਕ੍ਰਿ:—ਕ੍ਰੋਧ ਵਿੱਚ ਆਉਣਾ ॥

**ਕੜਿੱਕੀ,** ਸ:—ਫੰਧਾ, ਫਾਹੀ, ਕਸ਼ਟ ॥

**ਕੜੀ,** ਸ:—ਲਕੜੀ ਦਾ ਬਾਲਾ, ਛੱਤ ਦੀ ਸ਼ਤੀਰੀ, ਕੈਦੀਆਂ ਦੇ ਹੱਥ ਦੀ ਲੋਹੇ ਦੀ ਫਾਹੀ ॥

**ਕੜ੍ਹੀ,** ਸ:—ਵੇਸਣਾਂ ਨੂੰ ਕਾੜ੍ਹ ਕੇ ਅਤੇ ਛਾਹ ਪਾ ਕੇ ਬਣਾਈ ਹੋਈ ਇੱਕ ਖਾਣ ਵਾਲੀ ਸਲੂਣੀ ਚੀਜ਼ ॥

**ਕੜੂ,** ਪੁ:—ਘੋੜਿਆਂ ਅਤੇ ਉਠਾਂ ਦੀ ਇਕ ਦੁਆ-

**ਕਾ,** ਅਵ:—ਦਾ, ਬਾਬਤ ( ਸੰਬੰਧ ਵਾਚਕ ਪਦ ) ॥

**ਕਾਂ,** ਪੁ:—ਕਾਉਂ, ਇੱਕ ਕਾਲਾ ਪੰਛੀ, ਅੱਤ ਸਿਆਣਾ ॥

**ਕਾਂ ਉਡਾਉਣੇ,** ਕ੍ਰਿ:—ਸੱਜਣ ਦੀ ਉਡੀਕ ਹੋਣੀ।

**ਕਾਂ ਕਾਂ ਕਰਨਾ,** ਕ੍ਰਿ:—ਕਾਂ ਦਾ ਬੋਲਣਾ, ਰੌਲਾ ਪਾਉਣਾ ॥

**ਕਾਉਂ,** ਪੁ:
**ਕਾਉਂਣੀ,** ਸ: } ਕਾਂ, ਇੱਕ ਕਾਲਾ ਪੰਛੀ ॥

**ਕਾਉੜ**
**ਕਾਉੜਨਾ** } 'ਕੌੜ-ਕੌੜਨਾ' ਵੇਖੋ ॥

**ਕਾਇਆਂ,** ਸ:—ਮਨੁੱਖ ਦਾ ਸਰੀਰ, ਦੇਹ, ਸ਼ਕਲ ॥

**ਕਾਇਜ਼ਾ,** ਪੁ:—'ਕਾਜ਼ਾ' ਵੇਖੋ ॥

**ਕਾਇਥ ( ਕਾਇੰਥ ),**
**ਕਾਇਥਣੀ (ਕਾਂਇਥਣੀ)** ਸ:
**ਕਾਇਥਿਆਣੀ** ਸ: } ਹਿੰਦੂਆਂ ਦੀ ਇੱਕ ਜਾਤ ॥

**ਕਾਇਥੀ,** ਸ:—ਇੱਕ ਬੋਲੀ ॥

ਵਿ:—ਕਾਇਥ ਦਾ ॥

**ਕਾਇਦਾ,** ਪੁ:—ਢੰਗ, ਨੇਮ, ਦਸਤੂਰ, ਉਰਦੂ ਦਾ ਬਾਲ ਉਪਦੇਸ਼ ॥

**ਕਾਇਫਲ,** ਪੁ:—ਇੱਕ ਫਲ ਜੋ ਦੁਆ ਦੇ ਕੰਮ ਆਉਂਦਾ ਹੈ ॥

**ਕਾਇਮ,** ਵਿ:—ਪੱਕਾ, ਥਿਰ, ਬਹੁਤ ਚਿਰ ਰਹਿਣ ਵਾਲਾ ॥

Digitized by Panjab Digital Library | www.panjabdigilib.org

**ਕਾਇਮ ਮੁਕਾਮ,** ਪੁ:—ਇੱਕ ਸਰਕਾਰੀ ਨੌਕਰ ਦੀ ਥਾਂ ਦੂਜਾ ਕੰਮ ਕਰਨ ਵਾਲਾ ॥

**ਕਾਇਮੀ,** ਸ:—ਪੱਕਿਆਈ, ਬਹੁਤ ਚਿਰ ਰਹਿਣਾ ॥

**ਕਾਇਰ,** ਵਿ:—ਡਰਪੋਕ, ਬੇ ਹੌਸਲਾ ॥

**ਕਾਇਲ,** ਵਿ:—ਮੰਨ ਜਾਣ ਵਾਲਾ, ਜੋ ਜਵਾਬ ਨਾ ਦੇ ਸਕੇ ॥

**ਕਾਈ,** ਪੜ:—ਕੋਈ ॥

**ਕਾਸ,** ਪੜ.—ਕੀ, ਕੇਹੜੀ ਚੀਜ਼ ॥

**ਕਾਸ ਨੂੰ**
**ਕਾਸ ਲਈ** } ਪੜ:—ਕਿਉਂ, ਕਿਸ ਵਾਸਤੇ ॥

**ਕਾਸਦ,** ਪੁ:—ਸੁਨੇਹਾ ਲਿਆਉਣ ਵਾਲਾ, ਡਾਕੀਆ

**ਕਾਸਦ ਪੁਣਾ,** ਪੁ:
**ਕਾਸਦੀ,** ਸ: } ਕਾਸਦ ਦਾ ਕੰਮ ॥

**ਕਾਸਟਿਕ ਸੋਡਾ,** ਪੁ:—ਇੱਕ ਵਿਲੈਤੀ ਸੱਜੀ ਜਿਸ ਦਾ ਸਾਬਣ ਬਣਾਉਂਦੇ ਹਨ ॥

**ਕਾਸਟੇਬਲ,** ਪੁ:—ਪੁਲਸ ਦਾ ਆਮ ਸਿਪਾਹੀ ॥

**ਕਾਸਣੀ,** ਸ:—ਇੱਕ ਨੀਲੀ ਬੂਟੀ ॥
ਵਿ:—ਨੀਲੂ ਰੰਗਾ ॥

**ਕਾਸਤੀ,** ਸ:—ਇਕਾਦਸ਼ੀ, ਯਾਰਵੀਂ ਥਿੱਤ ॥

**ਕਾਸਬੀ,** ਪੁ:—ਜੁਲਾਹਾ। ਤਾਣੀ ਉਣਨ ਵਾਲਾ ॥

**ਕਾਸੀ,** ਪੜ:—ਕਿਸੇ ਚੀਜ਼, ਕੋਈ ॥

**ਕਾਂਸੀ,** ਸ:—ਇੱਕ ਧਾਤ ਜੋ ਪਿੱਤਲ ~ ਤਾਂਬੇ ਦੇ ਮੇਲ ਨਾਲ ਬਣਦੀ ਹੈ ॥

**ਕਾਂਸੀ**
**ਕਾਸ਼ੀ** } ਸ:—ਇੱਕ ਤੀਰਥ, ਬਨਾਰਸ ॥

**ਕਾਂਸੀ ਫਲ,** ਪੁ:—ਹਲਵਾ ਕੱਦੂ, ਪੇਠਾ ॥

**ਕਾਸੁ**
**ਦੂ**
**ਕਾਸਿ** } ਪੜ:—ਕੋਈ ॥

**ਕਾਹ,** ਪੁ:—ਘਾਹ, ਕੱਖ, ਸਰਕੜਾ ॥
ਪੜ:—ਕੀ ॥

**ਕਾਂਹ** ਪੁ:—ਇੱਕ ਤਰਾਂ ਦਾ ਕਾਨਾ ॥

**ਕਾਹਜ਼ਬਾਣ,** ਸ:—ਇੱਕ ਬੂਟੀ ਜਿਸ ਦਾ ਅਰਕ ਨਿਕਲਦਾ ਹੈ ॥

**ਕਾਹਣ,** ਪੁ:—ਕਿਸ਼ਨ, ਘਨਈਆ ॥

**ਕਾਹਨੜਾ,** ਪੁ:—ਤ੍ਰਿਕਾਲਾ ਮਗਰੋਂ ਗਾਉਣ ਵਾਲਾ ਇੱਕ ਰਾਗ ॥

**ਕਾਹਨੂੰ,** ਪੜ:—ਕਾਸ ਨੂੰ, ਕਿਸ ਲਈ, ਕਿਉਂ ॥

**ਕਾਹਰ,** ਪੁ:—ਝਾਲਾ, ਸੁਦਣੀ, ਬਿਪਤਾ, ਬਿਰਲਾਪ ॥

**ਕਾਹਰਾ,** ਵਿ:—ਅਕਹਿਰਾ, ਇੱਕ ਤੰਦ ਵਾਲਾ ॥

**ਕਾਹਲਾ,** ਪੁ:
**ਕਾਹਲੀ,** ਸ: } ਵਿ:—ਸ਼ਤਾਬੀ ਕਰਨ ਵਾਲਾ (ਲੀ)

**ਕਾਹਲੀ,** ਸ:—ਛੇਤੀ, ਸ਼ਤਾਬੀ ॥

**ਕਾਹੜਣਾ, (ਣੀ)**
**ਕਾਹੜਾ** } 'ਕਾੜ੍ਹਣਾ' (ਣੀ), 'ਕਾੜ੍ਹਾ' ਵੇਖੋ।

**ਕਾਹੀ,** ਸ:—ਇੱਕ ਬੂਆ, ਇੱਕ ਤਰਾਂ ਦਾ ਕਾਨਾ ॥

**ਕਾਹੂ,** ਪੜ:—ਕਿਸੇ, ਕੋਈ ॥
ਪੁ:—ਇੱਕ ਬੂਆ ॥

Digitized by Panjab Digital Library | www.panjabdigilib.org

**ਕਾਕ,** ਪੁ:—ਬੋਤਲ ਦਾ ਡਾਟ, ਡੱਟਾ। ਕਾਗ॥

**ਕਾਕੜਾ,** ਪੁ:—ਬੇਰੀ ਦਾ ਹਰਾ ਫਲ, ਗੜਾ, ਪਾਲਾ॥

**ਕਾਕਾ,** ਪੁ:—ਨਿੱਕਾ ; ਮੁੰਡਾ, ਬਾਲ, ਅਞਾਣਾ ਜਾਤਕ, ਪੁਤ੍ਰ। ਸਿੱਖ ਸਰਦਾਰ ਜਾਂ ਰਾਜੇ ਦਾ ਪੁਤ੍ਰ ਪੋਤ੍ਰਾ, ਵੱਡਾ ਭਰਾ, ਪੇਉ ਦਾ ਚਾਕਰ॥

**ਕਾਕਾ ਰੌਲਾ,** ਪੁ:—ਰੌਲਾ ਗੌਲਾ, ਸ਼ੋਰ॥

**ਕਾਕੀ,** ਸ:—ਨਿੱਕੀ ਕੁੜੀ, ਅੱਖ ਦੀ ਪੁਤਲੀ॥

**ਕਾਗ,** ਪੁ:—ਬੋਤਲ ਦਾ ਡਾਟ, ਇੱਕ ਦਰਖ਼ਤ ਦੀ ਛਿੱਲ ਦਾ ਬਣਿਆ ਹੋਇਆ ਡੱਟਾ॥

**ਕਾਗ, ਕਾਗਾ,** ਪੁ:—ਕਾਂ, ਕਾਉਂ॥

**ਕਾਗਜ, ਕਾਗਤ, ਕਾਗਦ, ਕਾਗਲ,** ਪੁ:—ਪੱਤ੍ਰ ਵਰਗੀ ਚੀਜ਼ ਜਿਸ ਉੱਤੇ ਲਿਖਦੇ ਹਨ, ਤਮੱਸਕ, ਲੇਖੇ ਦੀ ਪੋਥੀ॥

**ਕਾਗਜ਼ ਕਾਲਾ ਕਰਨਾ,** ਕ੍ਰਿ:—ਲਿਖਣਾ॥

**ਕਾਗਜ਼ ਵਰਗਾ,** ਵਿ:—ਪਤਲਾ, ਬਰੀਕ॥

**ਕਾਗਜ਼ਾਂ ਦੇ ਘੋੜੇ ਦੁੜਾਉਣੇ ਜਾਂ ਭਜਾਉਣੇ,** ਬਾ:ਬਾ:—ਬਹੁਤ ਸਾਰੀਆਂ ਚਿੱਠੀਆਂ ਲਿਖਣੀਆਂ॥

**ਕਾਗਜ਼ੀ, ਕਾਗਤੀ,** ਪੁ:—ਕਾਗਜ਼ ਬਣਾਉਣ ਵਾਲਾ, ਲਿਖਾਰੀ, ਲੇਖਾ ਲਿਖਣ ਵਾਲਾ, ਕਾਗਜ਼ ਦਾ ਡੱਬਾ॥

ਸ:—ਕਾਗਤ ਜਾਂ ਲੀਰ ਦਾ ਨਿੱਕਾ ਜੇਹਾ ਟੋਟਾ ਜਿਸ ਉੱਤੇ ਦੁਆ ਮਲਕੇ ਫੋੜੇ ਜਾਂ ਪੀੜ ਵਾਲੀ ਥਾਂ ਲਾਉਂਦੇ ਹਨ॥

ਵਿ:—ਕਾਗਤ ਦਾ ਬਣਿਆ ਹੋਇਆ, ਪਤਲਾ, ਬਰੀਕ ਛਿੱਲੜ ਵਾਲਾ (ਕਾਗਜ਼ੀ ਬਦਾਮ, ਅਖਰੋਟ, ਨਿੰਬੂ)॥

**ਕਾਂਗੜ,** ਵਿ:—ਜੁਆਰ ਦਾ ਸੁੱਕਾ ਹੋਇਆ ਟਾਂਡਾ॥

**ਕਾਂਗੜਾ,** ਪੁ:—ਕਾਂ ਦਾ ਬੱਚਾ, ਇੱਕ ਪਹਾੜੀ ਸ਼ਹਿਰ॥

**ਕਾਂਗੜੀ,** ਸ:—ਕਸ਼ਮੀਰ ਦੀ ਗਲ ਵਿੱਚ ਪਾਉਣ ਵਾਲੀ ਅੰਗੀਠੀ॥

**ਕਾਂਗੜੂ,** ਵਿ:—ਪਤਲਾ, ਸੁੱਕਾ ਹੋਇਆ ਆਦਮੀ॥

**ਕਾਂਗੜੇ,** ਪੁ:—(ਬਹੁ ਬ:) ਕਾਂ ਦੇ ਬੱਚੇ, ਇੱਕ ਖੇਡ॥

**ਕਾਂਗਿਆਰੀ,** ਸ:—ਫਸਲਾਂ ਦੀ ਇੱਕ ਬਿਮਾਰੀ॥

**ਕਾਚਰਾ,** ਪੁ:—ਡੰਗਰਾਂ ਵਾਸਤੇ ਕੁਤਰੇ ਹੋਏ ਹਰੀ ਜੁਆਰ ਦੇ ਟਾਂਡੇ॥

**ਕਾਚੂ,** ਪੁ:—ਨਿੱਕੀ ਛੁਰੀ, ਕਲਮ ਘੜਨ ਵਾਲਾ ਹਥਿਆਰ॥

**ਕਾਚੂ ਹੋਣਾ,** ਕ੍ਰਿ:—ਬਰਤਾ ਕੰਮ ਕਰਨਾ॥

**ਕਾਛ,** ਸ:—ਖੇਤ ਦਾ ਮਾਪ॥

**ਕਾਂਛ,** ਸ:—ਤੇੜ ਬੰਨ੍ਹਣ ਵਾਲਾ ਇੱਕ ਕੱਪੜਾ॥

**ਕਾਛਲ (ੜ),** ਸ:—ਨਦੀ ਦਾ ਕੰਢਾ॥

**ਕਾਛੂ,** ਪੁ:—ਜ਼ਿਮੀਂ ਕੱਛਣ ਵਾਲਾ, ਪਟਵਾਰੀ।

**ਕਾਜ,** ਪੁ:—ਕੰਮ, ਢੰਗ, ਵਿਹਾਰ। ਵਿਆਹ॥ ਬਟਨ ਨੂੰ ਜਿਸ ਛੇਕ ਵਿੱਚ ਪਾਵੇ ਕੁੜਤੀ ਦਾ ਹੈ॥

**ਇੱਕ ਪੰਥ ਦੋ ਕਾਜ,** ਇੱਕ ਕੰਮ ਨਾਲ ਹੋਰ ਕੰਮ ਭੀ ਹੋ ਜਾਵੇ॥

**ਕਾਂਜਣ,** ਸ:—ਹਲਟ ਦੀਆਂ ਦੋ ਥੰਮੀਆਂ ਉੱਤੇ ਟਿਕਣ ਵਾਲੀ ਲਕੜੀ॥

**ਕਾਜ਼ਾ, ਕਾਜ਼ੇ,** ਪੁ:—ਘੋੜੇ ਦੀ ਲਗਾਮ ਦੇ ਨਾਲ ਸੰਗਲੀ।

Digitized by Panjab Digital Library | www.panjabdigilib.org

**ਕਾਜ਼ੀ,** ਪੁ:—ਮੁਸਲਮਾਨਾਂ ਵਿੱਚ ਨਿਆਉਂ ਕਰਨ ਵਾਲਾ ॥

**ਕਾਜ਼ੀ ਕੋਟੜਿਆਂ ਦੀ ਮਾਰ,** ਸ:—ਇੱਕ ਖੇਡ ॥

**ਕਾੱਜੀ,** ਵਿ:—ਕੰਮਾਂ ਕਾਜਾਂ ਵਿੱਚ ਰੁੱਝਾ ਹੋਇਆ ॥

**ਕਾਂਜੀ,** ਪੁ:—ਗਾਜਰਾਂ ਆਦਿਕ ਦਾ ਖੱਟਾ ਪਾਣੀ (ਮਸਾਲੇ ਵਾਲਾ) ॥

**ਕਾਂਜੀ ਹੌਸ,** ਪੁ:—ਡੰਗਰ ਬੰਦ ਕਰਨ ਦਾ ਸਰਕਾਰੀ ਹਾੜਾ ॥

**ਕਾਟ,** ਸ:—ਕੱਟਣ ਦਾ ਕੰਮ, ਵਿੱਢ ਪੀੜ, ਮਾਰ ॥ ਅਸਰ (ਕਰਨੀ), ਦਸਤੂਰੀ (ਕੱਟਣੀ) ॥
ਪੁ:—ਕਾਰਡ ॥

**ਕਾਂਟਾ,** ਪੁ:—ਕੁੰਡੀ, ਕੰਡਾ, ਨੋਕ, ਲੋਹੇ ਦੀ ਜਿਸ ਚੀਜ਼ ਨਾਲ ਸਾਹਬ ਲੋਕ ਰੋਟੀ ਦੀ ਗਰਾਹੀ ਮੂੰਹ ਵਿੱਚ ਪਾਉਂਦੇ ਹਨ। ਹਸਾਬ ਜਾਚਣ ਦਾ ਢੰਗ ॥ ਰੇਲ ਦੀ ਸੜਕ ਠੀਕ ਕਰਨ ਵਾਲੀ ਕਲਾ ॥ ਮਾਯ, ਬੜਾ ਸਿਆਣਾ ਆਦਮੀ ॥

**ਕਾਟੋ,** ਸ:—ਗਾਲ੍ਹੜ ॥

**ਕਾਠ,** ਪੁ:—ਲੱਕੜ, ਲਕੜੀ ਦੀ ਸਿਆਲ, ਪੈਰ ਫਾਹੁਣ ਵਾਲੀ ਲਕੜੀ ॥

**ਕਾਠ ਦਾ ਉੱਲੂ,** ਪੁ:—ਬੜਾ ਮੂਰਖ ॥

**ਕਾਠ ਦੀ ਹਾਂਡੀ,** ਸ:—ਛੇਤੀ ਨਾਸ ਹੋਣ ਵਾਲੀ ਸ਼ੈ ॥

**ਕਾਠ ਦੇ ਘੋੜੇ ਚਲਾਉਣੇ ਜਾਂ ਦੁੜਾਉਣੇ,** ਕ੍ਰਿ:—ਧੋਖਾ ਦੇਣਾ, ਪਖੰਡ ਕਰਨਾ।

**ਕਾਠ ਪਾਉਣਾ, ਕਾਠ ਮਾਰਨਾ,** ਕ੍ਰ:—ਕਾਬੂ ਕਰਨਾ, ਜਾਣ ਨਾ ਦੇਣੀ ॥

**ਕਾਠੜਾ,** ਪੁ: / **ਕਾਠੜੀ,** ਸ:—ਲੱਕੜ ਦੀ ਪਰਾਤ ॥

**ਕੱਾਠਾ,** ਵਿ:—ਕਰੜਾ, ਪੱਕਾ, ਨਿੱਗਰ, ਕਾਠ ਦਾ ॥

ਪੁ:—ਇੱਕ ਘਰਾਂ ਦਾ ਪਤਲਾ ਗੀਠਾ, ਮਜੀਠ ਨਾਲ ਰੰਗਿਆ ਹੋਇਆ ਕਪੜਾ ॥

**ਕਾਠੀ,** ਸ:—ਘੋੜੇ ਦੀ ਪਿੱਠ ਉੱਤੇ ਰੱਖਕੇ ਬੈਠਣ ਵਾਲੀ ਚੀਜ਼ (ਪਾਇਣੀ) । ਸ਼ਕਲ, ਸੂਰਤ । ਸਰੀਰ । ਪਿੱਠ ਆਦਮੀ ਦੀ (ਜਿਹਾ ਕੁ ਉਸ ਦੀ ਕਾਠੀ ਤਕੜਾ ਹੈ) ॥

**ਕੱਾਠੂ,** ਪੁ:—ਸੂਰ ॥

ਵਿ:—ਪੱਕਾ, ਕਰੜਾ, ਤਕੜਾ ॥

**ਕਾਂਡ,** ਪੁ:—ਪੁਸਤਕ ਦਾ ਇਕ ਹਿੱਸਾ ॥

**ਕਾਂਡੀ,** ਸ:—ਗਾਰਾ ਢੁੱਕ ਕੇ ਲਾਉਣ ਵਾਲਾ ਹਥਿਆਰ (ਰਾਜਾਂ ਦਾ) ॥

**ਕਾਢ,** ਸ:—ਖੂਹ ਨੂੰ ਸਾਫ ਕਰਨ ਲਈ ਪਾਣੀ ਕੱਢਣਾ, ਗੋਡੀ ਦੀ ਲੰਮੀ ਲੱਕੜ, ਨਵੀਂ ਗੱਲ ਜਾਂ ਨਵੀਂ ਚੀਜ਼ ਜੋ ਪਾਹਲੇ ਪਹਿਲ ਬਣੇ (ਕਾਢ ਕੱਢਣੀ) ॥

**ਕਾਢਾ,** ਪੁ:—ਕਾਲਾ ਰੰਗਾ ਕੀੜਾ, ਅਨਾਜ ਦੇ ਖੜ ਵਿਚ ਫਾਲਤੂ ਘਾਹ ਪੱਤਾ (ਕਾਢਾ ਕੱਢਣਾ) ॥

**ਕਾਣ,** ਸ:—ਕਸਰ, ਘਾਟਾ, ਦੋਸ, ਵਿੰਗ, ਝੂਠ, ਖੁਸ਼ਾਮਦ ॥

**ਕਾਣ ਮੁਕਾਣ,** ਸ:—ਕਿਸੇ ਦੇ ਮਰਨ ਤੇ ਉਸ ਦੇ ਘਰ ਦਿਆਂ ਨੂੰ ਬੁਲਾਉਣ ਜਾਣਾ, ਪਰਚੋਣੀ ॥

**ਕਾਣਾ,** ਪੁ:—ਇੱਕ ਅੱਖ ਵਾਲਾ, ਜਿਸ ਵਿੱਚ ਕਾਣ ਹੈ ॥

Digitized by Panjab Digital Library | www.panjabdigilib.org

## ਤਿੰਨ ਕਾਣੇ

**ਤਿੰਨ ਕਾਣੇ**, ਪੁ:—ਕੁਝ ਨਾ ਹੋਣਾ, ਖਾਲੀ ॥

**ਕਾਣੂੰ**, ਪੁ:—ਖੇਤ ਮਾਪਣ ਵਾਲਾ ਸਰਕਾਰੀ ਅਫਸਰ ॥

**ਕਾਤ**, ਸ:-ਸੁਨਿਆਰੇ ਜਾਂ ਲੁਹਾਰ ਦਾ ਇੱਕ ਕੱਟਣ ਵਾਲਾ ਹਥਿਆਰ। ਕਤਾਈ ॥

**ਕਾਤਬ**, ਪੁ:-ਲਿਖਣ ਵਾਲਾ, ਲਿਖਾਰੀ ॥

**ਕਾਤਬੀ**, ਸ:-ਕਾਤਬ ਦਾ ਕੰਮ ॥

**ਕਾਤਰ**<br>**ਕਾਂਤਰ** } ਸ:-ਕਪੜੇ ਦਾ ਬਹੁਤ ਨਿੱਕਾ ਟੁਕੜਾ ॥

**ਕਾਤੀ**, ਸ:-ਕੱਟਣ ਵਾਲਾ ਹਥਿਆਰ, ਕੈਂਚੀ ॥

**ਕਾਦਰ**, ਪੁ:-ਸਮਰਥ, ਕਾਰੀਗਰ, ਭਗਵਾਨ ॥

**ਕਾਦਰਾ**, ਪੁ:—ਲੰਮਾ ਚੋਗਾ, ਜੱਟਾਂ ਦੀ ਇੱਕ ਜਾਤ ॥

**ਕਾਦੀ**, ਸ:—ਪੱਸਾ, ਪਤ੍ਰਾ, ਕੰਢਾ (ਲੰਗੜਾ, ਲਾਊਲਾ) ॥

**ਕਾਨ**, ਪੁ:-ਤਿੰਨਾਂ ਕਰਮਾਂ ਦਾ ਮਾਪ ॥

**ਕਾਨਫ੍ਰੰਸ**, ਸ:-ਗੁਰਮਤਾ ਕਰਨ ਵਾਸਤੇ ਜੋ ਕੱਠ ਹੋਵੇ ॥

**ਕਾਨ੍ਹ**, ਪੁ:-ਕ੍ਰਿਸ਼ਨ, ਕਨ੍ਹੈਯਾ, ਸੋਹਣਾ ਆਦਮੀ ॥

**ਗੋਪੀਆਂ ਵਿੱਚ ਕਾਨ੍ਹ**, ਸੋਹਣੀਆਂ ਤ੍ਰੀਮਤਾਂ ਵਿੱਚ ਸੋਹਣਾ ਮਰਦ ॥

**ਕਾਨ੍ਹੂ**<br>**ਕਾਨ੍ਹਾ** } ਪੁ:—ਲੰਮੀਆਂ ਲੱਤਾਂ ਵਾਲਾ ਕੀੜਾ ਮਕੌੜਾ ॥

**ਕਾਨੀ**<br>**ਕਾਨੀਂ** } ਸ:—ਪਾਸਾ, ਕੋਣਾ, ਕਲਮ, ਤੀਰ (ਮਾਰਕੀ) ॥

[illegible]

**ਕਾਨੀ ਰਾਖਮਾਂ (ਵਾਂ)**, ਪੁ:—ਲਾਲ ਕੰਨੀ ਵਾਲੀ ਚਾਦਰ ॥

**ਕਾਨੂੰਗੋ**, ਪੁ:-ਸਾਰੇ ਇਲਾਕੇ ਦੀ ਧਰਤੀ ਦਾ ਹਿਸਾਬ ਰੱਖਣ ਵਾਲਾ ਪਟਵਾਰੀਆਂ ਦਾ ਅਫਸਰ। ਚਲਾਕ ਆਦਮੀ ॥

**ਕਾਨੂੰਗੋਇਣ (ਗੋਣੀ)**, ਸ:—ਕਾਨੂੰਗੋ ਦੀ ਵਹੁਟੀ ॥

**ਕਾਨੂੰਗੋਈ**, ਸ:-ਕਾਨੂੰਗੋ ਦਾ ਕੰਮ ਜਾਂ ਹੁੱਦਾ ॥

**ਕਾਨੂੰਨ**, ਪੁ:—'ਕਨੂਨ' ਵੇਖੋ ॥

**ਕਾਂਪ**, ਸ:—ਕਾਣ, ਘਾਟਾ, ਧੋਖਾ, ਛਲ, ਫਰੇਬ (ਘਾਣੀ, ਲਗਾਣੀ) ॥

**ਕਾਪਾ**, ਪੁ:—ਬੇਹੜ ਜਾਂ ਬੇਹਰ ਦੇ ਰਸ ਵਿੱਚ ਤੇਲ ਪਾਇਆ ਹੋਇਆ ॥

ਵਿ:—ਧੋਖੇ ਬਾਜ਼ ਅਤੇ ਬੇਈਮਾਨ ਆਦਮੀ ॥

**ਕਾਪੀ**, ਸ:—ਕੋਰੇ ਕਾਗ਼ਤਾਂ ਦੀ ਕਤਾਬ, ਨਕਲ (ਕਰਨੀ), ਇੱਕੋ ਜੇਹੀਆਂ ਕਿਤਾਬਾਂ ਵਿੱਚੋਂ ਇੱਕ ॥

**ਕਾਪੀ ਦੀ ਸਿਆਹੀ**, ਸ:—ਜਿਸ ਸਿਆਹੀ ਨਾਲ ਲਿਖਕੇ ਕਾਪੀ ਛਾਪਦੇ ਹਨ ॥

**ਕਾਫ਼ਰ**, ਪੁ:—ਜੋ ਰੱਬ ਨੂੰ ਨਾਂ ਮੰਨੇ, ਬੇ ਦੀਨ, ਨ ਸ਼ੁਕਰਾ ॥

**ਕਾਫ਼ਲਾ**, ਪੁ:—ਕੱਠੇ ਚਲਣ ਵਾਲੇ ਬਹੁਤ ਸਾਰੇ ਮੁਸਾਫ਼ਰਾਂ ਦਾ ਸੰਗ ॥

**ਕਾਫ਼ੀ**, ਸ:—ਇੱਕ ਤਰਾਂ ਦਾ ਗੀਤ ॥

ਵ:—ਬਥੇਰਾ, ਜਿੰਨੇ ਨਾਲ ਕੰਮ ਸਰੇ ॥

**ਕਾਬ**, ਸ:—ਥਾਲੀ, ਫਕੀਰ ਠੂਠ ਕਰਤਾ।

Digitized by Panjab Digital Library | www.panjabdigilib.org

**ਕਾਬਹ,** ਪੁ:—ਮੱਕਾ, ਮੁਸਲਮਾਨਾਂ ਦਾ ਵੱਡਾ ਤੀਰਥ ॥

**ਕਾਬਲ,** ਪੁ:—ਪਠਾਣਾਂ ਦਾ ਵੱਡਾ ਸ਼ਹਿਰ ॥ ਵਿ:—ਸਮਰਥ ॥

**ਕਾਬਲਕਾਰ,** ਵਿ:—ਸਮਰਥ, ਲਾਇਕ ॥

**ਕਾਬਲੀ,** ਵਿ:—ਕਾਬਲ ਦਾ ॥

**ਕਾਬਲੀ ਕਿੱਕਰ,** ਪੁ:—ਇੱਕ ਰੁੱਖ ॥

**ਕਾਬਲੀ ਛੋਲੇ,** ਪੁ:—ਚਿੱਟੇ ਛੋਲੇ ॥

**ਕਾਬਲੀ ਤੁੰਮੂ**
**ਕਾਬਲੀ ਤੂਤ** } ਪੁ:—ਨੀਲਾ ਮੋਟਾ ਤੂਤ ॥

**ਕਾਬਲੀਅਤ,** ਸ:—ਲਾਇਕੀ, ਹੁਨਰ, ਬਲ, ਸਮਰਥ ॥

**ਕਾਂਬਾ,** ਪੁ:—ਕੰਬਣੀ, ਸਰੀਰ ਦਾ ਕੰਬਣਾ ॥

**ਕਾਬੂਕ,** ਸ:—ਕਬੂਤਰ ਖਾਨਾ ॥

**ਕਾਬੂ,** ਪੁ:—ਵੱਸ, ਕਬਜ਼ਾ, ਹੁਕਮ, ਮੌਕਾ, ਅਖ਼ਤਿਆਰ

**ਕਾਬੂ ਚੱਲਣਾ,** ਕ੍ਰਿ:—ਕਰਨ ਜੋਗੇ ਹੋਣਾ ॥

**ਕਾਮ,** ਪੁ:—ਮਸਤੀ, ਪ੍ਰੀਤ, ਭੋਗ ਦੀ ਇੱਛਿਆ ॥

**ਕਾਮ ਕੰਦਲਾ,** ਪੁ:—ਲੰਮਾ ਅਤੇ ਨੰਗਾ ਮਨੁੱਖ ॥

**ਕਾਮ ਦੇਵ,** ਪੁ:—ਭੋਗ ਦੀ ਇੱਛਿਆ ਕਰਾਉਣ ਵਾਲਾ ਦੇਉਤਾ ॥

**ਕਾਮ ਧੇਣ**
**ਕਾਮ ਧੇਨ** } ਸ:—ਸਭ ਇੱਛਿਆ ਪੂਰੀਆਂ ਕਰਨ ਵਾਲੀ ਗਊ ॥

**ਕਾਮਣ,** ਪੁ:—ਜਾਦੂ, ਵਿਆਹ ਵੇਲੇ ਲਾੜੇ ਨੂੰ ਵਹੁਟੀ ਦੇ ਵੱਸ ਵਿੱਚ ਕਰਨ ਲਈ ਸਾਲੀਆਂ ਜੋ ਕਰਦੀਆਂ ਜਾਂ ਕਹਿੰਦੀਆਂ ਹਨ (ਪਾਉਣੇ) ॥

**ਕਾਮਣਾ,** ਸ:—ਚਾਹ, ਤ੍ਰਿਸ਼ਨਾ, ਭੋਗ ਦੀ ਇੱਛਿਆ, ਰੁਖ। ਮਨੋਰਥ ॥

**ਕਾਮਨੀ**
**ਕਾਮਣੀ** } ਸ:—ਸੁੰਦਰ ਅਤੇ ਕੋਮਲ ਤੀਮੀਂ, ਪ੍ਰੇਮ ਕਰਨ ਵਾਲੀ ਜਾਂ ਮਨ ਮੋਹ ਲੈਣ ਵਾਲੀ ਇਸਤ੍ਰੀ ॥

**ਕਾਮਾ,** ਪੁ:—ਖੇਤ ਵਿੱਚ ਕੰਮ ਕਰਨ ਵਾਲਾ ਨੌਕਰ, ਮਜੂਰ ॥

**ਕਾਮੀ,** ਵਿ:—ਕੰਮਾਂ ਵਾਲਾ, ਮੇਹਨਤੀ, ਭੋਗ ਦੀ ਇੱਛਿਆ ਰੱਖਣ ਵਾਲਾ ॥

**ਕਾਮੁਕ,** ਪੁ:—ਭੋਗ ਦੀ ਚਾਹ ਰੱਖਣ ਵਾਲਾ ਮਨੁੱਖ ॥

**ਕਾਯਾ**
**ਕਾਯਾਂ** } ਸ:—ਮਨੁੱਖ ਦਾ ਸਰੀਰ, ਦੇਹ, ਤਨ ॥

**ਕਾਰ,** ਸ:—ਕੰਮ ਧੰਦਾ, ਵਿਹਾਰ, ਲਕੀਰ, ਲੀਕ ॥

**ਕਾਰ ਸਾਜ਼,** ਵਿ:—ਕੰਮ ਪੂਰੇ ਕਰਨ ਵਾਲਾ, ਕਰਤਾਰ ॥

**ਕਾਰ ਕਢਣੀ**
**ਕਾਰ ਪਾਉਣੀ** } ਕ੍ਰਿ:—ਜਿੰਨਾਂ ਭੂਤਾਂ ਨੂੰ ਦੂਰ ਰੱਖਣ ਵਾਸਤੇ ਲਕੀਰ ਖਿੱਚਣੀ, ਬੁਰੇ ਕੰਮ ਤੋਂ ਹਟ ਜਾਣ ਦਾ ਪੱਕਾ ਕਰਾਰ ਕਰਨਾ ॥

**ਕਾਰ ਬਾਰ,** ਪੁ:—ਕੰਮ, ਧੰਧਾ, ਵਿਹਾਰ ॥

**ਕਾਰਵਾਈ,** ਸ:—ਜਲਸੇ ਕਮੇਟੀ ਆਦਿਕ ਵਿੱਚ ਜੋ ਜੋ ਕੰਮ ਹੁੰਦਾ ਹੋਵੇ, ਕਾਰਜ ॥

**ਕਾਰਖਾਨਾ,** ਪੁ:—ਜਿਸ ਜਗਾ ਕਲਾਂ ਜਾਂ ਹੱਥ ਦਾ ਕੰਮ ਹੋਵੇ। ਵੱਡੀ ਦੁਕਾਨ, ਕੋਠੀ ॥

**ਕਾਰੰਗੀ,** ਪੁ:—ਛੱਪਰ ਦੀ ਛੱਤ ਦਾ ਢਾਂਚਾ, ਤੇਲ ਪਾਣ ਵਾਲਾ ਕੰਮ ਦਾ ਭਾਂਡਾ ॥

**ਕਾਰਜ,** ਪੁ:—ਕੰਮ, ਕਾਜ, ਕਾਰ, ਵਿਹਾਰ, ਪ੍ਰਯੋਜਨ ਵਿਆਹ (ਕਰਨਾ, ਰਚਣਾ) ॥

Digitized by Panjab Digital Library / www.panjabdigilib.org

**ਕਾਰਡ,** ਪੁ:—ਮੋਟੇ ਕਾਗਜ਼ ਦਾ ਟੁਕੜਾ, ਦੇਖੋ "ਪੋਸਟ ਕਾਰਡ" ॥

**ਕਾਰਣ**
**ਕਾਰਨ** } ਪੁ:—ਸਬਬ, ਖ਼ਾਤਰ, ਅਸਲੀ ਗੱਲ ।

**ਕਾਰਤੂਸ,** ਪੁ:—ਬੰਦੂਕ ਵਿੱਚ ਪਾਉਣ ਵਾਲੀ ਗੋਲੀ, ਬਾਰੂਦ ਦੀ ਨਲੀ ॥

**ਕਾਰਦਾਰ,** ਪੁ:—ਸਿੱਖਾਂ ਦੇ ਵੇਲੇ ਮਾਮਲਾ ਉਗਰਾਹੁਣ ਵਾਲਾ ਅਫ਼ਸਰ ॥

**ਕਾਰਮਣਾ,** ਕ੍ਰਿ:—ਚਾਹੁਣਾ, ਸਲਾਹ ਕਰਨੀ, ਕਰਾਰ ਕਰਨਾ ॥

**ਕਾਰਾ,** ਪੁ:—ਭੈੜਾ ਕੰਮ, ਉਪੱਦਰ ॥

**ਕਾਰੀ,** ਪੁ:—ਕੰਮ ਕਰਨ ਵਾਲਾ ॥
ਸ:—ਇਲਾਜ, ਤਰਕਾਰੀ ॥
ਵਿ:—ਅਸਰ ਕਰਨ ਵਾਲਾ, ਮਾਰ ਦੇਣ ਵਾਲਾ ॥

**ਕਾਰੀਗਰ,** ਪੁ:—ਹੱਥਾਂ ਦੀ ਕਾਰ ਕਰਨ ਵਾਲਾ, ਉਸਤਾਦ, ਚਲਾਕ ॥

**ਕਾਰੀਗਰੀ,** ਸ:—ਹੱਥਾਂ ਦੀ ਕਾਰ, ਹੁਨਰ, ਉਸਤਾਦੀ ॥

**ਕਾਰੂੰ,** ਪੁ:—ਇੱਕ ਧਨ ਵਾਲਾ ਸੂਮ ਪਾਤਸ਼ਾਹ ॥

**ਕਾਰੇ,** ਪੁ:—(ਬਹੁ ਵ:) ਭੈੜੇ ਕੰਮ ॥

**ਕਾਰੇ ਹੱਥਾ,** ਪੁ:—ਭੈੜੇ ਕੰਮ ਕਰਨ ਵਾਲਾ ॥

**ਕਾਲ,** ਪੁ:—ਸਮਾ, ਵੇਲਾ, ਮੌਤ (ਆਉਣਾ) ਮਹਿੰਗ (ਪੈਣਾ) ॥

**ਕਾਲ ਅੰਗਿਆਰੀ,** ਸ:—ਇੱਕ ਜਨੌਰ ॥

**ਕਾਲ ਸਮਾ,** ਪੁ:—ਮਹਿੰਗ ਦੇ ਦਿਨ ॥

**ਕਾਲ ਸਿਠੀ,** ਸ:—ਦੁਨੀਆ, ਜਗ, ਸੰਸਾਰ ॥

**ਕਾਲ ਕਠੰਚੀ**
**ਕਾਲਕਲੀਚੀ**
**ਕਾਲ ਕੜਛੀ** } ਸ:—ਇੱਕ ਪੰਖੇਰੂ ॥

**ਕਾਲ ਜੀਭਾ,** ਵਿ:—ਜਿਸ ਦੀ ਭੈੜੀ ਗੱਲ ਪੂਰੀ ਹੋ ਜਾਵੇ ॥

**ਕਾਲ ਦੇ ਵੱਸ ਹੋਣਾ,** ਕ੍ਰਿ:—ਮਰਨਾ ॥

**ਕਾਲ ਬਤਾਉਣਾ,** ਕ੍ਰਿ:—ਸਮਾ ਬਿਰਥਾ ਗੁਆਉਣਾ ॥

**ਕਾਲ ਮੂੰਹਾਂ,** ਪੁ:—ਜਿਸ ਦੀ ਸਾਖ ਡੁੱਬ ਜਾਵੇ ॥

**ਕਾਲਕ,** ਸ:—ਕਾਲਾ ਹੋਣਾ, ਕਲੱਤਣ, ਸਿਆਹੀ ॥

**ਕਾਲਕਾ,** ਸ:—ਇੱਕ ਦੇਵੀ, ਸ਼ਕਤਿ ॥

**ਕਾਲਜ,** ਪੁ:—ਜਿਸ ਮਦਰਸੇ ਵਿੱਚ ਉੱਚੇ ਦਰਜੇ ਦੀ ਪੜ੍ਹਾਈ ਹੋਵੇ ॥

**ਕਾਲਜਾ,** ਪੁ:—ਕਲੇਜਾ, ਦਿਲ, ਜਿਗਰ ॥

**ਕਾਲਜਾ ਸੜਨਾ,** ਕ੍ਰਿ:—ਮਨ ਦੁਖੀ ਹੋਣਾ ॥

**ਕਾਲਜਾ ਕੰਬਣਾ,** ਕ੍ਰਿ:—ਦਿਲ ਧੜਕਣਾ ॥

**ਕਾਲਜਾ ਠੰਡਾ ਹੋਣਾ,** ਕ੍ਰਿ:—ਸੰਤੋਖ ਆਉਣੀ ॥

**ਕਾਲਜੇ ਤੇ ਸੱਪ ਲੇਟਣਾ,** ਕ੍ਰਿ:—ਦੇਖ ਕੇ ਸੜਨਾ ॥

**ਕਾਲਜੇ ਨਾਲ ਲਗਾ ਰੱਖਣਾ,** ਕ੍ਰਿ:—ਪਿਆਰ ਨਾਲ ਵਰਤਣਾ ॥

**ਕਾਲਰ,** ਪੁ:—ਵਿਲੈਤੀ ਪਟਾ ਗਲ ਵਿੱਚ ਪਾਉਣ ਵਾਲਾ ॥

**ਕਾਲਾ,** ਵਿ:—ਕਾਲੇ ਰੰਗ ਦਾ, ਸਿਆਹ ॥
ਪੁ:—ਚੋਰ, ਕਾਲਾ ਸੱਪ, ਕੋਈ ਸੱਪ ॥

Digitized by Panjab Digital Library | www.panjabdigilib.org

**ਕਾਲਾ ਆਦਮੀ**, ਪੁ:—ਦੇਸੀ, ਹਿੰਦੁਸਤਾਨੀ ॥

**ਕਾਲਾ ਚੋਰ**, ਪੁ:—ਜਿਸ ਆਦਮੀ ਦਾ ਪਤਾ ਨਹੀਂ, ਕੋਈ ਮਿਥਿਆ ਹੋਇਆ ਮਨੁੱਖ ॥

**ਕਾਲਾ ਦਾਨਾ**, ਪੁ:—ਦਸਤਾਂ ਦੀ ਇੱਕ ਦੁਆ ॥

**ਕਾਲਾ ਪਾਣੀ**, ਪੁ:—ਅੰਡੇਮਨ ਟਾਪੂ ਜਿਸ ਵਿੱਚ ਉਮਰ ਕੈਦੀ ਭੇਜੇ ਜਾਂਦੇ ਹਨ ॥

**ਦਾਲ ਵਿੱਚ ਕੁਝ ਕਾਲਾ ਹੋਣਾ**, ਕ੍ਰਿ:—ਖੋਟ ਦਾ ਭਰਮ ਹੋਣਾ ॥

**ਮੂੰਹ ਕਾਲਾ**, ਪੁ:—ਸ਼ਾਂਝ ਦੁੱਰਲੀ, ਬਦਨਾਮੀ, ਮੰਦਾ ਕੰਮ ॥

**ਮੂੰਹ ਕਾਲਾ ਤੇ ਨੀਲੇ ਪੈਰ ਹੋਣੇ**, ਖੱਜਲ ਖੁਆਰ ਹੋਣਾ ॥

**ਕਾਲੀ**, ਵਿ:—ਕਾਲੇ ਰੰਗ ਦੀ ॥
ਸ:—ਇੱਕ ਦੇਵੀ ॥

**ਕਾਲੀ ਪੋਸ**, ਪੁ:—ਕਈ ਰੰਗਾਂ ਦੇ ਚੋਲੇ ਪਾਉਣ ਵਾਲੇ ਇੱਕ ਤਰਾਂ ਦੇ ਫਕੀਰ ॥

**ਕਾਲੀਆ**, ਪੁ:—ਕਾਲਾ ਆਦਮੀ ॥

**ਕਾਲੀਨ**, ਪੁ:—ਗਲੀਚਾ, ਫ਼ਰਸ਼, ਉੱਨ ਦਾ ਵਿਛੌਣਾ ॥

**ਕਾਲੂ**, ਵਿ:—ਕਾਲੇ ਰੰਗ ਦਾ ॥

**ਕਾਵਾ**, ਪੁ:—ਵੱਟੀ। ਤਿੱਖੀ ਚਾਲ ॥

**ਕਾਵਾ ਦੇਣਾ**, ਕ੍ਰਿ:—ਘੋੜੇ ਨੂੰ ਤੇਜ਼ ਚਾਲ ਨਾਲ ਫੇਰਨਾ ॥

**ਕਾਵਾ ਮਾਰਨਾ**, ਕ੍ਰਿ:—ਤ੍ਰਿਖੀ ਚਾਲੇ ਚਲਣਾ ॥

**ਕਾਵੇ ਜਾਣਾ**, ਕ੍ਰਿ:—ਟੱਟੀ ਜਾਣਾ, ਝਾੜੇ ਫਿਰਨਾ ॥

**ਕਾੜ੍ਹ ਕਾੜ੍ਹ**—ਕੜ ਕੜ' ਦੇਖੋ ॥

**ਕਾੜ੍ਹਨਾ**, ਕ੍ਰਿ:—ਬਹੁਤ ਤੱਤਾ ਕਰਨਾ, ਉਬਾਲਣਾ ॥

**ਕਾੜ੍ਹਨੀ**, ਸ:—ਦੁੱਧ ਕਾੜ੍ਹਨ ਵਾਲਾ ਮਿੱਟੀ ਦਾ ਭਾਂਡਾ ॥

**ਕਾੜ੍ਹਾ**, ਪੁ:—ਦੁਆਈਆਂ ਪਾਕੇ ਪਾਣੀ ਕਾੜ੍ਹਿਆ ਹੋਇਆ, ਜੁਸ਼ਾਂਦਾ, ਅੱਤ ਗਰਮੀ ॥

**ਕਿ**, ਅਵ:—ਜੋ, ਜਾਂ, ਯਾ ॥

**ਕਿਉਂ**, ਕ੍ਰਿ:, ਵਿ:—ਕਿਸ ਕਰਕੇ? ਕਿਸ ਵਾਸਤੇ?

**ਕਿਉਂਕਰ**, ਕ੍ਰਿ:, ਵਿ:—ਕਿਸ ਤਰਾਂ? ਕਿਸ ਢੰਗ ਨਾਲ ॥

**ਕਿਉਂਕਿ**, **ਕਿਉਂ ਜੋ** — ਯੋਜਕ, ਇਸ ਕਰਕੇ ਕਿ ॥

**ਕਿਉਂ ਨਹੀਂ**, ਜ਼ਰੂਰ, ਨਿਸੰਗ, ਬੇਸ਼ਕ ॥

**ਕਿਉਂ ਨਾ ਹੋਵੇ!** ਜ਼ਰੂਰ, ਨਿਸੰਗ ॥

**ਕਿਆ**, ਪੜ:—ਕੀ, ਸੰਬੋਧਨ, ਇਆ (ਹੀਰੇ ਕਿਆ = ਹੇ ਹੀਰੇ ਦੇ ਪੁਤ੍ਰ) ॥

**ਕਿਆਸ**, ਪੁ:—ਵਿਚਾਰ, ਸੋਚ, ਖਿਆਲ, ਅਟਕਲ ॥

**ਕਿਆਮਤ**, ਸ:—ਪਰਲੋ, ਅੰਤ ਦਾ ਦਿਨ, ਬਿਪਤਾ ॥

**ਕਿਆਰਾ**, ਪੁ:—ਖੇਤ ਜਾਂ ਫੁਲਵਾੜੀ ਦਾ ਟੋਟਾ ॥

**ਕਿਆਰੀ**, ਸ:—ਬਾਗ਼ ਜਾਂ ਖੇਤ ਦਾ ਛੋਟਾ ਟੁਕੜਾ ॥

Digitized by Panjab Digital Library / www.panjabdigilib.org

**ਕਿਆੜੀ,** ਸਃ—ਜਿਸ ਹੱਡੀ ਵਿਚ ਦੰਦ ਲੱਗੇ ਹੋਏ ਹੁੰਦੇ ਹਨ, ਗਿੱਚੀ ਦਾ ਪਿਛਲਾ ਹਿੱਸਾ ॥

ਕ੍ਰਿ, ਵਿਃ—ਪਿੱਛੇ, ਮਗਰ, ॥

**ਕਿਸ,** ਪੜਨਾਂਃ—ਕੌਣ? ਕੇਹੜਾ?

ਸਃ—ਦੁਸ਼ਮਣੀ, ਵੈਰ ॥

**ਕਿਸ ਕਰਕੇ?**
**ਕਿਸ ਲਈ?**
**ਕਿਸ ਵਾਸਤੇ?** } ਯੋਜਕ, ਕਿਉਂ ॥

**ਕਿਸ ਕਿਸ?** ਪੜਨਾਂਃ—ਬਹੁਤਿਆਂ ਵਿੱਚੋਂ ਕੇਹੜੇ, ਕਿੰਨੇ ॥

**ਕਿਸ ਮੂੰਹ ਨਾਲ?** ਕ੍ਰਿ, ਵਿਃ—ਕਿਸ ਹੌਸਲੇ ਤੇ? ਸ਼ਰਮ ਨਹੀਂ ਆਉਂਦੀ?

**ਕਿਸ਼ਤ,** ਸਃ—ਹਿੱਸਾ, ਟੁਕੜਾ (ਕਿਸ਼ਤਾਂ ਨਾਲ, ਥੋੜਾ ਥੋੜਾ ਕਰਕੇ) ॥

**ਕਿਸ਼ਤੀ,** ਸਃ—ਬੇੜੀ ॥

**ਕਿਸ਼ਤੀ ਬਾਨ (ਵਾਨ),** ਪੁਃ—ਮਲਾਹ ॥

**ਕਿਸ਼ਨ,** ਪੁਃ—ਬਿਸ਼ਨ ਜੀ ਦਾ ਦਸਵਾਂ ਅਵਤਾਰ, ਕਾਨ੍ਹ ॥

**ਕਿਸ਼ਨ ਪੱਖ,** ਪੁਃ—ਮਹੀਨੇ ਦਾ ਉਹ ਅੱਧ ਜਿਸ ਵਿਚ ਚੰਦ ਘਟਦਾ ਜਾਂਦਾ ਹੈ ॥

**ਕਿਸ਼ਨਾ ਉਤਾਰ,** ਪੁਃ—ਬਿਸ਼ਨ ਦਾ ਦਸਵਾਂ ਅਵਤਾਰ ॥

**ਕਿਸਬ, ਕਿਸਬਣ, ਕਿਸਬੀ**—'ਕਸਬ' ਆਦਿਕ ਵੇਖੋ ॥

**ਕਿਸਮਤ,** ਸਃ—ਨਸੀਬ, ਭਾਗ, ਪਰਾਲਬਧ ਹੋਣੀ, ਲੇਖ ॥

**ਕਿਸਮਤ ਦਾ ਧਣੀ**
**ਕਿਸਮਤ ਦਾ ਬਲੀ** } ਪੁਃ—ਭਾਗਾਂ ਵਾਲਾ, ਖੁਸ਼ਨਸੀਬ ॥

**ਕਿਸਮਤ ਦੇ ਕਰਛੇ,** ਪੁਃ—ਭਾਗਾਂ ਨਾਲ ਜੋ ਬਹੁਤ ਪਦਾਰਥ ਕਿਸੇ ਨੂੰ ਮਿਲੇ ॥

**ਕਿਸਮਿਸ਼,** ਸਃ—ਸੌਗੀ, ਮੇਵਾ ॥

**ਕਿਸਮਿਸ਼ੀ,** ਵਿਃ—ਕਿਸ਼ਮਿਸ਼ ਦਾ ਬਣਿਆ ਹੋਇਆ ॥

**ਕਿਸਿਆਉਣਾ,** ਕ੍ਰਿਃ—ਉਲਟੀ ਕਰਨੀ, ਉੱਪਰ ਛਲ ਆਉਣੀ ॥

**ਕਿਸਿਆਨਾ,** ਵਿਃ—ਸ਼ਰਮਾਕਲ ।

**ਕਿੱਸਾ,** ਪੁਃ—ਕਹਾਣੀ, ਕਥਾ, ਝਗੜਾ, ਬਖੇੜਾ ॥

**ਕਿੱਸਾ ਕੋਤਾਹ,** ਕ੍ਰਿਃ, ਵਿਃ—ਗੱਲ ਕਾਹਦੀ, ਮੁਕਦੀ ਗੱਲ ॥

**ਕਿਸਾਣ,** ਪੁਃ—ਵਾਹੀ ਕਰਨ ਵਾਲਾ, ਜ਼ਿਮੀਂਦਾਰ ॥

**ਕਿਸਾਨਣੀ,** ਸਃ—ਕਿਸਾਨ ਦੀ ਤੀਮੀ ॥

**ਕਿਸਾਨੀ,** ਸਃ—ਕਿਸਾਨ ਦਾ ਕੰਮ, ਖੇਤੀ, ਵਾਹੀ ॥

**ਕਿਸੀ**
**ਕਿਸੇ** } ਪੜਨਾਂਃ—ਕੋਈ (ਕਿਸੇ ਦਾ, ਕਿਸੇ ਤੋਂ ਆਦਿਕ)

**ਕਿਹ,** ਪੜਨਾਂਃ—ਕੀ, ਕਿਆ, ਕੌਣ, ਕੇਹੜਾ?

**ਕਿਹੜਾ (ੜੀ),** ਪੜਨਾਂਃ—ਕੌਣ? ਕਿਸ? ਕੀ?

**ਕਿਹਾ,** ਵਿਃ—ਕਿਸ ਤਰਾਂ ਦਾ? ਕਿਸ ਹਾਲ ਵਿੱਚ ॥

ਕ੍ਰਿਃ, ਵਿਃ—ਕਿਸ ਤਰ੍ਹਾਂ ॥

ਪੁਃ—ਗੱਲ, ਬਚਨ ॥

**ਕਿਹਾ ਕੁ,** ਵਿਃ—ਕਿਸ ਕੁ ਢੰਗ ਦਾ?

Digitized by Panjab Digital Library | www.panjabdigilib.org

**ਕਿੱਕ,** ਸ:—ਫੁਟ ਬਾਲ ਨੂੰ ਪੈਰ ਦੀ ਠੋਕਰ, (ਲੱਗਣੀ, ਲਾਉਣੀ)॥

**ਕਿਕਣ, ਕਿਕਰ** } ਕ੍ਰਿ:, ਵਿ:—ਕਿਸ ਤਰਾਂ, ਕਿਉਂ॥

**ਕਿੱਕਰ,** ਕ੍ਰਿ:, ਵਿ:—ਇੱਕ ਮਸ਼ਹੂਰ ਰੁੱਖ॥

**ਕਿਕਿਆਉਣਾ,** ਕ੍ਰਿ:—ਚੀਕਾਂ ਮਾਰਨੀਆਂ॥

**ਕਿੱਕੁਰ, ਕਿਕੂੰ** } ਕ੍ਰਿ:, ਵਿ:—ਕਿਸ ਤਰ੍ਹਾਂ, ਕਿਉਂ॥

**ਕਿੰਗ,** ਸ:—ਇੱਕ ਤਰਾਂ ਦੀ ਸਤਾਰ॥

**ਕਿੰਗੜਾ,** ਪੁ:—ਛੱਜਾ, ਸਫੀਲ, ਕਲਸ॥

**ਕਿੰਗਰੀ,** ਸ:—ਇੱਕ ਤਰਾਂ ਦੀ ਸਰੰਗੀ, ਛੰਨ ਕੇ ਲਾਈ ਹੋਈ ਕਿਨਾਰੀ ਕਿੰਗਰੇ ਦੀ ਸ਼ਕਲ ਦੀ।

**ਕਿਚਕਿਚਾਉਣਾ, ਕਿਚਕਿਚਿਆਉਣਾ** } ਕ੍ਰਿ:—ਗੁੱਸੇ ਨਾਲ ਦੰਦ ਕਰੀਚਣੇ॥

**ਕਿਚਰ,** ਕ੍ਰਿ:, ਵਿ:—ਕਿੰਨਾ ਚਿਰ, ਕਦ ਤੱਕ॥

**ਕਿਚਰ ਪਿਚਰ ਕਰਨਾ,** ਕ੍ਰਿ:—ਕਿਰ ਕਿਰ ਕਰਨਾ, ਰੌਲਾ ਪਾਣਾ॥

**ਕਿੰਡਰ ਗਾਰਟਨ,** ਪੁ:—ਖੇਲਾਂ ਅਤੇ ਚੀਜ਼ਾਂ ਦੀ ਰਾਹੀਂ ਸਿਖਯਾ ਦੇਣ ਦਾ ਢੰਗ॥

**ਕਿੱਡਾ,** ਕ੍ਰਿ:, ਵਿ:—ਕਿਸ ਜਿੱਡਾ, ਕਿਸ ਕੱਦ ਦਾ॥

**ਕਿਣਕਿਣਾਉਣਾ, ਕਿਣਮਣਾਉਣਾ, ਕਿਣਨਾ, ਕਿਣਾਉਣਾ** } ਕ੍ਰਿ:—ਫੋਈਫੋਈ ਕਣੀ ਪੈਣੀ॥

**ਕਿਣਕਿਣਾਟ, ਕਿਣਮਣਾਟ** } ਸ:—ਫਿਤਕਾਉ, ਥੋੜਾ ਮੀਂਹ॥

**ਕਿਣੀ,** ਸ:—ਕਣੀ, ਮੀਂਹ ਦੀ ਬੂੰਦ, ਫੁਹੀ॥

**ਕਿੱਤ,** ਪੜ:—ਕੇਹੜਾ? ਕੌਣ?॥
ਕ੍ਰਿ:, ਵਿ:—ਕਿੱਧਰ॥

**ਕਿਤਨਵਾਂ,** ਵਿ:—ਕਿੰਨਵਾਂ, ਕਿਸ ਗਿਣਤੀ ਦਾ॥

**ਕਿਤਨਵੀਂ,** ਵਿ:—ਮਹੀਨੇ ਦਾ ਕੇਹੜਾ ਦਿਨ॥

**ਕਿਤਨਾ,** ਵਿ:—ਕਿਸ ਗਿਣਤੀ, ਤੋਲ ਜਾਂ ਮਾਪ ਦਾ॥

**ਕਿਤਨਾ ਹੀ,** ਕ੍ਰਿ:, ਵਿ:—ਭਾਵੇਂ ਕਿੰਨਾ॥

**ਕਿਤਾ,** ਪੁ:—ਟੁਕੜਾ, ਹਿੱਸਾ॥

**ਕਿੱਤਾ,** ਪੁ:—ਕੰਮ, ਕਾਜ, ਕਾਰ॥

**ਕਿਤੀ, ਕਿਤੇ** } ਕ੍ਰਿ:, ਵਿ:—ਕਿਸੇ ਥਾਂ॥ ਪੜ:—ਕਿਸੀ, ਕੋਈ॥

**ਕਿਤੇ ਕਿਤੇ,** ਕ੍ਰਿ:, ਵਿ:—ਕਿਸੇ ਕਿਸੇ ਥਾਂ (ਸਭ ਜਗ੍ਹਾ ਨਹੀਂ)॥

**ਕਿੱਥੇ,** ਕ੍ਰਿ:, ਵਿ:—ਕੇਹੜੀ ਥਾਂ॥

**ਕਿੱਥੋਂ, ਕਿੱਥਾਉਂ** } ਕ੍ਰਿ:—ਕਿਸ ਜਗ੍ਹਾ ਤੋਂ॥

**ਕਿਦਾਰਾ,** ਪੁ:—ਪਹਿਲੀ ਰਾਤ ਦਾ ਇੱਕ ਰਾਗ॥

**ਕਿੰਦਿਨ,** ਕ੍ਰਿ:, ਵਿ:—ਕਿਸ ਦਿਨ? ਕਦੋਂ॥

**ਕਿੱਧਰ,** ਕ੍ਰਿ:, ਵਿ:—ਕਿਸ ਪਾਸੇ, ਕਿਸ ਵੱਲ॥

**ਕਿਧਰੀ, ਕਿਧਰੀਂ, ਕਿਧਰੇ** } ਕ੍ਰਿ:, ਵਿ:—ਕਿਸੇ ਪਾਸੇ, ਕਿਸੇ ਥਾਂ॥

**ਕਿਨ,** ਪੜ:—ਕਿਸ ਨੇ॥

**ਕਿਨਕਾ,** ਪੁ:—ਕਣ, ਰੁਆਲ, ਰੋਲ॥

Digitized by Panjab Digital Library / www.panjabdigilib.org

**ਕਿੰਨਰ,** ਪੁ:—ਸੁਰਗ ਦੇ ਰਾਗੀ ।

**ਕਿੰਨਵਾਂ**
**ਕਿੰਨਵੀਂ** } 'ਕਿਤਨਵਾਂ', 'ਕਿਤਨਵੀਂ' ਵੇਖੋ ॥

**ਕਿਨ੍ਹਾਂ**
**ਕਿਨ੍ਹੀਂ** } ਪੜ:—ਕੇਹੜੇ ਆਦਮੀਆਂ ॥

**ਕਿੰਨਾ,** ਵਿ:—ਕਿਤਨਾ, ਕਿਸ ਤੋਲ ਜਾਂ ਮਾਪ ਦਾ ॥

**ਕਿਨਾਰਾ,** ਪੁ:—ਕੰਢਾ, ਬੰਨਾ, ਪਾਸਾ, ਹੱਦ ॥

**ਕਿਨਾਰਾ ਕਰਨਾ,** ਕ੍ਰਿ:—ਛੱਡ ਕੇ ਅਲਗ ਹੋ ਜਾਣਾ ॥

**ਕਿਨਾਰੇ ਧਰਨਾ**
**ਕਿਨਾਰ ਰਖਣਾ,** } ਕ੍ਰਿ:—ਪਰੇ ਸਟਣਾ, ਰੱਦਣਾ ॥

**ਮਰਣ ਕਿਨਾਰੇ,** ਵਿ:—ਮੌਤ ਦੇ ਨੇੜੇ ('ਬੁਢਿਆਂ' ਵਾਕਰ)॥

**ਕਿਨਾਰੀ,** ਸ:—ਸੋਨੇ ਚਾਂਦੀ ਦੀਆਂ ਬਰੀਕ ਤਾਰਾਂ ਦੀ ਪੱਟੀ, ਗੋਟਾ ॥

**ਕਿਨ੍ਹੇ,** ਪੜ:—ਕਿਸ ਨੇ, ਕਿਸੇ ਨੇ ॥

**ਕਿਪੂਰਾ,** ਪੁ:—ਬਕਰੇ ਆਦਿਕ ਸਨੌਰਾਂ ਦੇ ਪਤਾਲੂ ॥

**ਕਿੰਬ,** ਪੁ:—ਇੱਕ ਫਲ, ਇੱਕ ਤਰ੍ਹਾਂ ਦਾ ਖੱਟਾ ॥

**ਕਿਬਰ,** ਪੁ:—ਆਕੜ, ਘੁਮੰਡ, ਹੰਕਾਰ ॥

**ਕਿਰਸ,** ਸ:—ਸਰਫਾ, ਸੂਮਪੁਣਾ, ਸਿਆਣਪ ॥

**ਕਿਰਸਣ,** ਸ:
**ਕਿਰਸੀ,** ਪੁ: } ਕਿਰਸ ਕਰਨ ਵਾਲੀ, ਜਾਂ ਵਾਲਾ ॥

**ਕਿਰਸਾਣ, ਕਿਰਸਾਣੀ**
**ਕਿਰਸਾਨਣੀ** } 'ਕਿਸਾਨ' ਆਦਿਕ ਵੇਖੋ ॥

**ਕਿਰਕ,** ਸ:—ਆਟੇ ਆਦਿਕ ਵਿੱਚ ਮਿਲੀ ਹੋਈ ਰੇਤ, ਘਿਣ ॥

**ਕਿਰਕਟ**
**ਕ੍ਰਿਕਟ** } ਪੁ:—ਗੇਂਦ ਬੱਲੇ ਦੀ ਖੇਡ ॥

**ਕਿਰਕਰਾ** ਪੁ:
**ਕਿਰਕਰੀ,** ਸ:
**ਕਿਰਕਲ,** ਸ: } ਦੰਦਾਂ ਹੇਠ ਕਿਰਕਦਾ ਆਉਣਾ, ਜੋ ਕਿਰਕਿਰ ਕਰੇ, ਰੇਤ ਵਾਲਾ (ਲੀ) ॥

**ਕਿਰ ਕਿਰ ਕਰਨਾ,** ਕ੍ਰਿ:—ਰੇਤ ਆਦਿਕ ਨਾਲ ਭਰੇ ਹੋਏ ਹੋਣਾ, ਮਿੱਟੀ ਆਦਿਕ ਦਾ ਭੁਰਨਾ ॥

**ਕਿਰਚ,** ਸ:—ਤਲਵਾਰ, ਲਕੜੀ ਜਾਂ ਹੱਡੀ ਦਾ ਟੁਕੜਾ, ਮਸੂੜ੍ਹੇ ਵਿੱਚ ਟੁੱਟੇ ਹੋਏ ਦੰਦ ਦੇ ਹਿੱਸੇ ॥

**ਕਿਰਣ**
**ਕਿਰਨ** } ਸ:—ਚਾਨਣ ਦੀ ਲਕੀਰ, ਸੂਰਜ ਆਦਿਕ ਦੀਆਂ ਰਸ਼ਮਾਂ ॥

**ਕਿਰਤ,** ਸ:—ਕੰਮ, ਕਾਜ, ਕਾਰ, ਮਜ਼ੂਰੀ, ਰੀਤ ਰਸਮ ॥

**ਕਿਰਤ ਘਣ,** ਵਿ:—ਕੀਤੇ ਨੂੰ ਨਾ ਜਾਨਣ ਵਾਲਾ ਨਾ ਸ਼ੁਕਰਾ ॥

**ਕਿਰਤਾਰਥ,** ਵਿ:—ਜਿਸ ਦੀ ਮੁਰਾਦ ਪੂਰੀ ਹੋ ਗਈ ਹੈ ॥

**ਕਿਰਤੀ,** ਪੁ:—ਕਿਰਤ ਕਰਨ ਵਾਲਾ, ਮੇਹਨਤੀ ॥

**ਕਿਰਨਾ,** ਕ੍ਰਿ:—ਥੋੜਾ ਥੋੜਾ ਕਰਕੇ ਹੇਠਾਂ ਡਿਗਣਾ, ਖਿਸਕਣਾ ॥

Digitized by Panjab Digital Library | www.panjabdigilib.org

**ਹੱਥੋਂ ਕਿਰਨਾ,** ਕ੍ਰਿ:—ਕਿਸੇ ਚੀਜ਼ ਦਾ ਦਾਨ ਹੋਣਾ ॥

**ਕਿਰਪਣ,** ਵਿ:, ਪੁ:—ਸੂਮ, ਕੰਜੂਸ, ਕਿਰਸੀ ॥

**ਕਿਰਪਾ,** ਸ:—ਦਯਾ, ਤਰਸ, ਮਿਹਰ (ਕਰਨੀ, ਰੱਖਣੀ,) ॥

**ਕਿਰਪਾ ਨਿਧਾਨ**
**ਕਿਰਪਾ ਨਿਧੀ** } ਪੁ:—ਕਿਰਪਾ ਦਾ ਸਮੁੰਦਰ, ਪਰਮੇਸ਼ਰ ॥

**ਕਿਰਪਾਣ,** ਸ:—ਕਰਦ, ਛੁਰਾ, ਤਲਵਾਰ ॥

**ਕਿਰਪਾਲ,** ਵਿ:—ਕਿਰਪਾ ਕਰਨ ਵਾਲਾ, ਦਯਾ-ਵਾਨ ॥

**ਕਿਰਪਾਲ ਕ੍ਰਿਆ**—'ਕਪਾਲ ਕਿਰਿਆ' ਵੇਖੋ॥

**ਕਿਰਮ,** ਪੁ:—ਨਿੱਕਾ ਕੀੜਾ, ਕੋਈ ਕੀੜਾ ॥

**ਕਿਰਮਚ,** ਸ:—ਇੱਕ ਤਰਾਂ ਦਾ ਲਾਲ ਕਪੜਾ ॥

**ਕਿਰਮਜ** ਪੁ:—ਇੱਕ ਤਰਾਂ ਦਾ ਗੂੜ੍ਹਾ ਲਾਲ ਰੰਗ ॥

**ਕਿਰਮਚੀ**
**ਕਿਰਮਜੀ** } ਵਿ:—ਇੱਕ ਤਰਾਂ ਦੇ ਗੂੜ੍ਹੇ ਲਾਲ ਰੰਗ ਦਾ ॥

**ਕਿਰਯਾ,** ਸ:—ਕੰਮ, ਕਰਮ, ਮਰਨ ਤੋਂ ਪਿੱਛੋਂ ਦੀ ਰੀਤ ਰਸਮ, ਸਹੁੰ। 'ਧਾਤੂ' ਤੋਂ ਬਣਿਆ ਹੋਇਆ ਪਦ ॥

**ਕਿਰਯਾ ਕਰਮ,** ਪੁ:—ਕਿਸੇ ਦੇ ਮਰਨ ਪਿੱਛੋਂ ਤੇਰ੍ਹਵੇਂ ਦਿਨ ਜੋ ਰੀਤ ਰਸਮ ਹਿੰਦੂ ਕਰਦੇ ਹਨ ॥

**ਕਿਰਲਾ** ਪੁ:
**ਕਿਰਲੀ,** ਸ: } ਇੱਕ ਚਾਰ ਟੰਗਾ ਅਤੇ ਪੂਛ ਵਾਲਾ ਨਿੱਕਾ ਜੇਹਾ ਜਨੌਰ ਜੋ ਘਸਰ ਘਸਰ ਕੇ ਟੁਰਦਾ ਹੈ ॥

**ਕਿਰੜ,** ਸ:—ਵੈਰ, ਦੁਸ਼ਮਣੀ (ਰੱਖਣਾ) ॥

**ਕਿਰੜਨੇ,** ਕ੍ਰਿ:—ਦੰਦ ਇੱਕ ਦੂਜੇ ਨਾਲ ਰਗੜਨੇ ॥

**ਕਿਰਾਉਣਾ,** ਕ੍ਰਿ:—ਹੌਲੀ ਹੌਲੀ ਸੁਟਣਾ, ਧਰਤੀ ਉੱਤੇ ਬੀ ਪਾਉਣਾ ॥

**ਕਿਰਾਇਆ,** ਪੁ:—'ਕਰਾਇਆ' ਵੇਖੋ ॥

**ਕਿਰਿਆ**—'ਕਿਰਯਾ' ਵੇਖੋ ॥

**ਕਿਰੀਚਣਾ,** ਕ੍ਰਿ:—ਦੰਦ ਕੜ ਕੜ ਕਰਨੇ, ਕਰੀਚਣਾ ॥

**ਕਿੱਲ,** ਪੁ:—ਛੋਟੀ ਮੇਖ, ਖੁੰਦਾ, ਫਿਣਸੀ, ਗਾਜਰ ਦਾ ਅੰਦਰਲਾ ਕਰੜਾ ਹਿੱਸਾ ॥

**ਕਿਲਕ,** ਸ:—ਇੱਕ ਤਰਾਂ ਦਾ ਕਾਨਾ, ਕਲਮ, ਚੀਕ ॥

**ਕਿਲਕਲੀ**
**ਕਿਲਕੜੀ**
**ਕਿਲਕੀ** } ਸ:—ਇੱਕ ਖੇਡ ਜਿਸ ਵਿੱਚ ਕੁੜੀਆਂ ਇੱਕ ਦੂਜੀ ਦਾ ਹੱਥ ਫੜਕੇ ਅਤੇ ਘੇਰਾ ਪਾ ਕੇ ਨੱਚਦੀਆਂ ਹਨ ॥

**ਕਿਲਕਾਰੀ,** ਸ:—ਚੀਕ, ਬਾਂਦਰ ਦੀ ਅਵਾਜ਼ (ਮਾਰਨੀ) ॥

**ਕਿੱਲ੍ਹਣਾ,** ਕ੍ਰਿ:—ਜ਼ੋਰ ਲਾਉਣਾ, ਹੋਕਣਾ ॥

**ਕਿੱਲਣਾ,** ਕ੍ਰਿ:—'ਕੀਲਣਾ' ਵੇਖੋ ॥

**ਕਿਲਾ,** ਪੁ:—ਗੜ੍ਹ, ਕੋਟ, ਪਾਤਸ਼ਾਹੀ ਮਹਲ ॥

**ਕਿਲਾ ਬੰਦੀ,** ਸ:
**ਕਿਲਾ ਬੰਨ੍ਹਣਾ** ਕ੍ਰਿ: } ਆਪਣੇ ਬਚਾਉ ਲਈ ਫ਼ਸੀਲ ਆਦਿਕ ਬਨਾਉਣੀ ॥

**ਕਿੱਲਾ,** ਪੁ:—ਲੱਕੜ ਦੀ ਵੱਡੀ ਮੇਖ, ਇੱਕ ਏਕੜ ਜ਼ਿਮੀਂ ॥

**ਕਿੱਲੀ,** ਸ:—ਨਿੱਕਾ ਕਿੱਲ, ਖੁੰਟੀ (ਲਕੜੀ ਦੀ) ॥

Digitized by Panjab Digital Library | www.panjabdigilib.org

**ਕਿਵੀਂ** / **ਕਿਵੇਂ** } ਕ੍ਰਿ:, ਵਿ:—ਕਿਸੇ ਤਰਾਂ ॥

**ਕਿਵੇ ਨਾਂ ਕਿਵੇਂ,** ਕ੍ਰਿ:, ਵਿ:—ਕਿਸੇ ਨ ਕਿਸੇ ਤਰਾਂ, ਜ਼ਰੂਰ ॥

**ਕਿੜ,** ਸ:—ਵੈਰ, ਦੁਸ਼ਮਣੀ (ਰੱਖਣਾ) ॥

**ਕਿੜਾ,** ਪੁ:—ਨਿੱਕੀਆਂ ਕਣੀਆਂ ਵੱਢੀਆਂ ਰੋਈਆਂ, ਪੱਛੀਆਂ ਜਾਂ ਤੀਲੀਆਂ ਦਾ ਵੱਢਿਆ ਹੋਇਆ ਪਤਲਾ ॥

**ਕੀ,** ਪੜ:—ਕੇਹੜੀ ਗੱਲ ॥
ਕ੍ਰਿ:, ਵਿ:—ਜਾਂ ਪਰ ॥

**ਕੀ ਹੋਇਆ,** ਕੁਝ ਪਰਵਾਹ ਨਹੀਂ ॥

**ਕੀ ਕਹਿਣਾ ਹੈ!** / **ਕੀ ਕਹੀਏ!** } ਬੜੇ ਅਚਰਜ, ਅਫ਼ਸੋਸ ਜਾਂ ਦਲੇਰੀ ਦਾ ਗੱਲ ਹੈ! ਸ਼ਾਬਾਸ਼!

**ਕੀ ਕੀ,** ਸਭ ਕੁਝ, ਬਹੁਤ ਚੀਜ਼ਾਂ ॥

**ਕੀ ਜਾਣੀਏ,** ਖ਼ਬਰੇ, ਸਾਨੂੰ ਪਤਾ ਨਹੀਂ! ॥

**ਕੀ ਮਕਦੂਰ!** / **ਕੀ ਮਜਾਲ!** } ਉਹ ਨਹੀਂ ਕਰ ਸਕਦਾ ॥

**ਕੀ ਮੂੰਹ ਰਿਹਾ!** ਬੜਾ ਸ਼ਰਮਿੰਦਾ ਹੋਇਆ ॥

**ਕੀ ਵਾਸਤਾ!** ਮੇਰਾ ਕੁਝ ਮਤਲਬ ਨਹੀਂ ॥

**ਕੀ ਵਾਸਤਾ,** ਕਿਉਂ? ਕਿਸ ਕਰਕੇ?

**ਕੀਕਨ** / **ਕੀਕਰ** } ਕ੍ਰਿ:, ਵਿ:—ਕਿਸ ਤਰਾਂ, ਕਿਵੇਂ, ਕੈਂਦਾਂ ॥

**ਕੀਤਾ,** ਕ੍ਰਿ:—'ਕਰਨਾ' ਦਾ ਭੂਤ ਕਾਲ, ਕਰ ਲਿਆ ॥



ਪੁ:—ਕਿਸੇ ਦੀ ਕੀਤੀ ਹੋਈ ਭਲਿਆਈ, ਉਪਕਾਰ। ਕਰਮ ॥

**ਕੀਤਾ ਪਾਉਣਾ,** ਕ੍ਰਿ:—ਆਪਣੇ ਕਰਮਾਂ ਦਾ ਫਲ ਪਾਉਣਾ ॥

**ਕੀਨ ਖ਼ਾਬ** / **ਕੀਮ ਖ਼ਾਬ** } ਸ:—ਜ਼ਰੀ ਦੇ ਫੁੱਲਾਂ ਵਾਲਾ ਰੇਸ਼ਮੀ ਕਪੜਾ ॥

**ਕੀਨਾ,** ਪੁ:—ਵੈਰ, ਕਿੜ, ਖਾਰ ॥

**ਕੀਮਤ,** ਸ:—ਮੁੱਲ, ਭਾਉ ॥

**ਕੀਮਤ ਚੁਕਾਉਣਾ,** ਕ੍ਰਿ:—ਮੁੱਲ ਦਾ ਫ਼ੈਸਲਾ ਕਰਨਾ ॥

**ਕੀਮਤ ਦਾਰ,** ਵਿ:—ਬਹੁਤ ਮੁੱਲ ਵਾਲਾ ॥

**ਕੀਮਤੀ,** ਵਿ:—ਵਡ ਮੁੱਲਾ, ਮਹਿੰਗਾ ॥

**ਕੀਮਾ,** ਪੁ:—ਬਰੀਕ ਕੁਤਰਿਆ ਹੋਇਆ ਮਾਸ (ਕਰਨਾ) ॥

**ਕੀਮੀਆ,** ਸ:—ਰਸਾਇਣ, ਚਮਤਕਾਰ ਦੁਆ ॥

**ਕੀਮੀਆ ਗਰ,** ਪੁ: / **ਕੀਮੀਆ ਗਰਨੀ,** ਸ: } ਰਸਾਇਣ ਜਾਨਣ ਵਾਲ (ਲੀ) ॥

**ਕੀਮੀਆ ਗਰੀ,** ਸ:—ਰਸਾਇਣ ਦਾ ਕੰਮ ॥

**ਕੀਰ,** ਪੁ: / ਵਿ: } ਕਮੀਨਾ, ਨੰਗ, ਕੰਗਾਲ ॥

**ਕੀਰਤ (ਤਿ),** ਸ:—ਜਸ, ਵਡਿਆਈ, ਸ਼ੋਭਾ ਨਾਮ ॥

**ਕੀਰਤਨ,** ਪੁ:—ਭਜਨ, ਰਾਗ, ਪਰਮੇਸਰ ਦੇ ਗੁਣ ਗਾਉਣੇ ॥

Digitized by Panjab Digital Library | www.panjabdigilib.org

**ਸਬਦ ਕੀਰਤਨ, ਭਜਨ ਕੀਰਤਨ**, ਪੁ: ਪਰਮੇਸ਼ਰ ਦੀ ਭਗਤੀ ਦੇ ਸ਼ਬਦ ਜਾਂ ਭਜਨ ਗਾਉਣੇ ॥

**ਨਗਰ ਕੀਰਤਨ**, ਪੁ:—ਸ਼ਹਿਰ ਦੇ ਬਜ਼ਾਰਾਂ ਵਿੱਚ ਫਿਰ ਕੇ ਭਜਨ ਗਾਉਣੇ ॥

**ਕੀਰਤਨੀਆਂ**, ਪੁ: ( ਬਹੁ: ਬ: ) ਕੀਰਤਨ ਵਾਲੇ ਮੁੰਡੇ ॥

**ਕੀਰਣੇ**, ਪੁ: ( ਬਹੁ: ਬ: )—ਬਿਰਲਾਪ, ਵੈਣ ( ਪਾਉਣੇ ) ॥

**ਕੀਲ**, ਪੁ:—ਕਿੱਲ, ਮੇਖ, ਖੂੰਟਾ ॥

**ਕੀਲਣਾ**, ਕ੍ਰਿ:—ਕਿੱਲੀਆਂ ਨਾਲ ਬੰਨ੍ਹਣਾ, ਸੱਪ ਜੇ ਮੰਤ੍ਰ ਫੂਕਣਾ ॥

**ਕੀੱਲਾ**, ਪੁ:—ਕਿੱਲਾ, ਲੱਕੜ ਦੀ ਵੱਡੀ ਮੇਖ ॥

**ਕੀੱਲੀ**, ਸ:—ਨਿੱਕਾ ਕਿੱਲਾ, ਲਕੜੀ ਦੀ ਖੂੰਟੀ ॥

**ਕੀਲੋ**, ਸ:—ਇੱਕ ਤਰਾਂ ਦੀ ਮਠਿਆਈ ॥

**ਕੀੜਾ**, ਪੁ:—ਕਿਰਮ, ਕੀੜਾ, ਮਕੌੜਾ, ਸੱਪ ॥

**ਕੀੜਾ ਸਿੰਘਣਾ, [illegible]**, ਕ੍ਰਿ:—ਸੱਪ ਨੇ ਡੰਗਣਾ ॥

**ਕੀੜਾ ਪਤੰਗਾ** ਪੁ:—ਕੀੜਾ, ਸੱਪ ਆਦਿਕ ॥

**ਕੀੜਾ ਲਗਣਾ**, ਕ੍ਰਿ:—ਕੋਈ ਚੀਜ਼ ਕੀੜਿਆਂ ਖਾ ਜਾਣੀ ॥

**ਕੀੜੇ ਪਾਉਣਾ**, ਕ੍ਰਿ:—ਨਿੰਦਣਾ, ਨੁੱਸ ਕਢਣੇ

**ਕੀੜੇ ਪੈਣੇ**, ਕ੍ਰਿ:—ਕਿਸੇ ਚੀਜ਼ ਵਿੱਚ ਕੀੜੇ ਪੈਦਾ ਹੋ ਜਾਣੇ ॥

**ਕੀੜਾ, ਮਕੌੜਾ, ਕੀੜੇ, ਮਕੌੜੇ**, ਪੁ:—ਕੀੜੇ, ਨਿੱਕੇ ਕੀੜੇ ।

**ਕੀੜੀ**, ਸ:—ਨਿੱਕਾ ਜਿਹਾ ਕੀੜਾ ॥

**ਕੀੜੀ ਮਾਰ**, ਪੁ:—ਪਿੰਡੇ ਨੂੰ ਚੰਬੜਨ ਵਾਲੇ ਕੀੜੇ ਹਟਾਉਣ ਵਾਲੀ ਇੱਕ ਬੂਟੀ ॥

**ਕੁ**, ਅਵ:—( ਵਿਸ਼ੇਸ਼ਣਾਂ ਦੇ ਪਿੱਛੇ ਲਗਦਾ ਹੈ ), ਲਗ ਭਗ ( ਜਥਾ ਸੇਰ ਕੁ ਦੁੱਧ ) ॥

**ਕੁਆਇਦ (ਕਐਦ)**, ਸ:—'ਕਵਾਇਦ' ਵੇਖੋ ॥

**ਕੁਆਰ**, ਸ:—ਵਹੁਟੀ ( ਮੁਲਤਾਨੀ ) ॥

**ਕੁਆਟਰ**, ਪੁ:—ਸਰਕਾਰੀ ਨੌਕਰਾਂ ਦੇ ਰਹਿਣ ਦਾ ਸਰਕਾਰੀ ਮਕਾਨ ॥

**ਕੁਆਰ, ਕੁਆਰਾ, (ਰੀ), ਕੁਆਰ ਰੀਦਲ** 'ਕਵਾਰ' ਆਦਿਕ ਵੇਖੋ ॥

**ਕੁਸ਼**, ਪੜ:—'ਕੁਸ਼' ਵੇਖੋ ॥

**ਕੁਸਕ**, ਪੁ:—ਵੈਰ, ਕੱਠ (ਲਗਣਾ, ਲਾਉਣਾ ) ॥

**ਕੁਸਕਣਾ**, ਕ੍ਰਿ:—ਬੋਲਣਾ, ਮੂੰਹੋਂ ਬੋਲ ਕੱਢਣਾ ।

**ਕੁਸ਼ਕਲ**, ਵਿ:—ਭੈੜੀ ਸ਼ਕਲ ਵਾਲਾ, ਕੋਹਜਾ ।

**ਕੁਸੰਗ**, ਪੁ:—ਬੁਰੀ ਸੰਗਤ ॥

**ਕੁਸੰਗਣ**, ਸ:, **ਕੁਸੰਗੀ**, ਪੁ: ਬੁਰਾ ਸੰਗੀ ਜਾਂ ਸਾਥੀ, ਜੋ ਬੁਰੀ ਸੰਗਤ ਕਰੇ ॥

**ਕੁਸ਼ਟ**, ਪੁ:—ਕੋਹੜ ਦਾ ਰੋਗ ।

**ਕੁਸ਼ਟਣ**, ਸ:, **ਕੁਸ਼ਟੀ**, ਪੁ: ਕੋਹੜਾ (ੜੀ) ।

**ਕੁਸੱਤ**, ਪੁ:—ਝੂਠ, ਫਰੇਬ, ਛਲ, ਪਾਪ ॥

Digitized by Panjab Digital Library | www.panjabdigilib.org

ਕੁਸੱਤਣ, ਸਃ / ਕੁਸੱਤੀ, ਪੁਃ } ਝੂਠੀ (ਠਾ) ਪਾਪਣ (ਪੀ), ਛਲੀਆ ॥

ਕੁਸ਼ਤਾ, ਪੁਃ—ਮਾਰਿਆ ਹੋਇਆ, ਫੂਕੀ ਹੋਈ ਧਾਤ ਆਦਿਕ ॥

ਕੁਸ਼ਤੀ, ਸਃ—ਭਲਵਾਨਾਂ ਦੇ ਘੋਲ, ਭੇੜ ॥

ਕੁਸ਼ਲ, ਪੁਃ—ਸੁਖ ਸਾਂਦ, ਅਨੰਦ ॥

ਕੁਸ਼ਾ, ਸਃ—ਇੱਕ ਤਰਾਂ ਦਾ ਪਵਿੱਤ੍ਰ ਘਾਹ ॥

ਕੁਸ਼ਾਦ(ਦਾ), ਵਿਃ—ਚੌੜਾ, ਖੁੱਲ੍ਹਾ ॥

ਕੁਸਾਥ, ਪੁਃ—ਭੈੜਾ ਸਾਥ, ਬੁਰਾ ਸੰਗ ॥

ਕੁਸਾਥਣ, ਸਃ / ਕੁਸਾਥੀ, ਪੁਃ } ਬੁਰਾ ਸਾਥੀ ਜਾਂ ਸੰਗੀ ॥

ਕੁਸਾਬਾ, ਪੁਃ—ਸਿਰ ਦੇ ਗਿਰਦ ਲਪੇਟਣ ਵਾਲਾ ਕਪੜਾ ॥

ਕੁਸ਼ਾਮਦ, ਸਃ—ਝੂਠੀ ਵਡਿਆਈ, ਚਪਲੋਸੀ ॥

ਕੁਸ਼ਾਮਦਣ, ਸਃ / ਕੁਸ਼ਾਮਦੀ, ਪੁਃ } ਜੋ ਕੁਸ਼ਾਮਦ ਕਰੇ ॥

ਕੁਸ਼ਾਮਦੀ ਟੱਟੂ, ਪੁਃ—ਬਹੁਤ ਕੁਸ਼ਾਮਦ ਕਰਨ ਵਾਲਾ ॥

ਕੁਸ਼ਾਲ, ਵਿਃ—ਚੰਗੇ ਹਾਲ ਵਾਲਾ, ਸੁਖੀ ॥

ਕੁਸੀਲ, ਵਿਃ—ਭੈੜੇ ਸੁਭਾਉ ਵਾਲਾ, ਬੇ ਸ਼ਰਮ ॥

ਕੁਸੀਲਤਾਈ, ਸਃ—ਭੈੜਾ ਸੁਭਾਉ, ਬੇ ਸ਼ਰਮੀ ॥

ਕੁਸੁਆਦ, ਵਿਃ—ਜਿਸ ਦਾ ਸੁਆਦ ਬੁਰਾ ਹੋ ॥

ਕੁਸੁਹਣਾ, ਵਿਃ—ਜੋ ਸੁਹਣਾ ਨਹੀਂ, ਕੋਝਾ ॥

ਕੁਸੂਤ, ਵਿਃ—ਭੈੜਾ, ਟੇਢਾ, ਖਰਾਬ ॥

ਕੁਸੁੰਭ (ਭਾ), ਪੁਃ—ਇੱਕ ਫੁਲ ਜਿਸ ਵਿਚੋਂ ਪੀਲਾ ਰੰਗ ਨਿਕਲਦਾ ਹੈ ॥

ਕੁਸੂਤ / ਕੁਸੂਤਾ } 'ਕਸੂਰ' ਆਦਿਕ ਵੇਖੋ ॥

ਕੁਸੋਭਾ, ਸਃ—ਨਿੰਦਿਆ, ਬੁਰਿਆਈ, ਬਦਨਾਮੀ ॥

ਕੁਹਜਾ, ਪੁਃ / ਕੁਹਜੀ, ਸਃ } ਜਿਸ ਦੀ ਸ਼ਕਲ ਬੁਰੀ ਹੈ, ਅੰਗ ਹੀਨ ॥

ਕੁਹਾਣਾ / ਕੁਹਣਾ } ਕ੍ਰਿਃ—ਮਾਰਨਾ, ਜਿੰਦ ਕੱਢਣੀ ॥

ਕੁਹਣੀ, ਸਃ—ਬਾਂਹ ਦੇ ਜੋੜ ਦੀ ਹੱਡੀ, ਅਰਕ ॥

ਕੁਹਾਈ, ਸਃ—ਮਾਰਨ ਦਾ ਕਮ ਜਾਂ ਇਨਾਮ ॥

ਕੁਹਾਸਾ, ਸਃ—ਧੁੰਧ, ਕੁਹੀਰ, ਕੁਹਰ ॥

ਕੁਹਾਨ, ਪੁਃ—ਊਠ ਦੀ ਪਿੱਠ ਉੱਤੇ ਉੱਭਰੀ ਹੋਈ ਥਾਂ ॥

ਕੁਹਾੜਾ, ਪੁਃ / ਕੁਹਾੜੀ, ਸਃ } ਲਕੜਾਂ ਆਦਿਕ ਪਾੜਨ ਵਾਲਾ ਹਥਿਆਰ ॥

ਕੁਹੀਰ, ਸਃ—ਧੁੰਧ, ਕੁਹਰ ॥

ਕੁਹੀਲ, ਸਃ—ਮਾੜਾ ਮਾੜਾ ਮੀਂਹ ਜਾਂ ਧੁੰਧ ਔਸ ॥

ਕੁਹਲੂ, ਪੁਃ—ਤੇਲ ਕੱਢਣ ਵਾਲਾ ਜੰਤ੍ਰ ॥

ਕੁਹਰ, ਪੁਃ ਸਃ } ਕਲੀ, ਅੱਖ ਦਾ ਫੁੱਲ, (ਆਉਣਾ, ਲੱਗਣਾ, ਪੈਣਾ),) ਧੁੰਧ(ਪੈਣੀ) ॥

ਕੁਹੜ, ਪੁਃ—ਇੱਕ ਰੋਗ ਜੋ ਲਹੂ ਵਿਗੜਨ ਤੋਂ ਹੁੰਦਾ ਹੈ ਅਤੇ ਜਿਸ ਨਾਲ ਪਿੰਡਾ ਗਲ ਜਾਂਦਾ ਹੈ ॥

ਕੁਹੜ ਕਿਰਲੀ, ਸਃ—ਬਹੁਤ ਨਿੱਕਾ ਜਿਹਾ ਕਿਰਲਾ ॥

ਕੁਹੜਾ, ਪੁਃ / ਕੁਹੜਨ, ਸਃ / ਕੁਹੜੀ, ਸਃ, ਪੁਃ } ਜਿਸ ਨੂੰ ਕੁਹੜ ਹੋ ॥

Digitized by Panjab Digital Library | www.panjabdigilib.org

**ਕੁਕਰਮ,** ਪੁ:—ਬੁਰਾ ਕੰਮ, ਪਾਪ

**ਕੁੱਕਰਮਣ,** ਸ: } ਜੋ ਬੁਰਾ ਕੰਮ ਕਰੇ ॥
**ਕੁਕਰਮੀ,** ਪੁ: }

**ਕੁੱਕੜ** } ਪੁ:—ਇੱਕ ਪੰਖੇਰੂ, ਮੁਰਗਾ ॥
**ਕੁਕੜ** }

ਵਿ:—ਬਹੁਤ ਸੁੱਕਾ, ਘੋਲੇ ਵਾਲਾਂ ਵਾਲਾ ॥

**ਕੁੱਕੜ ਛਿੱਡੀ,** ਸ:—ਇੱਕ ਬੂਟੀ ॥

**ਕੁਕੜਾ** } ਪੁ:—ਸਣ ਕੁਕੜਾ ॥
**ਕੁਹੜਾ** }

**ਕੁਕੜੀ,** ਕੁੱਕੜ ਦੀ ਮਦੀਨ, ਮੁਰਗੀ ॥

**ਕੁਕੜੂੰ ਘੂੰ,** ਪੁ:—ਕੁੱਕੜ ਦੀ ਅਵਾਜ਼ ॥

**ਕੁਕੁੜੂੰਗਾ,** ਪੁ:—ਚੀਕ ॥

**ਕੁੱਖ,** ਸ:—ਗਰਭ, ਪੇਟ, (ਹਰੀ ਭਰੀ ਹੋਣੀ, ਭਰਨੀ) ॥

**ਕੁੱਖੀ,** ਸ:—ਕਾਂਟਾ, ਪਿਲਛੀ ਦੇ ਪੈਂਡੂ ॥

**ਕੁੰਘਰਨਾ,** ਕ੍ਰਿ:—ਸੁੰਗੜਨਾ ॥

**ਕੁੰਗੜਾ,** ਵਿ:—ਤਕੜਾ, ਹੱਟਾ ਕੱਟਾ ॥

**ਕੁੰਗੀ,** ਸ:—ਅਨਾਜ ਨੂੰ ਲੱਗਣ ਵਾਲਾ ਇਕ ਕੀੜਾ ॥

**ਕੁੰਗੂ,** ਪੁ:—ਇਕ ਲਾਲ ਰੰਗ ਜੋ ਤੀਮਤੀ ਮੱਥੇ ਉੱਤੇ ਲਾਉਂਦੀਆਂ ਹਨ ॥

**ਕੁੰਗੂ ਦੀ ਕਟੋਰੀ ਪਾਉਣਾ,** ਕ੍ਰਿ:—ਕੇਸਰ ਦੀ ਕਟੋਰੀ ਪਾਉਣੀ ਅਥਵਾ ਸਾਫ਼ ਕਰਨਾ ॥

**ਕੁਚ,** ਸ:—ਤੀਮੜ ਦੀ ਛਾਤੀ ਜਾਂ ਥਣ ॥

**ਕੁੱਚ,** ਪੁ:—ਜੁਲਾਹੇ ਦਾ ਤਾਣੀ ਸਾਫ਼ ਕਰਨ ਵਾਲਾ ਕੂਚਾ ॥

**ਕੁਚੱਜਾ,** ਪੁ: } ਮੂਰਖ, ਨਿਕੰਮਾ (ਮੀ), ਮੈਲਾ (ਲੀ) ॥
**ਕੁਚੱਜੀ,** ਸ: }

**ਕੁੰਚਰ,** ਪੁ:—ਹਾਥੀ ॥

**ਕੁਚਰਾ,** ਵਿ:—ਟੁਕੜੇ ਟੁਕੜੇ ਹੋਇਆ ਹੋਇਆ ਦਲਿਆ ਹੋਇਆ ॥

**ਕੁਚੱਲਣ,** ਪੁ:—ਬੁਰੇ ਚਾਲੇ, ਭੈੜੇ ਕੰਮ ॥

**ਕੁਚੱਲਣਾ,** ਵਿ:—ਬੁਰਾ, ਨਾ ਮੁਨਾਸਬ, ਅਵੱਲਾ ॥

**ਕੁਚਲਣਾ,** ਕ੍ਰਿ:—ਦਲਣਾ, ਲਤਾੜਨਾ ॥

**ਕੁਚਲਾ,** ਪੁ:—ਜ਼ਹਿਰ ਵਾਲਾ ਇੱਕ ਫਲ ॥

**ਕੁਚਾਲ,** ਸ:—ਬੁਰੀ ਚਾਲ, ਭੈੜੀ ਰੀਤ ॥
ਵਿ:—ਜਿਸ ਦੀ ਚਾਲ ਬੁਰੀ ਹੈ ॥

**ਕੁੱਚੀ,** ਸ:—ਵਾਲ ਆਦਿਕਾਂ ਦੀ ਬਣੀ ਹੋਈ ਇੱਕ ਚੀਜ਼ ਜਿਸ ਨਾਲ ਚੀਜ਼ਾਂ ਸਾਫ਼ ਕਰਦੇ ਹਨ ॥

**ਕੁੱਚੀ ਫੇਰਨੀ** } ਕ੍ਰਿ:—ਸਫਾਈ ਕਰਨੀ, ਸਫ਼ੇ-ਦੀ ਕਰਨੀ ॥
**ਕੁੱਚੀ ਮਾਰਨੀ** }

**ਕੁਛ,** ਪੜ:—'ਕੁਝ' ਵੇਖੋ ॥

**ਕੁੱਛੜ,** ਪੁ:—ਗੋਦੀ, ਪੱਟ, ਬਗਲ (ਬੈਠਣਾ ਚੁਕਣਾ, ਲੈਣਾ) ॥

**ਕੁੱਛੜ ਕੁੜੀ ਤੇ ਸ਼ਹਿਰ ਢੰਡੋਰਾ,** ਜਿਹੜੀ ਚੀਜ਼ ਕੋਲ ਹੋਵੇ ਉਸ ਨੂੰ ਹੋਰਥੇ ਭਾਲਣਾ ॥

**ਕੁੱਛੜ ਬਹਿਕੇ ਦਾੜ੍ਹੀ ਖੋਹਣਾ ਜਾਂ ਪੁੱਟਣਾ,** ਕ੍ਰਿ:—ਸੱਜਣ ਬਣ ਕੇ ਦਗਾਬਾਜ਼ੀ ਕਰਨੀ ॥

Digitized by Panjab Digital Library | www.panjabdigilib.org

**ਕੁੰਜ,** ਪੁ:—ਨੁੱਕਰ, ਦੁਸ਼ਾਲੇ ਦੀਆਂ ਨੁੱਕਰਾਂ ਦੀ ਗੁਲਕਾਰੀ ਦਾ ਕੰਮ, ਸੱਪ ਦੀ ਖਲੜੀ ॥

**ਕੁੰਜ ਗੋਸ਼ਾ,** ਪੁ:—ਓਹਲੇ ਵਾਲੀ ਥਾਂ ॥

**ਕੁੰਜ ਬਦਲਣੀ**<br>**ਕੁੰਜ ਲਾਹਣੀ** } ਕ੍ਰਿ:—ਪੁਰਾਣੇ ਕਪੜੇ ਲਾਹ ਕੇ ਨਵੇਂ ਪਾਉਣੇ।

**ਕੁੰਜਕਾ** ਪੁ:—ਕਾਠੀ ਦੇ ਪਿਛਲਾ ਰੱਸਾ ਜਾਂ ਤਸਮਾ ॥

**ਕੁੰਜਣਾ,** ਕ੍ਰਿ:—ਖੜੇ ਪਾਣੀ ਆਦਿਕ ਨੂੰ ਵਗਾ ਕੇ ਲੈ ਜਾਣਾ ॥

**ਕੁੰਜੜਾ,** ਪੁ:—ਭਾਜੀਆਂ ਵੇਚਣ ਵਾਲਾ। ਝਗੜਾ ਕਰਨ ਵਾਲਾ ॥

**ਕੁੱਜਾ,** ਪੁ:—ਮਿੱਟੀ ਦੀ ਗੜਵੀ, ਮਿਸ਼ਰੀ ਦੀ ਪਿਆਲੀ ॥

**ਕੁੱਜੀ,** ਸ:<br>**ਕੁਜੜਾ,** ਪੁ:<br>**ਕੁਜੜੀ,** ਸ: } ਨਿੱਕਾ ਜੇਹਾ ਕੁੱਜਾ

**ਕੁਜਾਤ,** ਵਿ:—ਨਿੱਕੀ ਜਾਤ ਦਾ, ਨੀਚ, ਬਦ, ਦੁਸ਼ਟ ॥

**ਕੁੰਜੀ,** ਸ:—ਜਿਸ ਚੀਜ਼ ਨਾਲ ਜੰਦ੍ਰਾ ਖੁਲ੍ਹਦਾ ਹੈ।

**ਮੂੰਹ ਵਿੱਚ ਕੁੰਜੀ ਆਉਣੀ,** ਕ੍ਰਿ:—ਬੋਲ ਨ ਸਕਣਾ ॥

**ਕੁਛ,** ਪੜ:—ਥੋੜਾ, ਜ਼ਰਾ, ਰਤਾ, ਕਿਸੇ ਕਦਰ, ਕੋਈ ਚੀਜ਼ ।

**ਕੁਛ ਐੱਨਾ (ਐਤਨਾ),** ਵਿ:—ਬਹੁਤ।

**ਕੁਛ ਹੋ ਜਾਣਾ,** ਹਾਲਤ ਵਿਗੜ ਜਾਣੀ ॥

**ਕੁਛ ਕਹ ਬੈਠਣਾ,** ਕ੍ਰਿ:—ਕੋਈ ਬੁਰੀ ਗੱਲ ਕਹ ਦੇਣੀ ॥

**ਕੁਛ ਕਰ ਦੇਣਾ,** ਕ੍ਰਿ:—ਜਾਦੂ ਕਰਨਾ ॥

**ਕੁਛ ਕਰਕੇ ਦਿਖਾਉਣਾ,** ਕ੍ਰਿ:—ਕੋਈ ਵੱਡਾ ਕੰਮ ਕਰਕੇ ਦੱਸਣਾ ॥

**ਕੁਛ ਕੁਛ,** ਕ੍ਰਿ: ਵਿ:—ਥੋੜਾ ਜੇਹਾ, ਰਤਾ ਕੁ ॥

**ਕੁਛ ਗੱਲ ਵੀ!** ਕਿਉਂ, ਕਿਸ ਕਰਕੇ, ਐਵੇਂ ਹੀ॥

**ਕੁਛ ਦਾ ਕੁਛ ਹੋ ਜਾਣਾ,** ਕ੍ਰਿ:—ਹਾਲਤ ਬਦਲ ਜਾਣੀ ॥

**ਕੁਛ ਦਾ ਕੁਛ ਕਹਿਣਾ,** ਕ੍ਰਿ:—ਝੂਠੀ ਗੱਲ ਆਖਣਾ।

**ਕੁਛ ਨਾ ਕੁਛ,** ਕੋਈ ਗੱਲ ਜ਼ਰੂਰ, ਥੋੜਾ ਜਾਂ ਬਹੁਤ ॥

**ਕੁਛ ਨਾ ਪੁੱਛੋ;** ਕਹਿਣ ਦੀ ਗੱਲ ਨਹੀਂ ॥

**ਬਹੁਤ ਕੁਛ,** ਵਿ:<br>ਪ: } ਬਹੁਤ ਸਾਰਾ, ਬਥੇਰਾ ਮਾਲ॥

**ਸਭ ਕੁਛ,** ਪੁ: —ਸਾਰੀਆਂ ਚੀਜ਼ਾਂ ॥

**ਕੁੱਟ,** ਸ:—ਮਾਰ (ਖਾਣੀ, ਦੇਣੀ) ॥

**ਕੁੱਟ ਫਾਟ,** ਸ:—ਮਾਰ ਕੁਟਾਈ ॥

**ਕੁਟ,** ਪੁ:—ਇੱਕ ਧਾਤ, ਖੋਟੀ ਚਾਂਦੀ।

**ਕੁਟਕੀ,** ਸ:—ਮੱਛਰ, ਇਕ ਬੂਟੀ ॥

**ਕੁੱਟਣਾ,** ਕ੍ਰਿ:—ਮਾਰਨਾ, ਸੋਟਾਂ ਲਾਉਣੀਆਂ, ਸਜ਼ਾ ਦੇਣੀ, ਪਿੱਟਣਾ ॥

**ਕੁਟੰਬ,** ਪੁ:—ਟੱਬਰ, ਕਬੀਲਾ, ਪਰਵਾਰ, ਸਾਕ ॥

**ਕੁਟਲ,** ਵਿ:—ਵਿੰਗਾ, ਟੇਢਾ, ਬੇਈਮਾਨ, ਫਰੇਬੀ, ਜ਼ਾਲਮ ॥

Digitized by Panjab Digital Library / www.panjabdigilib.org

**ਕੁਟਲਤਾ,** ਸਃ—ਟੇਢਾ ਪਨ, ਬਦਮਾਸ਼ੀ; ਬੁਰਿਆਈ, ਪਾਪ ॥

**ਕੁਟਵਾਲ,** ਪੁਃ }
**ਕੁਟਵਾਲੀ,** ਸਃ } 'ਕੋਤਵਾਲ' ਆਦਿਕ ਵੇਖੋ

**ਕੁਟਾਉ,** ਕ੍ਰਿਃ—ਕੁੱਟਣ ਦਾ ਕੰਮ ਕਰਾਉਣਾ, ਮਾਰ ਪੁਆਉਣੀ ॥

**ਕੁਟਾਈ,** ਸਃ—ਕੁੱਟਣ ਦਾ ਕੰਮ ਜਾਂ ਮਜੂਰੀ ।

**ਕੁਟੀਆ,** ਸਃ—ਸਾਧਾਂ ਦੇ ਰਹਿਣ ਦਾ ਛੋਟਾ ਜਿਹਾ ਘਰ, ਝੁੱਗੀ ॥

**ਕੁੱਠ,** ਸਃ—ਇੱਕ ਦੁਆ ।

**ਕੁੱਠਣਾ,** ਕ੍ਰਿਃ—ਮਾਰਨਾ, ਕੁਹਣਾ, ਮਾਰੇ ਜਾਣਾ ॥

**ਕੁੱਠਾ,** ਵਿਃ—ਹਲਾਲ ਕੀਤਾ ਹੋਇਆ, ਮਾਰਿਆ ਹੋਇਆ ।

**ਕੁਠਾਲੀ,** ਸਃ—ਸੋਨਾ ਚਾਂਦੀ ਗਾਲਣ ਵਾਲੀ ਪਿਆਲੀ ।

**ਕੁਠਾਲੀ ਗਾਲਣੀ,** ਕ੍ਰਿਃ—ਧਾਤ ਗਾਲਣੀ, ਮੂਲੋਂ ਨਾਸ਼ ਕਰ ਦੇਣਾ ॥

**ਕੁਠਾਲੀ ਪਾਉਣੀ,** ਕ੍ਰਿਃ—ਗਾਲਣ ਲਈ ਧਾਤ ਕੁਠਾਲੀ ਵਿੱਚ ਪਾਉਣੀ ॥

**ਕੁਠਾਲੀ ਪੈ ਨਿਕਲਣਾ,** ਕ੍ਰਿਃ—ਪਰਖੇ ਜਾਣਾ, ਦੁਖ ਸਹਾਰ ਕੇ ਸੱਚਾ ਸਾਬਤ ਹੋਣਾ ॥

**ਕੁੰਡ,** ਪੁਃ—ਸਰੋਵਰ, ਤਾਲ, ਮਿੱਟੀ ਦਾ ਵੱਡਾ ਭਾਂਡਾ, ਖੁਰਲੀ, ਹਵਨ ਕਰਨ ਦਾ ਭਾਂਡਾ ਜਾਂ ਟੋਆ ।

**ਕੁੰਡਲ,** ਪੁਃ—ਘੇਰਾ, ਮੁੜੇ ਹੋਏ ਵਾਲ, ਕੰਨਾਂ ਦਾ ਇੱਕ ਗਹਿਣਾ, ਬਲਦ ਦੇ ਗਲ ਦਾ ਕੜਾ ॥

**ਕੁੰਡਲੀ,** ਸਃ—ਘੇਰਾ, ਪੇਚ, ਜਨਮ ਲਗਨ ਦੇ ਗ੍ਰਹ ॥

**ਕੁੰਡਾ,** ਪੁਃ—ਲੋਹੇ ਆਦਿਕ ਦਾ ਛੱਲਾ ਜਿਸ ਵਿਚ ਸੰਗਲੀ ਅੜਦੀ ਹੈ, ਖੂਹ ਵਿੱਚੋਂ ਚੀਜ਼ਾਂ ਕੱਢਣ ਵਾਲਾ ਹਥਿਆਰ । ਅੰਗਸ । ਕਾਬੂ ਕਰਨ ਵਾਲਾ ॥
(ਸਿਰ ਤੇ ਨਹੀਂ ਕੁੰਡਾ ਤੇ ਹਾਥੀ ਫਿਰੇ ਲੁੰਡਾ) ॥

**ਸਿਰ ਤੇ ਕੁੰਡਾ ਹੋਣਾ,** ਕ੍ਰਿਃ—ਕਿਸੇ ਨੂੰ ਵੱਸ ਵਿਚ ਰੱਖਣ ਵਾਲਾ ਕੋਈ ਵੱਡਾ ਹੋਣਾ ॥

**ਕੁੰਡਾਉਣਾ,** ਕ੍ਰਿਃ—ਘੁਮਾਉਣਾ ॥

**ਕੁੰਡਾਲਾ,** ਪੁਃ—ਆਟਾ ਗੁੰਨ੍ਹਣ ਵਾਲਾ ਮਿੱਟੀ ਦਾ ਚੌੜਾ ਭਾਂਡਾ ॥

**ਕੁੰਡੀ,** ਸਃ—ਨੋਕ, ਛੱਲਾ, ਸੰਗਲੀ ॥

**ਕੁੰਢ,** ਵਿਃ—ਮੂਰਖ, ਬੇ ਸਮਝ, ਅਣਜਾਣ ॥

**ਕੁਢਬ (ਬਾ)** ਵਿਃ—ਕੋਹਜਾ, ਬੇ ਡੌਲ, ਢੀਠ, ਅਜਬ, ਔਖਾ ॥

**ਕੁਢੰਗ (ਗਾ)** ਵਿਃ—ਕੁਢਬਾ, ਢੀਠ, ਅਲਪੜ੍ਹ ॥

**ਕੁਢੰਗੀ,** ਸਃ ਮਲੀਨਤਾਈ, ਕੁਰੂਪਤਾ, ਕੋਹਜ ॥

**ਕੁਣਸ,** ਸਃ—ਖਬਰ । ਦੋਸ । ਐਬ ॥

**ਕੁਣਕਾ,** ਪੁਃ—ਪ੍ਰਸਾਦ, ਕੜਾਹ, ਹਲਵਾ ॥

**ਕੁਣਕਣਾ,** ਕ੍ਰਿਃ—ਥਿੱਕੇ ਦਾਣਾ ਮੂੰਹ ਵਿੱਚ ਸਿੱਟਣਾ ॥

**ਕੁਤਕ (ਕਾ),** ਪੁਃ—ਭੰਗ ਘੋਟਣ ਵਾਲਾ ਡੰਡਾ, ਸੋਟਾ ॥

**ਕੁਤ ਪੁਣਾ,** ਪੁਃ—ਨੀਚਤਾਈ, ਕਮੀਨ ਪਣਾ ॥

**ਕੁਤਬ ਨੁਮਾ,** ਪੁਃ—ਦਿਸ਼ਾ ਦੱਸਣ ਵਾਲਾ ਜੰਤ੍ਰ ॥

Digitized by Panjab Digital Library | www.panjabdigilib.org

**ਕੁਤਰਕ,** ਸਃ—ਹੁੱਜਤ, ਢੁੱਚਰ ॥

**ਕੁਤਰਨਾ,** ਕ੍ਰਿਃ—ਦੰਦਾਂ ਜਾਂ ਕੈਂਚ ਨਾਲ ਕੱਟਣਾ, ਜ਼ਰਾ ਜ਼ਰਾ ਕਰਨਾ ।

**ਕੁਤਰਾ,** ਪੁਃ—ਅੰਬਾਂ ਦੇ ਨਿੱਕੇ ਨਿੱਕੇ ਟੋਟੇ ਕਰਕੇ ਪਾਇਆ ਹੋਇਆ ਅਚਾਰ ॥

**ਕੁਤਰਾਉਣਾ,** ਕ੍ਰਿਃ—ਕਟਵਾਉਣਾ, ਜ਼ਰਾ ਜ਼ਰਾ ਕਰਾਉਣਾ ॥

**ਕੁਤਵਾਲ,** ਪੁਃ
**ਕੁਤਵਾਲੀ,** ਸਃ } 'ਕੋਤਵਾਲ' ਆਦਿਕ ਵੇਖੋ ॥

**ਕੁਤਲੀ,** ਸਃ—ਮੱਛਰ ਵਰਗਾ ਇਕ ਕੀੜਾ, ਕੁੱਤੀ ।

**ਕੁੱਤਾ,** ਪੁਃ—ਇੱਕ ਆਮ ਜਨੌਰ, ਖੂਹ ਦੀ ਰਹੱਕਲੀ ਨਾਲ ਅੜਕਣ ਵਾਲੀ ਲਕੜੀ ਬੰਦੂਕ ਦਾ ਘੋੜਾ, ਕਮੀਨਾ ਆਦਮੀ, ਹਰਾਮ-ਜ਼ਾਦਾ ।

**ਕੁੱਤਾ ਰਾਜ ਬਹਾਲੀਏ ਉਹ ਚੱਕੀ ਚੱਟੇ** } ਕਮੀਨਾ ਮਨੁੱਖ ਵੱਡੇ ਦਰਜੇ ਤੇ ਹੋਕੇ ਭੀ ਕਮੀਨਾ ਕੰਮ ਕਰਦਾ ਹੈ

**ਕੁੱਤੇ ਖੱਸੀ,** ਸਃ—ਬੇੜੀ ਨੌਕਰੀ, ਕਮੀਨਾਂ ਦਾ ਕੰਮ ।

**ਕੁੱਤੇ ਦਾ ਮਗਜ਼ ਖਾਣਾ,** ਕ੍ਰਿਃ—ਬਹੁਤ ਬਕਣਾ ॥

**ਕੁੱਤੇ ਦੀ ਮੌਤ ਮਰਨਾ,** ਕ੍ਰਿਃ—ਬੇ ਇੱਜ਼ਤ ਹੋਕੇ ਮਰਨਾ ॥

**ਕੁੱਤੇ ਦੇ ਠੀਕਰੇ ਪਾਣੀ ਪਿਆਲਣਾ,** ਕ੍ਰਿਃ—ਨਿਰਾਦਰੀ ਕਰਨਾ ॥

**ਕੁਤਾਰ,** ਪੁਃ—ਵਖਤੋਂ ਜਾਂ ਰਾਹੋਂ ਘੁੱਮਣਾ ।

**ਕੁਤਾਰ(ਰਾ),** ਪੁਃ ਵਿਃ—ਵਖਤੋਂ ਜਾਂ ਰਾਹੋਂ ਘੁੱਮਣ ਵਾਲਾ ॥

**ਕੁੱਤੀ,** ਸਃ—ਕੁੱਤੇ ਦੀ ਮਦੀਨ, ਭੈੜੀ ਲੜਾਕੀ ਤੀਮਤ ॥

**ਕਤੂੰਗੜਾ,** ਪੁਃ
**ਕਤੂੰਗੜੀ,** ਸਃ } ਕੁੱਤੇ ਦਾ ਬੱਚਾ ॥

**ਕਤੂਰਾ,** ਪੁਃ
**ਕਤੂਰੀ,** ਸਃ } ਕੁੱਤੇ ਦਾ ਬੱਚਾ ॥

**ਕੁੰਦ,** ਵਿਃ—ਖੁੰਢਾ ਬੇ ਨੋਕ, ਸੁਸਤ, ਮੂਰਖ ।

**ਕੁੱਦ,** ਸਃ—ਛਾਲ, ਛਲਾਂਗ ॥

**ਕੁੰਦਨ,** ਪੁਃ—ਸਾਫ਼ ਨਖਾਲਸ ਸੋਨਾ ॥
ਵਿਃ—ਚਮਕਦਾਰ, ਖਰਾ ।

**ਕੁੱਦਣਾ,** ਕ੍ਰਿਃ—ਟੱਪਣਾ, ਛਲਾਂਗ ਮਾਰਨਾ, ਖੁਸ਼ ਹੋਣਾ 'ਆਕੜਨਾ ।

**ਕੁੱਦਣਾ ਬੱਕਰਾ,** ਪੁਃ—ਬਲੀ ਦੇਣ ਵਾਲਾ ਬੱਕਰਾ, ਜ ਛੱਡਿਆ ਜਾਵੇ

**ਕਿਸੇ ਦੀ ਛਾਹ ਤੇ ਕੁੱਦਣਾ,** ਕ੍ਰਿਃ—ਦੂਏ ਦੇ ਆਸਰੇ ਆਕੜਨਾ

**ਕੁਦਯਾ,** ਵਿਃ—ਨਿਰਦਯੀ ॥

**ਕੁਦਰਤ,** ਸਃ—ਪਰਮੇਸ਼ਰ ਦੀ ਸ਼ਕਤੀ, ਮਾਯਾ, ਸ੍ਰਿਸ਼ਟੀ ॥

**ਕੁਦਰਤੀ,** ਵਿਃ—ਕੁਦਰਤ ਦੇ ਮੁਤਾਬਕ, ਸੁਭਾਉਕ ॥

**ਕੁਦਵੈਯਾ,** ਪੁਃ—ਕੁੱਦਣ ਵਾਲਾ ॥

**ਕੁੰਦਾ,** ਪੁਃ—ਲਕੜੀ ਦਾ ਟੌਂਦਾ, ਬੰਦੂਕ ਦੀ ਨਾਲੀ ਨੂੰ ਸਹਾਰਾ ਦੇਣ ਵਾਲੀ ਲਕੜੀ, ਪੰਖੇਰੂਦਾ ਪਰ, ਪਲੰਘ ਦਾ ਪਾਸਾ, ਸੁੱਥਣ ਦਾ ਘੇਰਾ ਤ੍ਰਿਕੋਣੀ ਟਕੀ, ਸਾਫ਼ ਕੀਤਾ ਹੋਇਆ ਤੇਲ॥

Digitized by Panjab Digital Library / www.panjabdigilib.org

**ਕੁਦਾਉਣਾ,** ਕ੍ਰਿ:—ਕੁੱਦਣ ਦਾ ਕੰਮ ਕਰਾਉਣਾ।

**ਕੁਦਾਊ,** ਵਿ:—ਕੁੱਦਣਜੋਗਾ, ਕੁੱਦ ਸੱਕਣ ਵਾਲਾ।

**ਕੁਦਾਈ,** ਸ੍ਰ:—ਕੁੱਦਣ ਦਾ ਕੰਮ॥

**ਕੁਦਾਕਲ(ੜ),** ਪੁ:—ਕੁੱਦਣ ਵਾਲਾ।

**ਕੁਦਾਲ (ਲਾ),** ਪੁ:—ਕਹੀ, ਬੇਲਚਾ॥

**ਕੁੰਦੀ,** ਸ:—ਕਪੜਾ ਠੌਂਪਣ ਜਾਂ ਘੋਟਣ ਦਾ ਕੰਮ।

**ਕੁੰਦੀ ਗਰ,** ਕਪੜਾ ਠੌਂਪਣ ਜਾਂ ਘੋਟਣ ਦਾ ਕੰਮ ਕਰਨ ਵਾਲਾ॥

**ਕੁਧਰਮ,** ਪੁ:—ਅਧਰਮ, ਪਾਪ॥

**ਕੁਧਰਮਣ,** ਸ:
**ਕੁਧਰਮੀ,** ਪੁ:
} ਜੋ ਕੁਧਰਮ (ਪਾਪ) ਕਰੇ।

**ਕੁਧਾਨ,** ਪੁ:—ਬੁਰੀ ਵਸਤ, ਬੁਰਾ ਦਾਨ।

**ਕੁੰਨਣ,** ਪੁ:—ਕੁੰਦਨ, ਖਰਾ ਸੋਨਾ॥

**ਕੁਨਬਾ,** ਪੁ:—ਟੱਬਰ, ਕਬੀਲਾ, ਪਰਵਾਰ, ਸਰ-ਬੰਧੀ।

**ਕੁਨਾਉਂ,** ਪੁ:—ਕਿਸੇਨੂੰ ਛੇੜਨ ਵਾਸਤੇ ਬੁਰਾ ਨਾਉਂ ਪਾਯਾ ਹੋਯਾ॥

**ਕੁਨਾਲ(ਲਾ)** ਪੁ:
**ਕੁਨਾਲੀ,** ਸ:
} ਮਿਟੀ ਦਾ ਚੌੜਾ ਦਾਰ।

**ਗੌਤ ਕੁਨਾਲਾ,** ਪੁ:—ਨਵੀਂ ਵਿਆਹੀ ਹਈ ਵਹੁਟੀ ਦੇ ਘਰ ਆਉਣ ਤੇ ਉਸ ਜਾਤ ਦਾਆਂ ਸਬ ਤ੍ਰੀਮਤਾਂ ਦਾ'ਕੱਠਾ ਮਿਲਕੇ ਖਾਣਾ॥

**ਕੁੰਨੀ,** ਸ:—ਇੱਕ ਨਿੱਕੀ ਜੇਹੀ ਮਿੱਟੀਦੀ ਹਾਂਡੀ॥

**ਕੁਨੀਤ,** ਸ:—ਬੁਰੀ ਨੀਤ, ਭੈੜੀ ਸਲਾਹ।

**ਕੁਨੀਤ(ਤਾ),** ਵਿ:—ਬੁਰੀ ਨੀਤ ਵਾਲਾ॥

**ਕੂੰਨ੍ਹੂ,** ਪੁ: —ਣ ਰ, ਤੋੜਾ, ਲਾਉਣਾ)।

**ਕੁਨੈਣ,** ਸ:—ਤਾਪ ਨੂੰ ਰੋਕਣ ਦੀ ਇੱਕ ਦੁਆ।

**ਕੁੱਪ,** ਪੁ:—ਤੂੜੀ ਦਾ ਢੇਰ ਚੁਫੇਰਿਓਂ ਕਜਿਆ ਹੋਇਆ॥

**ਕੁਪੱਤ,** ਪੁ:—ਝਗੜਾ, ਬਖੇੜਾ, ਨਿਰਾਦਰੀ (ਕਰਨਾ)।

**ਕੁਪੱਤਣ,** ਪੁ:—ਖਰਾਬ ਪੱਤਣ, ਬੁਰਾ ਲਾਂਘਾ॥

**ਕੁਪੱਤਾ,** ਪੁ:
**ਕੁਪੱਤੀ,** ਸ:
} ਜੋ ਝਗੜਾ ਜਾਂ ਨਿਰਾਦਰੀ ਕਰੇ॥

**ਕੁਪੱਥ,** ਪੁ:—ਨਾਂ ਸੁਖਾਉਣਵਾਲਾ ਭੋਜਨ,ਬੈਰਾਗੀ।

**ਕੁੱਪਾ,** ਪੁ:
**ਕੁੱਪੀ,** ਸ:
} ਤੇਲ ਜਾਂ ਘੇਉ ਪਾਉਣਲਈ ਕੱਚੇਚੰਮ ਦਾ ਭਾਂਡਾ। ਮੋਟਾਆਦਮੀ। ਵੱਡੀਆ ਬੋਤਲਾਂ ਜਿਨ੍ਹਾਂ ਦੇ ਗਿਰਦੇ ਪਿਲਛੀ ਲਪੇਟੀ ਹੋਵੇ॥

**ਕੁਪਾਹ,** ਸ:—ਰੂੰ ਦਾ ਬੂਟਾ ਅਤ ਉਸ ਦੀਆ ਫੁੱਟੀਆਂ।

**ਕੁਪਾਹਾ,** ਵਿ:—ਕੁਪਾਹ ਦਾ ਬਣਿਆ ਹੋਇਆ॥

**ਕੁਪਾਹੀ,** ਵਿ:—ਕੁਪਾਹ ਦੇ ਰੰਗ ਦਾ॥

**ਕੁਪਾਤ੍ਰ,** ਪੁ:—ਬੁਰਾ ਆਦਮੀ, ਭੈੜੀ ਉਲਾਦ॥

**ਕੁਪਿਉ,** ਪੁ:—ਬੁਰਾ ਪਿਉ॥

**ਕੁਪੀਨ,** ਸ:—ਇੱਕ ਤਰਾਂ ਦੀ ਲੰਗੋਟੀ॥

**ਕੁਪੁਤ,** ਪੁ:—ਬੁਰਾ ਪੁਤ੍ਰ, ਨਲੈਕ ਬੇਟਾ॥

**ਕੁਫਰ,** ਪੁ:—ਰਬ ਨੂੰ ਨਾਂ ਮੰਨਣਾ, ਈਸ਼ਰ੍ਹ ਦੀ ਨਿੰਦਿਆ॥

Digitized by Panjab Digital Library | www.panjabdigilib.org

**ਕੁਫ਼ਰਕਚਹਿਰੀ,** ਸਃ—ਬੁਰੀ ਸੰਗਤ ॥

**ਕੁਫ਼ਰ ਤੋੜਨਾ,** ਕ੍ਰਿਃ—ਹਠ ਦੂਰ ਕਰਨਾ ॥

**ਕੁਫ਼ਰ ਦਾ ਕਲਮਾ ਮੂੰਹੋਂ ਕਢਣਾ** }<br>**ਕੁਫ਼ਰ ਬਕਣਾ,** ਕ੍ਰਿਃ } ਈਸ਼ਰ ਦੀ ਨਿੰਦਿਆ ਕਰਨੀ, ਫੜਾਂ ਮਾਰਨੀਆਂ, ਬਕਵਾਦ ਕਰਨਾ ।

**ਕੁਫ਼ਰ ਦਾ ਫ਼ਤਵਾ,** ਪੁਃ—ਕਾਫ਼ਰ ਹੋਣ ਦਾ ਫ਼ੈਸਲਾ (ਦੇਣਾ, ਲੱਗਣਾ) ॥

**ਕੁਫ਼ਰੀ,** ਪੁਃ—ਜਿਸ ਵਿੱਚ ਕੁਫ਼ਰ ਹੈ, ਕਾਫ਼ਰ ।

**ਕੁਫਲ,** ਪੁਃ—ਬੁਰਾ ਫਲ, ਪਾਪ ਦਾ ਬਦਲਾ ।

**ਕੁਫੇਟੀ,** ਸਃ—ਵਿਰੋਧ, (ਕੁਫੇਟੀ ਪੈਣੀ) ।

**ਕੁੱਬ,** ਪੁਃ—ਵਿੰਗ, ਪਿੱਠ ਦਾ ਉਭਾਰ, ਲੱਕ ਦਾ ਮੋੜ (ਪੈਣਾ) ॥

**ਕੁਬਜਾਂ,** ਸਃ—ਕੁੱਬੀ ਤੀਮੀ, ਜਿਸ ਕੁੱਬੀ ਦਾ ਲੱਕ ਕ੍ਰਿਸ਼ਨ ਮਹਾਰਾਜ ਨੇ ਸਿੱਧਾ ਕੀਤਾ ਸੀ ।

**ਕੁਬੜਾ,** ਪੁਃ }<br>**ਕੁਬੜੀ,** ਸਃ } ਵਿਃ—ਜਿਸਨੂੰ ਕੁੱਬ ਪਿਆ ਹੋਵੇ।<br>**ਕੁੱਬਾ,** ਪੁਃ }

**ਕੁੱਬਾ,** ਪੁਃ—ਖੂਹ ਦੀਆਂ ਚਕਲੀਆਂ ਦਾ ਡੰਡਾ ।

**ਕੁਬੁੱਧ (ਧਾ)** ਵਿਃ }<br>ਸਃ } ਭੈੜੀ ਬੁੱਧ ਵਾਲਾ, ਬਦਨੀਤਾ ਬਦਨੀਤ ॥

**ਕੁੰਭ,** ਪੁਃ—ਮਿੱਟੀ ਦਾ ਘੜਾ, ਇੱਕ ਰਾਸ, ਹਾਥੀ ਦਾ ਮੱਥਾ ।

**ਕੁੰਭਦਾ ਮੇਲਾ,** ਪੁਃ—ਬਾਰ੍ਹੀਂ ਵਰ੍ਹੀਂ ਹੋਣ ਵਾਲਾ ਹਰਦੁਆਰ ਦਾ ਬੜਾ ਭਾਰਾ ਮੇਲਾ ॥

**ਕੁੰਭ ਕਰਣ,** ਪੁਃ—ਰਾਵਣ ਦਾ ਭਰਾ ਬਹੁਤ ਖਾਣ ਅਤੇ ਸੌਣ ਵਾਲਾ ॥

**ਕੁੰਭਲ,** ਪੁਃ—ਜੁਲਾਹੇ ਦੀ ਖੱਡੀ ਦਾ ਟੋਆ, ਕੋਦ ਖਾਨਾ ॥

**ਕੁਭਾਉ,** ਪੁਃ—ਅਸਲੀ ਭਾਉ ਤੋਂ ਵਧ ਜਾਂ ਘਟ, ਘਾਟਾ ।

**ਕੁਭਾਗ,** ਪੁਃ—ਮੰਦੇ ਭਾਗ, ਮੰਦੀ ਪਰਾਲਬਧ ॥

**ਕੁਭਾਗਣ,** ਸਃ }<br>**ਕੁਭਾਗਾ,** ਪੁਃ } ਜਿਸ ਦੇ ਭਾਗ ਮੰਦੇ ਹਨ ॥<br>**ਕੁਭਾਗੀ,** ਸਃ }

**ਕੁਭਾਣੀ,** ਸਃ—ਗਾਲੀਆਂ ॥

**ਕੁੰਭੀ,** ਸਃ—ਨਰਕ ਜਿੱਥੇ ਪਾਪੀ ਅੱਗ ਵਿੱਚ ਰਿੱਝਣਗੇ ॥

**ਕੁੰਭੀ ਦਾ ਮੇਲਾ,** ਪੁਃ—ਹਰਦੁਆਰ ਦਾ ਛੇਵੇਂ ਸਾਲ ਦਾ ਮੇਲਾ ॥

**ਕੁਮਹਾਰ,** ਪੁਃ—ਮਿੱਟੀ ਦੇ ਭਾਂਡੇ ਬਣਾਉਣ ਵਾਲਾ, ਇਕ ਕੀੜਾ ॥

**ਕੁਮਹਾਰੀ,** ਸਃ—ਕੁਮਹਾਰ ਦੀ ਵਹੁਟੀ ਜਾਂ ਧੀ ॥

**ਕੁਮੱਕ** }<br>**ਕੁਮੁੱਕ** } ਸਃ—ਫ਼ੌਜ ਦੀ ਮੱਦਦ, ਸਹਾਇਤਾ ॥

**ਕੁੱਮਕਣ,** ਸਃ }<br>**ਕੁੱਮਕੀ,** ਪੁਃ } ਜੋ ਮੱਦਤ ਦੇਵੇ ॥

**ਕੁਮਕੁਮਾ,** ਪੁਃ—ਹੋਲੀ ਦੇ ਰੰਗ ਵਾਲੀ ਬਹੁਤ ਨਿੱਕੀ ਲਾਖ ਦੀ ਸ਼ੀਸ਼ੀ ॥

**ਕੁਮਗੀਰ,** ਪੁਃ—ਕਮਾਨ ਜਾਂ ਧਨਖ ਬਣਾਉਣ ਵਾਲਾ ॥

**ਕੁਮਤ,** ਪੁਃ—ਬੁਰਾ ਮਤ, ਖ਼ਰਾਬ ਮਜ਼੍ਹਬ ॥

Digitized by Panjab Digital Library / www.panjabdigilib.org

**ਕੁਮੱਤ,** ਸ਼ਃ—ਬੁਰੀ ਮੱਤ, ਉਲਟੀ ਸਮਝ ॥
ਵਿਃ—ਜਿਸ ਦੀ ਸਮਝ ਉਲਟੀ ਹੈ ॥

**ਕੁਮਰੀ,** ਸ਼ਃ—ਇੱਕ ਪੰਖਚੂ, ਘੁੱਗੀ ॥

**ਕੁਮਲਾਉਣਾ,** ਕ੍ਰਿਃ—ਮੁਰਝਾਉਣਾ, ਸੁੱਕ ਜਾਣਾ ॥

**ਕੁੰਮਾ ਕੁੰਮੀ,** ਪੁਃ—ਕੋੜ੍ਹ ॥

**ਕੁਮਾਉਣਾ,** ਕ੍ਰਿਃ—ਮੇਹਨਤ ਮਜ਼ੂਰੀ ਕਰਨੀ ਧਨ ਖੱਟਣਾ ॥

**ਕੁਮਾਈ,** ਸ਼ਃ—ਖੱਟੀ, ਲਾਹ, ਆਮਦਨ, ਮੇਹਨਤ, ਕੰਮ ॥

**ਕੁਮਾਠੀ,** ਸ਼ਃ—ਮਾਰ, ਕੁੱਟ, ਨਾਸ਼ (ਕਰਨੀ) ॥

**ਕੁਮਾਣ,** ਪੁਃ—"ਕਮਾਨ" ਵੇਖੋ। ਧਨੁਖ, ਹੁਕਮ, ਅਲਾਕਾ ॥

**ਕੁਮਾਦ,** ਪੁਃ }
**ਕੁਮਾਦੀ,** ਸ਼ਃ } ਗੀਤਿਆਂ ਦਾ ਖੇਤ।

**ਕੁਮਾਰ,** ਪੁਃ—ਲਰਦ, ਜੁਆ, ਮੁੰਡਾ, ਗਭਰੂ ॥

**ਕੁਮਾਰ ਬਾਜ,** ਪੁਃ—ਜੁਆਰੀਆ, ਚਲਾਕ ॥

**ਕੁਮਾਰ ਬਾਜ਼ੀ,** ਸ਼ਃ—ਜੂਆ, ਚਲਾਕੀ ॥

**ਕੁਮਾਰਗ,** ਪੁਃ—ਬੁਰਾ ਰਾਹ, ਭੈੜਾ ਚਲਨ ॥

**ਕੁਮਾਰੀ,** ਸ਼ਃ—ਕੁਆਰੀ, ਕੁੜੀ ॥

**ਕੁਮੂਤ,** ਪੁਃ—ਨਾਲੈਕ ਪੁਤ੍ਰ, ਹਰਾਮਜ਼ਾਦਾ ॥

**ਕੁਮੇਟੀ,** ਸ਼ਃ—ਸਭਾ, ਇਕੱਠ, ਪੰਚੈਤ ॥

**ਕੁਮੇਠੀ,** ਸ਼ਃ—ਮਾਰ, ਕੁੱਟ, ਸਤਿਆਨਾਸ (ਕਰਨੀ) ॥

**ਕੁਮੈਤ**
**ਕੁਮੈਦ** } ਵਿਃ—ਲਾਖੇ ਰੰਗ ਦਾ (ਘੋੜਾ) ॥

**ਕੱਕਾ ਕੁਮੈਤ,** ਪੁਃ—ਲਾਲੀ ਦੀ ਭਾਹ ਮਾਰਨ ਵਾਲਾ, ਬੁਰੇ ਰੰਗ ਦਾ (ਘੋੜਾ)

**ਕੁਰਸ,** ਪੁਃ ਬੁਰਾ ਸੁਆਦ।

**ਕੁਰਸ,** ਪੁਃ ਦੁਆ ਦੀ ਟਿੱਕੀ, ਕੁਰਸੀ, ਇੱਕ ਚਾਂਦੀ ਦਾ ਸਿੱਕਾ ॥

**ਕੁਰਸੀ,** ਸ਼ਃ—ਇੱਕ ਤਰਾਂ ਦੀ ਚੌਕੀ, ਘਰ ਦੀ ਉੱਚੀ ਨੀਂਹ, ਬੰਸ, ਅੱਠਵਾਂ ਅਸਮਾਨ, ਰੱਬ ਦਾ ਤਖਤ ॥

**ਕੁਰਸੀ ਨਸ਼ੀਣ,** ਪੁਃ—ਦਰਬਾਰੀ ॥

**ਕੁਰਸੀ ਨਾਮਾ,** ਪੁਃ—ਕੁਲ ਦੇ ਵੱਡਿਆਂ ਦੇ ਨਾਂਵਾਂ ਦੀ ਲੜੀ, ਬੰਸਾਵਲੀ ॥

**ਕੁਰਹੂ,** ਪੁਃ—ਛਲ, ਛੁੱਗੀ ॥

**ਕੁਰਕ,** ਵਿਃ—ਜ਼ਬਤ, ਅਦਾਲਤ ਵਲੋਂ ਨਿਲਾਮ (ਹੋਣਾ, ਕਰਨਾ) ।

**ਕੁਰਕੀ,** ਸ਼ਃ—ਜ਼ਬਤੀ, ਅਦਾਲਤ ਵੱਲੋਂ ਨਿਲਾਮੀ (ਹੋਣੀ, ਕਰਨੀ) ॥

**ਕੁਰਕੀ ਦਾ ਪਰਵਾਨਾ,** ਪੁਃ—ਜ਼ਬਤੀ ਦਾ ਹੁਕਮ

**ਕੁਰਕੁਣਾ,** ਕ੍ਰਿਃ—ਦੰਦਾਂ ਨਾਲ ਚਿੱਥਣਾ (ਮਿਸ਼ਰੀ ਆਦਿਕ) ॥

**ਕੁਰਕੁਰੀ,** ਸ਼ਃ—ਚਿੱਥ ਵਿੱਚ ਮਿੱਠੀ ਚੀਜ਼ (ਹੋਣੀ)

**ਕਰੰਗ,** ਵਿਃ—ਬੁਰੇ ਰੰਗ ਦਾ ॥
ਪੁਃ—ਹਰਨ ॥

**ਕੁਰਤਾ,** ਪੁਃ—ਗਲ ਵਿੱਚ ਪਾਉਣ ਵਾਲਾ ਇੱਕ ਕਪੜਾ, ਝੱਗਾ ॥

**ਕੁਰਤੀ,** ਸ਼ਃ—ਛੋਟਾ ਕੁਰਤਾ, ਫਤੂਹੀ, ਸਲੂਕਾ, ਵਾਸਕਟ ॥

Digitized by Panjab Digital Library | www.panjabdigilib.org

**ਲਾਲ ਕੁਰਤੀ,** ਸ:—ਗੋਰਿਆਂ ਦੀ ਪਲਟਣ।

**ਕੁਰਬ,** ਪੁ:—ਨਜ਼ੀਕੀ, ਸਾਕ । ਆਦਰ ਮਾਨ ॥

**ਕੁਰਬਲ ਦ ਕਰਨਾ,** ਕ੍ਰਿ:—ਕੀੜੀਆਂ ਆਦਿਕਾ ਦਾ ਏਨਾ ਵਧਣਾ ਕਿ ਕੋਈ ਥਾਂ ਨਾ ਲੱਗੇ, ਬਹੁਤ ਭੀੜ ਹੋਣਾ ॥

**ਕੁਰਬਾਨ,** ਪੁ:—ਬਲਿਹਾਰ, ਵਾਰਿਆ ਜਾਣ ਵਾਲਾ। (ਹੋਣਾ, ਕਰਨਾ) ॥

**ਕੁਰਬਾਨੀ,** ਸ:—ਬਲੀ, ਸਦਕਾ (ਕਰਨੀ, ਦੇਣੀ) ॥

**ਕੁਰਲ,** ਪੁ:—ਇਕ ਪੰਖੇਰੂ ॥

**ਕੁਰਲਾ,** ਪੁ:—ਪਾਣੀ ਦੀ ਚੁਲੀ ਭਰਕੇ ਮੂੰਹ ਸਾਫ਼ ਕਰਨਾ ॥

**ਕੁਰਲਾਉਣਾ,** ਕ੍ਰਿ:—ਰੋਣਾ ਬਿਰਲਾਪ ਕਰਨਾ, ਕੂੰਜ ਦਾ ਚੀਕਣਾ ॥

**ਕੁਰਲਾਟ,** ਸ:—ਚੀਕ, ਰੌਲ, ਦੀ ਅਵਾਜ਼ ॥

**ਕੁਰਲੀ,** ਸ: }
**ਕੁਰਲ੍ਹਾ,** ਪੁ: } ਪਾਣੀ ਦੀ ਚੁਲੀ ਭਰ ਕੇ ਮੂੰਹ ਸਾਫ਼ ਕਰਨਾ

**ਕੁਰਾਹ,** ਪੁ:—ਬੁਰਾ ਰਸਤਾ, ਔਝੜ, ਮੰਦਾ ਕੰਮ, ਉਲਟੀ ਰੀਤ ॥

**ਕੁਰਾਹਾ** }
**ਕੁਰਾਹੀ** } ਪੁ:—ਬੁਰਾ ਕੰਮ ਕਰਨ ਵਾਲਾ ॥

**ਕੁਰਾਹੀ,** ਸ:—ਭੁੱਲ, ਉਲਟੀ ਰੀਤ ॥

**ਕੁਰਾਫ਼ਾਤ,** ਸ:—ਬਕਵਾਦ, ਝੂਠੀਆਂ ਗੱਲਾਂ ॥

**ਕੁਰਾਨ,** ਪੁ:—ਮੁਸਲਮਾਨਾਂ ਦੇ ਧਰਮ ਦੀ ਕਿਤਾਬ ॥

**ਕੁਰਾਨ ਉਠਾਉਣਾ** }
**ਕੁਰਾਨ ਸਿਰ ਤੇ ਉਠਾਉਣਾ** }
**ਕੁਰਾਨ ਤੇ ਹੱਥ ਰੱਖਣਾ** } ਕ੍ਰਿ:—ਕੁਰਾਨ ਦੀ ਸਹੁੰ ਖਾਣੀ ॥

**ਕੁਰਾਲ,** ਪੁ:—ਮਿੱਟੀ ਦਾ ਢੇਲ ॥

**ਕੁਰਾੜ੍ਹਪੁਣਾ,** ਪੁ:—ਸਖ਼ਤੀ, ਨਾ ਮੁਲੈਮੀ ॥

**ਕੁਰਾੜਾ,** ਵਿ:—ਸਖ਼ਤ, ਕਰੜਾ, ਖੌਂਢਾ ॥

**ਕੁਰੀਜ,** ਸ:—ਪੰਖੇਰੂਆਂ ਦੇ ਪਰ ਝੜਨੇ (ਕਰਨੀ) ॥

**ਕੁਰੀਜ ਖਾਣੀ,** ਕ੍ਰਿ:—ਜੁਆਨ ਹੋਣਾ ॥

**ਕੁਰੀਤ,** ਸ:—ਬੁਰੀ ਰੀਤ ਜਾਂ ਚਾਲ ॥

**ਕੁਰੁੰਡ,** ਪੁ:—ਇੱਕ ਬੂਟੀ। ਇਕ ਪੱਥਰ ॥

**ਕੁਰੂ ਕੁਰੂ,** ਪੁ:—ਬਛੇਰੇ ਨੂੰ ਬੁਲਾਉਣ ਦੀ ਅਵਾਜ਼ (ਕਰਨਾ) ॥

**ਕੁਰੂੰਡੀਆ,** ਪੁ:—ਇੱਕ ਤਰਾਂ ਦਾ ਸੱਪ ॥

**ਕੁਰੂਪ,** ਵਿ:—ਭੈੜੀ ਸ਼ਕਲ ਦਾ, ਕੁਹਜਾ ।

**ਕੁਰੇਲਣਾ,** ਕ੍ਰਿ:—ਸੋਟੀ ਨਾਲ ਫੋਲਣਾ, ਖੋਤਣਾ ।

**ਕੁਰੇਲਣੀ,** ਸ:—ਔਗ ਦੇ ਕੋਲੇ ਹਿਲਾਉਣ ਵਾਲੀ ਸੀਖ ॥

**ਕੁਰੈਸ਼,** ਪੁ:—ਮਹੰਮਦ ਸਾਹਿਬ ਦੀ ਜਾਤ, ਇੱਕ ਤਰਾਂ ਦੇ ਸਈਯਦ ॥

**ਕੁਰੈਸ਼ਣ,** ਸ: }
**ਕੁਰੈਸ਼ੀ,** ਪੁ: } ਜਿਸ ਦੀ ਜ਼ਾਤ ਕੁਰੈਸ਼ੀ ਹੈ ॥

**ਕੁਲ,** ਸ:—ਘਰ, ਘਰਾਣਾ, ਵੰਸ ॥
ਪੁ:—ਕੁਰਾਨ ਦੇ ਉਹ ਹਿੱਸੇ ਜਿਨ੍ਹਾਂ ਦੇ ਪਹਿਲੇ 'ਕੁਲ' (ਕ੍ਰਹਿ) ਆਉਂਦਾ ਹੈ ॥

Digitized by Panjab Digital Library / www.panjabdigilib.org

**ਕੁਲ ਹੀਣ,** ਵਿ:—ਛੋਟੀ ਕੁਲ ਵਾਲਾ, ਕਮੀਨ ॥

**ਕੁਲ ਕਰਨੇ**
**ਕੁਲ ਪੜ੍ਹਣੇ** } ਕ੍ਰਿ:—ਮੁਸਲਮਾਨਾਂ ਵਿੱਚ ਕਿਸੇ ਦੇ ਮਰਨ ਤੋਂ ਤੀਜੇ ਦਿਨ ਮਗਰੋਂ ਦੀ ਰਸਮ ਕਰਨੀ ॥

**ਕੁਲ ਤਾਰਕ,** ਪੁ:—ਕੁਲ ਨੂੰ ਤਾਰਨ ਵਾਲਾ, ਲੋਕ ਮੁੰਡਾ ॥

**ਕੁਲਨਾਰੀ**
**ਕੁਲਵੰਤੀ** } ਸ:—ਚੰਗੀ ਕੁਲ ਦੀ ਤ੍ਰੀਮਤ ।

**ਕੁਲਪਤ,** ਪੁ:—ਕੁਲ ਵਿੱਚ ਸਭ ਤੋਂ ਵੱਡਾ ॥

**ਕੁਲਪਤ੍ਰੀ,** ਸ:—ਕੁਰਸੀ ਨਾਮਾ

**ਕੁਲਵੰਤ,** ਪੁ:
**ਕੁਲਵੰਤੀ,** ਸ: } ਚੰਗੀ ਕੁਲ ਦਾ ਦੀ) ।

**ਕੁੱਲ,** ਕ੍ਰਿ: ਵਿ:—ਸੱਭੋ, ਬਿਲਕੁਲ, ਪੂਰਾ ਪੂਰਾ ॥

**ਕੁੱਲ ਜਮਾ,** ਪੁ:—ਸਾਰੀ ਰਕਮ, ਜੋੜ ।

**ਕੁਲਕੁਲਾਂ,** ਕ੍ਰਿ: ਵਿ:—ਬਿਲਕੁਲ, ਸਭ ਤਰਾਂ । ਵਿ:—ਆਪੇ ਆਪ, (ਕਿਸੇ ਦੇ ਅਧੀਨ ਨਾ) ॥

**ਕੁਲੱਖਣੀ,** ਸ:—ਬੁਰੇ ਲੱਛਣਾਂ ਵਾਲੀ ਤ੍ਰੀਮਤ ।

**ਕੁਲੰਗ,** ਪੁ:—ਇੱਕ ਉੱਚਾ ਪੰਖੇਰੂ, ਕੂੰਜ, ਲੰਮਾ ਮਨੁੱਖ ॥

**ਕੁਲਚਾ,** ਪੁ:—ਖ਼ਮੀਰੇ ਮੈਦੇ ਦੀ ਪੋਲੀ ਰੋਟੀ ।

**ਕੁਲੱਛਣ,** ਪੁ:—ਬੁਰਾ ਲੱਛਣ ਜਾਂ ਚੱਲਨ ।

**ਕੁਲੱਛਣਾ,** ਪੁ:
**ਕੁਲੱਛਣੀ,** ਸ: } ਜਿਸਦੇ ਲੱਛਣ ਬੁਰੇ ਹੋਣ ।

**ਕੁਲੱਜ (ਜਾ),** ਵਿ:—ਨਿਲਜ,ਬੇ ਸ਼ਰਮ, ਢੀਠ ॥

**ਕੁਲੰਜਤ,** ਵਿ:—ਬੇ ਸੁਆਦ ॥

**ਕੁਲੰਜਣ**
**ਕੁਲਿੰਜਣ** } ਪੁ:—ਇੱਕ ਤਰਾਂ ਦੀ ਜੜ੍ਹ ॥

**ਕੁਲੱਤ,** ਸ:—ਬੁਰੀ ਵਾਦੀ, ਭੈੜਾ ਸੁਭਾਉ ॥

**ਕੁਲੱਦ,** ਵਿ:—ਜੇਹੜਾ ਪਸ਼ੂ ਲਦੀਕਾਂ ਨਾ ਚਾਹੇ ॥

**ਕੁਲਫ,** ਪੁ:—ਜੰਦਰੇ ਦਾ ਪੇਚ । ਜਨਾਨੀਆਂ ਦੇ ਗੋਹਕਿਆਂ ਵਾਲਾ ਪੇਚ ॥

**ਕੁਲਫਾ,** ਪੁ:—ਇੱਕ ਸਾਗ, ਮਲਾਈ ਦੀ ਬਰਫ ।

**ਕੁਲਫੀ,** ਸ:—ਹੁੱਕ ਦਾ ਪੇਚ ਜਾਂ ਜੋੜ, ਦੁੱਧ ਆਦਿਕ ਬਰਫ਼ ਨਾਲ ਜਮਾਉਣ ਦਾ ਸੱਚਾ ਉਸ ਵਿੱਚ ਜੰਮਿਆ ਹੋਯਾ ਦੁਧ ਆਦਿਕ। ਵਿ:—ਬਹੁਤ ਬੁਰੇ ਰੰਗ ਦਾ ।

**ਕੁਲਬੁਲ ਕੁਲਬੁਲ ਕਰਨਾ,** ਕ੍ਰਿ:—ਤੜਫੜਾਉਣਾ ।

**ਕੁਲਬੁਲਾਉਣਾ,** ਕ੍ਰਿ:—ਤੜਫੜਾਉਣਾ, ਪਾਸੇ ਪਰਤਣਾ, ਇੱਧਰ ਉੱਧਰ ਫਿਰਨਾ, ਢਿੱਡ ਵਿੱਚ ਗੜਬੜ ਹੋਣੀ ॥

**ਕੁਲਬੁਲਾਹਟ**
**ਕੁਲਬੁਲਾਟ** } ਸ:—ਕੀੜਿਆਂ ਦੀ ਹਿੱਲ ਜੁਲ ਤੜਫੜਾਹਟ ।

**ਕੁੱਲਰ,** ਪੁ:—ਕਾਲੇ ਖਿਲਾਂ ਦਾ ਲੂੰਗਾ ॥

**ਕੁਲੱਲਾ (ਲੀ),** ਵਿ:—ਬੇ ਡੌਲ, ਕੋਝਾ ॥

**ਕੁੱਲਾ,** ਵਿ:—ਬਦਾਮੀਰੰਗ ਦਾ (ਘੋੜਾ) । ਪੁ:—ਲੱਕ,ਚਿੱਤੜ,ਪਠਾਣੀ ਵਜ੍ਹਾ ਦੀ ਉ ਟੋਪੀ, ਕੱਖੀ ਦਾ ਘਰ ।

**ਕੁਲੀ,** ਪੁ:—ਮਜ਼ੂਰ, ਅਸਬਾਬ ਢੋਣ ਵਾਲਾ ॥

Digitized by Panjab Digital Library | www.panjabdigilib.org

**ਕੁੱਲੀ,** ਸਃ—ਝੁੱਗੀ, ਕੱਖਾਂ ਦਾ ਘਰ ॥

**ਕੁਲੀਕ,** ਵਿਃ, ਪੁਃ—ਲੀਕੋਂ ਬਾਹਰ ॥

**ਕੁਲੀਨ,** ਵਿਃ—ਜਿਦ੍ਹੀ ਕੁਲ ਚੰਗੀ ਹੈ ॥

**ਕੁਲਾੜੇ ਗਿੱਝਣਾ**
**ਕੁਲਾੜੇ ਲੱਗਣਾ** } ਕ੍ਰਿਃ—ਬੁਰੇ ਆਦਮੀਆਂ ਨੂੰ ਮੰਦੇ ਕੰਮ ਕਰਨੇ ॥

**ਕੁਲ੍ਹਾੜਾ,** ਪੁਃ—ਕੁਹਾੜਾ ॥

**ਕੁਲ੍ਹਾੜੀ,** ਸਃ—ਛੋਟਾ ਕੁਹਾੜਾ, ਖੰਡ ਬਣਨ ਦੀ ਥਾਂ ।

**ਕੁਲੁੰਜਣਾ,** ਕ੍ਰਿਃ—ਖੂਹ ਜਾਂ ਚੁਬਚੇ ਵਿੱਚੋਂ ਪਾਣੀ ਕੱਢਣਾ ॥

**ਕੁਲੁੰਜਾਉਣਾ,** ਕ੍ਰਿਃ—ਖੂਹ ਜਾਂ ਚੁਬੱਚੇ ਵਿੱਚੋਂ ਪਾਣੀ ਕਢੁਆਣਾ ॥

**ਕੁਲੁੰਜਾਈ,** ਸਃ—ਪਾਣੀ ਕੱਢਣਾ, ਪਾਣੀ ਕੱਢਣ ਦੀ ਮਜੂਰੀ ॥

**ਕੁਰ,** ਪੁਃ—ਦੂੰਘ ਵਿਣਕਣ ਦੇ ਭਾਂਡੇ ਦਾ ਢੱਕਣ, ਗਮ, ਖਿਝ, ਕੁੱਕੜਾਂ ਨੂੰ ਹਟਾਉਣ ਦੀ ਅਵਾਜ਼

**ਕੁੜ੍ਹ,** ਪੁਃ—ਡੰਗਰ ਬੰਨ੍ਹਣ ਦਾ ਅਹਾਤਾ। ਚੱਕੀ ਵਿੱਚ ਆਟਾ ਪੈਣ ਦੀ ਥਾਂ ॥

**ਕੁੜ੍ਹ ਜਾਣਾ,** ਕ੍ਰਿਃ—ਬੁਢੇਪੇ ਕਰਕੇ ਝੁਕ ਜਾਣਾ ॥

**ਕੁੜਕ,** ਸਃ—ਕੁਕੜੀ ਦੀ ਅਵਾਜ਼ ॥

**ਕੁੜਕਣਾ,** ਕ੍ਰਿਃ—ਕੁਕੜੀ ਦਾ ਬੋਲਣਾ। ਦੰਦਾਂ ਨਾਲ ਚਿੱਥਣਾ ।

**ਕੁੜਕੁੜਾਉਣਾ,** ਕ੍ਰਿਃ—ਕੁੜਕਣਾ, ਗੁੱਸੇ ਨਾਲ ਬੋਲਣਾ ॥



**ਕੁੜੱਤ**
**ਕੁੜੱਤਣ** } ਸਃ—ਕੌੜੇ ਹੋਣ ਦਾ ਗੁਣ ਜਾਂ ਸੁਆਦ ॥

**ਕੁੜਤਾ ( ਤੀ )**—'ਕੁਰਤਾ ( ਤੀ )' ਵੇਖੋ ॥

**ਕੁੜ੍ਹਣਾ,** ਕ੍ਰਿਃ—ਅੰਦਰੋਂ ਅੰਦਰ ਸੜਨਾ, ਖਿਝਣਾ, ਬੁਢੇਪੇ ਕਰਕੇ ਝੁਕ ਜਾਣਾ ॥

**ਕੁੜਮ,** ਪੁਃ—ਪੁੱਤ੍ਰ ਜਾਂ ਧੀ ਦਾ ਸਹੁਰਾ ॥

**ਕੁੜਮ ਕੜਾਹੀ,** ਸਃ—ਉਹ ਵਸਤ ਜੇਹੜੀ ਕੁੜਮਾਂ ਦੇ ਹੀ ਮਿਲ ਕੇ ਖਾਣ ਵਾਸਤੇ ਤਿਆਰ ਕੀਤੀ [illegible] ॥

**ਕੁੜਮਣੀ,** ਸਃ—ਕੁੜਮ ਦੀ ਵਹੁਟੀ, ਪੁਤ੍ਰ ਜਾਂ ਧੀ ਦੀ ਸੱਸ ॥

**ਕੁੜਮੱਤ,** ਪੁਃ—ਕੁੜਮਾਂ ਦਾ ਸਾਕ ਜਾਂ ਵਿਹਾਰ ॥

**ਕੁੜਮਾਈ,** ਸਃ—ਸਾਕ, ਨਾਤਾ, ਮੰਗਣੀ ( ਚੌਣੀ ਕਰਨੀ ) ॥

**ਕੁੜਮਾ ਚਾਰੀ**
**ਕੁੜਮਾਂ ਚਾਰੀ** } ਕ੍ਰਿਃ, ਵਿਃ—ਕੁੜਮਾਂ ਵਾਕਰ ॥ ਸਃ—ਕੁੜਮੱਤ ॥

**ਕੁੜਿਆਰਾ,** ਪੁਃ—ਕੂੜ ਮਾਰਨ ਵਾਲਾ, ਝੂਠਾ ।

**ਕੁੜਿੱਕੀ** ਸਃ—ਜਾਲ, ਔਖ, ਬੰਧਨ, ਅਖਤਿਆਰ, ( ਵਿੱਚ ਆਉਣਾ ) ॥

**ਕੁੜੀ,** ਸਃ—ਲੜਕੀ, ਧੀ, ਕਾਕੀ, ਕੁਆਰੀ ॥

**ਕੁੜੇ,** ਅਵਃ—ਅਣੀਏ । ਅੜੀਏ । ਨੀ (ਫਲਾਣੀ-ਏ)। ਕੁਕੜਾਂ ਨੂੰ ਹਟਾਉਣ ਦੀ ਅਵਾਜ਼ ॥

**ਕੂਆ,** ਪੁਃ—ਖੂਹ, ਹੋਇਆ ॥

Digitized by Panjab Digital Library | www.panjabdigilib.org

**ਕੂਹ (ਕੂਹੁ),** ਪੜ:—ਕੂੜ, ਕੋਈ, ਕੋਈ ਚੀਜ਼, ਥੋੜਾ।

**ਕੂਹਣ,** ਸ:—ਅਨਾਜ ਦਾ ਟੋਆ, ਖਾਤਾ ॥

**ਕੂਹਣੀ,** ਸ:—ਬਾਂਹ ਦੇ ਜੋੜਦੀ ਹੱਡੀ, ਅਰਕ

**ਕੂਹਨ (ਨਾ),** ਪੁ:—ਛੋਟੀ ਮਸ਼ਕ। ਭਿਤ ॥

**ਕੂਹਲ**<br>**ਕੂਹੁਲ** } ਸ:—ਛੋਟੀ ਨਹਿਰ ਜਾਂ ਨਾਲਾ।

**ਕੂਹੀ,** ਸ:—ਇੱਕ ਤਰਾਂ ਦਾ ਬਾਜ਼।

**ਕੂਕ,** ਸ:—ਚੀਕ, ਉੱਚੀ ਉੱਚੀ ਰੋਣ ਦੀ ਅਵਾਜ਼ (ਮਾਰਨੀ) ॥

**ਕੂ ਕੂ ਕਰਨਾ,** ਕ੍ਰਿ:—ਕਬੂਤਰ ਵਾਂਗਰ ਬੋਲਣਾ।

**ਕੂਕਣਾ,** ਕ੍ਰਿ:—ਚੀਕ ਮਾਰਨੀ, ਉੱਚੀ ਅਵਾਜ਼ ਕੱਢਣੀ, ਘੜੀ ਨੂੰ ਚਾਬੀ ਲਾਉਣੀ।

**ਕੂਕਰ,** ਪੁ:<br>**ਕੂਕਰੀ,** ਸ: } ਕੁੱਤਾ (ਤੀ)।

**ਕੂਕਾ,** ਪੁ:—ਕੂਕਣ ਵਾਲਾ, ਸਿੱਖਾਂ ਦਾ ਇੱਕ ਪੰਥ ਨਾਮ ਧਾਰੀਆ।

**ਕੂਚ,** ਪੁ:—ਟੁਰ ਪੈਣ ਦਾ ਕੰਮ, ਚਲਾਣਾ, ਸੁਲਿਆਰੇ ਦੀ ਕੂਚੀ ॥

**ਕੂਚ ਕਰ ਜਾਣਾ**<br>**ਕੂਚ ਕਰਨਾ** } ਕ੍ਰਿ:—ਚਲੇ ਜਾਣਾ, ਮਰ ਜਾਣਾ।

**ਕੂਚਣਾ,** ਕ੍ਰਿ:—ਮਲਣਾ, ਰਗੜਨਾ, ਸਾਫ਼ ਕਰਨਾ।

**ਕੂਚਾ,** ਪੁ:—ਗਲੀ, ਮਹੱਲਾ, ਬੁਰਸ਼, ਕੱਖਾਂ ਦੀ ਕੂਚੀ, ਘਾਲਣ ਦਾ ਗੱਠਾ ॥



**ਕੂਚਾ ਬੰਦੀ,** ਸ:—ਗਲੀ ਦਾ ਬੂਹਾ ਜਾਂ ਹੱਦ ॥

**ਕੂਚਾ ਮਾਰਨਾ,** ਕ੍ਰਿ:—ਬੁਰਸ਼ ਨਾਲ ਸਾਫ਼ ਕਰਨਾ ॥

**ਕੂਚਾ ਲਾਉਣਾ,** ਕ੍ਰਿ:—ਸਾੜਨਾ, ਬਾਲਣਾ ॥

**ਕੂਚੀ,** ਸ:—'ਕੁੱਚੀ' ਵੇਖੋ ॥

**ਕੂੰਜ,** ਸ:—ਪਾਣੀ ਦਾ ਇੱਕ ਵੱਡਾ ਪੰਖੇਰੂ ॥

**ਕੂਜਗਰ,** ਪੁ:—ਮਿੱਟੀ ਦੇ ਖਡਾਉਣੇ ਬਣਾਉਣ ਵਾਲਾ ॥

**ਕੂੰਜੜਾ,** ਪੁ:—'ਕੁੰਜੜਾ' ਵੇਖੋ।

**ਕੂਜਾ,** ਪੁ:—ਮਿੱਟੀ ਦਾ ਲੋਟਾ, ਮਿਸਰੀ ਦੀ ਪਿਆਲੀ।

**ਕੂਜੀ,** ਸ:—ਨਿੱਕਾ ਕੂਜਾ।

**ਕੂੰਟ,** ਸ:—ਦਿਸ਼ਾ, ਪਾਸਾ, ਤਰਫ਼, ਨੁੱਕਰ ॥

**ਚਾਰੇ ਕੂੰਟਾਂ,** ਸ:—ਚੁਫੇਰੇ, ਸਬ ਪਾਸੇ, ਸਾਰੀ ਧਰਤੀ।

**ਕੂੰਡਣਾ,** ਕ੍ਰਿ:—ਖਾਣਾ

**ਕੂੰਡਾ,** ਪੁ:—ਮਿੱਟੀ ਜਾਂ ਪੱਥਰ ਦਾ ਦੌਰ ॥

**ਕੂੰਡਾਉਣਾ,** ਕ੍ਰਿ:—ਖੁਆਉਣਾ, ਖੁਲਾਉਣਾ ॥

**ਕੂੰਡੀ,** ਸ:—ਛੋਟਾ ਕੂੰਡਾ, ਦੌਰੀ ॥

**ਕੂੰਡੀ ਸੋਟਾ,** ਪੁ:—ਭੰਗ ਆਦਿਕ ਰਗੜਨ ਵਾਲੀ ਦੌਰੀ ਅਤੇ ਡੰਡਾ ॥

**ਕੂਣ**<br>**ਕੂਣਾ** } ਪੁ:—ਨੁੱਕਰ, ਕੋਣਾ, ਖੂੰਜਾ ॥

Digitized by Panjab Digital Library | www.panjabdigilib.org

**ਕੂਤ,** ਸ਼ਃ—ਖੁਰਾਕ, ਅਜੀਉਕਾ, ਗੁਜ਼ਾਰਾ ॥

**ਕੂਤੀ,** ਸ਼ਃ—ਅੰਗੂਰਾਂ ਦਾ ਛੱਥਾ ॥

**ਕੂਪ,** ਪੁਃ—ਖੂਹ ॥

**ਅੰਧ ਕੂਪ,** ਪੁਃ—ਹਨੇਰਾ ਖੂਹ, ਨਰਕ, ਇੱਕ ਤਰਾਂ ਦੀ ਪਤੰਗ ॥

**ਕੂੰਬਲ** } ਸ਼ਃ—ਫੁੱਲ ਦੀ ਕਲੀ ॥
**ਕੂੰਮਲ** } ਵਿਃ—ਕੋਮਲ, ਨਰਮ ।

**ਕੂਮਲਤਾਈ,** ਸ਼ਃ—ਨਰਮੀ, ਮੁਲੈਮੀ ॥

**ਕੂਮਲੀ,** ਸ਼ਃ—ਫੁੱਲ ਦੀ ਕਲੀ, ਨੱਕ ਦਾ ਸਿਰਾ ।

**ਕੂਰ ਕੂਰ ਕਰਨਾ,** ਕ੍ਰਿਃ—ਕੁੱਤੇ ਨੂੰ ਬੁਲਾਉਣਾ ।

**ਕੂਲ੍ਹ,** ਸ਼ਃ—ਛੋਟੀ ਨਹਿਰ ਜਾਂ ਨਾਲਾ ।

**ਕੂਲੜਾ** / **ਕੂਲਾ** } ਵਿਃ—ਮੁਲੈਮ, ਨਰਮ ।

**ਕੂੜ,** ਪੁਃ—ਝੂਠ (ਬੋਲਣਾ, ਮਾਰਨਾ) ।

**ਕੂੜਾ** / **ਕੂੜਾ ਕਰਕਟ** } ਪੁਃ—ਹੂੰਝੀਹੋਈ ਮਿੱਟੀ ਆਦਿਕ ਮੈਲਾ ।

**ਕੂੜਾ,** ਵਿਃ—ਜਿਸ ਵਿੱਚ ਕੂੜ ਹੈ, ਝੂਠਾ ।

**ਕੇ,** ਅਵਃ—ਜਾਂ ਯਾ, (ਤੂੰ ਕੇ ਮੈਂ), ਦੇ (ਗੁਰ ਕੇ) ॥

**ਕੇਉੜਾ** / **ਕੇਵੜਾ** } ਪੁਃ—ਇੱਕ ਖੁਸ਼ਬੋ ਦਾਰ ਬੂਟਾ ਅਤੇ ਉਸ ਦਾ ਫੁੱਲ ॥

**ਕੇਸ,** ਪੁਃ—ਸਿਰ ਦੇ ਲੰਮੇ ਵਾਲ । ਡੱਬੀ, ਖਾਨਾ, ਮੁਕੱਦਮਾ, ਖਾਸ ਹਾਲਤ ਵਾਲੇ ਲੋਕ ॥

**ਕੇਸਾ ਕੇਸੀ** / **ਕੇਸਾਂ ਕੇਸੀ** } ਸ਼ਃ—ਇੱਕ ਦੂਜੇ ਦੇ ਕੇਸ ਫੜਕੇ ਜੋ ਲੜਾਈ ਹੋਵੇ ॥

**ਕੇਸਾ ਧਾਰੀ** / **ਕੇਸਾਂ ਧਾਰੀ** } ਪੁਃ—ਕੇਸ ਰੱਖਣ ਵਾਲਾ ਸਿੱਖ ॥

**ਕੇਸਰ,** ਪੁਃ—ਇੱਕ ਤਰਾਂ ਦਾ ਪੀਲਾ ਫੁੱਲ ॥

**ਕੇਸਰੀ** / **ਕੇਸਰੀਆ** } ਵਿਃ—ਕੇਸਰ ਦੇ ਰੰਗ, ਦਾ ਪੀਲਾ ॥

**ਕੇਸੀਂ ਅਸਨਾਨ,** ਪੁਃ—ਕੇਸਾਂ ਨੂੰ ਧੋਣਾ ॥

**ਕੇਸੂ,** ਪੁਃ—ਢਾਕ ਦੇ ਰੁੱਖ ਦਾ ਫੁੱਲ ॥

**ਕੇਸੂ ਫੁੱਲਣੇ,** ਕ੍ਰਿਃ—ਗੁੱਸਾ ਚੜ੍ਹਨਾ ।

**ਕੇਹਰ,** ਪੁਃ—ਸ਼ੇਰ, ਸ਼ੀਂਹ, ਚਿੱਤ੍ਰਾ ॥

**ਕੇਹਰੀ,** ਵਿਃ—ਸ਼ੇਰ ਦਾ, ਸ਼ੇਰ ਵਰਗਾ ॥

**ਕੇਹੜਾ,** ਪੁਃ / **ਕੇਹੜੀ,** ਸ਼ਃ } ਬਹੁਤਿਆਂ ਵਿੱਚੋਂ ਕੌਣ?–ਕੌਣ?

**ਕੇਹਾ,** ਵਿਃ—ਕਿਸ ਤਰਾਂ ਦਾ ।

**ਕੇਕ,** ਸ਼ਃ ਇੱਕ ਤਰਾਂ ਦੀ ਮਸਾਲੇ ਦਾਰ ਰੋਟੀ ॥

**ਕੇਂਚਵਾ** / **ਕੇਂਚੂਆ** } ਪੁਃ—ਇੱਕ ਗੋਲ ਕੀੜਾ ॥

**ਕੇਡ** ਪੁਃ / **ਕੇਡਾ** ਪੁਃ / **ਕੇਡੀ** ਸ਼ਃ } ਕਿੰਨਾ, ਕਿੰਨਾ ਲੱਮਾ ਚੌੜਾ ?

**ਕੇਤਕੀ,** ਪੁਃ—ਇੱਕ ਰੁੱਖ ਅਤੇ ਉਸ ਦਾ ਫੁੱਲ ॥

**ਕੇਤਲੀ,** ਸ਼ਃ—ਕੜਾਹਾ, ਦਲਟੋਹੀ, ਹਾਂਡਾ ॥

**ਕੈਂਦ,** ਪੁਃ—ਚੱਕਰ ਦੇ ਠੀਕ ਵਿਚਕਾਰਲੀ ਬਿੰਦੀ ॥

**ਕੈਂਦਾਂ,** ਪੜਃ—ਕਿਸ ਤਰਾਂ ? ਕਾਹਨੂੰ ? ਕਿਉਂਕਰ ॥

Digitized by Panjab Digital Library | www.panjabdigilib.org

**ਕਦਾਰ,** ਪੁ:-ਖੇਤ, ਪਹਾੜ, ਹਿਮਾਲਾ ਦਾ ਹਿੱਸਾ ॥

**ਕੇਦਾਰ ਨਾਥ,** ਪੁ:-ਇੱਕ ਤੀਰਥ, ਸ਼ਿਵ ਜੀ ॥

**ਕੇਰਣਾ,** ਕ੍ਰਿ:-ਥੋੜਾ ਥੋੜਾ ਸੁੱਟੀ ਜਾਣਾ, ਖਲੇਰਨਾ ॥

**ਕੇਰਾ,** ਪੁ:-ਕੇਰ ਕੇ ਪਾਏ ਹੋਏ ਬੀਜ, ਇੱਕ ਤਰਾਂ ਦਾ ਲੂਣ ॥

**ਕੇਰਾਂ,** ਕ੍ਰਿ: ਵਿ: ਇਕੇਰਾਂ, ਇੱਕ ਵੇਰੀ ॥

**ਕੇਰੀ,** ਸ:-ਆਵੇ ਦੀ ਮਿੱਟੀ, ਇੱਟਾਂ ਦਾ ਬੂਰਾ ॥

**ਕੇਲਾ,** ਪੁ:-ਇੱਕ ਰੁੱਖ ਤੇ ਉਸ ਦਾ ਫਲ ॥

**ਕੇਵਲ,** ਕ੍ਰਿ:, ਵਿ:-ਨਿਰਾ ਪੂਰਾ, ਸਿਰਫ ॥

**ਕੇਵੜ,** ਸ:-ਇੱਕ ਪੀਲੀ ਲਕੜੀ ਜਿਸ ਦੀਆਂ ਕੰਘੀਆਂ ਬਣਦੀਆਂ ਹਨ ॥

**ਕੇੜ੍ਹਾ** ਪੁ:<br>**ਕੇੜ੍ਹੀ** ਸ: } 'ਕੇਹੜਾ' ਵੇਖੋ ॥

**ਕੈ,** ਪੜ:-ਕਿੰਨੇ ॥
ਸ:-ਡਾਕੀ, ਉੱਪਰਛਲ (ਆਉਣੀ ਕਰਨੀ)।

**ਕੈਸ਼ ਬਕਸ,** ਪੁ:-ਨਗਦੀ ਪਾਉਣ ਵਾਲੀ ਸੰਦੂਕੜੀ (ਲੋਹੇ ਦੀ) ॥

**ਕੈਸ਼ ਬੁਕ,** ਸ:-ਵਹੀ, ਜਿਸ ਕਿਤਾਬ ਵਿਚ ਲੇਖਾ ਲਿਖਿਆ ਜਾਂਦਾ ਹੈ ॥

**ਕੈਂਸ,** ਸ:-ਖਿਝ, ਵੈਰ, ਝਗੜਾ ॥

**ਕੈਸਾ,** ਵਿ: ਕੇਹਾ, ਕਿਸ ਤਰਾਂ ਦਾ ॥

**ਕੈਂਸੀਆਂ,** ਸ:-( ਬਹੁ ਵ: ) ਹੱਥਾਂ ਵਿਚ ਫੜਕੇ ਵਜਾਉਣ ਵਾਲੀ ਇੱਕ ਧਾਤ ਦੀ ਜੋੜੀ ॥

**ਕੈਹਣਾ,** ਪੁ: ਪਿੱਤਾ, ਮੱਕੜ, ਨਾਲੇ 'ਕਹਿਣਾ' ਵੇਖੋ ॥

**ਕੈਚ,** ਪੁ:-ਕ੍ਰਿਕਟ ਵਿੱਚ ਹਿੱਟ ਵਾਲਾ ਗੇਂਦ ਬੋਚ ਲੈਣ ਦਾ ਕੰਮ (ਹੋਣਾ, ਕਰਨਾ) ॥

**ਕੈਂਚ,** ਸ:-ਇੱਕ ਤਰਾਂ ਦੀ ਲੰਗੋਟੀ ॥

**ਕੈਂਚਣ,** ਕੈਂਚਣੀ,-'ਕੰਚਨ' ਆਦਿਕ ਵੇਖੋ ॥

**ਕੈਂਚੀ,** ਸ:-ਕਤਰਨ ਵਾਲਾ ਧਾਤ ਦਾ ਜੰਤ੍ਰ, ਫਾਲਦੀ ਛੱਤ ਦੇ ਆਮੋ ਸਾਮ੍ਹਣੇ ਸਤੀਰਾਂ ਦੀ ਜੋੜੀ ॥

**ਕੈਂਠਾ,** ਪੁ:<br>**ਕੈਂਠੀ,** ਸ: } 'ਕੈਂਠਾ'-'ਕੈਂਠੀ' ਵੇਖੋ।

**ਕੈਡ (ਡਾ),** ਵਿ:-ਕਿਨਾ, ਕਿੰਨਾ ਲੰਮਾ ਜਾਂ ਵੱਡਾ।

**ਕੈਥ**<br>**ਕੈਂਥ** } ਪੁ:-ਹਿੰਦੂਆਂ ਦੀ ਇੱਕ ਜਾਤ ॥

**ਕੈਦ,** ਸ:-ਬੰਧਨ, ਬਾਂਧਾ, ਰੋਕ, ਵੱਸ, ਕਾਬੂ ॥
ਵਿ:-ਬੱਧਾ ਹੋਇਆ (ਹੋਣਾ, ਕਰਨਾ, ਰਹਿਣਾ, ਰੱਖਣਾ) ॥

**ਕੈਦ ਕੱਟਣਾ,** ਕ੍ਰਿ:-ਕੈਦ ਦਾ ਸਮਾ ਬਿਤਾਉਣਾ ॥

**ਕੈਦ ਖਾਨਾ,** ਪੁ:-ਕੈਦੀਆਂ ਦੇ ਰਹਿਣ ਦਾ ਘਰ, ਜੇਲ੍ਹ ਖਾਨਾ ॥

**ਕੈਦਾ,** ਪੁ:-ਨੇਮ, ਦਸਤੂਰ, ਉਰਦੂ ਦਾ ਬਾਲ ਉਪਦੇਸ਼।

**ਕੈਦਣ,** ਸ:<br>**ਕੈਦੀ,** ਪੁ: } ਜੋ ਕੈਦ ਹੈ ॥

**ਕੈਂਧ,** ਵਿ:-ਮੂਰਖ, ਅਹਿਮਕ, ਬੇ ਸਮਝ।

Digitized by Panjab Digital Library | www.panjabdigilib.org

**ਕੈਂਧ ਪੁਣਾ,** ਪੁ:
**ਕੈਂਧ ਵਾਈ,** ਸ: } ਮੂਰਖਤਾਈ, ਬੇ ਸਮਝੀ

**ਕੈਂਪ,** ਪੁ:—ਕੈਂਪੂ, ਤੰਬੂ, ਡੇਰਾ ॥

**ਕੈਮ,** ਕੈਮੀ—'ਕਾਇਮ' ਆਦਿਕ ਵੇਖੋ ।

**ਕੈਮਰਾ,** ਪੁ:—ਫੋਟੋ ਉਤਾਰਨ ਵਾਲਾ ਜੰਤ੍ਰ ।

**ਕੈਰ,** ਵਿ:—ਡਰਾਕਲ, ਥੋੜ੍ਹੇ ਦਿਲ ਵਾਲਾ ॥

**ਕੈਰ ਹੋ ਜਾਣਾ,** ਕ੍ਰਿ:—ਹਾਰ ਜਾਣਾ, ਹੌਸਲਾ ਨ ਰਹਿਣਾ ॥

**ਕੈਰਾ,** ਵਿ:—ਪੀਲੀਆਂ ਭੋਰੀਆਂ ਅੱਖਾਂ ਵਾਲਾ ॥

**ਕੈਰੋਂ,** ਪੁ:—ਰਾਜੇ ਕੁਰੂ ਦੀ ਉਲਾਦ ਜਿਨ੍ਹਾਂ ਦਾ ਪਾਂਡਵਾਂ ਨਾਲ ਜੁੱਧ ਹੋਇਆ ਸਾ ( ਮਹਾ ਭਾਰਤ ਦਾ)॥

**ਕੈਲ,** ਵਿ:—ਮੰਨ ਜਾਣ ਵਾਲਾ, ਜੋ ਜਵਾਬ ਨਾਂ ਦੇ ਸੱਕੇ । ( ਚੋਲਾ ) ॥
ਪੁ:—ਇੱਕ ਰੁੱਖ ।

**ਕੈਲਾ,** ਵਿ:—ਭੂਰੇ ਰੰਗ ਦਾ ( ਬੱਦਲ, ਘੋੜਾ, ਡੰਗਰ ) ॥

**ਕੈਲਾ ਕਪਲਾ,** ਵਿ:—ਭੂਰਾ ਅਤੇ ਕਾਲਾ ॥

**ਕੈਲਾਸ,** ਪੁ:—ਇੱਕ ਪਹਾੜ ਜਿੱਥੇ ਸ਼ਿਵਜੀ ਰਹਿੰਦਾ ਹੈ ॥

**ਕੈਂ,** ਪੜ:—ਕੋਈ, ਕੋਈ ਜਣਾ ॥

**ਕੈਆ**
**ਕੈਇਆ** } ਪੁ:—ਨੱਕ ਵਾਲੇ ਪਾਸੇ ਅੱਖ ਦੀ ਨੁੱਕਰ, ਗਨੇ ਦੀ ਗੱਠ ॥

**ਕੋਇਲ,** ਸ:—ਇੱਕ ਛੋਟੀ ਕਾਲੇ ਰੰਗ ਦਾ ਪੰਖੇਰੂ ।

**ਕੋਇਲਾ,** ਪੁ:—ਕੋਲਾ, ਸੜ ਕੇ ਕਾਲੀ ਹੋਈ ਹੋਈ ਲੱਕੜ ਦੇ ਟੁਕੜੇ ॥

**ਕੋਈ** ਪੜ:—ਬਹੁਤਿਆਂ ਵਿੱਚੋਂ ਇਕ ਭਾਵੇਂ ਕੇਹੜਾ (ਹੋ) ।

**ਕੋਈ ਹੈ** ਪੜ:—ਕੇਹੜਾ ਨੌਕਰ ਬਾਹਰ ਹੈ, ਆਵੇ॥

**ਕੋਈ ਕੋਈ,** ਪੜ:—ਟਾਵਾਂ, ਵਿਰਲੇ, ਬਹੁਤ ਥੋੜ੍ਹੇ ।

**ਕੋਈ ਘੜੀ ਦਾ ਗੁਜ਼ਾਰਾ ਹੈ,** ਥੋੜ੍ਹਾ ਚਿਰ ਜੀਉਣ ਜਾਂ ਰਹਿਣਾ ਹੈ ।

**ਕੋਈ ਨ ਕੋਈ,** ਪੜ:—ਇੱਕ ਜਣਾ ਜ਼ਰੂਰ ॥

**ਕੋਸ,** ਪੁ:—ਸੰਗੋ ਆਦਿਕ ਦੀ ਬਾਹ ਦੇ ਮੋਹਰੀ, ਬੋਹ ॥

**ਕੋਸਣਾ,** ਕ੍ਰਿ:—ਬੁਰਾ ਕਹਿਣਾ ਬਦ ਦੁਆਈਂ ਦੇਣੀਆਂ ।

**ਕੋਸਾ,** ਵਿ:—ਥੋੜ੍ਹਾ ਜਿਹਾ ਗਰਮ, ਨਿੱਘਾ, ਛੋਟੀ ਦਾੜ੍ਹੀ ਵਾਲਾ, ਜਿਸਨੂੰ ਮਾੜਾ ਮਾੜਾ ਤਾਪ ਹੋਵੇ।

**ਕੋਹ,** ਪੁ:—ਦੋ ਕੁ ਹਜ਼ਾਰ ਗਜ਼ ਦੀ ਵਿੱਥ॥

**ਕੋਹਣਾ,** ਕ੍ਰਿ:—ਮਾਰਣਾ, ਜਿੰਦ ਕੱਢਣੀ ॥

**ਕੋਹਣੀ,** ਸ:—ਬਾਹ ਦੇ ਜੋੜ ਦੀ ਹੱਡੀ ਅਰਕ ॥

**ਕੋਹਲੂ** ਪੁ:—ਤੇਲ ਕੱਢਣ ਵਾਲਾ ਜੰਤ੍ਰ ॥

**ਕੋਹੜ,**
**ਕੋਹੜਾ (ੜੀ)** } 'ਕੁਹੜ' ਆਦਿਕ ਵੇਖੋ ॥

**ਕੋਹਾੜੀ,** ਸ:—'ਕੁਹਾੜੀ' ਵੇਖੋ ॥

**ਕੋਕ,** ਸ:—ਕੱਚੀ ਸੁਆਈ, ਵਿੱਲੇ ਦਾਣੇ ॥

**ਕੋਕਸ਼ਾਸਤ੍ਰ,** ਪੁ:—ਜਿਸ ਪੁਸਤਕ ਵਿੱਚ ਇਸਤ੍ਰੀ ਵਿਦਯਾ ਹੈ ਅਰਥਾਤ ਇਸਤ੍ਰੀਆਂ ਦੀ ਪਛਾਣ ਅਤੇ ਭੋਗ ਕਰਨ ਦੇ ਢੰਗ ਲਿਖੇ ਹਨ॥

**ਕੋਕਨ ਬੇਰ**
**ਕੋਕਨੀ ਬੇਰ** } ਪੁ:—ਇੱਕ ਤਰਾਂ ਦੇ ਨਿੱਕੇ ਨਿੱਕੇ ਖੱਟ ਬੇਰ ॥

Digitized by Panjab Digital Library / www.panjabdigilib.org

**ਕੋਕਲਾ,** ਪੁ:—ਕੰਠ ਵਿੱਚ ਪਾਉਣ ਵਾਲਾ ਸ਼ੀਸ਼ੇਦਾ ਗਹਿਣਾ ॥

**ਕੋਕਲਾ (ਲਾਂ),** ਸ:—ਇੱਕ ਗਾਉਣਵਾਲਾ ਪੰਖੇਰੂ।

**ਕਕੂ,** —ਨਾਂ [illegible] ਦਾਲ ਦਾ ਦਾਲਾ ॥

**ਕੋਕਰੂ ਮੋਠ,** ਪੁ:—ਕਰੜੇ ਦਿਲ ਵਾਲਾ ਆਦਮੀ।

**ਕੋਕਾ,** ਪੁ:—ਬਹੁਤ ਨਿੱਕਾ ਕਿੱਲ ਜਾਂ ਮੇਖ, ਦਾਈ ਦਾ ਪੁੱਤ੍ਰ ।

**ਕੋਕੀ,** ਸ:—ਹੱਥ ਦੇ ਅੰਗੂਠੇ ਅਤੇ ਦੋ ਅਗਲੀਆਂ ਉਂਗਲਾਂ ਦੇ ਵਿਚਕਾਰਲੀ ਗੋਲ ਥਾਂ॥

**ਕੋਕੋ,** ਸ:—ਕਾਂ, ਹਊਆ॥

**ਕਖ,** ਪੁ:—ਕੁੱਖ, ਗਰਭ, ਢਿੱਡ ॥

**ਕੋਖ ਬੰਦ,** ਵਿ:—ਸੰਢ, ਜਿਸ ਨੂੰ ਗਰਭ ਨਾ ਹੋ ਸੱਕੇ ॥

**ਕੋਚਬਾਨ (ਵਾਣ),** ਪੁ:—ਬੱਘੀ ਹਿੱਕਣਵਾਲਾ ॥

**ਕੋਚ ਬਾਨਨੀ (ਵਾਨਣੀ),** ਸ:—ਕੋਚਵਾਨ ਦੀ ਤੀਵੀਂ ॥

**ਕੋਚ ਬਾਨੀ (ਵਾਨੀ)** ਸ:—ਕੋਚਵਾਨ ਦਾ ਕੰਮ॥

**ਕੋਝਾ,** ਪੁ: } ਜਿਸ ਦੀ ਸ਼ਕਲ ਬੁਰੀ ਹੈ, ਅੰਗ
**ਕੋਝੀ,** ਸ: } ਹੀਣ ॥

**ਕੋਟ,** ਪੁ:—ਕਿਲਾ, ਸਫੀਲ, ਮਹਿਲ, ਸ਼ੈਹਰ ਜਾਂ ਪਿੰਡ ਦੇ ਗਿਰਦੇ ਪੱਕੀ ਕੰਧ, ਅੰਗ੍ਰੇਜ਼ੀ ਕਣਾ ਦਾ ਚੋਗਾ ॥

ਵਿ:—ਕਰੋੜ, ਬਹੁਤ, ਅਲੇਖ ॥

**ਕੋਟਾ,** ਪੁ:—ਕਣਕ ਦੀ ਗਿਰੀ ਪਾਣੀ ਵਿਚ ਉਬਾਲੀ ਹੋਈ ।

**ਕੋਠੜਾ,** ਪੁ:—ਨਿੱਕਾ ਜਿਹਾ ਕੋਠਾ ਜਾਂ ਘਰ ॥

**ਕੋਠੜੀ,** ਸ:—ਘਰ, ਚੁਬਾਰਾ, ਨਿੱਕਾ ਜੇਹਾ ਅੰਦਰ, ਛੋਟਾ ਜੇਹਾ ਕਮਰਾ ॥

**ਕੋਠਾ,** ਪੁ:—ਘਰ, ਕੱਚਾ ਘਰ, ਛੱਤ, ਖਾਤਾ ॥

**ਕੋਠੇ ਤੇ ਚੜ੍ਹਕੇ ਨੱਚਣਾ,** ਕ੍ਰਿ: ਸ਼ਰਮ ਹਯਾ ਨਾ ਹੋਣੀ ॥

**ਕੋਠੀ,** ਸ:—ਘਰ, ਸਾਹਿਬਾਂ ਦਾ ਘਰ, ਖਾਤਾ, ਖਜ਼ਾਨਾ, ਬੈਂਕ ਘਰ, ਕਾਰਖਾਨਾ, ਸੁਦਾਗਰ ਦੀ ਦੁਕਾਨ, ਅਲਮਾਰੀ, ਰਖਣਾ, ਖਾਨਾਂ, ਪੁਲ ਦਾ ਥੰਮ੍ਹ, ਘਰ ਦਾ ਘੇਰਾ ॥

**ਕੋਠੀ ਰਲਣੀ (ਗਾਲਣੀ),** ਕ੍ਰਿ:—ਪੁਲ ਦਾ ਥੰਮ੍ਹ ਜਾ ਖੂਹ ਦਾ ਘੇਰਾ ਬਨਣਾ(ਬਨਾਉਣਾ)।

**ਕੋਠੀਦਾਰ** } ਪੁ:—ਵੱਡਾ ਸੌਦਾਗਰ,
**ਕੋਠੀ ਵਾਲ (ਲਾ)** } ਸੇਰਾਫ ॥

**ਕੋਡਾ,** ਵਿ:—ਅੱਗੇ ਨੂੰ ਝੁਕਿਆ ਹੋਇਆ (ਹੋਣਾ, ਕਰਨਾ)॥

**ਕੋਣ (ਣਾ),** ਪੁ:—ਨੁੱਕਰ, ਖੂੰਜਾ, ਝੁਕਾਉ (ਦੋ ਲਕੀਰਾਂ ਦਾ)।

**ਕੋਤਲ,** ਪੁ:—ਵੱਡੇ ਆਦਮੀਆਂ ਦੇ ਜਲੌ ਦਾ ਅਗਲਾ ਹਾਥੀ ਜਾਂ ਘੋੜਾ ।

**ਕੋਤਲ ਗਾਰਦ,** ਪੁ:—ਸਿਪਾਹੀਆਂ ਦੀ ਹਵਾਲਾਤ, ਜਿਸ ਥਾਂ ਵਿੱਚ ਸਿਪਾਹੀ ਕੈਦ ਕੀਤੇ ਜਾਣ ॥

**ਕੋਤਵਾਲ,** ਪੁ:—ਸ਼ਹਿਰ ਦੀ ਪੁਲਸ ਦਾ ਹਾਕਮ,।

Digitized by Panjab Digital Library | www.panjabdigilib.org

**ਕੋਤਵਾਲੀ,** ਸ਼:—ਕੋਤਵਾਲ ਦਾ ਦਫ਼ਤਰ, ਵੱਡਾ ਥਾਣਾ ॥

**ਕੋਤਵਾਲੀ ਜਾਣਾ,** ਕ੍ਰਿ:-ਫੌਜਦਾਰੀ ਮੁਕੱਦਮਾ ਕਰਨਾ ॥

**ਕੋਤਾ, ਕੋਤੇ** } ਵਿ:—ਥੋੜਾ, ਘਟੀਆ, ਅਧੂਰਾ ॥

**ਕੋਤਾ ਅੰਦੇਸ, ਕੋਤਾ ਹੰਦੇਸ** } ਵਿ: —ਜਿਸ ਨੂੰ ਦੂਰ ਦੀ ਨਾ ਸੁੱਝੇ।

**ਕੋਤੇ ਹਥਿਆਰਾਂ ਤੇ ਆਉਣਾ (ਆਜਾਣਾ),** ਕ੍ਰਿ:- ਲੜਨ ਦੇ ਸਮੇਂ ਛੇਤੀ ਵੱਟ ਤਿਆਰ ਹੋ ਜਾਣਾ ॥

**ਕੋਦਰਾ,** ਪੁ:—ਇੱਕ ਤਰ੍ਹਾਂ ਦਾ ਅਨਾਜ ॥

**ਕੋਦੋਂ,** ਪੁ: ਇੱਕ ਬਹੁਤ ਹੌਲਾ ਅਨਾਜ।

**ਕੋਧਾ ਦਲਣਾ,** ਕ੍ਰਿ: -ਬਰੀਕ ਪੀਹਣਾ।

**ਕੋਪ,** ਪੁ: ਕ੍ਰੋਧ, ਗੁੱਸਾ।

**ਕੋਪਮਾਨ,** ਵਿ:—ਕਰੋਧੀ, ਗੁੱਸੇ ਵਾਲਾ।

**ਕੋਪੀਣ,** ਸ਼:—ਇੱਕ ਤਰ੍ਹਾਂ ਦੀ ਲੰਗੋਟੀ।

**ਕੋਬਾ,** ਪੁ:-ਚਮੜਾ ਕੁੱਟਣ ਵਾਲਾ ਲਕੜੀ ਜਾਂ ਲੋਹੇ ਦਾ ਸੰਦ ॥

**ਕੋਮ,** ਸ਼: —ਜਾਤ, ਕੁਟੰਬ, ਪੰਥ ॥

**ਕੋਮਲ,** ਵਿ:—ਨਰਮ, ਮੁਲੈਮ ॥

**ਕੋਮਲਤਾ, ਕੋਮਲਤਾਈ** } ਸ਼:-ਨਰਮਾਈ, ਮੁਲੈਮੀ

**ਕੋਰ,** ਸ਼: -ਕੰਨੀ, ਪਾਸਾ, ਲਹੂ ਦੇ ਛੱਡੇ ਤੇ ਉਖੜਿਆ ਹੋਇਆ ਮਾਸ, ਦੋਸ਼, ਵੈਰੀ ॥

**ਕੋਰਨਾ,** ਕ੍ਰਿ:-ਖੰਦਲਾ, ਪੁੱਟਣਾ, ਪੁੱਟਕੇ ਕੱਢਣਾ ॥

**ਕੋਰਮਾ,** ਪੁ:—ਭੁੰਨਿਆ ਹੋਇਆ ਮਾਸ ॥

**ਕੋਰੜਾ,** ਪੁ:—ਚਾਬਕ ॥

**ਕੋਰਾ,** ਵਿ:-ਨਾ ਧੋਤਾ ਹੋਇਆ, ਬਿਲਕੁਲ ਨਵਾਂ ਸਾਫ਼, ਸੁੱਕਾ, ਅਨਪੜ੍ਹ ਜਿਸ ਨੂੰ ਕੁਝ ਨ ਮਿਲੇ।
ਪੁ:-ਬਰਫ਼, ਕੱਕਰ, ਰੇਸ਼ਮੀ ਘੱਗਰੀ, ਸਭਥੋਂ ਵੱਖਰਾ ਆਦਮੀ। ਰੁੱਖਾ ਆਦਮੀ ॥

**ਕੋਰੈਸ਼ੀ,** ਪੁ:—'ਕੁਰੈਸ਼ੀ' ਵੇਖੋ ॥

**ਕੋਲ,** ਅਵ:—ਨੇੜੇ, ਲਾਗੇ, ਪਾਸੇ, ਨਾਲ, ਰਾਹੀਂ॥
ਪੁ:—ਛੱਪਰ ਦਾ ਬਾਂਸ ਜਾਂ ਲੰਮੀ ਲਕੜੀ ॥

**ਕੋਲ ਕੋਲ, ਕੋਲੋ ਕੋਲ** } ਵਿ: —ਇੱਕ ਦੂਜੇ ਦੇ ਨੇੜੇ ॥

**ਕੋਲਾ,** ਪੁ: ਸੜ ਕੇ ਕਾਲੀ ਹੋਈ ਹੋਈ ਲਕੜੀ ਦੇ ਟੋਟੇ ॥

**ਕੋਲ੍ਹਾੜ, ਕੋਲ੍ਹੂ** } ਪੁ:-ਤੇਲ ਕੱਢਣ ਦਾ ਸੰਦ, ਵੇਲਣਾ, ਮੋਟਾ ਆਦਮੀ ॥

**ਕੋਲੋਂ,** ਅਵ:-ਨਾਲੋਂ, ਪਾਸੋਂ, ਤੋਂ ॥

**ਕੋਵੱਲਾ,** ਵਿ: ਉਲਟੀ ਗੱਲ ਕਰਨ ਵਾਲਾ, ਮੂਰਖ ॥

**ਕੋੜ੍ਹ, (ਕੋੜ੍ਹਾ ਜ਼ੀ)**—'ਕੁਹੜ' ਆਦਿਕ ਵੇਖੋ ॥

**ਕੋੜਮਾ,** ਪੁ:-ਟੱਬਰ, ਕਬੀਲਾ, ਪਰਵਾਰ ॥

**ਕੋੜਾ,** ਪੁ:-ਕਰੜਾ, ਚਾਬਕ ॥

**ਕੌਂਸਲ,** ਸ਼:-ਸਭਾ, ਕਮੇਟੀ, ਸਲਾਹ(ਕਰਨੀ)

Digitized by Panjab Digital Library | www.panjabdigilib.org

**ਕੌਂਸਲੀਆ,** ਪੁ:-ਕੌਂਸਲ ਕਰਨ ਵਾਲਿਆਂ ਵਿਚੋਂ ਕੋਈ ॥

**ਕੌਸਾਂ,** ਸ:-ਇੱਕ ਤਰਾਂ ਦੀ ਵਜਾਣੀ ਜੌੜੀ ਦਾ ਜੋੜਾ, ਧੌਸਾਂ ॥

**ਕੌਹਰ,** ਪੁ:-'ਕਚਿਰ' ਵੇਖੋ ॥

**ਕੌਚ (ਕੌਂਚ),** ਪੁ:-ਵਲੈਤੀ ਪਲੰਘ ॥

**ਕੌਡ,** ਪੁ:-ਵੱਡੀ ਕੌੜੀ, ਸ਼ੰਖ ।

**ਕੌਡਾ,** ਪੁ:-ਵੱਡੀ ਕੌਡੀ, ਕੱਛੂ ॥

**ਕੌਡਿਆਲਾ,** ਵਿ:-ਕੌਡੀਆਂ ਵਾਲਾ, ਚਿਤਕਬਰਾ ਸੱਪ ॥

**ਕੌਡੀ,** ਸ:-ਬਹੁਤ ਨਿੱਕਾ ਸੰਖ ਜਾਂ ਘੁੱਗੂ, ਸਿੱਪੀ, ਛਾਤੀ ਦੀ ਹੱਡੀ ਦੇ ਹੇਠ ਦਾ ਟੋਆ । ਧਨ ॥

**ਕੌਡੀਆ,** ਪੁ:-ਚਿਤਕਬਰਾ ਸੱਪ, ਕੌਡੀ ਦਾ ਗੁਲਾਮ ॥
ਵਿ:-ਕੌਡੀ ਦੇ ਮੁੱਲ ਦਾ ।

**ਕੌਣ,** ਪੜ:-ਕੇਹੜਾ (ੜੀ), ਕੀ ॥

**ਕੌਂਤ,** ਪੁ: ਖਸਮ, ਖੌਂਦ, ਮਾਲਕ, ਸਾਈਂ ॥

**ਕੌਂਤਕ,** ਪੁ: ਤਮਾਸ਼ਾ, ਅਨੋਖੀ ਗੱਲ, ਵਲ, ਚਲਿੱਤ੍ਰ ।

**ਕੌਂਦ,** ਪੁ:-ਮਹੀਨੇ ਦਾ ਕੇਹੜਾ ਦਿਨ ॥

**ਕੌਂਪਣੀ,** ਸ:-'ਕੰਪਨੀ' ਵੇਖੋ ॥

**ਕੌਫ,** ਪੁ:-ਖੌਫ, ਡਰ, ਭਉ ॥

**ਕੌਮ,** ਸ:-ਜਾਤ, ਕੁਟੰਬ, ਪੰਥ, ਕਿਸੇ ਦੇਸ਼ ਦੇ ਲੋਕ ।

**ਕੌਰ,** ਪੁ:—ਮੁੰਡਾ,ਬੱਚਾ, ਰਾਜੇ ਦਾ ਛੋਟਾ ਪੁੱਤ੍ਰ ॥
ਸ:—ਸਿੱਖਣੀਆਂ ਦੀਆਂ ਇਸਤ੍ਰੀਆਂ ਦੇ ਨਾਵਾਂ ਦਾ ਪਿਛਲਾ ਪਦ (ਚੰਦ ਕੌਰ) ॥

**ਕੌਰਾ,** ਵਿ:—ਪੀਲੀਆਂ ਅੱਖਾਂ ਵਾਲਾ ॥
ਪੁ: ਪਾਣੀ ਦਾ ਵੱਡਾ ਕੂੰਜਾ ।

**ਕੌਰੀ,** ਸ:—ਪਾਣੀ ਦੀ ਕੂੰਜੀ ॥

**ਕੌਲ,** ਪੁ:—ਧਾਤ ਦਾ ਕਟੋਰਾ, ਇੱਕ ਫੁੱਲ, ਬਚਨ (ਕੌਲ ਕਰਨਾ, ਦੇਣਾ, ਤੋਂ ਹਾਰਨਾ, ਦਾ ਸੱਚਾ ਜਾਂ ਪੂਰਾ) ॥

**ਕੌਲ ਕਰਾਰ,** ਪੁ:—ਬਚਨ, ਅਕਰਾਰ ॥

**ਕੌਲ ਡੋਡਾ,** ਪੁ:—ਕੌਲ ਫੁੱਲ ਦਾ ਫਲ ।

**ਕੌਲਣਾ,** ਕ੍ਰਿ:—ਖੌਲਣਾ, ਉਬਲਣਾ ॥

**ਕੌਲਾ,** ਪੁ:—ਚੋਰਸ ਥੰਮ੍ਹ, ਛੋਟੀ ਕੰਧ, ਬੂਹੇ ਜਾਂ ਚਬਾਰੇ ਦੀ ਨੁੱਕਰ ॥

**ਕੌਲੀ,** ਸ:—ਕਟੋਰੀ, ਧਾਤ ਦੀ ਪਿਆਲੀ, ਕਲਾਵਾ ॥

**ਕੌੜ,** ਪੁ:—ਕਈ ਤਰਾਂ ਦੀਆਂ ਬੂਟੀਆਂ ਦਾ ਨਾਉਂ, ਖਿਝ, ਵੈਰ, ਸਾੜਾ, ਭੈੜੇ ਸੁਭਾਉ ਵਾਲਾ ਤੈਹਰ ।

**ਕੌੜ ਗੰਦਲ,** ਸ:—ਕਵਾਰ ਗੰਦਲ,ਇੱਕ ਬੂਟੀ ॥

**ਕੌੜਨਾ,** ਕ੍ਰਿ:—ਵੈਰ ਕਰਨਾ, ਖਿਝਣਾ, ਕੁੜ੍ਹਨਾ ॥

**ਕੌੜੱਤਣ,** ਸ:—ਕੌੜੇ, ਹੋਣ ਦਾ ਗੁਣ ਜਾਂ ਸੁਆਦ ।

**ਕੌੜਾ,** ਪੁ:
**ਕੌੜੀ,** ਸ:
} ਵਿ:—ਤਲਖ, ਬੇ ਸੁਆਦ, ਸਖਤ ਗੁੱ ਸਵਾਲਾ ।

Digitized by Panjab Digital Library | www.panjabdigilib.org

**ਕੌੜਾ ਕਸੈਲਾ,** ਪੁ:—ਕੌੜੀਆਂ ਦੁਆਈਆਂ ॥

**ਕੌੜਾ ਘੁੱਟ,** ਪੁ:—ਔਖਾ ਕੰਮ ਜੋ ਜ਼ਰੂਰੀ ਹਵੇ ।

**ਕੌੜਾ ਪਾਣੀ,** ਪੁ:—ਸ਼ਰਾਬ ॥

**ਕੌੜਾ ਤੇਲ,** ਪੁ:—ਸਰ੍ਹੋਂ ਦਾ ਤੇਲ ॥

**ਕੌੜੀ ਵੇਲ ਵਾਂਙੂ ਵਧਣਾ,** ਕ੍ਰਿ:—ਮਨੁੱਖਦੇ ਪਰਿਵਾਰ ਦਾ ਵਾਧਾ ਹੋਣਾ (ਅਸੀਸ) ॥

## ਖ

**ਖ,** ਪੁ:—ਗੁਰਮੁਖੀ ਪੈਂਤੀ ਦਾ ਸਤਾਰ੍ਹਵਾਂ ਅੱਖਰ, ਖੱਖਾ ।

**ਖਊਂ ਖਊਂ ਕਰਨਾ,** ਕ੍ਰਿ:—ਖੰਘਣਾ ( ਖੁੱਥਿਆ ਵਾਚਕ ) ॥

**ਖਈ ਰੋਗ,** ਪੁ:—ਖੰਘ ਤਾਪ, ਸਿੱਲ ਦੀ ਬੀਮਾਰੀ ॥

**ਖਸ,** ਪੁ:—ਇੱਕ ਤਰਾਂ ਦੇ ਖ਼ੁਸ਼ਬੂਦਾਰ ਘਾਹ ਦੀ ਜੜ੍ਹ ॥

**ਖਸਕਾਸ**
**ਖਸਖਸ** } ਸ:—ਪੋਸਤ ਦੇ ਬੀ ॥

**ਖਸਕਾਮੀ**
**ਖਸਖਮੀ**
**ਖਸਖਾਸੀ** } ਵਿ:—ਟੋਟੇ ਕੇ ਬਹੁਤ ਛੋਟੇ ਕੀਤੇ ਹੋਏ ਵਾਲਾ ।

**ਖਸ਼ਟਮ(ਮੀ),** ਸ:—ਛੇਵੀਂ ਥਿੱਤ, ਛਠ ॥

**ਖੱਸਣਾ,** ਕ੍ਰਿ:—ਖੋਹਣਾ, ਜ਼ੋਰ ਨਾਲ ਲੈਣਾ ॥

**ਖਸਤਾ,** ਵਿ:—ਭੁਰ ਭੁਰਾ, ਜੋ ਸੌਖੀ ਤਰਾਂ ਤੋੜਿਆ ਜਾਵੇ ॥

**ਖਸਮ,** ਪੁ:—ਕੰਤ, ਗਭਰੂ, ਘਰ ਵਾਲਾ, ਮਾਲਕ ॥

**ਖਸਮਾਨਾ,** ਪੁ:—ਰਾਖਿਆ, ਸਹਾਇਤਾ ( ਜਿਵੇਂ ਖਸਮ ਕਰਦਾ ਹੈ) ॥
ਵਿ:—ਖਸਮ ਦਾ ॥

**ਖਸਰ,** ਸ:—ਰਗੜ, ਖਸਰ (ਲੱਗਣੀ) ॥

**ਖਸਰ ਖਸਰ ਕਰਨਾ,** ਕ੍ਰਿ:—ਰਗੜਨ ਦੀ ਅ[illegible]ਜ਼ ਕੱਢਣੀ ॥

**ਖਸਰਾ,** ਪੁ:—ਇੱਕ ਤਰਾਂ ਦਾ ਰੋਗ, ਨਿੱਕੀ ਮਾਤਾ (ਨਿਕਲਣੀ), ਪਿੰਡ ਦੇ ਖੇਤਾਂ ਦਾ ਨਕਸ਼ਾ, ਫ਼ਸਲ ਦਾ ਮੁੱਲ ਪਾਉਣਾ (ਕਰਨਾ), ਨਮਰਦ ॥

**ਖੱਸੀ,** ਵਿ:—ਜਿਸ ਦੇ ਨਲ ਕੱਢੇ ਜਾਣ, ( ਹੋਣਾ, ਕਰਨਾ ) ॥

**ਖੱਸੀ ਪਰਨਾਲਾ,** ਪੁ:—ਕੋਠੇ ਤੋਂ ਧਰਤੀ ਤੱਕ ਕੰਧ ਦੇ ਨਾਲ ਨਾਲ ਆਉਣ ਵਾਲਾ ਪਰਨਾਲਾ ॥

**ਖਸੀਹਤ,** ਸ: -ਗੁਣ, ਸੁਭਾਉ ॥

**ਖਸੋਟਣਾ,** ਕ੍ਰਿ:—ਖੋਹਣਾ, ਖੱਸਣਾ, [illegible] ਨਾ ਪਾੜਨਾ ॥

**ਖਹਾ ਖਹੀ,** ਸ:—ਆਪੋ ਵਿੱਚ ਵੈਰ ॥

**ਖਹਿ,** ਸ:—ਰਗੜ, ਵੈਰ, ਦੁਸ਼ਮਣੀ(ਕਰਨੀ) ॥

**ਖਹਿਣਾ,** ਕ੍ਰਿ:—ਰਗੜਨਾ, ਟੱਕਰਨਾ, ਵੈਰ ਕਰਨਾ, ਲੜਨਾ ॥

**ਖਹਿਬੜਨਾ,** ਕ੍ਰਿ:—ਲੜਨਾ, ਝਗੜਨਾ, ਸਾਮ੍ਹਣਾ ਕਰਨਾ ।

**ਖਹਿੜਾ,** ਪੁ: -ਪਿੱਛਾ, ਧੁਨ, ( ਖਹਿੜੇ ਪੈਣਾ, ਖਹਿੜਾ ਛੁੱਟਣਾ ) ॥

Digitized by Panjab Digital Library | www.panjabdigilib.org

**ਖਹੁਰਾ (ਰੀ),** ਵਿ:—ਖੁਰਦਰਾ (ਰੀ), ਸਖ਼ਤ, ਖਰਵਾ (ਵੀ) ॥

**ਖੱਖਰ,** ਸ:—ਭੇਮੂੰਆਂ ਦਾ ਘਰ ॥

**ਖੱਖਰ ਖਾਧਾ,** ਵਿ:—ਕੋਝਾ, ਬੇ ਡੌਲ ॥

**ਖੱਖਰ ਨੂੰ ਛੇੜਨਾ,** ਕ੍ਰਿ:—ਲੜਾਕੇ ਮਨੁਖ ਨੂੰ ਕੁਝ ਕਹਿਕੇ ਗਲ ਪਾ ਲੈਣਾ ॥

**ਖਖਵਾੜ (ੜਾ)** ਪੁ:—ਉਹ ਹੱਡੀ ਜਿਸ ਵਿੱਚ ਦੰਦ ਲੱਗੇ ਹੋਏ ਹੁੰਦੇ ਹਨ ।

**ਖਖੜੀ,** ਸ:—ਫੁੱਟ, ਲੰਮਾ ਖਰਬੂਜ਼ਾ, ਨਿੱਕੀ ਤਰ ॥

**ਖੱਖਾ,** ਪੁ:—ਗੁਰਮੁਖੀ ਦਾ ਸੱਤਵਾਂ ਅੱਖਰ ॥

**ਖਖਾਰ**
**ਖਖਾਰਨਾ** } 'ਖੰਘਾਰ' ਆਦਿਕ ਵੇਖੋ ॥

**ਖੰਗਾ,** ਪੁ:—ਘੀ ਕੁਆਰ ਦਾ ਪੱਤਾ ॥

**ਖੰਘ,** ਸ:—ਖਾਂਸੀ, ਬਲਗਮ ਕੱਢਣ ਵਾਸਤੇ ਫਿੱਫੜਿਆਂ ਦਾ ਜੋ ਜ਼ੋਰ ਲਗਦਾ ਹੈ ।

**ਖੰਘ ਤਾਪ,** ਪੁ:—ਫਿੱਫੜਿਆਂ ਦਾ ਨਾਸ ਕਰਨ ਵਾਲੀ ਬਿਮਾਰੀ, ਖਈ ਰੋਗ, ਸਿਲ ॥

**ਖੰਘਣਾ**
**ਖੰਘਾਰਨਾ**
**ਖੰਘੂਰਨਾ** } ਕ੍ਰਿ:—ਬਲਗਮ ਕੱਢਣ ਲਈ ਫਿਫੜਿਆਂ ਦਾ ਜ਼ੋਰ ਲਾਉਣਾ, ਖਾਂਸਣਾ ॥

**ਖੰਘਰ,** ਪੁ:—ਸੜੀ ਹੋਈ ਇੱਟ, ਪੱਥਰ ॥

**ਖੰਘਰੀ,** ਸ:—ਨਿੱਕਾ ਖੰਘਰ, ਇੱਕ ਤਰਾਂ ਦੀ ਮੱਠੀ ॥

**ਖੰਘਾਰ,** ਪੁ:—ਖੰਘ ਨਾਲ ਨਿਕਲੀ ਹੋਈ ਬਲਗਮ

**ਖੰਘਾਲ,** ਪੁ:—ਭਾਂਡੇ ਦੀ ਧੋਣ ॥

**ਖੰਘਾਲਣਾ,** ਕ੍ਰਿ:—ਭਾਂਡੇ ਨੂੰ ਧੋਣਾ ॥

**ਖੱਚ,** ਸ:—ਔਖ, ਤਕਲੀਫ਼, ਰੌਲਾ (ਕਰਨੀ) ਬਦਵਾਦ, ਬੁਰਾ ਆਦਮੀ ॥

**ਖੱਚਰ** ਸ:—ਘੋੜੀ ਵਿੱਚੋਂ ਖੋਤੇ ਦੀ ਉਲਾਦ, ਫਰੇਬੀ ਆਦਮੀ ॥

**ਖਚਰ**
**ਖਚਰਊ**
**ਖਚਰ ਪੁਣਾ**
**ਖਚਰਪੌ** } ਪੁ:—ਚਲਾਕੀ, ਫਰੇਬ, ਸ਼ੈਤਾਨੀ, ਹਠ, ਮਕਰ ॥

**ਖਚਰਾ**
**ਖਚਰੀ** } ਵਿ:—ਖੱਚਰ, ਚਲਾਕ, ਢੀਠ, ਜੋ ਮਕਰ ਕਰੇ ॥

**ਖਚਰਾਈ,** ਸ:—'ਖਚਰਊ' ਵੇਖੋ ॥

**ਖੱਚੋਂ,** ਸ:, ਵਿ:—ਦੂਸਰਾ ਕੀਮਤ, ਬਦਕਾਰ, ਬੇ ਹੂਦਾ ਗੱਲਾਂ ।

**ਖਚਿਤ,** ਵਿ:—ਬਹੁਤ ਲੱਗਾ ਹੋਇਆ, ਰਸਿਆ ਹੋਇਆ (ਮਨ) ॥

**ਖੰਜਨ,** ਪੁ:—ਇੱਕ ਪੰਖੇਰੂ, ਮਮੋਲਾ ॥

**ਖੰਜਰ,** ਪੁ:—ਨਿੱਕੀ ਤਲਵਾਰ, ਛੁਰਾ ॥

**ਖੰਜਰੀ,** ਸ:—ਇੱਕ ਤਰਾਂ ਦੀ ਡੱਫ, ਕੜਾ, ਇੱਕ ਰੇਸ਼ਮੀ ਕਪੜਾ ॥

**ਖੱਜਲ,** ਵਿ:—ਖਰਾਬ, ਅਵਾਰਾ, ਦੁਖੀ (ਹੋਣਾ ਕਰਨਾ) ॥

**ਖੱਜਲ ਖੁਆਰ,** ਵਿ:—ਤਬਾਹ, ਜਿਸ ਦਾ ਮੰਦਾ ਹਾਲ ਹੋ ॥

Digitized by Panjab Digital Library | www.panjabdigilib.org

**ਖਜ਼ਾਨਚੀ,** ਪੁ:—ਖਜ਼ਾਨਾ ਸਾਂਭਣ ਵਾਲਾ, ਰੁਪਿਯਾ ਪੈਸਾ ਰੱਖਣ ਵਾਲਾ।

**ਖਜ਼ਾਨਾਂ, ਖਜ਼ਾਨਾ** ਪੁ:—ਭੰਡਾਰ, ਜਿੱਥੇ ਧਨ ਰੱਖਿਆ ਜਾਵੇ ॥

**ਖਜਾਲਤ,** ਸ:—ਖੇਚਲ, ਖਰਾਬੀ, ਖੁਆਰੀ ॥

**ਖੱਜੀ, ਖਜੂਰ** ਸ:—ਇੱਕ ਮਿੱਠਾ ਫਲ ਅਤੇ ਰੁੱਖ, ਖਜੂਰ ਦੀ ਸ਼ਕਲ ਦੀ ਮਠਿਆਈ ॥

**ਖਜੂਰੀ,** ਵਿ:—ਖਜੂਰ ਦਾ ॥
ਸ:—ਲੱਕ ਦਾ ਇੱਕ ਗਹਿਣਾ ॥

**ਖਟ,** ਪੁ:—ਇੱਕ ਰਾਗਣੀ ॥
ਵਿ:—ਛੇ ॥

**ਖਟ ਸ਼ਾਸਤ੍ਰ, ਖਟ ਦਰਸ਼ਣ** ਹਿੰਦੂਆਂ ਦੇ ਪ੍ਰਸਿੱਧ ਛੇ ਤ ਵਿਦਯਾ ਦੇ ਛੇ ਪੁਸਤਕ (ਨਯਾਯ, ਸਾਂਖ੍ਯ, ਵੈਸ਼ੇਸ਼ਿਕ, ਯੋਗ, ਮੀਮਾਂਸਾ, ਵੇਦਾਂਤ) ॥

**ਖੱਟ,** ਸ:—ਮੰਜੀ, ਕੁੜੀ ਦੇ ਵਿਆਹ ਤੇ ਮਾਪਿਆਂ ਦੀਆਂ ਦਿੱਤੀਆਂ ਹੋਈਆਂ ਚੀਜ਼ਾਂ, ਕਮਾਈ, ਲਾਹਾ।

**ਖੱਟ ਮਣਸਣੀ,** ਕ੍ਰਿ:—ਖੱਟ ਦੀਆਂ ਚੀਜ਼ਾਂ ਚੁਣ ਕੇ ਪਾ ਕੇ ਜੁਆਈ ਨੂੰ ਦੇਣੀਆਂ।

**ਖੱਟ ਵਛਾਉਣੀ,** ਕ੍ਰਿ:—ਖੱਟ ਦੀਆਂ ਚੀਜ਼ਾਂ ਖਲੇਰ ਕੇ ਰੱਖਣੀਆਂ।

**ਖਟਕ,** ਸ:—ਸੰਸਾ, ਡਰ, ਭੌ, ਪੈਰਾਂ ਦੀ ਅਵਾਜ਼ ॥

**ਖਟਕਣਾ,** ਕ੍ਰਿ:—ਖਟਾਰਨਾ, ਚਿੰਤਾ ਦਾ ਕਾਰਣ ਹੋਣਾ, ਚੁਭਣਾ।

**ਖਟਕਾ,** ਪੁ:—ਸੰਸਾ, ਡਰ, ਭੌ, ਖਤਰਾ ॥

**ਖਟਕਾਉਣਾ,** ਕ੍ਰਿ:—ਬੂਹੇ ਦੀ ਕੁੰਡੀ ਹਿਲਾਉਣਾ ਜਾਂ ਸੱਟ ਮਾਰਨੀ।

**ਖੱਟਣਾ,** ਕ੍ਰਿ:—ਕਮਾਉਣਾ, ਪੁੱਟਣਾ, ਖੋਦਣਾ ॥

**ਖੱਟ ਪੱਟ,** ਸ:—ਲੜਾਈ, ਝਗੜਾ, ਵੈਰ ਵਿਰੋਧ ॥

**ਖਟਮਲ,** ਪੁ:—ਇੱਕ ਕੀੜਾ, ਮੰਗਣੂੰ ॥

**ਖਟਮਿੱਠਾ,** ਵਿ:—ਅੱਧਾ ਖੱਟਾ, ਅੱਧਾ ਮਿੱਠਾ। ਸੁਆਦਲਾ ॥

**ਖੱਟਰ,** ਸ:—ਗਊ ਜਾਂ ਮਹਿੰ ਜਿਸ ਦਾ ਦੁੱਧ ਚੋਣਾ ਔਖਾ ਹੋਵੇ ॥

**ਖਟਵਾਉਣਾ,** ਕ੍ਰਿ: ਖੱਟਣ ਦਾ ਕੰਮ ਕਰਾਉਣਾ ॥
ਪੁ:—ਦੋ ਕੜੀਆਂ ਦੇ ਵਿਚਕਾਰ ਛੱਤ ਦਾ ਹਿੱਸਾ, ਘਰ ਦਾ ਚੁਬਾਰਾ।

**ਖੱਟਾ** ਪੁ:—ਇੱਕ ਫਲ ਨਿੰਬੂ ਵਰਗਾ, ਪੀਲਾ ਰੰਗ, ਖੱਟੀ ਲੱਸੀ, ਦੁਧ ਦੀ ਜਾਗ, ਖਟਿਆਈ।
ਵਿ:—ਤੁਰਸ਼, ਪੀਲਾ, ਗੁੱਸੇ (ਜੀ ਜਾਂ ਦਿਲ ਹੋਣਾ, ਕਰਨਾ)।

**ਖੱਟਾ ਟੀਟ,** ਵਿ:—ਬਹੁਤ ਖੱਟਾ।

**ਖਟਾਉਣਾ,** ਕ੍ਰਿ:—ਖੱਟੀ ਕਰਾਉਣੀ, ਦੁਆਉਣਾ, ਲਭਾਉਣਾ ॥

**ਖਟਾਊ,** ਪੁ:—ਖੱਟਣ ਜਾਂ ਖਟਾਉਣ ਵਾਲਾ ॥

**ਖਟਾਈ,** ਸ:—'ਖਟਿਆਈ' ਵੇਖੋ ॥

**ਖਟਾਸ,** ਸ:—ਖੱਟਾ ਸੁਆਦ, ਖਟਿਆਈ ॥

**ਖਟਾ ਪਟੀ** ਸ:—ਲੜਾਈ, ਝਗੜਾ, ਵੈਰ ਵਿਰੋਧ ॥

**ਖਟਿਆਊ,** ਵਿ:, ਪੁ:—ਖੱਟਣ ਕਮਾਉਣ ਵਾਲਾ।

**ਖਟਿਆਈ,** ਸ:—ਤੁਰਸ਼ੀ, ਖੱਟਾ ਸੁਆਦ, ਕੱਚੇ ਅੰਬ ਕੱਟ ਕੇ ਸੁਕਾਏ ਹੋਏ ॥

Digitized by Panjab Digital Library | www.panjabdigilib.org

**ਖਟਿਆਹਣ**
**ਖਟਿਆਂਧ** } ਸਃ —ਖਟਿਆਈ ਦੀ ਮੁਸ਼ਕ ।

**ਖੱਟੀ,** ਸਃ—ਕਮਾਈ, ਇਕ ਖਟਾ ਫਲ ॥
ਵਿਃ—ਪੀਲੀ

**ਖਟੀਕ,** ਪੁਃ
**ਖਟੀਕਣੀ,** ਸਃ } ਚਮੜਾ ਕੰਮ ਕਰਨ ਵਾਲੀ ਜਾਤ, ਚਮਰੰਗ ।

**ਖੱਟੂ,** ਪੁਃ—ਖੱਟਣ ਵਾਲਾ, ਕਮਾਊ ॥

**ਖਟੋਲਾ,** ਪੁਃ
**ਖਟੋਲੀ,** ਸਃ } ਨਿੱਕੀ ਜਿਹੀ ਮੰਜੀ ਬਚਿਆਂ ਦੀ॥

**ਖੱਡ,** ਸਃ—ਟੋਇਆ, ਖਾਈ, ਪਹਾੜੀ ਨਾਲਾ ॥

**ਖੰਡ,** ਸਃ—ਗੰਨੇ ਆਦਿਕ ਦਾ ਰਸ ਸੁਕਾਕੇ ਆਟੇ ਵਾਂਗਰ ਕੀਤਾ ਹੋਇਆ ॥
ਪੁਃ—ਪਾਸਾ, ਥਾਂ, ਹਿਸਾ ਟੋਟਾ ॥

**ਖੰਡ ਪਰੀਟਣਾ,** ਕ੍ਰਿਃ ਆਦਰ ਜਾਂ ਖਾਤਰ ਕਰਨਾ ।

**ਖੰਡਣ,** ਪੁਃ—ਤੋੜਨ, ਭੰਨਣ ਜਾਂ ਰੱਦਣ ਦਾ ਕੰਮ (ਹੋਣਾ, ਕਰਨਾ)।

**ਖੰਡਣਾ,** ਕ੍ਰਿਃ—ਭੰਨਣਾ, ਤੋੜਨਾ, ਰੱਦਣਾ ॥

**ਖੰਡਤ,** ਵਿਃ ਟੁੱਟਾ, ਹੋਇਆ, ਭੱਜਾ ਹੋਇਆ (ਹੋਣਾ, ਕਰਨਾ)।
ਸਃ—ਰੋਕ, ਵਿਘਨ (ਹੋਣੀ, ਕਰਨੀ) ॥

**ਖੰਡਰ,** ਪੁਃ—ਡਿਗੇ ਢਠੇ ਘਰ, ਥੇਹ ॥

**ਖੰਡਾ,** ਪੁਃ—ਦੋਧਾਰੀ ਤਲਵਾਰ, ਚੌੜੀ ਸਿਧੀ ਤਲਵਾਰ ॥

**ਖਡਾਉਣਾ,** ਕ੍ਰਿਃ—ਖੇਡਣ ਦਾ ਕੰਮ ਕਰਾਉਣਾ, ਜੀ ਲਾਉਣਾ ।

**ਖੰਡਾਉਣਾ,** ਕ੍ਰਿਃ ਖਲੇਰਨਾ, ਕੇਰਨਾ, ਫੈਲਾ-ਉਣਾ

**ਖੱਡੀ,** ਸਃ—ਧਰਤੀ ਵਿਚ ਇੱਕ ਟੋਆ ਜਿਸ ਵਿਚ ਪੈਰ ਰੱਖ ਕੇ ਜੁਲਾਹਾ ਕਪੜਾ ਬੁਣਦਾ ਹੈ ।

**ਖੰਡੀ,** ਸਃ—ਹਾਥੀ ਦੰਦ ਦਾ ਟੋਟਾ ਜਿਸ ਦਾ ਚੂੜਾ ਬਣਦਾ ਹੈ ॥

**ਖੰਡੂ,** ਪੁਃ—ਇਕ ਭਰੀ ਦਾ ਚਾਰਾ, ਮਟਰ, ਪਾਟੇ ਹੋਏ ਬੁੱਲ੍ਹਾਂ ਵਾਲਾ ॥

**ਖਡੌਣਾ,** ਪੁਃ—ਖੇਡਣ ਦੀ ਚੀਜ਼ ॥

**ਖੰਦਰ,** ਪੁਃ—ਪਥਰੀਲੀ ਨਿਕੰਮੀ ਧਰਤੀ, ਟੁੱਟੇ ਭੱਜੇ ਘਰ ॥

**ਖਣ,** ਪੁਃ—ਛੱਤ ਦੀਆਂ ਦੋ ਕੜੀਆਂ ਦੇ ਵਿਚਲੀ ਥਾਂ, ਘਰ ਦੀ ਮੰਜ਼ਲ ।

**ਖਤ,** ਪੁਃ—ਚਿੱਠੀ, ਲਿਖਾਈ, ਝਰੀਟ, ਲਕੀਰ, ਦਾੜ੍ਹੀ ਜਾਂ ਮੁੱਛਾਂ ਦੇ ਸਿੱਧੇ ਵਾਲ, ਫਾਲਤੂ ਵਾਲ ਕੱਢ ਸਿੱਟਣੇ (ਕਰਨਾ, ਬਣਾਉਣਾ) ॥
ਸਾਹਿਦੇ ਰਹਿਣ ਦੀ ਥਾਂ ॥

**ਖਤ ਬਤ ਖਤ ਬਤ,** ਪੁਃ—ਗਾੜ੍ਹੀਆਂ ਚੀਜ਼ਾਂ ਦੇ ਖੌਲਣ ਦੀ ਅਵਾਜ਼ (ਕਰਨਾ, ਪਾਉਣਾ) ॥

**ਖਤਮੀ,** ਸਃ—ਇਕ ਬੂਟੀ ॥

**ਰੇਸ਼ਾ ਖਤਮੀ,** ਸਃ—ਖਤਮੀ ਦੀ ਜੜ੍ਹ ॥

**ਖਤਰੰਮ**
**ਖਤ੍ਰੰਮ** } ਪੁਃ—ਖੱਤਰੀਆਂ ਦੀ ਚਾਲ, ਖਤ੍ਰੀ ਦਾ ਧਰਮ ॥

Digitized by Panjab Digital Library | www.panjabdigilib.org

**ਖਤਰੰਮਾ / ਖਤ੍ਰੰਮਾ** } ਪੁ:—ਖਤ੍ਰੀਆਂ ਦੀ ਬਰਾਦਰੀ ॥ ਵਿ:—ਖਤ੍ਰੀਆਂ ਦਾ

**ਖਤਰਾ / ਖਤ੍ਰਾ** } ਪੁ:—ਡਰ, ਭੈ ( ਪੈਣਾ, ਪਾਉਣਾ ) ॥

**ਖਤ੍ਰੇ ਜਾਣਾ,** ਕ੍ਰਿ:—ਝਾੜੇ ਜਾਂ ਟੱਟੀ ਜਾਣਾ ॥

**ਖਤਰਾਣੀ / ਖਤ੍ਰਾਣੀ** } ਸ:—ਖਤ੍ਰੀਆਂ ਦੀ ਜਾਤ ਦੀ ਤੀਮਤ ॥

**ਖੱਤਰੀ / ਖਤ੍ਰੀ** } ਪੁ:—ਹਿੰਦੂਆਂ ਦੀ ਦੂਜੀ ਜਾਤ, ਸਿਪਾਹੀ ਹਟਵਾਣੀਆ ॥

**ਖਤ੍ਰੇਟਾ (ਟੀ)** ਪੁ:, ਸ:—ਖਤ੍ਰੀ ਦਾ ਬੇਟਾ (ਟੀ) ॥

**ਖਤਾ,** ਸ:—ਕਸੂਰ, ਦੋਸ, ਅਪਰਾਧ, ਭੁੱਲ ॥

**ਹੋਸ਼ ਖਤਾ ਹੋਣੀ,** ਕ੍ਰਿ:—ਸੁਰਤ ਮਾਰੀ ਜਾਣੀ ॥

**ਖਤਾ ਖਾਣਾ** ਕ੍ਰਿ:—ਧੋਖੇ ਵਿੱਚ ਆਕੇ ਨੁਕਸਾਨ ਉਠਾਉਣਾ ।

**ਖਤਾ ਜਾਣਾ,** ਕ੍ਰਿ:—ਕੋਈ ਗੱਲ ਬਿਅਰਥ ਹੋਣੀ.

**ਖੱਤਾ,** ਪੁ:—ਗੁਲੇਲ ਦਾ ਉਹ ਹਿੱਸਾ ਜਿਸ ਤੇ ਗਾਲੀ ਚਲਦੀ ਹੈ, ਧਰਤੀ ਦਾ ਟੁਕੜਾ, ਖੇਤ, ਅਨਾਜ ਦਾ ਟੋਆ ॥

**ਖਤਾਈ,** ਸ:—ਇੱਕ ਤਰਾਂ ਦੀ ਮਠਿਆਈ ॥

**ਖਤਾਬ,** ਪੁ:—ਪਦਵੀ, ਸਰਕਾਰੋਂ ਮਿਲਿਆ ਹੋਇਆ ਇੱਜ਼ਤ ਵਾਲਾ ਨਾਉਂ ।

**ਖੰਦਕ,** ਸ:—ਟੋਇਆ, ਖਾਈ ॥

**ਖਦਬਦ ਖਦਬਦ—** 'ਖਤ ਬਤ ਖਤ ਬਤ' ਵੇਖੋ ॥



**ਖਦ ਮੁੱਦਾ,** ਪੁ:—ਖੇਤੀ ਕਰਨ ਵਾਲੇ ਕਾਮਿਆਂ ਨੂੰ ਜੋ ਮਜੂਰੀ ਅਤੇ ਨਾਲੇ ਕੱਠਾ ਕੱਢਾ, ਸਰੋ ਪਾ ਜਾਂ ਕਦੇ ਕਦੇ ਜੁੱਤੀ ਕਪੜੇ ਆਦਿਕ ਮਿਲਦੇ ਹਨ ॥

**ਖੱਦਰ,** ਪੁ:—ਇੱਕ ਮੋਟਾ ਸੂਤੀ ਕਪੜਾ

**ਖੰਦਾ,** ਵਿ:—ਮਧਰਾ, ਛੋਟੇ ਕੱਦ ਦਾ, ਨੀਚ ॥ ਪੁ:—ਛੋਟੇ ਕੱਦ ਦਾ ਕੁੱਤਾ

**ਖੰਦੀ,** ਸ:—ਛੋਟੀ ਕੁੱਤੀ, ਹਰਨ ਦੀ ਸ਼ਕਲ ਦੀ ਬਕਰੀ ।

**ਖਦੇਵ,** ਪੁ:—ਮਿਸਰ ਦੇਸ ਦਾ ਪਾਤਸ਼ਾਹ ॥

**ਖਦੇੜ,** ਪੁ:—ਪਿਛਾ, ਨਿਕਾਲਾ ॥

**ਖਦੇੜਨਾ,** ਕ੍ਰਿ:—ਪਿੱਛਾ ਕਰਨਾ, ਬਾਹਰ ਕੱਢਣਾ ॥

**ਖਦੇੜੂ,** ਪੁ:—ਪਿੱਛਾ ਕਰਨ ਵਾਲਾ, ਬਾਹਰ ਕੱਢਣ ਵਾਲਾ ।

**ਖੰਦੋਲਾ,** ਪੁ:—ਗੋਂਦਰੀ, ਇੱਕ ਤਰਾਂ ਦਾ ਕੱਦੂ ॥

**ਖੰਧਾ,** ਪੁ:—ਮੱਝਾਂ ਦਾ , ਗ, ਝੋਲ਼ ॥

**ਖੰਨਾ,** ਵਿ:—ਅੱਧਾ । ਪੁ:—ਖਤ੍ਰੀਆਂ ਦੀ ਇੱਕ ਜਾਤ ॥

**ਖੰਨੀ,** ਵਿ:—ਅੱਧੀ ॥ ਸ:—ਰੋਟੀ ਦਾ ਟੁਕੜਾ, ਅੰਗ ਹੱਥਾਂ ਵਿੱਚ ਵੱਢ ਕੇ ਬੇ ਦੋਸੇ ਹੋਣ ਦਾ ਸਬੂਤ ਦੇਣਾ ॥

**ਖਨੂਹਣਾ,** ਕ੍ਰਿ:—ਖੁਰਕਣਾ, ਖਾਜ ਕਰਨੀ ॥

**ਖਨੌਤੀ,** ਪੁ:—ਇੱਕ ਪਖੇਰੂ ॥

Digitized by Panjab Digital Library | www.panjabdigilib.org

**ਖਪ,** ਪੁ:—ਘਬਰਾਉ ਔਖ, ਰੌਲਾ ਗੌਲਾ ॥

**ਖੱਪ,** ਸ:—ਝਗੜਾ, ਝੰਬੇਲਾ, ਬਖੇੜਾ, ਰੌਲਾ (ਕਰਨੀ, ਪਾਉਣੀ) ॥

**ਖਪਖਪਾ,** ਪੁ:—ਘਬਰਾਉ, ਰੌਣਾ, ਕੁਰਲਾਉਣਾ, ਵਿਰਲਾਪ ॥

**ਖੱਪਣ,** ਸ:—ਖੱਪ ਪਾਉਣ ਵਾਲੀ ਤ੍ਰੀਮਤ ।

**ਖਪਣਾ,** ਕ੍ਰਿ:—ਖਲਪਲਾ, ਕੁੜ੍ਹਨਾ, ਸੁੱਕ ਜਾਣਾ, ਨਸ਼ਟ ਹੋਣਾ, ਖਰਚ ਹੋ ਜਾਣਾ, ਲੱਗ ਜਾਣਾ ॥

**ਖਪਤ,** ਸ:—ਵਿਕਰੀ, ਖਰਚ ॥
ਪੁ:—ਸੁਦਾ, ਕਮਲ ॥

**ਖਪਤਣ,** ਸ:
**ਖਪਤੀ,** ਪੁ: } ਜਿਸ ਨੂੰ ਖਪਤ, ਸੁਦਾ ਜਾਂ ਵਹਿਮ ਹੋਵੇ ॥

**ਖੱਪਰ,** ਪੁ:—ਅੰਗੀਠੀ, ਅੱਧਾ ਤਰਬੂਜ਼, ਫਕੀਰਾਂ ਦਾ ਪਿਆਲਾ, ਢੋਉਰੇ ਦਾ ਮੂੰਹ, ਬੁੱਢਾ, (ਬੁੱਢਾ ਖੱਪਰ) ॥

**ਖਪਰਾ,** ਪੁ:
**ਖਪਰੀ,** ਸ: } ਅਨਾਜ ਨੂੰ ਲੱਗਣ ਵਾਲਾ ਇੱਕ ਕੀੜਾ, ਚੌੜੇ ਤੀਰ ਦੀ ਨੋਕ ॥

**ਖਪਰੈਲ,** ਪੁ:—ਪੱਕੀ ਮਿੱਟੀ ਦੀ ਪਤਲੀ ਸਿਲ ਜਾਂ ਨਲੀ ॥

**ਖਪਵਾਉਣਾ,** ਕ੍ਰਿ:—ਖਰਚ ਕਰਾਉਣਾ, ਲਗਾਉਣਾ ॥

**ਖਪਾ,** ਪੁ:—ਖਰਚ, ਲਾਗਤ, ਵਰਤਾਉ ॥

**ਖੱਪਾ,** ਪੁ:—ਕੰਧ ਦਾ ਟੋਆ, ਗਲੀ, ਛੇਕ, ਪਹਾੜ ਦਾ ਤੰਗ ਰਸਤਾ ॥

**ਖਪਾਉ,** ਪੁ:—ਲਾਗਤ, ਵਿਕਰੀ ॥

**ਖਪਾਉਣਾ,** ਕ੍ਰਿ: ਮੁਕਾ ਦੇਣਾ, ਨਾਸ ਕਰਨਾ, ਖਰਚਣਾ, ਸਤਾਣਾ, ਦੁਖ ਦੇਣਾ (ਸਿਰ ਖਪਾਉਣਾ) ॥

**ਖੱਪੀ,** ਪੁ:—ਖੱਪ ਪਾਉਣ ਵਾਲਾ, ਝਗੜਾਲੂ ।

**ਖਫਗਾਣ,** ਪੁ:—ਦਿਲ ਦੀ ਧੜਕੀ, ਸੁਦਾਉ ॥

**ਖ਼ਫਗੀ,** ਸ:—ਗੁੱਸਾ, ਕ੍ਰੋਧ ॥

**ਖੱਫਣ,** ਪੁ:—ਮੁਰਦੇ ਨੂੰ ਲਪੇਟਣ ਵਾਲਾ ਕਪੜਾ ॥

**ਖਫਤ,**
**ਖਫਤ ਪੁਣਾ,** } ਪੁ:—ਸੁਦਾਉ, ਕਮਲ, ਗੁੱਸਾ ॥

**ਖਫਤਣ** ਸ:
**ਖ਼ਫਤੀ,** ਪੁ: } ਜਿਸ ਨੂੰ ਖਫਤ ਹੋ ॥

**ਖਫਾ,** ਵਿ:—ਗੁੱਸੇ, ਰੁੱਸਿਆ ਹੋਇਆ ॥

**ਖੱਬ,** ਸ:—'ਖੱਬੀ' ਵੇਖੋ ॥

**ਖਬਚੂ,** ਪੁ:—ਖੱਬੇ ਹੱਥ ਨਾਲ ਕੰਮ ਕਰਨ ਵਾਲਾ ॥

**ਖਬਰ,** ਸ:—ਸਮਾਚਾਰ, ਸਾਰ, ਸੁਧ, ਰਪੋਟ। ਸੋਝੀ, ਸੂਹ, ਪਤਾ, ਗਿਆਨ, ਕਿਸੇ ਦਾ ਹਾਲ ਪੁੱਛਣਾ (ਕੀ ਖ਼ਬਰ ਹੈ) (ਖ਼ਬਰ ਆਉਣੀ ਹੋਣੀ, ਕਰਨੀ, ਦੱਸਣੀ, ਦੇਣੀ, ਲਿਆਉਣੀ, ਲੈਣੀ) ॥

**ਖਬਰ ਸਾਰ,** ਸ:—ਹਾਲ ਹਵਾਲ, ਬਿਰਤਾਂਤ ॥

**ਖ਼ਬਰ ਦਾਰ,** ਵਿ:—ਹੁਸ਼ਿਆਰ, ਚੌਕਸ ॥

**ਖ਼ਬਰ ਦਾਰ!** ਵਿ: ਖੰ:—ਹੁਸ਼ਿਆਰ ਰਹ ॥

**ਖ਼ਬਰ ਦਾਰੀ,** ਸ:—ਹੁਸ਼ਿਆਰੀ, ਚੌਕਸੀ ॥

Digitized by Panjab Digital Library | www.panjabdigilib.org

**ਖਬਰ ਲੱਗਣੀ,** ਕ੍ਰਿ:—ਮਲੂਮ ਹੋਣਾ, ਹੋਸ਼ ਆਉਣੀ ॥

**ਖਬਰ ਲੈਣੀ,** ਕ੍ਰਿ:—ਬਦਲਾ ਲੈਣਾ, ਸਿੱਝਣਾ ॥

**ਖਬਰੂ,** ਖਬਰਾਂ ਦੇਣ ਵਾਲਾ ॥

**ਖੱਬਲ, ਖੱਬਲ,** ਪੁ:—ਚੰਗਾ ਘਾਹ, ਦੱਭ ॥

**ਖੱਬੜ, ਖੱਭੜ,** ਪੁ:—ਹਿੰਗਾਂ ਵਾਲੇ ਥੂਹ ਦੀ ਪ੍ਰਾਣੀ ਮਾਲ੍ਹ ।

**ਖੱਬਾ,** ਪੁ: **ਖੱਬੀ,** ਸ: ਵਿ:—ਦਿਲ ਵਾਲੇ ਪਾਸੇ ਦਾ (ਦੀ), ਸੱਜੇ ਤੋਂ ਉਲਟਾ (ਟੀ), ਖੱਬੇ ਹੱਥ ਨਾਲ ਸੌਖੀ ਤਰਾਂ ਕੰਮ ਕਰਨ ਵਾਲਾ (ਲੀ) ॥

**ਖਬੀਸ** ਪੁ: **ਖਬੀਸਣੀ** ਸ: ਦੁਸ਼ਟ ਜੋ ਬੁਰਾ ਕੰਮ ਕਰੇ ਸੂਮ (ਸੂਮਣੀ) ॥

**ਖੰਬੀਰ,** ਪੁ:—ਗੁੱਝੇ ਹੋਏ ਆਟੇ ਆਦਿਕ ਦਾ ਗਰਮੀ ਨਾਲ ਫੁਲਾਉ (ਉਠਾਉਣਾ) ਮਿੱਟੀ, ਸੁਭਾਉ, ਅਸਲ ॥

**ਖੰਬੀਰਾ,** ਪੁ: **ਖੰਬੀਰੀ,** ਸ: ਖੰਬੀਰ ਵਾਲਾ, ਗਰਮੀ ਨਾਲ ਫੁੱਲਿਆ ਹੋਇਆ (ਆਟਾ ਆਦਿਕ), ਫੁੱਲੀ ਹਈ (ਰੋਟੀ ਆਦਿਕ) ॥

**ਖਬੀਲ,** ਪੁ:—ਇੱਕ ਲਕੜੀ ਦਾ ਹਥਿਆਰ ਜਿਸ ਨਾਲ ਮੋਚੀ ਚਮੜਾ ਸਾਫ਼ ਕਰਦੇ ਹਨ ॥

**ਖੱਬੂ,** ਪੁ:—ਖੱਬੇ ਹੱਥ ਨਾਲ ਕੰਮ ਕਰਨ ਵਾਲਾ ॥

**ਖੱਭ,** ਸ:—ਥੰਬ ਜੋ ਪਹਾੜੀ ਵਿੱਚ ਜੋ ਦੇਆ ਜਾਵੇ (ਪੈਣਾ) ॥

**ਖੰਭ,** ਪੁ:—ਪੰਖੇਰੂਆਂ ਦੇ ਪਰ, ਬਾਂਹ, ਲਕੜੀ ਦਾ ਟੈਮੂਣਾ ॥

**ਖੱਭਲੀ,** ਸ: **ਖਬੜਾ (ੜੀ)** ਪੁ: ਸ: ਇੱਕ ਹਲਕੇ ਮੇਲ ਦੀ ਤਲਵਾਰ ॥

**ਖੰਭਾ,** ਪੁ:—ਲਕੜੀ ਦਾ ਥੰਮ੍ਹ, ਸਹਾਰਾ, ਆਸਰਾ ॥

**ਖੱਭੀ,** ਸ:—ਘੋੜੇ ਦੇ ਮੂੰਹ ਵਿੱਚ ਲਗਾਮ ਦੀ ਥਾਂ ਦੇਣ ਵਾਲੀ ਰੱਸੀ (ਦੇਣੀ) ॥

**ਖੰਭੂਰ,** ਪੁ:—ਖੁੰਬਾਂ ਦੀ ਇੱਕ ਕਿਸਮ ਜੋ ਲਾਟੂ ਵਾਂਗ ਹੁੰਦੀ ਹੈ ॥

**ਖਮ,** ਪੁ:—ਵਿੰਗ, ਝੁਕਾਉ (ਪੈ ਜਾਣਾ, ਪੈਣਾ) ॥

**ਖਮ ਠੋਕਣਾ, ਖਮ ਮਾਰਨਾ** ਕ੍ਰਿ:—ਕੁਸ਼ਤੀ ਘੁਲਣ ਤੋਂ ਪਹਿਲੇ ਥਾਪੀ ਮਾਰਨੀ।

**ਖਮੀਰ (ਰਾ), ਖਮੀਰੀ** 'ਖੰਬੀਰ' ਆਦਿਕ ਵੇਖੋ ॥

**ਖਰ,** ਪੁ:—ਖੋਤਾ, ਮੂਰਖ ਆਦਮੀ, ਦੁਸ਼ਟ ॥

**ਖਰ ਜਾਣਾ,** ਕ੍ਰਿ:—ਉੱਖੜ ਕੇ ਡਿਗ ਪੈਣਾ, ਘੁਲ ਕੇ ਘਟ ਜਾਣਾ ॥

**ਖਰਕ,** ਪੁ:—ਇੱਕ ਰੁੱਖ ਜਿਸ ਦੀ ਲਕੜੀ ਦਾ ਕੋਲਾ ਬਣਦਾ ਹੈ ॥

**ਖਰਕਾ,** ਪੁ:—ਪਿਲਛੀ ਦੀ ਬਹਾਰੀ, ਇੱਕ ਬੂਟਾ ॥

**ਖਰ ਖਰਾ,** ਪੁ:—ਘੋੜੇ ਦਾ ਪਿੰਡਾ ਸਾਫ਼ ਕਰਨ ਵਾਲਾ ਕੰਘਾ ॥

**ਖਰਖਰੀ,** ਸ:—ਸੰਘ ਵਿੱਚ ਜੋ ਖੁਰਕ ਹੋਵੇ॥

Digitized by Panjab Digital Library | www.panjabdigilib.org

**ਖਰਖਰੀ ਆਉਣੀ (ਲੱਗਣੀ),** ਕ੍ਰਿ:—ਘਾਬਰਨਾ।

**ਖਰਚ,** ਪੁ:, ਰੁਪਏ ਪੈਸੇ ਦਾ ਵਰਤਾਉ, ਰਿਜ਼ਕ, ਨਗਦੀ, ਮੁਸਾਫ਼ਰੀ ਦਾ ਸਮਾਨ, ਲਾਗਤ, ਫ਼ਸਲ ਦੀ ਵੰਡਾਈ ਦਾ ਮਸੂਲ॥

**ਖਰਚਣਾ,** ਕ੍ਰਿ:—ਧਨ ਵਰਤਣਾ, ਖਰਚ ਕਰਨਾ॥

**ਖਰਚਾ,** ਪੁ:—ਖਰਚ, ਲਾਗਤ। ਮੁਕੱਦਮੇ ਤੇ ਜੋ ਰੁਪਯਾ ਲੱਗੇ (ਦੁਆਉਣਾ, ਪੈਣਾ ਮਿਲਣਾ)॥

**ਖਰਚਾਉਣਾ,** ਕ੍ਰਿ:—ਖਰਚ ਕਰਾਉਣਾ, ਧਨ ਲਗਵਾਉਣਾ॥

**ਖਰਧਲ,** ਵਿ:—ਖਹੁਰਾ, ਖਰਵਾ, ਸਖ਼ਤ॥

**ਖਰਨ ਖਰਨ,** ਪੁ:—ਗੱਡੀ ਦੀ ਸਖ਼ਤ ਚਾਲ ਅਤੇ ਉਸ ਦੀ ਅਵਾਜ਼॥

**ਖਰਨਾ,** ਕ੍ਰਿ:—ਉੱਖੜ ਕੇ ਡਿਗਣਾ, ਘੁਲ ਕੇ ਘਟਣਾ, ਘਟਦੇ ਜਾਣਾ॥

**ਖਰਬ,** ਪੁ: ਸੌ ਅਰਬ, ੧੦੦੦੦੦੦੦੦੦੦੦ ਦੀ ਗਿਣਤੀ॥

**ਖਰਬਿਦਨਾ,** ਵਿ:—ਦੁਸ਼ਟ, ਸ਼ਤਾਨ।

**ਖਰਬੂਜ਼ਾ,** ਪੁ:—ਇੱਕ ਫਲ ਖਖੜੀ॥

**ਖਰਮਸਤੀ,** ਸ:—ਸ਼ੋਰ, ਸ਼ਰਾਬਾ, ਲੁਚਪੁਣਾ, ਸ਼ਰਾਰਤ, ਅਨਗੈਹਲੀ।

**ਖਰਲ,** ਪੁ:—ਦੁਆ ਪੀਹਣ ਵਾਲੀ ਕੂੰਡੀ ਜਾਂ ਸਿਲ, ਇੱਕ ਅਣਘੜ ਜ਼ਾਤ ਦੇ ਲੋਕ॥

**ਖਰਲ ਕਰਨਾ,** ਕ੍ਰਿ:—ਖਰਲ ਵਿੱਚ ਪੀਹਣਾ॥

**ਖਰਵਾ, ਖਰਵੀ,** ਵਿ: ਖਹੁਰਾ (ਰੀ), ਖੁਰਦਰਾ (ਰੀ), ਸਖ਼ਤ।

**ਖਰੜ,** ਪੁ:—ਬੂਰਾ ਜਾਂ ਤੱਪੜ ਜਿਸ ਵਿੱਚ ਤੂੜੀ ਗੱਡੇ ਉੱਤੇ ਲਜਾਈ ਜਾਂਦੀ ਹੈ॥

**ਖਰੜਾ,** ਪੁ:—ਚਿੱਠੀ, ਅਰਜ਼ੀ, ਜਾਂ ਪੋਥੀ ਦੀ ਅਸਲੀ ਲਿਖਤ॥

**ਖਰਾ,** ਵਿ:—ਚੰਗਾ, ਸੁੱਚਾ, ਅਸਲੀ, ਭਲਾ ਮਾਣਸ, ਇਮਾਨਦਾਰ, ਉੱਚੀ ਜ਼ਾਤ ਦਾ, ਸਾਫ਼ ਕਹਿਣ ਵਾਲਾ॥

**ਖਰਾ ਹੋਣਾ,** ਕ੍ਰਿ:—ਵਿਕ ਜਾਣਾ, ਚੰਗੀ ਰੁੱਤ ਹੋਣੀ, ਤੜੀ ਦੇ ਮਗਰੋਂ ਧੁੱਪ ਨਿਕਲਣੀ॥

**ਖਰਾ ਕਰਨਾ,** ਕ੍ਰਿ:—ਪਰਖਣਾ, ਵੇਚ ਦੇਣਾ।

**ਖਰਾ ਖੁਰਾ,** ਵਿ:—ਕਸਤੂਰੀ ਆਦਿਕ ਛੱਡਕੇ ਜੋ ਬਾਕੀ ਰਹੇ॥

**ਖਰਾ ਖੋਟਾ** ਵਿ:—ਚੰਗਾ ਮੰਦਾ॥

**ਖਰਾਉਣਾ,** ਕ੍ਰਿ:—ਖੜਾ ਕਰਾਉਣਾ, ਖੰਘੁਆਰਨਾ।

**ਖਰਾਉੜਾ,** ਪੁ:—ਮਾਰੇ ਹੋਏ ਜਨੌਰ ਦੇ ਪੈਰ ਅਤੇ ਲਤ ਦੀ ਹੇਠਲੀ ਹੱਡੀ॥

**ਖਰਾਇਤ,** ਸ:—ਦਾਨ ਪੁੰਨ, ਬਖਸ਼ੀਸ਼॥

**ਖਰਾਇਤਣ,** ਸ:, **ਖਰਾਇਤੀ,** ਪੁ: ਜੋ ਖਰਾਇਤ ਉੱਤੇ ਗੁਜ਼ਾਰ ਕਰੇ, ਫਕੀਰ।

**ਖਰਾਸ,** ਪੁ:—ਵੱਡੀ ਭਾਰੀ ਚੱਕੀ ਜਿਸ ਨੂੰ ਬਲਦ ਪੀਹਂਦੇ ਹਨ॥

Digitized by Panjab Digital Library / www.panjabdigilib.org

**ਖਰਾਸਣ,** ਸਃ } ਖਰਾਸ ਚਲਾਉਣ ਵਾਲੀ
**ਖਰਾਸੀ (ਆ),** ਪੁਃ } ( ਲਾ ) ॥

**ਖਰਾਜ,** ਪੁਃ—ਮਸੂਲ, ਟਕੇ ਜੋ ਇੱਕ ਪਾਤਸ਼ਾਹ ਦੂਜੇ ਨੂੰ ਭਰਦਾ ਹੈ ॥

**ਖਰਾਤ,** ਸਃ—ਖਰਾਇਤ, ਦਾਨ ਪੁੰਨ, ਬਖਸ਼ੀਸ਼ ॥

**ਖਰਾਦ,** ਪੁਃ—ਲਕੜੀ ਗੋਲ ਕਰਨ ਦਾ ਜੰਤ੍ਰ ।

**ਖਰਾਦ ਕਰਨਾ**
**ਖਰਾਦ ਚਾੜ੍ਹਨਾ** } ਕ੍ਰਿਃ ਖਰਾਦ ਉੱਤੇ ਚਾੜ੍ਹ ਕੇ ਲਕੜੀ ਠੀਕ ਕਰਨਾ, ਮਨੁੱਖ ਦੀ ਅਕਲ ਅਤੇ ਸੁਭਾਉ ਨੂੰ ਸੋਧਣਾ ॥

**ਖਰਾਦਣ,** ਸਃ } ਜੋ ਖਰਾਦ ਦਾ ਕੰਮ
**ਖਰਾਦੀ (ਆ),** ਪੁਃ } ਕਰੇ ॥

**ਖਰਾਦਣਾ,** ਕ੍ਰਿਃ—'ਖਰਾਦ ਕਰਨਾ' ਵੇਖੋ ॥

**ਖਰਾਬ,** ਵਿਃ—ਬੁਰਾ, ਭੈੜਾ ਲੁੱਚਾ, ਮੰਦਾ, ਦੁਸ਼ਟ, ਵਿਗੜਿਆ ਹੋਇਆ, ਗੰਦਾ, ਦਾਗੀ, ਨਿਕੰਮਾ, ਤਬਾਹ ।

**ਖਰਾਬਾਤ,** ਪੁਃ—ਖਰਾਬੀ ਦੀਆਂ, ਸ਼ਰਾਬ ਖਾਨਾ ॥

**ਖਰਾਬਾਤਣ,** ਸਃ } ਜੋ ਖਰਾਬੀ ਜਾਂ ਬਦਮਾਸ਼ੀ
**ਖਰਾਬਾਤੀ** ਪੁਃ } ਕਰੇ ।

**ਖਰਾਬੀ,** ਸਃ—ਬੁਰਿਆਈ, ਬਦਮਾਸ਼ੀ, ਲੁੱਚਪੁਣਾ, ਸ਼ਰਾਰਤ, ਕੁਕਰਮ, ਬਰਬਾਦੀ, ਬੁਰਾ ਹਾਲ, ਔਖ, ਬਿਪਤਾ । ( ਹੋਣੀ, ਕਰਨੀ ) ॥

**ਖਰਿਆਈ,** ਸਃ—ਖਰਾ ਹੋਣ ਦਾ ਗੁਣ, ਚੰਗਿਆਈ ॥

**ਖਰਿਸਤ,** ਪੁਃ—ਚੂਰਕ, ਸੁਸਤੀ, ਮੈਲ ।

**ਖਰਿਸਤਣ,** ਸਃ } ਜਿਸ ਵਿੱਚ ਖਰਿਸਤ ਹੈ ॥
**ਖਰਿਸਤੀ,** ਪੁਃ }

**ਖਰੀ,** ਵਿਃ—ਚੰਗੀ, ਸੁੱਚੀ, ਅਸਲੀ, 'ਖਰਾ' ਵੇਖੋ ॥

**ਖਰੀਂਢ,** ਪੁਃ—ਫੋੜੇ ਉੱਤੇ ਜੋ ਪੇਪੜੀ ਜੇਹੀ ਜੰਮ ਜਾਂਦੀ ਹੈ ॥

**ਖਰੀਤਾ,** ਪੁਃ—ਥੈਲਾ, ਬਟੂਆ, ਖਲੀਤਾ, ਗੋਥਾ ॥

**ਖਰੀਦ,** ਸਃ—ਖਰੀਦਣ ਦਾ ਕੰਮ, ਮੁੱਲ, ਖਰੀਦੀ ਹੋਈ ਚੀਜ਼, ਲੋੜ ॥

**ਖਰੀਦ ਦਾ ਮੁੱਲ,** ਪੁਃ—ਜਿੰਨੇ ਤੋਂ ਕੋਈ ਚੀਜ਼ ਖਰੀਦੀ ਹੈ, ਲਾਗਤ ॥

**ਖਰੀਦਣਾ,** ਕ੍ਰਿਃ—ਕੋਈ ਚੀਜ਼ ਮੁੱਲ ਦੇ ਕੇ ਲੈਣੀ ॥

**ਖਰੀਦਾਰ**
**ਖਰੀਦੂ** } ਪੁਃ—ਖਰੀਦਣ ਵਾਲਾ ॥

**ਖਰੂੰਢਣਾ,** ਕ੍ਰਿਃ—ਨਹੁੰ ਨਾਲ ਛਿੱਲਣਾ ।

**ਖਰੂੰਢ,** ਪੁਃ—ਨਹੁੰ, ਨਹਿੰਦਰ ( ਮਾਰਨਾ ) ॥

**ਖਰੂਦ,** ਪੁਃ—ਫਸਾਦ, ਖਰਾਬੀ, ਰੌਲਾ ਗੌਲਾ ॥

**ਖਰੂਦਣ,** ਸਃ } ਜੋ ਖਰੂਦ ਪਾਏ ।
**ਖਰੂਦੀ,** ਪੁਃ }

**ਖਰੈਤ,** ਸਃ—ਖੈਰ, ਭਿੱਛਿਆ, ਜੋ ਕੁਝ ਫਕੀਰ ਨੂੰ ਦਿੱਤਾ ਜਾਏ ।

**ਖਰੋਚਣਾ,** ਕ੍ਰਿਃ—ਖੁਰਚਣਾ, ਰਗੜ ਕੇ ਉੱਪਰੋਂ ਲਾਹੁਣਾ ॥

**ਖਰੋਚਣੀ,** ਸਃ—ਜਿਸ ਨਾਲ ਕੋਈ ਚੀਜ਼ ਖਰੋਚੀ ਜਾਏ ॥

**ਖਰੋਟ,** ਪੁਃ—ਇਕ ਬਿਰਛ ਅਤੇ ਉਸ ਦਾ ਫਲ ॥

Digitized by Panjab Digital Library | www.panjabdigilib.org

**ਖਰੋਟਣਾ,** ਪੁ:—ਸੌ ਦੰਦ ਵਾਲਾ ਲਕੜੀ ਦਾ ਸੰਦ, ਵਟਣਾ ॥

**ਖਲ,** ਸ:—ਤਿਲ ਜਾਂ ਸਰ੍ਹੋਂ ਦੇ ਤੇਲ ਦਾ ਫੋਕ ॥

**ਖੱਲ,** ਸ:—ਉੱਪਰਲਾ ਚੰਮ, ਨੱਕਰ ॥

**ਖਲਕ,** ਸ:—ਲੋਕ, ਸੰਸਾਰ, ਮਨੁੱਖ ।

**ਖਲਕਤ,** ਸ:—ਸਰਿਸ਼ਟੀ, ਸੰਸਾਰ, ਲੋਕ

**ਖੱਲਣਾ,** ਪੁ:—ਟੱਬਰ, ਘਰਾਣਾ ।

**ਖਲਤਾ,** ਪੁ:—ਇੱਕ ਖੁੱਲ੍ਹਾ ਕਪੜਾ ।

**ਖਲਦੂ** / **ਖਲ੍ਹਦੂ** / **ਖਲਪੂ** } ਪੁ:—ਖਰੂਦ, ਖਿਲਬਿਲੀ, ਰੌਲਾ, ਫਸਾਦ, (ਪਾਉਣਾ, ਮਚਾਉਣਾ) ।

**ਖਲ੍ਹਬਲਾਉਣਾ,** ਕ੍ਰਿ:—ਵਿੱਚ ਵਿੱਚ ਵੱਟਪੈਣੇ ਤੇ ਘੀੜ ਹੋਣੀ, ਖੌਲਣਾ, ਉਬਲਣਾ ।

**ਖਲ੍ਹਬਲਾਟ,** ਸ:—ਵਿੱਚ ਵਿੱਚ ਵੱਟ ਪੈਣਾ(ਪੈਣੀ)

**ਖਲ੍ਹਬਲੀ,** ਸ:—ਹਿਲ ਜੁਲ, ਰੌਲਾ, ਕਾਹਲੀ ॥

**ਖਲਮਾਰ,** ਪੁ:—ਅਨਾਜ ਦਾ ਇੱਕ ਤੋਲ, ਦਸ ਮਣ ॥

**ਖਲਲ,** ਪੁ:—ਉਪੱਦਰ, ਬਿਘਨ, ਰੋਕ, ਨੁਕਸਾਨ, ਤਬਾਹੀ ।

**ਖੱਲ੍ਹਰ,** ਪੁ:—ਅੰਦਰ ਵਿੱਚ ਵੱਟ ਪੈਣਾ ਜਾਂ ਪੀੜ ਹੋਣੀ ।

**ਖੱਲੜ,** ਪੁ: / **ਖੱਲੜੀ** ਸ: } ਸੁੱਕਾ ਚਮੜਾ

**ਖਲੜੀ,** ਸ:—ਚਮੜਾ, ਖੱਲ ।

**ਖਲੜੂ,** ਪੁ:—ਛੋਟੀ ਖੱਲ, ਸੁੱਕੇ ਚਮੜੇ ਦਾ ਬਣਿਆ ਹੋਇਆ ਥੈਲਾ ॥

**ਖਲਾ,** ਵਿ:—'ਖੜਾ' ਵੇਖੋ ॥

**ਖੱਲਾ,** ਪੁ:—ਜੁੱਤੀ ਦਾ ਪੈਰ, ਛਿੱਤਰ, (ਮਾਰਨਾ) ਪਿੰਨੇ ਦਾ ਮਾਸ ਢਲਕਣਾ (ਪੈ ਜਾਣਾ) ਇੱਕ ਤਰਾਂ ਦਾ ਨਾਚ (ਪਾਉਣਾ) ॥

**ਖੱਲਾਂਬੀ,** ਵਿਸਮਕ:—ਫਿੱਟੇ ਮੂੰਹ ॥

**ਖਲਾਉਣਾ,** ਕ੍ਰਿ:—ਬਾਲ ਨੂੰ ਖੇਡੇ ਲਾਉਣਾ, ਜੀ ਪਰਚਾਉਣਾ ।

**ਖਲਾਸ,** ਵਿ:—ਛੁੱਟਾ ਹੋਇਆ, ਖੁੱਲ੍ਹਾ (ਹੋਣਾ, ਕਰਨਾ) ।

**ਖਲਾਸੀ,** ਸ:—ਛੁੱਟੀ, ਖੁੱਲ੍ਹ ॥

ਪੁ: ਤੰਬੂ ਲਾਉਣ ਵਾਲਾ, ਮਜ਼ੂਰ ॥

**ਖਲਾਫ਼,** ਸ:—ਤੀਰ ਦੀ ਬਾਹੀ ਵਿਚ ਹਾਰ (ਹੋਣਾ, ਕਰਨਾ) ॥

**ਖਲਾਵਾ,** ਪੁ:—ਬਾਲ ਨੂੰ ਖਡਾਉਣ ਵਾਲਾ ਨੌਕਰ ॥

**ਖਲ੍ਹਿਆਰਨਾ,** ਕ੍ਰਿ:—ਖੜਾ ਕਰਨਾ, ਠਹਿਰਾਉਣਾ, ਅਟਕਾਉਣਾ ॥

**ਖਲੀ,** ਸ:—ਤਿਲ ਜਾਂ ਸਰ੍ਹੋਂ ਦੇ ਤੇਲ ਦਾ ਫੋਕ । ਵਿ:—ਖੜੀ ॥

**ਖਲੀਤਾ,** ਪੁ:—ਥੈਲਾ, ਬਟੂਆ, ਗੋਥਾ, ਖੀਸਾ ॥

**ਖਲੀਦਾਰ,** ਪੁ:—ਖਰੀਦਾਰ, ਖਰੀਦਣ ਵਾਲਾ ॥

**ਖਲੀਦਾਰੀ,** ਸ:—ਖਰੀਦਣ ਦਾ ਕੰਮ ।

**ਖਲੇਰਾ,** ਪੁ:—ਖਿਲਾਰ, ਪਸਾਰਾ, ਫੈਲਾਉ ॥

Digitized by Panjab Digital Library | www.panjabdigilib.org

**ਖਲੋਣਾ,** ਕ੍ਰਿ:—ਖੜੇ ਹੋਣਾ, ਠਹਿਰਨਾ, ਅਟਕਣਾ

**ਖਲੌਣਾ,** ਪੁ:—ਖੇਡਣ ਦੀ ਚੀਜ਼, ਖਿਡੌਣਾ ॥

**ਖਵਈਯਾ**
**ਖਵੈਯਾ** } ਪੁ:—ਖਾਣ ਵਾਲਾ ॥

**ਖਵਾ,** ਪੁ:—ਮੋਂਢਾ, ਮੋਂਢੇ ਦੇ ਪਾਸ ਦਾ ਬਾਂਹ ਦਾ ਹਿੱਸਾ ( ਮਾਰਨਾ ) ॥

**ਖਵਾਸ,** ਪੁ:—ਨੌਕਰ, ਮੁਸਾਹਬ ।

**ਖਵਾਸੀ,** ਸ:—ਨੌਕਰੀ, ਮੁਸਾਹਬੀ ।

**ਖੜ,** ਪੁ:—ਤੇਂਪ ।

**ਖੜਸੁੱਕ,** ਵਿ:—ਸੁੱਕਾ ਸੜਿਆ ( ਬੂਟਾ )

**ਖੜਕ,** ਪੁ:—ਕੁੰਡੀ ਦੀ ਅਵਾਜ਼, ਰੌਲਾ, ਸ਼ੋਰ ਸ਼ਰਾਬਾ ।

**ਖੜਕਣਾ,** ਕ੍ਰਿ:—ਕੁੰਡੀ ਆਦਿਕ ਦੀ [illegible] ਨਿਕਲਣੀ, ਲੜਾਈ ਹੁੰਦੀ ਰਹਿਣੀ ।

**ਖੜਕਾ,** ਪੁ:—ਕੁੰਡੀ ਆਦਿਕ ਦੀ ਅਵਾਜ਼, ਰੌਲਾ, ਧਮਾਕਾ ॥

**ਖੜਕਾਉਣਾ,** ਕ੍ਰਿ:—ਕੁੰਡੀ ਹਲਾਉਣੀ ਬੂਹੇ ਜਾਂ ਕਿਸੇ ਹੋਰ ਚੀਜ਼ ਨੂੰ ਕੁੱਟਕੇ ਅਵਾਜ਼ ਕੱਢਣੀ ॥

**ਖੜਗ,** ਪੁ:—ਤਲਵਾਰ, ਤੇਗ ॥

**ਖੜਨਾ,** ਕ੍ਰਿ:—ਲੈਜਾਣਾ, ਚੁਰਾਉਣਾ । ਖਸਣਾ ।

**ਖੜਤਾਲਾਂ,** ਸ:—(ਬਹੁ) ਹੱਥਾਂ ਨਾਲ ਵਜਾਉਣ ਵਾਲੇ ਲਕੜੀ ਦੇ ਜੋੜ ॥

**ਖੜਪੈਂਚ,** ਪੁ:—ਆਪੇ ਹੀ ਜੋ ਚੌਧਰੀ ਬਣ ਬੈਠੇ ॥

**ਖੜਬੜਾ,** ਵਿ:—ਖਰਧਲਾ, ਖੱਦਰਾ, ਖਹੁਰਾ ॥

**ਖੜਬੜਾਟ,** ਸ:—ਪੈਰ ਮਾਰਨ ਦੀ ਅਵਾਜ਼ ॥

**ਖੜਾ,** ਵਿ:—ਖਲੋਤਾ ਹੋਇਆ, ਸਿੱਧਾ । ਉੱਚਾ, ਪੱਕਾ ॥

**ਖੜਾ ਹੋਣਾ,** ਕ੍ਰਿ:—ਖਲੋਣਾ, ਕੈਮ ਹੋਣਾ, ਖੁਲ੍ਹਣਾ, ਸ਼ੁਰੂ ਹੋਣਾ ॥

**ਖੜਾ ਕਰਨਾ,** ਕ੍ਰਿ:—ਰੱਖਣਾ, ਗੱਡਣਾ, ਰੋਕਣਾ ਮੋੜਨਾ, ਬਣਾਉਣਾ, ਸ਼ੁਰੂ ਕਰਨਾ, ਭੜਕਾਉਣਾ, ਖੋਲ੍ਹਣਾ, ਕੈਮ ਕਰਨਾ, ਮੁੱਲ ਠਹਿਰਾਉਣਾ ।

**ਖੜਾ ਰਹਿਣਾ,** ਕ੍ਰਿ:—ਉਡੀਕਣਾ, ਹਾਜ਼ਰ ਰਹਿਣਾ ॥

**ਖੜੇ ਖੜੇ**
**ਖੜੇ ਪੈਰ** } ਕ੍ਰਿ:, ਵਿ:—ਥੋੜਾ ਚਿਰ, ਛੇਤੀ, ਖਲੋਤੇ ਹੋਏ

**ਖੜਾਉਂ,** ਸ:—ਪਊਏ, ਲੱਕੜੀ ਦੀ ਜੁੱਤੀ ॥

**ਖੜਾਪ,** ਵਿ:—ਨੁਆਨ (ਬੱਕਰੀ) ॥

**ਖੜਾਪ ( ਪੀ ),** ਸ:—ਇਕ ਸਾਲ ਦੀ ਬੱਕਰੀ ।

**ਖੜਾਵਾਂ,** ਸ:, ( ਬਹੁ: ਬ: ) ਪਊਆਂ ਦੀ ਜੋੜੀ, ਲਕੜੀ ਦੀ ਜੁੱਤੀ ॥

**ਖੜੀ,** ਵਿ:—'ਖੜਾ' ਦਾ ਇਸਤ੍ਰੀਲਿੰਗ, ਉੱਚੀ ਰਿੱਝੀ ਹੋਈ ਦਾਲ ॥

**ਖੜੀ ਮਾਲੀ ਲੈਣਾ,** ਕ੍ਰਿ:—ਕੁਸਤੀ ਕਰਨ ਖਾਣ ਤੋਂ ਹੀ ਕੁਸਤੀ ਦਾ ਇਨਾਮ ਲੈ ਜਾਣਾ ॥

**ਖੜੀ (ਖੜੀਆਂ),** ਸ:—ਇੱਕ ਤਰਾਂ ਦੀ ਚਿੱਟੀ ਮਿੱਟੀ ॥

Digitized by Panjab Digital Library | www.panjabdigilib.org

**ਖੜੇ ਹੋਣਾ, ਖੜੋਣਾ** } ਕ੍ਰਿ:—ਸਿੱਧਾ ਹੋਣਾ, ਠਹਿਰਨਾ ਅਟਕਣਾ ॥

**ਖੜੇ ਦਾ ਖਾਲਸਾ,** ਪੁ:— ਜੋ ਮੌਜੂਦ ਹਵੇ ਉੱਸੇ ਦਾ ਕੰਮ ਬਣਨਾ ॥

**ਖਾਂ,** ਪੁ:—ਪਠਾਣ ਜਾਂ ਰਾਜਪੂਤ ਸਰਦਾਰ, ਵੱਡਾ ਆਦਮੀ ॥

**ਖਾਂ ਸਾਹਿਬ, ਖਾਂ ਬਹਾਦਰ** } ਮੁਸਲਮਾਨਾਂ ਨੂੰ ਮਿਲਣ ਵਾਲੇ ਸਰਕਾਰੀ ਖ਼ਤਾਬ ॥

**ਖਾਉਣਾ,** ਕ੍ਰਿ:—ਖਾਣਾ, ਭੱਖਣਾ, ਛਕਣਾ ॥

**ਖਾਉ ਪੀਉ,** ਪ:—ਖਾਣਪੀਣਦਾ ਵੇਲਾ, ਤ੍ਰੈਪਹੀਆਂ ਤ੍ਰਿਕਾਲਾਂ ॥

**ਖਾਊ,** ਪੁ:—ਬਹੁਤ ਖਾਣ ਵਾਲਾ, ਪੇਟੂ ॥

**ਖਾਊ ਯਾਰ,** ਪੁ:—ਖਾਣਪੀਣ ਲਈ ਮਿਤ੍ਰ ਬਣਿਆ ਹੋਇਆ ॥

**ਖਾਈ,** ਸ:—ਟੋਆ, ਖਾਲ, ਖੰਦਕ । ਖਾਣ ਦਾ ਕੰਮ ( ਖਾਈ ਭਲੀ ਕਿ ਲਾਈ) ॥

**ਖਾਸ,** ਵਿ:—ਆਪਣਾ, ਚੁਣਿਆ ਹੋਇਆ, ਬਹੁਤ ਚੰਗਾ ॥

**ਖਾਸ, ਖਾਸ ਕਰਕ** } ਕ੍ਰਿ, ਵਿ:—ਖਾਸ ਤੌਰ ਤੇ ॥

**ਖਾਸ਼,** ਸ:-ਮਰਜ਼ੀ, ਇੱਛਿਆ, ਚਾਹ ॥

**ਖਾਸਕੀ,** ਵਿ:-ਆਪਣਾ ਪਿਆਰਾ, ਬਹੁਤ ਚੰਗਾ ।

**ਖਾਸਣਾ ( ਨਾਂ ), ਖਾਂਸਣਾ** } ਕ੍ਰਿ:—ਖੰਘਣਾ ।



**ਖਾਸਾ,** ਪੁ:—ਇਕ ਸੂਤੀ ਕਪੜਾ, ਹੱਛੀ ਖੁਰਾਕ, ਨਿਆਮਤ ।

ਵਿ:—ਸੁੱਚਾ, ਚੰਗਾ, ਸੋਹਣਾ, ਸਧਾਰਣ, ਚੋਖਾ ॥

**ਖਾਸੀ,** ਸ:—'ਖਘ' ਵੇਖੋ ।

**ਖ਼ਾਹਸ਼,** ਸ:—ਮਰਜ਼ੀ, ਇੱਛਿਆ, ਚਾਹ ॥

**ਖਾਹਦ ਖੁਰਾਕ,** ਸ:—ਖਾਣ ਪੀਣ ਦੀਆਂ ਚੀਜ਼ਾਂ । ਖੁਰਾਕ ਦਾ ਖਰਚਾ ॥

**ਖਾਹ ਮਖਾਹ,** ਕ੍ਰਿ:, ਵਿ:—ਧਿੰਗੋ ਜ਼ੋਰੀ, ਧਕੋ ਧਕੀ, ਮੱਲੋ ਮੱਲੀ ॥

**ਖਾਹ ਮਖਾਹ ਹੋਣਾ,** ਕ੍ਰਿ:—ਝਗੜਾ ਕਰਨ ॥

**ਖਾਕ,** ਸ:—ਮਿੱਟੀ, ਘੱਟਾ, ਖੇਹ ॥

**ਖਾਕ ਤੋਦਾ,** ਪੁ:—ਗੋਲੀ ਦੀ ਮਾਰ ਲਈ ਮਿੱਟੀ ਦਾ ਨਿਸ਼ਾਨਾ ॥

**ਖਾਕਾ,** ਪੁ:—ਨਕਸ਼ਾ, ਢਾਂਚਾ, ਖਰੜਾ ॥

**ਖਾਕੀ,** ਵਿ:—ਮਿੱਟੀ ਦਾ, ਮਿੱਟੀ ਦੇ ਰੰਗ ਦਾ ॥

**ਖਾਕੀ ਆਂਡਾ,** ਪੁ:—ਗਲਿਆ ਸੜਿਆ ਆਂਡਾ ॥

**ਖਾਕੀ ਦੇਹ,** ਸ: —ਮਨੁਖ ਦਾ ਸਰੀਰ ॥

**ਖਾਕੀ ਬੰਦਾ,** ਪੁ:—ਮਨੁਖ ॥

**ਖਾਕੀ ਬਰਦੀ,** ਸ:—ਸਿਪਾਹੀਆਂ ਦੀ ਖਾਕੀ ਪੁਸ਼ਾਕ ॥

**ਖਾਖ,** ਸ:—ਗੱਲ੍ਹ (ਖਾਖਾਂ ਡਿਗਣੀਆਂ) ॥

**ਖਾਂਗੜ, ਖਾਂਘੜ** } ਸ:—ਅਜੇਹਾ ਪਸ਼ੂ ਜਿਸ ਦਾ ਦੁੱਧ ਥੋੜੇ ਚਿਰ ਤੱਕ ਸੁਕ ਜਾਂਦਾ ਹੈ ॥

Digitized by Panjab Digital Library | www.panjabdigilib.org

**ਖਾਂਚਾ,** ਪੁ:—ਕੁਕੜੀਆਂ ਦਾ ਦੜਬਾ, ਛਾਬੜੀ, ਟੋਕਰਾ

**ਖਾਂਚੀ,** ਸ:—ਖੰਡ ਜਾਂ ਮਿਸਰੀ ਬਣਾਉਣ ਦੀ ਛੱਠੀ।

**ਖਾਜ,** ਸ:—ਖੁਰਕ, ਖਰਿਸ਼ਤ (ਆਉਣੀ ਕਰਨੀ) ॥

**ਖਾਜਾ** ਪੁ:-ਮੁਸਲਮਾਨ,ਭਲਾ ਮਾਣਸ, ਬਖ਼ਤਾਵਰ ॥

**ਖਾਜਾ ਖਿਜ਼ਰ,** ਪੁ:—ਇੱਕ ਪਿਗ਼ੰਬਰ ਜਿਸ ਨੇ ਅਮ੍ਰਿਤ ਪੀਤਿਆ ਹੈ ਅਤੇ ਕਦੇ ਨਹੀਂ ਮਰੇਗਾ, ਦਰਿਆ ਦਾ ਪੀਰ ।

**ਖਾਜਾ,** ਪੁ:—ਖਾਣਪੀਣ ਦੀਆਂ ਚੀਜ਼ਾਂ, ਖੁਰਾਕ ॥

**ਖਾਟ,** ਪੁ:—ਖੱਟ, ਮੰਜਾ ।

**ਖਾਂਟ,** ਵਿ:—ਸਿਆਣਾ, ਹਠੀ, ਫਸਾਦੀ, ਛਟਿਆ ਹੋਇਆ ॥

**ਖਾਂਡਾ,** ਪੁ:—'ਖੰਡਾ' ਵੇਖੋ ॥

**ਖਾਡੂ,** ਸ:—ਪਹਾੜੀ ਬਕਰੀ ॥

**ਖਾਣ,** ਪੁ:—ਮਾਲਕ, ਸਰਦਾਰ, ਪਠਾਣ, ਖਾਨ ॥ ਸ:—ਟੋਇਆ ਜਿੱਥੋਂ ਧਾਤਾਂ ਪੱਟ ਕੇ ਕੱਢੀਆਂ ਜਾਂਦੀਆਂ ਹਨ ॥

**ਖਾਣ ਪਾਣ,** ਪੁ:—ਖਾਣ ਪੀਣ ਦਾ ਕੰਮ, ਖੁਰਾਕ॥

**ਖਾਣ ਪੀਣ,** ਪੁ:—ਮਾਸ ਸ਼ਰਾਬ, ਖਾਣਾ ਪੀਣਾ ॥

**ਖਾਣਾ,** ਪੁ:—ਖਾਜਾ, ਖੁਰਾਕ, ਭੋਜਨ, ਮਮਾਨੀ, ਜ਼ਿਆਫ਼ਤ ॥ ਕ੍ਰਿ:—ਚੱਖਣਾ, ਭੋਜਨ ਪਾਉਣਾ, ਪ੍ਰਸਾਦ ਛਕਣਾ, ਖਾਉਣਾ, ਸਹਿਣਾ ਝੱਲਣਾ (ਗਾਲੀ ਖਾਣਾ), ਵੱਢੀ ਲੈਣਾ, ਚੱਬਣਾ ਜਾਂ ਡੰਗ ਮਾਰਨਾ ॥

**ਹਵਾ ਖਾਣਾ,** ਕ੍ਰਿ:—ਖੁਲੀ ਵਾਉ ਵਿੱਚ ਫਿਰਨਾ ।

**ਖਾਣਾ ਦਾਣਾ,** ਪੁ:—ਅੰਨ, ਖੁਰਾਕ, ਰਸਤ ॥

**ਖਾਣਾ ਦੇਣਾ,** ਕ੍ਰਿ:—ਜ਼ਿਆਫ਼ਤ ਕਰਨੀ ॥

**ਮਾਲ ਜਾਂ ਰੁਪਯਾ ਖਾਣਾ**
**ਮਾਲ ਜਾਂ ਰੁਪਯਾ ਖਾ ਜਾਣਾ**
**ਮਾਲ ਜਾਂ ਰੁਪਯਾ ਖਾ ਲੈਣਾ** } ਕ੍ਰਿ: ਖਰਚ ਕਰ ਦੇਣਾ ॥ ਖ਼ਿਆਨਤ ਕਰਨੀ, ਵੱਢੀ ਲੈਣੀ।

**ਖਾਣੀ,** ਸ:—ਚਾਰ ਹਿੱਸੇ ਜਿਨ੍ਹਾਂ ਵਿੱਚ ਧਰਤੀ ਦੇ ਜੀਵ ਵੰਡੇ ਹੋਏ ਹਨ—(੧) ਅੰਡਜ, (੨) ਜੇਰਜ, (੩) ਸੇਤਜ, (੪) ਉਤਭੁਜ ॥

**ਖਾਤ,** ਸ:—ਟੋਇਆ । ਰੇਹ, ਮੱਲ੍ਹੜ ॥

**ਖਾਤਰ,** ਸ:—ਆਦਰ ਭਾਉ, ਲਿਹਾਜ਼, ਖੁਸ਼ੀ (ਕਰਨੀ) ॥
ਅਵ:—ਵਾਸਤੇ ਲਈ, ਕਰਕੇ (ਤੇਰੀ ਖਾਤਰ)॥

**ਖਾਤਰਖਾਹ,** ਕ੍ਰਿ:, ਵਿ:—ਦਿਲ ਦੀ ਮਰਜ਼ੀ ਮੂਜਬ ।

**ਖਾਤਰ ਜਮਾ,** ਸ:—ਤਸੱਲੀ, ਹੌਸਲਾ, ਧੀਰਜ ।

**ਖਾਤਰ ਦਾਰੀ,** ਸ:—ਤਸੱਲੀ, ਆਦਰ ਭਾਉ ॥

**ਖਾਤਾ,** ਪੁ:—ਅਨਾਜ ਦਾ ਟੋਇਆ, ਰੋਜ਼ ਦੇ ਲੇਖੇ ਦੀ ਵਹੀ ॥

**ਖੂਹ ਖਾਤੇ ਪਾਉਣਾ,** ਕ੍ਰਿ:—ਕੋਈ ਚੀਜ਼ ਐਸੀ ਥਾਂ ਰੱਖਣੀ ਕਿ ਮੁੜ ਮਿਲ ਨਾ ਸੱਕੇ ॥

Digitized by Panjab Digital Library | www.panjabdigilib.org

**ਖਾਦਰ,** ਪੁ:—ਦਰਿਆ ਦੇ ਕੰਢੇ ਨੀਵੀਂ ਧਰਤੀ।

**ਖਾਧ,** ਸ:—ਖੁਰਾਕ (੧ ਤੋਂ ੧ ਮਣ ਤੱਕ ਮਹੀਨਾ) ॥

**ਖਾਧ ਖੁਰਾਕ,** ਸ:—ਖਾਣ ਪੀਣ ਦੀ ਚੀਜ਼, ਖੁਰਾਕ ਦਾ ਖਰਚਾ ॥

**ਖਾਧਰ,** ਵਿ:—ਜਿਸ ਨੂੰ ਖਾਣ ਦਾ ਚਸਕਾ ਲਗ ਜਾਵੇ ॥

**ਖਾਧਾ ਪੀਤਾ,** ਵਿ:—ਜੋ ਕੁਝ ਖਾ ਪੀ ਲਿਆ ਹੈ ॥

**ਖਾਧਾਪੀਤਾ ਕੱਢਣਾ,** ਕ੍ਰਿ:—ਬਹੁਤ ਮਾਰਨਾ ਕੁੱਟਣਾ ॥

**ਖਾਧਾ ਪੀਤਾ ਲੱਗਣਾ,** ਕ੍ਰਿ:—ਖੁਰਾਕ ਪਚ ਜਾਣੀ ॥

**ਖਾਨਾ**
**ਖਾਨਾ** } ਪੁ:—ਘਰ, ਕੋਠੜੀ, ਮੇਜ਼ ਦਾ ਦਰਾਜ਼, ਰਖਣਾ, ਘਰਣਾ, ਸੰਦੂਕ ਆਦਿਕ ਦਾ ਹਿੱਸਾ, ਰਹਿਣ ਦੀ ਥਾਂ (ਕਬੂਤਰਖਾਨਾ ਆਦਿਕ) ਸ਼ਤਰੰਜ ਆਦਿਕ ਦੀ ਘੁਰੀ ॥

**ਖਾਨਾ ਅਬਾਦ ਹੋਣਾ,** ਕ੍ਰਿ:—ਘਰ ਵੱਸਣਾ, ਵਿਆਹ ਹੋਣਾ ॥

**ਖਾਨਾ ਕਾਬਾ,** ਪੁ:—ਮੱਕੇ ਵਿਚ ਮੁਸਲਮਾਨਾਂ ਦਾ ਮੰਦਰ ॥

**ਖਾਨਾ ਖਰਾਬ ਹੋਣਾ**
**ਖਾਨਾ ਬਰਬਾਦੀ** } ਕ੍ਰਿ:—ਘਰ ਉੱਜੜਨਾ ਘਰ ਵਾਲੀ ਮਰਜਾਣੀ

**ਖਾਨਾ ਪੂਰੀ,** ਸ:—ਖਾਨਿਆਂ ਵਾਲ ਕਾਗਤ ਦੇ ਹਿੱਸਿਆਂ ਨੂੰ ਭਰਨਾ (ਜ਼ਰੂਰੀ ਗੱਲਾਂ ਲਿਖਕੇ)॥

**ਖਾਨਿਓਂ ਜਾਣੀ,** ਕ੍ਰਿ:—ਸੁਰਤ ਮਾਰੀ ਜਾਣੀ, ਕੁਝ ਨਾ ਸੁਝਣਾ ॥

**ਖਾਨੀ,** ਸ:—ਖਾਨ ਦੀ ਪਦਵੀ ॥
ਵਿ:—ਘਰ ਦਾ ਪਾਲਤੂ ॥

**ਖਾਬ,** ਸ:—ਸੁਫਨਾ, ਨੀਂਦ, ਵਹਿਮ ॥ (ਖਾਬ ਆਉਣੀ, ਵੇਖਣੀ) ॥

**ਖਾਬ ਖਿਆਲ,** ਪੁ:—ਵਹਿਮ, ਝੂਠਾ ਖਿਆਲ।
ਵਿ:—ਝੂਠਾ, ਖਿਆਲੀ, ਮਿਥਿਆ ॥

**ਖਾਬਰੂ,** ਪੁ:—ਖਬਰਾਂ ਦੱਸਣ ਵਾਲਾ ॥

**ਖਾਮ,** ਵਿ:—ਕੱਚਾ, ਨਿਕੰਮਾ, ਪਿੱਲੀਆਂ ਇੱਟਾਂ ਦਾ। ਜੋ ਮਾਮਲਾ ਸਰਕਾਰ ਆਪਣੀ ਥਾਹੀਂ ਲਵੇ, ਜੋ ਜ਼ਮੀਨ ਸਿੱਧੀ ਸਰਕਾਰ ਕੋਲੋਂ ਮਾਮਲੇ ਤੇ ਲਈ ਹੋਵੇ ॥

**ਖਾਮ ਕਰਨਾ (ਦੇਣਾ),** ਕ੍ਰਿ:—'ਖਾਮਣਾ' ਵੇਖੋ ॥

**ਖਾਮ ਖਿਆਲੀ,** ਸ:—ਝੂਠਾ ਖਿਆਲ, ਭਰਮ ॥

**ਖਾਮਣਾ,** ਕ੍ਰਿ:—ਭਾਂਡੇ ਆਦਿਕ ਦਾ ਮੂੰਹ ਬੰਦ ਕਰ ਦੇਣਾ ॥

**ਖਾਮੀ,** ਸ:—ਕੱਚਾ ਜਾਂ ਨਿਕੰਮਾ ਹੋਣਾ, ਘਾਟਾ, ਦੋਸ਼ ॥

**ਖਾਰ,** ਸ:—ਸੱਜੀ, ਕਾਟ ਕਰਨ ਵਾਲੀ ਚੀਜ਼, ਸਾਬਣ ਵਾਂਗ ਸਾਫ਼ ਕਰਨ ਵਾਲੀ ਸ਼ੈ, ਕੁੱਕੜੀ ਦੀ ਲੱਤ ਦੀ ਨੋਕ, ਵੈਰ ॥

**ਖਾਰ ਕਰਨੀ,** ਕ੍ਰਿ:—ਬੁਰਾ ਸਮਝਣਾ ॥

**ਖਾਰ ਖਾਣੀ,** ਕ੍ਰਿ:—ਵੈਰ ਕਰਨਾ, ਵੇਖ ਕੇ ਸੜਨਾ ॥

**ਖਾਰ ਲਾਣਾ,** ਪੁ:—ਇੱਕ ਬੂਟੀ ਜਿਸ ਤੋਂ ਸੱਜੀ ਬਣਦੀ ਹੈ ॥

Digitized by Panjab Digital Library | www.panjabdigilib.org

**ਖਾਰਜ,** ਵਿਃ—ਕੱਢਿਆ ਹੋਇਆ, ਛੰਡਿਆ ਹੋਇਆ, (ਮੁਕਦਮਾ) ਹਾਰਿਆ ਹੋਇਆ (ਹੋਣਾ, ਕਰਨਾ)॥

**ਦਾਖਲ ਖਾਰਜ**—'ਦਾਖਲ' ਵੇਖੋ ॥

**ਖਾਰਜੀ**
**ਖਾਰਜੂ** } ਪੁਃ—ਹੱਦੀ ਜਾ ਦਾਗੀ ਕਾਗਤ ॥

**ਖਾਰਨਾ,** ਕ੍ਰਿਃ—ਉਖੇੜਨਾ (ਕੰਧ ਤੋਂ ਚੂਨੇ ਵਾਂਗੂੰ) ਪੰਘਰ ਕੇ ਜਾਂ ਘੁਲ ਕੇ ਘਟਣਦੇਣਾ (ਪਾਣੀ ਵਿੱਚ ਲੂਣ ਵਾਂਗੂੰ)॥

**ਖਾਰਨ,** ਸਃ—ਖਾਰ ਕਰਨ ਵਾਲੀ ਤੀਮਤ, ਵੈਰਨ ॥

**ਖਾਰਵਾ,** ਪੁਃ—ਇੱਕ ਤਰਾਂ ਦਾ ਲਾਲ ਸੂਤੀ ਕੱਪੜਾ। ਪੈਰ ਗਿੱਲੇ ਰੱਖਣ ਕਰਕੇ ਅਂਗੁਲੀਆਂ ਵਿੱਚ ਜੋ ਘਾਉ ਅਤੇ ਪੀੜ ਹੋਵੇ ॥

**ਖਾਰਾ,** ਪੁਃ—ਇੱਕ ਤਰਾਂ ਦਾ ਕਾਨਿਆਂ ਦਾ ਟੋਕਰਾ। ਵਿਃ—ਖਾਰ ਵਾਲਾ, ਖਾਰ ਦੇ ਸੁਆਦ ਦਾ ॥

**ਖਾਰਾ ਪਾਣੀ,** ਪੁਃ—ਸੋਡਾ ਵਾਟਰ ॥

**ਖਾਰਿਚੜ੍ਹਣਾ,** ਕ੍ਰਿਃ—ਵਿਆਹ ਵਿੱਚ ਲਾਂਵਾਂ ਲੈਣ ਲਈ ਖਾਰੇ ਉੱਤੇ ਬੈਠਣਾ ॥

**ਖਾਰਿਸ਼,** ਸਃ—ਖੁਰਕ, ਖਾਜ, ਊਠਾਂ ਦੀ ਇੱਕ ਬਿਮਾਰੀ ॥

**ਖਾਰੀ,** ਸਃ—ਕਾਨਿਆਂ ਦੀ ਛੋਟੀ ਟੋਕਰੀ। ਪੁਃ—ਖਾਰ ਖਾਣ ਵਾਲਾ ॥

**ਖਾਲ,** ਪੁਃ, ਸਃ—ਮੋਰੀ, ਚਹਿਲੀ, ਖਾਈ, ਟੋਇਆ, ਨਾਲੀ, ਤਿਲ, ਦਾਗ ॥

**ਖਾਲ ਮਖਾਲੀ**
**ਖਾਲ ਮਖੂਲੀ** } ਵਿਃ—ਖਾਲੀ, ਸੱਖਣਾ ॥

**ਖਾਲਸ,** ਵਿਃ—ਖਰਾ, ਸੁੱਚਾ, ਜਿਸ ਵਿੱਚ ਖੋਟ ਨਹੀਂ ।

**ਖਾਲਸਾ,** ਪੁਃ—ਉਹ ਸਿੱਖ ਜਿਸਨੇ ਪਾਹੁਲ ਲਈ ਹੈ ਸਿੰਘ। ਸਰਕਾਰੀ ਜ਼ਮੀਨ, ਸਿੱਧੀ ਸਰਕਾਰ ਲਈ ਹੋਈ ਜ਼ਮੀਨ ॥

**ਖਾਲਾ (ਲਾਂ)** ਸਃ—ਮਾਸੀ (ਖਾਲਾ ਜੀ ਦਾ ਵਾੜਾ, ਅਰਾਮ ਦੀ ਥਾਂ) ॥

**ਖਾਲੀ**
**ਖਾਲੀ** } ਵਿਃ ਸੱਖਣਾ, ਸੁੰਨਾ, ਪੋਲਾ, ਥਾਂਥ, ਜਿਸ ਵਿੱਚ ਕੁਝ ਨਹੀਂ, ਵੇਹਲਾ ਨਿਰਾ, ਇਕੱਲਾ, ਨਿਹਫਲ ॥

**ਖਾਵੰਦ,** ਪੁਃ—ਮਾਲਕ, ਖਸਮ, ਘਰਵਾਲਾ ॥

**ਖਾਂਚਾ,** ਪੁਃ—ਲੂਣ ਦੀ ਖਾਣ ॥

**ਖਾੜ,** ਪੁਃ—ਪਹਾੜ ਦੀ ਕੰਢੀ ਵਿੱਚ ਪਧਰਾ ਦੇਸ।

**ਖਾੜਾ,** ਪੁਃ—'ਅਖਾੜਾ' ਵੇਖੋ ।

**ਖਾੜੀ,** ਸਃ—ਸਾਧ ਦਾ ਡੇਰਾ, ਕੁੰਆਂ ਨਾਲਾ, ਜਲ ਦਾ ਉਹ ਹਿੱਸਾ ਜੋ ਥਲ ਦੇ ਅੰਦਰ ਦੂਰ ਤੱਕ ਚਲਾ ਜਾਵੇ ॥

**ਖਾੜੂ,** ਪੁਃ ਪਹਾੜ ਦੀ ਕੰਢੀ ਵਿੱਚ ਰਹਿਣ ਵਾਲਾ, ਪਹਾੜੀ ਬਕਰੀ ਜਾਂ ਭੇਡ ॥

**ਖਿਆਨਤ,** ਸਃ—ਬੇਈਮਾਨੀ, ਪਰਾਇਆ ਮਾਲ ਖਾ ਜਾਣਾ ॥

Digitized by Panjab Digital Library | www.panjabdigilib.org

**ਅਮਾਨਤ ਵਿੱਚ ਖ਼ਿਆਨਤ ਕਰਨਾ,** ਕ੍ਰਿ:—ਕਿਸੇ ਦੇ ਰੱਖੇ ਹੋਏ ਮਾਲ ਵਿੱਚੋਂ ਕੁਝ ਚੁਰਾ ਲੈਣਾ ॥

**ਖ਼ਿਆਲ,** ਪੁ:—ਸੋਚ, ਵਿਚਾਰ, ਚਿੰਤਾ, ਫ਼ਿਕਰ, ਧਿਆਨ, ਇਕ ਰਾਗ ॥

**ਖ਼ਿਆਲ ਨ ਰਹਿਣਾ,** ਕ੍ਰਿ:—ਭੁੱਲ ਜਾਣਾ ॥

**ਖ਼ਿਆਲ ਪੈਣਾ,** ਕ੍ਰਿ:—ਬਹੁਤ ਧਿਆਨ ਦੇਣਾ ॥

**ਖ਼ਿਆਲ ਬੰਨ੍ਹਣਾ,** ਕ੍ਰਿ:—ਮਿਥਣਾ, ਮਨ ਵਿੱਚ ਧਾਰਨਾ ।

**ਖ਼ਿਆਲ ਰੱਖਣਾ,** ਕ੍ਰਿ:—ਚੇਤੇ ਰੱਖਣਾ, ਨਾ ਭੁੱਲਣਾ ॥

**ਖ਼ਿਆਲ ਵਿੱਚ ਨਾਂ ਲਿਆਉਣਾ,** ਕ੍ਰਿ: ਪਰਵਾਹ ਨਾਂ ਕਰਨੀ ॥

**ਖ਼ਿਆਲੀ,** ਵਿ:—ਬਣਾਉਟੀ, ਝੂਠ ਮੂਠ, ਜਿਸ ਦਾ ਨਿਰਾ ਖ਼ਿਆਲ ਹੀ ਹੈ ॥

**ਖ਼ਿਆਲੀ ਪੁਲਾ ਪਕਾਉਣਾ,** ਕ੍ਰਿ: ਫ਼ਜ਼ੂਲ ਖ਼ਿਆਲ ਬੰਨ੍ਹਣਾ । ਮਨ ਦੀਆਂ ਖੇਪਾਂ ਲੱਦਣਾ ॥

**ਖਿਸਕ ਜਾਣਾ, ਖਿਸਕਣਾ,** ਕ੍ਰਿ:—ਚੁੱਪ ਕੀਤੇ ਚਲੇ ਜਾਣਾ, ਟਿਭ ਜਾਣਾ ॥

**ਖਿਸਕਤ,** ਸ:—ਪਜਾਮੇ ਦੀਆਂ ਲੱਤਾਂ ਦੇ ਵਿਚਕਾਰ ਚਨੁਕਰਾ ਕਪੜਾ ।

**ਖਿਸਕੰਤਮ ਹੋਣਾ,** ਕ੍ਰਿ:—ਖਿਸਕ ਜਾਣਾ, ਟਿਭ ਜਾਣਾ ॥

**ਖਿਸਕਾਉਣਾ,** ਕ੍ਰਿ:—ਸਰਕਾਉਣਾ, ਲੈ ਜਾਣਾ, ਪਰੇ ਹਟਾ ਦੇਣਾ ॥

**ਖਿਖਿਆਉਣਾ,** ਕ੍ਰਿ:—ਮੂੰਹ ਖੋਲ ਕੇ ਦੰਦ ਵਿਖਾਉਣਾ, ਸ਼ਰਮਾਣਾ, ਖਿਸਕ ਜਾਣਾ ॥

**ਖਿੰਗ,** ਸ:—ਕਿੰਗ, ਘਸਮੈਲਾ (ਰੰਗ ਘੋੜੇ ਦਾ) ॥

**ਖਿੰਗਾ,** ਵਿ:, ਪੁ:—ਤਕੜਾ, ਜੁਆਨ, ਬਲਵਾਨ ॥

**ਖਿੰਘਰ,** ਖਿੰਘਰੀ—'ਖੰਘਰ' ਆਦਿਕ ਵੇਖੋ ॥

**ਖਿੱਚ,** ਸ:—ਖਿੱਚਣ ਦਾ ਕੰਮ, ਘਸੀਟ, ਕਮੀ, ਚਾਹ, ਲਗਨ ।

**ਖਿੱਚਣਾ,** ਕ੍ਰਿ:—ਘਸੀਟਣਾ, ਧੂਹਣਾ, ਪਸਾਰਨਾ, ਬਣਾਉਣਾ (ਕੰਧ ਆਦਿਕ), ਲਿਖਣਾ, ਅਰਕ ਕੱਢਣਾ, ਸਾਹ ਅੰਦਰ ਲੈਣਾ, ਜ਼ੋਰ ਨਾਲ ਖੋਹ ਲੈਣਾ (ਰੁਪਯਾ) ॥

**ਖਿਚਵਾਉਣਾ,** ਕ੍ਰਿ:—ਖਿੱਚਣ ਦਾ ਕੰਮ ਕਰਾਉਣਾ ॥

**ਖਿਚਵਾਈ,** ਸ: ਖਿੱਚਣ ਦਾ ਕੰਮ ਜਾਂ ਮਜੂਰੀ ॥

**ਖਿੱਚੜ,** ਪੁ:, **ਖਿਚੜੀ,** ਸ:—ਦਾਲ ਤੇ ਚੌਲ ਕੱਠੇ ਰਿੱਧੇ ਹੋਏ, ਕਈ ਤਰ੍ਹਾਂ ਦੀਆਂ ਚੀਜਾਂ ਦਾ ਮੇਲ । ਬੇਰੀ ਦਾ ਫੁਲ, ਖੇਚੜੀ ਬੋਲੀ ।

**ਖਿਚੜੀ ਪਕਾਉਣੀ,** ਕ੍ਰਿ:—ਮਤਾ ਮਤਾਉਣਾ, ਜੋੜ ਤੋੜ ਕਰਨੇ ॥

**ਖਿਚਾਉ,** ਪੁ:—ਖਿੱਚਣ ਦਾ ਕੰਮ ਜਾਂ ਗੁਣ ॥

**ਖਿਚਾਉਣਾ,** ਕ੍ਰਿ:—ਖਿੱਚਣ ਦਾ ਕੰਮ ਕਰਾਉਣਾ ॥

**ਖਿਚਾਈ,** ਸ:—ਖਿੱਚਣ ਦਾ ਕੰਮ ਜਾਂ ਮਜੂਰੀ ॥

**ਖਿੰਜ, ਖਿੰਜਣਾ, ਖਿੰਜਵਾਉਣਾ, ਖਿੰਜਵਾਈ, ਖਿੰਜਾਉਣਾ, ਖਿੰਜਾਈ**—'ਖਿੱਚ', ਖਿੱਚਣਾ ਆਦਿਕ ਵੇਖੋ ॥

Digitized by Panjab Digital Library | www.panjabdigilib.org

**ਖਿਜ਼ਮਤ,** ਸਃ—ਸੇਵਾ, ਟਹਿਲ, ਨੌਕਰੀ ॥

**ਖਿਜ਼ਮਤ ਗਾਰ**
**ਖਿਜ਼ਮਤ ਦਾਰ** } ਪੁਃ, ਵਿਃ ਸੇਵਕ, ਟਹਿਲੂਆ, ਨੌਕਰ ॥

**ਖਿਝ,** ਸਃ—ਦੁਖ, ਚਿੜ, ਦਿਲਦੇ ਅੰਦਰਲਾ ਕ੍ਰੋਧ॥

**ਖਿਝਣਾ,** ਕ੍ਰਿਃ—ਦਿੱਕ ਹੋਣਾ, ਦੁਖੀ ਹੋਣਾ, ਚਿੜਨਾ ॥

**ਖਿਝਾਉਣਾ,** ਕ੍ਰਿਃ—ਦਿੱਕ ਕਰਨਾ, ਸਤਾਉਣਾ, ਕਲਪਾਉਣਾ, ਮਖੌਲ ਕਰਨਾ ॥

**ਖਿੱਟ,** ਸਃ, ਪੁਃ—ਦੌੜ ਭੱਜ, ਤਿੱਖੀ ਚਾਲ ( ਖਿੱਟ ਮਾਰਨੀ ) ॥

**ਖਿੰਡ ਜਾਣਾ**
**ਖਿੰਡਣਾ** } ਕ੍ਰਿਃ—ਖਿੱਲਰ ਜਾਣਾ, ਇੱਧਰ ਉੱਧਰ ਹੋ ਜਾਣਾ ॥

**ਖਿੰਡ ਫੁੱਟ ਜਾਣਾ,** ਕ੍ਰਿਃ—ਟੋਟੇ ਟੋਟੇ ਹੋ ਜਾਣਾ, ਖਿੱਲਰ ਜਾਣਾ ॥

**ਖਿੰਡਰ,** ਵਿਃ—ਖਿੰਡਿਆ ਹੋਇਆ ॥

**ਖਿੰਡਿਆਂ ਫੁੱਟਿਆਂ**
**ਖਿੰਡਵਾਂ ਫੁੱਟਵਾਂ** } ਵਿਃ—ਖਿੰਡ ਫੁੱਟ ਜਾਣ ਵਾਲਾ ॥

**ਖਿਡਾਉਣਾ,** ਕ੍ਰਿਃ—ਖੇਡ ਕਰਾਉਣੀ, ਜੀਲਾਉਣਾ ।

**ਖਿਡਾਉਣਾ,** ਪੁਃ—ਖੇਡਣ ਦੀ ਚੀਜ਼, ਮਖੌਲੀਆ ।

**ਖਿੰਡਾਉਣਾ,** ਕ੍ਰਿਃ—ਖਲੇਰਨਾ, ਕੇਰਨਾ, ਫੈਲਾਉਣਾ ।

**ਖਿਡਾਈ,** ਸਃ—ਬਾਲਕ ਨੂੰ ਖਿਡਾਉਣਦੀ ਮਜੂਰੀ ॥

**ਖਿੰਡਾਈ,** ਸਃ—ਖਿੰਡਾਉਣ ਦਾ ਕੰਮ ਜਾਂ ਮਜੂਰੀ ।

**ਖਿਡਾਰ (ਰੀ)** ਪੁਃ
**ਖਿਡਾਰਣ,** ਸਃ } ਜੋ ਬਹੁਤਾ ਖੇਡੇ, ਮੌਜੀ, ਕਾਮੀ ਬਾਜ਼ੀਗਰ (ਣੀ), ਜੂਆ ਰੀਆ ( ਰਨ ) ॥



**ਖਿਡਾਵਾ,** ਪੁਃ
**ਖਿਡਾਵੀ,** ਸਃ } ਬਾਲਕਾਂ ਨੂੰ ਖਿਡਾਉਣ ਦੀ ਜਿਸਦੀ ਨੌਕਰੀ ਹੈ ॥

**ਖਿਡੌਣਾ,** ਪੁਃ—ਖੇਡਣ ਦੀ ਚੀਜ਼ ॥

**ਖਿਣ,** ਪੁਃ—ਛਿਨ, ਪਲ, , ਦੰਦਾਂ ਆਦਿਕ ਦੀ ਮੈਲ ॥

**ਖਿਣੀ ਖਿਣੀ,** ਵਿਃ—ਖਿੰਡਿਆ ਹੋਇਆ ਕਰਨਾ ) ॥

**ਖਿੱਤੀ,** ਸਃ—ਕੰਡਾ, ਝਾੜੀ, ਤਾਰਿਆਂ ਦਾ ਕੱਠ ( ਖਿੱਤੀਆਂ ) ॥

**ਖਿੱਤੀ ਦੇ ਦੇਣੀ,** ਕ੍ਰਿਃ—ਬਾੜ ਲਾਉਣੀ, ਬੰਦ ਕਰਨਾ ॥

**ਖਿੱਤੀ ਵਿਚ ਪਾਕੇ ਫੂਕਣਾ,** ਕ੍ਰਿਃ—ਕਿਸੇ ਮਨੁੱਖ ਨੂੰ ਕੰਡਿਆਂ ਦੇ ਅੰਦਰ ਸਾੜਨਾ ॥

**ਖਿੱਥ,** ਸਃ—ਸਾਧਾਂ ਦੀ ਟਾਕੀਆਂ ਵਾਲੀ ਗੋਦੜੀ ॥

**ਖਿਦਮਤ**
**ਖਿਦਮਤਗਾਰ** } 'ਖਿਜ਼ਮਤ' 'ਖਿਜ਼ਮਤਗਾਰ' ਵੇਖੋ ॥

**ਖਿੱਦੂ**
**ਖਿੱਦੋ** } ਪੁਃ—ਲੀਰਾਂ ਅਤੇ ਧਾਗਿਆਂ ਦਾ ਗੋਲ ਜਿਸ ਨਾਲ ਬਾਲ ਖੇਡਦੇ ਹਨ ॥

**ਖਿੱਦੋ ਪੱਟੀ,** ਸਃ—ਇੱਕ ਖੇਡ ਜਿਸ ਵਿੱਚ ਪੱਟ ? ਨਾਲ ਖਿੱਦੋ ਨੂੰ ਸੱਟ ਮਾਰਕੇ ਉਛਾਲਦੇ ਹਨ ॥

**ਖਿੰਧ (ਖਿੰਧੜੀ)** ਸਃ
**ਖਿੰਧੜਾ,** ਪੁਃ } ਖੜੀਗੁਦੜਗੁਦੜੀਵਿਛਾਈ

Digitized by Panjab Digital Library | www.panjabdigilib.org

**ਖਿੰਧੋਲਾ,** ਪੁਃ—ਗੋਦੜੀ, ਇੱਕ ਤਰਾਂ ਦਾ ਕੱਦੂ ।

**ਖਿੰਨੂੰ,** ਪੁਃ—'ਖਿੱਦੂ' ਵੇਖ ॥

**ਖਿਮਾ** / **ਖਿਮਾਂ** } ਸਃ—ਮਾਫੀ, ਧੀਰਜ, ਬਖਸ਼ੀਸ਼, ਦਯਾ, (ਕਰਨੀ) ॥

**ਖਿਰਟਣਾ,** ਕ੍ਰਿਃ—ਆਪਣੇ ਮੁਲਖਦੀ ਚਾਲ ਅਤੇ ਕਨੂਨ ਦਾ ਪੂਰਾ ਪੂਰਾ ਜਾਣੂ ਹੋਣਾ ॥

**ਖਿਰਨੀ,** ਸਃ—ਇੱਕ ਰੁਖ ਅਤੇ ਉਸ ਦਾ ਫਲ ॥

**ਖਿਰਿੰਢ** / **ਖਿਰੀਂਢ** } ਪੁਃ ਜ਼ਖ਼ਮ ਉੱਤੇ ਜੋ ਪੇਪੜੀ ਜੇਹੀ ਜੰਮ ਜਾਂਦੀ ਹੈ ।

**ਖਿੱਲ,** ਸਃ—ਕੋਈ ਚੀਜ਼ ਭੁੰਨ ਕੇ ਫੁਲਾਈ ਹੋਈ (ਕਰਨਾ) ਇੱਕ ਤਰਾਂ ਦੇ ਭੁੱਜੇ ਹੋਏ ਚੌਲ, ਛੋਲਿਆਂ ਦੇ ਦਾਣੇ ਦਾ ਰੋਗ, ਇੱਕ (ਪੀਲੀ) ਤਰਾਂ ਦਾ ਰੇਹਮੂ ॥

**ਖਿੱਲਸ,** ਸਃ—ਰੋਕ, ਵਿਘਨ, ਖੁਆੜਾਂ, ਔਖ, ਫਿਕਰ ।

**ਖਿੱਲਤ,** ਸਃ—ਸਿਰੋਪਾ, ਜੋੜਾ, ਬਖਸ਼ੀਸ਼ (ਦੇਣੀ ਪਨ੍ਹਾਉਣੀ, ਮਿਲਣੀ), ਤਬੀਅਤ (ਬਲਗਮ ਆਦਿਕ) ।

**ਖਿਲਤ ਮਿਲਤ,** ਵਿਃ, ਪੁਃ—ਮਿਲੇ ਜੁਲੇ, ਗੜਬੜ ॥

**ਖਿਲਤਾ,** ਪੁਃ—ਕਸ਼ਮੀਰੀਆਂ ਅਤੇ ਪਠਾਣਾਂ ਦਾ ਲੰਮਾ ਚੋਗਾ ।

**ਖਿਲਮਾ,** ਪੁਃ—ਮਹਿਮਾ, ਬੇਨਤੀ ॥

**ਖਿੱਲਰ ਜਾਣਾ** / **ਖਿੱਲਰਨਾ** } ਕ੍ਰਿਃ—ਖਿੰਡਣਾ, ਫੈਲਣਾ, ਇੱਧਰ ਉੱਧਰ ਹੋ ਜਾਣਾ ॥

**ਖਿਲਵਾਉਣਾ,** ਕ੍ਰਿਃ—ਖੇਡਣ ਜਾਂ ਖਾਣ ਦਾ ਕੰਮ ਦੂਜੇ ਦੀ ਰਾਹੀਂ ਕਰਾਉਣਾ ॥

**ਖਿਲਵਾਈ,** ਸਃ—ਖਿਲਵਾਉਣ ਦੀ ਮਜ਼ੂਰੀ ॥

**ਖਿਲਾਉਣਾ,** ਕ੍ਰਿਃ—ਖੁਲਾਉਣਾ, ਖਡਾਉਣਾ, ਖੇਡਣ ਜਾਂ ਖਾਣ ਦੇਣਾ ॥

**ਖਿਲਾਈ,** ਸਃ—ਖਿਲਾਉਣ ਦੀ ਮਜੂਰੀ

**ਖਿਲਾਰ,** ਪੁਃ—ਖਿਲਾਰਨ ਦਾ ਗੁਣ, ਪਸਾਰਾ, ਫੈਲਾਉ ॥

**ਖਿਲਾਰ (ਰੀ),** ਪੁਃ / **ਖਿਲਾਰਨ,** ਸਃ } ਖੇਡਣ ਵਾਲਾ (ਲੀ) ਬਦਮਾਸ਼, ਮੌਜੀ ॥

**ਖਿਲਾਰਨਾ,** ਕ੍ਰਿਃ—ਖਿੰਡਾਉਣਾ, ਫੈਲਾਉਣਾ ॥

**ਚੀਨਾ ਖਿਲਾਰਨਾ,** ਕ੍ਰਿਃ—ਰੋਣਾ, ਹਠ ਕਰਨਾ, ਜ਼ਿਦ ਦੱਸਣਾ ।

**ਖਿਲਾਵਾ,** ਪੁਃ / **ਖਿਲਾਵੀ,** ਸਃ } ਬਾਲਾਂ ਨੂੰ ਖਿਲਾਉਣ ਤੇ ਜੋ ਨੌਕਰ ਹੋ ॥

**ਖਿੱਲੀ,** ਸਃ—ਹਾਸਾ, ਠੱਠਾ, ਮਖੌਲ, ਮਸ਼ਕਰੀ ॥

**ਖਿੱਲੋ ਦਵਾਣੀ** / **ਖਿੱਲੋ ਦੁਆਣੀ** } ਵਿਃ, ਸਃ—ਹਾਸਾ ਠੱਠਾ ਕਰਨ ਵਾਲੀ, ਝੱਲੀ ਰੰਨ ॥

**ਖਿੜਕ (ਕਾ)** ਪੁਃ—ਦਰਵਾਜ਼ਾ, ਤਾਕੀ, ਛੱਪਰ ਦਾ ਬੂਹਾ

**ਖਿੜਕੀ,** ਸਃ—ਛੋਟਾ ਬੂਹਾ, ਤਾਕੀ, ਬਾਰੀ ॥

**ਖਿੜਖਿੜਾਉਣਾ,** ਕ੍ਰਿਃ—ਬਹੁਤ ਹੱਸਣਾ, ਖੁਸ਼ ਹੋਣਾ, ਖਿੜਨਾ ॥

Digitized by Panjab Digital Library | www.panjabdigilib.org

**ਖਿੜਖਿੜਾਟ,** ਪੁ:—ਹਾਸਾ, ਜ਼ੋਰ ਦਾ ਹਾਸਾ ॥

**ਖਿੜਨਾ,** ਕ੍ਰਿ:—ਫੁੱਲ ਆਦਿਕ ਦੀਆਂ ਕਲੀਆਂ ਨਿਕਲਣੀਆਂ, ਹੱਸਣਾ, ਖੁਸ਼ ਹੋਣਾ ॥

**ਖਿੜਾਉ,** ਸ:—ਖਿੜਨ ਦਾ ਕੰਮ, ਖੁਸ਼ੀ ॥

**ਖਿੜਾਉਣਾ,** ਕ੍ਰਿ:—ਖਿੜਨ ਦੇਣਾ, ਹਸਾਉਣਾ, ਖੁਸ਼ ਕਰਨਾ ॥

**ਖੀਸ,** ਸ:—ਘਾਟਾ, ਦੰਦ ਕੱਢਣਾ, ਮੌਂਢਾ ਮਾਰਨਾ, ਵੱਛਾ ਸੂਣ ਤੋਂ ਮਗਰੋਂ ਜੋ ਦੁੱਧ ਗਊ ਦੇਵੇ ॥

**ਖੀਸ ਹੋਣਾ**
**ਖੀਸ ਪੈ ਜਾਣਾ (ਪੈਣਾ)** } ਕ੍ਰਿ:—ਘਟ ਜਾਣਾ, ਖਰਾਬ ਹੋ ਜਾਣਾ, ਕੰਮ ਨਾਂ ਆਉਣਾ, ਹੱਥੋਂ ਚਲੇ ਜਾਣਾ ॥

**ਖੀਸਾ,** ਪੁ:—ਥੈਲਾ, ਜੇਬ, ਨ੍ਹਾਉਣ ਦੇ ਵੇਲੇ ਪਿੰਡਾ ਮਲਣ ਵਾਲਾ ਕਪੜਾ(ਖੀਸਾ ਕਰਨਾ,ਪਿੰਡਾ ਨਾ ਮਲਣਾ) ॥

**ਖੀਣ ਖਾਬ,** ਸ:—ਗੋਟੇ ਦੇ ਫੁੱਲਾਂ ਵਾਲਾ ਰੇਸ਼ਮੀ ਕਪੜਾ ॥

**ਖੀਰ,** ਸ:—ਦੁੱਧ ਵਿੱਚ ਰਿੱਧੇ ਹੋਏ ਚੌਲ, ਤਸਮਈ, ਦੁੱਧ ।

**ਖੀਰਦਾ ਉਬਾਲ,** ਵਿ:—ਝਟ ਪਟ ਗੁੱਸੇ ਹੋਕੇ ਰਾਜ਼ੀ ਹੋ ਜਾਣ ਵਾਲਾ ॥

**ਖੀਰ ਖੰਡ,** ਸ:—ਰੀਗੋ ਰੋਸੋ ॥

**ਖੀਰਾ,** ਪੁ:—ਇੱਕ ਫਲ (ਤਰ ਵਰਗਾ), ਦੁੱਧ ਦੀਆਂ ਦੰਦੀਆਂ ਵਾਲਾ, ਜਨੌਰ ਦਾ ਬੱਚਾ ॥

**ਖੀਰੀ,** ਸ:—ਗਊਆਂ ਦੇ ਥਣ ॥

**ਖੀਵਟ,** ਸ:—ਇੱਕ ਕਤਾਬ ਜਿਸ ਵਿੱਚ ਪਿੰਡ ਦੀ ਜ਼ਮੀਨ ਦੇ ਹਿੱਸਿਆਂ ਦਾ ਵੇਰਵਾ ਹੁੰਦਾ ਹੈ ॥

**ਖੀਵਾ,** ਵਿ:—ਸ਼ਰਾਬੀ, ਮਸਤ, ਲੁੱਚਾ, ਘਮੰਡੀ ॥

**ਖੁਆਉਣਾ,** ਕ੍ਰਿ:—ਖਾਣ ਨੂੰ ਦੇਣਾ, ਪਾਲਣਾ ॥

**ਖੁਆਸ,** ਸ:—ਜੋ ਵੱਡੇ ਆਦਮੀ ਦੀ ਨੌਕਰੀ ਵਿੱਚ ਰਹੇ ॥

**ਖੁਆਸੀ,** ਸ:—ਹਾਥੀ ਦੇ ਹੌਦੇ ਉੱਤੇ ਨੌਕਰ ਦੇ ਬਹਿਣ ਦੀ ਥਾਂ ॥

**ਖੁਆਹਨਾ,** ਪੁ:—ਜਿਸ ਜਗਾ ਤੋਂ ਮਿੱਟੀ ਪੁੱਟੀ ਜਾਵੇ, ਪੁੱਟਣ ਨਾਲ ਜੋ ਟੋਇਆ ਪਵੇ। ਔਖ ਦਾ ਖਾਨਾ ॥

**ਖੁਆਨਾ,** ਕ੍ਰਿ:—ਖਾਣ ਨੂੰ ਦੇਣਾ, ਪਾਲਣਾ ॥

**ਖੁਆਰ,** ਵਿ:—ਗਰੀਬ, ਦੁਖੀ, ਅਵਾਰਾ, ਖੱਜਲ ॥

**ਖੁਆਰੀ,** ਸ:—ਦੁਖ, ਤਬਾਹੀ, ਔਖ, ਲੜਾਈ ।

**ਖੁਆਲਣਾ (ਨਾ),** ਕ੍ਰਿ:—ਖਾਣ ਨੂੰ ਦੇਣਾ, ਪਾਲਣਾ ॥

**ਖ਼ੁਸ਼,** ਵਿ:—ਪਰਸੰਨ, ਰਾਜ਼ੀ, ਅਨੰਦ, ਮੌਜੀ, ਸੁਖੀ, ਤਿਆਰ, ਨਸੀਬਾਂ ਵਾਲਾ ॥

**ਖ਼ੁਸ਼ ਕਰਨਾ,** ਕ੍ਰਿ:—ਰਿਝਾਉਣਾ, ਖਾਤਰ ਜਮਾ ਕਰਨਾ ॥

**ਖ਼ੁਸ਼ ਕਿਸਮਤ,** ਵਿ:—ਜਿਸ ਦੀ ਪਰਾਲਬਧ ਅੱਛੀ ਹੈ ॥

**ਖ਼ੁਸ਼ ਕਿਸਮਤੀ,** ਸ:—ਅੱਛੀ ਪਰਾਲਬਧ ॥

Digitized by Panjab Digital Library | www.panjabdigilib.org

**ਖੁਸ਼ ਖ਼ਬਰੀ,** ਸ਼ਃ—ਚੰਗੀ ਖਬਰ ॥

**ਖੁਸ਼ ਜੀਉੜਾ,** ਪੁਃ—ਮੌਜੀ, ਨਚਿੰਤ ਆਦਮੀ ॥

**ਖੁਸ਼ ਬਨਾਤ,** ਵਿਃ—ਹਸਮੁਖੜਾ, ਮੌਜੀ ॥

**ਖੁਸ਼ ਬਾਸੀ,** ਵਿਃ—ਜਿਸ ਦੀ ਪਰਾਲਬਧ ਚੰਗੀ ਹੈ ॥

**ਖੁਸ਼ਨਸੀਬੀ,** ਸ਼ਃ—ਚੰਗੀ ਪਰਾਲਬਧ ॥

**ਖੁਸ਼ਬੂ (ਬੋ)**
**ਖੁਸ਼ਬੋਈ (ਬੋ)** } ਸ਼ਃ—ਚੰਗੀ ਮੁਸ਼ਕ, ਸੁਗੰਧ ॥

**ਖੁਸ਼ਬੂ (ਬੋ) ਦਾਰ,** ਵਿਃ—ਜਿਸ ਦੀ ਮੁਸ਼ਕ ਚੰਗੀ ਹੈ ॥

**ਖੁਸ਼ ਰਹਿਣਾ,** ਕ੍ਰਿਃ—ਸੰਸਾਰ ਦੇ ਸੁਖ ਭੋਗਣੇ ॥

**ਖੁਸ਼ਰਹਿਣਾ,** ਪੁਃ—ਅਵਾਰਾ ਅਤੇ ਕਾਮੀ ਮਨੁੱਖ ॥

**ਖੁਸ਼ ਰਹਿਣਾ,** ਪੁਃ
**ਖੁਸ਼ ਰਹਿਣੀ,** ਸ਼ਃ } ਇੱਕ ਛੋਟੇ ਕਦ ਦਾ ਟੱਟੂ ॥

**ਖੁਸ਼ ਰਹਿਣੀ,** ਸ਼ਃ—ਅਵਾਰਾ ਤ੍ਰੀਮਤ, ਲੰਮੀ ਕੰਜ਼ ।

**ਖੁਸ਼ਕ,** ਵਿਃ—ਸੁੱਕਾ, ਕੁਮਲਾਇਆ ਹੋਇਆ, ਰੁੱਖਾ, ਭੁੱਜਾ ਹੋਇਆ, ਨੰਗਾ, ਇਕੱਲਾ, ਸੁਸਤ, ਘਮੰਡੀ, ਲੋਕਾਂ ਤੋਂ ਵੱਖਰਾ ( ਖੁਸ਼ਕਆਦਮੀ)॥

**ਖੁਸ਼ਕੀ,** ਸ਼ਃ—ਖੁਸ਼ਕ ਹੋਣਦਾ ਗੁਣ, ਸੁੱਕੀ ਧਰਤੀ ਘਮੰਡ ॥
" ਪੁਃ, ਵਿਃ—ਖਤਰੀ, ਜਨੂਨੀ ॥

**ਖੁੱਸਣਾ,** ਕ੍ਰਿਃ—( ਕੋਈ ਚੀਜ਼ ) ਖੋਹੀ ਜਾਣੀ ॥

**ਦਿਲਖੁੱਸਣਾ,** ਕ੍ਰਿਃ—ਹੌਲ ਪੈਣਾ, ਭੁੱਖ ਲਗਣੀ ॥



**ਖੁਸਰ ਖੁਸਰ,** ਸ਼ਃ—ਹੌਲੇ ਜਿਹੇ ਧੀਮੇ ਬੋਲਣ ਦੀ ਅਵਾਜ਼ ( ਕਰਨਾ ) ॥

**ਖੁਸਰਾ,** ਪੁਃ—ਖੋਜਾ, ਹਿਜੜਾ, ਜੋ ਨਾ ਮਰਦ ਹ ਨਾ ਤੀਵੀਂ ॥

**ਖੁਸਰਾਉਣਾ,** ਕ੍ਰਿਃ—ਖੁਸਰ ਖੁਸਰ ਕਰਨਾ ॥

**ਖੁਸੜ ਦੁੱਬੜ**
**ਖੁਸੜ ਦੁੱਬੜ** } ਵਿਃ—ਕਪੜੇ ਕਾਗਤ ਆਦਿਕ ਦੀਆਂ ਚੀਜ਼ਾਂ ਜੋ ਚੰਗੀਤਰਾਂ ਨਾ ਬਣੀਆਂ ਹੋਣ ॥

**ਖੁਸਾਉਣਾ,** ਕ੍ਰਿਃ—ਖੁੱਸਣ ਦੇਣਾ, ਖੁਹਾਉਣਾ ॥

**ਖੁਸ਼ਾਮਦ,** ਸ਼ਃ—ਕਿਸੇ ਦੀ ਝੂਠੀ ਵਡਿਆਈ ( ਕਰਨਾ ) ॥

**ਖੁਸ਼ਾਮਦਣ,** ਸ਼ਃ
**ਖੁਸ਼ਾਮਦੀ,** ਪੁਃ } ਜੋ ਖੁਸ਼ਾਮਦ ਕਰੇ ॥

**ਖੁਸ਼ੀ,** ਸ਼ਃ—ਸੁਖ, ਅਨੰਦ, ਪਰਸਿੰਨਤਾਈ, ਮੌਜ ( ਕਰਨਾ, ਮਨਾਉਣਾ, ਵਿਚ ਆਉਣਾ )॥
ਵਿਃ—ਖੁਸ਼, ਪਰਸਿੰਨ ॥

**ਆਪਣੀ ਖੁਸ਼ੀਨਾਲ,** ਕ੍ਰਿਃ ਵਿਃ—ਆਪਣੀ ਮਰਜ਼ੀ ॥

**ਖੁਸ਼ੀ ਖੁਸ਼ੀ,** ਕ੍ਰਿਃ, ਵਿਃ—ਚਾਹ ਕੇ, ਬੜੀ ਖੁਸ਼ੀ ਨਾਲ ॥

**ਸਾਨੂੰ ਖੁਸ਼ੀ ਕਰੋ,** ਹੁਣ ਸਾਨੂੰ ਛੁੱਟੀ ਦਿਓ ( ਛੋਟੇ ਵਡਿਆਂ ਨੂੰ ਮਿਲਕੇ ਜਾਣ ਵੇਲੇ ਆਖਦੇ ਹਨ ) ।

**ਖੁਸੀਆ,** ਪੁਃ—ਪਤਾਲੂ, ਨਲ ॥

**ਖੁਸੇੜਨਾ,** ਕ੍ਰਿਃ—ਪੁੱਟਣਾ, ਖੋਹਣਾ, ਉਖੇੜਨਾ, ਜ਼ੋਰ ਨਾਲ ਲੈ ਜਾਣਾ ॥

Digitized by Panjab Digital Library | www.panjabdigilib.org

**ਖੁਹਣਾ** } ਕ੍ਰਿ:—ਜ਼ੋਰ ਨਾਲ ਲੈ ਲੈਣਾ, ਖੁੱਸਣਾ ॥
**ਖੁਹਣਾ** }

**ਖੁਹਾਉਣਾ,** ਕ੍ਰਿ:—ਖੋਹਣ ਦੇਣਾ, ਗੁਆਉਣਾ, ਖੁਸਾਉਣਾ ॥

**ਖੁਹਾਈ,** ਸ:—ਜ਼ੋਰ ਨਾਲ ਲੈ ਲੈਣ ਦਾ ਕੰਮ ॥

**ਖੁਹਾਣਾ,** ਪੁ:—'ਖੁਆਹਣਾ' ਵੇਖੋ ॥

**ਖੁਹੁਰਜ਼ਾ,** ਵਿ:—ਖਰਵਾ, ਖਹੁਰਾ ਜੋ ਸਾਫ਼ ਨਹੀਂ ॥

**ਖੁਹੁਲਣਾ,** ਕ੍ਰਿ:—ਚੌੜਾ ਕਰਨਾ, ਢਿੱਲਾ ਕਰਨਾ ਬੰਦ ਹਟਾਣਾ, ਜ਼ਾਹਰ ਕਰਨਾ, ਮਤਲਬ ਦੱਸਣਾ, ਅਲਗ ਕਰਨਾ ॥

**ਖੁਹੂ,** ਪੁ:—ਖੋਹ ਲੈਣ ਵਾਲਾ, ਲੁਟੇਰਾ ॥

**ਖੁਖਨੀ** } ਸ:—ਗੋਰਖਿਆਂ ਦੀ ਤਲਵਾਰ ॥
**ਖੁਖੁਨੀ** }

**ਖੁਖਰੈਣ,** ਪੁ:—ਖੱਤਰੀਆਂ ਦਾ ਇੱਕ ਧੜਾ ॥

**ਖੁੰਘਰਾ,** ਪੁ: }
**ਖੁੰਘਾ,** ਪੁ: } ਰੁੱਖ ਦਾ ਠੁੰਠ, ਟੁੱਟੀ ਹੋਈ ਟਾਹਣੀ ॥
**ਖੁੰਘੀ,** ਸ: }

**ਖੁੰਘਾ ਲੱਗਣਾ** } ਕ੍ਰਿ:—ਖੁੰਘੀ ਨਾਲ ਅੜ ਕੇ ਕਪੜਾ ਪਾਟ ਜਾਣਾ ॥
**ਖੁੰਘੀ ਲੱਗਣੀ** }

**ਖੁੱਚ,** ਸ:—ਗੋਡੇ ਦੇ ਹੇਠਲਾ ਟੋਇਆ, ਖੋਜ, ਪੁੱਛ ਗਿੱਛ ॥

**ਖੁੱਚ ਬਾਹਰ ਕਢਣੀ,** ਕ੍ਰਿ:—ਪੂਰਾ ਪਤਾ ਕੱਢਣਾ, ਫਲਣਾ ॥

**ਖੁੱਚ ਬਾਜ,** ਪੁ:—ਖੋਜੀ, ਪੂਰਾ ਪਤਾ ਕੱਢਣ ਵਾਲਾ ॥

**ਖੁੱਚ ਬਾਜ਼ੀ,** ਸ:—ਪੂਰਾ ਖੋਜ ਲਗਾਉਣ ਦਾ ਕੰਮ।

**ਖੁੰਝਣਾ,** ਕ੍ਰਿ:—ਭੁੱਲਣਾ, ਘੁੱਸਣਾ ॥

**ਖੁੰਝਾਉਣਾ,** ਕ੍ਰਿ:—ਭੁਲਾਉਣਾ, ਘੁਸਾਉਣਾ ॥

**ਖੁੰਝਾਈ,** ਸ:—ਧੋਖਾ, ਛਲ, ਫਰੇਬ (ਖਾਣੀ, ਦੇਣੀ ॥

**ਖੁੱਟ,** ਪੁ:—ਰੋਥਾ। 'ਖੁੱਟਣਾ' ਕ੍ਰਿਆ ਦਾ ਅਨੁਮਤਨ ਰਬ ਲਕਾਰ ॥

**ਖੁੱਟ ਜਾਣਾ** } ਕ੍ਰਿ:—ਮੁੱਕ ਜਾਣਾ ਥੁੜਨਾ ॥
**ਖੁੱਟਣਾ** }

**ਖਟਰ** } ਵਿ:—ਨਿਰਦਈ, ਬੇ ਤਰਸ ॥
**ਖੁੱਟੜ** }

**ਖੁਟੜਾ,** ਪੁ: } ਨਿਰਦਈ, ਬੇ ਤਰਸ ।
**ਖੁਟੜੀ,** ਸ: }

**ਖੁੱਡਾ,** ਪੁ:—ਪਤਾਲੂ, ਨਲ ॥

**ਖੁਟਾਉਣਾ,** ਕ੍ਰਿ:—ਮੁਕਾਉਣਾ, ਪੂਰਾ ਕਰਨਾ, ਘਟਾਉਣਾ ।

**ਖੁਟਿਆਈ,** ਸ:—ਖੋਟ, ਛਲ, ਫਰੇਬ ॥

**ਖੁੱਠੀ,** ਸ:—ਇੱਕ ਨਿੱਕਾ ਜੇਹਾ ਰੋਥਾ ॥

**ਖੁੱਡ,** ਸ:—ਛੇਕ, ਮੋਰੀ, ਮੋਘਾ ॥

**ਖੁੰਡ (ਡਾ)** ਪੁ:—ਕਿੱਲਾ, ਵੱਡੀ ਮੇਖ, ਰੁੱਖ, ਦਾ ਠੁੰਡ, ਲੋਹੇ ਦੇ ਛੱਲਿਆਂ ਵਾਲੀ ਲਾਠੀ ॥

**ਖੁੱਡੀ,**—ਤੁੱਕੀ ਦੀ ਥਾਂ, ਸੰਹਦ ਖਾਨੇ ਦੇ ਹਿੱਸੇ ॥

**ਖੁੰਡੀ,** ਵਿ:—ਮੁੜੇ ਹੋਏ ਸਿੰਗਾਂ ਵਾਲੀ ਮੱਝ ਦਾ ॥

Digitized by Panjab Digital Library / www.panjabdigilib.org

**ਖੁੰਢ,** ਪੁ: / ਸ: — ਜੜ੍ਹ, ਰੁੱਖ ਦਾ ਠੁੰਡ, ਖੁੰਢਾ ਜਾ ਖੁੰਢੀ ॥

**ਖੁੰਢਰ / ਖੁੰਢਾ,** ਪੁ:—ਬੁੱਢਾ ਆਦਮੀ ।

**ਖੁੰਢਾ,** ਵਿ:—ਜੋ ਤੇਜ਼ ਨਹੀਂ (ਚਾਕੂ ਆਦਿਕ) ਨਮਦਾ, ਬੁੱਧ, ਮੂਰਖ ॥

**ਖੁਣਸ,** ਸ:—ਵੈਰ, ਕੀਨਾ, ਦੁਸ਼ਮਣੀ, ਖਾਰ (ਕਰਨੀ, ਖਾਣੀ) ॥

**ਖੁਣਸਖੋਰ,** ਵਿ:—ਜੋ ਖੁਣਸ ਕਰੇ ॥

**ਖੁਣਸਣ,** ਸ: / **ਖੁਣਸੀ,** ਪੁ: — ਖੁਣਸ ਕਰਨ ਵਾਲਾ (ਲੀ) ॥

**ਖੁਣਸਣਾ,** ਕ੍ਰਿ:—ਖੁਣਸ ਜਾਂ ਵੈਰ ਕਰਨਾ ॥

**ਖੁਣਨਾ,** ਕ੍ਰਿ:—ਪੁੱਟਣਾ, ਖੋਦਣਾ, ਉਖੇੜਨਾ ॥

**ਖੁਤ,** ਸ:—ਟੋਆ (ਪੈ ਜਾਣਾ) ॥

**ਖੁੱਤੀ,** ਸ:—ਉਹ ਟੋਇਆ ਜੋ ਮੁੰਡੇ ਇਕ ਖੇਡ ਵਿਚ ਧਰਤੀ ਵਿਚ ਖੋਦਦੇ ਹਨ ॥

**ਖੁੱਤੀ ਪਤਾਲ,** ਸ:—ਇੱਕ ਖੇਡ ।

**ਖੁੱਥਣਾ,** ਕ੍ਰਿ:—ਖੋਹੇ ਜਾਣਾ, ਝੜਨਾ, [illegible] ।

**ਖੁੱਥਾ ਪੁੱਥਾ,** ਵਿ:—ਜਿਸ ਦੇ [illegible] ਨਹੀਂ ਰਿਹਾ ॥

**ਖੁਦ,** ਪੜ:—ਆਪ ॥

**ਖੁਦਰੰਗ,** ਵਿ:—ਜਿਸ ਦਾ ਰੰਗ ਕੁਦਰਤੀ ਹੋਵੇ ।

**ਖੁਦਣਾ,** ਕ੍ਰਿ:—ਖੋਦ ਜਾਂ ਉੱਕਰੇ ਜਾਣਾ ॥

**ਖੁਦ ਰੌ,** ਵਿ:—ਜੋ ਬਿਨਾ ਬਾਝ ਆਪਣੇ ਆਪ ਉੱਗੇ, ਅਣਬੀਜਿਆ (ਬੂਟਾ) ।

**ਖੁਦਵਾਉਣਾ,** ਕ੍ਰਿ:—ਖੋਦਣ ਦਾ ਕੰਮ ਕਰਾਉਣਾ ॥

**ਖੁਦਵਾਈ,** ਸ: ਖੋਦਣ ਦਾ ਕੰਮ ਜਾ ਮਜੂਰੀ ॥

**ਖੁਦਾ,** ਪੁ:—ਰੱਬ, ਅਲਾ, ਪਰਮੇਸਰ ॥

**ਖੁਦਾ ਕਰੇ,!**—ਮੇਰੀ ਚਾਹ ਹੈ ਕਿ ॥

**ਖੁਦਾ ਖੁਦਾ ਕਰਕੇ,** ਕ੍ਰਿ: ਵਿ:—ਔਖੀ ਤਰਾਂ ॥

**ਖੁਦਾ ਚਾਹੇ !**—ਜੇ ਪਰਮੇਸਰ ਦੀ ਮਰਜ਼ੀ ਹੋਵੇ ॥

**ਖੁਦਾ ਜਾਣੇ !**—ਮੈਨੂੰ ਪਤਾ ਨਹੀਂ ॥

**ਖੁਦਾ ਦਾ ਘਰ,** ਪ:—ਮਸੀਤ ॥

**ਖੁਦਾ ਦੀ ਮਾਰ,** ਸ:—ਪਰਮੇਸਰ ਦੀ ਕਰੋਪੀ ॥

**ਖੁਦਾ ਦੇ ਲਈ / ਖੁਦਾ ਦੇ ਵਾਸਤੇ / ਖੁਦਾ ਵਾਸਤੇ** — [illegible]

**ਖੁਦਾਉਣਾ,** ਕ੍ਰਿ:—ਖੋਦਣ ਦਾ ਕੰਮ ਕਰਾਉਣਾ ॥

**ਖੁਦਾਈ,** ਸ:—ਖੁਦਾ ਦੀ ਤਾਕਤ, ਕੁਦਰਤ, ਰਚਨਾ, ਦੁਨੀਆ, ਖੋਦਣ ਦਾ ਕੰਮ ਜਾ ਮਜੂਰੀ ॥

**ਖੁਦਾਈ ਦਾ ਝੂਠਾ,** ਪੁ:—ਜਿਸ ਦਾ ਝੂਠ ਸਾਰੇ ਜਹਾਨ ਨੂੰ ਮਲੂਮ ।

**ਖੁਦੀ,** ਸ:—ਅਭਮਾਨ, ਹੰਕਾਰ, ਹਉਮੈ ॥

**ਖੁੱਦੋ,** ਪ:—ਖੇਡਣ ਵਾਲਾ ਗੇਂਦਾ (ਧਾਗਿਆਂ ਦਾ) ॥

**ਖੁੱਧਰ,** ਸ:—ਉੱਚਾ ਨੀਵਾਂ ਥਾਂ, ਟੋਇਆ, ਉੱਚਾ ਪੱਧਰ ॥

**ਖੁੰਧਿਆ,** ਸ:—ਭੁੱਖ (ਲਗਣੀ) ॥

Digitized by Panjab Digital Library | www.panjabdigilib.org

[illegible]

ਖਿਮਿਆ ਵੈਤ, ਕ੍ਰਿ:—ਜਿਸ ਨੂੰ ਭੁਖ ਲਗੀ ਹੋ

ਖੁਨੇਕ, ਪੁ:—ਠੰਢਕ ਤੇਜ਼, ਗਾਲ ਦਾ ਪੱਕਣਾ ।

ਖੁਨਾਮੀ, ਸ:—ਦੋਸ਼ ਐਬ ।

ਖੁੰਬ, ਸ: ਧਰਤੀ ਦਾ ਇਕ ਫੁਲ, ਜਮੀਨ ਵਿਚੋ [illegible]

ਖੁੰਬ ਵਾਂਗੂ ਸਿਰ ਕਢਨਾਂ, ਕ੍ਰਿ:—ਅਚਾਨਕ [illegible] ਆਉਣਾ ।

[illegible]ਨ ਦੀ ਖੁੰਬ ਵਾਂਗ ਉਗਣਾ, ਕ੍ਰਿ:—[illegible]

ਖੁੰਬ ਕਰਨੇ, ਕ੍ਰਿ:—ਕਪੜੇ ਉਬਾਲ ਕੇ ਧੋਣੇ

ਖੁੰਬ ਚਾੜ੍ਹਣੇ, ਕ੍ਰਿ:—[illegible]

[illegible]

ਖੁੰਮਣਾ, ਕ੍ਰਿ: [illegible], ਅਸਾਧ ਹੋਣਾ ।

ਖੁਭਾਉਣਾ, ਕ੍ਰਿ:—ਦੱਬਣਾ, ਧਸਾਉਣਾ, ਅਸਰ [illegible] ।

ਖੁਮਰ, ਪੁ: }
ਖੁਮਰੀ ਸ: } [illegible] ਘਰਾਂ ਦੀ ਉਲਾਦ ।

ਖੁਮਾਨੀ, ਸ: ~[illegible] ਫਲ [illegible] ਵਾਲਾ ।

ਖੁਮਾਰ, ਪੁ: }
ਖੁਮਾਰੀ, ਸ: } ਮਸਤੀ ਨਸ਼ਾ, ਸਿਰਪੀੜ ਮਸਤੀ।

ਖੁਰ, [illegible]—ਪਸ਼ੂ ਦਾ ਪੈਰ, ਸੁੰਮ ॥

ਖੁਰ ਖੋਜ, ਪੁ:—ਪੂਰਾ ਪਤਾ, ਨਿਸ਼ਾਨ ॥

ਖੁਰਸੀ, ਸ: -'ਕੁਰਸੀ' ਵੇਖੋ ॥

ਖਰਕ, ਸ:—ਖਾਜ, ਰੋਗ, ਜਲੂਣ ॥

ਖੁਰਕਣਾ, ਕ੍ਰਿ:—ਖੁਰਕ ਮਿਟਾਉਣ ਲਈ ਪਿੰਡੇ ਨੂੰ ਮਲਣਾ ਜਾਂ ਛਿਲਣਾ ॥

ਖੁਰਕਾਉਣਾ, ਕ੍ਰਿ:—ਖੁਰਕਣਦਾ ਕੰਮਕਰਾਉਣਾ।

ਖੁਰਗਾਹ }
ਖੁਰਜੋ } ਸ:—ਬਲਦਾਂਦਾ ਖਰਾਬ ਲਗਾਕੇ ਦਾਲ ਅਤੇ ਤੂੜੀ ਅੱਡ ਅੱਡ ਕਰਨਾ।

ਖੁਰਗੀਣ, ਪੁ:—ਕਾਠੀਆਂ ਥਾਂ ਘੋੜੇ ਉੱਤੇ ਪਾਉਣ ਵਾਲਾ ਕਪੜਾ ॥

ਖੁਰਗੀਣ ਦੀ ਭਰਤੀ, ਸ:—ਨਿਕੰਮੇ ਆਦਮੀਆਂ ਜਾ ਚੀਜਾਂ ਦਾ ਢੇਰ ॥

ਖੁਰਚਣ, ਪੁ:—ਦੁੱਧ, ਖੀਰ ਆਦਿਕ ਜੋ ਭਾਂਡੇ ਦੇ ਪਾਸਿਆਂ ਉੱਤੇ ਲਗੀ ਰਹਿੰਦੀ ਹੈ, ਤੇ ਖੁਰਚ ਕੇ ਲਾਹੀ ਦੀ ਹੋ ॥

ਖੁਰਚਣਾ, ਕ੍ਰਿ: [illegible]

ਖੁਰਚਣੀ, ਸ:—ਜਿਸ ਚੀਜ਼ ਨਾਲ ਭਾਂਡੇ ਖੁਰਚੇ ਜਾਣ ॥

ਖੁਰਚਾਉਣਾ, ਕ੍ਰਿ:—ਖੁਰਚਣਦਾ ਕੰਮ ਕਰਾਉਣਾ

ਖੁਰਜੀ, }
ਖੁਰਜੀਣ, } ਸ:—ਕਾਠੀ ਦੇ ਥਲੇ॥

ਖੁਰਦਲਾ, ਵਿ:—ਜੋ ਪੱਧਰਾ ਨਹੀਂ, ਉੱਚਾ ਨੀਵਾਂ॥

ਖਰਨਾ, ਕ੍ਰਿ:—[illegible], [illegible], [illegible], [illegible] ਜਾਣਾ ॥

Digitized by Panjab Digital Library / www.panjabdigilib.org

ਖੁਰਪਾ

ਖੁਰਪਾ (ਪੁਃ) / ਖੁਰਪੀ (ਸਃ) — ਘਾਸ ਖੋਤਣ ਦਾ ਹਥਿਆਰ [illegible]

**ਖੁਰਲੀ,** ਸਃ—ਡੰਗਰਾਂ ਨੂੰ ਪੱਠੇ ਪਾਉਣ ਵਾਲਾ ਥਾਂ॥

**ਖੁਰਲੀ ਪਾਉਣੀ,** ਕ੍ਰਿਃ—[illegible] ਨੂੰ ਕਠੇ ਬਹਾਲਕੇ ਉਨ੍ਹਾਂ ਅਗੇ ਮਠਿਆਈ ਦੀ ਢੇਰੀ ਖੁਰਲੀ ਦੀ ਸ਼ਕਲ ਵਿਚ ਲਾ ਦੇਣੀ॥

**ਖੁਰਕਾ,** ਪੁਃ—ਚੀਰਿਆ ਹੋਇਆ ਖੁਰ ਜਾਂ ਉਸਦਾ ਨਿਸ਼ਾਨ॥

**ਖੁਰਾ,** ਪੁਃ—ਖੁਰ ਜਾਂ ਪੈਰ ਦਾ ਨਿਸ਼ਾਨ, ਭੈਲਾ ਮੋਰੀ॥

**ਖੁਰਾਉਣਾ,** ਘੋਲਣਾ, ਗਾਲਣਾ, [illegible] ਦੂਰ ਕਰੀਦਾ ਹੈ॥

**ਖੁਰਾਉੜਾ,** ਪੁਃ—'ਖਰਾਉੜਾ' ਵੇਖੋ।

**ਖੁਰਾਕ,** ਸਃ—ਖਾਣ ਵਾਲੀ ਚੀਜ਼, ਭੋਜਨ, ਰਸਦ ਜਿੰਨੀ ਦਵਾ ਇਕ ਵਾਰੀ ਦਿੱਤੀ ਜਾ[illegible]।

**ਖੁਰਾਕੀ,** ਵਿਃ—ਜੋ ਖੁਰਾਕ ਬਣ ਸਕੇ, ਖਾਣ ਦੇ ਲਾਇਕ।

**ਖੁਰਾਂਟ,** ਵਿਃ—ਬੜਾ ਚੰਗਾ, ਸਿਆਣਾ, ਚਲਾਕ।

**ਖੁਰਾਟੇ,** ਪੁਃ—(ਬਹੁਃ ਬਃ) ਘਰਾੜੇ, [illegible]

**ਖੁਰੀ,** ਸਃ—ਛੋਟਾ ਖੁਰ, ਖੁਰ ਦਾ ਹਿਸਾ [illegible] ਅੱਡੀ, ਜੁੱਤੀ ਦੇ ਥੱਲੇ ਲਾਉਣ ਵਾਲੀ ਲੋਹੇ ਦੀ ਅੱਡੀ॥

**ਖੁਰੀ ਕਰ ਜਾਣੀ (ਕਰਨੀ),** ਕ੍ਰਿਃ [illegible] ਜਾਣਾ।

**ਖੁਰੀਂ ਪਿੱਛੇ ਮੌਤ,** ਸਃ—ਤੀਮਤ [illegible] ਦੀ ਉਲਟੀ ਸਮਝ॥

**ਪਿਛਲ ਖੁਰੀ,** ਕ੍ਰਿਃ ਵਿ—ਪਿਛਾਹਾਂ, ਪਿੱਛੇ ਵੱਲ।

ਖੁੱਲ੍ਹਾ ਡੁੱਲ੍ਹਾ

**ਖੁੱਲ੍ਹੀ (ਤਾਂ),** [illegible] ਖਰ॥

**ਖੁੰਢ, / ਖੂੰਢ** — [illegible]

**ਖੁਰਦ / ਖੁਰਦਨ (ਣੀ)** — 'ਖੁਰਦ ਆਦਿਕ ਵੇਖੋ

**ਖਰੇ ਖਾਸੀ / ਖੋਟੇ ਖਰੇ** — ਵਿਸਮਾਦਃ—[illegible]

[illegible]

**ਖੁੱਲ੍ਹ / ਖੁੱਲ੍ਹ ਡੁੱਲ੍ਹ** — ਸਃ—[illegible]

[illegible]

**ਖੁਲ੍ਹਕ,** ਪੁਃ—ਚੌੜਾ ਸੁਭਾਉ, ਨੇਕੀ।

**ਖੁਲ੍ਹਵਣਾ,** ਕ੍ਰਿਃ—[illegible] ਖੁਲ੍ਹਣਾ।

[illegible]

**ਖੁੱਲ੍ਹਾ ਖੁੱਲ੍ਹਾ,** [illegible]

**ਖੁੱਲ੍ਹ ਮਾਣੀ / [illegible]** — [illegible]

[illegible]

**ਖੁੱਲ੍ਹਣਾ,** [illegible]

**ਖੁੱਲ੍ਹੇ ਖੁੱਲ੍ਹੇ,** [illegible]

**ਡੁੱਲ੍ਹਣਾ,** ਕ੍ਰਿ [illegible]

**ਖੁੱਲ੍ਹਾ / ਖੁੱਲ੍ਹਾ ਡੁੱਲ੍ਹਾ** — [illegible]

Digitized by Panjab Digital Library | www.panjabdigilib.org

**ਖੁੱਲ੍ਹਾ ਮੁਖੁੱਲ੍ਹਾ,** ਵਿ:—ਜੋ ਚਾਹੇ ਸੋ ਬੋਲ ਦੇਣ ਵਾਲਾ ॥

**ਖੁਲ੍ਹੀ ਡੁਲ੍ਹੀ ਚੀਜ,** ਸ:—ਬਹੁਤ ਸਾਰੀ ਚੀਜ਼ ਇਧਰ ਉਧਰ ਪਈ ਹੋਈ ਜਿਸਦੀ ਪਰਵਾਹ ਨਹੀਂ ॥

**ਖੁਲਾਉਣਾ,** ਕ੍ਰਿ:—ਖੁਆਉਣਾ, ਖਾਣ ਨੂੰ ਦੇਣਾ ।

**ਖੁਲ੍ਹਾਉਣਾ,** ਕ੍ਰਿ:—ਖੋਲ੍ਹਣ ਦਾ ਕੰਮ ਕਰਾਉਣਾ ॥

**ਖੁਲਾਈ,** ਸ:—ਖੁਲਾਉਣ ਦੀ ਮਜੂਰੀ ॥

**ਖੁਲ੍ਹਾਈ,** ਸ:—ਕੋਈ ਚੀਜ ਖੋਲ੍ਹਣ ਦੀ ਮਜੂਰੀ ॥

**ਖੁਲ੍ਹਾਨ,** ਪੁ:—ਜਿਸ ਥਾਂ ਉੱਤੇ ਰੱਖ ਕੇ, ਕੁਝ ਕਟਿਆ ਜਾਵੇ ॥

**ਖੁਵਾਉਣਾ,** ਕ੍ਰਿ:—ਖੁਆਉਣਾ, ਖੁਲਾਉਣਾ, ਖਵਾਲਣਾ ॥

**ਖੂਹ**
**ਖੂਹਾ** } ਪੁ:—ਧਰਤੀ ਵਿਚੋਂ ਪਾਣੀ ਕੱਢਣ ਲਈ ਡੂੰਘਾ ਟੋਇਆ ਪੁਟਿਆ ਜਾਂਦਾ ਹੈ । [illegible] ॥

**ਖੂਹ ਛੱਡਣਾ,** ਕ੍ਰਿ:—ਖੂਹ ਤੋਂ ਪਾਣੀ ਕੱਢਣਾ ਬੰਦ ਕਰ ਦੇਣਾ ॥

**ਖੂਹ ਜੋਣਾ,** ਕ੍ਰਿ:—ਬਲਦ ਨਾਲ ਖੂਹ ਜੋ ਕੇ ਪਾਣੀ ਕੱਢਣਾ ॥

**ਖੂਹ ਦੀ ਮਿੱਟੀ ਖੂਹ ਲਗਣੀ,** ਕ੍ਰਿ:—[illegible] ॥

**ਖੂਹ ਵਿਚ ਧੱਕਣਾ,** ਕ੍ਰਿ:—[illegible]

**ਖੂਹਣ**
**ਖੂਹਣ** } [illegible]

**ਖੂਹੀ,** ਸ:—ਨਿੱਕਾ ਜਿਹਾ ਖੂਹ ॥

**ਖੂਹ,** [illegible]



**ਖੂੰਜ (ਜਾ)** ਪੁ:—ਨੁੱਕਰ, ਕੋਣਾ, ਗੋਸ਼ਾ ॥

**ਖੂੰਟ,** ਨੁੱਕਰ, ਖੂੰਜਾ, ਪਾਸਾ ॥

**ਖੂੰਟਾ,** ਪੁ:—ਠੂੰਠ ਕਿੱਲਾ, ਸਹਾਰਾ ॥

**ਖੂੰਟੀ,** ਸ:—ਛੋਟਾ ਕਿੱਲਾ, ਮੇਖ, ਕਾਲੀ ਦੀਆਂ ਜਕਾਂ

**ਖੂੰਟੀ ਮਰੋੜਨੀ,** ਕ੍ਰਿ:—ਸਤਾਰ ਦੀ ਸੁਰ ਠੀਕ ਕਰਨੀ, ਕਿਸੇ ਦਾ ਧਿਆਨ ਹੋਰ ਪਾਸੇ ਕਰਨਾ ॥

**ਖੂਨ,** ਪੁ:—ਲਹੂ, ਰੱਤ, ਕਤਲ, ਸਰਬੰਧੀ, ਪਿਆਰਾ, ਪੁਤ੍ਰ ॥

**ਅੱਖਾਂ ਵਿਚ ਖੂਨ ਭੋਰ ਆਉਣਾ,** ਕ੍ਰਿ:—ਬਹੁਤ ਗੁੱਸਾ ਚੜ੍ਹ ਜਾਣਾ ।

**ਸਿਰ ਤੇ ਖੂਨ ਚੜ੍ਹਨਾ,** ਕ੍ਰਿ:—ਮਾਰਨ ਦੀ ਪੱਕੀ ਸਲਾਹ ਹੋਣੀ ।

**ਖੂਨ ਸੁੱਕ ਜਾਣਾ,** ਕ੍ਰਿ:—ਸਾਹਸ ਜਾਣਾ ।

**ਖੂਨ ਹੋਣਾ,** ਕ੍ਰਿ:—ਜਾਨੋਂ ਮਾਰਿਆ ਜਾਣਾ ॥

**ਖੂਨ ਕਰਨਾ,** ਕ੍ਰਿ:—ਜਾਨੋਂ ਮਾਰ ਸੁਟਣਾ ॥

**ਖੂਨ ਜਿਗਰ ਖਾਣਾ,** ਕ੍ਰਿ:—ਗੁੱਸੇ ਨੂੰ ਰੋਕਣਾ ਦੁਖ ਝੱਲਣਾ ।

**ਖੂਨ ਦਾ ਪਿਆਸਾ,** ਵਿ:—ਪੱਕਾ ਵੈਰੀ ॥

**ਖੂਨ ਪੀਣਾ,** ਕ੍ਰਿ:—ਦਿੱਕ ਕਰਨਾ, ਔਖਾ ਕਮ ਲੈਣਾ ।

**ਖੂਨ ਵਧ ਜਾਣਾ,** ਕ੍ਰਿ:—ਬੜੀ ਖੁਸ਼ੀ ਹੋਣੀ ॥

**ਖੂਨ ਵਿਗੜਨਾ,** ਕ੍ਰਿ:—ਖੂਨ ਮੈਲਾ ਹੋ ਜਾਣਾ ਕੋਹੜ ਹੋ ਜਾਣਾ ॥

Digitized by Panjab Digital Library | www.panjabdigilib.org

**ਖੁਣਾ**, **ਖੁਣੋਂ**, ਅਵ:—ਬਾਝੋਂ, ਬਿਨਾਂ, ਬਗੈਰ ॥

**ਖੂਦ**, ਸ:—ਹਰੇਲੋਂ ਜਾਂ ਬਲਦ ਦਾ ਚਾਰਾ ॥

**ਖੂਨਣ**, ਸ:—ਖੂਨ ਕਰਨ ਵਾਲੀ ॥

**ਖੂਨੀ**, ਪੁ:—ਖੂਨ ਕਰਨ ਵਾਲਾ । ਵਿ:—ਜਿਸ ਵਿਚ ਖੂਨ ਆਵੇ (ਬਾਵਾਸੀਰ, ਦਸਤ ਆਦਿਕ) ॥

**ਖੂਬ**, ਵਿ:—ਚੰਗਾ, ਸੋਹਣਾ, ਪਵਿਤ੍ਰ, ਮਨਭਾਉਂਦਾ

**ਖੂਬ ਸੂਰਤ**, ਵਿ:—ਜਿਸਦੀ ਸ਼ਕਲ ਚੰਗੀ ਹੈ, ਸੋਹਣਾ ॥

**ਖੂਬਸੂਰਤੀ**, ਸ:—ਸੁਹੱਪਣ, ਚੰਗੀ ਸ਼ਕਲ ।

**ਖੂਬ ਕਲਾਂ**, ਸ:—ਇਕ ਤਰਾਂ ਦੇ ਬੀਜ, ਤਾਪ ਦੀ ਦੁਆ ॥

**ਖੇਉਣ**, ਸ:—ਬਿਜਲੀ ਦਾ ਚਮਕਾਰਾ ॥

**ਖੇਉਣਾ**, ਕ੍ਰਿ:—ਖੇਉਣ ਚਲਾਣ, ਬਿਜਲੀ ਦਾ ਚਮਕਣਾ ॥

**ਖੇਸ**, ਪੁ:—ਇਕ ਤਰਾਂ ਦਾ ਕਪੜਾ (ਉੱਪਰ ਲੈਣ ਵਾਲਾ) ॥

**ਡੱਬਾ ਖੇਸ**, ਪੁ:—ਚਾਰਖਾਨਾ ਸ਼ਕਲ ਦਾ ਖੇਸ

**ਖੇਸ਼**, ਪੜ:—ਆਪ ਖੁਦ ।

**ਖੇਸ਼ ਕਬੀਲਾ (ਕੁਟੰਬ)**, ਪੁ:—ਟੱਬਰ, ਪਰਵਾਰ ॥

**ਖੇਸੀ** ਸ:—ਛੋਟਾ ਖੇਸ ।
ਵਿ: ਖੇਸ ਵਰਗਾ, ਖੇਸ ਦਾ ਬਣਿਆ ਹੋਇਆ ਮੋਟੀ ਉਣਤ ਦਾ ॥

**ਖੇਹ**, ਸ:—ਸੁਆਹ, ਮਿੱਟੀ, ਕੂੜਾ, ਧੂੜ ॥

**ਖੇਹ ਉਡਾਉਣਾ**, ਕ੍ਰਿ:—'ਖੇਹ ਛਾਨਣਾ' ਵੇਖੋ ॥

**ਖੇਹ ਉਡਾਣੀ**, ਕ੍ਰਿ:—ਬੁਰਾ ਕੰਮ ਕਰਨਾ ॥

**ਖੇਹ ਖੁਆਰੀ**, ਸ:—ਬੜੀ ਗਰੀਬੀ ॥

**ਖੇਹ ਛਾਨਣਾ (ਛਾਣਦੇ ਫਿਰਨਾ)**, ਕ੍ਰਿ:—ਬਹੁਤ ਹੀ ਗਰੀਬ ਹੋਣਾ, ਥਾਂ ਥਾਂ ਫਿਰਨਾ, ਖਾਣ ਨੂੰ ਨਾ ਲਭਣਾ ।

**ਖੇਹਨੂ**, ਪੁ:—ਖਿੱਦੋ, ਗੇਂਦ ।

**ਖੇਖਣ**, ਪੁ:—(ਬਹੁ: ਬ:)—ਬਹਾਨੇ, ਮਕਰ ॥

**ਖੇਚਲ**, **ਖੇਚਲ ਖੱਚਲ**, ਸ:—ਔਖ, ਮੇਹਨਤ, ਬਖੇੜਾ, (ਔਖੀ, ਕਰਨੀ, ਦੇਣੀ) ॥

**ਖੈਂਜ**, ਸ:—ਖਿੰਜ, ਖਿਚ ਲਗਣ ॥

**ਖੈਂਜੂ**, ਪੁ:—ਖਿੰਜਣ ਵਾਲਾ ।

**ਖੇਡ**, ਸ:—ਖੇਲ ਬਾਜੀ, ਖੁਸ਼ੀ ਦਾ ਕੰਮ, ਨੱਚਣਾ ਟੱਪਣਾ, ਸੌਖਾ ਕੰਮ (ਮੁੰਡਿਆਂ ਦੀ ਖੇਡ) ਕਾਰ ਵਿਹਾਰ (ਖੇਡ ਵਿਗੜਨੀ) ।

**ਪਰਮੇਸ਼ਰ ਦੀ ਖੇਡ**, ਸ:—ਕੁਦਰਤ ਦਾ ਤਮਾਸ਼ਾ, ਰਚਨਾ, ਮਾਯਾ, ਲੀਲਾ ॥

**ਖੇਂਡ**, ਪੁ:—ਖਡਾਉਣ ਦਾ ਕੰਮ, ਖਲੇਰਾ ॥

**ਖੇਡਣਾ**, ਕ੍ਰਿ:—ਨੱਚਣਾ, ਕੁੱਦਣਾ, ਖੁਸ਼ੀ ਦਾ ਕੰਮ ਕਰਨਾ, ਜੀ ਪਰਚਾਉਣਾ, ਕਿਸ ਦੇਵਤੇ ਆਦਿਕ ਦੇ ਵਿੱਚ ਆ ਜਾਣ ਕਰਕੇ ਸਰੀਰ ਹਿਲਾਉਣਾ ॥

**ਖੇਡਾਂ ਖੇਡਣਾ**, ਕ੍ਰਿ:—ਨਿਕੰਮੇ ਕੰਮ ਕਰਨਾ ॥

Digitized by Panjab Digital Library / www.panjabdigilib.org

**ਖੇਤ / ਖੇਤ੍ਰ**, ਪੁ:—ਪੈਲੀ, ਧਰਤੀ, ਲੜਾਈ ਦਾ ਮਦਾਨ, ਰਣ ॥

**ਖੇਤ ਹੋਣਾ (ਪੈਣਾ)**, ਕ੍ਰਿ:—ਲੜਾਈ ਵਿਚ ਬਹੁਤਿਆਂ ਦਾ ਮਾਰੇ ਜਾਣਾ ॥

**ਖੇਤ੍ਰ ਪਤ (ਪਤਿ)**, ਪੁ:—ਖੇਤ ਦਾ ਮਾਲਕ, ॥

**ਖੇਤ੍ਰ ਭੂਮ (ਭੋਂ)**, ਸ:—ਜੋ ਧਰਤੀ ਵਾਹੀ ਜਾ ਸਕੇ ॥

**ਖੇਤੀ**, ਸ:—ਵਾਹੀ, ਪੈਲੀ, ਫਸਲ ॥

**ਖੇਤੀ ਸਿਰ ਸੇਤੀ / ਖੇਤੀ ਖਸਮਾਂ ਸੇਤੀ**, ਖੇਤੀ ਆਪ ਹੀ ਉਦਮ ਕਰਨ ਤੇ ਹੁੰਦੀ ਹੈ

**ਖੇਤੀ ਪੱਤੀ / ਖੇਤੀ ਵਾੜੀ**, ਸ:—ਜ਼ਿਮੀ ਦਾਰੀ, ਵਾਹੀ, ਫਸਲ ॥

**ਖੇਦ**, ਸ:—ਦੁਖ ਰੋਗ, ਪਿੱੜਾ ।

**ਖੇਪ**, ਪੁ:—ਪੀੜ, ਗਮ, ਚਿੰਤਾ, ਨਾਸ ॥

**ਖੇਪ**, ਸ:—ਲੱਦਣ ਵਾਲਾ ਭਾਰ, ਇਕ ਵਾਰ ... ਜਿਨਸ ਲੈ ਜਾਣੀ ਜਾਵੇ, ... ਲਦਣੀ) ।

**ਖੇਪੜ**, ਪੁ:—ਮਿੱਟੀ ਦਾ ਸੁਕਾ ਹੋਇਆ ਲੇ ।

**ਖੇਪੜੀ**, ਸ:—ਛੋਟਾ ਖੇਪੜ (ਉਤਰਨੀ, ਉਤਾਰਨੀ) ।

**ਖੇਮਾ**, ਪੁ:—ਤੰਬੂ, ਡੇਰਾ, ਕਪੜੇ ਦਾ ਘਰ ।

**ਖੇਰਾ**, ਪੁ:—ਲੂਣ ਦਾ ਚੂਰਾ ॥

**ਖੇਰੂ**, ਵਿ:—ਖੁਰਨ ਵਾਲਾ, ਖੁਰਾ ਹੋਯਾ ਹੋਯਾ

**ਖੇਰੂ ਖੇਰੂ / ਖੇਰੂ ਖੇਰੂ**, ਵਿ:—ਖਿਲਰਿਆ ... ਹੋਇਆ (ਹੋਣਾ, ਕਰਨਾ) ॥

**ਖੇਲ**, ਸ:—ਖੇਡ, ਬਾਜੀ, ਤਮਾਸ਼ਾ, ਦੰਗਲ, ਧੂਮ, ... ਕੰਮ, ਸੌਖਾ ਕੰਮ, ਕਾਰ ਵਿਹਾਰ ॥

**ਖੇਲਣਾ**, ਕ੍ਰਿ:—'ਖੇਡਣਾ' ਵੇਖੋ ।
ਪੁ:—ਖਡੌਣਾ ।

**ਖੇਲੜਾ**, ਪੁ:—ਖੇਡ, ਖੇਡ ਵਿਚ ਮਚਿਆ ਹੋਇਆ ...

**ਖੇਲੋ ਮਲੋ**, ਵਿ:—ਜਿਸ ਨੂੰ ਖੇਡਣ ਦਾ ਸ਼ੌਕ ਹੋ, ਅਵਾਰਾ, ਬਦਕਾਰ ... ।

**ਖੇਵਕ**, ਪੁ:—ਬੇੜੀ ਚਲਾਉਣ ਵਾਲਾ, ਮਲਾਹ, ॥

**ਖੇਵਣਾ**, ਕ੍ਰਿ:—ਬੇੜੀ ਚਲਾਉਣੀ ॥

**ਖੇਵਾ**, ਪੁ:—ਮਲਾਹ, ਬੇੜੀ ਵਿਚ ਲੰਘਣ ਵਾਲਿਆਂ ਦਿਆਂ ਮਲ, ਖਪ ।

**ਖੇੜਾ**, ਪੁ:—ਉਜੜਿਆ ਹੋਇਆ ਪਿੰਡ, ਸਹਿਰ ।

**ਖੇੜੀ**, ਸ:—ਇਕ ਤਰਾਂ ਦਾ ਕਰੜਾ ਲੋਹਾ ।

**ਖੈ**, ਸ:—ਨਾਸ ।

**ਖੈਹ**, ਸ:—ਮੇਂਹ ਦੀ ਕਣਕ ... ।

**ਖੈਹਣਾ**, ਕ੍ਰਿ:—ਝਗੜਨਾ ਵੈਰ ਕਰਨਾ, ਲੜਨਾ ॥

**ਖੈਹੜਾ**, ਪੁ:—ਪਿੱਛਾ, ਖਹਿੜਾ (ਖਹਿੜੇ ਪੈਣਾ ਖੈਹੜਾ ਛੱਡਣਾ)

**ਖੈਂਚ**, ਸ:—ਖਿੱਚ, ਖਿਚ ਲਗਾਉ

**ਖੈਬਰੀ**, ਪੁ:—ਪਸ਼ੌਰ ਤੋਂ ਪਰੇ ਦਰਾ ਖੈਬਰ ਦਾ ਪਠਾਣ ॥

**ਖੈਂਚਾ ਖੈਂਚੀ**, ਸ:—ਝਗੜਾ, ਜਤਨ

**ਖੈਰ**, ਸ:—ਸੁਖ, ਭਲਿਆਈ, ਭਿੱਛਿਆ ... ਖੈਰ ਖ਼ੁਦੀ ॥

Digitized by Panjab Digital Library | www.panjabdigilib.org

ਕ੍ਰਿ: ਵਿ:—ਵਿਸਮਯ:—ਖ਼ਰਾਬ ਹਾਲਾ, ਕੋਈ ਡਰ ਨਹੀਂ, ਸੁਖ।

ਖੈਰ ਸੱਲਾ / ਖੈਰ ਖਰੀਯਤ, ਸ:—ਸੁਖ ਸਾਂਦ, ਅਨੰਦ ॥

ਖੈਰ ਖਰੈਤ, ਸ:—ਸਦਕਾ, ਪੁੰਨ ॥

ਖੈਰ ਖਾਹ, ਵਿ:—ਜੋ ਦੂਜੇ ਦੀ ਸੁਖ ਮੰਗੇ, ਸਜਨ, ਹਿਤਕਾਰੀ ॥

ਖੈਰ ਖ਼ਾਹੀ, ਸ:—ਦੂਜੇ ਦੀ ਸੁਖ ਲੋਚਣਾ, ਸਜਨਾਈ।

ਖੈਰ ਖ਼ਾਹੀਆਂ ਕਰਨਾ, ਕ੍ਰਿ:—ਝੂਠੀ ਸਜਨਾਈ ਕਰਨ ॥

ਖੈਰ ਪਾਉਣੀ, ਕ੍ਰਿ:—ਫਕੀਰ ਨੂੰ ਭਿੱਛਿਆ ਦੇਣੀ॥

ਖੈਰ ਮੇਹਰ, ਸ:—ਸੁਖ ਸਾਂਦ, ਰਾਜ਼ੀ ਖੁਸ਼ੀ।

ਖੈਰਾ, ਵਿ:—ਭੂਰੇ ਰੰਗ ਦਾ (ਡੰਗਰ) ॥

ਖੈਰਾਇਤ / ਖੈਰਾਤ, ਸ:—ਪੁੰਨ ਕਰਕੇ ਦਿੱਤੀ ਹੋਈ ਚੀਜ਼ ॥

ਖੈਰਾਇਤੀ, ਵਿ:—ਧਰਮ ਅਰਥ, ਰੱਬ ਦੇ ਨਾਉਂ ਦਾ ॥

ਖੈਰਾਇਤੀ ਹਸਪਤਾਲ, ਪੁ:—ਜਿਹੜਾ ਬੀਮਾਰਾਂ ਦਾ ਮੁਫ਼ਤ ਇਲਾਜ ਕਰੇ ॥

ਖੈ, ਸ:—ਸੁਆਹ, ਆਦਰ, ਖਾਕ ॥

ਖੈਰੂ, ਪੁ:—ਰਾਖਵਾਂ ਵਾਲਾ।

ਖੋਆ, ਪੁ:—ਦੁੱਧ ਉਬਾਲ ਉਬਾਲ ਕੇ ਬਹੁਤ ਗਾੜ੍ਹਾ ਕੀਤਾ ਹੋਇਆ ॥

ਖੋਇਦ, ਸ:—'ਖੋਦ' ਵੇਖੋ ॥

ਖੋਸਾ, ਪੁ: ਜਿਸ ਮਰਦ ਦੀ ਦਾੜ੍ਹੀ ਨਹੀਂ; ਇਕ ਪਸ਼ਮੀਨੇ ਦਾ ਕੱਪੜਾ।

ਖੋਹ, ਸ:—ਟੋਇਆ, ਖਾਈ, ਗੁਫਾ, ਵਿਰੰਦਾ ਖਾਲੀ ਥੋਲਾ ॥

ਖੋਹ ਪੈਣੀ, ਕ੍ਰਿ:—ਭੁਖ ਨਾਲ ਜੀ ਡੁਬਦਾ ਜਾਣਾ॥

ਖੋਹ ਲੈਣਾ, ਕ੍ਰਿ:—ਕਈ ਚੀਜ਼ ਕਿਸੇ ਕੋਲੋਂ ਜ਼ੋਰ ਨਾਲ ਲੈ ਲੈਣੀ ॥

ਖੋਹਣਾ, ਕ੍ਰਿ:—ਖੱਸਣਾ, ਜ਼ੋਰ ਨਾਲ ਲੈਣਾ ॥

ਖੋਹਰਤਾ, ਪੁ:— / ਖੋਹਰਤੀ, ਸ:—ਜੋ ਸਾਫ ਨਹੀਂ, ਉੱਚਾ ਨੀਵਾਂ, ਖਰਵਾ ॥

ਖੋਹਣੂ / ਖੋਹਣੂ / ਖੋਹੂ, ਪੁ:—ਖੋਹਣ ਵਾਲਾ, ਲੁਟੇਰਾ, ਠਗ, ਧਾੜਵੀ ॥

ਖੋਹੀ, ਸ:—ਭੁਖ ਨਾਲ ਜੀ ਘਟਣਾ ॥

ਖੋਖਲੀ (ਹੀ) / ਖੋਖਲਾ, ਸ: ਜਾ ਰਖਿਆ ਦੀ ਛੋਟੀ ਤਲਵਾਰ ਵਰਗਾ ॥

ਖੋਖਰਾ / ਖਖਲਾ, ਵਿ: ਪੋਲਾ, ਵਿੱਚੋਂ ਖਾਲੀ, ਤ੍ਰੇੜਿਆ ॥

ਖੋਂਜ, ਸ:—ਪੈਰਾ, ਖਹੀਰ (ਆਉਣੀ, ਆ ਜਾਣੀ ਲਗਾਣੀ) ॥

ਖੋਚਰ (ਰੂ), ਵਿ:—ਫਰੇਬੀ, ਜਾਦੂ, ਚਲਾਕ ਛਲੀਆ ॥

ਖੋਜ, ਪੁ:—ਢੂੰਡ, ਭਾਲ, ਤਲਾਸ਼, ਪਤਾ, ਨਿਸ਼ਾਨ (ਕੱਢਣਾ, ਮਿਟਣਾ, ਮਿਟਾਉਣਾ, ਲਗਾਉਣਾ) ॥

Digitized by Panjab Digital Library | www.panjabdigilib.org

**ਖੋਜਦਾਰ,** ਪੁ:-ਦਾਹੜਾ ਨਾ ਰਖਣ ਵਾਲਾ ॥

**ਖੋਜਣ,** ਸ:-ਖੋਜ ਕੱਢਣ ਵਾਲੀ, ਪਤਾ ਲਾਉਣ ਵਾਲੀ ॥

**ਖੋਜਣਾ,** ਕ੍ਰਿ:-ਢੂੰਡਣਾ, ਭਾਲਣਾ, ਲਭਣਾ, ਪੁਛਣਾ ॥

**ਖੋਜਾ,** ਪੁ:-ਖੱਸੀ ਕਢਿਆ ਹੋਇਆ ਮਰਦ, ਮੁਸਲਮਾਨਾਂ ਦੀ ਇਕ ਜਾਤ ॥

**ਖੌਜਾ,** ਪੁ:-ਦਾਹੜਾ ਨਾ ਰੱਖਣ ਵਾਲਾ, ਦਾਹੜਾ ਨਾ ਰਖਣਾ ॥

**ਖੋਜੀ,** ਪੁ:-ਕਸ਼ਮੀਰੀਆਂ ਨੂੰ ਆਦਰ ਨਾਲ ਬੁਲਾਉਣ ਦਾ ਸ਼ਬਦ । ਸ:—ਖੋਜਿਆਂ ਦੀ ਜਾਤ ਦੀ ਤੀਵੀਂ ॥

**ਖੋੱਜੀ,** ਪੁ:-ਖੋਜ ਕੱਢਣ ਵਾਲਾ, ਪਤਾ ਲਾਉਣ ਵਾਲਾ ॥

**ਖੋਟ,** ਸ:-ਬੁਰਿਆਈ, ਦੋਸ, ਔਗਣ, ਮੈਲ ਬਦਲਾ ॥

**ਖੋਟ ਮਿਲਾਉਣਾ,** ਕ੍ਰਿ:-ਵਡਮੁਲੀ ਧਾਤ ਨਾਲ ਸਸਤੀ ਮਿਲਾਉਣੀ ।

**ਖੋੱਟਾ,** ਪੁ: / **ਖੋੱਟੀ,** ਸ: } ਵਿ:-ਜਿਸ ਵਿੱਚ ਖੋਟ ਹੋ, ਝੂਠਾ ਬਈਮਾਨ, ਨਿਕੰਮਾ, ਪਾਪੀ, ਦਿਲ ਵਿਚ ਵੈਰ ਰੱਖਣ ਵਾਲਾ ॥

**ਖੋੱਟਾ ਸਮਾਂ,** ਪੁ:-ਕਲ ਜੁਗ, ਕਾਲ ਦਾ ਸਮਾ ॥

**ਖੋੱਟਾ ਸਿੱਕਾ,** ਪੁ:-ਜਿਸ ਵਿੱਚ ਸਸਤੀ ਧਾਤ ਮਿਲੀ ਹੋਈ ਹੋ ॥

**ਖੋੱਟਾ ਖਰਾ ਪਰਖਣਾ** / **ਖੋਟਾ ਖਰਾ ਵੇਖਣਾ** } ਕ੍ਰਿ:-ਖੋਟੇ ਤੇ ਖਰੇ ਨੂੰ ਨਿਖੇੜਨਾ ।

**ਖੋਟਾ ਵਿਹਾਰ,** ਪੁ:—ਜਿਸ ਵਿੱਚ ਬੇਈਮਾਨੀ ਹੋਵੇ ॥

**ਖੋਟਾਈ** / **ਖੋਟਿਆਈ** } ਸ:-ਖੋਟਾ ਹੋਣਾ, ਖੋਟ, ਦੋਸ ਵੈਰ ॥

**ਖੋਣਾ,** ਕ੍ਰਿ:-ਗੁਆਉਣਾ, ਛੀਨਣਾ, ਨਾਸ ਕਰਨਾ ॥

**ਖੋੱਤਾ,** ਪੁ: / **ਖੋਤੀ,** ਸ: } ਇਕ ਪਸ਼ੂ, ਗਧਾ, ਗਧੀ, ਇਕ ਕੀੜਾ, ਮੂਰਖ ।

**ਖੋਦ,** ਸ:-ਹਰੀ ਕਣਕ ਅਤੇ ਜੌਂ ਦਾ ਚਾਰਾ ।

**ਖੋਦਣਾ,** ਕ੍ਰਿ:-ਪੁੱਟਣਾ, ਪੁੱਟ ਕੇ ਕੱਢਣਾ, ਉੱਕਰਨਾ ॥

**ਖੋਦਾ** / **ਖੋੱਦਾ** } ਪੁ:-ਜਿਸ ਮਰਦ ਨੂੰ ਦਾੜ੍ਹੀ ਨਾ ਆਵੇ ॥

**ਖੋਦੀ,** ਸ:-ਠੋਡੀ ਉੱਤੇ ਹੀ ਵਾਲ ਹੋਣ, ਹੋਰ ਕਿਤੇ ਨਹੀਂ ॥

**ਖੋਪਰ,** ਪੁ: / **ਖੋਪਰੀ,** ਸ: } ਸਿਰ ਦੇ ਉੱਪਰਲੇ ਹਿੱਸੇ ਦੀ ਹੱਡੀ ॥

**ਖੋਪਰਾ** / **ਖੋੱਪਾ** } ਪੁ:-ਨਰੇਲ ਦੀ ਗਰੀ, ਊਠ, ਕੋਹਲੂ ਜਾਂ ਹਲਟ ਦੇ ਬਲਦਾਂ ਦੀਆਂ ਅੱਖਾਂ ਨੂੰ ਢੱਕਣ ਵਾਲਾ ਚੰਮ ਦਾ ਟੁਕੜਾ, ਧੁੱਪ ਤੋਂ ਬਚਾਉਣ ਵਾਲੀ ਐਨਕ ॥

**ਖੋਂਬਸ,** ਪੁ:-ਭੈੜਾ ਮੂੰਹ ਜਾਂ ਚਿਹਰਾ ।

**ਖੋਂਬੀ,** ਵਿ:-ਨੂੰਬ ਕੀਤੇ ਹਏ (ਕਪੜੇ) ॥

**ਖੋਭਣਾ,** ਕ੍ਰਿ:-ਚੋਭਣਾ, ਧਸਾਉਣਾ, ਵਿੰਨ੍ਹਣਾ ॥

**ਖੋਭਾ,** ਪੁ:—ਖੁਭਣ, ਚਿੱਕੜ ਵਾਲੀ ਧਰਤੀ ॥

**ਖੋਰ,** ਪੁ:-ਬਦਿਆ ਹੋਇਆ ਪਿਆਰ ਘਟਣਾ, ਵੈਰ, ਦੁਸ਼ਮਣੀ ॥

Digitized by Panjab Digital Library | www.panjabdigilib.org

**ਖੇਰ ਪੈਣੀ,** ਕ੍ਰਿ: ਦੁਸ਼ਮਨੀ ਕਰਕੇ ਕਿਸੇ ਦੇ ਪਿੱਛਾ ਨਾ ਛੋੜਨਾ ।

**ਖੇਰਨਾ,** ਕ੍ਰਿ: –ਘਿਲਣਾ, ਗਾਲਣਾ, ਲੂਣਆਦਿਕ ।

**ਖੇਰਾ,** ਪੁ: ਖਾਲੀ, ਜਿਸ ਵਿੱਚ ਕੁੱਦਾ ਨਹੀਂ, ਜਿਸ ਦਾ ਮਗਜ਼ ਰਹਿ ਜਾਵੇ, ਜਿਨ੍ਹਾਂ ਭਿੰਮਣੀਆਂ ਉੱਤੇ ਵਾਲ ਨਾ ਹੋਣ, ਭੰਜਾ ਹੋਇਆ ਮਿੱਟੀ ਦਾ ਭਾਂਡਾ ਖਾਕ ਦਾਲਾ ਰੇਸ਼ਤ ਖੇਰਾ

**ਖੇਰਾਬਾਉ ( ਵਾਉ ),** ਸ: ਭਿੰਮਣੀਆਂ ਦਾ ਰੋਗ ਜਿਸ ਨਾਲ ਵਾਲ ਝੜ ਪੈਂਦੇ ਹਨ

**ਖੇਰੀ,** ਪੁ: ਸ: ਕਾਮ ਦੇ ਮੂੰਕੇ ਪਨੂ ਫੇਰਾ

**ਖੇਲ,** ਸ: ਖੇਡਣ ਉਣ ਦ ਲੋਆ, ਖੁੰਡ

**ਖੇਲ੍ਹਣਾ,** ਕ੍ਰਿ: ਜੋੜ + ਖੇਲ ਕਰਣਾ ਦਿਖ ਉਣਾ ਖਲ੍ਹਣਾ ਵੇਖੋ

**ਖੋਲਾ,** ਪੁ: –ਢਲੀ ਹਈ ਅਮਾਰਤ, ਜਿਸ ਘਰ ਦੀ ਛੱਤ ਨਹੀਂ

ਵਿ: ਪੁਰਾਣਾ ॥

**ਖੋਲੀ ( ਖੋੱਲੀ ),** ਸ: ਪੁੰਵੇ ਖਿੜਕ ॥

**ਖੋਜ,** ਸ: ਟਆ ਆਤਮਾ ਦਾ ਉਛਾਲ ਸਰੀਰ ਦਾ ਖਪਣਾ ।

**ਖੋਗੀ,** ਸ: -ਕਈ ਤਰਾਂ ਦੇ ਕੱਪੜਿਆਂ ਉੱਪਰ ਨੇ ਚੌਰਸ ਸ਼ਕਲ ਪੈਂਦੀ ਹੈ। ਉਨ੍ਹਾਂ ਜਾਂ ਖੱਲਿਆਂ ਦਾ ਲਾਹ ਕੇ ਰੱਖਿਆ ਹੋਇਆ ਭਾਰ ।

**ਖੌ,** ਪੁ:– ਖਤਰਾ, ਡਰ, ਭਉ, ਨੁਕਸਾਨ, ਨਾਸ।

**ਹੋਰਾਂ ਦਾ ਖੌ,** ਪੁ:—ਹੋਰਨਾਂ ਦੇ ਆਸਰੇ ਰਹਿਣ ਵਾਲਾ ਨਕਾਰਾ ਮਨੁੱਖ, ਨੁਕਸਾਨ ਕਰਨ ਵਾਲਾ ॥



**ਖੌਂਸੜਾ,** ਪੁ: ਪੁਰਾਣੀ ਟੋਟਾਂਹਈ ਜੁੱਤੀ ਦਾ ਛਿੱਤਰ ।

**ਖੌਂਸਾ** ਸ: ਬਹੁ: ਬ: ) ਇੱਕ ਤਰਾਂ ਦੀ ਜਨਾਨੀ ਜੁੱਤੀ

**ਖੌਂਚਾ,** ਪੁ: –ਮਠਿਆਈ ਖਾਨਾ, ਛਾਬੜੀ, ਇੱਕ ਭਾਂਡੇ ਦਾ ਖਰਪਾ ॥

**ਖੌਝਣਾ,** ਕ੍ਰਿ: ਬਹੁਤ ਖਿੱਝਣਾ ਝਗੜਨਾ, ਸਤਾਉਣਾ ।

**ਖੌਢਾ,** ਵਿ: ਪੁ: ਵੱਡੀ ਉਮਰ ਦਾ, ਜਿਸ ਦੀ ਜਵਾਨੀ ਢਲ ਜਾਏ ॥

**ਖੌਂਤ**
**ਖੌਂਦ** } ਪੁ: –ਕੰਤ, ਘਰਵਾਲਾ, ਖਸਮ, ਮਾਲਕ ।

**ਖੌਫ,** ਪੁ: ਡਰ, ਭੌ ॥

**ਖੌਰ, ਖਾਣਾ,** ਕ੍ਰਿ: ਰੰਜ ਮੰਨਣਾ।

**ਖੌਰੂ,** ਪੁ: ਸਾਨ੍ਹ ਦਾ ਗੁੱਸਾ, ਲੜਾਈ, ਝਗੜਾ ਪਾਉਣਾ, ਮਚਾਉਣਾ ) ।

**ਖੌਲਣਾ,** ਕ੍ਰਿ:—ਉਬਲਣਾ, ਜੋਸ਼ ਨਾਲ ਭੁਬਕਣਾ, ਚਿੰਤਾ ਜਾਂ ਸੋਚ ਵਿਚਾਰ ਵਿੱਚ ਡੁੱਬਣਾ ॥

**ਖੌਲਾ,** ਪੁ: –ਪੁਰਾਣਾ ਛਿੱਤਰ, ਵਿ:– ਪੁਰਾਣਾ ਖਾਲੀ

**ਖਲੀ,** ਸ:– ਖਲੀ, ਮਹਿੰ, ਮੌਤ ॥

Digitized by Panjab Digital Library | www.panjabdigilib.org

## ਗ

**ਗ,** ਪੁ:—ਗੱਗਾ ਗੁਰਮੁਖੀ ਪੈਂਤੀ ਦਾ ਅਠਵਾਂ ਅੱਖਰ ॥

**ਗਊ,** ਸ:—ਇੱਕ ਦੁੱਧ ਦੇਣ ਵਾਲਾ ਪਸ਼ੂ, ਗਾਂਈ ਗਾਂ ॥

ਵਿ: ਗਰੀਬ, ਭੋਲਾ

**ਗਊ ਜੁਆਲਣੀ,** ਕ੍ਰਿ:—ਕਿਸੇ ਦੇ ਵਰ੍ਹੀਣੇ ਉੱਤੇ ਗਊ ਨੂੰ ਦੋ ਸੇਰ ਛੋਲੇ ਖੁਆਉਣੇ ।

**ਗਈ ਕਰਨੀ,** ਕ੍ਰਿ:—ਬੇਪਰਵਾਹੀ ਕਰਨੀ, ਦੇਖ ਭਾਲ ਨਾ ਕਰਨੀ ।

**ਗਈਗਵਾਤੀ** / **ਗਈਗੁਆਤੀ** } ਵਿ: ਗਆ ਚੀ ਚਰਾਦੀ ਗਈ, ਨਾਂ ਮਿਲਣੇਵਾਲੀ ।

**ਗਸ਼** / **ਗਸ਼ੀ** } ਸ:—ਮੂਰਛਾ, ਬੇਹੋਸ਼ੀ, (ਆਉਣੀ, ਖਾਣੀ, ਪੈਣੀ)।

**ਗਸ਼ਤ,** ਸ:—ਫੇਰਾ, ਦੌਰਾ, ਸੈਲ ਕਰਨ, ਫਿਰਨਾ ॥

**ਗਹਣਾ,** ਪੁ:—'ਗਹਿਣਾ' ਵੇਖੋ।

**ਗਹਮਾ ਗਹਮ,** ਸ: -'ਗਹਿਮਾ ਗਹਿਮ' ਵੇਖੋ ।

**ਗਹਾ** / **ਗਹਾਉ** } ਪੁ:—ਬਲਦਾਂ ਕੋਲੋਂ ਅਨਾਜ ਲਤੜਵਾਣ ਦਾ ਕੰਮ ।

**ਗਹਾਉਣਾ,** ਕ੍ਰਿ:—ਬਲਦਾਂ ਕੋਲੋਂ ਅਨਾਜ ਲਤੜਵਾਕੇ ਦਾਣੇ ਅਤੇ ਤੂੜੀ ਅੱਡ ਅੱਡ ਕਰਨੀ ।

**ਗਹਾਈ,** ਸ:—ਗਾਹਣ ਦਾ ਕੰਮ ਜਾਂ ਮਜੂਰੀ

**ਗਹਿ,** ਸ:—ਤਲਵਾਰ ਦਾ ਮੁੱਠਾ, ਪੰਜਾ

**ਗਹਿ ਕੇ ਮਰਣਾ,** ਕ੍ਰਿ:—ਚੰਗੀ ਤਰ੍ਹਾਂ ਲੜਕੇ ਪ੍ਰਾਣ ਦੇਣੇ ।

**ਗਹਿਣ,** ਪੁ: ਪਕੜਨ ਜਾਂ ਨੱਪਣ ਦਾ ਕੰਮ, ਗ੍ਰਹਿਣ ।

**ਗਹਿਣਾਂ,** ਪੁ: -ਸੋਨੇ ਚਾਂਦੀ ਆਦਿਕ ਦਾ ਸ਼ਿੰਗਾਰ, ਜ਼ੇਵਰ, ਗਿਰਵੀ ।

ਕ੍ਰਿ: -ਲੈਣਾ, ਰੱਖਣਾ, ਕਾਬੂ ਕਰਨਾ ।

**ਗਹਿਣੇ ਧਰਨਾ** / **ਗਹਣੇ ਪਾਉਣਾ** / **ਗਹਿਣੇ ਰਖਣਾ** } ਕ੍ਰਿ: ਗਿਰਵੀ ਰਖਣਾ ਕਈ ਚੀਜ਼ ਰਖਕੇ ਰੁਪਯਾ ਉਧਾਰ ਲੈਣਾ।

**ਗਹਿਮਾ ਗਹਿਮ** / **ਗਹਿਮੋ ਗਹਿਮ** } ਸ:—ਭੀੜ ਭੜੱਕਾ, ਰੌਣਕ, ਹਲਚਲ

**ਗਹਿਰ,** ਸ: ਧੂੜ, ਘੁਣ, ਹਨੇਰਾ ਅੱਖਾਂ ਦੀ ਜੋਤਨਾ ਘਟਣੀ

**ਗਹਿਰਾ,** ਵਿ:—ਹਨੇਰਾ ਧੁੰਦਲਾ, ਧੂੜ ਵਾਲਾ, ਡੂੰਘਾ, ਗੂਹੜਾ ਮੈਲਾ ॥

**ਗਹਿਰਾਉ,** ਪੁ: ਹਨੇਰ, ਧੁੰਦ, ਗੰਭੀਰਤਾ, ਡੂੰਘਿਆਈ।

**ਗਹਿਰਾਉਣਾ,** ਕ੍ਰਿ: ਗਹਿਰਾ ਹੋਣਾ ॥

**ਗਹੁ,** ਪੁ: -ਧਿਆਨ, ਪਰਵਾਹ, ਸੋਚ ।

**ਗੱਖੜ,** ਪੁ:—ਮੁਸਲਮਾਨ ਰਜਪੂਤਾਂ ਦੀ ਇੱਕਜਾਤ।

**ਗੱਖੀ,** ਸ:—ਜੱਫੀ, ਗਲੱਖੜੀ, ਗਲੇ ਨਾਲ ਲਾਉਣਾ (ਘੱਤਣਾ)।

**ਗੀਗ,** ਸ:—'ਗੀਗਾ' ਵੇਖੋ।

Digitized by Panjab Digital Library | www.panjabdigilib.org

**ਗਗਣ,** ਪੁ:—ਅਸਮਾਨ, ਅਗਾਸ, ਅੰਬਰ, ਸਿਰ ਦਾ ਉੱਪਰਲਾ ਹਿਸਾ, ਮਨੁੱਖ ਦੇ ਅੰਦਰਲਾ ਅਗਾਸ।

**ਗਗਣ ਦਮਾਮਾ,** ਪੁ:—ਨਗਾਰੇ ਦੇ ਧੀਰ ਦਾ ਵਡਾ ਧੌਂਸਾ, ਗਗਨ ਵਿਚੋਂ ਆਉਣ ਵਾਲੀ ਧੌਂਸੇ ਦੀ ਅਵਾਜ਼॥

**ਗਗੜਣ (ੜੀ)** ਸ: / **ਗਗੜਾ** ਪੁ: } ਇਕ ਨਿੱਕੀ ਜਾਤ ਦੇ ਮੁਸਲਮਾਨ, ਜੋਕਾਂ ਵਾਲੇ।

**ਗਗੜ ਪੁਣਾ** / **ਗਗੜੇ ਪੁਣਾ** } ਪੁ:—ਜੋਕਾਂ ਲਾਉਣ ਦਾ ਕੰਮ।

**ਗੱਗਾ,** ਪੁ: ਗੁਰਮੁਖੀ ਪੈਂਤੀ ਦਾ ਅਠਵਾਂ ਅੱਖਰ ਗ

**ਗੰਗਾ,** ਸ:—ਇਕ ਪਵਿੱਤ੍ਰ ਨਦੀ, ਹਿੰਦੂਆਂ ਦਾ ਤੀਰਥ

**ਗੰਗਾ ਇਸ਼ਨਾਨ ਕਰਨਾ** / **ਗੰਗਾ ਨਹਾਉਣਾ** } ਕ੍ਰਿ: ਕਿਸੇ ਕੰਮ ਤੋਂ ਸੁਰਖਰੂ ਹੋਣਾ।

**ਗੰਗਾਸਾਗਰ,** ਪੁ: ਇੱਕ ਟੂਟੀ ਵਾਲਾ ਗੜਵਾ।

**ਗੰਗਾ ਜਮਨੀ,** ਪੁ: -ਦੋ ਚੀਜ਼ਾਂ ਦਾ ਮੇਲ।

**ਗੰਗਾਜਲੀ ਉਠਾਉਣੀ** / **ਗੰਗਾ ਜਲੀ ਚੁੱਕਣੀ** } ਕ੍ਰਿ: ਗੰਗਾ ਦੀ ਸਹੁੰ ਖਾਣੀ।

**ਗੰਗਾ ਪੁਤ੍ਰ,** ਪੁ: -ਗੰਗਾ ਦੇ ਪਾਂਡੇ, ਬ੍ਰਾਹਮਣ।

**ਗੰਗਾ ਬਾਸੀ,** ਪੁ:—ਗੰਗਾ ਦੇ ਕੰਢੇ ਉੱਤੇ ਰਹਿਣ ਵਾਲਾ, ਜਾਤ੍ਰੀ।

**ਗੰਗਾ ਰਾਮ,** ਪੁ:—ਤੋਤਾ (ਹਿੰਦੂਆਂ ਦੀ ਬੋਲੀ)।

**ਗੰਗੋਤ੍ਰੀ** ਸ: ਜਿਸ ਪਹਾੜ ਵਿੱਚੋਂ ਗੰਗਾ ਨਿਕਲਦੀ ਹੈ।



**ਗੰਗੌਤੀ,** ਸ:—ਗੰਗਾ ਦੀ ਮਿੱਟੀ ਜਿਸਦਾ ਟਿੱਕਾ ਲਾਉਂਦੇ ਹਨ।

**ਗੰਧਲਾ,** ਵਿ: —ਮੈਲਾ, ਚਿੱਕੜ ਵਾਲਾ (ਪਾਣੀ)॥

**ਗੱਚ,** ਪੁ: ਚੂਨੇ ਦਾ ਪਲਸਤਰ (ਕਰਨਾ, ਲਾਉਣਾ) ਗੱਸਾ (ਚੜ੍ਹਨਾ), ਸ਼ਰਾਬ ਨਾਲ ਮਸਤ (ਹੋਣਾ)।

**ਗੱਚ ਪੱਚ,** ਵਿ:—ਰਲੇ ਹੋਏ ਹੋਏ, ਗੜਬੜ॥

**ਗੱਚਮਾਰਣਾ,** ਕ੍ਰਿ: -ਵੱਢਣਾ, ਗੁੱਸਾ ਘਟਾਉਣਾ॥

**ਗੱਚਲ,** ਸ:—ਰੋਟੀ ਦਾ ਟੁੱਕ।

**ਗਜ,** ਪੁ:—ਹਾਥੀ, ਤਿੰਨ ਫੁਟ ਲੰਮਾ ਨਾਪ, ਲੋਹੇ ਦੀ ਸੀਖ, ਸਰੰਗੀ ਵਜਾਉਣ ਵਾਲੀ ਕਮਾਣੀ॥

**ਗਜ ਕਰਨਾ** / **ਗਜ ਫੇਰਨਾ** } ਕ੍ਰਿ: -ਕੱਪੜਾ ਨਾਪਣਾ, ਬੰਦੂਕ ਜਾਂ ਹੁੱਕੇ ਦਾ ਨੇਚਾ ਗਜ ਨਾਲ ਸਾਫ ਕਰਨਾ।

**ਗੰਜ,** ਪੁ: -ਢੇਰ, ਖਜ਼ਾਨਾ, ਮੰਡੀ, ਅਨਾਜ ਦਾ ਖਾਤਾ, ਸਿਰ ਉੱਤੇ ਵਾਲ ਨਾ ਹੋਣ ਦਾ ਰੋਗ॥

**ਗੱਜਕ,** ਸ:—ਤਿਲਾਂ ਦੀ ਬਣੀ ਹੋਈ ਇੱਕ ਮਠਿਆਈ

**ਗੱਜਣਾ;** ਕ੍ਰਿ: ਬਦਲਾਂ ਦਾ ਗੜਕਣਾ, ਜ਼ੋਰ ਨਾਲ ਬੋਲਣਾ

**ਗੰਜਫ਼ਾ,** ਪੁ: —ਪੱਤਿਆਂ ਦੀ ਇੱਕ ਖੇਡ।

**ਗਜ਼ਬ,** ਪੁ: —ਕ੍ਰੋਧ, ਅਨਰਥ, ਬਿਪਤਾ, ਅਚਰਜ ਦੀ ਗੱਲ (ਕਰਨਾ, ਮਾਰਨਾ)॥

**ਗਜ਼ਬੀ,** ਪੁ:—ਗਜ਼ਬ ਕਰਨ ਵਾਲਾ॥

**ਗਜਰਾ,** ਪੁ: -ਚਾਂਦੀ ਸੋਨੇ ਜਾਂ ਫੁੱਲਾਂ ਦਾ ਕੜਾ।

Digitized by Panjab Digital Library | www.panjabdigilib.org

**ਗਜਰੇਲਾ,** ਪੁ: —ਗਾਜਰਾਂ ਦੀ ਬਣੀ ਹੋਈ ਇੱਕ ਖਾਣ ਵਾਲੀ ਚੀਜ਼ ।

**ਗਜਲ,** ਸ: —ਬਹੁਤ ਵਾਰ ਘੜਿਆਲ ਵਜਾਉਣਾ ਹੁਕਮ ।

**ਗਜਲਵੇਲਾ,** ਪੁ: ਪ੍ਰਭਾਤ, ਬਹੁਤ ਤੜਕਾ, ਗੀਤ ।

**ਗਜਾ,** ਪੁ: —ਫ਼ਕੀਰ, ਮੰਗ ਕੇ ਖਾਣ ਵਾਲਾ । ਸ: -ਖੁਰਾਕ

**ਗੰਜਾ,** ਵਿ: —ਜਿਸ ਦੇ ਸਿਰ ਉੱਤੇ ਵਾਲ ਨਹੀਂ ।

**ਗਜਾਉਣਾ,** ਕ੍ਰਿ: —ਗਜਣ ਦੇਣਾ, ਬੋਲਣਾ, ਅੱਗੇ ਵਧਣਾ, ਉੱਚਾ ਕਰਨਾ ।

**ਫਤੇ ਗਜਾਉਣਾ,** ਕ੍ਰਿ: —'ਸਿੱਖਾਂ' ਦਾ ਇੱਕ ਦੂਜੇ ਨੂੰ ਮਿਲਣ ਜਾਂ ਵਿਛੜਨ ਲੱਗੇ ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫ਼ਤੇ' ਕਹਿਣਾ ।

**ਗਜਾਨਾ,** ਪੁ: —ਗਜਾਂ ਨਾਲ ਕੱਪੜੇ ਦੀ ਮਿਣਤੀ ।

**ਗਜੀ,** ਸ: —ਇੱਕ ਮੋਟਾ ਦੇਸੀ ਕੱਪੜਾ ।

**ਗਜੇ ਵਸਦੇ ਨਹੀਂ,** ਕੰਮ ਕਰਨ ਵਾਲੇ ਸਲਾਹ ਕੇ ਨਹੀਂ ਕਰਦੇ ।

**ਗਟ,** ਪੁ: —ਲਕੜ ਦਾ ਕਣ, ਉੱਤੇ ਰੰਗ, ਰਮੂਜ਼

**ਗੱਟ ਪੱਟ,** ਵਿ: ਕੱਠੇ ਹੋਏ ਹੱਥ, ਰਲ ਮਿਲ

**ਗੱਟ ਬੰਨ੍ਹਣਾ,** ਕ੍ਰਿ: ਕੱਠੇ ਹੋਣਾ

**ਗੱਟਾ,** ਪੁ: —ਟੱਟਾ, ਕਾਗ, ਲੋਹੇ ਦੇ ਰੇਠਲੇ ਸਿਰੇ ਉੱਤੇ ਬੱਧੇ ਹੋਏ ਧਾਗੇ ਆਦਿਕ (ਬੰਨ੍ਹਣਾ) ਤਿਲ ਲਾਉਣ ਤੋਂ ਪਹਿਲੇ ਰੇਉੜੀ ਦਾ ਟੋਟਾ ਜੋ ਬੱਚੇ ਖਾਂਦੇ ਹਨ ।



**ਗੱਠ,** ਸ: —ਥੈਲੀ, ਬਟੂਆ, ਖੀਸਾ ('ਗੰਢ' ਵੇਖੋ) ॥

**ਗੱਠ ਕੱਟ (ਕਟਾ)**
**ਗੱਠ ਕਤਰੂ** } ਪੁ: —ਖੀਸਾ ਕਤਰਨ ਵਾਲਾ ਚੋਰ ।

**ਗੱਠ,** ਪੁ: -ਸ: -ਟੋਟਾ, ਟਾਕੀ, ਜੋੜ, ਗੰਢ, ਖੀਸਾ, ਹਲਦੀ ਦੀ ਜੜ੍ਹ, ਵਿਆਹ ਦੇ ਸਾਹੇ ਦਾ ਗੀਢਾਂ ਵਾਲਾ ਧਾਗਾ, ਵਿਆਹ ਦਾ ਦਿਨ ਠਹਿਰਾਉਣਾ ॥

**ਗੱਠ ਕਤਰਣੀ,** ਕ੍ਰਿ: —ਕਿਸੇ ਦਾ ਮਾਲ ਚੁਰਾਉਣ ਵਾਸਤੇ ਖੀਸਾ ਕਤਰ ਲੈਣਾ ।

**ਗੱਠ ਤ੍ਰੱਪ,** ਸ: —ਟਾਕੀ ਜਾਂ ਜੋੜ ਲਾਉਣ ਦਾ ਕੰਮ ।

**ਗੱਠ ਦੇਣੀ,** ਕ੍ਰਿ: —ਗੰਢ ਪਾਕੇ ਬੰਨ੍ਹਣਾ ।

**ਗੱਠਪਾਉਣੀ,** ਕ੍ਰਿ: —ਵਿਆਹ ਦਾ ਦਿਨ ਠਹਿਰਾਉਣਾ ।

**ਗਠਨਾ,** ਕ੍ਰਿ: -ਜੁੜਣਾ, ਪੱਕਾ ਹੋਣਾ, ਬਝਣਾ । ਮੇਲ ਕਰਨਾ, ਬਖਤਾਵਰ ਹੋ ਜਾਣਾ ॥

**ਗਠਣਾ,** ਕ੍ਰਿ: ਮੰਨ੍ਹਣਾ ਕਠੇ ਕਰਨਾ ਜੋੜਨਾ, ਸੀਉਣਾ ।

**ਗਠਣੀ,** ਸ: ਜੋੜ, ਮੇਲ, ਦੋਸਤੀ (ਕਰਨੀ) ॥

**ਗੱਠਣੀ ਲਾਉਣੀ,** ਕ੍ਰਿ: —ਧਾਗੇ ਜੋੜਣੇ ।

**ਗੱਠਲ,** ਵਿ: —ਗਠਾ ਵਾਲਾ, ਕੱਚਾ ।

**ਗੱਠਵਾਉਣਾ,** ਕ੍ਰਿ: ਗੰਢਣ ਦਾ ਕੰਮ ਕਰਾਉਣਾ ।

**ਗਠਵਾਈ,** ਸ: —ਗੰਢਣ ਦੀ ਮਜੂਰੀ ।

Digitized by Panjab Digital Library / www.panjabdigilib.org

**ਗੱਠੜ,** ਪੁ:-ਵੱਡੀ ਗੰਢ, ਗੱਠਾ ।

**ਗਠਰੀ**
**ਗਠੜੀ** } ਸ:-ਚੀਜ਼ ਭਰਿਆ ਹੋਇਆ ਖੀਸਾ, ਸਾਰਾ ਜੋੜ

**ਗਠੜੀ ਹੋਣੀ,** ਕ੍ਰਿ:-ਆਪਣਾ ਸਰੀਰ ਦੋਹਰਾ ਕਰਨਾ

**ਗਠੜੀ ਕਰਨੀ**
**ਗਠੜੀ ਬੰਨ੍ਹਣੀ** } ਕ੍ਰਿ:-ਕੱਠਾ ਕਰਨਾ

**ਗੱਠਾ,** ਪੁ:-ਵੱਡੀ ਗੰਢ, ਛੁਰੀ, ਬੁਚਕਾ, ਗੰਢਾ ਪਿਆਜ਼ ।

**ਗਠਾਉਣਾ,** ਕ੍ਰਿ: ਲਾਉਣਾ, ਜੋੜਨਾ, ਖੰਨ੍ਹਣਾ ਜੜਾਉਣਾ

**ਗਠਾਈ,** ਸ:-ਗੰਢਣ ਦੀ ਮਜੂਰੀ

**ਗੱਠੀ,** ਸ:-ਗੰਢੀ, ਜਥੂਹਾ ਛੋਟਾ

**ਗਠੀਆ**
**ਗੰਠੀਆ**
**ਗਠੀਆ ਵਾਉ**
**ਗਠੀਆ ਬਾਉ** } ਪੁ: ਜੋੜਾਂ ਦੇ ਪੀੜ ਦਾ ਰੋਗ

**ਗਠੀਲਾ,** ਵਿ: [illegible] ਜੋੜ ਵਾਲਾ ਜਕੜ

**ਗਡ,** ਸ: ਭਾਰ ਢੋਣ ਵਾਲੀ ਗੱਡੀ, ਛਕੜਾ

**ਗੱਡ ਵੱਡ,** ਵਿ: ਜੁੜੇ ਮਿਲੇ ਹੋਏ, ਗੋਂਦ ਪੰਦ ।

**ਗੰਡ,** ਪੁ: ਖਾਣ ਦਾ ਲੱਕ, ਸਖੀ ਦਾ ਘੇਰਾ, ਗਡੰ ਹੋਂਡਾ ਕਰਨ ਵਾਲਾ ਗਲ ਭਾੜਾ ।

ਵਿ: [illegible]

**ਗਡਣਾ,** ਕ੍ਰਿ:-ਗੱਡਿਆ ਜਾਣਾ, ਕਾਇਮ ਹੋਣਾ, [illegible] ਦਬਣਾ

**ਗੱਡਣਾ,** ਕ੍ਰਿ: ਕਾਇਮ ਕਰਨਾ, ਟਿਕਣਾ, ਲਾਉਣਾ, ਖੋਣਾ [illegible], ਦਸਾਜੋਣ

**ਗਡਵਈ,** ਪੁ: ਰਾਜਿਆਂ ਸਰਦਾਰਾਂ ਦਾ ਗੜ-ਵਾ ਚੁੱਕਣ ਵਾਲਾ ਨੌਕਰ

**ਗਡਵਾ,** ਪੁ: ਪਿੱਤਲ ਆਦਿਕ ਦਾ ਪਾਣੀ ਪਾਉਣ ਵਾਲਾ ਭਾਂਡਾ

**ਗਡਵਾਉਣਾ,** ਕ੍ਰਿ:-ਗਡਣ ਦਾ ਕਮ ਕਰਾਉਣਾ,

**ਗਡਵਾਈ,** ਸ:-ਗੱਡਣ ਦੀ ਮਜੂਰੀ ।

**ਗਡਵੀ,** ਸ: ਛੋਟਾ ਗੜਵਾ ।

**ਗੱਡਾ,** ਪੁ:-ਵੱਡੀ ਗੱਡ, ਛਕੜਾ, ਪਿਲਛੀ ਦੀਆਂ ਬੋਲੀਆਂ ਦਾ ਮੰਠਾ ।

**ਗੱਡਾ ਲਾਉਣਾ,** ਕ੍ਰਿ:-ਸਾੜਨਾ, ਫੂਕਣਾ ।

**ਗੰਡਾ,** ਪੁ: [illegible] ਵਿਚ ਪਾਉ-ਣ [illegible] ਦੀ ਜਲਕਾਰੀ [illegible] ( ਚਾਰ ਚਾਰਾਂ )

**ਗਡਾਉਣਾ,** ਕ੍ਰਿ:-ਗੱਡਣ ਦਾ ਕੰਮ ਕਰਾਉਣਾ ਟਿਕਣਾ ।

**ਗੰਡਾਸਾ,** ਪੁ:-ਚਾਰਾ ਕੱਟਣ ਵਾਲਾ ਹਥਿਆਰ ॥

**ਗੱਡੀ,** ਸ: ਬੱਘੀ, ਟਮਟਮ, ਖੈਬੂਕਾਰ, ਬੋਲ, [illegible] ਗੱਡੀ ॥

**ਗੱਡੀ ਕੱਟਣਾ**
**ਗੱਡੀ ਕੱਟੀ ਜਾਣੀ** } ਕ੍ਰਿ: ਰੇਲ ਨਾਲੋਂ ਇਕ ਗੱਡੀ ਵੱਖਰੀ ਕੀਤੀ ਜਾਣੀ ।

Digitized by Panjab Digital Library | www.panjabdigilib.org

**ਗੱਡੀ ਚਲਾਉਣਾ,** ਕ੍ਰਿ:—ਗੱਡੀ ਹੱਕਣਾ, ਰੇੜ੍ਹਨਾ।

**ਗੱਡੀ ਛੁੱਟਣੀ,** ਕ੍ਰਿ:—ਰੇਲ ਤੁਰ ਪੈਣੀ।

**ਗੱਡੀ ਜੋਤਣਾ,** ਕ੍ਰਿ:—ਗੱਡੀ ਨੂੰ ਘੋੜੇ ਆਦਿਕ ਲਾਉਣੇ।

**ਗੱਡੀ ਬਾਣ ( ਵਾਣ )** ਪੁ:—ਗੱਡੀ ਹੱਕਣ ਵਾਲਾ।

**ਗਡੀਰਨਾ**
**ਗਡੀਰਾ** } ਪੁ:—ਬਾਲ ਨੂੰ ਟੁਰਨਾ ਸਿਖਾਉਣ ਵਾਲਾ ਲੱਕੜੀ ਦਾ ਰਿੜ੍ਹਨ ਵਾਲਾ ਖਡਾਉਣਾ।

**ਗੰਡੇਰੀ,** ਸ:—ਗੰਨੇ ਦਾ ਛੋਟਾ ਟੋਟਾ, ਰੰਗਣ ਤੋਂ ਪਹਿਲੇ ਕੱਪੜੇ ਵਿੱਚ ਪਾਈਆਂ ਹੋਈਆਂ ਗੰਢਾਂ ਦੀਆਂ ਵਿਥਾਂ।

**ਗੰਡੇਰੀਦਾਰ,** ਵਿ:—ਗੰਢਾਂ ਪਾ ਕੇ ਰੰਗਿਆ ਹੋਇਆ ਕੱਪੜਾ, ਸੂਤ।

ਪੁ: ਇੱਕ ਬਰਸਾਤੀ ਕੀੜਾ।

**ਗੰਢ,** ਸ:—ਗੰਠ, ਜੋੜ, ਗਿਲਟੀ, ਬੁਚਕਾ, ਟਾਕੀ ਟੋਟਾ, ਕੱਪੜੇ ਦੀ ਕੰਨੀ ( ਵਲ ਦੇ ਕੇ ਬੱਧੀ ਹੋਈ )।

**ਅੱਖ ਦਾ ਅੰਨ੍ਹਾ ਤੇ ਗੰਢ ਦਾ ਪੂਰਾ,** ਪੁ:—ਮੂਰਖ ਪਰ ਮਾਲਦਾਰ ਗਾਹਕ।

**ਗੰਢ ਕੱਟਣੀ**
**ਗੰਢ ਵੱਢਣੀ** } ਕ੍ਰਿ:—ਖੀਸਾ ਕਤਰਕੇ ਮਾਲ ਕੱਢ ਲੈਣਾ।

**ਗੰਢ ਤ੍ਰੁੱਪ**
**ਗੰਢ ਦੇਣੀ, ਪਾਉਣੀ** } 'ਗੰਠ' ਵੇਖੋ।

**ਗੰਢ ਭੇਜਣੀ,** ਕ੍ਰਿ:—ਗੰਢਾਂ ਧਾਗਾ ਭੇਜ ਕੇ ਲੋਕਾਂ ਨੂੰ ਵਿਆਹ ਜਾਂ ਮੇਲੇ ਦੀ ਖਬਰ ( ਘੱਲਣੀ )॥



**ਗੰਢ ਲੈਣਾ,** ਕ੍ਰਿ:—ਆਪਣੇ ਵੱਲ ਕਰ ਲੈਣਾ॥

**ਗੰਢਣਾ,** ਕ੍ਰਿ:—ਜੋੜਨਾ, ਬੰਨ੍ਹਣਾ, ਟਾਕੀ ਲਾਉਣੀ ਸੀਉਣਾ, ਵਲਣਾ, ਆਪਣੇ ਪਾਸੇ ਕਰਨਾ॥

**ਗੰਢਵਾਉਣਾ,** ਕ੍ਰਿ:—ਗੰਢਣ ਦਾ ਕੰਮ ਕਰਾਉਣਾ॥

**ਗੰਢਵਾਈ,** ਸ:—ਗੰਢਣ ਦਾ ਕੰਮ ਜਾਂ ਮਜੂਰੀ।

**ਗੰਢਾ,** ਪੁ:—ਇੱਕ ਗੋਲ ਭਾਜੀ, ਪਿਆਜ਼॥

**ਗੰਢਾਉਣਾ,** ਕ੍ਰਿ:—ਗੰਢਣ ਦਾ ਕੰਮ ਕਰਾਉਣਾ॥

**ਗੰਢਾਈ,** ਸ:—ਗੰਢਣ ਦਾ ਕੰਮ ਜਾਂ ਮਜੂਰੀ॥

**ਗੰਢੀ,** ਸ:—ਛੋਟੀ ਜੜ, ਟੁਕੜਾ, ਗਠੜੀ, ਖੀਸਾ।

**ਗੰਢੀ ਛੋਰਾ,** ਪੁ:—ਗੰਢ ਕੱਪਣ ਵਾਲਾ॥

**ਗੰਢੇ ਜਾਣਾ,** ਕ੍ਰਿ:—ਮਾਲਦਾਰ ਹੋ ਜਾਣਾ॥

**ਗਣ,** ਪੁ:—ਇਕੱਠ, ਟੋਲਾ, ਸ਼ਿਵਜੀ ਦੇ ਦਾਸ, ਇੱਕ ਤਰਾਂ ਦੇ ਦੇਉਤੇ, ਹਾਥੀ, ਇਕ ਤਰਾਂ ਦੇ ਛੰਦ।

**ਗਣ ਪਤ**
**ਗਣ ਪਤੀ** } ਸ:—ਗਣੇਸ ਦੇਉਤਾ ਜਿਸ ਦਾ ਸਿਰ ਹਾਥੀ ਦਾ ਹੈ।

**ਗਣਿਤ,** ਪੁ:—ਗਿਣਤੀ, ਲੇਖਾ, ਹਿਸਾਬ ਦੀ ਵਿਦਿਆ।

**ਗਣੇਸ,** ਪੁ:—ਪਾਰਬਤੀ ਦਾ ਪੁੱਤ੍ਰ, ਹਾਥੀ ਦੇ ਸਿਰ ਵਾਲਾ ਦੇਉਤਾ।

**ਗੋਬਰ ਗਣੇਸ,** ਪੁ:—ਮੋਟਾ, ਮੂਰਖ ਆਦਮੀ।

**ਗਣੇਸ ਚੌਥ,** ਸ:—ਹਿੰਦੂਆਂ ਦਾ ਇੱਕ ਤਿਹਾਰ।

**ਗਣੇਸ ਪੂਜਾ,** ਸ:—ਗਣੇਸ ਦੀ ਪੂਜਾ ਜੋ ਹਿੰਦੂ ਸਭ ਕੰਮਾਂ ਤੋਂ ਪਹਿਲੇ ਕਰਦੇ ਹਨ॥

Digitized by Panjab Digital Library | www.panjabdigilib.org

**ਗਣੇਰੀ,** ਸ਼ਃ ਛਿਲੇ ਹੋਏ ਗੰਨੇ ਦਾ ਬਹੁਤ ਨਿਕਾ ਟੋਟਾ ॥

**ਗਤ,** ਸ਼ਃ—ਸ਼ਕਲ, ਹਾਲ, ਢੰਗ, ਵਰਤਾਰਾ, ਮੁਕਤੀ ਤਬਲੇ ਦੀ ਸੁਰ (ਵੱਜਣੀ, ਵਜਾਉਣੀ)

**ਗਤ ਕਰਨੀ,** ਕ੍ਰਿਃ—ਮੁਕਤੀ ਕਰਨੀ, ਕਿਸੇ ਨੂੰ ਮਾਰਕੇ ਦੁੱਖਾਂ ਤੋਂ ਛੁਡਾਉਣਾ, ਬੁਰਾ ਹਾਲ ਕਰਨਾ।

**ਗਤਕਾਰ (ਗ)**
**ਗਤਕਾਰੀਆ** } ਪੁਃ ਤਬਲੇ ਆਦਿਕ ਵਜਾਉਣ ਵਾਲਾ, ਨੱਚਣ ਵਾਲਾ।

**ਗਤਕਾਰੀ,** ਸ਼ਃ ਗਤ ਕਾਰ ਦਾ ਕੰਮ ॥

**ਗਤ ਬਣਾਉਣੀ,** ਕ੍ਰਿਃ ਮਾਰਨਾ ਕੁਟਣਾ ਬਦਲਾ ਲੈਣਾ ।

**ਗਤ ਭਰਨੀ,** ਕ੍ਰਿਃ—ਰਾਗ ਨਾਲ ਨੱਚਣਾ।

**ਗਤ ਲੈਣੀ,** ਕ੍ਰਿਃ—ਗਾਉਣ ਤੋਂ ਪਹਿਲੇ ਨਚਣਾ

**ਗਤਕ**
**ਗਤਕ ਦਾ** } ਵਿਃ—ਢਿਚਲੇ ਕੰਮ ਦਾ, ਢੀਲ ਢੋਲ ਵਾਲਾ॥

**ਗਤਕਾ,** ਪੁਃ—ਲਕੜੀ ਦੀ ਤਲਵਾਰ ਜਿਸ ਨਾਲ ਦੋ ਜਣੇ ਖੇਡਦੇ ਹਨ (ਖੇਡਣਾ)

**ਗਤਕੇ ਬਾਜ,** ਪੁਃ—ਗਤਕਾ ਖੇਡਣ ਵਾਲਾ ॥

**ਗਤਕੇਬਾਜੀ,** ਸ਼ਃ—ਗਤਕੇ ਦੀ ਖੇਡ ॥

**ਗੱਤਲਾ,** ਪੁਃ—ਜੰਮੇ ਹੋਏ ਲਹੂ ਦਾ ਤਲਾ।

**ਗੱਤਲੇ ਕਰਣੇ,** ਕ੍ਰਿਃ—ਟੋਟੇ ਟੋਟੇ ਕਰਨਾ, ਜਾਨੋਂ ਮਾਰਨਾ॥

**ਗੱਤਾ,** ਪੁਃ—ਮੁਕੱਬਾ, ਜਿਲਦ, ਬਹੁਤ ਮੋਟਾ ਕਾਗਤ॥

**ਗਤਿ (ਤੀ),** ਸ਼ਃ—ਹਾਲ, ਦਸ਼ਾ, ਮੁਕਤੀ। 'ਗਤ' ਵੇਖੋ।

**ਗਤੀਆ,** ਪੁਃ—'ਗਤਕਾਰ' ਵੇਖੋ ॥

**ਗੱਦ,** ਸ਼ਃ—ਗੱਦੀ, ਆਸਣ। ਛਾਲਾ (ਉਠਾਉਣਾ, ਚੜ੍ਹਾਉਣਾ, ਲਾਉਣਾ, ਉੱਠਣਾ, ਚੜ੍ਹਨਾ)।

**ਗੱਦ ਪਾਉਣੀ,** ਕ੍ਰਿਃ—ਵਿਆਹ ਢੰਗ ਵਿੱਚ ਮਠਿਆਈ ਨਗਦੀ ਆਦਿਕ ਵਹੁਟੀ ਜਾਂ ਕਿਸੇ ਹੋਰ ਤੀਮੀਂ ਦੀ ਝੋਲੀ ਵਿੱਚ ਪਾਉਣੀ।

**ਗੰਦ,** ਪੁਃ ਮੈਲ, ਕੂੜਾ, ਸੜ੍ਹਿਆਂਧ, ਬੇਸ਼ਰਮੀ ਦੀ ਗੱਲ।

**ਗੰਦ ਖਿਲਾਰਣਾ,** ਕ੍ਰਿਃ—ਬੁਰੇ ਕੰਮਾਂ ਕਰਕੇ ਬਦਨਾਮ ਹੋਣਾ।

**ਗੰਦ ਪਾਉਣਾ,** ਕ੍ਰਿਃ—ਕੁਸੰਗ ਕਰਕੇ ਬਦਨਾਮ ਹੋਣਾ, ਭੈੜਾ ਕੰਮ ਕਰਨਾ ।

**ਗੰਦ ਪੁਣਾ,** ਪੁਃ ਬੇਸ਼ਰਮੀ ਦੀ ਗੱਲ ਜਾਂ ਕੰਮ, ਮੈਲਾ ਹੋਣਾ

**ਗੰਦ ਬਕਣਾ,** ਕ੍ਰਿਃ—ਬੇਸ਼ਰਮੀ ਦੇ ਬਚਨ ਬੋਲਣੇ।

**ਗੰਦਕੀ**
**ਗੰਦਗੀ** } ਸ਼ਃ—ਮੈਲ, ਮੈਲਾ, ਕੂੜਾ, ਧੂੰਧ, ਵਿਸ਼ਟਾ ॥

**ਗਦ ਗਦ ਪਰਸੰਨ,** ਵਿਃ—ਬਹੁਤ ਹੀ ਖੁਸ਼॥

**ਗੱਦਣ,** ਸ਼ਃ ਗਦੀ ਦੀ ਤੀਮਤ ॥

**ਗਦਰ,** ਪੁਃ—ਪਰਜਾ ਦਾ ਵਿਗੜਨਾ, ਰਾਜੇ ਨਾਲ ਵੈਰ ॥

**ਗਦਰਾ**
**ਗਦਰੂ** } ਵਿਃ—ਕਚੀ ਰੰਗਾਂ ਦਾ (ਪਸ਼ੂ, ਪੰਛੀ)॥

Digitized by Panjab Digital Library / www.panjabdigilib.org

**ਗੰਦਲ,** ਸ਼ਃ—ਹਰੀਆਂ ਭਾਜੀਆਂ ਦੀਆਂ ਡੰਡੀਆਂ,

**ਗਦਾ,** ਪੁਃ—ਫਕੀਰ, ਮੰਗਤਾ, ਮੰਗਣਾ(ਕਰਨੀ,)॥

**ਗੰਦਾ,** ਪੁਃ ਖਜੂਰ ਦਾ ਰੁੱਖ।

**ਗੰਦਾ,** ਪੁਃ, ਵਿਃ—ਮੈਲਾ, ਸੜਿਆ ਹੋਇਆ, ਖਰਾਬ

**ਗੰਦਾ ਆਂਡਾ,** ਪੁਃ, ਖਰਾਬ ਲੜਕਾ, ਨਕਾਰਾ [illegible]

**ਗੰਦਾ ਕਰਨਾ,** ਕ੍ਰਿਃ—ਦਾਗ ਲਾਉਣਾ, ਖਰਾਬ ਕਰਨਾ, ਉਜਾੜਨਾ॥

**ਗੰਦਾ ਫਰੋਜਾ**
**ਗੰਦਾ ਬਰੋਜਾ** } ਪੁਃ [illegible]

**ਗੱਦੀ,** ਸ਼ਃ—ਨਰਮ ਆਸਣ, ਤਖਤ, ਸਿੰਘਾ-ਸਣ, ਸਾਧੂ ਯਾ ਫਕੀਰ ਦੇ ਬੈਠਣ ਦੀ ਥਾਂ।
ਪੁਃ ਪਹਾੜੀਆ, ਭੇਡਾਂ ਚਾਰਨ ਵਾਲਾ॥

**ਗੰਦੀ,** ਸ਼ਃ, ਵਿਃ ਮੈਲੀ ਖਰਾਬ, ਸੜੀ ਹੋਈ

**ਗੰਦੀ ਬੂਟੀ,** ਸ਼ਃ—ਇੱਕ ਜੁਲਾਬ ਦੀ ਦੁਆ।

**ਗਦੂਦ,** ਸ਼ਃ—ਗਿਲਟੀ, ਪੁਃ—ਨਕਾਰਾ ਆਦਮੀ॥

**ਗਦੂਦਣ,**
**ਗਦੂਦੀ,** } ਜਿਸ ਦੇ ਗਿਲਟੀ ਹੋਵੇ, ਜੋ ਉਪੱਦਰ ਕਰਨਾ ਚਾਹੇ।

**ਗਦੇਲਾ,** ਪੁਃ [illegible] ਰਜਾਈ ਰੂੰ ਦੀ ਭਰੀ ਹੋਈ ਵਿਛਾਈ।

**ਗੱਦੋਂ,** ਪੁਃ—ਗਧਾ, ਖੋਤਾ।

**ਗੱਦੋਂ ਖੁਰਕੀ,** ਸ਼ਃ—ਖੋਤਿਆਂ ਦਾ ਇੱਕ ਦੂਜੇ ਦੇ ਪਾਸੇ ਰਗੜਨਾ, ਆਪਣੀ ਭਲਿਆਈ ਵਾਸਤੇ ਦੂਜੇ ਦਾ ਭਲਾ ਕਰਨਾ (ਕਰਨੀ)



**ਗੱਦੋਂ ਦਾਨਾ**
**ਗਦੋਂ ਧਾਨਾ** } ਪੁਃ—ਪਿੰਡ ਅਤੇ ਗਿੱਚੀ ਦਾ ਇੱਕ ਰੋਗ॥

**ਗੰਦੌੜਾ,** ਪੁਃ—ਖੰਡ ਦੀ ਬਣੀ ਹੋਈ ਰੋਟੀ ਜਿਸਦੀ ਭਾਜੀ ਵੰਡਦੇ ਹਨ।

**ਗੰਧ,** ਸ਼ਃ—ਮੁਸ਼ਕ, ਬੋ॥

**ਗੰਧ ਸਾਰ,** ਸ਼ਃ—ਇੱਕ ਤਰਾਂ ਦੀ ਔਖਧ।

**ਗੰਧ ਰਾਜ,** ਪੁਃ—ਇਕ ਖੁਸ਼ਬੋਦਾਰ ਫੁੱਲ॥

**ਗੰਧਕ,** ਸ਼ਃ—ਇੱਕ ਪੀਲੀ ਜੇਹੀ ਦਵਾ ਜੋ ਛੇਤੀ ਪੰਘਰ ਪੈਂਦੀ ਹੈ ਅਤੇ ਬਲ ਕੇ ਨੀਲੀ ਲਾਟ ਛਡਦੀ ਹੈ।

**ਗੰਧਰਬ,** ਪੁਃ—ਇੰਦ੍ਰ ਪੁਰੀ ਦੇ ਗਾਉਣ ਵਾਲੇ, ਉਤੇ, ਬੜਾ ਭਾਰਾ ਰਾਗੀ।

**ਗੰਧਲਾ,** ਵਿਃ—ਮੈਲਾ, ਚਿੱਕੜ ਵਾਲਾ॥

**ਗੰਧਲਾਉਣਾ,** ਕ੍ਰਿਃ—ਗੰਧਲਾ ਹੋਣਾ।

**ਗਧਾ,** ਪੁਃ—ਘੋੜੇ ਵਰਗਾ ਇੱਕ ਪਸ਼ੂ, [illegible], ਖੋਤਾ। ਮੂਰਖ॥

**ਗੰਧਾਰ,** ਪੁਃ—ਇੱਕ [illegible] ਰਾਗ।
ਵਿਃ—[illegible] ਗੰਦਾ।

**ਗੰਧਾਲ,** ਵਿਃ—ਵੱਡਾ, ਚੌੜਾ, ਖੁਲ੍ਹਾ॥

**ਗਧੀ,** ਸ਼ਃ—ਖੋਤੀ, ਇੱਕ ਕੀੜਾ॥

**ਗਧੀ ਚੁੰਘਣਾ,** ਕ੍ਰਿਃ—ਹੁੱਕਾ ਪੀਣਾ (ਨਿਹੰਗਾਂ ਦੀ ਬੋਲੀ)॥

**ਗੰਧੀ,** ਪੁਃ—ਅਤਰ ਫੁਲੇਲ ਵੇਚਣ ਵਾਲਾ॥

**ਗੰਧੀਲਣ,** ਸ਼ਃ
**ਗੰਧੀਲਾ,** ਪੁਃ } ਇਕ ਨੀਚ ਜਾਤ, ਬਾਜ਼ੀਗਰ, ਇਕ ਪਹਾੜੀ ਬੂਟੀ

Digitized by Panjab Digital Library | www.panjabdigilib.org

**ਗੰਦੂਲਕਾਂ,** ਸ: ਤ੍ਰਿਕਾਲਾਂ, ਸੰਝ ॥

**ਗੰਨ,** ਪੁ:—ਵੱਡੀ ਮੱਛੀ ਜਾਂ ਸੱਪ ਦਾ ਟੋਟਾ, ਵਿੰਡ ਦਾ ਵੇਰ ॥

**ਗੰਨਾ,** ਪੁ:—ਇਕ ਤਰ੍ਹਾਂ ਦਾ ਮੋਟਾ ਕਾਨਾ ਜਿਸ ਵਿਚੋਂ ਮਿੱਠਾ ਰਸ ਨਿਕਲਦਾ ਹੈ, ਕਮਾਦ ॥

**ਗੰਨੀ,** ਸ:—ਛੋਟਾ ਗੰਨ, ਅੱਖ ਦਾ ਛੱਪਰ ॥

**ਗੰਨੀ ਭਾਰੀ ਹੋਣੀ,** ਕ੍ਰਿ:—ਅੱਖ ਦਾ ਛੱਪਰ ਸੁੱਜਣਾ ।

**ਗੱਪ,** ਸ:—ਝੂਠੀ ਗੱਲ, ਬਕਵਾਦ (ਮਾਰਨੀ) ॥

**ਗੱਪ ਸ਼ੱਪ**
**ਗੱਪ ਸ਼ੜੱਪ** } ਸ:—ਝੂਠੀ ਗੱਲ, ਬਕਵਾਦ ॥

**ਗਪਕ ਲੈਣਾ,** ਕ੍ਰਿ:—ਉਗਾ ਲੈਣਾ, ਖਾ ਜਾਣਾ, ਲੈ ਕੇ ਨੱਸ ਜਾਣਾ ॥

**ਗੱਪਣ,** ਸ:
**ਗੱਪੀ,** ਪੁ: } ਜੋ ਗੱਪਾਂ ਮਾਰੇ ॥

**ਗੱਪੂਟੇਸ਼ਣ**
**ਗਪੌੜਾ** } ਪੁ:—ਗੱਪ, ਝੂਠੀਆਂ ਗਲਾਂ, ਫੜਾਂ ।

**ਗਫ਼,** ਵਿ:—ਮੋਟਾ, ਸੰਘਣੀ ਬੁਣਤ ਦਾ (ਕਪੜਾ) ।

**ਗੱਫਾ,** ਪੁ:—ਗਰਾਹ, ਫੱਕਾ, ਹਿੱਸਾ, ਸੁਗਾਤ, ਹੱਥ ਆਈ ਹੋਈ ਲਗਾਣੀ ।

**ਗੱਫਾ ਲੱਗ ਜਾਣਾ,** ਕ੍ਰਿ:—ਮੁਫ਼ਤ ਮਿਲ ਜਾਣਾ ॥

**ਗੱਫਾ ਲਾਉਣਾ,** ਕ੍ਰਿ:—ਗਰਾਹ ਮੂੰਹ ਵਿਚ ਪਾਉਣਾ ।

**ਗੱਫੇ ਮਾਰਣੇ,** ਕ੍ਰਿ:—ਪਰਾਇਆ ਮਾਲ ਖਾਣਾ ॥

**ਗਬਜ,** ਪੁ:—'ਗਜਬ' ਵੇਖੋ ॥

**ਗਬਜੀ,** ਪੁ:—ਗਜਬ ਕਰਨ ਵਾਲਾ ॥

**ਗੱਬਰ,** ਵਿ:—ਮਾਲ ਦਾਰ, ਰੱਜਿਆ ਹੋਇਆ ਅਭਿਮਾਨੀ ॥

**ਗੱਬਰ ਮਾਰਨਾ,** ਕ੍ਰਿ:—ਬਹੁਤ ਮਾਲ ਲੁੱਟਣਾ ॥

**ਗਬੜ ਗੰਜ**
**ਗਬੜ ਚੌਥ** } ਸ:—ਗੜ ਬੜ, ਖਰੋਥੀ ॥

**ਗਬਾਰਾ,** ਪੁ:—ਉੱਡਣ ਖਟੋਲਾ, ਫੱਲਣ ਵਾਲਾ ਨਾਲਾ ।

**ਗੱਭ,** ਪੁ:—ਗਰਭ, ਜੋ ਬੱਚਾ ਪੇਟ ਵਿਚ ਹੋਵੇ ।

**ਗੱਭ ਛਣ ਜਾਣਾ,** ਕ੍ਰਿ:—ਗਰਭ ਨਸ਼ਟ ਹੋ ਜਾਣਾ ॥

**ਗੱਭਣ,** ਸ:—ਜਿਸ ਦੇ ਪੇਟ ਵਿਚ ਬੱਚਾ ਹੈ ॥

**ਗਭਰੂ (ਰੂਟਾ)**
**ਗਭਰੇਟਾ (ਠ, ਡਾ)**
**ਗਭਰੇਟ (ਟਾ)** } ਪੁ:—ਜੁਆਨ ਆਦਮੀ, ਜੁਆਨ ਧੌਣ ॥

**ਗਭਲਾ,** ਵਿ:—ਗੱਭੇ ਦਾ, ਵਿਚਲਾ, ਤ੍ਰਿੰਨਾਂ ਵਿਚੋਂ ਦੂਜਾ ॥

**ਗੱਭਾ,** ਪੁ:—ਵਿਚਲੀ ਥਾਂ ॥

**ਗੰਭੀਰ,** ਵਿ:—ਸੋਚ ਵਿਚਾਰ ਵਾਲਾ, ਨਿਮ੍ਰ, ਜੋ ਧੀਰਜ ਰੱਖੇ ॥

ਪੁ:—ਪਿੱਠ ਜਾਂ ਗਿੱਚੀ ਦਾ ਇੱਕ ਫੋੜਾ ॥

**ਗੰਭੀਰਤਾ (ਤਾਈ)** ਸ:—ਸੋਚ ਵਿਚਾਰ, ਨਿਮ੍ਰਤਾਈ, ਧੀਰਜ ॥

Digitized by Panjab Digital Library | www.panjabdigilib.org

**ਗੱਭੇ,** ਆਦਃ—ਵਿੱਚ, ਵਿਚਕਾਰ, ਮਿਆਨੇ ॥

**ਗ਼ਮ,** ਪੁਃ—ਫ਼ਿਕਰ, ਚਿੰਤਾ, ਅਫ਼ਸੋਸ (ਕਰਨਾ ਖਾਣਾ) ਸਾੜ੍ਹਆਂਧ। (ਖਾਣਾ)।

**ਗ਼ਮ ਖ਼ੋਰ,** ਪੁਃ—ਜੋ ਗ਼ਮ ਕਰ, ਜੋ ਧੀਰਜ ਰਖੇ

**ਗਮਜ਼ਾ,** ਪੁਃ—ਰੌਲਾ, ਬਕਵਾਦ, ਗੱਪ (ਮਾਰਨਾ) ॥

**ਗਮਣ,** ਪੁਃ—ਜਾਣਾ, ਟੁਰਨਾ, ਭੋਗ ਕਰਨਾ

**ਗੱਮਤ,** ਸਃ—ਮੇਲ ਗੇਲ, ਮਿਤ੍ਰਤਾਈ, ਲਾਹ।

**ਗੱਮਤਣ** ਸਃ—
**ਗੱਮਤੀ,** ਪੁਃ— } ਜੋ ਸਾਥ ਕਰੇ, ਵਾਕਫ਼॥

**ਗੱਮਤਾ,** ਸਃ—ਪਹੁੰਚ, ਅਕਲ ਦੀ ਤੇਜ਼ੀ।

**ਗ਼ਮ ਜ਼ੂਨ,** ਵਿਃ—ਗੁੱਸਿਆ ਹੋਇਆ।

**ਗਮਰੂਰ,** ਵਿਃ—ਅਭਮਾਨੀ, ਹੰਕਾਰੀ

**ਗਮਰੂਰੀ,** ਸਃ—ਆਕੜ, ਅਭਮਾਨ, ਹੰਕਾਰ ॥

**ਗਮਰੌੜੀ,** ਸਃ—ਮੋਟਾ ਛਿਲਤ, ਕੱਪੜੇ ਨੂੰ ਦਿੱਤੀ ਹੋਈ ਗੰਢ।

**ਗਮਲਾ,** ਪੁਃ—ਫੁੱਲ ਬੂਟੇ ਉਗਾਉਣ ਵਾਲਾ ਮਿੱਟੀ ਜਾਂ ਲਕੜੀ ਦਾ ਗੋਲ ਛੋਟਾ ਭਾਂਡਾ ॥

**ਗਮੀ,** ਸਃ—ਗ਼ਮ, ਸੋਗ, ਬਿਰਲਾਪ, ਮੌਤ (ਹੋਣੀ)।

**ਸ਼ਾਦੀ ਗਮੀ,** ਸਃ—ਖ਼ੁਸ਼ੀ ਅਤੇ ਗ਼ਮ ਦੇ ਵੇਲੇ (ਵਿਆਹ ਕਾਜ ਅਤੇ ਮੌਤ)।

**ਗਯਾ,** ਸਃ—ਹਿੰਦੂਆਂ ਦਾ ਇੱਕ ਤੀਰਥ ॥

**ਗਯਾ ਕਰਾਉਣੀ;** ਕ੍ਰਿਃ—ਗਯਾ ਜਾਕੇ ਪਿੰਡ ਭਰਾਉਣਾ।

**ਗਯਾਣ, ਗਯਾਨਣ**
**ਗਯਾਨੀ** } 'ਗਿਆਨ' ਆਦਿਕ ਵੇਖੋ॥

**ਗਰਸਣਾ,** ਕ੍ਰਿਃ ਫੜਨਾ, ਲਭਣਾ, ਵਿੱਚ ਕਰਨਾ, ਛਾਇਆ ਪਾਉਣੀ ॥

**ਗਰਹਿ**
**ਗ੍ਰਹਿ** } ਪੁਃ ਸੂਰਜ ਚੰਦ ਅਤੇ ਹੋਰ ਤਾਰੇ।

**ਖੋਟਾ ਗਰਹਿ ਆਉਣਾ,** ਕ੍ਰਿਃ—ਕਿਸਮਤ ਬੁਰੀ ਹੋਣੀ।

**ਨੌਂ ਗਰਿਹ,** ਪੁਃ—ਮੰਗਲ ਆਦਿਕ ਨੌਂ ਤਾਰੇ ॥

**ਗਰਹਣ**
**ਗਰਹਿਣ** } ਪੁਃ—ਸੂਰਜ ਜਾਂ ਚੰਦ੍ਰਮਾ ਉੱਪਰ ਛਾਯਾ ਪੈਣੀ।

**ਗਰਹਿਣ ਕਰਨਾ,** ਕ੍ਰਿਃ—ਪਕੜਨਾ, ਮੰਨ ਲੈਣਾ

**ਪਾਣੀ ਗਰਹਿਣ ਕਰਨਾ,** ਕ੍ਰਿਃ—ਵਿਆਹੁਣਾ ॥

**ਗਰਹਿਣੇ ਜਾਣਾ,** ਕ੍ਰਿਃ—ਗਰਹਿਣ ਦਾ ਅਸਰ ਪੈਣਾ।

**ਗਰਹੁ,** ਪੁਃ—'ਗਰਹਿ' ਵੇਖੋ, ਧਿਆਨ, ਪਰਵਾਹ।

**ਗਰਕ,** ਵਿਃ—ਡੁੱਬਾ ਹੋਇਆ, ਧਿਆਨ ਵਿੱਚ ਮਗਨ॥

**ਗਰਕ ਹੋਣਾ**
**ਗਰਕ ਜਾਣਾ** } ਕ੍ਰਿਃ—ਡੁੱਬਣਾ ॥

**ਗਰਕਣਾ,** ਕ੍ਰਿਃ—ਡੁੱਬਣਾ, ਧਿਆਨ ਵਿੱਚ ਮਗਨ ਹੋਣਾ ॥

**ਗਰਕੀ,** ਸਃ—ਗਰਕਣ ਦੀ ਹਾਲਤ, ਡੁਬਾਈ (ਆਉਣੀ)॥

Digitized by Panjab Digital Library / www.panjabdigilib.org

**ਗਰਗਰਾ,** ਵਿ:—ਮੋਟਾ, ਗਾੜ੍ਹਾ ( ਕਪੜਾ )॥

**ਗਰਜ,** ਸ:—ਬੱਦਲਾਂ ਦੀ ਅਵਾਜ਼, ਕੜਕ, ਮਰਜ਼ੀ, ਲੋੜ, ਪਰੋਜਨ, ਕੰਮ, ਮਤਲਬ, ਗੌਂ॥

**ਗਰਜ਼ ਕੱਢਣੀ,** ਕ੍ਰਿ:—ਆਪਣਾ ਮਤਲਬ ਪੂਰਾ ਕਰਨਾ।

**ਗਰਜ਼ ਕਰਨੀ,** ਕ੍ਰਿ:—ਸਮਸਾ ਵੈਂਰਨਾ॥

**ਗਰਜ਼ ਰੱਖਣੀ,** ਕ੍ਰਿ:—ਮਤਲਬ ਹੋਣਾ।

**ਗਰਜ਼ ਕੀ!** ਕ੍ਰਿ: ਵਿ: ਗੌਲ ਕਾਹਦੀ, ਮੁਕਦੀ ਗੱਲ॥

**ਬੇ ਗਰਜ਼,** ਵਿ:—ਜਿਸ ਨੂੰ ਗਰਜ਼ ਨਹੀਂ॥

**ਬੇ ਗਰਜ਼,** ਸ: ਗਰਜ਼ ਨਾ ਰੱਖਣਾ॥

**ਗਰੰਜੋ,** ਵਿ:—ਗੁੱਸੇ, ਰੁੱਸਿਆ ਹੋਇਆ।

**ਗਰਜਣਾ,** ਕ੍ਰਿ:—ਕੜਕਣਾ ਜ਼ੋਰ ਨਾਲ ਬੋਲਣਾ।

**ਗਰ ਜਾਣਾ,** ਕ੍ਰਿ:—ਗਲਣਾ, ਸੜਨਾ, ਖਰਾਬ ਹੋਣਾ॥

**ਗਰਜ਼ੀ,** ਵਿ:—ਜਿਸ ਨੂੰ ਗਰਜ਼ ਹੋ, ਮਤਲਬੀ॥

**ਗਰੰਟੀ** ਸ:—ਜ਼ੁੰਮਾ, ਜ਼ਾਮਨੀ, ਇਸ ਗੱਲ ਦੀ ਜ਼ੁੰਮੇਵਾਰੀ ਕਿ ਜੇ ਘੜੀ ਇੰਨੇ ਚਿਰ ਦੇ ਅੰਦਰ ਵਿਗੜ ਗਈ ਤਾਂ ਬਦਲ ਕੇ ਹੋਰ ਦਿੱਤੀ ਜਾਵੇਗੀ ਜਾਂ ਐਵੇਂ ਬਣਾਈ ਜਾਵੇਗੀ।

**ਗਰੰਥ**
**ਗ੍ਰੰਥ** } ਪੁ:—ਪੁਸਤਕ, ਕਿਤਾਬ, ਸਿੱਖਾਂ ਦੇ ਧਰਮ ਪੁਸਤਕ॥

**ਗ੍ਰੰਥ ਸਾਹਿਬ,** ਪੁ:—ਸਿੱਖਾਂ ਦੇ ਧਰਮ ਪੁਸਤਕ।



**ਗਰੰਥ ਕਰਤਾ**
**ਗਰੰਥ ਕਾਰ** } ਪੁ:—ਗ੍ਰੰਥ ਬਨਾਉਣ ਵਾਲਾ॥

**ਗਰੰਥਣ,** ਸ:—ਗਰੰਥੀ ਦੀ ਤੀਵੀਂ।

**ਗਰੰਥੀ**
**ਗ੍ਰੰਥੀ** } ਪੁ:—ਗਰੰਥ ਪੜ੍ਹਨ ਵਾਲਾ, ਭਾਈ॥

**ਗਰਦ,** ਸ:—ਉਡਦੀ ਮਿੱਟੀ, ਧੂੜ, ਘੱਟਾ, ਖੇਹ॥

**ਗਰਦੇ ਜਾਣਾ,** ਕ੍ਰਿ:—(ਕਪੜਿਆਂ ਉੱਤੇ) ਗਰਦ ਉਡ ਕੇ ਪੈਣੀ॥

**ਗਰਦਸ਼,** ਸ:—ਚੱਕਰ, ਸੰਸਾਰ ਦੇ ਉਤਾਰ ਚੜ੍ਹਾਉ, ਖੋਟੀ ਕਿਸਮਤ॥

**ਗਰਦਣ**
**ਗਰਦਨ** } ਸ:—ਗਿੱਚੀ, ਸਿਰ ਅਤੇ ਧੜ ਦਾ ਵਿਚਲਾ ਹਿੱਸਾ॥

**ਗਰਦਨ ਝੁਕਾਉਣੀ,** ਕ੍ਰਿ: 'ਗਰਦਨ ਨੀਵੀਂ ਕਰਨੀ' ਵੇਖੋ।

**ਗਰਦਨ ਤੇ ਸਵਾਰ ਹੋਣਾ,** ਕ੍ਰਿ:—ਜ਼ੋਰ ਪਾਉਣਾ, ਜਬਰ ਦਸਤੀ ਕਰਨਾ॥

**ਗਰਦਨ ਤੇ ਖੂਨ ਚੜ੍ਹਨਾ,** ਕ੍ਰਿ:—ਖੂਨ ਕਰਨ ਦਾ ਅਪਰਾਧੀ ਬਨਣਾ॥

**ਗਰਦਨ ਤੇ ਭਾਰ ਹੋਣਾ,** ਕ੍ਰਿ:—ਦੇਣਦਾਰ ਹੋਣਾ

**ਗਰਦਨ ਨੀਵੀਂ ਕਰਨੀ,** ਕ੍ਰਿ:—ਮੱਥਾ ਟੇਕਣਾ, ਹਾਰ ਮੰਨਣੀ॥

**ਗਰਦਣੀ,** ਸ:—ਘੋੜੇ ਤੇ ਪਾਉਣ ਵਾਲਾ ਕੱਪੜਾ॥

**ਗਰਦਾ,** ਪੁ:—ਧੂੜ, ਚਰਸ ਜਾਂ ਅਨਾਜ ਦਾ ਚੂਰਾ, ਲਹਿੰਗਾ॥

Digitized by Panjab Digital Library | www.panjabdigilib.org

**ਗਰਦਾਨਕ,** ਸ:—ਜਿਸ ਛੇਕ ਵਿੱਚ ਧੂੰਹਾਂ ਘੁੰਮਦਾ ਹੈ, ਚੂਥੀ, ਜੁਲਾਹੇ ਦਾ ਦਸਤਾ ॥

**ਗਰਦਾਣ ਲੈਣਾ,** ਕ੍ਰਿ:—ਦੁਸਾਉਣਾ ( ਮੁਕੱਦਮੇ ਆਦਿਕ ਵਿੱਚ ).

**ਗਰਦਾਵਰ**, **ਗਰਦੌਰ** } ਪੁ:—ਪਟਵਾਰੀਆਂ ਦੀ ਦੇਖ ਭਾਲ ਕਰਨ ਵਾਲਾ ਅਫ਼ਸਰ ॥

**ਗਰਦਾਵਰੀ**, **ਗਰਦੌਰੀ** } ਸ:—ਪਟਵਾਰੀ ਦਾ ਪਿੰਡ ਦੇ ਖੇਤਾਂ ਦੀ ਪੈਦਾਵਾਰੀ ਕਿਤਾਬ ਵਿੱਚ ਲਿਖਣਾ। ਗਰਦੌਰ ਦਾ ਕੰਮ।

**ਗਰਧ,** ਪੁ:—ਆਦਰ, ਮਾਨ, ਕਦਰ।

**ਗਰਧਪ**, **ਗਰਧਬ** } ਪੁ: ਗਧਾ, ਗੱਦੋਂ, ਖੋਤਾ ॥

**ਗਰਨਾ,** ਕ੍ਰਿ:—ਗਲਣਾ, ਸੜਨਾ, ਵਿਗੜਨਾ ॥ ਪੁ:—ਇੱਕ ਰੁੱਖ ॥

**ਗਰਨਾਉਣਾ,** ਕ੍ਰਿ:—ਗੱਜਣਾ, ਗੜਕਣਾ ॥

**ਗਰਨਾਵਣਾ**, **ਗਰਨਾਏ ਜਾਣਾ** } ਕ੍ਰਿ: ਗਰਹਿਣ ਦਾ ਅਸਰ ਪੈਣਾ ॥

**ਗਰਬ,** ਪੁ:—ਅਭਿਮਾਨ, ਹੰਕਾਰ ( ਕਰਨਾ ) ॥

**ਗਰਬਣ,** ਸ:, **ਗਰਬੀ,** ਪੁ: } ਜੋ ਗਰਬ ਜਾਂ ਹੰਕਾਰ ਕਰੇ ॥

**ਗਰਭ,** ਪੁ:—ਪੇਟ, ਹਮਲ, ਢਿੱਡ ਦੇ ਅੰਦਰ ਬੱਚਾ (ਹੋਣਾ, ਠਹਿਰਨਾ, ਰਹਿਣਾ ) ॥

**ਗਰਭ ਪਾਤ,** ਪੁ:—ਗਰਭ ਦਾ ਨਾਸ ( ਹੋਣਾ, ਕਰਨਾ ) ॥

**ਗਰਭ ਵੰਤ,** ( ਤੀ, ) ਸ:—ਜਿਸਨੂੰ ਗਰਭ ਹੈ।

**ਗਰਭਣ,** ਸ:—ਗਰਭ ਵਾਲੀ ॥

**ਗਰਭੀ,** ਵਿ:—ਰੇਸ਼ਮੀ ਜਾਂ ਊਨ ਦਾ ਕਪੜਾ ਜਿਸ ਵਿੱਚ ਸੂਤ ਦਾ ਮੇਲ ਹੈ, ਇੱਕ ਧਾਰੀਦਾਰ ਕਪੜਾ ॥

**ਗਰਮ,** ਵਿ:—ਤੱਤਾ, ਕੋਸਾ, ਸੜਦਾ, ਚਮਕਦਾ ॥

**ਗਰਮ ਸਰਦ,** ਪੁ:—ਸੰਸਾਰ ਦੇ ਦੁਖ ਸੁਖ ॥

**ਗਰਮ ਹੋਣਾ,** ਕ੍ਰਿ:—ਗੁੱਸੇ ਵਿੱਚ ਆਉਣਾ ॥

**ਗਰਮ ਕਪੜੇ,** ਪੁ:—ਸਿਆਲੇ ਦੀ ਪੁਸ਼ਾਕ ॥

**ਗਰਮ ਮਜ਼ਾਜ,** ਪੁ:—ਕ੍ਰੋਧ ਵਾਲਾ ਸੁਭਾਉ ॥

**ਗਰਮਾ ਗਰਮ,** ਵਿ:—ਨਵਾਂ, ਸਜਰਾ ਤਾਜ਼ਾ ॥

**ਗਰਮਾਈ,** ਸ:—ਗਰਮੀ, ਗਰਮ, ਚੀਜ਼ਾਂ ॥ ਛੁਹਾਰੇ ਆਦਿਕ ॥

**ਗਰਮੀ,** ਸ:—ਗਰਮ ਹੋਣ ਦਾ ਗੁਣ, ਉਨ੍ਹਾਲ ਦੀ ਰੁੱਤ, ਪਰਸੇਉ, ਬਾਦ ਦਾ ਰੋਗ। ( ਆਉਣੀ, ਹੋਣੀ, ਪੈਣੀ, ਲੱਗਣੀ ) ।

**ਗਰਲ,** ਸ:—ਬਿਖ, ਵਿਹੁ, ਸੱਪਾਂ ਦੀ ਜ਼ਹਿਰ ॥

**ਗਰੜ,** ਪੁ:—ਇੱਕ ਪੰਖੇਰੂ, ਬਿਸ਼ਨ ਦੀ ਸਵਾਰੀ॥

**ਗਰੜ ਪੁਰਾਣ,** ਪੁ:—ਹਿੰਦੂ ਦੇ ਮਰਨ ਪਿੱਛੋਂ ਜੋ ਪੁਰਾਣ ਪੜ੍ਹਿਆ ਜਾਂਦਾ ਹੈ। ( ਵਾਚਣਾ ) ॥

**ਗਰੜ ਪੰਖ**, **ਗਰੜ ਪੰਖਣੀ** } ਪੁ:—ਇੱਕ ਪੰਖੇਰੂ ॥

**ਗਰਾ,** ਪੁ: ਫੇਰ। 'ਗਰ੍ਹਾ' ਵੇਖੋ।

**ਗਰਾਂ**, **ਗਰਾਉਂ** } ਪੁ:—ਪਿੰਡ, ਛੋਟਾ ਨਗਰ, ਬਸਤੀ।

**ਗਰਾਸ,** ਪੁ:—ਗਰਾਹ, ਲੁਕਮਾ, ਨਵਾਲਾ ॥

Digitized by Panjab Digital Library | www.panjabdigilib.org

**ਗਊ ਗਰਾਸ,** ਪੁ:—ਰੋਟੀ ਖਾਣ ਤੋਂ ਪਹਿਲੇ ਗਊ ਲਈ ਰੱਖੀ ਹੋਈ ਗਰਾਹੀ ॥

**ਗਰਾਹ,** ਪੁ: / **ਗਰਾਹੀ,** ਸ: } ਖਾਣ ਵੇਲੇ ਜਿੰਨੀ ਚੀਜ਼ ਇੱਕ ਵਾਰ ਉਂਗਲਾਂ ਨਾਲ ਫੜਕੇ ਮੂੰਹ ਵਿੱਚ ਪਾਈ ਜਾਵੇ ॥

**ਗਰਾਨੀ,** ਸ:—ਅਣਪਥ, ਮਹਿੰਗ, ਥੁੜ ॥

**ਗ੍ਰਾਮ,** ਪੁ:—ਗਰਾਂ, ਪਿੰਡ ॥

**ਗਰਾਯਾਂ,** ਪੁ:—ਗਰਾਂ ਦਾ ਰਹਿਣ ਵਾਲਾ, ਪੇਂਡੂ ॥

**ਗਰਾਰਾ,** ਪੁ:—ਥੋਲੀ, ਪਾਣੀ ਨਾਲ ਸੰਘ ਸਾਫ ਕਰਨਾ (ਕਰਨਾ) ਖੁੱਲ੍ਹੀਆਂ ਲੱਤਾਂ ਵਾਲਾ ਪਜਾਮਾ ॥

**ਗਰਾਲਾ,** ਪੁ:—ਖੁੱਲ੍ਹੀਆਂ ਲੱਤਾਂ ਵਾਲਾ ਪਜਾਮਾ ॥

**ਗਰਾੜ,** ਪੁ:, ਸ: / **ਗਰਾੜਣ,** ਸ: / **ਗਰਾੜੀ,** ਪੁ: } ਜਿਸ ਨੂੰ ਬਹੁਤ ਨਸ਼ਾ ਪੀਣ ਦੀ ਬਾਣ ਹੋਵੇ ॥

**ਗਰਿਸਣਾ, (ਨਾ),** ਕ੍ਰਿ: —ਪਕੜਨਾ, ਲੈ ਲੈਣਾ

**ਗਰਿਸਤ,** ਪੁ:—ਕਬੀਲਦਾਰੀ, ਘਰ ਵਿਚ ਵੱਸਣਾ ਰੱਸਣਾ ॥

**ਗਰਿਸਤਣ,** ਸ:—ਟੱਬਰ ਕਬੀਲੇ ਵਾਲੀ ਤੀਵੀਂ

**ਗਰਿਸਤੀ,** ਪੁ:—ਕਬੀਲਦਾਰ, ਟੱਬਰ ਵਾਲਾ ਆਦਮੀ ॥

**ਗਰਿੰਜ,** ਵਿ:—ਗੁੱਸੇ, ਰੁੱਸਿਆ ਹੋਇਆ ॥

**ਗਰੀ,** ਸ:—ਖੋਪਾ, ਨਰੇਲ ਦਾ ਗੁੱਦਾ ॥

**ਗਰੀਬ,** ਵਿ: —ਨਿਰਧਨ, ਨੰਗਾ ਭੁੱਖਾ, ਨਿਮ੍ਰ ॥

**ਗਰੀਬਖਾਨਾ,** ਪੁ: ਗਰੀਬਾਂ ਦਾ ਡੇਰਾ, ਆਪਣਾ ਘਰ ॥

**ਗਰੀਬ ਗੁਰਬਾ,** ਪੁ:—ਗਰੀਬ ਲੋਕ, ਮੰਗਤੇ ॥

**ਗਰੀਬ ਨਵਾਜ਼,** ਪੁ:—ਸਾਹਿਬ, ਹਜ਼ੂਰ। ਗਰੀਬਾਂ ਉੱਪਰ ਦਯਾ ਕਰਨ ਵਾਲੇ ॥

**ਗਰੀਬ ਮਾਰ,** ਸ:—ਗਰੀਬਾਂ ਤੇ ਜ਼ੁਲਮ, ਖੋਟੀ ਕਿਸਮਤ ॥

**ਗਰੀਬਣੀ,** ਸ:—ਗਰੀਬ ਤੀਮਤ। ਭਲੀਮਾਣਸ ॥

**ਗਰੀਬੀ,** ਸ:—ਗਰੀਬ ਹੋਣ ਦੀ ਹਾਲਤ, ਨੰਗ ਭੁੱਖ, ਥੁੜ, ਨਿਮ੍ਰਤਾ ॥

**ਗ੍ਰੇਡ,** ਪੁ: ਦਰਜਾ, ਥਾਂ, ਵਾਰੀ ॥

**ਗ੍ਰੈਮੋਫੋਨ,** ਪੁ:—ਗੱਲਾਂ ਕਰਨ ਅਤੇ ਗਾਉਣ ਵਾਲੀ ਮਸ਼ੀਨ ॥

**ਗਰੈਹ,** ਪੁ: ਗ੍ਰਹਿਆਂ ਦਾ ਬੁਰਾ ਅਸਰ, ਬਿਪਤਾ ਆਉਣਾ ) ॥

**ਗਲ,** ਪੁ:—ਗਿੱਚੀ, ਸੰਘ, ਕੰਠ ॥

**ਗਲ ਖੇਲ,** ਪੁ:—ਪਸ਼ੂ ਦੇ ਗਲ ਦਾ ਰੱਸਾ ॥

**ਗਲ ਗਲਾਵਾਂ ਪੈਣਾ,** ਕ੍ਰਿ:—ਫਸਣਾ, ਜ਼ੁੰਮੇਵਾਰ ਹੋਣਾ।

**ਗਲ ਘੁੱਟਣਾ,** ਕ੍ਰਿ:—ਸੰਘ ਰੋਕਣਾ, ਸਾਹ ਰੋਕਕੇ ਮਾਰ ਦੇਣਾ।

**ਗਲਘੋਟੂ,** ਪੁ: —ਜੋ ਚੀਜ਼ ਗਲ ਘੁੱਟੇ, ਗਲ ਦਾ ਘੁੱਟਿਆ ਜਾਣਾ (ਆਉਣਾ) ॥

**ਗਲ ਦਾ ਹਾਰ,** ਪੁ:—ਜੋ ਮਗਰੋਂ ਨਾ ਲੱਥੇ (ਹੋਣਾ) ॥

**ਗਲ ਨਾਲ ਲਗਣਾ (ਮਿਲਣਾ),** ਕ੍ਰਿ:—ਜੱਫੀ ਪਉਣੀ ॥

**ਗਲ ਨਾਲ ਲਾਉਣਾ,** ਕ੍ਰਿ: —ਜੱਫੀ ਪਾਉਣੀ, ਮਦਦ ਕਰਨੀ ॥

Digitized by Panjab Digital Library | www.panjabdigilib.org

**ਗਲ ਪੱਲਾ ਮੂੰਹ ਵਿੱਚ ਘਾਹ ਲੈਣਾ,** ਕ੍ਰਿ:—ਬੜੀ ਅਧੀਨਗੀ ਕਰਨੀ ॥

**ਗਲ ਪਿਆ ਢੋਲ ਵਜਾਉਣਾ,** ਕ੍ਰਿ:—ਜਿਸ ਕੰਮ ਤੋਂ ਛੁਟਕਾਰਾ ਨਹੀਂ ਉਹ ਕਰਨਾ ॥

**ਗਲ ਪੈਣਾ,** ਕ੍ਰਿ:—ਹਠ ਕਰਨਾ, ਲੜਨ ਨੂੰ ਤਿਆਰ ਹੋਣਾ ॥

**ਗਲ ਵੱਢਣਾ,** ਕ੍ਰਿ:—ਮਾਰਨਾ, ਜ਼ੁਲਮ ਕਰਨਾ ਛਲਣਾ ॥

**ਗੱਲ,** ਸ:—ਬਾਤ, ਬਚਨ, ਖ਼ਿਆਲ ॥

**ਗੱਲ ਕੱਥ ( ਥਾ )**
**ਗੱਲ ਬਾਤ** } ਸ:—ਇੱਕ ਦੂਜੇ ਨਾਲ ਬੋਲਣਾ, ਕਥ ਕਹਿਣਾ ॥

**ਗੱਲ ਕਾਹਦੀ**
**ਗੱਲ ਕੀਹ** } ਕ੍ਰਿ:—ਵਿ:—ਥੋੜੇ ਵਿਚ ਮੁਕਦੀ ਗੱਲ,

**ਗੱਲ੍ਹ,** ਸ:—ਮੂੰਹ ਦਾ ਪਾਸਾ ॥

**ਗਲੱਕੜੀ**
**ਗਲੱਖੜੀ** } ਸ:—ਜੱਫੀ, ਗਲ ਨਾਲ ਲਾਉਣਾ, ( ਪਾਲੀ, ਘੌਤਲੀ ) ॥

**ਗਲਗਲ,** ਸ:—ਅਚਾਰ ਪਾਉਣ ਵਾਲਾ ਬਹੁਤ ਵੱਡਾ ਨਿੰਬੂ ॥

**ਗਲ ਗੰਢ,** ਪੁ:—ਪੰਡੀ, ਕੰਧ ਜਾਂ ਬਾੜ ਦੀ ਮੋਰੀ।

**ਗਲਗਿੱਡੀ,** ਸ:—ਚਾਦਰ ਮੋਢਿਆਂ ਤੋਂ ਲਿਆਕੇ ਗਿੱਚੀ ਦੇ ਨਾਲ ਬੰਨ੍ਹਣ ਦਾ ਢੰਗ (ਮਾਰਨੀ)।

**ਗਲਣਾ,** ਕ੍ਰਿ:—ਪੰਘਰਨਾ, ਘੁਲਣਾ, ਖੁਰਨਾ ਉੱਬਲਣਾ, ਪੱਕਣਾ, ਸੜਨਾ, ਵਿਗੜਨਾ ਥੱਕੇ ਜਾਣਾ, ਸੜੀਲਾ, ਬਹੁਤ ਸਾਰਾ ਵਿਕਣਾ।

ਪੁ:—ਚੌੜੇ ਮੂੰਹ ਵਾਲਾ ਮਿੱਟੀ ਦਾ ਭਾਂਡਾ ॥

**ਗਲਤ,** ਵਿ:—ਜੋ ਠੀਕ ਨਹੀਂ, ਅਸ਼ੁੱਧ, ਭੁੱਲ ਵਾਲਾ ॥

**ਗਲਤੀ,** ਸ:—ਭੁੱਲ, ਚੁੱਕ, ਟਪਲਾ, ਖੁੰਝਾਈ ॥

**ਗਲਮਾਂ ( ਵਾਂ )**
**ਗਲਵੀਣਾ** } ਪੁ:—ਕੁੜਤੇ ਦਾ ਗਲ ॥

**ਗਲਵਾਉਣਾ,** ਕ੍ਰਿ:—ਗਾਲਣ ਦਾ ਕੰਮ ਕਰਾਉਣਾ।

**ਗਲਵਾਈ,** ਸ:—ਗਾਲਣ ਦਾ ਕੰਮ ਜਾਂ ਮਜੂਰੀ

**ਗਲਾਂ,** ਪੁ:—ਗਲ, ਸੰਘ, ਵਾੜ ਦੀ ਮੋਰੀ, ਗਲ਼ਾ, ਚੱਕੀ ਵਿਚ ਜਿੰਨਾਂ ਅਨਾਜ ਇੱਕ ਵਾਰ ਪੈ ਸਕੇ॥

**ਗਲਾ ਖੋਰੀ,** ਸ:—ਪਸ਼ੂ ਦੇ ਗਲ ਦਾ ਰੋਗ ॥

**ਗਲਾ ਘੁੱਟਣਾ,** ਕ੍ਰਿ:—ਸਾਹ ਰੋਕਣਾ, ਜਾਨੋਂ ਮਾਰਨਾ ।

**ਗਲਾ ਬੰਦ,** ਪੁ:—ਗਲ ਨੂੰ ਲਪੇਟਣ ਵਾਲਾ ਉੱਨ ਦਾ ਕਪੜਾ ॥

**ਗਲੇ ਪੈਣੇ,** ਕ੍ਰਿ:—ਸੰਘ ਪੱਕ ਜਾਣਾ ॥

**ਗਲੇ ਮਿਲਣਾ**
**ਗੱਲੇ ਲਗਣਾ** } ਕ੍ਰਿ:—ਜੱਫੀ ਪਾਉਣੀ।

**ਗਲੇ ਵਿੱਚ ਛੁਰੀ ਫੇਰਣੀ,** ਕ੍ਰਿ:—ਜਾਨੋਂ ਮਾਰਨਾ, ਦੁਖ ਦੇਣਾ ॥

**ਗੱਲਾ,** ਪੁ:—ਘੋੜਿਆਂ ਊਠਾਂ ਭੇਡਾਂ ਦਾ ਇਕੱਠ, ਅਨਾਜ, ਜ਼ਖੀਰਾ, ਦੁਕਾਨ ਵਿੱਚ ਵੱਟਕ ਰੱਖਣ ਦੀ ਥਾਂ ॥

**ਗਲਾਉ,** ਪੁ:—ਗਲਣ ਦਾ ਕੰਮ, ਗਲਾਈ ॥

**ਗਲਾਉਣਾ,** ਕ੍ਰਿ:—ਗਾਲਣਾ, ਗਲਣ ਦੇਣਾ ॥

**ਗਲਾਈ,** ਸ: ਗਾਲਣ ਦਾ ਕੰਮ ਜਾਂ ਮਜੂਰੀ ॥

Digitized by Panjab Digital Library | www.panjabdigilib.org

**ਗਲਾਸ,** ਪੁ:—ਪਾਣੀ ਆਦਿਕ ਪੀਣ ਵਾਲਾ ਭਾਂਡਾ

**ਗਲਾਕੜ**
**ਗਲਾਧੜ** } ਪੁ:—ਬਹੁਤੀਆਂ ਗੱਲਾਂ ਕਰਨ ਵਾਲਾ ।

**ਗਲਾਣਾ,** ਕ੍ਰਿ:— ਗਾਲਣਾ, ਗਲਣ ਦੇਣਾ ।

**ਗਲਾਫ਼,** ਪੁ:— ਗਿਲਾਫ਼, ਸਰ੍ਹਾਣੇ ਆਦਿਕ ਦੇ ਉੱਪਰ ਦਾ ਕਪੜਾ ।

**ਗਲਾਫ਼ੀ,** ਵਿ:—ਬਾਹਰੋਂ ਪੱਕੀਆਂ ਦਿੱਸਣ ਵਾਲੀ ਅੰਦਰੋਂ ਕੱਚੀ ( ਕੰਧ ), ਮਲਾਇਮ ( ਅੱਖਾਂ ਦੇ ਛੱਪਰ ) ।

**ਗਲਾਵਾਂ,** ਪੁ: —ਪਸ਼ੂ ਦੇ ਗਲ ਦਾ ਰੱਸਾ, ਬਿਪਤਾ

**ਗਲੀ,** ਸ:—ਭੀੜੀ, ਛੋਕ, ਭੀੜਾ ਬਜ਼ਾਰ, ਕੂਚਾ, ਮਹੱਲਾ ॥

**ਗਲੀਚਾ,** ਪੁ:—ਉੱਨ ਦਾ ਵਿਛੌਣਾ, ਫ਼ਰਸ਼, ਕਲੀਨ ॥

**ਗਲੀਮ,** ਪੁ:—ਦੁਸ਼ਮਣ, ਵੈਰੀ, ਹੱਲਾ ਕਰਨ ਵਾਲਾ ॥

**ਗੱਲੂ,** ਪੁ:—ਮੋਟੀਆਂ ਗਲ੍ਹਾਂ ਵਾਲਾ ਮਨੁੱਖ ॥

**ਗਲੂਬੰਦ,** ਪੁ:—ਗਲ ਨੂੰ ਬੰਨ੍ਹਣ ਵਾਲਾ ਕੱਪੜਾ ।

**ਗਲੇਫਣਾ,** ਕ੍ਰਿ:—ਉੱਪਰ ਖੰਡ ਚੜ੍ਹਾਉਣਾ, ਪਾਗੱਣਾ ॥

**ਗਲੋ,** ਸ:—ਤਾਪ ਦੀ ਇੱਕ ਦੁਆ, ਇੱਕ ਬੂਟੀ ।

**ਗਲੋਕੜੀ,** ਸ: —ਗਲੱਖੜੀ, ਜੱਫੀ, ਗਲ ਲੱਗਣਾ ।

**ਗਲੋਲਾ,** ਪੁ:—ਗੋਲ ਜੇਹੀ ਚੀਜ਼ ॥

**ਗਵਈਯਾ**
**ਗਵੱਯਾ** } ਪੁ:—ਗਾਉਣ ਵਾਲਾ, ਰਾਗੀ ।

**ਗਵਰਨਰ,** ਪੁ:—ਹਾਕਮ, ਵੱਡਾ ਅਫ਼ਸਰ, ਬੰਦੋਬਸਤ ਕਰਨ ਵਾਲਾ ।

**ਗਵਰਨਰ ਜਨਰਲ,** ਪੁ:—ਵੱਡਾ ਲਾਟ, ਵੈਸਰਾਇ ॥

**ਗਵਰਮਿੰਟ,** ਸ:—ਸਰਕਾਰ, ਅੰਗ੍ਰੇਜ਼ੀ ਰਾਜ ਹਕੂਮਤ ॥

**ਗਵਾਉਣਾ,** ਕ੍ਰਿ:—ਗਾਉਣ ਦਾ ਕੰਮ ਕਰਾਉਣਾ, ਖੋਣਾ, ਨੁਕਸਾਨ ਕਰਨਾ ॥

**ਗਵਾਊ,** ਪੁ:—ਗਵਾਇਣ ਵਾਲਾ, ਉਡਾਊ ॥

**ਗਵਾਹ,** ਪੁ:—ਉਗਾਹ, ਸਾਖੀ, ਸ਼ਾਹਦ ॥

**ਗਵਾਹੀ,** ਸ:—ਉਗਾਹੀ, ਸਾਖੀ, ਸ਼ਾਹਦੀ ॥

**ਗਵਾਰ,** ਪੁ:
**ਗੰਵਾਰ,** ਪੁ:
**ਗਵਾਰਨੀ,** ਸ:
**ਗੰਵਾਰਨੀ,** ਸ: } ਜੋ ਪਿੰਡ ਵਿਚ ਰਹੇ । ਜਾਹਲ, ਅਗਿਆਨੀ, ਮੂਰਖ ॥

**ਗਵਾਰਪੁਣਾ,** ਪੁ:—ਮੂਰਖਤਾਈ ॥

**ਗਵਾਰੀ ( ਗੰਵਾਰੀ )**
**ਗਵਾਰੂ ( ਗੰਵਾਰੂ )** } ਵਿ:—ਪਿੰਡ ਦਾ ॥

**ਗਵਾਂਢ,** ਪੁ:— ਹਮਸਾਏਗੀ, ਆਲਾ ਦੁਆਲਾ ॥

**ਗਵਾਂਢਣ,** ਸ:
**ਗਵਾਂਢੀ,** ਪੁ:
**ਗਵਾਂਢੂ,** ਪੁ: } ਹਮਸਾਯਾ ( ਈ ), ਆਲੇ ਦੁਆਲੇ ਰਹਿਣ ਵਾਲੇ ॥

**ਗਵਾਲ ( ਲਾ ),** ਪੁ:—ਗਊਆਂ ਰੱਖਣ ਵਾਲਾ, ਗੁੱਜਰ ॥

**ਗੜ,** ਪੁ:—ਵੱਡਾ ਤੇ ਠਿੱਗਰ ਫੋੜਾ ( ਉੱਠਣਾ, ਉੱਭਰਨਾ ) ॥

**ਗੜ ਗੱਜ,** ਪੁ:—ਭਾਰੀ ਅਵਾਜ਼, ਕੜਕ, ਗਰਜ,

Digitized by Panjab Digital Library | www.panjabdigilib.org

**ਗੜਗੱਜੀ,** ਪੁ:—ਗੱਜਣ ਜਾਂ ਕੜਕਣ ਵਾਲਾ ॥

**ਗੜਗੜ ਕਰਨਾ,** ਕ੍ਰਿ:—ਗੱਜਣਾ, ਕੜਕਣਾ ।

**ਗੜਗੜਾਟ,** ਸ:—ਰੌਲਾ-ਗੌਲਾ, ਖਲਬਲੀ, ਹੱਲ ਚੱਲ ।

**ਗੜਗਿੱਲੀ,** ਸ:—ਹੱਸਣਾ, ਗਾਉਣਾ, ਨੱਚਣਾ, (ਪਾਉਣੀ) ।

**ਗੜ ਪੰਖ (ਪੰਖਨੀ),** ਪੁ:—ਗਰੜ ।

**ਗੜਬੜ,** ਪੁ:—ਘਾਲਾ ਮਾਲਾ, ਉਲਟ ਪੁਲਟ ।

**ਗੜ ਬੜ ਝੰਜਾ,** ਪੁ:—ਝਗੜਾ, ਬਖੇੜਾ ॥

**ਗੜ੍ਹ,** ਪੁ:—ਕਿਲਾ, ਕੋਟ (ਗੜ੍ਹ ਪਾਉਣਾ-ਬਣਾਉਣਾ)

**ਗੜ੍ਹਕ,** ਸ: / **ਗੜ੍ਹਕਾ,** ਪੁ: } ਗਰਜ, ਕੜਕ, ਉੱਚੀ ਅਵਾਜ ਉਬਲਣ ਦੀ ਅਵਾਜ ।

**ਗੜ੍ਹਕਣਾ,** ਕ੍ਰਿ:—ਗੱਜਣਾ, ਕੜਕਣਾ, ਉੱਚੀ ਬੋਲਣਾ ।

**ਗੜ੍ਹਕੂ,** ਪੁ:—ਗੜ੍ਹਕਣ ਵਾਲਾ ॥

**ਗੜ੍ਹਣਾ,** ਕ੍ਰਿ:—ਗਊ ਮਹਿੰ ਦਾ ਸੰਢੇ ਨਾਲ ਮੇਲ ਹੋਣਾ ॥

**ਗੜੱਪ,** ਸ:—ਛੋਟੀ ਕੋਈ ਚੀਜ ਖਾਣਦੀ ਅਵਾਜ ॥

**ਗੜੱਪ ਸੜੱਪ,** ਸ:—ਗੱਪਾਂ, ਠੱਗਾ, ਝੂਠੀਆਂ ਗੱਲਾਂ (ਮਾਰਨੀ) ॥

**ਗੜ ਬੜ,** ਸ:—ਪਾਣੀ ਖੌਲਣ ਦੀ ਅਵਾਜ, ਵਿੰਡ ਬੋਲਣਾ (ਕਰਨਾ) ॥

**ਗੜ੍ਹ ਬੜਾਹਟ** / **ਗੜ੍ਹ ਬੜਾਟ** } ਸ:—ਗੜ੍ਹ ਬੜ, ਡਰ, ਰੌਲਾ, ਖਲਬਲੀ ॥

**ਗੜਵਾ** / **ਗੜਵੀ** } 'ਗੜ੍ਹਵਾ' 'ਗੜ੍ਹਵੀ' ਵੇਖੋ ॥

**ਗੜਾ,** ਪੁ:—ਮੀਂਹ ਵਾਂਙ ਪਾਣੀ ਦੀਆਂ ਗੋਲੀਆਂ ਜੋ ਅਗਾਸੋਂ ਵਰ੍ਹਦੀਆਂ ਹਨ ॥
ਵਿ:—ਬਹੁਤ ਠੰਢਾ ।

**ਗੜੇ ਮਾਰ,** ਸ:—ਬਹੁਤ ਨੁਕਸਾਨ ॥

**ਗੜ੍ਹਾ,** ਪੁ:—ਟੋਇਆ, ਖਾਈ, ਖੱਡ, ਡੂੰਘੀ ਥਾਂ ॥

**ਗੜ੍ਹਾਉ,** ਪੁ:—ਪਸ਼ੂਆਂ ਵਿੱਚ ਨਰ ਅਤੇ ਮਾਦਾ ਦਾ ਮੇਲ ।

**ਗੜ੍ਹਾਉਣਾ,** ਕ੍ਰਿ:—ਗਊ ਮਹਿੰ ਨੂੰ ਸੰਢੇ ਨਾਲ ਮਿਲਾਉਣਾ ॥

**ਗੜ੍ਹਾਈ,** ਸ:—ਗਊ ਮਹਿੰ ਦਾ ਸੰਢੇ ਨਾਲ ਮੇਲ ਕਰਾਉਣ ਦੀ ਮਜੂਰੀ ॥

**ਗੜ੍ਹਾਪ,** ਸ:—ਗਊਆਂ ਮਹੀਆਂ ਦੀ ਜੁਆਨੀ, ਉਹ ਵੱਛੀ ਜੋ ਗੜ੍ਹੀਜਣ ਜੋਗੀ ਹੋਵੇ ॥

**ਗੜ੍ਹੀ,** ਸ:—ਛੋਟਾ ਕਿਲਾ, ਕਈਆਂ ਪਿੰਡਾਂ ਦੇ ਨਾਉਂ ਦਾ ਪਿਛਲਾ ਪਦ ॥

**ਗੜੁੰਭਾ,** ਪੁ:—ਖੰਡ ਜਾਂ ਗੁੜ ਵਿੱਚ ਹਰੇ ਅੰਬ ਰਿੱਝੇ ਹੋਏ ॥

**ਗੜੂਨ,** ਸ:—ਤੋਪ ਦੇ ਦਾਗਣ ਜਾਂ ਬੱਦਲ ਦੇ ਗੱਜਣ ਦੀ ਅਵਾਜ ॥

**ਗੜੂੰਦ ਜਾਣਾ,** ਕ੍ਰਿ:—ਬੇਸੁਰਤ ਹੋ ਜਾਣਾ ਘੂਕ ਸੌਂ ਜਾਣਾ ॥

**ਗਾਂ,** ਸ:—ਗਊ, ਦੁੱਧ ਦੇਣ ਵਾਲਾ ਮਸ਼ਹੂਰ ਪਸ਼ੂ ॥

**ਗਾਉਣਾ,** ਕ੍ਰਿ:—ਸੁਰ ਨਾਲ ਗੀਤ ਬੋਲਣਾ, ਰਾਗ ਅਲਾਪਣਾ ॥

Digitized by Panjab Digital Library / www.panjabdigilib.org

**ਗਾਉਣਾ ਬਜਾਉਣਾ,** ਕ੍ਰਿ:—ਗੀਤ ਗਾਉਂ ਕੇ ਤੇ ਵਾਜੇ ਵਜਾਕ ਖੁਸ਼ੀ ਮਨਾਉਣੀ॥

**ਗਾਇ,** ਸ:—ਗਾਂ, ਗਊ, ਗਾਈਂ।

**ਗਾਇਕ,** ਪੁ:—ਗਾਉਣ ਵਾਲਾ, ਗਵਈਯਾ, ਰਾਗੀ।

**ਗਾਇਣ,** ਪੁ:—ਗੀਤ, ਰਾਗ, ਗਾਉਣ ਵਾਲੀ।

**ਗਾਇਤ੍ਰੀ,** ਸ: ਹਿੰਦੂ ਧਰਮ ਦਾ ਮੂਲ ਮੰਤ੍ਰ॥

**ਗਾਇਲਾ,** ਪੁ: ਬੜਾ ਨਫ਼ਾ, ਫ਼ੈਦਾ, ਲਾਹ॥

**ਗਾਈਂ,** ਸ:—ਗਊ, ਦੁੱਧ ਦੇਣ ਵਾਲਾ, ਮਸ਼ਹੂਰ ਪਸ਼ੂ।

**ਗਾਂਸ,** ਪੁ:—ਗਾਉਣ ਦਾ ਇਕ ਢੰਗ।

**ਗਾਸ਼ਾ,** ਪੁ:—ਬੜਾ ਲਾਹ, ਮੌਕਾ (ਲੱਗਣਾ, ਲਾਉਣਾ)॥

**ਗਾਹ** ਪ: -ਬਲਦਾਂ ਕੋਲੋਂ ਅਨਾਜ ਲਤੜਵਾਣ ਦਾ ਕੰਮ

**ਗਾਹ ਆਉਣਾ,** ਕ੍ਰਿ: -ਬਹੁਤੀ ਥਾਈਂ ਫਿਰ ਕੇ ਮੁੜ ਆਉਣਾ।

**ਗਾਹ ਪਾਉਣਾ**
**ਗਾਹ ਲੈਣਾ** } ਸ: -ਬਲਦਾਂ ਕੋਲੋਂ ਅਨਾਜ ਲਤੜਵਾਣਾ॥

**ਗਾਹਕ,** ਪੁ:
**ਗਾਹਕਣੀ,** ਸ: } ਜੋ ਮੁੱਲ ਦੇ ਕੇ ਕੋਈ ਚੀਜ਼ ਲੈਣੀ ਚਾਹੇ, ਲੈਣ ਹਾਰ।

**ਗਾਹਕੀ,** ਸ:—ਵਿਕਰੀ, ਖਰੀਦਾਰੀ, ਵਿਹਾਰ, ਲੋੜ॥

**ਗਾਹਡੀ**
**ਗਾਹਦੀ** } ਸ: —ਰੇਹੜਾ ਜਾਂ ਹੱਲਣ, ਚਲਾਉਣ ਵਾਲੇ ਦੇ ਬੈਠਣ ਦੀ ਥਾਂ॥

**ਗਾਹਣ,** ਪੁ:—ਥੋੜ੍ਹੇ ਥੋੜ੍ਹੇ, ਪਾਣੀ ਵਾਲੀ ਥਾਂ ਜਿਸ ਵਿੱਚੋਂ ਮਨੁੱਖ ਪੈਰੀ ਤੁਰ ਕੇ ਲੰਘ ਸੱਕੇ (ਲੰਘਣਾ)॥

**ਗਾਹਣਾ,** ਕ੍ਰਿ:—ਗਾਹ ਪਾਉਣਾ, ਬਹੁਤ ਫਿਰਨਾ, ਖੋਜਣਾ॥

**ਗਾਹਲਕ,** ਪ:—ਇੱਕ ਤਰਾਂ ਦਾ ਕਿਰਲਾ॥

**ਗਾਹਲਾ,** ਪ: ਤੂੰ ਦਾ ਗੋਹੜਾ, ਛਿਲੇ ਹੋਏ ਚਰੇ ਅੰਬ ਦਾ ਟੁਕੜਾ॥

**ਗਾਹੜ,** ਪੁ:
**ਗਾਹੜ ਮਾਹੜ,** ਸ: } ਲੋਕਾਂ ਦਾ ਕੱਠ, ਭੀੜ (ਮਚਣੀ, ਪੈਣੀ)॥

**ਗਾਹੜਾ,** ਵਿ:-ਪੁ:-ਡੂੰਘਾ, ਸੰਘਣਾ, ਪੱਕਾ, ਇੱਕ ਮੋਟਾ ਦੇਸੀ ਕਪੜਾ।

**ਗਾਹੂ,** ਪੁ:—ਗਾਹਣ ਵਾਲਾ, ਜ਼ੋਰ ਨਾਲ ਲੈਣ ਵਾਲਾ

**ਗਾਖਣਾ,** ਕ੍ਰਿ: -ਸਹਾਰਨਾ, ਝੱਲਣਾ, ਪਰਖਣਾ, ਸਖਾਉਣਾ (ਦੁਆ)॥

**ਗਾਗਰ**
**ਗਾਗਰੀ** } ਸ:—ਲੋਹੇ ਜਾਂ ਪਿੱਤਲ ਦਾ ਪਾਣੀ ਭਰਨ ਵਾਲਾ ਭਾਂਡਾ॥

**ਗਾਗੜਾ,** ਪੁ:—ਇੱਕ ਤਰਾਂ ਦਾ ਘਾਹ॥

**ਗਾਗੜੀ,** ਸ:—ਇੱਕ ਤਰਾਂ ਦੀ ਖਾਣ ਵਾਲੀ ਜੜ੍ਹ ਸਾਗ॥

**ਗਾਰ,** ਸ:—ਕਿਸੇ ਬੂਟੇ ਨੂੰ ਹੋਰ ਥਾਂ ਲਾਉਣ ਲਈ ਉਸ ਦੇ ਗਿਰਦੇ ਦੀ ਪੁੱਟੀ ਹੋਈ ਮਿੱਟੀ, ਇਕ ਕਪੜਾ॥

**ਗਾਰਨੀ,** ਸ:—ਪੱਥੀਉਂ ਤੇ ਮਲਣ ਵਾਲੀ ਪੀਲੀ ਜੇਹੀ ਮਿੱਟੀ॥

Digitized by Panjab Digital Library | www.panjabdigilib.org

**ਗਾਚੀ,** ਸ਼:—ਗਾਚ, ਚੱਕ ਮਾਰਨਾ, ਚੱਕ, ਸਾਬਣ ਆਦਿਕ ( ਦੀ ਚੱਕੀ )

**ਗਾਜਰ,** ਸ਼: ਇਕ ਮਸ਼ਹੂਰ ਭਾਜੀ ।

**ਗਾਜਰ ਮੂਲੀ,** ਸ਼: ਨਕਾਰੀ ਸ਼ੈ, ਸਸਤੀ ਚੀਜ਼ ।

**ਗਾਜਾ,** ਪੁ:—ਇਕ ਤਰਾਂ ਦਾ ਨਸ਼ਾ ( ਭੰਗ ਦਾ ਬਣਿਆ ਹੋਇਆ )।

**ਗਾੱਜਾ ਬਾੱਜਾ,** ਪੁ:—ਕਈ ਤਰਾਂ ਦੇ ਬਾਜਿਆਂ ਇਕੱਠੇ ਵਜਣ ਦੀ ( ਅਵਾਜ਼ )।

**ਗਾਜ਼ੀ,** ਪੁ: ਬਹਾਦਰ ਆਦਮੀ, ਕਾਫ਼ਰਾਂ ਨੂੰ ਕਤਲ ਵਾਲਾ ਮੁਸਲਮਾਨ

**ਗਾਜ਼ੀ ਮਰਦ,** ਪੁ:—ਬਹਾਦਰ ਆਦਮੀ, ਯੋਧਾ ।

**ਗਾਟਾ,** ਵਿ: ਮਧਰੇ ਕੱਦ ਦਾ ਅਤੇ ਮੋਟਾ, ਚਾਂਗਲਾ ।

**ਗਾੱਟਾ,** ਪੁ: ਗਿੱਚੀ, ਗਰਦਨ, ਗਲ ।

**ਗਾੜ੍ਹਕੋ,** ਸ਼: ਚਿੱਟੀ ਅਤੇ ਲਾਲ ਰਲਕ ਮਿਲੀ ਹੋਈ

ਪੁ:—ਲੋਹੇ ਦਾ ਸ਼ਤੀਰ ।

**ਗਾੱਡੀ,** ਸ਼: 'ਗੱਡੀ' ਵੇਖੋ ।

**ਗਾਂਢਾ,** ਪੁ: ਗੰਢਣ ਵਾਲਾ ( ਜੁੱਤੀ ਆਦਿਕ )

**ਗਾਤਰਾ,** ਪੁ: ਤਲਵਾਰ ਦੀ ਪੇਟੀ, ਮਿਆਨ

**ਤਲਵਾਰ ਗਾਤ੍ਰੇ ਕਰਨੀ ( ਪਾਉਣੀ )** ਕ੍ਰਿ: ਤਲਵਾਰ ਮਿਆਨ ਵਿਚ ਪਾਉਣੀ ।

**ਗਾਤ੍ਰੀ,** ਸ਼: ਹਿੰਦੂਆਂ ਦਾ ਮੂਲ ਮੰਤ੍ਰ ॥

**ਗਾਦ,** ਪੁ: ਮੈਲ ਜੋ ਥੱਲੇ ਬੈਠ ਜਾਵੇ ॥

**ਗਾਦੀ,** ਸ਼:—'ਗੱਦੀ' ਵੇਖੋ ॥

**ਗਾਧਣ,** ਸ਼: ਗਾਂਧੀ ਦੀ ਤੀਮਤ ।

**ਗਾੱਧੀ,** ਸ਼:—'ਗਾਹਦੀ' ਵੇਖੋ ॥

**ਗਾਂੱਧੀ,** ਪੁ:—ਅਤਰ ਫੁਲੇਲ ਵੇਚਣ ਵਾਲਾ।

**ਗਾੱਨਾ,** ਪੁ:—ਵੀਣੀ, ਵੀਣੀ ਦੀ ਸੋਜ, ਮਲਬੰਧ ( ਗਾਨਾ ਪੈਣਾ ), ਲਾੜੇ ਤੇ ਵਹੁਟੀ ਦੀ ਵੀਣੀ ਤੇ ਬੱਧੀ ਹੋਈ ਮੌਲੀ, ਕੰਗਣਾ ( ਗਾਨਾ ਖੇਡਣਾ )।

**ਗਾਨੀ**
**ਗਾਨੀਂ** } ਸ਼:—ਕੈਂਠੀ, ਮੋਤੀਆਂ ਦੀ ਮਾਲਾ ॥

**ਗਾਫ਼ਲ,** ਵਿ: ਬੇ ਪਰਵਾਹ, ਅਲਗਰਜ਼ੀ ॥

**ਗਾਫ਼ਲਾ,** ਪੁ: ਮੁਸਾਫ਼ਰਾਂ ਜਾਂ ਸੁਦਾਗਰਾਂ ਦੀ ਟੋਲੀ

**ਗਾਫ਼ਲੀ,** ਸ਼:—ਬੇ ਪਰਵਾਹੀ, ਅਲਗਰਜ਼ੀ ॥

**ਗਾਬੜ ਚੌਜਾ,** ਪੁ: ਬਕਵਾਦ ।

**ਗਾਭ,** ਪੁ: ਗੀਰਭ ।

**ਗਾਮ,** ਸ਼: ਘੋੜੇ ਦਾ ਕਦਮ ।

**ਗਾਮਚੀ,** ਸ਼: ਘੋੜੇ ਦੀ ਟੰਗ ਦਾ ਪਤਲਾ ਹਿੱਸਾ ।

**ਗਾਯਕ, ਗਾਯਣ**
**ਗਾਯਣੀ** } 'ਗਾਇਕ' ਆਦਿਕ ਵੇਖੋ॥

**ਗਾਰ,** ਸ਼:—ਖੂਹ ਦਾ ਚਿੱਕੜ ਮਿੱਟੀ, ਗਾਰਾ, ਟੋਆ ॥

**ਗਾਰਡ,** ਪੁ: ਰੇਲ ਗੱਡੀ ਦਾ ਰਾਖਾ ਜੋ ਨਾਲ ਸਫ਼ਰ ਕਰਦਾ ਹੈ ॥

**ਗਾਰਦ,** ਸ਼:—ਸਿਪਾਹੀਆਂ ਦਾ ਪਹਿਰਾ ਜਾਂ ਮੰਡਲੀ ।

**ਗਾਰਾ,** ਪੁ: ਭਿੱਜੀ ਹੋਈ ਮਿੱਟੀ ।

**ਗਾਲ,** ਸ਼:—ਬੁਰੇ ਬਚਨ, ਗਾਲਣ ਦਾ ਕੰਮ ॥

**ਗਾਲ ਕੱਢਣੀ,** ਕ੍ਰਿ:—ਬੁਰੇ ਬਚਨ ਬੋਲਣੇ ॥

Digitized by Panjab Digital Library / www.panjabdigilib.org

**ਗਾਲ ਖਾਣੀ,** ਕ੍ਰਿ: ਆਪਣੇ ਆਪ ਨੂੰ ਗਾਲ ਕੱਢਣੀ ਜੋ ਦੂਜੇ ਕੋਲੋਂ ਸੁਣਨੀ।

**ਗਾਲ੍ਹ ਦੇਣੀ,** ਕ੍ਰਿ:—ਬੁਰੇ ਬਚਨ ਬੋਲਣੇ

**ਗਾਲ ਦੁੱਪੜ,** ਸ: ਬੁਰੇ ਬਚਨ ਅਤੇ ਮੇਹਣੇ।

**ਗਾਲਣਾ (ਣੀ)** ਕ੍ਰਿ: ਪੰਘਾਰਨਾ, ਪੰਘਲਣਾ, ਨਾਸ ਕਰਨਾ, ਉੱਬਾਲਣਾ, ਰਿੰਨ੍ਹਣਾ, ਸਾੜਨਾ, ਬਲੇ ਜਾਣ ਦੇਣਾ, ਬਹੁਤ ਸਾਰਾ ਵੇਲਣਾ।

**ਗਾਲ੍ਹੜ,** ਪੁ:—ਇਕ ਤਰ੍ਹਾਂ ਦਾ ਕਿਰਲਾ

**ਗਾਲੜੀ (ੜੀਆ)**, **ਗਾਲੜੂ** } ਪੁ: ਬਹੁਤ ਗੱਲਾਂ ਕਰਨ ਵਾਲਾ।

**ਗਾਲ੍ਹਾ,** ਪੁ:—ਪਸ਼ੂ ਦਾ ਗਰਾਹ, ਬੁਰਕੜਾ, ਨਿਆਉਂ

**ਗਾਲ੍ਹਾ,** ਪੁ:—ਸਾਫ ਕੀਤੀ ਹੋਈ ਕਪਾਹ, ਗਾਹਲਾ

**ਗਾਲੀ,** ਸ:—'ਗਾਲ' ਵੇਖੋ।

**ਗਾਲੂ,** ਪੁ: ਗਾਲਣ ਵਾਲਾ ॥

**ਗਾਵਣਾ,** ਕ੍ਰਿ:—ਗਾਉਣਾ, ਰਾਗ ਅਲਾਪਣਾ

**ਗਾਵਾ,** ਵਿ: ਗੌਂ ਦਾ, ਨੀਕਾ [illegible]

**ਗਾਹੂ,** ਪੁ: ਮੰਦਾਣੀ ਇਕੱਠ ਭੀੜ

**ਗਾੜ੍ਹਾ,** ਵਿ:—ਮੋਟਾ ਸੰਘਣਾ
ਪੁ: ਇੱਕ ਮੋਟਾ ਕਪੜਾ।

**ਗਾੜ੍ਹੀ,** ਸ:—ਇੱਕ ਕੱਪੜਾ, ਇਕ ਜੜ, ਗਾਹਣੀ।
ਵਿ:—ਮੋਟੀ, ਸੰਘਣੀ, ਪੱਕੀ (ਗਾੜ੍ਹੀਬਾਰੀ)।

**ਗਿਆ ਗੁਜ਼ਰਿਆ,** ਵਿ:—ਵਿਗੜਿਆ ਹੋਇਆ, ਨਕਾਰਾ॥

**ਗਿਆਨ,** ਪੁ:—ਵਿਦਯਾ, ਇਲਮ, ਬ੍ਰਹਮ ਵਿਦਯਾ ॥

**ਗਿਆਨ ਇੰਦ੍ਰੀ,** ਸ:—'ਇੰਦ੍ਰੀ' ਵੇਖੋ।

**ਗਿਆਨ ਕਾਂਡ,** ਪੁ:—ਧਰਮ ਦਾ ਉਹ ਹਿੱਸਾ ਜੋ ਗਿਆਨ ਨਾਲ ਸੰਬੰਧ ਰਖਦਾ ਹੈ ॥

**ਗਿਆਨ ਗੋਸ਼ਟੀ,** ਸ:—ਜਿਸ ਜਗ੍ਹਾ ਗਿਆਨ ਦੀਆਂ ਗੱਲਾਂ ਹੋਣ।

**ਗਿਆਨਣ,** ਸ:, **ਗਿਆਨੀ,** ਪੁ:, **ਗਿਆਨ ਵਾਨ,** ਪੁ: } ਜਿਸ ਨੂੰ ਗਿਆਨ ਹੈ।

**ਗਿਆਰਵਾਂ,** ਵਿ:—ਗਿਆਰਾਂ ਦੀ ਗਿਣਤੀ ਪੂਰੀ ਕਰਨ ਵਾਲਾ।

**ਗਿਆਰਾਂ,** ਵਿ:—ਇੱਕ ਉੱਪਰ ਦਸ, ਯਾਰਾਂ।

**ਗਿੱਚੀ,** ਸ: ਗਰਦਨ, ਗਲ, ਮੁੰਡੀ

**ਗਿਜਗਿਜਾ,** ਵਿ:—ਕੱਚਾ, ਅੱਧਾ ਪੱਕਾ।

**ਗਿਜਗਿਜਾਟ,** ਸ:—ਕਚਿਆਈ

**ਗਿਜ਼ਾ,** ਸ: ਖੁਰਾਕ, ਭੋਜਨ।

**ਗਿੱਜਾ,** ਵਿ: ਗਿਜਗਿਜਾ, ਕੱਚਾ, ਅੱਧਾ ਪੱਕਾ ॥

**ਗਿੱਝ ਜਾਣਾ**, **ਗਿੱਝਣਾ** } ਕ੍ਰਿ:—ਹਿਲ ਜਾਣਾ, ਵਾਦੀ ਪੈ ਜਾਣੀ।

**ਗਿਝਾਉਣਾ,** ਕ੍ਰਿ:—ਹਿਲਾ ਲੈਣਾ, ਵਾਦੀ ਪਾਉਣੀ ॥

**ਗਿਟਕ,** ਸ:—ਫਲ ਦੇ ਅੰਦਰਲੀ ਨਿਗਰ ਚੀਜ਼ ॥

**ਗਿਟਕੜੀ,** ਸ: ਗਾਉਣ ਵਿਚ ਸੁਰ ਦਾ ਡੋਲਣਾ ॥

**ਗਿਟਕੌਣਾ,** ਵਿ:—ਮਧਰਾ, ਵਾਉਲਾ, ਛੋਟੇ ਕੱਦ ਦਾ।

**ਗਿਟਮਿਟ,** ਸ: ਅੰਗ੍ਰੇਜ਼ੀ ਬੋਲਣਾ (ਕਰਨਾ) ॥

**ਗਿੱਟਾ,** ਪੁ:—ਪੈਰ ਦੇ ਜੋੜ ਦੀ ਉੱਭਰੀ ਹੋਈ ਹੱਡੀ ॥

**ਗਿਟੀ,** ਸ:—ਪੱਥਰ ਦਾ ਨਿੱਕਾ ਜੇਹਾ ਟੋਟਾ ॥

Digitized by Panjab Digital Library | www.panjabdigilib.org

**ਗਿੱਠ,** ਸ:—ਹੱਥ ਨੂੰ ਫੈਲਾ ਕੇ ਅੰਗੂਠੇ ਤੋਂ ਚੀਚੀ ਦੀ ਵਿੱਥ ॥

**ਗਿਠ ਮੁਠੜਾ / ਗਿਠ ਮੁਠੀਆ** ਪੁ: ਬਹੁਤ ਹੀ ਮਧਰਾ ਆਦਮੀ।

**ਗਿੱਠੂ, / ਗਿੱਠੋ,** ਪੁ:—ਵਾਉਨਾ, ਗਿਠਮੁਠੀਆ।

**ਗਿੱਡ,** ਸ:—ਅੱਖਾਂ ਦੀ ਚਿੱਟੀ ਜੇਹੀ ਮੈਲ (ਆਉਣੀ)।

**ਗਿਡਣਾ / ਗਿਡ ਪੈਣਾ** ਕ੍ਰਿ:—ਡਿਗਣਾ, ਢਹਿਣਾ, ਹੇਠਾਂ ਜਾ ਪੈਣਾ।

**ਗਿਡਾਉਣਾ,** ਕ੍ਰਿ:—ਡੇਗਣਾ, ਢਾਹੁਣਾ ॥

**ਗਿਣਤ,** ਸ:—ਲੇਖਾ, ਹਿਸਾਬ।

**ਗਿਣਤ ਕਾਰ,** ਪੁ:—ਲੇਖਾ ਕਰਨ ਵਾਲਾ, ਜੋਤਸ਼ੀ

**ਗਿਣਤ ਕਾਰਾ** ਪੁ:—ਲੇਖਾ ਕਰਨ ਦੇ ਢੰਗ।

**ਗਿਣਤ ਕਾਰੀ / ਗਿਣਤ ਕਾਰੀ ਦਾ** ਸ:-ਵਿ:-ਗਿਣਤੀ ਦਾ

**ਬੇ ਗਿਣਤ,** ਵਿ:—ਜਿਸ ਦੀ ਗਿਣਤੀ ਨਹੀਂ ਹੋ ਸਕਦੀ।

**ਗਿਣਤ ਵਿੱਦਿਆ,** ਸ:—ਹਿਸਾਬ, ਜੋਤਸ਼ ॥

**ਗਿਣਤੀ,** ਸ:—ਗਿਣਕੇ ਜਿੰਨੀਆਂ ਚੀਜ਼ਾਂ ਹੋਣ ਲੇਖਾ, ਜੋੜ ॥

**ਗਿਣਤੀ ਕਰਨੀ,** ਕ੍ਰਿ:—ਲੇਖਾ ਕਰਨਾ, ਜੋੜਨਾ।

**ਗਿਣਤੀ ਦਾ** ਵਿ:—ਉੱਘਾ, ਮੰਨਿਆ ਪਰਮੰਨਿਆਂ ॥

**ਗਿਣਤੀ ਦੇ,** ਵਿ:—(ਬਹੁ: ਸ:)—ਥੋੜੇ।

**ਗਿਣਤੀ ਪੈਣੀ,** ਕ੍ਰਿ: ਚਿੰਤਾ ਹੋਣੀ ॥

**ਗਿਣਤੀ ਮਿਣਤੀ,** ਸ:—ਜੋੜ ਅਤੇ ਮਾਪ ॥

**ਗਿਣਤੀ ਲੈਣੀ,** ਕ੍ਰਿ:—ਗਿਣ ਕੇ ਮਲੂਮ ਕਰਨਾ ਕਿ ਕਿੰਨੀਆਂ ਚੀਜ਼ਾਂ ਹੋਣ, ਜੋੜਨਾ ॥

**ਗਿਣਨਾ / ਗਿਣ ਲੈਣਾ** ਕ੍ਰਿ: -ਗਿਣਤੀ ਜਾਂ ਲੇਖਾ ਕਰਨਾ।

**ਗਿਣਨਾ ਮਿਣਨਾ,** ਕ੍ਰਿ:—ਲੇਖਾ ਕਰਨਾ, ਨਾਪਣਾ, ਸੋਚਣਾ, ਸਲਾਹ ਕਰਨੀ ॥

**ਗਿਣਾਉਣਾ,** ਕ੍ਰਿ:—ਗਿਣਨ ਦਾ ਕੰਮ ਕਰਾਉਣਾ।

**ਗਿੱਦ,** ਸ:—ਅੱਖ ਦੀ ਚਿੱਟੀ ਜੇਹੀ ਮੈਲ (ਆਉਣੀ)।

**ਗਿੱਦੜ,** ਪੁ: / **ਗਿੱਦੜੀ,** ਸ: ਇਕ ਜਨੌਰ, ਡਰਾਕਲ ਆਦਮੀ ॥

**ਗਿੱਦੜ ਰੁਮਾ,** ਪੁ: ਖਾਹ ਮਖਾਹ ਦਾ ਝਗੜਾ।

**ਗਿੱਦੜਵਾੜ,** ਸ:—ਜੰਗਲੀ ਕਪਾਹ ॥

**ਗਿੱਧ,** ਸ:—ਮੁਰਦੇ ਖਾਣ ਵਾਲਾ ਇੱਕ ਪੰਖੇਰੂ ॥

**ਗਿੱਧਾ,** ਪੁ: ਤੌੜੀਆਂ ਮਾਰਕੇ ਨੱਚਣਾ (ਪਾਉਣਾ)।

**ਗਿੱਬਣਾਂ,** ਕ੍ਰਿ:—ਆਕੜਨਾ, ਹੰਕਾਰ ਕਰਨਾ ॥

**ਗਿਰ,** ਪੁ: —ਪਹਾੜ, ਇੱਕ ਤਰਾਂ ਦੇ ਸੰਨਿਆਸੀਆਂ ਦਾ ਨਾਉਂ ॥

**ਗਿਰਧਰ / ਗਿਰਧਾਰੀ** ਪੁ:—ਕ੍ਰਿਸ਼ਨ ਮਹਾਰਾਜ ॥

Digitized by Panjab Digital Library / www.panjabdigilib.org

**ਗਿਰਸਤ, ਗਿਰਸਤਨ, ਗਿਰਸਤੀ** — 'ਗ੍ਰਿਹਸਤ' ਆਦਿਕ ਵੇਖੋ।

**ਗਿਰਜਾ,** ਪੁ:—ਈਸਾਈਆਂ ਦਾ ਮੰਦਰ।

**ਗਿਰਦ,** ਪ:—ਘੇਰਾ।
ਕ੍ਰਿ:, ਵਿ:—ਚੁਫੇਰੇ।

**ਗਿਰਦ ਹੋਣਾ,** ਕ੍ਰਿ:—ਕਿਸੇ ਦੇ ਪਿੱਛੇ ਹੱਥ ਧੋ ਕੇ ਪੈਣਾ। ਮਗਰ ਪੈਣਾ, ਖਪਾਣਾ

**ਗਿਰਦਣੀ,** ਸ: ਆਪਣੇ ਗਿਰਦ ਘੁੰਮਣਾ ਘੇਰਨੀ

**ਗਿਰਦਣੀ ਲੈਣੀ,** ਕ੍ਰਿ:—ਘੁੰਮਣਾ, ਨੱਚ ਕੇ ਭਉਣਾ।

**ਗਿਰਦਾ,** ਪੁ: ਘੇਰਾ ਮਿੱਟੀ ਦਾ ਪੱਕਾ ਚੌਂਕਾ ਜੋ ਹੋਵੇ 'ਸਰ ਦੇ ਚੁਫੇਰੇ ਦੇ ਵਾਲ।

**ਗਿਰਦਾਵਰ, ਗਿਰਦਾਵਰੀ** — 'ਗਰਦਾਵਰ' ਆਦਿਕ ਵੇਖੋ।

**ਗਿਰਦੇ,** ਅਵ:—ਚੁਫੇਰੇ, ਲਾਗੇ॥

**ਗਿਰਦੇ ਹੋਣਾ,** ਕ੍ਰਿ:—ਕੰਮ ਵਿੱਚ ਲੱਗਣਾ, ਆਪਣੇ ਮਤਲਬ ਨੂੰ ਕਿਸੇ ਦੇ ਪਿੱਛੇ ਪੈਣਾ।

**ਗਿਰਨਾ, ਗਿਰ ਪੈਣਾ, ਗਿਰ ਪੈਣਾ** — ਕ੍ਰਿ:—ਡਿਗਣਾ, ਢਹਿਣਾ, ਥੱਲੇ ਆ ਪੈਣਾ॥

**ਗਿਰਮਟ,** ਪੁ:—ਅੰਗ੍ਰੇਜ਼ੀ ਢੰਗ ਦਾ ਕਰਾਰ ਨਾਮਾ (Agreement)॥

**ਗਰਮਾਲਾ,** ਪੁ:—ਪਲਸਤਰ ਕਰਨ ਵਾਲਾ ਹਥਿਆਰ॥

**ਗਿਰਵਰ,** ਪੁ: ਪਹਾੜ, ਪਰਬਤ

**ਗਿਰਵਾਉਣਾ,** ਕ੍ਰਿ:—ਡਿਗਵਾਉਣਾ, ਢੁਆਣਾ॥

**ਗਿਰਵਾਈ,** ਸ:—ਗਿਰਾਉਣ ਦਾ ਕੰਮ ਜਾਂ ਮਜ਼ੂਰੀ॥

**ਗਿਰਵੀ,** ਸ: ਜੋ ਚੀਜ਼ ਰੱਖ ਕੇ ਹੁਦਾਰ ਲਿਆ ਜਾਵੇ, ਗਹਿਣੇ ਪਾਈ ਹੋਈ ਸ਼ੈ (ਰੱਖਣਾ, ਪੈਣਾ, ਪਾਉਣਾ)॥

**ਗਿਰਾ, ਗਿਰ੍ਹਾ** — ਸ:—ਗੰਢ, ਗੰਨ ਦਾ ਜੋੜਵਾਂ ਹਿੱਸਾ, ਕਬਜ਼ੀ, ਮਨ ਦਾ ਵਿਗਾੜ (ਬੰਨ੍ਹਣੀ, ਪੈਣੀ)॥

**ਗਿਰਾਂ (ਗਿਰਾਉਂ), ਗਿਰਾਈਂ (ਗਿਰਾਂਵੜਾ** — ਪੁ:—ਪਿੰਡ॥

**ਗਿਰਾਉਣਾ,** ਕ੍ਰਿ:—ਡੇਗਣਾ, ਢਾਹੁਣਾ॥

**ਗਿਰਾਸ,** ਪੁ:, **ਗਿਰਾਹ,** ਪੁ:, **ਗਿਰਾਹੀ,** ਸ: — ਲਕਮਾ, ਨਵਾਲਾ, ਬੁਰਕੀ॥

**ਗਿਰਿਸਣਾ,** ਕ੍ਰਿ:—ਪਕੜਣਾ, ਲੈਣਾ, ਫੜੇ ਜਾਣਾ॥

**ਗਿਰੀ,** ਸ:—ਬਦਾਮ ਆਦਿਕ ਦਾ ਗੁੱਦਾ, ਇੱਕ ਤਰ੍ਹਾਂ ਦੇ ਸੰਨਿਆਸੀ॥

**ਗਿਰੇਬਾਨ,** ਪੁ:—ਕੁਰਤੇ ਦਾ ਗਲ, ਕਪੜੇ ਦੀ ਛਾਤੀ॥

**ਗਿੱਲ,** ਸ:—ਨਮ, ਤਰੀ, ਇੱਕ ਜੱਟਾਂ ਦੀ ਗੋਤ, ਲੋਕ ਨਾਮੀ॥

**ਗਿੱਲ ਗੁਆਉਣੀ,** ਕ੍ਰਿ:—ਬਦਨਾਮ ਹੋਣਾ॥

**ਗਿਲਟ,** ਪੁ:—ਕਲੀ ਦਾ ਰੰਗ, ਮੁਲੰਮਾ (ਕਰਨਾ)॥

Digitized by Panjab Digital Library / www.panjabdigilib.org

**ਗਿਲ੍ਹਟ ਟਾ,** ਪੁ: / **ਗਿਲ੍ਹਟੀ,** ਸ: } ਮਾਸ ਦਾ [illegible] ਦੀ ਤਲੀ

**ਗਿਲਤੀ,** ਸ:—ਚਾਦਰ ਨੂੰ ਇਕ ਬਗਲ ਹੇਠੋਂ ਲੰਘਾਕੇ ਸਾਮ੍ਹਣੇ ਮੋਢੇ ਤੇ ਪਾਉਣਾ, ਫੇਰ ਦੂਈ ਬਗਲ ਹੇਠੋਂ ਕੱਢਕੇ ਦੂਏ ਮੋਢੇ ਤੇ ਪਾਉਣਾ (ਮਾਰਨੀ, ਲਾਉਣੀ)

**ਗਿਲਮ,** ਸ:—ਇੱਕ ਉੱਨ ਦੀ ਦਰੀ

**ਗਿੱਲਰ** / **ਗਿਲ੍ਹੜ** } ਪੁ:—ਗਲ ਦਾ ਮਾਸ ਫੁੱਲਕੇ ਲਟਕਿਆ ਹੋਯਾ ।

**ਗਲ੍ਹੜ ਪੱਤ ਪੜ੍ਹ),** ਪੁ:—ਇੱਕ ਬੂਟੀ, ਗਿਲ੍ਹੜ ਦੀ ਦੁਆ ।

**ਗਿਲ੍ਹੜਾ,** ਪੁ:—ਜਿਸ ਨੂੰ ਗਿਲ੍ਹੜ ਦਾ ਰੋਗ ਹੈ ।

**ਗਿਲਾ,** ਪੁ: —ਸ਼ਕਾਇਤ, ਉਲ੍ਹਾਮਾ, ਨਿੰਦਿਆ ॥

**ਗਿਲਾ ਗੁਜਾਰੀ,** ਸ:—ਸ਼ਕਾਇਤ ।

**ਗਿੱਲਾ** / **ਗਿੱਲੀ** } ਵਿ: ਭਿੱਜਾ ਹੋਇਆ, ਨਮਦਾਰ ਤਰ

**ਗਿੱਲਾ ਪੀਹਣ,** ਪੁ: -ਬਹੁਤ ਹੌਲੀ ਹੌਲੀ ਹੋਣ ਵਾਲਾ ਕੰਮ ( ਪਾਉਣਾ )॥

**ਗਿਲਾਊਂਦ,** ਸ: / **ਗਿਲਾਉਲਾ,** ਪੁ: } ਨਮੀ, ਤਰੀ, ਗਿਲਾ।

**ਗਿਲਾਸ,** ਪੁ:—ਪਾਣੀ ਆਦਕ ਪੀਣ ਵਾਲਾ ਭਾਂਡਾ ॥

**ਗਿਲੋ,** ਸ:—ਤਾਪ ਦੀ ਇੱਕ ਦੁਆ, ਬੂਟੀ ।



**ਗਿੜਗੜਾਉਣਾ** / **ਗਿੜਗਿੜਾਉਣਾ** } ਕ੍ਰਿ:-ਮਿੰਨਤਾਂ [illegible]

**ਗੀਰਾ,** ਪੁ: ਅਰਬੀ ਦੀ ਬਣੀ ਹੋਈ ਇਕ ਸ਼ੈ ।

**ਗੀਟਾ,** ਪੁ: / **ਗੀਟੀ,** ਸ: } ਪੱਥਰ ਦਾ ਬਹੁਤ ਨਿੱਕਾ ਟੋਟਾ ।

**ਗੀਤ,** ਪੁ: ਰਾਗ ਗਾਉਣ ਭਜਨ ।

**ਗੀਤ ਗਾਉਣਾ,** ਕ੍ਰਿ:—ਲੰਮੀ ਕਹਾਣੀ ਕਰਨੀ ॥

**ਗੀਤਾ,** ਸ: ਹਿੰਦੂਆਂ ਦੇ ਧਰਮ ਦੀ ਇੱਕ ਪੋਥੀ ।

**ਗੀਦੀ,** ਵਿ: -ਹੁਕਮ ਬਜਾਉਣ ਵਾਲਾ, ਡਰਾਕਲ ( ਹੋਣਾ )।

**ਗੁਆਉਣਾ** / **ਗੁਆ ਦੇਣਾ** } ਕ੍ਰਿ:—ਖੋਣਾ, ਨਾ ਰਹਿਣ ਦੇਣਾ, ਨਾਸ ਕਰਨਾ ।

**ਗੁਆਹ,** ਪੁ: ਗਵਾਹ, ਸ਼ਾਹਦ, ਸਾਖੀ ।

**ਗੁਆਹੀ,** ਸ:—ਗਵਾਹੀ, ਸ਼ਾਹਦੀ, , ਸਾਖੀ ( ਦੇਣੀ )।

**ਗੁਆਹੀ ਭਰਨਾ,** ਕ੍ਰਿ: -ਗੁਆਹ ਬਣ ਕੇ ਸਾਰਾ ਹਾਲ ਦੱਸਣਾ ।

**ਗੁਆਚ ਜਾਣਾ** / **ਗੁਆਚਣਾ** } ਕ੍ਰਿ:—ਗੁਮ ਹੋਣਾ, ਨਾ ਰਹਿਣਾ ਨਸ਼ਟ ਹੋਣਾ ॥

**ਗੁਆਂਢ,** / **ਗੁਆਂਢਣ** / **ਗੁਆਂਢੀ** } 'ਗਵਾਂਢ' ਆਦਿਕ ਵੇਖੋ।

**ਗੁਆਂਢਣੀ,** ਸ:—ਅੱਖ ਦਾ ਇੱਕ ਰੋਗ, ਫਿੰਮਣੀ ।

Digitized by Panjab Digital Library | www.panjabdigilib.org

**ਗੁਆਰ,** ਪੁ: / **ਗੁਆਰਣ,** ਸ: / **ਗੁਆਰਣੀ,** ਸ: — ਜੋ ਪਿੰਡ ਵਿੱਚ ਰਹੇ, ਮੂਰਖ।

**ਗੁਆਰੀ (ਰੂ),** ਵਿ:—'ਗਵਾਰੀ' ਵੇਖੋ।

**ਗੁਸਤਰਾ(ੜਾ),** ਸ: 'ਗੁਰ੍ਰਾ' ਵੇਖੋ।

**ਗੁਸਤਾਕ,** ਪੁ: ਸਾਮ੍ਹਣੇ ਬੋਲਣ ਵਾਲਾ ਬੇ ਅਦਬ।

**ਗੁਸਤਾਕੀ,** ਸ: ਸਾਮ੍ਹਣੇ ਬੋਲਣਾ, ਬੇ ਅਦਬੀ

**ਗੁਸਲ,** ਪੁ: ਨ੍ਹਾਉਣਾ, ਅਸ਼ਨਾਨ, ਬਿਮਾਰੀ ਤੋਂ ... ਕਰਨਾ, ਕਰਾਉਣਾ, ਦੇਣਾ।

**ਗੁਸਲ ਕਰਾਉਣਾ** / **ਗੁਸਲ ਦੇਣਾ** — ਕ੍ਰਿ:—ਮੁਰਦੇ ਨੂੰ ਨੁਆਲਣਾ।

**ਗੁਸਲਜਾਣਾ** / **ਗੁਸਲਣਾ** — ਕ੍ਰਿ: ਪਲੀਤ ਜਾਂ ਪਾਕ ਹੋਣਾ।

**ਗੁਸਲਿਆ ਹੋਇਆ,** ਵਿ:—ਪਲੀਤ, ਨਾਪਾਕ॥

**ਗੁੱਸਾ,** ਪੁ:—ਕਰੋਧ, ਖ਼ਫ਼ਗੀ, ਰੋਖ।

**ਗੁੱਸਾ ਕਰਵਾਉਣਾ, ਚਾੜ੍ਹਨਾ** / **ਦਿਲਵਾਉਣਾ, ਲਿਆਉਣਾ** — ਕ੍ਰਿ: ਗੁੱਸੇ ਕਰਨਾ, ਗੁਸਾਉਣਾ।

**ਗੁੱਸਾ ਮਾਰਨਾ (ਪੀਣਾ),** ਕ੍ਰਿ: ਕ੍ਰੋਧ ਰੋਕਣਾ॥

**ਗੁੱਸੇ ਹੋਣਾ,** ਕ੍ਰਿ:—ਖ਼ਫ਼ਾ ਹੋਣਾ, ਕ੍ਰੋਧ ਕਰਨਾ।

**ਗੁੱਸੇ ਵਿੱਚ,** ਕ੍ਰਿ: ਵਿ: ਕ੍ਰੋਧ ਨਾਲ, ਗੁੱਸੇ ਹੋ ਕੇ।

**ਗੁਸਾਇਣ,** ਸ: ਭਗਤਣੀ, ਗੁਸਾਈਂ ਦੀ ਤੀਵੀਂ॥

**ਗੁਸਾਈਂ,** ਪੁ:—ਮਾਲਕ, ਮਹਾਤਮਾ, ਮਾਲਕ ਬ੍ਰਾਹਮਣਾਂ ਦੀ ਇਕ ਜਾਤ, ਆਦਰ ਦਾ ਪਦ॥

**ਗੁਸੈਲ(ਲਾ),** ਪੁ: / **ਗੁਸੈਲਣ (ਲੀ),** ਸ: — ਜੋ ਬਹੁਤ ਗੁੱਸਾ ਕਰੇ, ਕ੍ਰੋਧਣ ਕ੍ਰੋਧੀ।

**ਗੁਹਜ,** ਸ: ਗੁਪਤ ਜਾਂ ਗੁਨਾਹ ਦਾ ਕੰਮ, ਕੋਪ: ... ਹੋਣਾ, ਖੀਸਾ, ਇੱਕ ਤਰ੍ਹਾਂ ਦਾ ਸਬੂਤ।

**ਗੁਹਜਾ,** ਪੁ: ਬਾਲ ਦਾ ਖੀਸਾ, ਜੇਬ॥

**ਗੁਹਾ,** ਪੁ:—'ਗੋਹਾ' ਵੇਖੋ।

**ਗੁਹਾਂਜਣੀ, ਗੁਹਾਂਝਣੀ** / **ਗੁਹਾਂਡਣੀ, ਗੁਹਾਂਢਣੀ** — ਸ: ... ਦੀ ਨੌਕਰਾਣੀ॥

**ਗੁਹਾਰਾ** / **ਗੁਹੀਰਾ** — ਪੁ: ਸੁੱਕੇ ਹੋਏ ਗੋਹਿਆਂ ਦਾ ਢੇਰ, ਇੱਕ ਕੀਮਤੀ ਲਾਲ॥

**ਗੁਹੁ,** ਸ:—ਇਕ ਤਰ੍ਹਾਂ ਦਾ ਵੱਡਾ ਕਿਰਲਾ।

**ਗੁਹੁਰੀ,** ਵਿ:—ਮੋਟੀ, ਵਾਫ਼ਰ।

**ਗੁਹੁਲਾ,** ਪੁ: / **ਗੁਹੁਲੀ** ਸ: — ਕੱਚੇ ਮਿੱਟੀ ਦਾ ਭਾਂਡਾ॥

**ਗੁਗੜਾ,** ਪੁ: / **ਗੁਗੜੀ,** ਸ: — ਪਕਵਾਂ ਹਥੌ ... ਗੋਲ ਹੋਇਆ

**ਗੁੱਗਲ** ਪੁ:—ਇੱਕ ਧੁਖਾਉਣ ਵਾਲੀ ਚੀਜ਼॥

**ਗੁੱਗਲ ਹੋ ਜਾਣਾ (ਹੋਣਾ),** ਕ੍ਰਿ: ਨਕਾਰਾ ਹੋ ਜਾਣਾ, ਮੁਕ ਜਾਣਾ, ਪੱਥਰ ਪੈਣਾ, ਨਾ ਹਿੱਲ ਸਕਣਾ।

**ਗੁਗੜੀਲ,** ਪੁ: / **ਗੁਗੜੇਲ,** ਸ: / **ਗੁਗੜੀਲਾ,** ਪੁ: / **ਗੁਗੜੀਲੀ,** ਸ: — ਜਿਸ ਦੀ ਰੰਗ ਗੜ੍ਹ ਹੋਵੇ॥

Digitized by Panjab Digital Library | www.panjabdigilib.org

**ਗੁੱਗਾ,** ਪੁ: ਇਕ ਪੀਰ, ਸੱਪ ।

**ਗੁੱਗਾ ਨੌਮੀ,** ਸ:—ਭਾਦੋਂ ਦੀ ਨੌਮੀ ਜਦੋਂ ਗੁੱਗਾ ਪੂਜਦੇ ਹਨ।

**ਗੂੰਗਾ,** ਪੁ:<br>**ਗੂੰਗੀ,** ਸ: } ਜੋ ਬੋਲ ਨਾ ਸਕੇ ।

**ਗੁਗੱਲੀ,** ਸ:—ਨਕ ਦਾ ਇਕ ਰੋਗ ॥

**ਗੁੱਚੀ,** ਸ: —ਚੁੱਭੀ, ਖਿਸਕ ਜਾਣਾ (ਲਾਉਣੀ) ॥

**ਗੁੱਛਮਗੁੱਛਾ,** ਪੁ:—ਭਲਵਾਨਾਂ ਦਾ ਜੱਫਾ ਜਫਲਾਂ ਦੀ ਜੱਫੀ ॥

**ਗੁੱਛਾ,** ਪੁ: ਇਕ ਡੋਰੀ ਜਿਸ ਨਾਲ ਕਈ ਫਲ ਅਤੇ ਫੁੱਲ, ਕਈਆਂ ਚੀਜ਼ਾਂ ਦਾ ਕਠ, ਫੁੰਮਣਾਂ ਜਾਂ ਗੁੰਛਲ ।

**ਗੁੱਛਾ ਹੋਣਾ,** ਕ੍ਰਿ:—ਸਰੀਰ ਨੂੰ ਅੰਦਰ ਖਿੱਚਣਾ, ਜੱਫੀ ਪਾਣਾ ॥

**ਗੁੱਛੀ,** ਸ: ਨਾਈਆਂ ਦੀ ਗੁਥਲੀ, ਇੱਕ ਸੁੱਕੀ ਭਾਜੀ।

**ਗੁਜਰ,** ਸ:—ਗੁਜ਼ਾਰਾ, ਨਿਰਬਾਹ, ਰਸਤਾ, ਲਾਂਘਾ, (ਕਰਨੀ) ॥

**ਗੁਜਰ ਜਾਣਾ,** ਕ੍ਰਿ:—ਲੰਘ ਜਾਣਾ, ਮਰਨਾ ॥

**ਗੁੱਜਰ,** ਪੁ:—ਗਊਆਂ ਮਹੀਆਂ ਰੱਖਣ ਵਾਲਾ ਜਾਤ। ਜੋ ਦੁੱਧ ਦੋ ਕੇ ਵੇਚਦੇ ਹਨ। ਗੁਆਲਾ।

**ਗੁਜਰਣਾ**<br>**ਗੁਜਰਨਾ** } ਕ੍ਰਿ:—ਬੀਤਣਾ, ਲੰਘਣਾ, ਮਰ ਜਾਣਾ ।

**ਗੁਜਰਾਣ,** ਸ:—ਗੁਜ਼ਾਰਾ, ਨਿਰਬਾਹ, ਵਕਤ ਬੀਤਣਾ (ਕਰਨੀ)।

**ਗੁਜਰਾਲ,** ਸ:—ਗੁੱਜਰਾਂ ਦੇ ਰਹਿਣ ਦੀ ਥਾਂ ॥

**ਗੁਜਰੀ,** ਸ:—ਗੁੱਜਰ ਦੀ ਤੀਮੀਂ, ਗੁਆਲਣ ॥

**ਗੁਜਰੇਹੜਾ,** ਪੁ: ਗੁੱਜਰਾਂ ਦਾ ਵੇਹੜਾ ॥

**ਗੁਜਰੇਟੜਾ (ਟਾ)** ਪੁ:<br>**ਗੁਜਰੇਟੜੀ (ਟੀ)** ਸ: } ਗੁੱਜਰਾਂ ਦਾ ਪੁੱਤ੍ਰ, ਗੁੱਜਰਾਂ ਦੀ ਧੀ ॥

**ਗੁੰਜਾਉਣਾ,** ਕ੍ਰਿ: ਗੂੰਜਣ, ਹੋਣਾ, , ਅਵਾਜ਼ ਕਢਾਉਣੀ ।

**ਗੁੰਜਾਇਸ਼,** ਸ:—ਜਗਾ, ਸਮਾਈ, ਨਫ਼ਾ ॥

**ਗੁੰਜਾਣ,** ਵਿ:—ਸੰਘਣਾ, ਡੂੰਘਾ।

**ਗੁਜਾਰਣਾ,** ਕ੍ਰਿ: —ਲੰਘਾਉਣਾ, ਸਮਾ ਬਿਤਾਉਣਾ,

**ਗੁਜਾਰਾ,** ਪੁ: —ਨਿਰਬਾਹ, ਜੀਉਕਾ (ਕਰਨਾ) ॥

**ਗੁੰਜੀ,** ਸ:—ਡੋਰੀ, ਤਿੱਲੇ ਆਦਿਕ ਦੀ ਗੰਢ ॥

**ਗੁੰਜ਼ਰ,** ਪੁ: 'ਗੁੱਜਰ' ਵੇਖੋ ।

**ਗੁੰਜੇਸ,** ਸ: ਜਗਾ, ਸਮਾਈ, ਨਫ਼ਾ ।

**ਗੁੱਝ,** ਸ: ਭੇਤ, ਵੱਢੀ, ਚਰਖੇ ਅਤੇ ਹੱਥੇ ਦੇ ਵਿਚਲੀ ਲਕੜ ॥

**ਗੁੱਝ ਚਲਾਉਣੀ,** ਕ੍ਰਿ:—ਕੱਤਣਾ ।

**ਗੁੱਝਣਾ,** ਕ੍ਰਿ:—ਗੰਢਿਆ ਜਾ ਗੁੰਨ੍ਹਿਆ ਜਾਣਾ ॥

**ਗੁੰਝਲ,** ਸ: ਪੇਚ, ਧਾਗਿਆਂ ਦਾ ਇੱਕ ਦੂਜੇ ਨਾਲ ਅੜ ਜਾਣਾ ॥

**ਗੁੱਝਮੀ (ਵੀ)**<br>**ਗੁੱਝਾ (ਝੀ)** } ਵਿ: -ਭੇਤ ਦੀ ਗੱਲ, ਜਿਸ ਦਾ ਪਤਾ ਨਹੀਂ ॥

**ਗੁੱਝੀ ਮਾਰ ਮਾਰਨੀ,** ਕ੍ਰਿ:—ਅਜੇਹਾ ਮਾਰਨਾ ਕਿ ਨਿਸ਼ਾਨ ਨਾ ਪਏ ॥

Digitized by Panjab Digital Library | www.panjabdigilib.org

**ਗੁਝਾਉਣਾ,** ਕ੍ਰਿ:—ਗੁੰਦਣ ਜਾਂ ਗੁੰਨ੍ਹਣ ਦਾ ਕੰਮ ਕਰਾਉਣਾ ॥

**ਗੁਝਾਈ,** ਸ:—ਗੁੰਦਣ ਜਾਂ ਗੁੰਨ੍ਹਣ ਦਾ ਕੰਮ ਜਾਂ ਮਜੂਰੀ ।

**ਗੁਝੇ ਗੁੱਝੇ,** ਕ੍ਰਿ:, ਵਿ: ਲਕ ਛਿਪਕੇ, ਅੰਦਰਲੇ ਖਾਨੇ ।

**ਗੁੱਟ,** ਪੁ:—ਗੋਲ ਚੀਜ਼, ਹੱਥ ਅਤੇ ਬਾਂਹ ਦੇ ਵਿਚਲਾ ਜੋੜ, (ਉੱਤਰਨਾ, ਉਤਰ ਜਾਣਾ ਨਿਕਲ ਜਾਣਾ) ।

**ਗੁਟਕ,** ਸ: -ਕਬੂਤਰ ਦੀ ਅਵਾਜ਼, ਹੌਲਾ ਹਾਸਾ ॥

**ਗੁਟਕਣਾ,** ਕ੍ਰਿ:—ਕਬੂਤਰ ਦਾ ਬੋਲਣਾ, ਅੰਦਰ ਅੰਦਰ ਖੁਸ਼ ਹੋਣਾ॥

**ਗੁਟਕਾ,** ਸ:—ਛੋਟੀ ਪੋਥੀ, ਲਿਖੇ ਹੋਏ ਮੰਤ੍ਰ ।

**ਗੁਟਕੂੰ ਗੁਟਕੂੰ ਕਰਨਾ,** ਕ੍ਰਿ:—ਗੁਟਕਣਾ ।

**ਗੁਟਰ (ੜਾ)** ਵਿ: ਗੋਲ, ਜਿੰਨਾ ਲੰਮਾ ਉੱਨਾ ਚੌੜਾ ਮੋਟਾ ਤੇ ਛੋਟਾ ।

**ਗੁੱਟਾ,** ਪੁ: ਲੱਕੜੀ ਦੀ ਜਿਸ ਚੀਜ਼ ਨਾਲ ਮੋਚੀ ਜੁੱਤੀ ਦੇ ਤਲੇ ਦੇ ਕੰਢੇ ਚਮਕਾਉਂਦੇ ਹਨ ।

**ਗੁਟਿਕਾ,** ਪੁ:—'ਗੁਟਕਾ' ਵੇਖ ॥

**ਗੁੱਟੀ,** ਸ:—ਤਮਾਕੂ ਦੇ ਪੱਤ੍ਰਾਂ ਦੀ ਗੱਠੀ, ਅੰਬ ਦੀ ਗਿਟਕ ॥

**ਗੁੱਟੂ**
**ਗੁੱਟੂ** } ਵਿ:—ਸ਼ਰਾਬ ਨਾਲ ਮਸਤ ਹੋਇਆ ਹੋਇਆ (ਹੋਣਾ)

**ਗੁੱਠ,** ਸ:—ਨੁੱਕਰ, ਖੂੰਜਾ, ਕੂਣਾ ॥

**ਗੁੱਠਣਾ,** ਕ੍ਰਿ:—ਮਰੋੜਨਾ, ਵੱਟਣਾ ॥

**ਗੁਠਲੀ,** ਸ:—ਫਲ ਦੀ ਗਿਟਕ ।

**ਗੁਠਾਉਣਾ,** ਕ੍ਰਿ: -ਵਟਵਾਉਣਾ (ਰੱਸਾ) ॥

**ਗੁਠਾਈ,** ਸ:—(ਰੱਸਾ) ਵੱਟਣ ਦੀ ਮਜੂਰੀ ॥

**ਗੁੰਡਉ,** ਪੁ:—ਗੁੰਡ ਪੁਣਾ, ਲੁੱਚਪੁਣਾ, ਬਦਮਾਸ਼ੀ ॥

**ਗੁੱਡਗੁਡਾਈ,** ਸ:—ਅਨਾਜ ਦੇ ਖੇਤ ਵਿੱਚੋਂ ਘਾਹ ਪੁਟਣਾ ਖੋਤਰਨ ਦਾ ਕੰਮ ।

**ਗੁੱਡਣਾ,** ਕ੍ਰਿ:—ਖੇਤ ਵਿੱਚੋਂ ਫਾਲਤੂ ਘਾਹ ਕੱਢਣਾ, ਮਾਰ ਕੁਟਾਈ ਕਰਨੀ, ਪੁੱਟਣਾ ॥

**ਗੁੰਡ ਪੁਣਾ,** ਪੁ: ਲੁੱਚਪੁਣਾ, ਬਦਮਾਸ਼ੀ ॥

**ਗੁੱਡਾ,** ਪੁ: -ਕੱਪੜੇ ਦਾ ਬਣਿਆ ਹੋਇਆ ਮਨੁੱਖ, ਕਨਕਊਆ ।

**ਗੁੱਡਾ ਫੂਕਣਾ,** ਕ੍ਰਿ: -ਬਦਨਾਮੀ ਕਰਨੀ ।

**ਗੁੱਡੇ ਪਾਉਣੇ,** ਕ੍ਰਿ:—ਜਾਦੂ ਕਰਨਾ ॥

**ਗੁੰਡਾ,** ਵਿ: -ਲੁੱਚਾ, ਸ਼ੁਹਦਾ, ਬਦਮਾਸ਼ ॥

**ਗੁਡਾਉਣਾ,** ਕ੍ਰਿ:—ਗੋਡੀ ਕਰਾਉਣੀ ।

**ਗੁਡਾਈ,** ਸ:—ਗੋਡੀ ਕਰਨ ਦਾ ਕੰਮ ਜਾਂ ਮਜੂਰੀ॥

**ਗੁਡਾਵਾ,** ਪੁ:—ਗੋਡੀ ਕਰਨ ਵਾਲਾ ॥

**ਗੁੱਡੀ,** ਸ:—ਕਪੜੇ ਦੀ ਬਣੀ ਹੋਈ ਤੀਵੀਂ ਦੀ ਮੂਰਤ, ਕਿਸੀ ਤੀਮਤ, ਛੋਟਾ ਕਨਕਊਆ ॥

**ਗੁੱਡੀ ਚੜ੍ਹਨੀ,** ਕ੍ਰਿ:—ਪ੍ਰਤਾਪ ਵਾਲਾ ਹੋਣਾ ॥

**ਗੁੱਡੀਆਂ ਦਾ ਵਿਆਹ,** ਪੁ:—ਅਞਾਣਿਆਂ ਦਾ ਵਿਆਹ ॥

**ਗੁੱਡੀਆਂ ਦੀ ਖੇਲ,** ਸ:—ਸੁਖਾਲਾ ਕੰਮ॥

**ਗੁੰਡੋਆ,** ਪੁ:—ਰਸ ਨੂੰ ਕਾੜ੍ਹ ਕੇ ਗੁੜ ਬਣਾਉਣ ਵਾਲਾ, ਜੋ ਗੋਡੀ ਕਰੇ ॥

Digitized by Panjab Digital Library | www.panjabdigilib.org

**ਗੁਣ,** ਪੁ:—ਸਿਫ਼ਤ, ਚੰਗੀ ਗੱਲ, ਵਡਿਆਈ, ਨੇਕੀ, ਉਸਤਾਦੀ, ਲਾਹ, ਕਾਰਨ।

**ਗੁਣ ਕਰਨਾ ( ਦੇਣਾ ),** ਕ੍ਰਿ:—ਫਦਾ ਹੋਣਾ, ਅਸਰ ਕਰਨਾ॥

**ਗੁਣ ਗਾਉਣਾ,** ਕ੍ਰਿ: ਵਡਿਆਈ ਜਾਂ ਧੰਨਵਾਦ ਕਰਨਾ।

**ਗੁਣਗਾਹਕ,** ਪੁ:—ਚੰਗੀ ਗੱਲ ਦੀ ਕਦਰ ਕਰਨ ਵਾਲਾ।

**ਗੁਣਮਾਣ ( ਵਾਣ )** }
**ਗੁਣਵੰਤ ( ਵੰਤੀ )** } ਵਿ:—ਜਿਸ ਵਿਚ ਗੁਣ ਹੋਵੇ।

**ਗੁਣਾਂ ਦਾ ਗੁਥਲਾ** }
**ਗੁਣਾਂ ਦੀ ਗੁਥਲੀ** } ਵਿ:—ਜਿਸ ਵਿਚ ਸਭ ਗੁਣ ਹੋਣ।

**ਗੁਣ ਗੁਣ,** ਪੁ:—ਨੱਕ ਵਿਚ ਬੋਲਣਾ (ਕਰਨਾ)।

**ਗੁਣ ਗੁਣਾ,** ਵਿ:—ਜੋ ਨੱਕ ਵਿੱਚ ਬੋਲੇ, ਕੋਸਾ (ਪਾਣੀ)॥

**ਗੁਣ ਗੁਣਾਉਣਾ,** ਕ੍ਰਿ:—ਨੱਕ ਵਿਚ ਬੋਲਣਾ॥

**ਗੁਣਗੁਣਾਟ,** ਸ:—ਨੱਕ ਵਿਚ ਬੋਲਣ ਦੀ ਅਵਾਜ਼॥

**ਗੁਣ ਗੁਣੀ,** ਸ:—ਨੱਕ ਗਲਣ ਦਾ ਇੱਕ ਰੋਗ।

**ਗੁਣਨਾ,** ਕ੍ਰਿ:—ਗਿਣਨਾ, ਲੇਖਾ ਕਰਨਾ, ਗੁਣਾ ਕਰਨਾ, ਜਰਬ ਦੇਣੀ।

**ਗੁਣਾ,** ਪੁ:—ਹਿੱਸਾ, ਪੱਤੀ, ਇੱਕ ਤਲੀ ਹੋਈ ਮਿੱਠੀ ਰੋਟੀ, ਜੁੱਤੀ ਦੀ ਅਡੀ ਤੇ ਲੱਗਾ ਹੋਇਆ ਚਮੜਾ ਕਈ ਵਾਰੀ ਗਿਣਿਆ ਹੋਇਆ (ਸੌ ਗੁਣਾ ਆਦਿਕ)॥

**ਗੁਣੇ ਪਾਉਣਾ,** ਕ੍ਰਿ:—ਕਿਸੇ ਜੁਗਤ ਨਾਲ ਇਹ ਫੈਸਲਾ ਕਰਨਾ ਕਿ ਕਿਸ ਕਿਸ ਦੇ ਹਿਸੇ ਕਿਹੜੀ ਸ਼ੈ ਆਉਂਦੀ ਹੈ॥

**ਗੁਣਾਕਾਰ,** ਵਿ:-ਪੁ:-ਉਸਤਾਦ, ਚਤਰ, ਗੁਣਾ ਕਰਨ ਵਾਲਾ।

**ਗੁਣਾਕਾਰਾ,** ਪੁ: }
**ਗੁਣੀ,** ਵਿ: ਪੁ: }
**ਗੁਣਾਕਾਰੀ,** ਸ: } ਜਿਸ ਵਿੱਚ ਗੁਣ ਹੈ ਸਿਆਣਾ। ਖੋਜੀ, ਇੱਕ ਤਰ੍ਹਾਂ ਦਾ ਲੇਖਾ ਜਿਸ ਵਿੱਚ ਤਿੰਨ ਰਾਸ਼ੀਆਂ ਮਲੂਮ ਹੋਣ ਤਾਂ ਉਨ੍ਹਾਂ ਦੀ ਸੰਬੰਧਿਤ ਚੌਥੀ ਕੱਢੀ ਦੀ ਹੈ॥

**ਗੁਣੀਆ** }
**ਗੁਨੀਯਾ** } ਪੁ:—ਤਰਖਾਣਾਂ ਦਾ ਇਕ ਸੰਦ ਜਿਸ ਨਾਲ ਕੋਨ ਮਿਣਦੇ ਹਨ॥

**ਗੁੱਤ,** ਸ: ਗੁੰਦੇ ਹੋਏ ਵਾਲਾਂ ਦਾ ਕੱਠ, ਜੂੜਾ॥

**ਗੁੱਤਕਾ,** ਪ:—ਪੱਕੀ ਡਾਂਗ, ਸੋਟੀ॥

**ਗੁਤਗੁਤਾਉਣਾ,** ਕ੍ਰਿ: —ਕੁਤਕੁਤਾੜੀ ਕਰਨੀ॥

**ਗੁਤਗੁਤੀ,** ਸ:—ਪਿੰਡੇ ਨੂੰ ਛੇੜਕੇ ਹਸਾਉਣ ਦਾ ਕੰਮ॥

**ਗੁਤਾਵਾ,** ਪੁ:—ਤੂੜੀ ਵੰਡ ਆਦਿਕ ਮਿਲਾਇਆ ਹੋਇਆ।

**ਗੁੱਤੀ,** ਸ:—ਇੱਕ ਤਰਾਂ ਦਾ ਮੱਛਰ, ਬਹੁਤ ਛੋਟੇ ੨ ਉਡਣ ਵਾਲੇ ਕੀੜੇ॥

**ਗੁੱਤੂ,** ਪੁ: ਗੁੱਤ ਵਾਲਾ॥

**ਗੁਥਣਾ,** ਕ੍ਰਿ:—ਪੱਕੀ ਤਰ੍ਹਾਂ ਗੁੰਦੇ ਜਾਂ ਪਰੋਏ ਹੋਏ ਹੋਣਾ, ਸਰੀਰ ਦਾ ਮਾਸ ਕਰੜਾ ਹੋਣਾ॥

**ਗੁਥਲਾ,** ਪੁ: }
**ਗੁੱਥਲੀ** ਸ: } ਥੈਲਾ, ਖੀਸਾ, ਬੋਝਾ॥

**ਗੁਥਵਾਂ,** ਵਿ:—ਗੁੰਦਿਆ ਹੋਇਆ, ਪੱਕਾ, ਪੀਡਾ॥

**ਗੁਥਾਉਣਾ,** ਕ੍ਰਿ:—ਗੁੰਦਣ ਜਾਂ ਪਰੋਣ ਦਾ ਕੰਮ ਕਰਾਉਣਾ॥

Digitized by Panjab Digital Library | www.panjabdigilib.org

**ਗੁੱਥੀ,** ਸਃ ਗੁਥਲੀ, ਥੈਲੀ.

**ਗੁਦਗੁਦਾ,** ਵਿਃ—ਨਰਮ, ਮੁਲਾਇਮ, ਪੋਲਾ ।

**ਗੁਦਗੁਦਾਉਣਾ,** ਕ੍ਰਿਃ ਸਰੀਰ ਨੂੰ ਛੇੜਨਾ, ਲੱਤਾ ਨਾਲ ਘੱਟਣਾ ।

**ਗੁਦਗੁਦਾਈ,** ਸਃ—ਮੁਲੈਮੀ, ਸਰੀਰ ਨੂੰ ਛੇੜਨਾ

**ਗੁਦਗੁਦਾਹਟ**
**ਗੁੱਦਗੁੱਦਾਟ** } ਸਃ ਮੁਲੈਮੀ, ਸਰੀਰ ਨੂੰ ਛੇੜ ਕੇ ਹਸਾਉਣ ਨਾਲ ਜੋ ਮਨ ਦੀ ਹਾਲਤ ਹੁੰਦੀ ਹੈ।

**ਗੁਦਗੁਦੀ,** ਸਃ—ਪਿੰਡੇ ਨੂੰ ਛੇੜਕੇ ਹਸਾਉਣ ਦਾ ਕੰਮ ।

**ਗੁੰਦਣਾ,** ਕ੍ਰਿਃ—ਇਕ ਦੂਜੇ ਨਾਲ ਅੜਾਕੇ ਜੋੜਨਾ ਮਨੁੱਖੀ ਵਿੱਚ ਜੋੜ ਤੋੜ ਕਰਨੇ, ਮੇਢੀ ਕਰਨੀ ।

**ਗੁਦਮਾ,** ਪੁਃ—ਇੱਕ ਤਰਾਂ ਦਾ ਪਹਾੜੀ ਕੰਬਲ

**ਗੁੰਦਵਾਂ,** ਵਿਃ ਗੁੰਦਿਆ ਹੋਇਆ

**ਗੁੱਦੜ,** ਪੁਃ ਫਟੇ ਪੁਰਾਣੇ ਕੱਪੜੇ, ਲੀਰਾਂ, ਕੂੜਾ

**ਗੁਦੜਾ,** ਪੁਃ
**ਗੁਦੜੀ,** ਸਃ } ਰਜਾਈ, ਕਈ ਰੰਗਾਂ ਦੀਆਂ ਟਾਕੀਆਂ ਵਾਲਾ ਕੱਪੜਾ (ਫਕੀਰਾਂ ਦਾ), ਪੁਰਾਣੇ ਕੱਪੜਿਆਂ ਦੀ ਗੰਢ ।

**ਗੁੱਦ**
**ਗੁੱਦਾ** } ਪੁਃ—ਫਲ ਆਦਿਕ ਦਾ ਵਿਚਲਾ ਹਿੱਸਾ ਮਗਜ਼ ।

**ਗੁਦਾ,** ਸਃ ਪਖਾਨੇ ਫਿਰਨ ਵਾਲਾ ਅੰਗ, ਚਿੱਤੜ ਦੇ ਵਿਚਕਾਰਲਾ ਛੇਕ ।

**ਗੁੰਦਾਉਣਾ,** ਕ੍ਰਿਃ—ਗੁੰਦਣ ਦਾ ਕੰਮ ਕਰਾਉਣਾ

**ਗੁੰਦਾਈ,** ਸਃ—ਗੁੰਦਣ ਦਾ ਕੰਮ ਜਾਂ ਮਜੂਰੀ ।

**ਗੁਦਾਮ,** ਪੁਃ ਅਸਬਾਬ ਵਾਲੀ ਕੋਠੜੀ, ਘਰ, ਸਖੀਰਾ, ਬਟਨ, ਕੱਪੜੇ ਦੀ ਘੁੰਡੀ ॥

**ਗੁੱਦੜ,** ਪੁਃ ਫਟੇ ਪੁਰਾਣੇ ਕਪੜੇ, ਲੀਰਾਂ, ਕੂੜਾ ।

**ਗੁੱਧਾ,** ਵਿਃ—ਗੁੰਨ੍ਹਿਆ ਹੋਇਆ (ਆਟਾ ਆਦਿਕ)

**ਗਧੂਲਕਾਂ**
**ਗੁੱਧੂਲਕਾਂ** } ਸਃ—ਤ੍ਰਿਕਾਲਾਂ, ਸੰਝ ॥

**ਗੁੰਨ੍ਹਣਾ,** ਕ੍ਰਿਃ ਆਟੇ ਆਦਿਕ ਵਿਚ ਪਾਣੀ ਪਾਕੇ ਮਲਣਾ ਅਤੇ ਮੁੱਕੀ ਦੇਣੀ, ਗੁੰਦਣਾ ।

**ਗੁੰਨ੍ਹ ਹੋਣਾ**
**ਗੁੰਨ੍ਹੇ ਜਾਣਾ** } ਕ੍ਰਿਃ ਪਰਸੇਉ ਨਾਲ ਭਿੱਜ ਜਾਣਾ ॥

**ਗੁਨ੍ਹਾਉਣਾ,** ਕ੍ਰਿਃ—ਗੁੰਨ੍ਹਣ ਦਾ ਕੰਮ ਕਰਾਉਣਾ ॥

**ਗੁਨ੍ਹਾਈ,** ਸਃ—ਗੁੰਨ੍ਹਣ ਦਾ ਕੰਮ ਜਾਂ ਮਜੂਰੀ ॥

**ਗੁਨਾਹ,** ਪੁਃ ਪਾਪ, ਬੁਰਾ ਕੰਮ, (ਅਪਰਾਧ ਕਰਨਾ) ।

**ਗੁਨਾਹ ਬਖਸ਼ਣਾ,** ਕ੍ਰਿਃ—ਅਪਰਾਧ ਖਿਮਾ ਕਰਨ

**ਗੁਨਾਹਗਾਰ,** ਵਿਃ
**ਗੁਨਾਹਣ,** ਸਃ
**ਗੁਨਾਹੀ,** ਪੁਃ } ਜੋ ਗੁਨਾਹ ਕਰੇ, ਪਾਪੀ, (ਪਲ), ਅਪਰਾਧੀ (ਪਣ) ॥

**ਗੁਨਾਹਗਾਰੀ,** ਸਃ—ਪਾਪੀ ਹੋਣਾ, ਜਰੀਮਾਨਾ, ਡੰਨ, ਚੱਟੀ ॥

**ਗੁਨਾਗਾਰ,** ਵਿਃ—ਜੋ ਗੁਨਾਹ ਕਰੇ ॥

**ਗੁੱਪ**
**ਗੁੱਪ ਚੁੱਪ** } ਵਿਃ—ਜੋ ਨਾਂ ਬੋਲੇ ॥ ਕ੍ਰਿਃ—ਵਿਃ—ਬੋਲਣ ਬਿਨਾ ॥

**ਗੁਪਤ,** ਵਿਃ—ਲੁਕਿਆ ਛਿਪਿਆ ਹੋਇਆ, ਜੋ ਨਾ ਦਿੱਸੇ, ਗੁੱਝਾ ॥

Digitized by Panjab Digital Library | www.panjabdigilib.org

**ਗੁਪਤ ਦਾਨ,** ਪੁ: ਜਿਸ ਦਾਨ ਦੀ ਖਬਰ ਹੋਰਨਾਂ ਨੂੰ ਨਾ ਹੋਵੇ।

**ਗੁਪਤੀ,** ਪੁ:—ਇੱਕ ਲੁਕੀ ਹੋਈ ਤਲਵਾਰ ਵਾਲੀ ਸੋਟੀ, ਲੁਕਾਕੇ ਮਾਲਾ ਫੇਰਨ ਵਾਲੀ ਗੁਥਲੀ।

ਕ੍ਰਿ: ਵਿ:-ਚੋਰੀ ਚੋਰੀ, ਕਿਸੇ ਨੂੰ ਖਬਰ ਨਾ ਕਰਕੇ।

**ਗੁਫਾ,** ਸ:—ਪਹਾੜ ਦੀ ਖੋਹ, ਧਰਤੀ ਦੇ ਥੱਲੇ ਸਾਧ ਦੀ ਕੁਟੀਆ।

**ਗੁੰਬਜ,** ਪੁ:—ਬੁਰਜ, ਮਸੀਤ ਆਦਿਕ ਦੀ ਉੱਚੀ ਗੋਲ ਛੱਤ।

**ਗੁਬਰ,** ਪੁ: ਗੁੱਸਾ, ਜੋਸ਼, ਆਕੜ, ਖਾਰ (ਰੱਖਣਾ)

**ਗੁਬਰੀ,** ਵਿ:—ਜੋ ਗੁਬਰ ਰੱਖੇ।

**ਗੁਬਾਰ,** ਪੁ: -ਹਨੇਰੀ, ਧੁੰਧ, ਗੰਦ।

**ਗੁਬਾਰੀ,** ਸ:—ਬੱਦਲਵਾਈ, ਸਿਰ ਨੂੰ ਘੇਰ ਪੈਣਾ, ਗੰਦ।

**ਗੁਭਗੁਭਾਟ,** ਸ:—ਆਕੜ, ਖਾਰ, ਸਾੜਾ, ਹਿਰਸ।

**ਗੁੰਮ,** ਵਿ:—ਗੁਆਚਾ ਹੋਇਆ, ਲੁਕਿਆ ਹੋਇਆ (ਹੋਣਾ, ਕਰਨਾ)॥

ਮਨੁਖਾਂ ਜਾਂ ਚੀਜ਼ਾਂ ਦਾ ਕਠ॥

**ਗੁੰਮ ਸੁੰਮ,** ਵਿ:—ਚੁੱਪ, ਬੇਸੁਰਤ॥

**ਗੁੰਮਜ,** ਪ:—'ਗੁੰਬਜ' ਵੇਖੋ॥

**ਗੁਮਜੀ,** ਸ:—ਨਿੱਕਾ ਗੁੰਮਜ॥

**ਗੁੰਮਟ,** ਪੁ:—'ਗੁੰਬਜ' ਵੇਖੋ॥

**ਗੁਮਟੀ,** ਸ:—ਨਿੱਕਾ ਗੁੰਬਜ, ਚਿਕਨ ਵਰਗਾ ਇੱਕ ਕਪੜਾ।

**ਗੁਮਟੀਲਾ,** ਵਿ:—ਜਿਸ ਵਿਚ ਗੁੰਬਜ ਹੋਵੇ॥

**ਗੁਮਰ,** ਪੁ: 'ਗੁਬਰ' ਵੇਖੋ।

**ਗੁੰਮਾ,** ਪ:—ਮਨੁੱਖਾਂ ਜਾਂ ਚੀਜ਼ਾਂ ਦਾ ਇਕੱਠ, ਇੱਕ ਤਰ੍ਹਾਂ ਦੀ ਜੁਆਰ।

**ਗੁਮਾਉਣਾ,** ਕ੍ਰਿ:—'ਗੁਆਉਣਾ' ਵੇਖੋ॥

**ਗੁਮਾਸ਼ਤਾ,** ਪੁ:—ਉਹ ਆਦਮੀ ਜੋ ਕਿਸੇ ਹੋਰ ਵੱਲੋਂ ਕੰਮ ਕਰੇ॥

**ਗੁਮਾਣ,** ਪੁ:—ਭਰਮ, ਘਮੰਡ, ਝੂਠਾ ਖਿਆਲ (ਕਰਨਾ)।

**ਗੁਮਾਣੀ,** ਪੁ:
**ਗੁਮਾਨਣ,** ਸ: } ਜੋ ਗੁਮਾਣ ਕਰੇ।

**ਗੁੰਮੀ,** ਸ:—ਗੁੰਬਜ ਦੀ ਸ਼ਕਲ ਦਾ ਛੋਟਾ (ਢੁੱਠਣੀ), ਚੌਂਹਰ ਦਾ ਤੋੜਾ॥

**ਗੁਰ,** ਪੁ:—ਉਸਤਾਦ, ਸਿਖਾਉਣ ਵਾਲਾ, ਮੁਰਸ਼ਦ ਵੱਡਾ, ਲੇਖਾ ਕਰਨ ਦਾ ਸੌਖਾ ਢੰਗ॥

**ਗੁਰਦਵਾਰਾ,**
**ਗੁਰਦੁਆਰਾ,** } ਪੁ:—ਗੁਰੂ ਦਾ ਸਥਾਨ, ਧਰਮ ਸਾਲਾ।

**ਗੁਰ ਦੇਵ,** ਪੁ:—ਗੁਰੂ, ਸਤਗੁਰੂ, ਵੱਡਾ ਗੁਰੂ, ਮਹਾਤਮਾ।

**ਗੁਰਪੁਰਬ,** ਪੁ:—ਸਤਗੁਰਾਂ ਦੇ ਜਨਮ ਦਿਨ ਜਾਂ ਜੋਤੀ ਜੋਤ ਸਮਾਉਣ ਦੇ ਦਿਨ ਦਾ ਤਿਹਾਰ॥

**ਗੁਰ ਬਾਣੀ,** ਸ:—ਗੁਰਾਂ ਦੀ ਬਾਣੀ, ਗੁਰੂ ਗ੍ਰੰਥ ਸਾਹਿਬ ਦੇ ਸ਼ਬਦ।

Digitized by Panjab Digital Library | www.panjabdigilib.org

**ਗੁਰਬਿਲਾਸ,** ਪੁ: ਇਕ ਪੁਸਤਕ ਜਿਸ ਵਿੱਚ ਗੁਰ ਦੀਆਂ ਸਾਖੀਆਂ ਹਨ ॥

**ਗੁਰ ਭਾਈ,** ਪੁ: —ਇੱਕੋ ਗੁਰੂ ਦੇ ਚੇਲੇ ॥

**ਗੁਰ ਮੰਤ੍ਰ,** ਪੁ:—ਗੁਰੂ ਦਾ ਉਪਦੇਸ਼, ਆਤਮਕ ਸਿੱਖਿਆ ॥

**ਗੁਰਮਤਾ,** ਪੁ: ਸਲਾਹ, ਕੱਠੇ ਬਹਿਕੇ ਕੋਈ ਗੱਲ ਵਿਚਾਰਨੀ ( ਕਰਨਾ ), ਸਿੱਖਾਂ ਦੀ ਪੁਰਾਣੀ ਕੌਂਸਲ ।

**ਗੁਰਮੁਖ,** ਪੁ:—ਭਲਾ ਲੋਕ, ਭਗਤ, ਭਲਾ ਆਦਮੀ, ਜੋ ਗੁਰੂ ਦੀ ਆਗਯਾ ਪੂਰੀ ੨ ਪਾਲਨ ਕਰੇ ॥

**ਗੁਰਮੁਖੀ,** ਵਿ:—ਗੁਰਾਂ ਦੇ ਮੁਖ ਤੋਂ ਜੋ ਨਿਕਲੇ

ਸ:—ਜਿਨ੍ਹਾਂ ਅੱਖਰਾਂ ਵਿਚ ਪੰਜਾਬੀ ਲਿਖੀ ਜਾਂਦੀ ਹੈ ॥

**ਗੁਰਵਾਰ,** ਪੁ:—ਗੁਰੂ ਦਾ ਦਿਨ, ਸਿੱਖ ਬਨਣ ਦਾ ਦਿਨ, ਜਨਮ ਦਿਨ, ਐਤਵਾਰ ॥

**ਗੁਰਸ,** ਪੁ: ੧੨ ਦਰਜਨਾਂ, ੧੪੪ ਚੀਜ਼ਾਂ ਦਾ ਕੱਠ ।

**ਗੁਰਗਾਬੀ,** ਸ: ਇੱਕ ਤਰ੍ਹਾਂ ਦੀ ਵਲੈਤੀ ਢੰਗ ਦੀ ਜੁੱਤੀ

**ਗੁਰਗੁਰੀ,** ਸ:—'ਗੁੜ ਗੁੜੀ' ਵੇਖੋ ॥

**ਗੁਰਜ,** ਪੁ: ਲੋਹੇ ਦਾ ਡੰਡਾ ( ਮਾਰਨਾ ) ॥

**ਗੁਰਜਮਾਰ,** ਪੁ:—ਆਪਣੇ ਆਪਨੂੰ ਗੁਰਜ ਮਾਰਨ ਵਾਲੇ ਮੁਸਲਮਾਨ ਫਕੀਰ ॥

**ਗੁਰਦਾ,** ਪੁ:—ਸਰੀਰ ਦਾ ਉਹ ਅੰਗ ਜਿਸ ਵਿੱਚ ਪਸ਼ਾਬ ਬਣਦਾ ਹੈ ਦਲੇਰੀ, ਹੌਂਸਲਾ ॥

**ਗੁਰ ਏੱਤਾ,** ਪੁ:—ਮੁੱਕਾ, ਘਸੁੰਨ ॥

**ਗੁਰਿਆਇਣ,** ਸ: —ਗੁਰੂ ਦੀ ਇਸਤ੍ਰੀ, ਗੁਰੂ ਦੀ ਪਦਵੀ ਵਾਲੀ ਇਸਤ੍ਰੀ ॥

**ਗੁਰਿਆਈ,** ਸ:—ਗੁਰੂ ਦੀ ਪਦਵੀ, ਗੁਰੂ ਦਾ ਕੰਮ ।

**ਗੁਰਿਆਣੀ,** ਸ:—'ਗੁਰਿਆਇਣ' ਵੇਖੋ ॥

**ਗੁਰੂ,** ਪੁ: —ਧਰਮ ਦਾ ਉਪਦੇਸ਼ ਦੇਣ ਵਾਲਾ ਮਹਾਤਮਾ, ਪੀਰ, ਮੁਰਸ਼ਦ, ਉਸਤਾਦ, ਚਲਾਕ, ਰਾਹਕਾਰ ॥

**ਗੁਰੂਘੰਟਾਲ,** ਪੁ:—ਸ਼ਤਾਨ, ਕਪਟੀ ਮਨੁੱਖ ॥

**ਗੁਰੋਚਣ,** ਪੁ: 'ਗੁਲੋਚਨ' ਵੇਖੋ ॥

**ਗੁੱਲ,** ਪੁ:—ਬੱਤੀ ਦਾ ਸੜਿਆ ਹੋਇਆ ਹਿੱਸਾ, ਹੁੱਕੇ ਦੀ ਸੁਆਹ, ਚਿਲਮ ਭਖਾਉਣ ਦਾ ਮਸਾਲਾ, ਹਰੇ ਤਮਾਕੂ ਦੀ ਰੋੜੀ, ਇੱਕ ਖਡੌਣਾ ਇੱਕ ਤਰ੍ਹਾਂ ਦਾ ਖਿੱਦੋ, ਫੁੱਲ, ਗੁਲਾਬ, ਸੋਹਣਾ ਜਾਂ ਅਣਦਾੜ੍ਹੀਆ ਮੁੰਡਾ ॥

**ਗੁਲ ਹੋਣਾ,** ਕ੍ਰਿ: —ਬੁਝ ਜਾਣਾ ( ਦੀਵੇ ਆਦਿਕ ਦਾ ) ॥

**ਗੁਲਕੰਦ,** ਪੁ:—ਗੁਲਾਬ ਦੇ ਫੁੱਲਾਂ ਦਾ ਮੁਰੱਬਾ ॥

**ਗੁਲ ਕਰਨਾ,** ਕ੍ਰਿ:—ਬੁਝਾ ਦੇਣਾ ( ਦੀਵਾ ਆਦਿਕ ) ॥

**ਗੁਲਕਾਰੀ,** ਸ:—ਕਪੜੇ ਉੱਤੇ ਵੇਲ ਬੂਟੇ ਕਢਣ ਦਾ ਕੰਮ ।

**ਗੁਲ ਖਤਮੀ,** ਪੁ:—ਇੱਕ ਦਵਾ ॥

**ਗੁਲ ਗਸ਼ਤ,** ਸ:—ਬਾਗ ਦੀ ਸੈਲ ॥

**ਗੁਲਛੱਰੇ ਉਡਾਉਣੇ,** ਕ੍ਰਿ:—ਅਨੰਦ ਲੈਣਾ, ਮੌਜ ਮਾਨਣੀਆਂ। ਬੁੱਲੇ ਲੁੱਟਣੇ ॥

Digitized by Panjab Digital Library | www.panjabdigilib.org

**ਗੁਲਜ਼ਾਰ,** ਪੁ:—ਫੁੱਲਾਂ ਦੀ ਕਿਆਰੀ ।

**ਗੁਲ ਤਰਾਸ਼,** ਪੁ:—ਜਿਸ ਚੀਜ਼ ਨਾਲ ਬੱਤੀ ਦਾ ਗੁੱਲ ਕਤਰਦੇ ਹਨ ।

**ਗੁਲਦਸਤਾ,** ਪੁ: ਫੁੱਲਾਂ ਦਾ ਗੁੱਛਾ ।

**ਗੁਲ ਦਾਨ,** ਪੁ:—ਬੱਤੀ ਦੀ ਸੁਆਹ ਵਾਲੀ [illegible] ।

**ਗੁਲ ਦੁਪਹਿਰ,** ਪੁ:—ਇੱਕ ਤਰਾਂ ਦੀ ਆਤਸ਼ਬਾਜ਼ੀ

**ਗੁਲ ਦੇਣਾ ( ਲਾਉਣਾ ),** ਕ੍ਰਿ:—ਸਾੜ ਕੇ ਛਾਲਾ ਪਾਉਣਾ ।

**ਗੁਲ ਬਦਨ,** ਪੁ: ਇਕ ਧਾਰੀਦਾਰ ਰੇਸ਼ਮੀ ਕਪੜਾ ।

**ਗੁਲਭਿਸਤ,** ਸ:—ਇੱਕ ਤਰ੍ਹਾਂ ਦੀ ਮਠਿਆਈ ।

**ਗੁੱਲ,** ਸ:-ਪੁ:-ਇੱਕ ਅਨਾਜ ਦਾ ਕੀੜਾ, ਸਾੜ ਕੇ ਜੋ ਹੋਈ ਕਪਾਹ, ਗੁੱਲੀ ਦਾ ਡੰਗਾ ਟਿਕਾਉ, ਤਮਾਕੂ ਦੀ ਟੰਡੀ, ਜੁਆਰ ਦੀ ਸਿੱਕਰੀ ਛੱਲੀ ॥ ਨਾਲ 'ਗਲ' ਵੇਖੋ ।

**ਗੁਲਫਾ,** ਪੁ:—ਫਲ ਆਦਿਕ ਦੇ ਨਰਮ ਗੁੱਦੇ ਦਾ ਟੁਕੜਾ ।

**ਗੁੱਲੂਰ,** ਪੁ:—ਇੱਕ ਰੁਖ ॥

**ਗਲੂਰਾ,** ਪੁ:—ਭੁੱਜੇ ਹੋਏ ਚੌਲਾਂ ਦੇ ਆਟੇ ਵਿਚ ਘਿਉ ਖੰਡ ਮਿਲੀ ਹੋਈ ॥

**ਗੁਲਹਿਰਾ,** ਪੁ:—ਅਵਾਰਾ ਆਦਮੀ ॥

**ਗੁਲਚਿਰੀ,** ਸ:—ਅਵਾਰਾ ਤੀਮਤ, ਗਾਲ੍ਹੜ ਦੀ ਮਦੀਨ

**ਗੁਲਕਣਾ,** ਕ੍ਰਿ:—ਖਾਣਾ, ਨਿਗਲਣਾ ॥

**ਗੁਲਕ ਗੁਲਕ ਖਾਣਾ,** ਕ੍ਰਿ:—ਚੱਬਣ ਬਾਝੋਂ ਖਾਧੀ ਜਾਣਾ ।

**ਗੁਲਗੁਲਾ,** ਪੁ:—ਆਟੇ ਦਾ ਮਿੱਠਾ ਪਕੌੜਾ, ਅਵਾਲੀ ॥

**ਗੁਲਝਣਾ,** ਕ੍ਰਿ:—ਫਸ ਜਾਣਾ, ਅੜਕਣਾ (ਧਾਗੇ ਆਦਿਕ ਦਾ)।

**ਗੁਲੰਮ**<br>**ਗੁਲੰਮਪੁਣਾ** } ਪੁ:—ਗੁਲਾਮੀ ।

**ਗੁੱਲਰ,** ਪੁ:—ਗੁਲ੍ਹਰ, ਇੱਕ ਰੁੱਖ ।

**ਗੁੱਲਾ** ਪੁ:—ਹਾਥੀ ਦੰਦ ਦਾ ਟੋਟਾ, ਢੋਲ ਦੀ ਲੱਕੜ, ਮਾਲ੍ਹ ਦੇ ਸਿਰੇ ਦੀ ਲੱਕੜੀ, ਉਹ ਲਕੜੀ ਜਿਸ ਨਾਲ ਅਰੇੜੀ ਮਾਲ੍ਹ ਨਾਲ ਬੱਝਦੀ ਹੈ । ਇੱਕ ਅਨਾਜ ਦਾ ਕੀੜਾ ॥

**ਗੁਲਾਉ**<br>**ਗੁਲਾਈ** } ਸ: ਗੋਲ ਹੋਣ ਦਾ ਗੁਣ ॥

**ਗੁਲਾਨਾਰ,** ਪੁ:—ਅਨਾਰ ਦਾ ਫੁੱਲ, ਉਸਦਾ ਰੰਗ (ਸੂਹਾ) ।

**ਗੁਲਾਨਾਰ**<br>**ਗੁਲਾਨਾਰੀ** } ਵਿ: ਜਿਸਦਾ ਰੰਗ ਅਨਾਰ ਦੇ ਫੁੱਲ ਜਾਂ ਕਲੀ ਵਰਗਾ ਹੈ ॥

**ਗੁਲਾਬ,** ਪੁ: ਇੱਕ ਮਸ਼ਹੂਰ ਫੁੱਲ, ਉਸਦਾ ਅਰਕ ॥

**ਗੁਲਾਬ ਜਾਮਣ,** ਪੁ:—ਇੱਕ ਤਰ੍ਹਾਂ ਦੀ ਮਠਿਆਈ ।

**ਗੁਲਾਬ ਦਾਸੀਆ,** ਪੁ:—ਗੁਲਾਬ ਦਾਸ ਦੇ ਪੰਥ ਦਾ, ਨਾਸਤਿਕ ॥

Digitized by Panjab Digital Library / www.panjabdigilib.org

**ਗੁਲਾਬਦਾਨੀ** }
**ਗੁਲਾਬਪਾਸ਼ੀ** } ਸ:—ਗੁਲਾਬ ਛਿੜਕਣ ਵਾਲਾ ਭਾਂਡਾ।

**ਗੁਲਾਬਾਸ** }
**ਗੁਲਾਬਾਸੀ** } ਪੁ:—ਇਕ ਫੁੱਲ ਅਤੇ ਉਸ ਦਾ ਰੰਗ॥

**ਗੁਲਾਬੀ,** ਵਿ:—ਗੁਲਾਬ ਦੇ ਰੰਗ ਦਾ।

ਪੁ:—ਗੁਲਾਬ ਦੇ ਅਰਕ ਵਾਲਾ ਭਾਂਡਾ।

**ਗੁਲਾਬੀ ਪਾਲਾ,** ਪੁ: ਥੋੜ੍ਹੀ ਥੋੜ੍ਹੀ ਠੰਢ

**ਗੁਲਾਮ,** ਪੁ:—ਨੌਕਰ, ਚਾਕਰ, ਟਹਿਲੂਆ, ਬੰਦਾ, ਤਾਸ਼ ਦਾ ਇੱਕ ਮੂਰਤ ਵਾਲਾ ਪੱਤਾ।

**ਗੁਲਾਮਚੋਰ,** ਸ: ਤਾਸ਼ ਦੀ ਇੱਕ ਖੇਡ

**ਗੁਲਾਮੀ,** ਸ:—ਗੁਲਾਮ ਦਾ ਕੰਮ, ਟਹਿਲ, ਸੇਵਾ, ਬੰਧਨ॥

**ਗੁਲਾਲ,** ਪੁ: }
**ਗੁਲਾਲੀ,** ਸ: } ਇਕ ਲਾਲ ਜਾਂ ਪੀਲਾ ਧੂੜਾ ਜੋ ਹੋਲੀਆਂ ਵਿੱਚ ਹਿੰਦੂ ਇੱਕ ਦੂਜੇ ਉੱਤੇ ਸੁੱਟਦੇ ਹਨ। ਅਲਤਾ॥

**ਗੁਲੀ,** ਸ:—ਫਲ ਦਾ ਗੁੱਦਾ, ਰੁੱਖ ਦੀ ਅੰਦਰਲੀ ਸਾਰ ਲੱਕੜੀ, ਇੱਕ ਤਰ੍ਹਾਂ ਦੇ ਮਣਕੇ ਜੋ ਮਾਲ ਵਿਚ ਪਰੋਂਦੇ ਹਨ, ਭੁੰਜੇ ਹੋਏ ਛੋਲੇ ਜਿਨ੍ਹਾਂ ਦੇ ਛਿੱਲੜ ਲੱਥੇ ਹੋਏ ਹੋਣ।

**ਗੁੱਲੀ,** ਸ:—ਮਕਈ ਦੀ ਛੱਲੀ (ਜਿਸ ਦੇ ਦਾਣੇ ਲੱਥੇ ਹੋਏ ਹੋਣ) ਖੇਡਣ ਵਾਲੀ ਇੱਕ ਲੱਕੜੀ, ਇੱਕ ਮੋਟੀ ਰੋਟੀ॥

**ਗੁੱਲੀ ਡੰਡਾ,** ਪੁ:—ਲਕੜੀਆਂ ਨਾਲ ਖੇਡਣ ਵਾਲੀ ਇਕ ਖੇਡ॥

**ਗੁਲੂਸ਼,** ਸ:—ਗੁੰਝਲ, ਗੰਢ, ਅਟਕ, ਘਬਰਾਉ, ਔਖ॥

**ਗੁਲੇਲ,** ਸ: ਜਨੌਰਾਂ ਦਾ ਉਡਾਉਣ ਵਾਲਾ ਧਨੁਖ।

**ਗੁਲੇਲਚਣ,** ਸ: }
**ਗੁਲੇਲਚੀ,** ਪੁ: } ਗੁਲੇਲ ਚਲਾਉਣ ਵਾਲਾ (ਵਾਲੀ)।

**ਗੁਲੇਲਾ,** ਪੁ: ਗੁਲੇਲ ਨਾਲ ਚਲਾਉਣ ਵਾਲੀ ਮਿੱਟੀ ਦੀ ਗੋਲੀ।

**ਗੁਲੇਲੀ,** ਸ:—ਬਾਜ਼ੀ ਗਰਨੀ, ਨਟਨੀ, ਖੇਲਨੀ॥

**ਗੁਲੋ,** ਸ: ਤਾਪ ਉਤਾਰਨ ਦੀ ਇਕ ਦੁਆ॥

**ਗੁਲੰਚਣ,** ਪੁ: ਗੰਦ ਨੂੰ ਸਰੀਰ ਵਿਚੋਂ ਨਿਕਲਣ ਵਾਲੀ ਕੋਈ ਚੀਜ਼, ਦੁਆ

**ਗੁਲੇਟਾ,** ਪੁ:—ਸਲਾਈ, ਅਟੇਰਨ, ਸੂੰਦਾ॥

**ਗੁੜ,** ਪੁ:—ਗੰਨਿਆਂ ਦੀ ਰਸ ਕਾੜ੍ਹਕੇ ਜਮਾਈ ਹੋਈ।

**ਗੁੜਕਣਾ,** ਕ੍ਰਿ: ਅੰਦਰੋ ਅੰਦਰੀ ਹੱਸਣਾ, ਮੁਸਕੜਾਉਣਾ।

**ਗੁੜਗੁੜ,** ਸ:—ਹੁੱਕਾ ਪੀਣ ਦੀ ਅਵਾਜ਼, ਢਿੱਡ ਦਾ ਬੋਲਣਾ (ਕਰਨੀ)॥

**ਗੁੜਗੁੜਾਉਣਾ,** ਕ੍ਰਿ:—ਗੁੜ ਗੁੜ ਕਰਨਾ, ਪੇਟ ਦਾ ਬੋਲਣਾ॥

**ਗੁੜਗੁੜੀ,** ਸ:—ਇੱਕ ਤਰ੍ਹਾਂ ਦਾ ਛੋਟਾ ਧਾਤ ਦਾ ਹੁੱਕਾ।

**ਗੁੜ੍ਹਨਾ,** ਕ੍ਰਿ:—ਜੋ ਕੁਝ ਪੜ੍ਹਿਆ ਹੈ ਉਸ ਨੂੰ ਕਰਕੇ ਦੇਖਣਾ, ਪੜ੍ਹੀ ਹੋਈ ਗੱਲ ਉੱਤੇ ਚੱਲਣਾ॥

**ਗੁੜ੍ਹਤੀ,** ਸ:—ਇੱਕ ਦੁਆ ਜੋ ਨਵੇਂ ਜੰਮੇ ਹੋਏ ਬਾਲ ਨੂੰ ਦਿੱਤੀ ਜਾਂਦੀ ਹੈ॥

Digitized by Panjab Digital Library | www.panjabdigilib.org

**ਗੁੜੰਬਾ, ਗੁੜੁੰਬਾ** } ਪੁ:—ਖੰਡ ਜਾ ਗੁੜ ਵਿਚ ਹਰ ਅੰਬ ਰਿੱਝੇ ਹੋਏ ॥

**ਗੁੜਾਕੂ,** ਪੁ: ਗੁੜ ਅਤੇ ਤਮਾਕੂ ਮਿਲਿਆ ਹੋਇਆ।

**ਗੁੜ੍ਹਿਆ ਹੋਇਆ,** ਪੁ:—ਜੋ ਨਿਰਾ ਕਹਿੰਦਾ ਹੀ ਨਹੀਂ ਸਗੋਂ ਕਰਦਾ ਹੈ ॥

**ਗੜੁੱਚੁ,** ਵਿ: ਬਹੁਤ ਭਿੱਜਾ ਹੋਇਆ, ਤਰ (ਕਪੜਾ) ॥

**ਗੜੂੰਮ,** ਪੁ:—ਪਾਣੀ ਵਿਚ ਭਾਰੇ ਪੱਥਰ ਡਿੱਗਣ ਦੀ ਅਵਾਜ, ਤੋਪ ਦਾਗਣ ਦੀ ਅਵਾਜ, ਭਾਰ ਚੋਣ ਕਰਕੇ ਕਿਸੇ ਉੱਤੇ ਹੋਇਆ ਹੋਇਆ ਉਭਾਰ ॥

**ਗੂਹ,** ਪੁ:—ਗੰਦਗੀ, ਮੈਲਾ, ਪਖਾਨਾ ॥

**ਗੂਹ ਖਾਣਾ,** ਕ੍ਰਿ:—ਵੱਢੀ ਲੈਣੀ ॥

**ਗੂਹੜ, ਗੂੜ੍ਹ** } ਪੁ:—ਚੋਖੀ (ਰੰਗ ਦੀ), ਗੰਭੀਰਤਾ (ਅਰਥ ਦੀ) ਪਕਿਆਈ (ਦੋਸਤੀ ਦੀ)।

**ਗੂਹੜਾ,** ਵਿ:—ਤੇਜ (ਰੰਗ), ਗੰਭੀਰ (ਅਰਥ), ਪੱਕੀ (ਦੋਸਤੀ ਜਿਹਾ ਕਿ ਗੂਹੜਾ ਘਰਾਨਾ)।

**ਗੂੰਜ,** ਸ:—ਮੁੜ ਆਈ ਹੋਈ ਅਵਾਜ, ਗਰਜ, ਬਿਰਲਾਬਨਾਦ ॥

**ਗੂੰਜਣਾ,** ਕ੍ਰਿ:—ਗੌਂਸਣਾ, ਅਵਾਜ ਮੁੜ ਆਉਣੀ, ਭਿਨਾਭਨਾਉਣਾ॥

**ਗੂੰਜਾਉਣਾ,** ਕ੍ਰਿ:—ਗੂੰਜਣ ਦੇਣਾ, ਅਵਾਜ ਕਢਾਉਣੀ ॥

**ਗੂਟ (ਗੂੰਟ), ਪੁ: ਗੂੰਟਣੀ, ਸ:** } ਪਹਾੜੀ ਟੱਟੂ, ਬੂਚ ॥

**ਗੂਣ,** ਸ:—ਛੱਟ, ਬੋਰੀ, ਥੈਲੀ (ਪਸ਼ੂਆਂ ਤੇ ਲੱਦਣ ਵਾਲੀ)॥

**ਗੂੰਦ,** ਸ: ਇੱਕ ਰੁੱਖ ਵਿੱਚੋਂ ਨਿਕਲਣ ਵਾਲੀ ਲੇਸਦਾਰ ਚੀਜ਼ ॥

**ਗੂੰਦਣੀ,** ਸ: ਇਕ ਰੁਖ ਅਤੇ ਉਸ ਦਾ ਲੇਸਦਾਰ ਫਲ ॥

**ਗੂੰਦਾ,** ਪੁ:—ਢੋਲਿਆਂ ਦੀ ਭਿੱਤੀ, ਮਲੀਦਾ ॥

**ਗੂੰਦੀ,** ਸ:—'ਗੂੰਦਣੀ' ਵੇਖੋ ॥

**ਗੂਨਾ,** ਪੁ: ਇੱਕ ਤਰਾਂ ਦਾ ਸੁਨਹਿਰੀ ਰੰਗਣ ॥

**ਗੂੜ੍ਹ, ਪੁ: ਗੂੜ੍ਹਤਾ (ਤਾਈ), ਸ:** } 'ਗੂਹੜ' ਵੇਖੋ ॥

**ਗੂੜ੍ਹਾ,** ਵਿ:—'ਗੂਹੜਾ' ਵੇਖੋ ॥

**ਗੋਗਲਾ, ਪੁ: ਗੋਗਲੀ, ਸ:** } ਕੁਢਬਾ ਬੀ, ਸੁਸਤ, ਮਲੀਨ ।

**ਗੋਸ਼,** ਸ: ਵਾਦੀ, ਬਾਣ, ਆਦਤ, ਹੇਲਤ ॥

**ਗੇਡਾ, ਪੁ: ਗੇਡੀ, ਸ:** } ਗਾੜੀਆਂ (ਬਹੁ ਬ:) ਲੱਕੜੀਆਂ ਜਿਨ੍ਹਾਂ ਨਾਲ ਮੁੰਡੇ ਖੇਡਦੇ ਹਨ ।

**ਗੇਣਤੀ,** ਸ:—ਲੇਖਾ, ਅੰਦਾਜਾ, ਚਿੰਤਾ, ਫ਼ਿਕਰ ਸੋਚ ॥

**ਗੇਂਦ,** ਪੁ:—ਖਿੱਦੋ, ਖੇਡਣ ਵਾਲਾ ਰੇਸ਼ਮ ਆਦਿਕ ਦਾ ਗੋਲਾ ॥

**ਗੇਂਦ ਘਰ,** ਪੁ: ਜਿੱਥੇ ਨਾਲ ਗੇਂਦ ਖੇਡਣ ਦਾ ਮਦਾਨ ਜਿਸ ਦੇ ਗਿਰਦੇ ਜਾਲ ਹੋਵੇ ॥

**ਗੇਂਦ ਬੱਲਾ,** ਪੁ:—ਵਿਲਾਇਤੀ ਖਿੱਦੋ ਖੂੰਡੀ ਦੀ ਖੇਡ ॥

Digitized by Panjab Digital Library | www.panjabdigilib.org

**ਗੇਂਦਾ,** ਪੁ:—ਇੱਕ ਪੀਲਾ ਫੁੱਲ, ਇੱਕ ਤਰ੍ਹਾਂ ਦਾ ਬੂਟਾ ॥

**ਗੇਂਦੀ,** ਸ:—ਇੱਕ ਤਰਾਂ ਦੀ ਨਿੱਕੀ ਜੇਹੀ ਕੁੱਤੀ

**ਗੇਰਵੀ,** ਪੁ: ਗੇਰੂ ਨਾਲ ਰੰਗਿਆ ਹੋਇਆ ਕੱਪੜਾ ( ਫਕੀਰਾਂ ਦਾ )।

ਵਿ: ਗੇਰੂ ਦੇ ਰੰਗ ਦਾ, ਲਾਲ ਜੇਹਾ ॥

**ਗੇਰੀ,** ਸ:, **ਗੇਰੂ,** ਪੁ: } ਇੱਕ ਤਰਾਂ ਦੀ ਲਾਲ ਮਿੱਟੀ।

**ਗੇਰੂਆ,** ਵਿ:—ਗੇਰੂ ਦੇ ਰੰਗ ਦਾ, ਭਗਵਾਂ

**ਗੇਲਰਾ,** ਪੁ:, **ਗੇਲਰੀ,** ਸ: } ਛੋਟੇ ਮ[illegible] ਟੋਟੇ ਲੱਕੜ ਦਾ

**ਗੇਲੀ,** ਸ:—ਮੋਟੀ ਲੱਕੜ ॥

**ਗੈਲੀ,** ਸ:—ਜਿਸ ਫੱਟੀ ਉੱਤੇ ( ਛਾਪਣ ਲਈ ) ਟੈਪ ਦੇ ਅੱਖਰ ਜੋੜ ਕੇ ਰੱਖੇ ਜਾਂਦੇ ਹਨ ॥

**ਗੇੜ,** ਸ:—ਫੇਰ, ਚੱਕਰ, ਭੁਆਟਣੀ, ਦੌਰਾ।

**ਗੇੜਨਾ,** ਕ੍ਰਿ:—ਚੱਕਰ ਨੂੰ ਫੇਰਨਾ ਜਾਂ ਘੁਮਾਉਣਾ।

**ਗੇੜਾ,** ਪੁ: ਫੇਰ, ਚੱਕਰ, ਗਸ਼ਤ ॥

**ਗੈਸ,** ਸ:—ਵਾਉ ਵਰਗੀ ਚੀਜ਼, ਬੇ ਮਲੂਮ ਹਵਾ।

**ਗੈਜ਼ਟ,** ਪੁ:—ਅਖ਼ਬਾਰ, ਸਰਕਾਰੀ ਅਖ਼ਬਾਰ ॥

**ਗੈਟਸ,** ਪੁ:—ਜਰਾਬਾਂ ਕੱਸਣ ਵਾਲਾ ਫੀਤਾ, ਲੱਤਾਂ ਕੱਜਣ ਵਾਲਾ ਕੱਪੜਾ।

**ਗੈਂਡਾ,** ਪੁ:, **ਗੈਂਡੀ,** ਸ: } ਇਕ ਜਨੌਰ ਇਕ ਤਰ੍ਹਾਂ ਦਾ ਪੀਲਾ ਫੁੱਲ।

**ਗੈਣਾ,** ਪੁ:, **ਗੈਣੀ,** ਸ: } ਇੱਕ ਤਰ੍ਹਾਂ ਦੇ ਮਧਰੇ ਕੱਦ ਦੇ ਡੰਗਰ, ਬਾਉਣਾ ॥

**ਗੈਤ੍ਰੀ,** ਸ:—ਹਿੰਦੂ ਧਰਮ ਦਾ ਮੂਲ ਮੰਤ੍ਰ ॥

**ਗੈਬ,** ਪੁ:—ਲੁਕਾਉ, ਛੁਪਾਉ, ਨਾਂ ਹੋਣਾ।

ਵਿ:—ਲੁਕਿਆ ਛੁਪਿਆ, ਗੁੰਮ ਹੋਇਆ ਹੋਇਆ।

**ਗੈਬਣ,** ਸ:, **ਗੈਬਾ (ਬੀ),** ਪੁ: } ਜਿਸ ਦੇ ਮਾਪਿਆਂ ਦਾ ਪਤਾ ਨਹੀਂ, ਜੋ ਗੈਬ ਢੰਗ ਨਾਲ ਅਚਰਜ ਦੇ ਕੰਮ ਕਰੇ ॥

**ਗੈਬੀ ਗੋਲਾ,** ਪੁ:—ਹਰਾਮ ਦਾ ਪੁੱਤ੍ਰ, ਜਿਸ ਦੀ ਅਸਲ ਮਲੂਮ ਨਹੀਂ।

**ਗੈਰ,** ਪੁ: ਵਿ:—ਦੂਸਰਾ, ਓਪਰਾ, ਪਰਾਯਾ, ਅਲੇਖਾ, ਭੈੜਾ।

**ਗੈਰ ਹਾਜ਼ਰ,** ਵਿ:—ਜੋ ਹਾਜ਼ਰ ਜਾਂ ਮੌਜੂਦ ਨਹੀਂ।

**ਗੈਰ ਹਾਜ਼ਰੀ,** ਸ:—ਹਾਜ਼ਰ ਨਾ ਹੋਣਾ।

**ਗੈਰਤ,** ਸ:—ਸ਼ਰਮ, ਹਯਾ, ਲਜਿਆ ॥

**ਗੈਰਤਣ,** ਸ:, **ਗੈਰਤੀ,** ਪੁ: } ਜਿਸ ਵਿੱਚ ਗੈਰਤ ਹੈ ॥

**ਗੈਲ,** ਸ: ਸਾਥ, ਸੰਗ, ਮੇਲ ॥

ਅਵ:—ਨਾਲ, ਪਿੱਛੇ, ਧੱਕੇ ਆਦਿਕ ਦੇ ਪਹੀਏ ਦੀ ਲੀਹ।

**ਗੈਲਗੁਜ਼ਾਰੀ,** ਸ:, **ਗੈਲ ਛੁਡਾਉਣੀ,** ਕ੍ਰਿ: } ਪਿੱਛਾ ਛਡਾਉਣਾ, ਸਾਥ ਛੱਡਣਾ ॥

**ਗੈਲਸ,** ਪੁ:—ਪਤਲੂਨ ਕੱਸਣ ਵਾਲੇ ਬੰਦ ॥

Digitized by Panjab Digital Library | www.panjabdigilib.org

**ਗੈਲਰੀ,** ਸ਼ਃ—ਚੌੜਿਆ ਚੌੜਾ ਰਾਹ, ਛੱਜਾ, ਥੇਏਟਰ ਵਾਲੀਆਂ ਥਾਵਾਂ ਦੀਆਂ ਕਤਾਰਾਂ ਜੋ ਹੌਲੀ ਹੌਲੀ ਉੱਚੀਆਂ ਹੁੰਦੀਆਂ ਜਾਣ।

**ਗੋਇਣ,** ਸ਼ਃ ਇੱਕ ਤਰ੍ਹਾਂ ਦੀ ਗਊ, ਦਲਦਲ, ਬਾਰਾਂ ਸਿੰਗਾ।

**ਗੋਇਰਾ / ਗੋਏਰਾ** } ਪੁਃ ਸ਼ਹਿਰ ਦਾ ਲਾਗਾ, ਪਿੰਡ ਦੇ ਲਾਗੇ ਦੀ ਰੇਹ ਵਾਲੀ ਧਰਤੀ॥

**ਗੋਇਲ,** ਪੁਃ—ਗਊਆਂ ਦਾ ਘਰ, ਤਰਾਈ ਵਿੱਚ ਜੋ ਕੁੱਲੀ ਪਾਈ ਜਾਵੇ

**ਗੋਇਲੀ,** ਪੁਃ—ਗਊਆਂ ਚਾਰਨ ਵਾਲਾ॥

**ਗੋਸ਼ਟ,** ਸ਼ਃ—ਮੇਲ, ਧਰਮ ਚਰਚਾ, ਸੰਗਤ, ਮਿਤ੍ਰਤਾਈ, ਸਾਂਝ, ਸਭਾ, ਏਕਾ।

**ਸਿੱਧ ਗੋਸ਼ਟ,** ਸ਼ਃ—ਗੁਰੂ ਨਾਨਕ ਦੀ ਬਾਣੀ ਜਿਸ ਵਿਚ ਜੋਗੀਆਂ ਨਾਲ ਧਰਮ ਚਰਚਾ ਕੀਤੀ ਹੈ।

**ਗੋਸ਼ਟਣ,** ਸ਼ਃ / **ਗੋਸ਼ਟੀ,** ਪੁਃ } ਜੋ ਗੋਸ਼ਟ ਕਰੇ, ਸਗਾਂ, ਸਾਥੀ।

**ਗੋਸ਼ਤ,** ਪੁਃ—ਮਾਸ, ਤਰਕਾਰੀ, ਮਹਾਂ ਪ੍ਰਸ਼ਾਦ॥

**ਗੋਸ਼ਤ ਖੋਰਾ,** ਪੁਃ—ਮਾਸ ਖਾਣ ਵਾਲਾ, ਇਕ ਤਰ੍ਹਾਂ ਦਾ ਚੌੜਾ।

**ਗੋਸ਼ਾ,** ਪੁਃ ਖੂੰਜਾ, ਨਵੇਕਲੀ ਥਾਂ, ਪਲਖ ਦਾ ਸਿਰਾ, ਖਜੂਰਾਂ ਦਾ ਗੁੱਛਾ।

**ਗੋਸ਼ਾਲਾ,** ਸ਼ਃ—ਗਊਆਂ ਦੇ ਰਹਿਣ ਦਾ ਘਰ।

**ਗੋਹ,** ਸ਼ਃ—ਇੱਕ ਵੱਡਾ ਕਿਰਲਾ ਜਾਂ ਸੱਪ॥

**ਗੋਹ ਗਾਲਣੀ,** ਕ੍ਰਿਃ—ਹਿੰਮਤ ਹਾਰਨੀ, ਦਿਲ ਛੱਡਣਾ।

**ਗੋਹ ਮਗੋਹ,** ਵਿਃ—ਗੜ ਬੜ, ਜਿਸ ਦਾ ਨਾ ਕਹਿਣਾ ਔਖਾ ਹੈ।

**ਗੋਹਟਾ,** ਪੁਃ—ਸੁੱਕਾ ਹੋਇਆ ਗੋਹਾ।

**ਗੋਹਰਣ,** ਸ਼ਃ / **ਗੋਹਰੀ,** ਪੁਃ } ਜੋ ਨੇੜੇ ਰਹੇ, ਜਾਣੂ, ਮਹਿਰਮ

**ਗੋਹਰਾਣ(ਲ)** ਪੁਃ—ਗਊਆਂ ਦਾ ਬਾੜਾ॥

**ਗੋਹਲ,** ਸ਼ਃ—ਪਿੱਪਲ ਜਾਂ ਬੋਹੜ ਦਾ ਫਲ।

**ਗੋਹਲਾ,** ਪੁਃ—ਗੋਹੇ ਮਿਟੀ ਦਾ ਬਣਾ ਕੇ ਸੁਕਾਇਆ ਹੋਇਆ ਭਾਂਡਾ॥

**ਗੋਹੜਾ,** ਪੁਃ—ਧੁਣਖੀ ਹੋਈ ਰੂੰ ਦਾ ਗੋਲਾ, ਛੱਬਾ।

**ਗੋਹਾ / ਗੋਹਿਆ** } ਪੁਃ—ਗਊ ਮੱਝ ਦਾ ਮੈਲਾ, (ਸੁੱਕਾ ਜਾਂ ਗਿੱਲਾ) ਪਾਥੀ, ਕੰਡੇ ਝੋਲ ਦੇ ਮੂੰਹ ਦੀ ਛਟੀ।

**ਗੋਹਿਆ ਗਾਲੀ,** ਸ਼ਃ ਨਿਕੰਮੀ ਉੱਤੇ ਗੋਹਾ ਸਰਣਾ।

**ਗੋਹੇ ਮਿੱਟੀ ਦਾ ਪੋਚਾ ਪਾਉਣਾ,** ਕ੍ਰਿਃ—ਔਗੁਣਾਂ ਨੂੰ ਕੱਜ ਦੇਣਾ।

**ਗੋੱਕਾ,** ਵਿਃ—ਗਊ ਦਾ, ਗਾਵਾ (ਦੁੱਧ ਆਦਿਕ)।

**ਗੋੱਕੀ,** ਵਿਃ—ਗਊ ਦੀ, ਗਊ ਦਾ ਰੰਗਿਆ ਹੋਇਆ ਚਮੜਾ।

**ਗੋਖਰੂ,** ਪੁਃ—ਇੱਕ ਬੂਟਾ, ਪੈਰਾਂ ਦਾ ਇੱਕ ਗਹਿਣਾ।

**ਗੋਖੜੂ,** ਪੁਃ—ਇੱਕ ਚਾਂਦੀ ਜਾਂ ਸੋਨੇ ਦਾ ਹੱਥਾਂ ਦਾ ਗਹਿਣਾ, ਥੱਕ।

**ਗੋਗੜ / ਗੋਗੜ** } ਸ਼ਃ—ਵਧਿਆ ਹੋਇਆ ਢਿੱਡ॥

Digitized by Panjab Digital Library | www.panjabdigilib.org

**ਗੋਗੜ ਗਣੇਸ਼ / ਗੋਗੜੀਆ**, ਪੁ: ... ਪੇਟ ਵਾਲਾ ਆਦਮੀ

**ਗੋਗੀ**, ਸ: —ਇੱਕ ਨਿੱਕੀ ਅਤੇ ਮੋਟੀ ਰੋਟੀ

**ਗੋਚਰਾ, / ਗੋਚਰੀ,** (ਕਿਸੇ) ਜੋਗਾ, (ਕਿਸੇ) ਦਾ (ਕਿਸੇ) ਦੇ ਆਸਰੇ

**ਗੋਜਰਾ / ਗੋਜੀ,** ਵਿ: —ਜਿਸ ਵਿੱਚ ਕਣਕ ਤੇ ਜੌਂ ਮਿਲੇ ਹੋਏ ਹੋਣ।

**ਗੋਝ,** ਸ: —ਗੁੰਦਣ ਜਾਂ ਗੁੰਦਣ ਦਾ ਕੰਮ, ਕਪੜੇ ਦਾ ਮੋੜ॥

**ਗੋਝਾ,** ... ਖੀਸਾ, ਜੇਬ, ਖੀਸਾ

**ਗੋਟ,** ਸ: ਲਕੜੀ ਦੀ ਚੋਬ ਜਿਸ ਉੱਤੇ ਧਾਗਾ ਜਾਂ ਡੋਰੀ ਲਪੇਟੀ ਹੋਈ ਹੋਵੇ, ਝਾਲਰ, ਸ਼ਤਰੰਜ ਦੀ ਨਰਦ, ਅਟੇਰਨ।

**ਗੋੱਟਾ** ਪੁ: ਸੋਨੇ ਜਾਂ ਚਾਂਦੀ ਦੀ ਡੋਰੀ, ਕਨਾਰੀ।

**ਗੋਠ,** ਸ: ਬੈਠਣ ਦਾ ਇੱਕ ਢੰਗ, ਕਪੜੇ ਦੀ ਕੰਨੀ ਚੋਲੀ ਦਾ ਮੋੜ੍ਹ ਉੱਤੇ ਪੈਣ ਵਾਲਾ ਹਿੱਸਾ।

**ਗੋਠਣਾ,** ਕ੍ਰਿ: —ਵੱਟਕੇ ਜੋੜਨਾ।

**ਗੋਡਣਾ,** ਕ੍ਰਿ: ਖਤਰਨਾ, ਘੱਟਣ ... ਮਾਰਨਾ ਕੁੱਟਣਾ॥

**ਗੋੱਡਾ,** ਪੁ: —ਲੱਤ ਦੇ ਵਿਚਾਲਾ ਜੋੜ, ਗੋਡਣ ਵਾਲਾ।

**ਗੋਡੀ / ਗੋੱਡੀ** ਸ: ਗੋਡਣ ਦਾ ਕੰਮ, ਮੇਹਨਤ ਕਰਨੀ, ਦਲੀ॥

**ਗੋੱਡੀ ਲਾਉਣੀ / ਗੋੱਡੀ ਲਾ ਕੇ ਡਹਿਣਾ** ਕ੍ਰਿ: —ਕੋਈ ਕੰਮ ਚੰਗੀ ਤਰਾਂ ਲੱਗ ਕੇ ਕਰਨਾ।

**ਗੋਣਾ,** ਕ੍ਰਿ: ਗੁੰਨਣਾ (ਮਿੱਟੀ), ਮਲਣਾ (ਕਪਾਹ)॥

**ਗੋਤ,** ਪੁ: ਕੁਲ, ਜਾਤ, ਘਰਾਣਾ।

**ਗੋਤ ਕੁਨਾਲਾ,** ਪੁ: —ਰਲ ਮਿਲ ਕੇ ਖਾਣਾ॥

**ਗੋਤ ਦੇਣੀ,** ਕ੍ਰਿ: —ਪਤੰਗ ਨੂੰ ਝੁਕਾਉਣਾ।

**ਗੋਤ੍ਰ,** ਪੁ: ਕੁਲ, ਜਾਤ ਘਰਾਣਾ।

**ਗੋਤ੍ਰਾ ਚਾਰ,** ਪੁ: —ਵਿਆਹ ਤੇ ਲਾੜੇ ਅਤੇ ਵਹੁਟੀ ... ਦਿਆਂ ਦੇ ਨਾਉਂ ਲੈਣਾ

**ਗੋੱਤਾ,** ... ਪਾਣੀ ਵਿਚ ਡੁੱਬਣਾ, ਟੁੱਭੀ, ਡੁਬਕੀ ... ਮਾਰਨਾ, ਲਾਉਣਾ।

**ਗੋੱਤੇ ਖਾਣੇ,** ਕ੍ਰਿ: —ਡੁੱਬਣ ਲੱਗਣਾ, ਕੱਚੀ ਆਸ ਹੋਣਾ।

**ਗੋ... ਜਾਣਾ,** ਕ੍ਰਿ: ਬਹੁਤ ਸੋਚਾਂ ਵਿਚ ਪੈਣਾ।

**ਗੋਤ੍ਰੀ,** ਪੁ: ਇੱਕ ਗੋਤ ਜਾਂ ਕੁਲ ਦੇ।

**ਗੋਥਲ ਗੋਥਲ ਮਾਰਨਾ / ਗੋਥਲਨਾ** ਕ੍ਰਿ: —ਖੇਹ ਵਿੱਚ ਰੁਲਾਕੇ ਮਾਰਨਾ, ... ਤਲਾਣਾ।

**ਗੋਦ / ਗੋੱਦੀ** ਸ: —ਬੈਠਿਆਂ ਹੋਇਆਂ ਪੱਟਾਂ ਦੀ ਥਾਂ, ਕੁੱਛੜ॥

**ਗੋਦ ਹਰੀ ਭਰੀ ਹੋਣੀ,** ਕ੍ਰਿ: —ਕਿਸੇ ਇਸਤ੍ਰੀ ਦਾ ਬਾਲ ਬੱਚੇ ਵਾਲੀ ਹੋਣਾ॥

**ਗੋਦ ਲੈਣਾ,** ਕ੍ਰਿ: —ਦੂਜੇ ਦੇ ਪੁੱਤ੍ਰ ਨੂੰ ਆਪਣਾ ਬਣਾ ਲੈਣਾ।

**ਗੋਂਦ,** ਸ: ਗੁੰਦ, ਸਲਾਹ, ਮਤਾ (ਗੋਂਦਣੀ)॥

**ਗੋਂਦਣੀ / ਗੋਂਦੀ** ਪੁ: —ਇਕ ਲੇਸਦਾਰ ਫਲ ਵਾਲਾ ਰੁੱਖ।

Digitized by Panjab Digital Library | www.panjabdigilib.org

**ਗੋਦੜਾ,** ਪੁ: / **ਗੋਦੜੀ,** ਸ: } ਫ਼ਕੀਰਾਂ ਦਾ ਟੋਕੀਆਂ ਵਾਲਾ ਕਪੜਾ, ਪੱਤੋਂ ਪੁਰਾਣੀ ਰਜਾਈ।

**ਗਿਆਨ ਗੋਦੜੀ,** ਸ: —'ਗਿਆਨ' ਵੇਖੋ।

**ਗੋਦੜੀ ਵਿੱਚ ਲਾਲ,** ਪੁ:—ਮਹਾਤਮਾ ਪੁਰਖ ਜਿਸ ਦੇ ਕਪੜੇ ਚੰਗੇ ਨ ਹੋਣ।

**ਗੋਂਦਾ,** ਪੁ:—ਛੋਲਿਆਂ ਦੀ ਪਿੰਨੀ, ਮਲੀਦਾ, ਵਿਆਹ ਵਿਚ ਜੋ ਮੇਵਾ ਆਦਿਕ ਕੁੜੀ ਦੇ ਪੇਕਿਆਂ ਨੂੰ ਭੇਜੀਦਾ ਹੈ॥

**ਗੋਦਾਵਰੀ,** ਸ: ਇੱਕ ਨਦੀ ਜੋ ਹਿੰਦੂਆਂ ਦਾ ਤੀਰਥ ਹੈ।

**ਗੋਪਾਲ** / **ਗੋਪਾਲਕ** } ਪੁ:—ਗਊਆਂ ਦਾ ਪਾਲੀ, ਕ੍ਰਿਸ਼ਨ, ਪਰਮੇਸ਼ਰ।

**ਗੋਪੀ,** ਸ: ਦੁੱਧ ਵੇਚਣ ਵਾਲੀ, ਕ੍ਰਿਸ਼ਨ ਜੀ ਦੀ ਸਖੀ।

**ਗੋਪੀਆ** / **ਗੋਪੀਯਾ** } ਪੁ:—ਇਕ ਘੁਮਣੀ ਜਿਸ ਨਾਲ ਗੁਲੇਲੇ ਮਾਰਕੇ ਖੇਤ ਵਿਚੋਂ ਪੰਖੇਰੂ ਉਡਾਉਂਦੇ ਹਨ।

( ਚਲਾਉਣਾ )

**ਗੋਬਰ,** ਪੁ: -ਗਊ ਦਾ ਸੱਜਰਾ ਗੋਹਾ।

**ਗੋਬਰ ਗਨੇਸ਼,** ਪੁ: -ਮੋਟੇ ਢਿੱਡ ਵਾਲਾ ਮਨੁੱਖ, ਬੁੱਧੂ

**ਗੋਬਰੀ,** ਸ: —ਗੋਹਾ ਅਤੇ ਮਿੱਟੀ ਮਿਲੇ ਹੋਏ ( ਕਰਨੀ, ਫੇਰਨੀ )॥

**ਗੋਬਿੰਦ** / **ਗੋਵਿੰਦ** } ਪੁ:—ਧਿਰਤੀ ਦਾ ਪਾਲਕ, ਪਰਮੇਸ਼ਰ।

**ਗੋਭ,** ਪੁ:—ਗੁੱਦਾ, ਕਲੀ, ਕੂਮਲਾਂ।

**ਗੋਭੀ,** ਸ:—ਇੱਕ ਮਸ਼ਹੂਰ ਭਾਜੀ॥

**ਬੰਦ ਗੋਭੀ,** ਸ:—ਜਿਸ ਦਾ ਫੁੱਲ ਖਿੜਦਾ ਨਹੀਂ॥

**ਗੰਢ ਗੋਭੀ,** ਸ:—ਜੋ ਹੇਠੋਂ ਗੋਂਗਲੂ ਵਾਂਗੂੰ ਹੁੰਦੀ ਹੈ॥

**ਗੋਭੂ,** ਵਿ: ਭੋਲਾ, ਸਿੱਧਾ, ਮੋਟੇ ਢਿੱਡ ਵਾਲਾ।

**ਗੋਮਰੋ,** ਵਿ: ਗੜ ਬੜ, ਜਿਸ ਦਾ ਨਾ ਕਾਂਹਲਾ [illegible]।

**ਗੋਰ,** ਸ: ਕਬਰ, ਮੜ੍ਹੀ।

**ਗੋਰਖ,** ਪੁ: —ਜੋਗੀਆਂ ਦਾ ਗੁਰੂ, ਦੁੱਧ॥

**ਗੋਰਖ ਧੰਦਾ,** ਪੁ:—ਔਖਾ ਕੰਮ॥

**ਗੋਰਖ ਨਾਥ,** ਪੁ:—ਜੋਗੀਆਂ ਦੇ ਪੰਥ ਦਾ ਆਦਿ [illegible]।

**ਗੋਰਖਣ,** ਸ: / **ਗੋਰਖਾ,** ਪੁ: / **ਗੋਰਖੀਆ,** ਪੁ: } ਇੱਕ ਪਹਾੜੀ ਕੌਮ, ਨੇਪਾਲ ਦੇ ਲੋਕ॥

**ਗੋਰਾ,** ਪੁ: / **ਗੋਰੀ,** ਸ: } ਵਿ: ਜਿਸ ਦਾ ਰੰਗ ਚਿਟਾ ਹੋ, ਸੁੰਦਰ।

**ਗੋਰਾ,** ਪੁ: ਫਰੰਗੀ ਸਿਪਾਹੀ, ਅੰਗ੍ਰੇਜ਼।

**ਗੋਰੂ,** ਪੁ:—ਮੱਝਾਂ ਤੇ [illegible] ਹੋਰ ਡੰਗਰ॥

**ਗੋਰੋਚਣ,** ਸ:—ਇਕ ਦਵਾ, 'ਗੁਲੋਚਨ' ਵੇਖੋ।

**ਗੋਲ,** ਵਿ:—ਗੋਲੇ ਜਾਂ ਚੱਕਰ ਵਰਗਾ, ਜੋ ਸਾਫ਼ ਨਹੀਂ, ਚਾਰੇ ਵਾਸਤੇ ਦੂਏ ਪਿੰਡ ਭੇਜੇ ਹੋਏ ਪਸੂਆਂ ਦਾ ਵੱਗ। ਫੁੱਟ ਬਾਲ ਦੇ ਦੋ ਖੜ੍ਹੇ ਡੰਡਿਆਂ ਦੇ ਵਿਚਕਾਰਲੀ ਥਾਂ॥

**ਗੋਲ ਹੋ ਜਾਣਾ,** ਕ੍ਰਿ:—ਫੁਟ ਬਾਲ ਦਾ ਗੋਲ ਦੇ ਵਿੱਚੋਂ ਲੰਘ ਜਾਣਾ॥

**ਗੋਲ ਕਰ ਦੇਣਾ,** ਕ੍ਰਿ:—ਫੁਟਬਾਲ ਨੂੰ ਗੋਲ ਵਿੱਚੋਂ ਲੰਘਾ ਦੇਣਾ।

Digitized by Panjab Digital Library / www.panjabdigilib.org

**ਗੋਲ ਗੱਪਾ,** ਪੁ: ਮੈਦੇ ਦਾ ਪੋਲਾ ਤਲਿਆ ਤੇਲ ਵਿਚ ਤਲਕੇ ਖੱਟੇ ਅਤੇ ਚਟਨੀ ਦਾ ਭਰਿਆ ਹੋਇਆ।

**ਗੋਲ ਮੋਲ**
**ਗੋਲ ਰੂਪ** } ਵਿ:—ਘੇਰੇ ਵਾਲਾ, ਪੇਚਦਾਰ।

**ਗੋਲਕ,** ਸ:—ਸੰਦੂਕੜੀ ਜਾਂ ਖੁੱਤ ਜਿਸ ਵਿਚ ਰੁਪਏ ਪੈਸੇ ਪਾਕੇ ਜਮਾ ਕੀਤੇ ਜਾਣ, ਧਨ, ਮਾਯਾ।

**ਗੋਲਤਾ**
**ਗੋਲਤਾਈ** } ਸ: ਗੋਲ ਹੋਣ ਦਾ ਗੁਣ, ਗੁਲਾਈ।

**ਗੋਲੰਦਾਜ,** ਪੁ: —ਤੋਪ ਜਾਂ ਬੰਦੂਕ ਚਲਾਉਣ ਵਾਲਾ॥

**ਗੋਲੰਦਾਜ਼ੀ,** ਸ:—ਤੋਪ ਜਾਂ ਬੰਦੂਕ ਚਲਾਉਣ ਦਾ ਕੰਮ।

**ਗੋਲਾ,** ਪੁ:—ਇਕ ਅਜੇਹੀ ਸ਼ਕਲ ਦੀ ਚੀਜ਼ ਜਿਸ ਦੀ ਪਿੰਠ ਦਾ ਹਰ ਹਿੱਸਾ ਇੱਕ ਅੰਦਰਲ ਨੁਕਤੇ ਤੋਂ ਬਰਾਬਰ ਵਿੱਥ ਤੇ ਹੋਵੇ, ਤੋਪ ਜਾਂ ਅਸਤ੍ਰਖਾਨੇ ਦਾ ਗੋਲਾ, ਡਾਟ, ਸੰਜ, ਪੇਟ ਦਾ ਰੋਗ, ਸੜਕ ਦਾ ਪੱਕਾ ਹਿੱਸਾ॥

**ਗੋੱਲਾ,** ਪੁ:
**ਗੋੱਲੀ,** ਸ: } ਗੁਲਾਮ, ਨੌਕਰ, ਚਾਕਰ। ਸ਼ਰਾਰਤ ਕਰਨ ਵਾਲਾ (ਲੀ)।

**ਗੋਲੀ,** ਸ:—ਨਿੱਕਾ ਗੋਲਾ, ਬੰਦੂਕ ਦੀ ਗੋਲੀ (ਭਰਨਾ, ਮਾਰਨਾ, ਲੱਗਣਾ), ਦੁਆ ਦੀ ਗੋਲੀ (ਦੇਣੀ, ਬੰਨ੍ਹਣੀ)॥

**ਗੋਲੀ ਦੀ ਮਾਰ (ਵਾਟ),** ਸ:—ਜਿੰਨੀ ਵਿੱਥ ਤੇ ਬੰਦੂਕ ਦੀ ਗੋਲੀ ਜਾਵੇ॥

**ਗੋਜ਼,** ਪੁ: ਵੈਰ, ਬਦਲਾ (ਕੱਢਣਾ, ਲੈਣਾ)।

**ਗੌਂ,** ਪੁ:
ਸ: } ਤਲਬ, ਪਰੋਜਨ, ਗ਼ਰਜ਼, ਲੋੜ, ਮਰਜ਼ੀ (ਕਰਨਾ, ਕੱਢਣਾ, ਲੈਣਾ)
ਗੌਂ ਭੁਨਾਵੇ ਜੌਂ ਭਾਵੇਂ ਗਿਲੇ ਹੋਣ—ਗੌਂ ਵੇਲੇ ਮਨੁੱਖ ਉਹ ਕੰਮ ਕਰਦਾ ਹੈ ਜੋ ਹੋਰ ਵੇਲੇ ਨਹੀਂ ਕਰਦਾ

**ਗੌਂਗੀਰ (ਰਾ)** ਪੁ:
**ਗੌਂਗੀਰਨ (ਨੀ)** ਸ: } ਜੋ ਆਪਣਾ ਮਤਲਬ ਪੂਰਾ ਕਰੇ।

**ਗੌਂਸ,** ਪੁ: ਸਾਈਂ ਲੋਕ, ਵਲੀ, ਨੇਕ ਬੰਦਾ॥

**ਗੌਹ,** ਪੁ:—ਧਿਆਨ, ਪਰਵਾਹ, ਸੋਝੀ (ਗੌਹ ਕਰਕੇ)

**ਗੌਹਰ,** ਪੁ: ਮੋਤੀ, ਅਸਲ, ਕੁਲ।

**ਗੌਗਾ,** ਪੁ: ਸ਼ੋਰ ਸ਼ਰਾਬਾ, ਰੌਲਾ॥

**ਗੌਗਾਈ,** ਪੁ:—ਰੌਲਾ ਪਾਉਣ ਵਾਲਾ।

**ਗੌਂਚੀ,** ਸ:—ਗੁੱਝੀ, ਧ੍ਰਸਾਈ, ਖਿਸਕ ਜਾਣਾ (ਮਾਰਨੀ, ਲਾਉਣੀ)॥

**ਗੌਣ,** ਪੁ:—ਗੀਤ, ਅੰਗ੍ਰੇਜ਼ੀ ਲਹਿੰਗਾ।

**ਗੌਟੀ,** ਸ:—ਜੁੱਤੀ (ਮਾਰਨਾ)॥

**ਗੌਂਟੀਮਾਰ,** ਪੁ:
**ਗੌਂਟੀਮਾਰਨੀ,** ਸ: } ਠੱਗਾਂ ਦੀ ਇੱਕ ਜ਼ਾਤ॥

**ਗੌਰ,** ਸ: —ਧਿਆਨ, ਸੋਚ, ਵਿਚਾਰ (ਕਰਨੀ)॥

**ਗੌਰਮਿੰਟ,** ਸ:— ਸਰਕਾਰ, ਅੰਗ੍ਰੇਜ਼ੀ ਰਾਜ॥

**ਗੌਰਜਾਂ**
**ਗੌਰਾਂ, ਗੌਰੀ** } ਸ:—ਸ਼ਿਵਜੀ ਦੀ ਇਸਤ੍ਰੀ, ਪਾਰਬਤੀ।

**ਗੌਰੀ ਸ਼ੰਕਰ,** ਪੁ:—ਸ਼ਿਵਜੀ, ਮਹੇਸ਼, ਮਹਾਦੇਉ॥

**ਗੌਰੀ ਪੁੱਤ੍ਰ,** ਪੁ: -ਗਣੇਸ਼॥

**ਗੌੜ,** ਪੁ:—ਬ੍ਰਾਹਮਣਾਂ ਦੀ ਇਕ ਜਾਤ, ਇੱਕ ਰਾਗ॥

**ਗੌੜੀ,** ਸ: ਦੁਪਹਿਰ ਵੇਲੇ ਗਾਉਣ ਵਾਲਾ ਇੱਕ ਰਾਗ।

Digitized by Panjab Digital Library | www.panjabdigilib.org

## ਘ

**ਘ,** ਪੁਃ—ਘੱਗਾ, ਗੁਰਮੁਖੀ ਅੱਖਰਾਂ ਦਾ ਅੱਖਰ ।

**ਘਊਂ ਘਊਂ ਕਰਨਾ,** ਕ੍ਰਿਃ—ਬਹੁਤ ਖੰਘਣਾ, ਸੰਘ ਬੋਲਣਾ ॥

**ਘਸਣਾ,** ਕ੍ਰਿਃ—ਰਗੜਨਾ, ਮਲਣਾ, ਭੁਰਨਾ ।

**ਘਸਮੈਲਾ,** ਵਿਃ—ਥੋੜ੍ਹਾ ਜੇਹਾ ਮੈਲਾ ॥

**ਘਸਰ,** ਸਃ—ਛੋਹ, ਰਗੜ, ਝਰੀਟ ।

**ਘਸਰ ਮਸਰ,** ਸਃ—ਢਿੱਲ, ਸੁਸਤੀ (ਕਰਨੀ) ॥

**ਘਸਰਨਾ,** ਕ੍ਰਿਃ—ਰਗੜਨਾ, ਮਲਣਾ, ਛੋਹਣਾ।

**ਘਸਰਾਉਣਾ,** ਕ੍ਰਿਃ—ਰਗੜਾਉਣਾ, ਘਸੀਟਣਾ ।

**ਘਸਲਣਾ,** ਕ੍ਰਿਃ—ਮਿੱਟੀ ਵਿੱਚ ਮਲਕੇ ਮੈਲਾ ਕਰਨਾ ( ਕਪੜਾ ) ॥

**ਘਸਲ ਮਸਲ,** ਸਃ—ਹੀਲਾ, ਬਹਾਨਾ, ਝੂਠ ( ਕਰਨੀ ) ॥

**ਘਸਵਾਉਣਾ,** ਕ੍ਰਿਃ—ਰਗੜਵਾਉਣਾ, ਮਲਵਾਉਣਾ ।

**ਘਸਵਾਈ,** ਸਃ—ਘਸਾਉਣ ਦੀ ਮਜੂਰੀ ।

**ਘੱਸਾ,** ਪੁਃ—ਰਗੜ, ਧੱਕਾ ( ਮਾਰਨਾ, ਲੱਗਣਾ, ਲਾਉਣਾ ) ॥

**ਘੱਸਾ ਕਰਨਾ,** ਕ੍ਰਿਃ—ਬੜੀ ਕਾਹਲੀ ਨਾਲ ਕੋਈ ਕੰਮ ਕਰਨਾ ।

**ਘਸਾਉ,** ਪੁਃ ਰਗੜ, ਰਗੜ ਦਾ ਨਿਸ਼ਾਨ

**ਘਸਾਉਣਾ,** ਕ੍ਰਿਃ—ਰਗੜਨਾ, ਪੀਹਣਾ, ਘਸਣ ਦੇਣਾ ।

**ਘਸਾਊ,** ਪੁਃ—ਘਸਾਉਣ ਵਾਲਾ, ਜੋ ਘਸ ਸੱਕੇ ।

**ਘਸਾਈ,** ਸਃ—ਘਸਾਉਣ ਦਾ ਕੰਮ ਜਾਂ ਮਜੂਰੀ ।

**ਘਸਿਆਰਣ / ਘਸਿਆਰੀ** } ਸਃ ਘਾਹ ਖੋਤਰਨ ਵਾਲੀ, ਘਸਿਆਰੇ ਦੀ ਤ੍ਰੀਮਤ ।

**ਘਸਿਆਰਾ,** ਪੁਃ—ਘਾਹ ਖੋਤਰਨ ਵਾਲਾ ।

**ਘਸੀਟ,** ਸਃ ਖਿਚ, ਧੂਹ, ਘਸੀਟਣ ਦਾ ਭਾਵ ।

**ਘਸੀਟਣਾ,** ਕ੍ਰਿਃ—ਖਿੱਚਣਾ, ਧੂਹਣਾ, ਛੇਤੀ ਲਿਖਣਾ ॥

**ਘਸੀਟਵਾਉਣਾ,** ਕ੍ਰਿਃ—ਘਸੀਟਣ ਦਾ ਕੰਮ ਕਰਾਉਣਾ ॥

**ਘਸੀਟ ਵਾਈ,** ਸਃ—ਘਸੀਟਣ ਦੀ ਮਜੂਰੀ ।

**ਘਸੁੰਨ,** ਪੁਃ—ਜ਼ੋਰ ਦਾ ਮੁੱਕਾ, ਵੱਟੀ ਹੋਈ ਮੁੱਠ ਦੀ ਸੱਟ ।

**ਘੱਸੂ,** ਸਃ, ਵਿਃ—ਥੋੜੀ ਧਰਤੀ, ਜਿੱਥੇ ਸੌਖਾ ਹਲ ਫਿਰੇ ।

ਪੁਃ—ਜਿਦ, ਅੜ੍ਹਬ ਪੁਣਾ, ਘੋਲ ( ਕਰਨਾ ਮਾਰਨਾ, ਰਚਣਾ ) ॥

**ਘੱਸੂ ਮਾਰ,** ਵਿਃ—ਜਿੱਦੀ, ਅੜ੍ਹਬ, ਘੋਲੀਆ ।

**ਘਸੈਲਾ,** ਵਿਃ ਰਗੜ ਨਾਲ ਘਸਣ ਵਾਲਾ, ਮਲਿਆ

**ਘਸੌਟੀ,** ਸਃ—'ਕਸੌਟੀ' ਵੇਖੋ ।

**ਘੱਗ,** ਸਃ ਛੇਕ, ਟੋਇਆ, ਖੁੰਡ, ਤਾਲੂ ॥

**ਘੱਗਾਂ ਬਹਿ, ਬੈਠ ਜਾਂ ਮਿਲ ਜਾਣੀਆਂ** ਕ੍ਰਿ—ਸੰਘ ਬਹਿ ਜਾਣਾ ।

**ਘੱਗਰਾ,** ਪੁਃ / **ਘੱਗਰੀ,** ਸਃ } ਤ੍ਰੀਮਤਾ ਦੇ ਲੱਕ ਦਾ ਘੇਰੇ ਵਾਲਾ ਕਪੜਾ ॥

**ਘੱਗਰੀ ਭੁੜਕਾਉਣੀ,** ਕ੍ਰਿਃ—ਥਾਂ ਥਾਂ ਫਿਰਨਾ॥ ( ਤ੍ਰੀਮਤ ਦਾ )

Digitized by Panjab Digital Library | www.panjabdigilib.org

**ਘਗਰੋਲ,** ਸ਼—ਘੱਗਰੀ ਵਾਲੀ । 'ਜੇਹੜੀ ਤ੍ਰੀਮਤ ਪੇਸ਼ਾ ਨਹੀਂ ਕਰਦੀ' ।

**ਘੱਗਾ,** ਪੁ: ਗੁਰਮੁਖੀ ਪੈਂਤੀ ਦਾ ਨੌਵਾਂ ਅਖਰ, 'ਘ' ।

ਵਿ:—ਜਿਸ ਦਾ ਗਲ ਬੈਠਾ ਹੋਇਆ ਹੈ, ਘੋਗਲਾ।

**ਘੰਗਾਰ,** ਪੁ:—ਖੰਘਾਰ ।

**ਘੰਗਾਰਨਾ, ਘੰਗੂਰਨਾ** } ਕ੍ਰਿ: 'ਖੰਘਾਰ' ਦੇ ।

**ਘੰਗਾਲ ਸੱਟਣਾ, ਘੰਗਾਲਣਾ** } ਕ੍ਰਿ: ਪਾਣੀ ਵਿਚ ਹਿਲਾ ਕੇ ਸਾਫ਼ ਕਰਨਾ ।

**ਘੰਗੂਟਾ, ਘੰਗੋਟਾ** } ਪੁ:—ਇਕ ਕੰਮ ਦੇ ਗੋਲ ਵੱਟੇ ਦਾ ਪੈਂਡਾ ।

**ਘੱਚ ਘੱਚ** ਸ: ਚਿੱਕੜ ਪਾਣੀ ਵਿਚ ਚੱਲਣ ਜਾਂ ਛੋਟੀ ਛੋਟੀ ਬੋਲਣ ਦੀ ਅਵਾਜ਼ (ਕਰਨਾ, ਮਾਰਨਾ) ।

**ਘਚਲਾ,** ਵਿ: —ਜੋ ਅੱਖਰਾਂ ਦੀ ਅਵਾਜ਼ ਠੀਕ ਨਾ ਮੂੰਹੋਂ ਕੱਢ ਸੱਕੇ ।

**ਘਚਾ ਪੀਚ,** ਪੁ:, ਸ:—ਭੀੜ ਭੜਕਾ, ਅਟਕਾਉ ।

**ਘਚੋਲ,** ਪੁ: —ਗੜ ਬੜ, ਗਲਤ ਹਿਸਾਬ ॥

**ਘਚੋਲ ਦੇਣਾ, ਘਚੋਲਣਾ** } ਕ੍ਰਿ:—ਪਾਣੀ ਨੂੰ ਗੰਦਲਾ ਕਰ ਦੇਣਾ ।

**ਘਟ,** ਪੁ:—ਬੱਦਲ (ਆਉਣੀ, ਚੜ੍ਹਣੀ) ਮਨ, ਆਤਮਾ, ਵਿਚ ਵੱਸਣਾ, ਘੜਾ ।

**ਘੱਟ,** ਸ: ਥੋੜਾ, ਥੜ, ਕੰਮ, ਕੱਸਾ ॥

ਕ੍ਰਿ:, ਵਿ: —ਥੋੜ੍ਹਾ, ਕਦੇ ਹੀ ॥

**ਘੱਟ ਨਾਂ ਕਰਨਾ,** ਕ੍ਰਿ:—ਪੂਰਾ ਬਦਲਾ ਲੈਣਾ।

**ਘੱਟ ਵੱਧ,** ਵਿ:—ਥੋੜ੍ਹਾ ਜਾਂ ਬਹੁਤ, ਜਿੰਨਾ ਹੋ ਸੱਕੇ।

**ਘੱਟ ਵਾਹਾ,** ਪੁ: ਘੱਟ ਤੋਲਣ ਵਾਲਾ ॥

**ਘਟਣਾ,** ਕ੍ਰਿ: —ਘਟ ਹੋਣਾ, ਥੁੜਨਾ, ਲਗਣਾ, ਦਾ ਮੁਨਾਸਬ ਗਲ ਹੋਣੀ ॥

**ਘਟਾ,** ਸ:—ਬੱਦਲਾਂ ਦਾ ਇਕੱਠ (ਉੱਠਣੀ ਚੜ੍ਹਨੀ) ।

**ਘਟਾ ਟੋਪ,** ਪੁ: ਬੱਦਲਾਂ ਦਾ ਬਿਲਕੁਲ ਛਾ ਜਾਣਾ ਘੱਟੇ ਤੋਂ ਬਚਾਉਣ ਲਈ ਗੱਡੀ ਪਾਲਕੀ ਆਦਿਕ ਉੱਪਰ ਪਾਉਣ ਵਾਲਾ ਪੜਦਾ ਜਾਂ ਕੱਪੜੇ ਦਾ ਟੋਪ ।

**ਘੱਟਾ,** ਪੁ: ਗਰਦਾ, ਖੇਹ, ਧੂੜ । ਮੂਰਖ ਆਦਮੀ ।

**ਘੱਟਾ ਉੱਡਣਾ,** ਕ੍ਰਿ:—ਘਰ ਛਹਿਣੀ, ਤਬਾਹ ਹੋ ਜਾਣਾ ॥

**ਘੱਟਾ ਉਡਾਉਣਾ, ਘੱਟਾ ਉਡਾਉਂਦੇ ਫਿਰਨਾ** } ਕ੍ਰਿ: ਅਵਾਰਾ ਫਿਰਨਾ, ਬਦਨਾਮੀ ਕਰਨੀ ।

**ਸਿਰ ਤੇ ਘੱਟਾ ਪਾਉਣਾ,** ਕ੍ਰਿ: ਮੰਦ ਕੰਮਾ ਨਾਲ ਨੀਂਵਾਂ ਕਰਾਉਣੀ ॥

**ਘੱਟਾ ਛਾਨਣਾ, ਘੱਟਾ ਛਾਣਦੇ ਫਿਰਨਾ** } ਕ੍ਰਿ: —ਅਵਾਰਾ ਫਿਰਨਾ, ਬਿਅਰਥ ਜਤਨ ਕਰਨਾ ॥

**ਘੱਟੇ ਕੌਡਾਂ ਰਲਾਉਣੀਆਂ,** ਕ੍ਰਿ:—ਬੇ ਅਰਥ ਕੰਮ ਕਰਨਾ, ਕਿਸੇ ਦੇ ਕੀਤੇ ਨੂੰ ਨਾ ਜਾਨਣਾ ॥

**ਘੰਟਾ,** ਪੁ:—ਘੜਿਆਲ, ਟੱਲ, ਸਠ ਮਿਨਟਾਂ ਦਾ ਵੇਲਾ, ਵੱਜਣ ਵਾਲੀ ਘੜੀ ॥

**ਘੰਟਾ ਘਰ,** ਪੁ:—ਮੁਨਾਰਾ ਜਿਸ ਵਿੱਚ ਘੜੀ ਲੱਗੀ ਹੋਵੇ ।

**ਘਟਾਉ,** ਪੁ: ਘਟ ਜਾਣ ਦੀ ਹਾਲਤ ॥

**ਘਟਾਉਣਾ,** ਕ੍ਰਿ:—ਘਟ ਕਰ ਦੇਣਾ ਬਾਕੀ ਕੱਢਣੀ, ਉਤਾਰਨਾ ॥

Digitized by Panjab Digital Library | www.panjabdigilib.org

**ਘੰਟਾਲ,** ਪੁ:—ਜਿਸ ਦੇ ਅੱਗੇ ਘੰਟਾ ਵੱਜੇ, ਪਖੰਡੀ, ਛਲਕ ।

**ਘਟਾ,** ਸ:—ਘਾਟਾ, ਮੌਤ ( ਘਟਾ ਦਾ ਕੋਈ ਦਾਰੂ ਨਹੀਂ ) ॥

**ਘੰਟੀ,** ਸ:—ਛੋਟਾ ਘੰਟਾ, ਟੱਲੀ ।

**ਘਟੀਆ,** ਵਿ:—ਜਿਸ ਦਾ ਮੁੱਲ ਥੋੜਾ ਹੈ, ਨੀਵੇਂ ਮੇਲ ਦਾ ( ਦੀ ) ॥

**ਘੱਠਾ,** ਪੁ:—ਰਗੜ ਨਾਲ ਕਰੜੀ ਹੋਈ ਹੋਈ ਹੱਥ ਦੀ ਕੋਈ ਥਾਂ ॥

**ਘੰਡ,** ਪੁ:—ਸਣ ਅਤੇ ਸਣਕੜੇ ਦਾ ਬੀ, ਘੰਡੀ, ਨਕਾਰਾ ਆਦਮੀ ॥

**ਘੰਡਾ,** ਪੁ:—ਇੱਕ ਵਾਜਾ ਜਿਸ ਦੀ ਅਵਾਜ਼ ਸੁਣ ਕੇ ਹਰਨ ਚਲੇ ਆਉਣ ।

**ਘੰਡਾ ਹੇੜਾ**<br>**ਘੰਡਾਹੇੜਾ** } ਪੁ:—ਐਵੇਂ ਮਿਹਨਤ ਕਰਨੀ, ਬੇਅਰਥ ਖੇਚਲ ।

**ਘੜਾਉਣਾ,** ਕ੍ਰਿ:—ਕਢਾਉਣਾ, ਬਾਹਰ ਕਰਵਾਉਣਾ, ਸਿਵਾਉਣਾ ।

**ਘੜਾਈ,** ਸ:—ਕੱਢਣ ਜਾਂ ਸੀਉਣ ਦੀ ਮਜੂਰੀ, ਖੇਤ ਜਾਂ ਖੂਹ ਦੀ ਮੇਲ ॥

**ਘੰਡੀ,** ਸ:—ਗਲ ਦੀ ਅੱਗੇ ਵਧੀ ਹੋਈ ਹੱਡੀ, ਸੰਘ ਦਾ ਇੱਕ ਰੋਗ ॥

**ਘੰਡੀ ਕਰਨੀ,** ਕ੍ਰਿ:—ਗਲ ਮਲਣਾ ॥

**ਘੰਡੀ ਨਿਕਲਣੀ**<br>**ਘੰਡੀ ਫੁੱਟਣੀ** } ਕ੍ਰਿ:—ਜੁਆਨੀ ਚੜ੍ਹਨੀ ।

**ਘੰਡੀ ਪੈਣੀ,** ਕ੍ਰਿ:—ਸੰਘ ਦਾ ਸੁੱਜਣਾ ਤੇ ਪੀੜ ਹੋਣੀ ॥

**ਘਣ,** ਪੁ:—ਲੁਹਾਰ ਦਾ ਵੱਡਾ ਹਥੌੜਾ, ਖੇਤ ਵਿਚ ਜ਼ਿਮੀ ਵਿੱਚ ਜੋ ਟੋਇਆ ਪੁੱਟਿਆ ਜਾਵੇ, ਚੌਰਸ ਸ਼ਕਲ, ਕੋਲਿਆਂ ਦਾ ਗੁੱਛਾ ॥

**ਘਣ ਚਾਲ,** ਸ:—ਇੱਕ ਖੇਡ

**ਘਣਾ ( ਘਨਾ )** ਪੁ:<br>**ਘਣੀ** ਸ: } ਵਿ: ਸੰਘਣਾ, ਣੀ, ਵਧੇਰਾ (ਰੀ), ਕਈ ।

**ਘਤਣਾ,** ਕ੍ਰਿ:—ਸੁੱਟਣਾ, ਪਾਉਣਾ, ਰੱਖਣਾ, ਪਹਿਨਣਾ, ਮਾਰਨਾ ।

**ਘਣੀ ਮਾਰ,** ਵਿ:—ਬਹੁਤ ਪਰ ਸਸਤਾ ॥

**ਘੰਦੂਈ**<br>**ਘੰਦੋਈ** } ਸ: ਵੱਡੀ ਸੂਈ ।

**ਘੰਧੋਲਾ,** ਪੁ: ਪਾਟੀ ਪੁਰਾਣੀ ਰਜਾਈ, ਗੋਦੜੀ ॥

**ਘਨ,** ਪੁ:—( ਬਹੁ: ਬ: ), ਬੱਦਲ ॥

**ਘਨ ਸਿਆਮ**<br>**ਘਨਸ਼ਾਮ** } ਪੁ:—ਕ੍ਰਿਸ਼ਨ, ਕਾਲਾ ਬੱਦਲ ॥

**ਘਨ ਘੋਰ,** ਸ:—ਗਰਜ, ਬੱਦਲ ਛਾਏ ਹੋਏ ।

**ਘਨ ਚੱਕਰ,** ਪੁ:—ਮੂਰਖ ਆਦਮੀ ॥

**ਘਨ ਛੱਤ,** ਵਿ:—ਬੱਦਲਾਂ ਵਾਲਾ, (ਲੀ) ॥

**ਘਨਈਯਾ,** ਪੁ:—ਕ੍ਰਿਸ਼ਨ, ਸੁੰਦਰ ਲੜਕਾ ॥

**ਘਨੇਯਰ,** ਵਿ:—ਮੀਂਹ ਵਾਲਾ ( ਲੀ ) ॥

**ਘਨੇਰਾ,** ਵਿ:—ਬਹੁਤਾ, ਵਧੇਰਾ ॥

**ਘਨੇੜੀ,** ਸ:—ਮੋਢਾ ॥

**ਘਨੇੜੇ,** ਕ੍ਰਿ:ਵਿ:—ਮੋਢੇ ਉੱਤੇ ॥

**ਘੱਪ ਘੱਪ**<br>**ਘਪਲ ਘਪਲ** } ਸ:—ਦੰਦਾਂ ਦੇ ਨਾ ਹੋਣ ਕਰਕੇ ਜੋ ਠੀਕ ਅਵਾਜ਼ ਨਹੀਂ ਨਿਕਲਦੀ ( ਕਰਨਾ ) ॥

Digitized by Panjab Digital Library | www.panjabdigilib.org

**ਘਪਲਾ,** ਪੁ: ਜੋ ਠੀਕ ਤਰ੍ਹਾਂ ਨਾ ਬੋਲ ਸਕਦਾ

**ਘਬਰਾ,** ਪੁ: ਘਬਰਾਹਟ ।

**ਘਬਰਾ ਪਾ ਦੇਣਾ,** ਕ੍ਰਿ:—ਦੂਜੇ ਨੂੰ ਹਰਾਨ ਕਰਨਾ ।

**ਘਬਰਾਉਣਾ**
**ਘਬਰਾ ਦੇਣਾ** } ਕ੍ਰਿ: ਹਰਾਨ ਕਰਨਾ, ਹਰਾਨ ਹੋਣਾ, ਬਿਆਕੁਲ ਹੋਣਾ ਜ ਕਰਨਾ

**ਘਬਰਾਹਟ**
**ਘਬਰਾਟ** } ਸ: ਘਾਬਰਨ ਦੀ ਹਾਲਤ ॥

**ਘਮਸਾ,** ਸ: ਨਿਸ਼ਾਨ, ਦਾਗ ( ਲੱਗਣਾ ) ।

**ਘਮਸਾਣ,** [illegible]
**ਘਮਸਾਣ ਚੋਦੇਂ,** ਸ: } ਫਸਾਦ [illegible] ਲੜਾਈ

**ਘੱਮ ਘੱਮ**
**ਘੱਮਾਂ ਘੱਮ** } ਪੁ:, ਸ: ਕਿਸੀ ਉੱਤੇ ਧੋਂਦ ਮਾਰਨ ਦੀ ਅਵਾਜ ( ਕਰਨਾ, ਮਾਰਨਾ ) ।

**ਘਮੰਡ,** ਪੁ:—ਗੁਮਾਨ, ਹੰਕਾਰ, ਸ਼ੇਖੀ, ਆਕੜ ।

**ਘਮੰਡੀ,** ਵਿ:—ਹੰਕਾਰੀ, ਅਭਿਮਾਨੀ ।

**ਘਮਰੋਲ,** ਸ: ਭੀੜ, ਹਲਚਲ, ਭੁੱਲ ॥

**ਘਮਰੌੜੀ,** ਸ: [illegible] ਫੁੱਲਣ, ਕੱਪੜੇ ਨੂੰ [illegible] ਹਲੀ [illegible]

**ਘਮਾਂ**
**ਘਮਾਉਂ** } ਪੁ: —ਧਰਤੀ ਦਾ ਮਾਪ, ੮ ਕਨਾਲ ॥

**ਘਮਾਘਮ,** ਸ: —ਕਿਸੇ ਚੀਜ਼ ਦੇ ਕੁੱਟਣ ਜਾਂ ਮੀਂਹ ਪੈਣ ਆਦਿਕ ਦੀ ਅਵਾਜ਼ । ਕ੍ਰਿ: ਵਿ:—ਲਗਾਤਾਰ, ਝਟ ਪੱਟ ।



**ਘਮਾਰ, ਘਮਿਆਰ**
**ਘਮਾਰੀ, ਘਮਿਆਰੀ,** } ਘੁਮਾਰ' ਆਦਿਕ ਦੇਖੋ

**ਘਰ,** ਪੁ: ਰਹਿਣ ਦੀ ਥਾਂ, ਮਕਾਨ, ਕੋਠਾ, ਚੁਬਾਰਾ, ਇਮਾਰਤ । ਕੁਲ, ਬੰਸ । ਖੁੱਡ, ਆਲ੍ਹਣਾ, ਕੋਹ, ਘੁਰਨਾ, ਖ਼ਾਨਾ, ਰਖਣਾ ਜਿੱਥੇ ਕੋਈ ਚੀਜ਼ ਪੈਂਦਾ ਹੋਵੇ । ਵਤਨ, ਜਨਮ ਭੂਮ ।

**ਘਰ ਉੱਜੜਨਾ,** ਕ੍ਰਿ: ਵਹੁਟੀ ਮਰ ਜਾਣੀ ।

**ਘਰ ਉਜਾੜ ਸੁੱਟਣਾ (ਦੇਣਾ)**
**ਘਰ ਉਜਾੜਨਾ** } ਕ੍ਰਿ: ਘਰ ਵਿਚ ਲੜਾਈ ਝਗੜਾ ਪਾਉਣਾ, ਘਰ ਦਾ ਮਾਲ ਉੜਾ ਦੇਣਾ ॥

**ਘਰ ਕਰਨਾ,** ਕ੍ਰਿ:—ਥਾਂ ਮੱਲਣੀ, ਵਿਆਹ ਹੋਣਾ ॥

**ਘਰ ਗਾਲਣਾ,** ਕ੍ਰਿ:—ਘਰ ਬਰਬਾਦ ਕਰਨਾ ॥

**ਘਰ ਘਾਟ,** ਪੁ:—ਘਰ ਬਾਰ, ਟੱਬਰ ਕਬੀਲਾ ॥

**ਘਰ ਜੰਮ,** ਵਿ:—ਘਰ ਵਿਚ ਜੰਮਿਆ ਹੋਇਆ ਜਨੌਰ ॥

**ਘਰ ਦਾ,** ਵਿ:—ਆਪਣਾ ( ਓਪਰਾ ਨਹੀਂ ) ॥

**ਘਰ ਦਾ ਨਾਂ ਡੋਬਣਾ,** ਕ੍ਰਿ:—ਕੁਲ ਨੂੰ ਦਾਗ ਲਾਉਣਾ ।

**ਘਰ ਦਾ ਢਾਂਚਾ ਬੰਨ੍ਹਣਾ(ਬਨਾਉਣਾ)**
**ਘਰ ਦਾ ਬੰਨ੍ਹਣੂ ਬੰਨ੍ਹਣਾ** } ਕ੍ਰਿ:—ਘਰ ਦਾ ਬੰਦੋਬਸਤ ਕਰਨਾ, ਵਿਆਹ ਕਰਨਾ ॥

**ਘਰ ਦਾ ਨੂੰਹਾ ਦੂਏ ਪਾਸੇ (ਹੋਣੇ, ਲਾਉਣਾ)** ਕ੍ਰਿ:—ਘਰ ਉਜਾੜਨਾ, ਮਾਲ ਉੜਾਉਣਾ ।

**ਘਰ ਦਾ ਬੂਹਾ ਦੂਜੇ ਦਾ ਹੋਣਾ,** ਕ੍ਰਿ:—ਘਰ ਉਜੜਨਾ

**ਘਰ ਦਾ ਭੇਤੀ,** ਪੁ:—ਜਿਸ ਨੂੰ ਕਿਸੇ ਦਾ ਅੰਦਰਲਾ ਹਾਲ ਮਲੂਮ ਹੈ ॥

Digitized by Panjab Digital Library / www.panjabdigilib.org

**ਘਰ ਦੀ ਗੱਲ,** ਸ਼ਃ—ਸੌਖਾ ਕੰਮ ।

**ਘਰ ਦੀ ਜੁਗਤ,** ਸ਼ਃ—ਸਰਫ਼ੇ ਨਾਲ ਘਰ ਦਾ ਖਰਚ ਕਰਨਾ ।

**ਘਰ ਦੇ (ਘਰੋਂ)**
**ਘਰ ਦੇ ਲੋਕ** } ਸ਼ਃ—ਟੱਬਰ ਵਹੁਟੀ

**ਨਘਰਾ,** ਵਿਃ—ਜਿਸ ਦਾ ਘਰ ਘਾਟ ਨਹੀਂ

**ਘਰ ਪਾਉਣਾ (ਪਾ ਲੈਣਾ)**
**ਘਰ ਵਾੜਨਾ** } ਕ੍ਰਿਃ ਕੋਈ ਤੀਵੀਂ ਵਹੁਟੀ ਬਣਾ ਕੇ ਰੱਖਣੀ ॥

**ਘਰ ਪਾਟਣਾ, ਫਟਣਾ,**
**ਘਰ ਪਾਟ ਜਾਣਾ** } ਕ੍ਰਿਃ ਘਰ ਦੇ ਲਕ ਵਿਚ ਫੋਟਕ ਪੈਜਾਣਾ ॥

**ਘਰ ਪੁੱਟ ਸੁੱਟਣਾ (ਪੁੱਟਣਾ),** ਕ੍ਰਿਃ—'ਘਰ ਉਜਾੜਨਾ' ਵੇਖੋ ।

**ਘਰ ਪੂਰਾ ਕਰਨਾ,** ਕ੍ਰਿਃ—ਕਿਸੇ ਦਾ ਹਕ ਉਸਨੂੰ ਦੇ ਕੇ ਉਸ ਦੀ ਤਸੱਲੀ ਕਰਨੀ ॥

**ਘਰ ਫੂਕ ਤਮਾਸ਼ਾ ਵੇਖਣਾ,** ਕ੍ਰਿਃ—ਆਪਣਾ ਮਾਲ ਉਡਾ ਕੇ ਮੌਜਾਂ ਕਰਨੀਆਂ ॥

**ਘਰ ਬਣਾਉਣਾ,** ਕ੍ਰਿਃ—ਵੱਸਣਾ, ਘਰ ਦਾ ਬੰਦੋਬਸਤ ਕਰਨਾ ।

**ਘਰ ਬਾਰ,** ਪੁਃ—ਟੱਬਰ ਕਬੀਲਾ, ਘਰ ਦਾ ਮਾਲ, ਮਕਾਨ ॥

**ਘਰ ਬਾਰਨ,** ਸ਼ਃ
**ਘਰ ਬਾਰੀ,** ਪੁਃ } ਜਿਸ ਦਾ ਘਰ ਬਾਰ ਹੈ ।

**ਘਰ ਬੈਠਣਾ**
**ਘਰ ਬੈਠੇ ਹੋਣਾ** } ਕ੍ਰਿਃ—ਕੋਈ ਕੰਮ ਪੈਂਦਾ ਨਾ ਹੋਣਾ, ਵੇਹਲੇ ਹੋਣਾ ।

**ਘਰ ਭਰਨਾ**
**ਘਰ ਭਰ ਦੇਣਾ** } ਕ੍ਰਿਃ ਦੂਜੇ ਥਾਂ ਤੋਂ ਆਪਣੇ ਘਰ ਧਨ ਲਿਆਉਣਾ ॥

**ਰੇਲ ਘਰ,** ਪੁਃ—ਰੇਲ ਗੱਡੀ ਦੇ ਖੜੇ ਹੋਣ ਦੀ ਥਾਂ।

**ਘਰ ਵਾਲਾ,** ਪੁਃ—ਘਰ ਦਾ ਮਾਲਕ, ਖਾਵੰਦ ॥

**ਘਰ ਵਾਲੀ,** ਸ਼ਃ—ਘਰ ਦੀ ਮਾਲਕ, ਵਹੁਟੀ ।

**ਘਰ ਵਿਗੜ ਜਾਣਾ**
**ਘਰ ਵਿਗੜਨਾ** } ਕ੍ਰਿਃ ਵਹੁਟੀ ਜਾਂ ਭਰਤੂ ਦਾ ਮਰ ਜਾਣਾ ॥

**ਘਰ ਵਿਗਾੜ ਸੁੱਟਣਾ**
**ਘਰ ਵਿਗਾੜਨਾ** } ਕ੍ਰਿਃ 'ਘਰ ਉਜਾੜਨਾ' ਵੇਖੋ ।

**ਘਰਕ ਜਾਣਾ**
**ਘਰਕਣਾ** } ਕ੍ਰਿਃ ਸਾਹ ਰੁੱਕਣਾ, ਹਫ ਜਾਣਾ ਹਾਰ ਜਾਣਾ ।

**ਘਰਕਾਉਣਾ,** ਕ੍ਰਿਃ—ਦਮ ਚੜ੍ਹਨਾ, ਹੰਭਾਉਣਾ, ਜਿਤ ਲੈਣਾ ।

**ਘਰੱਲ,** ਸ਼ਃ—ਪਾਣੀ ਵਗਣ ਨਾਲ ਜੋ ਧਰਤੀ ਵਿੱਚ ਡੂੰਘੀ ਥਾਂ ਹੋ ਜਾਵੇ, ਘਿਰਲ, ਖਾਈ. (ਪੈਜਾਣਾ)।

**ਘਰਲਾਉਣਾ,** ਕ੍ਰਿਃ—ਨਰਮ ਹੋਣਾ (ਜ਼ਖ਼ਮ ਦਾ) ਪੰਘਰਨਾ ॥

**ਘਰੜ,** ਪੁਃ ਰਿੜਕਿਆ ਹੋਇਆ ਦਹੀਂ (ਮੱਖਣ ਸਮੇਤ), ਘਾਹ ਤੇ ਮੋਠ ਮਿਲੇ ਹੋਏ । ਬਿਲਕੁਲ ਮੁੰਨਿਆ ਹੋਇਆ ਸਿਰ (ਕਰਾਉਣਾ)।

**ਘਰੜਣਾ,** ਕ੍ਰਿਃ—'ਘਿਰੜਨਾ' ਵੇਖੋ ॥

**ਘਰਾਟ,** ਪੁਃ—ਪਾਣੀ ਦੇ ਜ਼ੋਰ ਨਾਲ ਫਿਰਨ ਵਾਲੀ ਚੱਕੀ ।

**ਘਰਾਟਣ,** ਸ਼ਃ—ਘਰਾਟ ਵਾਲੇ ਦੀ ਵਹੁਟੀ ॥

**ਘਰਾਟੀਆ,** ਪੁਃ—ਘਰਾਟ ਵਾਲਾ ॥

Digitized by Panjab Digital Library | www.panjabdigilib.org

**ਘਰਾਣਾ (ਣਾ),** ਪੁਃ—ਵੱਡਾ ਘਰ, ਉੱਚੀ ਕੁਲ, ਖਾਨਦਾਨ ।

**ਘਰਾਲ,** ਸਃ } ਘਰ ਦੀ ਛੱਤ ਵਿੱਚ ਦੀ ਮੋਰੀ ਜਿਥੋਂ ਪਾਣੀ ਵਗੇ ਪਾਣੀ,
**ਘਰਾਲਾ,** ਪੁਃ } ਲਹੂ, ਹੰਝੂ ਆਦਿਕ ਦਾ ਵਹਾਲਾ, ਪਰਲ

**ਘਰੂੰਡ** } ਪੁਃ—ਹੱਥਾਂ ਦੇ ਨਹੁੰਆਂ ਨਾਲ ਪਾਈ
**ਘਰੂੰਢ** } ਹੋਈ ਝਰੀਟ, ਖਰੂੰਢ ।

**ਘਰੋਂ,** ਪੁਃ—(ਬਹੁਃ ਬਃ) ਘਰ ਦੇ ਲੋਕ, ਵਹੁਟੀ, ਟੱਬਰ ।

**ਘਰੇਗੜੂ** } ਵਿਃ—ਘਰ ਵਿੱਚ ਬਣਿਆ
**ਘਰੇਗਾ (ਗੀ, ਗੂ)** } ਹੋਇਆ ਕਪੜਾ ਆਦਿਕ
**ਘਰੇਥੂ** }
**ਘਰੇਰੂ** } ਘਰ ਵਿੱਚ ਰਹਿਣ ਵਾਲਾ

**ਘਰੋੜਣਾ,** ਕ੍ਰਿਃ—ਖੁਰਚਣਾ, ਰਗੜਨਾ, ਘੜੀ ਮੁੜੀ ਕਹਿਣਾ ।

**ਘਰੋੜੀ,** ਸਃ—ਦੁਧ ਆਦਿਕ ਦੀ ਖੁਰਚਣ ।

**ਪੇਟ ਘਰੋੜੀ ਦਾ (ਦੀ),** ਵਿਃ—ਜਿਸ ਬਾਲ ਉੱਤੋਂ ਹੋਰ ਬਾਲ ਨਹੀਂ ਹੋਇਆ ।

**ਘੱਲਣਾ,** ਕ੍ਰਿਃ—ਭੇਜਣਾ, ਤੋਰਨਾ ।

**ਘਲਾਉਣਾ,** ਕ੍ਰਿਃ—ਭਿਜਵਾਉਣਾ, ਟੁਰਵਾਉਣਾ ।

**ਘਲਿਆਰ,** ਸਃ—ਪੱਕਿਆਈ, ਦ੍ਰਿੜ੍ਹਤਾ (ਧੀਰਜ ਹੋਣੀ)

**ਘਲਿਆਰਣੀ,** ਕ੍ਰਿਃ—ਖਤਾ ਕਰਨਾ, ਕੰਮ ਕਰਨਾ ।

**ਘੱਲੂ ਘਾਰਾ,** ਪੁਃ—ਲੜਾਈ ਵਿੱਚ ਬਹੁਤ ਆਦਮੀਆਂ ਦਾ ਮਾਰੇ ਜਾਣਾ, ਬਰਬਾਦੀ, ਤਬਾਹੀ, ਸੱਤਿਆ ਨਾਸ ।

**ਘੜਤ,** ਸਃ—ਘਾੜ, ਬਨਾਵਟ ।

**ਘੜਨਾ,** ਕ੍ਰਿਃ—ਗਹਿਣੇ ਜਾਂ ਭਾਂਡੇ ਬਣਾਉਣਾ, ਕੁੱਟਣਾ, ਨਵੀਂ ਗੱਲ ਕੱਢਣੀ ।

**ਘੜੱਪ ਘੜੱਪ,** ਪੁਃ—ਜ਼ੋਰ ਨਾਲ ਡੁਬਣ ਦੀ ਅਵਾਜ਼ ।

**ਘੜੱਮ,** ਪੁਃ—ਭਾਰੀ ਚੀਜ਼ ਦੇ ਪਾਣੀ ਵਿੱਚ ਡਿਗਣ ਦੀ ਅਵਾਜ਼, ਤੋਪ ਜਾਂ ਬੰਦੂਕ ਦੀ ਅਵਾਜ਼ ।

**ਘੜਮੱਸ** } ਸਃ—ਸ਼ੋਰ, ਹਲਚਲ, ਭੀੜ ।
**ਘੜਮੱਸ ਚੌਦੇਂ** }

**ਘੜਵੰਜੀ,** ਸਃ—ਘੜੇ ਰੱਖਣ ਵਾਸਤੇ ਲਕੜੀ ਦੀ ਚੌਕੀ ਜਾਂ ਚੌਖਟਾ ।

**ਘੜਵਾਉਣ** } ਸਃ—ਗਹਿਣੇ ਘੜਨ ਦੀ ਮਜੂਰੀ ।
**ਘੜਵਾਈ** }

**ਘੜਵਾਉਣਾ,** ਕ੍ਰਿਃ—ਘੜਨ ਦਾ ਕੰਮ ਕਰਾਉਣਾ ।

**ਘੜਾ,** ਪੁਃ—ਭੀੜੇ ਮੂੰਹ ਵਾਲਾ ਮਿੱਟੀ ਦਾ ਵੱਡਾ ਭਾਂਡਾ ।

**ਘੜੇ ਜਿੱਡਾ ਮੋਤੀ,** ਪੁਃ—ਬੜਾ ਚੰਗਾ ਆਦਮੀ ।

**ਘੜੇ ਦੀ ਮੱਛੀ,** ਸਃ—ਜੋ ਸਾਮ੍ਹਣੇ ਮੌਜੂਦ ਹੋਵੇ ।

**ਘੜਾਉਣ** } ਸਃ—ਘੜਨ ਦੀ ਮਜੂਰੀ ।
**ਘੜਾਈ** }

**ਘੜਾਉਣਾ,** ਕ੍ਰਿਃ—ਘੜਨ ਦਾ ਕੰਮ ਕਰਾਉਣਾ ।

**ਘੜਿਆ ਮੁੜਿਆ,** ਕ੍ਰਿਃ, ਵਿਃ—ਪੂਰਾ ਪੂਰਾ, ਬਿਲਕੁਲ, ਠੀਕ ਠੀਕ ।

Digitized by Panjab Digital Library / www.panjabdigilib.org

**ਘੜਿਆਲ,** ਪੁ: ਵਲ, ਵੱਜਣ ਵਾਲਾ ਧਾਤ ਦਾ ਤਵਾ, ਘੜੀ, ਘੰਟਾ ।

**ਘੜਿਆਲਣ,** ਸ: ਘੜਿਆਲ ਵਜਾਉਣ ਵਾਲੀ, ਘੜਿਆਲ ਵਜਾਉਂਦੀ ।

**ਘੜਿਆਲੀ** }
**ਘੜਿਆਲੀਆ** } ਪੁ: ਘੜਿਆਲ ਵਜਾਉਣਾ ਜਿਸ ਦਾ ਕੰਮ ਹੈ ॥

**ਘੜੀ,** ਸ: –ਸੱਠ ਪਲਾਂ ਦਾ ਵੇਲਾ, ਵੇਲਾ ਦੱਸਣ ਵਾਲਾ ਚੀਜ਼, ਇਕ ਤਰਾਂ ਦੀ ਅਸਤਰ ਥਾਂ ਜੀ, ਛੋਟਾ ਘੜਾ, ਵਖਤ, ਮਹੂਰਤ ।

**ਘੜੀ ਸਾਜ,** ਪੁ: ਘੜੀਆਂ ਬਣਾਉਣ ਵਾਲਾ

**ਘੜੀ ਘੜੀ** }
**ਘੜੀ ਮੁੜੀ** } ਕ੍ਰਿ: ਵਿ: ਬਾਰ ਬਾਰ

**ਘੜੀ ਦਾ ਘੜਿਆਲ ਹੋ ਜਾਣਾ,** ਕ੍ਰਿ: ਥੋੜੀ ਗਲ ਵਧ ਜਾਣੀ ।

**ਘੜੀ ਦਾ ਘੁੱਥਾ,** ਵਿ:—ਜਿਸ ਨੇ ਕੰਮ ਵੇਲੇ ਸਿਰ ਨਹੀਂ ਕੀਤਾ ।

**ਘੜੋਥਣੀ,** ਸ:—ਕੰਧ ਨਾਲ ਲੱਗੀ ਹੋਈ ਘੜੇ ਰੱਖਣ ਵਾਲੀ ਥਾਂ ।

**ਘੜੌਂਚ (ਚਾ),** ਪੁ: }
**ਘੜੌਂਚੀ (ਚੀ),** ਸ: } 'ਘੜਵੰਜੀ' ਦੇਖੋ

**ਘਾ,** ਪੁ: –ਫੱਟ, ਕਖ, ਜ਼ਖਮ । ਫੱਟ ।

**ਘਾਉ,** ਪੁ: ਜ਼ਖਮ ਫੱਟ,

**ਘਾਉਲ,** ਸ:—ਸੁਸਤੀ, ਬੇ ਪਰਵਾਹੀ, (ਢਿੱਲ ਕਰਨੀ) ॥

**ਘਾਉਲਣ,** ਸ: }
**ਘਾਉਲੀ (ਲੀਆਂ),** ਪੁ: } ਜੋ ਘਾਉਲ ਕਰੇ ।

**ਘਾਉ ਘਾਪ,** ਪੁ: ਬਹੁ: ਛੁਰਿਆ ਖੁਭ ਆਦਿਕ ਦਾ ਜ਼ਖਮ ਕਰ ਘਾਉ, ਫੇਟਾਉ ।

**ਘਾਊਂ ਮਾਊਂ,** ਵਿ:—ਘਾਬਰਿਆ ਹੋਇਆ, ਬੇ ਸੁਰਤ

**ਘਾਇਲ,** ਵਿ:—ਫਟਿਆ, ਹੋਇਆ ਜ਼ਖਮੀ, ਦੁਖੀ, ਆਸ਼ਕ ( ਕਰਨਾ ) ।

**ਘਾਈ,** ਸ: ਇੱਕ ਤਰਾਂ ਦੀ ਲੰਗੋਟੀ, ਬਹਾਨਾ, ਦਾ ਲਾਭ, ਘਾਤ, ਮੌਕਾ (ਵੇਲਾ, ਲਾਉਣੀ) ॥ ਪੁ: ਘਾਹੀ ।

**ਘਾਸ,** ਪੁ:—ਰਗੜ, ਘਾਸੀ, ਘਾਹ ॥

**ਘਾਸਲ ਮਾਸਲ,** ਸ:—ਹੀਲਾ, ਬਹਾਨਾ, ਝੂਠ ਕਰਨੀ,

**ਘਾਮਾਂ,** ਪੁ: ਜੋਤਾਂ ਦਾ ਤਸਮਾ, ਰਗੜ, ਮਾਲਸ਼ ।

**ਘਾਸੀ,** ਸ: –ਰਗੜ, ਘਸ ਕੇ ਪਿਆ ਹੋਇਆ ਨਿਸ਼ਾਨ, ਕਰਕੇ ਦੱਸਣ ਦਾ ਅਸਰ, (ਪਾਉਣੀ, ਪੈਣੀ, ਲਾਉਣੀ) ॥

**ਘਾਹ,** ਪੁ: ਪੱਠੇ, ਕੱਖ ॥

**ਘਾਹ ਪੱਠਾ (ਪੱਤਾ),** ਪੁ:—ਘਾਹ ਪਤ੍ਰ, ਚਾਰਾ ॥

**ਘਾਹ ਵੱਢਣਾ,** ਕ੍ਰਿ:—ਛੋਟੀ ਛੋਟੀ ਕੋਈ ਕੰਮ ਕਰ ਸੁੱਟਣਾ ।

**ਘਾਹਣ,** ਸ: –ਘਾਹ ਕੱਟਣ ਵਾਲੀ ॥

**ਘਾਹੀ,** ਪੁ:—ਘਾਹ ਕੱਟਣ ਵਾਲਾ ॥

**ਘਾਹੀ ਪਾਤੀ,** ਪੁ: ਚਾਰਾ ਵਾਸਤੇ ਚਾਰਾ ਲਿਆਉਣ ਵਾਲਾ।

Digitized by Panjab Digital Library | www.panjabdigilib.org

**ਘਾਗਾ, ਘਾਘ** } ਪੁਃ ਸਿਆਣਾ, ਚਤੁਰ, ਚਲਾਕ ।

**ਘਾਗਰਾ, ਘਾਘਰਾ** } ਪੁਃ—ਲਹਿੰਗਾ ।

**ਘਾਗਰਾ ਪਲਟਣ,** ਸਃ—ਇੱਕ ਤਰ੍ਹਾਂ ਦੇ ਗੋਰੇ ਸਪਾਹੀ ।

**ਘਾਗਾ,** ਪਃ—ਚਲਾਕੀ, ਚਤਰਾਈ, ਫਰੇਬ ।

**ਘਾਗੋ ਹਾਰਾ,** ਪੁਃ—ਸਿਆਣਾ, ਚਤੁਰ, ਫਰੇਬੀ ।

**ਘਾਂਗਾ,** ਪੁਃ—ਟੁਟੀ ਹੋਈ ਇੱਟ ਦਾ ਗਲ ।

**ਘਾਟ,** ਪੁਃ—ਨਦੀ ਦੇ ਕੰਢੇ ਨ੍ਹਾਉਣ ਦੀ ਥਾਂ, ਪਾਣੀ ਵਿਚ ਕਪੜੇ ਧੋਣ ਦੀ ਥਾਂ, ਬੇੜੀਆਂ ਜਾਂ ਜਹਾਜ਼ ਦੇ ਠਹਿਰਨ ਦੀ ਥਾਂ, ਘਾਟੀ, ਘਾਟਾ, ਗਹਿਣੇ ਘੜਨ ਵਾਸਤੇ ਸੋਨਾ ਚੋਰਿਆ ਹੋਇਆ ਚਾਂਦੀ ਸੋਨਾ, ਘਾਤ ।

ਸਃ—ਥੋੜਾ ਹੋਏ ਜੋ ।

**ਵਾਧ ਘਾਟ,** ਸਃ—ਲਾਹਾ ਜਾਂ ਟੋਟਾ ।

**ਘਾਟਾ,** ਪਃ—ਕਮੀ, ਥੋੜ, ਨੁਕਸਾਨ, ਟੋਟਾ ਘਾਟੀ । (ਘਾਟਾ ਉਠਾਉਣਾ, ਆਉਣਾ, ਸਹਣਾ, ਹੋਣਾ, ਪੈਣਾ)

**ਘਾਟਾ ਭਰਨਾ,** ਕ੍ਰਿਃ—ਜੋ ਕੁਝ ਘਟੇ ਉਸ ਨੂੰ ਪੂਰਾ ਕਰਨਾ ।

**ਘਾਟੀ,** ਸਃ—ਨੀਵੀਂ ਪਹਾੜੀ, ਪਹਾੜ ਦੀ ਢਾਲ ਇੱਕ ਮੋਟਾ ਸੂਤੀ ਕੱਪੜਾ ।

**ਘਾਟੇ ਵੰਦਾ,** ਵਿਃ—ਜਿਸ ਵਿੱਚ ਘਾਟਾ ਪਏ (ਸੌਦਾ) ।

**ਘਾਣ,** ਪੁਃ—ਢੇਰ, ਕੱਠ, ਬਹੁਤ ਸਾਰੀ ਚੀਜ਼ ।

**ਘਾਣ ਉਤਰਨਾ, ਘਾਣ ਉਤ੍ਰਨਾ** } ਕ੍ਰਿਃ ਕੜਾਹੇ ਵਿੱਚੋਂ ਤਲਿਆ ਹੋਇਆ ਨਿਕਲਣਾ ।

**ਘਾਣ ਪਾਉਣਾ,** ਕ੍ਰਿਃ—ਕੜਾਹੇ ਵਿੱਚ ਤਲਣ ਲਈ ਪਾਉਣਾ ।

**ਘਾਣ ਬਚਾ ਕੋਲ੍ਹੂ ਪਿੜਾਉਣਾ,** ਕ੍ਰਿਃ—ਇਸ ... ਲਈ ਉਹਦਾ ਸਾਰਾ ਟੱਬਰ ਮਰਵਾਉਣਾ ।

**ਘਾਣ ਲੱਥਣਾ,** ਕ੍ਰਿਃ—ਲੜਾਈ ਵਿਚ ਬਹੁਤ ਆਦਮੀ ਮਾਰੇ ਜਾਣੇ ।

**ਘਾਣੀ,** ਸਃ—ਗਾਰਾ, ਗੋਈ ਹੋਈ ਮਿੱਟੀ ਵਿੱਚ ਤੂੜੀ ਮਿਲੀ ਹੋਈ, ਘਾਣ, ਜਿੰਨਾ ਕੋਲ੍ਹਾ ਇਕੋ ਵਾਰ ਕੁੱਟਣ ਲਈ ਕੋਲ੍ਹੂ ਵਿਚ ਪਾਇਆ ਜਾਏ । ਇਕ ਤਰ੍ਹਾਂ ਦਾ ਨਾਚ ।

**ਘਾਣੀ ਉਤਰਨੀ,** ਕ੍ਰਿਃ—'ਘਾਣ ਉਤਰਨਾ' ਵੇਖੋ ।

**ਘਾਣੀ ਕਰਨੀ,** ਕ੍ਰਿਃ—ਮਿੱਟੀ ਗੋਣੀ ।

**ਘਾਣੀ ਕੱਢਣੀ,** ਕ੍ਰਿਃ—ਇਕੋ ਵਾਰ ਘਾਣ ... ਤੇਲ ਦਾ ਕੋਲ੍ਹੂ ਵਿਚੋਂ ਤੇਲ ਕੱਢਣਾ ।

**ਘਾਣੀ ਪਾਉਣੀ,** ਕ੍ਰਿਃ—'ਘਾਣ ਪਾਉਣਾ' ਵੇਖੋ ।

**ਘਾਤ,** ਸਃ—ਵਧ, ਢੰਗ, ਮੌਕਾ, ਉਡੀਕ, ਤਾੜ (ਲਾਉਣਾ) ਪੁਃ ਕਤਲ, ਜਾਨੋਂ ਮਾਰਨਾ (ਕਰਨਾ) ।

**ਘਾਤਕ,** ਪੁਃ—ਜਾਨੋਂ ਮਾਰਨ ਵਾਲਾ ।

**ਘਾਤਣ, ਸਃ, ਘਾਤੀ, ਪੁਃ** } ਵਿਃ—ਜੋ ਘਾਤ ਲਾਏ ਜਾਂ ਜਾਨੋਂ ਮਾਰੇ ।

**ਘਾਪਾ,** ਪੁਃ—ਤ੍ਰੇੜ, ਘੱਟਾ, ਨੁਕਸਾਨ, ਫਰਕ ।

Digitized by Panjab Digital Library / www.panjabdiglib.org

**ਘਾਪਾ ਮਾਰਨਾ,** ਕ੍ਰਿ: ਲੁੱਟਣਾ, ਠੱਗਣਾ, ਛਲਣਾ।

**ਘਾਬਰ ਜਾਣਾ / ਘਾਬਰਨਾ,** ਕ੍ਰਿ:—ਦੁਖੀ ਹੋਣਾ, ਹਰਾਨ ਹੋਣਾ॥

**ਘਾਬਰਾ,** ਵਿ: ਘਾਬਰਿਆ ਹੋਇਆ।

**ਘਾਰ,** ਸ: ਸਿਰ ਚੱਕਰ ਖਾਣਾ, ਸਿਰ ਪੀੜ, ਧੁੰਦ, ਧੂੜ, ਬਦਬੋ, ਮੌਰੀ।

**ਘਾਰੀ,** ਸ: ਚੁਹਿਣੀ, ਖੂਹ ਦੀ ਕੰਧ ਦਾ ਟੋਆ ਹੌਲੀ, ਮਾਰਨੀ,।

**ਘਾਲ,** ਪੁ: ਸ:—ਮਿਹਨਤ, ਔਖਾ ਕੰਮ।

**ਘਾਲ ਮੇਲ,** ਪੁ: ਇਕੱਠ, ਜੋੜ, ਗੜਬੜ, ਧਖਾ, ਭਰਮ।

**ਘਾਲਣਾ (ਨਾਂ),** ਕ੍ਰਿ:—ਵੇਲਾ ਟਪਾਉਣਾ, ਪੰਘਾਰਨਾ॥

**ਘਾਲਾ ਮਾਲਾ,** ਪੁ: -ਸਲਾਹ, ਭੇਤ ਦੀਆਂ ਗੱਲਾਂ, ਗੜਬੜ।

**ਘਾਵ,** ਪੁ:—ਜ਼ਖ਼ਮ, ਫਟ।

**ਘਾੜ, ਪੁ: / ਘਾੜਤ, ਸ:** ਗਹਿਣੇ ਆਦਿਕਾਂ ਦੀ ਸ਼ਕਲ ਅਤੇ ਬਣਾਉਟ, ਘਾੜ ਦੀ ਕੰਢੀ।

**ਘਾੜੂ,** ਪੁ: ਗਹਿਣੇ ਆਦਿਕ ਘੜਨ ਵਾਲਾ, ਕਾਰੀਗਰ, ਮਿਸਤਰੀ, ਬੋਲੀ ਦੇ ਵਰਤਾਰੇ ਦਾ ਜਾਣੂ।

**ਘਿਉ,** ਪੁ: ਪੰਘਾਰਿਆ ਹੋਇਆ ਮੱਖਣ, 'ਘੇ' ਵੇਖੋ॥

**ਘਿੱਸ ਕਰਨੀ / ਘਿਸ ਚਾੜ੍ਹਨੀ,** ਕ੍ਰਿ: ਖਹਿਣ ਮਾਰਨਾ, ਠੂੰਹਣਾ।

**ਘਿੱਚ ਪਿੱਚ / ਘਿੱਚ ਮਿੱਚ,** ਵਿ:—ਗੜ ਬੜ, ਗੁੰਝਲਦਾਰ ਜਿਸ ਦਾ ਪਤਾ ਨਾ ਲੱਗੇ।

**ਘਿੱਟੀ,** ਸ: -ਗਿੱਚੀ, ਗਰਦਨ, ਧੌਣ।

**ਘਿਣ,** ਸ: ਕਿਸੇ ਚੀਜ਼ ਦਾ ਮਨ ਨੂੰ ਬੁਰਾ ਲੱਗਣਾ, ਕਰਾਹਤ, ਗਿਲਾਨੀ।

**ਘਿਣ ਆਉਣੀ,** ਕ੍ਰਿ: -ਜੀ ਘਿਰਣਾ, ਮਨ ਬੁਰਾ ਹੋਣਾ॥

**ਘਿਣਾਉਣਾ,** ਕ੍ਰਿ:—ਘਿਣ ਆਉਣੀ, ਜੀ ਬੁਰਾ ਹੋਣਾ॥

**ਘਿਣਾਵਣਾ / ਘਿਣਾਧਾ,** ਵਿ:—ਜਿਸ ਤੋਂ ਘਿਣ ਆਵੇ॥

**ਘਿੱਦਾ,** ਵਿ:—ਲਿਆ ਹੋਇਆ, ਢਿੱਲਾ ਹੋਇਆ।

**ਘਿੰਨਣਾ,** ਕ੍ਰਿ: ਲੈਣਾ, ਪਕੜਨਾ, ਸਾਂਭਣਾ, ਰਖਣਾ।

**ਘਿਨਾਉਣਾ,** ਕ੍ਰਿ:—ਫੜਾਉਣਾ, ਰਖਵਾਉਣਾ॥

**ਘਿਰਟੀ,** ਸ: -ਘਿੱਟੀ, ਗਿਚੀ, ਗਰਦਨ, ਧੌਣ॥

**ਘਿਰਨਾ,** ਕ੍ਰਿ: ਘੇਰੇ ਜਾਣਾ, ਉਪਰਛਲ ਆਉਣ ਲੱਗਣੀ, ਸਿਰ ਚੱਕਰ ਖਾਣਾ, ਜੀ ਕੁੱਖਣਾ।

**ਘਿਰਰੀ ਘਿਰਰੀ,** ਵਿਸਮਯ:-ਸੰਢੇ ਨੂੰ ਬੁਲਾਉਣ ਦੀ ਅਵਾਜ਼

**ਘਿਰਨਣਾ,** ਕ੍ਰਿ: -ਲਿਸੰਗ ਹੋਕੇ ਵੇਖਣਾ।

**ਘਿਰਕਾ,** ਪੁ:—ਝਟਕਾ, ਸੱਟ (ਵੇਲਾ)॥

**ਘੀ,** ਪੁ: 'ਘਿਉ' ਵੇਖੋ॥

Digitized by Panjab Digital Library / www.panjabdigilib.org

**ਘੀਆ / ਘੀਯਾ**, ਪੁ: ਇਕ ਤਰ੍ਹਾਂ ਦਾ ਕੱਦੂ।

**ਘੀਆ ਕਸ**, ਪੁ: ਇਕ ਤਰ੍ਹਾਂ ਦੀ ਛਾਨਣੀ ਜਿਸ ਨਾਲ ਘੀਆ ਆਦਿਕ ਦੇ ਟੋਟੇ ਲਾਹੀਦੇ ਹਨ।

**ਘੀਆ ਕਵਾਰ**, ਸ: ਇਕ ਬੂਟਾ [illegible] ਗੰਦਲ।

**ਘੀਆ ਗੁੰਦੋਲੀ / ਘੀਆ ਤੋਰੀ**, ਸ: ਇਕ ਤੋਰੀ।

**ਘੀਸ**, ਸ: —ਇੱਕ ਤਰ੍ਹਾਂ ਦਾ ਲੰਮਾ ਚੂਹਾ।

**ਘੀਸਮਾਰ**, ਪੁ: ਚੂਹੇ ਫੜਨ ਜਾਂ ਮਾਰਨ ਦਾ ਜੰਤ੍ਰ।

**ਘੀਸਣ**, ਵਿ:—ਅਹਿਮਕ, ਆਲਸੀ, ਬੇ ਪਰਵਾਹ।

**ਘੀੱਸੀ**, ਸ: ਧਰਤੀ ਉੱਪਰ ਚਿੱਤੜ ਰਗੜਨ (ਕਰਨੀ)।

**ਘੀਹ / ਘੀਹਾਂ**, ਸ:—ਹੱਥ ਦੀ ਤਲੀ ਨਾਲ ਮਲਣ ਦੇ ਕੰਮ, ਰਗੜ, ਗੋਝ (ਦੇਣੀਆਂ, ਲੈਣੀਆਂ,

**ਘੀਂਗਾ (ਗੀ)**, ਵਿ: —ਜਿਸ ਵਿੱਚ ਢਿਲ ਪੈ ਜਾਵੇ, ਗਲ ਘੀਂਗੇ ਪਾਉਣੀ,।

**ਘੀਚਰ**, ਵਿ:—ਘਾਹੀ, ਚਰਖਣਾ, ਪੁਰਬੀਆ।

**ਘੁਸਣਾ**, ਕ੍ਰਿ:—ਵੜਨਾ, ਅੰਦਰ ਜਾਣਾ, ਦਾਖਲ ਹੋਣਾ॥

**ਘੁੱਸ ਜਾਣਾ / ਘੁੱਸਣਾ**, ਕ੍ਰਿ:—ਭੁੱਲ ਜਾਣਾ, ਕੁਰਾਹੇ ਪੈਣਾ

**ਘੁਸਮੁਸਾ**, ਪੁ: —ਮੂੰਹਕਾਲਾ, ਸ਼ੱਕ ਵਾਲੀ ਗੱਲ। ਵਿ:—ਬੜਾ ਚਾਨਣਾ, ਧੁੰਦਲਾ॥

**ਘੁਸਮੁਸੀਆ / ਘੁਸ ਮਸੂ**, ਪੁ: ਨਕਾਰਾ ਆਲਸੀ ਮਨੁੱਖ, ਮਖਟੂ।

**ਘੁਸੜ ਮੁਸੜ / ਘੁਸਰ ਮੁਸਰ**, ਸ:- ਹੌਲੀ ਆਵਾਜ਼ ਨਾਲ ਗੱਲਾਂ ਕਰਨੀਆਂ ਕਰਨਾ।

**ਘੁਸੜ ਜਾਣਾ / ਘੁਸੜਨਾ**, ਕ੍ਰਿ:—ਵੜਨਾ, ਅੰਦਰ ਧਸ ਜਾਣਾ।

**ਘੁਸੜੂ**, ਪੁ: ਘੁਸੜਨ ਵਾਲਾ, ਘਰ ਘੱਰ ਜਾਣ ਵਾਲਾ।

**ਘੁਸਾਉਣਾ**, ਕ੍ਰਿ: ਵਾੜਨਾ, ਭੁਲਾਉਣਾ, ਧੋਖਾ ਖੁਆਉਣਾ।

**ਘੁਸਾਈ**, ਸ:—ਧੋਖਾ, ਛਲ, ਖਿਸਕ ਜਾਣਾ, (ਖਾਣੀ, ਦੇਣੀ, ਮਾਰਨੀ)।

**ਘੁਸੰਨ**, ਪੁ:—ਮੁੱਕਾ, ਹੂਰਾ (ਖਾਉਣਾ, ਮਾਰਨਾ, ਲਗਾਉਣਾ)॥

**ਘੁਸੰਨ ਨੇੜੇ ਕਿ ਖੁਦਾ ?**—ਇੱਥੇ ਜਬਰਦਸਤੀ ਨਾਲ ਕੰਮ ਨਿਕਲੇਗਾ, ਖੁਦਾ ਦੇ ਖੌਫ ਨਾਲ ਨਹੀਂ।

**ਘੁਸੰਨ ਮੁੱਕੀ ਹੋਣਾ**, ਕ੍ਰਿ: ਲੜਨਾ, ਇਕ ਦੂਜੇ ਨੂੰ ਕੁੱਟਣਾ।

**ਘੁਸੰਨ ਲੱਗਣਾ**, ਕ੍ਰਿ:—ਸੱਟ ਖਾਣੀ।

**ਘੁਸੰਨ ਵਰਗਾ ਮੂੰਹ ਬਨਾਉਣਾ**, ਕ੍ਰਿ:—ਰੁੱਸ ਜਾਣਾ।

**ਘੁਸੇੜਣਾ**, ਕ੍ਰਿ:—ਅੰਦਰ ਧੱਕਣਾ, ਜ਼ੋਰ ਨਾਲ ਵਾੜਨਾ।

**ਘੁਸੇੜੂ**, ਪੁ:—ਘੁਸੇੜਨ ਵਾਲਾ॥

Digitized by Panjab Digital Library | www.panjabdigilib.org

**ਘੁਕਾਉਣਾ,** ਕ੍ਰਿ—ਘੂਕੀ ਮੋੜੀ ਕਰਾਉਣਾ, ਘੁਮਾਉਣਾ ।

**ਘੁੰਗਚੀ,** ਸ॰—ਰੱਤੀ, ਲਾਲੜੀ, ਮਾਸ਼ ਦਾ ਅੱਠਵਾਂ ਹਿੱਸਾ ।

**ਘੁੰਗਟ,** ਪੁ॰ ਘੁੰਡ, ਪਰਦਾ, ਬੁਰਕਾ ਆਸਰਾ ਓਹਲਾ, ਓਟ ।

**ਘੁੰਗਣੀ**
**ਘੁੰਙਣੀ** } ਸ॰—ਉਬਲੇ ਹੋਏ ਅਨਾਜ ਦੇ ਦਾਣੇ (ਘੁੰਗਣੀਆਂ) ।

**ਘੁੰਗਰਗਲ,** ਸ॰—ਛੈਣਗਾਰਾਂ ਦੇ ਗਲ ਵਿਚ ਘੁੰਗਰੂਆਂ ਦੀ ਮਾਲਾ ।

**ਘੁੰਗਰਾਲਾ**
**ਘੁੰਗਰਿਆਲਾ** } ਪੁ॰—ਘੁੰਗਰੂਆਂ ਵਾਲਾ [illegible] ਹੋਏ [illegible] ਹੋਏ ਵਾਲ

**ਘੁੰਗਰੀ,** ਸ॰—ਛੋਟਾ ਘੁੰਗਰੂ (ਜੇਹੇ ਅਕਸਰ ਘੋੜਿਆਂ ਨੂੰ ਲਗਦੇ ਹਨ) ।

**ਘੁੰਗਰੂ**
**ਘੁੰਗਰੂ** } ਸ॰ ਛੋਟੀਆਂ ਗੋਲ ਵੱਜਣ ਵਾਲੀਆਂ ਘੰਟੀਆਂ ॥

**ਘੁੱਗੀ,** ਸ॰ ਇਕ ਪੰਖੇਰੂ (ਕਬੂਤਰ ਦੀ ਸ਼ਕਲ ਦਾ)

**ਘੁੱਗੂ,** ਪੁ॰ ਘੁੱਗੀ, ਇੱਕ ਮਿੱਟੀ ਦਾ ਵੱਜਣ ਵਾਲਾ ਖਿਡੌਣਾ, ਜਿਸ ਚੀਜ਼ ਵਿਚੋਂ ਘੂ ਘੂ ਦੀ ਅਵਾਜ਼ ਨਿਕਲੇ । ਮੂਰਖ ਅਤੇ ਗੁੰਗਾ (ਹੋਣਾ, ਕਰਨਾ) ।

**ਘੁੱਚ ਮੁੱਚ,** ਵਿ॰—ਬਹੁਤ ਮੋਟਾ, ਬੇਢਬਾ, ਗੜਬੜ

**ਘੁੱਟ**
**ਘੁੱਟਾ** } ਸ॰ ਪੀਣ ਵਾਲੀ ਚੀਜ਼ ਜਿਨੀ ਇਕ ਵਾਰ ਮੂੰਹ ਵਿਚ ਜਾਵੇ (ਪੁ, ਇਸ॰)

**ਘੁੱਟਾ ਵੱਟੀ ਖਾਣੀ**
**ਘੁੱਟੋ ਵੱਟੀ ਖਾਣੀ** } ਕ੍ਰਿ—ਹਰ ਘੜੀ ਹੀ ਨਸ਼ਾ ਕੁਝ ਪੀਣਾ

**ਲਹੂ ਦਾ ਘੁੱਟ ਕਰ (ਭਰ) ਛੱਡਣਾ,** ਕ੍ਰਿ—ਸਬਰ ਕਰਨਾ ।

**ਲਹੂ ਦਾ ਘੁੱਟ ਪੀਣਾ,** ਕ੍ਰਿ—ਔਖੇ ਹੋਕੇ ਕੁਝ ਖਾਣਾ, ਬਦਲਾ ਲੈਣਾ ।

**ਲਹੂ ਦੇ ਘੁੱਟ ਦੇ ਤਿਹਾਏ ਹੋਣਾ,** ਕ੍ਰਿ—ਬਦਲਾ ਲੈਣ ਨੂੰ ਕਰਨਾ ।

**ਘੁੱਟਣਾ,** ਕ੍ਰਿ—ਦਬਣਾ, ਨਪਣਾ, ਨਿਚੋੜਨਾ, ਰੋਕਣਾ ।

**ਘੁਟੰਨਾ**
**ਘੁਟੰਨਾ** } ਪੁ॰ ਪਜਾਮਾ, ਸੁੱਥਣ, ਤੇੜ ਪਾਣ ਵਾਲਾ ਕਪੜਾ ।

**ਘੁਟਾਉਣਾ,** ਕ੍ਰਿ॰ ਘੁੱਟਣ ਜਾਂ ਘੋਟਣ ਦਾ ਕੰਮ ਕਰਾਉਣਾ ॥

**ਘੁਟਾਰ,** ਸ॰—ਇੱਕ ਪੰਖੇਰੂ, ਗੁਟਾਰ ।

**ਘੁੱਟੀ,** ਸ॰—ਬਾਲਾਂ ਨੂੰ ਦੇਣ ਵਾਲੀ ਦੁਆਈ ।

**ਜਨਮ ਘੁੱਟੀ**
**ਜਰਮ ਘੁੱਟੀ** } ਸ॰—ਜੰਮਦੇ ਬਾਲ ਨੂੰ ਜੋ ਘੁੱਟੀ ਦਿੱਤੀ ਜਾਵੇ ।

**ਘੁੰਡ,** ਪੁ॰—ਮੂੰਹ ਨੂੰ ਕੱਜਣ ਵਾਲਾ ਕੱਪੜਾ, ਪਰਦਾ, ਘੁੰਡ (ਕੱਢਣਾ) ।

**ਘੁੰਡੀ,** ਸ॰—ਤੁਕਮਾ, ਗੀਢ, ਦੋਸਤੀ ਟੁੱਟਣੀ (ਘੁੰਡੀ ਪੈ ਜਾਣੀ) ।

**ਘੁੰਡੀ ਬੀੜਾ,** ਪੁ॰—ਚੋਗੇ ਜਾਂ ਕੁਰਤੇ ਦੀ ਘੁੰਡੀ ਅਤੇ ਉਸ ਨੂੰ ਕਾਬੂ ਕਰਨ ਵਾਲਾ ਛੇਕ ॥

Digitized by Panjab Digital Library | www.panjabdigilib.org

**ਘੁੰਡੂ,** ਸ:—ਸੁਨਹਿਰੀ ਜਾਂ ਰੁਪਹਿਰੀ ਕੰਮ ਵਾਲਾ ਰੰਗਿਆ ਹੋਇਆ ਦੁਸ਼ਾਲਾ ॥

**ਘੁਣ,** ਪ:—ਲੱਕੜੀ ਨੂੰ ਖਾਣ ਵਾਲਾ ਇੱਕ ਕੀੜਾ (ਲੱਗ ਜਾਣਾ)

**ਘੁਣਾਹਦਾ (ਧ, ਪੁ: / ਘੁਣਾਂਦਰਾ (ਦਾ), ਪੁ: / ਘੁਣਾਧੀ, ਸ:** } ਦੰਦਾਂ ਨੂੰ ਲੱਗਣ ਵਾਲਾ ਕੀੜਾ। ਵਿ:—ਜਿਸ ਨੂੰ ਘੁਣ ਲੱਗਾ ਹੋਇਆ ਹੈ।

**ਘੁੱਤ ਮੁੱਤ,** ਵਿ:—ਮੋਟਾ ਭੱਦਾ, ਕੁਢੱਬਾ, ਫੁੱਲੇ ਹੋਏ ਚੇਹਰੇ ਵਾਲਾ ॥

**ਘੁੱਥਣਾ,** ਕ੍ਰਿ:—ਭੁੱਲਣਾ, ਘੁੱਸਣਾ, ਕੁਰਾਹੇ ਪੈਣਾ।

**ਘੁੱਥਾ,** ਵਿ:—ਭੁਲਿਆ ਹੋਇਆ, ਕੁਰਾਹੇ ਪਿਆ ਹੋਇਆ ॥

**ਘੁਥਾਉਣਾ,** ਕ੍ਰਿ:—ਭੁਲਾਉਣਾ, ਕੁਰਾਹੇ ਪਾਉਣਾ।

**ਘੁਥਾਈ,** ਸ:—ਭੁੱਲ ਚੁੱਕ, ਧੋਖਾ (ਖਾਣੀ, ਦੇਣੀ)।

**ਘੁੱਥੂ,** ਪ:—ਭੁੱਲਣ ਵਾਲਾ, ਕੁਰਾਹੇ ਪੈਣ ਵਾਲਾ।

**ਘੁੰਨਾ,** ਵਿ:—ਜਿਸ ਦਾ ਸਿਰ ਬਿਲਕੁਲ ਮੁੰਨਿਆ ਹੋਵੇ ॥

**ਘੁੱਪ,** ਵਿ:—ਬਿਲਕੁਲ ਹਨੇਰਾ ॥

**ਘੁੱਪ ਘੇਰ / ਹਨੇਰ ਘੁੱਪ ਘੇਰ** } ਪ:—ਜਿਥੇ ਕੁਝ ਨਾ ਦਿਸੇ।

**ਘੁਮੰਡ,** ਪੁ:—ਗੁਮਾਨ, ਹੰਕਾਰ, ਆਸਰਾ, ਬੰਦ-ਲਵਾਈ, ਰੌਲਾ ॥

**ਘੁਮੰਡੀ,** ਵਿ:—ਅਭਮਾਨੀ, ਹੰਕਾਰੀ, ਵਿੰਨ੍ਹਿਆ ਹੋਇਆ ॥

**ਘੁੰਮਣਾ,** ਕ੍ਰਿ:—ਭੌਣਾ, ਰਿੜ੍ਹਨਾ, ਘੁੱਸਣਾ ॥

**ਘੁੰਮਨ / ਘੁੰਮਰ** } ਪੁ:—ਘੇਰਾ ਪਾਕੇ ਫਿਰਨਾ ਜਾਂ ਨੱਚਣਾ, ਨਦੀ ਆਦਿਕ ਵਿੱਚ ਪਾਣੀ ਦਾ ਚੱਕਰ।

**ਘੁੰਮਨ ਘੇਰ (ਵਾਣੀ) / ਘੁੰਮਨ ਘੇਰ (ਘੇਰੀ)** } ਸ:—ਨਦੀ ਆਦਿਕ ਵਿਚ ਪਾਣੀ ਦਾ ਚੱਕਰ।

**ਘੁਮਾਂ / ਘੁਮਾਉਂ** } ਪੁ:—ਧਰਤੀ ਦਾ ਇਕ ਮਾਪ, ਅਠ ਕਨਾਲ।

**ਘੁਮਾਉਣਾ,** ਕ੍ਰਿ: ਫੇਰਨਾ, ਭੁਆਉਣਾ, ਵਾਰਨਾ।

**ਘੁਮਾਈ / ਘੁਮਾਈਂ** } ਸ:—ਘੇਰਾ, ਚੱਕਰ, ਸਦਕਾ।

**ਘੁਮਾਣੀ,** ਸ:—ਗੁਲੇਲੇ ਮਾਰਨ ਵਾਲਾ, ਜੰਗ ਗੋਪੀਆ।

**ਘੁਮਾਰ (ਘੁਮਿਆਰ)** ਪੁ:—ਜੋ ਮਿੱਟੀ ਦੇ ਭਾਂ ਬਣਾਵੇ, ਇਕ ਬਰਸਾਤ ਦਾ ਕੀੜਾ, ਚਿੱਕੜ ਦਾ ਰੋਹਮੂੰ।

**ਘੁਮਾਰੀ (ਘੁਮਿਆਰੀ),** ਸ:—ਘੁਮਾਰ ਦੀ ਤੀਵੀਂ

**ਘੁਮਾਲ,** ਸ:—ਜੁਲਾਹੇ ਦੀ ਖੱਡੀ ਦਾ ਟੋਇਆ ॥

**ਘੁੰਮੀ ਜਾਣਾ,** ਕ੍ਰਿ:—ਸਦਕੇ ਜਾਣਾ, ਬਲਿਹਾਰ ਜਾਣਾ, ਭੌਂਦੇ ਰਹਿਣਾ।

**ਘੁਮੇਟਣੀ,** ਸ:—ਚੱਕਰ, ਫੇਰ, ਭੌਂ।

**ਘੁਮੇਟਾ,** ਪੁ:—ਚੱਕਰ, ਘੇਰਾ, ਕਿਲਕਲੀ (ਖਾਣਾ, ਦੇਣਾ ਲੈਣਾ

**ਘੁਰਕਣਾ,** ਕ੍ਰਿ:—ਡਰਾਉਣਾ, ਧਮਕਾਉਣਾ, ਝਾੜ ਪਾਉਣੀ ॥

Digitized by Panjab Digital Library / www.panjabdigilib.org

**ਘੁਰਕੀ,** ਸਃ—ਡੌਂਬਾ, ਡਰਾਵਾ, ਧਮਕੀ, ਝਾੜ ਦੇਣੀ ।

**ਘੁਰ ਘੁਰ,** ਸਃ ਹੌਲੀ ਹੌਲੀ ਗੱਲਾਂ ਕਰਨਾ ਕਰਨਾ ।

**ਘੁਰਨਾ,** ਪੁਃ—ਜੰਗਲੀ ਜਨੌਰ ਦਾ ਘਰ, ਖੁੱਡਾ, ਘੋਰਾ ।
ਕ੍ਰਿਃ—ਇਕੱਠਾ ਹੋਣਾ (ਬੱਦਲ ਆਦਿਕਾਂ ਦਾ) ।

**ਘੁਰੜਾਟਾ,** ਪੁਃ—'ਘੁਰਾੜਾ' ਵੇਖੋ

**ਘੁਰਾ,** ਪੁਃ—'ਘੁਰਨਾ' ਵੇਖੋ (ਘਟਣਾ, ਘਟਣਾ)

**ਘੁਰਾਲਾਂ,** ਸਃ (ਬਹੁਃ ਬਃ), ਪਾਣੀ ਆਦਿਕ ਦੀਆਂ ਲੀਕਾਂ ਜੋ ਪਿੰਡੇ ਉਤੇ ਵਗਣ (ਵਗਾਣੀਆਂ) ।

**ਘੁਰਾੜਾ,** ਪੁਃ—ਸੁੱਤੇ ਪਏ ਮਨੁੱਖ ਦੇ ਨੱਕ ਵਿੱਚੋਂ ਨਿਕਲੀ ਹਈ ਅਵਾਜ਼ ।

**ਘੁਰਾੜੇ ਮਾਰਨੇ,** ਕ੍ਰਿਃ ਸੁੱਤੇ ਹੋਏ ਦੇ ਨੱਕ ਵਿੱਚੋਂ ਅਵਾਜ਼ ਨਿਕਲਣੀ ।

**ਘਰੀ,** ਸਃ—ਨਿੱਕਾ ਜਿਹਾ ਘੁਰਾ, ਖੋਲਾ, ਰਖਣਾ ।

**ਘੁਲਨਾ,** ਕ੍ਰਿਃ—ਮਿਲ ਜਾਣਾ, ਗਲਣਾ, ਕੁਸ਼ਤੀ ਕਰਨੀ ॥

**ਘੁਲਾਉਣਾ,** ਕ੍ਰਿਃ—ਗਾਲਣਾ, ਮਿਲਾਉਣਾ, ਕੁਸ਼ਤੀ ਕਰਾਉਣੀ

**ਘੁਲਾਈ,** ਸਃ ਘੁਲਣ ਦਾ ਕੰਮ ਜਾਂ ਮਜੂਰੀ ।

**ਘੁਲਾਟ**
**ਘੁਲਾਟੀਆ** } ਵਿਃਪੁਃ—ਘੁਲਣ ਵਾਲਾ, ਲੜਾਕਾ ।

**ਘੁਲਾਵਟ,** ਸਃ—ਘੋਲ, ਕੁਸ਼ਤੀ, ਗਲਾਈ, ਘੁਲਣ ਦਾ ਢੰਗ ॥

**ਘੁਲੈਂਟਾ, ਪੁਃ**
**ਘੁਲੈਂਟੀ, ਸਃ** } ਜੋ ਘੁਲੇ ਜਾਂ ਲੜਾਈ ਕਰੇ ।



**ਘੁੜ,** ਪੁਃ—ਦੂਜੇ ਪਦਾਂ ਨਾਲ ਲੱਗੇ ਤਾਂ ਇਸ ਦਾ ਅਰਥ 'ਘੋੜਾ' ਹੁੰਦਾ ਹੈ ਜਿਹਾ ਕਿ 'ਘੁੜ ਚੜ੍ਹਾ' (ਘੋੜੇ ਤੇ ਚੜ੍ਹਿਆ ਹੋਇਆ, ਰਸਾਲੇ ਦਾ ਸਿਪਾਹੀ), 'ਘੁੜ ਦੌੜ' (ਘੋੜਿਆਂ ਦੀ ਦੌੜ), ਘੁੜ ਨਾਲ (ਘੋੜਿਆਂ ਵਾਲਾ ਤੋਪਖਾਨਾ) ਆਦਿਕ ।

**ਘੁੜਬੜ ਉਣਾ**
**ਘੁੜ ਬੁੜਾਉਣਾ** } ਕ੍ਰਿਃ—ਬੁੜ ਬੁੜ ਕਰਨਾ, ਝਗੜਨਾ, ਨੱਕ ਵਿਚ ਬੋਲਣਾ (ਕੁੱਤਿਆਂ ਵਾਂਕਰ) ।

**ਘੁੜ ਬੜਾਟ,** ਸਃ—ਘੁੜ ਬੜਾਉਣ ਦੀ ਅਵਾਜ਼ ।

**ਘੁੜ ਬੁੜ ਕਰਨਾ**
**ਘੁੜ ਘੁੜ ਕਰਨਾ** } ਕ੍ਰਿਃ—'ਘੁੜ ਬੜਾਉਣਾ' ਵੇਖੋ ॥

**ਘੁੜਾਮੀ,** ਵਿਃ, ਪੁਃ—ਛੱਪਰ ਬਣਾਉਣ ਵਾਲਾ ॥

**ਘੁੜੰਮ,** ਪੁਃ—ਕਿਸੇ ਭਾਰੀ ਚੀਜ਼ ਦੇ ਪਾਣੀ ਵਿਚ ਡਿੱਗਣ ਦੀ ਅਵਾਜ਼ ।

**ਘੂਆਂ,** ਪੁਃ—ਇਕ ਕੀੜਾ, ਵਿਃ ਕਾਲਾ, ਮੂਰਖ, ਠਰੀ ।

**ਘੂਸ**
**ਘੂੰਸ** } ਸਃ—'ਘੌਂਸ' ਵੇਖੋ, ਵੱਢੀ (ਦੇਣੀ, ਲੈਣੀ) ॥

**ਘੂਕ,** ਵਿਃ—ਗਾੜ੍ਹੀ ਨੀਂਦਰ (ਘੂਕ ਸੌਣਾ) ।

ਸਃ—ਦੂਰੋਂ ਮੀਂਹ ਵੱਸਣ, ਜਾਂ ਨਦੀ ਦੇ ਵਗਣ ਦੀ ਜੋ ਅਵਾਜ਼ ਆਵੇ ।

**ਘੂਕਣਾ**
**ਘੂਕਰਨਾ** } ਕ੍ਰਿਃ—ਸੁਖੀ ਹੋਣਾ, ਮਸ਼ਹੂਰ ਹੋਣਾ, ਕੰਮ ਰਾਸ ਆਉਣੇ ॥

**ਘੂਕਰ (ਰਾ),** ਸਃ—ਸੁਖ, ਮਸ਼ਹੂਰੀ, ਸੋਭਾ ਮਨੋਰਥ ਪੂਰੇ ਹੋਣੇ ।

**ਘੂੰ ਘੂੰ,** ਪੁਃ—ਚਰਖੇ ਦੇ ਫਿਰਨ ਦੀ ਅਵਾਜ਼ ॥

Digitized by Panjab Digital Library | www.panjabdigilib.org

**ਘੁਠਾ** / **ਘੁਣਾ** } ਵਿ: —ਬਦਨੀਤ, ਭੈੜਾ, ਖੋਟਾ ॥

**ਘੂਰ,** ਪੁ: ਸ:—ਘੂਰੀ ਹੋਈ ਮੁੰਢੀ ਦਾ ਅੰਦਰਲਾ ਹਿੱਸਾ।

**ਘੂਰ ਦੇਣੀ,** ਕ੍ਰਿ:—ਘੂਰਨਾ, ਝਿੜਕਣਾ।

**ਘੂਰ ਨਿਕਲ ਜਾਣਾ ਨਿਕਲਨਾ** / **ਘੂਰ ਨਿਕਲ ਪੈਣਾ,** } ਕ੍ਰਿ:—ਸਰੀਰ ਜਾਂ ਮਾਲ ਘਟ ਜਾਣਾ

**ਘੂਰ ਘਾਰੀ,** ਸ:—ਗੁੱਸੇ ਜਾਂ ਪਿਆਰ ਦੀ ਨਜ਼ਰ।

**ਘੂਰਨਾ,** ਕ੍ਰਿ:—ਮੱਥੇ ਵੱਟ ਪਾਣਾ, ਝਿੜਕਣਾ, ਗੁੱਸੇ ਜਾਂ ਮੁਹੱਬਤ ਨਾਲ ਵੇਖਣਾ।

**ਘੂਰੀ,** ਸ: —ਤਿਊੜੀ, ਧਮਕੀ, ਝਿੜਕ (ਦੇਣੀ, ਵੱਟਣੀ)।

**ਘੇ** / **ਘੇਉ** } ਪੁ: ਪੰਘਰਿਆ ਹੋਇਆ ਮੱਖਣ, ਚਿੱਥਾ।

**ਘੇਉਰ,** ਪੁ:—ਇਕ ਮਠਿਆਈ, ਇਕ ਤਰ੍ਹਾਂ ਦੀ ਜਲੇਬੀ ॥

**ਘੇਉਲੀ,** ਸ:—ਜਿਸ ਗਊ ਦਾ ਦੁੱਧ ਬਹੁਤ ਥਿੰਧਾ ਹੋਵੇ ॥

**ਘੇਈ,** ਪੁ:—ਘੇਉ ਵੇਚਣ ਵਾਲਾ, ਇਕ ਖਤ੍ਰੀਆਂ ਦੀ ਜਾਤ ॥

**ਘੇਸ** / **ਘੇਸਲ** } ਸ:—ਹਠ, ਬਹਾਨਾ, ਬੇ ਪਰਵਾਹੀ (ਮਾਰਨੀ, ਵੱਟਣੀ)।

**ਘੇਸਲਾ,** ਵਿ:—ਮਚਲਾ, ਘੇਸ ਮਾਰਨ ਵਾਲਾ।

**ਘੇਤਲ ਪੰਥੀ** / **ਘੇਤਲ ਪੰਥੀਆ** } ਪੁ:—ਜਿਸਦਾ ਕੋਈ ਗੁਰ ਪੀਰ ਨਹੀਂ, ਖਰਾਬ ਆਦਮੀ।

**ਘੇਤਲਾ,** ਪੁ:—ਇਕ ਤਰ੍ਹਾਂ ਦੀ ਜੁੱਤੀ।

**ਘੇਰ,** ਸ:—ਗਿਰਦਾ, ਕੰਢਾ, ਹੌਜ਼ਾ, ਸਿਰ ਦਾ ਚੱਕਰ ਖਾਣਾ (ਪੈਣੀ) ਦਿਲ ਦੀ ਘਬਰਾਹਟ।

ਵਿ: ਇਰਦ ਗਿਰਦ ਦਾ (ਦੀ), ਢਿੱਲਾ (ਕੱਪੜਾ), ਭਰਿਆ ਹੋਇਆ।

**ਘੇਰ ਘਾਰ ਕੇ ਲਿਆਉਣਾ,** ਕ੍ਰਿ:—ਧੋਖਾ ਦੇਕੇ ਜਾ ਹਿਕਮਤ ਨਾਲ ਕੰਮ ਕੱਢਣਾ ॥

**ਘੇਰ ਫੇਰ,** ਪੁ:—ਹੇਰ ਫੇਰ ॥

**ਘੇਰ ਲੈਣਾ,** ਕ੍ਰਿ:—'ਘੇਰਨਾ' ਵੇਖੋ।

**ਘੇਰਨਾ,** ਕ੍ਰਿ:—ਚੁਫੇਰੇ ਖੜੇ ਹੋਣਾ, ਸਬ ਪਾਸਿਓਂ ਰੋਕਣਾ, ਕਾਬੂ ਕਰਨਾ, ਧੋਖਾ ਦੇਕੇ ਫੜਨਾ, ਭਰਨਾ, ਸਮਾਉਣਾ।

**ਘੇਰਨੀ,** ਸ:—ਸਿਰ ਦਾ ਚੱਕਰ ਖਾਣਾ, ਚਰਖੇ ਦਾ ਹੱਥਾ।

**ਘੇਰਾ,** ਪੁ:—ਗਿਰਦਾ, ਚੱਕਰ, ਕੰਢਾ, ਹੱਦਾ ਰੋਕ, ਵਲਾਉ।

**ਘੇਰਾ ਪਾਉਣਾ,** ਕ੍ਰਿ:—ਘੇਰਨਾ, ਚੁਫੇਰਿਓਂ ਰੋਕਣਾ।

**ਘੇਵਰ,** ਪੁ:—'ਘੇਉਰ' ਵੇਖੋ।

**ਘੈਲ,** ਵਿ:—'ਘਾਇਲ' ਵੇਖੋ।

**ਘੋਸਣ,** ਸ: / **ਘੋਸੀ,** ਪੁ: } ਘਾਹ ਖੋਤਣ ਅਤੇ ਦੁੱਧ ਵੇਚਣ ਵਾਲੇ ਪੂਰਬੀਆਂ ਦੀ ਜਾਤ ॥

Digitized by Panjab Digital Library | www.panjabdigilib.org

**ਘੋਗਾਉਣਾ,** ਕ੍ਰਿ:—ਪਰੂੰਨਾ, ਵਾਰ ਵਾਰ ਕੱਢਣਾ, ਕੋਈ ਚੀਜ਼ ਘੁਮਾਉਣੀ।

**ਘੋਖ,** ਸ:—ਟੋਲ ਭਾਲ, ਤੱਕ, ਪੁੱਛ ਗਿੱਛ, ਖੁਰ ਪਤਾ (ਰੱਖਣੀ)।

**ਘੋਖਣ, ਸ: / ਘੋਖੀ, ਪੁ:** } ਜੋ ਘੋਖ ਰੱਖੇ, ਪਤਾ ਕੱਢਣ ਵਾਲਾ (ਲੀ)

**ਘੋਖਣਾ,** ਕ੍ਰਿ:—ਢੂੰਡਣਾ ਭਾਲਣਾ, ਪਤਾ ਕੱਢਣਾ, ਰਟਣਾ।

**ਘੋਗਲ ਕੰਨਾ,** ਵਿ:—ਨਾਂ ਜਾਨਣ ਦਾ ਬਹਾਨਾ ਕਰਨ ਵਾਲਾ, ਅਣਜਾਣ, ਮੂਰਖ।

**ਘੋਗੜ / ਘੋਗੜ** } ਪੁ:—ਹਊਆ, ਮੋਟਾ ਆਦਮੀ, ਵੱਡੇ ਢਿੱਡ ਵਾਲਾ

**ਘੋਗਾ / ਘੋਘਾ** } ਪੁ:—ਦਰਿਆਵਾਂ ਦੇ ਕੰਢੇ ਤੇ ਮਿਲਣ ਵਾਲੀ ਸਿੱਪੀ

**ਘੋਚਣਾ,** ਕ੍ਰਿ:—ਖਾਹਮਖਾਹ ਪਰਖਣਾ।

**ਘੋਚ ਵਿੱਦਿਆ,** ਸ:—ਖਾਹਮਖਾਹ ਦੋਸ਼ ਕੱਢਣ ਵਾਸਤੇ ਕਿਸੇ ਚੀਜ਼ ਨੂੰ ਪਰਖਣਾ (ਕਰਨੀ)।

**ਘੋਟ,** ਸ:—ਰਗੜ, ਚਮਕ (ਕੱਪੜੇ ਕਾਗਤ ਆਦਿਕ ਦੀ), ਦਬਾਉ। ਪੁ: ਖਸਮ (ਮੁਲਤਾਨੀ)।

**ਘੋਟਣਾ,** ਕ੍ਰਿ:—ਰਗੜਨਾ, ਮਲਣਾ, ਚਮਕਾਉਣਾ, ਮੁੰਨਕੇ ਸਫਾ ਕਰ ਦੇਣਾ, ਰਟਣਾ।

**ਘੋਟਾ / ਘੋੱਟਾ** } ਪੁ:—ਜਿਸ ਚੀਜ਼ ਨਾਲ ਕਾਗਤ ਜਾਂ ਪੱਟੀ ਰਗੜ ਕੇ ਚਮਕਾਉਂਦੇ ਹਨ, ਘੋੱਟਾ ਚਾੜ੍ਹਨ ਵਾਲਾ।

**ਘੋੱਟਾ ਘੱਟੀ,** ਸ:—ਚਮਕਾਉਣ ਜਾਂ ਦਾੜ੍ਹੀ ਮੁਨਾਕੇ ਸਫਾ ਕਰਾਉਣ ਦਾ ਕੰਮ।

**ਘੋਟਾ ਚਾੜ੍ਹਨਾ / ਘੋਟਾ ਲਾਉਣਾ** } ਕ੍ਰਿ:—ਰਟ ਕੇ ਸਬਕ ਯਾਦ ਕਰਨਾ।

**ਘੋੱਟੇ ਗਰ, ਪੁ: / ਘੋੱਟੇ ਗਰਨੀ, ਸ:** } ਜੋ ਘੋਟਕੇ ਚਮਕਾਉਣ ਦਾ ਕੰਮ ਕਰੇ।

**ਘੋਟੂ / ਘੋੱਟੂ** } ਪੁ:—ਘੋੱਟਣ ਵਾਲਾ, ਘੋੱਟਾ ਚਾੜ੍ਹਨ ਵਾਲਾ, ਜੋ ਚੀਜ਼ ਗਲ ਘੁੱਟੇ।

**ਘੋਨ ਮੋਨ / ਘੋਨ ਮੋਨਾ** } ਵਿ:—ਜਿਸ ਦਾ ਸਿਰ ਬਿਲਕੁਲ ਮੁੰਨਿਆ ਹੋਵੇ।

**ਘੋਪ ਦੇਣਾ,** ਕ੍ਰਿ:—ਖੋਭ ਦੇਣਾ (ਖੰਜਰ ਆਦਿਕ)।

**ਘੋੱਪਾ,** ਪੁ:—ਇਕ ਤਰ੍ਹਾਂ ਦਾ ਗੋਲ ਤੰਬੂ

**ਘੋਰ,** ਪੁ:—ਮੈਲ, ਵਿ:—ਹਨੇਰਾ, ਮੈਲਾ, ਡਰਾਉਣਾ।

**ਘੋਰ ਸਾੱਧਣਾ,** ਕ੍ਰਿ:—ਮੈਲੀ ਦਸ਼ਾ ਵਿੱਚ ਰਹਿਣਾ।

**ਘੋਰ ਘੁੰਡੀ,** ਸ:—ਮੁੰਡਿਆਂ ਦੀ ਇਕ ਖੇਡ।

**ਘੋਰ ਜੁੱਧ,** ਪੁ:—ਬੜੀ ਭਾਰੀ ਲੜਾਈ।

**ਘੋਰ ਨਰਕ,** ਪੁ:—ਜਿੱਥੇ ਪਾਪੀਆਂ ਨੂੰ ਬਹੁਤ ਦੁਖ ਮਿਲਦਾ ਹੈ।

**ਘੋਰਣ, ਸ: / ਘੋਰੀ, ਪੁ:** } ਮੈਲਾ ਮਨੁੱਖ, ਜੋ ਮੈਲੇ ਵੇਸ ਵਿੱਚ ਰਹੇ, ਅਘੋਰੀ।

**ਘੋਰੜੂ,** ਪੁ:—ਔਖਾ ਸਾਹ ਲੈਣਾ, ਦਮਾ (ਚੱਲਣਾ, ਵੱਜਣਾ)।

**ਘੋਰੜੂ ਬੋਲਣਾ,** ਕ੍ਰਿ:—ਅੰਤ ਸਮਾ ਹੋਣਾ।

**ਘੋਲ ਪੁ: / ਘੋਲ ਮਚੋਲ, ਪੁ:** } ਕੁਸ਼ਤੀ, ਲੜਾਈ, ਝਗੜਾ, ਜੱਫੋ ਜੱਫੀ।

**ਘੋਲ ਘੱਤਣਾ,** ਕ੍ਰਿ:—ਘੋਲਣਾ, ਵਾਰਿਆ ਜਾਣਾ, ਸਦਕੇ ਹੋਣਾ।

Digitized by Panjab Digital Library | www.panjabdigilib.org

**ਘੋਲ ਘੱਤੀ**
**ਘੋਲ ਘੁਮਾਈ** } ਸਃ—ਵਾਰੀ, ਸਦਕੇ, ਬਲਿਹਾਰੀ

**ਘੋਲਣਾ**
**ਘੋਲਨਾ** } ਕ੍ਰਿਃ—ਮਿਲਾਉਣਾ, ਰਲਾਉਣਾ, ਗਾਲਨਾ, ਪੰਘਾਰਨਾ।

**ਘੋਲੀ,** ਸਃ—ਵਾਰੀ, ਸਦਕੇ, ਬਲਿਹਾਰ (ਜਾਣਾ)॥

**ਘੋਲੂ,** ਪੁਃ—ਘੋਲਣ ਵਾਲਾ, ਬਲਵਾਨ, ਲੜਾਕਾ।

**ਘੋਲੂਆ,** ਪੁਃ—ਆਟਾ ਆਦਿਕ ਪਾਣੀ ਵਿੱਚ ਘੁਲਿਆ ਹੋਇਆ।

**ਘੋੜ ਚੜ੍ਹਾ,** ਪੁਃ—ਰਸਾਲੇ ਦਾ ਸਿਪਾਹੀ, ਘੋੜੇ ਤੇ ਚੜ੍ਹਿਆ ਹੋਇਆ ਨੌਕਰ।

**ਘੋੜ ਦੌੜ,** ਸਃ—ਘੋੜਿਆਂ ਦੀ ਦੌੜ, ਘੋੜ ਦੌੜ ਦੀ ਥਾਂ।

**ਘੋੜ ਪਲਾਣ,** ਪੁਃ—ਕੱਪੜੇ ਦੀ ਕਾਠੀ, ਇੱਕ ਖੇਡ।

**ਘੋੜ ਮੂੰਹਾਂ,** ਵਿਃ—ਘੋੜੇ ਵਰਗਾ ਜਿਸ ਦਾ ਮੂੰਹ ਹੈ, ਕੋਝਾ।

**ਘੋੜਾ,** ਪੁਃ—ਮਸ਼ਹੂਰ ਪਸ਼ੂ ਜੋ ਸਵਾਰੀ ਆਦਿਕ ਦੇ ਕੰਮ ਆਉਂਦਾ ਹੈ, ਸਤਰੰਜ ਦਾ ਇਕ ਮੁਹਰਾ॥

**ਘੋੜਾ ਦੁੜਾਉਣਾ**
**ਘੋੜਾ ਭਜਾਉਣਾ**
**ਘੋੜੇ ਦੁੜਾਉਣੇ** } ਕ੍ਰਿਃ—ਦੂਜੇ ਨੂੰ ਹਰਾਉਣ ਵਾਸਤੇ ਬਹੁਤ ਜਤਨ ਕਰਨਾ।

**ਘੋੜੇ ਕੈਨ ਬਟੱਬਰ ਹੋਣੇ,** ਕ੍ਰਿਃ—ਜੋ ਖੱਟਣਾ ਖਾ ਛੱਡਣਾ।

**ਘੋੜੀ,** ਸਃ—ਘੋੜੇ ਦੀ ਮਦੀਨ, ਜਿਸ ਫੱਟੀ ਉੱਤੇ ਸਤਾਰ ਦੀਆਂ ਤਾਰਾਂ ਤਣੀਆਂ ਹੋਈਆਂ ਹੁੰਦੀਆਂ ਹਨ, ਇਕ ਲੱਕੜੀ ਜਾਂ ਲੋਹੇ ਦੀ ਚੀਜ਼ ਜਿਸ ਨਾਲ ਸੇਵੀਆਂ ਵੱਟਦੇ ਹਨ, ਸੁਨਤਾਂ ਵੇਲੇ ਵਰਤਣ ਵਾਲਾ ਲੱਕੜੀ ਦਾ ਛਿਮਟਾ, ਬੰਦੂਕ ਦਾ ਉਹ ਹਿੱਸਾ ਜਿਸ ਦੀ ਸੱਟ ਨਾਲ ਗੋਲੀ ਚਲਦੀ ਹੈ। ਖੂਹ ਤੇ ਧਰਨ ਵਾਲੀ ਲੱਕੜ, ਤਕੜੀ ਅਤੇ ਅਦਾਰਾ ਕ੍ਰੀਮਤ, ਕੁੱਬਾ ਮਰਦ ਜਾਂ ਤੀਵੀਂ।

**ਘੋੜੀ ਚੜ੍ਹਨਾ,** ਕ੍ਰਿਃ—ਵਿਆਹ ਵੇਲੇ ਜਾਂ ਸੁਨਤਾਂ ਮਗਰੋਂ ਘੋੜੀ ਉੱਤੇ ਚੜ੍ਹਨਾ (ਲੜਕੇ ਦਾ)॥

**ਘੋੜੀ ਟੱਪਣਾ, ਕ੍ਰਿਃ**
**ਘੋੜੀ ਟੱਪਾ, ਪੁਃ** } ਲੜਕਿਆਂ ਦੀ ਇਕ ਖੇਡ।

**ਘੋੜੀਆਂ,** ਸਃ—ਵਿਆਹ ਦਾ ਇਕ ਗੀਤ (ਗਾਉਣੀਆਂ)।

**ਘੌਂ**
**ਘੌਂਹ** } ਪੁਃ—ਬੱਦਲਾਂ ਦਾ, ਕੱਠ, ਹੁੰਮ੍ਹ, ਢਾਲ ਆਦਿਕ ਦਾ ਪਹਿਲਾ (ਘੌਂ ਕਰਨਾ)॥

**ਘੌਂ ਪਾਉਣਾ,** ਕ੍ਰਿਃ—ਬਹੁਤ ਚਿਰ ਤਕ ਪੀਂਹਦੇ ਰਹਿਣਾ।

**ਘੌਂ ਪਣਾ,** ਕ੍ਰਿਃ—ਧੂੜ ਉੱਡਣੀ, ਹੁੰਮ੍ਹ ਹੋਣਾ, ਬੱਦਲ ਛਾ ਜਾਣੇ॥

**ਘੌਂ ਘੌਂ ਕਰਨਾ,** ਕ੍ਰਿਃ—ਬਹੁਤ ਖਪਣਾ, ਸਿਧ ਪਾਹ ਜਾਣਾ॥

**ਘੌਲ,** ਸਃ—ਸੁਸਤੀ, ਬੇਪਰਵਾਹੀ, ਢਿੱਲ (ਕਰਨੀ)।

**ਘੌਲਣ, ਸਃ**
**ਘੌਲੀ, ਪੁਃ**
**ਘੌਲੀਆ, ਪੁਃ** } ਜੋ ਘੌਲ ਕਰੇ, ਸੁਸਤ, ਗਾਫ਼ਲ॥

Digitized by Panjab Digital Library | www.panjabdigilib.org

## ਙ

**ਙ** ਪੁ:—ਗੁਰਮੁਖੀ ਪੈਂਤੀ ਦਾ ਦਸਵਾਂ ਅੱਖਰ, ਙੰਙਾ ॥

**ਙੰਙਾ,** ਪੁ:—'ਙ' ਅੱਖਰ ਦਾ ਨਾਉਂ ॥

## ਚ

**ਚ,** ਪੁ:—ਗੁਰਮੁਖੀ ਪੈਂਤੀ ਦਾ ਯਾਰ੍ਹਵਾਂ ਅੱਖਰ ॥

**ਚਸ,** ਸ:—ਤੇਜ਼ੀ, ਉਸਤਰੇ ਆਦਿਕ ਦੀ ਧਾਰ, ਸੁਹੱਪਣ, ਸੋਭਾ।

**ਚਸਕ,** ਸ:—ਚੋਭ ਵਾਲੀ ਪੀੜ, ਚੁਭਕ, ਧੜਕੀ।

**ਚਸਕਣਾ,** ਕ੍ਰਿ:—ਚੁਭਕ ਪੈਣੀ, ਤਿੱਖੀ ਪੀੜ ਹੋਣੀ, ਧੜਕੀ ਲਗਣੀ ॥

**ਚਸਕਾ,** ਪੁ:—ਸੁਆਦ, ਰਸ, ਗੇੜ, ਚਾਹ।

**ਚਸਕੇਬਾਜ਼,** ਵਿ:—ਜਿਸਨੂੰ ਕਿਸੇ ਗੱਲ ਦਾ ਚਸਕਾ ਪਿਆ ਹੋਇਆ ਹੋਵੇ। ਖਾਊ, ਰਿਝਾਊ, ਵਿਸ਼ਈ ॥

**ਚਸਮ,** ਸ:—ਅੱਖ, ਨੇਤ੍ਰ, ਦੀਦੇ ॥

**ਚਸਮਾ,** ਪੁ:—ਕੁੰਡ, ਸਰੋਵਰ, ਸੁੰਬ, ਐਨਕ।

**ਚਹਾ,** ਪੁ:—ਛੱਤ ਦੀ ਹੇਠਲੀ ਤਹਿ (ਪਾਉਣਾ), ਇੱਕ ਪੰਖੇਰੂ ॥

**ਚਹਿਕਣਾ,** ਕ੍ਰਿ:—ਬੁਲਬੁਲਾਂ ਦਾ ਖੁਸ਼ੀ ਨਾਲ ਬੋਲਣਾ ਜਾਂ ਗਾਉਣਾ।

**ਚਹਿਕਾ,** ਪੁ:—ਇੱਕ ਤਰਾਂ ਦੀ ਆਤਸ਼ਬਾਜ਼ੀ, ਬਰੂਦ ਦਾ ਚੱਕਰ।

**ਚਹਿਚਹਾਉਣਾ,** ਕ੍ਰਿ:—ਪੰਖੇਰੂਆਂ ਦਾ ਗਾਉਣਾ॥

**ਚਹਿਚਹਾਟ,** ਸ:—ਪੰਖੇਰੂਆਂ ਦੇ ਗਾਉਣ ਬੋਲਣ ਦੀ ਆਵਾਜ਼ ॥

**ਚਹਿਲ ਪਹਿਲ**<br>**ਚਹਿਲ ਮਹਿਲ** } ਪੁ:—ਸ—ਖੁਸ਼ੀ, ਆਨੰਦ, ਮੌਜ॥

**ਚਹੁੰ (ਹਾਂ)**<br>**ਚਹੂੰ** } ਵਿ:—ਚਾਰੇ ਹੀ॥

**ਚਹੁੰ 'ਓਰ'**<br>**ਚਹੁੰ ਚੱਕੀ** } ਕ੍ਰਿ:—ਵਿ:—ਚੁਫੇਰੇ, ਚਾਰੇ ਕੂੰਟ ਵਿਚ।

**ਚਹੁੰ ਚੋਰਾਂ ਦੀ ਮਾਰ,** ਸ:—ਸਖ਼ਤ ਸਜ਼ਾ, ਭਾਰੀ ਬਿਪਤਾ।

**ਚਹੁੰ ਦਿਸਾ,** ਸ:—ਚਾਰੇ ਪਾਸੇ, ਸਭ ਥਾਂ।

**ਚਹੇ,** ਪੁ:—(ਬਹੁ: ਬ:) ਬਾਜ਼ ਦੀਆਂ ਅੱਖਾਂ ॥

**ਚਹੇ ਖੁਲਣੇ,** ਕ੍ਰਿ:—ਅੱਖਾਂ ਤੋਂ ਪੜਦੇ ਹਟਣੇ, ਬਹੁਤ ਗਲਾਂ ਜਾਣ ਲੈਣੀਆਂ, ਸ਼ਰਮ ਹਯਾ ਨਾ ਰਹਿਣੀ।

**ਚੱਕ,** ਪੁ:—ਖੂਹ ਦੀ ਕੰਧ ਦਾ ਹੇਠਲਾ ਲਕੜੀ ਦਾ ਚੌਖਟਾ, ਘੁਮਿਆਰ ਦਾ ਪਹੀਆ, ਕਾੜ੍ਹੀ ਹੋਈ ਰਹੁ ਠੰਢੀ ਕਰਨ ਲਈ ਜਿਸ ਭਾਂਡੇ ਵਿੱਚ ਪਾਂਦੇ ਹਨ, ਪਿੰਡ ਦੀ ਭੋਂ, ਧਰਤੀ ਦਾ ਪਾਸਾ, ਦੰਦਾਂ ਦਾ ਵੱਢਾ [ ਮਾਰਨਾ ]।

**ਚੱਕ ਬੰਨ੍ਹਣਾ,** ਕ੍ਰਿ:—ਧਰਤੀ ਮਿਣਕੇ ਅਤੇ ਨਿਸ਼ਾਨ ਲਾਕੇ ਪਿੰਡ ਪਾਉਣਾ॥

**ਚੱਕ ਮਾਰਨਾ,** ਕ੍ਰਿ:—ਦੰਦਾਂ ਨਾਲ ਕੋਈ ਚੀਜ਼ ਵੱਢਣੀ।

**ਚਾਰੇ ਚੱਕ ਜਗੀਰ ਹੋਣੀ,** ਕ੍ਰਿ:—ਸਭ ਥਾਂ ਅਖਤਿਆਰ ਹੋਣਾ।

**ਚਕਰਾਲ,** ਸ:—ਭੈੜੀ ਅਤੇ ਅੱਗੋਂ ਬੋਲਣ ਵਾਲੀ ਤੀਵੀਂ ॥

Digitized by Panjab Digital Library / www.panjabdigilib.org

**ਚਕ ਚੂੰਧਰ / ਚਕ ਚੂੰਧਰ** } ਸ॰—ਇੱਕ ਤਰਾਂ ਦਾ ਚੂਹਾ, ਇੱਕ ਤਰਾਂ ਦੀ ਆਤਸ਼ਬਾਜ਼ੀ

**ਚਕਚੂੰਧਰ ਛੋੜਨਾ,** ਕ੍ਰਿ॰—ਲੜਾਈ ਕਰਾ ਦੇਣੀ ਫਸਾਦ ਪਾ ਦੇਣਾ ॥

**ਚਕਟੀ,** ਸ॰—ਤਮਾਕੂ ਮਲਨ ਵਾਲੀ ਲੱਕੜੀ ਜਾਂ ਚਮੜੇ ਦੀ ਗੋਲ ਟਿੱਕੀ, ਤਮਾਕੂ ਜਾਂ ਸਾਬਣ ਦੀ ਟੱਕੀ ॥

**ਚੱਕਣਾ,** ਕ੍ਰਿ॰—ਚੁੱਕਣਾ, ਚਾਉਣਾ, ਉਠਾਉਣਾ, ਉਤਾਂਹ ਕਰਨਾ ॥

**ਚਕਨਾਚੂਰ,** ਵਿ॰—ਬਿਲਕੁਲ ਟੁੱਟਾ ਹੋਇਆ, ਡਾਢਾ ਥਕਾ ਹੋਇਆ ( ਹੋਣਾ, ਕਰਨਾ ) ।

**ਚਕ ਮਕ,** ਸ॰—ਇੱਕ ਕਰੜਾ ਪਥਰ ਜਿਸ ਦੇ ਰਗੜਨ ਨਾਲ ਅੱਗ ਨਿਕਲਦੀ ਹੈ ॥

**ਚਕਰ / ਚੱਕਰ** } ਪੁ॰—ਪਹੀਏ ਵਰਗੀ ਗੋਲ ਚੀਜ਼, ਕੜਾ, ਘੇਰਾ, ਗੋਲ ਰਸਤਾ, ਜਥਾ ਪੈਰਾਂ ਦੀਆਂ ਲੀਕਾਂ, ਅਕਾਲੀਆਂ ਦੇ ਸਿਰ ਦਾ ਲੋਹੇ ਦਾ ਗੋਲ ਹਥਿਆਰ, ਸਮੇਂ ਦਾ ਫੇਰ, ਸਿਰ ਦਾ ਘੁੰਮਣਾ, ਘਬਰਾਹਟ, ਸੰਖ ।

**ਚੱਕਰ ਖਾਣਾ,** ਕ੍ਰਿ॰—ਘੁੰਮਣਾ, ਫੇਰ ਖਾਕੇ ਆਉਣਾ।

**ਚੱਕਰ ਦੇਣਾ,** ਕ੍ਰਿ॰—ਘੁਮਾਉਣਾ ॥

**ਚੱਕਰ ਬੰਨ੍ਹਣਾ,** ਕ੍ਰਿ॰—ਛੇਤੀ ਛੇਤੀ ਘੁੰਮਣਾ ।

**ਚੱਕਰ ਮਾਰਨਾ,** ਕ੍ਰਿ॰—ਚੁਫੇਰੇ ਫਿਰਨਾ, ਕੀਮੀ ਸੈਲ ਕਰਨੀ ।

**ਚੱਕਰਵਰਤੀ,** ਪੁ॰—ਸਭਨਾਂ ਥਾਵਾਂ ਦਾ ਰਾਜਾ ॥

**ਚਕਰਾਉਲ,** ਸ॰—ਘੋੜਿਆਂ ਦੇ ਪੈਰਾਂ ਦਾ ਇੱਕ ਰੋਗ ।



**ਚਕਰੀ,** ਸ॰—ਲੜਾਈ ਝਗੜਾ (ਕਰਨੀ, ਲਾਉਣਾ) ਪੂੰਝੇ ਦੀ ਪੂਛ, ਛੋਟਾ ਚੱਕਰ ॥

**ਚਕਰੀਆ,** ਪੁ॰—ਝਗੜਨਵਾਲਾ, ਨੌਕਰ ॥

**ਚਕਲ,** ਪ॰—ਚਲਣ ਦੇ ਪਹੀਏ ॥

**ਚਕਲਾ,** ਪੁ॰—ਸ਼ਹਿਰ ਦੀ ਕੋਈ ਚੌਰਸ ਖੁੱਲ੍ਹੀ ਥਾਂ, ਕੰਜਰੀਆਂ ਦਾ ਮਹੱਲਾ, ਜਿਸ ਚੀਜ਼ ਉੱਤੇ ਰੋਟੀ ਵੇਲੀਦੀ ਹੈ, ਇੱਕ ਰੇਸ਼ਮੀ ਕਪੜਾ, ਚੌਕਾ, ਸ਼ਰਾਬ ਦੀ ਬੂੰਦ ॥ ਵਿ॰—ਚੌੜਾ, ਖੁੱਲ੍ਹਾ, ਗੋਲ ॥

**ਚਕਲਾਈ,** ਸ॰—ਚੁਕੱਤਣ, ਚੌੜਾਈ ॥

**ਚਕਲੀ / ਚੱਕਲੀ** } ਸ॰—ਗਾਲਾਈ, ਛੋਟਾ ਚਕਲਾ, ਰੁੱਖ ਦੀ ਜੜ੍ਹ ਇਰਦ ਗਿਰਦ ਦੀ ਮਿੱਟੀ ਸਮੇਤ, ਹਲਟ ਦਾ ਖੜ੍ਹਾ ਪਹੀਆ ।

**ਚਕਲੀਦਾਰ,** ਵਿ॰—ਗੋਲ ਅਤੇ ਨਿੱਗਰ ( ਫੋੜਾ )॥

**ਚਕਵਈਆ / ਚਕਵੈਯਾ** } ਪੁ॰—ਭਾਰ ਚੁੱਕਣ ਵਾਲਾ, ਤਕੜਾ ਆਦਮੀ ।

**ਚਕਵਾ,** ਪੁ॰ / **ਚਕਵੀ,** ਸ॰ } ਇੱਕ ਪੰਖੇਰੂ ॥

**ਚਕਵਾਉਣਾ,** ਕ੍ਰਿ॰—ਚੱਕਣ ਦਾ ਕੰਮ ਕਰਾਉਣਾ ॥

**ਚਕਵਾਈ,** ਸ॰—ਚੱਕਣ ਦੀ ਮਜੂਰੀ ॥

**ਚੱਕਾ,** ਪੁ॰—ਜੰਮਿਆ ਹੋਇਆ ਦੁੱਧ, ਗਾੜ੍ਹਾ ਦਹੀਂ ॥ ਵਿ॰—ਜੰਮਿਆ ਹੋਇਆ ।

**ਚਕਾਉਣਾ,** ਕ੍ਰਿ॰—ਚੱਕਣ ਦਾ ਕੰਮ ਕਰਾਉਣਾ ॥

**ਚੱਕਾਨ,** ਵਿ॰—ਬੜਾ ਗਾੜ੍ਹਾ ।

**ਚਕਾਰਾ,** ਪੁ॰—ਹਰਨ ਦਾ ਬੱਚਾ, ਇੱਕ ਤਰਾਂ ਦੀ ਸਰੰਗੀ ॥

Digitized by Panjab Digital Library | www.panjabdigilib.org

**ਚਕਾਰੀ,** ਸ:—ਨਿਕੀ ਜੇਹੀ ਹਰਕਣੀ।

**ਚੋਰੀ ਚਕਾਰੀ,** ਸ—ਚੋਰੀ ॥

**ਚਕਿਰ,** ਸ:—ਇੱਕ ਮਨੁੱਖ ਦੇ ਖੇਤ ਨੂੰ ਦੂਏ ਦੇ ਖੇਤੀ ਤੋਂ ਨਿਖੇੜਨ ਵਾਲੀ ਲੀਕ ॥

**ਚੱਕੀ,** ਸ:—ਪੱਥਰ ਦੇ ਦੋ ਪੁੜ ਜਿਨ੍ਹਾਂ ਨਾਲ ਆਟਾ ਪੀਂਹਦੇ ਹਨ, ਗੋਲ ਟਿੱਕੀ, ਊਂਥੇ ਦੀ ਪੁਛ, ਜ਼ਿਮੀ ਕੰਦ ਦੀ ਇਕ ਮੁੱਢੀ, ਪਠਾਨ ਕੋਟ ਤੋਂ ਚੜ੍ਹਦੇ ਵੱਲ ਇੱਕ ਨਦੀ ॥

**ਚੱਕੀ ਝੋਣਾ**
**ਚੱਕੀ ਪੀਹਣਾ** } ਕ੍ਰਿ:—ਲੰਮੀ ਕਹਾਣੀ ਕਰਨੀ।

**ਚਕੁਲਾ,** ਪੁ:
**ਚਕੁਲੀ,** ਸ: } 'ਚਕਲਾ' 'ਚਕਲੀ' ਵੇਖੋ ॥

**ਚੱਕੂ,** ਪੁ:—ਚਾਕੂ, ਕਲਮਾਂ ਘੜਨ ਵਾਲੀ ਛੁਰੀ, ਕਰਦ ॥

**ਚਕੋਤ੍ਰਾ**
**ਚਕੋਧਰਾ** } ਪੁ:—ਇੱਕ ਤਰਾਂ ਦਾ ਵੱਡਾ ਸੰਤਰਾ ॥

**ਚਕੋਰ,** ਪੁ:—ਇਕ ਪੰਖੇਰੂ, ਵਿ: ਚੌਰਸ ॥

**ਚੱਖਣਾ,** ਕ੍ਰਿ:—ਜੀਭ ਤੇ ਧਰਕੇ ਸੁਆਦ ਲੈਣਾ, ਖਾਣਾ ॥

**ਚਖਮਕ**
**ਚਖਮਖ** } ਪੁ:—ਇਕ ਨਿੰਗਰ ਪੱਥਰ, ਅਲ-ਬਲ ॥

**ਚਖਵਈਆ**
**ਚਖਵੈਯਾ** } ਪੁ:—ਸੁਆਦ ਲਾਕੇ ਖਾਣ ਵਾਲਾ, ਚੱਖਣ ਵਾਲਾ ॥

**ਚਖਾ,** ਪੁ:—ਵੇਲਣੇ ਉੱਤੇ ਕੰਮ ਕਰਨ ਵਾਲਿਆਂ ਨੂੰ ਰੋਜ਼ ਜੋ ਗੁੜ ਦਿੱਤਾ ਜਾਂਦਾ ਹੈ ॥

**ਚਖਾਉਣਾ,** ਕ੍ਰਿ:—ਖੁਆਉਣਾ, ਸੁਆਦ ਦਿਖਾਉਣਾ, ਵੰਨਗੀ ਦੇਣੀ ॥

**ਚਖਾਈ,** ਸ:—ਚੱਖਣ ਦਾ ਕੰਮ ॥

**ਚਖਾ ਚੁਖੀ,** ਸ:—ਲੜਾਈ ਝਗੜਾ (ਹੋਣੀ, ਕਰਨੀ, ਜਾਣੀ, ਲਗਣੀ) ॥

**ਚੱਖੀ,** ਸ:—ਸੁਆਦ, ਰਸ।

**ਚੱਖੀ ਦੇਣੀ**
**ਚੱਖੀ ਲਾਉਣੀ** } ਕ੍ਰਿ:—ਬਾਜ ਦੇ ਮੂੰਹ ਲਹੂ ਜਾ ਮਾਸ ਲਾਉਣਾ, ਹਿਲਾ ਲੈਣਾ।

**ਚਖ!**
**ਚਖੇ ਹੋ!** } ਵਿਸਮਯ:—ਚਲ ਦੂਰ ਹੋ!

**ਚਖੇ ਚੁਖੰਦ,** ਵਿ:—ਨਵਾਂ ਨਰੋਆ, ਝਕੜਾ ਤਾਜ਼ਾ, ਚੱਕਸ ॥

**ਚਖੌਣੀ,** ਪੁ:—ਅੰਨ ਚੱਖਣ ਦਾ ਕੰਮ, ਸੁਆਦ ਲੈਣਾ (ਕਰਨੀ)।

**ਚੰਗ,** ਪੁ:—ਇਕ ਤਰਾਂ ਦਾ ਬਾਜਾ, ਸਰੰਗੀ ॥

**ਚਗੱਤਾ,** ਪੁ:—ਦਿੱਲੀ ਦੇ ਮੁਗ਼ਲ ਪਾਤਸ਼ਾਹਾਂ ਦੀ ਅੱਲ, ਦਰਸਣੀਕ ਆਦਮੀ ॥

**ਚਗਲ,** ਸ:—ਜੂਠ, ਨੀਚ ਆਦਮੀ (ਚਗਲ ਚੰਦ-ਕਮੀਨਾ) ॥

**ਚੰਗਲ,** ਪੁ:—ਪੰਜਾ, ਨਹੁੰਦਰਾਂ, ਹੱਥ ਦੀ ਤਲੀ (ਮਾਰਨਾ)।

**ਚਗਲਣਾ,** ਕ੍ਰਿ:—ਖਾਣ ਪੀਣ ਵਾਲੀ ਚੀਜ਼ ਜੂਠੀ ਕਰਨੀ, ਭੁੱਖ ਬਿਨਾ ਖਾਣਾ ॥

**ਚਗਲਵਾਉਣਾ,** ਕ੍ਰਿ:—'ਚਗਲਾਉਣਾ' ਵੇਖੋ ॥

Digitized by Panjab Digital Library | www.panjabdigilib.org

**ਚੰਗੜ**, ਪੁ:
**ਚੰਗੜਣੀ, ਚਗੜਿਆਣੀ**, ਸ:
**ਚੰਗੜੀ**, ਸ: } ਇੱਕ ਨਿਕੀ ਜਾਤ ਦੇ ਲੋਕ ਜੋ ਅਨਾਜ ਛੱਟਣ ਦਾ ਕੰਮ ਕਰਦੇ ਹਨ ॥

**ਚੰਗਾ**, ਪੁ:
**ਚੰਗੀ**, ਸ: } ਵਿ:—ਅੱਛਾ, ਭਲਾ, ਮਨਭਾਉਂਦਾ, ਭਾਗਾਂ ਵਾਲਾ, ਆਪਣੇ ਮਤਲਬ ਦਾ, ਨਰੋਇਆ, ਬਖਤਾਵਰ ॥

ਕ੍ਰਿ: ਵਿ:—ਅੱਛਾ, ਅੱਛੀ ਤਰਾਂ ॥

**ਚੰਗਾ ਭਲਾ**, ਵਿ:—ਅੱਛਾ, ਖਰਾ, ਨਵਾਂ ਨਰੋਇਆ, ਤਕੜਾ, ਜਿਉਂਦਾ ਜਿਉਂ, ਖਾਸਾ ਕੰਮ ਚਲਾਊ ॥

**ਚੰਗਿਆਈ**, ਸ:—ਚੰਗੇ ਹੋਣ ਦਾ ਗੁਣ, ਖੂਬੀ ।

**ਚੰਗਿਆਰਾ**, ਪੁ: ਇੱਕ ਪੰਖੇਰੂ ਚੰਗਿਆੜਾ ॥

**ਚੰਗਿਆੜਾ**, ਪੁ:
**ਚੰਗਿਆੜੀ**, ਸ: } ਅੰਗਿਆਰੀ, ਚਿਣਗ, ਅੱਗ ਦੀ ਕਣੀ ।

**ਚੰਗਿਆੜੀ ਲਾਉਣੀ**, ਕ੍ਰਿ:—ਲੜਾਈ ਕਰਾ ਦੇਣੀ ॥

**ਚੰਗੇਰ**, ਸ:—ਬਾਂਸ ਆਦਿਕ ਦੀ ਚੌੜੀ ਟੋਕਰੀ ॥

**ਚੰਗੇਰਟਾ**, ਪੁ:—ਛੋਟੀ ਚੰਗੇਰ । ਵਿ:—ਚੰਗਾ, ਅੱਛਾ।

**ਚੰਗੇਰਾ**, ਵਿ:—ਚੰਗੀ ਤਰ੍ਹਾਂ ਦਾ, ਕੁਝ ਕੁ ਚੰਗਾ, ਦੂਜੇ ਕੋਲੋਂ ਚੰਗਾ ॥

**ਚੰਚਲ**, ਵਿ:—ਜੋ ਨਿਚੱਲਾ ਨਾ ਰਹੇ, ਚਲਾਕ, ਖਿਡਾਰੀ, ਚਪਲ ।

**ਚੰਚਲ ਪੁਣਾ**, ਪੁ:
**ਚੰਚਲ ਤਾਈ**, ਸ:
**ਚੰਚਲਾਈ**, ਸ: } ਨਿਚੱਲੇ ਨਾ ਰਹਿਣਾ, ਚਲਾਕੀ, ਫੁਰਤੀ, ਬੇਚੈਨੀ, ਭੁਲ ਭੁਲਾਵ ।

**ਚੱਚਾ** ਪੁ:—ਗੁਰਮੁਖੀ ਪੈਂਤੀ ਦਾ ਬਾਰ੍ਹਵਾਂ ਅੱਖਰ 'ਚ' ॥

**ਚੱਜ**, ਪੁ:—ਵੱਲ ਢਬ, ਢੰਗ, ਅਕਲ, ਸਮਝ, ਚਾਲ ਢੰਗ ॥

**ਚੱਜ ਚਾਰ**, ਪੁ:—ਵਰਤਾਰਾ, ਚਾਲ, ਰਹਿਤ ॥

**ਚੰਜੀ**, ਸ:—ਇਕ ਤਰਾਂ ਦਾ ਲਾਲ ਬਿੰਦੀਆਂ ਵਾਲਾ ਖੁਰਕਾ ।

**ਚਟ**, ਸ:—ਮਾਸ ਗੱਲਣ ਵਾਲੀ ਸੱਟ ਜਾਂ ਫੋੜਾ ॥

**ਚੱਟ**, ਪੁ: ਚੱਟਣ ਦਾ ਕੰਮ, ਸਵਾਦ ॥
ਵਿ: ਝਟ ਪਟ ॥

**ਚੱਟ ਹੋਣਾ**, ਕ੍ਰਿ:—ਮੁੱਕਣ, ਮਰ ਜਾਣ, ਨਾਸ ਹੋਣਾ ।

**ਚੱਟ ਕਰ ਜਾਣਾ**, ਕ੍ਰਿ:—ਸੁਆਦ ਲਾਕੇ ਖਾ ਜਾਣਾ ॥

**ਚੱਟ ਕਰਨਾ**, ਕ੍ਰਿ:—ਚੁਰਾ ਲੈਣਾ, ਨਾਸ ਕਰਨਾ, ਸਾਰੀ ਮੁਕਾ ਦੇਣੀ ॥

**ਚੱਟ ਪੱਟ**, ਕ੍ਰਿ:—ਵਿ:—ਛੇਤੀ ਛੇਤੀ, ਝਟ ਪਟ ।

**ਚੱਟ ਲੈਣਾ**, ਕ੍ਰਿ:—ਜੀਭ ਨਾਲ ਖਾ ਲੈਣਾ, ਵੱਢੀ ਖਾਣੀ ॥

**ਚਟਕ**, ਸ:—ਚਮਕ, ਸੁਹਣਾ ਰੰਗ, ਰਸ, ਚਾਹ, ਉੱਡਣ ਦੀ ਅਵਾਜ਼, ਅਣਬਣ ॥

ਵਿ: ਚਮਕਦਾਰ, ਜਿਸ ਦਾ ਰੰਗ ਸੁਹਣਾ ਹੋ ।

**ਚਟਕ ਜਾਣਾ**, ਕ੍ਰਿ:—ਚਟਕਣਾ ॥

Digitized by Panjab Digital Library | www.panjabdigilib.org

**ਚਟਕਣਾ / ਚਟਖਣਾ** } ਕ੍ਰਿ: ਟੁੱਟਣਾ, ਪਾਟਣਾ, ਚਮਕਣਾ, ਗੁੱਸੇ ਹੋਣਾ।

ਪੁ: ਤਮਾਸ਼ਾ, ਧੰਧਾ॥

**ਚਟਕਾਉਣਾ / ਚਟਖਾਉਣਾ** } ਕ੍ਰਿ:—ਤੜਕਣਾ, ਪਾੜਨਾ, ਕੜਾਕੇ ਕੱਢਣੇ (ਉਂਗਲੀਆਂ ਦੇ) ਚਮਕਾਉਣਾ, ਭੜਕਾਉਣਾ, ਮਜ਼ਾਕੇ ਮਾਰਨੇ।

**ਚਟਕਾਰਨਾ,** ਕ੍ਰਿ:—ਜੀਭ ਨੂੰ ਤਾਲੂ ਵੱਲੋਂ ਖਿੱਚ ਕੇ ਟਿਚ ਟਿੱਚ ਦੀ ਅਵਾਜ਼ ਕੱਢਣੀ (ਪਸ਼ੂ ਨੂੰ ਟੋਰਨ ਵਾਸਤੇ)॥

**ਚਟਕਾਰੀ,** ਸ:—ਚਟਕਾਰਨ ਦੀ ਅਵਾਜ਼(ਮਾਰਨੀ)॥

**ਚਟਕੀਲਾ,** ਵਿ:—ਭੜਕੀਲਾ, ਸੋਹਣਾ, ਮਜ਼ੇਦਾਰ।

**ਚਟਖਣਾ / ਚਟਖਾਉਣਾ** } 'ਚਟਕਣਾ, ਚਟਕਾਉਣਾ' ਵਖੋ

**ਚੱਟਣਾ,** ਕ੍ਰਿ:—ਜੀਭ ਨਾਲ ਖਾਣਾ, ਸਆਦ ਲੈਣਾ, ਅਸਰ ਪਾਉਣਾ, ਨਾਸ ਕਰਨਾ, ਵੱਢੀ ਲੈਣੀ।

**ਚਟਣੀ,** ਸ: -ਕਈ ਮਸਾਲੇ ਕੱਠੇ ਰਗੜੇ ਹੋਏ, ਚੱਟਣ ਵਾਲੀ ਦੁਆ॥

**ਚਟਣੀ ਹੋ ਜਾਣਾ,** ਕ੍ਰਿ:—ਚੈਂੜਾ ਰ ਵੈਰੇ ਜਾਣਾ, ਨਾ ਰਹਿਣਾ, ਨਿਗਲੇ ਜਾਣਾ॥

**ਚਟ ਪੱਟ,** ਕ੍ਰਿ:—ਬਹੁਤ ਛੇਤੀ, ਝਬਦੇ॥

**ਚਟ ਪੱਟ ਹੋਣਾ,** ਕ੍ਰਿ:—ਅਚਾਨਚੱਕ ਮਰ ਜਾਣਾ॥

**ਚਟ ਪਟਾ,** ਵਿ:—ਕਾਹਲਾ, ਸਆਦੀ, ਲੀਹਾਂ ਵਾਲਾ।

**ਚਟਪਟਾਉਣਾ,** ਕ੍ਰਿ:—ਘਾਬਰਨਾ ਬਿਆਕਲ ਹੋਣਾ॥

**ਚਟਪਟਾਹਟ,** ਸ:—ਕਾਹਲੀ, ਘਬਰਾਹਟ॥

**ਚਟਪਟੀ,** ਸ:—ਕਾਹਲੀ, ਘਬਰਾਟ(ਲੱਗਣੀ)।

**ਚਟਪਟੀਆ,** ਵਿ:—ਕਈ ਰੰਗਾਂ ਦੀਆਂ ਲੀਹਾਂ ਵਾਲਾ, ਕਾਹਲਾ, ਚੁਸਤ, ਜਰੂਰੀ, ਬੇ ਸਬਰਾ॥

**ਚੱਟਮ,** ਵਿ:—ਸਫਾ, ਮੁੰਨਿਆਂ ਹੋਇਆ, ਚੱਟ ਕੀਤਾ ਹੋਇਆ, ਮੁਕਾ ਹੋਇਆ, ਮੁਰਦਾ (ਹੋਣਾ, ਕਰਨਾ)॥

**ਚਟਵਾਉਣਾ,** ਕ੍ਰਿ:—ਚੱਟਣ ਦਾ ਕੰਮ ਕਰਾਉਣਾ॥

**ਚਟਾਉਣਾ,** ਕ੍ਰਿ:—ਜੀਭ ਨਾਲ ਖੁਆਉਣਾ, ਰੁਪਯਾ ਉਡਾਉਣਾ, ਵੱਢੀ ਦੇਣੀ॥

**ਚਟਾਈ,** ਸ:—ਚੱਟਣ ਦਾ ਕੰਮ, ਸਫ, ਫੂੜ੍ਹੀ॥

**ਚਟਾਕ,** ਪੁ:—ਮਾਰ ਦਾ ਨਿਸ਼ਾਨ, ਦਾਗ, ਜ਼ਖਮ॥

**ਚਟਾਕਾ / ਚਟਾਖਾ** } ਪੁ:—ਮਰਾਕਾ, ਟੁੱਟਣ ਜਾਂ ਫਟਕਣ ਦੀ ਅਵਾਜ਼, ਸੂਰਜ ਦੀ ਚਮਕ।

**ਚਟਾਕੇ ਦਾਰ,** ਵਿ:—ਮਜ਼ੇਦਾਰ ਸੁਆਦੀ, ਕਰਾਰਾ॥

**ਚਟਾਪਟ,** ਕ੍ਰਿ:—ਚੱਟ ਪੱਟ, ਝਬਦੇ, ਬਾਰਬਾਰ॥

**ਚਟਾਪਟੀ,** ਸ:—ਚਟਪਟੀ, ਕਾਹਲੀ, ਘਬਰਾਟ॥

**ਚੱਟੀ,** ਸ:—ਜਰੀਮਾਨਾ, ਡੰਨ, ਨੁਕਸਾਨ, ਖਰਚਾ॥ (ਦੇਣੀ ਜਾਂ ਭਰਨੀ, ਲੱਗਣੀ, ਲਾਉਣੀ)

**ਚੱਟੀ ਚਪੱਟੀ, ਚੱਟੀ ਚਿਪੀਰੀ / ਚੱਟੀ ਚੀਰਾ, ਚੱਟੀ ਚੀਰੀ** } ਸ:—ਚਟੀ॥

**ਚੱਟੂ,** ਪੁ:—ਲੱਕੜੀ ਦਾ ਉੱਖਲ, ਖਾਊ ਉਡਾਊ

Digitized by Panjab Digital Library | www.panjabdigilib.org

**ਚਟੂਰਾ,** ਪੁ:
**ਚਟੂਰੀ,** ਸ:
**ਚਤੂਰਾ,** ਪੁ:
} ਅੰਨ ਆਟਾ ਰੱਖਣ ਵਾਲਾ ਜਾਂ ਦਾਹੀ ਰਿੜਕਣ ਵਾਲਾ ਮਿੱਟੀ ਦਾ ਭਾਂਡਾ

**ਚਟੋਰ,** ਪੁ: ਸ:
**ਚਟੋਰਾ,** ਪੁ:
**ਚਟੋਰੀ,** ਸ:
} ਜਿਸ ਨੂੰ ਖਾਣ ਦਾ ਚਸਕਾ ਹੋਵੇ।

**ਚੱਠ,** ਸ:—ਨਵੇਂ ਘਰ ਵਿੱਚ ਵੜਨ ਤੋਂ ਪਹਿਲੇ ਬ੍ਰਾਹਮਣ ਜੁਆਲਣੇ ਕਰਨੇ।

**ਚੱਠਾ,** ਪੁ:—ਡੰਗਰਾਂ ਦੇ ਪਾਣੀ ਪੀਣ ਦਾ ਚੌੜਾ ਭਾਂਡਾ, ਜੱਟਾਂ ਦੀ ਇਕ ਜਾਤ॥

**ਚੱਠੂ,** ਪੁ:—ਲੱਕੜੀ ਦਾ ਉੱਖਲ, ਘੁੰਮਰ 'ਘੇਰ ਦੇ ਵਿਚਲਾ ਟੋਇਆ, ਇੱਕ ਤਰ੍ਹਾਂ ਦਾ ਢੋਲ।

**ਚੰਡ,** ਸ:—ਤੇਸੀ ਦਾ ਲੋਹੇ ਦਾ ਫਲ ਜਿਸ ਨਾਲ ਇੱਟਾਂ ਘੜੀ ਦੀਆਂ ਹਨ॥

**ਚੰਡ ਹੋ ਜਾਣਾ**
**ਚੰਡ ਹੋਣਾ**
} ਕ੍ਰਿ:—ਪੱਲੇ ਕੁਝ ਨਾ ਰਹਿਣਾ, ਤਬਾਹ ਹੋ ਜਾਣਾ, ਮੁਫਲਸ ਹੋਣਾ॥

**ਚੰਡਣਾ,** ਕ੍ਰਿ:—ਕੁੱਟ ਕੇ ਠੀਕ ਕਰਨਾ, ਮੱਤ ਦੇਣੀ, ਸਿਖਾਉਣਾ, ਮਾਰ ਕੇ ਸੁਧਾਰਨਾ।

**ਚੰਡ ਬਹਾਉਣਾ,** ਕ੍ਰਿ:—ਕਿਸੇ ਦੀ ਗਤ ਬਣਾਉਣੀ।

**ਚੰਡਵਾਉਣਾ,** ਕ੍ਰਿ:—ਚੰਡਣ ਦਾ ਕੰਮ ਕਰਾਉਣਾ।

**ਚੰਡਵਾਈ,** ਸ:—ਚੰਡਵਾਉਣ ਦੀ ਮਜ਼ਦੂਰੀ।

**ਚੱਡਾ,** ਪੁ:—ਢਿੱਡ ਅਤੇ ਪੱਟ ਦੇ ਵਿਚਲੀ ਥਾਂ

**ਚੱਢੇ ਗੱਟੇ ਕਰ ਦੇਣਾ,** ਕ੍ਰਿ:—ਘੁਲਦਿਆਂ ਘੁਲਦਿਆਂ ਗਿੱਚੀ ਗੋਡਿਆਂ ਨਾਲ ਲਾ ਦੇਣੀ, ਕਾਬੂ ਕਰ ਲੈਣਾ॥

**ਚੰਡਾਉਣਾ,** ਕ੍ਰਿ:—ਚੰਡਣ ਦਾ ਕੰਮ ਕਰਾਉਣਾ

**ਚੰਡਾਲ,** ਪੁ:
**ਚੰਡਾਲਣੀ,** ਸ:
} ਕਮੀਨ, ਨਿੱਕੀ ਜਾਤ ਵਾਲਾ (ਲੀ), ਦੋਗਲਾ (ਲੀ), ਜਾਤੋਂ ਛੇਕਿਆ ਹੋਇਆ, ਨਿਰਦਈ, ਸੂਮ, ਦੁਸ਼ਟ, ਹਤਿਆਰਾ॥

**ਚੰਡਾਲ ਚੌਂਕੜੀ,** ਸ:—ਬੁਰੇ ਆਦਮੀਆਂ ਦੀ ਟੋਲੀ।

**ਚੰਡਾਲਪੁਣਾ,** ਪੁ:—ਚੰਡਾਲਾਂ ਦਾ ਕੰਮ॥

**ਚੰਡਿਆਉਣਾ,** ਕ੍ਰਿ:—'ਚੰਡਵਾਉਣਾ' ਵੇਖੋ॥

**ਚੰਡੀ,** ਸ:—ਦੁਰਗਾ, ਜੁੱਧ ਦੀ ਦੇਵੀ, ਲੜਾਕੀ ਰੰਨ॥

**ਚੰਡੀ ਕਰਨਾ,** ਕ੍ਰਿ:—ਸ਼ੇਖੀ ਜਾਂ ਗੁਸਤਾਖ਼ੀ ਕਰਨਾ)॥

**ਚੰਡੀ ਚੜ੍ਹਨਾ,** ਕ੍ਰਿ:—ਬਹੁਤ ਗੁੱਸੇ ਵਿੱਚ ਆਉਣਾ।

**ਚੰਡੋਲ** ਪੁ:—ਕ੍ਰਿਸ਼ਨ ਜੀ ਦਾ ਪੰਘੂੜਾ, ਇੱਕ ਤਰ੍ਹਾਂ ਦੀ ਡੋਲੀ, ਇਕ ਪੰਛੀ।

**ਚਣ,** ਪੁ:—ਇੱਕ ਤਰ੍ਹਾਂ ਦਾ ਗਹਿਣਾ॥

**ਚਣਾ,** ਪੁ:—ਇੱਕ ਅਨਾਜ, ਛੋਲਿਆਂ ਦਾ ਦਾਣਾ।

**ਚਣਾਠੀ,** ਸ:—ਚੰਨਣ ਦੀ ਲੱਕੜੀ ਦਾ ਨਿੱਕਾ ਟੋਟਾ॥

**ਚਤੰਨ,** ਵਿ:—ਜਿਸ ਨੂੰ ਸੁਰਤ ਹੋਵੇ, ਸਮਝਦਾਰ, ਚੌਕਸ।

**ਚਤਰ**
**ਚਤਰਾ**
} ਵਿ:—ਸਿਆਣਾ, ਚਲਾਕ, ਹੁਸ਼ਿਆਰ ਫਰੇਬੀ॥

**ਚਤਰਤਾਈ,** ਸ:—ਚਤਰਾਈ, ਚਲਾਕੀ॥

Digitized by Panjab Digital Library / www.panjabdigilib.org

**ਚਤਰ ਭੁਜ,** ਪੁ:—ਚਹੁੰ ਬਾਹਾਂ ਵਾਲਾ, ਕ੍ਰਿਸ਼ਨ ॥

**ਚਤਰਣੀ,** ਪੁ: —ਗੁਣਵਾਨ ਅਤੇ ਸੁੰਦਰ ਇਸਤ੍ਰੀ ।

**ਚਤਰਾਈ,** ਸ:—ਚਤਰ ਹੋਣ ਦਾ ਗੁਣ, ਚਲਾਕੀ, ਉਸਤਾਦੀ ।

**ਚਤਾਰਨਾ,** ਕ੍ਰਿ:—ਚੇਤੇ ਕਰਾਉਣਾ, ਸਝਾਉਣਾ ।

**ਚਤੇਰਾ** ਪੁ:—ਚਿਤ੍ਰਣ ਦਾ ਕੰਮ ਕਰਨ ਵਾਲਾ ॥

**ਚੰਦ,** ਪੁ:—ਰਾਤ ਨੂੰ ਚਾਨਣ ਕਰਨ ਵਾਲਾ ਗ੍ਰਹ, ਪਿਆਰਾ ਬਾਲਕ, ਸੋਹਣਾ ਆਦਮੀ, ਟੋਪੀ ਦੇ ਉੱਪਰਲਾ ਗੋਲ ਹਿੱਸਾ, ਇਕ ਗਹਿਣਾ ।

**ਚੰਦ ਗ੍ਰਹਿਣ,** ਪੁ:—ਚੰਦ ਉੱਤੇ ਛਾਯਾ ਪੈ ਜਾਣੀ ॥

**ਚੰਦ ਚਾਹੜਨਾ,** ਕ੍ਰਿ:—ਨੁਕਸਾਨ ਵਾਲਾ ਕੰਮ ਕਰਨਾ, ਕੰਮ ਵਿਗਾੜ ਸੁੱਟਣਾ ॥

**ਚੱਤੇ ਪਹਿਰ,** ਕ੍ਰਿ:—ਹਰ ਪਲ, ਸਦਾ ।

**ਚੰਦਊਆ,** ਪੁ:—ਟੋਪੀ ਦੇ ਉੱਪਰਲਾ ਗੋਲ ਹਿੱਸਾ ਦਰੀ ਦਾ ਛੋਟਾ ਗੋਲ ਟੋਟਾ, ਗੁਰੂ ਸਾਹਿਬ ਆਦਿਕ ਉੱਪਰ ਤਾਣਿਆ ਹੋਇਆ ਰੰਗਦਾਰ ਕੱਪੜਾ, ਚਾਂਦ ਦੀ ਪੱਟੀ ।

**ਚੰਦਨ,** ਪੁ:—ਇੱਕ ਤਰ੍ਹਾਂ ਦੀ ਖੁਸ਼ਬੂਦਾਰ ਲੱਕੜੀ ॥

**ਚੰਦਨ ਹਾਰ,** ਪੁ:—ਇੱਕ ਤਰ੍ਹਾਂ ਦੀ ਵਡਮੁੱਲੀ ਮਾਲਾ ॥

**ਚੱਦਰ,** ਸ:—ਕੱਪੜੇ ਦਾ ਚੌਰਸ ਟੁਕੜਾ, ਦੁਪੱਟਾ, ਲੋਹੇ ਆਦਿਕ ਦੇ ਪੱਤ੍ਰੇ ਦਾ ਟੋਟਾ, ਪਾਣੀ ਦੀ ਚੌੜੀ ਧਾਰ, ਇੱਕ ਤਰ੍ਹਾਂ ਦੀ ਅਸਤ ਬਾਜ਼ੀ, ਰੰਡੀ ਤੀਮੀ ਦੇ ਵਿਆਹ ਦੀ ਰੀਤ (ਚਾਦਰ ਪਾਉਣੀ) ॥

**ਚੱਦਰ ਛੱਤ,** ਸ: —ਜਿਸ ਛੱਤ ਦੇ ਥੱਲੇ ਕੱਪੜਾ ਲਗਾ ਹੋਵੇ ।

**ਚੰਦਰ,**
**ਚੰਦਰਮਾ,** } ਪੁ: ਚੰਦ ॥

**ਚੰਦਰ ਸੈਣ,** ਪੁ:—ਚੰਦਰਾ ਭੈੜਾ, ਸ਼ਰਾਰਤੀ ॥

**ਚੰਦਰ ਪੁਣਾ,** ਪੁ:—ਖੋਟੀ ਕਿਸਮਤ, ਖਿਪੜਾ ਕੰਜੂਸੀ ।

**ਚੰਦਰ ਬੰਸੀ,** ਪੁ:—ਛੱਤ੍ਰੀ ਰਾਜਿਆਂ ਦੀ ਇੱਕ ਕੁਲ

**ਚੰਦਰ ਭਾਣ,** ਪੁ:—ਬੇ ਨਸੀਬ, ਭੈੜਾ, ਦੁਖੀ ।

**ਚੰਦਰ ਮੁਖੀ,** ਸ:—ਸੁੰਦਰ ਇਸਤ੍ਰੀ ।

**ਚੰਦਰਾ,** ਪੁ:—ਹੱਥਾਂ ਜਾਂ ਉਂਗਲੀਆਂ ਦਾ ਇੱਕ ਖੇੜਾ, ਨਜ਼ਲਾ ॥

ਵਿ: —ਭੈੜਾ, ਬੇ ਨਸੀਬ, ਨੀਚ, ਤਬਾਹ, ਸੂਮ ॥

**ਚੰਦਾ,** ਪੁ: —ਰਜਾਈ ਦਾ ਉੱਪਰਲਾ ਪਾਸਾ, ਚੰਦ, ਧਰਮ ਦੇ ਕੰਮ ਲਈ ਦਾਨ (ਖਗੰਲਾ, ਫੈਲੋਂ) ॥

**ਕਿਸੇ ਦੇ ਚੰਦੇ ਹੋਣੇ,** ਕ੍ਰਿ:—ਮਨੋਰਥ ਪੂਰੇ ਹੋਣੇ, ਖ਼ੁਸ਼ੀ ਹੋਣੀ ।

**ਚੰਦੀ,** ਸ:—ਨੱਕ ਦੇ ਉੱਪਰ ਦੀ ਟਿੱਕੀ ।

**ਚੰਦੂਆ**
**ਚੰਦੋਆ** } ਪੁ:—'ਚੰਦਊਆ' ਵੇਖੋ ।

**ਚੰਦੇਰੀ (ਲੀ),** ਸ: —ਇੱਕ ਤਰ੍ਹਾਂ ਦੀ ਪੱਗ ॥

**ਚੰਨ,** ਪੁ:—ਚੰਦ ।

Digitized by Panjab Digital Library | www.panjabdigilib.org

**ਚੰਨਣ,** ਪੁ:—'ਚੰਦਨ' ਵੇਖੋ।

**ਚੰਨਾ,** ਪੁ:—ਘਰ ਦਾ ਇੱਕ ਪਾਸਾ, ਉਹ ਕੰਧਾਂ ਜਿਨ੍ਹਾਂ ਉੱਤੇ ਛੱਤ ਦੀ ਲੱਕੜੀ ਧਰੀ ਹੋਈ ਹੁੰਦੀ ਹੈ।

**ਚੰਨਾ ਬੰਨਾ,** ਪੁ:—ਦੋ ਪਿੰਡਾਂ ਦੀ ਹੱਦ, ਹਮਸਾਏ।

**ਚਨਾਰ,** ਸ:—ਇੱਕ ਰੁੱਖ ਜੋ ਕਸ਼ਮੀਰ ਵਿੱਚ ਬਹੁਤ ਹੁੰਦਾ ਹੈ।

**ਚਨੁਕਰਾ,** ਵਿ:—ਜਿਸ ਦੀਆਂ ਚਾਰ ਨੁੱਕਰਾਂ ਹੋਣ।

**ਚਪਕਣ,** ਪੁ: ਇੱਕ ਤਰ੍ਹਾਂ ਦਾ ਚੋਗਾ।

**ਚਪਟਾ,** ਵਿ:—ਚੌੜਾ, ਪੱਧਰਾ, ਇੱਕੋ ਜੇਹੀ ਤਹ ਵਾਲਾ।

**ਚਪਟੀ,** ਸ:—ਫੱਟੀ, ਪੱਤ੍ਰੀ, ਪੱਤਰ।

**ਚੱਪਣ,** ਪੁ: ਮਿੱਟੀ ਦੇ ਭਾਂਡੇ ਦਾ ਢੱਕਣ।

**ਚੱਪਣੀ,** ਸ:—ਛੋਟਾ ਚੱਪਣ, ਗੋਲ ਤੋੜੇ ਦਾ ਫਲ।

**ਚੰਪਤ ਹੋਣਾ,** ਕ੍ਰਿ: ਪੱਤਰਾ ਵਾਚਣਾ, ਖਿਸਕ ਜਾਣਾ।

**ਚੱਪਣੀ ਵਿੱਚ ਨੱਕ ਡੋਬਕੇ ਮਰ ਜਾਣਾ ਜਾਂ ਮਰਨਾ** } ਕ੍ਰਿ: ਬਹੁਤ ਬੇਸ਼ਰਮ ਹੋਣਾ।

**ਚੱਪਣੀਆਂ ਭੰਨਣੀਆਂ,** ਕ੍ਰਿ:— ਵਿਆਹ ਆਦਿਕ ਵਿੱਚ ਲੜਕੇ ਦਾ ਘੋੜੇ ਤੋਂ ਉਤਰਕੇ ਚੱਪਣੀਆਂ ਉੱਤੇ ਕੁੱਦ ਕੇ ਉਨ੍ਹਾਂ ਨੂੰ ਭੰਨ ਸੁੱਟਣਾ (ਹਿੰਦੂਆਂ ਦੀ ਰੀਤ)।

**ਚਪਰਕਨਾਤੀਆ,**
**ਚਪੜਕਨਾਤੀਆ,** } ਪੁ:—ਦੁਸ਼ਟ, ਸ਼ਤਾਨ, ਸ਼ਰਾਰਤੀ।



**ਚਪਰ ਚਪਰ**
**ਚਪੜ ਚਪੜ** } ਸ:—ਕੁੱਤੇ ਦੇ ਚੱਟਣ ਦੀ ਅਵਾਜ਼, ਬਕਵਾਦ (ਕਰਨਾ)।

**ਚਪਲ,** ਵਿ:—ਤੇਜ਼, ਤਿੱਖਾ, ਚੁਸਤ, ਚੰਚਲ, ਜੋ ਬਹੁਤ ਬੋਲੇ।

**ਚਪਲਤਾਈ,** ਸ:—ਚਪਲ ਹੋਣ ਦਾ ਗੁਣ।

**ਚਪਲਾ,** ਸ:—ਬਿਜਲੀ, ਚੰਚਲ ਇਸਤ੍ਰੀ।

**ਚਪੜਾ,** ਪੁ:—ਸਾਫ਼ ਕੀਤੀ ਹੋਈ ਲਾਖ।

**ਚਪੜਾਸ,** ਸ:—ਇੱਕ ਪਿੱਤਲ ਆਦਿਕ ਦਾ ਟੁਕੜਾ ਜਿਸ ਉੱਤੇ ਦਫ਼ਤਰ ਜਾਂ ਕੋਠੀ ਆਦਿਕ ਦਾ ਨਾਉਂ ਉੱਕਰਿਆ ਹੋਇਆ ਹੁੰਦਾ ਹੈ ਅਤੇ ਪੇਟੀ ਜਾਂ ਪਟਕੇ ਨਾਲ ਲੱਗਾ ਰਹਿੰਦਾ ਹੈ।

**ਚਪੜਾਸੀ**
**ਚਪੜਾਸੀਆ** } ਪੁ: ਚਪੜਾਸ ਪਾਉਣ ਵਾਲਾ, ਚਠੀਆਂ ਲਜਾਣ ਆਦਕ ਦਾ ਕੰਮ ਕਰਨ ਵਾਲਾ ਨੌਕਰ।

**ਚੱਪਾ,** ਪੁ: ਬੇੜੀ ਚਲਾਉਣ ਵਾਲੀ ਲੱਕੜੀ, ਚਹੁੰ ਉਂਗਲਾਂ ਦੀ ਚੁੜਾਈ, ਸਿੱਧਾ ਖੜਾ ਹੋਇਆ ਛੋਟੇ ਸਿੰਗਾਂ ਵਾਲਾ ਬੈਲ।

**ਚੱਪਾ ਭਰ,** ਵਿ:—ਨਿੱਕਾ ਜੇਹਾ ਟੁੱਕਰ (ਰੋਟੀ ਆਦਿਕ ਦਾ)।

**ਚੱਪਾ ਮਾਰਨਾ**
**ਚੱਪਾ ਲਾਉਣਾ** } ਕ੍ਰਿ:—ਕਿਸੇ ਦੇ ਕੰਮ ਵਿੱਚ ਮੱਦਦ ਕਰਨੀ।

**ਚੰਪਾ,** ਪੁ: ਇੱਕ ਫੁੱਲ।

**ਚੰਪਾ ਕਲੀ,** ਸ:—ਤੀਮਤਾਂ ਦੇ ਗਲ ਦਾ ਇੱਕ ਗਹਿਣਾ।

**ਚਪਾਤੀ,** ਸ:—ਰੋਟੀ, ਫੁਲਕਾ।

Digitized by Panjab Digital Library | www.panjabdigilib.org

**ਚੱਪੂ,** ਪੁ:—ਬੇੜੀ ਦਾ ਚੱਪਾ ॥

**ਚਪੇੜ (ਤ),** ਸ: }
**ਚਪੇੜਾ,** ਪੁ: } ਧੱਪਾ, ਤਮਾਚਾ, ਨੁਕਸਾਨ ॥

**ਚਪੇੜਨਾ,** ਕ੍ਰਿ:—ਚਪੇੜ ਮਾਰਨੀ, ਚਮੇੜਨਾ ।

**ਚਪੌਲ,** ਪੁ:—ਵੈਰੀ ਜਾਂ ਧਾੜਵੀਆਂ ਦਾ ਹੱਲਾ ॥

**ਚਪੌਲ ਮਾਰਨਾ,** ਕ੍ਰਿ:—ਅੱਚਨਚੇਤ ਆ ਪੈਣਾ ॥

**ਚਬੱਚਾ,** ਪੁ:—'ਚੇਬੱਚਾ' ਵੇਖੋ ॥

**ਚੱਬਣਾ,** ਕ੍ਰਿ:—ਦੰਦਾਂ ਵਿੱਚ ਪੀਹਣਾਂ, ਦਾਣੇ ਆਦਿਕ ਖਾਣੇ ॥

**ਚਬਲ,** ਵਿ:—ਪੁ:, ਸ:—ਮੂਰਖ, ਝੱਲਾ, ਨੀਚ ॥

**ਚੰਬਲ,** ਪੁ:—ਪਿੰਡੇ ਦਾ ਇੱਕ ਰੋਗ, ਇੱਕ ਤਰ੍ਹਾਂ ਦਾ ਫੋੜਾ ॥

**ਚੰਬੜਨਾ,** ਕ੍ਰਿ:—ਨਾਲ ਲੱਗ ਜਾਣਾ, ਜੱਫੀ ਪਾਣੀ, ਗਲ ਪੈਣਾ ॥

**ਚੰਬਾ,** ਪੁ:—ਇੱਕ ਖ਼ੁਸ਼ਬੂਦਾਰ ਹਰਾ ਫੁੱਲ ॥

**ਚਬਾਉਣਾ,** ਕ੍ਰਿ:—ਚੱਬਣਾ, ਚੱਬਣ ਦਾ ਕੰਮ ਕਰਾਉਣਾ ॥

**ਚਬਾਊ,** ਪੁ:—(ਦਾਣੇ ਆਦਿਕ) ਚੱਬਣ ਵਾਲਾ ।

**ਚਬਾਈ,** ਸ:—(ਦਾਣੇ ਆਦਿਕ) ਚੱਬਣ ਦਾ ਕੰਮ ॥

**ਚਬੀਨਾ,** ਪੁ:—ਚੱਬ ਕੇ ਖਾਣ ਵਾਲੀ ਚੀਜ਼, ਭੁੱਜੇ ਹੋਏ ਛੋਲੇ ॥

**ਚਬੂਤਰਾ,** ਪੁ:—ਥੜਾ, ਚੌਂਤੜਾ, ਪੁਲਸ ਦੀ ਚੌਕੀ, ਚੂੰਗੀ ॥

**ਚੰਬੇਲੀ,** ਸ:—ਇੱਕ ਬਹੁਤ ਖ਼ੁਸ਼ਬੂਦਾਰ ਫੁੱਲ ॥

**ਚਭਕ,** ਸ:—'ਚੁਭਕ' ਵੇਖੋ ॥

**ਚਭੋਲ** }
**ਚਭੋਲ** } ਸ:—ਮੱਛੀਆਂ ਫੜਨ ਵਾਲੀ ਇੱਕ ਜਾਤ ॥

**ਚਭੋਲਾ,** ਪੁ:—ਅੱਖ ਦੀ ਸੱਟ ॥

**ਚਭੋਲਾ ਝਾੜਨਾ,** ਕ੍ਰਿ: ਅੱਖ ਦੀ ਪੀੜ ਹਟਾਉਣ ਲਈ ਪਾਣੀ ਵਿੱਚ ਤੇਲ ਪਾਕੇ ਵੇਖਣਾ ॥

**ਚਮ,** ਪੁ:—ਖੱਲ, ਚਮੜਾ, ਉੱਪਰਲਾ ਮਾਸ ॥

**ਚੰਮ ਉਧੇੜਨਾ,** ਕ੍ਰਿ:—ਬਹੁਤ ਮਾਰਨਾ, ਕੁੱਟਣਾ ॥

**ਚੰਮ ਵੱਢਣਾ,** ਕ੍ਰਿ:—ਦੁਖ ਦੇਣਾ, ਤੰਗ ਕਰਨਾ ॥

**ਚਮਕ,** ਸ:—ਲਿਸ਼ਕ, ਚਾਨਣ, ਸੋਭਾ, ਭੜਕ ॥

**ਚਮਕ ਦਮਕ,** ਸ:—ਭੜਕ, ਸੋਭਾ ।

**ਚਮਕਣਾ,** ਕ੍ਰਿ:—ਲਿਸ਼ਕਣਾ, ਭੜਕਣਾ, ਸਾਫ਼ ਹੋਣਾ, ਕੰਮ ਵਿੱਚ ਵਾਧਾ ਪੈਣਾ, ਗੁੱਸੇ ਹੋਣਾ, ਭਾਂਬੜ ਮਚਣਾ ॥

**ਚਮਕ ਉੱਠਣਾ,** ਕ੍ਰਿ:—ਅੱਗ ਬਲ ਪੈਣੀ, ਗੁੱਸਾ ਚੜ੍ਹਨਾ ।

**ਚਮਕਾਉਣਾ,** ਕ੍ਰਿ:—ਲਿਸ਼ਕਾਉਣਾ, ਭੜਕਾਉਣਾ, ਕੰਮ ਵਿਚ ਮਸਾਲਾ ਪਾਉਣਾ ॥

**ਚਮਕਾਹਟ,** ਸ: }
**ਚਮਕਾਟ,** ਸ: }
**ਚਮਕਾਰਾ,** ਪੁ: } ਚਮਕ, ਲਿਸ਼ਕ, ਸੋਭਾ ॥

Digitized by Panjab Digital Library / www.panjabdigilib.org

**ਚਮਗਿੱਦੜ,** ਪੁ: / **ਚਮਗਿਦੜੀ,** ਸ: } ਮਸ਼ਹੂਰ ਜਨੌਰ ਜਿਸ ਨੂੰ ਦਿਨੇ ਨਹੀਂ ਦਿਸਦਾ

**ਚੁੰਮਚ** / **ਚਮਚਾ** } ਪੁ: -ਕੜਛੀ ਦੀ ਸ਼ਕਲ ਦਾ ਨਿੱਕਾ ਭਾਂਡਾ।

**ਚਮਚੀ,** ਸ:—ਨਿੱਕਾ ਜੇਹਾ ਚਮਚਾ॥

**ਚਮਤਕਾਰ** / **ਚਮਤਕਾਰਾ** } ਪੁ:—ਮਹਿਮਾ, ਅਚਰਜ ਦੀ ਗੱਲ, ਕਾਹਲੀ॥

**ਚਮਰ,** ਪੁ:—ਵਾਲਾ ਆਦਿਕਾਂ ਦਾ ਕੱਠ ਜਿਸ ਨੂੰ ਡੰਡੀ ਲੱਗੀ ਹੋਈ ਹੁੰਦੀ ਹੈ ਅਤੇ ਮੱਖੀਆਂ ਝੱਲਣ ਦੇ ਕੰਮ ਆਉਂਦਾ ਹੈ, ਚੌਰ॥

**ਚਮਰਸ,** ਪੁ: -ਭੀੜੀ ਜੁੱਤੀ ਦੇ ਲੱਗਣ ਨਾਲ ਹੋਇਆ ਹੋਇਆ ਫੋੜਾ॥

**ਚਮਰਖ,** ਪੁ:—ਜਿਸ ਚੀਜ਼ ਵਿਚ ਚਰਖੇ ਦਾ ਤਕਲਾ ਫਿਰਦਾ ਹੈ। ਚਮੜੇ ਦਾ ਪਜਾਮਾ, ਲਿੱਸਾ ਮਨੁੱਖ।

**ਚਮਰੰਗ,** ਪੁ:—ਚੰਮ ਰੰਗਣਵਾਲਾ, ਖਟੀਕ।

**ਚਮਰਿੱਕਾ,** ਵਿ:—ਚਮਿਆਰ ਦਾ, ਚਮਿਆਰ ਦਾ ਬਣਾਯਾ ਹੋਇਆ॥

**ਚੱਮਲ,** ਪੁ: ਇੱਕ ਤਰ੍ਹਾਂ ਦਾ ਫੋੜਾ, ਪਿੰਡੇ ਦਾ ਰੋਗ।

**ਚਮਲਾਉਣਾਂ,** ਕ੍ਰਿ: ਮਚਲਾਉਣਾ, ਭੜਕਾਉਣਾ ਵੈਰੀ ਉੱਤੇ ਜਾ ਪੈਣ ਲਈ ਫੌਜ ਦਾ ਝੂਠੀ ਮੂਠੀ ਮੁੜਨਾ॥

**ਚੰਮੜਨਾ,** ਕ੍ਰਿ:—'ਚੰਬੜਨਾ' ਵੇਖੋ।

**ਚਮੜਾ,** ਪੁ: / **ਚਮੜੀ,** ਸ: } ਖੱਲ, ਚੰਮ, ਪਿੰਡਾ।

**ਸੱਤ ਨੇ ਚਮੜਾਂ ਹੋਣਾ,** ਕ੍ਰਿ: -ਬਹੁਤ ਲਿੱਸੇ ਹੋ ਜਾਣਾ।

**ਚਮੜੀ,** ਸ: -ਚਮਰਖ, ਚਮੜਾ॥

**ਚਮੜੀ ਉਧੇੜਨਾ,** ਕ੍ਰਿ:—ਬਹੁਤ ਮਾਰਨਾ।

**ਚਮਾਰ,** / **ਚਮਿਆਰ** } ਪੁ: ਚੰਮ ਦਾ ਕੰਮ ਕਰਨ ਵਾਲਾ, ਨੀਚ ਜਾਤ ਦਾ॥

**ਚਮਾਰੀ** / **ਚਮਿਆਰੀ** } ਸ:—ਚਮਾਰਾਂ ਦੀ ਜਾਤ ਦੀ ਤੀਂਵੀਂ॥

**ਚਮੂਣਾ,** ਪੁ:—ਇੱਕ ਕੀੜਾ, ਇੱਕ ਤਰ੍ਹਾਂ ਦਾ ਮਿੱਠਾ ਮੇਵਾ।

**ਚਮੋੜਨਾ,** ਕ੍ਰਿ:—ਨਾਲ ਲਾ ਲੈਣਾ, ਗਲ ਪਾਉਣੀ।

**ਚਮੋਟਾ,** ਪੁ: / **ਚਮੋਟੀ,** ਸ: } ਚੰਮ ਦਾ ਟੋਟਾ, ਤਸਮਾ।

**ਚਰ੍ਹ,** ਸ:—ਧਰਤੀ ਵਿੱਚ ਟੋਆ ਪੱਟਕੇ ਚੁੱਲ੍ਹਾ ਬਣਾਇਆ ਹੋਇਆ, ਗਾਰਾ, ਸੌਂਜੀ।

**ਚਰਸ,** ਪੁ:—ਇਕ ਨਸ਼ੇ ਵਾਲੀ ਚੀਜ਼ ਜਿਸ ਨੂੰ ਚਿਲਮ ਵਿਚ ਪਾਕੇ ਹੁੱਕੇ ਵਾਂਙੂ ਪੀਂਦੇ ਹਨ। ਚਰਸਾ।

**ਚਰਸ ਦਾ ਦਮ ਲਾਉਣਾ,** ਕ੍ਰਿ:-ਚਰਸ ਪੀਣੀ॥

**ਚਰਸਾ,** ਪੁ:—ਇਕ ਵੱਡਾ ਚੰਮ ਦਾ ਡੋਲ ਜਿਸ ਨਾਲ ਬਲਦ ਖੂਹ ਵਿੱਚੋਂ ਪਾਣੀ ਕੱਢਦੇ ਹਨ॥

**ਚਰਸੀ,** ਪੁ:—ਚਰਸ ਪੀਣ ਵਾਲਾ॥

**ਚਰਹੀਟ,** ਸ:—'ਝਰੀਟ' ਵੇਖੋ॥

**ਚਰਕਟਾ,** ਪੁ:—ਕਮੀਣ, ਮਹਾਉਤ, ਘੜ ਬੱਲਾ॥

Digitized by Panjab Digital Library | www.panjabdigilib.org

**ਚਰਕਣਾ,** ਕ੍ਰਿਃ—ਮੰਜੇ ਵਾਕਰ ਚੀਕੂੰ ਚੀਕੂੰ ਕਰਨਾ ।

**ਚਰਖ,** ਪੁਃ—ਖਰਾਦ, ਚੱਕੀ, ਅਸਮਾਨ ॥

**ਚਰਖ ਚੜ੍ਹਨਾ,** ਕ੍ਰਿਃ—ਘੁੰਮਣਾ, ਚਮਕਣਾ ।

**ਚਰਖ ਚੜ੍ਹਾਉਣਾ,** ਕ੍ਰਿਃ—ਘੁਮਾਉਣਾ, ਲਿਸ਼ਕਾਉਣਾ, ਭੜਕਾਉਣਾ, ਬਦਨਾਮ ਕਰਨਾ ।

**ਚਰਖ ਦੇਣਾ,** ਕ੍ਰਿਃ—ਘੁਮਾਉਣਾ, ਧਾਤ ਗਾਲਣਾ ।

**ਚਰਖੜੀ,** ਸਃ—ਖੂਹ ਦੀ ਬੈੜੀ, ਨਿੱਕਾ ਪਹੀਆ ਜਿਸ ਦੇ ਉੱਪਰੋਂ ਰੱਸੀ ਫਿਰੇ ।

**ਚਰਖਾ,** ਪੁਃ—ਸੂਤ੍ਰ ਕੱਤਣ ਦਾ ਜੰਤ੍ਰ, ਸਰੀਰ ।

**ਚਰਖੀ,** ਸਃ—ਛੋਟਾ ਚਰਖਾ, ਚਰਖੜੀ, ਇੱਕ ਤਰਾਂ ਦੀ ਅਸਤਬਾਜ਼ੀ ।

ਵਿਃ—ਬਹੁਤ ਚਰਖੀਆਂ (ਖੂਹਾਂ) ਵਾਲਾ (ਦੇਸ) ॥

**ਚਰਗ,** ਪੁਃ—ਇਕ ਤਰਾਂ ਦਾ ਬਾਜ਼ ॥

**ਚਰ੍ਹਗਲ,** ਪੁਃ—ਡੂੰਘਾ ਜ਼ਖ਼ਮ ਜਾਂ ਘਾਉ ॥

**ਚਰਗੈਣਾ (ਨ),** ਪੁਃ } ਗਾਲ੍ਹੜੂ, ਬਕਵਾਦੀ ॥
**ਚਰਗੈਣੀ (ਨੀ),** ਸਃ }

**ਚਰ ਘਲ,** ਪੁਃ—ਡੂੰਘਾ ਘਾਉ ਜਾਂ ਜ਼ਖ਼ਮ ॥

**ਚਰ ਚਰ ਕਰਨਾ,** ਕ੍ਰਿਃ—ਅੱਗੋਂ ਬੋਲਣਾ, ਬਕਣਾ ॥

**ਚਰਚਾ,** ਪੁਃ—ਗੱਲ ਬਾਤ, ਗੱਪ, ਬਿਆਨ, ਅਵਾਈ ॥

**ਧਰਮ ਚਰਚਾ,** ਪੁਃ—ਧਰਮ ਦੀ ਬਾਬਤ ਗੱਲਾਂ ਬਾਤਾਂ, ਬਹਿਸ (ਕਰਨਾ) ॥

**ਚਰਜ** ਪੁਃ—'ਅਚਰਜ' ਵੇਖੋ ।

**ਚਰ ਜਾਣਾ** ਕ੍ਰਿ—ਵੜਨਾ, ਅਸਰ ਕਰਨਾ, ਖੋਹਣਾ, ਚਰ ਕੇ ਮੁਕਾ ਦੇਣਾ, ਬੰਦੂਕ ਦੀ ਗੋਲੀ ਨਾਂ ਲਗਣੀ, ਧੋਖਾ ਦੇਣਾ ।

**ਚਰਨ,** ਪੁਃ—ਪੈਰ, ਕਦਮ ॥

**ਚਰਨ ਸੇਵਾ,** ਸਃ—ਪ੍ਰੇਮ ਨਾਲ ਗੁਰੂ ਦੀ ਟਹਿਲ ਕਰਨੀ ॥

**ਚਰਨ ਕਵਲ,** ਪੁਃ—ਮਹਾਤਮਾ ਪੁਰਖਾਂ ਦੇ ਚਰਨ।

**ਚਰਨ ਦਾਸੀ,** ਸਃ—ਜੁੱਤੀ ।

**ਚਰਣ ਧੂੜ,** ਪੁਃ—ਗੁਰੂ ਦੀ ਸਿੱਖ ਉੱਪਰ ਕ੍ਰਿਪਾ, ਸੰਤ ਦੇ ਪੈਰਾਂ ਦੀ ਮਿੱਟੀ ॥

**ਚਰਣ ਧੋਕੇ ਪੀਣਾ,** ਕ੍ਰਿਃ—ਬਹੁਤ ਆਦਰ ਮਾਨ ਕਰਨਾ ।

**ਚਰਣ ਪਾਉਣਾ,** ਕ੍ਰਿਃ—ਵੱਡੇ ਆਦਮੀਆਂ ਕਿਸੇ ਥਾਂ ਜਾਣਾ ॥

**ਚਰਣ ਫੜਨਾ,** ਕ੍ਰਿਃ—ਨਮਸਕਾਰ ਕਰਨਾ, ਅਧੀਨ ਹੋਣਾ, ਸ਼ਰਨ ਲੈਣੀ ॥

**ਚਰਨਾ,** ਕ੍ਰਿਃ—ਪੱਠੇ ਖਾਣੇ, ਖਿਲਰਨਾ, ਬੰਦੂਕ ਦੀ ਗੋਲੀ ਖਾਲੀ ਜਾਣੀ । ਧੋਖਾ ਦੇਣਾ ॥

ਪੁਃ—ਜਿਸ ਚੀਜ਼ ਵਿੱਚੋਂ ਡੰਗਰ ਪੱਠੇ ਚਰਨ, ਖੁਰਲੀ, ਛੋਟਾ ਪਜਾਮਾ ।

**ਚਰਨਾਠੀ,** ਸਃ—'ਚਲਾਣੀ' ਵੇਖੋ ।

Digitized by Panjab Digital Library | www.panjabdigilib.org

**ਚਰਨਾਮਤ,** ਪੁ:—ਦੇਵਤਾ ਦੇ ਅਸ਼ਨਾਨ ਦਾ ਪਾਣੀ, ਤੀਰਥ ਦਾ ਚੰਗਾ ਜੇਹਾ ਜਲ, ਗੁਰੂ ਦੇ ਚਰਨਾਂ ਦਾ ਅੰਮ੍ਰਿਤ ਜਲ।

**ਚਰਨੀ,** ਸ:—ਛੰਦਾ, ਚਰਨਾ, ਖੁਰਲੀ ॥

**ਚਰਨੀਂ,** ਕ੍ਰਿ:, ਵਿ:—ਚਰਨਾਂ ਨਾਲ।

**ਚਰਨੀਂ ਹੱਥ ਲਾਉਣਾ**
**ਚਰਨੀਂ ਪੈਣਾ**
**ਚਰਨੀਂ ਲਗਣਾ**
} ਕ੍ਰਿ:-'ਚਰਨ ਫੜਨਾ' ਵੇਖੋ।

**ਚਰਪਰਾ (ੜਾ),** ਵਿ:—ਮਿਰਚ ਮਸਾਲੇ ਵਾਲਾ, ਚਲਾਕ।

**ਚਰਪਰਾਹਟ**
**ਚਰਪਰਾਟ**
} ਸ:—ਚੰਗਾ ਸੁਆਦ, ਚਲਾਕੀ ਚਤਰਾਈ।

**ਚਰਪਰੀ,** ਸ:
**ਚਰਪਰੀਆ,** ਪੁ:
} ਜੋ ਬਹੁਤੀਆਂ ਗੱਲਾਂ ਕਰੇ, ਚਲਾਕ

**ਚਰਬ,** ਵਿ:-ਮੋਟਾ, ਖਰਾ, ਜਬਰਦਸਤ, ਤਾਜ਼ਾ (ਜੋਸ਼ਾ)।

**ਚਰਬੱਲਾ,** ਪੁ:-ਬਕਵਾਦੀ, ਡਰ ਡਰ ਭਿਖ ਮੰਗਣ ਵਾਲਾ।

**ਚਰਬੀ,** ਸ:—ਸਰੀਰ ਦੀ ਚੰਧਿਆਈ।

**ਅੱਖਾਂ ਅੱਗੇ ਚਰਬੀ ਆਉਣੀ,** ਕ੍ਰਿ:—ਕੁਝ ਨਾ ਸੁੱਝਣਾ, ਗੁਮਾਨ ਕਰਨਾ।

**ਚਰਬੇਦਾਰ,** ਪੁ:—ਸਈਸ, ਘੋੜੇ ਦਾ ਨੌਕਰ।

**ਚਰਬੇਦਾਰਨੀ,** ਸ:—ਸਈਸ ਦੀ ਵਹੁਟੀ

**ਚਰਬੇਦਾਰੀ,** ਸ:—ਸਈਸ ਦਾ ਕੰਮ।

**ਚਰਵਾਉਣਾ,** ਕ੍ਰਿ:—ਚਾਰਨ ਦਾ ਕੰਮ ਕਰਾਉਣਾ।

**ਚਰਵਾਈ,** ਸ:—ਚਾਰਨ ਦੀ ਮਜੂਰੀ।

**ਚਰਵਾਹਾ,** ਪੁ:—ਭੇਡਾਂ ਆਦਿਕ ਚਾਰਨ ਵਾਲਾ

**ਚਰਵਾਹੀ,** ਸ:—ਚਰਵਾਹੇ ਦੀ ਕੀਮਤ, ਚਰਵਾਹੇ ਦਾ ਕੰਮ ॥

**ਚਰਵਾਲਗੀ,** ਸ:—ਚਾਰਨ ਦਾ ਕੰਮ ਜਾਂ ਮਜੂਰੀ।

**ਚਰਵਾਲਾ,** ਪੁ:—ਭੇਡਾਂ ਆਦਿਕ ਚਾਰਨ ਵਾਲਾ।

**ਚਰਵੀ,** ਸ:—ਚਰਬੀ, ਸਰੀਰ ਦੀ ਚੰਧਿਆਈ।

**ਚਰਵੇਦਾਰ,**
**ਚਰਵੇਦਾਰਨੀ**
**ਚਰਵੇਦਾਰੀ,**
**ਚਰਵੇਦਾਰਪੁਣਾ**
} 'ਚਰਬੇਦਾਰ' ਆਦਿਕ ਵੇਖੋ।

**ਚਰ੍ਹਾ,** ਪੁ:—ਘਾਹ ਪੱਠਾ, ਚਾਰਾ।

**ਚਰਾਉਣ,** ਪੁ: -ਚਾਰਨ ਦੀ ਮਜੂਰੀ ॥

**ਚਰਾਉਣਾ,** ਕ੍ਰਿ:—ਚਾਰਨਾ, ਘਾਹ ਖੁਆਉਣਾ।

**ਚਰਾਈ,** ਸ: ਚਾਰਨ ਦਾ ਕੰਮ ਜਾਂ ਮਜੂਰੀ।

**ਚਰਾਕ,** ਪੁ:—ਚਾਰਨ ਵਾਲਾ।

**ਚਰਾਗ,** ਪੁ:—ਦੀਵਾ, ਸ਼ਮਾਦਾਨ ॥

**ਚਰਾਗੀ,** ਸ:—ਮਲਾਹ ਨੂੰ ਦਿੱਤੀ ਹੋਈ ਬਖਸ਼ੀਸ਼ ਕਿਸੇ ਪੀਰ ਦੀ ਦਰਗਾਹ ਤੇ ਚਰਾਗ ਬਾਲਨ ਵਾਸਤੇ ਦਿੱਤਾ ਹੋਇਆ ਚੜ੍ਹਾਵਾ ॥

**ਚਰਾਚਰ,** ਪੁ:—ਚੱਲਨ ਵਾਲੇ ਅਤੇ ਨਾ ਚੱਲਨ ਵਾਲੇ, ਜੜ ਅਤੇ ਚੇਤਨ।

**ਚਰਾਂਦ**
**ਚਰਾਂਧ**
} ਸ:—ਚਾਰੇ ਵਾਲੀ ਧਰਤੀ, ਜੂਹ।

Digitized by Panjab Digital Library | www.panjabdigilib.org

**ਚਰਿੱਤ੍ਰ, ਚਰਿਤ੍ਰਣ (ਤ੍ਰੀ)** } 'ਚਲਿੱਤਰ' ਆਦਿਕ ਵੇਖੋ ॥

**ਚਰ੍ਹੀ,** ਸ:—ਇੱਕ ਅਨਾਜ, ਨਿੱਕੀ ਜੁਆਰ ॥

**ਚਰ੍ਹੀ ਤੋਰ,** ਸ:—ਕੱਚੀ ਚੱਬਣ ਵਾਲੀ ਮਿੱਠੀ ਚਰ੍ਹੀ ।

**ਕਾਂਗੜ ਚਰ੍ਹੀ, ਬਾਗੜ ਚਰ੍ਹੀ** } ਸ: ਜਿਸ ਚਰ੍ਹੀ ਦਾ ਟਾਂਡਾ ਮਿੱਠਾ ਨਹੀਂ ਹੁੰਦਾ ।

**ਚਰ੍ਹੂ,** ਪੁ:—ਵੱਡਾ ਚਲ੍ਹਾ ਵਾਂਗ ਧਰਨ ਵਾਲਾ ਅਤ ਮੋਟੇ ਮੂੰਹ ਵਾਲਾ ।

**ਚਰੈਤਾ,** ਪੁ:—ਲਹੂ ਸਾਫ਼ ਕਰਨ ਵਾਲੀ ਇੱਕ ਦਵਾ ।

**ਚਰੇਕਣਾ, ਚਰੋਕਾ** } ਵਿ:—ਬਹੁਤ ਚਿਰ ਦਾ, ਪੁਰਾਣਾ, ਪਿਛਲੇ ਸਮੇ ਦਾ ।

**ਚਲ ਚਖੇ,** ਵਿਸਮਯ:—ਚਲ ਦੂਰ ਹੋ ॥

**ਚਲ ਚਲਾ,** ਪੁ:—'ਚਲਾ' ਵੇਖੋ ॥

**ਚਲ ਜਾਣਾ,** ਕ੍ਰਿ:—ਖਰਾਬ ਹੋ ਜਾਣਾ, ਲੱਬੀ ਹੋਣਾ ।

**ਚਲਣ, ਚੱਲਣ** } ਪੁ: ਰਹਿਤ ਬਹਿਤ, ਢੰਗ, ਰੀਤ, ਦਸਤੂਰ, ਵਰਤਾਰਾ ॥

**ਚਲਨ,** ਪੁ: 'ਚਲਾ' ਵੇਖੋ ॥

**ਚਲਣਾ,** ਕ੍ਰਿ:—ਹਿੱਲਣਾ, ਜਾਣਾ, ਟੁਰਨਾ, ਵਗਣਾ, ਫਿਰਨਾ, ਜਾਰੀ ਹੋਣਾ, (ਗੋਲੀ ਆਦਿਕ ਦਾ) ਛੁੱਟਣਾ, ਵਰਤਣਾ, ਕੰਮ ਦੇਣਾ, ਦਸਤ ਲਗਣੇ

**ਚਲੰਤ,** ਵਿ:—ਚਲਦਾ, ਜੋ ਅਜੇ ਮੁੱਕਾ ਨਹੀਂ [ਹਿਸਾਬ] ॥



**ਚਲੰਤ,** ਪੁ:—ਜਿਸ ਦਾ ਵਰਤਾਰਾ ਹੋਵੇ, ਜੋ ਚੱਲੇ।

**ਚਲ ਦਲ,** ਪੁ:—ਫਿਰਨ ਵਾਲੀ ਫੌਜ ॥

**ਚਲਨਾ,** ਕ੍ਰਿ:—ਖਰਾਬ ਹੋਣਾ, ਗਲਣਾ ਸੜਣਾ ਫਲ)

**ਚਲਨੀ,** ਵਿ:—ਜੋ ਚੱਲੇ, ਜੋ ਚੀਜ਼ ਵਰਤੀ ਜਾਵੇ ॥

**ਚਲ ਬਿਚਲ,** ਸ:—ਅਣਬਣ, ਨਿਖੇੜਾ, ਬਿਗਾੜ ।

**ਚਲਾ,** ਪੁ: ਚੱਲਣ ਦਾ ਕੰਮ, ਵਰਤਾਰਾ, ਇੱਕ ਮੱਛੀ ।

**ਚਲਾ ਦੇਣਾ,** ਕ੍ਰਿ:—ਹਰਾਉਣਾ, ਚਲਾਉਣਾ ।

**ਚਲਾ ਲੈਣਾ,** ਕ੍ਰਿ:—ਕਿਸੇ ਨਾ ਕਿਸੇ ਤਰ੍ਹਾਂ ਚਲਾਉਣਾ। ਵਰਤਣ ਵਿੱਚ ਲੈ ਆਉਣਾ ॥

**ਚਲ੍ਹਾ,** ਪੁ:—ਮੈਲਾ ਪਾਣੀ ਪਾਉਣ ਵਾਲੀ ਥਾ ਮੋਰੀ ॥

**ਚਲਾਉਣਾ,** ਕ੍ਰਿ: -ਹਿਲਾਉਣਾ, ਧੱਕਣਾ, ਟੋਰਨਾ, ਕੰਮ ਲੈਣਾ, ਜਾਰੀ ਕਰਨਾ, ਤੀਰ ਜਾ ਗੋਲੀ ਮਾਰਨੀ, ਹਰਾਉਣਾ ॥

**ਚਲਾਊ,** ਵਿ:—ਜੋ ਥੋੜ੍ਹਾ ਚਿਰ ਕੰਮ ਦੇ ਸੱਕੇ ॥

**ਚਲਾਕ,** ਵਿ:—ਚੁਸਤ, ਹੁਸ਼ਿਆਰ, ਸਿਆਣਾ, ਫਰੇਬੀ ॥

**ਚਲਾਕੀ,** ਸ:—ਚੁਸਤੀ, ਉਸਤਾਦੀ, ਚਤਰਾਈ, ਛਲ ॥

**ਚਲਾਚਲ, ਚਲਾਚਲੀ** } ਸ:—ਸਦਾ ਚਲਦੇ ਰਹਿਣਾ, ਮੌਤ, ਸਫ਼ਰ ਦੀ ਤਿਆਰੀ।

Digitized by Panjab Digital Library | www.panjabdigilib.org

**ਚਲਾਨ,** ਪੁ:—ਭੇਜੀਆਂ ਹੋਈਆਂ ਚੀਜ਼ਾਂ ਦੀ ਫਾਰਸਤ, ਬੀਜਕ, ਅਪਰਾਧੀ ਨੂੰ ਹਾਕਮ ਪਾਸ ਭੇਜਣਾ (ਹੋਣਾ, ਕਰਨਾ)।

**ਚਲਾਨਾ,** ਪੁ:—ਮੌਤ, ਮਰਨਾ (ਕਰ ਜਾਣਾ, ਕਰਨਾ)॥

**ਚਲਾਵਾਂ,** ਵਿ:—ਜੋ ਥੋੜਾ ਚਿਰ ਕੰਮ ਦੇ ਸੱਕੇ।

**ਚਲਿੱਤਰ,** ਪੁ: ਸੁਭਾਉ, ਛਲ, ਚਲਾਕੀ, ਚਾਲ।

**ਤਿਰੀਆ ਚਲਿੱਤ੍ਰ,** ਪੁ: ਤੀਮਤਾਂ ਦੇ ਛਲ ਵਲ।

**ਚਲਿੱਤਰਨ (ਣੀ),** ਸ:
**ਚਲਿੱਤਰਾ (ਰੀ),** ਪੁ: } ਜੋ ਚਲਿੱਤ੍ਰ ਕਰੇ।

**ਚਲੀਸਮਾਂ (ਵਾਂ)**
**ਚਲੀਸੀਆ**
**ਚਲੀਹਮਾਂ (ਵਾਂ)**
**ਚਲੀਹਾ** } ਵਿ: ਜੋ ਚਾਲੀ ਦੀ ਗਿਣਤੀ ਪੂਰੀ ਕਰੇ। ਪੁ:—ਕਿਸੇ ਕੰਮ ਮਗਰੋਂ ਚਾਲੀਵਾਂ ਦਿਨ।

**ਚੰਵਰ** ਪੁ:
**ਚੰਵਰੀ,** ਸ: } 'ਚਮਰ' ਵੇਖੋ। ਚੌਰ, ਚੌਰੀ॥

**ਚਵਾਤਰੀ**
**ਚਵਾਤੀ**
**ਚੰਵਾਤੀ** } ਸ: ਲਕੜੀ ਜਿਸ ਦਾ ਇੱਕ ਸਿਰਾ ਬਲਦਾ ਹੋਵੇ, ਗੁੱਸੇ ਦੀ ਅੱਗ, ਕੌੜੇ ਬੋਲ (ਲਾਉਣੀ)।

**ਚੱਵੀ,** ਵਿ:—ਚਾਰ ਉੱਤੇ ਵੀਹ, ਚੌਬੀ।

**ਚੱਵੀਆਂ,** ਵਿ:—ਚੱਵੀਆਂ ਦੀ ਗਿਣਤੀ ਪੂਰੀ ਕਰਨ ਵਾਲਾ। ਚੌਬੀਵਾਂ।

**ਚੜ੍ਹ,** ਸ:—ਉਂਗਲੀਆਂ ਦਾ ਮਾਸ ਜਿਸ ਵਿੱਚੋਂ ਨਹੁੰ ਉੱਗਦੇ ਹਨ। ਚੀਜ਼ਾਂ ਰੰਗਣ ਵਾਲੀ ਕਿੱਲੀ॥

**ਚੜਸ,**
**ਚੜਸਾ, ਚੜਸੀ** } 'ਚਰਸ' ਆਦਿਕ ਵੇਖ।

**ਚੜ੍ਹ ਜਾਣਾ,** ਕ੍ਰਿ: —'ਚੜ੍ਹਨਾ' ਵੇਖੋ ਮਰ ਜਾਣਾ॥

**ਚੜ੍ਹ ਮਚਣੀ,** ਕ੍ਰਿ:—ਕਿਸੇ ਦੀ ਗੱਲ ਸੱਚੀ ਨਿਕਲਣ ਤੋਂ ਉਸ ਨੂੰ ਘਮੰਡ ਹੋਣਾ।

**ਚੜ੍ਹਤ,** ਸ:—ਚੜ੍ਹਨ ਦਾ ਕੰਮ ਜਾਂ ਢੰਗ, ਕੂਚ ਹੋਣਾ, ਸੋਭਾ, ਚੜ੍ਹਾਵਾ।

**ਚੜ੍ਹਤੀ,** ਸ: ਉੱਠਣ ਦਾ ਕੰਮ, ਵਾਧਾ, ਸਵਾਰੀ।

**ਚੜ੍ਹਨਾ,** ਕ੍ਰਿ:—ਉੱਪਰ ਜਾਣਾ, ਉੱਠਣਾ, ਸਵਾਰ ਹੋਣਾ, ਭੇਟ ਜਾਂ ਨਜ਼ਰ ਮਿਲਣੀ, ਮਰਨਾ ਹੜ੍ਹ ਆਉਣਾ (ਦਰਿਆ), ਵਧਣਾ (ਭਾਉ), ਉੱਚੀ ਹੋਣੀ (ਸੁਰ), ਖਿੱਚਿਆ ਜਾਣਾ (ਧਨੁਖ), ਕੱਸੀਆਂ ਜਾਣੀਆਂ (ਵਾਜੇ ਦੀਆਂ ਤਾਰਾਂ), ਤਕੜੀ ਦੇ ਛਾਬੇ ਵਿੱਚ ਤੁਲੀਣਾ, ਆਪਣੇ ਥਾਂ ਤੋਂ ਹਿੱਲਣਾ (ਨਾੜ), ਆਪਣੀ ਅਸਲੀ ਥਾਂ ਤੇ ਆ ਜਾਣਾ (ਹੱਡੀ), ਫੌਜ ਆਦਿਕ ਦਾ ਕੂਚ ਕਰਨਾ।

**ਚੜ੍ਹਾਉ,** ਪੁ:—ਚੜ੍ਹਨ ਦਾ ਕੰਮ ਜਾਂ ਢੰਗ, ਦਰਿਆ ਆਦਿਕ ਵਿੱਚ ਹੜ੍ਹ ਆਉਣਾ।

**ਚੜਾਉਣਾ,** ਕ੍ਰਿ:—ਖਪਾਉਣਾ, ਉਕਸਾਉਣਾ

**ਚੜ੍ਹਾਉਣਾ,** ਕ੍ਰਿ: ਚੁੱਕਣਾ, ਉਠਾਉਣਾ, ਉੱਚਾ ਕਰਨਾ, ਸਵਾਰ ਕਰਨਾ, ਪੀ ਜਾਣਾ, ਚੁੰਘ ਲੈਣਾ, ਭੇਟ ਦੇਣੀ ਲਿਖ ਲੈਣਾ, ਕੂਚ ਕਰਾਉਣਾ ਫੌਜ,

**ਅਸਮਾਨ ਤੇ ਚੜ੍ਹਾਉਣਾ,** ਕ੍ਰਿ:—ਹੱਦੋਂ ਬਾਹਰਾ ਵਧਾਉਣਾ।

**ਚੜ੍ਹਾਊ,** ਵਿ: ਚੜ੍ਹਨ ਵਾਲਾ, ਚੜ੍ਹਨ ਦੇ ਲਾਇਕ।

**ਚੜ੍ਹਾਈ,** ਸ:—ਚੜ੍ਹਨ ਦਾ ਕੰਮ, ਚੜ੍ਹਾਉਣ ਦੀ ਮਜ਼ੂਰੀ, ਧਾਵਾ, ਹੱਲਾ। ਮਰਕੇ ਸੁਰਗ ਨੂੰ ਜਾਣਾ॥ (ਹੋਣੀ, ਕਰਨੀ)

Digitized by Panjab Digital Library / www.panjabdigilib.org

**ਚੜ੍ਹਾਯਤ,** ਪੁ:—ਸਵਾਰ, ਘੋੜੇ ਚਿੜ੍ਹ ਲਈ ਵਾਹੀ ਕਰਨ ਵਾਲਾ ।

**ਚੜ੍ਹਾਵਾ,** ਪੁ:—ਨਜ਼ਰ, ਭੇਟ ।

**ਚੜੂੰਗੜੀ,** ਸ:—ਨਿੱਕੀ ਚਿੜੀ, ਚਿੜੀ ਦਾ ਬੋਟ ।

**ਚਿੜੀ ਚੜੂੰਗੜੀ,** ਸ: ਨਿੱਕੇ ਨਿੱਕੇ ਪੰਖੇਰੂ ॥

**ਚਾ**
**ਚਾਉ,** } ਪੁ:—ਮਰਜ਼ੀ, ਸ਼ੌਕ, ਰਸ, ਖੁਸ਼ੀ, ਪਿਆਰ, ਸੱਧਰ ॥

**ਚਾਉਣਾ,** ਕ੍ਰਿ:—ਚੁੱਕਣਾ, ਉਠਾਉਣਾ

**ਚਾਉਲ**
**ਚਾਉਲਾ,** } 'ਚੌਲ', 'ਚੌਲਾ' ਵੇਖੋ ।

**ਚਾਈਂ ਚਾਈਂ,** ਕ੍ਰਿ:—ਵਿ:—ਬੜੀ ਖੁਸ਼ੀ ਨਾਲ ।

**ਚਾਸ,** ਸ:—ਕੜ੍ਹਿਆ ਹੋਇਆ ਸ਼ਰਬਤ, ਗਾਹਣੇ ਨਾਲੋਂ ਸੋਨੇ ਦਾ ਨਿੱਕਾ ਟੁਕੜਾ ਨਮੂਨੇ ਵਾਸਤੇ ਲਾਹਿਆ ਹੋਇਆ ।

**ਚਾਸਕੂ,** ਪੁ:—ਅੱਖਾਂ ਦੀ ਇੱਕ ਦੁਆ ।

**ਚਾਸਣੀ,** ਸ:—ਸ਼ਰਬਤ, ਸੁਆਦ, ਖੱਟਾ ਮਿੱਠਾ ਰਲਾਇਆ ਹੋਇਆ, ਸ਼ਰਬਤ ਵਾਲਾ ਭਾੜਾ ॥

**ਚਾਹ,** ਸ:—ਮਰਜ਼ੀ, ਇੱਛਿਆ, ਪਿਆਰ, ਭੁੱਖ, ਇਕ ਬੂਟੀ ਜਿਸ ਦਾ ਗਰਮ ਪਾਣੀ ਵਿੱਚ ਅਰਕ ਕੱਢਕੇ ਪੀਂਦੇ ਹਨ ।

**ਚਾਹਕ,** ਵਿ:—ਚਾਹੁਣ ਵਾਲਾ, ਪਿਆਰਾ, ਆਸ਼ਕ ।

**ਚਾਹਣਾ,** ਕ੍ਰਿ:—ਇੱਛਿਆ ਰੱਖਣੀ, ਪਿਆਰ ਕਰਨਾ, ਮੰਗਣਾ, ਲੋੜ ਹੋਣੀ, ਪਸੰਦ ਕਰਨਾ, ਕਰਨ ਲੱਗਣਾ ॥

**ਚਾਹਤ**
**ਚਾਹਨਾ,** } ਸ: ਚਾਹ, ਮਰਜ਼ੀ, ਤ੍ਰਿਸ਼ਨਾ, ਮਹੱਬਤ।

**ਚਾਹਨੀ,** ਸ: ਚਾਸ਼ਣੀ, (ਸ਼ਰਬਤ ਕੜ੍ਹਿਆ ਹੋਯਾ)॥

**ਚਾਹਮਾਨ,** ਵਿ: ਜਿਸਨੂੰ ਚਾਹ ਹੈ, ਆਸ਼ਕ ।

**ਚਾਹਲੀਆ,** ਪੁ:—ਚਾਲ੍ਹੀਵਾਂ ਵਰ੍ਹਾ ਸੰਮਤ ੧੯੪੦ ਜਦੋਂ ਕਾਲ ਪਿਆ ਸਾ, ਚਾਲ੍ਹੀਆਂ ਦਿਨਾਂ ਦਾ ਵਰਤ ।

**ਚਾਹਵਾਨ,** ਵਿ:—ਜਿਸ ਨੂੰ ਕਿਸੇ ਗੱਲ ਦੀ ਚਾਹ ਹੋਵੇ ॥

**ਚਾਹੀਏ**
**ਚਾਹੀਦਾ ਹੈ** } ਕ੍ਰਿ:—ਜ਼ਰੂਰੀ ਹੈ, ਮੁਨਾਸਬ ਹੈ, ਠੀਕ ਹੈ ॥

**ਚਾਹੁਣਾ,** ਕ੍ਰਿ: 'ਚਾਹਣਾ' ਵੇਖੋ ।

**ਚਾਹੇ,** ਯੋਜਕ:—ਭਾਵੇਂ, ਸਾਂ, ਯਾ ॥

**ਚਾਕ,** ਪੁ:—ਕਪੜੇ ਦਾ ਚੀਰ, ਜੱਟਾਂ ਦੀ ਇੱਕ ਜਾਤ, ਰਾਂਝਾ । ਗੁਆਰ, ਇੱਕ ਚਿੱਟੀ ਮਿੱਟੀ । ਵਿ: ਗੁਸਤਾਖ਼, ਸ਼ੋਖ਼ ॥

**ਚਾਕ ਚੁਬੰਦ,** ਵਿ: 'ਚਖੇ ਚੁਬੰਦ' ਵੇਖੋ ॥

**ਚਾਕ ਪੁਣਾ,** ਪੁ: ਸ਼ੋਖੀ, ਗੁਸਤਾਖੀ ॥

**ਚਾਕਸੂ,** ਪੁ: ਅੱਖਾਂ ਦੀ ਇੱਕ ਦੁਆ ।

**ਚਾਕਰ,** ਪੁ:—ਨੌਕਰ, ਟਹਿਲੀਆ ॥

**ਚਾਕਰੀ,** ਸ: ਨੌਕਰੀ, ਟਹਿਲ, ਸੇਵਾ, ਹਾਜ਼ਰੀ ॥

**ਚਾਕਲੀ,** ਸ:—ਲੱਕੜੀ ਦੀ ਗੋਲ ਫੱਟੀ । ਵਿ: ਚੌੜ, ਪੱਧਰੀ

**ਚਾਕੀ,** ਸ:—ਸਾਬਣ ਦੀ ਟਿੱਕੀ, ਚੌਕ (ਹੁੰਦਿਆਂ ਦਾ)॥

Digitized by Panjab Digital Library | www.panjabdigilib.org

**ਚਾਕੂ,** ਪੁ:—ਨਿੱਕੀ ਛੁਰੀ, ਇੱਕ ਤਰ੍ਹਾਂ ਦੀ ਕਰਦ ।

**ਚਾਂਗ(ਘ)**, **ਚਾਂਗਰ**, **ਚਾਂਘਰ** } ਸ:—ਚੀਕ (ਮਾਰਨੀ)

**ਚਾਚਾ**, **ਚੱਚਾ** } ਪੁ:—ਪੇਉ ਦਾ ਛੋਟਾ ਭਰਾ, ਪੇਉ, ਭਾਈਆ । ਪੇਉ ਦੇ ਹਾਣ ਦਾ ਕੋਈ ਮਰਦ

**ਚਾਚੀ**, **ਚੱਚੀ** } ਸ:—ਚੱਚੇ ਦੀ ਬੀਵੀ, ਮਾਂ ਦੇ ਹਾਣ ਦੀ ਕੋਈ ਤੀਮਤ ॥

**ਚਾਟ,** ਸ: —ਸੁਆਦ, ਚਸਕਾ, ਚਾਹ, ਭੁੱਖ, ਪਸ਼ੂਆਂ ਦੀ ਇਕ ਖੁਰਾਕ ॥

**ਚਾਟ ਲਾਉਣਾਂ,** ਕ੍ਰਿ:—ਹਿਲਾਉਣਾ, ਗਿਝਾਉਣਾ ।

**ਚਾਟੇ ਲਗਣਾ,** ਕ੍ਰਿ:—ਹਿਲਣਾ, ਗਿੱਝਣਾ ।

**ਚਾਟੜਾ ਪੁ:**, **ਚਾਟੜੀ, ਸ:** } ਸ਼ਾਗਿਰਦ, (ਵਲੀ), ਚੇਲਾ (ਲਾ

**ਚੱਟਾ,** ਪੁ: —ਮਿੱਟੀ ਦਾ ਵੱਡਾ ਭਾਂਡਾ ।

**ਚਾ ਟਾਲਣਾ,** ਕ੍ਰਿ:—ਹਟਾਉਣਾ, ਲਾਰੇ ਦੇਕੇ ਪਿੱਛਾ ਛੁਡਾਉਣਾ ।

**ਚੱਟੀ,** ਸ: —ਇੱਕ ਤਰ੍ਹਾਂ ਦਾ ਮਿੱਟੀ ਦਾ ਭਾਂਡਾ ।

**ਚਾਣਚੱਕ**, **ਚਾਨਚੱਕ** } ਕ੍ਰਿ: ਵਿ: —'ਅਚਾਨਚੱਕ' ਵੇਖੋ ।

**ਚਾਣ ਭਾਣ,** ਸ:—'ਚਾਂ ਭਾਂ' ਵੇਖੋ ।

**ਚਾਤਰ,** ਵਿ:—'ਚਤਰ' ਵੇਖੋ ॥

**ਚਾਤ੍ਰਿਕ,** ਪੁ:—ਇੱਕ ਪੰਖੇਰੂ, ਪਪੀਹਾ ॥

**ਚਾਂਦ,** ਪੁ: 'ਚੰਦ' ਵੇਖੋ

**ਚਾਂਦ ਮਾਰੀ,** ਸ:—ਨਿਸ਼ਾਨੇ ਉੱਤੇ ਗੋਲੀ ਮਾਰਨ ਦੀ ਮਸ਼ਕ ॥

**ਚਾਦਰ(ਰਾ)** ਸ:—'ਚੱਦਰ' ਵੇਖੋ ॥

**ਚਾਂਦੀ,** ਸ: ਚਿੱਟੀ ਧਾਤ ਜਿਸਦਾ ਰੁਪਇਆ ਬਣਦਾ ਹੈ, ਧਨ, ਲਾਹ ॥

**ਚਾ ਦੇਣਾ,** ਕ੍ਰਿ:—ਦੇਣਾ, ਚੁੱਕਕੇ ਫੜਾਉਣਾ, ਚੁੱਕਣਾ

**ਚਾਨਣ,** ਪੁ: ਲੋ, ਜੋਤ, ਪਰਗਾਸ, ਰੋਸ਼ਨੀ, ਪਿਆਰਾ ਬਾਲਕ ॥

**ਅੰਦਰ ਦਾ ਚਾਨਣ**, **ਦਿਲ ਦਾ ਚਾਨਣ** } ਪੁ: ਗਿਆਨ ਅਨੁਭਵ

**ਚਾਨਣਾ, ਪੁ:**, **ਚਾਨਣੀ, ਸ:** } ਲੋ, ਚੰਦ ਦੀ ਰੋਸ਼ਨੀ, ਤਾਣਿਆ ਹੋਇਆ ਕੱਪੜਾ, ਘੋੜਿਆਂ ਦਾ ਇਕ ਰੰਗ । ਵਿ:—ਜਿਸ ਵਿਚ ਚਾਨਣ ਹੋਵੇ ॥

**ਚਾਨਣੀ ਮਾਰ ਜਾਣੀ,** ਕ੍ਰਿ: —ਬਿਜਲੀ ਚਮਕਣ ਕਰਕੇ ਫਸਲ ਦਾ ਨਾਸ ਹੋ ਜਾਣਾ ।

**ਚਾਪਣਾ,** ਕ੍ਰਿ: —ਸਰੀਰ ਦੇ ਅੰਗ ਦੱਬਣੇ ਘੁੱਟਣੇ, ਮੁੱਠੀਆਂ ਭਰਨੀਆਂ ।

**ਚਾਪੜ,** ਪੁ:—ਮਿੱਟੀ ਦੀ ਟਿੱਕੀ ਸੁਕਾਈ ਹੋਈ, ਭੜੋਲੇ ਦਾ ਢੱਕਣ, ਮੋਟਾ ਕੋਹਜਾ ਆਦਮੀ ॥

**ਚਾਪੜ ਚੁੱਲ੍ਹਾ,** ਪੁ: —ਢੱਕਣ ਵਾਲਾ ਚੁੱਲ੍ਹਾ, ਮੋਟਾ ਕੁਰੂਪ ਆਦਮੀ ॥

**ਚਾਪੜੀ,** ਸ:—ਨਿੱਕਾ ਚਾਪੜ ॥

**ਚਾਪੜੀ**, **ਚਾਪੜੀਆ** } ਪੁ:—ਜੋ ਬਹੁਤੀਆਂ ਗੱਲਾਂ ਬਣਾਵੇ, ਚਪੜ ਚਪੜ ਕਰਨ ਵਾਲਾ ॥

Digitized by Panjab Digital Library | www.panjabdigilib.org

**ਚਾਪੀ,** ਸ:—ਮੁੱਠੀਆਂ ਭਰਨ ਜਾਂ ਦੱਬਣ ਘੁੱਟਣ ਦਾ ਕੰਮ (ਮੁੱਠੀ ਚਾਪੀ ਕਰਨੀ)॥

**ਚਾਬ,** ਸ: ਚੱਬਣ ਦਾ ਕੰਮ, ਚੱਬਣ ਵਾਲੀ ਸ਼ੈ।

**ਚਾਬਕ,** ਸ:—ਕੋਰੜਾ, ਛਮਕ, ਮਾਰਨ ਵਾਲੀ ਛਿਟੀ, ਸੋ ॥

**ਚਾਬਕ ਸੁਆਰ** :—ਘੋੜਾ ਫੇਰਨ ਵਾਲਾ, ਤਕੜਾ ਸਵਾਰ।

**ਚਾਬੀ,** ਸ:—ਕੁੰਜੀ॥

**ਚਾਬੂ,** ਵਿ:—ਚੱਬਣ ਦੇ ਲਾਇਕ (ਦਾਣੇ)

**ਚਾਂਭਾਂ,** ਸ:—ਬੋਲ ਬੁਲਾਰਾ, ਰੌਣਕ, ਮਨੁੱਖਾਂ ਦਾ ਕਠ, ਦਿਨ ਚੜ੍ਹਨ ਦਾ ਵੇਲਾ।

**ਚਾਮ ਦੇ ਦਾਮ ਚਲਾਉਣਾ,** ਕ੍ਰਿ:—ਅਖਤਿਆਰ ਵਰਤਣਾ, ਜ਼ੁਲਮ ਕਰਨਾ॥

**ਚਾਮਰਲੀ,** ਸ:—ਤੀਮਤਾਂ ਦੇ ਗਲ ਦਾ ਇੱਕ ਗਹਿਣਾ।

**ਚਾਮਗਿੱਦੜ,** ਸ:—ਚਮਗਿੱਦੜ।

**ਚਾਮ ਦਾ ਬੁੱਧ,** ਵਿ:—ਸਿਆਣਾ, ਸਮਝਵਾਲਾ ਹੁਸ਼ਿਆਰ।

**ਚਾਮਲ(ਲੀ)** ਸ:—ਸ਼ੋਖੀ, ਗੁਸਤਾਖੀ, ਢੀਠਪਣਾ॥

**ਚਾਮਲਣਾ,** ਕ੍ਰਿ:—ਜ਼ਿਦ ਕਰਨੀ, ਅੱਗੋਂ ਬੋਲਣਾ, ਰੌਲਾ ਪਾਉਣਾ॥

**ਚਾਰ,** ਵਿ:—ਇਕ ਉੱਤੇ ਤਿੰਨ; ਥੋੜਾ ਜੇਹਾ, ਕੁਝ।

**ਚਾਰ ਅੱਖਰ**
**ਚਾਰ ਹਰਫ,** ਪੁ:—ਥੋੜੀ ਜੇਹੀ ਵਿੱਦਯਾ॥

**ਚਾਰ ਕੂੰਟ,** ਪੁ:—ਸਾਰਾ ਜਗਤ, ਚੁਫੇਰੇ॥

**ਚਾਰ ਖਾਨਾ**
**ਚਾਰਖਾਨੀਆ,** ਵਿ: ਜਿਸ ਕੱਪੜੇ ਉੱਪਰ ਚੌਰਸ ਖਾਨੇ ਬਣੇ ਹੋਣ॥

**ਚਾਰ ਜਾਤੀ,** ਪੁ:—ਬ੍ਰਾਹਮਣਾਂ ਖਤ੍ਰੀਆਂ ਦੀਆਂ ਜਾਤਾਂ ਦੇ ਚਾਰ ਚਾਰ ਗੋਤ।

**ਚਾਰ ਜਾਮਾ,** ਪੁ: ਕੱਪੜੇ ਦੀਆਂ ਚਾਰ ਤਹਿਆਂ, ਕਪੜੇ ਦੀ ਗਦਗਦੀ ਕਾਠੀ॥

**ਚਾਰ ਜੁਗ,** ਪੁ:—ਸਤਜੁਗ, ਦੁਆਪਰ, ਤ੍ਰੇਤਾ, ਕਲਜੁਗ।

**ਚਾਰ ਦਵਾਲ਼ੀ,** ਸ:—ਸਫੀਲ॥

**ਚਾਰ ਦਿਨ,** ਪੁ:—ਥੋੜਾ ਸਮਾ।

**ਚਾਰ ਪੈਸੇ,** ਪੁ:—ਮਾਲ, ਧਨ, ਬਖ਼ਤਾਵਰੀ॥

**ਚਾਰ ਬਾਕ (ਗ),** ਸ—ਇਕ ਕਸ਼ਮੀਰੀ ਦੁਸ਼ਾਲਾ॥

**ਚਾਰ ਬਾਜ,** ਵਿ:—ਚਲਾਕ, ਹੁਸ਼ਿਆਰ॥

**ਚਾਰ ਬਾਜ਼ੀ,** ਸ:—ਚਲਾਕੀ, ਚਤਰਾਈ।

**ਚਾਰ ਭੁਜੀ,** ਵਿ: -ਜਿਸ ਦੀਆਂ ਚਾਰ ਬਾਹਵਾਂ ਹੋਣ, ਦੇਵੀ, ਵਿਸ਼ਨ।

**ਚਾਰ ਮੁਖੀ,** ਵਿ:—ਜਿਸ ਦੇ ਚਾਰ ਮੂੰਹ ਹੋਣ (ਬ੍ਰਹਮਾ)॥

**ਚਾਰ ਯਾਰ,** ਪੁ:—ਮੁਹੰਮਦ ਸਾਹਿਬ ਦੇ ਪਿਛਲੇ ਚਾਰ ਖਲੀਫੇ॥

Digitized by Panjab Digital Library | www.panjabdigilib.org

**ਚਾਰਵਾਕ,** ਪੁ: —ਪਰਮੇਸ਼ਰ ਨੂੰ ਨਾਂ ਮੰਨਣ ਵਾਲਾ ਮਤ ॥

**ਚਾਰਵਾਕੀਆ,** ਪੁ: —ਜੋ ਪਰਮੇਸ਼ਰ ਨੂੰ ਨਾਂ ਮੰਨੇ ॥

**ਚਾਰਜ,** ਪੁ: —ਅਖਤਿਆਰ, ਸਰਕਾਰੀ ਹੁੱਦੇ ਦੀ ਸਪੁਰਦਗੀ (ਦੇਣਾ, ਲੈਣਾ)।

**ਚਾਰਨਾ,** ਕ੍ਰਿ:—ਘਾਹ ਆਦਿਕ ਖੁਆਉਣਾ, ਧੋਖਾ ਦੇਣਾ।

**ਚਾਰਵਾ,** ਪੁ: —ਨਿੱਕਾ ਜੇਹਾ ਰੁੱਖ।

**ਚਾਰਾ,** ਪੁ:—ਪਸ਼ੂਆਂ ਦੀ ਖੁਰਾਕ, ਘਾਹ ਪੱਠਾ, ਮਦਦ, ਆਸਰਾ, ਉਪਾਉ, ਸਮਰਥ ॥

**ਚਾਰੇ,** ਵਿ:—ਚਾਰ ਹੀ, ਚਾਰੋ ॥

**ਚਾਰੋ,** ਵਿ:—ਚਾਰ ਹੀ, ਚਾਰੇ।

**ਚਾਰੇ ਬੰਨੇ,** ਕ੍ਰਿ: ਵਿ:—ਚੁਫੇਰੇ ਬਿਲਕੁਲ, ਪੂਰਾ ਪੂਰਾ ॥

**ਚਾਲ,** ਸ:—ਟੋਰ, ਕਦਮ, ਵਰਤਾਰਾ, ਆਦਤ ॥

**ਚਾਲ ਕੁਚਾਲ,** ਸ:—ਮੰਦੇ ਕੰਮ ॥

**ਚਾਲ ਚਲਣਾ,** ਕ੍ਰਿ:—ਵਰਤਣਾ, ਧੋਖਾ ਦੇਣਾ ॥

**ਚਾਲ ਢਾਲ, ਚਾਲ ਦਾਲ,** ਸ:—ਵਰਤਾਰਾ, ਚੱਲਣ ਦਾ ਢੰਗ।

**ਚਾਲਬਾਜ਼,** ਵਿ:—ਛਲੀਆ, ਫ਼ਰੇਬੀ, ਚਾਲਾਕ

**ਚਾਲਬਾਜ਼ੀ,** ਸ:—ਉਸਤਾਦੀ, ਹਿਕਮਤ, ਚਲਾਕੀ ॥

**ਚਾਲਾ, ਚਾੱਲਾ,** ਪੁ:—ਚਾਲ, ਸਤਰੰਜ ਦੇ ਮੋਹਰੇ ਚਲਾਉਣ ਦਾ ਕੰਮ, ਢੰਗ, ਫਰੇਬ, ਹਿਕਮਤ, ਸੁਭਾਉ, ਉਪਦ੍ਰੀ ਆਦਮੀ ॥

**ਚਾਲੀ,** ਵਿ:—ਦਸਾਂ ਦਾ ਚਾਰ ਗੁਣਾ, ਪੁ: ਵਰਤਾਰਾ ਸੁਭਾਉ।
ਸ:—ਸਤਾਨਣ, ਕੁਚਾਲਣ ॥

**ਚਾਲੀਆਂ (ਵਾਂ),** ਵਿ:—ਚਾਲੀਆਂ ਦੀ ਗਿਣਤੀ ਪੂਰੀ ਕਰਨ ਵਾਲਾ ॥

**ਚੱਲੂ,** ਪੁ:—ਚੱਲਣ ਵਾਲਾ, ਜੋ ਦੌੜ ਜਾਵੇ (ਚੱਲਤਾ ਕਰ ਦੇਣਾ)।

**ਚੱਲੂ ਕਰ ਲੈਣਾ,** ਕ੍ਰਿ:—ਆਪਣੇ ਅਧੀਨ ਕਰਨਾ।

**ਚਾ ਲੈਣਾ,** ਕ੍ਰਿ:—ਚੁੱਕ ਲੈਣਾ, ਲੈ ਜਾਣਾ, [illegible] ॥

**ਸਿਰ ਤੇ ਚਾ ਲੈਣਾ,** ਕ੍ਰਿ:—ਬਹੁਤ ਆਦਰ ਕਰਨਾ।

**ਚਾਵ,** ਪੁ:—'ਚਾਉ' ਵੇਖੋ।

**ਚਾਵਥਾ,** ਪੁ:—'ਚੌਥਾ' ਵੇਖੋ ॥

**ਚਾਵਰ (ਲ),** ਪੁ:—'ਚੌਲ' ਵੇਖੋ ॥

**ਚਾੜ,** ਪੁ:—ਕਲਬੂਤ, ਲੱਕੜੀ ਦਾ ਸਚਾ (ਜੁੱਤੀਆਂ ਦਾ) ॥

**ਚਾੜ੍ਹਨਾ,** ਕ੍ਰਿ:—ਉਤਾਂਹ ਕਰਨਾ, ਸਵਾਰ ਕਰਾਉਣਾ, ਦਾਲ ਭਾਜੀ ਰਿੰਨ੍ਹਣਾ, ਚੁੱਲ੍ਹੇ ਉੱਪਰ ਧਰਨਾ, ਨਜ਼ਰ ਜਾਂ ਭੇਟ ਦੇਣੀ, ਲਿਖ ਲੈਣਾ ॥

**ਚਾੜ੍ਹੂ,** ਪੁ:—ਸਵਾਰ, ਚਾੜ੍ਹਨ ਵਾਲਾ।

**ਚਿਸ਼ਤ,** ਪੁ:—ਮੁਸਲਮਾਨ ਫਕੀਰਾਂ ਦਾ ਇੱਕ ਪੰਥ ॥

**ਚਿਸ਼ਤੀ,** ਪੁ:—ਚਿਸ਼ਤ ਜਾਤ ਦਾ ਆਦਮੀ ॥

**ਚਿਸਾ,** ਪੁ:—ਦਿਨ ਰਾਤ ॥

**ਚਿੱਸਾ,** ਵਿ:—ਸੰਘਣਾ, ਚੰਗਾ ॥

**ਚਿਹ,** ਸ:—ਗੁੱਸਾ, ਜ਼ਿਦ, ਪਿਆਰ (ਚੜ੍ਹਨਾ, ਚੜ੍ਹਾਉਣਾ) ॥

Digitized by Panjab Digital Library / www.panjabdigilib.org

**ਚਿਹਣ**
**ਚਿਹਣ ਚੱਕਰ** } ਪੁ:—ਨਿਸ਼ਾਨ, ਦਾਗ, ਸ਼ਕਲ।

**ਚਿਹੜਨਾ,** ਕ੍ਰਿ:—ਚੰਮ ਦੀਆਂ ਤਹਿਆਂ ਜੋੜਨੀਆਂ ॥

**ਚਿਕ,** ਸ:—ਸਿਰਕੀ, । ਪੁ:—ਹੁੰਡੀ ॥

**ਚਿਕਣ,** ਸ:—ਇੱਕ ਕਪੜਾ ਜਿਸ ਉੱਤੇ ਬੂਟੇ ਕੱਢੇ ਹੋਏ ਹੁੰਦੇ ਹਨ ॥

**ਚਿਕਨਾ,** ਵਿ:—ਥਿੰਧਾ, ਸਾਫ, ਜੋ ਚਿਪ ਚਿਪ ਕਰੇ ॥

**ਚਿਕਨਾਈ**
**ਚਿਕਨਾਹਟ** } ਸ: ਥੰਧਿਆਈ ॥

**ਚਿੱਕੜ,** ਪੁ: ਪਾਣੀ ਵਿੱਚ ਘੁਲੀ ਹੋਈ ਮਿੱਟੀ, ਗਾਰਾ, ਸੁਸਤ ਆਦਮੀ।

**ਚਿਕੜੀ,** ਸ:—ਪਤਲਾ ਚਿੱਕੜ, ਇੱਕ ਚੰਗੀ ਲਕੜੀ ਜਿਸ ਦੀਆਂ ਕੰਘੀਆਂ ਬਣਦੀਆਂ ਹਨ, ਇੱਕ ਖੇਡ ॥

**ਚਿਕਾ,** ਸ:—'ਚਿਖਾ' ਵੇਖੋ ॥

**ਚਿਕਾਉਣਾ,** ਕ੍ਰਿ:—ਰੁਆਉਣਾ, ਖਿਝਾਉਣਾ ਸਤਾਉਣਾ ॥

**ਚਿੱਕਾਨ,** ਵਿ:—ਗਾੜ੍ਹਾ (ਪਾਣੀ ਆਦਿਕ)।

**ਚਿਕਾਰਾ,** ਪੁ:—ਇੱਕ ਤਰਾਂ ਦੀ ਸਰੰਗੀ, ਹਰਨ ਦਾ ਬੱਚਾ, ਰੌਲਾ ॥

**ਚਿਖਾ,** ਸ:—ਚਿਤਾ, ਅੱਗ ਵਿੱਚ ਸੜਦਾ ਮੁਰਦਾ।

**ਚਿੰਗਿਆੜਾ,** ਪੁ:
**ਚਿੰਗਿਆੜੀ,** ਸ: } 'ਚੰਗਿਆੜਾ' ਵੇਖੋ ॥

**ਚਿੱਗਾ (ਘਾ),** ਵਿ:—ਮੋਟਾ ਅਤੇ ਪੱਧਰਾ (ਚਿਹਰਾ,।

**ਚਿੰਘਾਰ,** ਸ:—ਚੀਕ, ਗਰਜ, ਹਾਥੀ ਦੇ ਬੋਲਣ ਦੀ ਅਵਾਜ਼ ॥

**ਚਿੰਘਾਰਨਾ,** ਕ੍ਰਿ:—ਚੀਕਣਾ, ਹਾਥੀ ਦਾ ਬੋਲਣਾ, ਗੱਜਣਾ ॥

**ਚਿਰਲਾਉਣਾ,** ਕ੍ਰਿ:—ਚੀਕਣਾ, ਪੀੜ ਨਾਲ ਰੋਣਾ, ਕੁਰਲਾਉਣਾ।

**ਚਿੱਚੜ,** ਪੁ:—ਪਿੰਡੇ ਨੂੰ ਚੰਬੜਨ ਵਾਲਾ ਇੱਕ ਕੀੜਾ।

**ਚਮ ਚਿੱਚੜ,** ਪੁ:—ਜੇਹੜਾ ਆਦਮੀ ਪਿੱਛਾ ਨਾਂ ਛੱਡੇ ॥

**ਚਿਚੜੀ,** ਸ:—ਨਿੱਕਾ ਜੇਹਾ ਚਿੱਚੜ ॥

**ਚਮ ਚਿਚੜੀ,** ਸ: ਜੇਹੜੀ ਤੀਮਤ ਪਿੱਛਾ ਨਾ ਛੱਡੇ।

**ਚਿਚੂੰਦਰ**
**ਚਿਚੂੰਧਰ** } ਸ: ਛਛੂੰਧਰ, ਚਮਗਿੱਦੜ ॥

**ਚਿੰਜੜੀ,** ਸ:—ਬਗਲੇ ਦਾ ਮੁੱਢ (ਛੋਲਣੀ)॥

**ਚਿਟ,** ਸ:—ਕਾਗਤ ਦਾ ਪੁਰਜਾ, ਕਪੜੇ ਦੀ ਲੀਰ।

**ਚਿਟਕ,** ਸ:—ਮੈਲ, ਸੂਰਜ ਦੀ ਚਮਕ ॥

**ਚਿਟਕ ਜਾਣਾ**
**ਚਿਟਕਣਾ** } ਕ੍ਰਿ:—ਸਿਰ ਦੇ ਵਾਲਾਂ ਵਿਚ ਮੈਲ ਪੈਣ ਕਰਕੇ ਵਾਲਾਂ ਦਾ ਜੁੜ ਜਾਣਾ ॥

**ਚਿਟਕਣਾ,** ਪੁ:—ਦਾਗ, ਨਿਸ਼ਾਨ ॥

**ਚਿਟਕਣੀ,** ਸ:—ਬੂਹਾ ਭੀੜਨ ਵਾਲੀ ਲੋਹੇ ਦੀ ਸੀਖ (ਲਾ ਕੇਣੀ)।

**ਚਿਟਕਾਰੀ,** ਸ:—ਚਟਕਾਰਨ ਦੀ ਅਵਾਜ਼ ॥

Digitized by Panjab Digital Library www.panjabdigilib.org

**ਚਿੱਟਾ, ਚਿੱਟੀ** ਵਿ:—ਸੁਫੇਦ, ਧੌਲਾ, ਦੁੱਧ ਦੇ ਰੰਗ ਜੇਹਾ ।

**ਚਿੱਟਾ,** ਪੁ:—ਰੁਪਇਆ ਅੱਖ ਵਿੱਚ ਸੁਫੇਦ ਦਾਗ (ਪੈ ਜਾਣਾ)

**ਚਿੱਟੀ,** ਸ: ਲਾਲ ਜਾਂ ਸੁਰਖ ਪੰਖੇਰੂ ਦੀ ਮਦੀਨ ।

**ਚਿੱਠਾ,** ਪੁ: —ਲੇਖਾ, ਲੰਮੀ ਚਿੱਠੀ, ਨੌਕਰਾਂ ਦੀ ਤਲਬ, ਜੋ ਤਾਂ ਵਿੱਚ ਕਿਸ਼ਾ। ਬੁਧ ਰ ਜਾ ਬੈਂਕ ਆਦਿਕ ਦਾ ਧੇ ਘਾਟੇ ਦਾ ਵੇਰਵਾ ।

**ਚਿੱਠਾ ਤਾਰਨਾ,** ਕ੍ਰਿ: —ਤਲਬ ਦੇਣੀ, ਹਿਸਾਬ ਮੁਕਾਉਣਾ

**ਚਿੱਠੀ,** ਸ:—ਖਤ ਪੱਤ੍ਰ, ਹੁਕਮ, ਕਾਗਜ਼ ਦਾ ਪੁਰਜਾ, ਉੱਚੜਿਆ ਹੋਇਆ ਮਾਸ ।

**ਚਿੱਠੀ ਦੇਣੀ, ਚਿੱਠੀ ਪਾਉਣੀ** ਕ੍ਰਿ:—ਤਾਲਬ ਕਰਨੀ, ਅਰਜੀ ਪਾਉਣੀ ।

**ਚਿੱਠੀ ਰਸਾਨ,** ਪੁ:—ਚਿੱਠੀਆਂ ਵੰਡਣ ਵਾਲਾ ਡਾਕ ਖਾਨੇ ਦਾ ਨੌਕਰ ।

**ਚਿੱਢ,** ਪੁ: ਸ:—ਜਿਸ ਦਾ ਕੱਦ ਮਧਰਾ ਹੈ ।

**ਚਿਣਕਣਾ,** ਕ੍ਰਿ: —ਉੱਚੀ ਅਵਾਜ ਨਾਲ ਬੋਲਣਾ

**ਚਿਣਗ,** ਸ:—ਚੰਗਿਆੜੀ, ਲੂੰਬਣ ਵਾਲੀ ਗਰਮੀ (ਉੱਠਣੀ, ਪੈਣੀ, ਮਾਰਨੀ) ।

**ਚਿਣਗੀ,** ਸ:—ਇੱਕ ਚਰਾਂ ਦਾ ਚਿੱਤਰ, ਚੰਗਿਆੜੀ, ਚੁਸਤ ਲੜਕਾ ।

**ਚਿਣਤ, ਚਿਣਤੀ** ਸ:—ਚਿਣਨ ਦਾ ਕੰਮ ।

**ਚਿਣਨਾ,** ਕ੍ਰਿ:—ਇੱਟਾਂ ਜੋੜਨਾ, ਚੀਜਾਂ ਨੂੰ ਜੁਗਤ ਨਾਲ ਰੱਖਣਾ, ਕਪੜੇ ਵਿਚ ਚੁੰਨ ਪਾਉਣਾ ।

**ਚਿਣਾਉਟ,** ਸ: —ਚਿਣਨ ਦਾ ਕੰਮ ਜਾਂ ਢੰਗ ।

**ਚਿਣਾਉਣਾ,** ਕ੍ਰਿ: —ਚਿਣਨ ਦਾ ਕੰਮ ਕਰਾਉਣਾ ।

**ਚਿਣਾਈ,** ਸ:—ਚਿਣਨ ਦਾ ਕੰਮ, ਢੰਗ ਜਾਂ ਮਜੂਰੀ

**ਚਿਣੀ ਚਿਣੀ,** ਵਿ:—ਤੌਰੇ ਤੌਰੇ ਹੋਇਆ ਹੋਇਆ (ਹੌਲਾ, ਕਰਨਾ) ।

**ਚਿੱਤ,** ਪੁ:—ਜੀ, ਦਿਲ, ਮਨ, ਸੁਰਤ, ਚੇਤਾ, ਸਮਝ, ਧਿਆਨ, ਵਿਚਾਰ, ਮੁਰਤ ।
ਸ: —ਪਿੱਠ ਤੇ ਪਾਈ ਹੋਈ ਕੌਡੀ ।
ਵਿ:—ਮੂੰਹ ਉੱਤੇ ਕਰਕੇ ਪਿੱਠ ਦੇ ਭਾਰ ਲੇਟਿਆ ਹੋਇਆ ।

**ਚਿੱਤ ਹੋ ਜਾਣਾ, ਚਿੱਤ ਹੋਣਾ** ਕ੍ਰਿ:—ਮਰ ਜਾਣਾ, ਥੱਕ ਸੌਂ ਜਾਣਾ ।

**ਚਿੱਤ ਕਰਨਾ,** ਕ੍ਰਿ: ਜੀ ਚਾਹੁਣਾ ।

**ਚਿੱਤ ਕਰਨਾ, ਚਿੱਤ ਕਰ ਦੇਣਾ** ਕ੍ਰਿ:—ਮਾਰਨਾ, ਢਾਹ ਦੇਣਾ ।

**ਚਿੱਤ ਚਾਲੈਣਾ,** ਕ੍ਰਿ:—ਧਿਆਨ ਨਾਂ ਕਰਨਾ ।

**ਚਿੱਤ ਮਿਤਾਲਾ,** ਵਿ:—ਕਈ ਰੰਗਾਂ ਦਾ ।

**ਚਿਤਕਬਰਾ,** ਵਿ: —ਜਿਸ ਵਿੱਚ ਚਿੱਤੀਆਂ ਪਈਆਂ ਹਨ ।

**ਚਿੱਤ ਗੁਪਤ,** ਪੁ:—'ਚਿਤ੍ਰ ਗੁਪਤ' ਵੇਖੋ ।

**ਚਿਤੌਨ,** ਵਿ: —'ਚਤੌਨ' ਵੇਖੋ ।

**ਚਿੱਤਣਾ,** ਕ੍ਰਿ: ਕੰਧ ਰੰਗਣੀ, ਮੂਰਤਾਂ ਖਿੱਚਣੀਆਂ

**ਚਿਤਵਨਾ, ਚਿਤਮਣਾ** ਕ੍ਰਿ: —ਸੋਚਣਾ, ਮਿਥਣਾ, ਮਨ ਵਿਚ ਧਾਰਨਾ ।

Digitized by Panjab Digital Library | www.panjabdigilib.org

**ਚਿਤਮਣੀ,** ਸ਼ਃ—ਸੋਚ, ਖਿਆਲ, ਚਿੰਤਾ, ਫਿਕਰ (ਲੱਗਣੀ) ॥

**ਚਿਤ੍ਰ,** ਪੁਃ—ਮੂਰਤ, ਤਸਵੀਰ, ਨਕਸ਼ਾ ।

**ਚਿੱਤ੍ਰਕਾਰ,** ਪੁਃ—ਮੂਰਤਾਂ ਖਿੱਚਣ ਜਾਂ ਉੱਕਰਨ ਵਾਲਾ ॥

**ਚਿੱਤ੍ਰਕਾਰੀ,** ਸ਼ਃ—ਮੂਰਤਾਂ ਖਿੱਚਣ ਜਾਂ ਉੱਕਰਨ ਦਾ ਕੰਮ ।

**ਚਿੱਤ੍ਰਗੁਪਤ,** ਪੁਃ—ਮਨੁਖਾਂ ਦੇ ਚੰਗੇ ਮੰਦੇ ਕਰਮਾਂ ਦਾ ਲੇਖਾ ਲਿਖਣ ਵਾਲਾ ।

**ਚਿਤਰਣਾ,** ਕ੍ਰਿਃ—ਮੂਰਤਾਂ ਖਿੱਚਣਾ ਜਾਂ ਉੱਕਰਨਾ ।

**ਚਿਤਰਣੀ,** ਸ਼ਃ—ਗੁਣਵਾਨ ਅਤੇ ਸੁੰਦਰ ਇਸਤ੍ਰੀ ।

**ਚਿੱਤਰਾ,** ਪੁਃ—ਇੱਕ ਤਰਾਂ ਦਾ ਸ਼ੇਰ, ਜੰਗਲੀ ਜਨੌਰ ॥

**ਚਿਤਲਾ,** ਵਿਃ—ਚਿਤਕਬਰਾ, ਰੰਗ ਬਰੰਗਾ ।

**ਚਿਤਵਣੀ,** ਸ਼ਃ—'ਚਿਤਮਣੀ' ਵੇਖੋ ।

**ਚਿੱਤੜ,** ਪੁਃ—ਪੱਟਾਂ ਦੇ ਪਿਛਲੇ ਪਾਸੇ ਦੇ ਗੁਦਗੁਦੇ ਹਿੱਸੇ ਜਿਨ੍ਹਾਂ ਦੇ ਭਾਰ ਮਨੁੱਖ ਬਹਿੰਦਾ ਹੈ ॥

**ਚਿਤੜੀ**<br>**ਚਿਤੜੀਆਂ,** (ਬਹੁਃ ਬ) } ਸ਼ਃ—ਬਾਲਾਂ ਦੇ ਚਿੱਤੜ

**ਚਿਤਾ,** ਸ਼ਃ—ਮੁਰਦਾ ਸਾੜਨ ਲਈ ਉੱਪਰ ਲੱਕੜਾਂ ਚਿਣੀਆਂ ਹੋਈਆਂ ॥

**ਚਿੱਤਾ,** ਪੁਃ—ਚਿੱਤਰਾ, ਇੱਕ ਦ੍ਰਿਆ ॥

**ਚਿੰਤਾ,** ਸ਼—ਸੋਚ, ਵਿਚਾਰ, ਫਿਕਰ, ਪਰਵਾਹ, ਗਮ ॥

**ਚਿਤਾਉਣਾ**<br>**ਚਿਤਾਰਨਾ** } ਕ੍ਰਿ—ਚੇਤਾ ਕਰਾਉਣਾ, ਦੱਸਣਾ ਹਟਕਣਾ ॥

**ਚਿੱਤੀ,** ਸ਼ਃ—ਦਾਗ, ਨਸ਼ਾਨ, ਛੋਟੀ ਕੌਡੀ ॥

**ਚਿਤੂ,** ਵਿਃ—ਡਰਾਕਲ, ਕਾਇਰ, ਬੇ ਹੌਸਲਾ ।

**ਚਿਤੇਰਾ,** ਪੁਃ—ਜੋ ਧਾਤਾਂ ਉੱਤੇ ਮੂਰਤਾਂ ਆਦਿਕ ਉੱਕਰੇ ॥

**ਚਿੱਥਣਾ,** ਕ੍ਰਿਃ—ਚੱਬਣਾ, ਦਲਣਾ, ਨਾਸ ਕਰਨਾ ।

**ਚਿਥਾਉਣਾ,** ਕ੍ਰਿਃ—ਚਿੱਥਣ ਦਾ ਕੰਮ ਕਰਾਉਣਾ ॥

**ਚਿੱਦਾ,** ਪੁਃ—ਲਕੜੀ ਦੀ ਗੋਲ ਟਿੱਕੀ, ਠੀਪਾ ॥

**ਚਿੱਧ ਮਿੱਧ**<br>**ਚਿੰਨ੍ਹਮਿਨ੍ਹ** } ਵਿਃ—ਪਿੱਚ ਪਿੱਚ, ਜਿਸਦਾ ਪਤਾ ਨਾ ਲਗੇ ।

**ਚਿਨਾਰ,** ਸ਼ਃ—'ਚਨਾਰ' ਵੇਖੋ ॥

**ਚਿਪ,** ਸ਼ਃ—ਜਿਦ, ਖਿਝ (ਚੜ੍ਹਨੀ, ਲੱਗਣੀ) ॥

**ਚਿਪ ਚਿਪ ਕਰਨਾ,** ਕ੍ਰਿਃ—ਹੱਥਾਂ ਨੂੰ ਲੱਗਣਾ, ਲੇਸਦਾਰ ਹੋਣਾ ॥

**ਚਿਪ ਚਿਪਾ,** ਵਿਃ—ਚਿਪ ਚਿਪ ਕਰਨ ਵਾਲਾ ॥

**ਚਿਪ ਚਿਪਾਟ,** ਸ਼ਃ—ਲੇਸ, ਚਿਪਿਆਈ ॥

**ਚਿਪਕ,** ਸ਼ਃ—ਜੋੜ, ਲਗਾਉ ॥

**ਚਿਪਕਣਾ,** ਕ੍ਰਿਃ—ਜੁੜਨਾ, ਚੰਬੜਨਾ, ਲੱਗ ਜਾਣਾ ॥

**ਚਿਪਕਾਉਣਾ,** ਕ੍ਰਿਃ ਜੋੜਨਾ, ਚਮੋੜਨਾ, ਲਾ ਦੇਣਾ ।

**ਚਿਪਟਣਾ,** ਕ੍ਰਿਃ—ਜੁੜਨਾ, ਲੱਗਣਾ, ਚੰਬੜਨਾ ॥

**ਚਿਪਣਾ,** ਕ੍ਰਿਃ—ਖਿਝਣਾ, ਭੜਕਣਾ ॥

**ਚਿੱਪਣਾ,** ਕ੍ਰਿਃ—ਛੇਕਣਾ, ਸਣ ਦੀਆਂ ਤਾਰਾਂ ਸਾਫ ਕਰਨੀਆਂ, ਕੱਪੜੇ ਨੂੰ ਛੇਕਣਾ ਤੇ ਚੈਂਚ ਲਾ ॥

Digitized by Panjab Digital Library | www.panjabdigilib.org

**ਚਿਪੜਾ**, **ਚਿਪੜੂ**, ਵਿਸ਼—ਚੁੰਨ੍ਹੀਆਂ ਅੱਖਾਂ ਵਾਲਾ।

**ਚਿੱਪੀ**, ਸ:—ਸਾਧਾਂ ਫਕੀਰਾਂ ਦਾ ਇੱਕ ਲਕੜੀ ਦਾ ਭਾਂਡਾ ॥

**ਚਿੱਬ**, ਪੁ: —ਭਾਂਡੇ ਵਿੱਚ ਪਿਆ ਡਿੰਗ ਜਾਂ ਟੋਆ।

**ਚਿੱਬੜਨਾ**, ਕ੍ਰਿ:—'ਚੰਬੜਨਾ' ਵੇਖੋ ॥

**ਚਿੱਬੜਾਉਣਾ**, ਕ੍ਰਿ: 'ਚੰਬੜਾਉਣਾ' ਵੇਖੋ।

**ਚਿੱਬਾ**, ਵਿ: ਚਿੱਬ ਵਾਲਾ (ਭਾਂਡਾ) ॥

**ਚਿਬੀਆਂ ਕੱਢਣਾ**, ਕ੍ਰਿ: ਬੁਲ੍ਹ ਬਾਹਰ ਕੱਢਕੇ ਰੋਣੀ ਸ਼ਕਲ ਬਣਾਉਣਾ ॥

**ਚਿੱਭੜ**, ਪੁ:—ਇੱਕ ਛੋਟਾ ਜੰਗਲੀ ਫਲ, ਬੇਢੌਲ ਆਦਮੀ ॥

**ਚਿਮਟਾ**, ਪੁ:, **ਚਿਮਟੀ**, ਸ: ਅੱਗ ਦੇ ਕੋਲੇ, ਆਦਿਕ ਪਕੜਨ ਵਾਲੀ ਲੋਹੇ ਦੀ ਇੱਕ ਚੀਜ਼।

**ਚਿਮਨੀ**, ਸ: —ਲੈਂਪ ਜਾਂ ਲਾਲਟੈਨ ਦੀ ਸ਼ੀਸ਼ੀ, ਧੂੰ ਕਸ਼ ॥

**ਚਿਮੜਨਾ**, ਕ੍ਰਿ: —'ਚੰਬੜਨਾ' ਵੇਖੋ ॥

**ਚਿਮੋੜਨਾ**, ਕ੍ਰਿ:—'ਚਮੋੜਨਾ' ਵੇਖੋ।

**ਚਿਰ**, ਪੁ: ਵਕਤ, ਬਹੁਤ ਵੇਲਾ, ਅਵੇਰ

**ਚਿਰਕ (ਕ)**, **ਚਿਰਕਾ**, **ਚਿਰਕਾਲ** ਪੁ:—ਚਿਰ, ਬਹੁਤ ਵਕਤ, ਅਵੇਰ ਢਿਲ ॥

**ਚਿਰਨਾ**, ਕ੍ਰਿ: -ਚੀਰਿਆ ਜਾਣਾ, ਪਾੜਿਆ ਜਾਣਾ ॥

**ਚਿਰਵਾਉਣਾ**, ਕ੍ਰਿ:—ਚੀਰਨ ਦਾ ਕੰਮ ਕਰਾਉਣਾ ॥

**ਚਿਰਵਾਈ**, ਸ:—ਚੀਰਨ ਦਾ ਕੰਮ ਜਾਂ ਮਜੂਰੀ।

**ਚਿਰਾਉਣਾ**, ਕ੍ਰਿ:—ਤਖਤੇ ਆਦਿਕ ਚਿਰਵਾਉਣਾ ਫੋੜੇ ਨੂੰ ਚੀਰਾ ਦੁਆਉਣਾ

**ਚਿਰਾਈ**, ਸ: ਤਖਤੇ ਜਾਂ ਫੋੜੇ ਆਦਿਕ ਚੀਰਨ ਦਾ ਕੰਮ ਜਾਂ ਮਜੂਰੀ।

**ਚਿਰਾਕਾ**, **ਚਿਰੋਕਣਾ**, ਵਿ:—ਬੜੇ ਚਿਰ ਦਾ, ਪੁਰਾਣੇ ਸਮੇਂ ਦਾ ॥

**ਚਿਰੀਂ**, ਕ੍ਰਿ:—ਵਿ:—ਬਹੁਤ ਚਿਰ ਪਿਛੋਂ।

**ਚਿਲ**, ਸ: ਮਿਟੀ ਦੀ ਵੱਡੀ ਢੀਮ ਜਾਂ ਪੱਥਰ।

**ਚਿਲਕ**, ਸ:—ਚਮਕ, ਲਿਸ਼ਕ, ਸਫਾਈ ॥

**ਚਿਲਕਣਾ**, ਕ੍ਰਿ:—ਚਮਕਣਾ, ਲਿਸ਼ਕਣਾ।

**ਚਿਲਕਾਉਣਾ**, ਕ੍ਰਿ:- ਚਮਕਾਉਣਾ, ਲਿਸ਼ਕਾਉਣਾ ॥

**ਚਿਲਕਾਰਾ**, ਪੁ:—ਚਮਕਾਰਾ, ਲਿਸ਼ਕ, ਸਫਾਈ ॥

**ਚਿਲਕੀ**, ਪੁ: ਇੱਕ ਤਰ੍ਹਾਂ ਦਾ ਨਾਨਕ ਸ਼ਾਹੀ ਰੁਪਇਆ।

**ਚਿਲਕੋਰਨਾ**, ਕ੍ਰਿ: ਮੀਂਹ ਬਰਸਣ ਪਿੱਛੋਂ ਧੁੱਪ ਚੜ੍ਹਨੀ

**ਚਿਲਗੋਜਾ**, ਪੁ:—ਇੱਕ ਤਰ੍ਹਾਂ ਦਾ ਮੇਵਾ, ਨਿਉਜਾ।

**ਚਿਲਮ**, ਸ: ਤਮਾਕੂ ਰੱਖਣ ਵਾਲੀ ਹੁੱਕੇ ਦੀ ਟੋਪੀ, ਚਿਲਮ ਦਾ ਤਮਾਕੂ।

**ਚਿਲਮ ਭਰਨੀ**, ਕ੍ਰਿ:—ਚਿਲਮ ਵਿਚ ਤਮਾਕੂ ਪਾਉਣਾ, ਟਹਿਲ ਸੇਵਾ ਕਰਨੀ ॥

**ਚਿਲਮਚੀ**, ਸ: -ਹੱਥ ਧੋਣ ਵਾਲਾ ਧਾਤ ਦਾ ਭਾਂਡਾ ॥

Digitized by Panjab Digital Library / www.panjabdigilib.org

**ਚਿੱਲੜੀ,** ਸ:-ਇੱਕ ਤਰਾਂ ਦੇ ਪਕੌੜੇ ਜਾਂ ਗੁਲਗੁਲੇ।

**ਚਿੱਲਾ,** ਪੁ:-ਚਾਲੀ ਦਿਨ ਜਿਨ੍ਹਾਂ ਵਿਚ ਕੋਈ ਮਜ਼੍ਹਬੀ ਰਸਮ ਹੁੰਦੇ ॥

**ਚਿਲਾ ਕਰਨਾ**
**ਚਿਲੇ ਪੈਣਾ ਜਾਂ ਬੈਠਣਾ** } ਕ੍ਰਿ: —ਚਲੇ ਦੀ ਰਸਮ ਕਰਨੀ ।

**ਚਿਲਾ ਢੰਨ੍ਹਣਾ,** ਕ੍ਰਿ:-ਚਿਲੇ ਦਾ ਵਕਤ ਠਹਰਾਉਣਾ।

**ਚਿੱਲਾ,** ਪੁ:-ਕਮਾਨ ਦੀ ਰੱਸੀ ॥

**ਚਿੱਲਾ ਚੜ੍ਹਾਉਣਾ,** ਕ੍ਰਿ:-ਕਮਾਨ ਦੀ ਰੱਸੀ ਖਿੱਚਣੀ ॥

**ਚਿੱਲੀ,** ਸ:-ਟੱਟੂ ਜਾਂ ਖੱਚਰ ਉੱਤੇ ਘਾਹ ਆਦਿਕ ਲੱਦਿਆ ਹੋਇਆ ॥

**ਚਿਲ੍ਹੂ ਚਿਲ੍ਹੂ ਕਰਨਾ,** ਕ੍ਰਿ: ਚੀਂ ਚੀਂ ਕਰਨਾ, ਫੋੜੇ ਜਾਂ ਸਟ ਤੇ ਬਹੁਤ ਪੀੜ ਹੋਣੀ ।

**ਚਿਵਾਉਣਾ,** ਕ੍ਰਿ:-'ਚੁਆਉਣਾ' ਵੇਖੋ ।

**ਚਿੜ ਚਿੜ ਕਰਨਾ,**
**ਚਿੜਚਿੜਾਉਣਾ,** } ਕ੍ਰਿ: ਬਹੁਤ ਬੋਲਣਾ, ਬਕਣਾ, ਮਾਸ ਭੁੱਜਣ ਦੀ ਅਵਾਜ਼ ਆਉਣੀ ।

**ਚਿੜਚਿੜਾਟ,** ਸ:-ਬਕਵਾਦ, ਲਕੜੀ ਬਲਣ ਦੀ ਅਵਾਜ਼ ॥

**ਚਿੜਨਾ,** ਕ੍ਰਿ: ਖਿਝਣਾ, ਚਿੜ੍ਹੇ ਹੋਣਾ ॥

**ਚਿੜਮਿੜਾਉਣਾ,** ਕ੍ਰਿ:-ਪੀੜ ਨਾਲ ਤੜਫਣਾ ।

**ਚਿੜਮਿੜਾਟ,** ਸ:-ਪੀੜ, ਚਿਲਕ, ਤਲਖੀ ॥

**ਚਿੜਵਾ,** ਪੁ:—
**ਚਿੜਵੇ,** ਪੁ:(ਬਹੁ ਬ:) } ਛੋਲ ਭੁੰਨ ਕੇ ਕੁੱਟੇ ਅਤੇ ਚੂਰੇ ਹੋਏ ।

**ਚਿੜਾ,** ਪੁ:-ਮਸ਼ਹੂਰ ਪੰਖੇਰੂ, ਮਧਰਾ ਆਦਮੀ॥

**ਚਿੜਾਉਣਾ,** ਕ੍ਰਿ: ਖਿਝਾਉਣਾ, ਸਤਾਉਣਾ, ਛੇੜਨਾ ।

**ਚਿੜਿਆਹਨ**
**ਚਿੜਿਆਂਧ** } ਸ:-ਸੜੇ ਹੋਏ ਚਮੜੇ ਜਾਂ ਭੁੱਜੇ ਹੋਏ ਦੀਵੇ ਆਦਿਕ ਦੀ ਬਦਬੋ ।

**ਚਿੜਿੰਗ(ਣੀ)**
**ਚਿੜਿੰਗਿਆਰੀ** } ਸ:-ਚੰਗਿਆੜੀ, ਚਿਣਗ (ਚਿੜਨੀ, ਪੈਣੀ)।

**ਚਿੜੀ,** ਸ: ਚਿੜੇ ਦੀ ਮਦੀਨ, ਮਧਰਾ ਆਦਮੀ, ਪੰਖੇਰੂ, ਇਕ ਗਹਿਣਾ, ਖੇਡਣ ਵਾਲਾ ਕਾਗ਼ਜ਼ ਜਿਸ ਵਿਚ ਪਰ ਲਗੇ ਹੋਏ ਹੁੰਦੇ ਹਨ ।

**ਚਿੜੀ ਘਰ,** ਪੁ:-ਜਿਸ ਜਗਹ ਜਨੌਰ ਰਖੇ ਜਾਣ॥

**ਚਿੜੀ ਮਾਰ,** ਪੁ:-ਚਿੜੀਆਂ ਆਦਿਕ ਫੜਨ ਵਾਲਾ

**ਚਿੜੀ ਨਾ ਫਟਕਣਾ,** ਕ੍ਰਿ:- ਕੋਈ ਮਨੁੱਖ ਨਾ ਆ ਸਕਣਾ ।

**ਚੀਉਂ ਚੀਉਂ ਕਰਨਾ,** ਕ੍ਰਿ: ਪੰਖੇਰੂਆਂ ਦੇ ਬੱਚਿਆਂ ਵਾਕਰ ਬੋਲਣਾ, ਨਿਕਲਣਾ ।

**ਚੀਅਰਜ਼,** ਪ:-ਖੁਸ਼ੀ ਨਾਲ ਤੌੜੀਆਂ ਵਜਾਉਣੀਆਂ (ਅੰਗ੍ਰੇਜ਼ਾਂ ਵਾਕਰ) ।

**ਚੀਆਂ ਬੋੜਾ,** ਵਿ:-ਕਿਤੇ ਮੋਟਾ ਕਿਤੇ ਪਤਲਾ (ਧਾਗਾ ਆਦਿਕ), ਕੁਡੋਲ, ਚੰਗੀ ਤਰਾਂ ਨਾ ਬਣਿਆ ਹੋਇਆ ॥

**ਚੀਸ,** ਸ: ਚਬਕ, ਤ੍ਰਿੱਖੀ ਪੀੜ (ਉੱਠਣੀ, ਹੋਣੀ, ਪੈਣੀ, ਮਾਰਨੀ)।

**ਚੀਹਕੂੰ,ਚੀਹਕੂੰ ਕਰਨਾ,** ਕ੍ਰਿ:-ਚੀਕਣ ਦੀ ਅਵਾਜ਼ ਆਉਣੀ ॥

Digitized by Panjab Digital Library | www.panjabdigilib.org

**ਚੀਹਲ** / **ਚੀਹੜ** / **ਚੀਹੜਾ** — ਚੀਲ੍ਹ ਚੀੜ੍ਹ ਅਤੇ ਚੀੜ੍ਹਾ ਵੇਖੋ ॥

**ਚੀਹਾ ਕੂਟ,** ਪੁ:-ਚੀਕ ਚਿਹਾੜਾ, ਬਿਰਲਾਪ (ਪੈਣਾ) ॥

**ਚੀਕ,** ਸ: ਜ਼ੋਰ ਦੀ ਅਵਾਜ਼, ਪੀੜ ਦੀ ਅਵਾਜ਼, ਫਰਿਆਦ, ਦੁਹਾਈ (ਪੈਣੀ, ਮਾਰਨੀ)।

**ਚੀਕ ਚਿਹਾਂਦੜਾ** / **ਚੀਕ ਚਿਹਾੜਾ** — ਪੁ:-ਰੋਣ ਕੁਰਲਾਉਣ ਦੀ ਅਵਾਜ਼ ॥

**ਚੀਕਣਾ,** ਕ੍ਰਿ: ਉੱਚੀ ਬੋਲਣਾ, ਰੋਣਾ, ਕੁਰਲਾਉਣਾ

**ਚੀਕਣਾ** ਪੁ: / **ਚੀਕੁਣਾ** ਪੁ: / **ਚੀਕਣੀ** ਸ: — ਵਿ:-ਥੰਧਾ (ਧੀ) ਸਾਫ਼, ਜੋ ਚਿਪ ਚਿਪ ਕਰੇ ॥

**ਚੀਕਣੀ ਮਿੱਟੀ,** ਸ:-ਚਰਗੜੀ, ਜਮਾ ਕਰਨ ਵਾਲੀ ਮਿੱਟੀ ॥

**ਚੀਖ** ਸ:- / **ਚੀਖਣਾ** ਕ੍ਰਿ:- — 'ਚੀਕ' 'ਚੀਕਣਾ' ਵੇਖੋ ॥

**ਚੀਖਾ,** ਪੁ: / **ਚੀਖੀ,** ਸ: — ਪਤਲਾ (ਲੀ), ਲਿੱਸਾ (ਸੀ) ਬਰੀਕ ਪਰ ਤ੍ਰਿੱਖੀ ਅਵਾਜ਼ ਵਾਲਾ (ਲੀ)

**ਚੀਂਘ,** ਸ:-ਰੱਸੀ ਆਦਿਕ ਦੇ ਬੱਝਣ ਨਾਲ ਪਿੰਡੇ ਉੱਤੇ ਜੋ ਨਿਸ਼ਾਨ ਪੈਜਾਂਦਾ ਹੈ।

**ਚੀਚਕ,** ਸ:-ਮਾਤਾ ਦਾ ਰੋਗ, ਸੀਤਲਾ ਦੇ ਦਾਣੇ ॥

**ਚੀਰਕਾ,** ਪੁ:-ਮਾਤਾ ਦੇ ਦਾਣੇ ਸੁੱਕੇ ਹੋਏ ॥

**ਚੀਚ ਬਹੁਟੀ** / **ਚੀਚ ਵਹੁਟੀ** — ਸ:-ਇੱਕ ਬਰਸਾਤੀ ਕੀੜਾ।

**ਚੀਚੀ,** ਸ:-ਸਭ ਤੋਂ ਨਿੱਕੀ ਉਂਗਲ ॥

**ਚੀਂ ਚੀਂ ਕਰਨਾ,** ਕ੍ਰਿ:-ਚੀਕਣਾ, ਤੇਜ਼ ਅਵਾਜ਼ ਕੱਢਣੀ ॥

**ਚੀਚੋ ਚੀਚ ਗੰਢੇਰੀਆਂ** / **ਚੀਚੋ ਚੀਚ ਗਨੇਹੀਆਂ** / **ਚੀਚੋ ਚੀਚ ਪੰਧੋਲੀਆਂ** — ਸ:-ਇੱਕ ਖੇਡ ਜਿਸ ਵਿੱਚ ਮੁੰਡੇ ਕੁੜੀਆਂ ਆਦਿਕਾਂ ਉੱਤੇ ਲਕੀਰਾਂ ਕੱਢਦੇ ਹਨ ॥

**ਚੀਜ਼,** ਸ: ਵਸਤੂ, ਸ਼ੈ, ਪਦਾਰਥ, ਮਾਲ, ਅਸਬਾਬ ॥

**ਚੀਜ਼ ਬਸਤ** / **ਚੀਜ਼ ਵਸਤ** — ਸ: ਚੀਜ਼ਾਂ, ਅਸਬਾਬ, ਲਟਾਪਟਾ।

**ਚੀਜੋ,** ਸ: ਚੰਗੀ ਚੀਜ਼, ਮਠਿਆਈ (ਬਾਲ ਨੂੰ ਕਹੀਦਾ ਹੈ)।

**ਚੀਂਡ,** ਸ:-ਜਿੰਨੀ ਚੀਜ਼ ਇੱਕੋ ਸਾਹੇ ਪੀਤੀ ਜਾਵੇ ॥

**ਚੀਟ,** ਸ:-ਕਪੜੇ ਦਾ ਭੇਦ, ਚਿਤਰਤ, ਆਲਾ, ਛੱਜਾ ਇੱਕ ਦੇਸ।

**ਚੀਣਾ,** ਪੁ:-ਇੱਕ ਅਨਾਜ ਜੁਆਰ ਵਰਗਾ ॥

**ਚੀਣਾ ਖਿਲਾਰਨਾ,** ਕ੍ਰਿ:-ਬਹੁਤ ਰੋਣਾ ॥

**ਚੀਣੀ,** ਸ:-ਇੱਕ ਤਰਾਂ ਦੀ ਲਾਲ ਜੁਆਰ ॥

**ਚੀਤਾ,** ਪੁ:-ਚਿਤ੍ਰਾ, ਪਸ਼ਾਬ।

**ਚੀਤਾ ਕਰਨਾ** / **ਚੀਤਾ ਛਡਾਉਣਾ** / **ਚੀਤਾ ਵਗਾਉਣਾ** — ਕ੍ਰਿ: ਪਸ਼ਾਬ ਕਰਨਾ, ਮੂਤਰਨਾ (ਸਿੱਖਾਂ ਦੀ ਬੋਲੀ)।

**ਚੀਥਲਾਣਾ,** ਕ੍ਰਿ: ਪੈਰ ਨਾਲ ਲਤਾੜਨਾ, ਦਲਣਾ ਦੇਹਣਾ

**ਚੀਂਧੀ,** ਸ:-ਰੱਤੀ ਦੇ ਪੂਰੇ ਦੀ ਦੋਹੀਂ ਪਾਸੀਂ ਜੋ ਕਮਰ ਦੇ ਟੁਕੜੇ ਲੱਗੇ ਹੋਏ ਹੁੰਦੇ ਹਨ ॥

Digitized by Panjab Digital Library | www.panjabdigilib.org

**ਚੀੱਨਾ,** ਪੁ:—ਲੱਲੀ ਦੀ ਥਾਂਹ ਮਾਰਨ ਵਾਲਾ ਭੂਰੇ ਰੰਗ ਦਾ ( ਕਬੂਤਰ ਜਾਂ ਘੋੜਾ )

**ਚੀਨਾਂ ਬੇੜਾ,** ਵਿ:—'ਚੀਆਂ ਬੇੜ' ਵੇਖੋ ॥

**ਚੀਨੀ,** ਸ:—ਖੰਡ, ਬੂਰਾ, ਇੱਕ ਤਰਾਂ ਦੀ ਰੋਗਨੀ ਮਿੱਟੀ ਅਤੇ ਉਸਦੇ ਭਾਂਡੇ ।

ਵਿ: ਚੀਨ ਦੇਸ ਦਾ । ਪੁ:—ਚੀਨ ਦਾ ਵਾਸੀ ॥

**ਚੀਪ,** ਸ:—ਗੋਂਦ, ਲੇਸਲੀ ਚੀਜ਼, ਬੋਹੜ ਜਾਂ ਬੋਹਰ ਦੇ ਦੁੱਧ ਵਿੱਚ ਤੇਲ ਮਿਲਿਆ ਹੋਇਆ ।

**ਚੀਪਲਾ,** ਵਿ:—ਚੀਪ ਵਾਲਾ, ਲੇਸਦਾਰ ।

**ਚੀਪੜ,** ਪੁ:—ਲੇਸਦਾਰ ਚੀਜ਼, ਲੋਭ, ਸੂਮ ॥

**ਚੀਂਪੀਂ,** ਸ:—ਫੜੇ ਹੋਏ ਪਖੇਰੂ ਦੇ ਬੋਲਣ ਦੀ ਅਵਾਜ਼, ਫਰਿਆਦ ॥

**ਚੀਂ ਪੀਂ ਕਰਨਾ,** ਕ੍ਰਿ:—ਫਰਿਆਦ ਕਰਨਾ, ਨ ਮੰਨਣਾ, ਬਹਾਨੇ ਬਣਾਉਣਾ ।

**ਚੀਫ਼ ਕੋਟ** / **ਚੀਫ਼ ਕੋਰਟ** } ਪੁ:—ਹਾਈ ਕੋਰਟ ਤੋਂ ਉਤਰਕੇ ਸਭ ਤੋਂ ਵਡੀ ਅਦਾਲਤ (ਚੀਫ਼—ਵੱਡਾ, ਪ੍ਰਧਾਨ)।

**ਚੀਰ,** ਪੁ:—ਚੀਰਨ ਨਾਲ ਜੋ ਛੇਕ ਹੋ ਜਾਏ, ਫੱਟ, ਵੱਢਾ, ਫੱਕ, ਚੁਭਕ, ਕਪੜਾ ॥

**ਚੀਰ ਫਾੜ,** ਸ:—ਫੋੜੇ ਆਦਿਕ ਚੀਰਨ ਦਾ ਕੰਮ ( ਕਰਨਾ )।

**ਚੀਰਨ,** ਸ:—ਸਾਗ ਭਾਜੀ ਦੀ ਮੁੱਠ ।

**ਚੀਰਨਾ,** ਕ੍ਰਿ:—ਪਾੜਨਾ, ਵੱਢਣਾ, ਨਿਸ਼ਤਰ ਨਾਲ ਖੋਲ੍ਹਣਾ (ਫੋੜਾ)।

**ਚੀਰਵਾਂ,** ਵਿ:—ਚੀਰਿਆ ਹੋਇਆ, ਚੀਰਨ ਵਾਲਾ ॥

**ਚੀਰਾ,** ਪੁ:—ਲਾਲ ਰੰਗ ਦੀ ਪਗੜੀ, ਟੱਕ, ਵੱਢਾ ॥

**ਚੀਰਾ ਦੇਣਾ,** ਕ੍ਰਿ: ਫੋੜਾ ਆਦਿਕ ਚੀਰਨਾ ॥

**ਚੀਰਾਈ,** ਸ: 'ਚਿਰਾਈ' ਵੇਖੋ ।

**ਚੀਰੀ,** ਸ:—ਛੋਟਾ ਚੀਰਾ, ਚਿੱਠੀ, ਖਤ ।

**ਚੀਰੂ,** ਪੁ:—ਚੀਰਨ ਵਾਲਾ, ਧਾਗਿਆਂ ਦੀ ਗੁੰਜੀ ॥

**ਚੀਲ** / **ਚੀਲ੍ਹ** } ਸ:—ਇਕ ਜੰਗਲ ਦਾ ਰੁੱਖ, ਇੱਕ ਪੰਖੇਰੂ, ਇੱਲ ॥

**ਚੀਲਾ,** ਪੁ:—ਇਕ ਕੌੜੀ ਲਕੜੀ ਵਾਲਾ ਨਿੱਕਾ ਜੇਹਾ ਰੁੱਖ ।

**ਚੀੜ੍ਹ,** ਸ:—ਜਮਾਉ, ਲਗਾਉ, ਲੋਭ ਪੁਣਾ, ਚੀਲ੍ਹ ਦਾ ਰੁੱਖ ।

**ਚੀੜ੍ਹਾ,** ਪੁ: / **ਚੀੜ੍ਹੀ,** ਸ: } ਜਿਸ ਵਿਚ ਚੀੜ੍ਹ ਹੋਵੇ, ਮਖੱਤ, ਸੂਮ, ਜਿਸ ਕੰਮ ਦੇ ਕਰਨ ਵਿੱਚ ਬਹੁਤ ਚਿਰ ਲੱਗੇ।

**ਚੁਆਉਣਾ,** ਕ੍ਰਿ:—ਚੋਣ ਦੇਣਾ, ਚੋਵਣਾ, ਅਰਕ ਕੱਢਣਾ, ਦੁੱਧ ਦੀਆਂ ਧਾਰਾਂ ਕਢਵਾਉਣੀਆਂ, ਭਾਰ ਚੁਕਾਉਣਾ ।

**ਚੁਆਈ,** ਸ:—ਚੁਆਉਣ ਦੀ ਮਜੂਰੀ ।

**ਚੁਆਤੀ,** ਸ:—'ਚਵਾਤੀ' ਵੇਖੋ ॥

**ਚੁਅੰਨੀ** / **ਚੁਆਨੀ** } ਸ:—ਚਹੁੰ ਆਨਿਆਂ ਦਾ ਚਾਂਦੀ ਦਾ ਸਿੱਕਾ, ਦੌਲੀ ।

**ਚੁਆੜੀ,** ਸ:—ਛੱਰ ਚੁੰਬਕ ਵਾਲੀ ਡਾਂਗ, ਫੇੜੀ ਚਲਾਉਣ ਵਾਲਾ ਬਾਂਸ ਚੁਆਤੀ ॥

**ਚੁਸਕੜੀ,** ਸ:—ਛੋਟਾ ਜੇਹਾ ਘੁੱਟ ॥

Digitized by Panjab Digital Library | www.panjabdigilib.org

**ਚੁਸਕਰੀਆ,** ਸ਼ਃ ਚੂਰੇ ਨੂੰਟ ਘੁੱਟ ਭਰਨ ਵਾਲਾ ॥

**ਚੁਸਤ,** ਵਿਃ—ਤੇਜ਼, ਤਿੱਖਾ, ਚਲਾਕ, ਤਕੜਾ, ਕੱਸਿਆ ਹੋਯਾ ॥

**ਚੁਸਤੀ,** ਸਃ—ਤੇਜ਼ੀ, ਚਲਾਕੀ, ਫੁਰਤੀ, ਕੱਸਿਆ ਹੋਯਾ ਹੋਣਾ ॥

**ਚੁਸਮਾ,** ਪੁਃ-ਛੁੱਤ, ਸਰੋਵਰ, ਮੂੰਹ ।

**ਚੁਸਾਉਣਾ,** ਕ੍ਰਿਃ—ਚੂਸਣ ਜਾਂ ਚੂਪਣ ਦਾ ਕੰਮ ਕਰਾਉਣਾ

**ਚੁਸਾਈ,** ਸਃ—ਚੂਸਣ ਜਾਂ ਚੂਪਣ ਦਾ ਕੰਮ।

**ਚੁਸਾਕ,** ਪੁਃ—ਚੂਸਣ ਵਾਲਾ ॥

**ਚੁਹਕਣਾ**
**ਚੁਹ ਚੁਹ ਕਰਨਾ** } ਕ੍ਰਿਃ ਚੀਂਊਂ ਚੀਂਊਂ ਕਰਨਾ, ਗੂੜ੍ਹੇ ਲਾਲ ਰੰਗ ਦਾ ਹੋਣਾ ॥

**ਚੁਹ ਚੁਹਾਉਣਾ,** ਕ੍ਰਿਃ—ਪੰਖੇਰੂਆਂ ਦਾ ਖੁਸ਼ੀ ਨਾਲ ਬੋਲਣਾ ।

**ਚੁਹੱਟਾ,** ਪੁਃ—ਚਕੋਰ ਮੰਡੀ, ਜਿਸ ਮੰਡੀ ਵਿੱਚ ਚਾਰ ਸੜਕਾਂ ਮਿਲਣ ।

**ਚੁਹੱਤਰ,** ਵਿਃ—ਚਹੁੰ ਉਤੇ ਸੱਤਰ, ੭੪ ।

**ਚੁਹੱਤਰਵਾਂ,** ਵਿਃ—ਚੁਹੱਤ੍ਰਾਂ ਦੀ ਗਿਣਤੀ ਪੂਰੀ ਕਰਨ ਵਾਲਾ ॥

**ਚੁਹਰਟਾ,** ਪੁਃ—ਜਿਸ ਖੂਹ ਵਿੱਚ ਚਾਰ ਹਲਟ ਹੋਣ ।

**ਚੁਹਾਸਮਾ,** ਵਿਃ—ਚਾਰ ਮਜਲਾਂ ਵਾਲਾ (ਘਰ), ਚੌਥੀ ਮਜਲ ਦਾ ॥

**ਚੁਹਾਣ,** ਪੁਃ—ਰਜਪੂਤਾਂ ਦੀ ਇੱਕ ਜਾਤ ॥

**ਚੁਹਾਣੀ,** ਸਃ—ਜੰਦਾ ਦੇ ਪੀਲ ਵਾਲੀ ਇੱਕ ਮਸਾਲੇ ਦਾਰ ਚੀਜ਼ ॥

**ਚੁਹਾਰਮ,** ਪੁਃ -ਚੌਥਾ ਹਿੱਸਾ ।

**ਚੁਹੁਬ,**
**ਚੁਹੁਬਣਾ,** } ਚੋਭ', 'ਚੁਭਣਾ ਵੇਖੋ ।

**ਚੁਹੁਲ,** ਪੁਃ—ਹਾਸਾ, ਠੱਠਾ, ਮਖੌਲ, ਮੌਜ (ਕਰਨਾ) ॥

**ਚੁਹੁਲਣ,** ਸਃ
**ਚੁਹੁਲੀ,** ਪੁਃ } ਜੋ ਚੁਹੁਲ ਕਰੇ ॥

**ਚੁਹੁਰ,** ਵਿਃ ਬੜਾ ਤੁਰਸ਼, ਖੱਟਾ ਟੀਟ।

**ਚੁੱਕ,** ਸਃ—ਭੁੱਲ, ਟਪਲਾ, ਗਲਤੀ ( ਹੋਣੀ ). ਪਿੱਠ ਜਾਂ ਲੱਕ ਦਾ ਵਲ ( ਪੈਣੀ ) ॥

**ਭੁੱਲ ਚੁੱਕ,** ਸਃ—ਗਲਤੀ, ਕਸੂਰ।

**ਚੁੱਕ ਲੈਣਾ,** ਕ੍ਰਿਃ—ਚੁੱਕਣਾ, ਉਠਾ ਲੈਣਾ ।

**ਚੁਕਸਾਈ,** ਸਃ—ਚੌਕਸੀ, ਸੋਝੀ, ਖਬਰਦਾਰੀ, ਤਕੜਾਈ ।

**ਚੁੱਕ ਚੁਕਾ,** ਪੁਃ—ਉਥਲਾ ਪਥਲ, ਉਛਾਲਾ, ਸਹਿ, ਸੌਦੇ ਦਾ ਭਾ ।

**ਚੁੱਕਣਾ,** ਕ੍ਰਿਃ—ਉਠਾਉਣਾ, ਛਡਾਉਣਾ, ਉਕਸਾਉਣਾ, ਮੁਕਾਉਣਾ । ਭੁੱਲ ਜਾਣਾ, ਨਿਸ਼ਾਨੇ ਤੋਂ ਖੁੰਝਣਾ । ਮੁੱਲ ਠਹਿਰਨਾ, ਮੁੱਕਣਾ ਕਰਜ਼ਾ ਉਤਰਨਾ ॥

**ਚੁਕਵਾਉਣਾ,** ਕ੍ਰਿਃ—ਚੁੱਕਣ ਦਾ ਕੰਮ ਕਰਾਉਣਾ ।

**ਚੁਕਵਾਈ,** ਸਃ—ਚੁੱਕਣ ਦਾ ਕੰਮ ਜਾਂ ਮਜੂਰੀ ।

**ਚੁੱਕਾ,** ਪੁਃ—ਇੱਕ ਹਰੀ ਤਰਕਾਰੀ ।

Digitized by Panjab Digital Library | www.panjabdigilib.org

**ਚੁਕਾਉਣਾ,** ਕ੍ਰਿ:—ਚੁਕਣ ਦਾ ਕੰਮ ਕਰਾਉਣਾ, ਨਬੇੜਨਾ, ਜਾਨ ਮਾਰਨਾ, ਹੌਸਲਾ ਕਰਨਾ ਲਾਹੁਣਾ ।

**ਚੁਕਾਈ,** ਸ: ਚੁੱਕਣ ਦਾ ਕੰਮ ਜਾਂ ਮਜੂਰੀ ।

**ਚੁਕਾਠ,** ਸ: ਮੰਜੇ ਬੂਹੇ ਆਦਿਕ ਦਾ ਲਕੜੀ ਦਾ ਢਾਂਚਾ, ਸਰੀਰ ।

**ਚੁਕਾਠਾਂ,** ਪੁ: ਪਿੱਠ ਦਾ ਢੋਆ, ਮਨੁੱਖ ਜਾ ਘੋੜੇ ਦਾ ਲੱਕ ।

**ਚੁਕਾਵਾ,** ਪੁ:—ਠਰ੍ਹਾਇਆ ਹੋਇਆ ਮੁੱਲ, ਪਿੰਡ ਜਾਂ ਜ਼ਿਲੇ ਦਾ ਕਿਰਾਯਾ ॥

**ਚੁਕੂਣਾ,** ਵਿ:—ਚਹੁੰ ਗੁੱਠਾਂ ਵਾਲਾ ।

**ਚੁਕੌਤੀ,** ਸ:—ਜੋ ਮੁੱਲ ਠਰ੍ਹਾਇਆ ਜਾਵੇ ॥

**ਚੁੱਖ,** ਸ:—ਚਾਂਦੀ, ਸੋਨੇ, ਤਾਂਬੇ ਆਦਿਕ ਦਾ ਨਿੱਕਾ ਟੋਟਾ ।

**ਚੁਖੰਡੀ,** ਸ:—ਛੱਤ ਉੱਪਰ ਖੁਲ੍ਹੀ ਥਾਂ ਜਿਸ ਦੇ ਗਿਰਦੇ ਕੰਧਾਂ ਹੋਣ ॥

**ਚੁਖਾਈ,** ਸ:—ਚੰਗਿਆਈ, ਗੁਣ, ਖਰਾ ਹੋਣਾ

**ਚੁਖੁੰਜਾ,** ਵਿ:—ਚਹੁੰ ਖੂੰਜਿਆਂ ਵਾਲਾ ।

**ਚੁੱਖੇ ਬਿੰਦ,** ਕ੍ਰਿ:, ਵਿ:—ਹਰ ਵੇਲੇ, ਹਰ ਦਮ, ਲਗਾਤਾਰ ।

**ਚੁੰਗ,** ਸ:—ਕਿਸੇ ਚੀਜ਼ ਦਾ ਥੋੜ੍ਹਾ ਹਿੱਸਾ, ਵੰਨਗੀ, ਟੱਲ੍ਹੀ ॥

**ਚੁਗਣਾ / ਚੁਗ ਲੈਣਾ** } ਕ੍ਰਿ: ਚੁੰਝ ਨਾਲ ਦਾਣਾ ਚੁੱਕਣਾ, ਕਪੜੇ ਵਿਚ ਚੁੰਨ ਪਾਉਣਾ, ਖਾਣਾ, ਚਰਨਾ, ਚੁਣਨਾ, ਵਾਲ ਪੁੱਟਣਾ, ਜੋੜਾ ਕਰਨਾ ।

**ਚੁਗਦ / ਚੁਗਲ** } ਪੁ:—ਉੱਲੂ, ਪਿੱਠ ਪਿੱਛੇ ਨਿੰਦਿਆ ਕਰਨ ਵਾਲਾ ਚਿਲਮ ਵਿੱਚ ਰੱਖਣ ਵਾਲਾ ਰੋੜਾ, ਗੱਪੀ ।

**ਚੁਗਲ ਖੋਰ / ਚੁਗਲ ਬਾਜ਼** } ਪੁ:—ਜੋ ਪਿੱਠ ਪਿੱਛੇ ਬੁਰਿਆਈ ਕਰੇ ।

**ਚੁਗਲ ਖੋਰੀ / ਚੁਗਲ ਬਾਜ਼ੀ** } ਸ:—ਪਿੱਠ ਪਿੱਛੇ ਬੁਰਿਆਈ ਕਰਨ ਦਾ ਕੰਮ ।

**ਚੁਗਲੀ,** ਸ:—ਪਿੱਠ ਪਿੱਛੇ ਜੋ ਬੁਰਿਆਈ ਕੀਤੀ ਜਾਵੇ ।

**ਚੁਗਵਾਉਣਾ,** ਕ੍ਰਿ:—ਚੁਗਣ ਦਾ ਕੰਮ ਕਰਾਉਣਾ ।

**ਚੁਗਵਾਈ,** ਸ:—ਚੁਗਾਉਣ ਦਾ ਕੰਮ ਜਾ ਮਜੂਰੀ ॥

**ਚੁਗਾਉਣਾ,** ਕ੍ਰਿ:—ਡੰਗਰ ਚਾਰਨੇ, ਪੰਖੇਰੂ ਪਾਲਣੇ, ਚਰਾਣ ਦਾ ਕੰਮ ਕਰਾਉਣਾ ।

**ਚੁਗਾਈ,** ਸ:—ਚੁਗਾਉਣ ਦੀ ਮਜੂਰੀ ॥

**ਚੁਗਾਠ,** ਸ:—ਦਰਵਾਜ਼ੇ, ਬਾਰੀ, ਮੰਜੇ ਆਦਿਕ ਦਾ ਲਕੜੀ ਦਾ ਢਾਂਚਾ ।

**ਚੁਗਾਣੀ,** ਵਿ:—ਗੁੰਦਿਆ ਹੋਇਆ (ਹੁੱਕੇ ਦਾ ਨੈਚਾ) ।

**ਚੁਗਾਨ,** ਪੁ:—ਖੁਲ੍ਹੀ ਥਾਂ, ਮਦਾਨ ॥

**ਚੁਗਿਰਦ,** ਕ੍ਰਿ:, ਵਿ:—ਅਵ:—ਚਾਰੇ ਪਾਸੇ, ਚੁਫੇਰੇ ।

**ਚੁੰਗੀ,** ਸ:—ਸ਼ਹਿਰ ਦੇ ਅੰਦਰ ਆਉਣ ਵਾਲੀਆਂ ਚੀਜ਼ਾਂ ਪੁਰ ਮਸੂਲ, ਮਸੂਲ ਦੀ ਥਾਂ, ਥੋੜਾ ਹਿੱਸਾ ।

**ਚੁੰਘਣਾ,** ਕ੍ਰਿ:—ਚੂਸਣਾ, ਬੁੱਲ੍ਹਾਂ ਨਾਲ ਪੀਣਾ, ਚੁਪਣ

Digitized by Panjab Digital Library | www.panjabdigilib.org

**ਚੁਘਰਾ,** ਪੁ:—ਚਕੋਰ ਫੇਰਣੇ ਵਾਲਾ ਘਰ, ਚੌਹਾਂ ਦਿਸ਼ਾਂ ਵਾਲੀ ਲਾਰੀ।

**ਚੁੱਘਲ,** ਵਿ:—ਚੋਲਕੇ ਹੌਲਾ ਹੋਇਆ ਹੋਇਆ (ਕੁਪਤਾ ਆਦਿਕ)।

**ਚੁੰਘਾਉਣਾ,** ਕ੍ਰਿ:—ਦੁੱਧ ਦੇਣਾ, ਚੁੰਘਣ ਦਾ ਕੰਮ ਕਰਾਉਣਾ॥

**ਚੁੰਘਾਈ,** ਸ: ਦੁੱਧ ਚੁੰਘਾਉਣ ਦਾ ਕਾਜ, ਦਾਈ ਚੁੰਘਾਉਣ ਦਾ ਭਾੜਾ॥

**ਚੁੱਚਾ** ਪੁ: / **ਚੁੱਚੀ,** ਸ: } ਵਿ:—ਜਿਸ ਨੂੰ ਚੰਗੀ ਤਰ੍ਹਾਂ ਨਾ ਦਿੱਸੇ, ਖਰਾਬ ਅੱਖਾਂ ਵਾਲਾ (ਲੀ)।

**ਚੁੱਚੁਰ,** ਵਿ:—ਛਾਰਾ ਅਤੇ ਤਕੜਾ, ਮੋਟਾ ਝੋਟਾ।

**ਚੁੰਝ,** ਸ: ਪੰਖੇਰੂਆਂ ਦਾ ਨੋਕਦਾਰ ਮੂੰਹ, ਕੋਈ ਨੋਕਦਾਰ ਚੀਜ਼, ਲੋਹੇ ਦੀ ਕਲਮ ਦਾ ਨੋਕਦਾਰ ਹਿੱਸਾ

**ਚੁੰਝ ਡੋਬਣੀ (ਭਰਨੀ),** ਕ੍ਰਿ:—ਚੁੰਝ ਨੂੰ ਡੋਬਣਾ ਚੁੰਝ ਮਾਰਨੀ॥

**ਚੁੰਝ ਮਾਰਨੀ,** ਕ੍ਰਿ:—ਚੁੰਝ ਚੋਭਣੀ, ਆਪੋ ਵਿਚ ਲੜਨਾ।

**ਚੁਟਕਲਾ,** ਪੁ:—ਜਾਦੂ, ਮੰਤਰ, ਟੋਟਕਾ, ਤਦਬੀਰ, ਅਚਰਜ ਦੀ ਗੱਲ (ਛੰਬਲਾ) ਮਖੌਲ, ਅਨੋਖ-ਗੁਣਕਾਰ ਦੁਆ

**ਚੁਟੋਕਾ,** ਪੁ:—ਹੱਥ ਪਸਾਰ ਕੇ ਜਿੰਨੀ ਚੀਜ਼ ਉਸ ਵਿਚ ਆਵੇ॥

**ਚੁਟਕੀ,** ਸ:—ਅੰਗੂਠੇ ਅਤੇ ਉਂਗਲੀਆਂ ਵਿਚ ਜਿੰਨੀ ਚੀਜ਼ ਪਕੜੀ ਜਾ ਸਕੇ, ਨੱਕ ਵਿਚ ਲਟਕਣ ਵਾਲਾ ਗਹਿਣਾ॥

**ਚੁਟਕੀ ਮਾਰਨੀ,** ਕ੍ਰਿ:—ਉਂਗਲੀਆਂ ਵਜਾਉਣੀਆਂ।

**ਚੁਟਕੀ ਵਿੱਚ,** ਕ੍ਰਿ: ਵਿ:—ਬਹੁਤ ਛੇਤੀ, ਝੱਟ ਪੱਟ॥

**ਚੁਟਲਾ,** ਪੁ: ਸਿਰ ਤੋਂ ਲਟਕਣ ਵਾਲੀ ਵੱਡੀ ਬੋਦੀ॥

**ਚੁਟਣਾ,** / **ਚੁੰਡਣਾ,** } ਕ੍ਰਿ:—ਨਿਸ਼ਾਨੇ ਉੱਤੇ ਗੋਲੀ ਆਦਿਕ ਮਾਰਨੀ, ਜਤਨ ਕਰਕੇ ਆਪਣਾ ਮਨੋਰਥ ਸਿੱਧ ਕਰਨਾ।

**ਚੁੰਡਾਉਣਾ,** ਕ੍ਰਿ: ਨਿਸ਼ਾਨੇ ਉੱਤੇ ਗੋਲੀ ਆਦਿਕ ਲਗਾਉਣੀ।

**ਚੁਣਤ,** ਸ: ਕਪੜਿਆਂ ਵਿਚ ਚੀਨ ਪਾਉਣੋ, ਚੋਣ॥

**ਚੁਣਤੀ,** ਸ:—ਚਿਣਨ ਦਾ ਕੰਮ, ਚੁਣਨ, ਚੋਣ॥

**ਚੁਣਨਾ,** ਕ੍ਰਿ:—ਕਪੜਿਆਂ ਵਿੱਚ ਚੀਨ ਪਾਉਣੇ, ਚਿੱਟਾਂ ਚੋਣਨਾ, ਚੁਗਣਾ, ਜੁਗਤ ਨਾਲ ਰੱਖਣਾ।

**ਚੁਣਵਾਂ,** ਵਿ: —ਚੁਣਕੇ ਲਿਆ ਹੋਇਆ, ਬਹੁਤ ਪੱਕਾ॥

**ਚੁਣਾਉਟ,** ਸ:—ਚੁਣਨ ਦਾ ਕੰਮ॥

**ਚੁਣਾਉਣਾ,** ਕ੍ਰਿ:—ਚੁਣਨ ਦਾ ਕੰਮ ਕਰਾਉਣਾ॥

**ਚੁਣਾਈ,** ਸ: —ਚੁਣਨ ਦਾ ਕੰਮ ਜਾਂ ਮਜੂਰੀ।

**ਚੁਤਰੈਮਾ,** ਪੁ: ਖੰਘਰ ਖਾਧਾ, ਕੋੜ੍ਹਾ, ਜਿਸ ਦੇ ਮੂੰਹ ਉੱਤੇ ਬਹੁਤ ਸਾਰੇ ਮਾਤਾ ਦੇ ਦਾਗ ਹੋਣ॥

**ਚੁੱਤੜ,** ਪੁ: —ਮਤੜ, ਪੱਟ ਦਾ ਉਤਲਾ ਹਿੱਸਾ ਪਿਛਲੇ ਪਾਸ ਦਾ॥

**ਚੁੱਤੜ ਵਿਖਾਉਣੇ,** ਕ੍ਰਿ:—ਨੱਸ ਜਾਣਾ॥

**ਚੁੱਤੜ ਵਜਾਉਣੇ,** ਕ੍ਰਿ:—ਬਹੁਤ ਖੁਸ਼ ਹੋਣਾ ਜਾਂ ਛੁਰਨਾ

Digitized by Panjab Digital Library | www.panjabdigilib.org

**ਚੁਤੜੀ,** ਸ:—ਬਾਲਕ ਦਾ ਨਿੱਕਾ ਚੁੱਤੜ।

**ਚੁਤੜੀਆ,** ਪੁ:—ਮੋਟੇ ਚੁੱਤੜਾਂ ਵਾਲਾ ਮਨੁੱਖ।

**ਚੁਤਾਰ,** ਪੁ:—ਚਾਰ ਤਾਰਾ, ਚਹੁੰ ਤਾਰਾਂ ਵਾਲਾ ਕਪੜਾ, ਚਹੁੰ ਤਾਲਾਂ ਵਾਲਾ ਰਾਗ, ਕਬਿੱਤ॥

**ਚੁਤਾਰਾ,** ਵਿ:—ਚਹੁੰ ਤਾਰਾਂ ਜਾਂ ਤਾਲਾਂ ਵਾਲਾ।

**ਚੁਤਾਲੀ,** ਵਿ:—ਚਹੁੰ ਉੱਤੇ ਚਾਲੀ॥

**ਚੁਥਾਈ,** ਸ:—ਚੌਥਾ ਹਿੱਸਾ।

**ਚੁਦੰਦ,** ਵਿ:—ਗੁੱਸੇ, ਲੜਨ ਨੂੰ ਤਿਆਰ।

**ਚੁਦਰੀ,** ਸ:—ਜਿਸ ਘਰ ਦੇ ਚੁਫੇਰੇ ਇੱਕ ਇੱਕ ਬੂਹਾ ਹੋਵੇ॥

**ਚੁੰਧਕ,** ਸ:—ਦੂਰ ਪੈਣ ਦਾ ਕੰਮ (ਲੱਗਲੀ ਲਾਉਣੀ

**ਚੁਧਰੇਆ,** ਪੁ:
**ਚੁਧਰਾਤ,** ਸ: } ਚੌਧਰੀ ਦਾ ਕੰਮ।

**ਚੁਧਰਾਇਣ,**
**ਚੁਧਰਾਣੀ,** } ਸ: ਚੌਧਰੀ ਦੀ ਤ੍ਰੀਮਤ, ਜਨਾਨੀਆਂ ਵਿਚ ਪ੍ਰਧਾਨ॥

**ਚੁਧਰਾਇਤ**
**ਚੁਧਰਾਈ** } ਸ: —ਚੌਧਰੀ ਦੀ ਪਦਵੀ ਅਤੇ ਕੰਮ।

**ਚੁੰਧਾ,** ਵਿ:—ਚੁੰਨ੍ਹਾ, ਜਿਸ ਦੀਆਂ ਅਖਾਂ ਕਮਜ਼ੋਰ ਹੋਣ॥

**ਚੁਨਰੀ**
**ਚੁੰਨੀ** } ਸ:—ਨਿੱਕਾ ਜੇਹਾ ਦੁਪੱਟਾ, ਲਾਲ ਦੁਪਟਾ, ਰੰਗ ਕਿਨਾਰੀ ਵਾਲਾ ਦੁਪੱਟਾ॥

**ਚੁੰਨ੍ਹਾ,** ਵਿ:—ਕਮਜ਼ੋਰ ਅਖਾਂ ਵਾਲਾ॥

**ਚੁੱਪ,** ਸ:—ਨਾ ਬੋਲਣਾ, ਮੂੰਹ ਬੰਦ ਕਰ ਛੱਡਣਾ (ਕਰਨਾ, ਰਹਿਣਾ)

ਪੁ:—ਜੋ ਨਾ ਬੋਲੇ। ਵਿਸਮਯਕ:-ਨਾ ਬੋਲੋ॥

**ਚੁੱਪ ਕਰੀਤਾ**
**ਚੁੱਪ ਕੀਤਾ** } ਵਿ:, ਚੁੱਪ, ਢੀਠ, ਮਚਲਾ॥

**ਚੁੱਪ ਚਾਪ (ਣ)**
**ਚੁੱਪ ਚੁਪਾਤਾ (ਪੀਤਾ)** } ਕ੍ਰਿ:, ਵਿ:, ਚੁੱਪ, ਚੁੱਪ ਕਰਕੇ, ਚੋਰੀ, ਅਮਨ ਚੈਨ ਨਾਲ।

**ਚੁਪੱਟ,** ਵਿ: ਸਿਧਾ ਪਿਆ ਹੋਇਆ, ਖੁੱਲ੍ਹਾ।
ਕ੍ਰਿ: ਵਿ: ਅਚਾਨਕ ਚੋਕ, ਜ਼ੋਰ ਨਾਲ॥

**ਚੌੜ ਚੁਪੱਟ,** ਵਿ: ਬਰਬਾਦ, ਤਬਾਹ (ਹੋਣਾ)

**ਚੁਪੱਟ ਮਾਰਨਾ,** ਕ੍ਰਿ: ਪਿੱਠ ਦੇ ਭਾਰ ਢਾਹੁਣਾ, ਨਾਸ ਕਰਨਾ।

**ਚੁਪੱਤਾ,** ਪੁ:
**ਚੁਪੱਤੀ,** ਸ: } ਵਿ: —ਚਹੁ ਪਤ੍ਰਾਂ ਵਾਲਾ (ਬੂਟਾ), ਚਹੁੰ ਤਹਿਆਂ ਵਾਲਾ ਕਾਗਜ਼।

**ਚੁਪੜਾਉਣਾ,** ਕ੍ਰਿ:—ਘਿਉ ਜਾਂ ਤੇਲ ਲਗਵਾਉਣਾ॥

**ਚੁਪੜਾਈ,** ਸ:—ਚੋਪੜਨ ਦਾ ਕੰਮ ਜਾਂ ਮਜੂਰੀ॥

**ਚੁਪਾਉਣਾ,** ਕ੍ਰਿ:—ਚੁੱਪਾਉਣਾ, ਚੁਸਾਉਣਾ॥

**ਚੁਪਾਇਆ,** ਪੁ:—ਚਹੁੰ ਪੈਰਾਂ ਵਾਲਾ ਜਨੌਰ, ਪਸ਼ੂ॥

**ਚੁਪਾਈ,** ਸ:—ਚੂਪਣ ਦਾ ਕੰਮ, ਚਹੁੰ ਚਰਣਾਂ ਵਾਲਾ ਇਕ ਛੰਦ॥

**ਚੁਪਾਕ,** ਪੁ: —ਚੂਪਣ ਵਾਲਾ ਚਪ ਹੋਣਾ ਜੀਣੇ ਦੇ ਟੱਲੜ, ਫਕ।

**ਚੁਫਾਲ,** ਵਿ:—ਚਹੁੰ ਨੁਕਰਾਂ ਵਾਲੀ ਚੀਜ਼, ਇੱਟ ਆਦਿਕ

Digitized by Panjab Digital Library / www.panjabdigilib.org

**ਚੁਫਾਲ ਜਾ ਪੈਣਾ** / **ਚੁਫਾਲ ਡਿਗਣਾ** } ਕ੍ਰਿ: ਅਜਹਾ ਡਿਗਣਾ ਕਿ ਹੱਥ ਫੈਲੇ ਹੋਏ ਹੋਣ ।

**ਚੁਫੇਰ (ਰੇ),** ਕ੍ਰਿ: ਵਿ:—ਚਾਰ ਪਾਸੇ, ਸਭਨੀ ਪਾਸੀਂ ॥

**ਚੁਬੱਚਾ,** ਪੁ:—'ਚਬੱਚਾ' ਵੇਖੋ ।

**ਚੁਬਾਰਾ,** ਪੁ:—ਘਰ ਦੀ ਉਪਰਲੀ ਛੱਤ ਦਾ ਕਮਰਾ, ਬੈਠਕ

**ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣੀ,** ਕ੍ਰਿ: 'ਮੋਰੀ' ਵੇਖੋ ।

**ਚੁਭਕ,** ਸ: / **ਚੁਭਕਾ,** ਪੁ: } ਅੰਦਰ ਚੁਭ ਜੋ ਪੀੜ ਹਲ ਲਗ ਪਵੇ, ਤ੍ਰਿੱਖੀ ਪੀੜ ।

**ਚੁਭਕੀ,** ਸ: -ਡੁਬਕੀ ਗੋਤਾ, ਚੁਭਕ, ਇੱਕ ਤਰਾਂ ਦੀ ਸਜਾਉਣ ਦਾ ਕੰਮ ।

**ਚੁੱਭਣਾ,** ਕ੍ਰਿ: —ਕਿਸੇ ਨੋਕਦਾਰ ਚੀਜ਼ ਦਾ ਅੰਦਰ ਧਸ ਜਾਣਾ ।

**ਚੁੱਭਾ,** ਪੁ: / **ਚੁੱਭੀ,** ਸ: } ਟੁੱਭੀ, ਡੁਬਕੀ, ਗੋਤਾ (ਲਾਉਣਾ ਮਾਰਨਾ) ।

**ਚੁਭਾਉਣਾ,** ਕ੍ਰਿ:-ਚੋਭਣਾ, ਵਿੰਨ੍ਹਣਾ ਛੇਦਣਾ ॥

**ਚੁਭਾਈ,** ਸ: ਚੋਭਣ ਦਾ ਕੰਮ ॥

**ਚੁੰਮਣਾ,** ਕ੍ਰਿ:—ਮੋਹ ਕਰਕੇ ਬੁੱਲ੍ਹਾਂ ਨਾਲ ਛੋਹਣਾ ਜਾਂ ਚੂਪਣਾ ।

**ਚੁੰਮਣਾ ਚੱਟਣਾ,** ਕ੍ਰਿ:—ਬਹੁਤ ਲਾਡ ਪਿਆਰ ਕਰਨਾ ।

**ਚੁੰਮਾ,** ਪੁ: / **ਚੁੰਮੀ,** ਸ: } ਚੁੰਮਣ ਦਾ ਕੰਮ (ਦੇਣਾ, ਲੈਣਾ,

**ਚੁਮਾਉਣਾ,** ਕ੍ਰਿ: ਚੁੰਮਣ ਦਾ ਕੰਮ ਕਰਾਉਣਾ ਚੁੰਮੀ ਦੇਣੀ ।

**ਚੁਮਾਸਾ,** ਪੁ:—ਬਰਸਾਤ ਦੇ ਚਾਰ ਮਹੀਨੇ, ਅਰਥਾਤ ਹਾੜ੍ਹ, ਸੌਣ, ਭਾਦੋਂ, ਅੱਸੂ ॥

**ਚੁਮਾਹਾ (ਹਾਂ),** ਪੁ:—ਚਹੁੰਆਂ ਮਹੀਨਿਆਂ ਦਾ ਤਲਬ ॥

**ਚੁਮੁਖਾ,** / **ਚੁਮੁਖੀਆ,** } ਵਿ:—ਚਹੁੰਆਂ ਮੂੰਹਾਂ ਵਾਲਾ (ਦੀਵਾ ਆਦਿਕ) ॥

**ਚੁਮੁਟਣਾ,** ਕ੍ਰਿ:—ਕਿਸੇ ਕੰਮ ਵਿਚ ਲੱਗਣਾ ਅਲਣਾ, ਜੁੱਟਣਾ ॥

**ਚੁਰ,** ਸ:—ਧਰਤੀ ਵਿਚ ਟੋਇਆ ਪੁੱਟਕੇ ਬਣਾਇਆ ਹੋਇਆ ਚੁੱਲ੍ਹਾ ॥

**ਚੁਰਸਤਾ,** ਪੁ:—'ਚੁਰਾਹਾ' ਵੇਖੋ ॥

**ਚੁਰਰ,** ਸ: ਪੰਖੇਰੂਆਂ ਤੇ ਕੀੜਿਆਂ ਦੀ ਅਵਾਜ਼ ॥

**ਚੁਰੰਗੀ,** ਪੁ:—ਇਕ ਝਟਕੇ ਨਾਲ ਜਨੌਰ ਦਾ ਸਿਰ ਅਤੇ ਪੈਰ ਵੱਢ ਸਿੱਟਣੇ ॥

**ਚੁਰਗਣਾ,** ਕ੍ਰਿ:—ਚਾਹ ਚੜ੍ਹਾਉਣਾ, ਖਾਲਾਂ ਦਾ ਮਸ਼ਕਲੀਆਂ ਗੱਲਾਂ ਕਰਨਾ ॥

**ਚੁਰੇਚਰਾ,** ਪੁ:—ਇਕ ਨਿੱਕਾ ਪੰਖੇਰੂ ॥
ਵਿ:—ਚੀਂ ਚੀਂ ਕਰਨ ਵਾਲਾ ਤੇਜ਼ ॥

**ਚੁਰੰਜਾ,** ਪੁ:—ਚਹੁੰ ਉੱਤੇ ਪੰਜਾਹ ।

**ਚੁਰਟ,** ਪੁ:—ਇੱਕ ਤਰਾਂ ਦਾ ਸਿਗਾਰ ( ਪੀਣਾ ) ਮਰੋੜਿਆ ਹੋਇਆ ॥

**ਚੁਰਜ਼ ਮੁਰਜ਼,** ਵਿ: —ਕੁਮਲਾਇਆ ਹੋਇਆ, ਸੁੱਕਿਆ ਹੋਇਆ ॥

Digitized by Panjab Digital Library | www.panjabdigilib.org

**ਚੁਰਾਉਣਾ,** ਕ੍ਰਿ: ਕਿਸੇ ਦੀ ਚੀਜ਼ ਬਿਨਾ ਪੁੱਛੇ ਲੈ ਜਾਣੀ ਅਤੇ ਆਪਣੀ ਬਣਾ ਲੈਣੀ ।

**ਚੁਰਾਸੀ,** ਵਿ:—ਚਾਰ ਉੱਤੇ ਅੱਸੀ,

**ਚੁਰਾਸੀ**
**ਚੁਰਾਸੀ ਲੱਖ** } ਸ: —ਸਾਰੀਆਂ ਜੂਨਾਂ ।

**ਚੁਰਾਸੀ ਭੋਗਣਾ,** ਕ੍ਰਿ:—ਸਾਰੀਆਂ ਜੂਨਾਂ ਵਿੱਚ ਪੈਣਾ ।

**ਚੁਰਾਸੀ ਕੱਟਣਾ**
**ਚੁਰਾਸੀ ਕੱਟੀ ਜਾਣੀ** } ਕ੍ਰਿ: ਮੁਕਤੀ ਪ੍ਰਾਪਤੀ ।

**ਚੁਰਾਹਾ,** ਪੁ:—ਜਿੱਥੇ ਚਾਰ ਰਸਤੇ ਮਿਲਣ ॥

**ਚੁਰਾਣਮੇ (ਵੇਂ),** ਵਿ:—ਚਾਰ ਉੱਤੇ ਨੱਵੇ ॥

**ਚੁੱਲ੍ਹ,** ਪੁ: 'ਚੁੱਲ੍ਹਾ' ਵੇਖੋ ॥

**ਚੁਲ ਚੁਲ,** ਥੋੜਾ ਥੋੜਾ ਪਾਣੀ ਡਿਗਣ ਦੀ ਅਵਾਜ਼, ਬੇਚੈਨੀ ॥

**ਚੁਲਬੁਲਾਉਣਾ,** ਕ੍ਰਿ:—ਬਿਆਕੁਲ ਹੋਣਾ, ਤੜਫਣਾ, ਹੱਥ ਪੈਰ ਮਾਰਨੇ ॥

**ਚੁਲ ਚੁਲੀ,** ਸ:—ਬੇਚੈਨੀ, ਘਬਰਾਹਟ ॥

**ਚੁਲਬੁਲਾ**
**ਚੁਲਬੁਲੀਆ** } ਪੁ: —ਛੇਤੀ ਘਾਬਰ ਜਾਣ ਵਾਲਾ ਮਨੁੱਖ ॥

**ਚੁਲਬੁਲਾਟ**
**ਚੁਲਬੁਲੀ** } ਸ: ਘਬਰਾਨੀ, ਘਬਰਾਹਟ ।

**ਚੁਲਾ,** ਪੁ:—ਵੱਡੀ ਚੁਲੀ, ਤਲੀ ਦਾ ਪਾਣੀ (ਕਰਨਾ) ।

**ਚੁੱਲ੍ਹਾ,** ਪੁ:—ਜਿਸ ਚੀਜ਼ ਵਿੱਚ ਅੱਗ ਬਾਲਕੇ ਰਸੋਈ ਕੀਤੀ ਜਾਵੇ ।

**ਚੁੱਲ੍ਹੇ ਦਾ ਵੱਟਾ,** ਪੁ:—ਚੁੱਲ੍ਹੇ ਦਾ ਇੱਕ ਪਾਸਾ ॥

**ਚੁਲਾਈ,** ਸ:—ਇੱਕ ਤਰਾਂ ਦਾ ਸਾਗ ॥

**ਚੁਲਾਂਢਾ,** ਪੁ: ਲੋਹੇ ਦਾ ਛੱਲਾ ਜਿਸ ਨਾਲ ਤਾਕ ਚੁਗਾਠ ਵਿੱਚ ਫਸਿਆ ਰਹਿੰਦਾ ਹੈ ॥

**ਚੁਲਿਹਾਰ,** ਪੁ:, ਸ:—ਜਿਸ ਦਾ ਚੁੱਲ੍ਹਾ ਹੋਵੇ, ਜੋ ਰਸੋਈ ਕਰੇ ॥

**ਚੁਲੀ,** ਸ: —ਹੱਥ ਦੀ ਤਲੀ ਵਿੱਚ ਜਿੰਨਾ ਪਾਣੀ ਆਦਿਕ ਆਵੇ । ਰੋਟੀ ਖਾਕੇ ਪਾਣੀ ਨਾਲ ਅੰਦਰੋਂ ਮੂੰਹ ਧੋਣਾ (ਕਰਨੀ) ॥

**ਚੁਲੀ ਛੱਡਣਾ**
**ਚੁਲੀ ਦੇਣਾ**
**ਚੁਲੀ ਪਾਉਣਾ** } ਕ੍ਰਿ: —ਮਣਸਣਾ, ਕਿਸ ਚੀਜ਼ ਦਾ ਤਿਆਗਣਾ ਮਨੋਂ ਮਿਟਣਾ ॥

**ਚੁੱਲ੍ਹੀ,** ਸ:—ਛੋਟਾ ਚੁੱਲ੍ਹਾ

**ਚੁੜ੍ਹਹੀਮ,** ਪੁ: —ਚੂੜ੍ਹੇ ਦਾ ਕੰਮ, ਭੈੜਾ ਕੰਮ ਬੁਰੀਆਂ ਰੌਲਾ ।

**ਚੁੜਾਉ,** ਪੁ:
**ਚੁੜਾਈ,** ਸ: } ਜਿੰਨੀ ਚੌੜੀ ਕੋਈ ਚੀਜ਼ ਹੋਵੇ

**ਚੁੜਾਉਣਾ,** ਕ੍ਰਿ: —ਚੌੜਾ ਕਰਨਾ ॥

**ਚੁੜੇਲ,** ਸ:—ਭੂਤਨੀ, ਡਾਇਣ, ਭੈੜੀ ਸ਼ਕਲ ਵਾਲੀ ਤੀਮਤ । ਲੜਾਕੀ ਰੰਨ

**ਚੂੰ,** ਸ:—ਧਾਤ ਦੇ ਰਗੜਨ ਨਾਲ ਜੋ 'ਚੂੰਚੂੰ' ਦੀ ਅਵਾਜ਼ ਨਿਕਲੇ ਕ੍ਰਿ:-ਵਿ:-ਕਰਿਓ ॥

**ਚੂੰ ਚਾਂ,** ਸ:—ਨਿੱਕੇ ਬੱਚੇ ਦੀ ਅਵਾਜ਼, ਨਾਂਹ ਨੁੱਕਰ (ਕਰਨਾ) ॥

Digitized by Panjab Digital Library | www.panjabdigilib.org

**ਚੂੰ ਚੂੰ,** ਸਃ—ਪੰਖੇਰੂਆਂ ਦੀ ਅਵਾਜ਼ ।

**ਚੂਆਂ,** ਪੁਃ—ਇੱਕ ਖੀਰੇ ਜਾਂ ਕੱਦੂ ਵਰਗਾ ਫਲ ।

**ਚੂਸ,** ਪੁਃ—ਚੂਪਣ ਜਾਂ ਚੁੰਘਣ ਦਾ ਕੰਮ ॥

**ਚੂਸਣਾ,** ਕ੍ਰਿਃ—ਚੂਪਣਾ ਚੁੰਘਣਾ, ਬੁੱਲ੍ਹਾਂ ਨਾਲ ਪੀਣਾ ॥

**ਚੂਸਤਾ,** ਪੁਃ—ਲੱਕ, ਸਰੀਰ ਦਾ ਢਾਂਚਾ ।

**ਚੂਸਤਾ ਹਿਲਣਾ,** ਕ੍ਰਿਃ—ਲਿੱਸੇ ਅਤੇ ਕਮਜ਼ੋਰ ਹੋਣਾ ।

**ਚੂਸਤਾ ਨਿਕਲ ਆਉਣਾ,** ਕ੍ਰਿਃ—ਬਹੁਤ ਲਿੱਸੇ ਹੋਣ ਕਰਕੇ ਹੱਡੀਆਂ ਦਿੱਸਣੀਆਂ ।

**ਚੂਸਣੀ,** ਸਃ—ਚੂਸਣ ਦਾ ਸੰਦ

**ਚੂਹ ਮਾਰ,** ਪੁਃ—ਚੂਹਿਆਂ ਦਾ ਸ਼ਿਕਾਰ ਕਰਨ ਵਾਲਾ ਇਕ ਪੰਖੇਰੂ, ਚੂਹੇ ਫੜਨ ਵਾਲਾ ਪਿੰਜਰਾ ॥

**ਚੂਹਟੀ,** ਸਃ—ਉਂਗਲੀਆਂ ਨਾਲ ਚੂੰਢਣ ਦਾ ਕੰਮ ।

**ਚੂਹੜਾ,** ਪੁਃ
**ਚੂਹੜੀ,** ਸਃ } ਇੱਕ ਨੀਚ ਜਾਤ ਜੋ ਮੈਲਾ ਸਾਫ਼ ਕਰਦੀ ਹੈ, ਖ਼ਰਾਬ ਆਦਮੀ ॥

**ਚੂਹੜੀ ਸਰੇਰ,** ਸਃ—ਇੱਕ ਬੂਟੀ, ਦੁਆ ॥

**ਚੂਹਾ,** ਪੁਃ—ਮਸ਼ਹੂਰ ਜਨੌਰ, ਨੱਕ ਦੀ ਸੁੱਕੀ ਮੈਲਾ, ਜ਼ਿਮੀ ਵਿਚ ਡੂੰਘਾ ਟੋਇਆ ਕੱਢਣ ਦਾ ਰੰਬਾ, ਟੀਪ ਦੀਆਂ ਲਕੀਰਾਂ ਕੱਢਣ ਵਾਲਾ ਹਥਿਆਰ ॥

**ਚੂਹੇ ਦੰਦੀ ਪੌਂਚੀ,** ਸਃ—ਇੱਕ ਟੋਂਬ ਦਾ ਗਾਹਣਾ ਜਿਸ ਦੇ ਦਾਣੇ ਨੋਕਦਾਰ ਹੁੰਦੇ ਹਨ ॥

**ਚੂਹੇ ਮਾਰ,** ਪੁਃ—ਇੱਕ ਪੰਖੇਰੂ ॥

**ਚੂਹੀ,** ਸਃ—ਚੂਹੇ ਦੀ ਮਦੀਨ, ਨਿੱਕਾ ਜਿਹਾ ਚੂਹਾ ਕਾਗਤ ਅੜਾਉਣ ਵਾਲਾ ਲੋਹੇ ਦਾ ਇਕ ਸੰਦ ॥

**ਚੂਹੂੰਡੀ,** ਸਃ—'ਚੂੰਢੀ' ਵੇਖੋ ॥

**ਚੂਕ,** ਸਃ—ਭੁੱਲ, ਗਲਤੀ, ਟਪਲਾ, ਖੁੰਝਾਈ ॥

**ਚੂਕਣਾ**
**ਚੂਕਲਾ** } ਪੁਃ—ਲੱਕ ਦੀ ਹੱਡੀ ॥

**ਚੂਕਾ,** ਪੁਃ—ਇੱਕ ਹਰੀ ਭਾਜੀ

**ਚੂਗਣੀ,** ਸਃ—ਵਾਲਾਂ ਦੇ ਗੁੰਧਣ ਵਾਲੀ ਕਣੀਚੀਜ਼ ॥

**ਚੂਚਾ,** ਪੁਃ
**ਚੂਚੀ,** ਸਃ } ਅਵਾਣਾ, ਬੱਚਾ । ਤੀਵੀਂ ਦਾ ਬਹੁਤ ਵੱਡਾ ਮੰਮਾ, ਕੁੱਕੜੀ ਦਾ ਬੱਚਾ ॥

**ਚੂਜ਼,** ਪੁਃ—ਬਾਜ਼ ਦਾ ਬੱਚਾ, ਛੋਟੀ ਉਮਰ ਦਾ ਬਾਜ਼ ॥

**ਚੂਜ਼ਾ,** ਪੁਃ—ਕੁੱਕੜੀ ਦਾ ਬੱਚਾ, ਸੋਹਣਾ ਨਾਜ਼ਕ ਮੁੰਡਾ ।

**ਚੂੰਡ,** ਸਃ—'ਚੂੰਡਣ' ਦਾ ਕੰਮ ('ਚੂੰਡਣਾ' ਵੇਖੋ) ॥

**ਚੂੰਡਣਾ,** ਕ੍ਰਿਃ—ਟੋਟੇ ਟੋਟੇ ਕਰਨਾ, ਹੱਡੀ ਤੋਂ ਦੰਦਾਂ ਨਾਲ ਮਾਸ ਲਾਹੁਣਾ, ਦੁੱਧ ਪੀਣ ਬਾਝੋਂ ਮੰਮਾ ਚੁੰਘਣਾ, ਗਰੀਬ ਨੂੰ ਲੁੱਟਣਾ ॥

**ਚੂੰਡਾ,** ਪੁਃ—ਸਿਰ ਦੇ ਉੱਤੇ ਵਾਲਾਂ ਦਾ ਜੂੜਾ, ਕੁੱਕੜ ਦੀ ਕਲਗੀ ।

**ਚੂੰਡੀ,** ਸਃ—ਬਾਲ ਦੇ ਸਿਰ ਉੱਤੇ ਵਾਲਾਂ ਦਾ ਜੂੜਾ ॥

**ਚੂੰਢੀ,** ਸਃ—ਅੰਗੂਠੇ ਅਤੇ ਨਾਲ ਦੀ ਉਂਗਲ ਵਿੱਚ ਪਿੰਡੇ ਦਾ ਮਾਸ ਜਾਂ ਕੋਈ ਹੋਰ ਚੀਜ਼ ਫੜਨਾ, ਚੂੰਢੀ ਨਾਲ ਪਾਉਣ ਵਾਲੀ ਦੁਆ, ਕਾਗਜ਼ ਅੜਾਉਣ ਵਾਲਾ ਲੋਹੇ ਦਾ ਸੰਦ ।

**ਚੂੰਢੀ ਪਾਉਣੀ,** ਕ੍ਰਿਃ—ਚੂੰਢੀ ਨਾਲ ਅੱਖਾਂ ਵਿਚ ਦੁਆ ਪਾਉਣੀ ॥

Digitized by Panjab Digital Library www.panjabdigilib.org

**ਚੂੰਢੀ ਭਰਨੀ / ਚੂੰਢੀ ਵੱਢਣੀ**, ਕ੍ਰਿ:—ਚੂੰਢੀ ਨਾਲ ਪਿੰਡੇ ਦਾ ਮਾਸ ਵੱਢਣਾ ॥

**ਚੂਥੀ,** ਸ:—ਤਾਕ ਦਾ ਸਿਰਾ ਅਤੇ ਜਿਸ ਛੇਕ ਵਿੱਚ ਉਹ ਫਿਰਦਾ ਹੈ ॥

**ਚੂਨ,** ਪੁ:—ਛਾਣ, ਬੂਰਾ, ਅੰਨ, ਚੂਰਾ ॥

**ਚੂਨ ਭੂਨ,** ਪੁ: ਬੂਰਾ, ਬਚਿਆ ਖੁਚਿਆ ਅੰਨ॥

**ਚੂਨੜੀ,** ਸ: 'ਚੁੰਨੀ' ਵੇਖੋ ॥

**ਚੂਨਾ,** ਪੁ:—ਰੋੜ ਸਾੜ ਕੇ ਪੀਠੇ ਹੋਏ, ਇੱਕ ਤਰ੍ਹਾਂ ਦੀ ਕਲੀ ॥

**ਚੂਨੇ ਗੱਚ,** ਵਿ:—ਚੂਨੇ ਦੇ ਪਲਸਤਰ ਵਾਲਾ (ਘਰ ਆਦਿਕ) ॥

**ਚੂਨੀ,** ਸ: ਵੱਡਮੁੱਲੇ ਪੱਥਰਾਂ ਦੇ ਟੁਕੜੇ, ਦਾਲ ਦਾ ਆਟਾ ॥

**ਚੂਨੀਆਂ ਗੂੰਦ,** ਸ: ਇਕ ਤਰ੍ਹਾਂ ਦੀ ਗੂੰਦ॥

**ਚੂਪਣਾ / ਚੂਪ ਲੈਣਾ**, ਕ੍ਰਿ:—ਚੂਸਣਾ, ਬੁੱਲ੍ਹਾਂ ਨਾਲ ਨੱਪ ਕੇ ਰਸ ਪੀਣਾ ॥

**ਚੁਪਾਉਣਾ,** ਕ੍ਰਿ:—ਚਪਾਉਣਾ ਚੁੰਘਾਉਣਾ ਚੁਸਾਉਣਾ ॥

**ਚੂਰ,** ਪੁ:—ਟੁਕੜੇ, ਬੂਰਾ, ਚੁਆਲ । ਵਿ:—ਟੁਕੜੇ ਟੁਕੜੇ ॥

**ਚੂਰਣ / ਚੂਰਨ**, ਪੁ: ਪੀਠੀਆਂ ਹੋਈਆਂ ਹਾਜ਼ਮੇਂ ਦੀਆਂ ਦੁਆਵਾਂ ॥

**ਚੂਰਨਾ,** ਕ੍ਰਿ: ਟੋਟੇ ਟੋਟੇ ਕਰਨਾ, ਚੂਰਮਾ ਜਾਂ ਚੂਰੀ ਬਣਾਉਣੀ ॥

**ਚੂਰਮਾ,** ਪੁ:—ਮੈਦੇ, ਖੰਡ ਅਤੇ ਘਿਉ ਦੀ ਇਕ ਮਠਿਆਈ ਕੁਟ ਹੋਈ ॥

**ਚੂਰਾ, / ਚੂਰਾ ਭੂਰਾ,** ਪੁ:—ਟੁਕੜੇ, ਨਿੱਕੇ ਟੋਟੇ, ਬਚੇ ਖੁਚੇ ਟੁੱਕਰ ॥

**ਚੂਰਾ ਚੂਰਾ ਕਰਨਾ,** ਕ੍ਰਿ:—ਨਿੱਕੇ ਟੋਟੇ ਕਰਨਾ ਦਲ ਸੁੱਟਣਾ ॥

**ਚੂਰੀ,** ਸ:—ਰੋਟੀ ਦੇ ਟੁਕੜਿਆਂ ਵਿੱਚ ਘਿਉ ਖੰਡ ਰਲਾਈ ਹੋਈ (ਕਰਨੀ, ਕੁੱਟਣੀ) ॥

**ਚੂਲ,** ਸ: ਤਾਕ ਦਾ ਸਿਰਾ, ਚੂਥੀ ॥

**ਚੂਲ ਵਿੰਗੀ ਹੋਣੀ,** ਕ੍ਰਿ:—ਗੁੱਸੇ ਹੋਣਾ, ਮਾੜੇ ਹੋਣਾ ।

**ਚੂਲਾ,** ਪੁ: ਲਕ ਦੀ ਹੱਡੀ, ਬਲਦੀ ਲੱਕੜ ਦਾ ਉੱਤਲਾ ਹਿੱਸਾ ॥

**ਚੂੜ / ਚੂੜਾ**, ਪੁ:—ਵੀਣੀ ਤੋਂ ਕੋਹਣੀ ਤੱਕ ਪਾਉਣ ਵਾਲੀਆਂ ਚੂੜੀਆਂ ਦਾ ਕੱਠ ॥

**ਚੂੜਗਰ,** ਪੁ:—ਜੋ ਚੂੜੀਆਂ ਬਣਾਵੇ ਜਾਂ ਵੇਚੇ ॥

**ਚੂੜੀ,** ਸ:—ਚਾਂਦੀ, ਸੋਨੇ, ਲਾਖ ਜਾਂ ਹਾਥੀਦੰਦ ਦੀ ਚੌੜੀ ਕੜੀ ਬਾਂਹ ਵਿੱਚ ਪਾਉਣ ਵਾਲੀ ॥

**ਚੇ,** ਸ:—ਬਕਰੀਆਂ ਨੂੰ ਬੁਲਾਉਣ ਦੀ ਅਵਾਜ਼ ॥

**ਚੇਉਲੀ,** ਸ:—ਇੱਕ ਤਰ੍ਹਾਂ ਦਾ ਰੇਸ਼ਮੀ ਕਪੜਾ ॥

**ਚੇਸ਼ਟਾ,** ਸ:—ਇੱਛਿਆ, ਖੁਸ਼ੀ, ਅਨੰਦ, ਝਗੜਾ, ਜਤਨ, ਸਰੀਰ ਦੇ ਕਰਮ ॥

**ਚੇਹਰਾ,** ਪੁ: ਮੂੰਹ, ਮੁਖੜਾ, ਸੂਰਤ, ਰੂਪ । ਸਿਰ ਦਾ ਅਗਲਾ ਪਾਸਾ ॥

**ਚੇਹੜਨਾ,** ਕ੍ਰਿ:—ਚੰਮ ਦੇ ਦੋ ਟੋਟੇ ਲੱਧੀ ਨਾਲ ਜੋੜ ਕੇ ਗੰਢਣਾ ॥

Digitized by Panjab Digital Library | www.panjabdigilib.org

**ਚੇਚਕ,** ਸ:—ਮਾਤਾ ਜਾਂ ਸੀਤਲਾ ਦਾ ਰੋਗ, ਚੀਚਕ।

**ਚੇਟਕ,** ਸ:—ਪਿਆਰ, ਮਹੱਬਤ, ਸ਼ੌਕ, ਫ਼ਿਕਰ, ਚਸਕੀ (ਲਗਣੀ, ਲਾਉਣੀ)।

**ਚੇਤ, ਚੇਤ੍ਰ,** ਪੁ:—ਹਿੰਦੂਆਂ ਦਾ ਬਾਰ੍ਹਵਾਂ ਮਹੀਨਾ।

**ਚੇਤਣਾ,** ਕ੍ਰਿ:—ਯਾਦ ਕਰਨਾ, ਵਿਚਾਰਨਾ, ਧਿਆਨ ਕਰਨਾ, ਜਪਣਾ।

**ਚੇਤਨ,** ਪੁ:—ਜਿਸ ਵਿਚ ਜਿੰਦ ਹੈ, ਜੀਵ, ਆਤਮਾ, ਪਰਮਾਤਮਾ॥

**ਚੇਤੰਨ,** ਵਿ:—'ਚਤੰਨ' ਵੇਖੋ॥

**ਚੇਤਰ,** ਪੁ:—'ਚੇਤ' ਵੇਖੋ॥

**ਚੇਤਾ, ਚੇੱਤਾ,** ਪੁ:—ਯਾਦ, ਖ਼ਿਆਲ, ਧਿਆਨ ਵਿਚਾਰ, ਸੋਚ।

**ਚੇਪਣਾ,** ਕ੍ਰਿ:—ਜੋੜਨਾ, ਚਮੋੜਨਾ, ਲੇਵੀ ਨਾਲ ਲਾਉਣਾ॥

**ਚੇਪੀ,** ਸ:—ਟਾਕੀ, ਜੋੜ॥

**ਚੇਪੂ,** ਪੁ:—ਇਕ ਪਹਾੜੀ ਕਾਲਾ ਪੰਖੇਰੂ॥

**ਚੇਰਾ,** ਪੁ:, **ਚੇਰੀ,** ਸ:—ਸ਼ਾਗਿਰਦ, ਸਿੱਖਣ ਵਾਲਾ, ਨੌਕਰ।

**ਚੇਲਾ,** ਪੁ:, **ਚੇਲੀ,** ਸ:—ਸ਼ਾਗਿਰਦ, ਜੋ ਸਿੱਖੇ, ਮੁਰੀਦ।

**ਚੇਲਾ ਚਾਟੜਾ, ਚੇਲਾ ਚਾਂਟਾ,** ਪੁ:—ਪੱਕਾ ਮੁਰੀਦ॥

**ਚੇਵਾ,** ਸ:—ਖਬਰ, ਅਵਾਈ।

**ਚੋੜ,** ਸ:—ਛੇੜ, ਖਿਝ, ਉਕਸਾਹਟ, ਕੁਨਾਉਂ।

**ਚੋਹਲ ਛਹਲ,** ਸ:—'ਮਾਹਲ ਸਹਲ' ਵੇਖੋ॥

**ਚੈਂਚਲ, ਚੈਂਚਲਤਾਈ,** 'ਚੰਚਲ' ਆਦਿਕ ਵੇਖੋ॥

**ਚੈਣ,** ਸ:—ਸੁਖ, ਆਰਾਮ, ਬੇਫ਼ਿਕਰੀ॥

**ਚੈਨ,** ਸ:—ਜ਼ੰਜੀਰੀ (ਘੜੀ ਆਦਿਕ ਦੀ)॥

**ਚੈਲੰਜ,** ਪੁ:—ਮੈਚ ਕਰਨ ਦਾ ਸੱਦਾ (ਦੇਣਾ, ਭੇਜਣਾ)॥

**ਚੋ,** ਪੁ:—ਨਦੀ, ਨਾਲਾ, ਥੋੜੀ ਕੁ ਸੜੀ ਹੋਈ ਲਕੜੀ॥

**ਚੋਆ, ਚੋਇਆ,** ਪੁ:—ਜੋ ਪਾਣੀ ਬੂੰਦ ਬੂੰਦ ਕਿਰੇ॥

**ਚੋਆਚੰਦਨ,** ਪੁ:—'ਚੋਹਾ ਚੰਦਨ' ਵੇਖੋ॥

**ਚੋਇਣ,** ਸ:—ਕਪਾਹ ਵਿੱਚ ਮਿਲੇ ਹੋਏ ਪੱਤੇ ਆਦਿਕ॥

**ਚੋਈ,** ਸ:—ਪਹਾੜਾਂ ਵਿੱਚ ਦਾ ਭੀੜਾ ਰਸਤਾ, ਛੋਟਾ ਨਾਲਾ॥

**ਚੋੱਸਾ,** ਪੁ:, **ਚੋੱਸੀ,** ਸ:—ਚੋਤੀ, ਕਿਤਾਬ ਦੇ ਵਰਕੇ ਸਦਾ ਕੱਟਣ ਵਾਲਾ ਜੰਤੂ॥
ਵਿ:— ਸੁਆਦਲੀ ਚੀਜ਼, ਨਿਆਮਤ॥

**ਚੋਗਾ ਚੋੱਸਾ,** ਪੁ:—ਸੁਆਦਲੀ ਵਸਤ॥

**ਚੋਹ ਚੋਹ ਕਰਨਾ,** ਕ੍ਰਿ:—'ਚਹ ਚੁਹ ਕਰਨਾ' ਵੇਖੋ॥

**ਚੋਹਾ ਚੰਦਣ, ਚੋਹਾ ਚੰਨਣ,** ਪੁ:—ਕਸਤੂਰੀ, ਕੇਸਰ, ਆਦਿਕ ਕੱਠੇ ਪਾਣੀ ਪਾਕੇ ਰਗੜੇ ਹੋਏ॥

**ਚੋਹਲ, ਚੋਹਲਬਾਜ਼, ਚੋਹਲਣ (ਲੀ),** 'ਚੁਹਲ' ਆਦਿਕ ਵੇਖੋ।

Digitized by Panjab Digital Library | www.panjabdigilib.org

**ਚੋਹੜ,** ਵਿ:—ਬਹੁਤ ਕਰੂਪ, ਖੋਟਾ ਢੀਠ ॥

**ਚੋਕ,** ਪੁ:—ਊਠਾਂ ਦੀ ਖੁਰਕ ਦੀ ਦੁਆ 'ਚੋਭਾਂ' ॥

**ਚੋਕਣਾ,** ਕ੍ਰਿ:—ਚੋਭਣਾ, ਧਰਤੀ ਵਿੱਚ ਖੂੰਡ ਗੱਡਕੇ ਘੂਰੇ ਲਾਉਣੇ, ਢਲ ਭਾਜੀ ਆਦਿਕਨੂੰ ਚਾੜ੍ਹਨ ਤੋਂ ਪਹਿਲੇ ਪੱਕਣਾ ॥

**ਚੋਕਰ / ਚੋਕੁਰ** } ਸ:—ਛਾਣ, ਬੂਰਾ, ਝਗੜਾ, ਬਖੇੜਾ (ਕਰਨਾ)।

**ਚੋਕਰੀ / ਚੋਕੁਰੀ** } ਪੁ:—ਹੁੱਜਤੀ, ਝਗੜਨ ਵਾਲਾ ॥

**ਚੋਕਾ,** ਪੁ:—ਚੌਬਲ ਦਾ ਕੰਮ (ਦੇਣਾ, ਮਾਰਨਾ) ਖੇਤ ਵਿਚੋਂ ਘਾਹ ਪੱਤਾ ਚੋਭਣ ਵਾਲਾ।

**ਚੋਖਾ,** ਵਿ:—ਚੰਗਾ, ਖਰਾ, ਅਸਲੀ, ਰੁਲਵਾਂ, ਬਹੁਤ ॥

**ਚੋਖੀ,** ਸ:—ਚੋਖਾ ਹੋਣ ਦਾ ਗੁਣ। ਵਿ:-ਬਹੁਤ, ਬਥੇਰੀ ॥

**ਚੋਗ,** ਸ:—ਪੰਖੇਰੂਆਂ ਦੀ ਖੁਰਾਕ, ਚੋਲ (ਪਾਉਣੀ) ॥

**ਚੋਗਾ,** ਪੁ:—ਮਰਦ ਦਾ ਸਾਰੀ ਪੁਸ਼ਾਕ ਤੋਂ ਉੱਤੇ ਪਾਉਣ ਵਾਲਾ ਕਪੜਾ ਲੰਮੀਆਂ ਬਾਹਾਂ ਵਾਲਾ ॥

**ਚੋੱਗਾ** ਪੁ:—ਪੰਖੇਰੂਆਂ ਦੀ ਖੁਰਾਕ ॥

**ਚੋੱਗੀ,** ਸ:—ਚੁੰਗੀ, ਮਸੂਲ ॥

**ਚੋੱਗੀ ਕਰਨੀ,** ਕ੍ਰਿ:—ਮਸੂਲ ਲੈਣਾ, ਲਾਹ ਖੱਟਣਾ ॥

**ਚੋੱਪਾ / ਚੋੱਪੇ,** (ਬਹੁ: ਬ:) } ਪੁ:—ਗਰਮ ਰੋਟੀ ਵਿੱਚ ਉਂਗਲੀਆਂ ਨਾਲ ਘਿਉ ਪਾਉਣ ਲਈ ਜੋ ਟੋਏ ਪਾਏ ਜਾਂਦੇ ਹਨ (ਕੰਢਲੇ ਕੁੰਦਲੇ) ॥

**ਚੋਚਲਾ,** ਪੁ:—ਬਾਂਕ ਪੁਣਾ, ਸ਼ੁਕੀਨੀ, ਨਖਰਾ, ਲਾਡ।

**ਚੋਚਲੇ ਹੱਥਾ / ਚੋਚਲੇ ਬਾਜ** } ਪੁ: ਜੋ ਚੋਚਲੇ ਕਰੇ ॥

**ਚੋਚਾ,** ਪੁ: / **ਚੋਚੀ,** ਸ: } ਝੂਠਾ ਊਜ, ਭਰਮ, ਨਿੰਦਿਆ।

**ਚੋਜ,** ਪੁ: ਸੁਹੱਪਣ, ਖੁਸ਼ੀ, ਮੌਜ, ਅਨੰਦ, ਨਖਰਾ॥

**ਚੋਜਣ,** ਸ: / **ਚੋਜੀ,** ਪੁ: } ਵਿ: ਸੋਹਣਾ (ਣੀ), ਮੌਜੀ, ਬਾਂਕਾ (ਕੀ), ਨਖਰੇਬਾਜ਼ ॥

**ਚੋਟ,** ਸ:—ਸੱਟ, ਜ਼ਖ਼ਮ, ਨੁਕਸਾਨ, ਬਾਲ ਦੇ ਸਿਰ ਦਾ ਨਿਕ ਗਾਹਣਾ ॥

**ਚੋਟ ਕਰਨੀ / ਚੋਟ ਲਾਉਣੀ** } ਕ੍ਰਿ:—ਚੋਟਣਾ, ਨੁਕਸਾਨ ਪੁਚਾਉਣਾ, ਜਾਦੂ ਕਰਨਾ ॥

**ਚੋਟ ਖਾਣੀ / ਚੋਟ ਲੱਗਣੀ** } ਕ੍ਰਿ:—ਸੱਟ ਲੱਗਣੀ, ਨੁਕਸਾਨ ਹੋਣਾ, ਜਾਦੂ ਦਾ ਅਸਰ ਹੋਣਾ ॥

**ਨਗਾਰੇ ਦੀ ਚੋਟ ਨਾਲ,** ਕ੍ਰਿ:ਵਿ:—ਸਭ ਦੇ ਸਾਹਮਣੇ ॥

**ਚੋਟਾ,** ਪੁ: / **ਚੋਟੀ,** ਸ: } ਜੋ ਚੋਰੀ ਕਰੇ ॥

**ਚੋੱਟਾ,** ਪੁ: / **ਚੋੱਟੀ,** ਸ: } ਸਿਖਰ, ਟੀਸੀ, ਸਭ ਤੋਂ ਉੱਚਾ ਹਿੱਸਾ, ਬੋਦੀ।

**ਚੋਂਡੂ,** ਪੁ:—ਜੋ ਚੰਗੀ ਤਰਾਂ ਚੂੰਡ ਸੱਕੇ, ਮੁਫ਼ਤ ਦਾ ਮਾਲ ਖਾਣ ਵਾਲਾ ॥

**ਚੋਣ,** ਸ:—ਚੁਣਨ ਦਾ ਕੰਮ, ਚੁਣਕੇ ਕੱਢਿਆ ਹੋਇਆ ਕਪਾਹ ਦਾ ਕੂੜਾ।
ਵਿ:—ਚੁਣਿਆ ਹੋਇਆ, ਛਾਂਟਿਆ ਹੋਇਆ।

Digitized by Panjab Digital Library | www.panjabdigilib.org

**ਚੋਣਾ,** ਕ੍ਰਿ:—ਦੁੱਧ ਦੀ ਧਾਰ ਕੱਢਣੀ, ਪਾਣੀ ਦਾ ਕਿਰਨਾ ॥

**ਚੋਣੀ,** ਸ:—ਜੋ ਕਪਾਹ ਚੁਣੇ, ਕਪਾਹ ਦਾ ਚੁਣਨਾ।

**ਚੋਤਨਾ,** ਵਿ:—ਹੌਲਾ, ਨਿਕੰਮਾ, ਤੁੱਛ ।

**ਚੋਪ,** ਪੁ:—ਲਾਲ ਕਪੜਾ ਜਿਸਦੇ ਸਿਰੇ ਤੇ ਕਸੀਦਾ ਕੱਢਿਆ ਹੋਵੇ ॥

**ਚੋਪੜ,** ਪੁ:—ਘੇਉ, ਥੰਧਾ ॥

**ਚੋਪੜਣਾ,** ਕ੍ਰਿ:—ਘੇਉ ਤੇਲ ਆਦਿਕ ਮਲਨਾ ॥

**ਚੋਪੜਾ,** ਪੁ:—ਖਤ੍ਰੀਆਂ ਦੀ ਇਕ ਜਾਤ ।

**ਚੋਪੜੀ,** ਵਿ:—ਜਿਸ ਉੱਤੇ ਘੇਉ ਤੇਲ ਆਦਿਕ ਮਲਿਆ ਹੋ, ਥੰਧੀ ( ਰੋਟੀ ) ॥

**ਚੋਬ,** ਸ:—ਲੰਮੀ ਲਕੜੀ, ਤੰਬੂ ਦੀ ਥੰਮ੍ਹੀ, ਗੁਰਜ, ਸੋਟਾ ॥

**ਚੋਬ ਚੀਨੀ,** ਸ:—ਇਕ ਦੁਆ ॥

**ਚੋਬ ਦਾਰ,** ਪੁ:—ਜੋ ਚੋਬ ਚੁਕ ਕੇ ਅਮੀਰ ਦੇ ਅੱਗੇ ਤੁਰੇ ॥

**ਚੋਬਰ,** ਪੁ:
**ਚੋਬਰੀ** ਪੁ:
**ਚੋਬਰਨੀ** ਸ:
} ਮੋਟਾ, ਤਗੜਾ, ਛੱਬਰ ।

**ਚੋਬਾ,** ਪੁ:—ਬਹੁਤ ਖਾਣ ਵਾਲਾ, ਮਥਰਾ 'ਚੌਂਦਾ' ਬਲ ਦਾ ਪਾੜਾ ॥

ਵਿ:—ਚੋਬ ਵਾਲਾ ( ਇੱਕ ਚੋਬਾ, ਜਾਂ ਚੌਬਾ ਆਦਿਕ ) ॥

**ਚੋਬੀ,** ਵਿ:—ਲਕੜੀ ਦੀ ਬਣੀਹੋਈ ਚੋਬੀਚੀਜ਼)।

**ਚੋਭ,** ਸ:—ਚੋਭ ਕੇ ਕੱਢਿਆ ਹੋਇਆ ਛੇਕ, ਅੱਖ ਦੀ ਸੋਜ ॥

**ਚੋਭਣਾ,** ਕ੍ਰਿ:—ਨੋਕਦਾਰ ਚੀਜ਼ ਧਸਾਉਣੀ, ਖੋਭਣਾ, ਛੇਕ ਕਰਨਾ ।

**ਚੋਭੜ,** ਸ:—ਚੋਭ ਕੇ ਕੱਢਿਆ ਹੋਇਆ ਨਿੱਕਾ ਜੇਹਾ ਛੇਕ ॥

**ਚੋਭਾ,** ਪੁ:—ਚੁੱਭਣ ਦਾ ਕੰਮ, ਛੇਕ, ਟੁੱਭੀ, ਟੁੱਭੀ ਮਾਰਨ ਵਾਲਾ, ਘੇਉ ਅਤੇ ਖੰਡਵਾਲੇ ਰਿੱਝੇ ਹੋਏ ਚੌਲ, ਪਾਣੀ ਦੀ ਛੱਟੀ ( ਦੇਣਾ, ਲਾਉਣਾ ) ॥

**ਚੋਭੂ,** ਪੁ:—ਚੁੱਭਣ ਵਾਲਾ ॥

**ਚੋਮਾਸਾ**
**ਚੋਮਾਹਾ**
} 'ਚੁਮਾਸਾ ਅਤੇ 'ਚੁਮਾਹਾ' ਵੇਖੋ

**ਚੋਰ** ਪੁ:—ਚੋਰੀ ਕਰਨ ਵਾਲਾ (ਲੀ) । ਭਰਮ, ਸ਼ੱਕ ॥

**ਚੋਰਟਾ,** ਪੁ:
**ਚੋਰਟੀ,** ਸ:
} ਚੋਰ, ਜੋ ਚੋਰੀ ਕਰੇ ॥

**ਚੋਰੀ,** ਸ:—ਕਿਸੇ ਦੀ ਚੀਜ਼ ਬਿਨਾ ਪੁੱਛੇ ਲੈ ਜਾਣੀ, ਬਈਮਾਨੀ, ਲੁਕਾਉ ।

**ਚੋਰੀ ਚੋਰੀ**
**ਚੋਰੀ ਛੱਪੀ**
} ਕ੍ਰਿ: ਵਿ:—ਲੁਕ ਛਿਪ ਕੇ ॥

**ਚੋਲਣਾ** ਕ੍ਰਿ:—ਮੂੰਹ ਜੂਠਾ ਕਰਨਾ, ਥੋੜਾ ਜੇਹਾ ਖਾਣਾ ।

**ਚੋਲੜਾ**
**ਚੋਲਾ**
} ਪੁ:—ਲੰਮਾ ਚੋਗਾ, ਸਰੀਰ ॥

**ਚੋਲਾ ਛੱਡਣਾ,** ਕ੍ਰਿ:—ਮਰ ਜਾਣਾ ॥

**ਚੋਲਾ ਬਦਲਣਾ,** ਕ੍ਰਿ:—ਮਰ ਕੇ ਦੂਆ ਜਨਮ ਧਾਰਨਾ ॥

Digitized by Panjab Digital Library | www.panjabdigilib.org

**ਚੋਲ੍ਹਾ,** ਪੁ:—ਚੁਗਾ ਚੋਗਾ, ਜਿਆਮਤ।

**ਚੋਲ੍ਹੇ ਹਾਰ (ਰ), ਚੋਲ੍ਹੇ ਹਾਰੀ,** } ਜੋ ਚਰਾਂ ਚੋਰੀ ਚੁੱਕੇ ਚੋਸੇ ਖਾਵੇ।

**ਚੋਲੀ,** ਸ:—ਤੀਮਤਾਂ ਦੀ ਛਾਤੀ ਦਾ ਇਕ ਕਪੜਾ। ਕੁਰਤੀ, ਫਤੂਹੀ ॥

**ਚੋ / ਚੋਊ** } ਸ:—ਹਲ ਦਾ ਸਿਰਾ (ਲੋਹੇ ਦੀ ਨੋਕ ਸਮੇਤ) ॥

**ਚੋ ਆਉਣਾ,** ਕ੍ਰਿ: ਧੀਰਜ ਹੋਣਾ, ਸੋਚ ਆਉਣੀ।

**ਚੌ ਅੱਨੀ / ਚੌਅੱਨੀ** } ਸ: ਇਕ ਚਾਂਦੀ ਦਾ ਸਿੱਕਾ, ਚਾਰ ਆਨਿਆਂ ਦਾ, ਪੌਲੀ।

**ਚੌਸਰ / ਚੌਂਸਰ** } ਪੁ: –ਇਕ ਖੇਡ, ਇੱਕ ਤਰਾਂ ਦਾ ਚੌਪੜ।

**ਚੌਸਾ / ਚੌਂਸਾਂ** } ਵਿ:—ਚਾਰ ਸੌ ਤਾਰਾਂ ਦੀ ਤਾਣੀ ਵਾਲਾ (ਕਪੜਾ)।

**ਚੌਸਾ ਪੈਂਸਾ / ਚੌਂਸਾ ਪੈਂਸਾ** } ਵਿ:—ਚਾਰ ਜਾਂ ਪੰਜ ਸੌ ਤਾਰ ਦੀ ਤਾਣੀ ਵਾਲਾ (ਕਪੜਾ)।

**ਚੌਸੀ / ਚੌਸੀ ਪੈਸੀ** } ਸ:—'ਚੌਸਾ' ਵੇਖੋ ॥

**ਚੋਹ,** ਪੁ:—ਦਾਗ (ਲੱਗਣਾ) ॥

**ਚੌਹਟ / ਚੌਂਹਟ** } ਪੁ:—ਚਹੁੰ ਉੱਤੇ ਸੱਠ, ੬੪ ॥

**ਚੌਹਟਮਾਂ (ਵਾਂ) / ਚੌਂਹਟਮਾਂ (ਵਾਂ)** } ਵਿ:—ਚੌਹਟਾਂ ਦੀ ਗਿਣਤੀ ਪੂਰੀ ਕਰਨ ਵਾਲਾ

**ਚੌਹਟਾ,** ਪੁ:—ਸੰਮਤ ੬੪ ॥

**ਚੌਹੱਟਾ,** ਪੁ:—ਜਿਸ ਜਗਾ ਚਾਰ ਰਾਹ ਜਾਂ ਬਜ਼ਾਰ ਮਿਲਣ ॥

**ਚੌਹੱਤ੍ਰ,** ਵਿ:—ਚਹੁੰ ਉੱਤੇ ਸੱਤਰ, ਚੁਹੱਤਰ ॥

**ਚੌਹੱਤ੍ਰਵਾਂ,** ਵਿ:—ਜੋ ਚੌਹਤ੍ਰਾਂ ਦੀ ਗਿਣਤੀ ਪੂਰੀ ਕਰੇ।

**ਚੌਹਤ੍ਰਾ,** ਵਿ:—ਸੰਮਤ ੭੪ ॥

**ਚੌਹਰ,** ਸ:—ਚੌਥੀ ਵਾਰ ਹਲ ਫੇਰਨਾ।

**ਚੌਹਾਣ,** ਪੁ: –ਰਜਪੂਤਾਂ ਦੀ ਇਕ ਜਾਤ ॥

**ਚੌਹੁੰ,** ਵਿ:—ਚਾਰ, 'ਚਹੁੰ' ਵੇਖੋ।

**ਚੌਕ / ਚੌਂਕ** } ਪੁ: –ਸ਼ਹਿਰ ਦੀ ਚੌਰਸ ਮੰਡੀ, ਵੱਡਾ ਬਜ਼ਾਰ, ਚੁਗਾਨ, ਨੌਆਂ ਗ੍ਰਹਿਆਂ ਦੇ ਨਿਸ਼ਾਨਾ ਵਾਲੀ ਚੌਕੋਰ ਸ਼ਕਲ, ਤੀਵੀਆਂ ਦੇ ਸਿਰ ਦਾ ਇਕ ਗਹਿਣਾ ॥

**ਚੌਕ ਪੂਰਨਾ,** ਕ੍ਰਿ:—ਧਰਤੀ ਉੱਤੇ ਨਵਾਂ ਗ੍ਰਹਿਆਂ ਦੇ ਨਿਸ਼ਾਨ ਪਾਕੇ ਪੂਜਾ ਕਰਨ ਲਈ ਆਟਾ ਪੂਰਨਾ ਆਦਿਕ ॥

**ਚੌਕਸ,** ਵਿ: –ਹੁਸ਼ਿਆਰ, ਖਬਰਦਾਰ, ਸਿਆਣਾ (ਰਹਿਣਾ) ॥

**ਚੌਕਸਾਈ / ਚੌਕਸੀ** } ਸ: ਖਬਰਦਾਰੀ, ਸੋਝੀ, ਧਿਆਨ ॥

**ਚੌਕਟਾ (ਠਾ)** ਪੁ:—ਲਕੜੀ ਆਦਿਕ ਦਾ ਢਾਂਚਾ ਜਿਸ ਵਿਚ ਤਸਵੀਰ ਆਦਿਕ ਜੜੀ ਜਾਵੇ।

**ਚੌਕਠ,** ਸ: 'ਚੁਗਾਠ' ਵੇਖੋ ॥

**ਚੌਂਕਣਾ,** ਕ੍ਰਿ: ਅਭੜਵਾਹ ਉੱਠ ਖਲੋਣਾ ਚੌਂਕਣਾ (ਕਤੂਰੇ ਦਾ) ॥

Digitized by Panjab Digital Library | www.panjabdigilib.org

**ਚੌਕੰਨਾ,** ਵਿ:—ਡਰਿਆ ਹੋਇਆ, ਖਬਰਦਾਰ, ਚੌਕਸ (ਹੋਣਾ)।

**ਚੌਕੜ,** ਪੁ:—ਜਕੋਊ, ਚਾਰ ਤਾਰਾਂ, ਟੀਮ,॥ ਵਿ:—ਬਹੁਤ ਚੌੜਾ।

**ਚੌਕੜੀ, ਚੌਂਕੜੀ,** ਸ:—ਲੰਮੀ ਛਾਲ, ਇੱਕੋ ਥਾਂ ਦੇ ਚਾਰ ਜਾਲ (ਕਪੜੇ ਦੇ), ਚਹੁੰ ਮਨੁੱਖਾਂ ਦਾ ਕੱਠ।

**ਚੌਕੜੀ ਉੱਠਣੀ, ਚੌਕੜੀ ਭਰਨੀ,** ਕ੍ਰਿ: ਲੰਮੀ ਛਾਲ ਮਾਰਨੀ।

**ਚੌਕੜੀ ਭੁੱਲ ਜਾਣੀ,** ਕ੍ਰਿ:—ਸੁਰਤ ਮਾਰੀ ਜਾਣੀ

**ਚੌਕੜੀ ਮਾਰਨਾ, ਚੌਕੜੀ ਮਾਰ ਬੈਠਣਾ,** ਕ੍ਰਿ: ਲੱਤਾਂ ਨੂੰ ਸੰਗੋੜਕੇ ਅਤੇ ਇੱਕ ਦੂਜੇ ਤੇ ਰਖਕੇ ਬੈਠਣਾ।

**ਚੰਡਾਲ ਚੌਕੜੀ,** ਸ:—ਬੁਰੇ ਆਦਮੀਆਂ ਦੀ ਸੰਗਤ ਜਾਂ ਮੰਡਲੀ॥

**ਚੌਕੜੀਆ, ਚੌਂਕੜੀਆ,** ਵਿ:—ਚਹੁੰ ਤੰਦਾਂ ਵਾਲੀ ਰੱਸੀ ਨਾਲ ਉਣਿਆ ਹੋਇਆ ਮੰਜਾ।

**ਚੌਕੜੇ,** ਵਿ:—ਠੀਕ, ਉੱਤਮ, ਬਹੁਤ ਚੰਗਾ।

**ਚੌਕਾ,** ਪੁ: -'ਚਾਰ' ਦਾ ਅੰਗ, '੪'॥

**ਚੌਕਾ, ਚੌਂਕਾ,** ਪੁ:—ਰਸੋਈ, ਲਿੱਪੀ ਹੋਈ ਥਾਂ, ਲਿੱਪਣ ਦਾ ਕੰਮ, ਚਨੁਕਰੀ ਇੱਟ, ਨਾਸ, ਬਰਬਾਦੀ॥

**ਚੌਂਕਾ ਦੇਣਾ, ਚੌਕਾ ਪਾਉਣਾ, ਚੌਂਕਾ ਫੇਰਨਾ,** ਕ੍ਰਿ: ਗੋਹੇ ਮਿਟੀ ਨਾਲ ਲਿੰਬਣਾ, ਮੁਕਰ ਜਾਣਾ, ਬਰਬਾਦ ਕਰਨਾ।

**ਚੌਂਕਾ ਭਾਂਡਾ ਕਰਨਾ,** ਕ੍ਰਿ:—ਰਸੋਈ ਦੀ ਥਾਂ ਨੂੰ ਲਿੰਬਣਾ ਅਤੇ ਭਾਂਡੇ ਮਾਂਜ ਧੋ ਕੇ ਰੱਖਣੇ॥

**ਚੌਂਕਾ ਮਿਲ ਜਾਣਾ, ਚੌਂਕਾ ਮਿਲਣਾ,** ਕ੍ਰਿ:—ਤਬਾਹ ਹੋ ਜਾਣਾ॥

**ਚੌਕਾਠ,** ਸ:—'ਚੁਗਾਠ' ਵੇਖੋ॥

**ਚੌਕਾਠਾ,** ਪੁ: -ਸਰੀਰ ਦਾ ਢਾਂਚਾ।

**ਚੌਕੀ, ਚੌਂਕੀ,** ਸ: ਕੁਰਸੀ, ਚੌਰਸ ਮੇਜ਼, ਤਖ਼ਤਾ ਖਾਣ ਪੀਣ ਦੀਆਂ ਚੀਜ਼ਾਂ ਸਾਂਭ ਕੇ ਰੱਖਣ ਵਾਲੀ ਅਲਮਾਰੀ, ਪਹਿਰਾ, ਪੁਲਸ ਦੀ ਥਾਂ, ਡਾਕ ਦਾ ਅੱਡਾ, ਰਾਗੀਆਂ ਦੀ ਮੰਡਲੀ, ਖਾਸ ਤੀਰਥ ਦੀ ਜਾਤ੍ਰਾ, ਜਗਰਾਤਾ।

**ਚੌਕੀ ਕਰਨੀ,** ਕ੍ਰਿ:—ਰਾਗੀਆਂ ਦਾ ਮਿਲਕੇ ਗਾਉਣਾ।

**ਚੌਕੀ ਦਾਰ** ਪੁ:-(**ਣੀ**)ਸ:—ਜੋ ਪਹਿਰਾ ਦੇਵੇ॥

**ਚੌਕੀ ਦਾਰੀ,** ਸ:—ਚੌਕੀ ਦਾਰ ਦਾ ਕੰਮ ਜਾਂ ਤਲਬ, ਮਸੂਲ।

**ਚੌਕੀ ਦੇਣੀ,** ਕ੍ਰਿ:—ਪਹਿਰਾ ਦੇਣਾ, 'ਚੌਕੀ ਭਰਨੀ' ਭੀ ਵੇਖੋ॥

**ਚੌਕੀ ਪਹਿਰਾ,** ਪੁ:—ਪਹਿਰਾ ਦੇਣ ਦੀ ਵਾਰ, (ਦੇਣਾ)॥

**ਚੌਕੀ ਬਹਾਉਣੀ, (ਬਹਾਲਣੀ), ਚੌਕੀ ਬੈਠਾਉਣੀ (ਬੈਠਾਲਣੀ),** ਕ੍ਰਿ: ਪਹਿਰਾ ਲਗਾਉਣਾ

**ਚੌਕੀ ਭੰਨਣੀ (ਮਾਰਨੀ),** ਕ੍ਰਿ:—ਮਸੂਲ ਨਾ ਦੇਕੇ ਚੋਰੀ ਚੋਰੀ ਮਾਲ ਲੈ ਆਉਣਾ।

**ਚੌਕੀ ਭਰਨੀ,** ਕ੍ਰਿ:—ਦੇਵਤੇ ਦੀ ਭੇਟ ਕਝ ਕਰਨਾ, ਪੂਜਾ ਕਰਨੀ, ਜਗਰਾਤਾ ਕਰਨਾ, ਛੂੰਨੇ ਸੌਣਾ। ਮਸੂਲ ਦੇਣਾ

**ਚੌਕੂਣਾਂ,** ਵਿ:—ਜਿਸ ਦੇ ਚਾਰ ਖੂੰਜੇ ਹੋਣ।

Digitized by Panjab Digital Library | www.panjabdigilib.org

**ਚੌਕੋਰ,** ਵਿ:—ਜਿਸ ਦੇ ਚਾਰ ਪਾਸੇ ਹੋਣ, ਚੌਰਸ

**ਚੌਖਟ,** ਸ:—'ਚੁਗਾਠ' ਵੇਖੋ ॥

**ਚੌਖਰ,** ਪੁ:—ਚਾਰ ਖੁਰਾਂ ਵਾਲਾ, ਪਸ਼ੂ; ਡੰਗਰ ।

**ਚੌਖੜ,** ਵਿ:—ਬਹੁਤ ਚੰਗਾ ਖਰਾ; ਚੋਗਾ ॥

**ਚੌਗਾ**
**ਚੌਂਗਾ** } ਵਿ:—ਚਹੁੰ ਦੰਦਾਂ ਵਾਲਾ, ਪਸ਼ੂ ਦਾ ਬੱਚਾ,

**ਚੌਗਾਨ,** ਪੁ:—ਮਦਾਨ, ਚੌਕ, ਖੁਲ੍ਹੀ ਥਾਂ ॥

**ਚੌਗਨੀ,** ਵਿ:—ਗੁਣਿਆ ਹੋਇਆ (ਪੁੱਤ ਦਾ ਨੌਂਚਾ,

**ਚੌਗਿਰਦ,** ਕ੍ਰਿ:, ਵਿ:— } ਚਾਰੇ ਆਸ ਪਾਸ
ਅੰਦ } ਲਾਗੇ

**ਚੌਗਿਰਦੇ,** ਕ੍ਰਿ:, ਵਿ:—ਚਫੇਰੇ, ਚਾਰੇ ਪਾਸੇ ॥

**ਚੌਗੁਣਾ,** ਵਿ:—ਚਾਰ ਵਾਰੀ ਗਿਣਿਆ ਹੋਇਆ

**ਚੌਘਰਾ,** ਪੁ:—'ਚੁਘਰਾ' ਵੇਖੋ ॥

**ਣਾ,** ਪੁ:—ਗਊਆਂ ਦਾ ਵੱਗ ਵਿ:—ਚੌਗੁਣਾ ।

**ਚੌਤਰਾ (ੜਾ),** ਪੁ:—ਥੜਾ, ਮਿਟੀ ਜਾਂ ਇੱਟਾਂ ਦੀ ਬਣੀ ਹੋਈ ਉੱਚੀ ਚੌਰਸ ਥਾਂ ।

**ਚੌੜੀ,** ਵਿ:—ਚੌੜੀ, ਚਾਰ ਉੱਤੇ ਤੀਹ ॥

**ਚੌਤਾਰ,**
**ਚੌਤਾਲ,** } ਪੁ:—ਰਾਗ ਦੀ ਇੱਕ ਤਾਲ

**ਚੌਤਾਰਾ,** ਪੁ:—ਇੱਕ ਪਤਲਾ ਕਪੜਾ, ਰਾਗ ਦੀਆਂ ਚਾਰ ਤਾਲਾਂ ਦਾ ਕੱਠ ॥

**ਚੌਤਾਲੀ,** ਵਿ:—ਚਹੁੰ ਉੱਤੇ ਚਾਲੀ ।

**ਚੌਤੀ,** ਵਿ:—ਚਾਰ ਉੱਤੇ ਤੀਹ

**ਚੌਥ,** ਸ:—ਚੀਤਿਆ ਹੋਇਆ ਜਾਂ ਆਮਦਨ ਵਾਲਾ ਚੌਥਾ ਹਿੱਸਾ ।

ਵਿ: ਅਗਲਾ ਜਾਂ ਪਿਛਲਾ ਚੌਥਾ, ਚੌਥੀ ਥਿਤ

ਪੁ: ਵਿ:- ਚਾਰ ਦਿਨ ਹੋਏ, ਅੱਜ ਤੋਂ ਚੌਥੇ ਦਿਨ ॥

**ਚੌਥਾ,** ਵਿ: ਚੌਥਾ, ਚੌਥੇ ਦਿਨ ਚੜ੍ਹ ਜਾਣ ਵਾਲਾ ਤਾਪ, ਕਿਸੇ ਦੇ ਮਰਨ ਤੋਂ ਚੌਥੇ ਦਿਨ ਮਗਰੋਂ ਸਾਕ ਅਤੇ ਬਰਾਦਰੀ ਦਾ ਕੱਠ ॥

**ਚੌਥਾ,** ਪੁ:
**ਚੌਥੀ,** ਸ: } ਵਿ: ਜੋ ਚਾਰ ਦੀ ਗਿਣਤੀ ਪੂਰੀ ਕਰੇ
ਪੁ:—ਚੌਥਾ ਦਿਨ ॥

**ਚੌਥਾਈ,** ਸ:—ਚੌਥਾ ਹਿੱਸਾ, ਚੁਹਾਰਮ ॥

**ਚੌਦਸ,** ਸ:—ਚੌਦਵੀਂ ਥਿਤ ॥

**ਚੌਦੰਤੇ (ਦੇ),** ਵਿ:—ਗੁੱਸੇ, ਲੜਨ ਨੂੰ ਤਿਆਰ ।

**ਚੌਦੰਤੀ (ਦੀ),** ਸ:—ਗੁੱਸਾ, ਲੜਨ ਨੂੰ ਤਿਆਰ ਹੋਣਾ ।

**ਚੌਦਰੀ,** ਸ:—ਜਿਸ ਘਰ ਦੇ ਚੁਫੇਰੇ ਇੱਕ ਇੱਕ ਬੂਹਾ ਹੋਵੇ ॥

**ਚੌਦਾਂ,** ਵਿ: ਚਹੁੰ ਉਤੇ ਦਸ ॥

**ਚੌਦਾਂ ਵਿਦਿਆ ਨਿਧਾਣ,** ਵਿ:—'ਬਿਦਿਆ' ਵੇਖੋ ।

**ਚੌਦਾਂ ਤਬਕ,** ਪੁ:—ਸੱਤ ਅਗਾਸ਼ ਅਤੇ ਸੱਤ ਪਤਾਲ ।

**ਚੌਧਰ,**
**ਚੌਧਰਮਾ,**
**ਚੌਧਰਾਇਤ,**
**ਚੌਧਰਾਈ,**
**ਚੌਧਰਾਤ,** } ਚੌਧਰੀ ਦਾ ਕੰਮ, ਚੌਧਰੀ ਦੀ ਪਦਵੀ ॥

Digitized by Panjab Digital Library / www.panjabdigilib.org

**ਚੌਧਰਨੀ, ਚੌਧਰਾਇਣ, ਚੌਧਰਾਣੀ**, ਸ:—ਚੌਧਰੀ ਦੀ ਵਹੁਟੀ, ਤੀਮਤਾਂ ਵਿਚ ਪਰਧਾਨ ॥

**ਚੌਧਰੀ**, ਪੁ: ਪੰਚ, ਜਾਤ, ਬਰਾਦਰੀ ਯਾ ਕਿਸੇ ਗਲੀ ਦਾ ਮੁਖੀਆ। ਜੱਟ ॥

**ਚੌਧਮਾਂ, ਚੌਧਵਾਂ**, ਵਿ:—ਚੌਦਾਂ ਦੀ ਗਿਣਤੀ ਪੂਰੀ ਕਰਨ ਵਾਲਾ ॥

**ਚੌਨੁਕਰਾ**, ਵਿ:—ਜਿਸ ਦੀਆਂ ਚਾਰ ਨੁੱਕਰਾਂ ਹੋਣ ।

**ਚੌਂਪ**, ਸ:—ਚਾਹ, ਇੱਛਿਆ, ਲਾਲਸਾ, ਚਾਉ ॥

**ਚੌਂਪਕਲੀ**, ਸ:—ਤੀਮਤਾਂ ਦੇ ਗਲ ਦਾ ਇਕ ਗਹਿਣਾ ॥

**ਚੌਪਈ, ਚੌਪਾਈ**, ਸ:—ਚਹੁੰ ਚਰਨਾਂ ਦਾ ਇਕ ਛੰਦ

**ਚੌਪਹਿਲ, ਚੌਪਹਿਲੂ**, ਵਿ:—ਜਿਸਦੇ ਚਾਰ ਪਾਸੇ ਹੋਣ

**ਚੌਪੱਟ**, ਕ੍ਰਿ: ਵਿ:—ਅਚਾਨਕ ਚੌੜ, ਜ਼ੋਰ ਨਾਲ ਵਿ:—ਸਾਫ਼, ਪੱਧਰਾ, ਖੁੱਲ੍ਹਾ ॥

**ਚੌਪਟ (ਚੌਂਪਟ), ਚੌਪੜ (ਚੌਂਪੜ)**, ਪੁ:—ਇਕ ਤਰਾਂ ਦੀ ਖੇਡ

**ਚੌਪੱਤਾ**, ਪੁ:, **ਚੌਪੱਤੀ**, ਸ:, ਵਿ:—ਜਿਸ ਦੇ ਚਾਰ ਪੱਤ੍ਰ ਹੋਣ ॥

**ਚੌਪਨਾ, ਚੌਂਪਨਾ**, ਸ:—ਚਾਉ, ਮਰਜ਼ੀ, ਧੂਮ, ਲਾਲਸਾ ॥

**ਚੌਂਪਾ**, ਪੁ:—ਇਕ ਤਰਾਂ ਦਾ ਖੁਸ਼ਬੂਦਾਰ ਫੁੱਲ ॥

**ਚੌਪਾਇਆ**, ਪੁ:—ਚਹੁੰ ਪੈਰਾਂ ਵਾਲਾ, ਪਸ਼ੂ ॥

**ਚੌਂਪੀ**, ਪੁ:—ਜਿਸ ਨੂੰ ਕਿਸੇ ਕੰਮ ਦੇ ਕਰਨ ਵਿਚ ਖੁਸ਼ੀ ਹੋਵੇ ॥

**ਚੌਂਪੁੜ**, ਪੁ:—ਚੌਪੜ ਦੀ ਖੇਡ ॥

**ਚੌਂਪੁੜੀਆ**, ਪੁ:—ਚੌਪੜ ਖੇਡਣ ਵਾਲਾ ।

**ਚੌਫਲ (ਲਾ)**, ਵਿ:—ਚਾਰ ਫਾਹਿਆਂ ਵਾਲਾ ਕਰਨਾ ।

**ਚੌਫਾਲ**, ਵਿ:—'ਚੁਫਾਲ' ਵੇਖੋ ॥

**ਚੌਫਾੜ**, ਵਿ:—ਜਿਸ ਦੇ ਪਾੜ ਕੇ ਚਾਰ ਹਿੱਸੇ ਹੋਏ ਹੋਏ ਹੋਣ (ਕਰਨਾ) ॥

**ਚੌਫੇਰ**, ਕ੍ਰਿ: ਵਿ:—ਚਾਰੇ ਪਾਸੇ, ਚੌਗਿਰਦੇ ॥

**ਚੌਬੱਚਾ**, ਪੁ:—ਖੂਹ ਦੇ ਪਾਸ ਦਾ ਪੱਕਾ ਟੋਇਆ ॥

**ਚੌਬਾਰਾ**, ਪੁ:—ਘਰ ਦੀ ਉਤਲੀ ਛੱਤ ਦਾ ਕਮਰਾ, ਬੈਠਕ ॥

**ਚੌਬੀ**, ਵਿ:—ਚਾਰ ਉੱਤੇ ਵੀਹ ॥

**ਚੌਬੀਹਮਾਂ (ਵਾਂ)**, ਵਿ:—ਚੌਬੀਆਂ ਦੀ ਗਿਣਤੀ ਪੂਰੀ ਕਰਨ ਵਾਲਾ ॥

**ਚੌਬੁਰਜਾ (ਜੀ)**, ਵਿ:—ਜਿਸਦੇ ਚਾਰ ਬੁਰਜ ਹੋਣ

**ਚੌਮਣਾ**, ਵਿ:—ਚਾਰ ਮਣਾਂ ਵਾਲਾ, ਜੋ ਚਾਰ ਮਣ ਚੁੱਕ ਸਕੇ, ਜੋ ਰੁਪਏ ਦੇ ਚਾਰ ਮਣ ਵੇਚੇ ਵੱਟੇ ਚਾਰ ਮਣ ॥

**ਚੌਮਾਸਾ, ਚੌਮਾਹਾ**, 'ਚੁਮਾਸਾ', 'ਚੁਮਾਹਾ' ਵੇਖੋ ॥

**ਚੌਮੁਖਾ, ਚੌਮੁਖੀਆ**, 'ਚੁਮੁਖਾ', ਵੇਖੋ ॥

Digitized by Panjab Digital Library | www.panjabdigilib.org

**ਚੌਰ,** ਪੁ:—'ਚਮਰ' ਵੇਖੋ ॥

**ਚੌਰ ਝੁਲਣਾ**
**ਚੌਰ ਢਾਲਣਾ** } ਕ੍ਰਿ:—ਚੌਰ ਸਿਰ ਉੱਪਰ ਹਿਲਾਉਣਾ ॥

**ਚੌਰਸ,** ਵਿ:—ਜਿਸਦੇ ਚਾਰ ਪਾਸੇ ਹੋਣ, ਚੌਕੋਰ ॥

**ਚੌਰਸਤਾ,** ਪੁ:—'ਚੁਰਾਹਾ' ਵੇਖੋ ॥

**ਚੌਰਸਾਈ,** ਸ:—ਚੌਰਸ ਹੋਣ ਦਾ ਗੁਣ।

**ਚੌਰਸੀ,** ਸ:—ਮਿਸਤ੍ਰੀਆਂ ਦਾ ਇਕ ਮਾਪਣ ਵਾਲਾ ਜੰਤ੍ਰ।

**ਚੌਰੰਗ,** ਪੁ:—'ਚੁਰੰਗ' ਵੇਖੋ ।

**ਚੌਰੰਜਮਾਂ (ਵਾਂ),** ਵਿ:—ਚੁਰੰਜਾ ਦੀ ਗਿਣਤੀ ਪੂਰੀ ਕਰਨ ਵਾਲਾ ॥

**ਚੌਰੰਜਾ,** ਵਿ:—ਚਹੁੰ ਉੱਤੇ ਪੰਜਾਹ, ੫੪ ।

**ਚੌਰਾ,** ਪੁ:—ਲੰਮੀ ਚੌੜੀ ਦਾੜ੍ਹੀ ਵਾਲਾ, ਬੁੱਢਾ, ਜੋ ਬੇਅਕਲ ਹੋਵੇ । ਵਿ:—ਚਿੱਟੀ ਭਾਰੀ ਪੂਛ ਵਾਲਾ (ਪਸ਼ੂ) ॥

**ਚੌਰਾਸੀ,** ਵਿ:—'ਚੁਰਾਸੀ' ਵੇਖ ॥

**ਚੌਰਾਹਾ,** ਪੁ:—'ਚੁਰਾਹਾ' ਵੇਖੋ ॥

**ਚੌਰਾਨਮੇਂ (ਵੇ),** ਵਿ:—ਚਹੁੰ ਉਤੇ ਨੱਵੇ, ੯੪ ।

**ਚੌਰੀ,** ਸ:—ਛੋਟਾ ਚੌਰ । 'ਚਮਰ' ਵੇਖ॥

**ਚੌਲ,** ਪੁ:—ਧਾਨ ਵਿਚੋਂ ਨਿਕਲਣ ਵਾਲਾ ਚਿੱਟਾ ਅਨਾਜ ॥

**ਚੌਲਰੂ (ਚੌਲ ਭਰ),** ਵਿ:—ਬਹੁਤ ਥੋੜ੍ਹਾ, ਰਤਾਕੁ।

**ਚੌਲੜਾ,** ਵਿ:—ਜਿਸਦੀਆਂ ਚਾਰ ਲੜੀਆਂ ਹੋਣ (ਕੈਂਠਾ ਆਦਿਕ) ॥

**ਚੌਲਾ,** ਪੁ:—ਚੌਲਾਂ ਦੀ ਘਣੀ ਹੋਈ ਚੀਜ਼, ਅਰੌ-ਤ੍ਰਿਆਂ ਦੀ ਇੱਕ ਜਾਤ ॥

**ਚੌਵੀ,** ਵਿ:—ਚਹੁੰ ਉੱਤੇ ਵੀਹ ॥

**ਚੌੜ,** ਪੁ:—ਤਬਾਹੀ, ਸੱਤਿਆ ਨਾਸ, ਵਿਗਾੜ, ਘਰ ਵਿ:—ਤਬਾਹ, ਬਰਬਾਦ, ਨਸ਼ਟ ਹੋਯਾ ਹੋਯਾ ॥

**ਚੌੜ ਚੁਪੱਟ,** ਵਿ:—ਬਿਲਕੁਲ ਨਸ਼ਟ ਹੋਇਆ ਹੋਇਆ ।

**ਚੌੜ ਚਾਨਣ**
**ਚੌੜ ਚਾਨਣੀ** } ਵਿ:—ਅਵਾਰਾ ਉਡਾਊ, ਫੈਂਚਾ।

**ਚੌੜਾ**
**ਚੌੜੀ** } ਵਿ:—ਮੋਕਲਾ (ਲੀ) ॥

**ਚੌੜਾ ਹੋਣਾ,** ਕ੍ਰਿ:—ਖੁੱਲ੍ਹਣਾ, ਪੱਸਰ ਪੈਣਾ, ਜ਼ਿਦ ਕਰਨੀ ॥

**ਚੌੜਾਉ,** ਪੁ:—ਚੁੜਾਈ ॥

**ਚੌੜਾਉਣਾ,** ਕ੍ਰਿ:—ਚੌੜਾ ਜਾ ਖੁਲ੍ਹਾ ਕਰਨਾ, ਵਧਾਉਣਾ ॥

**ਚੌੜਾਈ,** ਸ:—ਚੌੜੇ ਹੋਣ ਦਾ ਗੁਣ, ਜਿੰਨੀ ਕ ਈ ਚੀਜ਼ ਚੌੜੀ ਹੋਵੇ ।

**ਚੌੜੂ,** ਵਿ:—ਚੌੜ ਕਰਨ ਵਾਲਾ, ਜੋ ਆਪਣਾ ਮਾਲ ਉੜਾ ਦੇਵੇ ॥

## ਛ

**ਛੋ,** ਪੁ:—ਛੱਛਾ, ਗੁਰਮੁਖੀ ਪੈਂਤੀ ਦਾ ਬਾਰ੍ਹਵਾਂ ਅੱਖਰ

**ਛਈ ਰੋਗ,** ਪੁ:—ਖਈ ਰੋਗ, ਖੰਘ ਤਾਪ, ਸਿੱਲ ॥

**ਛਹਾੜੂ,** ਪੁ:—ਬਹੁਤ ਪਤਲੀ ਛਾਹ ਜਾਂ ਲੱਸੀ ॥

Digitized by Panjab Digital Library / www.panjabdigilib.org

**ਛਹਿ,** ਸ਼—ਸਵੇਲ ਦੀ ਥਾਂ, ਸ਼ਿਕਾਰ ਦੀ ਤੱਕ, ਸਰੀਲ, ਦੋ ਪਹਾੜੀਆਂ ਦੇ ਵਿਚਲਾ ਭੀੜਾ ਰਾਹ (ਛਹਿ ਮਾਰਨਾ = ਛਹਿਣਾ)।

**ਛਹਿਣਾ,** ਕ੍ਰਿ:—ਸ਼ਿਕਾਰ ਦੀ ਤੱਕ ਵਿੱਚ ਰਹਿਣਾ ਘਾਤ ਲਾਉਣਾ ॥

**ਛੱਕ,** ਸ਼—ਨਵੀਂ ਵਿਆਹੀ ਹੋਈ ਕੁੜੀ ਨੂੰ ਜੋ ਚੀਜ਼ ਵਸਤ ਨਾਨਕੇ ਦੇਂਦੇ ਹਨ, ਛੱਕਾਂ ਨੂੰ ਜੋ ਬਖ਼ਸ਼ੀਸ਼ ਦਿੱਤੀ ਜਾਵੇ ॥

**ਛਕਣਾ,** ਕ੍ਰਿ:—ਖਾਣਾ, ਛਕੀਣਾ, ਰੱਜਣਾ, ਮਸਤ ਹੋਣਾ, ਮੌਂ ਜਾਣਾ ॥

**ਅੰਮ੍ਰਿਤ ਛਕਣਾ,** ਕ੍ਰਿ:—ਸਿੰਘ ਸਜਣਾ, ਪਾਹੁਲ ਲੈਣੀ॥

**ਪ੍ਰਸਾਦ ਛਕਣਾ,** ਕ੍ਰਿ: ਭੋਜਨ ਪਾਉਣਾ, ਰੋਟੀ ਖਾਣੀ। (ਸਿੰਘਾਂ ਦੀ ਬੋਲੀ)॥

**ਛਕੇ ਰਹਿਣਾ,** ਕ੍ਰਿ:—ਖੁਸ਼, ਮਸਤ ਜਾਂ ਮੌਜ ਵਿੱਚ ਰਹਿਣਾ।

**ਛਕੜਾ,** ਪੁ:—ਗੱਡਾ, ਭਾਰ ਢੋਣ ਵਾਲੀ ਗੱਡੀ।

**ਛਕੜੀ,** ਸ਼—ਇਕ ਛੋਟੀ ਗੱਡੀ, ਛੀਆਂ ਚੀਜ਼ਾਂ ਦਾ ਕੱਠ, ਇੱਕ ਕੌਡਾਂ ਦੀ ਖੇਡ॥

**ਛੱਕਾ,** ਪੁ:—ਛੇ ਦਾ ਅੰਗ, ੬, ਜਿਸ ਚੀਜ਼ ਦਾ ਜੋੜ ਜਾਂ ਮਾਪ ਛੇ ਹੋਵੇ, ਛੀਆਂ ਚਰਨਾਂ ਦਾ ਇੱਕ ਛੰਦ॥

**ਛੱਕਾ ਪੰਜਾ,** ਪੁ:—ਚੌਪੜ ਵਿੱਚ ੬ ਅਤੇ ੫ ਦੀ ਗਿਣਤੀ॥

**ਛੱਕਾ ਪੰਜਾ ਕਰਨਾ,** ਕ੍ਰਿ:—ਅਵਾਰਾ ਫਿਰਨਾ, ਛਲ ਕਰਨਾ॥

**ਛਕਾਉਣਾ,** ਕ੍ਰਿ:—ਖੁਆ ਦੇਣਾ॥

**ਅੰਮ੍ਰਿਤ ਛਕਾਉਣਾ,** ਕ੍ਰਿ: ਸਿੰਘ ਸਜਾਉਣਾ, ਪਾਹੁਲ ਦੇਣੀ।

**ਪਾਹੁਲ ਪਰਸਾਦ ਛਕਾਉਣਾ, (ਦੇਣਾ)** ਕ੍ਰਿ:-ਬਦਲਾ ਲੈਣਾ, ਭਾਰੀ ਸਜ਼ਾ ਦੇਣੀ॥

**ਛਕਾਈ,** ਸ਼—ਛਕਣ ਦਾ ਕੰਮ, ਖਾਣਾ॥

**ਛੰਗਾਉਣਾ,** ਕ੍ਰਿ:—ਬੂਟਿਆਂ ਨੂੰ ਛਟਵਾਉਣਾ, ਮਰਵਾਉਣਾ॥

**ਛੰਗਾਈ,** ਸ਼—ਛਾਂਗਣ ਦਾ ਕੰਮ ਜਾਂ ਮਜੂਰੀ॥

**ਛੱਛਾ,** ਪੁ:—ਗੁਰਮੁਖੀ ਪੈਂਤੀ ਦਾ ਬਾਰ੍ਹਵਾਂ ਅੱਖਰ॥

**ਛਛੋਹਰਾ,** ਵਿ:—ਨਕਾਰਾ, ਕਮੀਨਾ, ਤੁੱਛ, ਅਵਾਣਾ॥

**ਛਛੋਹਰ ਪਣ,** ਪੁ:—ਛਛੋਹਰਾ ਹੋਣ ਦਾ ਗੁਣ॥

**ਛੱਜ,** ਪੁ: ਅਨਾਜ ਸਾਫ਼ ਕਰਨ ਵਾਲੀ ਟੋਕਰੀ ਤੀਲਾਂ ਦੀ॥

**ਛੱਜਲੀ,** ਸ਼—ਛੱਟਣ ਵਾਲਾ ਜੰਤ੍ਰ, ਲਕੜੀ ਦੀ ਚੌੜੀ ਫੱਟੀ।

**ਛੱਜਾ,** ਪੁ:—ਘਰ ਦਾ ਵਧਾਉ, ਬਰਾਂਡਾ, ਲੰਮੀ ਤੇ ਭਾਰੀ ਦਾੜ੍ਹੀ॥

**ਛਟ,** ਸ: ਛੇਵੀਂ ਥਿੱਤ॥

**ਛੱਟ,** ਸ਼—ਭਾਰ ਲੱਦਣ ਵਾਲੀ ਬੋਰੀ, ਚਾਂਦਰ, ਮਾਤਾ ਦੇ ਭਰੇ ਹੋਏ ਦਾਣੇ॥

**ਛਟਕਣ ਫਟਕਣ,** ਪੁ:—ਅਨਾਜ ਵਿੱਚੋਂ ਛੱਟਕੇ ਕਢਿਆ ਹੋਇਆ ਕੂੜਾ ਅਤੇ ਤੂੜੀ॥

**ਛੱਟਣ,** ਪੁ:—ਛੱਟਕੇ ਕੱਢਿਆ ਹੋਇਆ ਕੂੜਾ, ਮੰਦੀ ਚੀਜ਼ਾਂ॥

Digitized by Panjab Digital Library | www.panjabdigilib.org

**ਛਟਣਾ,** ਕ੍ਰਿ–ਚਲੇ ਜਾਣਾ, ਛਿੱਜ ਹੋ ਜਾਣਾ ॥

**ਛਟਿਆ ਹੋਇਆ,** ਵਿ:–ਮਸ਼ਹੂਰ ਬਦਮਾਸ਼ ।

**ਛੱਟਣਾ,** ਕ੍ਰਿ:–ਅਨਾਜ ਨੂੰ ਝਾੜਕੇ ਸਾਫ ਕਰਨਾ (ਛੱਜ ਆਦਿਕ ਨਾਲ)। ਕਪੜਿਆਂ ਨੂੰ ਮਾਰ ਮਾਰ ਧੋਣਾ, ਕਿਸੇ ਨੂੰ ਬਦਨਾਮ ਕਰਨਾ ॥

**ਛਟਵਈਆ,** ਪੁ:–ਛੱਟਣ ਵਾਲਾ ।

**ਛਟਵਾਉਣਾ,** ਕ੍ਰਿ:–ਛੱਟਣ ਜਾਂ ਛਾਂਟਣ ਦਾ ਕੰਮ ਕਰਾਉਣਾ ॥

**ਛਟਵਾਈ,** ਸ:–ਛੱਟਣ ਜਾਂ ਛਾਂਟਣ ਦਾ ਕੰਮ ਜਾਂ ਮਜੂਰੀ ।

**ਛੱਟਾ,** ਪੁ:–ਖਲੇਰਾ ਵਾਢਣ, ਖਲੇਰ ਕੇ ਬੀ ਪਾਣਾ (ਦੇਣਾ) ॥

**ਛਟਾਉਣਾ,** ਕ੍ਰਿ:–ਛੱਟਣ ਜਾਂ ਛਾਂਟਣ ਦਾ ਕੰਮ ਕਰਾਉਣਾ ॥

**ਛਟਾਈ,** ਛੱਟਣ ਦੀ ਮਜੂਰੀ ॥

**ਛਟਾਂਕ,** ਸ:–ਇੱਕ ਤੋਲ, ਸੇਰ ਦਾ ਸੋਲ੍ਹਵਾਂ ਹਿੱਸਾ ॥

**ਛਟਾਂਕੀ,** ਸ:–ਛਟਾਂਕ, ਜਹਾਜ ਦੇ ਸੋਲ੍ਹਵੇਂ ਹਿੱਸੇ ਜਿੰਨੀ ਥੋੜੀ॥

**ਛਟੀ,** ਸ:–ਸੋਟੀ, ਟਹਿਣੀ, ਬਾਲ ਦੇ ਜਨਮ ਦੀ ਇੱਕ ਰੀਤ॥

**ਛੱਟੀ,** ਸ:–ਛੱਟ, ਭਾਰ ਲੱਦਣ ਵਾਲੀ ਬੋਰੀ ॥

**ਛਠ,** ਸ:–ਛਟ, ਛੇਵੀਂ ਥਿੱਤ॥

**ਛਠੀ,** ਸ:–ਬਾਲ ਦੇ ਜਨਮ ਪਿੱਛੋਂ ਛੇਵਾਂ ਦਿਨ, ਮਹੀਨੇ ਦਾ ਛੇਵਾਂ ਦਿਨ ॥

**ਛੱਡ ਛੱਡਣਾ,** ਕ੍ਰਿ:–'ਛੱਡ ਬੈਠਣਾ' ਵੇਖੋ ॥

**ਛੱਡ ਜਾਣਾ,** ਕ੍ਰਿ:–ਛੱਡਕੇ ਚਲੇ ਜਾਣਾ ॥

**ਛੰਡਣਾ,** ਕ੍ਰਿ:–ਛੱਟਣਾ, ਝਾੜਕੇ ਸਾਫ ਕਰਨਾ, ਉਪਰ-ਦਲ ਕਰਨੀ ॥

**ਛੱਡਣਾ, ਛੱਡ ਦੇਣਾ,** } ਕ੍ਰਿ:–ਤਿਆਗਣਾ, ਤਜਣਾ ਪਰੇ ਹਟਣਾ, ਜਾਣ ਦੇਣ ॥

**ਛੱਡ ਬੈਠਣਾ,** ਕ੍ਰਿ:–ਬਿਲਕੁਲ ਛੱਡ ਦੇਣਾ ॥

**ਛਡਾਉਣਾ,** ਕ੍ਰਿ:–ਛੱਡਣ ਦੇਣਾ, ਕੈਦ ਖਲਾਸ ਕਰਾਉਣੀ ।

**ਛਣਕ, ਛਣਕ ਮਣਕ,** } ਸ:–ਧਾਤ ਜਾਂ ਕੱਚ ਦੀਆਂ ਚੀਜ਼ਾਂ ਦੇ ਛਣਕਣ ਦੀ ਅਵਾਜ਼ ॥

**ਛਣਕੰਗਣ ਛਣਕੰਙਣ** } ਪੁ:–ਛਣਕਣ ਵਾਲਾ ਇੱਕ ਗਹਿਣਾ ॥

**ਛਣਕਣਾ,** ਕ੍ਰਿ:–ਕੱਚ ਜਾਂ ਧਾਤ ਦੀਆਂ ਚੀਜ਼ਾਂ ਦੀ ਅਵਾਜ਼ ਆਉਣੀ। ਪੁ:–ਇੱਕ ਛਣਕਣ ਵਾਲਾ ਖਡੌਣਾ ।

**ਛਣਕਾਉਣਾ,** ਕ੍ਰਿ:–ਧਾਤ ਆਦਿਕ ਦੀਆਂ ਚੀਜ਼ਾਂ ਵਿੱਚੋਂ ਅਵਾਜ਼ ਕੱਢਣੀ, ਘੰਟੀ ਵਜਾਉਣੀ ॥

**ਛਣਕਾਟ(ਰ),** ਸ:–ਛਣਕਣ ਦੀ ਅਵਾਜ਼ ॥

**ਛਣਨਾ,** ਕ੍ਰਿ:–ਛਣਿਆ, ਛਾਣਿਆ ਜਾ ਪੁਣਿਆ ਜਾਣਾ । ਕਪੜੇ ਦਾ ਘਸਕੇ ਪਤਲਾ ਹੋ ਜਾਣਾ ॥

**ਛਣਵਈਆ,** ਪੁ:–ਛਾਨਣ ਵਾਲਾ ॥

**ਛਣਵਾਉਣਾ,** ਕ੍ਰਿ:–ਛਾਨਣ ਦਾ ਕੰਮ ਕਰਾਉਣਾ ॥

Digitized by Panjab Digital Library | www.panjabdigilib.org

**ਛਣਵਾਈ** } ਸ਼ਃ–ਛਾਨਣ ਦਾ ਕੰਮ ਜਾਂ ਮਜੂਰੀ
**ਛਣਾਈ**

**ਛਣਾਉਣਾ,** ਕ੍ਰਿਃ–ਛਾਨਣ ਦਾ ਕੰਮ ਕਰਾਉਣਾ ॥

**ਛਣਾਕਾ,** ਪੁਃ–ਛਣਕਣ ਦੀ ਅਵਾਜ਼ ।

**ਛੱਤ,** ਸ਼ਃ–ਕੋਠੇ ਦਾ ਉੱਪਰਲਾ ਹਿੱਸਾ, ਮਜਲ ॥

**ਛੱਤਣਾ,** ਕ੍ਰਿਃ–ਛੱਤ ਪਾਉਣੀ, ਕੋਠੇ ਨੂੰ ਢੱਕਣਾ ॥

**ਛਤਰ**
**ਛੱਤਰ** } ਪੁਃ–ਵੱਡੀ ਛਤਰੀ, ਰਾਜੇ ਆਦਿਕ ਦਾ ਸਰਗਸ਼ਤ ।
**ਛਤ੍ਰ**

**ਛੱਤਰ ਛਾਯਾਂ,** ਕ੍ਰਿਃਵਿਃ–ਆਸਰੇ, ਸਹਾਰੇ ।

**ਛਤ੍ਰ ਧਾਰ,** ਪੁਃ–ਪੋਸਤ ॥

**ਛਤਰ ਧਾਰਨ,** ਸ਼ਃ–ਰਾਣੀ ॥

**ਛਤਰ ਧਾਰੀ,** ਪੁਃ–ਰਾਜਾ, ਰਾਜੇ ਦਾ ਟਿੱਕਾ ॥

**ਛੱਤਰਾ,** ਪੁਃ–ਇੱਕ ਤਰਾਂ ਦਾ ਵੱਡਾ ਛੇਤ੍ਰ ਜਿਸਦੇ ਪਿੱਛੇ ਥੰਕੀ ਜੇਹੀ ਹੁੰਦੀ ਹੈ ॥

**ਛਤਰੀ,** ਸ਼ਃ–ਮੀਂਹ ਜਾਂ ਧੁੱਪ ਤੋਂ ਬਚਾਉਣ ਵਾਲਾ ਛੋਟਾ ਬਣਿਆ ਹੋਇਆ ਪੜਦਾ ਜਿਸਨੂੰ ਜਿੱਥੇ ਚਾਹੀਏ ਲੈ ਜਾ ਸਕਦੇ ਹਾਂ ।

**ਛੱਤਰੀ,** ਸ਼ਃ–ਇੱਕ ਤਰਾਂ ਦੀ ਛੇਤ ॥

**ਛੱਤ੍ਰੀ,** ਪੁਃ–ਇੱਕ ਜਾਤ, ਹਿੰਦੂ ਰਜਪੂਤ, ਖੱਤ੍ਰੀ ॥

**ਛਤਵਾਉਣਾ,** ਕ੍ਰਿਃ–ਛੱਤਣ ਦਾ ਕੰਮ ਕਰਾਉਣਾ ॥

**ਛਤਵਾਈ,** ਸ਼ਃ–ਛੱਤਣ ਦਾ ਕੰਮ ਜਾਂ ਮਜੂਰੀ ।

**ਛੱਤਾ,** ਪੁਃ–ਛੱਤ੍ਰਾ, ਇੱਕ ਸ਼ਰਾਬ, ਮਖੀਰ ਦੀ ਛੱਲੀ, ਵਾਲਾਂ ਦਾ ਜੂੜਾ । ਵਿਃ–ਛੱਤ ਵਾਲਾ ॥

**ਛਤਾਉਣਾ,** ਕ੍ਰਿਃ–ਛੱਤਣ ਦਾ ਕੰਮ ਕਰਾਉਣਾ ॥

**ਛਤਾਈ,** ਸ਼ਃ–ਛੱਤਣ ਦਾ ਕੰਮ ਜਾਂ ਮਜੂਰੀ ॥

**ਛੱਤ੍ਰੀ,** ਵਿਃ–ਛਿਆਂ ਉੱਤੇ ਤੀਹ । ਸ਼ਃ–ਰੇਸ਼ਮੀ ਕਪੜੇ ਦਾ ਟੋਟਾ ਜੋ ਬਾਹਰ ਸਾਕਾਂ ਨੂੰ ਭੇਜਦੇ ਹਨ, ਅਕੱਠ ॥

**ਛਤੀਸਾ,** ਪੁਃ—ਇੱਕ ਦੁਆ ਜਿਸ ਵਿੱਚ ਛੱਤੀ ਚੀਜਾਂ ਪੈਂਦੀਆਂ ਹਨ । ਬੜਾ ਬਦਮਾਸ਼ ।

**ਛਤੀਸੀ,** ਸ਼ਃ—ਛੱਤੀ ਫਰੇਬ ਜਾਨਣ ਵਾਲੀ ਤੀਵੀਂ, ਚਲਿੱਤਰਣ ॥

**ਛੱਤੀਆਂ (ਵਾਂ),** ਵਿਃ–ਛੱਤੀਆਂ ਦੀ ਗਿਣਤੀ ਪੂਰੀ ਕਰਨ ਵਾਲਾ ॥

**ਛੰਦ,** ਪੁਃ—ਰਾਗ ਦਾ ਜੋੜ, ਬੈਂਤ, ਦੋਹਰਾ, ਕਬਿਤ ਆਦਿਕ, ਲਾੜਾ ਸਾਲੀਆਂ ਆਦਿਕਾਂ ਨੂੰ ਜੋ ਬੋਲ ਸੁਣਾਉਂਦਾ ਹੈ ( ਛੰਦ ਪਾਉਣਾ ) । ਧੋਖਾ ਫਰੇਬ ( ਛੰਦ ਬੰਦ ) ।

**ਛੰਦ ਬਾਜ,** ਪੁਃ–ਛਦ ਬਣਾਉਣ ਵਾਲਾ, ਕਬੀਸ਼ਰ, ਫਰੇਬੀ ॥

**ਛੰਦਣ**
**ਛੰਦੀ** } ਪੁਃ—ਫਰੇਬੀ, ਛਲੀਆ, ਕਵਾਲ ॥

**ਛੰਦਾ ਬੰਦੀ,** ਸ—ਛੰਦਾਂ ਦੀ ਰਚਨਾ, ਕਵਿਤਾ ॥

**ਛਦਾਮ,** ਪੁ—ਪੈਸੇ ਦਾ ਛੇਵਾਂ ਹਿੱਸਾ, ਦਮੜੀ ॥

**ਛੰਨ,** ਛੱਪਰ, ਕੱਖਾਂ ਦੀ ਕੁੱਲੀ, ਝੁੱਗੀ ॥

**ਛਨਛਨ,** ਸ਼ਃ—ਪੈਰਾਂ ਦੇ ਗਹਿਣੇ ਛਣਕਣ ਦੀ ਅਵਾਜ਼ ( ਕਰਨਾ ) । ਪੁਃ–ਛਲਿੱਛਰ (ਵਾਰ) ॥

Digitized by Panjab Digital Library | www.panjabdigilib.org

**ਛੰਨਣੀਆਂ ਛੁਰਨੀਆਂ,** ਕ੍ਰਿ:—ਵਿਆਹ ਦੀ ਇੱਕ ਰੀਤ ਜਿਸ ਵਿੱਚ ਕੁੜੀ ਵਾਲਿਆਂ ਦੀਆਂ ਤ੍ਰੀਮਤਾਂ ਲਾਵਾਂ ਤੋਂ ਪਹਿਲੋਂ ਰਾਤਦੇ ਵੇਲੇ ਜੰਞ ਦੇ ਉਤਾਰੇ ਦੇ ਲਾਗੇ ਦੇ ਕਿਸੇ ਖੂਹ ਉੱਤੇ ਜਾਂਦੀਆਂ ਹਨ ਅਤੇ ਕੁੜੀ ਦਾ ਭਰਾ ਜਾਂ ਕੋਈ ਹੋਰ ਜਣਾ ਖੂਹ ਵਿੱਚੋਂ ਪਾਣੀ ਕਢਦਾ ਜਾਂਦਾ ਹੈ ਅਤੇ ਉਸ ਦੀ ਵਹੁਟੀ ਡੋਹਲਦੀ ਜਾਂਦੀ ਹੈ ॥

**ਛੰਨਾ,** ਪੁ:<br>**ਛੰਨੀ,** ਸ: } ਧਾਤ ਦਾ ਕਟੋਰਾ, ਵੱਡਾ ਕੌਲ ॥

**ਛਨਿੱਛਰ,** ਪੁ:—ਇੱਕ ਗ੍ਰਹਿ । ਸੱਤਵਾਂ ਵਾਰ । ਵਿ:—ਚਲਾਕ, ਸ਼ਤਾਨ ॥

**ਛਨਿੱਛਰ ਆਉਣਾ,** ਕ੍ਰਿ—ਭੈੜੇ ਗ੍ਰਹਿ ਆ ਜਾਣੇ, ਕਿਸਮਤ ਬੁਰੀ ਹੋਣੀ ॥

**ਛਨਿੱਛਰ ਵਾਰ,** ਪੁ-ਐਤਵਾਰ ਤੋਂ ਪਹਿਲਾ ਦਿਨ

**ਛਪਈ,** ਸ:—ਛੇਆਂ ਚਰਣਾਂ ਦਾ ਇੱਕ ਛੰਦ ।

**ਛਪਕਲੀ,** ਸ:—ਕਿਰਲੀ ॥

**ਛਪਕਾ,** ਪੁ:—ਇਕ ਤਰਾਂ ਦੀ ਕੁੰਡੀ, ਬੂਹਾ ਬੰਦ ਕਰਨ ਵਾਲੀ ॥

**ਛਪਛਪ,** ਪੁ:—'ਛਪਲ ਛਪਲ' ਵੇਖੋ ॥

**ਛਪੰਜਾ,** ਵਿ:—ਛੇਆਂ ਉੱਤੇ ਪੰਜਾਹ, ੫੬ ।

**ਛਪਣਾ,** ਕ੍ਰਿ:—ਲੁਕਣਾ, ਟਿਭ ਜਾਣਾ, ਅਸਤ ਹੋਣਾ, ਛਾਪੇ ਦੀ ਕਲਾ ਨਾਲ ਇੱਕ ਲਿਖਤ ਦੀਆਂ ਕਈ ਨਕਲਾਂ ਲਹੋਣੀਆਂ ॥

**ਛੱਪਰ,** ਪੁ:—ਕਾਨਿਆਂ ਅਤੇ ਸਿਰਕੀਆਂ ਦੀ ਛੱਤ, ਅੱਖ ਦਾ ਪਰਦਾ ॥

**ਛੱਪਰ ਬੰਸ,** ਪੁ:—ਝੁੱਗੀ, ਝੁੱਗੇ ਵਿਚ ਰਹਿਣਾ ॥

**ਛਪਰ ਖੱਟ,** ਸ:—ਪਰਦਿਆਂ ਵਾਲਾ ਪਲੰਘ ॥

**ਛਪਰਬੰਦ,** ਪੁ: ਛੱਪਰ ਬਣਾਉਣ ਵਾਲਾ ॥

**ਛੱਪਰੀ,** ਸ:—ਛੱਪਰਾਂ ਦਾ ਘਰ, ਝੁੱਗੀ ॥

**ਛਪਲ ਛਪਲ,** ਪੁ:—ਪਾਣੀ ਹਿੱਲਣ ਦੀ ਅਵਾਜ਼ ॥

**ਛਪਵਾਉਣਾ,** ਕ੍ਰਿ:—ਛਾਪਣ ਦਾ ਕੰਮ ਕਰਾਉਣਾ ।

**ਛਪਵਾਈ,** ਸ:—ਛਾਪਣ ਦਾ ਕੰਮ ਜਾਂ ਮਜੂਰੀ ।

**ਛੱਪੜ,** ਪੁ:—ਪਾਣੀ ਦਾ ਟੋਭਾ, ਢਾਬ ॥

**ਛਪੜੀ,** ਸ:—ਨਿੱਕਾ ਜੇਹਾ ਛੱਪੜ ਜਾਂ ਟੋਭਾ ॥

**ਛਪਾਉਣਾ,** ਕ੍ਰਿ:—ਛਪਣ ਦਾ ਕੰਮ ਕਰਾਉਣਾ, ਲੁਕਾਉਣਾ ॥

**ਛਪਾਈ,** ਸ:—ਛਾਪਣ ਦਾ ਕੰਮ ਜਾਂ ਮਜੂਰੀ ॥

**ਛਪਾਹੀ,** ਪੁ:—ਸਿਪਾਹੀ, ਫੌਜ ਜਾਂ ਪੁਲਸ ਦਾ ਨੌਕਰ ।

**ਛਪਾਕਾ,** ਪੁ:—ਪਾਣੀ ਦੇ ਜ਼ੋਰ ਨਾਲ ਲੱਗਣ ਦੀ ਅਵਾਜ਼, ਕਾਹਲੀ ॥

**ਛਪਾਕੀ,** ਸ:—ਪਿੰਡੇ ਉੱਤੇ ਧੱਫੜ ਪਾਣ ਵਾਲਾ ਇੱਕ ਰੋਗ ॥

**ਛਪਿੰਜਾ,** ਪੁ:—ਛਪੰਜਾ, ਸੰਮਤ ੧੯੫੬ ਦਾ ਕਾਲ ॥

**ਛਬ,** ਸ:—ਸੁਹੱਪਣ, ਸੋਭਾ, ਚਮਕ, ਸੂਰਤ (ਨਿਕਲਣਾ) ।

**ਛਬਕਾ,** ਪੁ:—'ਛਪਕਾ' ਵੇਖੋ ॥

**ਛੱਬਾ,** ਪੁ:—ਸਿਰ ਦਾ ਇੱਕ ਗਹਿਣਾ ॥

**ਛੱਬੀ,** ਵਿ:—ਛੇਆਂ ਉੱਤੇ ਵੀਹ ॥

**ਛਬੀਹਵਾਂ**<br>**ਛਬੀਸਵਾਂ** } ਵਿ:—ਜੋ ਛੱਬੀਆਂ ਦੀ ਗਿਣਤੀ ਪੂਰੀ ਕਰੇ ॥

Digitized by Panjab Digital Library | www.panjabdigilib.org

**ਛਬੀਲ,** ਸਃ—ਮੁਫ਼ਤ ਪਾਣੀ ਪਿਆਉਣ ਵਾਲੀ ਥਾਂ।

**ਛਬੀਲਾ,** ਪੁਃ / **ਛਬੀਲੀ,** ਸਃ } ਬਾਂਕਾ (ਕੀ), ਸੋਹਣਾ (ਣੀ), ਛੈਲ।

**ਛੰਭ,** ਪੁਃ—ਛੱਪੜ, ਟੋਭਾ, ਪਾਣੀ ਦਾ ਟੋਇਆ।

**ਛਮਕ,** ਸਃ—ਛਿਟੀ, ਚਾਬਕ, ਬੈਂਤ, ਸੋਟੀ।

**ਛਮਕਣਾ,** ਕ੍ਰਿਃ—ਤੜਕਣਾ, ਘਿਉ ਸਾੜ ਕੇ ਪਾਉਣਾ॥

**ਛਮਕ ਨਮੋਲੀ,** ਸਃ ਇੱਕ ਕੰਢਿਆਂ ਵਾਲੀ ਵੇਲ।

**ਛਮਕਾਉਣਾ,** ਕ੍ਰਿਃ—ਛਮਕਣਦਾ ਕੰਮ ਕਰਾਉਣਾ।

**ਛਮ ਛਮ** / **ਛਮਾਛਮ** } ਪੁਃ ਜ਼ੋਰ ਦਾ ਮੀਂਹ (ਵਰ੍ਹਨਾ, ਵਰ੍ਹਣਾ)।

**ਛੱਰਾ,** ਪੁਃ—ਬੰਦੂਕ ਦੀਆਂ ਨਿੱਕੀਆਂ ਗੋਲੀਆਂ॥

**ਛਰ੍ਹਾ,** ਪੁਃ—ਦਰਿਆ ਦੀ ਇੱਕ ਧਾਰ॥

**ਛਰੀਰਾ,** ਪੁਃ—ਇੱਕ ਖ਼ੁਸ਼ਬੂਦਾਰ ਦੁਆ॥

**ਛਲ,** ਪੁਃ—ਧੋਖਾ, ਫ਼ਰੇਬ (ਕਰਨਾ, ਲੈਣਾ) ਜਿੰਨ ਭੂਤ॥

**ਛਲ ਬਲ,** ਪੁਃ—ਛਲ, ਚਲਿੱਤ੍ਰ॥

**ਛੱਲ,** ਸਃ—ਪਾਣੀ ਦੀ ਲਹਿਰ, ਉਛਾਲਾ, ਛਿਲ।

**ਛਲਕਣਾ,** ਕ੍ਰਿਃ—ਭਾਂਡੇ ਜਾਂ ਪੇਟ ਵਿੱਚ ਪਾਣੀ ਫਿਰਨ ਦੀ ਅਵਾਜ਼ ਆਉਣੀ, ਲਹਿਰਾਂ ਪੈਣੀਆਂ॥

**ਛਲਕਾਉਣਾ,** ਕ੍ਰਿਃ—ਡੋਲ੍ਹਣਾ, ਵਗਾਉਣਾ, ਛਲਕਣ ਦੀ ਅਵਾਜ਼ ਕੱਢਣੀ॥

**ਛਲੰਘ,** ਸਃ—'ਛਲਾਂਘ' ਵੇਖੋ।

**ਛਲੰਘਣਾ,** ਕ੍ਰਿਃ—ਛਾਲ ਮਾਰਨੀ, ਕੁੱਦਣਾ, ਟੱਪਣਾ।

**ਛਲ ਛਬੀਲਾ,** ਪੁਃ—ਬਾਂਕਾ, ਸ਼ੌਕੀ॥

**ਛਲਛਲਾਉਣਾ,** ਕ੍ਰਿਃ—ਲਹਿਰਾਂ ਉੱਠਣੀਆਂ, ਛਲਕਣ ਦੀ ਅਵਾਜ਼ ਆਉਣੀ।

**ਛਲਛਲਾਟ,** ਪੁਃ ਛਲਕਣ ਦੀ ਅਵਾਜ਼, ਛੱਲਾਂ ਪੈਣੀਆਂ॥

**ਛਲ ਛਿੱਦਰ,** ਪੁਃ—ਚਲਿੱਤਰ, ਫ਼ਰੇਬ, ਉਸਤਾਦੀ॥

**ਛਲਣਾ,** ਕ੍ਰਿਃ—ਧੋਖਾ ਦੇਣਾ, ਛਲ ਕਰਨਾ॥

**ਛੱਲਾ,** ਪੁਃ ਅੰਗੂਠੀ, ਮੁੰਦਰੀ, ਛਾਪ, ਇੱਕ ਗੀਤ॥

**ਛਲਾਉਣਾ,** ਕ੍ਰਿਃ—ਧੋਖਾ ਦੁਆਉਣਾ

**ਛਲਾਈ,** ਸਃ—ਧੋਖਾ, ਫ਼ਰੇਬ (ਖਾਣੀ)॥

**ਛਲਾਂਘ,** ਸਃ—ਕੁੱਦ, ਛਾਲ, ਉਛਲਕੇ ਜਾ ਪੈਣਾ (ਮਾਰਨੀ)।

**ਛੱਲੀ,** ਸਃ—ਸਿੱਟਾ, ਸੂਤ ਦੀਆਂ ਅੱਟੀਆਂ ਦਾ ਕੰਨ, ਲਿਫ, ਸਰੀਰ ਦਾ ਆਕੜਣਾ, ਮਾਸ ਦਾ ਫੁਲਾਉ, ਸ਼ਹਿਤ ਦਾ ਛੱਤਾ॥

**ਛਲੀ** / **ਛਲੀਆ(ਯਾ)** } ਪੁਃ—ਛਲ ਕਰਨ ਵਾਲਾ, ਫ਼ਰੇਬੀ॥

**ਛਲੇਡਾ,** ਪੁਃ—ਜਿੰਨ, ਭੂਤ, ਫ਼ਰੇਬੀ, ਖੇਲਾ॥

**ਛਵਣੀਆ,** ਪੁਃ—ਛੱਪਰ ਬਣਾਉਣ ਵਾਲਾ।

**ਛਵਿੰਜਾ,** ਵਿਃ—ਛੇਆਂ ਉੱਤੇ ਪੰਜਾਹ।

**ਛੜ,** ਸਃ—ਬਰਛੀ ਦਾ ਡੰਡਾ, ਇੱਕ ਦੁਆ॥

**ਛੜ ਮਾਰਨੀ,** ਕ੍ਰਿਃ—ਗਊ ਮਹਿੰ ਦਾ ਲੱਤ ਮਾਰਨਾ॥

**ਛੜੱਪ,** ਸਃ—ਸੜਕ, ਰਸਤਾ, ਚੌੜਾ ਰਾਹ॥

Digitized by Panjab Digital Library / www.panjabdigilib.org

**ਛੜਨਾ**, ਕ੍ਰਿ:—ਉੱਖਲ ਵਿੱਚ ਅਨਾਜ ਕੁੱਟਣਾ, ਮਾਰਨਾ ।

**ਛੜਾ**, ਵਿ: ਇਕੱਲਾ, ਜਿਸਦਾ ਸਾਥੀ ਜਾਂ ਟੱਬਰ ਨਹੀਂ ॥

ਪੁ: -ਰੱਸੀਆਂ ਦਾ ਗੁੱਛਾ ॥

**ਛੜਾ ਛਟਾਂਗ, ਛੜਾਛਾਂਟ**, ਵਿ: ਛੜਾ, ਕੁਆਰਾ, ਰੰਡਾ ।

**ਛੜਾਉਣਾ**, ਕ੍ਰਿ:—ਛੜਨ ਦਾ ਕੰਮ ਕਰਾਉਣਾ ।

**ਛੜਾਈ**, ਸ:—ਛੜਨ ਦਾ ਕੰਮ ਜਾਂ ਮਜੂਰੀ, ਛੜਾਈ

**ਛੜੀ**, ਸ: ਸੋਟੀ, ਛਮਕ, ਛੂਛਕ, ਖਜੂਰ ਦੀ ਡੰਡੀ ॥

**ਛੜੀਲਾ**, ਪੁ:, **ਛੜੀਲੀ**, ਸ: ਜੋ ਬਲਦ ਜਾਂ ਗਊ ਛੜ ਮਾਰੇ ।

**ਛਾਂ, ਛਾਉਂ**, ਸ:—ਚਾਨਣ ਦੀ ਰੋਕ, ਪਰਛਾਵਾਂ ।

**ਛਾਉਣਾ**, ਕ੍ਰਿ:—ਢੱਕਣਾ, ਤਾਨਣਾ, ਛੱਤਣਾ ।

**ਛਾਉਣੀ(ਨੀ)**, ਸ:—ਫੌਜ ਦੇ ਸਿਪਾਹੀਆਂ ਦੇ ਰਹਿਣ ਦੀ ਥਾਂ ।

**ਛਾਉਣੀ ਪਾਉਣੀ**, ਕ੍ਰਿ:—ਡੇਰਾ ਲਾਉਣਾ, ਬਹੁਤ ਚਿਰ ਅਟਕਣਾ ॥

**ਛਾਉਰਾ**, ਪੁ: ਛਾਉਂ, ਛਾਉਂ ਵਾਲੀ ਥਾਂ ॥
ਵਿ:—ਛਾਉਂ ਵਰਗਾ ॥

**ਛਾਇਆ**, ਸ:—ਪਰਛਾਂਵਾਂ, ਛਾਉਂ, ਅਸਰ ॥

**ਛਾਈ**, ਸ:—ਸੁਆਹ, ਭੱਸ, ਚੇਹਰੇ ਜਾਂ ਸ਼ੀਸ਼ੇ ਜਾਂ ਰਦ ਉੱਤੇ ਪੈਣ ਵਾਲਾ ਦਾਗ (ਪੈ ਜਾਣੀ) ।

**ਛਾਹ**, ਸ:—ਦਹੀਂ ਦੀ ਲੱਸੀ ॥

ਤੇਰੀ ਛਾਹ ਛੱਡੀ, ਕੁੱਤਿਆਂ ਤੋਂ ਛੁਡਾ = ਜੋ ਫੈਦਾ ਨਹੀਂ ਕਰ ਸਕਦਾ ਤੇ ਨੁਕਸਾਨ ਤੋਂ ਬਚਾ ॥

**ਛਾਹ ਵੇਲਾ**, ਪੁ:—ਸੂਰਜ ਚੜ੍ਹਨ ਤੋਂ ਇੱਕ ਦੋ ਘੰਟੇ ਮਗਰੋਂ ਜੋ ਵੇਲਾ ਹੁੰਦਾ ਹੈ ।

**ਛਾਂਗ**, ਪੁ:—ਰੁੱਖ ਤੋਂ ਕੱਟੀਆਂ ਹੋਈਆਂ ਟਾਹਣੀਆਂ ॥

**ਛਾਂਗਣਾ**, ਕ੍ਰਿ:—ਰੁੱਖ ਦੀਆਂ ਟਾਹਣੀਆਂ ਕੱਟਣੀਆਂ, ਛਾਂਟਣਾ ॥

**ਛਾਂਗਾ**, ਪੁ:—ਜਿਸਦੇ ਹੱਥ ਜਾਂ ਪੈਰ ਦੀਆਂ ਛੇ ਉਂਗਲਾਂ ਹੋਣ ॥

**ਛਾਗਲ**, ਸ:—ਪਾਣੀ ਪਾਉਣ ਵਾਲਾ ਚੰਮ ਆਦਿਕ ਦਾ ਥੈਲਾ ਟੂਟੀ ਵਾਲਾ ।

**ਛਾਂਟ**, ਸ:—ਚੋਣ, ਕਾਟ, ਲੀਰਾਂ ਕਤੀਰਾਂ ॥

**ਛਾਂਟ ਕਰ ਲੈਣਾ**, ਕ੍ਰਿ:—ਚੁਨਣਾ, ਚੰਗੀਆਂ ਚੀਜ਼ਾਂ ਮੰਦੀਆਂ ਤੋਂ ਵੱਖ ਕਰਨੀਆਂ ॥

**ਛਾਂਟਛੂੰਟ, ਛਾਂਟਣ**, ਸ: ਰਹਿੰਦਾ ਖੂੰਹਦਾ, ਲੀਰਾਂ, ਕਤੀਰਾਂ ॥

**ਛਾਂਟਣਾ**, ਕ੍ਰਿ:—ਚੁਨਣਾ, ਅਲਗ ਕਰਨਾ, ਕੱਟਣਾ ॥

**ਛਾਂਟਾ**, ਪੁ:—ਬਲਦਾਂ ਨੂੰ ਮਾਰਨ ਵਾਲੀ ਸੋਟੀ ਦਾ ਅਗਲਾ ਤਸਮਾ ॥

**ਛਾਂਟੀ**, ਸ:—ਛਾਂਟ, ਚੋਣ, ਕਾਟ ॥

**ਛਾਣ**, ਪੁ:—ਛਾਨਣ ਕੋਲ ਰਹੇ ਤੋਹ, ਬੂਰਾ ।

**ਛਾਣ ਬੂਰਾ**, ਪੁ: 'ਬੂਰਾ ਸੂਰਾ' ਵੇਖੋ ॥

Digitized by Panjab Digital Library | www.panjabdigilib.org

**ਛਾਣਨਾ,** ਕ੍ਰਿ:–ਕਪੜੇ ਜਾਂ ਛੇਕਾਂ ਵਾਲੇ ਭਾਂਡੇ ਵਿੱਚੋਂ ਲੰਘਾਕੇ ਕੋਈ ਚੀਜ਼ ਸਾਫ ਕਰਨਾ, ਪੁਣਨਾ, ਪਨਣਾ। ਪੁ:–ਵੱਡੀ ਛਾਲਨੀ ॥

**ਛਾਣਨੀ,** ਸ:–ਛੇਕਾਂ ਵਾਲਾ ਭਾਂਡਾ ਜਿਸ ਵਿਚੋਂ ਲੰਘਾ ਕੇ ਕੋਈ ਚੀਜ਼ ਸਾਫ ਕਰੀਦੀ ਹੈ॥

**ਛਾਣਨੀ ਛਾਣਨੀ ਹੋਣਾ,** ਕ੍ਰਿ:–ਕਿਸੇ ਚੀਜ਼ ਵਿੱਚ ਬਹੁਤ ਸਾਰੇ ਛੇਕ ਹੋਜਾਣੇ ।

**ਛਾਣਾ,** ਪੁ:–ਛੱਣਾ, ਖਲੋਂਰਕੇ ਕੀ ਪਾਣਾ, ਬਰੀਕ ਪੀਠੀ ਹੋਈ ਰੋਹ(ਏਉਲਾ ॥

**ਛੱਤਾ,** ਪੁ:–ਛਤਰੀ, ਛੱਪਰ ।

**ਛਾਤੀ,** ਸ:–ਹਿੱਕ, ਸੀਨਾ, ਕਾਲਜਾ, ਬਲ ।

**ਛਾਦਾ,** ਪੁ:–ਹਿੱਸਾ, ਟੁਕੜਾ ।

**ਛਾਨਣਾ**
**ਛਾਨਣੀ** } 'ਛਾਣਨਾ, ਛਾਣਨੀ' ਵੇਖੋ ॥

**ਛਾਨ੍ਹਾ,** ਵਿ:–ਕਮੀਨਾ, ਨੀਚ ਪੁ:–ਗੁਲਾਮ.

**ਛਾਪ,** ਸ:–ਅੰਗੂਠੀ, ਮੁੰਦਰੀ, ਮੋਹਰ, ਠਪਾ, ਛਾਪਾ॥

**ਮੋਹਰ ਛਾਪ,** ਸ:–ਠੱਪੇ ਦਾ ਨਿਸ਼ਾਨ(ਚਿੰਨ੍ਹ ।

**ਛਾਪਣਾ,** ਕ੍ਰਿ:–ਠਪਾ ਲਾਉਣਾ, ਕਲਾ ਨਾਲ ਇੱਕ ਲਿਖਤ ਦੀਆਂ ਕਈ ਨਕਲਾਂ ਲਾਹੁਣੀਆਂ ॥

**ਛੱਪਾ,** ਪੁ:–ਛਾਪਣ ਦਾ ਕੰਮ, ਠੱਪਾ, ਨਿਸ਼ਾਨ, ਕੰਡਿਆਂ ਵਾਲੀ ਝਾੜੀ ॥

**ਛੱਪਾ ਖਾਨਾ,** ਪੁ:–ਜਿੱਥੇ ਛਾਪੇ ਦੀ ਕਲਾ ਚੱਲੇ ॥

**ਛੱਪਾ ਦੇਣਾ,** ਕ੍ਰਿ:–ਰੋਕਣਾ, ਅਟਕਾਉਣਾ ।

**ਛੱਪਾ ਮਾਰਨਾ,** ਕ੍ਰਿ:–ਰਾਖੀਂ ਜਾਂ ਚੋਰੀ ਛੱਪੀ ਹੱਲਾ ਕਰਨਾ ॥

**ਛੱਪਾ ਲਾਉਣਾ,** ਕ੍ਰਿ:–ਛਾਪਣਾ, ਠੱਪਾ ਲਾਉਣਾ ॥

**ਉੱਡਦਾ ਛੱਪਾ ਚੰਬੜਨਾ**
**ਉੱਡਦਾ ਛੱਪਾ ਲਗਣਾ** } ਕ੍ਰਿ:–ਬੇਗੁਨਾਹ ਨੂੰ ਦੂਸ਼ ਲਗਣਾ ।

**ਛਾਬੜੀ,** ਸ:–ਜਿਸ ਟੋਕਰੀ ਵਿਚ ਸੌਦਾ ਵੇਚਦੇ ਹਨ ।

**ਛਾਬੜੀ ਢੋਣੀ**
**ਛਾਬੜੀ ਵਾਹੁਣੀ** } ਕ੍ਰਿ:–ਛਾਬੜੀ ਵਿੱਚ ਸੌਦਾ ਵੇਚਕੇ ਗੁਜ਼ਾਰਾ ਕਰਨਾ ।

**ਛਾਬੜੀ ਵਾਲਾ,** ਪੁ:–ਜੋ ਛਾਬੜੀ ਵਿੱਚ ਸੌਦਾ ਵੇਚੇ॥

**ਛੱਬਾ,** ਪੁ:–ਇੱਕ ਚੌੜੀ ਟੋਕਰੀ, ਤੱਕੜੀ ਦਾ ਇੱਕ ਪਾਸਾ ॥

**ਕਿਸੇ ਛੱਬੇ ਪੂਰੇ ਨਾਂ ਹੋਣਾ,** ਕ੍ਰਿ:–ਕਿਸੇ ਤਰਾਂ ਨਾ ਮੰਨਣਾ ॥

**ਛੱਬੂ,** ਪੁ:–ਇੱਕ ਛੋਟੀ ਟੋਕਰੀ, ਮੂੰਹ, ਬੂਥੀ ॥

**ਛੱਬੂ ਦੇਣਾ,** ਕ੍ਰਿ:–ਮੂੰਹ ਬੰਦ ਕਰਨਾ, ਰੋਕਣਾ

**ਛਾਰ,** ਸ:–ਸੁਆਹ, ਭਸਮ ॥

**ਛਾਰ ਛਬੀਲਾ,** ਪੁ:–ਬਾਂਕਾ, ਛੈਲ ॥

**ਛਾਰਕ,** ਸ:–ਛਟਾਂਕ

**ਛਾਟੂ,** ਸ:–ਇੱਕ ਰੋਗ, ਛਾਲਾ ॥

**ਛਾਲ,** ਸ:–ਛਲਾਂਘ, ਛੂੰਦ, ਟੱਪ ॥

**ਛਾਲ ਮਾਰਨਾ,** ਕ੍ਰਿ:–ਕੁੱਦਣਾ, ਟੱਪਣਾ, ਅੱਗੇ ਵਧਣਾ, ਦਲੇਰੀ ਦਾ ਕੰਮ ਕਰਨਾ ॥

**ਛਾਲਾ**
**ਛੱਲਾ** } ਪੁ:–ਪਿੰਡੇ ਦੇ ਮਾਸ ਦਾ ਉਭਾਰ ਜੋ ਵਿੱਚੋਂ ਪੋਲਾ ਹੋਵੇ (ਪੱਛਣਾ, ਫਿਸਣਾ, ਫਪਣਾ)॥

Digitized by Panjab Digital Library / www.panjabdigilib.org

**ਛਾਲੀ,** ਸ:—ਲਹਿਰਾਂ ਦਾ ਉੱਠਣਾ ॥

**ਛਾਵ,** ਸ:—'ਛਾਉਂ' ਵੇਖੋ।

**ਛਿਆਉਣਾ**, **ਛਿਐਂਗਾ** } ਵਿ:—ਛੇ ਗੁਣਾ ॥

**ਛਿਆਸਠ**, **ਛਿਆਹਟ**, **ਛਿਆਟ** } ਵਿ: ਛੇਆਂ ਉੱਤੇ ਸੱਠ, ੬੬।

**ਛਿਆਸੀ,** ਵਿ:—ਛੇਆਂ ਤੇ ਅੱਸੀ ॥

**ਛਿਆਨਵੇਂ,** ਵਿ:—ਛੇਆਂ ਉੱਤੇ ਨੱਵੇ ॥

**ਛਿੱਸੀ,** ਸ:—ਇੱਕ ਮੋਟਾ ਰੇਸ਼ਮੀ ਕਪੜਾ ੬੦੦ ਤਾਰਾਂ ਵਾਲਾ ॥

**ਛਿਹਣਾ,** ਕ੍ਰਿ:—ਥੋੜਾ ਥੋੜਾ ਪਾਟਣਾ, ਟੁੱਟਣਾ

**ਛਿਹਾਉਣਾ,** ਕ੍ਰਿ:—ਪੜਵਾਉਣਾ (ਕਪੜਾ, ਜੁੱਤੀ)॥

**ਛਿੱਕ,** ਸ: 'ਨਿੱਛ' ਵੇਖੋ, ਖਿੱਚ (ਆਉਣੀ)

**ਛਿੱਕਣਾ,** ਕ੍ਰਿ:—ਨਿੱਛ ਮਾਰਨੀ, ਖਿੱਚਣਾ, ਧੂਹਣਾ, ਪੀਣਾ, ਲੈਣਾ।

**ਛਿਕਵਈਯਾ,** ਪੁ: ਛਿੱਕਣ ਵਾਲਾ।

**ਛਿਕੜਾ,** ਪੁ: ਗੱਡਾ, ਰੇੜ੍ਹੀ ॥

**ਛਿਕੜੀ,** ਸ:—ਕੌਡੀਆਂ ਦੀ ਇੱਕ ਖੇਡ, ਪਿਲਛੀ ਦੀ ਟੋਕਰੀ।

**ਛਿੱਕਾ,** ਪੁ:—ਰੱਸੀਆਂ ਦਾ ਗੋਲ ਜਾਲ ਜੇਹਾ ਟੰਗਣ ਜਿਸ ਵਿੱਚ ਚੀਜ਼ ਰੱਖ ਛੱਡਦੇ ਹਨ ਅਤੇ ਲਟਕਦਾ ਰਹਿੰਦਾ ਹੈ ॥



**ਛਿਕਾਉਣਾ,** ਕ੍ਰਿ:—ਛਿੱਕਣ ਦਾ ਕੰਮ ਕਰਾਉਣਾ ॥

**ਛਿੱਕੀ,** ਸ:—ਨਿੱਕਾ ਛਿੱਕਾ, ਰਬੜ ਦੇ ਗੇਂਦ ਨਾਲ ਖੇਡਣ ਵਾਲਾ ਤੰਦੀ ਦਾ ਥੈਲਾ ॥

**ਛਿੱਕੁਲੀ,** ਸ:, **ਛਿੱਕੂ,** ਪੁ: } ਛੋਟੀ ਜੇਹੀ ਟੋਕਰੀ ॥

**ਛਿੱਗਾ,** ਵਿ:—ਛੇਆਂ ਦੰਦਾਂ ਵਾਲਾ (ਪਸ਼ੂ), ਜਿਸ ਨੂੰ ਛੇਵਾਂ ਵਰ੍ਹਾ ਚੜ੍ਹੇ।

**ਛਿਗੁਣਾ,** ਵਿ:—ਛੇ ਵਾਰ ਗਿਣਿਆ ਹੋਇਆ ॥

**ਛਿੰਗ**, **ਛਿੰਘ** } ਸ: ਦੰਦਾਂ ਦੀ ਮੈਲ ਖੁਰਚ ਕੇ ਕੱਢਣ ਵਾਲੀ ਨੋਕਦਾਰ ਚੀਜ਼ ॥

**ਛਿੱਛਰਾ,** ਪੁ:—ਚੌੜੇ ਪੱਤ੍ਰਾਂ ਵਾਲਾ ਇੱਕ ਬੂਟਾ ॥

**ਛਿਛੜਾ,** ਪੁ:—ਨਰਮ ਜਾਂ ਢਾਲਿਆ ਹੋਇਆ ਮਾਸ, ਜੋੜ ਦੇ ਸਿਰੇ ਦਾ ਮਾਸ ॥

**ਛਿਛੇਹਰਾ,** ਪੁ:—'ਛਛੇਹਰਾ' ਵੇਖੋ।

**ਛਿਛੇਲਣਾ,** ਕ੍ਰਿ:—ਧੋ ਕੇ ਨਿਚੋੜਨਾ, ਸਾਫ ਕਰਨਾ।

**ਛਿੱਜ ਜਾਣਾ**, **ਛਿੱਜਣਾ** } ਕ੍ਰਿ:—ਅਲਗ ਹੋਣਾ, ਨਾਸ ਹੋਣਾ, ਪਾਟਣਾ, ਟੁੱਟਣਾ, ਮਰਨਾ।

**ਛਿਜਾਉਣਾ,** ਕ੍ਰਿ:—ਅਲਗ ਕਰਨਾ, ਨਾਸ ਕਰਨਾ, ਹਟਾਉਣਾ ॥

**ਛਿਜਾਊ,** ਪੁ:—ਉਜਾਊ, ਦੱਤੂ ॥

ਵਿ:—ਛਿਜਣ ਵਾਲਾ ॥

**ਛਿੰਞ,** ਸ:—ਕੁਸ਼ਤੀ, ਭਲਵਾਨਾਂ ਦੇ ਘੋਲ, ਲੜਾਈ (ਪਾਉਣੀ, ਪੈਣੀ) ॥

Digitized by Panjab Digital Library / www.panjabdigilib.org

**ਛਿੱਟ,** ਸਃ—ਪਾਣੀ ਦੀ ਬੂੰਦ, ਛੱਟਾ, ਦਾਗ਼ ॥ ਵਿਃ—ਦਾਗ਼ੀ, ਮੈਲਾ, ਭੈੜਾ, ਫਸਾਦੀ, ਬਗਾੜੂ।

**ਛਿਟਾ,** ਪੁਃ—ਹੱਥ ਦੀ ਸੋਟੀ, ਵੱਡੀ ਛਿਟੀ ।

**ਛਿੱਟਾ,** ਪੁਃ—ਖਲੇਰਾ, ਛਿੜਕਾਉ (ਛੱਟਾ ਜਾ ਪਾਉਣਾ) ॥

**ਛਿਟੀ,** ਸਃ—ਸੋਟੀ, ਛੈਂਤ, ਟਾਹਣੀ ॥

**ਛਿੜੀ, ਛਿੱਦੀ,** ਸਃ—ਕਪਾਹ ਦਾ ਕੂੜਾ, ਬਲਗਮ, ਛਾਹ ਦੀ ਮੈਲ ।

**ਛਿਣਕਣਾ,** ਕ੍ਰਿਃ ਪਾਣੀ ਆਦਿਕ ਦੇ ਛੱਟੇ ਮਾਰਨੇ, ਵੰਡਣਾ, ਦਾਨ ਕਰਨਾ, ਹੱਥ ਛਿਣਕਣਾ, ਕ੍ਰਿਃ—ਖੁਲ੍ਹੇ ਜੀ ਨਾਲ ਦਾਨ ਕਰਨਾ ॥

**ਛਿਣਕਾ, ਛਿਣਕਾਉ,** ਪੁਃ—ਛਿਣਕਣ ਦਾ ਕੰਮ ।

**ਛਿਣਕਾਉਣਾ,** ਕ੍ਰਿਃ—ਛਿਣਕਣ ਦਾ ਕੰਮ ਕਰਾਉਣਾ ।

**ਛਿਣੀ ਛਿਣੀ,** ਵਿਃ—ਟੋਟੇ ਟੋਟੇ (ਹੋਣਾ, ਕਰ ਦੇਣਾ)

**ਛਿੱਤਰ,** ਪੁਃ—ਪੁਰਾਣਾ ਅਤੇ ਘਸਿਆ ਹੋਇਆ ਜੁੱਤੀ ਦਾ ਪੈਰ ।

**ਛਿੱਤਰ ਖਾਣੇ,** ਕ੍ਰਿਃ—ਛਿੱਤਰਾਂ ਦੀ ਮਾਰ ਪੈਣੀ, ਨਿਰਾਦਰੀ ਹੋਣੀ ॥

**ਛਿੱਤਰ ਪੌਲਾ ਹੋਣਾ,** ਕ੍ਰਿਃ—ਲੜਾਈ ਕਰਨਾ, ਮਾਰ ਕਟਾਈ ਕਰਨਾ ॥

**ਛਿੱਤਰ ਮਾਰਨੇ, ਛਿੱਤਰ ਲਾਉਣੇ,** ਕ੍ਰਿਃ—ਜੁੱਤੀਆਂ ਮਾਰਨੀਆਂ, ਪਤ ਲਾਹੁਣੀ, ਝਾੜ ਪਾਉਣੀ ।

**ਛਿਤਰਨਾ,** ਕ੍ਰਿਃ—ਖਿੰਡਰਨਾ, ਫੈਲਣਾ ॥

**ਛਿਤਰਾਉਣਾ,** ਕ੍ਰਿਃ—ਛਿਤਰ ਮਾਰਨੇ, ਖਲੇਰਨਾ ॥

**ਛਿਤਰਾਲ,** ਸਃ—ਛਿਤਰਾਂ ਦੀ ਮਾਰ, ਝਾੜ ॥

**ਛਿਤੜਾਉਣਾ,** ਕ੍ਰਿਃ—ਪੈਰਾਂ ਨਾਲ ਲਤੜਵਾਉਣਾ ॥

**ਛਿੱਥਾ,** ਵਿਃ—ਖਿਝਿਆ ਹੋਇਆ, ਗੁੱਸੇ, ਸ਼ਰਮਿੰਦਾ (ਹੋਣਾ) ॥

**ਛਿਦਣਾ,** ਕ੍ਰਿਃ—ਛੇਕ ਨਿੱਕਲਣਾ, ਵਿੰਨ੍ਹੇ ਜਾਣਾ ॥

**ਛਿੱਦਰ,** ਪੁਃ—ਛੇਕ, ਐਗਣ, ਦੋਸ਼, ਛਲ, ਪਖੰਡ ॥

**ਛਿਦਰਾ, ਛਿੱਦਾ,** ਵਿਃ—ਛੇਕਾਂ ਵਾਲਾ, ਜਿਸ ਵਿਚ ਵਿੱਥ ਹੋਵੇ ॥

**ਛਿਦਰੇ, ਛਿੱਦੇ,** ਵਿਃ—(ਬਹੁਃ ਬਃ) ਵਿਰਲੇ (ਦੰਦ) ।

**ਛਿਦਵਾਉਣਾ,** ਕ੍ਰਿਃ—ਛੇਕ ਕਢਾਉਣਾ, ਵਿਨ੍ਹਾਉਣਾ ॥

**ਛਿਦਵਾਈ,** ਸਃ—ਛੇਕ ਕੱਢਣ ਦਾ ਕੰਮ ਜਾਂ ਮਜੂਰੀ ॥

**ਛਿੱਦਾ,** ਵਿਃ—'ਛਿਦਰਾ' ਵੇਖੋ ॥

**ਛਿਦਾਉਣਾ,** ਕ੍ਰਿਃ—ਛੇਕ ਕਢਾਉਣਾ, ਅਲਗ ਕਰਾਉਣਾ ॥

**ਛਿਦਾਈ,** ਸਃ—ਛੇਕ ਕੱਢਣ ਦਾ ਕੰਮ ਜਾਂ ਮਜੂਰੀ ॥

**ਛਿੱਦੀ,** ਸਃ—'ਛਿੜੀ' ਵੇਖੋ ॥

**ਛਿਨ, ਛਿਨ ਭਰ, ਛਿਨ ਮਾਤ੍ਰ,** ਪੁਃ—ਪਲ, ਬਹੁਤ ਥੋੜਾ ਚਿਰ, ਅੱਖ ਦੀ ਝਮਕ, ਖਿਣ, ਰਾਤ ਮਿੰਟ ॥

**ਛਿੰਨ ਭਿੰਨ,** ਵਿਃ—ਟੋਟਿਆ ਟੋਟਿਆ ਹੋਇਆ, ਨਾਸ ਕੀਤਾ ਹੋਇਆ, ਖਲੇਰਿਆ ਹੋਇਆ ॥

**ਛਿਪਕਲੀ,** ਸਃ—ਕੋੜ੍ਹ ਕਿਰਲੀ ॥

Digitized by Panjab Digital Library | www.panjabdigilib.org

**ਛਿਪਣਾ,** ਕ੍ਰਿ:—ਲੁਕਣਾ, ਟਿਬਣਾ, ਮੂੰਹ ਕੱਜਣਾ, ਅਸਤ ਹੋਣਾ ( ਸੂਰਜ ਆਦਿਕ ਦਾ ) ॥

**ਛਿਪ ਛਿਪਕੇ,** ਕ੍ਰਿ: ਵਿ:—ਚੋਰੀ ਚੋਰੀ, ਅੰਦਰਲੇ ਖਾਨੇ ॥

**ਛਿਪਾਉ,** ਪੁ:—ਲੁਕਾਉ, ਓਹਲਾ ॥

**ਛਿਪਾਉਣਾ,** ਕ੍ਰਿ:—ਲੁਕਾਉਣਾ, ਕੱਜਣਾ, ਓਹਲਾ ਕਰਨਾ ॥

**ਛਿੱਬੀ,** ਸ:—ਧਮਕੀ, ਡਰਾਵਾ, ਮੇਹਣਾ (ਵੇਂਣਾ) ॥

**ਛਿਮਾਹੀ, ਛਿਮਾਹੀਂ** } ਸ:—ਛੇ ਮਹੀਨੇ, ਛਿਆਂ ਮਹੀਨਿਆਂ ਦੀ ਤਲਬ, ਮਰਨ ਤੋਂ ਛੇ ਮਹੀਨੇ ਪਿੱਛੇ ਦੀ ਕਿਰਿਆ ॥

**ਛਿਰਕਾ,** ਪੁ:—ਛੋਟਾ ਰਸਤਾ, ਪਾਂਹਆ, ਡੰਡੀ ॥

**ਛਿਰਛਿਰਾ,** ਵਿ: ਪੁ:—ਛੇਕਾਂ ਵਾਲਾ, ਜਾਲੀ ਵਰਗਾ ਪਤਲਾ ਕਪੜਾ ।

**ਛਿਰੁ ਛਿਰੁ,** ਵਿਸਮਯ:—ਬਿੱਲੀ ਨੂੰ ਪਰੇ ਹਟਾਉਣ ਦੀ ਅਵਾਜ ॥

**ਛਿਰੇ,** ਵਿਸਮਯ:—ਬਿੱਲੀ ਨੂੰ ਕੱਢਣ ਦੀ ਅਵਾਜ ।

**ਛਿੱਲ (ਛਿੱਲਕ), ਛਿਲਕ (ਛਿਲਕਾ)** } ਪੁ:—ਸ:—ਸੱਕ, ਛਿੱਲੜ ।

**ਛਿੱਲਣਾ,** ਕ੍ਰਿ:—ਛਿੱਲ ਉਤਾਰਨੀ, ਕੱਟਣਾ, ਚੁੱਭਵੀਂ ਗੱਲ ਕਰਨੀ ॥

**ਛਿਲਤ, ਛਿੱਲਤ, ਛਿਲਤਰ** } ਸ:—ਪਿੰਡੇ ਵਿਚ ਚੁੱਭਾ ਹੋਇਆ ਕੰਡਾ ਜਾਂ ਸਕ, ਲਕੜੀ ਦਾ ਤੌਂਦਾ ॥

**ਛਿੱਲੜ,** ਪੁ:—ਫਲ ਆਦਿਕ ਦਾ ਬਾਹਰਲਾ ਪਰਦਾ, ਸੱਕ। ਤਪਾਇਆ ॥



**ਛਿਲਾ,** ਪੁ:—ਚਾਲੀ ਦਿਨ, ਚਾਲੀਵੇਂ ਦਿਨ ਦੀ ਰੀਤ ॥

**ਛਿਲਾਉਣਾ,** ਕ੍ਰਿ:—ਛਿੱਲ ਉਤਰਵਾਉਣੀ, ਕਟਾਉਣਾ ॥

**ਛਿਲਾਈ,** ਸ:—ਛਿੱਲਣ ਦਾ ਕੰਮ ਜਾਂ ਮਜੂਰੀ ॥

**ਛਿਲਾਰ (ਰੂ),** ਪੁ:—ਨਿੱਕਾ ਮੇਢਾ ਬਕਰੀ ਦਾ ਬੱਚਾ ॥

**ਛਿੜਕਣਾ,** ਕ੍ਰਿ:—ਪਾਣੀ ਤ੍ਰੌਂਕਣਾ, ਛਿੜਕਣਾ ॥

**ਛਿੜਕਾ, ਛਿੜਕਾਉ** } ਪੁ:—ਛਿੜਕਣ ਦਾ ਕੰਮ (ਪਾਣੀ ਆਦਿਕ) ।

**ਛਿੜਕਾ ਛੈਬਾ,** ਪੁ:—'ਕਣ ਮਣ' ਵੇਖੋ ।

**ਛਿੜਕਾਉਣਾ,** ਕ੍ਰਿ:—ਛਿੜਕਣ ਦਾ ਕਮ ਕਰਾਉਣਾ

**ਛਿੜਤ,** ਸ:—ਕੰਮ ਦਾ ਮੁੱਢ, ਅਰੰਭ ਘੋੜੇ ਦਾ ਕੁੱਦਣਾ ॥

**ਛਿੜਨਾ, ਛਿੜਨੀ** } ਕ੍ਰਿ:—ਕੰਮ ਦਾ ਮੁੱਢ ਬੱਝਣਾ, ਘਾਹ ਚਰਨ ਜਾਣਾ, ਵਗਣਾ, ਹੁੰਦਾ ਰਹਿਣਾ, ਖੱਥਣ ਜਾਂ ਰੋਣ ਸਾ ਲੜਨ ਲੱਗ ਪੈਣਾ ॥

**ਛਿੜ੍ਹਮ,** ਸ:—ਨਕਾਰੀ ਗੱਲ ਦਾ ਗੁੱਸਾ, ਖਿਝ (ਛਿੜਨੀ, ਛੁੱਟਣੀ) ।

**ਛਿੜ੍ਹਮੀ,** ਵਿ:—ਜੋ ਛੇਤੀ ਗੁੱਸੇ ਹੋ ਜਾਵੇ, ਖਿਝਣ ਵਾਲਾ ॥

**ਛਿੜਾਉਣਾ,** ਕ੍ਰਿ:—ਸ਼ੁਰੂ ਕਰਾਉਣਾ, ਛੋੜਨ ਦੇਣਾ

**ਛਿੜਾਈ,** ਸ:—ਚਰਾਈ, ਡੰਗਰਾਂ ਨੂੰ ਚਰਨ ਲੈ ਜਾਣ ਦੀ ਮਜ਼ਰੀ ॥

Digitized by Panjab Digital Library | www.panjabdigilib.org

**ਛੀ,** ਵਿ:—ਛੇ, ਇੱਕ ਉੱਤੇ ਪੰਜ ॥

**ਛੀਓ, ਛੀਹ, ਛੀਹੇ** } ਵਿਸਮਯ:—ਡੰਗਰਾਂ ਨੂੰ ਪਾਣੀ ਪਿਆਲਣ ਦੀ ਅਵਾਜ, ਧੋਬੀ ਭੀ ਕਪੜਿਆਂ ਨੂੰ ਫੱਟ ਉੱਤੇ ਮਾਰਨ ਵੇਲੇ 'ਛੀਹ' ਕਹਿੰਦੇ ਹਨ ॥

**ਛੀਛੜਾ, ਛੀਛਾ** } ਪੁ:—ਇੱਕ ਤਰਾਂ ਦੀ ਅੰਬ ਦੀ ਚਟਨੀ

**ਛੀਟ,** ਸ:—ਇਕ ਤਰਾਂ ਦਾ ਛਾਪਿਆ ਹੋਇਆ ਕਪੜਾ ॥

**ਛੀਟਕਾ,** ਵਿ:—ਪੱਕਾ ਪਰ ਪਤਲਾ । ਤਕੜਾ ਪਰ ਲੰਮਾ (ਜੁਆਨ) ॥

**ਛੀਂਡ,** ਪੁ:—ਛੇਕ, ਵਿੱਥ, ਘੇਰਾ ॥

**ਛੀਂਬਣ,** ਸ:—ਛੀਂਬਿਆਂ ਦੀ ਜਾਤ ਦੀ ਤ੍ਰੀਮਤ, ਛੀਂਬੇ ਦੀ ਵਹੁਟੀ ।

**ਛੀਂਬਾ,** ਪੁ:—ਇਕ ਜਾਤ, ਜੋ ਕਪੜੇ ਧੋਂਦੀ ਜਾਂ ਛਾਪਦੀ ਹੈ, ਇਕ ਸੱਪ ।

**ਛੀਂਬੀ,** ਸ:—'ਛੀਂਬਣ' ਵੇਖੋ ॥

**ਛੁਆਉਣਾ,** ਕ੍ਰਿ:—ਛੋਹਣ ਦੇਣਾ, ਨਾਲ ਲਾਉਣਾ ।

**ਛੁਆਈ,** ਸ:—ਛੋਹਣ ਦਾ ਕੰਮ, ਨਾਲ ਲੱਗਣ ਦੇਣਾ,

**ਛੁਹਣਾ, ਛੂਹਣਾ** } ਕ੍ਰਿ:—ਨਾਲ ਲੱਗਣਾ, ਅੜੰਬਣਾ ਹੱਥ ਲਾਉਣਾ, ਛੇੜਨਾ ।

**ਛੁਹਰ, ਛੁਹਰਾ** } ਪੁ:—ਮੁੰਡਾ, ਲੜਕਾ, ਛੋਕਰਾ ॥

**ਛੁਹਰ ਪੁਣਾ,** ਪੁ:—ਬਾਲਾਂ ਦਾ ਖੇਲ, ਅਞਾਣਿਆਂ ਦਾ ਕੰਮ ।

**ਛੁਹਲਾ, ਛੁਹਲਾ** } ਵਿ:—ਚੁਸਤ, ਚਲਾਕ, ਫੁਰਤੀਲਾ ।

**ਛੁਹਾਉਣਾ,** ਕ੍ਰਿ:—ਛੋਹਣ ਦੇਣਾ, ਨਾਲ ਲਾਉਣਾ ।

**ਛੁਹਾਈ,** ਸ:—ਛੋਹਣ ਜਾਂ ਨਾਲ ਲੱਗਣ ਦਾ ਕੰਮ ॥

**ਛੁਹਾਈ ਖਾਣੀ, ਛੁਹਾਈ ਦੇਣੀ** } ਕ੍ਰਿ:—ਛੋਹੇ ਜਾਣਾ, ਹਾਰ ਮੰਨਣੀ, ਵੱਸ ਆਉਣਾ ।

**ਛੁਹਾਰਾ,** ਪੁ:—ਇੱਕ ਰੁੱਖ ਅਤੇ ਉਸ ਦਾ ਮਿੱਠਾ ਫਲ, ਖਜੂਰ ।

**ਛੁਹਾਰਾ ਦੇਣਾ,** ਕ੍ਰਿ:—ਮੁੰਡੇ ਦੇ ਮੂੰਹ ਛੁਹਾਰਾ ਦੇਕੇ ਕੁੜਮਾਈ ਕਰਨੀ ।

**ਛੁਹਾਰਾ ਮਿਲਣਾ,** ਕ੍ਰਿ:—ਮੁੰਡੇ ਦੇ ਮੂੰਹ ਛੁਹਾਰਾ ਮਿਲਕੇ ਕੁੜਮਾਈ ਹੋਣੀ ॥

**ਛੁੱਛ,** ਪੁ:—ਛੁਰੀ ਦੇ ਅਸਰ ਨਾਲ ਮਾਰਿਆ ਹੋਇਆ ਪਾਰਾ ।

**ਛੁਛਕਾਰਨਾ, ਛੁਛਕੇਰਨਾ** } ਕ੍ਰਿ:—ਦੁਰਕਾਰਨਾ, ਕੁੱਤਾ ਮਗਰ ਲਾਉਣਾ ।

**ਛੁਛੁਹਰ,** ਪੁ:—ਮੁੰਡਾ, ਲੜਕਾ ॥

**ਛੁਛੁਹਰ ਪੁਣਾ,** ਪੁ:—'ਛੁਹਰ ਪੁਣਾ' ਵੇਖੋ ।

**ਛੁਛੁਹਰਾ,** ਵਿ:—ਮੁੰਡਿਆਂ ਵਰਗਾ, ਅਞਾਣ ਨਕਾਰਾ ।

**ਛਛੂੰਦਰ, ਛਛੂੰਧਰ** } ਸ:—ਇੱਕ ਤਰਾਂ ਦਾ ਚੂਹਾ ਜਾਂ ਘੀਸ ।

**ਛੁੱਟ,** ਅਵ:—ਬਾਝੋਂ, ਬਿਨਾ, ਸਿਵਾ, ਛੱਡਕੇ ॥

**ਛੁਟਕਾਰਾ,** ਪੁ:—ਖਲਾਸੀ, ਖੁੱਲ੍ਹ, ਬਚਾਉ, ਛੁੱਟੀ, ਮੁਕਤੀ ॥

Digitized by Panjab Digital Library | www.panjabdigilib.org

**ਛੁੱਟਣਾ,** ਕ੍ਰਿ:—ਖੁੱਲ੍ਹ ਹੋ ਜਾਣੀ, ਖਲਾਸੀ ਪਾਣੀ, ਬਚ ਜਾਣਾ, ਛੁੱਟੀ ਮਿਲਣੀ, ਚੁਕਣਾ, ਮਰਨਾ ਚਲਣਾ, ਵਗਣਾ ॥

**ਛੁੱਟੜ,** ਵਿ:—ਜਿਸ ਇਸਤ੍ਰੀ ਨੂੰ ਖਸਮ ਨੇ ਛੱਡ ਦਿੱਤਾ ਹੋਵੇ।

**ਛੁਟਿਆਈ,** ਸ:—ਛੋਟੇ ਹੋਣ ਦਾ ਗੁਣ।

**ਛੁੱਟੀ,** ਸ:—ਖੁੱਲ੍ਹ, ਖਲਾਸੀ, ਵੇਹਲ, ਕੰਮ ਨਾਂ ਹੋਣਾ ॥

**ਛੁਡਵਾਉਣਾ, ਛੁਡਾਉਣਾ** } ਕ੍ਰਿ:—ਛੁੱਟਣ ਦੇਣਾ, ਖਲਾਸੀ, ਕਰਾਉਣੀ, ਕਢਾਉਣਾ (ਸਾ) ਕੁੜਮਾਈ ਹਟਵਾਉਣੀ (ਸਾਕ)

**ਛੁਣਕ ਮੁਣਕ,** ਸ:—ਛਣਕਾਰ, ਚਲਣ ਦੀ ਅਵਾਜ਼ ॥

**ਛੁਣਛੁਣਾ,** ਪੁ:—ਛਣਕਣਾ, ਛਣਕਣ ਵਾਲਾ ਖਡੌਣਾ ॥

**ਛੁਣ ਛੁਣੀਆਂ,** ਸ:—(ਬਹੁ: ਬ:) ਘੋੜੀਆਂ, ਕੜੀਆਂ ॥

**ਛੁੱਤ,** ਕ੍ਰਿ:, ਵਿ:—ਰੋਕ ਟੋਕ ਬਿਨਾ।

**ਛੁੱਥਾ,** ਪੁ:, **ਛੁੱਥੀ,** ਸ: } ਜਿਸ ਨੂੰ ਕੋਈ ਛੂਹ ਜਾਵੇ। ਕ੍ਰਿ:—ਛੋਹਿਆ, ਅਪਵਿਤ੍ਰ।

**ਛੁਪਣਾ,** ਕ੍ਰਿ:—, **ਛੁਪਾਉਣਾ** ਕ੍ਰਿ:— } 'ਛਿਪਣਾ' 'ਛਪਾਉਣਾ' ਵੇਖੋ।

**ਛੁੱਬ (ਬਾ),** ਪੁ: —ਬੰਦ, ਬੰਨ੍ਹਣ ਵਾਲੀ ਚੀਜ਼ (ਪਾਉਣਾ)।

**ਛੁੱਬੀ,** ਸ:—ਛੋਟਾ ਛੁੱਬਾ (ਪਾਉਣੀ) ਵਟਕ

**ਛੁਰ ਹੋ ਜਾਣਾ, ਛੁਰ ਹੋਣਾ** } ਕ੍ਰਿ:—ਤੁਰਦੇ ਮਾਰ ਕੇ ਜਾਣਾ ਜਾਂ ਲੁੱਪ ਹੋ ਜਾਣਾ ॥

**ਛੁਰਕ,** ਸ:—ਛੇਤੀ, ਕਾਹਲੀ, ਸ਼ਤਾਬੀ (ਕਰਕੇ) ॥

**ਛੁਰਕ ਫਰਾਹੀ, ਛੁਰਕ ਬਿਲਾਈ** } ਸ:—ਪੰਖਰੂ ਫੜਨ ਵਾਲਾ ਜਾਲ।

**ਛੁਰਕ ਮੁਰਕ,** ਸ:—ਛੇਤੀ ਛੇਤੀ ਚਲਣ (ਕਰਨਾ)।

**ਛਰਾ,** ਪੁ:—ਇਕ ਤਿੱਖਾ ਕੱਟਣ ਵਾਲਾ ਲੋਹੇ ਦਾ ਹਥਿਆਰ ॥

**ਛੁਰੀ,** ਸ: —ਛੋਟਾ ਛੁਰਾ, ਕਰਦ ॥

**ਛੁਰੇ,** ਵਿਸਮਯ:-ਬਿੱਲੀ ਨੂੰ ਕੱਢਣ ਦੀ ਅਵਾਜ਼ ॥

**ਛੁਲਕਣਾ,** ਕ੍ਰਿ: —ਡਰ ਜਾਣਾ, ਡੁੱਲ੍ਹਣਾ, ਵਗਣਾ, ਪਾਣੀ ਦੇ ਹਿੱਲਣ ਦੀ ਅਵਾਜ਼ ਨਿਕਲਣੀ, ਮਤਰਨਾ ॥

**ਛੂਹਣਾ,** ਕ੍ਰਿ:—ਨਾਲ ਲਗਣਾ, ਹੱਥ ਲਾਉਣਾ ॥

**ਛੂਹਤ,** ਸ: -ਛੋਹ, ਛੂਹਣ ਦਾ ਕੰਮ, ਭਿੱਟ (ਲਗਣੀ) ॥

**ਛੂਛਕ,** ਸ:—ਸੋਟੀ, ਛਿਟੀ, ਬੇਂਤ, ਛਾਂਟਾ ॥

**ਛੂਛਾ,** ਵਿ:—ਨਿਕੰਮਾ, ਥੋਥਾ, ਨਕਾਰਾ, ਖਾਲੀ ॥

**ਛੂਛੀ,** ਸ:—ਬੰਦੂਕ ਦਾ ਉਹ ਹਿੱਸਾ ਜਿਸ ਵਿੱਚ ਗਜ ਜਾਂਦਾ ਹੈ, ਕਟੋਰੀ, ਕੌਲੀ ॥

**ਛੂਟ,** ਸ:—ਜੋ ਕੰਮ ਬਿਨਾ ਵਿਚਾਰੇ ਛੇਤੀ ਛੇਤੀ ਕੀਤਾ ਜਾਵੇ, ਇੱਕੋ ਸਾਹੇ ਦੌੜਣਾ, (ਕਰਨੀ)।

**ਛੂਣ, ਛੂਨ** } ਸ:—ਮਰੜ, ਖੋਜ, ਅਗਲਾ, ਘਰ, ਕੰਸ, ਕਮੀ, ਘਾਟਾ ॥

**ਛੂਣ ਹੋਣੀ,** ਕ੍ਰਿ:—ਘਟ ਜਾਣਾ ॥

Digitized by Panjab Digital Library / www.panjabdigilib.org

**ਛੂਣ ਕਰ ਦੇਣੀ,** ਕ੍ਰਿ: ਘਟਾਉਣਾ ॥

**ਛੂਣ ਮੁਕਾਉਣੀ,** ਕ੍ਰਿ:—ਘਟਾਉਣਾ, ਮੁਕਾਉਣਾ ਖੁਰ ਖੋਜ ਨਾ ਰਹਿਣ ਦੇਣਾ, ਜੜ੍ਹ ਪੁੱਟਣਾ ॥

**ਛੂਤ,** ਸ:—ਛੋਹ, ਭਿਟ (ਲੱਗਣੀ)।

**ਛੂੰਬਰ,** ਪੁ:—ਪੇਂਡੂ, ਗੁਆਰ।

**ਛੇ,** ਵਿ:—ਇਕ ਉੱਤੇ ਪੰਜ, ਛੀ, ੬ ॥

**ਛੇਉਰ,** ਪੁ:—ਕੰਧ ਪੱਕੀ ਕਰਨ ਵਾਸਤੇ ਉਸ ਵਿੱਚ ਜੋ ਲਕੜੀ ਦਾ ਢਾਂਚਾ ਲਾਇਆ ਜਾਵੇ ॥

**ਛੇਓ,** ਵਿ:—ਛੇ ਹੀ, ਸਾਰੇ ਛੇ।

**ਛੇਆ,** ਵਿ:—ਛੇ (ਹਟਵਾਣੀਏ ਅਨਾਜ ਤੋਲਦੇ ਬੋਲਦੇ ਹਨ)।

**ਛੇਈ,** ਵਿ:—ਛੇ ਹੀ, ਸਾਰੇ ਛੇ, ਛੇਓ, ਜਿਤਨੇ ਛੇ।

**ਛੇਕ,** ਪੁ:—ਵਿਰਲ, ਮੋਰੀ, ਖੁੱਡਾ, ਛੀਂਡਾ (ਹੋਣਾ, ਪੈਣਾ) ॥

**ਛੇਕਣਾ,** ਕ੍ਰਿ:—ਛੇਕ ਕਰਨਾ, ਪਾੜਨਾ, ਵਿੰਨ੍ਹ ਕਰਨੀ, ਬਿਰਾਦਰੀ ਤੋਂ ਕੱਢਣਾ ॥

**ਹੁੱਕਾ ਪਾਣੀ ਛੇਕਣਾ,** ਕ੍ਰਿ:—ਜਾਤ ਤੋਂ ਬਾਹਰ ਕਰਨਾ ॥

**ਛੇਕਵਈਆ,** ਪੁ:—ਛੇਕ ਕਰਨ ਵਾਲਾ ॥

**ਛੇਕੜ,** ਅਵ:, ਕ੍ਰਿ:, ਵਿ:—ਪਿੱਛੋਂ, ਓੜਕ, ਅਖੀਰ (ਹੋਣਾ, ਕਰਨਾ) ॥

**ਛੇਕੜਲਾ,** ਪੁ:
**ਛੇਕੜਲੀ,** ਪੁ:
**ਛੇਕੜੀ,** ਸ: } ਜੋ ਛੇਕੜ ਆਵੇ, ਸਭ ਤੋਂ ਪਿੱਛੇ॥

**ਛੇਕਾਉਣਾ,** ਕ੍ਰਿ:—ਛੇਕ ਕਰਾਉਣਾ, ਪੜਵਾਉਣਾ॥



**ਛੇਕੋ ਛੇਕ,** ਵਿ:—ਜਿਸ ਵਿੱਚ ਬਹੁਤ ਛੇਕ ਹੋਣ॥

**ਛੇਜ,** ਸ:—ਬਿਸਮਤਾ, ਵਿਛਾਈ ॥

**ਛੇਜਾ,** ਸ:—ਕ੍ਰਿਆ ਕਰਮ ਕੁੰ ਜੋ ਵਿਛਾਈ ਦੇ ਕਪੜੇ ਅਚਾਰਜ ਨੂੰ ਦਿੱਤੇ ਜਾਂਦੇ ਹਨ।

**ਛੇਤਨਾ**
**ਛੇਤੜਨਾ** } ਕ੍ਰਿ:—ਪੈਰਾਂ ਨਾਲ ਲਤਾੜਨਾ ॥

**ਛੇਤੀ (ਦੀ),** ਕ੍ਰਿ:-ਵਿ:—ਸ਼ਤਾਬੀ, ਝਬਦੇ, ਜਲਦੀ, ਝੱਟ ਪੱਟ ॥

**ਛੇਦ,** ਪੁ:—ਛੇਕ, ਵਿਰਲ, ਮੋਰੀ, ਵਿੱਥ ॥

**ਛੇਦਨਾ,** ਕ੍ਰਿ:—ਛੇਕ ਕੱਢਣਾ, ਮੋਰੀ ਕਰਨੀ ॥

**ਛੇਦਨੀ,** ਸ:—ਚਮੜਾ ਕੱਟਣ ਵਾਲਾ, ਮੋਰੀ ਦਾ ਹਥਿਆਰ ॥

**ਛੇਰ,** ਪੁ:—ਸ:—ਦੰਦਾਂ ਦੇ ਵਿਚਲੇ ਛੇਕ, (ਛੇਰਾਂ ਪੈਣੀਆਂ) ਰਾਤੀਂ ਮੱਝਾਂ ਚਰਾਉਣੀਆਂ (ਛੇਰ ਚਗਾਉਣਾ)

**ਛੇਲਾ,** ਪੁ:
**ਛੇਲੀ,** ਸ: } ਇੱਕ ਸਾਲ ਤੋਂ ਵਧੇਰੀ ਉਮਰ ਦ ਬੱਕਰੀ ਦਾ ਬੱਚਾ ॥

**ਛੇੜ,** ਸ:—ਦੂਜੇ ਨੂੰ ਖਿਝਾਉਣ ਦਾ ਕੰਮ, ਚਿੜ, ਚੰਮਕ।

**ਛੇੜ ਖਾਨੀ ਕਰਨੀ,** ਕ੍ਰਿ:—ਖਿਝਾਉਣਾ, ਸਤਾਉਣਾ, ਛੇੜਨਾ।

**ਛੇੜਨਾ,** ਕ੍ਰਿ:—ਸਤਾਉਣਾ, ਮਖੌਲ ਕਰਨਾ, ਖਿਝਾਉਣਾ, ਛੋਹਣਾ, ਵੱਡਾ ਚੀਰਨਾ, ਗੱਲ ਕਰਨ ਲੱਗਣਾ, ਡੰਗਰਾਂ ਨੂੰ ਚਰਾਉਣ ਲੈ ਜਾਣਾ, ਬਜਾਉਣਾ, ਘੋੜਾ ਦੁੜਾਉਣਾ ॥

**ਛੈ,** ਸ:—ਨਾਸ, ਤਬਾਹੀ, ਬਰਬਾਦੀ ॥

Digitized by Panjab Digital Library / www.panjabdigilib.org

**ਛੈਣਾ,** ਪੁ:
**ਛੈਣੇ,** ਪੁ:(ਬਹੁ: ਬ:) } ਕਾਂਸੀ ਦੀਆਂ ਤਾਸੀਆਂ ਜੇਹੀਆਂ ਜਿਨ੍ਹਾਂ ਨੂੰ ਭਗਤ ਵਜਾਕੇ ਭਜਨ ਗਾਉਂਦੇ ਹਨ ॥

**ਛੈਣੀ,** ਸ:—ਧਾਤਾਂ ਕੱਟਣ ਵਾਲਾ ਇੱਕ ਹਥਿਆਰ ।

**ਛੈਂਤਲ,** ਪੁ:—ਧੋਖਾ, ਫਰੇਬ, ਛਲ, ਮਕਰ ।

**ਛੈਂਤਲ ਬਾਜ,** ਪ:- ਫਰੇਬੀ, ਛਲੀਆ ।

**ਛੈਲ (ਲਾ),** ਵਿ:—ਸੋਹਣਾ, ਸੁੰਦਰ ।

**ਛੈਲ ਛਬੀਲਾ**
**ਛੈਲ ਜੁਆਣ**
**ਛੈਲ ਬਾਂਕਾ** } ਪੁ:—ਸੋਹਣਾ, ਦਰਸਨੀਕ ਮਨੁੱਖ ਜਿਸਨੂੰ ਸਰੀਰ ਦੇ ਸ਼ਿੰਗਾਰ ਦਾ ਸ਼ੌਕ ਹੋਵੇ ।

**ਛੋਹਣਾ,** ਕ੍ਰਿ:—ਨਾਲ ਲੱਗਣਾ, ਹੱਥ ਲਾਉਣਾ, ਟੋਹਣਾ, ਅਰੰਭਣਾ, ਛੇੜਨਾ ।

**ਛੋਹਰਾ,** ਪੁ:
**ਛੋਹਰੀ,** ਸ: } ਮੁੰਡਾ, ਕੁੜੀ, ਲੜਕਾ (ਕੀ) ।

**ਛੋਹਲਾ,** ਵਿ:—ਕਾਹਲਾ, ਸ਼ਤਾਬੀ ਕਰਨ ਵਾਲਾ ॥

**ਛੋਕਰਾ,** ਪੁ:
**ਛੋਕਰੀ,** ਸ: } ਮੁੰਡਾ, ਕੁੜੀ, ਲੜਕਾ (ਕੀ) ।

**ਛੋਛਾ,** ਵਿ:—ਨਿਕੰਮਾ, ਨਕਾਰਾ, ਥੁੱਥ, ਥੋਥਾ, ਖਾਲੀ।

**ਛੋਟ,** ਸ:—ਲੈਹਣੇ ਵਿੱਚੋਂ ਜੋ ਰਕਮ ਛੱਡੀ ਜਾਵੇ, (ਦੇਣੀ)।

**ਛੋਟ ਛੱਡਣੀ,** ਕ੍ਰਿ:—ਖਲਵਾੜੇ ਤੇ ਅਨਾਜ ਚੂਹੜੇ ਵਾਸਤੇ ਛੱਡਣਾ।

**ਛੋਟਾ,** ਵਿ:—ਨਿੱਕਾ, ਥੋੜਾ, ਥੋੜੀ ਉਮਰ ਦਾ, ਹਠਲੇ ਦਰਜੇ ਦਾ, ਸਧਾਰਣ, ਹੌਲਾ, ਕਮੀਨਾ, ਕਮਜੋਰ, ਨਕਾਰਾ ॥

**ਛੋਟਾ ਸਾਹਬ,** ਪੁ:—ਛੋਟੇ ਦਰਜੇ ਦਾ ਅੰਗ੍ਰੇਜ਼ ਅਫ਼ਸਰ ॥

**ਛੋਟਾ ਮੋਟਾ,** ਵਿ:—ਭਾਵੇਂ ਛੋਟਾ ਭਾਵੇਂ ਮੋਟਾ, ਜੇਹਾ ਮਿਲੇ ॥

**ਛੋਟਾ ਵੱਡਾ,** ਵਿ: ਛੋਟਾ ਅਤੇ ਵੱਡਾ, ਸਭ ਲੋਕ ॥

**ਛੋਟਾ ਵਣ,** ਪੁ:—ਇਕ ਰੁੱਖ ਜਿਸ ਦੀ ਲੱਕੜੀ ਦੀ ਮਿਸਵਾਕ ਬਣਦੀ ਹੈ ॥

**ਛੋਟਾਈ,** ਸ:—ਛੋਟੇ ਹੋਣ ਦਾ ਗੁਣ ॥

**ਛੋਟੀ,** ਵਿ:—ਨਿੱਕੀ, ਥੋੜੀ, ਹੌਲੀ, ਨਕਾਰੀ ॥
ਸ:—ਤੀਮਤ ਦਾ ਪਿਸ਼ਾਬ (ਕਰਨੀ) ॥

**ਛੋਟੀ ਲਾਣੀ,** ਸ:—ਇੱਕ ਬੂਟੀ ਜੋ ਊਠ ਖਾਂਦੇ ਹਨ ।

**ਛੋਟੂ,** ਵਿ:—'ਛੋਟਾ' ਵੇਖੋ ॥

**ਛੇਤ,** ਸ:—ਛੇਹ, ਛਿੱਦ ।

**ਛੇਪ,** ਪੁ: ਰੂੰ ਦੀਆਂ ਪੂਣੀਆਂ ਜੋ ਤੀਮਤਾਂ ਕੱਠੀਆਂ ਹੋਕੇ ਰਾਤੀਂ ਛੱਜਾਂ ਵਿੱਚ ਰੱਖ ਆਉਂਦੀਆਂ ਹਨ ਅਤੇ ਦੂਜੇ ਦਿਨ ਕੱਤਦੀਆਂ ਹਨ (ਪਾਉਣਾ) ॥

**ਛੋਲਾ**
**ਛੋੱਲਾ** } ਪੁ:-(ਬਹੁ:ਬ:-ਛੋਲੇ) ਇੱਕ ਅਨਾਜ, ਚਣਾ (ਬੋਲਣ ਵਿਚ 'ਛੌਲ' ਆਉਂਦਾ ਹੈ)।

**ਛੋਲੀਆ**
**ਛੋਲੂਆ** } ਪੁ: ਹਰੇ ਛੋਲੇ ॥

**ਛੋ,** ਪੁ:—ਨਾਂ ਪੂਰੀ ਹੋਈ ਹੋਈ ਇੱਛਿਆ ॥

**ਛੋ ਡੁੱਬਣਾ,** ਕ੍ਰਿ:—ਇੱਛਿਆ ਪੂਰੀ ਹੋਣੀ ॥

Digitized by Panjab Digital Library | www.panjabdigilib.org

**ਛੌਹ,** ਪੁ:—ਘਾਤ, (ਲੈਣਾ, ਮਾਰਨਾ), ਡਰ, ਭਰਮ (ਪੈਣਾ) ॥

**ਛੌਡਾ,** ਪੁ:—ਖੋਤੇ ਖੱਚਰ ਜਾਂ ਟੱਟੂ ਦੀ ਕਾਠੀ, ਸੱਕ ॥

**ਛੌਨਾ,** ਪੁ:—ਕਿਸੇ ਜਨੌਰ ਦਾ ਬੱਚਾ, ਥੌਨਾ, ਮੇਂਡਾ, ਛੇਕੜਾ ॥

**ਛੌਰ,** ਪ:—'ਛਾਉਰਾ' ਵੇਖੋ ॥

## ਜ

**ਜੱ,** ਪੁ:—ਜੱਜਾ, ਗੁਰਮੁਖੀ ਪੈਂਤੀ ਦਾ ਤੇਰ੍ਹਵਾਂ ਅੱਖਰ ॥

**ਜੱਸ,** ਪੁ:—ਵਡਿਆਈ, ਕੀਰਤ (ਕਰਨਾ, ਖੱਟਣਾ, ਦੇਣਾ, ਲੈਣਾ)॥

**ਜਸਤ,** ਪੁ:—ਇੱਕ ਧਾਤ, ਜੋ ਦੋ ਤੇ ਪੂਰਾ ਵੰਡਿਆ ਜਾ ਸਕੇ (ਜਿਹਾਕ ੪,੬,੮ਆਦਿਕ) ॥

**ਜਸਤਾ,** ਪ:—ਦਸਤਾ, ਮੁੱਠਾ, ਧੋਣ ਲੱਗਿਆ ਕੱਪੜਾ ਰਗੜਨਾ।

**ਜਸਤੇ ਪੈ ਜਾਣੇ,** ਕ੍ਰਿ:—ਕੱਪੜਾ ਰੰਗਣ ਵਿਚ ਰੰਗ ਇੱਕੋ ਜਹਾ ਨਾ ਹੋਣਾ।

**ਜਸਤੀ,** ਵਿ:—ਜਸਤ ਦੀ ਬਣੀ ਹੋਈ (ਚੀਜ) ॥

**ਜਸ ਪਤ (ਤੀ)**, **ਜਸ ਵੰਤ** } ਪੁ:—ਜਿਸ ਦਾ ਜਸ ਹੋਵੇ ॥

**ਜਸੋਧਾਂ,** ਸ:—ਨੰਦ ਦੀ ਇਸਤ੍ਰੀ ਜਿਸ ਦੇ ਘਰ ਕ੍ਰਿਸ਼ਨ ਜੀ ਪਲੇ ਸਨ।

**ਜਹਾਜ,** ਪੁ:—ਸਮੁੰਦਰ ਦੀ ਬਹੁਤ ਵੱਡੀ ਬੇੜੀ, ਕੋਈ ਵਡੀ ਤੇ ਖੁੱਲ੍ਹੀ ਚੀਜ਼।

**ਜਹਾਜੀ,** ਪੁ:—ਜਹਾਜ਼ ਚਲਾਉਣ ਵਾਲਾ, ਮਲਾਹ, ਵਿ: ਜਹਾਜ਼ ਦਾ ॥

**ਜਹਾਨ,** ਪੁ:—ਦੁਨੀਆ, ਜੱਗ, ਸੰਸਾਰ, (ਜੀ ਨਾਲ ਜਹਾਨ ਹੈ = ਜੇ ਆਪਣਾ ਜੀ ਚੰਗਾ ਹੋਵੇ ਤਾ ਸਾਰਾ ਸੰਸਾਰ ਚੰਗਾ ਲੱਗਦਾ ਹੈ ) ॥

**ਜਹਾਦ,** ਪੁ:—ਮਜ੍ਹਬ ਵਾਸਤੇ ਜੋ ਲੜਾਈ ਮੁਸਲਮਾਨ ਕਰਦੇ ਹਨ ॥

**ਜਹਾਲਤ,** ਸ:—ਅਗਿਆਨਤਾਈ, ਮੂਰਖਪੁਣਾ।

**ਜਹਿਮਤ,** ਸ:—ਦੁੱਖ, ਪੀੜ, ਰੋਗ, ਖੇਧ ਤਾਪ ॥

**ਜਹਿਮਤਣ,** ਸ:, **ਜਹਿਮਤੀ(ਤੀਆ),** ਪੁ:, **ਜਹਿਮਤੀਲ,** ਪੁ: ਸ: } ਜਿਸ ਨੂੰ ਜਹਿਮਤ ਹੋਵੇ।ਰੋਗੀ॥

**ਜਹਿਰ,** ਪੁ:—ਜਿਸ ਚੀਜ ਨੂੰ ਖਾਣ ਨਾਲ ਕੋਈ ਮਰ ਜਾਵੇ। ਵਿਹੁ ॥

**ਜਹਿਰਬਾਦ,** ਪੁ:—ਘੋੜਿਆਂ ਅਤੇ ਹਾਥੀਆਂ ਦਾ ਇੱਕ ਰੋਗ, ਜਹਿਰ ਵਾਲਾ ਫੋੜਾ ॥

**ਜਹਿਰ ਮਹੁਰਾ,** ਪੁ:—ਜਹਿਰ ਦਾ ਅਸਰ ਹਟਾਉਣ ਵਾਲੀ ਇੱਕ ਦੁਆ ॥

**ਜਹਿਰ ਲਗਣਾ,** ਕ੍ਰਿ:—ਦਿਲ ਨੂੰ ਬੁਰਾ ਮਲੂਮ ਹੋਣਾ ॥

**ਜਹਿਰਣ,** ਸ:, **ਜਹਿਰੀ,** ਪੁ: } ਜਹਿਰ ਵਾਲਾ, ਕ੍ਰੋਧੀ ॥

**ਜਹਿਰੀਲਾ,** ਵਿ:—ਜਿਸ ਵਿੱਚ ਜਹਿਰ ਹੋਵੇ ॥

**ਜਹਿਲੀਂ ਜੱਪੀਂ ਰੋਣਾ,** ਕ੍ਰਿ:—ਬਹੁਤ ਹੀ ਰੋਣਾ ॥

Digitized by Panjab Digital Library / www.panjabdigilib.org

**ਜਕ,** ਸ:—ਸੰਸਾ, ਭਰਮ, ਰੋਕ (ਪੈ ਜਾਣੀ)।

**ਜਕ ਜਾਣਾ,** ਕ੍ਰਿ:—'ਜਕਣਾ' ਵੇਖੋ।

**ਜੱਕ,** ਸ:—ਸ਼ਾਨ ਕਰਨਾ, ਪੇਖਾ ਲੈਣਾ, ਇਰਾਸ ਕਰਨਾ, ਦਬਾਉਣਾ, ਤੰਗ ਕਰਨਾ।

**ਜੱਕ ਦੇਣੀ,** ਕ੍ਰਿ:—ਹਟਾਉਣਾ, ਸ਼ਰਮਿੰਦਾ ਕਰਨਾ, ਨੁਕਸਾਨ ਕਰਨਾ

**ਜਕਣਾ,** ਕ੍ਰਿ:—ਝਿਜਕਣਾ, ਘਾਬਰਣਾ, ਭਰਮ ਕਰਨਾ, ਡਰਨਾ।

**ਜੰਕਸ਼ਨ,** ਪੁ:—ਜਿੱਥੇ ਰੇਲ ਦੀਆਂ ਦੋ ਜਾਂ ਵਧੀਕ ਲੈਣਾਂ ਮਿਲਣ

**ਜੱਕ ਬੰਨ੍ਹਣਾ,** ਕ੍ਰਿ:—ਜੰਮ ਕੇ ਨਿਗਰ ਹੋ ਜਾਣਾ (ਪਾਣੀ, ਆਟਾ)।

**ਜੱਕੜ,** ਪੁ:—ਗੱਪ, ਝੂਠੀਆਂ ਗੱਲਾਂ (ਹੱਕਣੇ, ਮਾਰਨ ਚਾਹਣੇ)

**ਜਕੜਣਾ,** ਕ੍ਰਿ:—ਘੁੱਟ ਕੇ ਬੰਨ੍ਹਣਾ, ਕਾਬੂ ਕਰਨਾ।

**ਜਕੜ ਬੰਦ ਪਾਉਣਾ,** ਕ੍ਰਿ: ਚੰਗੀ ਤਰ੍ਹਾਂ ਬੰਨ੍ਹਣਾ

**ਜਕੜਾਉਣਾ,** ਕ੍ਰਿ:—ਘੁੱਟ ਕੇ ਬਨ੍ਹਵਾਉਣਾ।

**ਜਕੜੀਆਂ,** ਸ:—(ਬਹੁ:ਵ:)—ਭੀਮਤਾਂ ਜਿਨ ਸ਼ੂਲ ਆਪਣੇ ਵਿਚ ਆਉਣ ਕਰਕੇ ਖੇਡਦੀਆਂ ਹਨ ਜੋ ਸਿਰ ਆਦਿਕ ਮਾਰਦੀਆਂ ਹਨ। ਸ਼ੂਨ ਆਦਿਕ ਕੱਢਣ ਦਾ ਰਾਗ (ਜਕੜੀਆਂ ਸੁਣਾਉਣੀਆਂ, ਖੇਡਣੀਆਂ)।

**ਜੱਕਾ,** ਪੁ:—ਇੱਕ ਦੋ ਪਹੀਆਂ ਵਾਲੀ ਗੱਡੀ ਯੱਕਾ।

**ਜਕਾਰਾ,** ਪੁ:—ਉੱਚੀ ਉੱਚੀ ਜੈ ਜੈ ਕਰਨ ਦੀ ਅਵਾਜ਼ (ਬੁਲਾਉਣਾ)।

**ਜੱਕੋ ਤੱਕੋ, ਜੱਕੋਂ ਤੱਕੋਂ,** ਸ:—ਚਿੰਤਾ, ਸੋਚ, ਵਿੱਲ ਮੱਠ, ਸ਼ੱਕ।

**ਜੱਖ,** ਪੁ:—ਇੱਕ ਤਰਾਂ ਦੇ ਦੇਉਤੇ, ਮਹਾਤਮਾ [illegible]।

**ਜੱਖਣਾ,** ਸ:—ਲੱਜਿਆ, ਸੈਂਤ, ਸੰਤੋਖ।

**ਜੱਖਣਾ ਜਾਣਾ,** ਕ੍ਰਿ:—ਸ਼ਰਮ ਹਯਾ ਨਾ ਰਹਿਣੀ।

**ਜਖਮ,** ਪੁ:—ਘਾਉ, ਫੱਟ, ਫੋੜਾ।

**ਜਖਮ ਤੇ ਲੂਣ ਪਾਉਣਾ,** ਕ੍ਰਿ:—ਦੁਖੀਏ ਨੂੰ ਦੁਖ ਦੇਣਾ।

**ਜਖਮਣ,** ਸ:, **ਜਖਮੀ,** ਪੁ: — ਜਿਸ ਨੂੰ ਜਖਮ ਹੋਵੇ।

**ਜਖਮਾਨਾ, ਜਖਮਿਆਨਾ** — ਪੁ: ਲੜਾਈ ਵਿਚ ਜਖਮ ਲੱਗਣ ਜਾਂ ਅੰਗ ਹੀਣ ਹੋਣ ਕਰਕੇ ਸਿਪਾਹੀ ਨੂੰ ਜੋ ਕੁਝ ਬਦਲੇ ਵਿੱਚ ਮਿਲੇ।

**ਜਖੀਰਾ,** ਪੁ:—ਇਕੱਠਾ ਕੀਤਾ ਹੋਇਆ ਮਾਲ, ਖਜਾਨਾ, ਖਲ।

**ਜੱਗ,** ਪੁ:—ਜਹਾਨ, ਸੰਸਾਰ। ਸਾਧਾਂ, ਬ੍ਰਾਹਮਣਾਂ ਗਰੀਬਾਂ ਨੂੰ ਅੰਨ ਛਕਾਣਾ, ਲੰਗਰ (ਜੱਗ ਕਰਨਾ), ਹਵਨ।

**ਜੰਗ,** ਪੁ:—ਲੜਾਈ, ਜੁੱਧ, ਝਗੜਾ।

**ਜਗਜਗਾ,** ਪੁ:—ਪਿੱਤਲ ਦੀ ਚੱਖ ਦੇਣ ਵਾਲੀ ਨਿਕਾਰੀ ਸ਼ੈ।

**ਜਗਜਗਾਟ,** ਸ:—ਚਮਕ, ਲਿਸ਼ਕ, ਸ਼ੋਭਾ।

**ਜਗਤ,** ਪੁ:—ਜੱਗ, ਜਹਾਨ, ਸੰਸਾਰ, ਦੁਨੀਆਂ।

Digitized by Panjab Digital Library / www.panjabdigilib.org

**ਜਗਦੀਸ਼,** ਪੁ:—ਜਗਤ ਦਾ ਮਾਲਕ, ਪਰਮੇਸ਼ਰ।

**ਜਗਨ ਨਾਥ,** ਪੁ: ਪਰਮੇਸ਼ਰ, ਇੱਕ ਦੇਉਤਾ ਜਿਸ ਦਾ ਮੰਦਰ ਉੜੀਸਾ ਦੇਸ ਵਿੱਚ ਸਮੁੰਦਰ ਦੇ ਕੰਢੇ ਹੈ।

**ਜਗਨ ਨਾਥ ਦਾ ਭਾਤ,** ਪੁ:—ਚੌਲ ਜੋ ਜਗਨ ਨਾਥ ਦੇ ਸਾਰਿਆਂ ਜਾਤਾਂ ਦੇ ਜਾਤ੍ਰੀ ਇਕ ਕੁੰਨੀ ਵਿੱਚੋਂ ਖਾਂਦੇ ਹਨ॥

**ਜੰਗਮ,** ਪੁ:—ਇਕ ਤਰਾਂ ਦੇ ਜਟਾਧਾਰੀ ਸਾਧੂ ਜੋ ਟੱਲੀ ਵਜਾਉਂਦੇ ਹਨ।

**ਜਗਮਗ**
**ਜਗਮਗਾਹਟ (ਟ)** } ਸ:—ਚਮਕ, ਲਿਸ਼ਕ ਸ਼ੋਭਾ।

**ਜਗਮਗਾਉਣਾ,** ਕ੍ਰਿ:—ਚਮਕਣਾ, ਲਿਸ਼ਕਣਾ।

**ਜੱਗਰ,** ਪੁ: ਸ:—ਗੁੰਗਾ ਅਤੇ ਬੋਲਾ, ਬੁੱਧੂ॥

**ਜਗਰਤਾ**
**ਜਗਰਾਤਾ**
**ਜਗਰੱਤਾ** } ਪੁ:—ਭਜਨ ਕਰਨ ਲਈ ਜਾਂ ਕੱਤਣ ਲਈ ਸਾਰੀ ਰਾਤ ਜਾਗਣਾ॥

**ਜੰਗਲ,** ਪੁ:—ਬਣ, ਰੁੱਖ, ਝੰਗੀ, ਬੇਲਾ, ਉਜਾੜ, ਟੱਟੀ, ਝਾੜਾ।

**ਜੰਗਲ ਜਾਣਾ,**
**ਜੰਗਲ ਪਾਣੀ ਹੋ ਆਉਣਾ** } ਕ੍ਰਿ: ਬਾਹਰ ਟੱਟੀ ਫਿਰਨ ਜਾਣਾ।

**ਜੰਗਲ ਵਿੱਚ ਮੰਗਲ ਹੋਣਾ,** ਕ੍ਰਿ: ਉਜਾੜ ਵਿੱਚ ਰੌਣਕ ਹੋ ਜਾਣੀ॥

**ਜੰਗਲਾ,** ਪੁ:—ਸੀਖਾਂ ਦੀ ਬਾੜ, ਕਟਹਿਰਾ, ਇੱਕ ਰਾਗਣੀ, ਕਈ ਸੁਰਾਂ ਦਾ ਮੇਲ।

**ਜੰਗਲੀ,** ਪੁ:, ਸ:—ਜੰਗਲ ਦਾ, ਅੱਲ੍ਹੜ, ਮੂਰਖ, ਜਿਥੇ ਖੇਤੀ ਨਹੀਂ॥

**ਜੱਗਵੇਦੀ,** ਸ:—ਵੇਦੀ ਜਿੱਥੇ ਜੱਗ ਜਾਂ ਹਵਨ ਹੋਵੇ।

**ਜਗਾ**
**ਜੱਗਾ** } ਸ:—ਥਾਂ, ਠਿਕਾਣਾ ਨਾਹਰ, ਅਸਾਮੀ।

**ਜਗਾਉਣਾ**
**ਜਗਾਣਾਂ** } ਕ੍ਰਿ: ਨੀਂਦ੍ਰ ਤੋਂ ਉਠਾਲਣਾ ਸਚੇਤ ਕਰਨਾ, ਅੱਗ ਆਦਿਕ ਬਾਲਣੀ।

**ਜਗਾਈ,** ਸ:—ਜਗਾਉਣ ਦਾ ਕੰਮ ਜਾਂ ਮਜੂਰੀ।

**ਜਗਾਤ,** ਸ:—ਮਸੂਲ (ਦੇਣੀ, ਲੈਣੀ)॥

**ਜਗਾਤ ਖਾਨਾ,** ਪੁ: ਜਿੱਥੇ ਮਸੂਲ ਲਿਆ ਜਾਵੇ।

**ਜਗਾਤਣ,** ਸ:
**ਜਗਾਤੀ (ਤੀਆ),** ਪੁ: } ਜੋ ਮਸੂਲ ਲਏ॥

**ਜੰਗਾਲ,** ਪੁ: ਲੋਹੇ ਦੇ ਸਲ੍ਹਾਬੇ ਕਰਕੇ ਜੋ ਲਾਲ ਮੈਲ ਜੰਮ ਜਾਂਦੀ ਹੈ (ਲਗਣਾ)॥

**ਜੰਗਾਲੀ** ਵਿ: ਜਿਸ ਨੂੰ ਜੰਗਾਲ ਲਗਾ ਹੋਵੇ।

**ਜੰਗਾਲੀ ਜੰਦਰੇ ਖੁੱਲ੍ਹਣਾ,** ਕ੍ਰਿ:—ਵਿਆਹ ਹੋਕੇ ਘਰ ਵਸਣਾ।

**ਜੰਗੀ,** ਪੁ: ਜੰਗ ਕਰਨ ਵਾਲਾ। ਵਿ:—ਜੰਗ ਦਾ (ਫੌਜ, ਬੇੜਾ, ਜਹਾਜ)।

**ਜੰਗੀ ਲਾਟ,** ਪੁ:—ਸਭ ਤੋਂ ਵੱਡਾ ਫੌਜੀ ਅਫਸਰ॥

**ਜਗੀਰ,** ਸ:—ਸਰਕਾਰ ਵੱਲੋਂ ਇਨਾਮ ਵਿੱਚ ਮਿਲੀ ਹੋਈ ਜਮੀਨ ਜਾਂ ਇਲਾਕਾ॥

**ਜਗੀਰਦਾਰ,** ਪੁ:
**ਜਗੀਰਦਾਰਨੀ,** ਸ: } ਜਿਸ ਨੂੰ ਜਗੀਰ ਮਿਲੀ ਹੋਈ ਹੋਵੇ।

Digitized by Panjab Digital Library | www.panjabdigilib.org

**ਜਗੀਰਦਾਰੀ,** ਸ਼ਃ—ਜਗੀਰ ਮਿਲੀ ਹੋਈ ਹੋਣੀ॥

**ਜਗੀਰਿਆ ਜਾਣਾ, ਜਗੀਰਨਾ** } ਕ੍ਰਿਃ—ਅਕੜਪਚ ਹੋ ਜਾਣਾ (ਮਨੁੱਖਾਂ ਨੂੰ), ਜੋੜਾਂ ਵਿਚ ਪੀੜ ਹੋਣੀ (ਘੋੜਿਆਂ ਨੂੰ)॥

**ਜਗੋਟਾ,** ਪੁਃ ਗੁੰਦੇ ਹੋਏ ਵਾਲਾਂ ਦੀ ਜੰਜੀਰੀ ਜੋ ਫਕੀਰ ਲਕ ਦੇ ਗਿਰਦੇ ਪਾਉਂਦੇ ਹਨ॥

**ਜੰਘ,** ਸ਼ਃ—ਲੱਤ, ਟੰਗ, ਪੱਟ॥

**ਜਚਣਾ,** ਕ੍ਰਿਃ—ਪਰਖਿਆ ਜਾਣਾ, ਜਾਚ ਹੋਣੀ, ਫਿਜਕਣਾ॥

**ਜਚਦਈਆ,** ਪੁਃ—ਜਿਸ ਨੂੰ ਜਾਚ ਹੋਵੇ, ਜਾਚ ਵਾਲਾ॥

**ਜੱਚਾਂ,** ਸ਼ਃ—ਜਿਸ ਤ੍ਰੀਮਤ ਨੇ ਬੱਚਾ ਜਣਿਆ ਹੋਵੇ॥

**ਜੱਚਾਂ ਖਾਨਾ,** ਪੁਃ—ਜਿਸ ਕੋਠੇ ਵਿਚ ਜੱਚਾਂ ਪਈ ਹੋਵੇ॥

**ਜਚਾਉਟ,** ਸ਼ਃ—ਜਾਚ, ਪਰਖ, ਸਬੂਤ, ਅੰਦਾਜ਼ਾ॥

**ਜਚਾਉਣਾ,** ਕ੍ਰਿਃ—ਜਾਚ ਕਰਾਉਣੀ, ਮਲੂਮ ਹੋਣ ਦੇਣਾ, ਸੁਝਾਉਣਾ।

**ਜੱਜ,** ਪੁਃ—ਕਚਹਿਰੀ ਵਿੱਚ ਨਿਆਉਂ ਕਰਨ ਵਾਲਾ ਹਾਕਮ॥

**ਜੰਜ,** ਸ਼ਃ—ਜਨੇਤ, ਵਿਆਹੁਣ ਗਏ ਹੋਏ ਲੋਕਾਂ ਦੀ ਮੰਡਲੀ॥

**ਜਜਮਾਨ,** ਪੁਃ, **ਜਜਮਾਨਣੀ,** ਸ਼ਃ } ਬ੍ਰਾਹਮਣ ਕੋਲੋਂ ਜੋ ਪੂਜਾ ਆਦਿਕ ਕਰਾਏ, ਪਰੋਹਤ ਨਾਈ ਆਦਿਕ ਲਾਗੀਆਂ ਨੂੰ ਦਾਨ ਦੇਣ ਵਾਲਾ (ਵਾਲੀ)॥

**ਜਜਮਾਨੀ ਪਰੋਹਤ,** ਪੁਃ—ਜੋ ਮੁੱਢ ਤੋਂ ਕੁਲ ਦਾ ਪਰੋਹਤ ਹੋਵੇ॥

**ਜਜਮਾਨੀ ਪਰੋਹਤੀ,** ਸ਼ਃ—ਜਜਮਾਨ ਪਰੋਹਤ ਹੋਣ ਦਾ ਕੰਮ।

**ਜਜਮਾਲਣਾ,** ਕ੍ਰਿਃ—ਉਦਾਸ ਹੋਣਾ, ਦਿਲ ਢਹਿਣਾ॥

**ਜੱਜਾ,** ਪੁਃ—ਗੁਰਮੁਖੀ ਪੈਂਤੀ ਦੇ ਤੇਰ੍ਹਵੇਂ ਅੱਖਰ ਦਾ ਨਾਉਂ, 'ਜ'॥

**ਜਜਾਇਲ,** ਸ਼ਃ—ਇੱਕ ਤਰਾਂ ਦੀ ਵੱਡੀ ਬੰਦੂਕ॥

**ਜਜਾਇਲਚੀ, ਜਜਾਇਲੀ** } ਪੁਃ—ਜਜਾਇਲ ਵਰਤਣ ਵਾਲਾ ਸਿਪਾਹੀ॥

**ਜੰਜਾਲ,** ਪੁਃ—ਦੁਖ, ਔਖ, ਫੰਦਾ, ਫਾਹੀ, ਮਰੀ।

**ਜੰਜਾਲਣ,** ਸ਼ਃ, **ਜੰਜਾਲੀ** ਪੁਃ } ਜੋ ਜੰਜਾਲ ਪਾਏ, ਉਪੱਦਰੀ॥

**ਜੱਜੀ,** ਸ਼ਃ—ਵਡੀ ਅਦਾਲਤ॥

**ਜੰਜੀਰ,** ਪੁਃ—ਸੰਗਲ, ਕੜੀਆਂ ਦੀ ਲੜੀ॥

**ਜੰਜੀਰਾ,** ਪੁਃ—ਸਰਬੰਧ, ਲੜੀ, ਦੋ ਅਡ ਅੱਡ ਰੰਗਾਂ ਦੀਆਂ ਧੱਗਾਂ ਕੱਠੀਆਂ ਲਪੇਟੀਆਂ ਹੋਈਆਂ।

**ਜੰਜੀਰਾ ਬੰਦੀ,** ਸ਼ਃ—ਹੌਜ ਨੂੰ ਦਰਜੇ ਵਾਰ ਸਜਾਉਣ ਦਾ ਕੰਮ (ਕਰਨੀ)।

**ਜੰਜੀਰੀ,** ਸ਼ਃ—ਛੋਟਾ ਜੰਜੀਰ, ਜੰਜੀਰ ਵਰਗੀ ਕੈਂਠੀ॥

**ਜੰਜੀਰੀ ਦਾਰ,** ਵਿਃ—ਜੰਜੀਰੀ ਵਾਲਾ, ਜੰਜੀਰੀ ਵਰਗਾ॥

ਪੁਃ—ਜੰਜੀਰੀ ਵਾਲੇ ਤੋਪ ਦੇ ਗੋਲੇ॥

**ਜੰਞ,** ਸ਼ਃ—'ਜੰਜ' ਵੇਖੋ॥

**ਜੰਞੂ, ਜੰਵੂ** } ਪੁਃ—ਜਨੇਊ, ਉੱਚੀਆਂ ਜਾਤਾਂ ਦੇ ਹਿੰਦੂ ਜੋ ਧਾਗਾ ਗਲ ਪਾਉਂਦੇ ਹਨ॥

Digitized by Panjab Digital Library | www.panjabdigilib.org

**ਜਟ,** ਸ਼ਃ—ਜਟਾ, ਫਕੀਰਾਂ ਦੇ ਗੁੰਦੇ ਹੋਏ ਵਾਲ ॥

**ਜੱਟ,** ਪੁਃ—ਜਿਮੀਦਾਰਾਂ ਦੀ ਜਾਤ, ਕਿਰਸਾਨ ॥

**ਜੱਟ ਜੱਫਾ,** ਪੁਃ—ਅਨਿ ਵਾਹ ਘੁੱਟਕੇ ਨੱਪਣਾ।

**ਜੱਟ ਬਿੱਦਿਆ**
**ਜੱਟ ਵਿੱਦਿਆ** } ਸ਼ਃ—ਜੱਟਾਂ ਦੀ ਉਸਤਾਦੀ, ਛਲ ॥

**ਜੱਟ ਬਹਿੜ**
**ਜੱਟ ਬੂਟ**
**ਜੱਟ ਵਹਿੜ** } ਵਿਃ—ਜਾਹਲ, ਅਨਾੜੀ, ਗੁਆਰ, ਬੇ ਢੌਲ।

**ਜੱਟ ਵਾਹਦ**
**ਜ਼ੱਟ ਵਾਧ** } ਪੁਃ, ਸ਼ਃ ਜਟ ਲੋਕ (ਹੱਸਣ ਦੀ ਬੋਲੀ)।

**ਜਟਕਾ, ਪੁਃ**
**ਜਟਕੀ, ਸ਼ਃ** } ਜੱਟ ਦਾ (ਦੀ), ਗੁਆਰ।

**ਜਟਕੀ ਕਟਕੀ,** ਸ਼ਃ—ਜਬਰ ਦਸਤੀ, ਜੁਲਮ ਬੇ ਨਿਆਈਂ ॥

**ਜਟੱਲ,** ਸ਼ਃ—ਝੂਠ, ਗੱਪ, ਬਕਵਾਦ (ਹੱਕਣੀ ਮਾਰਨੀ, ਲਾਉਣੀ) ॥

**ਜੱਟਲ ਕਾਫ਼ੀਆ,** ਪੁਃ—ਝੂਠੀ, ਗੱਪਾਂ ਵਾਲੀ ਕਵਿਤਾ ॥

**ਜਟੱਲ ਨਾਮਾ,** ਪੁਃ—ਝੂਠਾ ਲਿਖਤ

**ਜੈਂਟਲ ਮੈਨ,** ਪੁਃ—ਬਾਕਾ, ਸ਼ੁਕੀਨ, ਫੈਸ਼ਨੇਬਲ ਪੁਸ਼ਾਕ ਵਾਲਾ ॥

**ਜਟੌਲਣ, ਸ਼ਃ**
**ਜਟੌਲੀ, ਪੁਃ** } ਜੋ ਬਕਵਾਦ ਕਰੇ ਅਤੇ [illegible] ਮਾਰੇ ॥

**ਜਟਾ,** ਸ਼ਃ—ਫਕੀਰਾਂ ਦੇ ਗੁੰਦੇ ਹੋਏ, ਵਾਲ, ਲੰਮੇ ਵਾਲ ॥

**ਜਟਾ ਜੂਟ,** ਵਿਃ—ਜਿਸ ਦੇ ਸਿਰ ਉੱਤੇ ਕੇਸਾਂ ਦਾ ਜੂੜਾ ਹੋਵੇ ॥

**ਜਟਾਧਾਰੀ,** ਪੁਃ—ਲੰਮੇ ਵਾਲਾਂ ਵਾਲਾ, ਕੇਸਾਧਾਰੀ॥

**ਜੱਟੀ,** ਸ਼ਃ—ਜੱਟਾਂ ਦੀ ਜਾਤ ਦੀ ਤੀਵੀਂ, ਜਕ ਹੌਂਦੀ [illegible] ਦੀ ਤੀਮਤ।

**ਜਟੂੰਗੜਾ,** ਪੁਃ—ਜੱਟਾਂ ਦਾ ਛੋਟਾ ਜੇਹਾ ਬੱਚਾ (ਘਿਰਣਾ ਵਾਚਕ) ॥

**ਜਟੂਰੀਆਂ,** ਸ਼ਃ—(ਬਹੁਃ ਬਃ) ਛੋਟੇ ਗੁੰਦੇ ਹੋਏ ਵਾਲ।

**ਜੇਠੇਟਾ,** ਪੁਃ—ਜੇਠ ਦਾ ਪੁੱਤ ॥

**ਜੇਠੇਟੀ,** ਸ਼ਃ—ਜੇਠ ਦੀ ਧੀ ॥

**ਜੇਠ,** ਸ਼ਃ—ਨਵੇਂ ਘਰ ਦੀ ਪਰਤਿਸ਼ਟਾ ਜਿਸ ਵਿੱਚ ਬ੍ਰਾਹਮਣ ਜੁਆਲਦੇ ਹਨ ॥

**ਜਠਾਣੀ,** ਸ਼ਃ—ਜੇਠ ਦੀ ਵਹੁਟੀ ॥

**ਜਠੂੱਤ**
**ਜਠੂਤ੍ਰ** } ਪੁਃ—ਜੇਠ ਦਾ ਪੁੱਤ੍ਰ ॥

**ਜਠੇਰਾ,** ਪੁਃ—ਤ੍ਰੀਮਤ ਦੀ ਸਹੁਰੀ ਕੁਲ ਦਾ ਕੋਈ ਵੱਡਾ ਜੋ ਮਰ ਚੁੱਕਾ ਹੋ ਅਤੇ ਜਸ ਦੀ ਘਰ ਵਿੱਚ ਮਾਨਤਾ ਹੁੰਦੀ ਹੈ।

**ਜੰਡ,** ਪੁਃ
**ਜੰਡੀ,** ਸ਼ਃ } ਇਕ ਰੁੱਖ।

**ਜੰਡ ਕਰੀਰ,** ਪੁਃ—ਜਿਸ ਜੰਗਲ ਵਿੱਚ ਜੰਡ ਤੇ ਕਰੀਰ ਦੇ ਰੁੱਖ ਹੋਣ।

**ਜੰਡ ਖੰਡ,** ਪੁਃ—ਉਦਾ ਖਦ, ਹਾਥੀ ਦਾ ਦਦ।

Digitized by Panjab Digital Library / www.panjabdigilib.org

**ਜੰਡੀ ਕੱਪਣਾ** / **ਜੰਡੀ ਵੱਢਣਾ** } ਕ੍ਰਿ:—ਵਿਆਹ ਦੀ ਇੱਕ ਰੀਤ ਜਿਸ ਵਿੱਚ ਲਾੜਾ ਜੰਡ ਦੇ ਰੁੱਖ ਦੀ ਇਕ ਟਾਹਣੀ ਵੱਢਦਾ ਹੈ।

**ਜਣ,** ਪੁ:—ਇਕ ਲੁਟੇਰੀ ਜੰਗਲੀ ਕੌਮ ॥

**ਜਣਤ,** ਪੁ:—ਜੰਤ, ਜੀਵ, ਕੀੜਾ ਮਕੌੜਾ।

**ਜਣਦੇ,** ਪੁ: (ਬਹੁ:) ਜਨਣ ਵਾਲੇ, ਮਾਪੇ ॥

**ਜਣਨਾ,** ਕ੍ਰਿ:—ਜਨਮ ਦੇਣਾ, (ਤੀਮਤ ਦਾ) ਬੱਚਾ ਪੈਦਾ ਕਰਨਾ।

**ਜਣਨੀ,** ਸ:—ਬੱਚਾ ਜਨਣ ਵਾਲੀ, ਮਾਂ ॥

**ਜਣਵਾਉਣਾ,** ਕ੍ਰਿ:—ਬੱਚਾ ਜਮਾਉਣਾ, ਦਾਈ ਦਾ ਕੰਮ ਕਰਨਾ। ਖਬਰ ਦੇਣੀ।

**ਜਣਵਾਈ,** ਸ:—ਦਾਈ ਦਾ ਕੰਮ ਜਾਂ ਮਜ਼ੂਰੀ ॥

**ਜਣਾ,** ਪੁ:—ਆਦਮੀ, ਇਕੱਲਾ ਮਨੁੱਖ।

**ਜਣਾ ਕਣਾ** / **ਜਣਾ ਖਣ** } ਪੁ:—ਹਰ ਕੋਈ, ਭਾਵੇਂ ਵੱਡਾ ਹੋਵੇ ਭਾਵੇਂ ਛੋਟਾ ॥

**ਜਣਾਉਣਾ,** ਕ੍ਰਿ:—'ਜਣਵਾਉਣਾ' ਵੇਖੋ ॥

**ਜਣਾਉਣੀ,** ਸ:—ਪਰਦੇਸ ਵਿੱਚ ਮੋਏ ਹੋਏ ਸਰਬੰਧੀ ਦਾ ਆਪਣੇ ਘਰ ਸਿਆਪਾ ਕਰਨਾ ॥

**ਜਣਾਈ,** ਸ:—'ਜਣਵਾਈ' ਵੇਖੋ ॥

**ਜਣੀ,** ਸ: / **ਜਣੀਆਂ** ਸ: (ਬਹੁ:ਵ:) } ਤੀਮਤ, ਇਕੱਲੀ ਜਨਾਨੀ ॥

**ਜਣੀ ਕਣੀ** / **ਜਣੀ ਖਣੀ** } ਸ:—ਹਰੇਕ ਬੀਬੀ ਭਾਵੇਂ ਵੱਡੀ ਹੋਵੇ ਭਾਵੇਂ ਛੋਟੀ ॥

**ਜਣੇਪਾ,** ਪੁ:—ਬੱਚਾ ਜਨਣ ਦੇ ਦਿਨ ਜਾਂ ਹਾਲਤ ॥

**ਜਤ,** / **ਜਤ ਸਤ** } ਪੁ:—ਕਾਮ ਦੇ ਜੋਰ ਨਾਂ ਜਾਣਾ, ਪਰਾਇਆ ਇਸਤ੍ਰੀ ਜਾ ਪੁਰਖ ਦਾ ਸੰਗ ਨਾ ਕਰਨਾ। (ਰਹਿਣਾ, ਰੱਖਣਾ) ॥

**ਜਤ ਪਾਲਣਾ,** ਕ੍ਰਿ:—ਪਰਾਈ ਇਸਤ੍ਰੀ ਜਾਂ ਪਰਾਏ ਪੁਰਖ ਦਾ ਸੰਗ ਨਾਂ ਕਰਨਾ।

**ਜਤ ਵੰਤ (ਤਾ),** ਵਿ:—ਜਤੀ ਸਤੀ।

**ਜੱਤ,** ਸ:—ਸਰੀਰ ਦੀ ਖੱਲੜੀ ਦੇ ਉੱਪਰ ਦੇ ਵਾਲ।

**ਜਤਨ,** ਪੁ:—ਉੱਦਮ, ਮਿਹਨਤ, ਸੋਚੀ, ਉਪਾਉ ॥

**ਜਤਨੀ,** ਵਿ:—ਜਤਨ ਕਰਨ ਵਾਲਾ ॥

**ਜੰਤ੍ਰ,** ਪੁ:—ਕਲਾ, ਮਸ਼ੀਨ, ਤਬੀਤ, ਗ੍ਰਹਿਆਂ ਦੇ ਵੇਖਣ ਦੀ ਥਾਂ ॥

**ਜੰਤ੍ਰ ਮੰਤ੍ਰ,** ਪੁ:—ਜਾਦੂ, ਟੂਣਾ ॥

**ਜੰਤ੍ਰੀ,** ਪੁ:—ਜੰਤ੍ਰ ਕਰਨ ਵਾਲਾ, ਜਾਦੂ ਗਰ ॥

ਸ:—ਪਤ੍ਰੀ, ਮਹੀਨੇ ਦਿਨ ਥਿੱਤਾਂ ਆਦਿਕ ਦੱਸਣ ਵਾਲੀ ਕਿਤਾਬ ਜਾਂ ਕਾਗਜ਼, ਭਾਰ ਖਿੱਚਣ ਵਾਲਾ ਉਜ਼ਾਰ ॥

**ਜੰਤ੍ਰੀ ਮੰਤ੍ਰੀ,** ਪੁ:—ਜਾਦੂ ਟੂਣਾ ਕਰਨ ਵਾਲਾ ॥

**ਜਤਾਉਣਾ** / **ਜਤਾ ਦੇਣਾ** / **ਜਤਾਨਾ** } ਕ੍ਰਿ:—ਦੱਸ ਦੇਣਾ, ਚੇਤੇ ਕਰਾਉਣਾ, ਖਬਰ ਕਰਨੀ ॥

**ਜਤਾਉਲਾ,** ਵਿ:—ਜਤ ਵਾਲਾ ॥

Digitized by Panjab Digital Library | www.panjabdigilib.org

**ਜਤੀ**
**ਜਤੀ ਸਤੀ** } ਪੁ: ਤੀਮੀ ਦੇ ਨੇੜੇ ਨਾਂ ਜਾਣ ਵਾਲਾ ਪਰਾਈ ਇਸਤ੍ਰੀ ਦਾ ਪੁਰਖ ਦਾ ਸੰਗ ਨਾ ਕਰਨ ਵਾਲਾ ॥

**ਜਤੀ ਮਿਸਾਕ,** ਪੁ:—ਇੱਕ ਬੂਟੀ ॥

**ਜੰਤ**
**ਜੰਤੂ** } ਪੁ:—ਜੀਵ, ਜਨੌਰ, ਪ੍ਰਾਣੀ, ਕੀੜਾ ॥

**ਜਥਾ,** ਯੋ:, ਜੈਹਾ, ਜਿਕੁਰ, ਜਿਵੇਂ ॥

**ਜਥਾ**
**ਜੱਥਾ** } ਪੁ:—ਟੋਲੀ, ਮੰਡਲੀ, ਇਕੱਠ, ਝੁੰਡ ॥

**ਜਥਾਰਥ,** ਵਿ:—ਠੀਕ, ਸੱਚਾ (ਗਜਾਣ, ਵਿੱਦਿਆ) ਕ੍ਰਿ:, ਵਿ:—ਸਚ ਮੁਚ, ਠੀਕ ਠੀਕ ।

**ਜੱਥੇ ਦਾਰ,** ਪੁ:—ਜੱਥੇ ਦਾ ਸਰਦਾਰ, ਆਗੂ।

**ਜੱਥੇ ਬੰਦੀ,** ਸ:—ਜੱਥਾ ਬਨਾਉਣ ਦਾ ਕੰਮ ਜਾਂ ਹਾਲਤ । ਜੱਥੇ ਦਾ ਮੇਲ ॥

**ਜਦ**
**ਜਦਾਂ** } ਕ੍ਰਿ: ਵਿ—ਜਿਸ ਵੇਲੇ ॥

**ਜਦ ਕਦ (ਦੀ)**
**ਜਦ ਕਦੀਂ (ਦੇ)** } ਕ੍ਰਿ: ਵਿ:, ਜੇਹੜੇ ਵੇਲੇ, ਭਾਵੇਂ ਕਿਸੇ ਵੇਲੇ ॥

**ਜਦ ਜਦ,** ਕ੍ਰਿ:, ਵਿ:—ਜਿਸ ਜਿਸ ਵੇਲੇ, ਕਦੇ ਕਦੇ ॥

**ਜੱਦ,** ਸ:—ਕੁਲ, ਘਰਾਣਾ, ਵੱਡੇ ॥

ਵਿ:—ਵੱਡਿਆਂ ਦਾ ।

**ਜੰਦਣਾ,** ਕ੍ਰਿ:—ਘੋੜੇ ਦੇ ਖੁਰੇ ਨੂੰ ਵਾਧੀਆਂ ਕੱਢਕ ਤੇ ਸਾਬਤ ਲਾਕੇ ਪਧੀਆ ਕਰ੍ਹਾਉਣਾ ॥



**ਜੰਦ**
**ਜੰਦਰ** } ਵਿ:, ਪੁ:—ਤਾਰ ਖਿੱਚਣ ਵਾਲਾ ਉਜ਼ਾਰ, ਘਰਾਟ, ਲਕੜੀ ਦਾ ਵੱਡਾ ਪੰਜੇ ਦਾਰ ਹਥਿਆਰ, ਚਾਉਲ ਕੱਢਣ ਵਾਲੀ ਮਸ਼ੀਨ ॥

**ਜੰਦਰਾ**
**ਜੰਦ੍ਰਾ** } ਪੁ:—ਜਿਸ ਚੀਜ਼ ਨਾਲ ਬੂਹਾ ਆਦਿਕ ਪੱਕੀ ਤਰ੍ਹਾਂ ਬੰਦ ਕਰਦੇ ਹਨ (ਦੇਣਾ, ਮਾਰਨਾ, ਲਾਉਣਾ), ਲਕੜੀ ਦਾ ਪੰਜੇਦਾਰ ਹਥਿਆਰ ॥

**ਜੰਦਰੀ**
**ਜੰਦੀ** } ਸ:—ਛੋਟਾ ਜੰਦਰ, ਛੋਟਾ ਜੰਦਰਾ ॥

**ਜੰਦੀ ਖੰਡਾ,** ਪੁ:—ਬੱਘੀ ਦੇ ਪਹੀਏ ਸਾਫ ਕਰਨ ਵਾਲਾ ਖਰਾਦ ।

**ਜੰਦਾ,** ਪੁ:—ਜੰਦਰਾ ਵੇਖੋ ॥

**ਜੰਦਾਰ**
**ਜੰਦਾਲ** } ਪੁ:—ਵਾਹੇ ਦੇਣ ਜਾਂ ਖੱਲ ਲਾਹੁਣ ਵਾਲਾ ਆਦਮੀ, ਨਿਰਦਈ ॥

**ਜੱਦੀ,** ਵਿ: -ਜੱਦ ਦਾ, ਵੱਡਿਆਂ ਦਾ, ਸਾਬੇ ਦਾਦੇ ਦੇ ਵੇਲੇ ਦਾ।

**ਜਦੀ**
**ਜਦੀਂ** } ਕ੍ਰਿ:, ਵਿ:—ਉਸੇ ਵੇਲੇ ਤੋਂ ।

**ਜੰਦੀ,** ਸ: -ਜੰਦਰੀ ਵੇਖੋ ।

**ਜਦੂੰ**
**ਜਦੋਂ** } ਕ੍ਰਿ:, ਵਿ:—ਜਿਸ ਵੇਲੇ ॥

**ਜਦੋਂਕਣਾ,** ਕ੍ਰਿ:, ਵਿ:—ਜਦੋਂ ਤਕ, ਜਿਸ ਵੇਲ ਤੋੜੀ ।

**ਜਨ,** ਪੁ:- ਮਨੁੱਖ, ਆਦਮੀ, ਜਣਾ ॥

**ਜੰਨ,** ਪੁ:—ਭਰਮ, ਜੰਸਾ (ਦੇਣਾ, ਕਰਨਾ) (ਜਿਨ ਰਲਾ ਜਾਂਦਾ ਹੈ, ਜੰਨ ਨਹੀਂ ਜਾਂਦਾ) ॥

Digitized by Panjab Digital Library | www.panjabdigilib.org

**ਜਨਕ,** ਪੁ:—ਇੱਕ ਰਾਜੇ ਦਾ ਨਾਉਂ, ਸੀਤਾ ਦਾ ਪਿਤਾ॥

**ਜਨਕਾ**
**ਜਨਖਾ** } ਪੁ:—ਖੁਸਰਾ, ਹਿਜੜਾ।

**ਜਨਮ,** ਪੁ:—ਜੰਮਣਾ, ਪਰੇਸ਼, ਜੂਨ, ਉਮਰ॥

**ਜਨਮ ਅਸ਼ਟਮੀ,** ਸ:—ਕ੍ਰਿਸ਼ਨ ਜੀ ਦਾ ਜਨਮ ਦਿਨ॥

**ਜਨਮ ਅਸਥਾਨ,** ਪੁ:—ਗੁਰੂਆਂ ਜਾਂ ਹੋਰਨਾਂ ਮਹਾ ਪੁਰਖਾਂ ਦੇ ਜਨਮ ਦੀ ਥਾਂ।

**ਜਨਮ ਸਵਾਰਥ**
**ਜਨਮ ਸੁਆਰਥ** } ਪੁ:—ਚੰਗੀ ਤਰ੍ਹਾਂ ਬਤੀਤ ਕੀਤਾ ਹੋਇਆ ਜੀਵਨ, ਬਾਲਕ ਦੇ ਜਨਮ ਦੀ ਖੁਸ਼ੀ॥

**ਜਨਮ ਸਾਖੀ,** ਸ:—ਸਤ ਗੁਰਾਂ ਦੇ ਜੀਵਨ ਚਰਿਤ੍ਰ। ਮਹਾਂ ਪੁਰਖਾਂ ਦਾ ਜੀਵਨ ਬ੍ਰਿਤਾਂਤ॥

**ਜਨਮ ਕੁੰਡਲੀ,** ਸ:—ਗ੍ਰਹਿਆਂ ਦਾ ਲੇਖਾ ਕਰਕੇ ਬਣਾਇਆ ਹੋਇਆ ਨਕਸ਼ਾ ਜਿਸ ਤੋਂ ਬਾਲਕ ਦੀ ਪਰਾਲਬਧ ਜੋਤਸ਼ੀ ਦੱਸਦੇ ਹਨ।

**ਜਨਮ ਜਨਮ,** ਕ੍ਰਿ:, ਵਿ:—ਕਈਆਂ ਜਨਮਾਂ ਵਿੱਚ॥

**ਜਨਮ ਦਾ ਅੰਨ੍ਹਾ,** ਵਿ:—ਜੇਹੜਾ ਜੰਮਦਾ ਹੀ ਅੰਨ੍ਹਾ ਹੋਵੇ॥

**ਜਨਮ ਦਾਤਾ,** ਪੁ:—ਜਨਮ ਦੇਣ ਵਾਲਾ, ਕਰਤਾਰ॥

**ਜਨਮ ਦਿਨ**
**ਜਨਮ ਦਿਹਾੜਾ** } ਪੁ:—ਜਿਸ ਦਿਨ ਕੋਈ ਜੰਮਿਆ ਹੋਵੇ॥

**ਜਨਮ ਧਾਰਨਾ,** ਕ੍ਰਿ:—ਜੰਮਣਾ॥

**ਜਨਮ ਪਤ੍ਰੀ,** ਸ:—ਜਿਸ ਕਾਗਤ ਉੱਤੇ ਗ੍ਰਹਿਆਂ ਦਾ ਲੇਖਾ ਕਰਕੇ ਬਾਲਕ ਦੀ ਪਰਾਲਬਧ ਲਿਖੀ ਜਾਂਦੀ ਹੈ।

**ਜਨਮ ਭਰ,** ਕ੍ਰਿ:—ਵਿ:—ਸਾਰੀ ਉਮਰ॥

**ਜਨਮ ਭਰਿਸ਼ਟ,** ਪੁ:—ਧਰਮ ਦਾ ਨਾਸ (ਹੋਣਾ ਕਰਨਾ)॥

**ਜਨਮ ਭੂਮ (ਮੀ),** ਸ:—ਜਿਸ ਦੇਸ ਵਿੱਚ ਕਿਸੇ ਦਾ ਜਨਮ ਹੋਯਾ ਹੋਵੇ।

**ਜਨਮ ਮਰਨ,** ਪੁ:—ਜੰਮਣਾ ਅਤੇ ਮਰਨਾ, ਆਵਾ ਗੌਣ।

**ਜਨਮ ਲਗਨ,** ਪੁ:—ਜਨਮ ਦੇ ਵੇਲੇ ਜੋ ਗ੍ਰਹਿਆਂ ਦਾ ਜੋੜ ਹੋਵੇ॥

**ਜਨਮ ਲੈਣਾ,** ਕ੍ਰਿ:—ਜੰਮਣਾ, ਸੰਸਾਰ ਤੇ ਆ ਢੁਕਣਾ॥

**ਜਨਮ ਵਗਾੜਣਾ,** ਕ੍ਰਿ:—ਮੰਦੇ ਕੰਮ ਕਰਨੇ॥

**ਜਨਮਣਾ,** ਕ੍ਰਿ:—ਜੰਮਣਾ, ਜਨਮ ਲੈਣਾ।

**ਜਨਮਾਉਣਾ,** ਕ੍ਰਿ:—ਬੱਚਾ ਜਮਾਉਣਾ, ਦਾਈ ਦਾ ਕੰਮ ਕਰਨਾ॥

**ਜਨਵਰੀ,** ਸ:—ਅੰਗ੍ਰੇਜ਼ੀ ਸਾਲ ਦਾ ਪਹਿਲਾ ਮਹੀਨਾ।

**ਜਨਾ**
**ਜਨਾਹ** } ਪੁ:—ਬੁਰਾ ਕੰਮ, ਪਰਾਈ ਇਸਤ੍ਰੀ ਪੁਰਖ ਦਾ ਸੰਗ।

**ਜਨਾ ਕਾਰ,** ਵਿ:—ਜੋ ਜਨਾ ਕਰੇ॥

**ਜਨਾ ਕਾਰੀ,** ਸ:—ਜਨਾ ਕਰਨਾ, ਬੁਰਾ ਕੰਮ॥

**ਜਬਰ ਜਨਾਹ,** ਪੁ:—ਜਬਰਦਸਤੀ ਜੋ ਜਨਾ ਕੀਤਾ ਜਾਵੇ॥

**ਜਨਾਉਰ,** ਪੁ:—ਜਨੌਰ, ਜੀਵ, ਜੰਤ, ਪ੍ਰਾਣੀ ਮੂਰਖ ਆਦਮੀ॥

Digitized by Panjab Digital Library | www.panjabdigilib.org

**ਜਨਾਹਣ,** ਸ: } ਜ਼ਨਾਹ ਕਰਨ ਵਾਲੀ ਲਾ।
**ਜਨਾਹੀ,** ਪੁ: }

**ਜਨਾਜ਼ਾ,** ਪੁ: ਮੁਸਲਮਾਨ ਦੀ ਲੋਥ ਜਿਸ ਨੂੰ ਦੱਬਣ ਲਈ ਲੈ ਜਾਣ।

**ਜਨਾਜ਼ਾ ਪੜ੍ਹਣਾ,** ਕ੍ਰਿ:-ਮੁਰਦਾ ਦੱਬਣ ਦੇ ਵੇਲੇ ਦੀ ਦੁਆ ਪੜ੍ਹਨੀ॥

**ਜਨਾਤ,** ਪੁ: (ਬਹੁ: ਬ:) ਬਹੁਤ ਸਾਰੇ ਜਿੰਨ।

**ਜਨਾਨ ਖ਼ਾਨਾ,** ਪੁ:—ਘਰ ਦੇ ਅੰਦਰ ਤ੍ਰੀਮਤਾਂ ਦੀ ਥਾਂ।

**ਜਨਾਨ ਮੰਤ੍ਰੀ,** ਸ:—ਜੋ ਮਰਦ ਤ੍ਰੀਮਤਾਂ ਵਾਕਰ ਬੋਲੇ॥

**ਜਨਾਨੜਾ,** ਪੁ:—ਜਨਾਨੀਆਂ ਵਰਗਾ ਮਰਦ, ਕਮਜ਼ੋਰ।

**ਜਨਾਨਾ,** ਪੁ:—ਤ੍ਰੀਮਤ, ਟੱਬਰ, ਵਹੁਟੀ, ਜਨਾਨੜਾ ਮਰਦ।

ਵਿ: ਤ੍ਰੀਮਤ ਦਾ, ਤ੍ਰੀਮਤ ਵਰਗਾ, ਕਮਜ਼ੋਰ।

**ਜਨਾਨਾ ਮਦਰੱਸਾ,** ਪੁ:—ਕੁੜੀਆਂ ਦਾ ਸਕੂਲ।

**ਜਨਾਨੀ,** ਸ: ਤ੍ਰੀਮਤ, ਇਸਤ੍ਰੀ, ਵਹੁਟੀ॥
ਵਿ:—ਤ੍ਰੀਮਤ ਦੀ (ਜੁੱਤੀ, ਬੋਲੀ ਆਦਿਕ)॥

**ਜਨਾਨੀ ਦਾ ਆਲਮ,** ਪੁ:—ਇਕੱਲੀ ਤ੍ਰੀਮਤ। ਤੀਵੀਂ ਮਾਨੀ।

**ਜੰਨੀ,** ਵਿ:—ਜੋ ਜੰਨ ਜਾਂ ਭਰਮ ਕਰੇ।

**ਜਨੂਬ,** ਸ:—ਜਨੂਬ, ਖੁਰਕ, ਜ਼ੋਰ (ਦਲੀ)।

**ਜਨੂਨ,** ਪੁ:—ਪਾਗਲ ਪੁਣਾ, ਸੁਦਾ, ਖੁਸ਼ਕੀ।

**ਜਨੂਨਣ,** ਸ } ਜਿਸ ਨੂੰ ਜਨੂਨ ਹੋਵੇ, ਪਾਗਲ॥
**ਜਨੂਨੀ,** ਪੁ }

**ਜਨੇਊ,** ਪੁ:—ਉੱਚੀ ਜਾਤ ਦੇ ਹਿੰਦੂ ਜੋ ਧਾਗਾ ਗਲ ਪਾਉਂਦੇ ਹਨ॥ ਜੰਞੂ॥

**ਜਨੇਤ,** ਸ:—'ਜੰਞ' ਵੇਖੋ।

**ਜਨੇਤਰ (ੜ)** } ਪੁ: ਜਨੇਤ ਦਾ ਆਦਮੀ, ਜਾਂਞੀ।
**ਜਨੇਤੀ (ਤੀਆਂ)** }

**ਜਨੌਰ,** ਪੁ:—'ਜਨਾਉਰ' ਵੇਖੋ॥

**ਜਪ,** ਪੁ:—ਪਰਮੇਸ਼ਰ ਦਾ ਨਾਉਂ ਜਾਂ ਕੋਈ ਹੋਰ ਧਰਮ ਦੀ ਬਾਣੀ ਘੜੀ ਮੁੜੀ ਕਹਿਣੀ, ਧਿਆਨ, ਪੂਜਾ, ਮਾਲਾ ਫੇਰਨ ਦਾ ਕੰਮ॥

**ਜਪ ਕਰਨਾ,** ਕ੍ਰਿ:—ਪਰਮੇਸ਼ਰ ਦਾ ਨਾਉਂ ਲੈਣਾ ਸ਼ਾਸਤ੍ਰ ਪੜ੍ਹਨਾ, ਪੂਜਾ ਕਰਨੀ।

**ਜਪ ਕਰਾਉਣਾ,** ਕ੍ਰਿ:—ਕੋਈ ਮਨੋਰਥ ਸਿੱਧੀ ਕਰਨ ਲਈ ਬ੍ਰਾਹਮਣ ਕੋਲੋਂ ਗਾਇਤ੍ਰੀ ਆਦਿਕ ਦਾ ਜਪ ਕਰਾਉਣਾ॥

**ਜਪ ਜੀ** } ਸ:—ਗੁਰੂ ਨਾਨਕ ਸਾਹਿਬ ਦੀ ਮਸ਼ਹੂਰ ਬਾਣੀ ਜਿਸ ਦੀਆਂ
**ਜਪ ਨੀਸਾਣ** }
੩੮ ਪੌੜੀਆਂ ਹਨ।

**ਜਪ ਤਪ,** ਪੁ:—ਪੂਜਾ, ਤਪੱਸਿਆ, ਭਗਤੀ।

**ਜਪ ਮਾਲਾ,** ਸ:—ਫੇਰਨ ਵਾਲੀ ਮਾਲਾ॥

**ਜਪਣਾ,** ਕ੍ਰਿ:—ਪਰਮੇਸ਼ਰ ਦਾ ਨਾਉਂ ਲੈਣਾ, ਚੁਪ-ਚਪਾਤੇ ਭਜਨ ਕਰਨਾ, ਮਾਲਾ ਫੇਰਨੀ। ਨਿਗਲ ਜਾਣਾ।

**ਜਪਾਉਣਾ,** ਕ੍ਰਿ:—ਦੂਜੇ ਕੋਲੋਂ ਭਜਨ ਕਰਾਉਣਾ॥

**ਜੱਪਾ ਲੋੱਟਾ,** ਪੁ:—ਜੁਲਾਬ ਲੈਣ ਦੀ ਇੱਕ ਦੁਆ।

**ਜਪੀ,** ਪੁ:—ਜਪ ਕਰਨ ਵਾਲਾ, ਭਗਤ।

Digitized by Panjab Digital Library | www.panjabdigilib.org

**ਜਪੀ ਤਪੀ**, **ਜਪੀ ਤਪੀਆ** } ਪੁ:—ਜੋ ਬਹੁਤ ਜਪ ਤਪ ਕਰੇ।

**ਜੱਪੋ ਲੋਟਾ,** ਪੁ:—ਜੁਲਾਬ ਦੀ ਇੱਕ ਦੁਆ।

**ਜੱਫ,** ਸ:—ਵਾਲਾਂ ਦਾ ਰੀਂਢਲਾ।

**ਜਫ ਬੰਨ੍ਹ ਜਾਣਾ**, **ਜੱਫ ਬੰਨ੍ਹਣਾ** } ਕ੍ਰਿ:—ਵਾਲਾਂ ਵਿੱਚ ਗੰਢਲ ਪੈਣੇ।

**ਜੱਫ ਮੁਜੱਫਾ ਹੋਣਾ,** ਕ੍ਰਿ:—'ਜੱਫੇ ਜੱਫੀ ਹੋਣਾ' ਵੇਖੋ।

**ਜਫਰ,** ਸ:—ਸਖਤੀ, ਔਖ ਬਿਪਤਾ।

**ਜੱਫਲ,** ਵਿ:—ਜਿਸ ਵਿਚ ਇਕ ਦੂਜੇ ਨੂੰ ਫੜਨਾ ਹੋਵੇ (ਕਬੱਡੀ)।

**ਜਫਾ,** ਸ:—ਜੁਲਮ ਸਖਤੀ, ਜਬਰ ਦਸਤੀ।

**ਜਫ਼ਾ ਕਫ਼ਾ,** ਸ:—ਦੁਖ, ਔਖ, ਦੁਰ॥

**ਜਫ਼ਾ ਤਫ਼ਾ ਰੱਟਣੀ**, **ਜਫ਼ਾ ਕਫ਼ਾ ਘਾਲਣੀ** } ਕ੍ਰਿ: ਦੁੱਖ ਸਹਿਣਾ।

**ਜੱਫੜੀ,** ਸ:—'ਜੱਫਾ' ਵੇਖੋ

**ਜੱਫਾ,** ਪੁ:—ਘੁਲਦਿਆਂ ਘੁਲਦਿਆਂ ਜਾਂ ਪਿਆਰ ਨਾਲ ਕਿਸੇ ਨੂੰ ਗਲ ਲਾਉਣਾ (ਪਾਉਣਾ, ਮਾਰਨਾ)॥

**ਅੰਨ੍ਹੇ ਦਾ ਜੱਫਾ**, **ਅੰਨ੍ਹੇ ਵਾਲਾ ਜੱਫਾ** } ਪੁ:—ਘੁੱਟ ਕੇ ਜੋ ਜੱਫਾ ਪਾਇਆ ਜਾਵੇ॥

**ਜੱਫਾ ਪੈਣਾ,** ਕ੍ਰਿ:—ਵੈਰੀ ਦਾ ਕਾਬੂ ਆਉਣਾ॥

**ਜੱਫੀ,** ਸ:—ਘੁੱਟ ਕੇ ਛਾਤੀ ਨਾਲ ਲਾਉਣਾ, ਗਲਵਕੜੀ (ਘੱਤਣੀ, ਪਾਉਣੀ)॥

**ਜੱਫੇ ਜੱਫੀ ਹੋਣਾ,** ਕ੍ਰਿ:—ਘੁਲਣਾ, ਹੱਥੋਪਾਈ ਹੋਣਾ॥

**ਜਬ੍ਹਾ,** ਪੁ:—ਮੱਥਾ, ਇਕਬਾਲ, ਪ੍ਰਤਾਪ, ਮਰਾਤਬਾ॥

**ਜਬਤ**, **ਜਬਤੀ** } ਸ:—ਕਿਸੇ ਦਾ ਮਾਲ ਖੁੱਸ ਜਾਣਾ, ਵਸ, ਕਾਬੂ॥

**ਜਬੰਦ** ਪੁ:—ਰਾਜਾਂ ਦਾ ਉਹ ਲਕੜ ਦਾ ਹਥਿਆਰ ਜਿਸ ਨਾਲ ਪਲਸਤਰਾਂ ਨੂੰ ਕੰਧ ਤੇ ਪੱਧਰਾ ਕਰਦੇ ਹਨ॥

**ਜਬਰ,** ਵਿ:—ਬਹੁਤ ਹੱਛਾ, ਵੱਧ, ਬੜਾ, ਭਾਰੀ ਜਰੂਰੀ, ਸੰਘਣਾ, ਤਕੜਾ॥

**ਜਬਰ ਦਸਤ,** ਵਿ:—ਤਕੜਾ, ਡਾਢਾ, ਜਾਲਮ, ਲਾਇਕ॥

**ਜਬਰ ਦਸਤੀ,** ਸ:—ਜੋਰਾਵਰੀ, ਤਾਕਤ (ਕਰਨਾ)॥

**ਜੱਬਰ,** ਪੁ:—ਭਾਰਾ, ਖੋਟੀ ਕਿਸਮਤ ਲਿਆਉਣ ਵਾਲਾ।

**ਜੱਬਰ ਦਾਣ,** ਪੁ:—ਬਿਪਤਾ ਹਟਾਉਣ ਲਈ ਫਕੀਰਾਂ ਨੂੰ ਕੋਈ ਚੀਜ ਦੇਣੀ॥

**ਜਬਰਾਈਲ,** ਪੁ:—ਮੁਹੰਮਦ ਸਾਹਿਬ ਕੋਲ ਕੁਰਾਨ ਦੀਆਂ ਆਇਤਾਂ ਲਿਆਉਣ ਵਾਲਾ ਫਰਿਸ਼ਤਾ।

**ਜਬਰੀ,** ਸ:—ਜੋਰਾਵਰੀ, ਜੁਲਮ, ਥੁੱਢੀ ਕੀਮਤ॥

**ਜਬਾਨ,** ਸ:—ਜੀਭ, ਬੋਲੀ, ਕਲਾਮ, ਬਚਨ॥

**ਜਬਾਨ ਹਲਾਉਣੀ,** ਕ੍ਰਿ:—ਥੋੜਾ ਜਿਹਾ ਬੋਲਣਾ

**ਜਬਾਣ ਕਰਣੀ,** ਕ੍ਰਿ:—ਕਰਾਰ ਕਰਨਾ, ਬਚਨ ਦੇਣਾ।

**ਜਬਾਣ ਖੋਲ੍ਹਣੀ,** ਕ੍ਰਿ:—ਬਹੁਤ ਬੋਲਣਾ।

Digitized by Panjab Digital Library | www.panjabdigilib.org

**ਜਬਾਣ ਗੰਦੀ ਕਰਨੀ,** ਕ੍ਰਿ:—ਗੰਦੇ ਬਚਨ ਬੋਲਕੇ

**ਜਬਾਣ ਤੜ ਤੜ ਚੱਲਣੀ,** ਕ੍ਰਿ:—ਛੇਤੀ ਛੇਤੀ ਬੋਲਣਾ ॥

**ਜਬਾਣ ਤੇ ਚੜ੍ਹਨਾ,** ਕ੍ਰਿ:—ਕੰਠ ਹੋ ਜਾਣਾ ॥

**ਜਬਾਣ ਤੇ ਰੱਖਣਾ,** ਕ੍ਰਿ:—ਚੱਖਣਾ ॥

**ਜਬਾਣ ਤੇ ਲਿਆਉਣਾ,** ਕ੍ਰਿ:—ਕਹਿਣਾ

**ਜਬਾਣ ਦੱਬ ਕੇ ਕਹਿਣਾ,** ਕ੍ਰਿ:—ਹੌਲੀ ਬੋਲਣਾ ॥

**ਜਬਾਣ ਦੱਬ ਜਾਣੀ**
**ਜਬਾਣ ਦੱਬਣੀ** } ਕ੍ਰਿ:—ਚੁੱਪ ਕਰ ਜਾਣਾ ॥

**ਜਬਾਣ ਦਾ ਚਸਕਾ,** ਪੁ:—ਚੰਗੀਆਂ ਚੀਜਾਂ ਖਾਣ ਦੀ ਚਾਹ ।

**ਜਬਾਣ ਦਾ ਮਿੱਠਾ,** ਵਿ:—ਮਿੱਠੇ ਬਚਨ ਬੋਲਣ ਵਾਲਾ ।

**ਜਬਾਣ ਦੇਣੀ,** ਕ੍ਰਿ:—ਕਰਾਰ ਕਰਨਾ, ਬਚਨ ਦੇਣਾ ॥

**ਜਬਾਣ ਨੂੰ ਮੂੰਹ ਵਿੱਚ ਰੱਖਣਾ,** ਕ੍ਰਿ:—ਨਾ ਬੋਲਣਾ ॥

**ਜਬਾਣ ਫੜਣੀ,** ਕ੍ਰਿ:—ਕਿਸੇ ਨੂੰ ਬੋਲਣ ਨਾ ਦੇਣਾ ।

**ਜਬਾਣ ਫੇਰਨੀ**
**ਜਬਾਣ ਬਦਲਣੀ** } ਕ੍ਰਿ:—ਕਹਕੇ ਮੁੱਕਰ ਜਾਣਾ ।

**ਜਬਾਣ ਬੰਦ ਹੋਣੀ,** ਕ੍ਰਿ:—ਬੋਲ ਨਾ ਸਕਣਾ ।

**ਜਬਾਣ ਬੰਦ ਕਰਨੀ,** ਕ੍ਰਿ:—ਬੋਲਦੇ ਨੂੰ ਚੁੱਪ ਕਰਾ ਦੇਣਾ ॥

**ਜਬਾਣ ਵਿਖਾਉਣੀ,** ਕ੍ਰਿ:—ਹਕੀਮ ਨੂੰ ਜੀਭ ਵਿਖਾਉਣੀ ।

**ਜਬਾਣ ਵੇਖਣੀ,** ਕ੍ਰਿ:—ਹਕੀਮ ਦਾ ਰੋਗੀ ਦੀ ਜੀਭ ਵੇਖਣਾ ॥

**ਮਿੱਠੀ ਜਬਾਣ,** ਸ:—ਮਿਠੇ ਬਚਨ, ਮਧੁਰ ਬਾਣੀ ॥

**ਜਬਾਨੋਂ ਕੱਢਣੀ,** ਕ੍ਰਿ:—ਕਹਿਣਾ, ਬੋਲਣਾ, ਆਖਣਾ

**ਜਬਾਨੀ,** ਵਿ:—ਮੂੰਹੋਂ ਕਹੀ ਹੋਈ ਗੱਲ, ਜੋ ਲਿਖਤ ਵਿਚ ਨਹੀਂ ਆਈ ।

**ਜਬਾਨੀ ਜਮਾ ਖਰਚ,** ਪੁ:—ਫੋਕੀਆਂ ਗੱਲਾਂ (ਅਮਲ ਨਹੀਂ) ।

**ਜਬਾਬ,** ਪੁ:—ਉੱਤਰ, ਨੌਕਰੀ ਛੁੱਟਣੀ, ਨਾਂਹ, ਇੱਕ ਚੀਜ਼ ਦੇ ਮੇਲ ਦੀ ਦੂਜੀ ।

**ਜਬਾਬ ਸਵਾਲ,** ਪੁ:—ਕਹਿਣਾ ਸੁਣਨਾ, ਝਗੜਾ, (ਕਰਨਾ) ।

**ਜਬਾਬ ਹੋਣਾ,** ਕ੍ਰਿ:—'ਜਬਾਬ ਮਿਲਣਾ' ਵੇਖੋ ॥

**ਜਬਾਬ ਕਰਨਾ,** ਕ੍ਰਿ:—ਉੱਤਰ ਦੇਣਾ ॥

**ਜਬਾਬ ਦਾਵਾ,** ਪੁ:—ਮੁਦਈ ਦੇ ਦਾਵੇ ਦਾ ਉੱਤਰ ਦੇਣਾ ।

**ਜਬਾਬ ਦੇਣਾ,** ਕ੍ਰਿ:—ਉੱਤਰ ਦੇਣਾ, ਨਾਂਹ ਕਰਨੀ, ਨੌਕਰੀ ਤੋਂ ਹਟਾਉਣਾ, ਆਪਣੇ ਜੁੰਮੇ ਲੈਣਾ ॥

**ਜਬਾਬ ਨਾਮਾ,** ਪੁ:—ਉਹ ਲਿਖਤ ਜੋ ਸ਼ੀਆ ਮੁਸਲਮਾਨ ਮੁਰਦੇ ਦੀ ਛਾਤੀ ਪੁਰ ਰੱਖਕੇ ਨਾਲ ਦੱਬਦੇ ਹਨ ।

**ਜਬਾਬ ਮਿਲਣਾ,** ਕ੍ਰਿ:—ਨੌਕਰੀ ਤੋਂ ਹਟਾਏ ਜਾਣਾ ॥

Digitized by Panjab Digital Library | www.panjabdigilib.org

ਜਬਾੜਾ, ਪੁ:
ਜਬਾੜੀ, ਸ: } ਜਿਸ ਹੱਡੀ ਵਿੱਚ ਦੰਦ ਲੱਗੇ ਹੁੰਦੇ ਹਨ ॥

ਜੰਬੂ ਦੀਪ, ਪੁ:—ਧਰਤੀ ਦਾ ਇੱਕ ਹਿੱਸਾ ਜਿਸ ਵਿੱਚ ਹਿੰਦੁਸਤਾਨ ਦਾ ਦੇਸ਼ ਹੈ ॥

ਜਬੂਰ ਪੁ:, ਸ:—ਦਾਊਦ ਦੇ ਭਜਨ, ਸੰਨ੍ਹੀ ॥

ਜੰਬੂਰ, ਪੁ:—ਸੰਨ੍ਹੀ, ਚਿਮਟੀ ॥

ਜੰਬੂਰਚਣ, ਸ:—ਜੰਬੂਰਚੀ ਦੀ ਤੀਮਤ ॥

ਜੰਬੂਰਚੀ, ਪੁ:—ਜੰਬੂਰਾ ਚਲਾਉਣ ਵਾਲਾ ॥

ਜੰਬੂਰਾ, ਪੁ:—ਊਠ ਤੇ ਧਰਕੇ ਲੈ ਜਾਣ ਵਾਲੀ ਇੱਕ ਤੋਪ, ਮਦਾਰੀਆਂ ਦਾ ਨਿੱਕਾ ਲੜਕਾ ॥

ਜਬੂਰੀ
ਜਬੂਰਾਆ } ਪੁ:—ਜਬੂਰ ਨੂੰ ਮੰਨਣ ਵਾਲਾ ॥

ਜੱਬੇ ਲੋਟਾ, ਪੁ:—ਜੁਲਾਬ ਦੀ ਇਕ ਦੁਆ ॥

ਜਮ, ਪੁ:—ਮੌਤ ਦਾ ਵਡਾ ਦੇਉਤਾ ॥

ਜਮ ਹੋਕੇ ਚੰਬੜਨਾ, ਕ੍ਰਿ:—ਪਿੱਛਾ ਨਾ ਛੱਡਣਾ ॥

ਜਮ ਕਾਲ, ਪੁ:—ਮੌਤ ਦਾ ਵੇਲਾ ॥

ਜਮ ਜਮ, ਕ੍ਰਿ: ਵਿ:—ਬੜੀ ਖੁਸ਼ੀ ਨਾਲ ॥

ਜਮ ਦੀ ਪੁਰੀ, ਸ:—ਨਰਕ ॥

ਜਮਦੂਤ, ਪੁ:—ਜਮ ਦਾ ਨੌਕਰ, ਮੌਤ ਦਾ ਦੇਉਤਾ

ਜਮ ਰਾਜ ਪੁ:—ਨਰਕਾਂ ਦਾ ਰਾਜਾ ॥

ਜਮ ਲੋਕ, ਪੁ:—ਨਰਕ ॥

ਜੰਮ, ਪੁ:—ਜਨਮ, ਬੱਚਾ, ਉਲਾਦ, ਵਾਧਾ ॥

ਜਮਗਟ
ਜਮਘਟ } ਪੁ:—ਲੋਕਾਂ ਦੀ ਭੀੜ, ਕੱਠ

ਜੰਮਣ, ਪੁ:—ਜਨਮ, ਦੁੱਧ ਦੀ ਜਾਗ ॥

ਜੰਮਣਾ, ਕ੍ਰਿ:—ਮਾਂ ਦੇ ਪੇਟੋਂ ਨਿਕਲਣਾ, ਪੈਦਾ ਹੋਣਾ, ਉੱਗਣਾ, ਫੁੱਟਣਾ, ਵਧਣਾ, ਨਰਮ ਚੀਜ਼ ਦਾ ਸਖ਼ਤ ਬਣ ਜਾਣਾ, ਚੰਬੜਨਾ, ਟਿਕ ਜਾਣਾ ॥

ਜਮਨਾ, ਸ:—ਹਿੰਦੂਆਂ ਦੀ ਇੱਕ ਪਵਿਤ੍ਰ ਨਦੀ ॥

ਜਮਾ, ਸ:—ਕੱਠੀ ਕੀਤੀ ਹੋਈ ਰਕਮ, ਧਨ, ਜ਼ਰ ॥

ਵਿ:—ਕਠਾ ਕੀਤਾ ਹੋਇਆ, ਜੋੜਿਆ ਹੋਇਆ ॥

ਜਮਾਦਾਰ, ਪੁ:—ਫੌਜ ਜਾਂ ਪੁਲਸ ਆਦਿਕ ਦਾ ਇਕ ਦੇਸੀ ਅਫਸਰ। (ਸੂਬੇਦਾਰ ਦੇ ਥੱਲੇ)॥

ਜਮਾਦਾਰਨੀ, ਸ:—ਜਮਾਦਾਰ ਦੀ ਤੀਮਤ।

ਜਮਾਦਾਰੀ, ਸ:—ਜਮਾਦਾਰ ਦਾ ਹੁੱਦਾ ॥

ਜਮਾ ਬੰਦੀ, ਸ:—ਮਸੂਲ ਦਾ ਹਿਸਾਬ ॥

ਜਮਾ
ਜਮਾਉ } ਪੁ:—ਇਕਠ, ਭੀੜ ਢੰਰ, ਜੰਮਣ ਦਾ ਕੰਮ।

ਜਮਾਉਣ, ਸ:—ਜੰਮਣ ਦਾ ਕੰਮ ਜਾਂ ਗੁਣ ॥

ਜਮਾਉਣਾ, ਕ੍ਰਿ:—ਨਰਮ ਚੀਜ਼ ਸਖ਼ਤ ਕਰਦੇਣੀ, ਚਮੋੜਨਾ, ਜਨਮ ਦੇਣਾ, ਦਾਈ ਦਾ ਕੰਮ ਕਰਨਾ, ਟਿਕਾਉਣਾ, ਉਗਾਉਣਾ, ਬਣਾਉਣਾ।

ਜਮਾਊ, ਵਿ:—ਜੋ ਜੰਮ ਸੱਕੇ ॥

Digitized by Panjab Digital Library | www.panjabdigilib.org

**ਜਮਾਇਣ,** ਸਃ—ਦਹੀਂ ਅਰਥਾਤ ਜਿਸ ਨਾਲ ਦੁੱਧ ਜਮਾਇਆ ਜਾਵੇ, ਜੰਮਣ, ਜਾਗ ।

**ਜਮਾਈ,** ਸਃ—ਦਾਈ ਦੀ ਮਜ਼ੂਰੀ। ਪੁਃ—ਜਵਾਈ॥

**ਜਮ੍ਹਾਈ,** ਸਃ—ਉਬਾਸੀ (ਆਉਣੀ, ਲੈਣੀ)।

**ਜਮਾਤ,** ਸਃ—ਭੀੜ, ਕੱਠ, ਟੋਲੀ, ਮੰਡਲੀ, ਜੋ ਬਾਲਕ ਕੱਠੇ ਪੜ੍ਹਨ, ਉਨ੍ਹਾਂ ਦੀ ਮੰਡਲੀ।

**ਜਮਾਤ ਕਰਾਮਾਤ**- ਕੱਠੇ ਹੋਕੇ ਆਦਮੀ ਅਚਰਜ ਕੰਮ ਕਰ ਸਕਦੇ ਹਨ।

**ਜਮਾਤੀ,** ਪੁਃ—ਇੱਕੋ ਜਮਾਤ ਵਿਚ ਪੜ੍ਹਨ ਵਾਲੇ।

**ਜਮਾਦਰੂ, ਜਮਾਂਦਰੂ,** ਕ੍ਰਿਃ ਵਿਃ—ਜੰਮਣ ਤੋਂ ਹੀ, ਜਨਮ ਦੇ ਵੇਲੇ ਤੋਂ।

**ਜਮਾਦਾਰ,** ਪੁਃ—ਸਰਦਾਰ, ਸੂਬੇਦਾਰ ਤੋਂ ਹੇਠਲਾ ਅਫ਼ਸਰ, ਪੁਲਸ ਦਾ ਛੋਟੇ ਦਰਜੇ ਦਾ ਇਕ ਅਫ਼ਸਰ॥

**ਜਮਾਦਾਰਨੀ,** ਸਃ—ਜਮਾਦਾਰ ਦੀ ਵਹੁਟੀ

**ਜਮਾਦਾਰੀ,** ਸਃ—ਜਮਾਦਾਰ ਦਾ ਕੰਮ ਜਾਂ ਉਹਦਾ।

**ਜਮਾਦੀਉਲ ਅੱਵਲ,** ਪੁਃ—ਮੁਸਲਮਾਨਾਂ ਦਾ ਪੰਜਵਾਂ ਮਹੀਨਾ।

**ਜਮਾਦੀਉਲ ਆਖ਼ਰ, ਜਮਾਦੀਉਲ ਸਾਨੀ,** ਪੁਃ—ਮੁਸਲਮਾਨਾਂ ਦਾ ਛੇਵਾਂ ਮਹੀਨਾ।

**ਜ਼ਮਾਨਤ,** ਸਃ—ਜਾਮਨੀ, ਜ਼ੁੰਮੇਵਾਰੀ, ਦੂਜੇ ਦਾ ਜ਼ਿੰਮਾ ਆਪਣੇ ਸਿਰ ਤੇ ਲੈਣੀ॥

**ਜ਼ਮਾਨਾ,** ਪੁਃ—ਵੇਲਾ, ਸਮਾਂ, ਵਕਤ, ਲੋਕ, ਦੁਨੀਆ

**ਜਮਾਲ,** ਪੁਃ—ਸੁਹੱਪਣ, ਸੋਭਾ ॥

**ਜਮਾਲ ਗੋਟਾ,** ਪੁਃ—ਜੁਲਾਬ ਦੀ ਇਕ ਦਵਾ।

**ਜਮਾਵਟ,** ਸਃ—ਜੰਮਣ ਦਾ ਕੰਮ ਜਾਂ ਗਲ, ਦਿਖਾਉ.

**ਜ਼ਮੀਨ,** ਸਃ—ਧਰਤੀ, ਭੋਂ, ਪ੍ਰਿਥਵੀ।

**ਜੰਮੂ,** ਪੁਃ—ਇਕ ਸ਼ਹਿਰ, ਵੱਡਾ ਸ਼ਹਿਰ, ਇਕ ਕਾਲਾ ਫਲ ਅਤੇ ਉਸ ਦਾ ਰੁੱਖ।

**ਜਮੂਰ,** ਪੁਃ—'ਜੰਬੂਰ' ਵੇਖੋ।

**ਜਮੂਰਾ,** ਪੁਃ—'ਜੰਬੂਰਾ' ਵੇਖੋ—ਛੋਟਾ ਮੁੰਡਾ ਜਾਂ ਬੱਚਾ ਜਮੂਰਾ।

**ਜੱਯਦ,** ਵਿਃ—ਤਕੜਾ, ਬਲੀ ਜੋਧਾ, ਬਹੁਤ ਚੌੜਾ॥

**ਜ਼ਰ,** ਸਃ—ਸੋਨਾ, ਧਨ, ਦੌਲਤ ਜੰਗਾਲ (ਲੱਗਣਾ)॥

**ਜ਼ਰਦ,** ਵਿਃ—ਪੀਲਾ, ਕਮਜ਼ੋਰ ਆਦਮੀ

**ਜ਼ਰਦਾ,** ਪੁਃ—ਕੇਸਰ ਵਾਲਾ ਮਿੱਠਾ ਪੁਲਾਉ, ਪੀਲਾ ਪੁਲਾਉ।

**ਜ਼ਰਦਾਈ, ਜ਼ਰਦੀ,** ਸਃ—ਪੀਲੇ ਰੰਗ ਦਾ ਹੋਣਾ, ਪਲੱਤਣ, ਆਂਡਿਆਂ ਵਿਚਲਾ ਪੀਲਾ ਹਿੱਸਾ।

**ਜਰਨਾ,** ਕ੍ਰਿਃ—ਸਾਂਹਣਾ, ਸਹਾਰਨਾ, ਸਹਿਣਾ, ਸਰਨਾ।

**ਜਰਨੈਲ,** ਪੁਃ—ਫ਼ੌਜ ਦਾ ਵੱਡਾ ਅਫ਼ਸਰ।

**ਜ਼ਰਬ,** ਸਃ—ਸੱਟ, ਠੱਪਾ, ਜ਼ੋਰਾਵਰੀ, ਗੁਣਨ ਦਾ ਲੇਖਾ (ਦੇਣੀ, ਲਾਉਣੀ, ਲੱਗਣੀ)।

**ਜ਼ਰਬ ਖ਼ਾਨਾ,** ਪੁਃ—ਟਕਸਾਲ, ਜਿੱਥੇ ਸਿੱਕੇ ਬਣਦੇ ਹਨ।

**ਜਰਮ,** ਪੁਃ—'ਜਨਮ' ਵੇਖੋ, ਬੀਜ, ਬੀਮਾਰੀਆਂ ਦੇ ਕੀੜੇ॥

Digitized by Panjab Digital Library | www.panjabdigilib.org

**ਜ਼ਰਮਣਾ;** ਕ੍ਰਿ:—ਜੰਮਣਾ, ਜਨਮ ਲੈਣਾ, ਪੈਦਾ ਹੋਣਾ ॥

**ਜੁਰਮਾਨਾ** / **ਜੁਰਵਾਨਾ** } ਪੁ:—ਚੱਟੀ, ਡੰਨ, ਸਜ਼ਾ ਦੇ ਤੌਰ ਤੇ ਜੋ ਰਕਮ ਕਿਸੇ ਅਪਰਾਧੀ ਤੋਂ ਲਈ ਜਾਵੇ (ਦੇਣਾ, ਭਰਨਾ, ਹੋਣਾ, ਕਰਨਾ)।

**ਜ਼ਰਾ,** ਸ:—ਬੁਢੇਪਾ, ਕਿਣਕਾ, ਰਆਲਕੂ, ਥੋੜੀ ਜੇਹੀ ਸ਼ੈ।

ਵਿ: / ਕ੍ਰਿ: ਵਿ: } ਬਹੁਤ ਥੋੜਾ, ਰਤਾ ਕੁ।

**ਜ਼ਰਾਕੁ,** ਵਿ: ਕ੍ਰਿ: ਵਿ:—ਰਤਾ ਕੁ, ਬਹੁਤ ਹੀ ਥੋੜਾ

**ਜ਼ਰਾ ਜ਼ਰਾ** / **ਜ਼ਰਾ ਜ਼ਰਾ ਕਰਕੇ** } ਕ੍ਰਿ: ਵਿ:—ਇੱਕ ਇੱਕ ਹਿੱਸਾ, ਟੁਕੜੇ ਕਰਕੇ

**ਜ਼ਰਾ ਦੀ ਜ਼ਰ,** ਕ੍ਰਿ: ਵਿ: ਬਹੁਤ ਥੋੜੇ ਚਿਰ ਲਈ ॥

**ਜ਼ਰਾ ਬਰਾ,** ਪੁ:—ਨੱਕ ਵਗਣਾ, ਰੇਸ਼ਾ।

**ਜ਼ਰਾ ਭਰ** ਵਿ:—ਬਹੁਤ ਹੀ ਥੋੜੀ (ਚੀਜ਼)।

**ਜੱਰਾਹ,** ਪੁ:—ਫੋੜੇ ਆਦਿਕ ਚੀਰਨ ਵਾਲਾ ਹਕੀਮ ਜਾਂ ਨਾਈ।

**ਜੱਰਾਹੀ,** ਸ:—ਜੱਰਾਹ ਦਾ ਕੰਮ

**ਜੁਰਾਬ,** ਸ:—ਮੌਜਾ, ਪੈਰ ਨੂੰ ਕੱਜਣ ਵਾਲਾ ਕਪੜਾ ॥

**ਜ਼ਰੀ,** ਸ:—ਚਾਂਦੀ ਸੋਨੇ ਦੀ ਤਾਰ, ਰਤਾ ਕੁ (ਜ਼ਰਾ ਦਾ ਇਸਤ੍ਰੀ ਲਿੰਗ)।

**ਜ਼ਰੀ ਬਾਦਲਾ,** ਸ:—ਸੋਨੇ ਚਾਂਦੀ ਦੀ ਤੰਦ।

**ਜਰੀਬ,** ਸ:—ਜ਼ਿਮੀ ਕੱਛਣ ਵਾਲੀ ਜ਼ੰਜੀਰ।

**ਜਰੀਮਾਨਾ,** ਪੁ:—'ਜੁਰਮਾਨਾ' ਵੇਖੋ ॥

**ਜ਼ਰੂਰ,** ਵਿ:—ਜਿਸ ਦੀ ਲੋੜ ਹੋਵੇ, ਜਿਸ ਬਿਨਾਂ ਨਾ ਸਰੇ ॥

ਸ: ਲੋੜ, ਜ਼ਰੂਰਤ, ਗੌਂ।

ਕ੍ਰਿ: ਵਿ:—ਨਿਸੰਗ।

**ਜ਼ਰੂਰ ਬਰ ਜ਼ਰੂਰ,** ਕ੍ਰਿ: ਵਿ:—ਭਾਵੇਂ ਕੁਝ ਹੋਵੇ।

**ਜਾਏ ਜ਼ਰੂਰ,** ਸ:—ਟੱਟੀ, ਸੋਹਦ ਖਾਨਾ ਪਖਾਨਾ।

**ਜ਼ਰੂਰਤ,** ਸ:—ਲੋੜ, ਗੌਂ, ਥੁੜ (ਪੈਣੀ, ਹੋਣੀ) ॥

**ਜ਼ਰੂਰੀ,** ਵਿ:—ਜਿਸ ਦੀ ਲੋੜ ਹੈ, ਜਿਸ ਨਾਲ ਮਨੋਰਥ ਪੂਰਾ ਹੋਵੇ ॥

**ਜਲ,** ਪੁ:—ਪਾਣੀ ॥

ਕ੍ਰਿ:—ਸੜ ਭੁੱਜ।

**ਜਲਹੌਰਾ** / **ਜਲਹੌੜਾ** } ਪੁ:—'ਜਲ ਜਨੌਖ' ਵੇਖ ॥

**ਜਲਚਰ,** ਪੁ:—ਜਲ ਵਿਚ ਫਿਰਨ ਵਾਲੇ ਜੀਵ ॥

**ਜਲ ਜੰਤ,** ਪੁ:—ਪਾਣੀ ਵਿਚ ਰਹਿਣ ਵਾਲੇ ਜੀਵ।

**ਜਲ ਤਰੰਗ,** ਪੁ:—ਇੱਕ ਬਾਜਾ, ਲਹਿਰ ॥

**ਜਲ ਤਰੰਗੀ,** ਪੁ:—ਜੋ ਜਲਤਰੰਗ ਵਜਾਵੇ ॥

**ਜਲ ਤੁਰੰਗ,** ਪੁ:—ਦਰਿਆਈ ਘੋੜਾ।

**ਜਲ ਥਲ,** ਪੁ:—ਧਰਤੀ ਉੱਤੇ ਛਾਇਆ ਹੋਇਆ ਜਲ ਅਤੇ ਥਲ ਸਾਰੇ ਫੈਲਿਆ ਹੋਇਆ ਪਾਣੀ।

**ਜਲ ਧਾਰ(ਾ),** ਸ:—ਪਾਣੀ ਦੀ ਨਦੀ ॥

Digitized by Panjab Digital Library | www.panjabdigilib.org

**ਜਲ ਨਿੰਮ,** ਸ:—ਪਾਣੀ ਵਿੱਚ ਉੱਗਣ ਵਾਲੀ ਇੱਕ ਬੂਟੀ ॥

**ਜਲ ਪ੍ਰਵਾਹ,** ਪੁ:—ਮੁਰਦਾ ਪਾਣੀ ਵਿੱਚ ਰੁੜ੍ਹਾ ਦੇਣਾ ਕਰਨਾ ) ।

**ਜਲ ਪਾਨ,** ਪੁ:—ਥੋੜਾ ਜੇਹਾ ਖਾਣਾ ਪੀਣਾ

**ਜਲ ਬਲ ਜਾਣਾ,** ਕ੍ਰਿ:—ਗੁੱਸੇ ਨਾਲ ਜਾਂ ਸੜਨਾ।

**ਜਲ ਬਿੰਬ,** ਪੁ:—ਹੜ੍ਹ ॥

**ਜਲਮਈ,** ਸ:—ਹੜ੍ਹ, ਪਾਣੀ ਹੀ ਪਾਣੀ ।

**ਜਲ ਮਨੁੱਖ**
**ਜਲ ਮਾਣਸ**
**ਜਲ ਮਾਣਸ**
ਪੁ:—ਪਾਣੀ ਵਿਚ ਰਹਿਣਵਾਲਾ ਮਨੁੱਖ ਦੀ ਸ਼ਕਲ ਦਾ ਜਨੌਰ ॥

**ਜਲ ਮੁੰਦ੍ਰਾ,** ਪੁ:—ਰਸਾਇਣ ਵਿਦਿਆ ਦਾ ਇੱਕ ਮ ਜਾਂ ਅ ਮਲ ॥

**ਜਲਸਾ,** ਪੁ:—ਖੁਸ਼ੀ ਵਾਸਤੇ ਮਨੁੱਖ ਦਾ ਇਕੱਠ ।

**ਜ਼ਲਜ਼ਲਾ,** ਪੁ:—ਭੁਚਾਲ, ਫ਼ਸਾਦ, ਰਾਜ ਰੌਲਾ।

**ਜਲਜਲਾਉਣਾ,** ਕ੍ਰਿ:—ਕੰਬਣਾ, ਗੁੱਸੇ ਹੋਣਾ ।

**ਜਲਜਲਾਟ,** ਸ:—ਕਾਂਬਾ । ਚਮਕ, ਸੋਭਾ । ਰੂਪ।

**ਜਲਣਾ**
**ਜਲਨਾ**
ਕ੍ਰਿ:—ਸੜਨਾ ਬਲਣਾ ਭੜਕਣਾ ਕੜ੍ਹਨਾ ।

**ਜਲਤ,** ਸ:—ਸਾੜਾ, ਗਰਮੀ, ਭੜਕ, ਖਾਰ ॥ ਵਿ:—ਜਲਦ ।

**ਜਲਤ ਖੋਰ (ਰਾ),** ਪੁ:
**ਜਲਤ ਖੋਰੀ,** ਸ:
ਜੋ ਕਿਸੇ ਨੂੰ ਦੇਖ ਕੇ ਸੜੇ।

**ਜਲਤੀ,** ਸ:—ਜਲਦੀ, ਕਾਹਲੀ, ਛੇਤੀ, ਫੁਰਤੀ ।



**ਜਲਦ,** ਵਿ:—ਕਾਹਲਾ, ਤ੍ਰਿੱਖਾ, ਤੇਜ਼, ਛੇਤੀ ਹੋਣ ਵਾਲਾ ॥

**ਜਲਦ ਬਾਜ਼,** ਵਿ:—ਜੋ ਕਾਹਲੀ ਕਰੇ ॥

**ਜਲਦੀ,** ਸ:—ਛੇਤੀ, ਸ਼ਤਾਬੀ, ਕਾਹਲ ( ਕਰਨੀ ) ॥

**ਜਲੇਧਰੀ,** ਸ:—ਇੱਕ ਤਰਾਂ ਦਾ ਰੀਠਾ ।

**ਜਲਨ**
**ਜਲਨਾ**
'ਜਲਤ' ਅਤੇ 'ਜਲਣਾ' ਵੇਖੋ ॥

**ਜਲਵੱਯਾ**
**ਜਲਵੇਯਾ**
ਪੁ:—ਜਲਣ ਵਾਲਾ ।

**ਜਲਵਾਉਣਾ,** ਕ੍ਰਿ:—ਸੜਵਾਉਣਾ, ਬਲਵਾਉਣਾ, ਭੜਕਾਉਣਾ ॥

**ਜੱਲ੍ਹਾ,** ਵਿ:—ਜੋ ਚੰਗੀ ਤਰਾਂ ਨਾਂ ਬੋਲ ਸਕੇ ॥

**ਜਲਾਉਣਾ,** ਕ੍ਰਿ:—ਸਾੜਨਾ, ਬਾਲਣਾ, ਭੜਕਾਉਣਾ ॥

**ਜਲਾਦ,** ਪੁ:—ਕਤਲ ਕਰਨ ਵਾਲਾ, ਨਿਰਦਈ ॥

**ਜਲਾਦ ਪੁਣਾ,** ਪੁ:-ਜਲਾਦ ਦਾ ਕੰਮ, ਬੇਤਰਸੀ॥

**ਜਲਾਦਣੀ,** ਸ:—ਜਲਾਦ ਦੀ ਵਹੁਟੀ, ਕਤਲ ਕਰਨ ਵਾਲੀ ।

**ਜਲਾਦੀ,** ਸ:—ਜਲਾਦ ਦਾ ਕੰਮ, ਬੇਤਰਸੀ ।

**ਜੁਲਾਬ,** ਪੁ:-ਦਸਤ ਲੱਗਣੇ, ਦਸਤ ਲਿਆਉਣ ਵਾਲੀ ਦਵਾ ਖਾਣੀ ਲੈਣਾ ਸ:—ਜਰਾਬ ॥

**ਜੁਲਾਬ ਕਰਨਾ,** ਕ੍ਰਿ:—ਜੁਲਾਬ ਦੇਣਾ ਜਾਂ ਲੈਣਾ॥

Digitized by Panjab Digital Library | www.panjabdigilib.org

**ਜਲਾਬ ਦੇਣਾ,** ਕ੍ਰਿ:—ਦਸਤਾਂ ਦੀ ਦਵਾ ਦੇਣੀ।

**ਜਲਾਬ ਲੱਗਣਾ,** ਕ੍ਰਿ:—ਦਵਾ ਨਾਲ ਦਸਤ ਆਉਣੇ।

**ਜਲਾਬ ਲੈਣਾ,** ਕ੍ਰਿ:-ਦਸਤਾਂ ਦੀ ਦਵਾ ਖਾਣੀ॥

**ਜਲਿਆ;** ਵਿ:—ਸੜਿਆ ਹੋਇਆ

**ਜਲਿਆ ਬਲਿਆ,** ਵਿ:—ਗੁੱਸੇ, ਕਾਂਗੂਆ ਹੋਇਆ॥

**ਜਲੂਸ,** ਪੁ:—ਬਾਦਸ਼ਾਹੀ ਸਵਾਰੀ, ਲਾਉ ਲਸ਼ਕਰ, ਜਲੌ।

**ਜਲੂਣ,** ਸ:—ਖੁਰਕ, ਚੋਰ।

**ਜਲੇਪਾ,** ਪੁ:—'ਜਲੇਮਾ' ਵੇਖੋ।

**ਜਲੇਬ,** ਪੁ:—ਇੱਕ ਮਠਿਆਈ, ਜਲੌ, ਲਾਉ ਲਸ਼ਕਰ॥

**ਜਲੇਬਾ,** ਪੁ:—ਸ਼ਤੂਤ, ਇੱਕ ਮਿੱਠਾ ਫਲ

**ਜਲੇਬੀ,** ਸ:—ਇੱਕ ਮਠਿਆਈ

ਵਿ:—ਜਲੇਬ ਦਾ (ਦੀ)।

**ਜਲੇਮਾ, ਜਲੇਵਾ, ਜਲੇਵਾਂ** } ਪੁ:—ਜੱਲਣ, ਸਾੜਾ, ਗਰਮੀ, ਗੁੱਸਾ, ਗਮ, ਦੁਖ।

**ਜਲੌ,** ਪੁ:—'ਜਲੌਂ' ਵੇਖੋ॥

**ਜਲੋਧਰ,** ਪੁ:—ਢਿੱਡ ਵਿਚ ਪਾਣੀ ਭਰ ਜਾਣ ਦਾ ਰੋਗ॥

**ਜਲੋਧਰਨ,** ਸ:, **ਜਲੋਧਰੀ,** ਪੁ: } ਜਿਸ ਨੂੰ ਜਲੋਧਰ ਹੋਵੇ।

**ਜਲੌਂ,** ਪੁ:—ਸ਼ੋਭਾ, ਮਹਿਮਾ, ਸ਼ਾਨ, ਲਾਉ ਲਸ਼ਕਰ॥

**ਜਵੱਤੀ, ਜਵਤ੍ਰੀ** } ਸ:—ਜੈਫਲ ਦੀ ਉੱਪਰਲੀ ਫਾਲਤੂ ਛਿਲ।

**ਜਵਾਂ,** ਸ:—ਜੀਭ, ਜ਼ਬਾਨ॥

**ਜਵਾਇਣ,** ਸ:—ਇਕ ਤਰਾਂ ਦੇ ਬੀ, ਢਿੱਡ ਪੀੜ ਦੀ ਦਵਾ।

**ਅੱਠ ਪਹਰੀ ਜਵਾਇਣ,** ਸ:—ਜੋ ਜਵਾਇਣ ਅੱਠ ਪਹਰ ਪਾਣੀ ਵਿਚ ਰੱਖੀ ਜਾਵੇ (ਤਾਪ ਦੀ ਦਵਾ)।

**ਜਵਾਈ,** ਪੁ:—ਧੀ ਦਾ ਖੌਂਦ, ਲੈਣ ਦਾ ਹੱਕਦਾਰ॥

**ਜਵਾਸਾ, ਜਵਾਂਸਾ, ਜਵਾਂਹ** } ਪੁ:—ਇੱਕ ਕੰਡਿਆਂ ਵਾਲੀ ਝਾੜੀ॥

**ਜਵਾਹਰ,** ਪੁ:—ਰਤਨ, ਵਡ ਮੁੱਲੇ ਪੱਥਰ॥

**ਜਵਾਹਰਾਤ,** ਪੁ:-(ਬਹੁ:, ਬ:) ਬਹੁਤ ਜਵਾਹਰ॥

**ਜਵਾਹਾਂ,** ਪੁ:—ਇਕ ਕੰਡਿਆਂ ਵਾਲਾ ਬੂਟਾ॥

**ਜਵਾਗਲ,** ਵਿ:—ਜਿਸ ਕਣਕ ਵਿੱਚ ਜੌਂ ਮਿਲੇ ਹੋਣ॥

**ਜਵਾਣ,** ਵਿ:—'ਜੁਆਨ' ਵੇਖੋ॥

**ਜਵਾਣੀ,** ਸ:—'ਜੁਆਨੀ' ਵੇਖੋ॥

**ਜਵਾਬ,** ਪੁ:—'ਜੁਆਬ' ਵੇਖੋ॥

**ਜਵਾਰ,** ਸ:—ਜੁਆਰ, ਇੱਕ ਅਨਾਜ, ਮੱਕਈ॥

**ਜਵਾਲਾ** ਸ:—ਲਾਟ, ਗਰਮੀ, ਇੱਕ ਦੇਵੀ॥

Digitized by Panjab Digital Library | www.panjabdigilib.org

**ਜਵਾਲਾ ਮੁਖੀ,** ਸਃ—ਧਰਤੀ ਵਿੱਚੋਂ ਫੁੱਟ ਕੇ ਨਿਕਲਣ ਵਾਲੀ ਲਾਟ, ਕਾਂਗੜੇ ਦੇ ਪਹਾੜਾਂ ਦੀ ਇੱਕ ਦੇਵੀ। ਲਾਟਾਂ ਵਾਲੀ ।

**ਜਵੈਣ,** ਸਃ—'ਜਵਾਇਣ' ਵੇਖੋ ।

**ਜੜ**
**ਜੜ੍ਹ** } ਸਃ—ਮੂਲ, ਅਸਲ, ਜੋ ਚੇਤਨ ਨਹੀਂ

**ਜੜ੍ਹ ਉਖੜਨੀ,** ਕ੍ਰਿਃ—ਬਿਲਕੁਲ ਨਾਸ ਹੋ ਜਾਣਾ, ਉੱਜੜਨਾ ।

**ਜੜ੍ਹ ਹਰੀ ਰਹਿਣੀ,** ਕ੍ਰਿਃ—ਵਸਦੇ ਰਹਿਣਾ ।

**ਜੜ੍ਹ ਕੱਟਣੀ,** ਕ੍ਰਿਃ—ਮੂਲੋਂ ਨਾਸ ਕਰ ਦੇਣਾ ।

**ਜੜ੍ਹ ਜੰਮਣੀ (ਫੜਨੀ)**
**ਜੜ੍ਹ ਲੱਗਣੀ**
**ਜੜ੍ਹ ਪਤਾਲ ਤੀਕ ਲੱਗਣੀ** } ਕ੍ਰਿਃ ਪੱਕੀ ਤਰਾਂ ਕਾਇਮ ਹੋ ਜਾਣਾ ।

**ਜੜ੍ਹ ਜਮਾਉਣੀ,** ਕ੍ਰਿਃ—ਨੀਂਹ ਧਰਨੀ, ਕੰਮ ਕਰਨਾ ।

**ਜੜ੍ਹ ਪੇੜ,** ਪੁਃ—ਸਾਰਾ ਰੁੱਖ, ਸਬ ਕੁਝ ।

**ਜੜ੍ਹ ਮੂਲ,** ਸਃ—ਜੜ੍ਹ, ਸਾਰਾ ਟੱਬਰ ਮਰਨ ਪਿੱਛੋਂ ਜੋ ਕੋਈ ਬਚ ਰਹੇ ।

**ਜੜ੍ਹਾਂ ਵਿਚ ਤੇਲ ਦੇਣਾ**
**ਜੜ੍ਹੀਂ ਤੇਲ ਦੇਣਾ** } ਕ੍ਰਿਃ—ਕਿਸੇ ਨੂੰ ਉਜਾੜਨ ਦਾ ਉਪਾਉ ਕਰਨਾ ।

**ਜੜਤ**
**ਜੜਤੀ** } ਸਃ—ਜੜਨ ਦਾ ਕੰਮ, ਗਹਿਣਿਆਂ ਵਿਚ ਜਵਾਹਰ ਆਦਿਕ ਲਾਉਣੇ ।

**ਜੜਨਾ,** ਪੁਃ—ਗਹਿਣਿਆਂ ਵਿਚ ਨਗ ਆਦਿਕ ਲਾਉਣੇ ਠੋਕਣਾ, ਜਮਾਉਣਾ ।



**ਜੜਵਾਉਣਾ,** ਕ੍ਰਿਃ—ਜੜਨ ਦਾ ਕੰਮ ਕਰਾਉਣਾ ।

**ਜੜਵਾਈ,** ਸਃ—ਜੜਨ ਦਾ ਕੰਮ ਜਾਂ ਮਜੂਰੀ ॥

**ਜੜਾਉ,** ਪੁਃ—ਜੜਤ ਦਾ ਢੰਗ, ਫਕੀਰਾਂ ਦੇ ਲੰਮੇ ਵਾਲ

**ਜੜਾਉਣਾ,** ਕ੍ਰਿਃ—ਜੜਨ ਦਾ ਕੰਮ ਕਰਾਉਣਾ ॥

**ਜੜਾਊ,** ਪੁਃ—ਜਿਸ ਵਿਚ ਨਗ ਆਦਿਕ ਜੜੇ ਹੋਏ ਹਨ ।

**ਜੜਾਇਣ**
**ਜੜਾਈ** } ਸਃ ਜੜਨ ਦਾ ਕੰਮ ਜਾਂ ਮਜੂਰੀ ।

**ਜੜਾਵਾਂ,** ਪੁਃ—'ਜੜਾਉ' ਵੇਖੋ ।

**ਜੜੀ,** ਸਃ—ਦੁਆ ਦੀ ਬੂਟੀ ਦੀ ਜੜ੍ਹ ॥

**ਜੜੀ ਬੂਟੀ,** ਸਃ—ਬੂਟੀ, ਦੁਆ, ਔਖਧ ॥

**ਜੜੀਆ,** ਪੁਃ—ਗਹਿਣਿਆਂ ਵਿੱਚ ਨਗ ਆਦਿਕ ਜੜਨ ਵਾਲਾ ।

**ਜੜੀਆਂ,** ਸਃ—ਜਾਦੂ ਨਾਲ ਜੁੜਿਆ ਹੋਇਆ ਜੀਭਾਂ ਦਾ ਰੋਗ ( ਮੱਛਲੀਆ )

**ਜਾ,** ਸਃ—ਜਗ੍ਹਾ, ਥਾਂ, ਮਰਾਤਬਾ, ਪਦਵੀ । ਪੁਃ—ਪੁਤ੍ਰ ।

**ਜਾ ਜ਼ਰੂਰ,** ਸਃ—ਟੱਟੀ, ਪਖਾਨਾ, ਸ਼ੌਚ ਖਾਨਾ ॥

**ਜਾ ਬਜਾ,** ਕ੍ਰਿਃਵਿਃ—ਥਾਂ ਥਾਂ, ਸਭ ਥਾਂ ॥

**ਜਾਂ,** ਕ੍ਰਿਃਵਿਃ—ਜਿਸ ਵੇਲੇ, ਜਦ, ਜਦੋਂ । ਯੋਜਕਃ—ਯਾ ॥

**ਜਾਇਆ,** ਪੁਃ—ਜੰਮਿਆ ਹੋਇਆ, ਪੁਤ੍ਰ ।

**ਜਾਇਆ ਜਾਣਾ,** ਕ੍ਰਿਃ ਚਲੇ ਜਾਣਾ, ਜੰਮਣਾ ॥

Digitized by Panjab Digital Library | www.panjabdigilib.org

**ਮਾਂ ਪਿਉ ਦਾ ਜਾਇਆ,** ਪੁ:—ਸਕਾ ਭਰਾ ॥

**ਜਾਇਦਾਤ** } ਸ:—ਘਰ ਦਾ ਮਾਲ, ਧਨ ਜੋਖੋਂ
**ਜਾਇਦਾਦ** } ਮਲਖ ।

**ਜਾਇਫਲ,** ਸ:—'ਜਾਫਲ' ਵੇਖੋ ।

**ਜਾਈ,** ਸ:—ਧੀ, ਬੇਟੀ ।

**ਜਾਸਤੀ,** ਸ:—ਜ਼ੋਰਾਵਰੀ ਜ਼ਬਰਦਸਤੀ (ਕਰਨੀ)॥

**ਜਾਹ,** ਕ੍ਰਿ:—'ਜਾਣਾ' ਧਾਤ ਦਾ ਅਨੁਮਤਸਰਥ ਲਕਾਰ

**ਜਾਹ ਜਾਂਦੀ,** ਵਿਸਮਯ:—ਕੰਮ ਵਿਗੜ ਗਿਆ ॥

**ਜਾਂਹਗੀਆ,** ਪੁ:—'ਜਾਂਘੀਆ' ਵੇਖੋ ॥

**ਜਾਹਨੂ,** ਪੁ:—ਜਾਨੂ, ਗੋਡਾ ॥

**ਜਾਹਰ,** ਵਿ:—ਉਘਾ, ਪਰਗਟ, ਜੋ ਸਾਫ ਦਿੱਸੇ (ਕਰਨਾ, ਹੋਣਾ) ॥

**ਜਾਹਰਾ,** ਕ੍ਰਿ: ਵਿ:—ਸਾਫ, ਪਰਗਟ, ਸਾਮ੍ਹਣੇ ॥

**ਜਾਹਰੀ,** ਵਿ:—'ਜਾਹਰ' ਵੇਖੋ॥

**ਜਾਹਲ,** ਵਿ:—ਮੂਰਖ, ਅਨਜਾਣ, ਅੱਲ੍ਹੜ ॥

**ਜਾਹਲੀ,** ਸ:—ਮੂਰਖਤਾਈ, ਬੇ ਸਮਝੀ ।

**ਜਾਹੜ,** ਸ:—ਪਿਛਲਾ ਦੰਦ, ਦਾੜ੍ਹ ॥

**ਜਾਕਟ,** ਸ:—ਕੁਰਤੀ, ਛੋਟਾ ਕੋਟ ॥

**ਜਾਗ,** ਸ:—ਛਾਹ ਆਦਿਕ ਜਿਸ ਨਾਲ ਦੁੱਧ ਜਮਾਇਆ ਜਾਵੇ (ਲਾਉਣੀ), ਜਗਾਈ, ਜਾਗਣ ਦੀ ਹਾਲਤ (ਆਉਣੀ) ॥

**ਜਾਗਦਾ,** ਵਿ:—ਜਾਗਿਆ ਹੋਇਆ, ਚੌਕਸ ।

**ਜਾਗਦੀ ਜੋਤ,** ਸ: ਸੱਤਿਆ ਵਾਲੀ, ਜੁਆਲਾ ਮੁਖੀ ਦੀ ਬਲਦੀ ਲਾਟ । ਅਕਾਲ ਪੁਰਖ ਦੀ ਸ਼ਕਤੀ ॥

**ਜਾਗ ਪੈਣਾ,** ਕ੍ਰਿ:—ਸੌਂ ਕੇ ਅੱਬੜ ਵਾਹੇ ਉੱਠਣਾ ॥

**ਜਾਗਣਾ,** ਕ੍ਰਿ:—ਸੌਂ ਕੇ ਉੱਠਣਾ, ਹੋਸ਼ ਆਉਣੀ।

**ਜਾਗ੍ਰਤ,** ਸ:—ਜਾਗਣ ਦੀ ਹਾਲਤ, ਚੌਕਸੀ ॥

**ਜਾਗਰਤ** }
**ਜਾਗਰੱਤ** } ਸ: ਜਾਗਦੇ ਰਹਿਣ ਦੀ ਹਾਲਤ ।
**ਜਾਗ੍ਰਤੀ** }

**ਜਾਂਗਲੀ** }
**ਜਾਂਗਲੂ** } ਵਿ:—'ਜੰਗਲੀ' ਵੇਖੋ ।

**ਜਾਗਾ,** ਸ:—ਜਗ੍ਹਾ, ਥਾਂ, ਟਿਕਾਣਾ, ਅਸਾਮੀ ॥

**ਜਾਗਾ,** ਪੁ:—ਪਹਿਰਾ ਦੇਣ ਜਾਂ ਭਜਨ ਕਰਨ ਵਾਸਤੇ ਜਾਗਣਾ, (ਦੇਣਾ) ॥

**ਜਾਗੀਰ** }
**ਜਾਗੀਰਦਾਰ, (ਰਣੀ), (ਰੀ)** } 'ਜਗੀਰ' ਆਦਿਕ ਵੇਖੋ ।

**ਜਾਗੂ,** ਪੁ:—ਜਾਗਣ ਵਾਲਾ ॥

**ਜਾਂਘ,** ਸ:—ਜੰਘ, ਲੱਤ, ਟੰਗ, ਪੱਟ ॥

**ਜਾਂਘੀਆ** }
**ਜਾਂਘੀਰਾ** } ਪੁ:—ਘੋਲ ਕਰਨ ਦੇ ਵੇਲੇ ਬੰਨ੍ਹਣ ਵਾਲਾ ਸਾਫਾ, ਲੰਗੋਟਾ, ਕੱਛ ।

**ਜਾਚ,** ਸ:—ਪਰਖ, ਮਾਪ, ਪਰਤਾਵਾ, ਅੰਦਾਜ਼ਾ, ਢੰਗ, ਢਬ ।

**ਜਾਚਕ,** ਪੁ: ਜਾਚ ਵਾਲਾ, ਪਾਰਖੂ, ਮੰਗਤਾ ॥

Digitized by Panjab Digital Library | www.panjabdigilib.org

**ਜਾਚਨਾ,** ਕ੍ਰਿ:—ਪਰਖਣਾ, ਮਾਪਣਾ, ਪਰਤਾਉਣਾ।

**ਜਾਚੂ,** ਪੁ: ਜਾਚ ਵਾਲਾ, ਪਾਰਖੂ, ਮੰਗਤਾ ।

**ਜਾਂਜ,** ਸ:— ਜੰਞ ਵੇਖ ।

**ਜਾਜਕ,** ਪੁ: —ਪਰੋਹਤ, ਜੱਗ ਕਰਾਉਣ ਵਾਲਾ।

**ਜਾਜਕਣੀ,** ਸ:—ਪਰੋਹਤਾਣੀ, ਜੱਗ ਕਰਾਉਣ ਵਾਲੀ ।

**ਜਾਜਮ,** ਸ: ਇੱਕ ਵਿਛਾਈ ਦਾ ਕਪੜਾ, ਛੇਕੀ ਹੋਈ ਚਾਦਰ ।

**ਜਾਂਜੀ** / **ਜਾਂਞੀ** } ਪੁ:—ਜੰਞ ਦੇ ਆਦਮੀ ॥

**ਜਾਣ,** ਸ:—ਜਾਣ ਜਾਂ ਜਾਨਣ ਦਾ ਕੰਮ

**ਜਾਣਸਾਰ** / **ਜਾਣਹਾਰ (ਰਾ)** } ਵਿ:—ਜੋ ਸਦਾ ਨਹੀਂ ਰਾਹਣਾ, ਜਾਣ ਵਾਲਾ ॥

**ਜਾਣ ਕਾਰ,** ਵਿ:—ਜਾਨਣ ਵਾਲਾ, ਗਿਆਨੀ ।

**ਜਾਣ ਕਾਰੀ,** ਸ:—ਵਾਕਫ਼ੀ, ਗਿਆਨ, ਇਲਮ ।

**ਜਾਣਦਾ,** ਪੁ: / **ਜਾਣਦੀ,** ਸ: } ਜੋ ਜਾਣੇ, ਚਤਰ, ਸਿਆਣਾ (ਣੀ)।

**ਜਾਣ ਦੇ,** ਵਿਸਮਕ:, ਪਰਵਾਹ ਨਾ ਕਰ, ਖਿਮਾ ਕਰ ਖਹਿੜੇ ਨਾ ਪਓ ॥

**ਜਾਣ ਦੇਣਾ,** ਕ੍ਰਿ:—ਪਿੱਛਾ ਛੱਡਣਾ, ਤਿਆਗਣਾ।

**ਜਾਣ ਪਛਾਣ,** ਸ:—ਵਾਕਫ਼ੀ

**ਜਾਣ ਪੈਣਾ,** ਕ੍ਰਿ:—ਮਲੂਮ ਹੋਣਾ, ਸਮਝ ਲੈਣਾ।

**ਜਾਣ ਬੁੱਝਕੇ,** ਕ੍ਰਿ: ਵਿ:—ਆਪਣੀ ਮਰਜ਼ੀ ਨਾਲ, ਦਿਲੋਂ ।

**ਜਾਣ ਲੱਗਾ,** ਕ੍ਰਿ: ਵਿ:—ਜਾਣ ਦੇ ਵੇਲੇ, ਜੋ ਥਿਰ ਨਹੀਂ ।

**ਜਾਣ ਲੈਣਾ,** ਕ੍ਰਿ:—ਸਮਝਣਾ, ਪਤਾ ਲੱਗ ਜਾਣਾ ॥

**ਜਾਣੀ ਜਾਣ,** ਵਿ:—ਦੂਜੇ ਦੇ ਮਨ ਦੀ ਗੱਲ ਜਾਨਣ ਵਾਲਾ, ਅੰਤਰ ਜਾਮੀ

**ਜਾਣਨਾ,** ਕ੍ਰਿ:—ਮਲੂਮ ਕਰਨਾ, ਸਿੱਖਣਾ, ਸਮਝਣਾ

**ਜਾਣਾ,** ਕ੍ਰਿ:—ਇਕ ਥਾਂ ਤੋਂ ਦੂਜੀ ਥਾਂ ਵੱਲ ਤੁਰਨਾ, ਚਲਣਾ, ਪਹੁੰਚਣਾ, ਗੁੰਮ ਹੋਣਾ, ਖਰਚ ਹੋਣਾ, ਨਸ਼ਟ ਹੋਣਾ, ਕੁਮਲਾਉਣਾ, ਉਜੜਣਾ, ਮਰਨਾ, ਖੁੰਝਣਾ, ਟੁੱਟਣਾ, ਵਗਣਾ, ਅਮਲ ਕਰਨਾ, ਸਮਝਣਾ, ਪਰਵਾਹ ਕਰਨੀ ।

**ਜਾਣੀਦਾ,** ਪੁ: / **ਜਾਣੀਦੀ,** ਸ: } ਕ੍ਰਿ: ਵਿ: ਜਿਹਾਕੁ, ਜਿਵੇਂ, ਮਾਨੋ

**ਜਾਣੂ,** ਵਿ: ਜਾਨਣ ਵਾਲਾ, ਵਾਕਫ਼ ।

**ਜਾਣੂ ਪਛਾਣੂ,** ਪੁ:—ਪੂਰਾ ਵਾਕਫ਼ ।

**ਜਾਣੋ,** ਕ੍ਰਿ: ਵਿ:—ਜਾਣੀਦਾ (ਦੀ), ਜਿਹਾਕੁ, ਸ਼ਾਇਦ ।

**ਜਾਤ,** ਸ: ਜਾਨ, ਕੌਮ, ਗੋਤ, ਰੰਗ, ਗੁਣ ਕਰਮ ਜਾਂ ਜਨਮ ਅਨੁਸਾਰ ਮਨੁੱਖਾਂ ਦੀ ਵੰਡ ।

**ਜਾਤ ਸਫ਼ਾਤ,** ਸ:—ਚੰਗੀ ਕੁਲ ਅਤੇ ਗੁਣ ॥

**ਜਾਤ ਕਰਮ,** ਪੁ: ਆਪਣੀ ਜਾਤ ਦਾ ਖਾਸ ਕੰਮ॥

**ਜਾਤ ਪਾਤ,** ਸ:—ਜਾਤ ਅਤੇ ਦਰਜਾ ॥

**ਜਾਤ ਬਰਾਦਰੀ,** ਸ:—ਆਪਣੀ ਜਾਤ ਦੇ ਲੋਕ, ਭਾਈ ਚਾਰਾ ।

Digitized by Panjab Digital Library | www.panjabdigilib.org

**ਜਾਤ ਭਰਾ (ਭਾਈ),** ਪੁ:—ਆਪਣੀ ਜਾਤ ਦਾ ਆਦਮੀ ॥

**ਜਾਤ ਭਰਿਸ਼ਟ,** ਵਿ:—ਜਿਸ ਦੀ ਜਾਤ ਵਿਗੜ ਜਾਵੇ (ਹੋਣਾ, ਕਰਨਾ) ॥

**ਜਾਤ ਭਾਤ**<br>**ਜਾਤ ਭਾਂਤ** } ਸ:—ਜਾਤ ਅਤੇ ਕੁਲ, ਘਰਾਣਾ।

**ਜਾਤ੍ਰਾ,** ਸ:—ਕਿਸੇ ਤੀਰਥ ਨੂੰ ਜਾਣਾ, ਧਰਮ ਦਾ ਮੇਲਾ ॥

**ਜਾਤ੍ਰੀ,** ਪੁ:—ਤੀਰਥ ਨੂੰ ਜਾਣ ਵਾਲਾ ॥

**ਜਾਤੀ,** ਸ:—'ਜਾਤ' ਵੇਖੋ ॥

**ਜਾਤੀ ਜਰਮ,** ਵਿ:—ਅਸਲ ਦਾ, ਕੁਲ ਵੰਤ।

**ਜਾਦ,** ਵਿ: —'ਯਾਦ' ਵੇਖੋ।

**ਜਾਦਾ,** ਵਿ:—'ਜ਼ਿਆਦਾ' ਵੇਖੋ।

**ਜਾਦੂ,** ਪੁ:—ਟੂਣਾ, ਮੰਤ੍ਰ, ਇੰਦ੍ਰਜਾਲ ਛਲ, ਮਦਾਰੀ ਦੀ ਖੇਡ ॥

**ਜਾਂਦ,** ਵਿ:—ਜਾਣ ਵਾਲਾ, ਜਿਸਨੇ ਨਹੀਂ ਰਹਿਣਾ।

**ਜਾਦੂਗਰ,** ਪੁ:<br>**ਜਾਦੂਗਰਨੀ,** ਸ: } ਜਾਦੂ ਕਰਨ ਵਾਲਾ (ਲੀ)।

**ਜਾਦੂਗਰੀ,** ਸ:—ਜਾਦੂ ਕਰਨ ਦਾ ਕੰਮ

**ਜਾਦੋ,** ਪੁ:—ਕ੍ਰਿਸ਼ਨ ਜੀ ਦੀ ਕੁਲ।

**ਜਾਦੋ ਬੰਸੀ**<br>**ਜਾਦੋ ਵੰਸੀ** } ਪੁ:—ਜਾਦੋ ਕੁਲ ਦਾ।

**ਜਾਨ,** ਸ: —ਜਿੰਦ, ਪ੍ਰਾਣ, ਜੀਵ, ਆਤਮਾ, ਮਨ, ਰੂਹ, ਸਤ, ਤਾਕਤ, ਪਿਆਰਾ। ਨੁਕਸਾਨ ॥

**ਜਾਨ ਸੁੱਕਣੀ,** ਕ੍ਰਿ:—ਚਿੰਤਾ ਜਾਂ ਡਰ ਨਾਲ ਬਹੁਤ ਦੁਖੀ ਹੋਣਾ।

**ਜਾਨ ਹੋ ਜਾਣਾ**<br>**ਜਾਨ ਹੋਣਾ** } ਕ੍ਰਿ:—ਘੁਆਚਣਾ, ਨਾਸ ਹੋਣਾ।

**ਜਾਨ ਕੱਢਣੀ,** ਕ੍ਰਿ:—ਮਾਰਨਾ, ਦੁਖ ਦੇਣਾ ॥

**ਜਾਨ ਕਰਨਾ,** ਕ੍ਰਿ: ਗੁਆਉਣਾ, ਨਾਸ ਕਰਨ ॥

**ਜਾਨ ਛੁਡਾਉਣੀ,** ਕ੍ਰਿ:—ਜਾਨ ਬਚਾ ਕੇ ਨਸਣਾ, ਪਿੱਛਾ ਛੁਡਾਉਣਾ ॥

**ਜਾਨ ਤੇ ਬਣਨੀ,** ਕ੍ਰਿ:—ਮਰ ਜਾਣ ਦਾ ਡਰ ਹੋਣਾ ॥

**ਜਾਨ ਦਾਰ,** ਪੁ:—ਜਿਸ ਵਿੱਚ ਜਾਨ ਹੈ, ਬਲੀ, ਧਣੀ।

**ਜਾਨ ਦੇਣੀ,** ਕ੍ਰਿ:—ਸਦਕੇ ਹੋਣਾ, ਮਰਨਾ ॥

**ਜਾਨ ਨੂੰ ਰੋਣਾ,** ਕ੍ਰਿ:—ਦੁਖੀ ਹੋਕੇ ਮੌਤ ਮੰਗਣੀ।

**ਜਾਨ ਪੈਣੀ,** ਕ੍ਰਿ:—ਖੁਸ਼ੀ ਹੋਣੀ, ਸੁਰਤ ਆਉਣੀ।

**ਜਾਨ ਬਲਬ,** ਵਿ:—ਜਿਸ ਦੀ ਜਾਨ ਨਿਕਲਣ ਵਾਲੀ ਹੈ

**ਜਾਨ ਮਾਰਨਾ**<br>**ਜਾਨ ਮਾਰੀ ਕਰਨਾ** } ਕ੍ਰਿ:—ਮਾਰਨਾ, ਬਹੁਤ ਮੇਹਨਤ ਕਰਨਾ ॥

**ਜਾਨਵਰ,** ਪੁ:—'ਜਨਾਉਰ' ਵੇਖੋ ॥

**ਵੱਡਾ ਜਾਨਵਰ,** ਪੁ:—ਹਾਥੀ ॥

**ਜਾਨ ਨਾਲ ਜਹਾਨ ਹੈ**—ਜਿਸ ਦੀ ਜਾਨ ਸਲਾਮਤ ਹੈ ਉਸ ਦੇ ਭਾਣੇ ਹੀ ਜਹਾਨ ਵਸਦਾ ਹੈ ॥

**ਜਾਨੋਂ ਹੱਥ ਧੋ ਛੱਡਣਾ,** ਕ੍ਰਿ: —ਜੀਉਣ ਦੀ ਆਸ ਨਾ ਰਹਿਣੀ ॥

Digitized by Panjab Digital Library | www.panjabdigilib.org

**ਜਾਨਣਾ,** ਕ੍ਰਿ:-ਮਲੂਮ ਕਰਨਾ, ਸਿੱਖਣਾ, ਸਮਝਣਾ ॥

**ਜਾਨੀ,** ਵਿ: / ਪੁ: — ਪਿਆਰਾ, ਆਸ਼ਕ, ਮਸ਼ੂਕ ਸਨਾਹੀ ॥

**ਜਾਨੀ ਦੁਸ਼ਮਣ,** ਪੁ:—ਜਾਨ ਦਾ ਤਿਹਾਯਾ ਵੈਰੀ ।

**ਜਾਨੀ ਯਾਰ,** ਪੁ:-ਪੱਕਾ ਦੋਸਤ, ਸੱਚਾ ਮਿਤ੍ਰ ।

**ਜਾਨੂੰ,** ਪੁ:—ਗੋਡਾ ॥

**ਜਾਪ,** ਪੁ: 'ਜਪ' ਵੇਖ ।

**ਜਾਪਜੀ,** ਸ: -ਗੁਰੂ ਗੋਬਿੰਦ ਸਿੰਘਜੀ ਦੀ ਰਚੀ ਹੋਈ ਬਾਣੀ ਜੋ ਦਸਮ ਪਾਤਸ਼ਾਹੀ ਦੇ ਗ੍ਰੰਥ ਸਾਹਿਬ ਦੇ ਆਦਿ ਵਿੱਚ ਹੈ

**ਜਾਪਕ,** ਪੁ:—ਜਾਪ ਕਰਨ ਵਾਲਾ ॥

**ਜਾਪਣਾ,** ਕ੍ਰਿ:—ਭਾਸਣਾ, ਪਰਗਟ ਹੋਣਾ, ਮਲੂਮ ਹੋਣਾ ॥

**ਜਾਪੀ / ਜਾਪੀਆ** — ਪੁ:—ਜਾਪ ਕਰਨ ਵਾਲਾ ।

**ਜਾਪੇ,** ਕ੍ਰਿ:—ਪ੍ਰਤੀਤ, ਕਾਂ ਜਾਣੀਏ ਸ਼ਾਇਤ (ਕੀ ਜਾਪ)॥

**ਜਾਫਲ,** ਸ:—ਇੱਕ ਤਰਾਂ ਦਾ ਛੋਟਾ ਗਰਮ ਫਲ ।

**ਜਾਬੂ,** ਪੁ:—ਕਾਬਲ ਦਾ ਟੱਟੂ, ਮੋਟਾ ਆਦਮੀ

**ਜਾਮ,** ਪੁ:—ਪਿਆਲਾ, ਕਟੋਰਾ ।

**ਜਾਮਣ,** ਪੁ:—ਇੱਕ ਰੁੱਖ ਅਤੇ ਉਸ ਦਾ ਖੱਟਾ ਫਲ, ਜੰਮੂ, ਜਮਾਨਤ ਦੇਣ ਵਾਲਾ (ਹੋਣਾ ਦੇਣਾ) ਦੁੱਧੇ ਦੀ ਨੜੀ ਦਾ ਜੋੜ, ਦੁੱਧ ਦੀ ਜਾਗ ।

**ਜਾਮਣ ਤਾਹਦ,** ਪੁ:, ਸ:—ਜਾਮਣੀ ।

**ਜਾਮਣੀ,** ਸ:—'ਜਮਾਨਤ' ਵੇਖੋ ॥

**ਜਾਮਦਾਨੀ,** ਸ:—ਇੱਕ ਬੂਟੀਆਂ ਵਾਲਾ ਰੇਸ਼ਮੀ ਕਪੜਾ, ਇਕ ਕਪੜੇ ਪਾਉਣ ਵਾਲਾ ਚੰਮ ਦਾ ਸੰਦੂਕ ।

**ਜਾਮਨੂੰ,** ਪੁ:—ਜੰਮੂ, ਜਾਮਣ ਦਾ ਫਲ ਅਤੇ ਰੁੱਖ ॥

**ਜਾਮਾ,** ਪੁ:—ਲੰਮਾ ਚੋਗਾ, ਜਾਤ, ਜਨਮ, (ਹਿਦੂ ਦਾ ਜਾਮਾ) ॥

**ਜਾਮਾ ਮਸਜਦ / ਜਾਮਾ ਮਸੀਤ** — ਸ:—ਵੱਡੀ ਮਸੀਤ ਜਿੱਥੇ ਜੁੰਮੇ ਦੀ ਨਮਾਜ਼ ਪੜ੍ਹੀ ਜਾਵੇ ॥

**ਜਾਮੇਵਾਰ,** ਪੁ:—ਬੂਟੀਆਂ ਵਾਲਾ ਦੁਸ਼ਾਲਾ ॥

**ਜਾਯਾ,** ਪੁ:—ਪੁਤ੍ਰ, ਉਲਾਦ, ਸੰਤਾਨ ॥

**ਜਾਰ,** ਪੁ:—ਯਾਰ, ਦੋਸਤ, ਮਿਤ੍ਰ, ਜਲਾਹੀ ॥

**ਜਾਰ ਚੋਰ,** ਪੁ:—ਬਦਮਾਸ਼, ਲੁੱਚਾ, ਕੁਕਰਮੀ ॥

**ਜ਼ਾਰ,** ਪੁ:—ਰੂਸ ਦਾ ਪਾਤਸ਼ਾਹ ॥

**ਜ਼ਾਰ ਜ਼ਾਰ ਰੋਣਾ,** ਕ੍ਰਿ:—ਡਾਢਾ ਰੋਣਾ ॥

**ਜ਼ਾਰਤ,** ਸ:—'ਜ਼ਿਆਰਤ' ਵੇਖੋ ॥

**ਜਾਰ,** ਪੁ: / **ਜਾਰਨੀ,** ਸ: — ਬਦਮਾਸ਼, ਜੋ ਮੰਦਾ ਕੰਮ ਕਰੇ ॥

**ਜਾਰਾ,** ਪੁ:—'ਜਾੜਾ' ਵੇਖੋ ॥

**ਜਾਰੀ,** ਵਿ:—ਵਗਦਾ, ਚਲਦਾ, ਪ੍ਰਚਲਤ (ਹੋਣਾ, ਕਰਨਾ) ।
ਸ:—ਯਾਰੀ, ਦੋਸਤੀ, ਪਿਆਰ, ਮੇਲ ਬਦਮਾਸ਼ੀ ।

**ਜ਼ਾਰੋ ਜ਼ਾਰ ਰੋਣਾ,** ਕ੍ਰਿ:—ਡਾਢਾ ਰੋਣਾ ॥

Digitized by Panjab Digital Library | www.panjabdigilib.org

**ਜ਼ਾਲ,** ਪੁ:—ਫੰਧਾ (ਪਾਉਣਾ, ਵਛਾਉਣਾ) ਫਰੇਬ, ਇਕ ਰੁੱਖ, ਝੂਠੀ ਬਣਾਵਟ (ਬਣਾਉਣਾ)।

**ਜ਼ਾਲ ਸਾਜ਼,** ਪੁ:—ਝੂਠੀ ਗੱਲ ਬਣਾਉਣ ਵਾਲਾ, ਫਰੇਬੀ॥

**ਜ਼ਾਲ ਸਾਜ਼ੀ,** ਸ:—ਝੂਠੀ ਖੇਲ, ਬਣਾਵਟ, ਪਖੰਡ।

**ਜ਼ਾਲਣਾ,** ਕ੍ਰਿ:—ਸਾੜਨਾ, ਬਾਲਣਾ, ਭੜਕਾਉਣਾ

**ਜ਼ਾਲਮ,** ਪੁ:, ਵਿ:—ਦੂਏ ਨੂੰ ਦੁਖ ਦੇਣ ਵਾਲਾ, ਨਿਰਦਈ॥

**ਜ਼ਾਲਮੀ,** ਸ:—ਬੇ ਤਰਸੀ, ਜ਼ੁਲਮ ਸਖ਼ਤੀ, ਉਪੱਦਰ।

**ਜਾਲਾ,** ਪੁ:—ਆਲਾ, ਮਕੜੀ ਦੀਆਂ ਤਾਰਾਂ ਦਾ ਘਰ, ਪਾਣੀ ਦੇ ਉੱਪਰਲੀ ਸਾਵੀ ਮੈਲ, ਇਕ ਘਾਹ, ਅੱਖ ਦਾ ਦਾਗ।

**ਜਾਲੀ,** ਸ:—ਛੋਟਾ ਜਾਲ, ਘੁੱਰੁਆਂ ਵਾਲਾ ਕਪੜਾ ਜਾਂ ਲਕੜੀ ਜਾਂ ਲੋਹੇ ਦਾ ਕੰਮ।

**ਜਾਵਣਾ,** ਕ੍ਰਿ:—'ਜਾਣਾ' ਵੇਖੋ।

**ਜਾ ਵੜਨਾ,** ਕ੍ਰਿ:—ਜਾਕੇ ਅੰਦਰ ਵੜਨਾ॥

**ਜਾ ਵਾੜਨਾ,** ਕ੍ਰਿ:—ਜਾਕੇ ਅੰਦਰ ਵਾੜਨਾ॥

**ਜਾੜ,** ਪੁ:—ਢੋਲਿਆਂ ਦਾ ਟਾਂਡਾ, ਝਾੜੀਆਂ ਦਾ ਬਨ।

**ਜਾੜਾ,** ਪੁ:—ਜੜ, ਮੂਲ, ਸਿਆਲਾ, ਠੰਢ, ਪਾਲਾ॥

**ਜਿਉਂ,** ਕ੍ਰਿ: ਵਿ:—ਜਿਸ ਤਰਾਂ, ਜਿਸ ਢੰਗ ਨਾਲ॥

**ਜਿਉਂ ਜਿਉਂ,** ਕ੍ਰਿ: ਵਿ:—ਜਿੰਨਾ ਜਿੰਨਾ ਹਿਰ, ਜਿਸ ਜਿਸ ਤਰਾਂ॥

**ਜਿਉਂ ਤਿਉਂ,** ਕ੍ਰਿ: ਵਿ:—ਕਿਸੇ ਨਾਂ ਕਿਸੇ ਤਰਾਂ।

**ਜਿਉਂ ਦਾ ਤਿਉਂ,** ਕ੍ਰਿ:-ਵਿ:-ਓਸੇ ਤਰਾਂ, ਅਸਲ ਹਾਲਤ ਵਿੱਚ॥

**ਜ਼ਿਆਦਾ,** ਵਿ:- / ਕ੍ਰਿ:-ਵਿ:- } ਬਹੁਤ, ਵੱਧ, ਵਧੀਕ, ਅੱਤ

**ਜ਼ਿਆਫ਼ਤ,** ਸ:-ਕਿਸੇ ਨੂੰ ਸੱਦਕੇ ਖੁਆਉਣਾ ਪਿਆਉਣਾ, ਮਮਾਨੀ॥

**ਜ਼ਿਆਫ਼ਤਣ,** ਸ:- / **ਜ਼ਿਆਫ਼ਤੀ,** ਪੁ:- } ਜਿਸਦੀ ਜ਼ਿਆਫ਼ਤ ਕੀਤੀ ਜਾਵੇ।

**ਜ਼ਿਆਰਤ,** ਸ:-ਮੁਸਲਮਾਨਾਂ ਦਾ ਪਵਿਤ੍ਰ ਅਸਥਾਨ, ਐਸੇ ਅਸਥਾਨ ਤੇ ਜਾਣਾ ਮੁਲਾਕਾਤ (ਕਰਨੀ)।

**ਜ਼ਿਆਰਤੀ,** ਵਿ:-ਜੋ ਜ਼ਿਆਰਤ ਕਰੇ।

**ਜਿਸ,** ਪੜ:—ਜੋ, ਜੇਹੜਾ॥

**ਜਿਸ ਕਿਸੀ (ਸੇ),** ਪੜ:-ਜੋ, ਭਾਵੇਂ ਕੋਈ ਹੋਵੇ॥

**ਜਿਸਤ,** ਪੁ:-ਇੱਕ ਧਾਤ, ਜਿਸ ਰਾਸ਼ੀ ਦੇ ਦੋ ਪੂਰ ਹਿਸੇ ਹੋ ਸਕਣ (੪, ੬, ੮ ਆਦਿਕ)॥

**ਜਿਸਤ ਟਾਕ** / **ਜਿਸਤ ਟਾਂਕ** } ਪੁ:-ਜੂਏ ਦੀ ਇੱਕ ਖੇਡ॥

**ਜਿਸਤੀ,** ਵਿ:-ਜਿਸਤ ਦਾ ਬਣਿਆ ਹੋਯਾ॥

**ਜਿਸਮ,** ਪੁ: —ਸਰੀਰ, ਤਨ, ਦੇਹ॥

**ਜਸਮਾਨੀ,** ਵਿ:—ਜਿਸਮ ਦਾ, ਸਰੀਰਕ॥

**ਜਿਹ,** ਪੜ: ਜੋ, ਜੇਹੜਾ, ਜਿਸ। ਸ:-ਜੁੱਤੀ ਦਾ ਕੰਢਾ,

**ਜਿਹਰ ਖ਼ਿਦਿਆ,** ਸ:-ਮਾਰ ਕੁਟਾਈ, ਖਪਾਉਣਾ॥

**ਜਿਹਰਨਾ,** ਕ੍ਰਿ:-ਮਾਰਨਾ, ਕੁੱਹਣਾ॥

Digitized by Panjab Digital Library | www.panjabdl.org

**ਜਿਹੜਾ,** ਪੁ:
**ਜਿਹੜੀ,** ਸ: } ਪੜ:—ਜੋ, ਜੋ ਮਰਦ ਜਾਂ ਤੀਮੀਂ ।

**ਜੇਹੜਾ ਕੇਹੜਾ,** ਪੁ:—
**ਜੇਹੜੀ ਕੇਹੜੀ,** ਸ:— } ਜੋ ਮਨੁੱਖ (ਤੀਮੀ), ਭਾਵੇਂ ਕੋਈ ਹਵੇ ।

**ਜਿਹਾ**
**ਜਿਹੀ**
**ਜਹੇ** } ਵਿ:—ਜਿਸ ਤਰਾਂ ਦਾ (ਦੀ, ਦੇ), ਵਰਗਾ (ਗੀ, ਗੇ), ਕੁਝ ਕੁਝ (ਕਾਲਾ ਜਿਹਾ) ।

**ਜਿਹਾ ਕਿਹਾ,** ਵਿ:, ਕ੍ਰਿ:—ਵਿ:—ਭਾਵੇਂ ਕਿਸ ਤਰਾਂ ਦਾ, ਕਿਸੇ ਤਰਾਂ ॥

**ਜਿਹਾਕੁ,** ਯੋਜਕ—ਜਿਵੇਂ, ਜਿੱਕੁਰ, ਜਿੱਦਾਂ ॥

**ਜਿੱਕ,** ਸ:—'ਜੱਕ' ਵੇਖੋ ।

**ਜਿੱਕਣਾ,** ਕ੍ਰਿ:—ਸਰੀਰ ਨੂੰ ਵੱਖਲਾ ਘੁੱਟਣਾ, ਮੁੱਠੀ ਚੱਪੀ ਕਰਨੀ ।

**ਜਿਕਰ,** ਪੁ:—ਗੱਲ, ਬਿਆਨ, ਚਾਲ, ਵਰਿਆਈ, ਕੁਰਾਨ ਦਾ ਪਾਠ, ਖੁਦਾ ਦੀ ਯਾਦ (ਕਰਨਾ) ।

**ਜਿੱਕਰ**
**ਜਿੱਕੁ** } ਕ੍ਰਿ: ਵਿ:—ਜਿਸ ਤਰ੍ਹਾਂ, ਜਿਵੇਂ ॥

**ਜਿਗਰ,** ਪੁ:—ਕਲੇਜਾ, ਦਿਲ, ਪੁਤ੍ਰ ਆਦਿਕ ਪਿਆਰਾ ਸਨਬੰਧੀ ॥

**ਜਾਨ, ਜਿਗਰ,** ਪੁ:—ਮਿੱਠੇ ਪਿਆਰੇ, ਨੇੜੇ ਦੇ ਸਾਕ ॥

**ਜਿਗਰ ਜਲਣਾ,** ਕ੍ਰਿ:—ਦੁਖ ਪਾਉਣਾ, ਬਿਪਤਾ ਭੁਗਤਨੀ ।

**ਜਿਗਰ ਦਾ ਟੁਕੜਾ,** ਪੁ:—ਪੁਤ੍ਰ, ਬੇਟਾ ॥

**ਜਿਗਰ ਨੂੰ ਠੰਡ ਪੈਣੀ,** ਕ੍ਰਿ:—ਮਨ ਨੂੰ ਸ਼ਾਂਤ ਆਉਣੀ, ਚਿੰਤਾ ਦੂਰ ਹੋਣੀ ॥

**ਜਿਗਰ ਫਟਣਾ,** ਕ੍ਰਿ:—ਦਿਲ ਟੁੱਟਣਾ, ਦਿਲ ਦੁਖੀ ਹੋਣਾ ।

**ਜਿਗਰਾ,** ਪੁ:—ਹੌਸਲਾ, ਹਿੰਮਤ, ਦਲੇਰੀ, ਧੀਰਜ ॥

**ਜਿਗਰੀ,** ਵਿ:—ਜਿਗਰ ਦਾ, ਪਿਆਰਾ, ਗੂੜ੍ਹਾ (ਯਾਰ) ॥

**ਜਿਗਰੀ ਦੋਸਤ,** ਪੁ:—ਜਿਨ੍ਹਾਂ ਦੋਸਤਾਂ ਨਾਲ ਅੰਦਰ ਦੀ ਮੇਲ ਚੰਗੀ ਤਰਾਂ ਨਿਕਲ ਜਾਵੇ ।

**ਜਿਗਾ,**
**ਜਿਗਾ ਕਲਗੀ** } ਸ:—ਰਾਜਿਆਂ ਅਮੀਰਾਂ ਦੇ ਸਿਰ ਦਾ ਇਕ ਸ਼ਿੰਗਾਰ ॥

**ਜਿੱਚ,** ਵਿ:—ਔਖਾ, ਵਿੱਥ, ਤੰਗ (ਹੋਣਾ, ਕਰਨਾ ਪੈਣਾ, ਜਾਹਣਾ) ॥

**ਜਿੱਚ ਪਿੱਚ,** ਵਿ:—ਖਿਝਿਆ ਹੋਯਾ, ਛਿੱਥਾ ॥

**ਜਿਚਰ (ਜਿੱਚਰ)**
**ਜਿਚਰਕ**
**ਜਿਚਰ ਤੀਕ (ਤੋੜੀ)** } ਕ੍ਰਿ: ਵਿ:—ਜਿੰਨਾ ਚਿਰ ਜਦ ਤੱਕ ॥

**ਜਿਜਮਾਨ**
**ਜਿਜਮਾਨਣੀ**
**ਜਿਜਮਾਨੀ** } 'ਜਜਮਾਨ' ਆਦਿਕ ਵੇਖੋ ।

**ਜਿੰਜਾਲ,** ਪੁ:—'ਜੰਜਾਲ' ਵੇਖੋ ।

**ਜਿਠਾਣੀ**
**ਜਿਠੌਤ** } 'ਜਠਾਣੀ' ਆਦਿਕ ਵੇਖੋ ॥

**ਜਿੱਡਾ,** ਵਿ:—ਜਿੰਨਾ ਵੱਡਾ, ਜਿੰਨਾ ॥

**ਜਿੱਡਾ ਕਿੱਡਾ,** ਵਿ:—ਜਿੰਨਾ ਕੁ ਵੱਡਾ ॥

**ਜਿਤ,** ਪੜ:—ਜਿਸ, ਜੋ ।

**ਜਿਤ ਵੱਲ,** ਕ੍ਰਿ:—ਵਿ: ਜਿਸ ਪਾਸੇ ॥

Digitized by Panjab Digital Library | www.panjabdigilib.org

**ਜਿੱਤ**, ਸ:—ਜਿੱਤਣ ਦਾ ਕੰਮ, ਫਤੇ, ਕੰਮ ਸੌਰਨਾ, ਲਾਹਾ ॥

**ਜਿੱਤਣਾ**, ਕ੍ਰਿ:—ਹੋਰਨਾਂ ਕੋਲੋਂ ਵੱਧ ਜਾਣਾ, ਕੰਮ ਬਣ ਜਾਣਾ, ਆਪਣੀ ਫਤੇ ਹੋਣੀ ॥

**ਜਿਤਨਾ** ਪੁ:—, **ਜਿਤਨੀ** ਸ:— } ਪੜ:—ਦੂਜੇ ਦੇ ਬਰਾਬਰ, ਸਾਰਾ (ਰੀ) ਜਾਂ ਕੁਝ, ਜਿੰਨਾ (ਨੀ) ॥

**ਜਿਤਨੇ**, ਪੜ:—ਗਿਣਤੀ ਵਿੱਚ ਦੂਜੇ ਦੇ ਬਰਾਬਰ ਜਿਤੇ, ਜਿੰਨੇ ॥

**ਜਿਤਾਉਣਾ**, **ਜਿਤਾਣਾ** } ਕ੍ਰਿ:—ਦੂਜੇ ਨੂੰ ਜਿੱਤਣ ਦੇਣਾ ॥

**ਜਿਤਾਊ**, ਪੁ:—ਜਿਤਾ ਦੇਣ ਵਾਲਾ ॥

**ਜਿੱਥੇ**, ਕ੍ਰਿ:-ਵਿ:—ਜਿਸ ਥਾਂ, ਜਿਸ ਜਗਾ ॥

**ਜਿੱਥੇ ਕਿਤੇ**, ਕ੍ਰਿ: ਵਿ:—ਭਾਵੇਂ ਕਿਸੇ ਥਾਂ ॥

**ਜਿੱਥੇ ਤਿੱਥੇ**, ਕ੍ਰਿ:-ਵਿ:—ਥਾਂ ਥਾਂ, ਹਰ ਜਗਾ ॥

**ਜਿੱਥੋਂ**, ਕ੍ਰਿ:-ਵਿ:—ਜਿਸ ਥਾਂ ਤੋਂ ॥

**ਜਿਦ**, **ਜਿੱਦ** } ਸ:—ਅੜਕਾ, ਢਲਦ, ਹਠ, ਵੈਰ (ਕਰਨੀ, ਕਰਨੀ ਰੱਖਣੀ, ਫੜਨੀ) ॥

**ਜਿੰਦ**, ਸ:—ਜਾਨ, ਪ੍ਰਾਣ, ਬਲ, ਤਾਕਤ ॥

**ਜਿੰਦ ਮਾਰਨੀ**, ਕ੍ਰਿ:—ਜਾਨੋਂ ਮਾਰ ਸੁੱਟਣਾ, ਚੋਖਾ ਬਾਹਲਾ ਜਤਨ ਕਰਨਾ ॥

**ਜਿੰਦਗਾਣੀ**, **ਜਿੰਦਗੀ** } ਸ:—ਜਾਨ, ਆਰਬਲਾ, ਉਮਰ, ਜਿੰਦੜੀ ॥

**ਜਿੱਦਣ** ਸ:, **ਜਿੱਦੀ** [illegible], **ਜਿਦਆ** ਪੁ: } ਵਿ:—ਜੋ ਜਿਦ ਕਰੇ, ਹਠੀ ॥



**ਜਿਦਣਾ**, ਕ੍ਰਿ:—ਜਿਦ ਕਰਨੀ, ਸਾਮ੍ਹਣਾ ਕਰਨਾ ॥

**ਜਿੰਦੜੀ**, ਸ:—ਪਿਆਰੀ ਜਿੰਦ, ਰੂਹ, ਜਾਨ ॥

**ਜਿੰਦਾ**, ਵਿ:—ਜਿਸ ਵਿੱਚ ਜਿੰਦ ਹੈ, ਜੀਉਂਦਾ ॥

**ਜਿਦਾਉਣਾ**, ਕ੍ਰਿ:—ਜਿਦ ਕਰਾਉਣੀ ॥

**ਜਿੰਦਣ**, ਕ੍ਰਿ: [illegible] ਜਿਸ ਦਿਨ, ਜਦੋਂ ॥

**ਜਿੰਦੂਆ**, ਪੁ:—(ਸੰਬੋਧਨ), ਹੇ ਮੇਰੀਏ ਜਿੰਦੇ ਹੇ ਪਿਆਰੇ ॥

**ਜਿਦੋ ਜਿਦੀ**, ਕ੍ਰਿ: ਵਿ:—ਵੈਰ ਜਾਂ ਖਾਰ ਕਰਕੇ, ਹਠ ਨਾਲ ॥

**ਜਿੱਧਰ**, ਕ੍ਰਿ: ਵਿ:—ਜਿਸ ਪਾਸੇ, ਜਿਸ ਤਰਫ ॥

**ਜਿਧਰੀਂ ਕਿਧਰੀਂ**, **ਜਿਧਰੇ ਕਿਧਰੇ** } ਕ੍ਰਿ: ਵਿ:—ਭਾਵੇਂ ਕਿਸੇ ਪਾਸ, ਹਰ ਥਾਂ ॥

**ਜਿਨ (ਜਿਨ੍ਹ)**, ਪੜ:—ਜਿਸ ਨੇ ॥

**ਜਿੰਨ**, ਪੁ:—ਭੂਤ, ਪ੍ਰੇਤ, ਮੋਟਾ ਅਤੇ ਕੋਝਾ ਮਨੁੱਖ, ਬੜਾ ਤਕੜਾ ਆਦਮੀ ॥

**ਜਿਨਸ**, ਸ:—ਕਿਸਮ, ਰੰਗ, ਜ਼ਾਤ, ਕੁਲ, ਸਦਾ, ਮਾਲ ਅਨਾਜ ॥

ਵ: ਸ਼ਰਾਰਤੀ ਆਦਮੀ (ਇੱਕ ਜਿਨਸ) ॥

**ਜਿਨਸੀ**, ਸ:—ਸਾਰੀ ਤੇਂਪ ਬ੍ਰਾਹਮਣਾਂ ਦੀ ਇੱਕ ਜਾਖ ॥

**ਜਿਨ੍ਹ ਕਿਨ੍ਹ**, **ਜਿਨ੍ਹੈਂ ਕਿਨ੍ਹੈਂ** } ਪੜ:—ਜਿਸ ਕਿਸੇ ਨੇ ॥

**ਜਿਨਣੀ**, **ਜਿੰਨੀ** } ਸ:—ਜੰਮਣੀ, ਜਣਨੀ, ਜਿਵਾਲਣੀ ॥

Digitized by Panjab Digital Library | www.panjabdigilib.org

**ਜਿੰਨਤ,** ਸ਼ਃ—ਬਹਿਸ਼ਤ, ਮੁਸਲਮਾਨਾਂ ਦਾ ਸੁਰਗ ।

**ਜਿਨਾਂ / ਜਿਨ੍ਹਾਂ** } ਪੜਃ—'ਜਿਸ' ਦਾ ਬਹੁਃ ਬਃ ।

**ਜਿੰਨਾ,** ਪੁਃ / **ਜਿੰਨੀ,** ਸ਼ਃ } ਕ੍ਰਿਃ ਵਿਃ ਦੂਜੇ ਦੇ ਬਰਾਬਰ ।

**ਜਿਨਾਤ / ਜਿਨਾਤ** } ਪੁਃ, (ਬਹੁਃ ਬਃ)—ਬਹੁਤ ਸਾਰੇ ਜਿੰਨੇ ॥

**ਜਿਨੀਂ / ਜਿਨ੍ਹੀਂ** } ਪੜਃ—ਜਿਨ੍ਹਾਂ ਨੇ, 'ਜੋ' ਦਾ ਬਹੁਃ ਬਃ ॥

**ਜਿਬਾ,** ਪੁਃ—ਕਤਲ, ਕੁਰਬਾਨੀ, ਘਾਤ, ਮਾਰਨਾ (ਕਰਨਾ) ॥

**ਜਿਮਨਾਸਟਕ,** ਪੁਃ—ਕਸਰਤ ਕਰਨ ਦੇ ਢੰਗ ।

**ਜਿਮਾ,** ਪੁਃ—'ਜੁੰਮਾ' ਵੇਖੋ ।

**ਜਿਮਾਉਣਾ,** ਕ੍ਰਿਃ—ਖੁਆਉਣਾ, ਭੋਜਨ ਦੇਣਾ ॥

**ਜਮੀ (ਮੀਂ) / ਜਿਮੀਣ** } ਸ਼ਃ—ਧਰਤੀ, ਭੋਂ, ਪਿਰਥੀ, ਦੇਸ, ਬੂਟੀ ਦਾਰ ਕਪੜੇ ਦਾ ਹੇਠਲਾ ਰੰਗ, ਫਰਸ਼ ।

**ਜਮੀਦਾਰ,** ਪੁਃ—ਖੇਤੀ ਕਰਨ ਵਾਲਾ, ਕਿਰਸਾਣ, ਜੱਟ ।

**ਜਿਮੀਦਾਰਾ,** ਪੁਃ / **ਜਿਮੀਦਾਰੀ,** ਸ਼ਃ } ਜਿਮੀਦਾਰ ਦਾ ਕੰਮ, ਖੇਤੀ ।

**ਜਿਮੀਦਾਰਨੀ,** ਸ਼ਃ—ਜਿਮੀਦਾਰ ਦੀ ਵਹੁਟੀ ਜਾਂ ਧੀ ।

**ਜਿਮੀਂਣ ਵਿੱਚ ਨਿੱਘਰ ਜਾਣਾ,** ਕ੍ਰਿਃ—ਬਹੁਤ ਸ਼ਰਮਿੰਦਾ ਹੋਣਾ ।

**ਜਿਮੀਂ ਕੰਦ,** ਪੁਃ—ਇੱਕ ਤਰਾਂ ਦੀ ਮਿੱਠੀ ਭਾਜੀ ॥

**ਜਿੰਮੇ ਵਾਰ,** ਵਿਃ—ਜਿਸ ਦੇ ਜਿੰਮੇ ਜਾਂ ਸਪੁਰਦ ਕੁਝ ਹੋਵੇ ।

**ਜਿਰਹਾ,** ਸ਼ਃ—ਅਦਾਲਤ ਵਿੱਚ ਵਕੀਲ ਵੱਲੋਂ ਪੁੱਛ ਗਿੱਛ, ਹੁੱਜਤ, ਉਜਰ ॥

**ਜਿਰਹਾ ਪਕੜਣੀ,** ਕ੍ਰਿਃ—ਹੁੱਜਤ ਕਰਨੀ, ਸੱਚ ਝੂਠ ਦਾ ਨਿਤਾਰਾ ਕਰ ਲੈਣਾ ॥

**ਜਿਰਜੀ,** ਵਿਃ—ਜਿਦੀ, ਢੀਠ ॥

**ਜਿਰਾ,** ਸ਼ਃ—'ਜਿਰਹਾ' ਵੇਖੋ ।

**ਜਿਰਾ ਕਰਨਾ,** ਕ੍ਰਿਃ—ਅਦਾਲਤ ਵਿੱਚ ਮੁਕੱਦਮੇ ਵਾਲੇ ਨਾਲ ਕਈ ਗੱਲਾਂ ਪੁੱਛਣੀਆਂ (ਸੱਚ ਝੂਠ ਨਿਤਾਰਨ ਲਈ) ॥

**ਜਿਲ੍ਹ,** ਸ਼ਃ—ਸੁਸਤੀ, ਢਿੱਲ, ਆਲਸ ॥

**ਜਿੱਲ੍ਹਣ,** ਸ਼ਃ—ਚਿੱਕੜ, ਖੁੱਭਣ ॥

**ਜਿਲਤ (ਦ),** ਸ਼ਃ—ਕਿਤਾਬ ਦਾ ਮੁਖੌਟਾ, ਪਿੰਡਾ ॥

**ਜਿ[illegible]ਾ,** ਪੁਃ—ਰਾਜ ਕਾਜ ਵਾਸਤੇ ਦੇਸ ਦੇ ਕੀਤੇ ਹੋਏ ਹਿੱਸੇ (ਲਾਹੌਰ, ਅੰਮ੍ਰਿਤਸਰ ਆਦਿਕ) ।

**ਜਿੱਲ੍ਹਾ,** ਵਿਃ, ਪੁਃ—ਢਿੱਲਾ, ਸੁਸਤ, ਆਲਸੀ ॥

**ਜਿਲਦ ਗਰ,** ਪੁਃ—ਜਿਲਦ ਬੰਨ੍ਹਣ ਵਾਲਾ ॥

**ਜਿਲਤ ਗਾਲਣੀ,** ਕ੍ਰਿਃ—ਸਤਾਣਾ, ਨਾਸ ਕਰ ਦੇਣਾ ।

**ਜਿਲਦ ਬੰਨ੍ਹਣੀ / ਜਿਲਦ ਬਣਾਉਣੀ** } ਕ੍ਰਿਃ—ਕਿਤਾਬ ਉੱਤੇ ਪੁੱਠੇ ਚੜ੍ਹਾਉਣੇ ॥

Digitized by Panjab Digital Library | www.panjabdigilib.org

**ਜਿਲੂਣ,** ਸ: —ਪ੍ਰਕਾਸ਼, ਸ਼ੋਰ ।

**ਜਿਲੂਲਾ,** ਪੁ: }
**ਜਿਲੂਲੀ,** ਸ: } ਬੇ ਸਮਝ, ਝੱਲਾ (ਲੀ) ॥

**ਜਿਲੇਦਾਰ,** ਪੁ: ਨਹਿਰ ਦੇ ਮਹਿਕਮੇ ਦਾ ਇੱਕ ਅਫ਼ਸਰ ॥

**ਜਿਲੌ,** ਪੁ:—'ਜਲੌ' ਵੇਖੋ ।

**ਜਿਵਾਉਣਾ** }
**ਜਿਵਾਲਣਾ** } ਕ੍ਰਿ:—ਜਿੰਦ ਪਾਉਣੀ, ਭੋਜਨ ਖੁਆਉਣਾ ॥

**ਜਿਵੇਂ** }
**ਜਿਵੇਂ** } ਕ੍ਰਿ: ਵਿ:—ਜਿਸ ਤਰਾਂ, ਜਿੱਕੁਰ ॥

**ਜਿਵੈਣ,** ਸ:—'ਜਵਾਇਣ' ਵੇਖੋ ॥

**ਜੀ,** ਪੁ:—ਜਿੰਦ, ਪ੍ਰਾਣ, ਆਤਮਾ, ਮਨ, ਦਿਲ, ਚਾਹ, ਕਲੇਜਾ, ਸੁਭਾਉ, ਜਿਗਰਾ, ਸੱਜਣ ਆਦਰ ਦਾ ਬਚਨ ।

ਕ੍ਰਿ: ਵਿ:—ਹਾਂ ! ਮਹਾਰਾਜ ! ।

**ਜੀ ਉਟਕਣਾ,** ਕ੍ਰਿ:—ਕਿਸੇ ਪਾਸਿਓਂ ਦਿਲ ਹਟ ਜਾਣਾ ॥

**ਜੀ ਉਠਣਾ,** ਕ੍ਰਿ:—ਮੁੜ ਜਿੰਦ ਪੈ ਜਾਣੀ ॥

**ਜੀ ਆਇਆਂ ਨੂੰ,**—ਪ੍ਰਾਹੁਣੇ ਦੇ ਆਉਣ ਦੀ ਖੁਸ਼ੀ ਹੈ ਜਮ ਜਮ ਆਵੇ ।

**ਜੀ ਸੜ ਜਾਣਾ,** ਕ੍ਰਿ:—ਦੁਖੀ ਹੋਣਾ ।

**ਜੀ ਸਾੜਣਾ,** ਕ੍ਰਿ:—ਦੁਖੀ ਕਰਨਾ, ਕ੍ਰੋਧ ਚਾੜ੍ਹਨਾ ॥

**ਜੀ ਹਾਰਨਾ,** ਕ੍ਰਿ:—ਹਿੰਮਤ ਨਾ ਰਹਿਣੀ, ਔਖੇ ਜਾਣਾ ॥

**ਜੀ ਹੋਰ ਪਾਉਣਾ,** ਕ੍ਰਿ:—ਦੁਖ ਜਾਂ ਫਿਕਰ ਤੋਂ ਮਨ ਹਟਾਉਣਾ ॥

**ਜੀ ਕੱਚਾ ਹੋਣਾ,** ਕ੍ਰਿ:—ਉਲਟੀ ਆਉਣ ਲਗਣੀ ॥

**ਜੀ ਕੱਢਣਾ,** ਕ੍ਰਿ:—ਦਲੇਰੀ ਆਉਣੀ ॥

**ਜੀ ਕੰਮਣਾ,** ਕ੍ਰਿ:—ਧੜਕੀ ਲਗਣੀ, ਡਰਨਾ ॥

**ਜੀ ਕਰਨਾ,** ਕ੍ਰਿ:—ਚਾਹ ਹੋਣੀ ॥

**ਜੀ ਖਪਣਾ,** ਕ੍ਰਿ:—ਜਾਨ ਨੂੰ ਦੁਖ ਹੋਣਾ ॥

**ਜੀ ਖਪਾਉਣਾ,** ਕ੍ਰਿ:—ਜਾਨ ਦੁਖੀ ਕਰਨੀ ।

**ਜੀ ਖੋਲ੍ਹ ਕੇ,** ਕ੍ਰਿ: ਵਿ:—ਰੱਜ ਕੇ, ਜਿੰਨਾ ਜੀ ਚਾਹੇ ॥

**ਜੀ ਘਟਣਾ,** ਕ੍ਰਿ:—'ਜੀ ਥੋੜਾ ਹੋਣਾ' ਵੇਖੋ ॥

**ਜੀ ਘਾਤ,** ਪੁ:—ਕਿਸੇ ਨੂੰ ਜਾਨੋਂ ਮਾਰਨਾ ॥

**ਜੀ ਘਾਤਣ,** ਸ: }
**ਜੀ ਘਾਤੀ,** ਪੁ: } ਜੋ ਕਿਸੇ ਨੂੰ ਜਾਨੋਂ ਮਾਰੇ ॥

**ਜੀ ਘਿਰਨਾ,** ਕ੍ਰਿ:—ਉਲਟੀ ਆਉਣ ਲਗਣੀ ॥

**ਜੀ ਜਿਹਾ,** ਪੁ:—ਪਿਆਰਾ ਬਾਲਕ ਜਾਂ ਪੁਤ੍ਰ ॥
( ਪੁਤ ਇਹ ਜੀ ਜਿਹਾ ਜੀਉਂਦਾ ਰਹੇ ! )

**ਜੀ ਡੁੱਬਣਾ,** ਕ੍ਰਿ:—ਧਿਆਨ ਲਗ ਜਾਣਾ, ਬੇਸੁਰਤ ਹੋਣਾ ॥

**ਜੀ ਥੋੜਾ ਹੋਣਾ,** ਕ੍ਰਿ:—ਹਿੰਮਤ ਨਾ ਰਹਿਣੀ, ਘਬਰਾ ਪੈ ਜਾਣਾ ॥

**ਜੀ ਦੀ ਜੀ ਵਿੱਚ ਰਹਿਣੀ,** ਕ੍ਰਿ:—ਮੁਰਾਦ ਪੂਰੀ ਨਾ ਹੋਣੀ ।

**ਜੀ ਧੜਕਣਾ,** ਕ੍ਰਿ:—ਕੰਬਣਾ, ਡਰਨਾ, ਥਰ ਥਰ ਕਰਨਾ, ਦਿਲ ਵਿੱਚ ਹੌਸਲਾ ਨਾ ਰਹਿਣਾ ॥

Digitized by Panjab Digital Library | www.panjabdigilib.org

**ਜੀ ਪੈ ਜਾਣੇ,** ਕ੍ਰਿ:—ਕੀੜੇ ਪੈਦਾ ਹੋ ਜਾਣੇ (ਕਿਸੇ ਰੋਗ ਵਿਚ,)॥

**ਜੀ ਫਿਰਨਾ,** ਕ੍ਰਿ:—ਦਿਲ ਹਟਣਾ, ਉਲਟੀ ਆਉਣ ਲਗਣੀ ॥

**ਜੀ ਬੁਰਾ ਕਰਨਾ** ਕ੍ਰਿ:—ਦੁਖ ਦੇਣਾ, ਉਲਟਾ ਆਉਣੀ ॥

**ਜੀ ਭਰ ਜਾਣਾ,** ਕ੍ਰਿ:—ਰੱਜ ਜਾਣਾ, ਅੱਕ ਜਾਣਾ।

**ਜੀ ਭਰ ਆਉਣਾ,** ਕ੍ਰਿ:—ਤਰਸ ਆ ਜਾਣਾ, ਰੋਣ ਨੂੰ ਕਰਨਾ।

**ਜੀ ਭਿਆਣਾ,** ਵਿ:—ਜਿਸਦਾ ਜੀ ਡਰਿਆ ਹੋਯਾ ਹੋ, ਭਿਆਕੁਲ ॥

**ਜੀ ਮਾਰ,** ਪੁ:—ਜੋ ਮਨ ਨੂੰ ਵੱਸ ਕਰੇ।

**ਜੀ ਮਾਰਨਾ,** ਕ੍ਰਿ:—ਮਨ ਨੂੰ ਜਾਂ ਸਰੀਰ ਨੂੰ ਵੱਸ ਕਰਨਾ ॥

**ਜੀ ਮਿਲ ਜਾਣਾ**<br>**ਜੀ ਮਿਲਣਾ** } ਕ੍ਰਿ:—ਦੋਸਤੀ ਹੋ ਜਾਣੀ।

**ਜੀ ਰੱਖਣਾ,** ਕ੍ਰਿ:—ਖੁਸ਼ ਕਰਨਾ।

**ਜੀ ਲੱਗਣਾ,** ਕ੍ਰਿ:—ਮਨ ਭਾਉਂਦੀ ਗੱਲ ਵਲ ਧਿਆਨ ਹੋ ਜਾਣਾ, ਖੁਸ਼ ਰਹਿਣਾ ॥

**ਜੀ ਲਾਉਣਾ,** ਕ੍ਰਿ:—ਧਿਆਨ ਦੇਣਾ ॥

**ਜੀ ਵਿੱਚ ਆਉਣਾ,** ਕ੍ਰਿ:—ਸੁੱਝਣਾ, ਫੁਰਨਾ ॥

**ਜੀ ਵਿਚ ਜੰਮਣਾ**<br>**ਜੀ ਵਿੱਚ ਬੈਠਣਾ** } ਕ੍ਰਿ:—ਅਜੇਹਾ ਯਾਦ ਹੋਣਾ ਕਿ ਮੁੜ ਨਾ ਭੁੱਲਣਾ ॥

**ਜੀਉ,** ਪੁ:—'ਜੀ' ਵੇਖੋ।

**ਜੀਉਕਾ,** ਸ:—ਗੁਜ਼ਾਰਾ, ਨਿਰਬਾਹ, ਰੁਜ਼ਗਾਰ, ਅੰਨ ॥

**ਜੀਉਣ,** ਪੁ:—ਜ਼ਿੰਦ, ਜਾਨ, ਨਿਰਬਾਹ ॥

**ਜੀਉਣ ਪਾਣੀ,** ਸ:—ਮੁੜ ਜਾਨ ਪੈਣੀ, ਬੀਮਾਰੀ ਤੋਂ ਉੱਠਣਾ।

**ਜੀਉਣ ਬੂਟੀ,** ਸ:—ਮੁਰਦੇ ਨੂੰ ਜਿਵਾਉਣ ਵਾਲੀ ਬੂਟੀ, ਜਿਸ ਦੇ ਖਾਣੋਂ ਕਿਸੇ ਦੀ ਜਾਨ ਜਾਏ ॥

**ਜੀਉਣਾ,** ਕ੍ਰਿ:—ਜਿੰਦਾ ਰਹਿਣਾ, ਵੱਸਣਾ ਰੱਸਣਾ, ਸੁਖ ਭੋਗਣਾ।

**ਜੀਉਂਦੇ ਜੀ,** ਕ੍ਰਿ: ਵਿ:—ਜਦ ਤੱਕ ਜੀਂਦੇ ਹੈ।

**ਜੀਉਂਦੇ ਜੀ ਮਰਣਾ (ਮਰ ਰਹਿਣਾ),** ਕ੍ਰਿ:—ਸਾਰੀ ਉਮਰ ਦੁਖ ਭੋਗਣਾ, ਜੀਵਨ ਮੁਕਤ ਹੋਣਾ ॥

**ਜੀਉਰਨਾ,** ਕ੍ਰਿ:—ਪਾਣੀ ਆਦਿਕ ਦਾ ਜਿਗਰ ਚੀਜ਼ ਵਿਚ ਧਸ ਜਾਣਾ।

**ਜੀਉਰ ਕੇ ਖਾਣਾ**<br>**ਜੀਉਰਨਾ** } ਕ੍ਰਿ:—ਬਖ਼ਤਾਵਰ ਹੋਕੇ ਅਧੀਨਗੀ ਰੱਖਣੀ ॥

**ਜੀਉੜਾ,** ਪੁ:—ਜਿੰਦ, ਪ੍ਰਾਣ, ਇੱਕ ਸਿੱਖ ਬੀਬੀਆਂ ਦੀ ਜਾਤ, ਪਿਆਰਾ, ਚਾਹ ॥

**ਸੈਲਾਣੀ ਜੀਉੜਾ,** ਪੁ:—ਜਿਸ ਨੂੰ ਸੈਲ ਸਪੱਟਾ ਭਾਵੇ, ਸੈਲੀ ॥

**ਜੀਆ,** ਵਿਸਮਯ:—ਜਿੰਦੜੀਏ, ਹੇ ਮਨਾ ॥

**ਜੀਆਰੂ,** ਪੁ:—ਨਿਕਾ ਜਿਹਾ ਜੀਵ, ਕੀੜਾ ਮਕੌੜਾ ॥

**ਜੀਆ ਘਾਤ**<br>**ਜੀਆ ਘਾਤੀ** } 'ਜੀ ਘਾਤ' ਆਦਿਕ ਵੇਖੋ ॥

Digitized by Panjab Digital Library | www.panjabdigilib.org

**ਜੀਆ ਪੋਤਾ,** ਪੁ:—ਇੱਕ ਚਿੱਟੀ ਲਕੜੀ ਵਾਲਾ ਰੁੱਖ।

**ਜੀਹਦਾ (ਦੀ),** ਪੜ:—ਜਿਸ ਦਾ (ਦੀ)॥

**ਜੀਕਣ, ਜੀਕਰ** } ਕ੍ਰਿ: ਵਿ:— ਜਸ ਤਰ੍ਹਾਂ, ਜਿਵੇਂ।

**ਜੀਜਾ, ਜੀੱਜਾ** } ਪੁ:—ਭਣਵਈਆ, ਬਾਲਕ, ਲਾੜਾ॥

**ਜੀਜੀ,** ਸ:—ਮੰਮੇ, ਬੁੜ੍ਹੀ, ਵਹੁਟੀ॥

**ਜੀ ਜੀ ਕਰਨਾ,** ਕ੍ਰਿ:—ਖੁਸ਼ਾਮਦ ਕਰਨਾ॥

**ਜੀਤ,** ਸ:—ਜਿੱਤ, ਫਤੇ, ਲਾਹਾ, ਫੈਦਾ।

**ਜੀਤ੍ਰੂ, ਜੀਤੜੂ** } ਪੁ:—ਕੀੜਾ, ਨਿੱਕਾ ਕਮਜ਼ੋਰ ਜੀਵ॥

**ਜੀਤੂ,** ਪੁ:—ਜਿੱਤਣ ਵਾਲਾ, ਨਾਲੇ 'ਜੀਤ੍ਰੂ' ਵੇਖੋ।

**ਜੀਂਦ,** ਸ:—ਖੂਹ ਦੀ ਗਾਰ, ਇੱਕ ਰਿਆਸਤ।

**ਜੀਨ,** ਸ:—ਕਾਠੀ, ਇਕ ਮੋਟਾ ਤੇ ਪੱਕਾ ਕਪੜਾ॥

**ਜੀਨ ਸਵਾਰੀ,** ਸ:—ਘੋੜੇ ਦੀ ਸਵਾਰੀ॥

**ਜੀਨ ਕੱਸਣਾ,** ਕ੍ਰਿ:—ਘੋੜੇ ਉੱਤੇ ਕਾਠੀ ਪਾਉਣੀ।

**ਜੀਨ ਪੋਸ਼,** ਪੁ:—ਕਾਠੀ ਦੇ ਉਤਲਾ ਕਪੜਾ।

**ਡਬਲ ਜੀਨ,** ਸ:—ਇਕ ਬਹੁਤ ਪੱਕਾ ਤੇ ਮੋਟਾ ਕਪੜਾ॥

**ਜੀਭ,** ਸ:—ਜੁਬਾਨ, ਜ਼ਬਾਂ, ਸਰੀਰ ਦੇ ਜਿਸ ਅੰਗ ਨਾਲ ਖਾਣ ਪੀਣ ਦਾ ਸੁਆਦ ਆਉਂਦਾ ਹੈ।

**ਜੀਭਾ, ਪੁ:, ਜੀਭੀ, ਸ:** } ਜੀਭ ਦਾ, ਜੀਭ ਵਾਲਾ

**ਕਾਲ ਜੀਭਾ, ਪੁ:, ਕਾਲ ਜੀਭੀ, ਸ:** } ਜਿਸ ਦੀ ਜੀਭ ਤੋਂ ਭੈੜੀ ਗੱਲ ਨਿਕਲੀ ਹੋਈ ਪੂਰੀ ਹੋ ਜਾਵੇ.

**ਜੀਭੀ,** ਸ:—ਛੋਟੀ ਜਾਂ ਝੂਠੀ ਜੀਭ, ਤਲਵਾਰ ਦੀ ਮਿਆਨ ਦੇ ਸਿਰੇ ਦੀ ਟੋਪੀ, ਇਮਾਰਤ ਦੀਆਂ ਇਟਾਂ ਦੇ ਕੰਢੇ ਮੇਲਣ ਵਾਲਾ ਪਲਸਤਰ॥

**ਜੀਰਾ, ਪੁ:, ਜੀਰੀ, ਸ:** } ਇੱਕ ਖੁਸ਼ਬਦਾਰ ਮਸਾਲਾ, ਸਮੂਰ॥

**ਜੀਲ,** ਸ:—ਬਾਜ ਆਦਿਕ ਪੰਖੇਰੂਆਂ ਦੇ ਪੈਰ ਦੀ ਘੰਟੀ, ਇੱਕ ਸੁਰ, ਸਰੰਗੀ ਆਦਿਕ ਦੀ ਤਾਰ॥

**ਜੀਵ,** ਪੁ:—ਜਿੰਦ, ਆਤਮਾ, ਦਿਲ, ਪਿਆਰਾ॥

**ਜੀਵਾਤਮਾ,** ਪੁ:—ਜਿੰਦ, ਪ੍ਰਾਣ, ਰੂਹ, ਭੌਰ॥

**ਜੀਵਣ,** ਪੁ:—ਜਿੰਦ, ਜਾਨ, ਨਿਰਬਾਹ॥

**ਜੀਵਨ ਮੁਕਤ,** ਪੁ: ਜੀਉਂਦੇ ਜੀ ਮਾਯਾ ਤੋਂ ਰਹਿਤ॥

**ਜੀਵੰਤ,** ਵਿ:—ਜੀਉਂਦਾ ਜਾਗਦਾ, ਜਿਸ ਵਿਚ ਜਿੰਦ ਹੈ॥

**ਜੀਵਰਨਾ,** ਕ੍ਰਿ:—'ਜੀਉਰਨਾ' ਵੇਖੋ॥

**ਜੀਵੜਾ,** ਪੁ:—'ਜੀਉੜਾ' ਵੇਖੋ॥

**ਜੁਅਰ,** ਪੁ:—ਤਾਪ, ਬੁਖਾਰ, ਕਸ॥

**ਜੁਆਉਣਾ,** ਕ੍ਰਿ:—ਮੂੰਹ ਜਿੰਦ ਪਾਉਣੀ, ਜੇਂਣ ਦੇਣਾ, ਬ੍ਰਾਹਮਣਾਂ ਆਦਿਕਾਂ ਨੂੰ ਭੋਜਨ ਦੇਣਾ॥

**ਜੁਆਈ,** ਪੁ:—ਧੀ ਦਾ ਖੌਂਦ॥

**ਜੁਆਹਰ,** ਪੁ:—ਹੀਰੇ ਲਾਲ ਆਦਿਕ ਵਡਮੁੱਲੇ ਪੱਥਰ॥

Digitized by Panjab Digital Library / www.panjabdigilib.org

**ਜੁਆਹਰੀ,** ਪੁ:—ਜੁਆਹਰਾਂ ਦਾ ਬੁਪਾਰ ਕਰਨ ਵਾਲਾ ।

**ਜੁਆਹਾਂ,** ਪੁ:—ਇੱਕ ਬੂਟਾ ਜਿਸ ਦੀਆਂ ਟੱਟੀਅ ਬਲਦੀਆਂ ਹਨ ॥

**ਜੁਆਗਲ,** ਵਿ:—ਕਲਕ ਵਿੱਚ ਬੜੇ ਕੋਹੇ ਜੋ ਮਿਲੇ ਹਏ ॥

**ਜੁਆਣ,** ਪੁ:,ਸ:—ਗੱਭਰੂ, ਮੁਟਿਆਰ,ਤਕੜਾ(ੜੀ)। ਵਿ:—ਜਿਸ ਦੀ ਉਮਰ ਜੁਆਨੀ ਦੀ ਹੈ, ਤਕੜਾ (ੜੀ) ॥

**ਜੁਆਣ ਜਹਾਣ,** ਵਿ:—ਬਹੁਤ ਜੁਆਣ ॥

**ਜੁਆਣ ਮਰਦ,** ਪੁ:—ਬਹਾਦਰ ਆਦਮੀ ॥

**ਜੁਆਣ ਮਰਦੀ,** ਸ: —ਬਹਾਦਰੀ, ਸੂਰਮਤਾਈ ।

**ਜੁਆਨਾ ਮਰਗ,** ਵਿ:—ਜੋ ਜੁਆਨੀ ਵਿੱਚ ਮਰੇ

**ਜੁਆਨੀ,** ਸ:—ਬਾਲ ਅਵਸਥਾ ਤੋਂ ਪਿਛਲੀ ਅਤੇ ਬੁਢੇਪੇ ਤੋਂ ਪਹਿਲੀ ਉਮਰ ਜਿਸ ਵਿੱਚ ਸਰੀਰ ਤਕੜਾ ਹੁੰਦਾ ਹੈ । ਜੋਬਨ ॥

**ਜੁਆਨੀ ਚੜ੍ਹਨੀ,** ਕ੍ਰਿ:—ਬਾਲ ਦਾ ਵਧਕੇ ਜੁਆਨ ਹੋਣਾ ॥

**ਜੁਆਨੀ ਦਾ ਆਲਮ,** ਪੁ: —ਜਆਨੀ ਦੀ ਉਮਰ ।

**ਜੁਆਪਣ,** ਪੁ:—ਜਿਸ ਨੂੰ ਜੂਆ ਪਈਆਂ ਹਨ॥

**ਜੁਆਬ,** ਪੁ:—'ਜਬਾਬ' ਵੇਖੋ ॥

**ਜੁਆਰ,** ਸ:—ਇਕ ਅਨਾਜ, ਮਕਈ, ਚਰ੍ਹੀ ॥

**ਜੁਆਰ ਖਾਨਾ,** ਪੁ:—ਜਿਸ ਘਰ ਵਿੱਚ ਜੂਆ ਖੇਡਨ ।

**ਜੁਆਰਣ,** ਸ:—ਜੂਆ ਖੇਡਨ ਵਾਲੀ ॥

**ਜੁਆਰ ਭਾਟਾ,** ਪੁ:—ਸਮੁੰਦਰਦੀਆਂ ਲਹਿਰਾਂ ਦਾ ਚੜ੍ਹਨਾ ॥

**ਜੁਆਰੀ**
**ਜੁਆਰੀਆ** } ਪੁ:—ਜੂਆ ਖੇਡਣ ਵਾਲਾ ॥
**ਜੁਆਟ**

**ਜੁਆਲਣਾ,** ਕ੍ਰਿ:—ਬ੍ਰਾਹਮਣਾਂ ਆਦਿਕਾਂ ਨੂੰ ਭੋਜਨ ਖਆਉਣਾ ॥

**ਜੁਆਲਾ**
**ਜੁਆਲਾ ਮੁਖੀ** } ਸ: ਅੱਗ ਦੀ ਲਾਟ, 'ਜਵਾਲਾ' ਵੇਖੋ ॥

**ਜੁੱਸਾ,** ਪੁ:—ਸਰੀਰ, ਦੇਹ, ਤਨ ॥

**ਜੁਸਾਂਦਾ,** ਪੁ:—ਉਬਾਲੀ ਹੋਈ ਦੁਆ ਦਾ ਪਾਣੀ ॥

**ਜੁਹਣਾ,** ਕ੍ਰਿ:—ਪਰਖਣਾ, ਜਾਚਣਾ,ਪਤਾ ਲਾਉਣਾ॥

**ਜੁਹਾਰ,** ਸ: ਮੱਥਾ ਟੇਕਣਾ, ਪ੍ਰਣਾਮ ॥

**ਜੁਹੁਦ,** ਪੁ:—ਮਿਹਨਤ, ਜਤਨ,ਉੱਦਮ,ਤਪਸਿਆ ॥

**ਜੁਹੁਦਾ,** ਵਿ:—ਤਕੜਾ, ਸੂਰਬੀਰ, ਬਲੀ ॥ ਪੁ:—ਜੋ ਜੁੱਧ ਕਰੇ ।

**ਜੁਕੜ ਜਾਣਾ**
**ਜੁਕੜਣਾ** } ਕ੍ਰਿ:—ਹੱਥਾਂ ਪੈਰਾਂ ਦਾ ਕੱਠੇ ਹੋ ਜਾਣਾ ॥

**ਜੁਕਾਮ,** ਪੁ: ਨੱਕ ਵਿਚੋਂ ਪਾਣੀ ਵਗਣਾ, ਰੇਸ਼ਾ ਨਜਲਾ ॥

**ਜੁਕਾਮ ਵਿਗੜਣਾ,** ਕ੍ਰਿ:—ਰੇਸ਼ਾ ਅਚਾਨਕ ਚੱਕ ਰੁਕ ਜਾਣਾ ਜਾਂ ਗਾੜ੍ਹਾ ਹੋਕੇ ਜੰਮ ਜਾਣ ।

**ਜੁਕਿਆਉਣਾ,** ਕ੍ਰਿ:—ਜੋਕਾਂ ਲਾਉਣੀਆਂ ।

Digitized by Panjab Digital Library | www.panjabdigilib.org

ਜੁਕਿਆਰਾ, ਪੁ: / ਜੁਕਿਆਰੀ, ਸ: } ਜੋ ਜੋਕਾਂ ਲਾਵੇ, ਜਗਾੜਾ (ੜੀ)।

ਜੁਖਾਉਣਾ / ਜੁਖਾਣਾ } ਕ੍ਰਿ: ਤੁਲਾਉਣਾ।

**ਜੁਖਾਈ,** ਸ:—ਤੋਲਣ ਦਾ ਕੰਮ ਜਾਂ ਮਜੂਰੀ॥

**ਜੁਖਾਮ,** ਪੁ:—'ਜੁਕਾਮ' ਵੇਖੋ॥

**ਜੁਗ,** ਪੁ:—ਜੋੜਾ, ਚੌਸਰ ਦੀ ਖੇਡ ਵਿੱਚ ਇੱਕ ਨਾਉਂ।

**ਜੁਗ ਛੁੱਟਣਾ,** ਕ੍ਰਿ:—ਮਿਤ੍ਰਾਂ ਦਾ ਅਲਗ ਹੋ ਜਾਣਾ॥

**ਜੁਗ ਫੋੜਨਾ,** ਕ੍ਰਿ:—ਮਿਤ੍ਰਾਂ ਨੂੰ ਲੜਾ ਦੇਣਾ॥

**ਜੁੱਗ,** ਪੁ: ਸਮਾ, ਜ਼ਮਾਨਾ। (ਜੁਗ ਚਾਰ ਹਨ—ਸਤ ਜੁਗ, ਦ੍ਵਾਪਰ, ਤ੍ਰੇਤਾ, ਕਲਜੁਗ)।

ਜੁਗ ਜੁਗ / ਜੁਗੋ ਜੁਗ } ਹਰ ਸਮੇ, ਸਦਾ ਹੀ, ਹਰ ਜੁਗ ਵਿਚ॥

**ਜੁੰਗ,** ਪੁ: -ਇਕ ਜਿਲਦ ਵਿੱਚ ਬਹੁਤ ਕਿਤਾਬਾਂ ਜਾਂ ਲਿਖਤਾਂ ਦਾ ਇਕੱਠ॥

**ਜੁਗਣੀ,** ਸ:—ਗਲ ਦਾ ਇੱਕ ਗਹਿਣਾ, ਇੱਕ ਗੀਤ॥

**ਜੁਗਨੂੰ,** ਪੁ:—ਟਟੈਣਾ, ਰਾਤ ਨੂੰ ਚਮਕਣ ਵਾਲਾ ਕੀੜਾ॥

**ਜੁਗਤ,** ਸ:—ਢੰਗ, ਹੁਨਰ, ਚਤਰਾਈ, ਉਸਤਾਦੀ, ਤਦਬੀਰ, ਬੰਦੋਬਸਤ, ਸਰਫਾ, ਸਿਆਣਪ ਮਖੌਲ, ਦਿਲਕਰ॥

ਜੁਗਤਣ, ਸ: / ਜੁਗਤੀ(ਤੀਆ), ਪੁ: } ਜਿਸ ਵਿੱਚ ਜੁਗਤ ਹੋਵੇ, ਸਿਆਣਾ (ਣੀ)॥

ਜੁਗਤ ਕਰਨੀ / ਜੁਗਤਾਂ ਕਰਨੀਆਂ } ਕ੍ਰਿ:—ਮਖੌਲ ਕਰਨਾ, ਛੇੜਨਾ॥



**ਜੁਗਤ ਨਾਲ ਚੱਲਣਾ,** ਕ੍ਰਿ:—ਸੰਗੁਚ ਕੇ ਖਰਚ ਕਰਨਾ, ਧਨ ਨੂੰ ਸੰਭਲ ਕੇ ਵਰਤਣਾ॥

**ਜੁਗਤ ਬਾਜ,** ਪੁ:, ਸ:—ਮਖੌਲੀਆ, ਮਖੌਲਣ।

**ਜੁਗਤ ਬਾਜ਼ੀ,** ਸ:—ਮਖੌਲ, ਹਾਸਾ ਠੱਠਾ, ਛੇੜ॥

ਜੁਗਮ / ਜੁਗਲ } ਪੁ: ਜੋੜਾ, ਦੋ ਜਣੇ, ਮੇਲ॥

**ਜੁਗਰਾਫ਼ੀਆ,** ਪੁ:—ਭੂਗੋਲ, ਜਿਸ ਵਿਦਯਾ ਵਿੱਚ ਧਰਤੀ ਦਾ ਹਾਲ ਹੁੰਦਾ ਹੈ॥

**ਜੁਗਲਾ,** ਪੁ:—ਜੋੜ, ਮੇਲ, ਢੋਂਗਾ, ਚੋਣ॥

**ਜੂੰਗਲਾ,** ਪੁ:—ਜੂਲਾ, ਪੰਜਾਲੀ, ਸਣੀਲ, ਬਟਾਹਰਾ॥

**ਜੁਗਾਦ,** ਵਿ:—ਜਗ ਦੇ ਆਦਿ ਵਿੱਚ, ਜੋ ਜੁਗ ਦੇ ਆਦਿ ਵਿੱਚ ਸੀ, ਪਰਮੇਸ਼ਰ॥

**ਜੁਗਾਲੀ,** ਸ:—ਡੰਗਰਾਂ ਦਾ ਅੰਦਰੋਂ ਖੱਧਾ ਹੋਇਆ ਕੱਢ ਕੱਢ ਦੰਦਾਂ ਨਾਲ ਚਿੱਥਣਾ (ਕਰਨੀ)॥

**ਜੁਜ਼ਦਾਨ,** ਪੁ:—ਕਿਤਾਬਾਂ ਬੰਨ੍ਹਣ ਵਾਲਾ ਕਪੜਾ, ਬਸਤਾ।

**ਜੁਜਰ ਵੇਦ,** ਪੁ:—ਹਿੰਦੂਆਂ ਦੇ ਚਾਰ ਧਰਮ ਪੁਸਤਕਾਂ ਵਿਚੋਂ ਦੂਜਾ॥

**ਜੁਝਾਉਣਾ,** ਕ੍ਰਿ:—ਖਿਝਾਉਣਾ, ਘਬਰਾਉਣਾ, ਲੜਾਈ ਕਰਾਉਣੀ, ਲੜਾਈ ਵਿੱਚ ਮਰੁਆਉਣਾ॥

**ਜੁੱਝ,** ਪੁ:—ਜੁੱਧ, ਲੜਾਈ, ਜੰਗ (ਕਰਨਾ)॥

**ਜੁਝਾਉਣਾ,** ਕ੍ਰਿ:—ਲੜਾਈ ਕਰਾਉਣੀ, ਲੜਾਈ ਵਿੱਚ ਮਰੁਆ ਦੇਣਾ॥

Digitized by Panjab Digital Library | www.panjabdigilib.org

**ਜੁੱਟ**, ਪੁ:—ਬਲਦਾਂ ਦੀ ਜੋੜੀ, ਦੋ ਜਣੇ ਆਰੇ ਨਾਲ ਲਕੜੀ ਚੀਰਨ ਵਾਲੇ, ਜੱਥਾ, ਗਰੋਹ, ਦੋਹਾਂ ਹੱਥਾਂ ਦੇ ਸੋਨੇ ਜਾਂ ਚਾਂਦੀ ਦੇ ਕੜੇ ॥

**ਜੁੱਟਣਾ**, ਕ੍ਰਿ:—ਕੁਸ਼ਤੀ ਕਰਨੀ, ਘੁਲਣਾ ॥

**ਜੁਟਾਉਣਾ**, ਕ੍ਰਿ:—ਕੁਸ਼ਤੀ ਕਰਾਨੀ, ਘੁਲਾਉਣਾ ॥

**ਜੁਠਾਉਣਾ** / **ਜੁਠਾਲਣਾ** } ਕ੍ਰਿ: ਜੂਠਾ ਕਰਨਾ, ਚਖਣਾ ॥

**ਜੁੰਡ**, ਪੁ:—ਫਕੀਰਾਂ ਦੀ ਮੰਡਲੀ, ਟੋਲੀ ॥

**ਜੁੰਡੀ**, ਸ:—ਟੋਲੀ, ਮੰਡਲੀ ॥

**ਜੁੱਤ**, ਪੁ:—ਵੱਡੀ ਜੁੱਤੀ ॥

**ਜੁਤਣਾ**, ਕ੍ਰਿ:—ਜੁੜਨਾ, ਕੰਮ ਨੂੰ ਲਗਣਾ, ਲੜਾਈ ਕਰਨ ਲਈ ਦੂਏ ਨੂੰ ਚੰਬੜਨਾ ॥

**ਜੁੱਤਣਾ**, ਕ੍ਰਿ:—ਜੁੜਨਾ, ਪੰਜਾਲੀ ਜਾਂ ਕਾਠੀ ਪੈ ਜਾਣੀ ॥

**ਜੁਤੜੀ**, ਸ:—ਛੋਟੀ ਜੇਹੀ ਜੁੱਤੀ ॥

**ਜੁੱਤਾ**, ਪੁ:—ਵੱਡੀ ਜੁੱਤੀ ॥

**ਜੁਤਾਉਣਾ**, ਕ੍ਰਿ:—ਜੁੜਾਉਣਾ, ਪੰਜਾਲੀ ਜਾਂ ਕਾਠੀ ਪੁਆਉਣੀ ॥

**ਜੁਤਾਈ**, ਸ:—ਜੁਤਾਉਣ ਦਾ ਕੰਮ ॥

**ਜੁਤਿਆਉਣਾ**, ਕ੍ਰਿ:—ਜੁੱਤੀਆਂ ਮਾਰਨੀਆਂ ॥

**ਜੁੱਤੀ**, ਸ:—ਚੰਮ ਦੀ ਬਣੀ ਹੋਈ ਪੈਰੀਂ ਪਾਉਣ ਵਾਲੀ ਮਸ਼ਹੂਰ ਚੀਜ਼, ਪਜ਼ਾਰ ॥

**ਜੁੱਤੀ ਉਠਾਉਣਾ**, ਕ੍ਰਿ:—ਜੁੱਤੀ ਮਾਰਨ ਨੂੰ ਤਿਆਰ ਹੋਣਾ ॥

**ਚਾਂਦੀ ਦੀ ਜੁੱਤੀ ਮਾਰਨੀ**, ਕ੍ਰਿ:—ਵਢੀ ਦੇਣੀ, ਰੁਪਏ ਦੇਣੇ। ਮੁੱਲ ਦੇਕੇ ਕੋਈ ਚੀਜ਼ ਲੈਣੀ ॥

**ਪੈਰਾਂ ਦੀ ਜੁੱਤੀ**, ਸ:—ਵਹੁਟੀ (ਨਿੰਦਾ ਵਾਚਕ) ॥

**ਜੁੱਤੀ ਪੈਲਾ ਹੋਣਾ**, ਕ੍ਰਿ:—ਲੜਾਈ ਵਿੱਚ ਮਾਰ ਕੁਟਾਈ ਹੋਣੀ ॥

**ਜੁੱਤੀ ਫੇਰਨੀ**, ਕ੍ਰਿ:—ਜੁੱਤੀ ਨਾਲ ਮਾਰਨਾ ॥

**ਜੁੱਤੀਆਂ ਸਿੱਧੀਆਂ ਕਰਨੀਆਂ**, ਕ੍ਰਿ:—ਕਮੀਣਾਂ ਦਾ ਕੰਮ ਕਰਨਾ ॥

**ਜੁੱਤੀਆਂ ਖਾਣਾ**, ਕ੍ਰਿ:—ਨਿਰਾਦਰੀ ਕਰਾਉਣੀ।

**ਜੁੱਤੀਆਂ ਚੱਲਣੀਆਂ**, ਕ੍ਰਿ:—ਲੜਾਈ ਵਿੱਚ ਇਕ ਦੂਜੇ ਨੂੰ ਜੁੱਤੀਆਂ ਪੈਣੀਆਂ ॥

**ਜੁੱਤੀਆਂ ਮਾਰਨੀਆਂ** / **ਭਿਉਂ ਭਿਉਂ ਕੇ ਜੁੱਤੀਆਂ ਮਾਰਨੀਆਂ** } ਕ੍ਰਿ:—ਸ਼ਰਮਿੰਦਾ ਕਰਨਾ ਸ਼ਰਮ ਪਾਉਣਾ, ਫਿਟਕਣਾ ॥

**ਜੁਦਾ**, ਵਿ:—ਵੱਖਰਾ, ਅੱਡ, ਅਲਗ, ਨਿਆਰਾ (ਹੋਣਾ, ਕਰਨਾ) ॥
ਕ੍ਰਿ: ਵਿ:—ਅੱਡੋ ਅੱਡ, ਵੱਖ, ਇਕ ਇਕ ਕਰਕੇ ॥

**ਜੁਦਾਇਗੀ** / **ਜੁਦਾਈ** } ਸ:—ਵੱਖਰੇ ਹੋਣ ਦਾ ਕੰਮ ਜਾਂ ਹਾਲਤ ॥

**ਜੁੱਧ**, ਪੁ:—ਲੜਾਈ, ਜੰਗ, ਹੰਗਾਮਾ (ਕਰਨਾ) ॥

**ਜੁੱਧ ਮਚਾਉਣਾ**, ਕ੍ਰਿ:—ਲੜਾਈ ਛੇੜਨੀ ॥

**ਜੁੱਧ ਮਾਰਨਾ**, ਕ੍ਰਿ:—ਲੜਨਾ, ਲੜਾਈ ਜਿੱਤਣੀ ॥

**ਜੌਨ**, ਪੁ:—ਵਕਤ, ਵੇਲਾ, ਸਮਾ ॥

Digitized by Panjab Digital Library | www.panjabdigilib.org

**ਜੁੱਫ,** ਪੁ:—ਵਾਲਾਂ ਦਾ ਗੁੱਛਾ (ਹੋ ਜਾਲਾ, ਬੈਨ੍ਹ ਜਾਲਾ)॥

**ਜੁਬਾਬ,** ਪੁ:—'ਜਵਾਬ' ਵੇਖੋ॥

**ਜੁਬਿਲੀ,** ਸ:—ਖੁਸ਼ੀ ਦਾ ਸਮਾ, ਜਲਸਾ, ਈਦ, ਉਤਸਵ। ਪੰਜਾਹਾਂ ਬਰਸਾਂ ਪਿੱਛੋਂ ਜੋ ਖੁਸ਼ੀ ਮਨਾਈ ਜਾਵੇ॥

**ਜੁਮਾ,** ਪੁ:—ਸ਼ੁੱਕਰ ਵਾਰ, ਸ਼ੁਕਰ ਵਾਰ ਦੀ ਨਮਾਜ ਪੜ੍ਹਨੀ॥

**ਜੁਮਾ ਮਸੀਤ,** ਸ:—ਵੱਡੀ ਮਸੀਤ ਜਿੱਥੇ ਜੁਮਾ ਪੜ੍ਹਿਆ ਜਾਵੇ।

**ਜ਼ੁੰਮਾ,** ਪੁ:—ਅਖਤਿਆਰ, ਸਪੁਰਦਗੀ, ਹਵਾਲਾ॥

**ਜ਼ੁੰਮਾ ਜਾਮਣੀ,** ਸ:—ਕੋਈ ਗੱਲ ਆਪਣੇ ਸਿਰ ਤੇ ਲੈਣੀ॥

**ਜ਼ੁੰਮੇ ਕਰਨਾ,** ਕ੍ਰਿ:—ਸੌਂਪਣਾ, ਅਮਾਨਤ ਰਖਣੀ॥

**ਜ਼ੁੰਮੇ ਲੱਗਣਾ,** ਕ੍ਰਿ:—ਸਪੁਰਦ ਹੋਣਾ।

**ਜ਼ੁੰਮੇ ਲਗਾਉਣਾ / ਜ਼ੁੰਮੇ ਪਾਉਣਾ,** ਕ੍ਰਿ:—ਦੋਸ ਦੇਣਾ, ਠਹਿਰਾਉਣਾ।

**ਜ਼ੁੰਮੇ ਲੈਣਾ,** ਕ੍ਰਿ:—ਆਪਣੇ ਅਖਤਿਆਰ ਵਿੱਚ ਕੋਈ ਚੀਜ਼ ਲੈਣੀ।

**ਜ਼ੁੰਮੇ ਵਾਰ,** ਵਿ:—ਜਿਸਦੇ ਜ਼ੁੰਮੇ ਕੋਈ ਗੱਲ ਹੋਵੇ।

**ਜੁਮਾਇਰਗੀ,** ਸ:—ਜੁਮੇ ਵਾਲੇ ਦਿਨ ਸ਼ਗਿਰਦ ਜੋ ਕੁਝ ਉਸਤਾਦ ਦੀ ਭੇਟ ਕਰਨ॥

**ਜੁਮਾਈ,** ਸ:—ਉਬਾਸੀ (ਲੈਣੀ)।

**ਜੁਮੇਰਾਤ,** ਸ:—ਵੀਰ ਵਾਰ।

**ਜੁਮੇਰਾਤੀਆ,** ਪੁ:—ਜੁਮੇਰਾਤ ਨੂੰ ਜੰਮਿਆ ਹੋਇਆ॥

**ਜੁਰ,** ਸ:—ਤਾਪ, ਬੁਖਾਰ, ਕਸ। ਤਾਕਤ॥

**ਜੁਰੈਗਸ,** ਸ:—ਪੁਰਾਣੇ ਤਾਪ ਦੀ ਇਕ ਦਵਾਈ॥

**ਜੁਰਤ,** ਸ:—ਦਲੇਰੀ, ਹਿੰਮਤ, ਹੌਸਲਾ, ਬਹਾਦਰੀ॥

**ਜੁਰਮ,** ਪੁ:—ਅਪਰਾਧ, ਕਸੂਰ (ਕੀਮਣਾ, ਸਮਾਝਣਾ)॥

**ਜੁਰਮਾਨਾ,** ਪੁ:—'ਜਰਮਾਨਾ' ਵੇਖੋ॥

**ਜੁਰਵਾਣਾ,** ਵਿ: ਪੁ:—ਤਕੜਾ, ਹੱਟਾ, ਕੱਟਾ, ਆਦਮੀ॥

**ਜੁੱਰਾ,** ਪ:—ਇਕ ਤਰ੍ਹਾਂ ਦਾ ਬਾਜ॥

**ਜੁਰਾਣਾ,** ਵਿ:, ਪੁ:—ਤਕੜਾ, ਹੱਟਾ ਕੱਟਾ ਮਨੁੱਖ॥

**ਜੁਲ,** ਪ:—ਧੋਖਾ, ਛਲ, ਫਰੇਬ (ਖੇਡਣਾ)॥

**ਜੁੱਲ,** ਪ:—ਪਾਟਾ ਪੁਰਾਣਾ ਟੱਟਾ, ਲਫ, ਹਾਥੀ ਆਦਿਕ ਦੇ ਸਮਿਆਨ ਉੱਪਰ ਪਾਉਣ ਵਾਲਾ ਕਪੜਾ॥

**ਜੁਲਹਾਲ,** ਵਿ:—ਰੁੱਸੇ, ਡਿੱਗਾ, ਥੱਕਿਆ ਹੋਇਆ (ਹੋਣਾ)॥

**ਜੁਲ੍ਹਕਣਾ / ਜੁਲਕਣਾ,** ਕ੍ਰਿ:—ਲਗਾਤਾਰ ਰੋਂਦੇ ਜਾਣਾ॥

**ਜੁਲਕਣਾ,** ਕ੍ਰਿ:—ਕੀੜੇ ਵਾਕਰ ਚਲਣਾ, ਘਸਰ ਕੇ ਤੁਰਨਾ॥

**ਜੁਲ ਜੁਲਾਉਣਾ,** ਕ੍ਰਿ:—ਕੀੜੇ ਵਾਕਰ ਤੁਰਨਾ॥

**ਜੁਲ ਜਲਾਟ,** ਸ:—ਕੀੜ ਦੀ ਟੋਰ, ਕੀਬਕੀ॥

Digitized by Panjab Digital Library / www.panjabdigilib.org

**ਜੁਲਫ਼,** ਸਃ—ਵਾਲਾਂ ਦੀ ਲਿਟ, ਮੇਂਢੀ, ਅਲਕ ॥

**ਜੁਲਫੀ,** ਸਃ—ਬੂਹਾ ਮਾਰਨ ਵਾਲੀ ਸੰਗਲੀ ॥

**ਜੁਲਫੂ** ਪੁਃ —ਜੁਲਫਾਂ ਵਾਲਾ ਆਦਮੀ ॥

**ਜੁਲਮ,** ਪੁਃ—ਕਾਹਰ, ਸਖ਼ਤੀ, ਜੋਰਾਵਰੀ, ਜਰਮ॥ ( ਕਰਨਾ ) ॥

**ਜੁਲਮੀ,** ਸਃ—ਜੁਲਮ, ਸਖ਼ਤੀ॥ ਪੁਃ— ਜੋ ਜੁਲਮ ਕਰੇ॥

**ਜੁਲਾਈ,** ਸਃ—ਅੰਗ੍ਰੇਜ਼ੀ ਸਾਲ ਦਾ ਸੱਤਵਾਂ ਮਹੀਨਾ ॥

**ਜੁਲੱਫ (ੜ)**<br>**ਜੁੱਲਾ** } ਪੁਃ—'ਜੁੱਲ' ਵੇਖੋ ॥

**ਜੁਲਾਹ ( ਹਾ ),** ਪੁਃ—ਕਪੜੇ ਉਨਣ ਵਾਲਾ, ਮੂਰਖ, ਕਰਾਕਲ ॥

**ਜੁਲਾਹਗਰੀ,** ਸਃ<br>**ਜੁਲਾਹਪੁਣਾ,** ਪੁਃ } ਜੁਲਾਹੇ ਦਾ ਕੰਮ ਜਾ ਗੁਣ॥

**ਜੁਲਾਹੀ,** ਸਃ—ਜੁਲਾਹੇ ਦੀ ਤ੍ਰੀਮਤ ॥

**ਜੁਲਾਬ,** ਪੁਃ—'ਜਲਾਬ' ਵੇਖੋ ।

**ਜੁਲਾਬੀ,** ਵਿਃ—ਜਿਸ ਨਾਲ ਜੁਲਾਬ ਲੱਗੇ ॥

**ਜੁੱਲੀ,** ਸਃ—ਨਿੱਕਾ ਜੁੱਲਾ, ਕੰਧੋਲੀ, ਓਦਰੀ ॥

**ਜੁਲੀਆ,** ਪੁਃ—ਧੋਖੇ ਬਾਜ਼, ਫਰੇਬੀ, ਕਪਟੀ ॥

**ਜੁਵਾਰ,**<br>**ਜੁਵਾਰਣ(ਰੀ)**<br>**ਜੁਵਾਰੀਆਂ** } 'ਜੁਆਰ' 'ਜੁਆਰਨ', ਆਦਿਕ ਵੇਖੋ ।

**ਜੁੜ ਜਾਣਾ**<br>**ਜੁੜਣਾ**[1] } ਕ੍ਰਿਃ—ਮਿਲਨਾ, ਇਕੱਠੇ ਹੋਣਾ, ਬਨਣਾ । ਮਹੂਰਤ ਜਾਂ ਸਾਹਾ ਠੀਕ ਮਿਲਣਾ ॥

**ਜੁੜਣ,** ਪੁਃ—ਮੇਲ, ਜੋੜ, ਇਕੱਠ ॥

**ਜੁੜਾਉਣਾ,** ਕ੍ਰਿਃ—ਜੋੜਨ ਦਾ ਕੰਮ ਕਰਾਉਣਾ ॥

**ਜੁੜਾਈ,** ਸਃ—ਜੋੜਨ ਦਾ ਕੰਮ ਜਾਂ ਮਜੂਰੀ ॥

**ਜੁੜੁਤ੍ਰ**<br>**ਜੁੜੱਤ** } ਸਃ ਜੋੜ, ਮੇਲ, ਕੱਠ ॥ ਵਿਃ ਜੁੜਿਆ ਹੋਯਾ

**ਜੂੰ,** ਸਃ—ਵਾਲਾਂ ਵਿੱਚ ਪੈ ਜਾਣ ਵਾਲਾ ਨਿੱਕਾ ਕੀੜਾ ॥

**ਜੂੰ ਤੋਰ**<br>**ਜੂੰ ਦੀ ਤੋਰ** } ਸਃ—ਬਹੁਤ ਹੌਲੀ ਚਾਲ ॥

**ਜੂਆਂ ਵੇਖਣੀਆਂ;** ਕ੍ਰਿਃ—ਵਾਲਾਂ ਵਿੱਚੋਂ ਜੂਆਂ ਲੱਭ ਕੇ ਕੱਢਣੀਆਂ ॥

**ਮੋਈ ਜੂੰ ਦੇਣਾ,** ਕ੍ਰਿਃ—ਤੁੱਛ ਚੀਜ ਦੇਣਾ ॥

**ਜੂਆ,** ਪੁਃ—ਸ਼ਰਤਾਂ ਲਾਕੇ ਜੋ ਖੇਡ ਖੇਡੀ ਜਾਵੇ (ਖੇਡਣਾ ਮਾਰਨਾ, ) ॥

**ਜੂਏਖਾਨਾ,** ਪੁਃ —ਜਿਸ ਘਰ ਵਿੱਚ ਜੂਆ ਖੇਡਣ।

**ਜੂਏ ਬਾਜ਼,** ਪੁਃ—ਜੂਆ ਖੇਡਣ ਵਾਲਾ ॥

**ਜੂਏ ਬਾਜ਼ੀ,** ਸਃ—ਜੂਏ ਦੀ ਖੇਡ ॥

**ਜੂਹ,** ਸਃ—ਘਰਾਂ ਦੇ ਲਾਗੇ ਰੜੀ ਥਾਂ, ਡੰਗਰਾਂ ਦੇ ਚਰਨ ਵਾਲਾ ਮਦਾਨ ॥

**ਜੂਝਣਾ,** ਕ੍ਰਿਃ —ਲੜਨਾ, ਲੜਾਈ ਵਿੱਚ ਮਾਰੇ ਜਾਣਾ ॥

**ਜੁਝਾਉਣਾ,** ਕ੍ਰਿਃ—'ਜੁਝਾਉਣਾ' ਵੇਖੋ ॥

**ਜੂਠ,** ਸਃ—ਖਾਕੇ ਪਿੱਛੋਂ ਬਚੀ ਹਈ ਖੁਰਾਕ, ਨਕਾਰਾ ਆਦਮੀ ॥

Digitized by Panjab Digital Library | www.panjabdigilib.org

**ਜੂਠਾ,** ਵਿ: ਪੁ: } ਅਪਵਿਤ੍ਰ, ਮੈਲਾ, ਜਿਸ ਖਾਣ ਪੀਣ ਵਾਲੀ ਚੀਜ਼ ਵਿੱਚੋਂ ਕੁਝ ਕੱਢਕੇ ਖਾਧਾ ਜਾਏ, ਨਾਂ ਮਾਂਜਿਆ ਹੋਇਆ ਭਾਂਡਾ ਜਿਸ ਵਿਚ ਕੁਝ ਖਾਧਾ ਪੀਤਾ ਹੈ, ਜੂਠ ॥

**ਜੂਠਾ ਮੂੰਹ,** ਪੁ:—ਜਿਸ ਮੂੰਹ ਨਾਲ ਕੁਝ ਖਾ ਪੀ ਲਿਆ ਹੋਵੇ ॥

**ਜੂਠਾਉਣਾ,** ਕ੍ਰਿ:—ਜੂਠਾ ਕਰਨਾ, ਚਖਣਾ ॥

**ਜੂਣ,** ਸ:—ਜਨਮ, ਆਵਾਗੌਣ, ਜੁਗ ।
ਪੁ:—ਅੰਗ੍ਰੇਜ਼ੀ ਛੇਵਾਂ ਮਹੀਨਾ ॥

**ਜੂਣ ਕੱਟਣੀ**
**ਜੂਣ ਪੂਰੀ ਕਰਨੀ** } ਕ੍ਰਿ:—ਔਖ ਸੌਖ ਹੋਕੇ ਉਮਰ ਬਿਤਾਉਣੀ, ਦੁਖ ਪਾਕ ਜੀਉਣਾ ॥

**ਜੂਣ ਬਦਲਣੀ,** ਕ੍ਰਿ:—ਮਰਕੇ ਹੋਰ ਜਨਮ ਲੈਣਾ ॥

**ਜੂਣ ਭੋਗਣੀ,** ਕ੍ਰਿ:—ਆਪਣੇ ਕਰਮਾਂ ਅਨੁਸਾਰ ਜੋ ਜਨਮ ਮਿਲਿਆ ਹੈ ਬਿਤਾਉਣਾ ॥

**ਚਿੱਟੀ ਦੋਈ ਜੂਣ,** ਸ:—ਕੋਝਾ ਅਤੇ ਮੰਦਾ ਆਦਮੀ । ਬਾਂਦਰ ਦੀ ਜੂਨ ॥

**ਜੂਤ (ਜੂਤਾ),** ਪੁ:—ਜੁੱਤੀ, ਖਾਦਾ, ਨਿਰਾਦਰੀ ॥

**ਜੂਤ ਪੈਣਾ,** ਕ੍ਰਿ:—ਮਾਰ ਪੈਣੀ, ਘੁਰਕੀ ਮਿਲਣੀ ।

**ਜੂਤ ਲੱਗਣਾ,** ਕ੍ਰਿ:—ਘੌਂਦਾ ਪੈਣਾ, ਨਿਰਾਦਰੀ ਹਣੀ ॥

**ਜੂਨ,** ਪੁ:—ਅੰਗ੍ਰੇਜ਼ੀ ਛੇਵਾਂ ਮਹੀਨਾ ।

**ਜੂਨੀਅਰ,** ਵਿ:—ਨੀਵੇਂ ਦਰਜੇ ਦਾ, ਛੋਟਾ ।

**ਜੂਰੀ,** ਸ: ਲੋਕਾਂ ਦੀ ਪੰਚਾਇਤ, ਅਦਾਲਤ ਵਿੱਚ ਨਿਆਂ ਕਰਨ ਵਾਲਿਆਂ ਦਾ ਟੋਲਾ ।

**ਜੂਲਾ,** ਪੁ:— ਜ ਲੀ ਦੀ ਉੱਪਰਲੀ ਲੱਕੜ ॥



**ਜੂੜਣਾ,** ਕ੍ਰਿ:—ਬੰਨ੍ਹਣਾ, ਵਾਲਾਂ ਨੂੰ ਗਢ ਦੇਣੀ, ਮੁਸ਼ਕਾਂ ਬੰਨ੍ਹਣੀਆਂ ॥

**ਜੂੜੇ ਜਾਣਾ,** ਕ੍ਰਿ:—ਬੰਨ੍ਹਣਾ, ਕੈਦ ਹੋਣਾ, ਕਾਬੂ ਆਉਣਾ ॥

**ਜੂੜਾ,** ਪੁ:—ਵਾਲਾਂ ਨੂੰ ਲਪੇਟ ਕੇ ਗੰਢ ਦਿੱਤੀ ਹੋਈ ਵੱਡੀ ਜੂੜੀ । ( ਜੂੜਾ ਕਰਨਾ, ਬੰਨ੍ਹਣਾ ) ॥

**ਜੂੜੀ,** ਸ:—ਛੋਟੀ ਬੇੜਕਣ, ਬਹਾਰੀ, ਛੋਟਾ ਜੂੜਾ, ਸਣ ਜਾਂ ਤਮਾਕੂ ਦੇ ਪੱਤ੍ਰਾਂ ਦਾ ਗੱਠਾ, ਪੂਲਬਧ ॥

**ਜੂੜੀ ਮੰਜੋਗ,** ਪੁ:—ਵਿਆਹ ਕੁੜਮਾਈ ਕਰਾਉਣ ਵਾਲਾ ਦੇਵਤਾ । ਜੋੜ, ਭਾਣਾ, ਜੋੜ, ਭਾਗ ॥

**ਜੇ,** ਯੋਜਕ—ਸ਼ਰਤ ਦੱਸਣ ਵਾਲਾ ਪਦ ॥ ਜੇਕਰ ਅਗਰ ॥

**ਜੇਉਣਾ,** ਕ੍ਰਿ:—ਖਾਣਾ, ਬ੍ਰਾਹਮਣ ਦਾ ਭੋਜਨ ਪਾਉਣਾ ।

**ਜੇਉਰ,** ਪੁ:—ਗਹਿਣਾ, ਭੂਖਣ, ਜ਼ੇਵਰ ।

**ਜੇਉੜਾ,** ਪੁ:
**ਜੇਉੜੀ,** ਸ: } ਰੱਸੀ, ਡੋਰੀ ॥

**ਜੇਹੜਾ,** ਇਕ ਬ:
**ਜੇਹੜੇ,** ਬਹੁ ਬ: } ਪੜਨਾਂ:—ਜੋ, ਭਾਵੇਂ ਕੋਈ ॥

**ਜੇਹੜਾ ਕੇਹੜਾ,** ਪੜਨਾਂ:—ਜੋ ਕੋਈ, ਹਰੇਕ ॥

**ਜੇਹਾ (ਹੇ)**
**ਜੇਹੀ** } 'ਜਿਹਾ' ਵੇਖੋ ॥

**ਜੇਕਰ** ਯੋਜਕ—'ਜੇ' ਵੇਖੋ ॥

**ਜੇਜੀ**
**ਜੇਜੀਯਾ** } ਪੁ:—'ਜੈਜੀਆ' ਵੇਖੋ ॥

**ਜੇਠ,** ਪੁ:—ਹਿੰਦੂਆਂ ਦਾ ਤੀਜਾ ਮਹੀਨਾ, ਖੌਂਦ ਦਾ ਵੱਡਾ ਭਰਾ ॥

Digitized by Panjab Digital Library | www.panjabdigilib.org

**ਜੇਠਾ,** ਵਿ:—ਪਲੇਠੀ ਦਾ, ਸਭ ਤੋਂ ਵੱਡਾ, ਬਹੁਤ ਚੰਗਾ ॥

**ਜੇਤ (ਣੀ)**
**ਜੇਤੀ** } ਪੜ:—'ਜਿੱਤਾ' ਵੇਖੋ ॥

**ਜੇਤ,** ਸ:—ਜਿੱਤ, ਫਤੇ ॥

**ਜੇਤੂ,** ਪੁ:—ਜਿੱਤਣ ਵਾਲਾ ॥

**ਜੇਬ,** ਅ: ਖਾਸਾ, ਸ਼ੋਭਾ, ਸੋਭਾ, ਸਿੰਗਾਰ ॥

**ਜੇਬ ਕੱਟਣੀ**
**ਜੇਬ ਕਤਰਨੀ** } ਕ੍ਰਿ:—ਖੀਸਾ ਕਤਰਕੇ ਮਾਲ ਚੁਰਾ ਲੈਣਾ ॥

**ਜੇਬ ਕਤਰਾ(ਰੂ),** ਪੁ:—ਖੀਸਾ ਕਤਰਨ ਵਾਲਾ ॥

**ਜੇਬ ਖਰਚ,** ਪੁ:—ਵੇਲੇ ਕੁਵੇਲੇ ਜੋ ਵਾਧੂ ਖਰਚ ਹੋਵੇ ॥

**ਜੇਬ ਦੇਣੀ,** ਕ੍ਰਿ:—ਸੋਹਣਾ ਲੱਗਣਾ, ਸਜਣਾ ॥

**ਜੇਰ,** ਸ:—ਬਚਾ ਜੰਮਣ ਮਗਰੋਂ ਜੋ ਕੁਝ ਵਿੱਚ ਵਿੱਚੋਂ ਨਿਕਲੇ ॥
ਵਿ:—ਹੇਠ, ਕਾਬੂ, ਅਖਤਿਆਰ ਵਿੱਚ (ਰਖਣਾ, ਕਰਨਾ) ॥

**ਜੇਰਬੰਦ,** ਪੁ:—ਘੋੜੇ ਦੇ ਗਲ ਤੋਂ ਲੱਕੇ ਵਿੱਚ ਦੇ ਹੇਠਾਂ ਤੀਕ ਤੰਗ ਬੰਨ੍ਹਣ ਵਾਲਾ ਤਸਮਾ ॥

**ਜੇਰਜ,** ਪੁ:—ਗਰਭ ਤੋਂ ਜੰਮੇ ਹੋਏ ਜੀਵ (ਮਨੁੱਖ, ਪਸ਼ੂ ਆਦਿਕ) ॥

**ਜੇਰਾ,** ਪੁ:—'ਜਿਗਰਾ' ਵੇਖੋ ॥

**ਜੇਲ**
**ਜੇਲ ਖਾਨਾ** } ਪੁ:—ਕੈਦਖਾਨਾ, ਜਿਸ ਘਰ ਵਿੱਚ ਕੈਦੀ ਰਹਿਣ ॥

**ਜੈ,** ਸ:—
ਵਿਸਮਯਕ: } ਜਿੱਤ, ਫਤੇ, ਵਾਧਾ । ਸ਼ਾਬਾਸ਼ੇ । ਬੱਲੇ !
ਪਤ:—ਜਿੱਤੇ, (ਜੈਕਾਰ, ਜੈਵੇਰ = ਜਿੱਤੀ ਵਾਰੀ) ॥

**ਜੈਕਾਰ,**
**ਜੈ ਜੈ ਕਾਰ** } ਸ:—ਜਿੱਤ ਦੀ ਖੁਸ਼ੀ ਦੀ ਅਵਾਜ਼ ॥

**ਜੈਕਾਰੇ ਗਜਾਣਾ,** ਕ੍ਰਿ:—ਖੁਸ਼ੀ ਦੀ ਅਵਾਜ਼ ਭਾਰੀ ਉੱਚੀ ਕਢਣਾ ॥

**ਜੈ ਜੈ ਕਰਨਾ,** ਕ੍ਰਿ:—ਦੇਉਤਾ ਦੀ ਜੈ ਉੱਚੀ ਬੋਲਣੀ ॥

**ਜੈ ਦਿਆ**
**ਜੈ ਦੇਵਾ** } ਪੁ:—ਹਿੰਦੂ ਪਹਾੜੀਆਂ ਦੀ ਰਾਮ ਰਾਮ ॥

**ਜੈਸਾ,** ਵਿ:—ਜਿਸ ਤਰ੍ਹਾਂ ਦਾ, ਜਿਹਾ ॥

**ਜੈਸੇ ਕੋ ਤੈਸਾ,** ਇੱਕੋ ਜੇਹਾ ਮੇਲ ਮਿਲਣਾ, ਬਦਲਾ ॥

**ਜੈਜਾਵੰਤੀ**
**ਜੈ ਜੈ ਵੰਤੀ** } ਸ:—ਅੱਧੀਰਾਤ ਨੂੰ ਗਾਉਣ ਵਾਲੀ ਇੱਕ ਰਾਗਣੀ ॥

**ਜੈਜ਼ੀਆ (ਯਾ),** ਪੁ:—ਮੁਸਲਮਾਨਾਂ ਨੇ ਜੋ ਕਾਫਰਾਂ ਉੱਤੇ ਮਸੂਲ ਲਾਇਆ ਸੀ ।

**ਜੈਂਡ,** ਪੁ:
**ਜੈਂਡਣੀ** ਸ: } ਜਿਸ ਦੀ ਸ਼ਕਲ ਭੈੜੀ ਹੋਵੇ ਅਤੇ ਨਾ ਚੰਗੀ ਤਰ੍ਹਾਂ ਸੁਣ ਸੱਕੇ ਨਾ ਬੋਲ ਸਕੇ ॥

**ਜੈਣ,** ਪੁ:—ਹਿੰਦੂਆਂ ਦਾ ਇੱਕ ਮਤ (੨੪ ਤੀਰਥੰਕਰਾਂ ਨੂੰ ਮੰਨਣ ਵਾਲਾ), ਸਰਾਉਗੀ ॥

**ਜੈਣੀ,** ਪੁ:—ਜੈਣ ਮਤ ਨੂੰ ਮੰਨਣ ਵਾਲਾ ॥

**ਜੈਤ**
**ਜੈਤ ਸਿਰੀ** } ਸ:—ਇੱਕ ਰਾਗਣੀ ॥

**ਜੈਂਤ,** ਪੁ:—ਇੱਕ ਛੋਟੀ ਫਲੀ ਵਾਲੀ ਝਾੜੀ ॥

**ਜੈਫਲ,** ਸ:—ਇੱਕ ਤੀਖਾ ਗਰਮ ਫਲ ॥

Digitized by Panjab Digital Library | www.panjabdigilib.org

**ਜ਼ੈਲ,** ਪੁ:—ਧੜਾ, ਲੜ, ਜ਼ੈਲਦਾਰ ਦਾ ਅਲਾਕਾ॥

**ਜ਼ੈਲਦਾਰ,** ਪੁ:—ਕਈਆਂ ਪਿੰਡਾਂ ਦਾ ਅਫ਼ਸਰ॥

**ਜ਼ੈਲਦਾਰੀ,** ਸ:—ਜ਼ੈਲਦਾਰ ਦਾ ਹੋਦਾ।

**ਜੋ,** ਪੜ:—ਜੇਹੜਾ, ਬਹੁਤਿਆਂ ਵਿੱਚੋਂ ਕੋਈ॥
ਯੋਜਕ-ਜੇ, ਜੇਕਰ॥ ਸ:—ਵਹੁਟੀ, ਤੀਮਤ॥

**ਜੋ ਕੁਝ**
**ਜੋ ਕੋਈ** } ਪੜ:—ਭਾਵੇਂ ਕੁਝ, ਭਾਵੇਂ ਕੋਈ, ਹਰੇਕ।

**ਜੋ ਜੋ,** ਪੜ:—ਜੇਹੜੀ ਜੇਹੜੀ ਚੀਜ਼, ਹਰ ਸ਼ੈ ਹਰ ਮਨੁੱਖ ਜੋ॥

**ਜੋਸ਼,** ਪੁ:—ਉਬਾਲ, ਗੁੱਸਾ, ਕਾਮ, ਪ੍ਰੇਮ, ਮਸਤੀ॥

**ਜੋਸ਼ ਆਉਣਾ**
**ਜੋਸ਼ ਚੜ੍ਹਨਾ**
**ਜੋਸ਼ ਮਾਰਨਾ**
**ਜੋਸ਼ ਵਿੱਚ ਆਉਣਾ** } ਕ੍ਰਿ:—ਉੱਬਲਨਾ, ਚੜ੍ਹਨਾ, ਕਾਮ ਦਾ ਜ਼ੋਰ ਹੋਣਾ, ਤਪ ਜਾਣਾ।

**ਜੋਸ਼ ਦੇਣਾ**
**ਜੋਸ਼ਾਉਣਾ** } ਕ੍ਰਿ:—ਉਬਾਲਣਾ, ਕਾੜ੍ਹਨਾ।

**ਜੋਸ਼ਾਂਦਾ,** ਪੁ:—ਉਬਲੀ ਹੋਈ ਦੁਆ ਦਾ ਪਾਣੀ॥

**ਜੋਸ਼ੀ,** ਪੁ:—ਬ੍ਰਾਹਮਣਾਂ ਦੀ ਇੱਕ ਜਾਤ, ਜੋਤਸ਼ੀ॥

**ਜੋਹਣਾ,** ਕ੍ਰਿ:—ਵੇਖਣਾ, ਭਾਲਣਾ, ਪਰਖਣਾ, ਜਾਚਣਾ।

**ਜੋਹਰ**
**ਜੋਹੜ** } ਪੁ:—ਛੱਪੜ, ਟੋਭਾ, ਕੱਚਾ ਤਲਾਉ॥

**ਜੋਹੂ,** ਪੁ:—ਜੋਹਣ ਵਾਲਾ, ਪਾਰਖੂ॥

**ਜੋਕ,** ਸ:—ਪਾਣੀ ਦਾ ਇੱਕ ਕੀੜਾ ਜੋ ਗੰਦਾ ਲਹੂ ਕੱਢਣ ਵਾਸਤੇ ਮਨੁੱਖ ਨੂੰ ਚਮੋੜ ਦੇਂਦੇ ਹਨ, ਮਰਦ ਦਾ ਲਹੂ ਪੀਣ ਵਾਲੀ ਰਨ, ਦੁਖ ਦੇਣੀ॥

**ਜੋਖਣਾ,** ਕ੍ਰਿ:—ਤਕੜੀ ਵਿੱਚ ਤੋਲਣਾ॥

**ਜੋਖਾਉਣਾ,** ਕ੍ਰਿ:—ਤੁਲਾਉਣਾ, ਭਾਰ ਮਲੂਮ ਕਰਾਉਣਾ।

**ਜੋਖਾਈ,** ਸ:—ਜੋਖਣ ਦਾ ਕੰਮ ਜਾਂ ਮਜੂਰੀ॥

**ਜੋਖੂ,** ਪੁ:—ਜੋਖਣ ਵਾਲਾ॥

**ਜੋਖੋਂ,** ਪੁ:—ਡਰ, ਖਤਰਾ, ਵਡਮੁੱਲਾ ਮਾਲ, ਰਕਮ, ਗਹਿਣਾ, ਜਾਇਦਾਦ।

**ਜੋਗ,** ਸ:—ਬਲਦਾਂ ਜਾਂ ਸਾਂਢਾਂ ਦੀ ਜੋੜੀ॥
ਪੁ:—ਜੋੜ, ਗ੍ਰਹਿਆਂ ਦਾ ਮੇਲ, ਚੰਗਾ ਮਹੂਰਤ ਮੌਕਾ, ਭਗਤੀ, ਧਿਆਨ, ਅਭਿਆਸ, ਬ੍ਰਹਮ ਵਿਚ ਲੀਨ ਹੋਣਾ, ਖਟ ਦਰਸ਼ਨਾਂ ਵਿਚੋਂ ਇੱਕ, ਇੱਕ ਰਾਗਣੀ॥
ਵਿ:—ਲਾਇਕ, ਮੁਨਾਸਬ, ਠੀਕ॥

**ਜੋਗ ਅਭਿਆਸ,** ਪੁ:—ਪ੍ਰਾਣਾਯਾਮ ਆਦਿਕ ਨਾਲ ਮਨ ਨੂੰ ਏਕਾਗ੍ਰ ਕਰਨ ਦਾ ਅਭਿਆਸ॥

**ਜੋਗ ਸਾਧਣਾ**
**ਜੋਗ ਕਮਾਉਣਾ** } ਕ੍ਰਿ:—ਜੋਗ ਅਭਿਆਸ ਕਰਨਾ॥

**ਜੋਗ ਧਾਰਣਾ**
**ਜੋਗ ਲੈਣਾ** } ਕ੍ਰਿ:—ਜੋਗੀ ਹੋ ਜਾਣਾ॥

**ਜੋਗਣ,** ਸ:—ਜੋਗ ਸਾਧਣ ਵਾਲੀ ਇਸਤ੍ਰੀ॥

**ਜੋਗਣੀ** ਸ:—ਸ਼ਿਵਜੀ ਜਾਂ ਦੁਰਗਾ ਦੇ ਨਾਲ ਰਹਿਣ ਵਾਲੀ ਰਾਖਸ਼ਣੀ ਜਾਂ ਭੂਤਨੀ॥

**ਜੋਗਾਭਿਆਸ,** ਪੁ:—'ਜੋਗ ਅਭਿਆਸ' ਵੇਖ॥

**ਜੋੱਗਾ,** ਵਿ:—ਲਾਇਕ, ਠੀਕ, ਜੋ ਕੰਮ ਦੇ ਸੱਕੇ॥
ਪੁ:—ਬਲਦਾਂ ਦੀ ਜੋੜੀ, ਜੁਤੀ ਹੋਈ ਜੋੜੀ, ਠੀਕ ਮੇਲ॥

**ਜੋਗੀ,** ਪੁ:—ਇੱਕ ਤਰ੍ਹਾਂ ਦੇ ਫਕੀਰ, ਗੋਰਖਨਾਥ ਦਾ ਚੇਲਾ, ਜੋਗ ਸਾਧਣ ਵਾਲਾ, ਜਾਦੂਗਰ॥

**ਜੋਗੀਆ,** ਵਿ:—ਜੋਗੀ ਵਰਗਾ, ਜੋਗੀ ਦਾ, ਭਗਵੇ ਰੰਗ।
ਪੁ:—ਭਗਵਾਂ ਰੰਗ, ਇੱਕ ਰਾਗਣੀ॥

Digitized by Panjab Digital Library | www.panjabdigilib.org

**ਜੋਜਨ,** ਪੁ:—ਚਹੁੰਆਂ ਕੋਹਾਂ ਦੀ ਦੂਰੀ।

**ਜੋਣਾ,** ਕ੍ਰਿ:—ਪੰਜਾਲੀ ਨਾਲ ਬਲਦ ਜੋੜਨੇ, ਯਾ ਬੱਘੀ ਨੂੰ ਘੋੜਾ ਲਾਉਣਾ ਆਦਿਕ॥

**ਜੋਤ,** ਸ:—ਚਾਨਣ, ਲੋ, ਲਾਟ, ਅੱਖਾਂ ਦੀ ਨੀਝ, ਆਤਮਾ, ਪਰਮੇਸ਼ਰ ਦੀ ਜੀਵਨ ਸ਼ਕਤਿ, ਜੋਗ, ਪਹਾੜ ਦੀ ਉੱਚੀ ਚੋਟੀ।

**ਜਾਗਦੀ ਜੋਤ,** ਸ:—ਪਰਮੇਸ਼ਰ ਦੀ ਮਾਯਾ, ਦੇਵੀ, ਲਾਟ।

**ਜੋਤ ਜਗਾਉਣੀ,** ਕ੍ਰਿ:—ਦੇਉਤੇ ਅੱਗੇ ਦੀਵਾ ਬਾਲਣਾ।

**ਜੋਤਸ਼,** ਪੁ:—ਗ੍ਰਹਿਆਂ ਦੇ ਹਿਸਾਬ ਦੀ ਵਿਦਯਾ, ਨਜੂਮ॥

**ਜੋਤਸ਼ੀ,** ਪੁ:—ਜੋਤਸ਼ ਜਾਣਨ ਵਾਲਾ, ਇੱਕ ਮੋਟਾ ਚੌਲ॥

**ਜੋਤਣਾ,** ਕ੍ਰਿ:—ਜੋਣਾ, ਹਲ ਵਾਹੁਣਾ॥

**ਜੋਤਨਾ,** ਸ:—ਜੋਤ, ਲੋ, ਨੀਝ, ਅਦਰਸ਼ਾ, ਚਾਨਣ॥

**ਜੋਤਮਾਨ,** ਪੁ:—ਜੋਤ ਵਾਲਾ, ਚਾਨਣਾ॥

**ਜੋਤਰ / ਜੋਤਰਾ** } ਪੁ:—ਚੰਮ ਦਾ ਤਸਮਾ, ਘਤੇ ਜਾਂ ਗੱਡੀ ਦੇ ਸਾਜ ਦਾ ਇਕ ਹਿੱਸਾ॥

**ਜੋੱਤਾ / ਜੋਤ੍ਰਾ** } ਪੁ:—ਹਲ ਦਾ ਇੱਕ ਗੇੜਾ, ਪਾਹਲੀ ਵਾਹੀ (ਲਾਉਣਾ)॥

**ਜੋੱਤੀ / ਜੋਤ੍ਰੀ** } ਸ:—ਛੋਟਾ ਜੋਤਰਾ ਜਾਂ ਤਸਮਾ (ਮਸ਼ਕ ਆਦਿਕ ਦਾ)॥

**ਜੋਤੀ,** ਸ:—'ਜੋਤ' ਵੇਖੋ॥

**ਜੋਤੀ ਸਰੂਪ,** ਵਿ:—ਚਮਕਣ ਵਾਲਾ, ਪਰਮੇਸ਼ਰ॥

**ਜੋਤੀਜੋਤ ਸਮਾਉਣਾ,** ਕ੍ਰਿ:—ਸੰਤਾਂ ਦਾ ਸਰੀਰ ਤਯਾਗ ਕੇ ਪਾਰ ਬ੍ਰਹਮ ਦੀ ਜੋਤ ਵਿੱਚ ਲੀਨ ਹੋਣਾ॥

**ਜੋਧ,** ਪੁ:—ਉੱਦਮ, ਜਤਨ, ਤਪੱਸਿਆ (ਕਮਾਉਣਾ ਕਰਨਾ)॥

**ਜੋਧਾ,** ਪੁ:—ਤਕੜਾ, ਬਲੀ, ਸੂਰਬੀਰ, ਤਪੱਸੀ॥

**ਜੋਬਨ,** ਪੁ:—ਜੁਆਨੀ, ਜੁਆਨੀ ਦਾ ਬਲ ਅਤੇ ਸੁਹੱਪਣ॥

**ਜੋਬਨ ਚੜ੍ਹਨਾ / ਜੋਬਨ ਵਿਚ ਆਉਣਾ** } ਕ੍ਰਿ:—ਜੁਆਨ ਹੋਣਾ, ਇਸਤ੍ਰੀ ਦੀ ਛਾਤੀ ਵਧਣੀ ਫੁੱਲਣੀ॥

**ਜੋਸ਼,** ਪੁ:—ਗਰਮੀ, ਉਬਾਲ, ਜੋਸ਼ (ਆਉਣਾ ਚੜ੍ਹਨਾ)॥

**ਜੋਸ਼ੀ,** ਵਿ:—ਕਾਮੀ, ਜੋਸ਼ ਵਾਲਾ, ਮਸਤ॥

**ਜੋਰ,** ਪੁ:—ਬਲ, ਤਾਕਤ, ਜਤਨ, ਗੁਣ, ਅਖਤਿਆਰ।

**ਜੋਰ ਕਰਨਾ,** ਕ੍ਰਿ:—ਕਸਰਤ ਕਰਨੀ, ਡੰਡ ਆਦਿਕ ਕਢਣੇ॥

**ਜੋਰ ਕੱਢਣਾ,** ਕ੍ਰਿ:—ਕਮਜ਼ੋਰ ਕਰਨਾ॥

**ਜੋਰ ਚੱਲਣਾ,** ਕ੍ਰਿ:—ਅਖਤਿਆਰ ਹੋਣਾ॥

**ਜੋਰ ਚਲਾਉਣਾ,** ਕ੍ਰਿ:—ਜੋਰ ਨਾਲ ਕੁਝ ਕਰ ਦੇਣਾ।

**ਜੋਰ ਦੇਣਾ,** ਕ੍ਰਿ:—ਕੋਈ ਗੱਲ ਪੱਕੀ ਕਰਨੀ॥

**ਜੋਰ ਧਗਾਣੇ,** ਕ੍ਰਿ:ਵਿ:—ਖਾਹਮਖਾਹ, ਮੱਲੋਮੱਲੀ ਧਕਾਧਕੀ॥

Digitized by Panjab Digital Library / www.panjabdigilib.org

**ਜ਼ੋਰ ਪਾਉਣਾ,** ਕ੍ਰਿ: ਆਪਣੇ ਅਖਤਿਆਰ ਨਾਲ ਕੋਈ ਕੰਮ ਕਰਾਉਣਾ, ਦੂਜੇ ਦੀ ਮਰਜੀ ਨਾ ਹੋਣ ਦੇਣੀ ॥

**ਜ਼ੋਰ ਭਰਨਾ,** ਕ੍ਰਿ:—ਪੂਰੀ ਪੂਰੀ ਤਾਕਤ ਪੈਲਾਣੀ।

**ਜ਼ੋਰ ਮਾਰਨਾ** }
**ਜ਼ੋਰ ਲਾਉਣਾ** } ਕ੍ਰਿ:—ਬਹੁਤ ਜਤਨ ਕਰਨਾ ॥

**ਜ਼ੋਰਾ ਜ਼ੋਰੀ** }
**ਜ਼ੋਰੋ ਜ਼ੋਰ** } ਕ੍ਰਿ: ਵਿ:—ਜ਼ੋਰ ਨਾਲ, ਜਬਰਦਸਤੀ ਨਾਲ ॥

**ਜ਼ੋਰਾਵਰ,** ਵਿ:—ਤਕੜਾ, ਬਲੀ, ਡਾਢਾ, ਜਬਰਦਸਤ॥

**ਜ਼ੋਰਾਵਰੀ,** ਸ:—ਬਲ, ਤਾਕਤ, ਜਬਰਦਸਤੀ (ਕਰਨੀ) ॥

**ਜ਼ੋਰੀਂ,** ਸ:—ਜ਼ੁਲਮ, ਸਖ਼ਤੀ, ਜ਼ੋਰਾਵਰੀ॥

**ਜ਼ੋਰੂ(ਰੋ),** ਸ: ਵਹੁਟੀ, ਜ਼ਨਾਨੀ, ਤੀਵੀਂ।

**ਜੋੜ,** ਪੁ:—ਮੇਲ, ਸੰਗ, ਏਕਾ, ਟਾਕਾ, ਇਕੱਠ, ਜਮਾ, ਜੜਾ, ਸਰੀਰ ਵਿਚ ਦੋ ਹੱਡੀਆਂ ਦੇ ਮਿਲਣ ਦੀ ਥਾਂ ॥

**ਜੋੜਤੋੜ,** ਪੁ:—ਛਲਵਲ, ਗੰਢ ਤੁੱਪ, ਤਦਬੀਰ ॥

**ਜੋੜ ਦੇਣਾ,** ਕ੍ਰਿ:—ਮੇਲਣਾ, ਟੁੱਟੇ ਨੂੰ ਬਣਾਉਣਾ, ਜਮਾ ਕਰਨਾ॥

**ਜੋੜ ਭਰਨ,** ਕ੍ਰਿ:—ਕਿਸੇ ਬਾਲ ਦੀ ਸੁੱਖ ਮਨਾਉਣ ਨੂੰ ਮੁਹੱਰਮ ਦੀ ਦਸਵੀਂ ਨੂੰ ਦੁੱਧ ਚੌਲ ਅਤੇ ਸਰਬਤ ਦੀਆਂ ਦੋ ਪਿਆਲੀਆਂ ਬਾਲਾਂ ਨੂੰ ਦੇਣੀਆਂ ॥

**ਜੋੜ ਮੇਲ,** ਪੁ:—ਧਰਮ ਦੇ ਕੰਮ ਵਾਸਤੇ ਇਕੱਠ।

**ਜੋੜਨਾ,** ਕ੍ਰਿ:—ਮੇਲਣਾ; ਗਢਣਾ, ਟੌਂਕੀ ਲਾਉਣੀ, ਜਮਾ ਕਰਨਾ, ਕੱਠਾ ਕਰਨਾ, ਬਣਾਉਣਾ, ਪੱਕਾ ਕਰਨਾ ॥

**ਹੱਥ ਜੋੜਨਾ,** ਕ੍ਰਿ:—ਦੋਹਾਂ ਹੱਥਾਂ ਦੀਆਂ ਤਲੀਆਂ ਸਿੱਧੀਆਂ ਰੱਖਕੇ ਮੇਲਣੀਆਂ, ਬੇਨਤੀ ਕਰਨੀ॥

**ਜੋੜਾ,** ਪੁ:—ਦੋ ਜਣੇ; ਮਰਦ ਤੀਮਤ, ਇੱਕੋ ਜੇਹੀਆਂ ਦੋ ਚੀਜ਼ਾਂ, ਪਾਉਣ ਵਾਲੇ ਕਪੜੇ, ਜੁੱਤੀ, ਨਕਲੀ ਚਾਂਦੀ ਸੋਨਾ ॥

**ਜੋੜੀ,** ਸ:—ਦੋ ਚੀਜ਼ਾਂ, ਦੋ ਜਣੇ, ਬੂਹੇ ਦੇ ਦੋ ਤਾਕ, ਤਬਲੇ, ਦੋ ਘੋੜੇ ॥

**ਜੋੜੀ ਚੜ੍ਹਾਉਣੀ** }
**ਜੋੜੀ ਫੇਰਨੀ** } ਕ੍ਰਿ:—ਬੂਹੇ ਦੀ ਚੁਗਾਠ ਵਿਚ ਦੋ ਤਾਕ ਲਾਉਣੇ ॥

**ਜੋੜੀਦਾਰ,** ਪੁ:—ਭਾਈਵਾਲ, ਮੇਲੀ, ਸਾਥੀ॥

**ਜੋੜੂ,** ਪੁ:—ਧਨ ਜੋੜਨ ਵਾਲਾ, ਸੂਮ, ਜੋ ਜੋੜ੍ਹ ਲਾਵੇ॥

**ਜੌਂ** }
**ਜੌਂ** } ਪੁ:—ਕਣਕ ਵਰਗਾ ਇਕ ਅਨਾਜ।

**ਜੌਖਾਰ,** ਪੁ:—ਹਾਜ਼ਮੇ ਦੀ ਇੱਕ ਦਵਾ।

**ਜੌਹਰ,** ਪੁ:—ਜੁਆਹਰ, ਗੁਣ, ਸਫ਼ਾ, ਅਸਰ, ਸਮਝ, ਹੁਨਰ, ਲੋਹੇ ਦੀ ਆਬ ॥

**ਜੌਹਰ ਵਖਾਉਣਾ,** ਕ੍ਰਿ:—ਗੁਣ ਦੱਸਣਾ ॥

**ਜੌਹਰੀ,** ਪੁ:—ਜੁਆਹਰ ਵਰਤਣ ਵਾਲਾ, ਪਾਰਖੂ ॥

**ਜੌਂਕੀ,** ਕ੍ਰਿ: ਵਿ:—ਨਿਚਿੰਤ ਹੋਕੇ, ਅਨੰਦ ਨਾਲ॥

**ਜੌਜਣਾ,** ਕ੍ਰਿ:—ਬਹੁਤੀਆਂ ਗਲਾਂ ਨਾਲ ਡਿੱਥੇ ਹੋਣਾ, ਗੁੱਸੇ ਹੋਣਾ, ਖਿਝਣਾ ॥

**ਜੌੜ,** ਵਿ:—ਦੋ ।

**ਜੌੜਾ,** ਪੁ: }
**ਜੌੜੀ,** ਸ: - }
**ਜੌੜੇ** ਬਹੁ:ਬ: } ਇਕ ਠੇ ਜੰਮੇ ਹੋਏ ਦੋ ਬਾਲ (ਬਹੁਤਾ ਜੋੜੇ ਬੋਲਦੇ ਹਨ) ॥

Digitized by Panjab Digital Library | www.panjabdigilib.org

## ਝ

**ਝ,** ਪੁ:-ਗੁਰਮੁਖੀ ਪੈਂਤੀ ਦਾ ਚੌਦਵਾਂ ਅੱਖਰ ॥

**ਝਈ,** ਸ:—ਭੌਂਕਣਾ, ਲੜਾਈ, ਹੱਲਾ ॥

**ਝਈ ਲੈਕੇ ਪੈਣਾ,** ਕ੍ਰਿ:—ਦਬਕਾ ਦੇਣਾ, ਹੱਲਾ ਕਰਨਾ ॥

**ਝੱਸ,** ਪੁ:—ਭੈੜੀ ਵਾਦੀ, ਸੁਭਾਉ (ਆ ਪੈਣਾ) ॥

**ਝੱਸਣਾ,** ਕ੍ਰਿ:—ਰਗੜਨਾ, ਮਲਣਾ, ਜ਼ੋਰ ਨਾਲ ਚੋਪੜਨਾ ॥

**ਝਸਾਉਣਾ,** ਕ੍ਰਿ:—ਝੱਸਣ ਦਾ ਕੰਮ ਕਰਾਉਣਾ ॥

**ਝਸਾਈ,** ਸ:-ਝੱਸਣ ਦਾ ਕੰਮ ਜਾਂ ਮਜੂਰੀ ॥

**ਝਹਿਰ,** ਸ:-ਸ਼ੋਰ, ਖੁਰਕ, ਜਲੂਣ (ਉੱਠਣੀ, ਆਉਣੀ, ਛਿੜਣੀ) ॥

**ਝਹੀ,** ਸ:- 'ਝਈ' ਵੇਖੋ ॥

**ਝਕ,** ਸ:-ਜੋਸ਼, ਡਰ, ਚਿੱਤ ਦਾ ਵਿਕਾਰ ॥

**ਝੱਕ,** ਪੁ:—ਸੰਸਾ, ਝਿਜਕ, ਡਰ, ਸੰਗ, ਹਨੇਰੀ ॥

**ਝੱਕ ਚੜ੍ਹਨੀ,** ਕ੍ਰਿ:-ਹਨੇਰੀ ਆਉਣੀ, ਗੁੱਸਾ ਚੜ੍ਹਨਾ ॥

**ਝੱਕ ਪੈ ਜਾਣਾ**
**ਝੱਕ ਹੋਣਾ** } ਕ੍ਰਿ:-ਸੰਸਾ ਜਾਂ ਝੱਕ ਹੋਣਾ ॥

**ਝਕਝੋਰ,** ਵਿ:-ਭਾਰੇ ਅਤੇ ਸਘਨੇ ਬੱਦਲ, ਗੂੜ੍ਹੀ ਮਸਤੀ ਜਾਂ ਨੀਂਦਰ ।

**ਝਕਝੋਰੀ,** ਸ: ਝਪਟ, ਲੜਾਈ, ਬਖੇੜਾ ॥

**ਝਕਣਾ,** ਕ੍ਰਿ:—ਗੁੱਸੇ ਹੋਣਾ, ਜੋਸ਼ ਆਉਣਾ, ਚਿੜਚਿੜ ਕਰਨਾ, ਵਿਰਲਾਪ ਕਰਨਾ । ਪੁ:—ਇਕ ਚੌੜੇ ਮੂੰਹ ਵਾਲਾ ਮਿੱਟੀ ਦਾ ਭਾਂਡਾ ।

**ਝੱਕਣਾ,** ਕ੍ਰਿ: ਸ਼ਰਮ ਖਾਣੀ, ਡਰਨਾ, ਝਿਜਕਣਾ, ਸੰਗਣਾ ॥

**ਝੱਕਰਾ,** ਪੁ:—
**ਝੱਕਰੀ,** ਸ:— } ਇੱਕ ਚੌੜੇ ਮੂੰਹ ਵਾਲਾ ਮਿੱਟੀ ਦਾ ਭਾਂਡਾ ।

**ਝੱਕੜ,** ਪੁ:-'ਝੱਖੜ' ਵੇਖੋ ॥

**ਝੰਕਾਰ,** ਪੁ:-ਛਣਕਣ ਦੀ ਅਵਾਜ਼, ਚੀਕ, ਕੂਕ ॥

**ਝੱਕੀ,** ਵਿ:-ਪੁੱਠਾ, ਉਲਟਾ, ਕੱਬਾ ॥

**ਝਕੋਰ,** ਸ:-ਬੱਦਲ ਛਾ ਜਾਣੇ, ਘਟਾ ਆਉਣੀ ॥

**ਝਕੋਲਣਾ,** ਕ੍ਰਿ:-ਦੁੱਧ ਰਿੜਕਣਾ, ਪਾਣੀ ਆਦਿਕ ਹਿਲਾਉਣਾ ॥

**ਝਖ,** ਸ:-ਬਕਵਾਦ, ਗੱਪ, ਬਿਅਰਥ ਜਤਨ (ਮਾਰਨੀ) ॥

**ਝਖ ਚੜ੍ਹਨੀ,** ਕ੍ਰਿ:-ਗੁੱਸੇ ਹੋਣਾ ॥

**ਝੱਖ**
**ਝੱਖੜ** } ਪੁ:-ਹਨੇਰੀ, ਤੂਫ਼ਾਨ, ਬਹੁਤ ਜ਼ੋਰ ਦੀ ਪੌਣ ।

**ਝੱਖੜ ਝਾਂਜਾ**
**ਝੱਖੜ ਝੋਲਾ** } ਪੁ:-ਝੱਖੜ, ਹਨੇਰੀ ॥

**ਝੱਖੜ ਚੜ੍ਹਨਾ,** ਕ੍ਰਿ:-ਕਮਲੇ ਹੋ ਜਾਣਾ ॥

**ਝੱਖ ਚੜ੍ਹਨੀ,** ਕ੍ਰਿ:-ਹਨੇਰੀ ਆਉਣੀ ॥

**ਝੰਖਾੜ,** ਵਿ:-ਬਾਰਾਂਸਿੰਗੇ ਦੇ ਪੁਰਾਣੇ ਤੇ ਵੱਡੇ ਸਿੰਗ, ਰੁੱਖਾਂ ਦੀਆਂ ਟਹਿਣੀਆਂ ਜਿਨ੍ਹਾਂ ਨਾਲ ਪੱਤਰ ਨਾ ਹੋਣ ।

**ਝੱਗ,** ਸ:-ਬੁਲਬੁਲਿਆਂ ਦਾ ਕੱਠ, ਕਫ਼, ਉੱਪਰ ਆਈ ਹੋਈ ਮੈਲ ॥

Digitized by Panjab Digital Library | www.panjabdigilib.org

**ਝੱਗ ਛੱਡਣੀ**, ਕ੍ਰਿ:—ਬਹੁਤ ਗੁੱਸਾ ਆਉਣਾ ।

**ਝੰਗ**, ਪੁ:—ਜੰਗਲ, ਬੇਲਾ, ਰੱਖ, ਰੁੱਖਾਂ ਦੇ ਝੁੰਡ । ਇੱਕ ਸ਼ੈਹਰ ॥

**ਝਗਲਾ** / **ਝਗੁਲਾ** } ਪੁ:—ਕਸ਼ਮੀਰੀਆਂ ਦਾ ਲੰਮਾ ਚੋਲਾ ॥

**ਝਗੜਣਾ**, ਕ੍ਰਿ:—ਲੜਨਾ, ਜਿਦਣਾ, ਬਖੇੜਾ ਕਰਨਾ ॥

**ਝਗੜਾ**, ਪੁ:—ਲੜਾਈ, ਜ਼ਿਦ, ਬਹਿਸ, ਬਖੇੜਾ (ਕਰਨਾ) ॥

**ਝਗੜਾ ਦੇਣਾ**, ਕ੍ਰਿ:—'ਝਗੜਾਉਣਾ' ਵੇਖੋ ॥

**ਝਗੜਾ ਪਾਉਣਾ**, ਕ੍ਰਿ:—ਲੜਾਈ ਛੇੜਨੀ ॥

**ਝਗੜਾਉਣਾ**, ਕ੍ਰਿ:—ਲੜਾਉਣਾ, ਝਗੜਾ ਕਰਾਉਣਾ,

**ਝਗੜਾਊ** / **ਝਗੜਾਲੂ** } ਵਿ, ਪੁ:—ਜੋ ਝਗੜਾ ਕਰੇ ॥

**ਝਗੜੈਲਣ**, ਸ:—ਝਗੜਾ ਕਰਨ ਵਾਲੀ ਤੀਮਤ ॥

**ਝੱਗਾ**, ਪੁ:—ਕੁਰਤਾ, ਚੋਲਾ, ਗਲ ਪਾਉਣ ਵਾਲਾ ਇੱਕ ਕਪੜਾ ॥

**ਝੰਗਾਰਨਾ**, ਕ੍ਰਿ:—ਮੋਰ ਜਾਂ ਹਾਥੀ ਦਾ ਚੀਕ ਮਾਰਨਾ, ਕੂਕਣਾ ॥

**ਝੱਗੀ**, ਸ:—ਛੋਟਾ ਝੱਗਾ, ਕੁੜਤੀ ॥

**ਝੰਗੀ**, ਸ:—ਜੰਗਲ, ਬੇਲਾ, ਰੱਖ । ਪੁ:—ਝੰਗ ਦਾ ਰਹਿਣ ਵਾਲਾ ॥

**ਝਜਕਣਾ**, ਕ੍ਰਿ:—ਸ਼ਰਮਾਉਣਾ, ਸੰਗਣਾ, ਡਰਨਾ ॥

**ਝਜਕਾਰਨਾ**, ਕ੍ਰਿ:—ਬਾਹਰ ਕਢਣਾ ਪਰੇ ਰੱਖਣਾ ॥

**ਝੰਜਟ**, ਪੁ:—ਝਗੜਾ, ਬਖੇੜਾ, ਟੰਟਾ ॥

**ਝੰਜਟਣ**, ਸ: / **ਝੰਜਟੀ**, ਪੁ: } ਝਗੜਾ ਕਰਨ ਵਾਲਾ (ਲੀ) ॥

**ਝੱਜਰ**, ਪੁ: / **ਝੱਜਰੀ**, ਸ: } ਪਾਣੀ ਪਾਉਣ ਵਾਲਾ ਮਿੱਟੀ ਦਾ ਇੱਕ ਭਾਂਡਾ, ਘੜੀ ॥

**ਝੱਜਾ**, ਪੁ:—ਗੁਰਮੁਖੀ ਪੈਂਤੀ ਦਾ ਚੌਧਵਾਂ ਅਖਰ, 'ਝ' ॥

**ਝੰਜੋੜ ਸਿੱਟਣਾ** / **ਝੰਜੋੜਨਾ** / **ਝੰਜੋੜ ਦੇਣਾ** } ਕ੍ਰਿ:—ਹਿਲਾਉਣਾ, ਮਰੋੜਨਾ ॥

**ਝਟ**, ਪੁ:—ਥੋੜਾ ਜਿਹਾ ਸਮਾ, ਪਲ, ਛੇਤੀ, ਹਲਾ (ਕਰਨਾ) ।

ਕ੍ਰਿ: ਵਿ:—ਛੇਤੀ, ਛੇਤੀ, ਝਬਦੇ ॥

**ਝੱਟ ਪੱਟ**, ਕ੍ਰਿ: ਵਿ:—ਛੇਤੀ, ਪਲ ਵਿੱਚ, ਫੁਰਤੀ ਨਾਲ ॥

**ਝੱਟ ਟਪਾਉਣਾ** / **ਝਟ ਲੰਘਾਉਣਾ** } ਕ੍ਰਿ:—ਔਖੇ ਸੌਖੇ [illegible] ਗੁਜ਼ਾਰਾ ਕਰਨਾ ॥

**ਝਟਕ**, ਸ:—ਹੁਲਾਰਾ, ਉਛਾਲਾ, ਧੱਕਾ ॥

**ਝਟਕ ਸਿੱਟਣਾ**, ਕ੍ਰਿ:—'ਝਟਕਣਾ' ਵੇਖੋ ॥

**ਝਟਕਣਾ**, ਕ੍ਰਿ:—ਅੱਚਣ ਚੇਤ ਹਿਲਾਉਣਾ, ਹੁਲਾਰਾ ਦੇਣਾ, ਲਿਸਾ ਹੋਣਾ ॥

**ਝਟਕਾ**, ਪੁ:—ਹੁਲਾਰਾ, ਧੱਕਾ, ਤਲਵਾਰ ਦੇ ਇੱਕ ਵਾਰ ਨਾਲ ਜਾਨਵਰ ਦਾ ਸਿਰ ਲਾਹ ਦੇਣ ਦਾ ਕੰਮ (ਕਰਨਾ), ਲਿਸ, ਡਰੂ, ਮਾਰੇ ਹੋਏ ਜਨੌਰ ਦਾ ਮਾਸ ॥

Digitized by Panjab Digital Library | www.panjabdigilib.org

**ਝਟਕਾ ਮਾਰਨਾ** / **ਝਟਕਾ ਲਾਉਣਾ** } ਕ੍ਰਿ:—ਹਿਲਾਉਣਾ, ਹੁਲਾਰਾ ਦੇਣਾ ॥

**ਝਟਕਾਉਣਾ,** ਕ੍ਰਿ:—ਝਟਕਾ ਦੁਆਉਣਾ, ਤਲਵਾਰ ਦੇ ਝਟਕੇ ਨਾਲ ਜਨੌਰ ਮਾਰਨਾ ॥

**ਝੱਟਣਾ,** ਕ੍ਰਿ:—ਝੱਟੇ ਦਾ ਕੰਮ ਕਰਨਾ ('ਝੱਟਾ' ਵੇਖੋ) ॥

**ਝੱਟਾ,** ਪੁ:—ਛੰਭਾਂ ਦੇ ਕੰਢੇ ਤੇ ਟੋਇਆਂ ਵਿੱਚੋਂ ਰੱਸੇ ਨਾਲ ਲਟਕਦੀਆਂ ਲਕੜੀ ਦੀਆਂ ਟੋਕ-ਰੀਆਂ ਨਾਲ ਪਾਣੀ ਕੱਢਣ ਦਾ ਕੰਮ ॥

**ਝੰਡ,** ਸ:—ਨਰਮ ਜਾਂ ਨਿੱਕੇ ਨਿੱਕੇ ਵਾਲ, ਬਾਲਾਂ ਦੇ ਸਿਰ ਦੇ ਵਾਲ। ਮੁੰਨਣ ਦੀ ਰੀਤ, ਦੇਉ ਕਾਜ ॥

**ਝੰਡ ਬਹਾਉਣੀ,** ਕ੍ਰਿ:—ਬਹੁਤ ਮਾਰਨਾ ਕੁੱਟ-ਣਾ ।

**ਝੰਡਾ,** ਪੁ: / **ਝੰਡੀ,** ਸ: } ਧਜਾ, ਨਿਸ਼ਾਨ ॥

**ਝੰਡਾ ਗੱਡਣਾ,** ਕ੍ਰਿ:—ਅਖ਼ਤਿਆਰ ਜਮਾਉਣਾ ॥

**ਝੰਡੇ ਹੇਠ ਆਉਣਾ,** ਕ੍ਰਿ:—ਕਿਸੇ ਦੇ ਤਾਬਿਆ ਹੋ ਜਾਣਾ ॥

**ਝੰਡੂਲਾ** ਪੁ:—ਝੰਡ ਵਾਲਾ ਬਾਲ ॥

**ਝਣਝਣਾਉਣਾ** / **ਝਣਨਾਉਣਾ** } ਕ੍ਰਿ:—ਲਿੰਗ ਸੌਂ ਜਾਣੇ, ਥਰ-ਥਰਾਉਣਾ ।

**ਝਣਝਣਾਟ** / **ਝਣਾਟ** } ਸ:—ਥਰਥਰਾਟ, ਦੁਖਦੇ ਦੰਦਾਂ ਨੂੰ ਠੰਢਾ ਪਾਣੀ ਲਾਉਣ ਨਾਲ ਜੋ ਹਾਲ ਹੋਵੇ ॥

**ਝਣੇਠੂ,** ਪੁ:—ਇੱਕ ਘਾਹ ਦਾ ਨਾਂ, ਧੀ ਦਾ ਪੁੱਤ੍ਰ, ਦੋਹਤ੍ਰਿਆਂ ਦੀ ਸੰਤਾਨ ॥

**ਝੱਥਾ,** ਵਿ:—ਪੱਦ, ਹਲਕਾ (ਮੀਂਹ ਤਾਪ, ਧੁੱਪ) ਥੱਕਿਆ ਹੋਇਆ (ਹੌਲਾ, ਪੋਲਾ) ॥

**ਝੱਪ,** ਵਿ:—ਕਾਹਲਾ, ਤੇਜ਼ ॥ ਕ੍ਰਿ ਵਿ:—ਛੇਤੀ ॥

**ਝਪਕਣਾ,** ਕ੍ਰਿ:—ਅੱਖ ਮੀਟ ਕੇ ਉਸੇ ਵੇਲੇ ਖੋਲ੍ਹ ਦੇਣੀ ॥

**ਝਪਕੀ,** ਸ:—ਝਪਕਣ ਦਾ ਕੰਮ ॥

**ਝਪਟ,** ਸ:—ਕੁੱਦ, ਉਛਾਲਾ, ਹੱਲਾ (ਲੈਣੀ, ਮਾਰਨੀ)।

**ਝਪਟਣਾ,** ਕ੍ਰਿ:—ਕੁੱਦਣਾ, ਆ ਪੈਣਾ, ਖੋਹ ਲੈਣਾ ॥

**ਝਪੱਟਾ,** ਪੁ: / **ਝਪੱਟੀ,** ਸ: } ਹੱਲਾ, ਅਚਾਨ ਚੱਕ ਉੱਪਰੋਂ ਆ ਪੈਣਾ, ਚਿੱਤਰੇ ਦੀ ਛਾਲ, ਚੀਲ੍ਹ ਦਾ ਪੰਜਾ ਮਾਰਨਾ ॥

**ਝੱਪਣਾ,** ਕ੍ਰਿ:—ਪਕੜਨਾ, ਬੋਚਣਾ, ਡੇਗਣਾ, ਨਿਗਲਣਾ ॥

**ਝਪਾ ਝਪ** / **ਝਪਾ ਝਪੀ** } ਕ੍ਰਿ ਵਿ:—ਛੇਤੀ, ਸ਼ਤਾਬੀ, ਝਟ ਪਟ ॥

**ਝਪਾਨ,** ਪੁ:—ਇੱਕ ਤਰਾਂ ਦੀ ਉੱਚੀ ਡੋਲੀ ॥

**ਝੱਫ,** ਸ:—ਕਾਹਲੀ, ਆ ਪੈਣਾ, ਹੱਲਾ ॥

**ਝੱਫ ਖਾਣੀ,** ਕ੍ਰਿ:—ਉਲਟ ਜਾਣਾ (ਕਾਗਤ ਦੇ ਪਤੰਗ ਦਾ) ॥

**ਝੱਫ ਮਾਰਣੀ,** ਸ:—ਅਚਾਨ ਚੱਕ ਉੱਪਰੋਂ ਆ ਪੈਣਾ ॥

**ਝੱਫ ਲੈਣਾ,** ਕ੍ਰਿ:—'ਝੱਫਣਾ' ਵੇਖੋ ॥

**ਝੱਫਣਾ,** ਕ੍ਰਿ:—ਪਕੜਨਾ, ਬੋਚਣਾ, ਡੇਗਣਾ, ਨਿਗ-ਲਣਾ ॥

Digitized by Panjab Digital Library / www.panjabdigilib.org

**ਝਬ**, **ਝੱਬ**, **ਝਬਦੇ** } ਕ੍ਰਿ: ਵਿ:—ਛੇਤੀ, ਸ਼ਤਾਬੀ, ਜਲਦੀ ਝਟ ਪਟ ॥

**ਝੰਬ**, ਸ:—ਥਾਉਂ ਜਾਂ ਮੀਂਹ ਦਾ ਧੱਕਾ, ਝਾੜਫ਼ ॥

**ਝੰਬ ਚਾੜ੍ਹਨੀ**, ਕ੍ਰਿ:—ਖੁੰਬ ਮਾਰਨਾ ॥

**ਝਬਕਣਾ**, ਕ੍ਰਿ:—ਅੱਖ ਝਮਕਣਾ ॥

**ਝਬਕਾਉਣਾ**, ਕ੍ਰਿ:—ਅੱਖ ਝਮਕਾਉਣਾ ॥

**ਝਬਕੀ**, ਸ:—ਅੱਖ ਝਮਕਣ ਦਾ ਕੰਮ ॥

**ਝੰਬ ਸਿੱਟਣਾ**, **ਝੰਬਣਾ** } ਕ੍ਰਿ:—ਝਾੜਨਾ, ਸਾਫ਼ ਕਰਨਾ ਕੁੱਟਣਾ, ਫੇਂਗਣਾ, ਕੱਟਣਾ, ਮਾਰਨਾ, ਪਿੰਜਣਾ ॥

**ਝੰਬਣੀ**; ਸ:—ਝੰਬਣ ਵਾਲੀ ਪਤਲੀ ਲੱਕੜ ॥

**ਝਬੱਲਣਾ**, ਕ੍ਰਿ:—ਹੱਥ ਮਾਰਕੇ ਵਿੱਚੋਂ ਕੁਝ ਖੋਹ ਲੈਣਾ ॥

**ਝੰਬੜਾ**, ਪੁ:—ਝਗੜਾ, ਬਖੇੜਾ, ਝੇੜਾ ॥

**ਝੱਬੂ**, ਪੁ:—ਖੂਹ ਦੀ ਰੱਸੀ ਨੂੰ ਲਾਇਆ ਹੋਇਆ ਮੁੰਜ ਦੀ ਰੱਸੀ ਦਾ ਟੋਟਾ, ਫੁੰਮਣ ॥

**ਝੱਬੇ**, ਕ੍ਰਿ: ਵਿ:—ਛੇਤੀ, ਸ਼ਤਾਬੀ, ਝਟਪਟ ॥

**ਝੰਬੇਲ**, ਸ:, **ਝੰਬੇਲਾ**, ਪੁ: } ਝਗੜਾ, ਲੜਾਈ, ਖਿਲਖਲੀ ।

**ਝਮਕ**, ਪੁ:, ਸ:—ਅੱਖ ਮੀਟ ਕੇ ਉਸੇ ਵੇਲੇ ਖੋਲ੍ਹ ਦੇਣੀ, ਚਮਕ, ਲਿਸ਼ਕ

**ਝਮਕਣਾ**, ਕ੍ਰਿ:—ਲਿਸ਼ਕਣਾ, ਅੱਖ ਮੀਟ ਕੇ ਖੋਲ੍ਹਣੀ ॥

**ਝਮਕਾਉਣਾ**, ਕ੍ਰਿ:—ਲਿਸ਼ਕਾਉਣਾ, ਅੱਖ ਮਿਟਾਕੇ ਖੁਲ੍ਹਾਉਣੀ ॥

**ਝਮਕੀ**, ਸ:—ਅੱਖ ਝਮਕਣ ਦਾ ਕੰਮ, ਨੀਂਦਰ ॥

**ਝਮਝਮ**, ਵਿ:—ਚਮਕਣ ਵਾਲਾ, ਲਿਸ਼ਕਣ ਵਾਲਾ (ਕਰਨਾ) ॥

**ਝੰਮਣ**, ਪੁ:—ਗੱਡੀ ਦਾ ਉਛਾੜ ॥

**ਝਮਣਾ**, ਕ੍ਰਿ:—ਕੁਮਲਾਉਣਾ, ਮੁਰਝਾਉਣਾ ।

**ਝੰਮਣਾ**, ਕ੍ਰਿ:—ਕੱਟ ਸਿੱਟਣਾ, ਧਰਤੀ ਤੇ ਫੇਂਗਣਾ ॥

**ਝੰਮਣੀ**, ਸ:—'ਝੰਬਣੀ' ਵੇਖੋ ॥

**ਝਮਾਕਾ**, ਪੁ:—ਨਜ਼ਰ, ਨਿਗਾਹ (ਲਾਉਣਾ) ॥

**ਝਮਾਝਮ**, ਕ੍ਰਿ: ਵਿ:—ਜ਼ੋਰ ਨਾਲ (ਮੀਂਹ ਵੱਸਣਾ), ਬਹੁਤ ਕਤਲ ਕਰ ਕੇ ॥

**ਝਮੇਲ**, ਸ:, **ਝਮੇਲਾ**, ਪੁ: } 'ਝੰਬੇਲ' ਵੇਖੋ ॥

**ਝਰ ਜਾਣਾ**, **ਝਰਨਾ** } ਕ੍ਰਿ:—ਵਗਣਾ, ਥੋੜਾ ਥੋੜਾ ਕਰਕੇ ਨਿਕਲਣਾ ॥

**ਝਰਨਾ** ਪੁ:, **ਝਰਨੀ**, ਸ: } ਪਾਣੀ ਦੇ ਵਗਣ ਦੀ ਥਾਂ, ਚੁਆਰਾ ॥

**ਝਰਨਾਹਟ**, ਸ:—'ਝਣਝਣਾਹਟ' ਵੇਖੋ ।

**ਝਰਾਲ**, ਸ:—'ਝਲਾਰ' ਵੇਖੋ ॥

**ਝਰਾੜ**, ਸ:—ਵਿੱਥ, ਛੀਂਗ, ਝੇੜ, ਗਲੀ, ਵਿਗਾੜ (ਪੈਣੀ) ॥

**ਝਰੀਟ**, ਸ:—ਛਿਲਣ ਜਾਂ ਖੁਰਚਣ ਦਾ ਨਿਸ਼ਾਨ (ਆਉਣ, ਪੈਣੀ) ॥

Digitized by Panjab Digital Library | www.panjabdigilib.org

**ਝਰੋਖਾ,** ਪੁ: } ਛੋਟੀ ਤਾਕੀ, ਮੋਘਾ, ਰੋਸ਼ਨ
**ਝਰੋਖੀ,** } ਦਾਨ ॥

**ਝੱਲ,** ਪੁ:—ਸੁਦਾ, ਕਮਲ ਪੁਣਾ, ਕ੍ਰੋਧ, ਜੰਗਲ, ਪੱਖੇ ਦਾ ਹਿਲਣਾ ॥

**ਝੱਲ ਮਾਰਨਾ,** ਕ੍ਰਿ:—ਪੱਖਾ ਹਿਲਾਉਣਾ ॥

**ਝਲਕ,** ਸ:—ਚਮਕ, ਸੋਭਾ, ਲਿਸ਼ਕ (ਮਾਰਨੀ) ॥

**ਝਲਕਣਾ,** ਕ੍ਰਿ:—ਚਮਕਣਾ, ਲਿਸ਼ਕਣਾ ।

**ਝਲਕਾ,** ਪੁ:— }
**ਝਲਕਾਰਾ,** ਪੁ: } ਚਮਕ, ਲਿਸ਼ਕ, ਨਿਗਾਹ, ਸੋਭਾ, ਜੋਤ ॥
**ਝਲਕੀ,** ਸ:— }

**ਝਲਕਾਉਣਾ,** ਕ੍ਰਿ:—ਚਮਕਾਉਣਾ, ਲਿਸ਼ਕਾਉਣਾ

**ਝਲ ਝਲ ਕਰਨਾ,** ਕ੍ਰਿ:—ਚਮਕਣਾ, ਲਿਸ਼ਕਣਾ ॥

**ਝੱਲਣ,** ਸ:—ਸਹਾਰਾ, ਧੀਰੀ, ਜੁਲਾਹੇ ਦੇ ਸਮਿਆਨ ਨੂੰ ਸਹਾਰਨ ਵਾਲੀ ਲਕੜੀ, ਹਲਟ ਵਾਲੇ ਖੂਹ ਦੀ ਸ਼ਤੀਰੀ ॥

**ਝੱਲਣਾ,** ਕ੍ਰਿ:—ਸਹਾਰਨਾ, ਸਹਿਣਾ, ਹਿਲਾਉਣਾ (ਪੱਖਾ) ॥

**ਝਲਮਲ,** ਸ:—ਚਮਕ, ਝਲਕ, ਸੋਭਾ ॥

**ਝੱਲਾ,** ਵਿ:—ਗੁੱਸੇ ਵਿੱਚ ਆਇਆ ਹੋਇਆ, ਸੁਦਾਈ ॥

**ਝਲਾਉਣਾ,** ਕ੍ਰਿ:—ਝੱਲਣ ਦਾ ਕੰਮ ਕਰਾਉਣਾ ॥

**ਝਲਾਈ,** ਸ:—(ਪੱਖਾ) ਝੱਲਣ ਦੀ ਮਜੂਰੀ ॥

**ਝਲਾਂਗ** }
**ਝਲਾਂਘ** } ਪੁ:—ਸਵੇਰ ਦਾ ਵੇਲਾ ॥
**ਝਲਾਂਘਾ** }

**ਝਲਾਂਗੇ** }
**ਝਲਾਂਘੇ** } ਕ੍ਰਿ: ਵਿ:—ਸਵੇਰ ਦੇ ਵੇਲੇ ॥

**ਝਲਾਰ,** ਸ:—ਛੰਭ, ਦਰਿਆ ਜਾਂ ਨਹਿਰ ਦੇ ਕੰਢੇ ਦਾ ਹਲਟ ਜਾਂ ਇੱਕ ਟੋਇਆ ਜਿਸ ਵਿੱਚੋਂ ਪੈਲੀਆਂ ਨੂੰ ਦੇਣ ਲਈ ਪਾਣੀ ਉਤਾਹਾਂ ਕੱਢਿਆ ਜਾਂਦਾ ਹੈ। ਟੋਕਰੀ ਨਾਲ ਮੱਛੀਆਂ ਫੜਨ ਦੀ ਇੱਕ ਜੁਗਤ ॥

**ਝੱਲਿਆ ਹੋਇਆ,** ਵਿ:—ਪਾਗਲ, ਕਮਲਾ ਮਸਤਾਨਾ ॥

**ਝੜ,** ਪੁ:—ਬਦਲਾਂ ਦਾ ਇਕੱਠਾ ਹੋਣਾ, ਸੂਰਜ ਦਾ ਨਾ ਦਿੱਸਣਾ, ਜ਼ੋਰ ਦਾ ਮੀਂਹ, ਜੰਦਰੇ ਦੀ ਅੰਦਰਲੀ ਕਲਾ, ਧਾਤ ਦੀ ਪੱਤੀ, ਸੁਪੱਧਲ, ਸੋਭਾ, ਖੁਸ਼ੀ, ਮੌਜ ।

**ਝੜ ਜਾਣਾ** }
**ਝੜਨਾ** } ਕ੍ਰਿ:—ਟੁੱਟਣਾ, ਲਹਿਕੇ ਡਿਗਣਾ, ਅੰਤ ਹੋਣਾ, ਨਿਰਾਸ਼ ਹੋਣਾ, ਹਾਰਨਾ, ਕਿਰਨਾ, ਰਾਗ ਦੀ ਅਵਾਜ਼ ਨਿਕਲਣੀ ॥

**ਝੜੱਪ,** ਸ:—ਲੜਾਈ, ਝਗੜਾ, ਝਪਟ (ਲੈਣੀ) ॥

**ਝੜਪਣਾ,** ਕ੍ਰਿ:—ਲੜਨਾ, ਝਗੜਨਾ, ਮੁੱਕਾ ਮਾਰਨਾ ॥

**ਝੜਪਾਉਣਾ,** ਕ੍ਰਿ:—ਲੜਾਉਣਾ, ਝਗੜਾ ਕਰਾਉਣਾ ॥

**ਝੜਪਾਊ,** ਪੁ:—ਲੜਾਕਾ (ਕੁੱਕੜ ਆਦਿਕ) ਝਗੜਾਲੂ ॥

**ਝੜਪਾਈ,** ਸ:—ਕੁੱਕੜ ਆਦਿਕਾਂ ਦੀ ਲੜਾਈ ॥

**ਝੜਪਾ ਝੜਪੀ,** ਸ:—ਕੁੱਕੜ ਆਦਿਕਾਂ ਦੀ ਲੜਾਈ, ਇੱਕ ਦੂਜੇ ਉਤੇ ਆ ਪੈਣਾ ॥

**ਝੜਬੇਰ,** ਪੁ:—ਇੱਕ ਜੰਗਲੀ ਫਲ ॥

Digitized by Panjab Digital Library | www.panjabdigilib.org

**ਝੜਬੇਰੀ,** ਸ:—ਜਿਸ ਰੁੱਖ ਨੂੰ ਝੜਬੇਰ ਲੱਗਣ।

**ਝੜਵਾਉਣਾ,** ਕ੍ਰਿ:-ਝਾੜਨ ਦਾ ਕੰਮ ਕਰਾਉਣਾ ॥

**ਝੜਵਾਈ,** ਸ:—ਝਾੜਨ ਦੀ ਮਜੂਰੀ ।

**ਝੜਾਉਣਾ,** ਕ੍ਰਿ:—ਚੜ੍ਹਾਉਣਾ, ਝੜਵਾਉਣਾ ॥

**ਝੜਾਈ,** ਸ:—ਚੜ੍ਹਾਈ, ਝਾੜਨ ਦੀ ਮਜੂਰੀ॥

**ਝੜਾਕ (ਕਾ),** ਪੁ:—ਹਿੱਲ ਜੁਲ, ਕਾਹਲੀ (ਮਾਰਨਾ) ॥

**ਝੜਾਝੜ,** ਕ੍ਰਿ: ਵਿ:—ਛੇਤੀ ਛੇਤੀ, ਝਟ ਪਟ ।

**ਝੜਾਵਾ,** ਪੁ:—'ਚੜ੍ਹਾਵਾ' ਵੇਖੋ ॥

**ਝੜੀ,** ਸ:—ਲਗਾਤਾਰ ਮੀਂਹ ਵੱਸਣਾ, ਢਿੱਲ ॥

**ਝੜੀ ਬੱਝਣੀ** / **ਝੜੀ ਲਾਉਣੀ** } ਕ੍ਰਿ:—ਲਗਾਤਾਰ ਮੀਂਹ ਵੱਸਣਾ ਜਾਂ ਕੋਈ ਕੰਮ ਕੀਤਾ ਰਹਿਣਾ।

**ਫੁਲ ਝੜੀ,** ਸ:—ਇੱਕ ਤਰ੍ਹਾਂ ਦੀ ਅਸਤਬਾਜ਼ੀ ।

**ਝੜੂਮ,** ਸ:—ਲੰਮੀ ਦਾੜ੍ਹੀ ॥

**ਝਾਉਲਾ** / **ਝਾਊਲਾ** } ਪੁ:—ਧੁੰਦ, ਮਾੜਾ ਮਾੜਾ ਦਿੱਸਣਾ (ਦਿੱਸਣਾ, ਦਿੱਸ ਪੈਣਾ, ਪੈਣਾ) ॥

**ਝਾਉਲੀ** / **ਝਾਂਉਲੀ** } ਸ:—ਝਪਕੀ, ਨਿਗਾਹ, ਨਖਰਾ (ਦੇਣੀ) ॥

**ਝਾਊ,** ਪੁ:—ਇੱਕ ਰੁੱਖ ਜਿਸ ਦੀਆਂ ਡਾਲਾਂ ਦੀਆਂ ਟੋਕਰਾਂ ਤੇ ਟੋਕਰੀਆਂ ਬਣਦੀਆਂ ਹਨ ॥

**ਝਾਈਂ,** ਸ:—ਪਰਛਾਵਾਂ, ਚੇਹਰੇ ਉੱਤੇ ਕਾਲੇ ਦਾਗ ॥



**ਝਾਸਣਾ,** ਕ੍ਰਿ:—ਅਦੇਰਨਾ, ਫਰੇਬ ਦੇਣਾ, ਖਰਾਬ ਕਰਨਾ ॥

**ਝਾਸਾ** / **ਝਾਂਸਾ** } ਪੁ:—ਧੋਖਾ, ਫਰੇਬ, ਛਲ (ਦੇਣਾ) ॥

**ਦਮ ਝਾਂਸਾ ਦੇਣਾ,** ਕ੍ਰਿ:—ਧੋਖਾ ਦੇਣਾ, ਛਲਣਾ ॥

**ਝਾਂਸੂ** / **ਝਾਂਸੇ ਬਾਜ਼** } ਪੁ:—ਝਾਂਸਾ ਦੇਣ ਵਾਲਾ, ਫਰੇਬੀ, ਛਲੀਆ॥

**ਝਾਹੂ,** ਪੁ:—'ਝਾਊ' ਵੇਖੋ ॥

**ਝਾਕ,** ਸ:—ਤੱਕ, ਨਜ਼ਰ, ਤਾੜ, ਉਡੀਕ (ਰੱਖਣੀ ਲਾਉਣੀ) ॥

**ਝਾਕਦੇ ਰਹਿਣਾ,** ਕ੍ਰਿ:—ਡਰਨਾ, ਝਿਜਕਣਾ ॥

**ਝਾਕ ਮਝਾਕਾ,** ਪੁ:—ਇੱਕ ਦੂਜੇ ਵੱਲ ਤੱਕਣਾ ॥

**ਝਾਕਣਾ,** ਕ੍ਰਿ:—ਤੱਕਣਾ, ਵੇਖਣਾ, ਤਾੜਨਾ, ਉਡੀਕਣਾ ।

**ਝਾਕਾ,** ਪੁ: / **ਝਾਕੀ,** ਸ: } 'ਝਾਕ' ਵੇਖੋ (ਮਾਰਨਾ, ਲਾਉਣਾ) ॥

**ਝਾਕਾ ਝਾਕੀ,** ਸ:—ਤਾੜ, ਇੱਕ ਦੂਜੇ ਵੱਲ ਤੱਕਣਾ ॥

**ਝਗੜੂ,** ਪੁ:, ਵਿ:—ਜੋ ਝਗੜਾ ਕਰੇ ॥

**ਝਾਂਜ,** ਪੁ:—ਵਾਜੇ ਦੀ ਅਵਾਜ਼ ॥

**ਝਾਂਜਰ,** ਸ:—ਛਣਕਣ ਵਾਲਾ ਪੈਰ ਦਾ ਗਹਿਣਾ ॥

**ਝਾਂਜਾ,** ਪੁ:—ਝਗੜਾ, ਬਖੇੜਾ (ਕਰਨਾ) ਤੂਫ਼ਾਨ (ਵਗਣਾ) ॥

**ਝਾਂਜੀਆ,** ਵਿ:—ਜੋ ਝਾਂਜਾ ਜਾਂ ਬਖੇੜਾ ਕਰੇ॥

Digitized by Panjab Digital Library | www.panjabdigilib.org

**ਝਾਂ ਝਾਂ,** ਸਃ -ਛਣ ਛਣ ਦੀ ਅਵਾਜ਼ (ਕਰਨਾ)।

**ਝਾਟਮਝਾਟਾ, ਝਾਟਮਝੂਟਾ,** ਪੁਃ -ਹੱਥੋਂ ਪਾਈ, ਇੱਕ ਦੂਏ ਦੇ ਵਾਲ ਖੋਹਣੇ (ਹੋਣਾ)।

**ਝਾਟਲਾ,** ਵਿਃ—ਪਤ੍ਰਾਂ ਅਤੇ ਟਾਹਣੀਆਂ ਵਾਲਾ

**ਝਾਟਾ,** ਪੁਃ—ਤੀਮਤ ਦੇ ਲੰਮੇ ਵਾਲ।

**ਝਾਟਾ ਖਿਡਣੀ, ਝਾਟਾ ਖਿੰਡਣੀ,** ਸਃ ਜਿਸ ਦੇ ਵਾਲ ਖਿੰਡੇ ਹੋਏ ਹੋਣ।

**ਝਾਂਡਲਾ,** ਵਿਃ—'ਝਾਟਲਾ' ਵੇਖੋ॥

**ਝਾੜ,** ਪੁਃ, **ਝਾੜੀ,** ਸਃ ਝੰਬ, ਝਾੜ, ਠਸਰ (ਕਰਨੀ, ਮਾਰਨੀ)।

**ਝਾੜੀ ਪਾਉਣਾ, ਝਾੜੀ ਮਾਰਨੀ, ਝਾੜੀ ਲਾਉਣੀ,** ਕ੍ਰਿਃ—ਝੱਕਣਾ, ਅਗਾਹ ਹੋਕ ਵੇਖਣਾ।

**ਝਾਂਪਲ,** ਸਃ—ਇੱਕ ਜਨੌਰ, ਕਾਲ ਕਲਿੰਚੀ।

**ਝਾਂਫ,** ਸਃ—ਜਿਸ ਤੀਮੀ ਦੇ ਸਿਰ ਦੇ ਵਾਲ ਲਿੱਕੇ ਹੋਣ. ਵੂਹੜ ਦਾ ਪਰਦਾ।

**ਝਾਬ,** ਸਃ—ਚੌੜੇ ਮੂੰਹ ਵਾਲਾ ਇੱਕ ਮਿੱਟੀ ਦਾ ਭਾਂਡਾ।

**ਝਾਂਬ,** ਸਃ—ਕੂਹੜ ਦਾ ਪਰਦਾ॥

**ਝੱਬਾ, ਝਾਬਾ,** ਪੁਃ—ਤੇਲ ਦਾ ਕੁੱਪਾ, ਫੁੰਮਣ॥

**ਝਾਬੂ,** ਪੁਃ—ਛਾੱਖੂ, ਘੋੜੇ ਜਾਂ ਬਲਦ ਦਾ ਮੂੰਹ ਬੰਦ ਕਰਨ ਵਾਲੀ ਚੀਜ਼, ਛੁੱਜਾ।

**ਝਾਮੜੀ,** ਸਃ—ਪਿਆਰ ਨਾਲ ਗਲ ਲਾਉਣਾ (ਦੇਣੀ)।

**ਝਾਮਾਂ,** ਪੁਃ—'ਝਾਵਾਂ' ਵੇਖੋ॥

**ਝਾਰਾ,** ਪੁਃ—ਛੇਕ, ਮੋਰੀ॥

**ਝਾਰੀ,** ਸਃ—ਖਾਰੀ, ਮੁਸਲਮਾਨਾਂ ਦੀ ਝੱਜਰ, ਹੁੱਕਾ।

**ਝਾਲ,** ਸਃ ਮਸਾਲੇ ਦੀ ਗਰਮੀ, ਧੀਰਜ, ਮੁਲੰਮਾ।

**ਝਾਲ ਝੱਲਣੀ,** ਕ੍ਰਿਃ—ਦੁਖ ਸਹਾਰਨਾ।

**ਝਾਲ ਫੇਰਨੀ,** ਕ੍ਰਿਃ—ਮੁਲੰਮਾ ਕਰਨਾ॥

**ਝਾਲਣਾ,** ਕ੍ਰਿਃ—ਸਹਾਰਨਾ, ਮੁਲੰਮਾ, ਕਰਨਾ, ਲਿਸ਼ਕਾਉਣਾ॥

**ਝਾਲਰ,** ਸਃ—ਲਮਕਦੀ ਕੰਨੀ, ਪੱਗ ਆਦਿਕ ਦੇ ਸਿਰੇ ਦੀ ਡੋਰੀ॥

**ਝੱਲੂ,** ਪੁਃ—ਝੱਲਣ ਵਾਲਾ, ਸਹਾਰਾ ਦੇਣ ਵਾਲਾ।

**ਝਾਂਵਲਾ,** ਪੁਃ, **ਝਾਵਲੀ,** ਸਃ 'ਝਾਉਲਾ' 'ਝਾਉਲੀ' ਵੇਖੋ॥

**ਝਾਂਵਾਂ,** ਪੁਃ—ਇੱਕ ਪੱਥਰ, ਪੱਕੀ ਮਿੱਟੀ ਦਾ ਖਿੰਘਰ ਜਿਸ ਨਾਲ ਪੈਰਾਂ ਦੀਆਂ ਤਲੀਆਂ ਦੀ ਮੈਲ ਲਾਹੁੰਦੇ ਹਨ॥

**ਝਾੜ,** ਪੁਃ-ਝਾੜੀ, ਇੱਕ ਤਰ੍ਹਾਂ ਦੀ ਆਤਸ਼ ਬਾਜ਼ੀ, ਸ਼ੀਸ਼ ਬੱਤੀਆਂ ਦਾ ਗੁੱਛਾ, ਧਰਤੀ ਵਿਚੋਂ ਜੋ ਉਗੇ, ਜਲਾਬ॥

**ਝਾੜ ਸਿੱਟਣਾ,** ਕ੍ਰਿਃ-ਸਾਫ਼ ਕਰਨਾ, ਗਰਦ ਝਾੜਨੀ, ਦੁਰਕਾਰਨਾ॥

**ਝਾੜ ਖੰਡ,** ਪੁਃ-ਝਾੜੀਆਂ ਵਾਲਾ ਦੇਸ॥

**ਝਾੜ ਝੰਬ,** ਸਃ-ਸੰਬਰਨਾ, ਸਫਾਈ, ਝਿੜਕੀ॥

**ਝਾੜ ਪਛਾੜ,** ਸਃ-ਝਿੜਕੀ, ਘੁਰਕੀ, ਲਾਨਤ॥

**ਝਾੜ ਪਾਉਣੀ,** ਕ੍ਰਿਃ-ਝਿੜਕਣਾ, ਘੁਰਕੀ ਦੇਣੀ।

Digitized by Panjab Digital Library | www.panjabdigilib.org

**ਝਾੜ ਬਾਰ,** ਸ਼ਃ ਫਿਟਕਾਰਾਂ ਦੀ ਬਾਰ, ਫਿਟਕਾਰ ਲਾਨਤ ॥

**ਝਾੜ ਲੈਣਾ,** ਕ੍ਰਿਃ—ਜੁਲਾਬ ਲੈਣਾ, ਲਾਹੁਣਾ, ਮੁੱਛਣਾ

**ਝਾੜਨ,** ਪੁਃ—ਘੱਟਾ ਝਾੜਨ ਵਾਲਾ ਕਪੜਾ, ਬੁਰਸ਼

**ਝਾੜਨਾ,** ਕ੍ਰਿਃ—ਹੂੰਝਣਾ, ਨਾਲੋਂ ਲਾਹੁਣਾ, ਸਾਫ ਕਰਨਾ, ਧੋਖੇ ਨਾਲ ਕਈ ਚੀਜ਼ ਲੈਣੀ, ਝਿੜਕਣਾ ॥

**ਝਾੜਾ,** ਪੁਃ—ਪਖਾਨਾ, ਤੀਜਕੀ, ਦਸਤ, ਬੂਰਾ, ਜਾਦੂ ਟੂਣਾ, ਲੁਕੀ ਹੋਈ ਸ਼ੈ ਨੂੰ ਢੂੰਡਣਾ।

**ਝਾੜਾ ਕਰਨਾ,** ਕ੍ਰਿਃ—ਮੰਤ੍ਰ ਪੜ੍ਹਣੇ, ਜਾਦੂ ਟੂਣ ਕਰਨਾ ।

**ਝਾੜਾ ਝਪਟਾ,** ਪੁਃ—ਜਾਦੂ ਟੂਣਾ, ਤੀਜਕੀ, ਕਿਸੇ ਦੀ ਢੂੰਡ ।

**ਝਾੜਾ ਦੇਣਾ,** ਕ੍ਰਿਃ—ਟੂਣਾ ਕਰਨਾ, ਛਲਣਾ, ਕਪੜੇ ਝਾੜ ਦੇਣੇ ॥

**ਝਾੜਾ ਪਾਉਣਾ,** ਕ੍ਰਿਃ—ਝਾੜਾ ਕਰਨਾ, ਧੋਖਾ ਦੇਣਾ॥

**ਝਾੜੀ,** ਸ਼ਃ—ਛੋਟਾ ਜਿਹਾ ਕੰਡਿਆਂ ਵਾਲਾ ਰੁੱਖ ।

**ਝਾੜੂ,** ਪੁਃ—ਬੋਹਕਰ, ਬਹਾਰੀ, ਅੱਗ ਬਾਲਨ ਵਾਲਾ ਹਥਿਆਰ ।

**ਝਾੜੂ ਦੇਣਾ**
**ਝਾੜੂ ਫੇਰਨਾ** } ਕ੍ਰਿਃ—ਸਤਿਆਨਾਸ ਕਰਨਾ ॥

**ਝਾੜੂ ਪਾਉਣਾ,** ਕ੍ਰਿਃ—ਝਿੜਕਣਾ, ਧਮਕਾਉਣਾ ॥

**ਝਾੜੂ ਫਿਰਨਾ,** ਕ੍ਰਿਃ—ਸਫਾਈ ਹੋਣੀ, ਤਬਾਹ ਹੋ ਜਾਣਾ ॥

**ਝਾੜੂ ਬਹਾਦੁ,** ਪੁਃ—ਬੋਹਕਰ, ਸੰਬਰਨ ਦਾ ਕੰਮ ॥

**ਝਿੱਸੀ,** ਥਃ—ਸਰਮ, ਲੁਕਾਉ, ਉਡਾਰੀ, ਨੱਸਾ ॥

**ਝਿੱਸੀ ਖਾਣੀ,** ਕ੍ਰਿਃ—ਦਿਬ ਜਾਣਾ, ਨਾਂ ਰਹਿਣਾ ॥

**ਝਿੱਕ,** ਅਵ੍ਯਃ, ਕ੍ਰਿਃ ਵਿਃ—ਹੇਠਾਂ, ਵੱਲ, ਪੁਃ ਨੀਵਾਂ ਦੇਸ ।

**ਝਿਕਲਾ,** ਵਿਃ—ਹੇਠਲਾ, ਪੱਧਰਾ (ਪਹਾੜੀ ਨਹੀਂ)।

**ਝਿਕਾਹਾਂ,** ਕ੍ਰਿਃਵਿਃ—ਹੇਠਾਂ, ਥੱਲੇ ।

**ਝਿੰਗਾ,** ਪੁਃ—ਇੱਕ ਨਿੱਕੀ ਜੇਹੀ ਮੱਛੀ।

**ਝਿੰਗਾਰਨਾ,** ਕ੍ਰਿਃ 'ਨਿਘਾਰਨਾ' ਦੇਖੋ

**ਝਿਜਕਣਾ,** ਕ੍ਰਿਃ—ਸੰਗਣਾ, ਡਰਨਾ, ਲਿੰਗ ਸੌਂ ਜਾਣੋ।

**ਝਿਜਕਾਉਣਾ,** ਕ੍ਰਿਃ ਸੰਗ ਦੇਣਾ, ਡਰਾਵਣਾ।

**ਝਿਜਕੀ,** ਸ਼ਃ—ਸ਼ਰਮ, ਸੰਗ, ਡਰ (ਥੋੜੀ)।

**ਝਿਮਝਿਮ,** ਕ੍ਰਿਃਵਿਃ—ਹੌਲੀ ਹੌਲਾ, ਧੀਮੇ ਧੀਮੇ।

**ਝਿਮਣੀ,** ਸ਼ਃ—ਅੱਖਾਂ ਦੇ ਛੱਪਰਾਂ ਦੇ ਹੇਠਲੇ ਵਾਲ॥

**ਝਿੰਮੀ,** ਸ਼ਃ ਇਕ ਜਨਾਨਾ ਦੁਸ਼ਾਲਾ ।

**ਝਿਰਕਣਾ,**
**ਝਿਰਕਾਉਣਾ,** } 'ਝੁਰਕਣਾ' 'ਝੁਰਕਾਉਣਾ' ਵੇਖੋ।

**ਝਿਰਝਿਰ ਕਰਨਾ,** ਕ੍ਰਿਃ—ਜ਼ੋਰ ਨਾਲ ਡਿਗਦੇ ਪਾਣੀ ਵਰਗੀ ਅਵਾਜ਼ ਆਉਣੀ

**ਝਿਰਝਿਰਾ,** ਪੁਃ—ਬਹੁਤ ਪਤਲਾ ਕਪੜਾ, ਜਾਲੀ।

Digitized by Panjab Digital Library | www.panjabdigilib.org

**ਝਿੱਲ,** ਸਃ—ਪੈਰੇ, ਝਾੜੀ, ਕੰਡਿਆਂ ਦੀ ਬਾੜ ॥

**ਝਿਲਮਲ ਝਿਲਮਲ ਕਰਨਾ**
**ਝਿਲਮਿਲ ਝਿਲਮਿਲ ਕਰਨਾ**
**ਝਿਲਮਿਲਾਉਣਾ** } ਕ੍ਰਿਃ—ਚਮਕਣਾ, ਲਿਸ਼ਕਣਾ।

**ਝਿਲਮਿਲੀ,** ਸਃ—ਬਾਰੀ ਦਾ ਬੂਹਾ, ਝਰੋਖੇ ਦਾ ਪਰ

**ਝਿੱਲੀ,** ਸਃ—ਪਤਲਾ ਉੱਪਰਲਾ ਮਾਸ, ਚਮੜਾ।

**ਝਿੜਕ**
**ਝਿੜਕ ਝੰਬ** } ਸਃ—ਘੁਰਕੀ, ਗਾਲੀ, ਲਾਨਤ ਕਰੀਦਾ।

**ਝਿੜਕਣਾ,** ਕ੍ਰਿਃ—[illegible]

**ਝਿੜਕਾ ਝਿੜਕੀ,** ਸਃ—ਲਗਾਤਾਰ ਝਿੜਕੀ ਮਿਲਣੀ

**ਝਿੜਕੀ,** ਸਃ—ਘੁਰਕੀ, ਧਮਕੀ, ਲਾਨਤ, ਮੰਝੀ ਵਿੱਚ ਬਾਉ ਦਾ ਵਧ ਜਾਣਾ (ਖਾਣੀ)।

**ਝਿੜੀ,** ਸਃ—ਰੁੱਖਾਂ ਦਾ ਝੁੰਡ, ਝੰਗੀ, ਬੇਲਾ।

**ਝੀਉਰ** ਪੁਃ
**ਝੀਉਰੀ** ਸਃ } ਇਕ ਜਾਤੀ ਜਿਸਦੇ ਲੋਕ ਪਾਣੀ ਆਦਿਕ ਭਰਦੇ ਹਨ ਜਾਂ ਮੱਛੀਆਂ ਫੜਦੇ ਹਨ, ਮਹਿਰਾ (ਰੀ)॥

**ਝੀਕ,** ਸਃ—ਇੱਕੋ ਸਾਹ ਵਿੱਚ ਜੋ ਪਾਣੀ ਆਦਿਕ ਪੀਤਾ ਜਾਵੇ (ਡੀਕ ਲਾਕੇ ਪੀਣਾ)॥

**ਝੀਕਣਾ,** ਕ੍ਰਿਃ—ਝੁਰਨਾ, ਬਿਰਲਾਪ ਕਰਨਾ।

**ਝੀਖ,** ਸਃ—ਪਤਲੀ ਨਕਾਰੀ ਸ਼ੈ, ਧੱਗਾ॥

**ਝੀਖਣਾ,** ਕ੍ਰਿ—ਝੁਰਨਾ, ਬਿਰਲਾਪ ਕਰਨਾ।

**ਝੀਂਗਰ**
**ਝੀਂਗੁਰ** } ਪੁਃ—ਇੱਕ ਤਰ੍ਹਾਂ ਦਾ ਕੀੜਾ॥

**ਝੀਂਗਾ,** ਪੁਃ—ਇੱਕ ਛੋਟੀ ਮੱਛੀ।

**ਝੀਣੀ,** ਵਿਃ—ਕਮਜ਼ੋਰ, ਹੌਲੀ, ਮੱਧਮ॥

**ਝੀਤ,** ਸਃ—ਛੇਕ, ਮੋਰੀ, ਗਲੀ, ਵਿੱਥ।

**ਝੀਤ੍ਰ,** ਵਿਃ—ਝੱਕਲ ਵਾਲਾ, ਭੈੜਾ, ਭੈਂਗਾ॥

**ਝੀਲ,** ਸਃ—ਛੰਭ, ਟੋਭਾ, ਸਰੋਵਰ॥

**ਝੀਲਣਾ,** ਕ੍ਰਿਃ—ਸ਼ਿੜਕਣਾ, ਝੰਬਣਾ, ਲੈਣਾ।

**ਝੀਵਰ**
**ਝੀਵਰੀ** } 'ਝੀਉਰ' 'ਝੀਉਰੀ' ਵੇਖੋ॥

**ਝੁਆਉਣਾ,** ਕ੍ਰਿਃ—ਚੱਕੀ ਫਿਰਵਾਉਣੀ।

**ਝੁਆਈ,** ਸਃ—ਅਨਾਜ ਪੀਹਣ ਦੀ ਮਜੂਰੀ॥

**ਝੁਸਮੁਸਾ,** ਪੁਃ—ਸਵੇਰੇ ਜਾਂ ਤ੍ਰਿਕਾਲਾਂ ਵੇਲੇ ਥੋੜਾ ੨ ਚਾਨਣ।

**ਝੁਕ,** ਪੁਃ—'ਝੁਕਾਉ' ਵੇਖੋ।

**ਝੁਕਣਾ,** ਕ੍ਰਿਃ—ਨੀਵੇਂ ਹੋਣਾ, ਨਿਉਂਣਾ, ਵਿੰਗੇ ਹੋਣਾ।

**ਝੁਕਾਉ** ਪੁਃ
**ਝੁਕਾਵਟ** ਸਃ } ਝੁਕਣ ਦਾ ਕੰਮ, ਗੁਣ ਜਾਂ ਹਾਲਤ।

**ਝੁਕਾਉਣਾ,** ਕ੍ਰਿਃ—ਨਿਵਾਉਣਾ, ਨੀਵੇਂ ਕਰਨਾ।

**ਝੁੱਗਾ,** ਪੁਃ—ਘਰ, ਕੁੱਲਾ, ਕੁਟੀਆ॥

**ਝੁੱਗਾ ਝਾਹਾ**
**ਝੁੱਗਾ ਝਾਜਾ** } ਪੁਃ—ਘਰ ਅਤੇ ਘਰ ਦਾ ਮਾਲ।

**ਝੂੰਗਾ,** ਪੁਃ—ਸੌਦਾ ਲੈਕੇ ਉੱਪਰੋਂ ਜੋ ਸ਼ੀਦੀ ਮਿਲੇ, ਜਾਂ ਝੁਕੇ ਹੋਏ ਸਿੰਗਾਂ ਵਾਲਾ ਪਸ਼ੂ। ਝੂੰਗਾ।

Digitized by Panjab Digital Library / www.panjabdigilib.org

**ਝੁੱਗੀ,** ਸ:-ਕੁੱਲੀ, ਕੱਖਾਂ ਦਾ ਘਰ, ਛੰਨ।

**ਝੂੰਗੀ,** ਸ: ਅੱਗੇ ਅਤੇ ਹਿਠਾਹਾਂ ਨੂੰ ਮੁੜੇ ਹੋਏ ਸਿੰਗਾਂ ਵਾਲੀ ਗਊ। ਝੂੰਗੀ॥

**ਝੁੰਜਲਾਉਣਾ,** ਕ੍ਰਿ:-ਗੁੱਸੇ ਹੋਣਾ, ਖਿਝਣਾ॥

**ਝੁੰਝਲਾਟ,** ਸ:-ਗੁੱਸਾ, ਖਿਝ।

**ਝੁੱਟ,** ਪੁ:-ਖੋਹ ਲੈਣਾ, ਝਪੱਟਾ॥

**ਝੁੱਟਵਾਉਣਾ,** ਕ੍ਰਿ:-ਝੁੱਟ ਮਾਰਕੇ ਖੋਹਣਾ, ਆ ਪੈਣਾ।

**ਝੁੱਟਵਾਈ,** ਸ:-ਝਪੱਟਾ, ਹੱਲਾ, ਖੋਹਣ ਦਾ ਕੰਮ।

**ਝੁਟਾਉਣਾ,** ਕ੍ਰਿ:-ਝੂਟੇ ਦੇਣਾ, ਹਿਲਾਉਣਾ।

**ਝੁਟਾਈ,** ਸ:-ਝੁਟਾਉਣ ਦੀ ਮਜੂਰੀ।

**ਝੂੱਟੀ,** ਸ:-ਇੱਕੋ ਸਾਹ ਤੇਜ਼, ਫੁਰਤੀ (ਲਾਉਣੀ)।

**ਝੁਠਲਾਣਾ**
**ਝੁਠਾਉਣਾ**
**ਝੁਠਾਲਣਾ**
**ਝੁਠਿਆਉਣਾ**
**ਝੁਠਿਆਰਨਾ** } ਕ੍ਰਿ: ਝੂਠਾ ਕਰਨਾ, ਝੂਠਾ ਸਾਬਤ ਕਰਨਾ, ਕਿਸੇ ਕੋਲ ਆਪਣਾ ਦੋਸ ਮਨਵਾਉਣਾ, ਆਪਣਾ ਕਸੂਰ ਮੰਨਣਾ।

**ਝੁਠਿਆਰ,** ਪੁ:-ਝੂਠ ਬੋਲਣ ਵਾਲਾ॥

**ਝੁੰਡ,** ਪੁ:-ਰੁੱਖਾਂ ਦਾ ਇਕੱਠ, ਫ਼ਕੀਰਾਂ ਦਾ ਟੋਲਾ ਭੀੜ, ਮੰਡਲੀ, ਘੁੰਡ, ਤੀਮਤਾਂ ਦਾ ਪਰਦਾ (ਕਰਨਾ, ਕੱਢਣਾ)॥

**ਝੁੰਡਣਾ,** ਕ੍ਰਿ:-'ਝੁਕਾਉਣਾ' ਵੇਖੋ॥

**ਝੁੰਡੀ,** ਸ:-ਇੱਕੋ ਬੂਟਿਆਂ ਦਾ ਕੱਠ॥

**ਝੁੱਡੂ,** ਪੁ:-ਕਮਲਾ ਰਮਲਾ ਮਰਦ, ਵਹੁਟੀ ਦਾ ਗੁਲਾਮ।

**ਝੁਣ,** ਸ:-ਇੱਕ ਚੀਜ਼ ਦਾ ਕੁਝ ਕੁਝ ਦੂਜੀ ਵਰਗੀ ਹੋਣਾ, ਕਿਸੇ ਚੀਜ਼ ਦਾ ਬਹੁਤ ਥੋੜਾ ਅੰਸ॥

**ਝੁਣ ਝੁਣੀ,** ਸ:-ਲਿੰਗ ਮੈਂ ਨਾਲ ਕਰਕੇ ਜੋ ਕੰਬਣੀ ਆਉਂਦੀ ਹੈ, ਗੁੱਸਾ ਚੜ੍ਹਨਾ, ਵਾਰੀ ਦਾ ਤਾਪ ਚੜ੍ਹਨਾ (ਝੁਣ ਝਣੀ ਆਉਣੀ)॥

**ਝੁਣਕਾਰ,** ਸ: ਛਣ ਛਣ ਦੀ ਅਵਾਜ਼॥

**ਝੁੰਬ,** ਪੁ:
**ਝੁੰਬੀ,** ਸ: } ਕੰਬਲ ਜਾਂ ਚਾਦਰ ਸਿਰ ਉੱਪਰ ਲਪੇਟੀ ਹੋਈ॥

**ਝੁੰਬ ਮਾਰਨਾ,** ਕ੍ਰਿ: ਕੰਬਲ ਜਾਂ ਚਾਦਰ ਦੀ ਬੁੱਕਲ ਮਾਰ ਕੇ ਸਿਰ ਨੂੰ ਲਪੇਟ ਕੇ ਖਾਕੀ ਦਾ ਲਮਕਣ ਦੇਣਾ।

**ਝੁਮਕਾ,** ਪੁ:-ਕੰਨ ਦਾ ਇਕ ਲਟਕਣ ਵਾਲਾ ਗਹਿਣਾ॥

**ਝੁੰਪ,** ਪੁ: 'ਝੁੰਬ' ਵੇਖੋ

**ਝੁਮਕਣ,** ਸ:
**ਝੁਮਕਾ,** ਪੁ:
**ਝੁਮਕੀ,** ਸ: } —'ਝੁਮਕਾ' ਵੇਖੋ।

**ਝੁਮਰ,** ਪੁ:-ਆਦਮੀਆਂ ਦੀ ਭੀੜ ਭਾੜ॥

**ਝੁਰਕਣਾ,** ਕ੍ਰਿ:-ਬਹੁਤ ਚਾਹ ਰੱਖਣਾ, ਤਰਸਣਾ, ਲੱਚਣਾ।

**ਝੁਰਕਾਉਣਾ,** ਕ੍ਰਿ:-ਤਰਸਾਉਣਾ, ਚਾਹ ਪੈਦਾ ਕਰਨੀ।

**ਝੁਰਨਾ,** ਕ੍ਰਿ:-ਗਮ ਫ਼ਿਕਰ ਕਰਨਾ, ਪਛਤਾਉਣਾ, ਤੜਫਣਾ।

**ਝੁਰਮਟ**
**ਝੁਰਮੁਟ** } ਪੁ:-ਭੀੜ, ਕੱਠ, ਫ਼ੌਜ, ਇਕ ਜਣੇ ਤੇ ਘੇਰਾ ਪਾਕੇ ਖੇਡਣ ਦੀ ਖੇਡ (ਪਾਉਣਾ, ਪੈਣਾ)॥

Digitized by Panjab Digital Library | www.panjabdigilib.org

**ਝੁਰੜੀ,** ਸ॰—ਬੁਢੇਪੇ ਕਰਕੇ ਪਿੰਡੇ ਉੱਤੇ ਮਾਸ ਢਿੱਲਾ ਹੋ ਜਾਣ ਦੇ ਨਿਸ਼ਾਨ (ਝੁਰੜੀਆਂ ਪੈਣੀਆਂ)॥

**ਝੁਰਾਉਣਾ,** ਕ੍ਰਿ॰—ਪਛਤਾਵਾ ਜਾਂ ਗਮ ਫਿਕਰ ਲਾਉਣਾ॥

**ਝੁਰਿੜ ਮੁਰਿੜ,** ਵਿ॰—'ਚੁਰੜ ਮਰੜ' ਵੇਖੋ॥

**ਝੁਰੇਵਾ, ਝੁਰੇਵਾਂ** } ਪੁ॰—ਗਮ, ਫਿਕਰ, ਪਛਤਾਵਾ।

**ਝੁੱਲ,** ਪੁ॰ **ਝੁੱਲੀ,** ਸ॰ } ਬਲਦ, ਘੋੜੇ ਆਦਿਕ ਉੱਤੇ ਪਾਉਣ ਵਾਲਾ ਕੱਪੜਾ॥

**ਝੁਲਸਣਾ, ਝੁਲਸ ਦੇਣਾ** } ਕ੍ਰਿ॰—ਸਾੜਨਾ, ਬਹੁਤ ਸੇਕ ਦੇਣਾ।

**ਝੁਲਸਾਉਣਾ,** ਕ੍ਰਿ॰—ਬਹੁਤ ਸੇਕ ਦੁਆਉਣਾ, ਸੜਵਾਉਣਾ।

**ਝੁਲਕਣਾ,** ਕ੍ਰਿ॰—ਝੂਲਣਾ, ਫਿਰਨਾ, ਲਮਕਣਾ, ਢਲਕਣਾ।

**ਝੁਲਕਾ,** ਪੁ॰—ਅੱਗ ਵਿੱਚ ਜਿੰਨਾ ਬਾਲਣ ਇੱਕ ਵਾਰ ਪਏ, ਝਾੜਾ, ਭੁੱਖ, (ਫਿਰਨਾ, ਵਗਣਾ)॥

**ਝੁੱਲਣਾ,** ਕ੍ਰਿ॰—ਹਿੱਲਣਾ, ਗਲਣਾ, ਗੁੱਸਾ ਚੜ੍ਹਨਾ॥ ਲਚਾਰ ਹੋਣਾ॥

**ਨੱਕੋ ਮੂਹੋਂ ਝੁੱਲਣਾ,** ਕ੍ਰਿ॰—ਅੱਤ ਲਚਾਰ ਹੋਣਾ

**ਝੁਲਾਉਣਾ,** ਕ੍ਰਿ॰—ਪੱਖਾ ਹਿਲਾਉਣਾ, ਝੂਟਾ ਦੇਣਾ।

**ਝੁਲਾਈ,** ਸ॰—ਝੁਲਾਉਣ ਦਾ ਕੰਮ ਜਾਂ ਮਜੂਰੀ॥

**ਲਾਹ ਦੇਣਾ, ਲਾਹੁਣਾ** } ਕ੍ਰਿ॰—ਸਾੜਨਾ, ਵਿਆਹ ਕਰ ਦੇਣਾ॥

**ਝੁੜੰਮ,** ਪੁ॰—ਝੁੜ੍ਹੇ ਦਾ ਕੰਮ, ਭੈੜਾ ਕਰਮ।

**ਝੂੰਗਾ,** ਪੁ॰—'ਝੂੰਗਾ' ਵੇਖੋ॥

**ਝੂਜਣਾ, ਝੂਝਣਾ** } ਕ੍ਰਿ॰—ਲੜਨਾ, ਲੜਾਈ ਵਿਚ ਮਾਰਿਆ ਜਾਣਾ ਥੱਕ ਟੁੱਟ ਕੇ ਰਹਿ ਜਾਣਾ॥

**ਝੂਟਣਾ,** ਕ੍ਰਿ॰—ਝੂਲਣਾ, ਡੋਲਣਾ, ਹਿਲਣਾ॥

**ਝੂਟਾ,** ਪੁ॰—ਪੀਂਘ ਆਦਿਕ ਦਾ ਹੁਲਾਰਾ, ਨੀਂਦਰ ਨਾਲ ਸਿਰ ਦਾ ਹਿਠਾਂਹ ਉਤਾਂਹ ਹੋਣਾ, ਰਸ, ਅਨੰਦ, ਮੌਜ।

**ਝੂਠ,** ਪੁ॰—ਕੂੜ, ਕੁਸੱਤ, ਹੋਰ ਦੀ ਹੋਰ ਗੱਲ (ਕਹਿਣਾ, ਬੋਲਣਾ)॥

**ਝੂਠ ਸੱਚ,** ਪੁ॰—ਬਨਾਉਟ, ਗੱਪ, ਉਲਟੀ ਗੱਲ॥

**ਝੂਠਾ,** ਪੁ॰ **ਝੂਠੀ,** ਸ॰ } ਜੋ ਝੂਠ ਬੋਲੇ, ਪਖੰਡੀ, ਨਕਲੀ॥ ਖੋਟਾ(ਟੀ), ਨਕਾਰਾ, ਨਕੰਮਾ, ਬਨਾਉਟੀ।

**ਝੂਠਾ ਕਰਨਾ,** ਕ੍ਰਿ॰—ਝੂਠਾ ਸਾਬਤ ਕਰਕੇ ਸ਼ਰਮਿੰਦਾ ਕਰਨਾ, ਝਾੜ ਪਾਉਣੀ॥

**ਝੂਠਾ ਪੈਣਾ,** ਕ੍ਰਿ॰—ਸ਼ਰਮਿੰਦਾ ਹੋਣਾ, ਵਸਾਹ ਨਾ ਰਹਿਣਾ॥

**ਝੂਣਾ,** ਪੁ॰—ਜ਼ੋਰ ਨਾਲ ਹਿਲਾਉਣ ਦਾ ਕੰਮ (ਦੇਣਾ)॥

**ਝੂਣਨਾ,** ਕ੍ਰਿ॰—ਜ਼ੋਰ ਨਾਲ ਹਿਲਾਉਣਾ॥

**ਝੂਮ ਝੂਮ,** ਪੁ॰—ਬਦਲਾਂ ਦਾ ਇਕੱਠ।

**ਝੂਮਣਾ,** ਕ੍ਰਿ॰—ਸਿਰ ਹਿਠਾਂਹ ਉਤਾਂਹ ਕਰਨਾ, ਝੂਲਣਾ, ਬਦਲਾਂ ਦਾ ਕੱਠੇ ਹੋਣਾ।

**ਝੂਮਰ,** ਪੁ॰—ਮੱਥੇ ਦਾ ਇੱਕ ਗਹਿਣਾ।

**ਝੂਰਨਾ,** ਕ੍ਰਿ॰—'ਝੁਰਨਾ' ਵੇਖੋ॥

Digitized by Panjab Digital Library | www.panjabdigilib.org

**ਝੂਲਣਾ,** ਕ੍ਰਿ:—ਹਿਲਣਾ, ਝੂਲਣਾ, ਥਰਥਰਾਉਣਾ ॥

ਪੁ: ਪੰਘੂੜਾ, ਪੀਂਘ। ਬ੍ਰਿੱਛ ਸਰੂਾਂ ਦਾ ਝੁੰਡ॥ ਵਿ:—ਹਿੱਲਣ ਵਾਲਾ।

**ਝੂਲਾ,** ਪੁ:—ਪੰਘੂੜਾ, ਪੀਂਘ।

**ਝੇਪਣਾ,** ਕ੍ਰਿ: -ਝੱਕਣਾ, ਸੰਗਣਾ, ਡਰਨਾ।

**ਝੇੜਾ,** ਪੁ:—ਝਗੜਾ, ਬਖੇੜਾ, ਕਿੱਸਾ।

**ਝੇੜੇ ਹੱਥਾ,** ਪੁ:—ਝਗੜਾਲੂ, ਬਹੁਤ ਗੱਲਾਂ ਕਰਨ ਵਾਲਾ।

**ਝੈਣਦੀ**
**ਝੈਂਦੀ** } ਪੁ:—ਬਾਦਸ਼ਾਹ ਨੂੰ ਖੁਸ਼ ਕਰਨ ਵਾਲਾ ਮਸ਼ਖਰਾ॥

**ਝੋਰ,** ਸ:—ਝੋਰ, ਖੁਰਕ, ਜਲੂਣ (ਛੁੱਟਣੀ)॥

**ਝੋਸਾ,** ਪੁ:—ਹੁਜਕਾ, ਧਕਾ (ਮਾਰਨਾ, ਲਾਉਣਾ)॥

**ਝੋਕ,** ਸ:—ਝੂਟਾ, ਅਫੀਮ ... [illegible] ... ਨਗਰ॥

**ਝੋਕਣਾ,** ਕ੍ਰਿ:—ਭੱਠੀ ਵਿਚ ਬਾਲਣ ਪਾਉਣਾ, ਲੜਾਈ ਵਿੱਚ ਧਸਣਾ, ਤੋਪਾਂ ਚਲਾਉਣੀਆਂ, ਵੱਢੀ ਦੇਣੀ॥

**ਝੋਕਾ,** ਪੁ:
**ਝੋਕੀ,** ਸ: } ਜੋ ਭੱਠੀ ਵਿੱਚ ਬਾਲਣ ਪਾਵੇ, ਦਾਣੇ ਗਰ, ਝੁੱਲਾ॥

**ਝੋਖ,** ਪੁ:—ਅੱਗ ਦੀ ਲਾਟ।

**ਝੋਜ,** ਪੁ:—ਢਿੱਡ, ਪੇਟ, ਗੋਗੜ॥

**ਝੋਜੜ,** ਪੁ:—ਗੋਗੜ ਵਾਲਾ ਆਦਮੀ

**ਝੋਟਲ,** ਵਿ:—ਬਹੁਤ ਮੋਟਾ, ਡੱਗਾ॥

**ਝੋਟੜਾ**
**ਝੋਟਾ**
**ਝੋਂਟਾ** } ਪੁ: ਸੰਢਾ, ਮੋਟਾ ਤਾਜ਼ਾ ਆਦਮੀ॥

**ਝੋਟੇ ਕੁੱਟ,** ਪੁ:—ਕਿਰਸਾਣ, ਪੇਂਡੂ, ਤਕੜਾ ਮਨੁੱਖ॥

**ਝੋਟੀ**
**ਝੋਂਟੀ** } ਸ:—ਕੱਟੀ, ਮਹਿ ਦੀ ਬੱਚੀ, ਮੋਟੀ ਤ੍ਰੀਮਤ।

**ਝੋਣਾ,** ਕ੍ਰਿ:—ਛੋਹਣਾ, ਅਰੰਭਣਾ (ਗੀਤ), ਛੇੜਣਾ (ਰਕੀ)॥

**ਝੋਂਨਾ** ਪੁ—ਤੋਹ ਸਮੇਤ ਚੌਲਾਂ ਦੇ ਦਾਣੇ॥

**[illegible]ਪਣਾ,** ਕ੍ਰਿ:—'ਬੋਚਣਾ' ਵੇਖੋ॥

**ਝੋਰਾ,** ਪੁ:—ਚਿੰਤਾ, ਫਿਕਰ, ਗਮ, ਉਦਾਸੀ (ਲਾਣਾ)॥

**ਝੋਲ,** ਪੁ:, ਸ:—ਢਿੱਲਾ ਹੋਣਾ, ਵੱਟ ਪੈਣ, ਜਨੌਰ ਦੇ ਕੱਟੇ ਜੰਮੇ ਹੋਏ ਛੱਚ, ਜ਼ਿਮੀਂ ਦਾ ਕਬਜਾ, ਪੱਟਾ॥

**[illegible]ਲ[illegible]**
**ਝੋਲ ਲੈਣਾ** } ਕ੍ਰਿ:—ਰਿੜਕ ਕੇ ਲੱਸੀ ਨੂੰ ਹਿਲਾਉਣਾ ਜਿਸ ਤੋਂ ਮੱਖਣ ਉੱਪਰ ਆ ਜਾਵੇ॥

**ਝੋਲਾ,** ਪੁ: ਸਿਪਾਹੀਆਂ ਦੇ ਗਲ ਪਾਉਣ ਵਾਲਾ ਥੈਲਾ।

**ਝੋੱਲਾ,** ਪੁ:—ਇਕ ਰੋਗ, ਅੰਗ ਨਿਕੰਮੇ ਹੋ ਜਾਣੇ, (ਮਾਰ ਜਾਣਾ, ਵਗ ਜਾਣਾ)॥

**ਝੋਲੀ,** ਸ:—ਥੈਲੀ, ਪੱਲਾ, ਕੈਣੀ, ਕੌਂਚੀ, ਸੂਆ, ਢੱਦਰ ਦੀ ਕੈਣੀ ਵਿੱਚ ਜਿੰਨਾਂ ਅਨਾਜ ਆ ਸੱਕੇ, ਪਿੰਡ ਦੇ ਕਮੀਣਾਂ ਵਾਸਤੇ ਲਿਆ ਹੋਇਆ ਵਾਲਤੂ ਅਨਾਜ॥

**ਝੋਲੀ ਪਾਉਣਾ,** ਕ੍ਰਿ:—ਕਿਸੇ ਦਾ ਪੁੱਤ੍ਰ ਆਪਣਾ ਬਣਾ ਲੈਣਾ, ਆਸਰਾ ਤੱਕਣਾ॥

Digitized by Panjab Digital Library | www.panjabdigilib.org

**ਝੋਲੀਆਂ ਪਾਉਣੀਆਂ,** ਕ੍ਰਿ: ਦੁਰਾਈ [illegible] ਚੀਜ਼ ਦਾ ਪਤਾ ਲਾਉਣ ਲਈ ਚੱਦਰ ਦੀ ਕੰਨੀ ਵਿਚੋਂ ਮਿਟੀ ਆਦ ਕੱਢ ਪਾਉਣੀ ॥

**ਝੌਲ,** ਵਿ:—ਬੜਾ ਖੋਟਾ, ਖੋਟਾ ਟੀਰ ॥

**ਝੌਂ ਜਾਣਾ**<br>**ਝੌਣਾ**<br>**ਝੌਂਣਾ** } ਕ੍ਰਿ: ਕੁਮਲਾਉਣਾ, ਸੁੱਕ ਜਾਣਾ, ਲਿੱਸਾ ਹੋ ਜਾਣਾ।

**ਝੌਂਪੜਾ,** ਪੁ:<br>**ਝੌਂਪੜੀ,** ਸ:<br>**ਝੌਂਫੜਾ,** ਪੁ:<br>**ਝੌਂਫੜੀ,** ਸ: } [illegible]

**ਝੌਰ,** ਸ:—ਖ਼ੁਰਕ, ਜਲੂਣ (ਆਉਣੀ, ਛੁੱਟਣੀ, ਲੱਗਣੀ)।

**ਝੌਲਾ**<br>**ਝੌਲੀ** } 'ਝਾਉਲਾ' 'ਝਾਉਲੀ' ਵੇਖੋ।

**ਝੌੜ,** ਸ:—ਝਪਟ, ਹੱਲਾ, ਧਮਕਾ, ਵਾਜੇ ਦੀਆਂ ਤਾਰਾਂ ਕੱਠੀਆਂ ਵਜਣੀਆਂ ॥

**ਝੌੜ ਪੈਣ ਆਉਣਾ,** ਕ੍ਰਿ:—ਅਚਾਨਚੱਕ ਕਿਸੇ ਦਾ ਉੱਪਰ ਆ ਪੈਣਾ ॥

## ਞ

**ਞ,** ਪੁ:—ਈਞਾ, ਗੁਰਮੁਖੀ ਦੀ ਪੈਂਤੀ ਦਾ ਪੰਦਰਵਾਂ ਅੱਖਰ ॥

## ਟ

**ਟ,** ਪੁ:—ਟੈਂਕਾ, ਗੁਰਮੁਖੀ ਪੈਂਤੀ ਦਾ ਸੋਲ੍ਹਵਾਂ ਅੱਖਰ ॥

**ਟੱਸਣ,** ਪੁ:—ਟੂਣਾ (ਕਰਨਾ, ਲਾਉਣਾ), ਨਖਰਾ ਬਣਾਉਂਦੀ ਗਲ, ਮਕਰ (ਝਾੜਨੇ) ॥

**ਟੱਸਰ,** ਪੁ:—ਇੱਕ ਤਰ੍ਹਾਂ ਦਾ ਮੋਟਾ ਰੇਸ਼ਮ ॥

**ਟਹਾਕਾ,** ਪੁ:—ਧੜਕੀ (ਮਾਰਨਾ, ਪੈਣਾ) ॥

**ਟਹਿਕ,** ਸ:—ਖੁਸ਼ੀ ਸੁਹੱਪਣ, ਫੁੱਲ ਦਾ ਖਿੜਾਉ ॥

**ਟਹਿਕਣਾ,** ਕ੍ਰਿ:—ਹਰੇ ਹੋਣਾ, ਤਕੜੇ ਹੋਣਾ, ਮੂੰਹ ਦੱਸਣਾ, ਫੁੱਲ ਵਾਕਰ ਖਿੜਨਾ, ਖੁਸ਼ੀ ਹੋਣੀ ॥

**ਟਹਿ ਟਹਿ ਕਰਨਾ,** ਕ੍ਰਿ:—ਖਿੜਨਾ, ਖੁਸ਼ ਹੋਣਾ ॥

**ਟਹਿਣਾ,** ਪੁ:—ਰੁੱਖ ਦਾ ਉਹ ਹਿੱਸਾ ਜੋ ਤਣੇ ਵਿਚੋਂ ਨਿਕਲਦਾ ਹੈ, ਡਾਲ, ਸ਼ਾਖ਼।

**ਟਹਿਣੀ,** ਸ:—ਨਿੱਕਾ ਟਾਹਿਣਾ, ਡਾਲ।

**ਟਹਿਲ,** ਸ:—ਸੇਵਾ, ਨੌਕਰੀ, ਖਿਜ਼ਮਤ ॥

**ਟਹਿਲਣ,** ਸ:—ਟਹਿਲ ਕਰਨ ਵਾਲੀ।

**ਟਹਿਲਣਾ,** ਕ੍ਰਿ:—ਸੈਲ ਕਰਨੀ, ਹੌਲੀ ੨ ਫਿਰਨਾ।

**ਟਹਿਲਾ,** ਪੁ:—ਘੇਉ ਦੁਧ ਬਦਾਮ ਆਦਿਕ ਨੂੰ ਪਕਾਕੇ ਬਣਾਈ ਹੋਈ ਇੱਕ ਪੀਣ ਵਾਲੀ ਚੀਜ਼,

**ਟਹਿਲਾਉਣਾ,** ਕ੍ਰਿ:—ਘੋੜੇ ਜਾਂ ਬਾਲਕ ਨੂੰ ਫਿਰਾਉਣਾ।

**ਟਹਿਲੀਆ**<br>**ਟਹਿਲੂਆ** } ਪੁ:—ਟਹਿਲ ਕਰਨ ਵਾਲਾ, ਨੌਕਰ ॥

**ਟਹੀ,** ਸ:—ਟਿਕਟਿਕੀ, ਨਜ਼ਰ, ਖੋਜ, ਝਾਕ (ਲਾਉਣੀ) ॥

**ਟਹੀਆ,** ਪੁ:—[illegible]ਮਰੀ ਦਾ ਠੀਂਪਾ ॥

**ਟਹੂਕਾ**<br>**ਟਹੋਕਾ** } ਪੁ: ਹੱਥ ਮਾਰਨਾ [illegible] ਦੀ ਅਵਾਜ਼ (ਦੇਣਾ) ॥

Digitized by Panjab Digital Library / www.panjabdigilib.org

**ਟਹੋਲਾ** }
**ਟਹੌਲਾ** } ਪੁ:—ਹੱਥ ਜਾਂ ਉਂਗਲਾਂ ਦੇ ਜ਼ੋਰ ਨਾਲ ਮਾਰਨਾ (ਮਾਰਨਾ, ਲਾਉਣਾ)॥

**ਟੱਕ,** ਪੁ:—ਚੀਜ਼ ਦਾ ਮੁੱਲ ਪੈਣਾ (ਕਰਨੋ) ਵੱਢਾ, ਕੱਟਣ ਦਾ ਨਿਸ਼ਾਨ (ਲਾਉਣਾ)। ਸ:—ਤਾੜ, ਨਜ਼ਰ॥

**ਟੱਕ ਛੱਡਣਾ,** ਕ੍ਰਿ:—ਸੌਦਾ ਕਰਨਾ, ਲਕੜੀ ਉੱਤੇ ਵੱਢਾ ਪਾਉਣਾ॥

**ਟਕਸਾਲ,** ਸ:—ਜਿੱਥੇ ਰੁਪਏ ਪੈਸੇ ਆਦਿਕ ਬਣਦੇ ਹਨ, ਪੜ੍ਹਨ ਦੀ ਥਾਂ, ਪਰਤਾਵਾ॥

**ਟਕਸਾਲ ਬਾਹਰ,** ਵਿ:—ਖੋਟਾ, ਨਕਲੀ॥

**ਟਕਸਾਲੀ,** ਵਿ:—ਟਕਸਾਲ ਦਾ, ਖਰਾ, ਪੜ੍ਹਿਆ ਹੋਇਆ॥

**ਟਕਸਾਲੀਆ,** ਪੁ:—ਟਕਸਾਲ ਦਾ ਇੱਕ ਅਫ਼ਸਰ।

**ਟਕ ਟਕ ਕਰਨਾ,** ਕ੍ਰਿ:—ਲਕੜੀ ਆਦਿਕ ਨੂੰ ਕੱਟਣ ਦੀ ਅਵਾਜ਼ ਕੱਢਣੀ, ਕੱਟਣ ਦਾ ਕੰਮ ਕਰਨਾ॥

**ਟੱਕਣਾ,** ਕ੍ਰਿ:—ਕੱਟਣਾ, ਵੱਢਣਾ, ਕੁੱਟਣਾ, ਮਾਰਨਾ।

**ਟਕਰ,** ਸ:—ਤਾੜ, ਨਜ਼ਰ, ਟਿਕਟਿਕੀ (ਲਾਉਣੀ)॥

**ਟਕਰ ਟਕਰ ਦੇਖਣਾ,** ਕ੍ਰਿ:—ਨਜ਼ਰ ਟਿਕਾ ਕੇ ਤੱਕਣਾ, ਹਰਾਨ ਹੋਕੇ ਵੇਖਣਾ।

**ਟੱਕਰ,** ਸ:—ਧੱਕਾ, ਸੱਟ, ਟਾਕਰਾ, ਮੇਲ, ਬਰਾਬਰੀ॥

**ਟੱਕਰ ਖਾਣੀ,** ਕ੍ਰਿ:—ਧੱਕਾ ਪੈਣਾ॥

**ਟੱਕਰ ਪਹਾੜ ਨਾਲ ਲਾਉਣੀ,** ਕ੍ਰਿ:—ਤਕੜੇ ਦਾ ਸਾਮ੍ਹਣਾ ਕਰਨਾ।

**ਟੱਕਰ ਮਾਰਨੀ,** ਕ੍ਰਿ:—ਕਿਸੇ ਚੀਜ਼ ਨਾਲ ਸਿਰ ਮਾਰਨਾ॥



**ਟੱਕਰਾਂ ਮਾਰਨੀਆਂ,** ਕ੍ਰਿ:—ਐਵੇਂ ਪਿਆ ਫਿਰਨਾ.

**ਟੱਕਰਨਾ,** ਕ੍ਰਿ:—ਮਿਲਣਾ, ਖਹਿਣਾ, ਭਿੜਨਾ, ਲੜਨਾ॥

**ਟਕਰਾਉਣਾ,** ਕ੍ਰਿ:—ਮਿਲਾਉਣਾ, ਭਿੜਾਉਣਾ, ਲੜਾਉਣਾ॥

**ਟਕਵਾਉਣਾ,** ਕ੍ਰਿ:—ਸੌਦਾ ਚੁਕਵਾਉਣਾ, ਕਰਵਾਉਣਾ, ਟਾਕਾ ਲਗਵਾਉਣਾ।

**ਟੰਕਵਾਉਣਾ,** ਕ੍ਰਿ:—ਟਾਕਾ ਲੁਆਉਣਾ, ਜੁੜਵਾਉਣਾ

**ਟਕਵਾਈ,** ਸ:—ਕੱਟਣ ਜਾਂ ਟਾਂਕਾ ਲਾਉਣ ਦੀ ਮਜੂਰੀ॥

**ਟਕਾ,** ਪੁ:—ਦੋ ਪੈਸੇ, ਅੱਧਆਨੀ (ਟਕੇ = ਧਨ)॥

**ਟਕਾ ਭਰ,** ਵਿ:—ਥੋੜ੍ਹਾ ਜੇਹਾ।

**ਟਕੇ ਚਾਲ ਚਲਣਾ,** ਕ੍ਰਿ:—ਨਕਾਰਾ ਕੰਮ ਕਰਨਾ

**ਟਕੇ ਭਰਣੇ,** ਕ੍ਰਿ:—ਮਸੂਲ ਦੇਣਾ।

**ਟਕੇ ਵਰਗਾ ਜੁਆਬ ਦੇਣਾ,** ਕ੍ਰਿ:—ਬਿਲਕੁਲ ਨਾਂਹ ਕਰ ਦੇਣੀ।

**ਟੰਕਾਉਣਾ,** ਕ੍ਰਿ:—ਟਾਂਕਾ ਲੁਆਉਣਾ, ਜੁੜਵਾਉਣਾ।

**ਟੰਕਾਈ,** ਸ:—ਟਾਕਾ ਲਾਉਣ ਦਾ ਕੰਮ ਜਾਂ ਮਜੂਰੀ।

**ਟਕੀਣਾ,** ਪੁ:—ਠਰ੍ਹਾਈ ਹੋਈ ਚੀਜ਼, ਖਿਲਸਣ॥

**ਟਕੂਆ,** ਪੁ:—ਨਿੱਕੀ ਜੇਹੀ ਕੁਹਾੜੀ।

**ਟਕੋਰ,** ਸ:—ਭਾਫ ਆਦਿਕ ਦਾ ਸੇਕ, ਸੱਟ, ਮਖੌਲ (ਕਰਨੀ, ਲੱਗਣੀ)॥

Digitized by Panjab Digital Library | www.panjabdigilib.org

**ਟਕੋਰਨਾ,** ਕ੍ਰਿ:—ਥਪੜਨਾ, ਪਥਲਾ, ਟੋਕਣਾ, ਤਗਾਜ਼ਾ ਕਰਨਾ

**ਟਕੋਰਾ,** ਪੁ:—ਥਾਪੀ, ਧੱਕਾ।

**ਟਕੌਂਚੀ,** ਸ:—ਹਾਸਾ, ਠੱਠਾ, ਮਖੌਲ, ਲੈਣ ਝਗੜਾ, ( ਲਾਉਣੀ )॥

**ਟਖ ਟਖ,** ਪੁ:—ਖੁਰਾਂ ਖੜਕਾਇਣ ਦੀ ਅਵਾਜ਼ (ਲਾਉਣੀ)।

**ਟਖਣਾ,** ਪੁ:—ਗਿਟਾ, ਗਿਟੇ ਦਾ ਜੋੜ।

**ਟੰਗ,** ਸ: ਲੱਤ, ਜੰਘ॥

**ਟੰਗਣਾ,** ਸ: ਕਪੜੇ ਪਾਉਣ ਵਾਲੀ ਰੱਸੀ ਜਾ ...; ਕ੍ਰਿ: ਲਟਕਾ ਦੇਣਾ, ਲਮਕਾਉਣਾ, ਪਲਮ ਦੇਣਾ, ਫਾਹੇ ਦੇਣਾ

**ਟੰਗੜੀ,** ਸ:—ਨਿੱਕੀ ਜੇਹੀ ਟੰਗ

**ਟੰਗਾਉਣਾ,** ਕ੍ਰਿ:—ਲਟਕਵਾਉਣਾ, ਫਾਹੇ ਦੁਆਉਣਾ।

**ਟੰਗਾਈ,** ਸ:—ਟੰਗਣ ਦੀ ਮਜੂਰੀ॥

**ਟਟਕਾਰ,** ਸ:—ਜਾਦੂ, ਟੂਣਾ, ਮੰਤ੍ਰ (ਲਗਾਉਣੀ)

**ਟਟਕਾਰੀ,** ਸ:—ਕੁੰਕੜੀ ਦੀ ਅਵਾਜ਼, ਘੋੜੇ ਨੂੰ ਚੋਕਸਾਉਣ ਦੀ ਅਵਾਜ਼ ( ਮਾਰਨੀ )।

**ਟੱਟ ਟੱਟ,** ਵਿਸਮਕ: ਘੋੜੇ ਘੋੜੀ ਨੂੰ ਟੋਰਨ ਦੀ ਅਵਾਜ਼।

**ਟੱਟਰੀ,** ਸ:—ਸਿਰ ਦਾ ਉਤਲਾ ਹਿੱਸਾ, ਗੰਜ (ਪਾਉਣੀ)॥

**ਟਟਵਾਣੀ,** ਸ:—ਟੱਟੂ ਦੀ ਮਦੀਨ, ਟਾਇਰੀ।

**ਟੰਟਾ,** ਪੁ:—ਝਗੜਾ, ਬਖੇੜਾ, ਲੜਾਈ॥

**ਟੱਟੀ,** ਸ:—ਸੋਚ ਖਾਨਾ, ਘਾਹ ਆਦਿਕ ਦਾ ਖਿੜਕਾ, ਖਸ ਦਾ ਖਿੜਕਾ ਜਿਸ ਪੁਰ ਪਾਣੀ ਛਿੜਕ ਕੇ ਵਾਉ ਠੰਡੀ ਕਰਦੇ ਹਨ, ( ਉਨ੍ਹਾਲ ਵਿਚ )॥

**ਟੱਟੀ ਓਹਲੇ ਸ਼ਿਕਾਰ ਖੇਡਣਾ,** ਕ੍ਰਿ:—ਲੁਕ ਛਿਪ ਕੇ ਕਿਸੇ ਨਾਲ ਦਗਾ ਕਰਨਾ।

**ਟੱਟੀ ਚੌੜ,** ਸ:—ਸਤਯਾਨਾਸ॥

**ਟੱਟੀ ਜਾਣਾ,** ਕ੍ਰਿ:—ਝਾੜੇ ਫਿਰਨਾ।

**ਧੋਖੇ ਦੀ ਟੱਟੀ,** ਸ:—ਮਕਰ ਫਰੇਬ ਦਾ ਕੰਮ॥

**ਟਟੀਹਰੀ,** ਸ:—ਇੱਕ ਪੰਖੇਰੂ॥

**ਟੱਟੂ,** ਪੁ:—ਛੋਟਾ ਘੋੜਾ, ਟਾਇਰ॥

**ਟੱਟੂ ਬਟੇਰ,** ਪੁ:—ਇੱਕ ਨਿੱਕਾ ਚਿਤਰ, ਜਿਲਗੀ॥

**ਟਟੋਲਣਾ,** ਕ੍ਰਿ:—'ਟੋਹਣਾ' ਵੇਖੋ॥

**ਟਡਣਾ,** ਕ੍ਰਿ:—ਖੋਲ੍ਹਣਾ, ਪਸਾਰਨਾ॥

**ਟੱਡਾ,** ਪੁ:—ਇਕ ਨਿੱਕੀ ਚੂਹੜੀ॥

**ਟਡਾਣਾ**
**ਟਡਿਆਣਾ** } ਪੁ:—'ਟਨਾਣਾ' ਵੇਖੋ॥

**ਟਣ ਟਣ ਕਰਨਾ,** ਕ੍ਰਿ:—ਘੰਟਾ ਵੱਜਣ ਆਦਿਕ ਦੀ ਅਵਾਜ਼ ਆਉਣੀ।

**ਟਣਾਣਾ**
**ਟਣਿਆਣਾ** } ਪੁ:—ਰਾਤ ਨੂੰ ਚਮਕਣ ਵਾਲਾ ਇਕ ਕੀੜਾ।

**ਟਣਿਕ,** ਸ:—ਟੱਲੀ ਵੱਜਣ ਦੀ ਅਵਾਜ਼॥

Digitized by Panjab Digital Library / www.panjabdigilib.org

**ਟਨ,** ਪੁ:—ਇੱਕ ਤੋਲ, ੨੮ ਮਣ ।

**ਟੱਪ,** ਪੁ:—ਕੁੱਦ, ਛਾਲ, ਬੱਘੀ ਦਾ ਪਰਦਾ, ਇੱਕ ਵੱਡਾ ਭਾਂਡਾ ਜਿਸ ਵਿੱਚ ਨ੍ਹਾਉਂਦੇ ਹਨ, ਟੱਬ ਪੀਪਾ ॥

**ਟੱਪਕੇ,** ਪੁ:—ਮਕਈ ਦੇ ਦਾਣੇ (ਨਿਕਲਲੇ)

**ਟੱਪ ਪੈਣਾ,** ਕ੍ਰਿ: ਕੁੱਦ ਕੇ ਅਪਣੇ ਰ ਅ ਜਾਣਾ, ਦਖਲ ਦੇਣਾ

**ਟਪਕ,** ਸ:—ਡਿੱਗਣਾ, ਬੂੰਦਾਂ ਡਿੱਗਣ ਦੀ ਅਵਾਜ਼।

**ਟਪਕਣਾ,** ਕ੍ਰਿ:—ਡਿੱਗਣਾ, ਵਗਣਾ, ਲਹਿ ਪੈਣਾ (ਫਲ) ॥

**ਟਪਕਾ,** ਪੁ:—ਮੀਂਹ ਦੀ ਬੂੰਦ, ਬੂੰਦਾਂ ਦਾ ਡਿਗਣਾ, ਅੰਬ ਆਦਿਕ ਦਾ ਪੱਕਕੇ ਡਿਗਣਾ, ਸਵਾਦੀ ਮੁੰਡਾ ।

**ਟਪਕਾਉਣਾ,** ਕ੍ਰਿ:—ਡਿਗਾਉਣਾ, ਵਗਾਉਣਾ

**ਟਪਕੀ,** ਸ: ਸ਼ਗਾਰਨਲ, ਬਹੁਤ ਮੀਂਹ ਕਰ ਜਾਲਿਆਂ ਤੋਂ ਖਾਲੀ ਲੰਮੇ ਪਤਲੇ, ਨਿਕਲੇ ਹੋਏ ਜੁਆਰ ਦੇ ਟਾਂਡੇ ॥

**ਟੱਪ ਜਾਣਾ,**
**ਟੱਪਣਾ,** } ਕ੍ਰਿ:—ਕੁੱਦ ਕੇ ਲੰਘ ਜਾਣਾ, ਛਾਲ ਲਾਉਣੀ ।

**ਟੱਪਰ,** ਪੁ:
**ਟੱਪਰੀ,** ਸ: } ਛੱਪਰ, ਝੁੱਗੀ ॥

**ਟਪਲਾ,** ਪੁ:—ਭੁੱਲ, ਭਰਮ, ਧੋਖਾ (ਲੱਗਣਾ) ॥

**ਟੱਪਾ,** ਪੁ:—ਗੀਤ, ਸੁਰ, ਤੁਕ, ਉਛਾਲਾ ਕਹੀ ਦੀ ਮਾਰ ॥

**ਟਪਾਉਣਾ,** ਕ੍ਰਿ:—ਕੁਦਾਉਣਾ, ਲੰਘਾਉਣਾ।

**ਟਪਾਉ,** ਵਿ:—ਜਿਸ ਉੱਪਰੋਂ ਟੱਪ ਸਕੀਏ (ਪੌੜਾ), ਟਪਾ ਸਕਣ ਵਾਲਾ ॥

**ਟਪਾਰ,** ਸ:—ਗੱਪ, ਝੂਠ (ਮਾਰਨੀ), ਨਜ਼ਰ, ਟੂਣਾ (ਲਗਾਣੀ) ॥

**ਟਪੂਸਾ** ਪੁ:
**ਟਪੂਸੀ (ਟਪੋਸੀ),** ਸ: } ਛਲਾਂਘ, ਉਛਾਲ (ਮਾਰਨੀ) ॥

**ਟੱਬਰ,** ਪੁ: ਪਰਵਾਰ, ਕਬੀਲਾ, ਵਹੁਟੀ, ਗਭਰੂ, ਬਚੇ ॥

**ਟੱਬਰ ਟੀਹਰ**
**ਟੱਬਰ ਟੋਰ** } ਪੁ:—ਟੱਬਰ ਕਬੀਲਾ, ਪਰਵਾਰ ।

**ਟੱਬਰੀ,** ਸ:—ਵਹੁਟੀ, ਘਰ ਵਾਲੀ ।

**ਟਮਕ,** ਪੁ:—ਵੱਡਾ ਢੋਲ ਜੈਸਾ, ਨਗਾਰਾ ॥

**ਟਮਕੀ,** ਸ:—ਛੋਟਾ ਢੋਲ, ਨਗਾਰਾ ।

**ਟਮਕੀਰਾ,** ਪੁ: ਢਮਕੀਰਾ, ਢੀਂਗੁਰਾ, ਤਬਲਾ ॥

**ਟਮਕੀਰੀ,** ਸ:—ਢਮਕੀਰੀ, ਨਗਾਰੇ ਵਰਗਾ ਖੜਾਉਣਾ ।

**ਟਮ ਟਮ,** ਸ:—ਇੱਕ ੨ ਪਹੀਆ ਵਾਲੀ ਬੱਘੀ ॥

**ਟਰ**
**ਟੱਰ** } ਸ:- ਝੂਠੀ ਸ਼ੇਖੀ, ਆਕੜ (ਮਾਰਨੀ) ।

**ਟਰਟਰ ਕਰਨਾ,** ਕ੍ਰਿ:—'ਟਰਕਾਉਣਾ' ਵੇਖੋ ॥

**ਟਰੰਕ,**
**ਟ੍ਰੰਕ** } ਪੁ:- ਲੋਹੇ ਦੀ ਚਾਦਰ ਦਾ ਸੰਦੂਕ ॥

**ਟਰਕਣਾ,** ਕ੍ਰਿ: ਡੇਡਲੀਆਂ ਵਾਂਗ ਟਰਨਾ, ਬਕਣਾ ॥

**ਟਰਕਾਉਣਾ,** ਕ੍ਰਿ:— ਟਾਲਣਾ ਮਟੋਲਾ, ਧੋਖਾ ਦੇਣਾ ॥

Digitized by Panjab Digital Library | www.panjabdigilib.org

**ਟਰਕਾਊ,** ਵਿ: [illegible] ਬਾਊ, ਨਿਗਲਣ ਵਾਲਾ ॥

**ਟਰਟਰਾਉਣਾ,** ਕ੍ਰਿ:—[illegible] ਕਣਾ, ਗੱਪ ਮਾਰਨਾ ॥

**ਟਰਣ,** ਸ: [illegible] ਸ਼ੇਖ਼ੀ ਭਰੀ, ਬਕਵਾਦ (ਮਾਰਨਾ)

**ਟਰੜਾ,** [illegible] ਸ: [illegible] ਗੰਦਾ, ਨੰਗਲ, ਤਰੜ ।

**ਟਰੜਾਉਣਾ,** ਕ੍ਰਿ: [illegible] ਝਗੜਨਾ, [illegible] ਕਰਨਾ

**ਟੱਟੂ,** ਵਿ: ਹਾਰਿਆ ਹੋਇਆ, ਕਮਜ਼ੋਰ [illegible] ਟਰੂ ।

**ਟਰੂ,** ਪੁ: —ਈਦ ਦੇ ਮਗਰੋਂ ਥੀ ਜੋ ਤਿਹਾਰ ਆਉਂਦਾ ਹੈ ।

ਈਦੋਂ ਪਿਛੋਂ ਟਰੂ—'ਈਦ' ਵੇਖੋ ।

**ਟ੍ਰੈਨ,** ਸ: -ਰੇਲ ਗੱਡੀ ਜਿਸ ਵਿਚ ਕਈ ਗੱਡੀਆਂ ਹਨ ।

**ਟ੍ਰੈਕਟ,** ਪੁ: -ਛੋਟੀ ਜੇਹੀ ਕਿਤਾਬ ।

**ਟ੍ਰੈਮ,** ਸ: [illegible] ਗੱਡੀ (ਜੋ) ਜੋ ਸੜਕ ਪਰ ਚਲਣ ਵਾਲੀ, ॥

**ਟੱਲ,** ਪੁ: ਘੜਿਆਲ, ਘੰਟਾ ॥

**ਟਲ ਜਾਣਾ**
**ਟਲਣਾ (ਨਾ)** } ਕ੍ਰਿ:—ਹਟਣਾ, ਰੁਕਣਾ, ਰਹਿ ਜਾਣਾ, ਚਲੇ ਜਾਣਾ ।

**ਟੱਲਾ,** ਪੁ:—ਕਪੜਾ, ਲੀੜਾ, ਖਿੱਦੂ ਯਾ ਗੁੱਲੀ ਨੂੰ ਜ਼ੋਰ ਨਾਲ ਸਟ ਮਾਰਨੀ ॥

**ਟਲਾਉ,** ਪੁ: -ਟਲਣ ਦਾ ਕੰਮ ਬਹਾਨਾ ।

**ਟਲਾਉ ਕਰਨਾ,** ਕ੍ਰਿ: [illegible] ਕਰਨਾ, ਹਟਾਉਣਾ ।

**ਟਲਾਉਣਾ**
**ਟਲਾ ਦੇਣਾ** } ਕ੍ਰਿ:—[illegible] ਹਟਾਉਣਾ, [illegible] ਦੇਣਾ ॥

**ਟਲਾਊ,** [illegible] ਟਲਣ ਵਾਲਾ, ਟਾਲਣੀ, ਆਲਸੀ [illegible] ਜ਼ੋਰ ਲਾਇਆ ਜਾ ਸਕੇ ।

**ਟੱਪੀ,** ਸ: [illegible] ਖੀ, ਲੋਰ ਘੰਟੀ ।

**ਟਾਇਰ (ਰਾ)** [illegible] ਛਣਾ [illegible] ॥

**ਟਾਇ[illegible],** ਸ:—[illegible] ਮਸ਼ੀਨ, ਛੋਟੀ ਪੰਛੀ ।

**ਟਾਈਮਪੀਸ** [illegible]—ਛੋਟੀ ਘੜੀ, ਰਖਣ [illegible] ਵਾਲਾ ਛੋਟਾ ਘੰਟਾ ।

**ਟਾਸ,** [illegible] ਕਰਨ ਤੋਂ ਪਹਿਲਾਂ ਇਹ ਫੈਸਲਾ ਕਰਨ [illegible] ਕਿ ਕੇਹੜੀ ਪਾਰਟੀ ਪਹਿਲੇ ਖੇਡੇ, [illegible] ਉਛਾਲਣਾ, ([illegible] ਕਰਨਾ) ॥

**ਟੱਸ,** ਸ: [illegible], ਖਰਲ, ਦੁਖ ।

**ਟਾਹਰ,** ਸ: ਉੱਚੀ ਅਵਾਜ਼, ਸ਼ੋਰ, ਹਾਕ ॥

**ਟਾਹਰਾਂ ਮਾਰਨੀਆਂ,** ਕ੍ਰਿ:—ਚੀਕਣਾ, ਉੱਚੀ [illegible] ਬਹੁਤ ਉੱਚੀ ਬੁਲਾਣਾ ।

**ਟਾਹਲੀ;** ਸ:—ਇੱਕ ਰੁੱਖ, ਅਨਿਆਲੀ (ਵਲਾਇਤ ਦੀ ਟੋਲੀ)

**ਟਾਂਕ,** [illegible] ਜੋ ਦੋ ਉਤੇ ਪੂਰਾ ਨਾ ਵੰਡਿਆ ਜਾਵੇ (੫, ੭ ਆਦਿਕ) ॥

**ਟਾਂਕਣਾ,** ਕ੍ਰਿ: -ਸੀਉਣਾ, ਜੋੜਨਾ, ਟੰਕਣਾ, ਟੀਮ ਪਾਣੀ ॥

**ਟਾਕਰਾ,** ਪੁ:—ਮੇਲ, ਸਾਹਮਣਾ, ਖਹਿ, ਝਗੜਾ ॥

**ਟਾਂਕਾ,** ਪੁ:—[illegible] ਬੰਦ, ਤੋਪਾ, [illegible] ਲਗਾਇਣਾ, [illegible]

**ਟਾਕੀ**
**ਟਾਂਕੀ** } ਸ: [illegible], ਟੁਕੜਾ, ਲੀਰ, ਟੱਲੀ [illegible] ਮਾਰਨੀ ॥

**ਟਾਕੂ,** ਪੁ: [illegible] ਵਾਲਾ ਮਨੁੱਖ, ਟੰਗਰ, [illegible]

Digitized by Panjab Digital Library / www.panjabdigilib.org

**ਟਾਹੂਆ,** ਪੁ:—ਇੱਕ ਤਰਾਂ ਦੀ ਛੋਟੀ ਕੁਹਾੜੀ ॥

**ਟਾਂਗਾ,** ਪੁ:—ਇੱਕ ਦੋ ਪਹੀਆਂ ਵਾਲੀ ਭਾਰੀ ਬੱਘੀ ॥

**ਟਾਂਚ,** ਸ:—ਔਖ, ਖੇਚਲ, ਦੁੱਖ।

**ਟਾਂਚੀ,** ਸ: ਲੋਹੇ ਦਾ ਬਣਿਆ ਹੋਯਾ ਪਾਣੀ ਦਾ ਤੂਸਾ

**ਟਾਟ,** ਪੁ:—ਸਣ ਦਾ ਮੋਟਾ ਕਪੜਾ, ਤੱਪੜ

**ਟਕਾ,** ਪੁ:—ਸੂਰਜ ਦੀ ਸਾਫ ਧੁੱਪ, ਨਿੰਬਲ ॥

**ਟਾਂਟਾ,** ਪੁ:
**ਟਾਂਟੀ,** ਸ: } ਜੋ ਬਹੁਤੀਆਂ ਗੱਲਾਂ ਕਰੇ।

**ਟਾਂਡ,** ਸ:—ਮਨੁੱਖਾਂ ਦੀ ਭੀੜ, ਜੱਥਾ ॥

**ਟਾਂਡਾ**
**ਟਾਂਢਾ** } ਪੁ:—ਜੁਆਰ, ਮਕਈ, ਬਾਜਰੇ ਦੀ ਡੰਡੀ, ਸੁਦਾਗਰ ਦਾ ਮਾਲ।

**ਟਾਪ,** ਸ: ਪਤਲੀ ਰੋਟੀ, ਘੋੜੇ ਦੇ ਅਗਲੇ ਪੈਰ ਮਾਰਨ ਦੀ ਜਾਂ ਖੁਰੀ ਦੀ ਅਵਾਜ਼ ॥

**ਟਾਪਦਾਰ,** ਵਿ:—ਸਿੱਖ ਰਿਸਾਲੇ ਦੇ ਸਿਪਾਹੀਆਂ ਦੇ ਉੱਚੇ ਬੂਟ ॥

**ਟਾਪੂ,** ਪੁ:—ਇੱਕ ਖੇਤ੍ਰ, ਉਹ ਧਰਤੀ ਜਿਸ ਦੇ ਚੁਫੇਰੇ ਜਲ ਹੋਵੇ ॥

**ਟਾਮਾਂ**
**ਟਾਵਾਂ** } ਵਿ:—ਵਿਰਲਾ, ਕੋਈ ਕੋਈ, ਬਹੁਤ ਥੋੜੇ।

**ਟਾਮਾਂ ਟਾਮਾਂ,** ਵਿ:—ਕੋਈ ਹੀ, ਬਹੁਤਿਆਂ ਵਿੱਚੋਂ ਇੱਕ ॥

**ਟਾਲ,** ਸ:—ਟਾਲਣ ਦਾ ਕੰਮ, ਲਕੜਾਂ ਦਾ ਢੇਰ, ਜਿੱਥੇ ਲਕੜਾਂ ਵਿਕਣ।

**ਟਾਲ ਮਟੋਲ (ਲਾ),** ਪੁ:—ਟਾਲਣ ਦਾ ਕੰਮ, ਬਹਾਨਾ ॥

**ਟਾਲਣਾ**
**ਟਾਲਨਾ** } ਕ੍ਰਿ: ਦੁਰਕਾਣਾ, ਹਟਾਉਣਾ, ਪਰੇ ਕਰਨਾ, ਅਗਾਹਾਂ ਤੇ ਟੁਰਨਾ ॥

**ਟਾਲਾ**
**ਟਾਲਾ ਬਾਲਾ** } ਪੁ:—ਟਾਲਣ ਦਾ ਕੰਮ, ਬਹਾਨਾ (ਕਰਨਾ) ॥

**ਟਾਲ੍ਹੀ,** ਸ:—'ਟਾਹਲੀ' ਵੇਖੋ।

**ਟਾਵਾਂ,** ਵਿ: 'ਟਾਮਾਂ' ਵੇਖੋ।

**ਟਾਂਵਾਂ ਟਾਂਵਾਂ,** ਵਿ: 'ਟਾਮਾਂ ਟਾਮਾਂ' ਵੇਖੋ।

**ਟਿੱਕਸ,** ਪੁ: ਆਮਦਨ ਪੁਰ ਮਸੂਲ, ਟਿਕਟ ॥

**ਟਿਕਟ,** ਪੁ:—ਨਿਸ਼ਾਨ ਵਾਲਾ ਕਾਗਤ, ਚਿੱਠੀ, ਸਨਦ।

**ਟਿਕਟ ਕਲਕਟਰ,** ਪੁ:—ਰੇਲ ਦੇ ਅਸਟੇਸ਼ਨ ਪੁਰ ਟਿਕਟ ਲੈਣ ਵਾਲਾ ਬਾਬੂ ਜਾਂ ਸਾਹਬ ॥

**ਟਿਕਟਿਕਾਉ,** ਪੁ: ਅਟਕਾਉ, ਰਹਾਇਸ਼ ॥

**ਟਿਕ ਟਿਕੀ,** ਸ:—ਨਜ਼ਰ ਟਿਕਾਕੇ ਵੇਖਣਾ-ਤਾੜੀ (ਲਾਉਣੀ), ਇਕ ਲਕੜੀ ਦਾ ਸਹਾਰਾ ਫਕੀਰਾਂ ਦਾ (T ਸ਼ਕਲ ਦਾ)।

**ਟਿਕਣਾ,** ਕ੍ਰਿ:—ਠਹਿਰਨਾ, ਰਹਿਣਾ, ਅਟਕਣਾ, ਸੌਣਾ, ਅਰਾਮ ਕਰਨਾ।

**ਟਿੱਕਣਾ,** ਕ੍ਰਿ: ਕਿਸੇ ਨੂੰ ਕਿਸੇ ਕੰਮ ਤੇ ਲਾਉਣਾ, ਸੰਧੂਰ ਦਾ ਤਿਲਕ ਰਾਜੇ ਨੂੰ ਲਾਉਣਾ ॥

**ਟਿਕਰੀ**
**ਟਿੱਕਰੀ** } ਸ:—ਧਰਤੀ ਦਾ ਟਿੱਬਾ, ਚੇਹਰੇ ਦੀ ਨੁਹਾਰ ॥

Digitized by Panjab Digital Library | www.panjabdigilib.org

**ਟਿਕਵਾਉਣਾ,** ਕ੍ਰਿ:—ਧਰਾਉਣਾ, ਠਹਿਰਾਉਣਾ ॥

**ਟਿਕੜ,** ਪੁ: ਮੋਟੀ ਰੋਟੀ ॥

**ਟਿਕੜੀ,** ਸ:—'ਟਕਰੀ' ਵੇਖੋ।

**ਟਿੱਕਾ,** ਪੁ:—ਤਿਲਕ, ਮੱਥੇ ਦਾ ਇਕ ਗਹਿਣਾ, ਧਿਆਣੀਆਂ ਵੱਲੋਂ ਪ੍ਰੋਹਤਾਂ ਦੇ ਘਰ ਭੇਜੀਆਂ ਜਾਂਦੀਆਂ ਹਨ। ਰਾਜੇ ਦਾ ਵੱਡਾ ਪੁਤ੍ਰ, ਕਲੰਕ ॥

**ਟਿਕਾਉ,** ਪੁ:—ਠਹਿਰਾਉ, ਅਟਕਾਉ, ਥਿਰ ਰਹਿਣਾ।

**ਟਿਕਾਉਣਾ,** ਕ੍ਰਿ:—ਠਹਿਰਾਉਣਾ, ਰੱਖਣਾ, ਧਰਨਾ।

**ਟਿਕਾਊ,** ਵਿ:—ਟਿਕਣ ਵਾਲਾ, ਥਿਰ ॥

**ਟਿਕਾਣਾ,** ਪੁ: ਡੇਰਾ, ਅਟਕਣ ਦੀ ਜਗਾ, ਪਤਾ, ਰਹਾਇਸ਼, ਸਹਾਰਾ (ਪਣਾ, ਕਰਨਾ)।

**ਟਿੱਕੀ,** ਸ: ਨਿੱਕੀ ਜਹੀ, ਰੋਟੀ ਦੀ ਸ਼ਕਲ ਦੀ ਚੀਜ਼ ॥

**ਟਿੱਕੀ ਆਲੂ,** ਪੁ: ਵੱਡਾ ਆਲੂ।

**ਟਿੱਕੀ ਹੋਣਾ,** ਕ੍ਰਿ:—ਨਜ਼ਰ ਟਿਕਾਕੇ ਤੱਕਣਾ ॥

**ਟਿੰਘ,** ਸ: —ਕੋਈ ਛੋਟੀ ਜੇਹੀ ਚੀਜ਼।

**ਟਿਚਕਰ,** ਸ: —ਹੁੱਜਤ, ਮਖੌਲ, ਜੁਗਤ (ਕਰਨੀ)

**ਟਿਚਕਾਰਨਾ, ਟਿਟਕਾਰਨਾ** } ਕ੍ਰਿ: ਪਸ਼ੂ ਨੂੰ ਹੱਕਣ ਵਾਸਤੇ 'ਟਿਚ ਟਿਚ' ਕਰਨਾ ॥

**ਟਿਚਕਾਰੀ, ਟਿਟਕਾਰੀ** } ਸ:—ਟਿਚ ਟਿਚ ਦੀ ਅਵਾਜ਼ ਜੋ ਪਸ਼ੂ ਨੂੰ ਹੱਕਣ ਵਾਸਤੇ ਜੀਭ ਉਤਾਹ ਖਿੱਚਕੇ ਕਢੀ ਜਾਵੇ (ਮਾਰਨੀ)।

**ਟਿਚ ਟਿਚ ਕਰਨਾ,** ਕ੍ਰਿ:—ਜੀਭ ਉਤਾਹ ਖਿੱਚਕੇ ਟਿਚ ਟਿਚ ਦੀ ਅਵਾਜ਼ ਕੱਢਣਾ (ਪਸ਼ੂ ਨੂੰ ਟੋਰਨ ਲਈ) ॥

**ਟਿਟਹਿਣਾ, ਟਿਟਾਣਾ, ਟਿਟਿਆਣਾ, ਟਿਟੈਣਾ** } ਪੁ: ਰਾਤ ਨੂੰ ਚਮਕਣ ਵਾਲਾ ਇਕ ਕੀੜਾ

**ਟਿੱਟਿਆਉਣਾ,** ਕ੍ਰਿ: —ਚੀਕਣਾ ॥

**ਟਿੱਟੀ, ਟਿੱਟੀ ਚੌੜ** } ਟੱਟੀ ਆਦਿਕ ਵੇਖੋ

**ਟਿੱਡ,** ਪੁ:— ਕੰਨਾਂ ਦਾ ਇੱਕ ਗਹਿਣਾ ॥

**ਟਿੱਡ ਲੱਗਣੇ,** ਕ੍ਰਿ:—ਖਾਸ ਗੱਲ ਆ ਜਾਣੇ ॥

**ਟਿੰਡ** ਸ:—, **ਟਿੰਡਾਂ** (ਬਹੁ: ਬ:) } ਹਲਟ ਦੀ ਮਾਲ੍ਹ ਨਾਲ ਬੱਧੇ ਹੋਏ ਮਿੱਟੀ ਦੇ ਭਾਂਡੇ, ਮੁੰਨਿਆ ਹੋਇਆ ਸਿਰ, 'ਇਕ ਨਿੱਕਾ ਗੋਲ ਕੱਦੂ'।

**ਟਿੰਡਣ,** ਪੁ:, **ਟਿੰਡਾਣੀ,** ਸ: } ਦਾਲ ਫੁੱਲ ਨੂੰ ਲਗਣ ਵਾਲੇ ਕੀੜੇ

**ਟਿੱਡਾ,** ਪੁ:—ਇੱਕ ਕੀੜਾ, ਮੱਕੜ ॥

**ਟਿੰਡਾ,** ਪੁ: —ਇੱਕ ਹਰੀ ਭਾਜੀ ॥

**ਟਿਡਾਣਾ, ਟਿਡਿਆਣਾ** } ਪੁ:—ਰਾਤ ਨੂੰ ਚਮਕਣ ਵਾਲਾ ਇਕ ਕੀੜਾ।

**ਟਿੱਡੀ,** ਸ: —ਇੱਕ ਕੀੜਾ, ਮਕੜੀ ॥

**ਟਿੰਡੇ, ਟਿੰਡੋਂ** } ਪੁ:—ਇੱਕ ਹਰੀ ਭਾਜੀ, ਟਿੰਡਾ।

**ਟਿੰਢ,** ਸ:—ਆਕੜ, ਘਮੰਡ, ਗੁਮਾਨ ॥

**ਟਿੱਪ,** ਸ: —ਉਂਗਲੀ ਨਾਲ ਲਾਇਆ ਹੋਇਆ ਰੰਗ ਦਾ ਦਾਗ ॥

Digitized by Panjab Digital Library | www.panjabdigilib.org

**ਟਿੱਪਸ,** ਸ:—ਜੁਗਤ, ਢੰਗ, ਰੀਚ, ਜੋੜ ।

**ਟਿੱਪਸ ਲਾਉਣੀ,** ਕ੍ਰਿ:—ਕੰਮ ਕੱਢਣ ਵਾਸਤੇ ਜੁਗਤ ਬਣਾਉਣਾ ।

**ਟਿੱਪੀ,** ਸ:—ਗੁਰਮੁਖੀ ਵਿੱਚ ਨੱਕ ਦੀ ਅਵਾਜ਼ ਦੀ ਨਿਸ਼ਾਨੀ ( ਜਿਹਾ ਕਿ 'ਚੰਦ' ਵਿੱਚ ਹੈ ) ॥

**ਟਿੱਬਾ,** ਪ: } **ਟਿੱਬੀ,** ਸ: } ਉੱਚੀ ਥਾਂ, ਪਹਾੜੀ, ਰੇਤਲੀ ਧਰਤੀ ਵਾਲੀ ਸਥਾਨ ਦੇ ਵਰਗਾ ਦੀ ਢੇਰੀ ( ਟਿੱਬਾ ਕੁੱਦਣਾ ) ॥

**ਟਿਭੁਕਣਾ** } **ਟਿਭਜਾਣਾ** } **ਟਿਭਣਾ** } ਕ੍ਰਿ:—ਚਲੇ ਜਾਣਾ, ਖਿਸਕਣਾ ਨਸ ਕੇ ਪਰੇ ਹੋ ਜਾਣਾ ।

**ਟਿਭਾਉਣਾ,** ਕ੍ਰਿ:—ਖਿਸਕਾਉਣਾ, ਪਰੇ ਕਰ ਦੇਣਾ ।

**ਟਿਮਕ,** ਸ:—ਮੀਂਹ ਦੀਆਂ ਨਿਕੀਆਂ ਨਿਕੀਆਂ ਕਣੀਆਂ ॥

**ਟਿਮਕਣਾ** ਕ੍ਰਿ:—ਮੀਂਹ ਦੀਆਂ ਨਿਕੀਆਂ ਕਣੀਆਂ ਧੀਮੀਆਂ ਕਿਰਨਾ, ਬਿਜਲੀ ਚਮਕਣੀ ॥ ਪੁ:—ਦਾਗ ॥

**ਟਿਰਕਣਾ** ਕ੍ਰਿ:—ਤ੍ਰੁੱਸ ਜਾਣਾ, ਡਰਨਾ, ਤ੍ਰੁੱਟਣਾ।

**ਟਿਰਕ ਧਾਸ,** ਸ:—ਵੱਡੀ ਨੌਕਰੀ ਤੋਂ ਬਚਣ ਲਈ ਬਿਮਾਰੀ ਦਾ ਹਾਲਾ ਕਰਨਾ ॥

**ਟਿਰਕਾਉਣਾ,** ਕ੍ਰਿ:—ਪਜਾਮੇ ਨੂੰ ਢਿਲਕ ਕੇ ਦੇਣਾ ॥

**ਟਿਰ ਜਾਣਾ** } **ਟਿਰਣਾ** } **ਟਿਰ ਪੈਣਾ** } ਕ੍ਰਿ: ਉੱਚੀ ਥਾਂ ਤੋਂ ਨੀਵੇਂ ਆਉਣਾ, ਖਿਸਕ ਕੇ ਹੇਠਾਂ ਹੋਣਾ, ਸਥਾਨ ਹੋਣਾ ਹੋਣੀ ।

**ਟਿਰਣ ਫਿਟਣ,** ਸ:—ਬਕਵਾਦ, ਬਿਅਰਥ ਗੱਲਾਂ ( ਕਰਨਾ )

**ਟਿਰਣ ਫਿੱਸ,** ਸ:—ਢਿੱਲ, ਸ਼ੁਰੂ ਕਰਨ ਵਾਲੇ ਕੰਮ ਨੂੰ ਅਗਾਹਾਂ ਪਰ ਸਿੱਟਣਾ ॥

**ਟਿਲ,** ਪੁ:—'ਟਿਲੀ' ਵੇਖੋ ।

**ਟਿਲਵਾ,** ਪੁ:—ਜਿਸ ਆਦਮੀ ਦੇ ਦਾੜ੍ਹੀ ਨਾ ਹੋਵੇ, ਨਰੀ ਮੁੱਛਾਂ ਹੋਣ । ਪੁ: ( ਹਾਸੇ ਵਾਲੇ ਆਖਦੇ ਹਨ ) ॥

**ਟਿਲਵੀ,** ਸ: —ਜਿਸ ਤੀਮਤ ਦਾ ਫੱਬਰ ਨਾ ਹੋਵੇ ਨਿਰਾ ਖੌਂਦ ਹੋਵੇ, ਧੀ ( ਹਾਸੇ ਵਾਲੇ ਆਖਦੇ ਹਨ ) ॥

**ਟਿੱਲਾ,** ਪ:—ਪਹਾੜੀ ਦੀ ਚੋਟੀ, ਟਿੱਬਾ, ਲਕੜਾਂ ਦਾ ਢੇਰ ॥

**ਟਿੱਲੀ,** ਸ: —ਬਲਦਾਂ-ਆਦਿਕ ਦੇ ਗਲ ਦੀ ਪਿੱਤਲ ਦੀ ਘੰਟੀ ॥

**ਟਿੱਲੀ,** ਸ: —ਛੋਟਾ ਟਿੱਲਾ ॥

**ਟੀਸ,** ਸ:—ਚੀਸ, ਚੁੱਭਵੀਂ ਪੀੜ । 'ਚੀਸ' ਵੇਖੋ ਕਿਸੇ ਕਿਤਾਬ ਦੇ ਸਾਰੇ ਪੱਤ੍ਰਿਆਂ ਦੀ ਕੱਠੀ ਸਿਲਾਈ ॥

**ਟੀਸਣਾ,** ਕ੍ਰਿ:—ਧੜਕਣਾ, ਫਰਕਣਾ ॥

**ਟੀਸੀ,** ਸ:—ਚੋਟੀ, ਰੁੱਖ ਦਾ ਸਭ ਤੋਂ ਉਤਲਾ ਹਿੱਸਾ, ਸਿਖਰ ।

**ਟੀਕਾ,** ਸ:—ਗ੍ਰੰਥ ਦੇ ਅਰਥ ॥

ਪੁ:—ਮਾਤਾ ਪਲੇਗ ਆਦਿਕ ਦਾ ਲੋਦਾ, ਮਾਤਾ ਟੱਕਣ ਦਾ ਕੰਮ ।

Digitized by Panjab Digital Library | www.panjabdigilib.org

**ਟੀਚਰ,** ਪੁ:—ਸਿਖਾਲ, ਪੜ੍ਹਾਉਣ [illegible]ਲਾ, ਮਾਸਟਰ ॥

**ਟੀਚਾ,** ਪੁ:—[illegible] ਵਾਲੀ [illegible], [illegible] ਨਿਸ਼ਾਨਾ, ਠੀਕ ਥਾਂ ॥

**ਟੀਕਾ ਟਿਕਾਉਣਾ,** ਕ੍ਰਿ:—ਭਾਂਡੇ ਆਦਿਕ ਠਕ੍ਰਾਉਣਾ ॥

**ਟੀਟ,** ਵਿ:—ਬਹੁਤ ਮੰਦਾ ॥

ਪੁ:—ਪੈਰ ਦਾ ਅੰਗੂਠਾ, ਸਰੀਰ ਦਾ ਉੱਚਾ ਵਲ, ਅੱਖ ਦਾ ਦਾਗ, ਬਿਨਾ ਬਿਚਾਰੇ ਜੋ ਗੱਲ ਕੀਤੀ ਜਾਵੇ ॥

**ਟੀਂ ਟੀਂ ਕਰਨਾ,** ਕ੍ਰਿ:—ਚੀਕਣਾ, ਕੂਕਣਾ।

**ਟੀਂਡਾ,** ਪੁ:—ਇਕ ਹਰੀ ਭਾਜੀ, ਟੀਂਡਾ ॥

**ਟੀਪ,** ਸ:—[illegible] ਉੱਚੀ ਰਕਮ, [illegible] ਵਿੱਚ ਮਸਾਲਾ ਭੁੱਕਣਾ, [illegible] ਚੂਨੇ ਦਾ ਜੋੜ। (ਕਰਨਾ) ॥

**ਟੀਪ ਟਾਪ,** ਸ:—ਦਿਖਾਵਾ, ਬਾਹਰਲਾ [illegible] ਸਜਾਉਟ ।

**ਟੀਪ ਛਾਲਣੀ,** ਕ੍ਰਿ:—ਆਪਣੀ ਕਮਾਈ ਖਰਚ ਦੇਣੀ ।

**ਟੀਪੂ,** ਪੁ:—ਇਕ ਛੋਟਾ ਕੁੱਤਾ ।

**ਟੀਮ,** ਸ:—ਕ੍ਰਿਕਟ ਆਦਿਕ ਖੇਡਣ ਵਾਲਿਆਂ ਦੀ ਮੰਡਲੀ ॥

**ਟੀਰਾ,** ਵਿ:—ਅੱਖ ਚੁਰ ਕੇ ਵੇਖਣ ਵਾਲਾ, ਭੈਂਗਾ ॥

**ਟੋਹਣਾ**
**ਟਹੁਣਾ** } ਕ੍ਰਿ:—ਵੇਖਣਾ, ਭਾਲਣਾ, [illegible], ਢੂੰਡਣਾ, ਪਤਾ ਲਾਉਣਾ।

**ਟਹਾਉਣਾ,** ਕ੍ਰਿ:—[illegible] ਕਰਾਉਣਾ, ਢੂੰਡਾਉਣਾ, ਪਤਾ ਲੁਆਉਣਾ ॥

**ਟੁਹਾਈ,** ਸ:—ਟੋਹਣ ਜਾਂ ਢੋਲਣ ਦਾ ਕੰਮ ਜਾਂ ਮਜੂਰੀ ॥

**ਟੁਹਣੀ,** ਸ:—ਡੰਡਾ, ਡਾਂਗ, ਸਹਾਰਾ ॥

**ਟੁਟੁਬਾ,** ਪੁ:—ਟੋਭਾ, ਛਪੜ, ਜਲਾਉ, ਟੁੱਭੀ ਮਾਰਨ ਵਾਲਾ ॥

**ਟੁਕ,** [illegible] ਜ਼ਰਾ [illegible], ਥੋੜਾ ਜੇਹਾ।

**ਟੁੱਕ,** ਪੁ:—ਟੋਟਾ, ਰੋਟੀ ਦਾ ਟੁਕੜਾ, ਟੋਟਾ ॥

**ਟੁੱਕਣਾ,** ਕ੍ਰਿ:—ਕੱਟਣਾ, ਵੱਢਣਾ ॥

**ਟੁੱਕਰ,** ਪੁ:—ਰੋਟੀ ਦਾ ਵੱਡਾ ਟੁਕੜਾ ॥

**ਟੁਕਵਾਉਣਾ,** ਕ੍ਰਿ:—ਕਟਵਾਉਣਾ, ਟੋਟੇ ਕਰਾਉਣੇ ॥

**ਟੁਕਵਾਈ,** ਸ:—ਟੁੱਕਣ ਦਾ ਕੰਮ ਜਾਂ ਮਜੂਰੀ ।

**ਟੁਕੜਾ,** ਪੁ:—ਕਿਸੇ ਚੀਜ਼ ਦਾ ਟੋਟਾ, ਰੋਟੀ ਦਾ [illegible] ਹਿੱਸਾ ।

**ਟੁਕੜੀ,** ਸ:—ਛੋਟਾ ਟੁਕੜਾ, ਹਿੱਸਾ, ਕਬੂਤਰਾਂ ਦੀ ਡਾਰ, ਫੌਜ, ਇਕ ਹਥਿਆਰ ॥

**ਟੁਕਾਉਣਾ,** ਕ੍ਰਿ:—ਕਟਵਾਉਣਾ, ਕੋਈ ਗੱਲ ਕਿਸੇ ਦੇ ਮੂੰਹੋਂ ਕਢਵਾਉਣੀ ॥

**ਟੁਕਾਈ,** ਸ:—ਟੁੱਕਣ ਦਾ ਕੰਮ ਜਾਂ ਮਜੂਰੀ॥

Digitized by Panjab Digital Library | www.panjabdigilib.org

**ਟੁੰਗਣਾ,** ਕ੍ਰਿ:—ਕਪੜਾ ਉੱਪਰ ਖਿੱਚ ਕੇ ਅੜਾ ਲੈਣਾ, ਮੋੜਨਾ, ਤੰਬ ਵਿਚ ਫਸਾ ਲੈਣਾ ॥

**ਟੁੱਟ,** ਪੁ:—ਟੁੱਟਣ ਦਾ ਕੰਮ, ਸੱਜਣਾਂ ਵਿੱਚੋਂ ਦੁਜਾਇਗੀ, ਜੋੜਾ, ਟੋਟਾ, ਘਾਟਾ, ਛੁੱਟਾ ਹੋਈ ਗੱਲ ਜੋ ਹਾਸ਼ੀਏ ਉੱਤੇ ਲਿਖੀ ਜਾਵੇ।

**ਟੁੱਟਣਾ,** ਕ੍ਰਿ:—ਟੋਟੇ ਹੋਣੇ, ਭੱਜਣਾ, ਪਾਟਣਾ ਹੱਲਾ ਕਰਨਾ, ਨਾ ਰਹਿਣਾ।

**ਟੁੱਠਣਾ,** ਕ੍ਰਿ:—ਪਰਸਿੰਨ ਹੋਣਾ, ਦਿਆਲ ਹੋਣਾ

**ਟੁੰਡ,** ਪੁ:—ਹੱਥ ਕਟੀ ਬਾਂਹ, ਰੁੱਖ ਦਾ ਸੱਖਣਾ ਤਣਾ ॥

**ਟੁੰਡਾ,** ਵਿ:—ਟੁੱਟੀ ਹੋਈ ਬਾਂਹ ਵਾਲਾ, ਜਿਸ ਦਾ ਹੱਥ ਮਾਰਿਆ ਜਾਏ

**ਟੁੰਡਿਆਂ ਕੱਸਣੀਆਂ,** ਕ੍ਰਿ:—ਪਿੱਠ ਪਿੱਛੇ ਹੱਥ ਬੰਨ੍ਹ ਲੈਣੇ ॥

**ਟੁੰਵਣਾ,** ਕ੍ਰਿ: ਸੀਉਣਾ, ਗੰਢਣਾ, ਟਾਂਕਾ ਲਾਉਣਾ ॥

**ਟੁੰਵਾਉਣਾ,** ਕ੍ਰਿ:—ਟੁੰਵਣ ਦਾ ਕੰਮ ਕਰਾਉਣਾ।

**ਟੁੰਵਾਈ,** ਸ:—ਟੁੰਵਣ ਦਾ ਕੰਮ ਜਾਂ ਮਜੂਰੀ।

**ਟੁਣਕ ਟੁਣਕ ਕਰਨਾ,** ਕ੍ਰਿ:—ਨਿੱਕੀ ਟੱਲੀ ਦੇ ਵੱਜਣ ਵਰਗੀ ਅਵਾਜ਼ ਕੱਢਣੀ।

**ਟੁਣਕਣਾ,** ਕ੍ਰਿ:—ਠਿੱਕ ਠਿੱਕ ਦਾਣਾ ਮੂੰਹ ਵਿਚ ਸਿੱਟ ਕੇ ਖਾਣਾ ॥

**ਟੁਣ ਟੁਣ ਕਰਨਾ**
**ਟੁਣ ਟੁਣਾਉਣਾ** } ਕ੍ਰਿ:—ਹੌਲੀ ਹੌਲੀ ਵਾਜੇ ਦੀ ਅਵਾਜ਼ ਕੱਢਣੀ।

**ਟੁਣੀਆਂ,** ਪੁ:—ਟੂਣਾ ਟੋਣਾ ਕਰਨ ਵਾਲਾ, ਜਾਦੂ ਦੇ ਧੰਦ ਵਾਲਾ ਆਦਮੀ ॥

**ਟੁੰਬ ਟੱਲੀ**
**ਟੁੰਬ ਟਾਈ**
**ਟੁੰਬ ਟਾਕੀ** } ਸ:—ਕਪੜ ਦਾ ਨਿਕਾ ਜਿਹਾ ਟੋਟਾ

**ਟੁੱਬਣਾ,** ਕ੍ਰਿ: ਟੁੱਬੀ ਲਾਉਣੀ, ਗੋਤਾ ਮਾਰਕੇ ਖੂਹ ਦੇ ਹੇਠੋਂ ਗਾਰ ਕੱਢਣੀ।

**ਟੁੰਬਣਾ,** ਕ੍ਰਿ: ਟਿਚੋਣਾ, ਹਿਲਾਉਣਾ, ਦੁ:ਖ ਦਾ ਉਠਾਉਣਾ।

**ਟੁੰਬਾਉਣਾ,** ਕ੍ਰਿ:—ਡੁਬਾਉਣਾ, ਉਠਵਾਉਣਾ, ਛਿੜਾਉਣਾ।

**ਟੁੰਬਾਈ,** ਸ:—ਟੁੰਬਣ ਦਾ ਕੰਮ, ਛੇੜ ਹਰਕਤ

**ਟੱਬੀ**
**ਟੁੱਬੀ** } ਸ:—ਪਾਣੀ ਵਿੱਚ ਡੁੱਬਣ ਦਾ ਕੰਮ ਗੋਤਾ।

**ਟੁਭਾਈ,** ਸ:—ਪਾਣੀ ਤੱਕ ਅੱਪੜਨ ਮਗਰੋਂ ਖੂਹ ਦਾ ਟੋਆ ਡੂੰਘਾ ਕਰਨ ਦਾ ਕੰਮ।

**ਟੁਰਨਾ,** ਕ੍ਰਿ: ਚਲਣਾ, ਫਿਰਨਾ, ਜਾਣਾ, ਹਿਲਣਾ, ਕੰਮ ਦੇਣਾ, ਜਾਰੀ ਹੋਣਾ।

**ਟੁਰਾਉਣਾ,** ਕ੍ਰਿ: ਧੱਕਣਾ, ਚਲਾਉਣਾ, ਭੇਜਣਾ ਫਿਰਾਉਣਾ, ।

**ਟੁੱਲ,** ਪੁ:—ਗੁੱਲੀ ਨੂੰ ਡੰਡਾ ਮਾਰਨਾ, ਸੱਟ, ਚੋਟ ॥

**ਟੂੰ,** ਸ:—ਆਂਦਰਾਂ ਵਿੱਚ ਫਿਰਨ ਵਾਲੀ ਵਾਈ ਦੀ ਅਵਾਜ਼।

**ਟੈਂ ਟਾਂ,** ਸ:—ਅੱਗੋਂ ਬੋਲਣਾ, ਨਾਹ, ਸ਼ੇਖੀ ਕਰਨਾ ) ॥

Digitized by Panjab Digital Library | www.panjabdigilib.org

## ਟੂਸ

**ਟੂਸ,** ਸ:—ਕੌੜੇ ਤੇਲ ਵਰਗੀ ਬੋ (ਆਉਣੀ ਮਾਰਨੀ)॥

**ਟੂਸਾਂ ਨਿਕਲ ਜਾਣੀਆਂ,** ਕ੍ਰਿ:—ਭੈੜੀ ਬੋ ਨਾਲ ਦਿਲ ਬੁਰਾ ਹੋਣਾ॥

**ਟੂਸਾ,** ਪੁ:—ਮਦਾਰ ਜਾਂ ਜੰਗਲੀ ਕਪਾਹ ਦਾ ਫੁੱਲ॥

**ਟੂਸੀ,** ਸ:—ਛੋਟਾ ਟੂਸਾ॥

**ਟੂਟ,** ਸ:—'ਤੂਤ' ਵੇਖੋ॥

**ਟੂਟੀ,** ਸ:—ਨਲੀ, ਨਲਕੇ ਦਾ ਸਿਰਾ, ਨੜੀ ਦਾ ਮੂੰਹ, ਇੱਕਬੀੜੇ ਵਿਚੋਂ ਨਿਕਲਣ ਵਾਲਾ ਧਾਗਾ, ਸ਼ਰਾਰਤੀ ਆਦਮੀ॥

**ਟੂਣਾ,** ਪੁ:—ਜਾਦੂ, ਮੰਤ੍ਰ, ਝਾੜਾ॥

**ਟੂੰਬ,** ਸ:—ਧਾਤ ਦਾ ਟੋਟਾ, ਗਹਿਣਾ, ਮਾਸ ਦਾ ਟੁਕੜਾ॥

**ਟੂੰਬਟੱਲੀ**
**ਟੂੰਬ ਟਾਕੀ** } ਸ:—ਕਪੜੇ ਦੇ ਟੁਕੜੇ, ਲੀਰਾਂ॥

**ਟੂਲ,** ਪੁ:—ਊਂਘ, ਪੀਨਕ (ਆਉਣਾ), ਸਟੂਲ, ਇੱਕ ਕਪੜਾ, ਲੋਹੇ ਦਾ ਨੋਕਦਾਰ ਔਜ਼ਾਰ ਜੋ ਖਰਾਦ ਵਿਚ ਵਰਤੀਦਾ ਹੈ (ਲਾਉਣਾ)॥

**ਟਲਣਾ,** ਕ੍ਰਿ:—ਊਂਘਣਾ, ਝੋਕਾਂ ਖਾਣੀਆਂ॥

**ਟੇਸ਼ਣ,** ਪੁ:—'ਰੇਲ ਘਰ' ਵੇਖੋ॥

**ਟੇਕ,** ਸ:—ਸਹਾਰਾ, ਆਸਰਾ, ਬਚਾਉ, ਅਟਕਾਉ॥

**ਟੇਕਣ,** ਪੁ: ਸ:—ਲਕੜੀ ਦਾ ਗੋਠਾ, ਸਹਾਰਾ, ਆਸਰਾ।

**ਟੇਕਣਾ,** ਕ੍ਰਿ:—ਰਖਣਾ, ਧਰਨਾ, ਸਹਾਰਾ ਦੇਣਾ॥

## ਟੇ ਟੈਂ

**ਮੱਥਾ ਟੇਕਣਾ,** ਕ੍ਰਿ:—ਸਿਰ ਨਿਵਾਕੇ ਵੱਡੇ ਦਾ ਆਦਰ ਕਰਨਾ॥

**ਟੇਕਰਾ,** ਪੁ:
**ਟੇਕਰੀ,** ਸ: } ਉੱਚੀ ਥਾਂ, ਟਿੱਬਾ, ਟਿਲਾ॥

**ਟੇਟਕਾ,** ਪੁ:—ਮਧਰਾ, ਨਿੱਕੇ ਕੱਦ ਦਾ ਮਨੁੱਖ॥

**ਟੇਟਾ,** ਪੁ:—ਟਾਕਰਾ, ਸਾਮ੍ਹਣਾ, ਬਖੇੜਾ (ਹੋਣਾ)॥

**ਟੇਟੂਆ,** ਪੁ:—ਅੱਖ ਦੇ ਵਿਚਲਾ ਦਾਣਾ, ਮਹੁਕਾ॥

**ਟੇਢ,** ਪੁ:—ਵਿੰਗ, ਵਲ, ਜ਼ਿਦ, ਅੜ੍ਬ ਪੁਣਾ॥

**ਟੇਢਾ,** ਵਿ:—ਵਿੰਗਾ, ਡਿੰਗਾ, ਹਠੀ, ਅੜ੍ਬ॥

**ਟੇਬਲ,** ਸ:—ਮੇਜ਼॥

**ਟੇਬਲ ਕਲਾਥ,** ਪੁ:—ਮੇਜ਼ ਉੱਤੇ ਪਾਉਣ ਵਾਲਾ ਕਪੜਾ।

**ਟੇਮ,** ਪੁ:—ਵਖਤ, ਵੇਲਾ, ਸਮਾ॥

**ਟੇਮਣਾ,** ਕ੍ਰਿ:—ਰੋਟੀ ਦੇ ਟੁੱਕ ਨੂੰ ਕਿਸੇ ਗਿੱਲੀ ਚੀਜ਼ ਨਾਲ ਛੁਹਾਕੇ ਤਰ ਕਰਨਾ (ਟੇਮ ਟੇਮ ਕੇ ਖਾਣਾ, ਲਾਉਣਾ)॥

**ਟੇਰ,** ਸ:—ਲੰਮਾ ਕਰਨ ਦਾ ਕਮ (ਲਾਉਣਾ)॥

**ਟੇਰਨਾ,** ਕ੍ਰਿ:—ਬੁੱਲ੍ਹ ਤੋਂ ਬਿਠਾਂਹ ਲਟਕਾਉਣਾ, ਤ੍ਰਿਲਕਾਉਣਾ, ਦਿਲ ਤੋੜਨਾ॥

**ਟੇਵਾ,** ਪੁ:—ਜਿਸ ਕਾਗਤ ਉੱਤੇ ਬਾਲਕ ਦੇ ਜਨਮ ਦਾ ਸਮਾ ਲਿਖਿਆ ਹੋਵੇ॥ ਕਰਮ ਦਾ ਲੇਖ॥

**ਟੈਂ** ਸ:—ਐਂਠ, ਆਕੜ, ਅਵਾਜ਼, ਛੁੰਕਾਰ॥

**ਟੈਂ, ਟੈਂ,** ਸ:—ਬਿਅਰਥ ਬੋਲਣਾ, ਬਕਵਾਦ,॥

Digitized by Panjab Digital Library | www.panjabdigilib.org

**ਟੈਹਕ**, **ਟੈਹਕਣਾ** } 'ਟਹਿਕ' ਆਦਿਕ ਵੇਖੋ ॥

**ਟੈਕਸਟ ਬੁਕ,** ਸ਼ਃ—ਪੜ੍ਹਾਈ ਦੀ ਕਿਤਾਬ ॥

**ਟੈਂਕਾ,** ਪੁਃ—'ਟ' ਅੱਖਰ ਦਾ ਨਾਉਂ, ਟੇਂਕਾ ।

**ਟੈਨਸ,** ਸ਼ਃ—ਇੱਕ ਵਲੈਤੀ ਖੇਡ, ਇੱਕ ਲੀਹ ਵਾਲਾ ਰੇਸ਼ਮੀ ਕਪੜਾ ॥

**ਟੈਂਪਰੈਂਸ,** ਪੁਃ—ਨਸ਼ਿਆਂ ਤੋਂ ਬਚੇ ਰਹਿਣਾ ॥

**ਟੈਂਪਰੈਂਸ ਸੋਸਾਇਟੀ,** ਸ਼ਃ—ਨਸ਼ਿਆਂ ਤੋਂ ਬਚਾਉਣ ਜਾਂ ਹਟਾਉਣ ਵਾਲੀ ਸਭਾ ।

**ਟੈਰ (ਰਾ)** ਸ਼ਃ, **ਟੈਰੀ** ਪੁਃ— } 'ਟਾਇਰ' ਆਦਿਕ ਵੇਖੋ ।

**ਟੈਲੀਫੂਨ (ਫ਼ੋਨ),** ਸ਼ਃ—ਬਿਜਲੀ ਦੇ ਜ਼ੋਰ ਅਵਾਜ਼ ਦੂਰ ਪੁਚਾਉਣ ਵਾਲਾ ਜੰਤ੍ਰ ॥

**ਟੋਆ**, **ਟੋਇਆ** } ਪੁਃ—ਡੂੰਘੀ ਥਾਂ, ਛੇਕ, ਵਿਰਲ, ਛੰਬ

**ਟੋਇਆ ਦੇਣਾ,** ਕ੍ਰਿਃ—ਪਹਿਲੇ ਆਸ ਦੇ ਕੇ ਵੇਲੇ ਸਿਰ ਨਿਰਾਸ ਕਰਨਾ ॥

**ਟੋਈ,** ਸ਼ਃ—ਛੋਟਾ ਟੋਆ ॥

**ਟੋਹਣਾ**, **ਟੋਹਣੀ** } 'ਟੁਹਣਾ' ਆਦਿਕ ਵੇਖੋ ।

**ਟੋਹਾ ਟਾਹੀ ਕਰਨੀ,** ਕ੍ਰਿਃ—ਟੋਹਣਾ, ਟੋਲਣਾ ।

**ਟੋਕ,** ਸ਼ਃ—ਲੋਹਟੀਏ ਵੇਲਣੇ ਵਿੱਚੋਂ ਨਿਕਲੇ ਹੋਏ ਪੱਛੀਆਂ ਦੇ ਟੋਟੇ ॥

**ਟੋਕ**, **ਟੋਕ ਟਾਕ** } ਸ਼ਃ—ਰੋਕ, ਬਾਧਾ, ਅਟਕਾਉ, ਮਖੌਲ, ਨਜ਼ਰ ॥

**ਟੋਕਣਾ,** ਕ੍ਰਿਃ—ਰੋਕਣਾ, ਅਟਕਾਉਣਾ, ਹਟਕਣਾ, ਪੁੱਛਣਾ, ਨਜ਼ਰ ਲਾਉਣੀ ॥

**ਟੋਕਰਾ,** ਪੁਃ, **ਟੋਕਰੀ,** ਸ਼ਃ } ਪਲਛੀ ਵਾਂਸ ਆਦਿਕ ਦਾ ਉੱਪਰੋਂ ਖੁਲ੍ਹਾ ਭਾਂਡਾ ॥

**ਟੋਕਾ,** ਪੁਃ—ਪੱਠੇ ਕੁਤਰਨ ਵਾਲਾ ਹਥਿਆਰ, ਇੱਕ ਕੀੜਾ, ਇੱਕ ਪੰਖੇਰੂ (ਹੁਪੋ)।

**ਟੋਕਾ ਹਾਣੀ,** ਸ਼ਃ—ਪੱਠੇ ਕਤਰਣ ਵਾਲੀ ਥਾਂ ॥

**ਟੋਕਾ ਟਾਕੀ,** ਸ਼ਃ—ਟੋਕ, ਟੋਕ ਟਾਕ ॥

**ਟੋਟ,** ਸ਼ਃ—ਅੰਤ, ਘੱਟਾ, ਕਮਜ਼ੋਰੀ, ਥੁੜ ॥

**ਟੋਟਕਾ,** ਪੁਃ—ਇੱਕ ਤਰ੍ਹਾਂ ਦੀ ਅਸਤ ਬਾਜ਼ੀ, ਰੋਗ ਹਟਾਉਣ ਦਾ ਭਬੀਤ ਜਾਂ ਮੰਤ੍ਰ, ਅਨੋਖੀ ਦੁਆ।

**ਟੋਟਣੀ,** ਸ਼ਃ, **ਟੋਟਰ,** ਪੁਃ, **ਟੋਟਰਾ,** ਪੁਃ, **ਟੋਟਰੀ,** ਸ਼ਃ } ਸਿਰ ਦਾ ਉਤਲਾ ਹਿੱਸਾ, ਮੁੰਨਿਆ ਹੋਇਆ ਸਿਰ ॥

**ਟੋਟਰ**, **ਟੋਟਲ** } ਪੁਃ—ਸਾਰੀ ਗਿਣਤੀ, ਜੋੜ॥

**ਟੋੱਟਾ,** ਪੁਃ—ਘਾਟਾ, ਥੁੜ, ਲੋੜ, ਕਮਜ਼ੋਰੀ, ਟੁਕੜਾ (ਛਰਨਾ), ਗਰਮ ਜਨਾਨੀ ਚਾਦਰ ॥

**ਟੋੱਟੀ,** ਸ਼ਃ—ਸ਼ੀਸ਼ੇ ਜਾਂ ਬਾਂਸ ਦੀ ਪੋਰੀ ॥

**ਟੋਡੀ,** ਸ਼ਃ—ਇੱਕ ਰਾਗ ਸਵੇਰ ਦਾ ॥

**ਟੋਣਾ,** ਪੁਃ—'ਟੂਣਾ' ਵੇਖੋ ॥

**ਟੋਪ,** ਪੁਃ—ਵੱਡੀ ਟੋਪੀ, ਕੁੱਲ੍ਹਾ ॥

Digitized by Panjab Digital Library | www.panjabdigilib.org

**ਟੋਪਾ,** ਪੁ: ਅਨਾਜ ਦਾ ਇਕ ਨਾਪ, ਪੰਜ ਛੇ ਸੇਰ, ਚਾਰ ਪੜੋਪੀਆਂ ।

**ਟੋੱਪਾ,** ਪੁ:—ਅਨਾਜ ਦਾ ਇੱਕ ਨਾਪ (੨ ਕੁਸੇਰ) ਇੱਕ ਭਰਾਂ ਦੀ ਟੋਪੀ ॥

**ਟੋੱਪੀ,** ਸ:—ਕਪੜੇ ਕਾਗਤ ਆਦਿਕ ਦੀ ਇੱਕ ਛਿੱਕੂ ਵਰਗੀ ਚੀਜ਼ ਜਿਸ ਨਾਲ ਸਿਰ ਢੱਕਦੇ ਹਨ, ਚਿਲਮ ॥

**ਟੋੱਪੀ ਪੋਸ਼,** ਪੁ:—ਟੋਪੀ ਪਾਉਣ ਵਾਲਾ, ਬਾਬੂ ॥

**ਟੋੱਪੀ ਵਾਲਾ,** ਪੁ:—ਮੁਗਲ ਜਾਂ ਫਰੰਗੀ ।

**ਟੋਭੀ,** ਸ:—ਟੁੱਭੀ, ਖੂਹ ਖੱਟਣਾ ਜਾਂ ਗੋਤਾ ਮਾਰ ਕੇ ਗਾਰ ਕੱਢਣੀ ।

**ਟੋਂਬੂ,** ਪੁ:—ਚਿੱਠੀ, ਹੁਕਮ, ਲਿਖਤ, ਹੁੰਡੀ (ਕਰਨਾ)॥

**ਟੋਂਬੂ ਤਾਰਨਾ,** ਕ੍ਰਿ:—ਹੁੰਡੀ ਦਾ ਰੁਪਯਾ ਦੇ ਦੇਣਾ॥

**ਟੋਭਾ,** ਪੁ:—ਛੈਲ, ਛੱਪੜ, ਟੁੱਭੀ ਮਾਰਨ ਵਾਲਾ ॥

**ਟੋਰ,** ਸ:—ਚਾਲ, ਲੇਖਣ, ਕਿਲਕ ।

**ਟੋਰਨਾ,** ਕ੍ਰਿ:—ਭੇਜਣਾ, ਚਲਾਉਣਾ, ਵਿਦਿਆ ਕਰਨਾ ॥

**ਟੋਰਾ ਟੁਰਨਾ,** ਕ੍ਰਿ:—ਕੰਮ ਚਲਣਾ, ਗੁਜ਼ਾਰਾ ਹੋਣਾ ॥

**ਟੋਰਾ ਟੋਰਨਾ,** ਕ੍ਰਿ:—ਕੰਮ ਚਲਾਉਣਾ, ਗੁਜ਼ਾਰਾ ਕਰਨਾ ॥

**ਟੋਲ / ਟੋਲ ਭਾਲ** } ਸ:—ਭਾਲ, ਖੋਜ, ਤਲਾਸ਼, ਤੱਕ ਢੂੰਢ ॥

**ਟੋਲਣਾ,** ਕ੍ਰਿ: ਖੋਜਣਾ, ਭਾਲਣਾ, ਢੂੰਡਣਾ, ਲੱਭਣਾ ॥

**ਟੋਲਾ / ਟੋੱਲਾ** } ਪੁ:—ਮਹੱਲਾ, ਭੀੜ, ਦਲ, ਘਰਾਣਾ ਮੰਡਲੀ ।

**ਟੋਲੀ / ਟੋੱਲੀ** } ਸ: —ਸੰਗਤ, ਸਭਾ, ਕੱਠ, ਮੰਡਲੀ ।

**ਟੌਂਕਣਾ,** ਕ੍ਰਿ:—ਚੌਂਕਣਾ, ਰੋਣਾ, ਕਤੂਰੇ ਦਾ ਬੋਲਣਾ ॥

**ਟੌਣ ਹਾਲ,** ਪੁ:—'ਕਮੇਟੀ ਘਰ' ਵੇਖੋ ॥

## ਠ

**ਠ,** ਪੁ:—ਠੱਠਾ, ਗੁਰਮੁਖੀ ਪੈਂਤੀ ਦਾ ਸਤਾਰਵਾਂ ਅੱਖਰ ।

**ਠਸਣਾ,** ਕ੍ਰਿ:—ਤੁੰਨੇ ਜਾਣਾ, ਫਸਕੇ ਆਉਣਾ, ਭੀੜ ਹੋਣੀ ।

**ਠਹਿਕ,** ਸ: —ਸੱਟ, ਚੋਟ, ਟੱਕਰ (ਲੱਗਣੀ) ॥

**ਠਹਿਕਣਾ,** ਕ੍ਰਿ:—ਠੋਕਰ ਖਾਣੀ, ਸੱਟ ਲੱਗਣੀ (ਕੱਚ ਦੇ ਭਾਂਡੇ ਆਦਿਕ ਨੂੰ) ।

**ਠਹਿਰਨਾ,** ਕ੍ਰਿ:—ਅਟਕਣਾ, ਥੰਮ੍ਹਣਾ, ਗੱਲ ਪੱਕੀ ਹੋਣੀ ।

**ਠਹਿਰਾਉ,** ਪੁ:—ਅਟਕਾਉ, ਟਿਕਾਉ, ਪਕਿਆਈ ।

**ਠਹਿਰਾਉਣਾ,** ਕ੍ਰਿ:—ਅਟਕਾਉਣਾ, ਟਿਕਾਉਣਾ, ਪੱਕਾ ਕਰਨਾ, ਥਾਪਣਾ ॥

**ਠਕ ਠਕ ਕਰਨਾ,** ਕ੍ਰਿ:—ਸਟ ਮਾਰਨ ਦੀ ਅਵਾਜ਼ ਕੱਢਣਾ ।

Digitized by Panjab Digital Library | www.panjabdigilib.org

**ਠਕਾਣਾ,** ਪੁ:—'ਟਿਕਾਣਾ' ਵੇਖੋ ॥

**ਠਕੁਰਾਇਣ,** ਸ:—ਦੇਵੀ, ਠਾਕੁਰ ਦੀ ਇਸਤ੍ਰੀ, ਪਤਵੰਤੀ ॥

**ਠਕੁਰਾਈ,** ਸ:—ਠਾਕਰ ਦੀ ਪਦਵੀ, ਸਰਦਾਰੀ, ਮਾਲਕੀ ਜੋਰਾਵਰੀ। ਜ਼ਬਰਦਸਤੀ ॥

**ਠਕੁਰਾਣਾ,** ਕ੍ਰਿ:—ਟੱਕਰ ਖਾਣੀ, ਸੱਟ ਲਗਾਣੀ॥

**ਠਗ**<br>**ਠੱਗ** } ਪੁ:—ਧੋਖਾ ਦੇ ਕੇ ਮਾਰਨ ਅਤੇ ਲੁੱਟਣ ਵਾਲਾ ॥

**ਠਗਬਾਜ਼ੀ,** ਸ:—ਠੱਗਾਂ ਦਾ ਕੰਮ, ਛਲ, ਧੋਖਾ ॥

**ਠਗ ਵਿੱਦਿਆ,** ਸ:—ਠੱਗਾਂ ਦੀ ਚਲਾਕੀ ॥

**ਠਗਣਾ,** ਪੁ:<br>**ਠਗਣੀ,** ਸ: } ਜੋ ਠੱਗੇ, ਜੋ ਮਨ ਨੂੰ ਮੋਹ ਲਵੇ ॥

**ੱਗਣਾ,** ਕ੍ਰਿ:—ਧੋਖਾ ਦੇਕੇ ਲੁੱਟਣਾ, ਮਨ ਨੂੰ ਮੋਹ ਲੈਣਾ ॥

**ਠਗ ਵਾੜਾ** ਪੁ:—ਠੱਗਣ ਦੀ ਥਾਂ ॥

**ਠਗਾਉਣਾ,** ਕ੍ਰਿ:—ਧੋਖਾ ਦੇਣਾ, ਛਲਣਾ ॥

**ਠਗਾਈ,** ਸ:—ਲੁੱਟ, ਚੋਰੀ, ਛਲ, ਫਰੇਬ (ਖਾਣੀ)॥

**ਠਗੀ**<br>**ਠੱਗੀ** } ਸ:—ਧੋਖਾ ਦੇ ਕੇ ਲੁੱਟਣ ਮਾਰਨ ਦਾ ਕੰਮ ॥

**ਠਗੀਆ**<br>**ਠੱਗੀਆ** } ਪੁ:—ਠੱਗਣ ਵਾਲਾ, ਛਲੀਆ ॥

**ਠਠ,** ਸ:—ਮਹਿਮਾ, ਪ੍ਰਤਾਪ, ਭੀੜ ਭਾੜ, ਬਹੁਤ ਸੂਰਾਂ ਦਾ ਮੇਲ, ਥੰਮ੍ਹ, ਥੈਹ ॥



**ਠਠਣਾ,** ਕ੍ਰਿ:—ਠਹਿਰਾਉਣਾ, ਪੱਕੀ ਸਲਾਹ ਕਰਨੀ।

**ਠਠੰਬਰਨਾ,** ਕ੍ਰਿ:—ਝਿਜਕਣਾ, ਰੁਕਣਾ, ਥਿੜਕਣਾ॥

**ਠਠਰਾਉਣਾ,**<br>**ਠਠਰਾ ਜਾਣਾ** } ਕ੍ਰਿ:—ਸਰਦੀ ਨਾਲ ਸੁੰਨ ਹੋਣਾ, ਕਰੜੇ ਹੋਣਾ।

**ਠੱਠਾ,** ਪੁ:—ਅੱਖਰ 'ਠ' ਦਾ ਨਾਉਂ, ਹਾਸਾ, ਮਖੌਲ (ਕਰਨਾ, ਮਾਰਨਾ)।

**ਠੱਠੇ ਵਿੱਚ ਉਡਾਉਣਾ,** ਕ੍ਰਿ:—ਮਖੌਲ ਨਾਲ ਸ਼ਰਮਿੰਦਾ ਕਰਨਾ ॥

**ਠਠਿਆਰ (ਰਾ),** ਪੁ:—ਧਾਤ ਦੇ ਭਾਂਡੇ ਘੜਨ ਵਾਲਾ ॥

**ਠਠੇਰਾ,** ਪੁ:—ਠਠਿਆਰ ਦਾ ਪੁਤ੍ਰ ॥

**ਠਠੋਲੀ,** ਸ:—ਹਾਸਾ, ਠੱਠਾ, ਮਸ਼ਕਰੀ, ਮਖੌਲ ॥

**ਖੇਲੀ ਠਠੋਲੀ,** ਸ:—ਮੇਹਣਾ, ਝਾੜ (ਕਰਨੀ, ਮਾਰਨੀ) ॥

**ਠੰਡ**<br>**ਠੰਢ** } ਸ:—ਸਰਦੀ, ਪਾਲਾ, ਸੀਤ, ਅਰਾਮ (ਪੈਣੀ)।

**ਠੰਡਕ**<br>**ਠੰਢਕ** } ਸ:—'ਠੰਡ' ਵੇਖੋ ॥

**ਠੱਡਾ,** ਪੁ:—ਕਾਗਤ ਦੇ ਕਨਕਊਏ ਦਾ ਸਿਰਾ, ਰੋਕ ਦਾ ਨਿਸ਼ਾਨ ॥

**ਠੰਡਾ (ਢਾ),** ਪੁ:<br>**ਠੰਡੀ (ਢੀ),** ਸ: } ਸਰਦ, ਸੀਤਲ, ਮੁਰਦਾ, ਚੁੱਪ ਸ਼ਾਂਤ, ਬੁੱਝਾ ਹੋਇਆ ਨਰਮ, ਕ੍ਰੋਧ ਰਹਿਤ ॥

Digitized by Panjab Digital Library | www.panjabdigilib.org

**ਠੰਡਾ ਹੋਣਾ,** ਕ੍ਰਿ:—ਅਰਾਮ ਲੈਣਾ, ਗੁੱਸਾ ਜਾਂਦਾ ਰਹਿਣਾ ॥

**ਠੰਡਾ ਕਰਨਾ,** ਕ੍ਰਿ:—ਅਰਾਮ ਦੇਣਾ, ਬੁਝਾਉਣਾ, ਕ੍ਰੋਧ ਹਟਾਉਣਾ ॥

**ਕਲੇਜਾ ਠੰਡਾ ਹੋਣਾ,** ਕ੍ਰਿ:—ਸੁਖੀ ਹੋਣਾ, ਬਦਲਾ ਲੈ ਚੁਕਣਾ ॥

**ਠੰਡੇ ਸਾਹ,** ਪੁ:—ਹਾਹੁਕੇ (ਭਰਨੇ) ।

**ਠੰਡੇ ਠੰਡੇ,** ਕ੍ਰਿ: ਵਿ: -ਸਵੇਰੇ ਜਾਂ ਤ੍ਰਿਕਾਲਾਂ ਵੇਲੇ (ਜਾ ਠੰਡ ਹੋ ਜਾਏ) ॥

**ਠੰਡਿਆਈ**
**ਠੰਢਿਆਈ** } ਸ:—ਸਰਦਾਈ, ਭੰਗ, ਠੰਡੀ ਦੁਆ (ਪੀਣ ਵਾਲੀ) ॥

**ਠੰਡੀ,** ਸ:—ਮਾਤਾ ਦਾ ਰੋਗ, ਚੀਚਕ, ਸੀਤਲਾ ਦੇ ਦਾਣੇ ।

**ਠਣਕਣਾ,** ਕ੍ਰਿ:—ਛਣ ਛਣ ਦੀ ਅਵਾਜ਼ ਦੇਣੀ ॥

**ਠਣਨਾ,** ਕ੍ਰਿ:—ਸਲਾਹ ਕਰਨੀ, ਮਿਥਣਾ ॥

**ਠਣਾਕਾ,** ਪੁ:—ਛਣ ਛਣ ਦੀ ਅਵਾਜ਼ ॥

**ਠੱਪ ਹੋਣ,** ਸ:—ਕਿਸੇ ਮਾਮਲੇ ਨੂੰ ਠੰਡਾ ਪਾਉਣ ਜਾਂ ਮੋੜਨ ਦਾ ਕੰਮ (ਕਰਨਾ) ।

**ਠੱਪਣਾ,** ਕ੍ਰਿ:—ਠੋਕਣਾ, ਨਿਸ਼ਾਨ ਲਾਉਣਾ, ਛਾਪਣਾ, ਢੱਕਣਾ, ਠੱਪਾ ਲਾਉਣਾ, ਕਿਤਾਬ ਬੰਦ ਕਰਨੀ ॥

**ਠਪਾ,** ਪੁ:—ਅਨਾਜ ਦੇ ਢੇਰ ਉੱਤੇ ਨਿਸ਼ਾਨ ਲਾਉਣ ਵਾਲੀ ਫੱਟੀ ॥

**ਠੱਪਾ,** ਪੁ:—ਨਿਸ਼ਾਨ, ਮਿੱਕਾ, ਸੱਚਾ, ਛਾਪ, (ਲਾਉਣਾ) ॥

**ਠਪਾਉਣਾ,** ਕ੍ਰਿ:—ਠੱਪਣ ਦਾ ਕੰਮ ਕਰਾਉਣ ॥

**ਠਪਾਈ,** ਸ:—ਠੱਪਣ ਦਾ ਕੰਮ ਜਾਂ ਮਜੂਰੀ ॥

**ਠਰ,** ਪੁ:, ਸ:—ਠੰਡ, ਪਾਲਾ, ਕੱਕਰ (ਪੈਣਾ, ਪੈਣੀ) ॥

**ਠਰਕ,** ਪੁ:—ਵੱਢੀ, ਝੱਸ, ਝੂਠੀ ਚਾਹ ॥

**ਠਰਕਣਾ,** ਕ੍ਰਿ:—ਉਸ ਗੱਲ ਦੀ ਚਾਹ ਰੱਖਣੀ ਜੋ ਪੂਰੀ ਨਹੀਂ ਹੋ ਸਕਦੀ, ਘਬਰਾ ਜਾਣਾ ॥

**ਠਰਕੀ,** ਪੁ:—ਜਿਸ ਨੂੰ ਠਰਕ ਹੋ ॥

**ਠਰ ਜਾਣਾ,** ਕ੍ਰਿ:—'ਠਰਨਾ' ਵੇਖੋ ॥

**ਠਰਨ,** ਸ:—ਠੰਡ, ਪਾਲਾ, ਸਰਦੀ ॥

**ਠਰਨਾ,** ਕ੍ਰਿ:—ਠੰਡੇ ਜਾਂ ਸੁੰਨ ਹੋ ਜਾਣਾ, ਹਿੱਲ ਨ ਸੱਕਣਾ ॥

**ਠਰਾਉਣਾ,** ਕ੍ਰਿ: -ਠੰਡਾ ਕਰਨਾ, ਸਰਦੀ ਲਾਉਣੀ, ਠਾਹਰਾਉਣਾ, ਰੋਕਣਾ ॥

**ਠੱਲ੍ਹ,** ਸ:—ਸਹਾਰਾ, ਠਹਿਰਾਉ, ਅਟਕਾਉ; (ਪਾ ਦੇਣੀ, ਪੈਣੀ) ॥

**ਠੱਲ੍ਹ,** ਪੁ:—ਠਲ੍ਹਣ ਵਾਲਾ, ਰੋਕਣ ਦਾ ਠੋਕਣ ਵਾਲਾ ਦਸਤਾ ॥

**ਠਾਂ,** ਸ:—ਬੰਦੂਕ ਜਾਂ ਤੋਪ ਦੀ ਅਵਾਜ਼, ਥਾਂ ॥

**ਠਾਂਸ,** ਸ:—ਧੀਰਜ, ਸੋਭਾ, ਮਹਿਮਾ, ਵਡੱਪਣ ॥

**ਠਾਂਸਣਾ,** ਕ੍ਰਿ:—ਭਰਨਾ, ਤੂੰਨਣਾ, ਠੱਪਣਾ, ਠੋਕਣਾ

**ਠਾਹਰੀ,** ਸ:—ਦੋਵੇਂ ਲੱਤਾਂ ਪਸਾਰਕੇ ਬੈਠਣਾ ॥

**ਠਾਹਰੀ ਲੈਣੀ,** ਕ੍ਰਿ:—ਖੇਡ ਵਿੱਚ ਇੱਕ ਦੂਏ ਦੀ ਪਿੱਠ ਪੁਰ ਚੜ੍ਹਨਾ ॥

Digitized by Panjab Digital Library | www.panjabdigilib.org

**ਠਾਹ ਠਾਹ,** ਪੁ:, ਸ:—ਲੱਕੜੀ ਆਦਿਕ ਦੀ ਸੱਟ ਦੀ ਅਵਾਜ਼ ॥

**ਠਾਹਰ,** ਸ:—ਥਾਂ, ਟਿਕਾਣਾ, ਠੌਰ ॥

**ਠਾਕ,** ਸ:—ਰੋਕ, ਅਟਕਾਉ, ਬਾਧਾ ।

**ਠਾਕਣਾ / ਠਾਕ ਦੇਣਾ,** ਕ੍ਰਿ:—ਰੋਕਣਾ, ਹਟਾਉਣਾ ਹਟਕਣਾ ॥

**ਠਾਕਰ / ਠਾਕੁਰ,** ਪੁ:—ਪਰਮੇਸਰ, ਸੁਆਮੀ, ਪਤਵੰਤਾ, ਸਰਦਾਰ, ਕ੍ਰਿਸ਼ਨ ਦੀ ਮੂਰਤ ।

**ਠਾਕਰ ਦੁਆਰਾ,** ਪੁ:—ਕ੍ਰਿਸ਼ਨ ਦੀ ਮੂਰਤ ਵਾਲਾ ਮੰਦਰ ॥

**ਠਾਠ,** ਸ:—ਲਹਿਰ, ਸਮਿਆਨ, ਸਜ ਧਜ ॥

**ਠਾਠਾ,** ਪੁ:—'ਢਾਟਾ' ਵੇਖੋ ।

**ਠਾਠਾਂ ਮਾਰਨਾ,** ਕ੍ਰਿ:—ਜ਼ੋਰ ਦੀਆਂ ਲਹਿਰਾਂ ਉੱਠਣੀਆਂ ॥

**ਠਾਂ ਠਾਂ ਕਰਨਾ,** ਕ੍ਰਿ: 'ਠੀਂ ਠੀਂ ਕਰਨਾ' ਵੇਖੋ ।

**ਠਾਢਾ,** ਵਿ:—ਸਿੱਧਾ, ਖੜਾ, ਤਕੜਾ ।

**ਠਾਣਨਾ,** ਕ੍ਰਿ:—ਪੱਕੀ ਸਲਾਹ ਕਰਨੀ, ਮਿਥਣਾ ॥

**ਠਾਣਾ,** ਪੁ:—ਪੁਲਸ ਦੀ ਚੌਕੀ, ਪੁਲਸ ਦਾ ਅਫ਼ਸਰ, ਪੁਲਸ ਦੇ ਸਿਪਾਹੀ ॥

**ਠਾਣੇਦਾਰ,** ਪੁ:—ਪੁਲਸ ਦਾ ਇੱਕ ਵੱਡਾ ਅਫ਼ਸਰ ॥

**ਠਾਣੇਦਾਰਨੀ,** ਸ:—ਠਾਣੇਦਾਰ ਦੀ ਵਹੁਟੀ ॥

**ਠਾਣੇਦਾਰੀ,** ਸ:—ਠਾਣੇਦਾਰ ਦਾ ਹੁੱਦਾ ॥

**ਠਾਣੇ ਮੀਰ,** ਪੁ:—ਪੁਲਸ ਦਾ ਹਾਕਮ ।

**ਠਾਣੇ ਠਾਣੇ ਮੀਰ ਹੋ ਬੈਠਣਾ,** ਕ੍ਰਿ:—ਆਪੇ ਹੀ ਵੱਡਾ ਬਣ ਜਾਣਾ, ਮਾਲਕ ਤੋਂ ਆਕੀ ਹੋ ਜਾਣਾ ॥

**ਠਾਰ ਦੇਣਾ / ਠਾਰਨਾ,** ਕ੍ਰਿ:—ਠੰਡਾ ਕਰਨਾ, ਜਮਾਉਣਾ, ਘਬਰਾ ਦੇਣਾ ।

**ਠਿਹਲਣਾ,** ਕ੍ਰਿ:—'ਠੇਹਲਣਾ' ਵੇਖੋ ।

**ਠਿੱਸ,** ਸ:—ਚੰਗੀ ਤਰਾਂ ਨਾ ਚੱਲਣ ਵਾਲੀ, ਬੰਦੂਕ ਦੀ ਅਵਾਜ਼ ।

**ਠਿਸਕ,** ਸ:—ਸ਼ੇਖੀ, ਫੜ (ਮਾਰਨੀ) ॥

**ਠਿਸਕਰੀ,** ਸ:—ਹਾਸਾ, ਠੱਠਾ, ਮਖੌਲ ॥

**ਠਿਸਲਣਾ,** ਕ੍ਰਿ:—ਤਿਲਕਣਾ, ਫਿਸਲਣਾ ॥

**ਠਿਕਾਣਾ,** ਪੁ:—ਥਾਂ, ਠਾਹਰ, ਡੇਰਾ, ਹੱਦ, ਟਿਕਾਉ ॥

**ਠਿਕਾਣੇ ਲੱਗਣਾ,** ਕ੍ਰਿ: ਸਾਂਭਿਆ ਜਾਣਾ, ਮਾਰੇ ਜਾਣਾ ॥

**ਠਿਕਾਣੇ ਲਾਉਣਾ,** ਕ੍ਰਿ:—ਸਾਂਭਣਾ, ਮਾਰ ਸੁੱਟਣਾ, ਬਹੁ [illegible] ਰਖਣਾ ॥

**ਠਿੰਗਣਾ,** ਵਿ:—ਮਧਰਾ, ਛੋਟੇ ਕੱਦ ਦਾ, ਵਾਉਣਾ ॥

**ਠਿੰਗਾ** ਪੁ:—ਸੋਟੀ, ਡੰਡਾ, ਹਥਿਆਰ ॥

**ਠਿੱਠ,** ਵਿ:—ਸ਼ਰਮਿੰਦਾ, ਬਦਨਾਮ (ਹੋਣਾ, ਕਰਨਾ) ॥

**ਠਿਣਕਣਾ,** ਕ੍ਰਿ:—ਰੋਣਾ, ਹਟਕੋਰੇ ਭਰਨਾ ॥

**ਠਿੱਪਰ,** ਪੁ:—ਗੋਂਗਲੂ, ਸ਼ਲਗਮ ॥

**ਠਿੱਪਰਨਾ,** ਕ੍ਰਿ:—ਖਹੁੜ ਖਾਣਾ ॥

Digitized by Panjab Digital Library | www.panjabdigilib.org

**ਠਿੱਬਾ,** ਵਿ:—ਵਿੰਗੇ ਪੈਰ ਵਾਲਾ, ਡ੍ਰੀ ਹੋਈ ਅੱਡੀ ਵਾਲਾ (ਜੁੱਤੀ ਦਾ ਪੈਰ)।

**ਠਿੱਲ੍ਹ,** ਸ:—ਰੋਕ, ਅਟਕਾਉ (ਪਾਉਣੀ, ਪੈਣੀ)।

**ਠਿੱਲ੍ਹਣਾ,** ਕ੍ਰਿ:—ਪਾਣੀ ਵਿੱਚ ਕੁੱਦ ਪੈਣਾ, ਡੁੱਬਣਾ ॥

**ਠੀਂ ਠੀਂ ਕਰਨਾ / ਠੀਂ ਠੀਂ ਲਾਉਣਾ** } ਕ੍ਰਿ:—ਬੰਦੂਕ ਚਲਾਉਣੀ, ਬੰਦੂਕਦੀ ਅਵਾਜ਼ਕਰਨੀ।

**ਠੀਹਮ(ਆ),** ਸ:—ਮਿੱਟੀ ਦਾ ਢਲਾ, ਢੀਮ ॥

**ਠੀਕ,** ਵਿ:—ਪੂਰਾ, ਸੱਚਾ, ਮੁਨਾਸਬ, ਯਥਾਰਥ ਨਾਲ ਮਿਲਦਾ।

**ਠੀਕ ਠਾਕ,** ਕ੍ਰਿ: ਵਿ: } ਬਿਲਕੁਲ ਠੀਕ, ਪੂਰਾ ਪੂਰਾ।

**ਠੀਕ ਠੀਕ,** ਕ੍ਰਿ: ਵਿ: —ਠੀਕ ਤਰਾਂ, ਮੁਨਾਸਬ ਤੌਰ ਪੁਰ ॥

**ਠੀਕਰ (ਰਾ),** ਪੁ:—ਟੁੱਟੇ ਹੋਏ ਮਿੱਟੀ ਦੇ ਭਾਂਡੇ ਦਾ ਟੁਕੜਾ, ਥੱਖਰ ॥

**ਠੀਕਰੀ,** ਸ:—ਟੁੱਟੇ ਹੋਏ ਭਾਂਡੇ ਦਾ ਨਿੱਕਾ ਜੇਹਾ ਟੁਕੜਾ ॥

**ਠੀਂਗਾ,** ਪੁ:—ਸੋਟੀ, ਡੰਡਾ, ਹਥਿਆਰ ॥

**ਠੀਪ,** ਸ:—ਚਾਂਡੀ, ਇੱਕ ਤਰਾਂ ਦਾ ਦੀਵਾ ॥

**ਠੀਪਾ,** ਪੁ:—ਮਿੱਟੀ ਜਾਂ ਲਕੜੀਦੀ ਗੋਲ ਟਿੱਕੀ ਜਿਸ ਨਾਲ ਮੁੰਡੇ ਖੇਡਦੇ ਹਨ। ਠੀਪੇ ਵਰਗੀ ਕੋਈ ਹੋਰ ਸ਼ੈ।

**ਠੀਮ,** ਸ:—ਮਿੱਟੀ ਦਾ ਢਲਾ, ਢੀਮ ॥

**ਠੁੱਸ,** ਸ:—'ਠਿੱਸ' ਵੇਖੋ। ਠਕਾਰੀ ਅਵਾਜ਼।

**ਠੁਮਕਣਾ,** ਕ੍ਰਿ:—ਹਲੀ ਹਲੀ ਰੋਣਾ

**ਠੁਸਾਉਣਾ,** ਕ੍ਰਿ:—ਤੁੰਨ ਕੇ ਭਰਾਉਣਾ, ਬਹੁਤ ਖੁਲਾਉਣਾ।

**ਹ ਠੁਹ ਕਰਨਾ,** ਕ੍ਰਿ:—ਮੇਂਢਿਆਂ ਨੂੰ ਲੜਾਉਣ ਵਾਸਤੇ ਉੱਚੀ ਬੋਲਣਾ ॥

**ਠੁਕ,** ਸ:—ਆਦਰ, ਮਾਨ, ਵਡਿਆਈ।

**ਠੁੱਕ,** ਸ:—ਇਕੱਠ, ਏਕਾ, ਮੇਲ, ਭੀੜ, ਜੋੜ ॥

**ਠੁੱਕ ਬੱਝਣਾ,** ਕ੍ਰਿ:—ਕੰਮ ਰਾਸ ਆਉਣਾ॥

**ਠੁਕਰਾਉਣਾ,** ਕ੍ਰਿ:—ਪੈਰਾਂ ਦੇ ਅੰਗੂਠਿਆਂ ਨਾਲ ਮਾਰਨਾ, ਠੋਕਰ ਲੁਆਉਣੀ।

**ਠੁਕਰਾਈ,** ਸ:—'ਠਕੁਰਾਈ' ਵੇਖੋ।

**ਠੁਕਰਾਏ ਜਾਣਾ,** ਕ੍ਰਿ:—ਠੋਕਰ ਖਾਣੀ, ਕਿਸੇ ਚੀਜ਼ ਨਾਲ ਪੈਰਾਂ ਦੇ ਅੰਗੂਠੇ ਖਹਿਣੇ।

**ਠੁਕਵਾਈ,** ਸ:—ਠੋਕਣ ਦਾ ਕੰਮ ਜਾਂ ਮਜੂਰੀ।

**ਠੁਕਵਾਉਣਾ,** ਕ੍ਰਿ:—ਠੋਕਣ ਦਾ ਕੰਮ ਕਰਾਉਣਾ ॥

**ਠੁਕਾਉਣਾ / ਠੁਕਾਈ** } 'ਠੁਕਵਾਉਣਾ', 'ਠੁਕਵਾਈ' ਵੇਖੋ।

**ਠੁੱਗਾ,** ਵਿ:—ਮੂਰਖ, ਝੱਲ, ਬੁੱਧੂ, ਜੋਹੜਾ, ਤੋਤਾ ਬੋਲਣਾ ਨਾਂ ਸਿੱਖੇ।

**ਠੁੱਠ,** ਪੁ:—ਹੱਥ ਦਾ ਅੰਗੂਠਾ ॥

**ਠੁੱਠ ਵਿਖਾਉਣਾ,** ਕ੍ਰਿ:—ਧਮਕੀ ਦੇਣੀ, ਰੜ ਸਮਝਣਾ, ਨਾਂਹ ਕਰਨੀ ॥

**ਠੁੱਡਾ,** ਪੁ:—ਠੋਕਰ, ਕਲਕਉਣੇ ਦਾ ਸਿਰਾ।

Digitized by Panjab Digital Library | www.panjabdigilib.org

**ਠੁਣਕ,** ਸ:–ਹੌਲੀ ੨ ਰੋਣ ਦੀ ਅਵਾਜ਼ ॥

**ਠੁਣਕਣਾ,** ਕ੍ਰਿ:–ਹੌਲੀ ੨ ਰੋਣਾ, ਹਟਕੋਰੇ ਭਰਨੇ॥

**ਠੁਣਾ,** ਪੁ:–ਬਹਾਨਾ, ਟਾਲ ਮਟੋਲਾ, ਜੁਗਤ (ਦੇਣਾ, ਰੱਖਣਾ)।

**ਠੁਮਕ ਠੁਮਕ,** ਕ੍ਰਿ:ਵਿ:–ਸੋਹਣੀ ਚਾਲ (ਚੱਲਣਾ)

**ਠੁੰਮਕਣਾ**
**ਠੁੰਮਕਣਾ** } ਕ੍ਰਿ:–ਸੋਹਣੀ ਚਾਲ ਨਾਲ ਚੱਲਣਾ।

**ਠੁਮਕਾ,** ਪੁ:–ਸੋਹਣੀ ਚਾਲ, ਸੋਹਣਾ ਨਾਚ।

**ਠੁਮ ਠੁਮ ਕਰਕੇ ਚਲਣਾ**
**ਠੁਮ ਠੁਮ ਚਲਣਾ** } ਕ੍ਰਿ: 'ਠੁੰਮਕਣਾ' ਵੇਖੋ ॥

**ਠੁੰਮ੍ਹਣਾ,** ਪੁ:–ਛੱਤੇ ਆ ਦਰ ਨੂੰ ਟਿਕਾਉਣ ਲਈ ਜੋ ਚੀਜ਼ ਉਸਦੇ ਹੇਠ ਦਿੱਤੀ ਜਾਵੇ ॥

**ਠੁਮਰੀ,** ਪੁ:–ਇੱਕ ਤਰਾਂ ਦਾ ਗੀਤ ॥

**ਠੁਰ ਠੁਰ ਕਰਨਾ,** ਕ੍ਰਿ:–ਠੁਰ ਠੁਰ ਕਰਨਾ, ਪਾਲ ਨਾਲ ਕੰਬਣਾ ॥

**ਠੁਲਾ,** ਪੁ:–ਮੰਡਲੀ ਜਲੋ ॥

**ਠੁੱਲ੍ਹਾ,** ਵਿ:–ਮੋਟਾ ਕਪੜਾ, ਮੋਟਾ ਆਦਮੀ ॥

**ਠੂਸਣਾ,** ਕ੍ਰਿ:–ਭਰਨਾ, ਤੁੰਨਣਾ, ਬਹੁਤ ਖਾਣਾ ॥

**ਠੂਹਾਂ,** ਪੁ:–ਅਠੂਹਾ, ਬਿੱਛੂ ॥

**ਠੂੰਗਣੀ,** ਕ੍ਰਿ:–ਇੱਕ ੨ ਦਾਣਾ ਮੂੰਹ ਵਿਚ ਪਾਉਣਾ, ਚੁੰਝ ਮਾਰਨੀ, ਢਲੀ ਵਿਚੋਂ ਦਾਣੇ ਚੁਗਣੇ।

**ਠੂੰਗਾ,** ਪੁ:–ਚੁੰਝ ਮਾਰਨ ਦਾ ਕੰਮ (ਮਾਰਨਾ), ਠੂੰਗਣ ਵਾਲਾ, ਘੱਟ ਤੋਲਣਾ ॥



**ਠੂੰਗੇ ਮਾਰ,** ਪੁ:–ਘੱਟ ਤੋਲਣ ਵਾਲਾ ॥

**ਠੂਠਾ,** ਪੁ:–ਮਿੱਟੀ ਦਾ ਪਿਆਲਾ ॥

**ਹਥ ਠੂਠਾ ਦੇਸ ਮੋਕਲਾ,** ਸ:–ਮੰਗਣ ਵਾਲੇ ਨੂੰ ਮੰਗਣ ਲਈ ਬਥੇਰੀਆਂ ਜਗਾਂ ਹਨ॥

**ਠੂਠੀ,** ਸ:–ਨਿੱਕਾ ਠੂਠਾ, ਸ਼ਰਾਬ ਦੀ ਪਿਆਲੀ, ਅੱਧਾ ਖੋਪਾ॥

**ਠੇਹਲਣਾ,** ਕ੍ਰਿ:–ਪਾਣੀ ਵਿੱਚ ਸੁੱਟਣਾ, ਡੋਬਣਾ ਜਾਂ ਲੰਘਾਉਣਾ। ਦੇਚਕੇ ਵਿੱਚ ਬਹੁਤ ਪਾਣੀ ਪਾ ਦੇਣਾ।

**ਠੇਪਣਾ,** ਪੁ:ਕ੍ਰਿ:–ਨੱਦਾ ਕਰਨਾ, ਛਾਪਣਾ, ਠੱਪਾ ਲਾਉਣਾ।

**ਠੇਕਾ,** ਪੁ:–ਕਿਰਾਇਆ, ਭਾੜਾ, ਇਜਾਰਾ, ਠਹਿਰਾਇਆ ਹੋਇਆ ਮੁੱਲ, ਨਗਾਰਾ ਵਜਾਉਣ ਦਾ ਇੱਕ ਢੰਗ।

**ਠੇਕੀ,** ਸ: ਅਨਾਜ ਰੱਖਣ ਵਾਲੀ ਬਾਂਸ ਜਾਂ ਤੱਪੜ ਦੀ ਕੋਠੀ, ਰੋਤੇ ਮਿਣਨ ਵਾਲਾ ਟੋਕਰਾ॥

**ਠੇਕੇਦਾਰ,** ਪੁ:–ਠੇਕੇ ਤੇ ਕੰਮ ਕਰਨ ਵਾਲਾ ॥

**ਠੇਠ,** ਵਿ:–ਸਾਫ਼, ਜਿਸ ਬੋਲੀ ਵਿੱਚ ਰਲਾ ਨਾ ਹੋਵੇ ॥

**ਠੇਠਰ,** ਵਿ:–ਤਬਾਹ, ਲਾਲਚੀ ॥

**ਠੇਡਾ,** ਪੁ:–ਪੈਰ ਦੀ ਸੱਟ, ਠੋਕਰ (ਖਾਣਾ, ਮਾਰਨਾ, ਲਾਉਣਾ) ॥

**ਠੇਲ੍ਹਾ,** ਪੁ:–ਰੇਲ ਦੀ ਸੜਕ ਉੱਤੇ ਧੱਕ ਕੇ ਚਲਾਉਣ ਵਾਲੀ ਛੋਟੀ ਗੱਡੀ ॥

**ਠੈਂ,** ਸ:–ਤੋਪ ਜਾ ਬੰਦੂਕ ਦੀ ਅਵਾਜ਼ ॥

**ਠੇਈਂ,** ਵਿ:–ਪੂਰਾ ਹਫਿਆ ਹੋਇਆ ॥

Digitized by Panjab Digital Library / www.panjabdigilib.org

**ਠੌਸਾ,** ਪ:—ਠੁੱਠ ਵਿਖਾਉਣਾ ॥

**ਠੋਕ ਵਜਾਕੇ ਵੇਖਣਾ,** ਕ੍ਰਿ:—ਚੰਗੀ ਤਰ੍ਹਾਂ ਪਰਖਣਾ

**ਠੋਕਣਾ,** ਕ੍ਰਿ:—ਸੱਟ ਮਾਰਨੀ, ਕੁੱਟਣਾ, ਖੋਭਣਾ ॥

**ਠੋਕਰ, ਠੋਕੁਰ,** ਸ:—ਸੱਟ, ਟੱਕਰ, ਧੱਕਾ, ਕਿਸੇ ਚੀਜ਼ ਨਾਲ ਪੈਰ ਦਾ ਟਕਰਾਉਣਾ (ਮਾਰਨੀ ਲਾਉਣੀ) ਅਗਲਾ ਹਿੱਸਾ ॥

**ਠੋਕਰ ਖਾਣੀ,** ਕ੍ਰਿ:—ਨੁਕਸਾਨ ਹੋ ਜਾਣਾ ॥

**ਠੋਕਾ, ਠੋਕਾ ਸਿੰਘ,** ਪੁ:—ਸਿੱਖ ਤਰਖਾਣ ॥

**ਠੋਠ,** ਵਿ:—ਅੱਲ੍ਹੜ, ਅਣਜਾਣ, ਅਲਪਗ੍ਯ, ਮੂਰਖ ।

**ਠੋਡੀ,** ਸ:—ਚੇਹਰੇ ਦਾ ਹੇਠਲਾ ਹਿੱਸਾ (ਮੂੰਹ ਦੇ ਥੱਲੇ) ।

**ਠੋਰਨਾ,** ਕ੍ਰਿ:—ਬੁਰੀ ਪਰਾਲਬਧ ਦੱਸਣ ਵਾਸਤੇ ਮੱਥੇ ਨੂੰ ਉਂਗਲੀਆਂ ਮਾਰਨੀਆਂ, ਭਾਂਡਾ ਆਦਿਕ ਖੜਕਾਕੇ ਪਰਖਣਾ ॥

**ਠੌਂਕਾ,** ਪੁ:—'ਢੋਕਾ' ਵੇਖੋ ॥

**ਠੌਰ,** ਸ:—ਥਾਂ, ਟਿਕਾਣਾ, ਡੇਰਾ ॥

## ਡ

**ਡ,** ਪੁ:—ਡੱਡਾ, ਗੁਰਮੁਖੀ ਪੈਂਤੀ ਦਾ ਅਠਾਈਵਾਂ ਅੱਖਰ ॥

**ਡਊ,** ਵਿ:, ਪੁ:—ਮੂਰਖ, ਬੁੱਧੂ, ਅਹਮਕ ॥

**ਡਸ,** ਪੁ:—ਸੱਪ ਆਦਿਕ ਦਾ ਡੰਗ ॥

**ਡਸ ਜਾਣਾ, ਡਸਣਾ,** ਕ੍ਰਿ:—ਡੰਗ ਮਾਰਨਾ, ਸੱਪ ਆਦਿਕ ਦਾ ਲੜਨਾ ॥

**ਡਹੱਕ,** ਸ: ਸਿਰ ਜਾਂ ਅੱਖ ਵਿੱਚ ਚੁੱਭਵੀਂ ਪੀੜ, ਤਰਾਟ ॥

**ਡਹਕਣਾ,** ਕ੍ਰਿ:—ਬਲਣਾ, ਸੜਨਾ ॥

**ਡਹਕਾਉਣਾ,** ਕ੍ਰਿ:—ਜਲਾਉਣਾ, ਸੜਵਾਉਣਾ ॥

**ਡਹਾ,** ਪੁ:—ਡੰਗਰਾਂ ਨੂੰ ਨੱਸ ਜਾਣ ਤੋਂ ਰੋਕਣ ਲਈ ਗਲ ਵਿੱਚ ਬੱਧੀ ਹੋਈ ਸੋਟੀ, ਹਿੰਦੂਆਂ ਵਿੱਚ ਕਿਸੇ ਦੇ ਮਰਨ ਪਿੱਛੋਂ ਦਸਵੇਂ ਦਿਨ ਦਾ ਸਿਆਪਾ ॥

**ਡਹਾਉਣਾ,** ਕ੍ਰਿ:—ਡਾਹਣ ਦਾ ਕੰਮ ਕਰਾਉਣਾ, ਡਾਹਣ ਦੇਣਾ ॥

**ਡਹਾਈ,** ਸ: ਡਾਹੁਣ ਦੀ ਮਜੂਰੀ।

**ਡਹਿਣਾ,** ਕ੍ਰਿ:—ਕੰਮ ਵਿਚ ਦਿਲ ਦੇ ਕੇ ਲੱਗ ਜਾਣਾ ਜੁੱਟਣਾ, ਕੰਮ ਛੇੜਨਾ, ਲੜਨ ਲੱਗਣਾ, ਵਿਛਣ, (ਮੰਜਾ ਆਦਿਕ) ॥

**ਡਹਿਲ,** ਪੁ:—ਡਰ, ਭੌ, ਧੌਂਸ (ਕਰਨਾ, ਖਾਣਾ, ਜਾਣਾ) ॥

**ਡਹਿਲਣਾ,** ਕ੍ਰਿ:—ਡਰਨਾ ॥

**ਡੱਕ,** ਪੁ:—ਰੋਕ, ਅਟਕਾਉ, ਮੂਲੀ ਆਦਿਕ ਦਾ ਟੋਟਾ ਜਿਸਨੂੰ ਮੋਂਗਰਿਆਂ ਲਈ ਲਾਈਦਾ ਹੈ।

**ਡੰਕ,** ਪੁ:—ਸੱਪ ਆਦਿਕ ਦਾ ਡੰਗ, ਲੋਹੇ ਦੀ ਕਲਮ ਜਾਂ ਚੁੰਝ ॥

**ਡਕ ਡਕ,** ਵਿ:—ਕੰਢਿਆਂ ਤੱਕ ਭਰਿਆ ਹੋਇਆ (ਭਾਂਡਾ) ॥

Digitized by Panjab Digital Library | www.panjabdigilib.org

**ਡਕ ਡਕ ਹੋਣਾ / ਡਕ ਡਕ ਕਰਨਾ**, ਕ੍ਰਿ:—ਕੰਢਿਆਂ ਤੋਂ ਵਗਣਾ ਭਾਵੀ ਸਿਰ ਪੀੜ ਹੋਣੀ, ਮਗਜ਼ ਕਮਜ਼ੋਰ ਹੋਣਾ ।

**ਡੱਕਣਾ**, ਕ੍ਰਿ:—ਰੋਕਣਾ, ਅਟਕਾਉਣਾ, ਥੰਮ੍ਹਣਾ, ਬਾੜ ਕਰਨੀ ॥

**ਡੱਕਰਾ**, ਪੁ:—ਟੋਟਾ, ਟੁਕੜਾ॥ ਵਿ:—ਸ਼ੋਖ਼, ਸ਼ਰਾਰਤੀ ॥

**ਡਕਰਾਉਣਾ**, ਕ੍ਰਿ:—ਡਕਾਰ ਲੈਣੇ, ਉਲਟੀ ਕਰਨੀ ਡਕਾਂ ਮਾਰਨੀਆਂ, ਬਲਦ ਆਦਿਕ ਦਾ ਬੋਲਣਾ, ਪੀੜ ਨਾਲ ਚੀਕਣਾ ॥

**ਡੱਕਾ**, ਪੁ:—ਤਾਰ, ਰੋਕ, ਡੰਡਾ ( ਛੋਟਾ ), ਖਜੂਰ ਦੀ ਛੜੀ ।

**ਡੰਕਾ**, ਪੁ:—ਢੋਲ, ਧੌਂਸਾ, ਨਗਾਰਾ, ਢੰਡੋਰਾ ।

**ਡੰਕੇ ਦੀ ਚੋਟ**, ਸ:—ਢੰਡੋਰਾ, ਜੋ ਗੱਲ ਸਭ ਨੂੰ ਦੱਸੀ ਜਾਵੇ ॥

**ਡਕਾ ਡਕ / ਡਕਾਡੀਕ**, ਵਿ:—'ਡਕ ਡਕ' ਵੇਖੋ ॥

**ਡਕਾਰ**, ਸ:- ਮੂੰਹ ਰਾਹੀਂ ਜ਼ੋਰ ਨਾਲ ਨਿਕਲੀ ਹੋਈ ਵਾਉ ਦੀ ਅਵਾਜ਼, ਗਰਜ, ਬੋਲ (ਲੈਣਾ) ।

**ਡਕਾਰਨਾ**, ਕ੍ਰਿ:—ਡਕਾਰ ਲੈਣਾ, ਗਾਜਣਾ, ਪਰਾਇਆ ਮਾਲ ਖਾ ਜਾਣਾ, ਨਿਗਲਣਾ, ਸ਼ੇਖ਼ੀ ਮਾਰਨੀ ॥

**ਡੱਕੋ ਡੋਲ ਖਾਣਾ**, ਕ੍ਰਿ:—ਧੱਕੇ ਫਿਰਨਾ, ਕੋਈ ਆਸਰਾ ਨਾਂ ਹੋਣਾ ॥

**ਡਕੌਤ / ਡਕੌਂਤ**, ਪੁ:—ਜੋਤਸ਼ ਦਾਨ ਲੈਣ ਵਾਲੇ ਬ੍ਰਾਹਮਣ ॥

**ਡਕੌਤਣੀ / ਡਕੌਂਤਣੀ**, ਸ:—ਡਕੌਤ ਜਾਤ ਦੀ ਤ੍ਰੀਮਤ ॥

**ਡਗ**, ਵਿ:—ਬੇਸ਼ਕਲ, ਬੇਡੌਲ, ਸਿੱਧ ਪੱਧਰਾ ॥

**ਡੰਗ**, ਪੁ:—ਡੇਮੂੰ, ਅਠੂੰਏਂ ਸੱਪ ਆਦਿਕ ਦਾ ਕਿਸੇ ਨੂੰ ਵੱਢਣਾ ( ਮਾਰਨਾ ) । ਰੋਟੀ ਖਾਣ ਆਦਿਕ ਦੀ ਵਾਰੀ ਜਾਂ ਵੇਲਾ ॥

**ਡੰਗ ਫੈਲਾਉਣਾ**, ਕ੍ਰਿ:—ਅੰਦਰੋਂ ਵੈਰ ਕਰਨਾ ਅਤੇ ਬਾਹਰੋਂ ਸੱਜਣ ਬਣੇ ਰਹਿਣਾ ॥

**ਡਗਡਗਾਉਣਾ**, ਕ੍ਰਿ:—ਹਿਲਣਾ, ਡੋਲਣਾ, ਟਿਕਣਾ ਨਾਂ, ॥

**ਡਗ ਡਗੀ**, ਸ:—ਢੋਲ ਵੱਜਣ ਦੀ ਅਵਾਜ਼ ॥

**ਡੰਗਣਾ**, ਕ੍ਰਿ:—ਡੰਗ ਮਾਰਨਾ, ਡਸਣਾ ॥

**ਡਗਮਗ**, ਵਿ:—ਜੋ ਹਿੱਲੇ, ਜੋ ਟਿਕੇ ਨਾਂ, ਡੋਲਣ ਵਾਲਾ ।

**ਡਗਮਗਾਉਣਾ**, ਕ੍ਰਿ:—ਹਿਲਣਾ, ਕੰਬਣਾ, ਡੋਲਣਾ ।

**ਡਗਮਗਾਟ**, ਸ:—ਹਿਲ ਜੁਲ, ਡੋਲ, ਕੰਬਣੀ ॥

**ਡੰਗਰ**, ਪੁ:—ਢੋਰ, ਗਊ, ਮੈਂਹ, ਮੂਰਖ ਆਦਮੀ ॥

**ਡੰਗਵਾਉਣਾ**, ਕ੍ਰਿ:—ਡੰਗ ਮਰਵਾਉਣਾ ॥

**ਡੱਗਾ**, ਪੁ:—ਢੋਲ ਵਜਾਉਣ ਵਾਲੀ ਲੱਕੜੀ ॥

**ਡੱਗਾ ਮਾਰਨਾ / ਡੱਗਾ ਲਾਉਣਾ**, ਕ੍ਰਿ:—ਢੋਲ ਵਜਾਉਣਾ ॥

**ਇੱਕੋ ਡੱਗੇ ਪਿੰਡ ਮੰਗਣਾ**, ਕ੍ਰਿ:—ਥੋੜ੍ਹੇ ਕੰਮ ਜ਼ਿੰਮੇਵਾਰੀ ਕਰਨ ਦਾ ਅਣਹੋਣਾ ਕੰਮ ਕਰਨਾ॥

Digitized by Panjab Digital Library | www.panjabdigilib.org

**ਡੰਗਾ,** ਪੁਃ—ਰੰਗਣ ਤੋਂ ਪਹਿਲੇ ਜੋ ਚੀਜ਼ ਕਪੜੇ ਆਦਿਕ ਪੁਰ ਮਲੀ ਜਾਵੇ, ਪੱਥਰ ਦਾ ਥਲ੍ਹਾ ਜਿਸ ਦੇ ਵਿਚਕਾਰ ਮਿੱਟੀ ਹਵੇ ।

**ਡੱਗੀ,** ਸਃ ਮੋਢੇ ਉੱਤੇ ਚੁਕੀ ਹੋਈ ਚੀਜ਼ (ਦੁਆਲੇ ਪਾਉਣੀ) ॥

**ਡੰਗੋਰੀ,** ਸਃ—ਨਿੱਕੀ ਡਾਂਗ, ਲਾਠੀ, ਸੋਟੀ ॥

**ਡੰਝ,** ਸਃ—ਲਗਾਤਾਰ ਜੋ ਤੇਹ ਲੱਗੇ, ਥੁੜ ॥

**ਡੰਝ ਭੁੱਖ,** ਸਃ ਭੁੱਖ, ਪਿਆਸ, ਥੁੜ, ਲੜ।

**ਡਟਕੇ ਖਾਣਾ,** ਕ੍ਰਿਃ—ਰੱਜਕੇ ਜਾਂ ਤ੍ਰਿੰਨ ਕੇ ਖਾਣਾ।

**ਡਟ ਜਾਣਾ**
**ਡਟਣਾ** } ਕ੍ਰਿਃ—ਠਹਿਰਨਾ, ਖੜੇ ਰਹਿਣਾ, ਪੱਕਾ ਰਹਿਣਾ ।

**ਡੱਟਾ,** ਵਿਃ—ਮੋਟਾ, ਤਕੜਾ, ਮੂਰਖ ਆਦਮੀ ॥
ਪੁਃ—ਕਾਗ, ਡਾਟ, ਬੋਤਲ ਦਾ ਢੱਕਣ, ਦਖਲ ਦੇਣ ਵਾਲਾ ।

**ਡੱਠਣਾ,** ਕ੍ਰਿਃ—ਘੁਲਣ ਲੱਗਣਾ, (ਮੰਜਾ, ਰਹਿਣਾ।

**ਡੱਠਲ,** ਪੁਃ—ਛੋਲਿਆਂ ਦਾ ਛਿੱਲੜ ॥

**ਡੱਡ,** ਸਃ—ਡੱਡੂ ਦੀ ਮਦੀਨ, ਬਾਲਾਂ ਨੂੰ ਪਿਆਰ ਨਾਲ ਬੁਲਾਉਣ ਦਾ ਸ਼ਬਦ ।

**ਡੰਡ,** ਸਃ—ਸਜ਼ਾ, ਡੰਨ, ਚੱਟੀ (ਦੇਣਾ, ਭਰਨਾ ਲੈਣਾ) ਨੁਕਸਾਨ, ਰੌਲਾ (ਪਾਉਣੀ) ॥
ਇੱਕ ਕਸਰਤ ਦਾ ਨਾਉਂ (ਕਾਢ), ਇੱਕ ਨਰ੍ਹਾਂ ਦਾ ਵਿਸ਼ਰਾਮ (ਕੱਢਣੇ, ਪੇਲਣੇ) ॥

**ਡੱਡਰਾ,** ਵਿਃ—ਕੁਝ ਕੁਝ ਪੱਕਾ ਹੋਇਆ (ਫਲ) ॥

**ਡੱਡਾ,** ਪੁਃ—ੜ ਅੱਖਰ ਦਾ ਨਾਂ
ਆਦਿਕ ਦਾ ਮਿਲਣ ਸਣੇ ਵਾਲਾ ॥

**ਡੰਡਾ,** ਪੁਃ—ਸੋਟਾ, ਡਾਂਗ, ਮੋਟੀ ਛਮੀ ॥

**ਡੰਡਾ ਥੋਹਰ,** ਸਃ—ਲੰਮੀ ਥੋਹਰ ਜਿਸ ਦਾ ਦੁੱਧ ਦੁਆ ਵਾਕਰ ਵਰਤਦੇ ਹਨ ॥

**ਡੰਡੇ ਵਜਾਉਣੇ,** ਕ੍ਰਿਃ—ਸੁਥਰਿਆਂ ਦਾ ਡੰਡੇ ਵਜਾ ਕੇ ਹੱਟੀ ਹੱਟੀ ਮੰਗਦੇ ਫਿਰਨਾ ॥

**ਡਰਿਆਉਣਾ,** ਕ੍ਰਿਃ—ਡਰ ਨਾਲ ਚੀਕਣਾ, ਸਹਿਮ ਜਾਣਾ ।

**ਡੰਡੀ,** ਸਃ—ਮੁੱਠਾ, ਤੱਕੜੀ ਦੀ ਸੋਟੀ, ਕੰਨ ਦਾ ਗਹਿਣਾ, ਸਿੱਧਾ ਭੀੜਾ ਰਾਹ, ਡਾਲੀ, ਫਲਾਂ ਆਦਿਕਾਂ ਦੇ ਸਿਰੇ ਦਾ ਡੱਖਾ ॥
ਪੁਃ—ਡੰਡਾ ਰੱਖਣ ਵਾਲਾ ਸਾਧੂ ॥

**ਡੰਡੀਆ,** ਪੁਃ—ਮੰਡੀ ਦੀ ਦਸਤੂਰੀ ਦੀ ਉਗਰਾਹੀ, ਪੱਕਾ ਡੰਡਾ, ਇਕ ਤਰਾਂ ਦਾ ਜਨਾਨਾ ਦੁਪੱਟਾ ॥

**ਡੱਡੂ,** ਪੁਃ—ਪਾਣੀ ਵਿੱਚ ਰਹਿਣ ਵਾਲਾ ਇੱਕ ਜਨੌਰ ॥

**ਡੱਡੋਰਿੱਕਾ,** ਵਿਃ—ਸਹਿਮਿਆ ਹੋਇਆ, ਘਾਬਰਿਆ ਹੋਇਆ (ਬਾਲ) ॥

**ਡੰਡੌਤ,** ਪੁਃ—ਲੰਮੇ ਪੈਕੇ ਮੱਥਾ ਟੇਕਣਾ (ਕਰਨਾ) ॥

**ਡੰਨ,** ਪੁਃ—ਸਜ਼ਾ, ਜਰੀਮਾਨਾ, ਚੱਟੀ ॥

**ਡੰਨਣਾ,** ਕ੍ਰਿਃ—ਜਰੀਮਾਨਾ ਕਰਨਾ, ਸਜ਼ਾ ਦੇਣੀ ॥

**ਡਪਟ,** ਸਃ—ਕੁੱਦ, ਦੌੜ, ਸ਼ਾਨ ਸ਼ੌਕ, ਝਿੜਕੀ ॥

**ਡਪਟ ਦੇਣਾ,** ਕ੍ਰਿਃ—(ਘੋੜੇ ਨੂੰ) ਦੁੜਾਉਣਾ, ਝਿੜਕਣਾ ।

**ਡਪਟਣਾ,** ਕ੍ਰਿਃ ਕੁੱਦਣਾ, ਦੌੜਨਾ, ਝਿੜਕਣਾ ।

Digitized by Panjab Digital Library | www.panjabdigilib.org

**ਡਪਟਾਉਣਾ,** ਕ੍ਰਿ:—ਦੁੜਾਉਣਾ।

**ਡੱਫ,** ਸ:—ਚੰਮ ਨਾਲ ਮੜ੍ਹਿਆ ਹੋਇਆ ਇੱਕ ਵਾਜਾ॥

**ਡੱਫ ਲੈਣਾ,** ਕ੍ਰਿ:—'ਡੱਫਣਾ' ਵੇਖੋ॥

**ਡੱਫਣਾ,** ਕ੍ਰਿ:—ਬਹੁਤ ਖਾਣਾ ਪੀਣਾ॥

**ਡਫਲਾ,** ਪੁ:—ਇੱਕ ਤਰ੍ਹਾਂ ਦੀ ਡੱਫ॥

**ਡਫਲੀ,** ਸ:—ਨਿੱਕਾ ਡਫਲਾ॥

**ਡਫਲੀ ਵੱਜਣੀ,** ਕ੍ਰਿ:—ਲੜਾਈ ਝਗੜਾ ਪੈਣਾ।

**ਡਫਾਲਣ,** ਸ:<br>**ਡਫਾਲੀ,**<br>**ਡਫਾਲੀਆ,** ਪੁ: } ਜਿਸ ਦਾ ਕੰਮ ਡੱਫ ਵਜਾਉਣਾ ਹੈ॥

**ਡੱਬ,** ਪੁ:—ਦਾਗ,ਨਿਸ਼ਾਨ। ਸ:-ਤੜਾਗੀ,ਖੀਸਾ॥

**ਡੱਬ ਕੜੱਬਾ**<br>**ਡੱਬ ਖੜੱਬਾ** } ਵਿ:—ਦਾਗਾਂ ਵਾਲਾ,ਰੰਗ ਬਰੰਗਾ, ਕਾਲਾ ਤੇ ਚਿੱਟਾ॥

**ਡਬਡਬਾਉਣਾ,** ਕ੍ਰਿ:—(ਅੱਖਾਂ ਵਿੱਚ) ਹੰਝੂ ਭਰ ਆਉਣੇ॥

**ਡਬਰੂ,** ਪੁ:—'ਡਮਰੂ' ਵੇਖੋ॥

**ਡਬਲ**<br>[illegible] } ਵਿ:—ਦੂਣਾ, ਵੱਡਾ, ਮੋਟਾ, ਪੱਕਾ॥

**ਡੱਬਲ ਪੈਸਾ,** ਪੁ:—(ਵੱਡਾ) ਅੰਗ੍ਰੇਜ਼ੀ ਪੈਸਾ।

**ਡੱਬਲ ਰੁਪਯਾ,** ਪੁ:—(ਵੱਡਾ) ਅੰਗ੍ਰੇਜ਼ੀ ਰੁਪਯਾ॥

**ਡਬਲ ਰੋਟੀ,** ਸ:—ਇੱਕ ਤਰ੍ਹਾਂ ਦੀ ਮੋਟੀ ਖਮੀਰੀ ਰੋਟੀ॥

**ਡੰਬਲ,** ਪੁ:—ਇੱਕ ਤਰ੍ਹਾਂ ਦਾ ਛੋਟਾ ਮੁਗਦਰ।

**ਡੱਬਾ,** ਪੁ:—ਇੱਕ ਤਰਾਂ ਦੀ ਸੰਦੂਕੜੀ, ਕੁੱਪਾ, ਡਬਖੜੱਬਾ ਸਾਹਨ॥

ਵਿ:—ਡੱਬ ਖੜੱਬਾ, ਵਿੰਗਾ, ਟੇਢਾ॥

**ਡੱਬੀ,** ਸ:—ਛੋਟਾ ਡੱਬਾ॥

ਵਿ:—ਡੱਬ ਖੜੱਬੀ, ਵਿੰਗੀ, ਟੇਢੀ॥

**ਡੱਬੀਆਂ ਮਾਰਨੀਆਂ,** ਕ੍ਰਿ:—ਲਾਂਵਾਂ ਉੱਤੇ ਬੈਠੇ ਹੋਏ ਲਾੜੇ ਦੀ ਪਿੱਠ ਵਿਚ ਸਾਲੀਆਂ ਦਾ ਡੱਬੀਆਂ ਮਾਰਨਾ॥

**ਡੱਬੂ,** ਪੁ:—ਡੱਬ ਖੜੱਬਾ ਕੁੱਤਾ, ਮੋਟਾ ਆਦਮੀ॥

**ਡਬੋਣਾ,** ਕ੍ਰਿ:—ਡੋਬਣਾ, ਉਜਾੜਨਾ, ਨਲੈਕ ਨੂੰ ਧੀ ਦੇ ਦੇਣੀ॥

**ਨਾਂ ਡਬੋਣਾ,** ਕ੍ਰਿ:—ਬਦਨਾਮੀ ਵਾਲਾ ਕੰਮ ਕਰਨਾ।

**ਡਬੋਲੀਆ,** ਪੁ:—ਖੂਹ ਜਾਂ ਸਮੁੰਦਰ ਵਿੱਚ ਡੁੱਬੀ ਮਾਰਨ ਵਾਲਾ॥

**ਡੰਭ,** ਪੁ:—ਵਿਖਾਵਾ, ਫਰੇਬ, ਪਖੰਡ, ਮਕਰ (ਧਾਰਨਾ), ਸੜਨ ਦਾ ਦਾਗ।

**ਡੰਭ ਦੇਣਾ**<br>**ਡੰਭ ਲਾਉਣਾ** } ਕ੍ਰਿ:—ਸਾੜਨਾ, ਦਾਗਣਾ, ਬਾਲਣਾ॥

**ਡੰਭਣਾ,** ਕ੍ਰਿ:—ਸਾੜਨਾ, ਬਾਲਣਾ, ਦਾਗਣਾ॥

**ਡੰਮ੍ਹ**<br>**ਡੰਮ੍ਹਣਾ** } 'ਡੰਭ', ਡੰਭਣਾ' ਵੇਖੋ

Digitized by Panjab Digital Library / www.panjabdigilib.org

**ਡਮਣੀ,** ਵਿ:—ਇੱਕ ਤਰ੍ਹਾਂ ਦਾ ਸਾਫ ਚਮਕਦਾਰ ਕਾਗਜ਼ ॥

**ਡਮਰੂ,** ਪੁ:—ਇੱਕ ਤਰਾਂ ਦੀ ਬਹੁਤ ਛੋਟੀ ਢੋਲਕ ॥

**ਡਮਾਕ,** ਪੁ:—'ਦਮਾਗ' ਵੇਖੋ ॥

**ਡਰ,** ਪੁ:—ਭੌ, ਖੌਫ, ਸਹਿਮ (ਜਾਣਾ, ਦੇਣਾ, ਪਾਉਣਾ) ॥

**ਡਰਨਾ,** ਕ੍ਰਿ:—ਮਨ ਵਿੱਚ ਡਰ ਹੋਣਾ, ਖੌਫ ਖਾਣਾ, ਝੱਕਣਾ ॥

**ਡਰਪੋਕ,** ਵਿ:—'ਡਰਾਕਲ' ਵੇਖੋ ॥

**ਡਰਵੇਕਣਾ, ਡਰਵਲੀਆ** } ਪੁ:—ਜੋ ਛੇਤੀ ਡਰ ਜਾਏ, ਡਰਾਕਲ ।

**ਡਰਾਉਣਾ,** ਕ੍ਰਿ:—ਡਰ ਦੇਣਾ ॥
ਵਿ:—ਜਿਸ ਤੋਂ ਡਰ ਆਵੇ ॥

**ਡਰਾਊ,** ਵਿ:—ਡਰਾਉਣ ਵਾਲਾ, ਭਯਾਨਕ ॥

**ਡ੍ਰਾਇੰਗ,** ਪੁ:—ਤਸਵੀਰ ਜਾਂ ਨਕਸ਼ੇ ਖਿੱਚਣ ਦਾ ਹੁਨਰ ॥

**ਡ੍ਰਾਇੰਗ ਪੇਪਰ,** ਪੁ:—ਜਿਸ ਕਾਗਜ਼ ਉੱਤੇ ਡ੍ਰਾਇੰਗ ਕਰਦੇ ਹਨ ।

**ਡਰਾਕ, ਡਰਾਕਲ, ਡਰਾਕਾ** } ਵਿ:—ਜੋ ਛੇਤੀ ਡਰ ਜਾਵੇ ॥

**ਡ੍ਰਾਮ,** ਪੁ:—ਦਵਾਈਆਂ ਮਿਣਨ ਦਾ ਇੱਕ ਨਾਪ, ਘੁੱਟ ਕੁ ॥

**ਡ੍ਰਾਮਾ,** ਪੁ:—ਨਾਟਕ, ਖੇਲ, ਤਮਾਸ਼ਾ ॥

**ਡਰਾਵਾ,** ਪੁ:—ਡਰ, ਧਮਕੀ, ਧੌਂਸ ॥

**ਡਰਿਲ, ਡ੍ਰਿਲ** } ਸ:—ਕਵਾਇਦ ॥

**ਡਰੂ,** ਵਿ:—ਜੋ ਛੇਤੀ ਡਰ ਜਾਵੇ ॥

**ਡਰੇਕ,** ਸ:—ਇੱਕ ਰੁੱਖ, ਬਕਾਇਣ ॥

**ਡਲ,** ਪੁ:—ਤੁਲਸੀ ਦਾ ਪੌਦਾ, ਮੁਰਦਾਈ, ਛੱਪੜ ਦੀ ਨਰਦ, ਪਾਣੀ ਦੀ ਤਹਿ ॥

**ਡੱਲ,** ਸ:—ਟੋਕਰੀ, ਲਹਿਰ ॥

**ਡਲ੍ਹਕ,** ਸ:—ਚਮਕ, ਲਿਸ਼ਕ ॥

**ਡਲ੍ਹਕਣਾ,** ਕ੍ਰਿ:—ਚਮਕਣਾ, ਲਿਸ਼ਕਣਾ (ਮੋਤੀ ਵਾਕਰ) ॥

**ਡਲ੍ਹਕੀ,** ਸ:—ਅੱਖਾਂ ਵਿੱਚ ਪਾਣੀ ਭਰੇ ਰਹਿਣ ਦਾ ਰੋਗ ॥

**ਡਲ੍ਹਕਾਉਣਾ,** ਕ੍ਰਿ:—ਚਮਕਾਉਣਾ, ਲਿਸ਼ਕਾਉਣਾ ॥

**ਡਲਾ,** ਪੁ:—ਮਿੱਟੀ ਦੀ ਢੀਮ, ਟੁਕੜਾ, ਠਿੱਕਰ ॥

**ਡਲੀ,** ਸ:—ਛੋਟਾ ਡਲਾ

**ਡਾਉਣ,** ਸ:—'ਦਾਉਣ' ਵੇਖੋ ॥

**ਡਾਉਲਾ,** ਪੁ:—ਨਿਆਰੀਆ, ਸੋਨਾ ਤਾਰਨ ਵਾਲਾ ॥

**ਡਾਇਣ,** ਸ:—ਚੁੜੇਲ, ਟੂਣਹੀ, ਕਲੇਜਾ ਕੱਢਣ ਵਾਲੀ, ਭੈੜੀ ਨਜ਼ਰ ਵਾਲੀ, ਕੋਝੀ ਬੁੱਢੀ ਤੀਮਤ ॥

**ਡਾਇਰੈਕਟਰ,** ਪੁ:—ਹਦਾਇਤ ਦੇਣ ਵਾਲਾ, ਜੋ ਦੇਖ ਭਾਲ ਕਰ ॥

Digitized by Panjab Digital Library / www.panjabdigilib.org

**ਡਾਇਰੀ,** ਸਃ—'ਰੋਜ਼ ਨਾਮਚਾ' ਵੇਖੋ ॥

**ਡਾਸਾ,** ਪੁਃ—ਵੱਛੇ ਦਾ ਗੋਹਾ ॥

**ਡਾਹ,** ਪੁਃ—ਸਾੜ੍ਹਾ, ਵੈਰ, ਖਾਰ, ਖਲੇਰਾ ॥

**ਡਾਹ ਦੇਣਾ,** ਕ੍ਰਿਃ—ਵੜਿਆ ਜਾਣਾ, ਕਾਬੂ ਆਉਣਾ ।

**ਡਾਹਣਾ / ਡਾਹੁਣਾ** } ਕ੍ਰਿਃ ਵਿਛਾਉਣਾ, ਖਲੇਰਨਾ ਪਸ਼ੂ ਨੂੰ ਪਾਣੀ ਪਿਆਲਣਾ, ਅੱਗੇ ਲਾਉਣਾ ॥

**ਡਾਹਾ,** ਪੁਃ—ਪਸੂਆਂ ਦੇ ਗਲ ਦੀ ਸੋਟੀ ।

**ਡਾਕ / ਡਾਂਕ** } ਸਃ—ਚਿੱਠੀਆਂ ਪਾਉਣ ਦੀ ਥਾਂ ਚਿੱਠੀਆਂ ਦਾ ਸੰਦੂਕ, ਘੋੜੇ ਜਾਂ ਪਾਲਕੀ ਦੀ ਚੌਕੀ, ਛੇਤੀ ਚੱਲਣ ਵਾਲੀ ਰੇਲ, ਖਤ ਪੱਤ੍ਰ, ਇਕ ਥਾਂ ਤੋਂ ਦੂਜੀ ਥਾਂ ਚਿੱਠੀਆਂ ਆਦਿਕ ਪੁਚਾਉਣ ਵਾਲਾ ਮਹਿਕਮਾ ।

**ਡਾਕ ਖਾਨਾ,** ਪੁਃ—'ਡਾਕ ਘਰ' ਵੇਖੋ ।

**ਡਾਕ ਗੱਡੀ,** ਸਃ—ਡਾਕ ਲੈ ਜਾਣ ਵਾਲੀ ਰੇਲ ਗੱਡੀ ॥

**ਡਾਕ ਘਰ,** ਪੁਃ—ਜਿੱਥੇ ਚਿੱਠੀਆਂ ਆਦਿਕ ਜਮਾ ਹੋ ਕੇ ਵੰਡੀਂਦੀਆਂ ਹਨ ॥

**ਡਾਕ ਚੌਕੀ,** ਸਃ—ਡਾਕ ਦੇ ਘੋੜੇ ਆਦਿਕਾਂ ਦਾ ਅੱਡਾ ॥

**ਡਾਕਟਰ / ਡਾਕਦਾਰ** } ਪੁਃ—ਅੰਗ੍ਰੇਜ਼ੀ ਢੰਗ ਨਾਲ ਇਲਾਜ ਕਰਨ ਵਾਲਾ ਹਕੀਮ ॥

**ਡਾਕਟਰੀ / ਡਾਕਦਾਰੀ** } ਸਃ ਡਾਕਦਾਰ ਦਾ ਕੰਮ, ਹਕੀਮੀ ।

**ਡਾਕ ਬੰਗਲਾ,** ਪੁਃ—ਦੌਰੇ ਚੜ੍ਹੇ ਹੋਏ ਸਾਹਿਬ ਲੋਕਾਂ ਦੇ ਉਤਰਨ ਦਾ ਸਰਕਾਰੀ ਮਕਾਨ ॥

**ਡਾਕ ਲੱਗਣਾ,** ਕ੍ਰਿਃ—ਡਾਕ ਦਾ ਕੰਮ ਤੁਰਨਾ ।

**ਡਾਕ ਲਗਾਉਣਾ,** ਕ੍ਰਿਃ—ਡਾਕ ਕਾਇਮ ਕਰਨੀ ॥

**ਡਾਕਣ,** ਸਃ—ਡਾਇਣ, ਚੁੜੇਲ, ਜਾਦੂਗਰਨੀ ॥

**ਡਾਕਣਾ,** ਕ੍ਰਿਃ—ਉਲਟੀ ਕਰਨੀ, ਕੈ ਕਰਨੀ ।

**ਡਾਕਣੀ,** ਸਃ—'ਡਾਇਣ' ਵੇਖੋ ॥

**ਡਾਕਾ / ਡਾੱਕਾ** } ਪੁਃ—ਧਾੜਾ, ਲੁੱਟ, ਲੁਟੇਰਿਆਂ ਦੀ ਮੰਡਲੀ ॥

**ਡਾਕਾ ਪੈਣਾ,** ਕ੍ਰਿਃ—ਲੁਟੇਰਿਆਂ ਦਾ ਲੁੱਟਣ ਨੂੰ ਆ ਜਾਣਾ ।

**ਡਾਕਾ ਮਾਰਨਾ,** ਕ੍ਰਿਃ—ਲੁੱਟ ਮਾਰ ਕਰਨੀ ॥

**ਡਾਕੀ,** ਸਃ—ਉੱਪਰਛਲ, ਉਲਟੀ, ਕੈ ॥

**ਡਾਕੀਆ / ਡਾਂਕੀਆ** } ਪੁਃ—ਲੋਕਾਂ ਨੂੰ ਡਾਕ ਪੁਚਾਉਣ ਵਾਲਾ ॥

**ਡਾਕੂ / ਡਾਕੂ** } ਪੁਃ—ਡਾਕਾ ਮਾਰਨ ਵਾਲਾ, ਲੁਟੇਰਾ ॥

**ਡਾਂਗ,** ਸਃ—ਲੰਮੀ ਸੋਟੀ, ਵੰਝ ( ਮਾਰਨੀ ) ।

**ਡਾਂਗਰ,** ਪੁਃ—ਲੰਮੀ ਕਲਬ, ਵਡਾਲਕ ॥

**ਡਾਂਗਰੀ / ਡਾਂਗਰੂ** } ਪੁਃ—ਡੰਗਰਾਂ ਵਿਚ ਰਹਿਣ ਵਾਲਾ, ਅਹਿਮਕ ॥

Digitized by Panjab Digital Library | www.panjabdigilib.org

**ਡਾਂਗੋ ਡਾਂਗੀ,** ਕ੍ਰਿ:, ਵਿ: ਡਾਂਗਾਂ ਨਾਲ (ਲੜਨਾ) ।

**ਡਾਚੀ,** ਸ:—ਪਹਿਲੀ ਵਾਰ ਸੂਣ ਵਾਲੀ ਊਠਣੀ ।

**ਡਾਂਜ**
**ਡਾਂਝ** } 'ਡੰਝ' ਵੇਖੋ ।

**ਡਾਟ,** ਪੁ:—ਬੋਤਲ ਦਾ ਢੱਕਣ (ਡੱਟਾ) ॥
ਸ:—ਕਮਾਨ ਦੀ ਸ਼ਕਲ ਦੀ ਉਸਾਰੀ (ਲਾਉਣਾ) ।

**ਡਾਟਣਾ,** ਕ੍ਰਿ:—ਰੋਕਣਾ, ਅਟਕਾਉਣਾ, ਤੁੰਨਣਾ ॥

**ਡਾਡ,** ਸ:—ਚੀਕ, ਕੂਕ (ਨਿਕਲ ਜਾਣੀ, ਮਾਰਨੀ) ।

**ਡਾਢ,** ਸ:—ਦਿਲ ਦੀ ਪਕਿਆਈ ॥

**ਡਾਢਾ,** ਪੁ:
**ਡਾਢੀ,** ਸ: } ਜ਼ਬਰਦਸਤ, ਜ਼ੋਰਾਵਰ, ਜੋ ਧੱਕਾ ਕਰੇ, ਬਹੁਤ ਚੰਗਾ ॥

**ਡਾਮਾਂ ਡੋਲ,** ਵਿ:—'ਡਾਵਾਂ ਡੋਲ' ਵੇਖੋ ।

**ਡਾਰ,** ਸ:—ਪੰਖੇਰੂਆਂ ਜਾਂ ਪਸ਼ੂਆਂ ਦੀ ਕਤਾਰ ॥

**ਡਾਲ,** ਸ:—ਟਹਿਣੀ, ਉਲਾਦ ॥

**ਡਾਲਾ,** ਪੁ:—ਵੱਡੀ ਡਾਲ, ਟਹਿਣਾ ॥

**ਡਾਲਾ,** ਪੁ:—ਇੱਕ ਚਾਂਦੀ ਦਾ ਸਿੱਕਾ (ਜਿਹੜਾ ਦੋ ਰੁਪਯਾਂ ਦੀ ਕੀਮਤ ਦਾ) ॥

**ਡਾਲੀ,** ਸ:—ਟਹਿਣੀ, ਫਲਾਂ ਜਾਂ ਭਾਜੀਆਂ ਦੀ ਟੋਕਰੀ ਜੋ ਕਿਸੇ ਦੀ ਨਜ਼ਰ ਕੀਤੀ ਜਾਵੇ ॥

**ਡਾਵਾਂ ਡੋਲ,** ਵਿ:—ਆਤਰ, ਅਵਾਰਾ, ਅਨਾਥ ।

**ਡਾੜ੍ਹੀ,** ਸ:—ਮਰਦ ਦੀ ਠੋਡੀ ਦੇ ਵਾਲ ॥

**ਡਿਉਢ,** ਵਿ:—ਇੱਕ ਉੱਤੇ ਅੱਧਾ ਹੋਣਾ, ਇੱਕ ਦੂਣਾ ॥

**ਡਿਉਢਾ,** ਵਿ:—ਇੱਕ ਉੱਤੇ ਅੱਧਾ ॥

**ਡਿਸਟ,** ਸ:—ਨਜ਼ਰ, ਦਰਸ਼ਨ, ਅੱਖ ॥

**ਡਸਟ ਕੂਟ,** ਸ:—ਖੁਸ਼ਾਰਤ ॥

**ਡਿਸਮਿਸ,** ਵਿ:—ਮੁਕੱਦਮਾ ਖਾਰਜ, ਨੌਕਰੀ ਤੋਂ ਹਟਾਇਆ ਜਾਣਾ (ਹੋਣਾ) ॥

**ਡਿਹਰਾ,** ਪੁ:—ਮੰਦਰ, ਗੁਰ ਦੁਆਰਾ, ਸਮਾਧ ॥

**ਡਿਹਲਣਾ,** ਕ੍ਰਿ:—ਕੰਨ ਵਿੱਚੋਂ ਪਾਕ ਵਗਣੀ ॥

**ਡਿਹਾੜੀ,** ਸ:—ਦਿਨ, ਦਿਨ ਦੀ ਮਜੂਰੀ ॥

**ਡਿਕਡੋਲਾ,** ਪੁ:—ਧੱਕੇ ਗੱਡੀ ਦਾ ਹੋਆ, ਹੁਲਾਰਾ ॥

**ਡਿਕਾਨੂ,** —[illegible] ॥

**ਡਿੱਕੋ ਡੋਲੇ,** ਪੁ: (ਬਹੁ: ਬ:)—ਹੋਰੇ, 'ਡੱਕੋ ਡੋਲਾ' ਵੇਖੋ (ਖਾਣੇ) ॥

**ਡਿੰਗ,** ਪੁ:—ਵਿੰਗ, ਕੁੱਬ ॥

**ਡਿੰਗ ਵਲਿੰਗਾ,** ਵਿ:—ਡਿੰਗਾ, ਵਿੰਗਾ, ਉੱਚਾ ਨੀਵਾਂ ॥

**ਡਿੱਗਣਾ**
**ਡਿੱਗ ਪੈਣਾ** } ਕ੍ਰਿ:—ਢਹਿਣਾ, ਕਿਰਨਾ, ਪੁਲਣ ਵਿਚ ਪਿਠ ਲਗ ਜਾਣੀ, ਹਾਰਨਾ, ਤੰਗ ਲੱਗਣਾ ॥

**ਡਿੰਗਾ,** ਵਿ:—ਵਿੰਗਾ, ਟੇਢਾ, ਟੇਢਾ ॥

**ਡਿੱਗਣਾ ਢਹਿਣਾ,** ਕ੍ਰਿ:—ਠੋਕਰਾਂ ਖਾਣੀਆਂ ਤੇ ਡਿਗਣਾ ॥

Digitized by Panjab Digital Library | www.panjabdigilib.org

**ਡਿਗਰੀ,** ਸ:—ਕਰਜ਼ਾ ਸਾਬਤ ਹੋਣ ਦਾ ਸਰਕਾਰੀ ਫ਼ੈਸਲਾ ( ਹੋਣੀ ) ॥

**ਡਿਗਵਾਉਣਾ**
**ਡਿਗਾਉਣਾ** } ਕ੍ਰਿ: ਡਿਗਣ ਦੇਣਾ, ਢਾਹੁਣਾ, ਸੁਟਵਾਉਣਾ ।

**ਡਿੰਘ,** ਸ:—ਪੈਰ, ਕਦਮ, ਉਲਾਂਘ ॥

**ਡਿੰਘ ਪੁੱਟਣੀ ( ਪੱਟਣੀ )**
**ਡਿੰਗ ਭਰਣੀ** } ਕ੍ਰਿ:—ਛੇਤੀ ੨ ਟੁਰਨਾ ।

**ਡਿੰਝ,** ਸ:—ਤ੍ਰੇਹ, ਪਿਆਸ, ਭਿੱਜ ॥

**ਡਿੱਠਾ,** ਕ੍ਰਿ:—ਦਿੱਸਿਆ ਹੋਯਾ, ਵੇਖਿਆ ॥

**ਡਿਡ,** ਸ:—'ਤ੍ਰੇਡ' ਵੇਖੋ ॥

**ਡਿਪਟੀ**
**ਡਿਬਟੀ** } ਪੁ:—ਨੈਬ, ਛੋਟਾ ਹਾਕਮ ॥

**ਡਿਪਟੀ ਕਮਿਸ਼ਨਰ**
**ਡਿਬਟੀ ਕਮਿਸ਼ਨਰ** } ਪੁ:—ਜ਼ਿਲੇ ਦਾ ਸਭ ਤੋਂ ਵੱਡਾ ਹਾਕਮ ।

**ਡਿੱਪੋ,** ਸ:—ਜਿੱਥੇ ਵਿਕਾਊ ਮਾਲ ਜਮਾਂ ਰਹੇ, ਗੁਦਾਮ ॥

**ਡਿਬ ਡਿਬੀ,** ਸ:—ਇੱਕ ਤਰ੍ਹਾਂ ਦਾ ਛੋਟਾ ਤੰਬੂਰਾ ॥

**ਡਿੱਬਾ**
**ਡਿੱਬੀ** } 'ਡੱਬਾ, ਡੱਬੀ' ਵੇਖੋ ॥

**ਡਿਮਰਜਾ,** ਪੁ:—ਰੇਲ ਦੀ ਰਾਹੀਂ ਆਏ ਹੋਏ ਮਾਲ ਦੇ ਸਟੇਸ਼ਨ ਪੁਰ ਰੁਕੇ ਰਹਿਣ ਦਾ ਭਾੜਾ ॥

**ਡਿੰਡ,** ਪੁ:—'ਢਿੱਡ' ਵੇਖੋ ॥

**ਡਿਵੀਜ਼ਨ,** ਪੁ:—ਸੂਬੇ ਦਾ ਹਿੱਸਾ ਜਿਸ ਵਿੱਚ ਕਈ ਜ਼ਿਲੇ ਹੋਣ ॥

**ਡਿਵੀਜ਼ਨਲ ਜੱਜ,** ਪੁ:—ਡਿਵੀਜ਼ਨ ਦਾ ਸਭ ਤੋਂ ਵੱਡਾ ਅਦਾਲਤੀ ਹਾਕਮ ॥

**ਡੀਓ ਡੀਓ,** ਵਿਸਮਯ:—ਮੋਰ ਦੇ ਸੱਦਣ ਦੀ ਅਵਾਜ਼ ॥

**ਡੀਕ,** ਸ:—ਇੱਕੋ ਸਾਹੇ ਕੋਈ ਚੀਜ਼ ਪੀਣੀ ( ਲਾਉਣੀ ) ॥

**ਡੀਲ,** ਪੁ:—ਕੱਦ, ਸਰੀਰ, ਜੁੱਸਾ ॥

**ਡੀਲ ਡੌਲ,** ਪੁ:—ਸ਼ਕਲ ਸੂਰਤ ॥

**ਡੀਲਾ,** ਪੁ:—ਇੱਕ ਰੁੱਖ ਜਿਸ ਦੀ ਲਕੜੀ ਦੀਆਂ ਖੜਾਵਾਂ ਬਣਦੀਆਂ ਹਨ ॥

**ਡੀਵਾ,** ਪੁ:—ਦੀਵਾ, ਚਰਾਗ ॥

**ਡੁੱਸ,** ਸ:—ਸੋਭਾ, ਸੁਹੱਪਣ, ਲੁੱਸ, ਝਾਲ ॥

**ਡੁਸਕਣਾ,** ਕ੍ਰਿ:—ਹਾਉਕੇ ਭਰਨੇ, ਸੁੜਕਣਾ ॥

**ਡੁਸਾਂ,** ਸ:—ਖੁੰਬਾਂ ਵਰਗੀ ਇੱਕ ਭਾਜੀ ॥

**ਡੁਚਲਣਾ,** ਕ੍ਰਿ:—'ਡੋਲ੍ਹਣਾ' ਵੇਖੋ ॥

**ਡੁੱਕ,** ਪੁ:—ਮੁੱਕਾ, ਘਸੁੰਨ ॥
**ਡੁਗਡੁਗੀ,** ਸ:—ਇੱਕ ਤਰਾਂ ਦੀ ਛੋਟੀ ਢੋਲਕੀ ॥

**ਡੂੰਗਰ,** ਪੁ:—ਡੋਗਰਿਆਂ ਦਾ ਦੇਸ, ਜੰਮੂ ਦਾ ਇਲਾਕਾ ॥

**ਡੂੰਗਣਾ (ਣੀ),** ਕ੍ਰਿ:—ਅਨਾਜ ਦੀਆਂ ਛੱਲੀਆਂ ਕੱਠੀਆਂ ਕਰਨੀਆਂ, ਛਿੱਲੜ ਲਾਹੁਣਾ ॥

Digitized by Panjab Digital Library | www.panjabdigilib.org

**ਡੁੰਗਵਾਉਣਾ,** ਕ੍ਰਿ:—ਅਨਾਜ ਕੱਠਾ ਕਰਾਉਣਾ ॥

**ਡੁੰਗਵਾਈ,** ਸ:—ਡੁੰਗਵਾਉਣ ਦਾ ਕੰਮ ਜਾਂ ਮਜ਼ੂਰੀ ॥

**ਡੁੰਗਾਉਣਾ / ਡੁੰਗਾਈ** } 'ਡੁੰਗਵਾਉਣਾ, ਡੁੰਗਵਾਈ' ਵੇਖੋ ।

**ਡੁੱਘ,** ਪੁ: —ਸੋਟੀ ਦਾ ਮੋਟਾ ਸਿਰਾ ।

**ਡੂੰਘਿਆਈ / ਡੂੰਘਾਣ** } ਸ: —ਜਿੰਨੀ ਡੂੰਘੀ ਕੋਈ ਚੀਜ਼ ਹੋਵੇ ॥

**ਡੂੰਗਣਾ,** ਕ੍ਰਿ:—ਨੰਬਰਦਾਰਾਂ ਦੀ ਰਾਹੀਂ ਦਾਣਾ ਇਕੱਠਾ ਕਰਾਉਣਾ ।

**ਡੁੱਡ,** ਪੁ:, ਸ:—ਛੋਕ, ਖੁੱਤ, ਪੈਰਾਂ ਦਾ ਵਿੰਗ ॥

**ਡੁੰਡ,** ਪੁ:—ਜਿਸ ਸਰੀਰ ਦਾ ਸਿਰ ਨਾ ਹੋਵੇ, ਜਿਸ ਰੁੱਖ ਦੀਆਂ ਟਹਿਣੀਆਂ ਅਤੇ ਟੀਸੀ ਨਾ ਹੋਵੇ ॥

**ਡੁੱਡਾ,** ਵਿ:—ਵਿੰਗੇ ਪੈਰਾਂ ਵਾਲਾ ।

**ਡੁੰਨ,** ਵਿ:—ਬੇਅਕਲ, ਬੁੱਧੂ, ਚੁੱਪ ਗੁੱਪ ॥

**ਡੁਪੱਟਾ,** ਪੁ: -ਉੱਪਰ ਲੈਣ ਵਾਲਾ ਇੱਕ ਕਪੜਾ ।

**ਡੁੱਬ,** ਪੁ:—ਡੁਬਕੀ, ਟੁੱਭੀ (ਡੁੱਬਜਾਣਾ = ਡੁੱਬਣਾ) ॥

**ਡੁੱਬ ਮਰਨਾ,** ਕ੍ਰਿ: —ਡੁੱਬ ਕੇ ਮਰਨਾ, ਸ਼ਰਮਿੰਦੇ ਹੋਣਾ ।

**ਡੁਬਕ ਡੁਬਕ ਕਰਨਾ,** ਕ੍ਰਿ:—ਉਤਾਂਹ ਹਿਠਾਂਹ ਹੋਣਾ, ਅੱਖਾਂ ਵਿੱਚ ਹੰਝੂ ਭਰ ਆਉਣੇ ॥

**ਡੁਬਕੀ,** ਸ:—ਟੁੱਭੀ, ਗੋਤਾ ॥

**ਡੁੱਬਣਾ,** ਕ੍ਰਿ:—ਪਾਣੀ ਆਦਿਕ ਦੇ ਥੱਲੇ ਚਲੇ ਜਾਣਾ, ਗ਼ਰਕਣਾ, ਸੂਰਜ ਦਾ ਛਿਪ ਜਾਣਾ, ਧਿਆਨ ਵਿੱਚ ਲੱਗਣਾ, ਤਬਾਹ ਹੋਣਾ, ਨਿਰਾਧਰੀ ਹੋਣੀ ॥

**ਡੁਬਾਉ,** ਪੁ: —ਡੁੱਬਣ ਦਾ ਕੰਮ ।

**ਡੁਬਾਉਣਾ,** ਕ੍ਰਿ:—ਡੋਬਣਾ, ਗ਼ਰਕ ਕਰਾਉਣਾ ॥

**ਡੁਬਾਊ,** ਵਿ:—ਜੋ ਡੁੱਬਣ ਵਾਲਾ ਹੋਵੇ, ਭਾਰਾ, ਬਹੁਤ ਡੂੰਘਾ, ਜਿਸ ਵਿੱਚ ਸਾਰਾ ਸਰੀਰ ਡੁੱਬ ਜਾਵੇ ॥ ਪੁ:—ਡੁੱਬਣ ਵਾਲਾ ॥

**ਡੁਬੋਣਾ / ਡੁਬੋਲੀਆ** } 'ਡਬੋਣਾ, ਡਬੋਲੀਆ' ਵੇਖੋ ।

**ਡੂੰਤ,** ਪੁ:—ਨਦੀ ਜਾਂ ਛੰਭ ਵਿੱਚ ਡੂੰਘੀ ਥਾਂ ॥

**ਡੁਡਕ ਡੁਡਕ ਕਰਨਾ,** ਕ੍ਰਿ:—ਚਮਕਣਾ, ਹਿਠਾਂਹ ਉਤਾਂਹ ਹੋਣਾ ॥

**ਡੁਡਕਾ,** ਪੁ: / **ਡੁਡਕੀ,** ਸ: } ਖੂਹ ਵਿੱਚੋਂ ਸੱਜਰਾ ਕੱਢਿਆ ਹੋਇਆ ਪਾਣੀ, ਟੁੱਭੀ, ਗੋਤਾ ॥

**ਡੂੰਹ,** ਪੁ:—'ਡੂੰਡ' ਵੇਖੋ ॥

**ਡੁੱਲਣਾ,** ਕ੍ਰਿ:—ਹਿੱਲਣਾ, ਡੋਲਣਾ, ਉਦਾਸ ਹੋਣਾ, ਓਦਰਨਾ ।

**ਡੁੱਲ੍ਹਣਾ,** ਕ੍ਰਿ:—ਰੁੜ੍ਹਨਾ, ਵਹਿਣਾ, ਖਿੱਲਰਨਾ, ਰੋਣਾ, ਪਸਨਾ ॥

**ਡੁਲ੍ਹਵਾਉਣਾ / ਡੁਲ੍ਹਾਉਣਾ,** } ਕ੍ਰਿ: —ਵਹਾਉਣਾ, ਖਿੰਡਾਉਣਾ ।

Digitized by Panjab Digital Library / www.panjabdigilib.org

**ਡੁਲਾਉਣਾ,** ਕ੍ਰਿ:—ਹਿਲਾਉਣਾ, ਉਦਾਸ ਕਰਨਾ, ਦਿਲ ਢਾਹੁਣਾ ॥

**ਡੂੰਸ,** ਸ:—ਬਦਬੋ, ਸੜ੍ਹਾਂਦ ( ਡੂੰਸ ਆਉਣੀ, ਡੂੰਸ ਨਿਕਲ ਜਾਣੀਆਂ ) ।

**ਡੂੰਘ,** ਸ:—ਡੂੰਘੇ ਹੋਣ ਦਾ ਗੁਣ ।

**ਡੂੰਘਰ,** ਪੁ:—ਰਸਤਾ, ਸੜਕ, ਰਾਹ ॥

**ਡੂੰਘਾ,** ਵਿ:—ਜਿਸ ਦੀ ਥਾਹ ਬਹੁਤ ਨੀਵੀਂ ਹੋਵੇ ।

**ਡੂੰਘਾਈ**<br>**ਡੂੰਘਿਆਈ** } ਸ:—ਜਿੰਨੀ ਡੂੰਘੀ ਕੋਈ ਚੀਜ਼ ਹੋਵੇ ।

**ਡੂਢ,** ਵਿ:—ਇਕ ਉੱਤੇ ਅੱਧਾ, ਡੇਢ ॥

**ਡੂਢਾ,** ਵਿ:—ਜਿਸ ਨਾਲ ਅੱਧਾ ਜੋੜਿਆ ਜਾਵੇ, ਡੇਢਾ ॥

**ਡੂਢੀ,** ਵਿ:— ਇੱਕ ਉੱਤੇ ਅੱਧੀ,

**ਡੂਢੀ ਕਰਨੀ**<br>**ਡੂਢੀ ਲਾਉਣੀ** } ਕ੍ਰਿ:—ਅੱਧਾ ਹਿੱਸਾ ਨਾਲ ਲਾ ਦੇਣਾ, ਪੰਜਾਹ ਸੈਂਕੜਾ ਬਿਆਜ ਲੈਣਾ

**ਡੂਨਾ**<br>**ਡੂਨਾਂ** } ਪੁ:—ਪਤ੍ਰਾਂ ਦਾ ਕੌਲ, ਡੋਨਾ ।

**ਡੂਮ,** ਪੁ:<br>**ਡੂਮਣੀ,** ਸ: } ਮੁਸਲਮਾਨ ਰਾਗੀ, ਮਿਰਾਸੀ, (ਮਰਾਸਣ) ॥

**ਡੂਮ ਡਰਾਵਾ,** ਪੁ:—ਝੂਠੀ ਧਮਕੀ, ਧੌਂਸ ।

**ਡੂਮਣਾ,** ਪੁ:—ਇਕ ਤਰ੍ਹਾਂ ਦੀ ਸ਼ਹਿਦ ਦੀ ਮੱਖੀ, ਛੱਤਰੀਆਂ ਬਣਾਉਣ ਵਾਲੀ ਇੱਕ ਜਾਤ ਦੇ ਲਕ ।

**ਡੂਮੜਾ,** ਪੁ: ਡੂਮ ਦਾ ਮੁੰਡਾ

**ਡੇਉਢ,** ਸ: ਅਧਾ ਵਧਾਉਣਾ, ਗੁੱਸਾ ਚਾੜ੍ਹਨ ਲਗੀ ਗੱਲ ਵਧਾ ਕੇ ਕਰਨੀ, ਸਤਾਰ ਦੀਆਂ ਹੋਠਲੀਆਂ ਤਾਰਾਂ ( ਲਾਉਣੀ ) ।

**ਡੇਉਢਾ**<br>**ਡੇਉਢ੍ਹਾ** } ਵਿ:—ਜਿਸ ਵਿੱਚ ਅੱਧਾ ਹੋਰ ਮਿਲ ਜਾਵੇ ।

ਪੁ:—ਕੋਈ ਗਲ ਜਿਸ ਕਰਕੇ ਭਲਵਾਨੀ ਸਿੱਖਣ ਵਾਲਿਆਂ ਜਾਂ ਲੜਨ ਵਾਲੇ ਜਨੌਰਾਂ ਦਾ ਹੌਸਲਾ ਵਧੇ ॥

**ਡੇਉਢੀ**<br>**ਡੇਉਢ੍ਹੀ** } ਸ:—ਘਰ ਦੇ ਅੰਦਰਲੀ, ਸਭ ਤੋਂ ਪਹਿਲੀ ਥਾਂ, ਦਲ੍ਹੀਜ ॥

**ਡੇਹਮੂ,** ਪੁ:—ਭੂੰਡ, ਇੱਕ ਡੰਗ ਮਾਰਨ ਵਾਲਾ ਕੀੜਾ, ਜੋ ਉਡਦਾ ਹੈ

**ਡੇਹਰਾ,** ਪੁ:—'ਦੇਹਰਾ' ਵੇਖੋ ।

**ਡੇਕ,** ਪੁ:—ਇੱਕ ਰੁੱਖ, ਧ੍ਰੇਕ, ਬਕਾਇਣ ॥

**ਡੇਗਣਾ,** ਕ੍ਰਿ:—ਢਾਹੁਣਾ, ਸੁੱਟਣਾ, ਮਾਰਨਾ ਪਾਉਣਾ ।

**ਡੇਢ,** ਵਿ:—ਇਕ ਉੱਤੇ ਅੱਧਾ, ਡੂਢ ॥

**ਡੇਢ ਗਤ,** ਸ:—ਇਕ ਤਰ੍ਹਾਂ ਦਾ ਨਾਚ ॥

**ਡੇਢ ਪਾ ਖਿਚੜੀ ਅਲਗ ਪਕਾਉਣਾ,** ਕ੍ਰਿ:— ਸਭ ਤੋਂ ਵੱਖਰਾ ਕੰਮ ਕੁਝ ਕਰਨਾ ॥

**ਡੇਢਾ,** ਵਿ:—ਡੂਢਾ, ਜਿਸ ਨਾਲ ਅੱਧਾ ਹੋਰ ਜੋੜਿਆ ਜਾਵੇ ॥

**ਡੇਂਭੂ**<br>**ਡੇਭੂ** } ਪੁ:—'ਡੇਹਮੂ' ਵੇਖੋ ॥

**ਡੇਰ (ਗੀ),** 'ਦੇਰ' ਵੇਖੋ ॥

Digitized by Panjab Digital Library | www.panjabdigilib.org

**ਡੇਰਾ,** ਪੁ:—ਥੋੜਾ ਚਿਰ ਰਹਿਣ ਦੀ ਥਾਂ, ਤੰਬੂ, ਤੰਬੂ ਦਾ ਸਮਿਆਨ, ਮਰਦਾਂ ਦਾ ਘਰ, ਸਾਧੂਆਂ ਦੀ ਜਗਾ

**ਡੇਰਾ ਕਰਨਾ**
**ਡੇਰਾ ਜਮਾਉਣਾ**
**ਡੇਰਾ ਪਾਉਣਾ** } ਕ੍ਰਿ:—ਉਤਰਨਾ, ਅਟਕਣਾ, ਠਹਰਨਾ।

**ਡੇਰਾ ਖੜਾ ਕਰਨਾ**
**ਡੇਰਾ ਲਗਾਉਣਾ**
**ਡੇਰਾ ਲਾਉੱਣਾ** } ਕ੍ਰਿ: ਤੰਬੂ ਗੱਡਣਾ, ਬਹੁਤ ਚਿਰ ਪਕੇਰੇ ਕਰਕੇ ਰਹਿਣਾ, ਦਿੱਲ ਲਾਉਣੀ॥

**ਡੇਲਣ,** ਵਿ:—ਵੱਡੇ ਡੇਲੇ ਵਾਲਾ, ਕੋਝਾ।

**ਡੇਲਾ (ਡੇੱਲਾ)**
**ਡੇਲਾ** } ਪੁ:—ਅੱਖ ਦਾ ਆਂਡਾ, ਕਰੀਰ ਦਾ ਫਲ।

**ਡੇਹਣਾ,** ਕ੍ਰਿ: 'ਡਾਹੁਣਾ' ਵੇਖੋ।

**ਡੈਹਾ,** ਪੁ:—ਪਸੂਆਂ ਦੇ ਗਲਾਂ ਦੀ ਲੰਮੀ ਲਕੜੀ।

**ਡੈਸਕ**
**ਡੈਕਸ** } ਸ:—ਲਿਖਣ ਵਾਲੀ ਸਲਾਮੀਦਾਰ ਮੇਜ।

**ਡੈਣ,** ਸ:—'ਡਾਇਣ' ਵੇਖੋ

**ਡੈਂਬਰ ਜਾਣਾ**
**ਡੈਂਬਰਨਾ** } ਕ੍ਰਿ: ਹਰਾਨ ਹੋ ਜਾਣਾ, ਘਾਬਰ ਜਾਣਾ।

**ਡੋਈ,** ਸ:—ਲਕੜੀ ਦੀ ਛੋਟੀ ਕੜਛੀ, ਗੁੜ ਦਾ ਬਹੁਤ ਪਤਲਾ ਕੜਾਹ।

**ਡੋਹਕਾ,** ਪੁ:—ਖਜੂਰ ਦਾ ਕੱਚਾ ਫਲ॥

**ਡੋਹਲਣਾ,** ਕ੍ਰਿ:—ਰੋੜ੍ਹਨਾ, ਵਗਾਉਣਾ, ਵੀਟਣਾ, ਖਲੇਰਨਾ।

**ਢੋਹਾ,** ਪੁ:—ਏਹਾ, ਤ੍ਰੀਮੀਆਂ ਦੀ ਇੱਕ ਤਰ੍ਹਾਂ ਦੀ ਸਿਠਣੀ।

**ਡੋਕਾ,** ਪੁ:—ਰੋਕ, ਅਟਕਾਉ, ਦੁੱਧ ਚੋਣ ਮਗਰੋਂ ਥੋਹੜਾ ਦੁੱਧ ਗਊ ਦੇ ਥਣਾਂ ਵਿੱਚ ਬਚ ਰਹੇ॥

**ਡੋਕਾ (ਕੇ) ਲੈਕੇ ਰਹਿਣਾ,** ਕ੍ਰਿ:—ਰੋਕ ਜਾਂ ਫਿਕਰ ਜਾਂ ਅੱਖ ਥਾਂਉਂ ਨਾ ਮੁੜਨਾ॥

**ਡੋਗਰ,** ਪੁ:—ਮੁਸਲਮਾਨਾਂ ਦੀ ਇੱਕ ਜਾਤ, ਗੁੱਜਰ, ਜੰਮੂ ਦਾ ਇਲਾਕਾ, ਡੋਗਰਿਆਂ ਦਾ ਦੇਸ॥

**ਡੋਗਰਾ,** ਪੁ:
**ਡੋਗਰੀ,** ਸ: } ਜੰਮੂ ਦੇ ਇਲਾਕੇ ਵਿੱਚ ਰਹਿਣ ਵਾਲੀ ਇੱਕ ਜਾਤ॥
ਵਿ:—ਡੋਗਰ ਦਾ।

**ਡੋਰੇ,** ਪੁ: ( ਬਹੁ: ਬ: ) ਕੁੜੀਆਂ ਦੇ ਕੰਨ ਦਾ ਇੱਕ ਗਹਿਣਾ।

**ਡੋਂਗਾ,** ਪੁ:
**ਡੋਂਘਾ,** ਪੁ:
**ਡੋਂਗੀ,** ਸ:
**ਡੋਂਘੀ,** ਸ: } ਡੂੰਘੀ ਬੇੜੀ, ਇੱਕ ਤਰਾਂ ਦੀ ਕਿਸ਼ਤੀ॥

**ਡੋਂਡਰੂ,** ਵਿ:—ਜਿਸ ਰੁੱਖ ਦੇ ਪੱਤ੍ਰ ਅਤੇ ਟਹਿਣੀਆਂ ਨਾ ਹੋਣ॥

**ਡੋਡਾ,**
**ਡੋਂਡਾ** } ਪੁ:—ਪੋਸਤ ਜਾਂ ਕਪਾਹ ਦਾ ਫਲ ਜਿਸ ਵਿਚ ਬੀਜ ਹੁੰਦਾ ਹੈ॥

**ਡੋਂਨਾ,** ਪੁ:—ਪਤ੍ਰਾਂ ਦਾ ਕੌਲ, ਡੂਨਾ॥

**ਡੋਬ,** ਸ:—ਟੁੱਭੀ, ਗੋਤਾ ( ਦੇਣਾ ), ਗਸ਼, ਮੂਰਛਾ, (ਪੈਣੀ), ਗ਼ਮ॥

Digitized by Panjab Digital Library / www.panjabdigilib.org

**ਨੱਕ ਡੋਬ ਕੇ ਮਰਨਾ,** ਕ੍ਰਿ:—ਬਹੁਤ ਸ਼ਰਮਿੰਦਾ ਹੋਣਾ ॥

**ਡੋਬਣਾ / ਡੋਬ ਦੇਣਾ,** ਕ੍ਰਿ:—ਪਾਣੀ ਆਦਿਕ ਦੇ ਥੱਲੇ ਗੁੱਟਣਾ, ਗਰਕ ਕਰਨਾ, ਰੋੜ੍ਹਣਾ, ਤਬਾਹ ਕਰਨਾ, ਬਦਨਾਮ ਹੋਣਾ ॥

**ਡੋੱਬਾ,** ਪੁ:—ਕਲਮ ਨੂੰ ਦੁਆਤ ਵਿੱਚ ਡੋਬ ਕੇ ਜੋ ਸਿਆਹੀ ਲਈ ਜਾਵੇ, ਡੋੱਬਣ ਦਾ ਕੰਮ, ਗੋਤਾ ॥

**ਡੋੱਬਾ ਸੋੱਕਾ,** ਪੁ:—ਬਿਪਤਾ, ਤਬਾਹੀ, ਬਰਬਾਦੀ ॥

**ਡੋੱਬੂ,** ਪੁ:—ਡੋੱਬਣ ਵਾਲਾ, ਸਿਆਹੀ ਦਾ ਡੋੱਬਾ ॥
ਵਿ:—ਬਹੁਤ ਡੂੰਘਾ, ਡੁਬਾਊ ।

**ਡੋਮੜਾ,** ਪੁ:—ਛੋਟੀ ਉਮਰ ਦਾ ਡੂਮ ਜਾਂ ਮਿਰਾਸੀ ॥

**ਡੋਰ,** ਸ:—ਰੱਸੀ, ਸੂਤਰੀ, ਧਾਗਾ, ਪਤੰਗ ਉਡਾਉਣ ਵਾਲਾ ਧਾਗਾ ॥

**ਡੋਰਾ,** ਪੁ:—ਰੱਸਾ, ਸੂਤਰੀ, ਧਾਗਾ, ਇੱਕ ਗਹਿਣਾ, ਖੇਸ ਦੁਤਹੀ ਆਦਿਕ ਦੀ ਕੰਨੀ (ਵੱਟੀ ਹੋਈ), ਅੱਖ ਵਿੱਚ ਲਾਲ ਲੀਹਾਂ (ਡੋਰੇ ਪੈਣੇ)।
ਵਿ:—ਬੋਲਾ ॥

**ਡੋਰਾ ਦੇਣਾ,** ਕ੍ਰਿ:—ਖੁਰਾਕ ਉੱਤੇ ਘਿਉ ਪਾਉਣਾ ॥

**ਡੋਰੀ,** ਸ:—ਪਤਲੀ ਰੱਸੀ, ਸੂਤਰੀ, ਮੋਟਾ ਧਾਗਾ, ਝੁੱਲੇ ਦੀ ਡੋਰ, ਆਸਰਾ, ਸਹਾਰਾ, ਲਿਹਾਜ਼ ।

**ਡੋਰੀਆ,** ਪੁ:—ਧਾਰੀਦਾਰ ਸੂਤੀ ਕਪੜਾ, ਡੋਰੇ ਰੱਖਣ ਵਾਲਾ ॥

**ਡੋਲ,** ਪੁ:—ਖੂਹ ਵਿਚੋਂ ਪਾਣੀ ਕੱਢਣ ਵਾਲਾ ਲੋਹੇ ਜਾਂ ਪਿੱਤਲ ਦਾ ਚੌੜੇ ਮੂੰਹ ਵਾਲਾ ਭਾਂਡਾ ॥
ਸ:—ਹਿੱਲ ਜੁੱਲ, ਦੁਰਲ ਕਰਕੇ ਜੋ ਸੌਦ ਵਾਲੀ ਸ਼ਾਂ ਨੂੰ ਸੱਟ ਪਏ (ਡੋਲ ਪੈਣੀ) ॥

**ਡੋਲਚੀ,** ਸ:—ਨਿੱਕਾ ਡੋਲ, ਟੀਨ ਦਾ ਗੜਵਾ ॥

**ਡੋਲਣਾ (ਨਾ),** ਪੁ:—ਚੁੱਕ ਕੇ ਲੈ ਜਾਣ ਵਾਲਾ ਮਿੱਟੀ ਦਾ ਭਾਂਡਾ, ਗੜਵਾ, ਛੋਟਾ ਡੋਲ ॥
ਕ੍ਰਿ:—ਫਿਰਨਾ, ਡੁਰਨਾ, ਹਿੱਲਣਾ, ਓਦਰਨਾ ॥

**ਡੋਲ੍ਹਣਾ,** ਕ੍ਰਿ:—'ਡੋਹਲਣਾ' ਵੇਖੋ ।

**ਡੋਲਣੀ,** ਸ:—ਛੋਟਾ ਡੋਲ, ਗੜਵਾ ॥

**ਡੋਲਾ,** ਪੁ:—ਇੱਕ ਤਰਾਂ ਦੀ ਪਾਲਕੀ, ਪੀਨਸ ।

**ਡੋਲਾ ਦੇਣਾ,** ਕ੍ਰਿ:—ਕਿ ਸੋਵੱਡੇ ਨੂੰ ਧੀ ਵਿਆਹ ਕੇ ਦੇਣੀ ॥

**ਡੋਲੇ ਪਾਉਣਾ,** ਕ੍ਰਿ:—ਧੀ ਵਿਆਹ ਕੇ ਜੁਆਈ ਨਾਲ ਟੋਰਨੀ ॥

**ਡੋਲੀ,** ਸ:—ਨਿੱਕਾ ਡੋਲਾ, ਡੋਰੀ, ਜਿਸ ਨੂੰ ਕੁਝ ਲੱਥੜਿਆ ਹੋਵੇ ।

**ਡੌਂ,** ਪੁ:—ਜੰਗਲ ਦਾ ਸੜਨਾ, ਗੁੱਸਾ, ਸਾੜਾ, ਡੌਹ ।

**ਡੌਂ ਡੌਂ ਕਰਨਾ,** ਕ੍ਰਿ:—ਢੰਡੋਰਾ ਦੇਣਾ, ਜ਼ਿਕਰ ਕਰਨਾ ॥

**ਡੌਂਡੀ,** ਸ:—ਇੱਕ ਤਰਾਂ ਦੀ ਢੋਲ, ਸਭ ਲੋਕਾਂ ਨੂੰ ਖਬਰ ਦੇਣੀ, ਡੌਂਗੀ ॥

**ਡੌਂਡੀ ਪਿੱਟਣੀ ( ਫਿਰਨੀ ),** ਕ੍ਰਿ:—ਢੰਡੋਰਾ ਫਿਰਨਾ ॥

**ਡੌਂਡੀ ਪਿਟਾਉਣੀ,** ਕ੍ਰਿ:—( ਫੇਰਨੀ ਜਾਂ ਫਿਰਾਉਣੀ ) ਢੰਡੋਰਾ ਦੇਣਾ ॥

**ਡੌਂਟੀ,** ਸ:—ਬਹੁਤ ਛੋਟੀ ਬੇੜੀ ॥

**ਡੌਰੂ,** ਪੁ:—ਡਮਰੂ, ਡਘਰੂ, ਇਕ ਤਰਾਂ ਦੀ ਬਹੁਤ ਛੋਟੀ ਢੋਲਕ ॥

Digitized by Panjab Digital Library | www.panjabdigilib.org

**ਡੌਲ,** ਸਃ—ਤਰਕੀਬ, ਢੰਗ, ਜੁਗਤ, ਸ਼ਕਲ, ਬਨਾਉਟ, ਹਾਲਤ ॥

**ਡੌਲਣਾ,** ਕ੍ਰਿਃ—ਬਣਾਉਣਾ, ਸ਼ਕਲ ਦੇਣੀ ॥

**ਡੌਲਾ,** ਪੁਃ—ਇੱਕ ਮੱਛੀ, ਮਨੁੱਖ ਦੀ ਬਾਂਹ ਦਾ ਪਿਛਲਾ ਹਿੱਸਾ, ਪਸ਼ੂ ਦੀ ਅਗਲੀ ਲੱਤ ਦਾ ਉੱਪਰਲਾ ਹਿੱਸਾ।

**ਢ,** ਪੁਃ—ਢੱਡਾ, ਗੁਰਮੁਖੀ ਪੈਂਤੀ ਦਾ ਉੱਨੀਵਾਂ ਅੱਖਰ ॥

**ਢਊਆ,** ਪੁਃ—ਇੱਕ ਤਰਾਂ ਦਾ ਡਬਲ ਪੈਸਾ, ਮੋਟੀ ਕੌਡੀ ॥

**ਢਈਆ,** ਪੁਃ—ਢਾਈ ਸੇਰ ਦਾ ਭਾਰ, ਢਾਈਆਂ ਵਰ੍ਹਿਆਂ ਦੀ ਬਿਪਤਾ (ਛਨਿੱਛਰ ਕਰਕੇ)। ਵਿਃ—ਢਾਈਆਂ ਦਾ।

**ਢਈ ਦੇਣੀ,** ਕ੍ਰਿਃ—ਡਿਗਣਾ, ਅੜਕੇ ਬਹਿ ਜਾਣਾ, ਧਰਨਾ ਮਾਰਨਾ।

**ਢਹਾਉਣਾ,** ਕ੍ਰਿਃ—ਢਾਹਣ ਦਾ ਕੰਮ ਕਰਾਉਣਾ, ਡਿਗਵਾਉਣਾ ॥

**ਢਹਾਈ,** ਸਃ—ਢਾਹੁਣਾ, ਬਰਬਾਦੀ, ਕੁਸ਼ਤੀ ਵਿਚ ਪਿੱਠ ਲੱਗਣੀ।

**ਢਹਿ,** ਸਃ—ਕੁਸ਼ਤੀ ਵਿੱਚ ਪਿੱਠ ਦਾ ਲਗਣਾ, ਬਰਬਾਦੀ, ਨਦੀ ਨਾਲ ਧਰਤੀ ਦੀ ਮਿੱਟੀ ਕੱਟੀ ਜਾਣੀ, ਵਿਰਲਾਪ।

**ਢਹਿਣਾ**<br>**ਢਹਿਜਾਣਾ**<br>**ਢਹਿ ਪੈਣਾ** } ਕ੍ਰਿਃ—ਡਿੱਗਣਾ, ਕੁਸ਼ਤੀ ਵਿੱਚ ਪਿੱਠ ਧਰਤੀ ਨਾਲ ਲਗ ਜਾਣੀ, ਹਾਰਨਾ, ਬਰਬਾਦ ਹੋਣਾ।

**ਢੱਕ,** ਸਃ—ਕੈਦੀ। ਪੁਃ—ਲਾਲ ਫੁੱਲਾਂ ਵਾਲਾ ਇੱਕ ਰੁੱਖ, ਉਨ੍ਹਾਂ ਰੁੱਖਾਂ ਵਾਲਾ ਸੰਘਣਾ ਜੰਗਲ ॥

**ਢੱਕਣ,** ਪੁਃ<br>**ਢਕਣਾ,** ਪੁਃ<br>**ਢਕਣੀ,** ਸਃ } ਢੱਕਣ ਜਾਂ ਕੱਜਣ ਵਾਲੀ ਚੀਜ਼ ॥

**ਢੱਕਣਾ,** ਕ੍ਰਿਃ—ਕੱਜਣਾ, ਬੰਦ ਕਰਨਾ, ਲੁਕਾਉਣਾ ॥

**ਢੱਕ ਮਕੌੜਾ,** ਪੁਃ—ਇੱਕ ਵੱਡਾ ਕੀੜਾ, ਕੱਢਾ ॥

**ਢਕਵੰਜ,** ਪੁਃ—ਦਰਿਆ ਜਾਂ ਸੜਕ ਦਾ ਮੋੜ, ਲਕੜੀ ਜਾਂ ਕਪੜੇ ਦਾ ਵਲ, ਹੀਲਾ, ਫਰੇਬ ॥

**ਢਕਵੰਜਾ (ਜੀ),** ਪੁਃ—ਹੀਲਾ, ਛਲ, ਫਰੇਬ ॥

**ਢਕਵਾਉਣਾ,** ਕ੍ਰਿਃ—ਕਜਾਉਣਾ, ਬੰਦ ਕਰਾਉਣਾ, ਲੁਕਵਾਉਣਾ ॥

**ਢਕਵਾਈ,** ਸਃ—ਢੱਕਣ ਦਾ ਕੰਮ ਜਾਂ ਮਜੂਰੀ ॥

**ਢਕਾਉਣਾ**<br>**ਢਕਾਈ** } 'ਢਕਵਾਉਣਾ' 'ਢਕਵਾਈ' ਵੇਖੋ।

**ਢਕਾਰ**<br>**ਢੰਕਾਰ** } ਪੁਃ—ਜਿਦ, ਸ਼ੇਖੀ, ਆਕੜ, ਹੰਕਾਰ (ਮਾਰਨਾ) ॥

**ਢਕਾਰਨ (ਢੰਕਾਰਨ),** ਸਃ<br>**ਢਕਾਰੀ (ਢੰਕਾਰੀ),** ਪੁਃ } ਜੋ ਸ਼ੇਖੀ ਮਾਰੇ ਜਾਂ ਹੰਕਾਰ ਕਰੇ ॥

**ਢੱਕੀ,** ਸਃ—ਦੋ ਪਹਾੜੀਆਂ ਵਿੱਚ ਭੀੜਾ ਰਾਹ, ਢੱਕ ਦਾ ਜੰਗਲ ॥

**ਢਕੰਜ,** ਪੁਃ—'ਢਕਵੰਜ' ਵੇਖੋ ॥

**ਢਕੌਣੀ,** ਸਃ—ਢੱਕ ਦੇ ਰੁੱਖ ਦਾ ਫਲ ॥

Digitized by Panjab Digital Library / www.panjabdigilib.org

**ਢੰਗ,** ਪੁ:—ਵਿਹਾਰ, ਚੱਲਨ, ਢਬ, ਰਾਹ, ਬਣਾ-ਉਟ, ਵਿਆਹ ਆਦਿਕ ਖੁਸ਼ੀ ਦਾ ਮੌਕਾ (ਢੰਗ ਸੁਆਰਥ)।

**ਢੰਗਣਾ,** ਕ੍ਰਿ:—ਚਰਦੇ ਘੋੜੇ ਨੂੰ ਨੱਸ ਜਾਣ ਤੋਂ ਰੋਕਣ ਲਈ ਉਹ ਦੇ ਪੈਰ ਜਾਂ ਸਿਰ ਤੇ ਪੈਰ ਬੰਨ੍ਹ ਛੱਡਣਾ॥

**ਢੱਗਾ,** ਪੁ:—ਛੋਟੇ ਕੱਦ ਦਾ ਬਲਦ, ਮੂਰਖ ਆਦਮੀ।

**ਪੰਜਾਬੀ ਢੱਗਾ,** ਪੁ:—ਪੰਜਾਬ ਦਾ ਰਹਿਣ ਵਾਲਾ, ਭੋਲਾ ਆਦਮੀ।

**ਮਾੜਾ ਢੱਗਾ,** ਪੁ:—ਕਮਜ਼ੋਰ ਆਦਮੀ।

**ਢੰਗਾ,** ਪੁ:—ਟੇਢਾ ਚਲਨ ਜਾਂ ਕਰਮ, ਬਣਾਉਟੀ ਗੱਲ॥

**ਢੰਗੇ ਲਾਉਣੇ,** ਕ੍ਰਿ:—ਝੂਠੀ ਗੱਲ ਬਣਾਉਣੀ।

**ਢੱਗੀ,** ਸ:—ਛੋਟੇ ਕਦ ਦੀ ਗਊ॥

**ਢੱਟਾ,** ਪੁ:—ਸੰਢਾ। ਵਿ:—ਭਾਰਾ, ਮੋਟਾ, ਤਕੜਾ, ਡਾਢਾ॥

**ਢੱਠ,** ਵਿ:—ਪੂਰਾ, ਭਰਪੂਰ, ਗਾੜ੍ਹਾ, ਮੋਟਾ। ਸ:—ਬਲਦ ਦੀ ਪਿਠ ਦਾ ਉਭਾਰ॥

**ਢੱਠਾ,** ਵਿ:—ਡਿੱਗਾ ਹੋਇਆ, ਰੋਗੀ, ਤਬਾਹ।

**ਢੱਡ**<br>**ਢੱਢ** } ਸ:—ਇੱਕ ਤਰਾਂ ਦੀ ਢੋਲ (ਵੱਜਣੀ, ਵਜਾਉਣੀ)।

**ਢੱਡਾ,** ਪੁ:—'ਢ' ਅਖਰ ਦਾ ਨਾਉਂ॥

**ਢੰਡਾਲ,** ਵਿ:—ਹਰਾਨ, ਸੋਚਾਂ ਵਿੱਚ ਡੁੱਬਾ ਹੋਇਆ॥

**ਢੰਡੋਰਾ,** ਪੁ:—ਢੋਲ ਵਜਾਕੇ ਲੋਕਾਂ ਨੂੰ ਖਬਰ ਕਰਨ ਦਾ ਕੰਮ, ਡੌਂਡੀ (ਦੇਣਾ, ਫਿਰਨਾ, ਫੇਰਨਾ)।

**ਢੰਡੋਰੀਆ,** ਪੁ:—ਢੋਲ ਵਜਾਕੇ ਲੋਕਾਂ ਨੂੰ ਖਬਰ ਕਰਨ ਵਾਲਾ।

**ਢਟੇਡੂ,** ਵਿ:—ਅਧੀਨ, ਮਦਦ ਲੈਣ ਵਾਲਾ।

**ਢੰਨ**<br>**ਢੰਨ੍ਹ** } ਸ:—ਛੱਬ, ਟੋਭਾ।

**ਢੱਪਣਾ,** ਕ੍ਰਿ:—ਕੱਜਣਾ, ਢੱਕਣਾ, ਲੁਕਾਉਣਾ॥

**ਢਬ,** ਪੁ:—ਸ਼ਕਲ, ਬਣਾਉਟ, ਢੰਗ, ਆਦਤ, ਕੰਮ, ਕਾਰੀਗਰੀ, ਇਲਮ, ਹਾਲਤ॥

**ਢਬ ਸਿਰ ਹੋਣਾ,** ਕ੍ਰਿ:—ਠੀਕ ਹਾਲਤ ਵਿਚ ਹੋਣਾ।

**ਢਬ ਤੇ ਆ ਜਾਣਾ,** ਕ੍ਰਿ:—ਆਪਣੇ ਵੱਸ ਹੋ ਜਾਣਾ।

**ਢਬਾ,** ਪੁ:—ਸੁਭਾਉ, ਵਾਦੀ, ਹੇਲਤ (ਪੈਣਾ)॥

**ਢਬੀਆ,** ਪੁ:—ਜਿਸ ਨੂੰ ਢਬ ਆਉਂਦਾ ਹੈ, ਕਾਰੀਗਰ।

**ਢਮੱਕਾ,** ਪੁ:—ਢੋਲ ਵੱਜਣ ਦੀ ਅਵਾਜ਼, ਰੌਲਾ।

**ਢਮਕੀਰੀ,** ਸ:—ਇੱਕ ਛੋਟੀ ਗੋਲ ਲਕੜੀ ਜਾਂ ਮਿਟੀ ਦੀ ਢੋਲਕੀ ਜਿਸ ਨਾਲ ਬਾਲ ਖੇਡਦੇ ਹਨ॥

**ਢਲਕ,** ਸ:—ਤਿਲਕਣ, ਰਿੜ੍ਹਨ ਜਾਂ ਅੱਖ ਝਮਕਣ ਦਾ ਕੰਮ।

**ਢਲਕਣਾ,** ਕ੍ਰਿ:—ਢਿਲਾ ਹੋ ਜਾਣਾ, ਤਿਲਕਣਾ, ਰਿੜ੍ਹਨਾ, ਡੁੱਲ੍ਹਣਾ, ਅੱਖ ਝਮਕਣਾ॥

Digitized by Panjab Digital Library | www.panjabdigilib.org

**ਢਲਕਾਉ,** ਪੁ:—ਢਲਕਣ ਦੀ ਹਾਲਤ ।

**ਢਲਕਾਉਣਾ,** ਕ੍ਰਿ:—ਰੋੜ੍ਹਨਾ, ਤ੍ਰਿਲਕਾਉਣਾ ॥

**ਢਲਜਾਣਾ, ਢਲਣਾ,** ਕ੍ਰਿ:—ਸਾਂਚੇ ਵਿੱਚ ਪੈਣਾ, ਉਲੱਦਿਆ ਜਾਣਾ, ਡੁੱਲ੍ਹਣਾ, ਰਿੜ੍ਹਨਾ, ਘਟਣਾ, ਧੁੱਪ ਆਦਿਕ ਦਾ, ਪੰਘਰਣਾ (ਬਰਫ ਆਦਿਕ ਦਾ), ਬੁੱਢੇ ਹੋਣਾ, ਨਰਮ ਹੋਣਾ, ਬਾਹਰ ਮਾਲ ਆਉਣਾ, ਬਦਲਣਾ ॥

**ਢਲਦਾ ਪਰਛਾਵਾਂ** ਪੁ:, **ਢਲਦੀ ਛਾਂ,** ਸ: — ਸੰਸਾਰ ਦਾ ਸੁਖ ਜ ਇੱਕੋ ਜੇਹਾ ਨਹੀਂ ਰਹਿੰਦਾ ॥

**ਢਲਵਾਉਣਾ, ਢਲਾਉਣਾ** — ਕ੍ਰਿ:—ਢਾਲਣ ਦਾ ਕੰਮ ਕਰਾਉਣਾ ।

**ਢਲਵਾਈ, ਢਲਾਉਣ, ਢਲਾਈ** — ਸ:—ਢਾਲਣ ਦਾ ਕੰਮ ਜਾਂ ਮਜੂਰੀ।

**ਢਲੈਤ,** ਪੁ:—ਕਿਸੇ ਵਡੇ ਆਦਮੀ ਦੇ ਜਲੌ ਵਿਚ ਹਥਿਆਰਬੰਦ ਨੌਕਰ, ਸਿਪਾਹੀ, ਢਾਲਵਾਲਾ।

**ਢਵਾਉਣਾ,** ਕ੍ਰਿ:—ਢੋਹਣ ਜਾ ਢਾਹੁਣ ਦਾ ਕੰਮ ਕਰਾਉਣਾ ॥

**ਢਵਾਈ,** ਸ:—ਢਾਹੁਣ ਦਾ ਕੰਮ ਜਾਂ ਮਜੂਰੀ ॥

**ਢਾ,** ਸ:—ਢਾਉਣ ਦਾ ਕੰਮ, ਨਾਸ, ਤਬਾਹੀ ਹਾਹੁਕਾ ॥

**ਢਾਉਣਾ,** ਕ੍ਰਿ:—ਡੇਗਣਾ, ਨਾਸ ਕਰਨਾ, ਉਜਾੜਨਾ ॥

**ਢਾਇਆ,** ਪੁ:—'ਢਾਈ' ਦਾ ਅੰਗ, ਢਾਹਾ।

**ਢਾਈ,** ਵਿ:—ਦੋ ਅਤੇ ਅੱਧਾ।

**ਢਾਈ ਖਾਣੀ,** ਕ੍ਰਿ:—ਕੁਸ਼ਤੀ ਵਿੱਚ ਢਹਿ ਪੈਣਾ, ਹਾਰ ਜਾਣਾ ।

**ਢਾਈ ਘਰ,** ਪੁ:—ਖੱਤਰੀਆਂ ਦੀ ਇੱਕ ਜਾਤ ॥

**ਢਾਈ ਟੋਟਰੂ,** ਪੁ:—ਗਿਣਤੀ ਵਿੱਚ ਬਹੁਤ ਥੋੜੇ।

**ਢਾਈਆ,** ਪੁ:—'ਢਈਆ' ਵੇਖੋ ।

**ਢਾਈਆਂ,** ਸ:—(ਬਹੁ: ਬ:) ਗੰਡੇ ਦੇ ਧੁਨੇ ਨੂੰ ਬੰਨ੍ਹਣ ਵਾਲੀ ਸਣ ।

**ਢਾਸਣਾ,** ਪੁ:—ਤਕੀਆ, ਸਹਾਰਾ, ਆਸਰਾ ॥

**ਢਾਹ,** ਸ:—ਢਾਹਿ, ਕੁਸ਼ਤੀ ਵਿੱਚ ਪਿੱਠ ਲਗਣੀ (ਖਾਣਾ), ਤਬਾਹੀ।

**ਢਾਹ ਸਿੱਟਣਾ, ਢਾਹ ਦੇਣਾ, ਢਾਹ ਲੈਣਾ** — ਕੁਸ਼ਤੀ ਵਿੱਚ ਪਿੱਠ ਲਾ ਦੇਣੀ, ਨਾਸ ਕਰਨਾ, ਹਰਾਉਣਾ, ਉਜਾੜਨਾ, ।

**ਢਾਹ ਮਾਰਨੀ,** ਕ੍ਰਿ:—ਉੱਚੀ ਅਵਾਜ਼ ਨਾਲ ਮੁਰਦੇ ਨੂੰ ਰੋਣਾ ।

**ਢਾਹ ਲੱਗਣੀ** ਕ੍ਰਿ: ਨਦੀ ਦੇ ਕੰਢੇ ਦੀ ਧਰਤੀ ਕੱਟੀ ਜਾਣੀ ॥

**ਢਾਹੁਣਾ,** ਕ੍ਰਿ:—ਢਾਉਣਾ, ਕੁਸ਼ਤੀ ਵਿੱਚ ਪਿੱਠ ਲਾ ਦੇਣੀ ॥

**ਢਾਹਾ,** ਪੁ:—ਨਦੀ ਦਾ ਕੰਢਾ, ਉੱਚੀ ਧਰਤੀ ਜੋ ਨਦੀ ਦੇ ਹੜ੍ਹ ਦੇ ਜ਼ੋਰ ਨਾਲ ਨਹੀਂ ਢੱਠੀ ॥

**ਢਾਕ,** ਸ:—ਪਾਸਾ, ਵੱਖੀ, ਛਿੱਛਰੇ ਦਾ ਬੂਟਾ ॥

**ਢਾਗੁਣਾ,** ਵਿ:—ਢਾਈ ਗੁਣਾ ॥

Digitized by Panjab Digital Library / www.panjabdigilib.org

**ਢਾਂਗਾ, ਢਾਂਗੂ, ਢਾਂਗੂਆ** } ਪੁ:—ਕੁੰਡੀਵਾਲੀ ਲੰਮੀ ਡਾਂਗ ਜਿਸ ਨਾਲ ਰੁੱਖਾਂ ਦੀਆਂ ਟਾਹਣੀਆਂ ਹਿਠਾਂਹ ਖਿਚਦੇ ਹਨ।

**ਢਾਂਚ, ਢਾਂਚਾ** } ਪੁ:—ਕਲਬੂਤ, ਬਨਾਉਟ, ਤਦਬੀਰ, ਜੁਗਤ, ਢੰਗ ॥

**ਢਾਟਾ, ਢਾਠਾ** } ਪੁ:—ਦਸਤਾਰੇ ਅਤੇ ਕੰਨਾਂ ਪੁਰ ਬੰਨ੍ਹਣ ਵਾਲਾ ਜਾਂ ਦਾੜ੍ਹੇ ਪਰ ਬੰਨ੍ਹਣ ਵਾਲਾ ਕਪੜਾ।

**ਢਾਡਸ,** ਸ:—ਹੌਸਲਾ, ਧੀਰਜ, ਵਸਾਹ, ਦਲੇਰੀ॥

**ਢਾਡਣ,** ਸ:—ਢਾਡੀ ਜਾਤ ਦੀ ਤੀਵੀਂ ॥

**ਢਾਂਡਾ,** ਪੁ:—ਬਲਦ, ਸੰਢਾ, ਅਹਿਮਕ, ਮੂਰਖ ॥

**ਢਾਡਾ, ਢਾਡੀ** } ਪੁ:—ਸੂਰਮੇ ਦੇ ਗੁਣ ਗਾਉਣ ਵਾਲਾ, ਰਾਗੀ, ਮੰਗਤਾ।

**ਢਾਂਢੀ,** ਸ:—ਗਊ, ਮੂਰਖ ਤੀਮਤ ॥

**ਢਾਹੂ,** ਪੁ:—ਦੱਖਣ ਅਤੇ ਪੱਛੋਂ ਵੱਲ ਦਾ ਪਾਸਾ, ਉਸ ਪਾਸੇ ਦੀ ਵਾਉ, ਪਹਾੜ ਦੀ ਵਾਉ, ਖੁਲਬੁਲ, ਮੇਲਾ ॥

**ਢਾਂ ਢਾਂ ਕਰਨਾ,** ਕ੍ਰਿ:—'ਸਾਂ ਸਾਂ ਕਰਨਾ' ਖੇ ॥

**ਢਾਣਾ,** ਕ੍ਰਿ:—ਥੱਲੇ ਸੁੱਟਣਾ, ਡੇਗਣਾ। ਪੁ:—ਮਨੁੱਖਾਂ ਦੀ ਭੀੜ ॥

**ਢਾਣੀ,** ਸ:—ਭੀੜ, ਇਕੱਠ, ਮੰਡਲੀ (ਜਮਾਉਣੀ, ਬੰਨ੍ਹਣੀ, ਲਾਉਣੀ)॥

**ਢਾਣੀ ਫੈਲਣੀ,** ਕ੍ਰਿ:—ਮਨੁੱਖਾਂ ਦੇ ਇਕੱਠ ਨੂੰ ਨਿਖੇੜਨਾ, ਇੱਕ ਨਾਵਕ ਕਰਨਾ ॥

**ਢਾਬ,** ਸ:—ਕੱਚਾ ਤਲਾਉ, ਛੰਭ, ਟੋਭਾ, ਟੋਆ, ਟੋਇਆ ॥

**ਢਾਮਣਾ, ਢਾਮਣੀ,** } ਵਿ:—ਢਾਈ ਮਣ ਰੁਪਏ ਦੇ ਭਾਉ॥

**ਢਾਮਾਂ,** ਪੁ:—ਇੱਕ ਤਰਾਂ ਦੀ ਛਿੱਲ, ਮਿੱਟੀ ਦਾ ਖੇਡਣ ਵਾਲਾ ਗੋਲਾ, ਗਿਣਤੀ ਦੱਸਣ ਵਾਲੀ ਲਕੜੀ ॥

**ਢਾਰਾ,** ਪੁ:—ਘਰ ਜਾਂ ਹੱਟੀ ਦੀ ਅਗਲੀ ਛੱਤੀ ਹੋਈ ਥਾਂ ॥

**ਢਾਲ,** ਸ:—ਗੈਂਡੇ ਦੇ ਚੰਮ ਦੀ ਬਣੀ ਹੋਈ ਗੋਲ ਚੀਜ਼ ਜੋ ਤਲਵਾਰ ਦੇ ਫੱਟ ਨੂੰ ਰੋਕਦੀ ਹੈ। ਢੰਗ, ਝੁਕਾਉ, ਦਸਤੂਰ, ਮਾਮਲੇ ਦੀ ਕਿਸ਼ਤ, ਢਾਲਣ ਵਿੱਚ ਧਾਤ ਦਾ ਘਟ ਜਾਣਾ, ਵਿਸਾਉਰੀ ਮਾਲ, ਪਹਾੜ ਦਾ ਢਾਲਵਾਂ ਪਾਸਾ ॥

**ਢਾਲ ਪਾਉਣੀ, ਢਾਲ ਪੈਣੀ** } ਕ੍ਰਿ:—ਮਾਮਲਾ ਆਦਿਕ ਉਗਰਾਹੁਣਾ ॥

**ਢਾਲ ਬਾਂਛ, ਢਾਲ ਵਾਂਛ** } ਸ:—ਮਾਮਲੇ ਦੀ ਕਿਸ਼ਤ, ਕਈ ਤਰਾਂ ਦੇ ਮਸੂਲਾਂ ਦੀ ਉਗਰਾਹੀ।

**ਢਾਲਣਾ,** ਕ੍ਰਿ:—ਪੰਘਾਰਨਾ, ਗਾਲਣਾ, ਬਨਾਉਣ, ਸੁੱਟਣਾ, ਵਗਾਉਣਾ, ਝੁਕਾਉਣਾ, ਵੇਚਣ ਵਾਸਤੇ ਮਾਲ ਅੱਗੇ ਰੱਖਣਾ ॥

**ਢਾਲਣਾ,** ਪੁ:—ਜਾਦੂ ਕਰਨ ਵਾਲਾ ਪੱਥਰ, ਚਾਂਦੀ ਜਾਂ ਸੋਨੇ ਦਾ ਤਵੀਤ ॥

**ਢਾਲਮਾਂ, ਢਾਲਵਾਂ** } ਵਿ:—ਝੁਕਿਆ ਹੋਇਆ, ਢਾਲਿਆ ਹੋਇਆ।

Digitized by Panjab Digital Library | www.panjabdigilib.org

**ਢਾਲਮਾਣ, ਢਾਲਵਾਣ**, ਪੁ: ਢਾਲ ਵਾਲਾ ਨਰਮ ਦਿਲ ਵਾਲਾ ॥

**ਢਾਲੂ**, ਵਿ: ਪੁ: —ਢਾਲਿਆ ਹੋਇਆ, ਧਾਤਾਂ ਢਾਲਣ ਵਾਲਾ ।

**ਢਾਵਾਂ**, ਪੁ:—'ਢਾਮਾਂ' ਵੇਖੋ ॥

**ਢਿੱਗ**, ਪੁ:—'ਢਿਗਾਰਾ' ਵੇਖੋ ।

**ਢਿੰਗਰ**, ਪੁ: **ਢਿੰਗਰੀ**, ਸ: ਇੱਕ ਝਾੜੀ, ਇੱਕ ਤਰਾਂ ਦੀ ਖੁੰਬ, ਕਾਮਣੀ, ਖਿਪਰਾ, ਬਲਾ ।

**ਢਿਗਾਰਾ**, ਪੁ:—ਦਰਿਆ ਦਾ ਉੱਚਾ ਕੰਢਾ, ਢਾਹ, ਉੱਚੀ ਥਾਂ, ਪਹਾੜੀ ॥

**ਢਿੱਗੀ ਢਾਉਣਾ (ਣੀ), ਢਿੱਗੀ ਢਾਹ ਦੇਣਾ**, ਕ੍ਰਿ: ਹੌਸਲਾ ਹਾਰਨਾ ॥

**ਢਿਠ**, ਸ:—ਦਿਲ ਦੀ ਪਕਿਆਈ, ਹਠ (ਬੈਠਣੀ)

**ਢਿਠਾਈ**, ਸ:—ਘਮੰਡ, ਗੁਸਤਾਖੀ, ਬੇ ਹਯਾਈ ।

**ਢਿੱਡ, ਢਿੱਢ**, ਪੁ:—ਪੇਟ, ਉਦਰ, ਗਰਭ, ਆਂਦਰਾਂ, ਉਲਾਦ ।

**ਢਿੱਡ ਦਾ ਜਾਇਆ**, ਪੁ:—ਪੁਤ੍ਰ ॥

**ਢਿੱਡ ਦੀ ਜਾਈ**, ਸ:—ਧੀ ।

**ਢਿੱਡ ਨਾਲ ਲਗ ਜਾਣਾ**, ਕ੍ਰਿ:—ਪੇਟ ਖਾਲੀ ਹੋਣਾ ॥

**ਢਿੱਡਵਿੱਚ ਭੁਲਕਾ ਫਿਰਨਾ (ਵਗਣਾ), ਢਿੱਡਵਿੱਚ ਬੁੱਢੀਆਂ ਨੱਚਣੀਆਂ**, ਕ੍ਰਿ: ਬਹੁਤ ਭੁਖ ਲੱਗੀ ਹੋਣੀ ॥

**ਢਿੱਡ ਵਿੱਚ ਰੱਖਣਾ**, ਕ੍ਰਿ:—ਭੇਤ ਨਾ ਦੱਸਣਾ ॥

**ਢਿੱਡ ਵਿੱਚ ਵਲ ਪੈਣਾ, ਢਿੱਡੀਂ ਪੀੜਾਂ ਪੈਣੀਆਂ**, ਕ੍ਰਿ: ਬਹੁਤੇ ਹੱਸਣ ਨਾਲ ਵੱਖੀਆਂ ਦੁਖਣ ਲਗਣੀਆਂ

**ਵੱਡੇ ਢਿੱਡ ਵਾਲਾ**, ਪੁ:—ਬਖਤਾਵਰ, ਪ੍ਰਤਾਪੀ

**ਢਿੱਡਲ**, ਵਿ: —ਜਿਸਦਾ ਢਿੱਡ ਵਡਾ ਹੋਵੇ ।

**ਢਿੱਡੀ**, ਸ:—ਛੋਟਾ ਢਿੱਡ, ਪਗੜੀ ਦੇ ਅਗਲੇ ਹਿੱਸੇ ਦਾ ਉਭਾਰ ।

**ਢਿਨਣ**, ਪੁ:—ਇੱਕ ਹਲਕੇ ਮੇਲ ਦੇ ਚੌਲ ॥

**ਢਿਮਕੜਾ, ਢਿਮਕਾ**, ਪੁ:—'ਫਲਾਣਾ' ਵੇਖੋ ॥

**ਢਿਮਢਿਮੀ**, ਪੁ:—ਇੱਕ ਤਰਾਂ ਦੀ ਢੋਲ ॥

**ਢਿੱਲ**, ਸ:—ਦੇਰ, ਸੁਸਤੀ, ਬੇ ਪਰਵਾਹੀ

**ਢਿੱਲ ਮੱਠ** ਸ:—ਅਵੇਰ, ਸੁਸਤੀ (ਹੋਣੀ, ਕਰਨੀ) ॥

**ਢਿਲਕਣਾ**, ਕ੍ਰਿ:—ਝੂਲਣਾ, ਹਿਲਣਾ, ਤ੍ਰਿਲਕਣਾ ॥

**ਢਿਲਕਾਉਣਾ**, ਕ੍ਰਿ:—ਝੁਲਾਉਣਾ, ਹੈਰੂਕਣਾ, ਤ੍ਰਿਲਕਾਉਣਾ ॥

**ਢਿੱਲੜ**, ਪ **ਢਿੱਲਾ**, ਪੁ: **ਢਿੱਲੀ**, ਪੁ: ਜੋ ਕੱਸਿਆ ਹੋਇਆ ਨਹੀਂ, ਪੋਲਾ, ਦੇਰ ਕਰਨ ਵਾਲਾ, ਸੁਸਤ ਬਿਮਾਰ ।

**ਢਿੱਲਾ ਮੱਠਾ**, ਵਿ:—ਸੁਸਤ, ਬੇਪਰਵਾਹ ॥

Digitized by Panjab Digital Library | www.panjabdigilib.org

**ਢਿਢਾ,** ਪੁ:—ਬਹਾਨਾ, ਹੀਲਾ (ਘੜਨਾ)।

**ਢੀਆ (ਹਾ),** ਪੁ:—ਸੋਟਾ, ਡਾਂਗ, ਲਾਠੀ ।

**ਢੀਂਗਰ,** ਪੁ: / **ਢੀਂਗਰੀ,** ਸ: } ਇਕ ਕੰਡਿਆਂ ਵਾਲੀ ਝਾੜੀ ।

**ਢੀਂਗਲੀ** / **ਢੀਂਗੁਲੀ** } ਸ:—ਪਾਣੀ ਕਢਣ ਵਾਲੀ ਲੰਮੀ ਲਕੜੀ ਜਿਸ ਦੇ ਇਕ ਪਾਸੇ ਭਾਰਾ ਪੱਥਰ ਅਤੇ ਦੂਜੇ ਪਾਸੇ ਡੋਲ ਦਾ ਰੱਸਾ ਬੰਨ੍ਹੀ ਜਾਂਦੀ ਹੈ, ਕਪੜੇ ਦੀ ਬੇਉਂਤ ਦਾ ਇਕ ਢੰਗ।

**ਢੀਂਗਾ ਸ਼ਾਹੀ,** ਸ:—'ਧਿੰਗਾ ਮਸਤੀ' ਵੇਖੋ ।

**ਢੀਠ, (ਠਾ),** ਵਿ:—ਜ਼ਿਦੀ, ਹਠੀ, ਬਦਸੁਭਾਅ, ਬੇਹਯਾ।

**ਢੀਠ ਤਾਈ (ਈਂ),** ਸ:—ਜ਼ਿਦ, ਬਦਸੁਭਾਈ ਸ਼ੋਖੀ ।

**ਢੀਂਡਾ,** ਪੁ:—'ਗੁਲੇਲਾ' ਵੇਖੋ, ਡਾਂਬੜ ।

**ਢੀਮ** / **ਢਾਹੁ** / **ਢੀਮਾ** } ਸ:—ਇੱਟ ਦਾ ਡਲਾ ।

**ਢੁਲਾਉਣਾ,** ਕ੍ਰਿ:—ਢੋਹਣ ਜਾਂ ਵਾਹਣ ਦਾ ਕੰਮ ਕਰਾਉਣਾ ।

**ਢੁਆਈ,** ਸ:—ਢੋਹਣ ਦਾ ਕੰਮ ਜਾਂ ਮਜੂਰੀ ।

**ਢੁਕ ਜਾਣਾ** / **ਢੁੱਕਣਾ** / **ਢੁੱਕ ਪੈਣਾ** } ਕ੍ਰਿ:—ਨੇੜੇ ਅੱਪੜਨਾ, ਜੰਞ ਦਾ ਕੁੜਮਾਂ ਦੇ ਘਰ ਪਹੁੰਚਣਾ, ਆਉਣਾ, ਲੱਭਣਾ ।

**ਢੋ ਢੁੱਕਣਾ** ਕ੍ਰਿ:—ਚੰਗਾ ਮੌਕਾ ਮਿਲ ਜਾਣਾ ।

**ਢੁਕਾ** / **ਢੁਕਾਉ** } ਪੁ:—ਪਹੁੰਚਣਾ, ਖਾਸ ਕਰਕੇ ਜੰਞ ਦਾ ਕੁੜਮਾਂ ਦੇ ਘਰ ਜਾਂ ਪਿੰਡ ਅੱਪੜਨਾ ।

**ਢੁਕਾਉਣਾ,** ਕ੍ਰਿ:—ਪਾਸ ਭਿਜਵਾਉਣਾ, ਪੁਚਾਉਣਾ।

**ਢੂੰਗਾਰ,** ਪੁ:—ਦੁੱਧ ਦੇ ਭਾਂਡੇ ਨੂੰ ਘਿਉ ਦਾ ਧੂਆਂ ਦੇਣ ਦਾ ਕੰਮ ।

**ਢੂੰਗਾਰ ਦੇਣਾ** / **ਢੂੰਗਾਰਨਾ** } ਕ੍ਰਿ:—ਦੁੱਧ ਦੇ ਭਾਂਡੇ ਨੂੰ ਘਿਉ ਦਾ ਧੂਆਂ ਦੇਣਾ ।

**ਢੁੱਚਰ,** ਪੁ:—ਬਹਾਨਾ, ਹੁੱਜਤ, ਝਗੜਾ (ਡਾਹੁਣਾ)।

**ਢੁੱਟ,** ਸ:—ਢੱਗੀਆਂ ਡੰਗਰਾਂ ਦੀ ਪਿੱਠ ਦਾ ਉਭਾਰ।

**ਢੁਡ** / **ਢੁਢ** } ਪੁ:—ਸਿਰ ਨਾਲ ਸੱਟ ਲਾਉਣੀ (ਮਾਰਨਾ)।

**ਢੂੰਡਰ,** / **ਢੂੰਡਰੀ** } ਸ:—ਕੰਡ, ਪਿੱਠ ਦੀ ਹੱਡੀ ।

**ਢੂੰਡਾਉਣਾ,** ਕ੍ਰਿ:—ਢੂੰਡ ਭਾਲ ਕਰਾਉਣੀ ।

**ਢੂੰਡਾਊਲਾ** / **ਢੂੰਡਾਊ** } ਪੁ:—ਢੂੰਡਣ ਵਾਲਾ ।

**ਢੂੰਡਾਈ** ਸ:—ਢੂੰਡਣ ਦਾ ਕੰਮ ਜਾਂ ਮਜੂਰੀ ।

**ਢੂਨਣੀ,** ਸ:—ਢੂੰਡਰੀ, ਪਿੱਠ ਦੀ ਹੱਡੀ ।

**ਢੁਲਕਣਾ,** ਕ੍ਰਿ:—ਝੁਕਣਾ, ਰਿੜ੍ਹਨਾ, ਪੈ ਜਾਣਾ, ਖੁੱਲ੍ਹਾ ਹੋਣਾ ।

Digitized by Panjab Digital Library | www.panjabdigilib.org

**ਢੁਲਕਾਉਣਾ,** ਕ੍ਰਿ:—ਰੇੜ੍ਹਨਾ, ਲਿਟਾ ... ਣਾ, ਮਾਰਨਾ ॥

**ਢੁਲਣਾ,** ਕ੍ਰਿ:—ਝੁਕਣਾ, ਧਿਆਨ ਦੇਣਾ ।

**ਢੁਲਮੁਲ ਯਕੀਨ,** ਵਿ: ਚੰਚਲ ਆਦਮੀ ਜੋ ਇਕ ਗੱਲ ਉੱਤੇ ਕ਼ੈਮ ਨਾ ਰਹੇ ।

**ਢੁਲਵਾਉਣਾ,** ਕ੍ਰਿ:—ਢੋਹਣ ਦਾ ਕੰਮ ਕਰਾਉਣਾ ॥

**ਢੁਲਵਾਈ,** ਸ:—ਢੋਹਣ ਦਾ ਕੰਮ ਜਾਂ ਮਜੂਰੀ ॥

**ਢੁਲਾਉਣਾ,** ਕ੍ਰਿ:—ਢੋਹਣ ਦਾ ਕੰਮ ਕਰਾਉਣਾ, ਦਿਲ ਕਿਸੇ ਪਾਸੇ ਝੁਕਣ ਦੇਣਾ ॥

**ਢੁਲਾਈ,** ਸ:—ਢੋਹਣ ਜਾਂ ਲੈ ਜਾਣ ਦੀ ਮਜੂਰੀ

**ਢੂਆ (ਹਾ),** ਪੁ: }
**ਢੂਈ (ਹੀ),** ਸ: } ਚਿੱਤੜ, ਪਿਠ ॥

**ਢੂੰਡ ( ਢੂੰਢ ),** ਸ:—ਖੋਜ, ਭਾਲ, ਤਲਾਸ਼ ॥

**ਢੂੰਢ ਢਾਂਡ,** ਸ:—ਭਾਰੀ ਖੋਜ ਭਾਲ ( ਕਰਨੀ ) ॥

**ਢੂੰਡਣਾ** }
**ਢੂੰਢਣਾ** } ਕ੍ਰਿ:—ਖੋਜਣਾ, ਭਾਲਣਾ, ਲੱਭਣਾ ॥

**ਢੇਊ,** ਪੁ:—ਇੱਕ ਫਲ ਜਿਸ ਦਾ ਅਚਾਰ ਪੈਂਦਾ ਹੈ ।

**ਢੇਸੂ,** ਸ:—ਬਾਲਾਂ ਦੀ ਇੱਕ ਖੇਡ ( ਖੇਡਣੀ ) ।

**ਢੇਠ, (ਠਾ),** ਵਿ:—ਜਿਦ, ਢਿਠਾਈ, ਢੀਠ, ਗੁਸਤਾਕ ॥

**ਢੇਡ,** ਪੁ:—ਚੰਮ ਦਾ ਕੰਮ ਕਰਨ ਵਾਲੀ ਇੱਕ ਜਾਤ, ਕਾਉਂ ॥

**ਢੇਡੂ** }
**ਢੇਡੀ** } ਪੁ: ਸ: ਕੰਨ ਦਾ ਇੱਕ ਗਹਿਣਾ ॥

**ਢੇਮ,** ਸ:—ਢੀਮ, ਮਿੱਟੀ ਦਾ ਢਲਾ ॥

**ਢੇਰ,** ਪੁ:—ਤੋਦਾ, ਕੱਠੀ ਚੀਜ਼, ਬਹੁਤੀ ਸ਼ੈ, ਕੂੜੀ ॥ ਵਿ:—ਬਹੁਤ ਸਾਰੇ, ਬਹੁਤ, ਘਣੀ ॥

**ਢੇਰਣੀ,** ਸ:—ਕਪਾਹ ਦੇ ਵੇਲਣੇ ਦਾ ਹੱਥਾ, ਪਿੰਜੀ ਹੋਈ ਰੂੰ ਵਲ੍ਹੇਟਣ ਵਾਲੀ ਲਕੜੀ ॥

**ਢੇਰਾ,** ਪੁ:—ਸੂਤ੍ਰ ਵੱਟਣ ਵਾਲਾ ਲੱਕੜੀ ਦਾ ਜੰਤ੍ਰ ॥

**ਢੇਰੀ,** ਸ:—ਛੋਟਾ ਢੇਰ, ਹਿੱਸਾ ॥

**ਢੇਰੀ ਢੇਣਾ,** ਕ੍ਰਿ:—ਥੱਕ ਟੁਟ ਕੇ ਢਹਿ ਪੈਣਾ ॥

**ਢੇਰੀ ਕਰਨਾ,** ਕ੍ਰਿ:—ਭੰਨ ਤੋੜ ਕੇ ਨਾਸ, ਕਰਨਾ, ਧਰਤੀ ਉਤੇ ਰੱਖ ਦੇਣਾ ॥

**ਢੇਰੀਢਾਉਣਾ,** ਕ੍ਰਿ:—ਹਿੰਮਤ ਹਾਰਨਾ ॥

**ਢੇਰੂ,** ਪੁ:—'ਢੇਰਾ' ਵੇਖੋ ॥

**ਢੇਲਾ,** ਪੁ:—ਮਿੱਟੀ ਦਾ ਡਲਾ, ਢੀਮ ॥

**ਢੇਲਾ ਚੌਥ,** ਸ:—'ਪੱਥਰ ਚੌਥ' ਵੇਖੋ ॥

**ਢੈਂਹ ਢੈਂਹ,** ਸ:—ਬੰਧ ਤ੍ਰਿੱਗਲ, ਗੋਲੇ ਚੱਲਣ ਜਾਂ ਧੱਫੇ ਜੁੱਤੀਆਂ ਪੈਣ ਦੀ ਆਵਾਜ਼ ( ਪੈਣੀਆਂ ਮਾਰਨੀਆਂ ) ॥

**ਢੈ ਖਾਣੀ** }
**ਢੈ ਜਾਣਾ** }
**ਢੈਣਾ** } ਕ੍ਰਿ:—'ਢਹਿਣਾ' ਵੇਖੋ ।
**ਢੈ ਪੈਣਾ** }

**ਢੈਲਾ,** ਵਿ:—ਢਿੱਲਾ, ਸੁਸਤ, ਬੇ ਪਰਵਾਹ, ਜੋ ਝਗੜਾ ਛੱਡਣਾ ਚਾਹੇ ( ਹੋਣਾ ) ॥

Digitized by Panjab Digital Library | www.panjabdigilib.org

## ਢੇ

**ਢੈ,** ਪੁ:—ਹਾਲਤ, ਮੌਕਾ, ਢਾਲਾ, ਕਿਸਮਤ, ਲਕੜੀ ਦੇ ਵੱਡੇ ਸੰਦਰੇ ਦਾ ਹੱਥਾ ॥

**ਢੋਆ,** ਪੁ:—ਛੋਟਿਆਂ ਵੱਲੋਂ ਵੱਡਿਆਂ ਨੂੰ ਨਜ਼ਰ ਕੀਤੀ ਹੋਈ ਡਾਲੀ ( ਫਲ ਫੁੱਲ ) ।

**ਢੋਈ,** ਸ:—ਪਹੁੰਚ, ਦਖ਼ਲ ( ਮਿਲਣਾ )

**ਢੋਹ,** ਪੁ:-ਸ:-ਸਹਾਰਾ, ਪਹੁੰਚ, ਦੋ ਝਗੜੇ ਵਾਲਿਆਂ ਦਾ ਫੈਸਲਾ ਕਰਨ ਲਈ ਉਨ੍ਹਾਂ ਦਾ ਕਿਸੇ ਥਾਂ ਮੇਲ ਕਰਾਉਣਾ ॥

**ਢੋਹ ਜਾਣਾ,** ਕ੍ਰਿ:—ਦੋ ਝਗੜੇ ਵਾਲਿਆਂ ਦਾ ਫੈਸਲਾ ਹੋਣ ਵਾਲੀ ਥਾਂ ਜਾਣਾ ॥

**ਢੋਹ ਲਾਉਣਾ,** ਕ੍ਰਿ:—ਕੰਧ ਆਦਿਕ ਦਾ ਸਹਾਰਾ ਲੈਣਾ ॥

**ਢੋਹਣਾ,** ਕ੍ਰਿ:—ਪਾਸ ਲਿਆਉਣਾ, ਭੀੜਨਾ ( ਬੂਹਾ )॥

**ਢੋਂਗ,** ਪੁ:—ਨਕਲ, ਭੇਸ, ਨਕਲੀ ਪੁਸ਼ਾਕ, ਛਲ ।

**ਢੋਂਗੀ,** ਪੁ:—ਨਕਲੀਆ, ਨਾਟਕ ਕਰਨ ਵਾਲਾ ॥

**ਢੋਡਾ / ਢੋਢਾ** } ਪੁ:—ਇਕ ਖੋਰਨ ਵਾਲਾ ਛਿਲਕਾ, ਜੁਆਰ ਜਾਂ ਬਾਜਰੇ ਦੀ ਰੋਟੀ, ਛਾਹਿਆ, ਊਜ ॥

**ਢੋਡਾ ਪੱਟਣਾ (ਢੱਪਣਾ),** ਕ੍ਰਿ:—ਊਜ ਲਾਉਣੀ।

**ਢੋਣਾ / ਢੋ ਦੇਣਾ** } ਕ੍ਰਿ:—ਭਾਰ ਚੁੱਕ ਕੇ ਲੈ ਜਾਣਾ, ਪਹੁਚਾਉਣਾ, ਬੂਹਾ ਭੀੜਨਾ ॥

**ਢੋਰ,** ਪੁ:—ਡੰਗਰ, ਮੂਰਖ ਆਦਮੀ ।

**ਢੋਰਾ / ਢੋਰੀ** } ਪੁ:—ਅਨਾਜ ਨੂੰ ਲੱਗਣ ਵਾਲਾ ਇਕ ਕੀੜਾ ॥

## ਢੈਣਾ

**ਢੋਲ,** ਪੁ:—ਇੱਕ ਤਰਾਂ ਦਾ ਬਾਜਾ ( ਢੋਲਕੀ ਦੀ ਸ਼ਕਲ ਦਾ ਵਿੱਚੋਂ ਖਾਲੀ ਅਤੇ ਪਾਸਿਆਂ ਪੁਰ ਚੰਮ ਨਾਲ ਮੜ੍ਹਿਆ ਹੋਇਆ) ਪਲਟ ਦਾ ਖੜਾ ਪਹੀਆ, ਪਿਆਰਾ, ਢਾਲ, ਝਗਾਊ ।

**ਗਲ ਪਿਆ ਢੋਲ ਵਜਾਉਣਾ** } ਕ੍ਰਿ:—ਆਪਣੇ ਜ਼ੁੱਮੇ ਲੱਗਾ ਹੋਇਆ ਨਾ ਚਾਹੁੰਦਾ ਕੰਮ ਕਰਨਾ ॥

**ਢੋਲ ਢਮੱਕਾ / ਢੋਲ ਢਾਲ** } ਪੁ:—ਢੋਲ ਆਦਿਕ ਦਾ ਵੱਜਣਾ।

**ਢੋਲਕ ( ਕੀ ),** ਸ:—ਛੋਟਾ ਢੋਲ ।

**ਢੋਲਕੀ (ਚੀ) / ਢੋਲਕੀਆ / ਢੋਲੀਆ** } ਪੁ:—ਢੋਲਕ ਵਜਾਉਣ ਵਾਲਾ ॥

**ਢੋਲਣ,** ਸ:—ਢੋਲ ਵਜਾਉਣ ਵਾਲੀ, ਪਿਆਰੀ

**ਢੋਲਣਾ,** ਕ੍ਰਿ:—ਆਪਣੇ ਵੱਲ ਝੁਕਾਉਣਾ ਜਾਂ ਖਿੱਚਣਾ ॥

ਪੁ: ਇੱਕ ਜ਼ਨਾਨਾ ਢਾਲ ਦਾ ਗਾਉਣਾ ॥

**ਢੌਲਾ,** ਪੁ:—ਪਿਆਰਾ, ਇਕ ਮਸ਼ਹੂਰ ਆਸ਼ਕ, ਮਾਹੀ, ਇੱਕ ਜਟਕਾ ਗੀਤ ।

**ਢੋਲੀ,** ਸ:—ਕੁੜੀ ॥ ਪੁ:—ਢੋਲ ਵਜਾਉਣ ਵਾਲਾ ।

**ਢੌਂਕਾ,** ਪੁ: ਥੋੜੀ ਜਹੀ ਨੀਂਦਰ ( ਲੈਣਾ, ਲਾਉਣਾ ) ॥

**ਢੌਗੁਣਾ,** ਵਿ:—ਢਾਈ ਗੁਣਾ ।

**ਢੌਂਚਾ,** ਵਿ: —ਸਾਢੇ ਚਾਰ ।

**ਢੌਣਾ,** ਵਿ:—ਢਾਈ ॥

Digitized by Panjab Digital Library | www.panjabdigilib.org

ਣ, ਪੁ:—ਗੁਰਮੁਖੀ ਪੈਂਤੀ ਦਾ ਵੀਹਵਾਂ ਅੱਖਰ, ਣਾਣਾ।

ਣਾਣਾ, ਪੁ:—'ਣ' ਅੱਖਰ ਦਾ ਨਾਉਂ॥

## ਤ

ਤ, ਪੁ:—ਗੁਰਮੁਖੀ ਪੈਂਤੀ ਦਾ ਇੱਕੀਵਾਂ ਅੱਖਰ ਤੈਂਤਾ॥

ਤਊਨ, ਸ:—ਮੰਜੀ, ਥਵਾ, ਪਲੰਗ॥

ਤਈਨਾਤ, ਵਿ:—ਮੁਕੱਰਰ, ਠਹਿਰਾਇਆ ਹੋਇਆ ਨੌਕਰ॥

ਤਸਬਾ, ਪੁ: / ਤਸਬੀ, ਸ: } ਮੁਸਲਮਾਨਾਂ ਦੀ ਮਾਲਾ॥

ਤਸਬੀਰ, ਸ:—ਮੂਰਤ, ਚਿਤ੍ਰ।

ਤਸਮਈ, ਸ:—ਖੀਰ, ਦੁੱਧ ਵਿਚ ਰਿੱਧੇ ਹੋਏ ਚੌਲ।

ਤਸਮਾ, ਪੁ:—ਚੰਮ ਦਾ ਫੀਤਾ ਜਾਂ ਡੋਰੀ॥

ਤਸਲਾ, ਪੁ: / ਤਸਲੀ, ਸ: } ਤਾਂਬੇ ਲੋਹੇ ਜਾਂ ਪਿੱਤਲ ਦਾ ਚੌੜਾ ਭਾਂਡਾ॥

ਤਸੱਲਾ / ਤਸੱਲੀ } ਸ:—ਧੀਰਜ, ਸਾਂਤੀ, ਅਰਾਮ(ਦੇਣੀ)॥

ਤਸਲੀਮ, ਸ:—ਬੰਦਗੀ, ਸਲਾਮ, ਨਮਸਕਾਰ॥

ਤਸਵੀਰ, ਸ:—ਮੂਰਤ, ਚਿਤ੍ਰ॥

ਤਸੀਰ, ਸ:—ਅਸਰ, ਫਲ, ਗੁਣ॥

ਤਸੀਲ, ਸ:—ਸਰਕਾਰੀ ਮਾਮਲਾ ਦਾਖਲ ਕਰਨ ਦੀ ਥਾਂ॥

ਤਸੀਲਦਾਰ, ਪੁ:—ਮਾਲਗੁਜ਼ਾਰੀ ਵਸੂਲ ਕਰਨ ਵਾਲਾ ਅਫਸਰ।

ਤਸੂ / ਤੱਸੂ } ਪੁ:—ਤਰਖਾਣਾਂ ਅਤੇ ਰਾਜਾਂ ਦਾ ਇੱਕ ਮਾਪ॥

ਤਹ / ਤਹਿ } ਸ:—ਕਪੜੇ ਦਾ ਪੇਚ, ਥੱਲਾ, ਪੇਂਦਾ॥

ਤਹਿ ਕਰਨੀ (ਜਮਾਉਣੀ ਜਾਂ ਲਾਉਣੀ) ਕ੍ਰਿ:—ਮੋੜ ਕੇ ਲਪੇਟਣਾ॥

ਤਹਿ ਖਾਨਾ, ਪੁ:—ਸਰਦ ਖਾਨਾ, ਜ਼ਮੀਨ ਦੇ ਹੇਠਲਾ ਕਮਰਾ॥

ਤਹਸੀਲ / ਤਹਸੀਲਦਾਰ } 'ਤਸੀਲ' ਆਦਿਕ ਦੇਖੋ॥

ਤਹਾਰਤ, ਸ:—ਸਫ਼ਾਈ, ਪਵਿਤ੍ਰ (ਕਰਨੀ)॥

ਤਹਿਸ ਨਹਿਸ, ਪੁ:—ਸਤਿਆਨਾਸ, ਬਰਬਾਦੀ।

ਤਹਿਕਣਾ, ਕ੍ਰਿ:—ਡਰ ਜਾਣਾ॥

ਤਹਿਠੇਕ, ਪੁ:—ਜ਼ੋਰ ਦਾ ਮੀਂਹ, ਇੱਕ ਤਰ੍ਹਾਂ ਦਾ ਪਰੌਂਠਾ।

ਤਹਿਮਤ / ਤਹਿਮੰਦ } ਸ:—ਲੱਕ ਬੰਨ੍ਹਣ ਵਾਲੀ ਚਾਦਰ।

ਤਹਿੜ, ਵਿ:—ਲੰਮਾ ਅਤੇ ਮੋਟਾ ਤਕੜਾ।

ਤਹਿੜ ਤੁੱਲਾ (ਲੀ), ਪੁ:,ਸ:—ਬਹੁਤ ਮੋਟਾ(ਟੀ)॥

ਤਹੂ, ਵਿ:—ਪਿੱਛੇ ਜਾਣ ਵਾਲਾ (ਤਹੂ ਹਣਾ = ਪਿੱਛੇ ਜਾਣਾ)॥

ਤਕ, ਕ੍ਰਿ: ਵਿ:—ਤਾਈਂ, ਤੋੜੀ, ਤੀਕ॥

Digitized by Panjab Digital Library | www.panjabdigilib.org

**ਤੱਕ,** ਸ:—ਇੱਕ ਮਾਪ, ਵੱਡੇ ਛਾਬੇ, ਨਜ਼ਰ।

**ਤੱਕ ਚੜ੍ਹਨਾ, ਚੜ੍ਹਾਉਣਾ,** ਕ੍ਰਿ:—ਤੁਲਣਾ ਤੋਲਣਾ॥

**ਤੱਕ ਤੱਕ,** ਕ੍ਰਿ:ਵਿ:—ਅਟਕਲ ਨਾਲ, ਜਾਂਚ ਕੇ॥

**ਤੱਕ ਵਿੱਚ ਹੋਣਾ,** ਕ੍ਰਿ:—ਨਜ਼ਰ ਜਾਂ ਧਿਆਨ ਰਖਣਾ॥

**ਤਕਸੀਰ,** ਸ:—ਐਬ, ਦੋਸ਼, ਅਪਰਾਧ।

**ਤਕਸੀਰੀ** ਪੁ:, ਸ:—ਤਕਸੀਰ ਕਰਨ ਵਾਲਾ, ਅਪਰਾਧੀ॥

**ਤੱਕਣਾ,** ਕ੍ਰਿ:—ਵੇਖਣਾ, ਜਾਚਣਾ, ਭਰਮ ਕਰਨਾ।

**ਤਕ੍ਰਾਰ,** ਪੁ:, ਸ:—ਝਗੜਾ, ਕਰਾਰ (ਹੋਣਾ, ਕਰਨਾ)॥

**ਤਕਰਾਰੀ,** ਪੁ:—ਤਕਰਾਰ ਜਾਂ ਝਗੜਾ ਕਰਨਵਾਲਾ।

**ਤਕਰੀਰ,** ਸ:—ਬੋਲਕੇ ਬਿਆਨ ਕਰਨਾ, ਲੈਕਚਰ।

**ਤੱਕਲਾ, ਤੱਕੁਲਾ** } ਪੁ:—ਚਰਖੇ ਦੀ ਲੰਮੀ ਪਤਲੀ ਸੀਖ, ਪਹੀਏ ਦਾ ਧੁਰਾ॥

**ਤੱਕਲੀ,** ਸ:—ਮਾੜਾ ਜਿਹਾ ਤੱਕਲਾ॥

**ਤਕਵਾ,** ਪੁ:—ਦੀਨ ਦਾਰੀ, ਰੱਬ ਦਾ ਡਰ॥

**ਤੱਕੜ,** ਪੁ:—ਬਹੁਤ ਭਾਰ ਤੋਲਣ ਦਾ ਜੰਤ੍ਰ॥

**ਤਕੜਾ, ਤਕੜੀ** } ਵਿ:—ਬਲਵਾਨ, ਜ਼ੋਰ ਵਾਲਾ (ਲੀ), ਨਰੋਇਆ (ਈ)।

**ਤਕੜਾ ਤਾਜ਼ਾ,** ਵਿ:—ਰਾਜ਼ੀ ਬਾਜ਼ੀ, ਬਲੀ, ਮੋਟਾ।

**ਤਕੜਾਈ,** ਸ:—ਹੁਸ਼ਿਆਰੀ, ਚੌਕਸੀ, ਖਬਰਦਾਰੀ॥

**ਤੱਕੜੀ,** ਸ:—ਭਾਰ ਤੋਲਣ ਦਾ ਛੋਟਾ ਜੰਤ੍ਰ॥

**ਤਕਾਉਣਾ,** ਕ੍ਰਿ:—ਵਿਖਾਉਣਾ, ਨਜ਼ਰ ਪੁਆਉਣੀ, ਤਾੜਨਾ।

**ਤਕਾਲਾਂ,** ਸ:—ਸੰਧਿਆ ਦਾ ਵੇਲਾ, ਸੰਝ, ਸ਼ਾਮ॥

**ਤਕਾਵੀ,** ਸ:—ਸਰਕਾਰ ਵੱਲੋਂ ਜ਼ਿਮੀਂਦਾਰ ਨੂੰ ਜੋ ਹੁਦਾਰ ਮਿਲੇ।

**ਤਕੀਆ,** ਪੁ:—ਸਿਰ੍ਹਾਣਾ, ਆਸਰਾ, ਮੁਸਲਮਾਨ ਫਕੀਰ ਦਾ ਡੇਰਾ॥

**ਤਖਸੀਰ, ਤਖਸੀਰੀ** } ਤਕਸੀਰ ਤਕਸੀਰੀ ਦੇਖੋ॥

**ਤਖਤ,** ਪੁ:—ਪਾਤਸ਼ਾਹ ਦੇ ਬੈਠਣ ਦੀ ਥਾਂ ਚੌਕੀ, ਸਿੰਘਾਸਣ॥

**ਤਖਤ ਪੋਸ਼,** ਪੁ:—ਲਕੜੀ ਦਾ ਮੰਜਾ॥

**ਤਖਤ ਰਵਾਂ,** ਪੁ:—ਉਹ ਤਖਤ ਜੋ ਚਾਰ ਉੱਤੇ ਧਰਕੇ ਮਨੁੱਖ ਮੋਢਿਆਂ ਉੱਤੇ ਲੈ ਜਾਣ॥

**ਤਖਤਾ,** ਪੁ:—ਫੱਟ, ਅਲਮਾਰੀ ਦਾ ਖਾਨਾ, ਮੁਰਦੇ ਦੀ ਅਰਥੀ, ਬੂਹਾ, ਕਾਗਜ਼ ਦਾ ਤਾਉ, ਫੁੱਲ ਦੀ ਕਿਆਰੀ॥

**ਤਖਤੀ,** ਸ:—ਲਿਖਣ ਵਾਲੀ ਫੱਟੀ, ਕਿਤਾਬ ਦਾ ਮੋਰ॥

**ਤਖਤੇ ਬੰਦੀ,** ਸ:—ਕੰਧਾਂ ਉੱਤੇ ਤਖਤੇ ਜੜੇ ਹੋਏ॥

**ਤਖਾਣ,** ਪੁ:—ਜੋ ਲਕੜੀ ਦੀਆਂ ਚੀਜ਼ਾਂ ਬਣਾਵੇ।

**ਤਖਾਣੀ,** ਸ:—ਤਖਾਣ ਦੀ ਤੀਮਤ॥

Digitized by Panjab Digital Library / www.panjabdigilib.org

**ਤਖਾਣੀ,** ਵਿ:—ਤਖਾਣ ਦਾ ।

**ਤਖੀਰ,** ਸ:—ਦੇਰ, ਢਿੱਲ (ਕਰਨਾ) ।

**ਤੱਗ,** ਪੁ:—ਟੁਕੜਾ, ਧਰਤੀ ਦਾ ਟੋਟਾ, ਜਨੇਊ, ਧਰਮ, ਮਤ ॥

**ਤੰਗ,** ਵਿ:—ਕੱਸਿਆ ਹੋਇਆ, ਭੀੜ, ਭੀੜਾ, ਦੁਖੀ, ਗਰੀਬ, ਘੁਟਿਆ ਹੋਇਆ, ਲੋੜਵੰਦ ॥ ਪੁ:—ਕਾਠੀ ਕੱਸਣ ਵਾਲਾ ਤਸਮਾ ।

**ਤੰਗ ਲੈਣਾ,** ਕ੍ਰਿ:—ਸੁੰਗੜਨਾ ॥

**ਤੰਗਸੀ,** ਸ:—ਗਰੀਬੀ, ਥੁੜ ॥

**ਤਗਣਾ,** ਕ੍ਰਿ:—ਟਿਕਣਾ, ਨਾ ਹਾਰਨਾ, ਪਕੇ ਰਹਿਣਾ ॥

**ਤੱਗਣਾ,** ਕ੍ਰਿ:—ਸੀਉਂ ਦੇਣਾ (ਬਖਮ) ॥

**ਤਗਪਾ,** ਪੁ:—ਭੁਰਜ ਪਤ੍ਰ ਦਾ ਰੁੱਖ ॥

**ਤਗਮਾ,** ਪੁ:—ਮੋਹਰ ਜਾਂ ਰੁਪਏ ਆਦਿਕ ਵਰਗਾ ਧਾਤ ਦਾ ਨਿਸ਼ਾਨ ਜੋ ਕਿਸੇ ਦਾ ਮਾਨ ਵਧਾਉਣ ਲਈ ਦਿੱਤਾ ਜਾਏ ।

**ਤਗਰ,** ਪੁ:—ਇਕ ਬੂਟੀ ॥

**ਤੰਗੜ,** ਪੁ:—ਤੂੜੀ ਬੰਨ੍ਹਣ ਵਾਲਾ ਜਾਲ (ਰੱਸੇ ਦਾ) ॥

**ਤੰਗੜੀ,** ਸ:—ਨਿੱਕਾ ਜੇਹਾ ਤੰਗੜ ॥

**ਤੱਗਾ,** ਪੁ:—ਗਲ ਦਾ ਤਵੀਤ । ਨਾਲੇ 'ਤਾਗਾ' ਵੇਖੋ ॥

**ਤਗਾਉਣਾ,** ਕ੍ਰਿ:—ਟਿਕਾਉਣਾ, ਜਤਨ ਕਰਾਉਣਾ, (ਬਖਮ) ਸੁਆਉਣਾ ॥

**ਤਗਾਦਾ,** ਪੁ:—ਜ਼ੋਰ ਪਾਉਣਾ, ਝਗੜਾ, ਔਖ, ਅਦਾਲਤ ॥

**ਤਗਾਰ, ਤੰਗਾਰ,** ਪੁ:—ਪੀਪਾ, ਕਾਠੜਾ, ਜਿੱਥੇ ਮਿੱਟੀ ਦੀ ਘਾਣੀ ਹੋਵੇ ॥

**ਤਗਾਰੀ, ਤੰਗਾਰੀ,** ਸ:—ਛੋਟਾ ਤਗਾਰ ॥

**ਤੰਗੀ,** ਸ:—ਗਰੀਬੀ, ਥੁੜ, ਔਖ ।

**ਤੰਗੀ ਕੱਟਣੀ,** ਕ੍ਰਿ:—ਗਰੀਬੀ ਦੇ ਦਿਨ ਬਿਤਾਉਣੇ ॥

**ਤੰਗੀ ਤੁਰਸੀ,** ਸ:—ਗਰੀਬੀ, ਔਖ ॥

**ਤਗੀਦ,** ਸ:—ਬਾਰ ਬਾਰ ਕਹਿਣਾ, ਹਠ, ਤਗਾਦਾ (ਕਰਨੀ) ॥

**ਤਗੀਦੀ,** ਵਿ:—ਤਗੀਦ ਵਾਲਾ, ਬਹੁਤ ਜ਼ਰੂਰੀ ॥

**ਤੱਛਣਾ,** ਕ੍ਰਿ:—ਵੱਢਣਾ, ਪਾੜਨਾ, ਕੱਟਣਾ ॥

**ਤਛਵਾਉਣਾ,** ਕ੍ਰਿ:—ਕਟਵਾਉਣਾ, ਪੜਵਾਉਣਾ ॥

**ਤਜ,** ਪੁ:—ਛੱਡ ਦੇਣਾ, ਤਿਆਗ, ਇੱਕ ਬੂਟਾ ॥

**ਤਜਣਾ,** ਕ੍ਰਿ:—ਤਿਆਗਣਾ, ਛੱਡ ਦੇਣਾ ॥

**ਤਜਰਬਾ,** ਪੁ:—ਜਾਚ, ਪਰਖ, ਪਰੀਖਿਆ, ਪਰਤਾਵਾ, ਹੱਥੀਂ ਕਰ ਕੇ ਵੇਖਣ ਦਾ ਕੰਮ ॥

**ਤਜਰਬਾ ਕਾਰ,** ਵਿ:—ਜਾਚ ਵਾਲਾ, ਸਿਆਣਾ, ਜਿਸ ਨੇ ਹੱਥੀਂ ਕੰਮ ਕੀਤੇ ਹਨ ॥

**ਤਜਵਾਉਣਾ,** ਕ੍ਰਿ:—ਛਡਵਾਉਣਾ ॥

**ਤਜਾਉਣਾ,** ਕ੍ਰਿ:—ਛੁੜਾਉਣਾ ॥

Digitized by Panjab Digital Library / www.panjabdigilib.org

**ਤਣ,** ਪੁ:—ਕੰਢਾ, ਕਿਨਾਰਾ (ਨਦੀ ਆਦਿਕ ਦਾ)

**ਤਣ,** ਪੁ:—ਸਰੀਰ, ਦੇਹ ॥ ਵਿ:—ਠੀਕ ਠੀਕ ॥

**ਤਣ ਮੱਖਣ ਲੱਗਣਾ,** ਕ੍ਰਿ:-(ਕਿਸੇ ਖੁਰਾਕ ਦਾ) ਪਚ ਕੇ ਤਾਕਤ ਦੇਣਾ, ਸਰੀਰ ਵਿਚ ਰਚ ਜਾਣਾ ॥

**ਤਣਕ,** ਸ:—ਕਰਖ਼ਤ ਅਵਾਜ਼, ਹਿਣਹਿਣਾਟ ॥

**ਤਣਨਾ,** ਕ੍ਰਿ:—ਖਿੱਚਣਾ, ਕੱਸਣਾ, ਫੈਲਾਉਣਾ ਜ਼ੋਰ ਲਾਉਣਾ ॥

**ਤਣਕੇ ਜਾਣਾ,** ਕ੍ਰਿ:-ਜ਼ੋਰ ਨਾਲ ਰਾਹ ਕੱਢਣਾ॥

**ਤਣੋ ਤਣੀ,** ਕ੍ਰਿ: ਵਿ:—ਜ਼ੋਰ ਨਾਲ, ਧਸ ਕੇ ॥

**ਤਣਾ,** ਪੁ:—ਢਿੱਡ ਦਾ ਪੱਸਾ, ਰੁੱਖ ਦੀ ਜੜ੍ਹ ਜਾਂ ਪੈਂਡੀ ॥

**ਤਣੇ ਚੜ੍ਹ ਜਾਣੇ,** ਕ੍ਰਿ:—ਖੰਘ ਆਦਿਕ ਕਰਕੇ ਵੱਖੀਂ ਵਿਚ ਪੀੜ ਹੋਣੀ ॥

**ਤਣਾਉ / ਤਣਾਉਟ** } ਪੁ: ਖਿੱਚ, ਫੈਲਾਉ, ਖਿਲਾਰ ॥

**ਤਣਾਊਂ,** ਸ:—ਤੰਬੂ ਦਾ ਰੱਸਾ, ਪਤੰਗ ਦੀ ਡੋਰੀ।

**ਤਣਾਉਣਾ,** ਕ੍ਰਿ:—ਖਿਚਵਾਉਣਾ, ਕਸਾਉਣਾ ।

**ਤਣਾਵਾਂ,** ਸ:—ਬਹੁ:ਬ:—ਤੰਬੂ ਦੇ ਰੱਸੇ । ਪਤੰਗ ਨੂੰ ਕੱਸ ਕੇ ਰੱਖਣ ਵਾਲੀਆਂ ਡੋਰਾਂ ।

**ਤਣੀ,** ਸ:—ਕਿਸੇ ਕਪੜ ਦੇ ਕੱਸਣ ਵਾਲੀ ਡੋਰੀ

**ਤਣੁ,** ਪੁ:—ਸਰੀਰ, ਤਾਕਤ, ਜ਼ੋਰ, ਬਲ ॥

**ਤੱਤ,** ਪੁ:—ਮੂਲ, ਪਦਾਰਥ, ਅਸਲ, ਈਸ਼ਰ ਦਾ ਗਿਆਨ । ਵਿ:—ਅਸਲੀ, ਸੱਚਾ, ਠੀਕ (ਤੱਤ ਖਾਲਸਾ) ॥



**ਤੱਤ ਆਦਿ,** ਵਿ:—ਮੁੱਢਲਾ, ॥ ਕ੍ਰਿ:ਵਿ:—ਮੁੱਢੋਂ ਹੀ ॥

**ਤੱਤ ਕਾਲ,** ਕ੍ਰਿ:ਵਿ:-ਕਦੋਂ, ਜਿਸ ਵੇਲੇ, ਉਸੇ ਵੇਲੇ ।

**ਤੱਤ ਗਿਆਨੀ ( ਤੱਤ ਦਰਸ਼ੀ )** ਵਿ:— ਜਿਸਨੇ ਸ੍ਰਿਸ਼ਟੀ ਦਾ ਮੂਲ ਜਾਣ ਲਿਆ ਹੈ, (ਬਿਬੇਕੀ)।

**ਤਤਹੜਾ / ਤਤਹਿੜਾ** } ਪੁ:-ਪਾਣੀ ਉਬਾਲਣ ਵਾਲਾ ਮਿੱਟੀ ਦਾ ਵੱਡਾ ਭਾਂਡਾ ॥

**ਤਤਕਰਾ,** ਪੁ: ਵੇਰਵਾ, ਸੂਚੀ ਪੱਤ੍ਰ, ਨਾਵਾਂ ਦੀ ਫ਼ਹਿਰਸਤ ॥

**ਤਤਕਾਲ,** ਕ੍ਰਿ:—ਵਿ:—ਉਸੇਵੇਲੇ, ਝੱਟ ਪੱਟ।

**ਤੱਤ ਤੱਤ,** ਵਿਸਮਯ:—ਗਊ ਬਲਦ ਨੂੰ ਤੋਰਨ ਦੀ ਅਵਾਜ਼ ॥

**ਤਤਪਰ,** ਵਿ:—ਲੱਗਾ ਹੋਇਆ, ਜੁੱਟਿਆ ਹੋਇਆ॥

**ਤਤਬੀਰ,** ਸ:—ਜੁਗਤ, ਉਪਾਉ, ਢੰਗ, ਹਿਕਮਤ ॥

**ਤਤਬੀਰਣ, ਸ: / ਤਤਬੀਰੀ ਪੁ:** } ਜੋ ਤਦਬੀਰ ਕਰ ਸੱਕੇ, ਹਿਕਮਤੀ ।

**ਤੰਤ੍ਰ / ਤੰਤਰ** } ਪੁ:—ਜਾਦੂ, ਟੂਣਾ, ਹਿੰਦੂਆਂ ਦੇ ਕੁਝ ਧਾਰਮਿਕ ਪੁਸਤਕ ਜਿਨ੍ਹਾਂ ਵਿਚ ਮੰਤ੍ਰ ਆਦਿਕਾਂ ਨਾਲ ਦੇਵਤਿਆਂ ਦੀ ਪੂਜਾ ਅਤੇ ਰਿਧੀਆਂ ਸਿੱਧੀਆਂ ਦਾ ਵਰਨਣ ਹੈ ।

**ਤੰਤਰੀ,** ਪੁ:—ਤੰਤ੍ਰ ਸਾਧਣ ਵਾਲਾ, ਰਾਗੀ।

**ਤੱਤੜ,** ਸ:-ਪਾਣੀ ਤੱਤਾ ਕਰਨ ਵਾਲਾ ਮਿੱਟੀ ਦਾ ਭਾਂਡਾ ॥

**ਤੱਤੜਾ, ਪੁ:- / ਤੱਤੜੀ, ਸ:-** } ਢੀਠ, ਕੱਬਾ, ਜ਼ਿੱਦੀ, [illegible]॥

Digitized by Panjab Digital Library / www.panjabdigilib.org

**ਤੱਤਾ**, ਪੁਃ 'ਤ' ਅੱਖਰ । ਵਿਃ-ਗਰਮ, ਤਪਿਆ ਹੋਇਆ, ਜ਼ਿੱਦੀ, ਕ੍ਰੋਧੀ, ਛੇੜਾ ।

**ਤੱਤੀ**, ਵਿਃ-ਸਃ-ਗਰਮ, ਤਪੀ ਹੋਈ, ਕ੍ਰੋਧਣ, ਜ਼ਿੱਦੀ ਛੇੜੀ ॥

**ਤੱਤੀ ਵਾਉ ਨ ਲੱਗਣੀ**, ਕ੍ਰਿਃ-ਕੁਝ ਦੁਖ ਨਾ ਹੋਣਾ ।

**ਤੱਥ**, ਪੁਃ-ਵਿਃ-'ਤੱਤ' ਵੇਖੋ ।

**ਤਥਾ**, ਵਿਃ-ਉਸੇ ਤਰ੍ਹਾਂ ਦਾ, ਓਹੋ ਜੇਹਾ (ਯਥਾ ਰਾਜਾ ਤਥਾ ਪਰਜਾ) ।

**ਤਥਾਸਤੁ** = ਜੋ ਤੂੰ ਚਾਹੁੰਦਾ ਹੈਂ ਉਸੇ ਤਰਾਂ ਹੋਵੇ।

**ਤਦ**, ਕ੍ਰਿਃਵਿਃ ਉਸ ਵੇਲੇ, ਫੇਰ, ਮਗਰੋਂ ॥

**ਤਦ ਹੀ**, ਕ੍ਰਿਃਵਿਃ-ਉਸੇ ਵੇਲੇ, ਝਟ ਪਟ, ਇਸੇ ਲਈ.

**ਤੰਦ**, ਪੁਃ-ਧਾਗੇ ਦੀ ਤਾਰ, ਬਾਜੇ ਦੀ ਤਾਰ ॥

**ਤੰਦ ਤਾਣੀ**, ਸਃ-ਕਪੜੇ ਦਾ ਤਾਣਾ ਜਾਂ ਤਾਣੇ ਦਾ ਧਾਗਾ ॥

**ਤੰਦਰੁਸਤ**, ਵਿਃ-ਨਵਾਂ ਨਰੋਇਆ, ਤਕੜਾ, ਰਾਜ਼ੀ ।

**ਤੰਦਰੁਸਤੀ**, ਸਃ-ਸਰੀਰ ਦਾ ਨਰੋਇਆ ਹੋਣਾ॥

**ਤਦਾਹੀਂ**, ਕ੍ਰਿਃਵਿਃ-ਯੋਃ-ਉਸੇ ਵੇਲੇ, ਇਸੇ ਕਰਕੇ ॥

**ਤੰਦਾਣਾ**, ਪੁਃ-
**ਤੰਦਾਣੀ**, ਸਃ- } ਗਲ ਦਾ ਇਕ ਚਾਂਦੀ ਜਾਂ ਸੋਨੇ ਦਾ ਗਹਿਣਾ ॥

**ਤਦੀ**
**ਤਦੀਂ** } ਕ੍ਰਿਃ-ਵਿਃ-ਯੋਃ-'ਤਦੋਂ' ਵੇਖੋ ॥

**ਤੰਦੀ**, ਸਃ-ਜ਼ਬਰਦਸਤੀ, ਸਖਤੀ, ਜ਼ੁਲਮ (ਤਣੀ ਕਰਨੀ) ॥

**ਤੰਦੋ**, ਸਃ- ਤਾਰ, ਪਸ਼ੂ ਖੋਆਂ ਆਂਦਰਾਂ ਸੁਕਾ ਕੇ ਵੱਟੀਆਂ ਹੋਈਆਂ, ਪੰਜੇ ਦੀ ਰੇਸ਼ਮ ਦੀ ਡੋਰੀ॥

**ਤੰਦੋਰਾ** ਪੁਃ-
**ਤੰਦੋਰੀ** ਸਃ- } ਜਿਸ ਵਿੱਚ ਤੰਦੀ ਹੋਵੇ, ਤੰਦੀ ਦਾ ਗੁੱਛਾ ॥

**ਤੰਦੂਆ**, ਪੁਃ-ਪਾਣੀ ਵਿੱਚ ਰਹਿਣ ਵਾਲਾ ਇਕ ਜੀਵ ॥

**ਤੰਦੂਰ**, ਪੁਃ-ਰੋਟੀਆਂ ਪਕਾਣ ਵਾਲੀ ਉੱਚੀ ਭੱਠੀ, ਮੋਟਾ ਆਦਮੀ ॥

**ਤੰਦੂਰੀ**, ਵਿਃ-ਤੰਦੂਰ ਵਿਚ ਪੱਕਾ ਹੋਇਆ, ਸਃ-ਛੋਟਾ ਤੰਦੂਰ ।

**ਤਦੇ**, ਕ੍ਰਿਃਵਿਃਯੋਃ-ਉਸੇ, ਵੇਲੇ ਇਸ ਕਰਕੇ ।

**ਤਦੋਂ**, ਕ੍ਰਿਃਵਿਃਯੋਃ-ਉਸ ਵੇਲੇ, ਫੇਰ, ਤਾਂ ।

**ਤੰਦੋ ਤਾਣਾ**, ਵਿਃ-ਪਤਲਾ ਕਪੜਾ ਜਿਸਦੇ ਧਾਗੇ ਖੁਲ੍ਹੇ ਖੁਲ੍ਹੇ ਹੋਗਏ ਹੋਣ । ਕ੍ਰਿਃਵਿਃ-ਬਿਲਕੁਲ ਸਾਰਾ ਹੀ ।

**ਤਨਖਾਹ**, ਸਃ-ਤਲਬ, ਮਜੂਰੀ, ਸਿੱਖਾਂ ਵਿੱਚ ਰਹਿਤ ਤੋੜਨ ਦਾ ਡੰਨ (ਲੱਗਣੀ) ॥

**ਤਨਖਾਹੀਆ**, ਪੁਃ-ਤਨਖਾਹ ਲਿਆਉਣ ਵਾਲਾ, ਜਿਸਨੂੰ ਰਹਿਤ ਤੋੜਨ ਦਾ ਡੰਨ ਲੱਗਾ ਹੈ ॥

**ਤੰਨਰ**, ਵਿਃ-ਬਹੁਤ ਫੁੱਲਿਆ ਹੋਇਆ ।

**ਤਨਾਜਾ**, ਪੁਃ—ਝਗੜਾ, ਬਖੇੜਾ।

**ਤਨਾਮਾਂ**, ਸਃ-'ਤਲਾਵਾਂ' ਵੇਖੋ ।

**ਤਨਾਲ**
**ਤਨਾਲ ਮੁਨਾਲ** } ਪੁਃ-ਮਿਆਨ ਦੇ ਉੱਪਰਲੇ ਸਿਰੇ ਉੱਤੇ ਜੋ ਲੱਗਾ ਹੁੰਦਾ ਹੈ॥

Digitized by Panjab Digital Library / www.panjabdigilib.org

**ਤਪ,** ਪੁ:—ਤਾਪ, ਕਸ਼ਟ, ਸਰੀਰ ਨੂੰ ਦੁਖ ਦੇਕੇ ਕੀਤੀ ਹੋਈ ਭਗਤੀ, ਪ੍ਰਤਾਪ, ਇਕਬਾਲ।

**ਤਪਸ਼,** ਸ:—ਗਰਮੀ, ਤਾਉ (ਧੁਣੀ)।

**ਤਪੱਸਣ,** ਸ:—ਤਪ ਕਰਨੀ ਵਾਲੀ, ਸੰਤਣੀ॥

**ਤਪੱਸਿਆ,** ਸ:—ਤਪ, ਸਰੀਰ ਨੂੰ ਕਲੇਸ਼ ਦੇ ਕੇ ਭਜਨ ਕਰਨਾ।

**ਤਪੱਸੀ,** ਪੁ:—ਤਪ ਕਰਨ ਵਾਲਾ, ਸਾਧੂ॥

**ਤਪਣਾ,** ਕ੍ਰਿ:—ਭਖਣਾ, ਗਰਮ ਹੋਣਾ, ਗੁੱਸੇ ਵਿੱਚ ਆਉਣਾ, ਦੁਖੀ ਹੋਣਾ, ਤਪ ਕਰਨਾ, ਚਮਕਣਾ।

**ਤਪਤ,** ਸ:—ਤਪਸ਼, ਗਰਮੀ, ਤਾਉ

**ਤਪ ਤਪ,** ਪੁ:ਸ:—ਪਾਣੀ ਕਿਰਨ ਦੀ ਅਵਾਜ਼,।

**ਤਪਦਾ,** ਵਿ:—ਤਪਿਆ ਹੋਇਆ, ਤੱਤਾ॥

**ਤੱਪੜ,** ਪੁ:—ਸਣ ਆਦਿਕ ਦਾ ਮੋਟਾ ਕਪੜਾ।

**ਤਪਾ,** ਪੁ:—ਤਪ ਜਾਂ ਭਜਨ ਕਰਨ ਵਾਲਾ।

**ਤੱਪਾ,** ਪੁ:—ਜ਼ਿਲਾ, ਅਲਾਕਾ, 'ਠੱਪਾ,' ਭੀ ਵੇਖੋ॥

**ਤਪਾਈ,** ਸ:—ਤਪਾਉਣ ਦਾ ਕੰਮ ਜਾਂ ਮਜੂਰੀ, ਤਪਾਲੀ, ਤਿੰਨਾਂ ਪਾਵਿਆਂ ਵਾਲੀ ਚੌਂਕੀ।

**ਤਪਾਉਣਾ,** ਕ੍ਰਿ:—ਗਰਮ ਕਰਨਾ, ਭੜਕਾਉਣਾ।

**ਤਪਾਲੀ,** ਸ:—ਕਿਸੇ ਥਾਂ ਫੈਲਿਆ ਹੋਇਆ ਤਾਪ।

**ਤਪੀ (ਤਪੀਆ)**
**ਤਪੀਸ਼ਰ** } ਪੁ:—ਤਪ ਕਰਨ ਵਾਲਾ।

**ਤਫ਼ੀਕ,** ਸ:—'ਤੌਫ਼ੀਕ' ਵੇਖੋ॥

**ਤਬਕ,** ਪੁ:—ਵਰਕਾ, ਪੱਤ੍ਰਾ, ਥਾਲ, ਘਰ ਦੀ ਮੰਜ਼ਲ।

**ਤਬਕਾ,** ਪੁ:—ਕਿਤਾਬ ਦਾ [illegible], ਤਹਿ॥

**ਤਬਚੀ,** ਸ:—ਖੁਲ੍ਹਿਆਂ ਲੱਤਾਂ ਵਾਲਾ ਛੋਟਾ ਪਜਾਮਾ॥

**ਤਬਰ,** ਪੁ:—ਚੌੜਾ ਕੁਹਾੜਾ॥

**ਤਬਲ,** ਪੁ:—ਬਾਜਣ ਵਾਲੀ ਲਕੜੀ॥

**ਤਬਲਾ,** ਪੁ: ਛੋਟਾ ਡੰਬੂਰਾ ਜਾਂ ਇਕ ਪਾਸੇ ਵਜਣ ਵਾਲੀ ਢੋਲਕ।

**ਤਬਾ,** ਪੁ:—ਇੱਕ ਤਰਾਂ ਦਾ ਲੱਕ [illegible] ਵਾਲਾ ਕਪੜਾ।

**ਤਬਾਸ਼ੀਰ,** ਸ:—ਇੱਕ ਮਸ਼ਹੂਰ ਠੰਢੀ ਦੁਆਈ॥

**ਤਬਾਸ਼ੀਰੀ,** ਵਿ:—ਨੀਲ ਦੀ ਛਿਹ, ਮਾਰਨ ਵਾਲੇ ਹਲਕੇ ਪੀਲੇ ਰੰਗ ਦਾ।

**ਤਬਾਹ,** ਵਿ:—ਬਰਬਾਦ, ਉਜੜਿਆ ਹੋਇਆ।

**ਤਬਾਹੀ,** ਸ:—ਬਰਬਾਦੀ, ਸੱਤਿਆਨਾਸ, ਖਰਾਬੀ।

**ਤਬਾਕ(ਖ**
**ਤਬਾਖੜਾ(ੜਾ,** } ਪੁ:—ਇੱਕ ਤਰ੍ਹਾਂ ਦਾ ਵੱਡਾ ਥਾਲ॥

**ਤਬਾਖੀਆ,** ਪੁ:—ਮੁਸਲਮਾਨ ਨਾਨਬਾਈ ਜਾਂ ਹਲਵਾਈ

**ਤਬਾਖੀਰ,** ਪੁ:—ਇੱਕ ਦੁਆ॥

**ਤਬਾਰੀਖ,** ਸ:—ਇਤਿਹਾਸ, ਪਿਛਲੇ ਸਮੇਂ ਦਾ ਹਾਲ।

Digitized by Panjab Digital Library / www.panjabdigilib.org

**ਤੰਬੀ,** ਸਃ—ਖੁੱਲ੍ਹੀਆਂ ਲੱਤਾਂ ਅਤੇ ਤੰਗ ਮੋਹਰੀਆਂ ਵਾਲਾ ਪਜਾਮਾ ॥

**ਤਬੀਅਤ,** ਸਃ ਮਜ਼ਾਜ, ਸੁਭਾਉ, ਸਰੀਰ ਦੀ ਹਾਲਤ ॥

**ਤਬੀਆ** ਪੁਃ—'ਤਾਂਬੀਆ' ਵੇਖੋ ।

**ਤੰਬੀਹ,** ਸਃ ਸਮਝਾਉਣਾ, ਖਬਰਦਾਰੀ (ਕਰਨੀ)

**ਤਬੀਜ,** ਸਃ—ਟੇਵਾ, ਜੰਤ੍ਰਵਾਲਾ ਕਾਗਤ ਜੋ ਖਰਾਬੀ ਰੋਕਣ ਵਾਸਤੇ ਮਨੁੱਖ ਪਹਿਨਦੇ ਹਨ।

**ਤਬੀਤ,** ਸਃ—ਤਬੀਅਤ, ਤਬੀਜ ॥

**ਤਬੀਤੜੀ,** ਸਃ—ਮੜ੍ਹਾਇਆ ਹੋਇਆ ਛੋਟਾ ਜਿਹਾ ਤਬੀਤ, ਜਨਾਨੀਆਂ ਦਾ ਗੈਹਣਾ ॥

**ਤਬੀਤੀਆ,** ਪੁਃ—ਤਬੀਤ ਲਿਖਣ ਵਾਲਾ ॥

**ਤੰਬੂ,** ਪੁਃ—ਕਪੜੇ ਦਾ ਘਰ ॥

**ਤੰਬੂਰ,** ਪੁਃ—ਢੋਲ (ਪਲਟਣ ਦਾ) ॥

**ਤੰਬੂਰਚਣ,** ਸਃ }
**ਤੰਬੂਰਚੀ,** ਪੁਃ } ਜੋ ਤੰਬੂਰ ਵਜਾਵੇ ॥

**ਤੰਬੂਰਾ,** ਪੁਃ—ਸਤਾਰ

**ਤਬੇਲਾ,** ਪੁਃ—ਘੋੜੇ ਆਦਿਕ ਬੰਨ੍ਹਣ ਦੀ ਥਾਂ ।

**ਤੰਬੋਟੀ,** ਸਃ—ਨਿੱਕਾ ਜਿਹਾ ਤੰਬੂ ॥

**ਤੰਬੋਲ,** ਪੁਃ ਵਿਆਹ ਉੱਤੇ ਜੋ ਨਗਦੀ ਲੋਕ ਦਿੰਦੇ ਹਨ, ਨੇਉਂਦ੍ਰਾ, ਪਾਨ ਦਾ ਪੱਤ੍ਰ ।

**ਤੰਬੋਲਣ,** ਸਃ—ਪਾਨ ਵੇਚਣ ਵਾਲੀ, ਤੰਬੋਲੀ ਦੀ ਵਹੁਟੀ ॥

**ਤੰਬੋਲੀ,** ਪੁਃ—ਪਾਨ ਵੇਚਣ ਵਾਲਾ ॥

**ਤਭਕਣਾ,** ਕ੍ਰਿਃ—ਕੰਬ ਉਠਣਾ, ਡਰ ਜਾਣਾ ।

**ਤਭਕਾਉਣਾ,** ਕ੍ਰਿਃ—ਕੰਬਾਉਣਾ, ਡਰਾਉਣਾ ।

**ਤੰਭਕ,** ਪੁਃ ਚੰਮ ਦੀ ਚਾਬਕ, ਕੋਰੜਾ (ਫਿਰਨੇ, ਮਾਰਨੇ) ॥

**ਤਮੱਸਕ,** ਪੁਃ—ਟੋਂਬੂ, ਰਸੀਦ, ਲਿਖੱਤ, ਹੁਦਾਰ, ਲੈਣੇ ਦੇਣੇ ਰੁਪਏ ਦੇ ਮੰਗਣ ਦਾ ਵੇਲਾ ਅਤੇ ਢੰਗ ਜਿਸ ਕਾਗਤ ਉੱਤੇ ਲਿਖਿਆ ਜਾਂਦਾ ਹੈ ॥

**ਤਮਕ,** ਸਃ—ਗੁੱਸਾ, ਕ੍ਰੋਧ, ਭੜਕ (ਲੱਗਣਾ) ॥

**ਤਮਕਣਾ,** ਕ੍ਰਿਃ—ਗੁੱਸੇ ਵਿਚ ਆਉਣਾ ।

**ਤਮੰਚਾ,** ਪੁਃ—ਛੋਟੀ ਬੰਦੂਕ, ਪਿਸਤੌਲ (ਛੱਡਣਾ ਮਾਰਨਾ ।

**ਤਮਤਮਾਉਣਾ,** ਕ੍ਰਿਃ—ਗੁੱਸੇ ਵਿਚ ਆਉਣਾ ।

**ਤਮਰ ਹਿੰਦੀ,** ਪੁਃ—ਇਮਲੀ ਦਾ ਫਲ ॥

**ਤਮਾ,** ਪੁਃ ਲੋਭ, ਲਾਲਚ, ਭਿੱਤੀ (ਦੇਣਾ, ਕਰਨਾ) ॥

**ਤਮਾਸ਼ ਗੀਰ,** ਪੁਃ—ਤਮਾਸ਼ਾ ਵੇਖਣ ਵਾਲਾ ॥

**ਤਮਾਸ਼ਬੀਣ,** ਪੁਃ—ਤਮਾਸ਼ਾ ਵੇਖਣ ਵਾਲਾ, ਲੁੱਚਾ ।

**ਤਮਾਸ਼ਬੀਣੀ,** ਸਃ—ਲੁੱਚਪੁਣਾ, ਬਦਮਾਸ਼ੀ ॥

**ਤਮਾਸ਼ਾ,** ਪੁਃ—ਖੇਡ, ਦਿਖਾਵਾ, ਨਾਟਕ, ਮਨ ਪਰਚਾਵਾ, ਹਾਸਾ, ਠੱਠਾ ॥

Digitized by Panjab Digital Library | www.panjabdigilib.org

**ਤਮਾਕੂ(ਖੂ),** ਪੁ:—ਮਸ਼ਹੂਰ ਬੂਟਾ ਜਿਸ ਦਾ ਧੂਆਂ ਪੀਂਦੇ ਹਨ।

**ਤਮਾਚਾ,** ਪੁ:—ਧੱਫਾ ਚਪੇੜ, ਤਮੰਚਾ (ਮਾਰਨਾ)।

**ਤਮਾਚਾ ਫੇਰਨਾ,** ਕ੍ਰਿ:—ਮਾਰਨਾ॥

**ਤਮਾਮ,** ਵਿ: ਸਾਰਾ, ਕੁੱਲ, ਪੂਰਾ (ਹੋਣਾ, ਕਰਨਾ)

**ਤਮਾਲਪੱਤ੍ਰ,** ਸ:—ਦਾਲਚੀਨੀ ਦੇ ਪੱਤੇ।

**ਤਮੇਸਰ,** ਪੁ:—ਤਾਂਬਾ ਮਾਰਿਆ ਹੋਇਆ॥

**ਤਮੋਲ,** ਪੁ:—'ਤੰਬੋਲ' ਵੇਖੋ।

**ਤਰ,** ਸ:—ਇੱਕ ਫਲ, ਖਖੜੀ, ਲੰਮਾ ਖੀਰਾ। ਵਿ:—ਹਰਾ, ਗਿੱਲਾ।

**ਤਰ ਮਾਲ,** ਪੁ:—ਵਡਮੁੱਲੀ ਸ਼ੈ॥

**ਤਰਸ,** ਪੁ:—ਦਇਆ, ਰਹਿਮ, ਡਰ, ਖ਼ੌਫ਼ (ਕਰਨਾ, ਖਾਣਾ)।

**ਤਰਸਣਾ,** ਕ੍ਰਿ:—ਛਟਕਣਾ, ਲੋਚਣਾ, ਚਾਹ ਹੋਣੀ।

**ਤਰਸ਼ਣਾ** ਸ:—'ਤ੍ਰਿਸ਼ਨਾ' ਵੇਖੋ॥

**ਤਰਸਾਉਣਾ,** ਕ੍ਰਿ:—ਛਟਕਾਉਣਾ, ਦੁਖ ਦੇਣਾ, ਲਾਰੇ ਦੇਣੇ।

**ਤਰਸੂਲ,** ਪੁ:—ਤਿੰਨਾਂ ਨੋਕਾਂ ਵਾਲਾ ਭਾਲਾ, ਮਹਾਦੇਉ ਦਾ ਸ਼ਸਤ੍ਰ।

**ਤਰਸੋਂ,** ਕ੍ਰਿ: ਵਿ:—ਚੌਥੇ ਦਿਨ (ਅਗਲੇ ਜਾਂ ਪਿਛਲੇ)।

**ਤਰਕ** ਸ:—ਤਿਆਗ, ਛੱਡਦੇਣਾ॥ ਪੁ:—ਇੱਕ ਸ਼ਾਸਤ੍ਰ, ਇੱਕ ਜੰਗਲੀ ਜਨੌਰ॥

**ਤਰਕ ਉਠਾਉਣੀ,** ਕ੍ਰਿ: ਹੁੱਜਤ ਕਰਨੀ॥

**ਤਰਕਸ਼,** ਪੁ:—ਤੀਰ ਰੱਖਣ ਵਾਲਾ ਖਾਨਾ।

**ਤਰਕਸ਼ ਬੰਦ,** ਪੁ:—ਜਿਸਨੇ ਤਰਕਸ਼ ਲਾਇਆ ਹੋਵੇ।

**ਤਰਕਹਾਣ,** ਸ:—ਚੀਜ਼ਾਂ ਦੇ ਗਲਣ ਸੜਨ ਦੀ ਥਾਂ॥

**ਤਰਕਣਾ, ਤਰੱਕਣਾ,** ਕ੍ਰਿ:—ਗਲਣਾ, ਸੜਨਾ, ਧੁੱਸਣਾ॥

**ਤਰੱਕਲਾ, ਤਰੱਕੁਲਾ,** ਪੁ:—'ਤੱਕਲਾ' ਵੇਖੋ॥

**ਤਰਕਾ,** ਪੁ:—ਧਨ, ਦੌਲਤ, ਜਾਇਦਾਦ॥

**ਤਰਕਾਉਣਾ,** ਕ੍ਰਿ:—ਗਾਲਣਾ, ਸਾੜਨਾ, ਧੁਸਾਉਣਾ।

**ਤਰਕਾਰੀ,** ਸ:—ਸਬਜ਼ੀ, ਭਾਜੀ। ਮਾਸ॥

**ਤਰਕਾਲਾਂ,** ਸ: ਸੰਝ, ਸੰਧਿਆ, ਸ਼ਾਮ॥

**ਤਰਕੀ,** ਵਿ:—ਕਈਆਂ ਹਿੱਸਿਆਂ ਦਾ ਜੁੜ ਕੇ ਬਣਿਆ, ਹੋਇਆ॥

**ਤਰੱਕੀ,** ਸ:—ਵਾਧਾ, ਚੜ੍ਹਤੀ (ਕਰਨੀ, ਹੋਣੀ, ਪਾਉਣੀ)॥

**ਤਰਖਾਣ,** ਪੁ:—ਜੋ ਲਕੜੀ ਦੀਆਂ ਚੀਜ਼ਾਂ ਬਣਾਵੇ॥

**ਤਰਖਾਣੀ,** ਸ:—ਤਰਖਾਣ ਦੀ ਤੀਮੀਂ॥

**ਤਰੰਗ,** ਪੁ:—ਲਹਿਰ, ਖ਼ਿਆਲ, ਵਿਚਾਰ, ਭਾਵ॥

Digitized by Panjab Digital Library | www.panjabdigilib.org

**ਤਰਗਸ,** ਪੁ—'ਤਰਕਸ਼' ਵੇਖੋ ।

**ਤਰਛ,** ਸ:—ਬੇਚੈਨੀ, ਅਚਵੀ, ਪੀੜ (ਲੱਗਣੀ)।

**ਤਰੰਜਣ,** ਸ:—ਕੱਤਣ ਵਾਲੀਆਂ ਦੀ ਮੰਡਲੀ ॥

**ਤਰਜਮਾ, ਤਰਜੁਮਾ,** ਪੁ: ਉਲਥਾ, ਇਕ ਬੋਲੀ ਤੋਂ ਦੂਜੀ ਬੋਲੀ ਵਿਚ ਉਲਟਾਉਣ ਦਾ ਕੰਮ ਜਾਂ ਉਲਟਾਈ ਹੋਈ ਗੱਲ (ਹੋਣਾ, ਕਰਨਾ)।

**ਤਰੱਟੀ** ਸ:—ਪਰਦਾ, ਟੋਟੀ, ਢੂਹਣ ਦੀ ਚਿਕ ॥

**ਤਰੱਟੀ ਚੌੜ,** ਸ:—ਸੱਤਿਆਨਾਸ, ਦੁਆਲਾ ਨਿਕਲ ਜਾਣਾ (ਹੋਣੀ, ਕਰਨੀ) ।

**ਤਰਤਰਾ,** ਪੁ:—ਇੱਕ ਸਾਗ, ਤਾਂਦਲਾ ।

**ਤਰਦੱਲ, ਤਰਦੱਲੀ,** ਰੋਲਾ, ਉਪੱਦਰ, ਅਨ੍ਹੇਰ (ਆਉਣੀ ਮਚਣੀ)।

**ਤਰੱਦਦ,** ਸ:—ਚਿੰਤਾ, ਫਿਕਰ, ਜਤਨ (ਕਰਨਾ) ॥

**ਤਰਦਾ,** ਵਿ:—ਜੋ ਤਰ ਰਿਹਾ ਹੋਵੇ ॥

**ਤਰਦਾ ਤਰਦਾ ਮਾਲ,** ਪੁ:—ਵਡ ਮੁੱਲੀਆਂ ਚੀਜ਼ਾਂ, ਚੀਜ਼ੋ ਦੇਸੋ ॥

**ਤਰਦੋਈ,** ਸ:—ਭੇਡਾਂ ਦਾ ਇੱਕ ਰੋਗ ।

**ਤਰਨ,** ਪੁ:—ਜਆਨੀ, ਜੋਬਨ ॥

**ਤਰਪਣ,** ਪੁ: ਪਿਤਰਾਂ ਨੂੰ ਪਾਣੀ ਦੇਣ ਦਾ ਕੰਮ (ਕਰਨਾ) ॥

**ਤਰਨਾ,** ਕ੍ਰਿ:—ਜਲ ਦੇ ਉੱਪਰ ਫਿਰਨਾ (ਡੁੱਬਣਾ ਨਾ) ॥

**ਤਰਫ,** ਸ:—ਪਾਸਾ, ਦਿਸ਼ਾ । ਅਵ:—ਵੱਲ, ਵੱਲੋਂ ॥

**ਤਰਫਦਾਰ,** ਪੁ:—ਪੱਖ ਪੂਰਨ ਵਾਲਾ, ਹਮਾਇਤੀ ॥

**ਤਰਫਦਾਰੀ,** ਸ:—ਪੱਖ ਪੂਰਨਾ, ਹਮਾਇਤ, ਰਈ ॥

**ਤਰਵੈਣ,** ਪੁ: ਸ: —ਵੱਡੇ ਪਿਰਾਂ, ਰੌਰ, ਬੰਦੂਕ ਦ ਗਜ਼ ।

**ਤਰਬ,** ਸ:—ਸਰੰਗੀ ਦੀ ਤਾਰ ॥

**ਤਰਬੂਜ਼,** ਪੁ: ਹਦਵਾਣਾ, ਇੱਕ ਮਸ਼ਹੂਰ ਫਲ ॥

**ਤਰਲਾ,** ਪੁ:—ਖਿਆਰਥ ਜਤਨ, ਮਿੰਨਤ, ਬੇਨਤੀ ਵਾਸਤਾ (ਤਰਲੇ ਲੈਣਾ, ਪਾਉਣੀ) ॥

**ਤਰਲੀ,** ਸ:—ਕੱਦੂ (ਮੁਲਤਾਨੀ) ॥

**ਤਰਵਰ,** ਪੁ:—ਪਾਣੀ ਵਿੱਚ ਰਹਿਣ ਵਾਲੇ ਜੀਵ

**ਤਰਵਾਰ,** ਸ —ਤ ਲਵਾਰ ॥

**ਤਰਵਾਰੀਆ,** ਪੁ:—ਤਲਵਾਰ, ਦਾ ਧਣੀ, ਸੂਰ ਬੀਰ ।

**ਤਰੜ,** ਪੁ: **ਤਰੜੀ,** ਸ: ਇੱਕ ਤਰ ਜੜ੍ਹ ॥

**ਤਰਾ, ਤਰਾਂ, ਤਰ੍ਹਾਂ** ਪੁ:—ਤਰੀਕਾ, ਢੰਗ, ਉਪਾਉ, ਰਾਹ ॥

**ਤਰਾਉਤ,** ਸ:—ਤਰੀ, ਠੰਢ, ਹਰਿਆਉਲ ॥

**ਤਰਾਈ,** ਸ: ਦਲਦਲ, ਜੂਹ, ਹਿਮਾਲਯ ਦੀ ਕੰਢੀ ਵਿੱਚ ਇਕ ਮਦਾਨ, ਤਰਾਉਣ ਦਾ ਕੰਮ ਜਾਂ ਮਜੂਰੀ ॥

**ਤਰਾਸ, ਤਰਾਹ** ਪੁ:—ਡਰ, ਹਰਾਨੀ, ਸਹਿਮ, ਭੌ ॥

**ਤਰਾਹ ਕੱਢ ਲੈਣਾ,** ਕ੍ਰਿ:—ਬਹੁਤ ਡਰਾ ਦੇਣਾ ॥

Digitized by Panjab Digital Library | www.panjabdigilib.org

**ਤਰਾਹ ਤਰਾਹ** ਵਿਸਮਯਕ—ਬਚਾਓ, ਬਹੁਤ ਡਰ ਹੈ, ਹਾਇ ਹਾਇ।

**ਤਰਾਹ ਦੇਣਾ,** ਕ੍ਰਿ—ਤਰਾਹਣਾ।

**ਤਰਾਹਣਾ,** ਕ੍ਰਿ—ਬਾਹਰ ਕੱਢ ਦੇਣਾ, ਹਟਾਉਣਾ।

**ਤਰਾਹਿ ਮਾਨ,** ਵਿ—ਹਰਾਨੀ ਦਾ ਬਚਨ, ਬਖਸ਼ੋ।

**ਤਰਾਗੜੀ(ਤੜਾਗੜੀ)**<br>**ਤਰਾਗੀ(ਤੜਾਗੀ)** } ਸ—ਲੱਕ ਦੇ ਤਗਾਗ [illegible] ਜਾਂ ਚਾਂਦੀ ਦੀ ਜੰਜੀਰੀ॥

**ਤਰਾਜਵਾਂ,** ਪੁ—ਵਿਆਹ ਦੇ ਕੁਝ ਚਿਰ ਮਗਰੋਂ ਗਭਰੂ ਦੇ ਵਹੁਟੀ ਨੂੰ ਆਪਣੇ ਘਰ ਲੈ ਜਾਣ ਦੀ ਰੀਤ॥

**ਤਰਾਜੂ,** ਪੁ—ਤੱਕੜੀ, ਜਿਸ ਚੀਜ਼ ਨਾਲ ਤੋਲਦੇ ਹਨ।

**ਤਰਾਟ,** ਸ—ਸਿਰ ਜਾਂ ਅੱਖਾਂ ਵਿਚ ਦੀ ਚੁੱਭਵੀਂ ਪੀੜ।

**ਤਰਾ ਤੇਜਕ,** ਸ: ਇੱਕ ਤਿਖ ਸੁਆਦ ਵਾਲੀ ਬੂਟੀ।

**ਤਰਾਣਮੇਂ**<br>**ਤਰਾਣਵੇਂ** } ਵਿ—ਤ੍ਰਿੰਨਾ ਉਤੇ ਨੱਵੇ।

**ਤਰਾਣਮਾਂ (ਵਾਂ)** ਵਿ—ਜੋ ਤਰਾਣਵਿਆਂ ਦੀ ਗਿਣਤੀ ਪੂਰੀ ਕਰੇ।

**ਤਰਾਣ ਦੇਣਾ**<br>**ਤਰਾਨ ਸਿੱਟਣਾ**<br>**ਤਰਾਰਨਾ** } ਕ੍ਰਿ—ਝਿੜਕਣਾ, ਝੂਠਾ ਦੋਸ਼ ਲਾਉਣਾ, ਦੁਰਕਾਰਨਾ

**ਤਰਾਬੀਆਂ,** ਸ—ਰੋਜ਼ਿਆਂ ਦੇ ਦਿਨਾਂ ਰਾਤੀਂ ਪੜ੍ਹਨ ਵਾਲੀਆਂ ਕੁਰਾਨ ਦੀਆਂ ਆਇਤਾਂ॥

**ਤਰਾਰ;** ਵਿ—ਚਲਾਕ ਜੋ ਬਹੁਤੀਆਂ ਗੱਲਾਂ ਕਰੇ।

**ਤਰਾਰਾ,** ਪੁ—ਤੇਜ਼ੀ, ਫੁਰਤੀ, ਹੱਲਾ।

**ਤਰਾਰਾ ਭਰਨਾ,** ਕ੍ਰਿ—ਜਿੰਨੀ ਛੇਤੀ ਹੋ ਸਕੇ ਚੱਲਣਾ।

**ਤਰਿਸ਼ਨਾ**<br>**ਤ੍ਰਿਸ਼ਨਾ** } ਸ—ਤ੍ਰੇਹ, ਇੱਛਿਆ, ਤਰਕੀ, ਚਾਹ।

**ਤਰਿਹਾਇਆ,** ਵਿ: ਜਿਸਨੂੰ ਤ੍ਰੇਹ ਲੱਗੀ ਹੋਈ ਹੈ।

**ਤਰਿਹਾਣਾ,** ਵਿ—ਤਿੰਨਾਂ ਵਰ੍ਹਿਆਂ ਦਾ।

**ਤਰਿਖਾ**<br>**ਤ੍ਰਿਖਾ** } ਸ—ਤ੍ਰੇਹ, ਇੱਛਿਆ, ਚਾਹ।

**ਤਰਿੱਖਾ**<br>**ਤ੍ਰਿੱਖਾ** } ਵਿ—ਤੇਜ਼, ਚੁਸਤ, ਫੁਰਤੀਲਾ॥

**ਤਰਿਜਜਾ**<br>**ਤ੍ਰਿਜਜਾ** } ਪੁ: ਚੱਕਰ ਦੇ ਕੇਂਦ੍ਰ (ਵਿਚਕਾਰਲੀ ਬਿੰਦੀ) ਤੋਂ ਘੇਰੇ ਤਕ ਜੋ ਲਕੀਰ ਖਿੱਚੀ ਜਾਵੇ॥

**ਤਰਿਣ**<br>**ਤ੍ਰਿਣ** } ਪੁ—ਘਾਹ, ਕੱਖ, ਪੱਠੇ॥

**ਤਰਿਤੀਆ**<br>**ਤ੍ਰਿਤੀਆ** } ਸ—ਤੀਸਰੀ ਥਿਤ॥

**ਤ੍ਰਿਪਤ**<br>**ਤਰਿਪਤ** } ਸ—ਰੱਜਣਾ, ਸੰਤੋਖ, ਸ਼ਾਂਤ।

**ਤਰੀ,** ਸ: ਰਿੱਧੀ ਹੋਈ ਭਾਜੀ ਆਦਿਕ ਦਾ ਗਿੱਲਾ ਹਿੱਸਾ, ਨਮੀ, ਤਰਾਵਤ, ਫੁੱਲ ਦੀ ਜੜ, ਪਾਣੀ, ਰਸਾ॥

Digitized by Panjab Digital Library | www.panjabdigilib.org

**ਤਰੀਕ,** ਖ਼ਃ—ਮਹੀਨੇ ਦਾ ਦਿਨ, ਮੁਕੱਦਮਾ ਪੇਸ਼ ਹੋਣ ਦਾ ਦਿਨ ( ਧਾਉਣੀ, ਪੁਆਉਣੀ, ਪੈਣੀ ) ॥

**ਤਰੀਕਤ,** ਸਃ—ਰਾਹ, ਸੂਫੀ ਮਤ ਵਿੱਚ ਦੂਜਾ ਦਰਜਾ॥

**ਤਰੀਕਾ,** ਪੁਃ—ਢੰਗ, ਰਾਹ, ਉਪਾਉ, ਮਤ, ਪੰਥ ॥

**ਤਰੀਜ਼,** ਸਃ ਕਪੜੇ ਜਾਂ ਕਾਗਤ ਦੀ ਕਾਤਰ।

**ਤਰੀਫ਼,** ਸਃ—ਵਡਿਆਈ, ਸੋਭਾ, ਉਸਤਤ।

**ਤਰੀਤ,** ਸਃ—ਰਿੱਧੀ ਹੋਈ ਭਾਜੀ ਦੀ ਤਰੀ।

**ਤਰੀਨੀ,** ਸਃ—ਲੰਮਾ ਖਰਬੂਜਾ।

**ਤਰੀਮਤ, ਤ੍ਰੀਮਤ,** } ਸਃ—ਜਨਾਨੀ, ਔਰਤ, ਵਹੁਟੀ।

**ਤਰੁੰਡਣਾ,** ਕ੍ਰਿਃ—'ਤੋੜਨਾ' ਵੇਖੋ।

**ਤਰੁਪਣਾ,** ਕ੍ਰਿਃ—ਸੀਉਣਾ, ਤੋਪਾ ਲਾਉਣਾ।

**ਤਰੁੱਟਣਾ,** ਕ੍ਰਿਃ—ਟੁੱਟਣਾ, ਭੱਜਣਾ।

**ਤਰੁੱਟਾ,** ਵਿਃ—ਟੁੱਟਾ, ਭੱਜਾ।

**ਤਰੁੱਠਾ** ਪੁਃ- **ਤਰੁੱਠੀ** ਸਃ- } ( ਗੁਰੂ, ਦੇਵਤਾ ਜਾਂ ਪਰਮੇਸ਼ਰ ) ਜੋ ਪ੍ਰਸੰਨ ਜਾਂ ਦਿਆਲ ਹੋਵੇ।

**ਤਰੇਉੜ,** ਪੁਃ—ਢਾਹ ਵਿੱਚ ਦੁੱਧ ਚੋਇਆ ਹੋਇਆ

**ਤਰੇਹ ਤ੍ਰੇਹ** } ਸਃ—ਤੇਹ, ਪਿਆਸ, ਪਾਣੀ ਪੀਣ ਦੀ ਚਾਹ॥

**ਤਰੇਹਟ,** ਵਿਃ—ਤਿੰਨਾਂ ਉਪਰ ਸੱਠ॥

**ਤਰੇਹਟਾ,** ਪੁਃ—ਸੰਮਤ ਤਰੇਹਟ॥

**ਤਰੇਤ,** ਸਃ—ਡੰਗਾਂ ਦਾ ਇਕ ਰੋਗ।

**ਤਰੇਤਾ,** ਪੁਃ—ਦੂਜਾ ਜੁਗ, ਸਤਜੁਗ ਤੋਂ ਮਗਰੋਂ ਆਉਣ ਵਾਲਾ।

**ਤਰੇਰ,** ਸਃ—ਵਿਥ, ਵਿਹਲ, ਦਰਜ਼॥

**ਤਰੇਰੂ,** ਪੁਃ—ਇੱਕ ਤਰਾਂ ਦਾ ਕੀੜਾ

**ਤਰੇਲ,** ਸਃ—ਓਸ, ਰਾਤ ਨੂੰ ਧਰਤੀ ਉੱਤੇ ਕੱਠੀ ਹੋਈ ਹੋਈ ਤਰੀ॥

**ਤਰੇੜ,** ਸਃ—ਵਿੱਥ, ਵਿਹਲ, ਦਰਜ਼॥

**ਤਰੇੜਾ,** ਪੁਃ—ਗਰਮ ਪਾਣੀ ਦੀ ਧਾਰ ਜੋ ਸਰੀਰ ਉੱਤੇ ਪਾਈ ਜਾਵੇ ( ਦੇਣਾ )।

**ਤ੍ਰੈ,** ਵਿਃ—ਤਿੰਨ, ਦੋ ਅਤੇ ਇੱਕ॥

**ਤਰੋੜਣਾ ਤ੍ਰੋੜਣਾ** } ਕ੍ਰਿਃ—ਤੋੜਨਾ, ਭੰਨਣਾ॥

**ਤਰੌਦਸੀ,** ਸਃ—ਤੇਰ੍ਹਵੀਂ ਥਿੱਤ॥

**ਤਲਕ,** ਅਵਃ—ਤਕ, ਤੀਕਰ, ਤੋੜੀ॥

**ਤੱਲਕ,** ਪੁਃ—ਸਾਂਝ, ਸਰਬੰਧ, ਵਾਸਤਾ॥

**ਤਲਕਾ ਤੱਲਕਾ** } ਪੁਃ—ਅਲਾਕਾ, ਜਗੀਰ, ਜ਼ਿਲਾ॥

**ਤਲਕਾ ਦਾਰ,** ਪੁਃ—ਤਲਕੇ ਦਾ ਮਾਲਕ, ਜਗੀਰਦਾਰ॥

Digitized by Panjab Digital Library | www.panjabdigilib.org

**ਤਲਕਾਉਣਾ,** ਕ੍ਰਿ:—ਤ੍ਰੇਹ ਲਾਉਣੀ, ਕਿਸੇ ਗੱਲ ਦੀ ਇੱਛਿਆ ਉਪਜਾਉਣੀ, ਝੂਠੇ ਲਾਰੇ ਦੇਣੇ ॥

**ਤਲਖ਼,** ਵਿ:—ਕੌੜਾ, ਕੱਤਾ, ਤ੍ਰਿੱਖਾ, ਤੇਜ਼, ਗ਼ੁਸੈਲਾ।

**ਤਲਖ਼ਾਈ**
**ਤਲਖ਼ੀ** } ਸ:—ਕੌੜੱਤਣ, ਗਰਮੀ ॥

**ਤਲੰਗ,** ਪੁ:—ਇਕ ਰਾਗ।

**ਤਲੰਗਾ,** ਪੁ: ਪੂਰਬੀਆ ਸਿਪਾਹੀ।

**ਤਲਚੱਟ,** ਕ੍ਰਿ:—ਉਜਾੜੂ, ਖਰੂਤ, ਵਾਫਰ।

**ਤਲਛਟ,** ਸ:—ਮੈਲ, ਝੱਗ, ਗਾਰ।

**ਤਲਣਾ**
**ਤਲ ਦੇਣਾ** } ਕ੍ਰਿ:—ਖਲ੍ਹੇ ਤਾਏ ਹੋਏ ਘਿਉ ਜਾਂ ਤੇਲ ਵਿੱਚ ਪਕਾਉਣਾ ॥

**ਤਲਪੱਟ,** ਪੁ:—ਜੜ੍ਹੋਂ ਪੱਟ ਸੁੱਟਣਾ, ਇਕ ਰੇਸ਼ਮੀ ਕਪੜਾ ॥ ਵਿ:—ਬਰਬਾਦ, ਤਬਾਹ, ਉਜੜਿਆ ਹੋਦਾ ॥

**ਤਲਪੱਟ ਪੁਣਾ,** ਪੁ:—ਸ਼ਰਾਰਤ ॥

**ਤਲਪੱਟੀ,** ਵਿ:—ਚੀਜ਼ਾਂ ਨੂੰ ਪੱਟਣ ਖੋਹਣ ਵਾਲਾ, ਨਵੀਂ ਗੱਲ ਕੱਢਣ ਵਾਲਾ।

**ਤਲਬ,** ਸ:—ਤਨਖ਼ਾਹ, ਮਜ਼ੂਰੀ, ਚਾਹ, ਇੱਛਿਆ।

**ਤਲਮਲਾਟ**
**ਤਲਮਲੀ** } ਸ:—ਧੜਕੀ, ਬੇਅਰਾਮੀ, ਔਖ॥

**ਤਲਮਲਾਉਣਾ,** ਕ੍ਰਿ:—ਦਿਲ ਧੜਕਣਾ, ਘਾਬਰਨਾ

**ਤਲੱਯਾ,** ਸ:—ਛੋਟਾ ਤਲਾਉ ਜਾਂ ਸਰ ॥

**ਤਲਵਰੀਆ,** ਪੁ:—ਚੰਗੀ ਤਲਵਾਰ ਮਾਰਨਵਾਲਾ ਸੂਰਮਾ ॥

**ਤਲਵਾਈ,** ਕ੍ਰਿ:—ਤਲਾਉਣ ਦਾ ਕੰਮ ਜਾਂ ਮਜ਼ੂਰੀ ॥

**ਤਲਵਾਰ,** ਸ:—ਮਸ਼ਹੂਰ ਹਥਿਆਰ ਲੋਹੇ ਦਾ ॥

**ਤਲੀ,** ਪੁ: -ਜੁੱਤੀ ਦਾ ਹੇਠਲਾ ਹਿੱਸਾ, ਇੱਕ ਤਰ੍ਹਾਂ ਦਾ ਘਾਹ.

**ਤੱਲਾ,** ਪੁ:—ਨੀਵੀਂ ਥਾਂ, ਪਹਾੜ ਦੀ ਕੰਢੀ

**ਤਲਾ**
**ਤਲਾਉ** } ਪੁ:—ਸਰ, ਛੰਭ, ਤਾਲ ॥

**ਤਲਾਉਣਾ,** ਕ੍ਰਿ:—ਤਲਣ ਦਾ ਕੰਮ ਕਰਾਉਣਾ ॥

**ਤਲਾਈ,** ਸ:—ਤਲਣ ਦਾ ਕੰਮ ਜਾਂ ਮਜ਼ੂਰੀ, ਛੋਟਾ ਤਲਾ ॥

**ਤਲਾਸ਼,** ਸ:—ਟੋਲ ਭਾਲ, ਖੋਜ, ਢੂੰਡ (ਕਰਨਾ) ॥

**ਤਲਾਸ਼ੀ,** ਸ:—ਢੂੰਡ, ਪਰਖ, ਜਾਚ, ਪਤਾ(ਲੈਣੀ)॥

**ਤਲਾਹ,** ਸ:—'ਇਤਲਾਹ' ਵੇਖੋ ॥

**ਤਲਾਕ,** ਪੁ:—ਮੁਸਲਮਾਨ ਦਾ ਸ਼ਰਾ ਮੂਜਬ ਵਹੁਟੀ ਜਾਂ ਖਾਵੰਦ ਨੂੰ ਛੱਡ ਦੇਣਾ, ਤਿਆਗ (ਦੇਣਾ)।

**ਤਲਾਕ ਨਾਮਾ,** ਪੁ:—ਤਲਾਕ ਦੀ ਲਿਖਤ।

**ਤਲਾਕਣ,** ਸ:—ਜਿਸ ਤ੍ਰੀਮਤ ਨੂੰ ਤਲਾਕ ਮਿਲਿਆ ਹੋਵੇ ॥

**ਤਲਾਕਣਾ,** ਕ੍ਰਿ:—ਤਲਾਕ ਦੇਣਾ ॥

**ਤਲਾਕੀ,** ਪੁ:—ਜਿਸ ਮਰਦ ਨੂੰ ਤਲਾਕ ਮਿਲਿਆ ਹੋਵੇ, ਤਲਾਕ ਦੇਣ ਦੇ ਲਾਇਕ, ਦੁਸ਼ਟ ॥

**ਤਲਾਵਾ,** ਪੁ:—ਰਾਤ ਦਾ ਪਹਿਰਾ (ਦੇਣਾ,ਫੇਰਨਾ)॥

Digitized by Panjab Digital Library | www.panjabdigilib.org

**ਤਲਿਹਾਰਾ,** ਪੁ:—ਰੱਸਾ, ਸਿਰ ਦੀ ਵਾਹੀ॥

**ਤਲੀ,** ਸ:—ਕਿਸੇ ਚੀਜ਼ ਦੀ ਤਹ, ਤਲਾ, ਪੈਰ ਦਾ ਹੇਠਲਾ ਪਾਸਾ, ਹੱਥ ਦਾ ਅੰਦਰਲਾ ਪਾਸਾ, ਕੌਂਚੀ, ਲੋਂਬੀ॥

**ਤਲੀ ਦੇਣੀ**
**ਤਲੀ ਫੇਰਨੀ** } ਕ੍ਰਿ:—ਲੋਂਬੀ ਕਰਨੀ॥

**ਤਲੀਮ,** ਸ:—'ਤਾਲੀਮ' ਵੇਖੋ॥

**ਤਲੂਆ,** ਪੁ:—ਪੈਰ ਦੀ ਤਲੀ॥

**ਤਲੂਆਂ**
**ਤਲੂਨਾਂ** } ਪੁ:—ਤਿਲਾਂ ਦੀ ਮਨਿਆਈ।

**ਤਲੂਣੀ,** ਸ:—ਤੇਲ ਪਾਉਣ ਵਾਲਾ ਮਿੱਟੀ ਦਾ ਭਾਂਡਾ।

**ਤਲੌ,** ਪੁ:—ਪਤਾਲ, ਹੇਠਲਾ ਲੋਕ॥

**ਤਲੌਮੱਛੀ,** ਸ:—ਬੇ ਅਰਾਮੀ, ਬੇ ਚੈਨੀ, ਘਬਰਾਟ॥

**ਤਲੌਂਚਾ,** ਪੁ:—ਇੱਕ ਰੁੱਖਾਂ ਦੀ ਸੀਰੇ ਵਾਲੀ ਖੰਡ॥

**ਤਵਕ,** ਪੁ:—ਲੋਹੇ ਦਾ ਗਲ੍ਹ ਬੰਦ, ਚੌਕ।

**ਤਵੱਕਲ,** ਪੁ: ਪਰਮੇਸ਼ਰ ਦਾ ਆਸਰਾ, ਭਰੋਸਾ, ਡੋਰੀ॥

**ਤਵੱਕਲੀ,** ਪੁ:—ਸ:—ਜੋ ਤਵੱਕਲ ਰੱਖੇ

**ਤਵੱਕਾ,** ਪੁ:—ਸ:—ਆਸ, ਭਰੋਸਾ, ਚਾਹ॥

**ਤਵੱਜਾ**
**ਤਵੱਜਿਆ** } ਸ:—ਧਿਆਨ, ਕਿਰਪਾ, ਖ਼ਾਤਰ।

**ਤਵਰ,** ਸ:—ਲਿੱਕੜਾਂ ਦਾ ਚੌੜਾ ਕੁਹਾੜਾ॥

**ਤਵਾ,** ਪੁ:—ਰੋਟੀਆਂ ਪਕਾਣ ਵਾਲਾ ਲੋਹੇ ਦੀ ਚੱਦਰ ਦਾ ਗੋਲ ਟੁਕੜਾ॥

**ਤਵਾਉਣਾ,** ਕ੍ਰਿ:—ਭੱਠੀ ਵਿੱਚ ਧਾਤ ਤਾਉਣੀ॥

**ਤਵਾਈ,** ਸ:—ਘਬਰਾਟ, ਕਾਹਲੀ, ਤ੍ਰਾਸ (ਪੈਣਾ)।

**ਤਵਾਜ਼ਾ,** ਸ:—ਖ਼ਾਤਰ, ਬਾਹਰਲੀ ਮੇਹਰਬਾਨੀ॥

**ਤਵਾਰੀਖ,** ਸ:—'ਤਵਾਰੀਖ' ਵੇਖੋ॥

**ਤਵੀ,** ਸ:—ਛੋਟਾ ਤਵਾ ਜਾਂ ਕੜਾਹੀ, ਜੰਮੂ ਦੇ ਪਾਸ ਇੱਕ ਨਦੀ॥

**ਤਵੀਜ,** ਸ:-ਸਲਾਹ, ਜੁਗਤ, ਉਪਾਉ, ਤਵੀਤ॥

**ਤਵੀਤ,** ਸ:—ਤਬੀਤ, ਜੰਤ੍ਰ, ਟੇਵਥਾ॥

**ਤਵੀਲ,** ਪੁ:—ਲੰਮਾ ਚੌੜਾ॥

**ਤਵੇਲਾ,** ਪੁ:—ਘੋੜੇ ਆਦਿਕ ਬੰਨ੍ਹਣ ਦੀ ਥਾਂ॥

**ਤੜਕ ਸਾਰ,** ਕ੍ਰਿ: ਵਿ:—ਸਵੇਰ ਤੋਂ ਰਤਾ ਪਹਿਲੇ।

**ਤੜਕਣਾ,** ਕ੍ਰਿ:—ਘੇਉ ਸਾੜ ਕੇ ਅਰ ਮਸਾਲਾ ਪਾਕੇ ਭਾਜੀ ਆਦਿਕ ਨੂੰ ਸੁਆਦਲੀ ਬਣਾਉਣਾ, ਪਾਟਣਾ, ਤ੍ਰੇੜ ਆਉਣੀ, ਤੜ ਤੜ ਕਰਨਾ॥

**ਤੜਕਾ,** ਪੁ:—ਸਵੇਰਾ, ਤੜਕਣ ਦਾ ਕੰਮ, ਫਟਣ ਦੀ ਅਵਾਜ॥

**ਤੜਕੇ,** ਕ੍ਰਿ: ਵਿ:—ਸਵੇਰੇ, ਡਲਾਂਗੇ॥

**ਤੜਛ,** ਸ:—'ਤਰਛ' ਵੇਖੋ॥

**ਤੜਤੜਾਉਣਾ,** ਕ੍ਰਿ:—ਪਾਟਣਾ, ਅਵਾਜ ਨਾਲ ਖੁੱਲ੍ਹਣਾ।

Digitized by Panjab Digital Library | www.panjabdigilib.org

**ਤੜਤੜਾਟ,** ਸਃ—ਪੌਂਦਣ ਦੀ ਅਵਾਜ਼ ॥

**ਤੜਣਾ,** ਕ੍ਰਿਃ—ਖਿੱਚਿਆ ਅਤੇ ਖਲੇਰਿਆ ਜਾਣਾ, ਕੱਸਿਆ ਜਾਣਾ, ਤਪਣਾ, ਉਬਲਣਾ (ਤੇਲ, ਘੇਉ) ਰੂੰ ਨੂੰ ਕੰਘੀ ਨਾਲ ਸਾਫ਼ ਕਰਨਾ, (ਕੁੱਕੜ) ਬੰਦ ਹੋਣਾ।

**ਤੜਫ,** ਸਃ—ਧੜਕੀ, ਘਬਰਾਹਟ, ਬੇਚੈਨੀ ॥

**ਤੜਫਣਾ,** ਸਃ ਧੜਕਣਾ, ਹਥ ਪੈਰ ਮਾਰਨੇ, ਜਾਨ ਤੋੜਨੀ, ਉਛਲਣਾ, ਛਟਕਣਾ, ਤਰਸਣਾ।

**ਤੜਫੜਾਉਣਾ,** ਕ੍ਰਿਃ—ਤੜਫਣਾ, ਤੜਫਾਉਣਾ॥

**ਤੜਫੜਾਟ,** ਪੁਃ ਤੜਫ, ਘਬਰਾਟ ॥

**ਤੜਫਾਉਣਾ,** ਕ੍ਰਿਃ—ਧੜਕਾਉਣਾ, ਘਬਰਾਉਣਾ, ਤਰਸਾਉਣਾ।

**ਤੜਫਾਟ,** ਸਃ—ਤੜਫਣੇ ਦੀ ਹਾਲਤ ॥

**ਤੜਫੀਲਾ,** ਪੁਃ—ਤੜਫਣੇ ਵਾਲਾ।

**ਤੜਾਉਣਾ,** ਕ੍ਰਿਃ—ਚਾਹੁਣਾ, ਕੁਲੰਕਣਾ, ਔਖੀ ਵੇਲਾ ॥

**ਤੜਾਕਾ,** ਪੁਃ—ਟੁੱਟਣ ਜਾਂ ਪਾਟਣ ਦੀ ਅਵਾਜ਼ (ਖਾ ਜਾਣਾ), ਬਾਹਰੀ ਤ੍ਰਿੱਖੀ ਧੁਪ (ਲੱਗਣਾ)।

**ਤੜਾਗੜੀ**
**ਤੜਾਗੀ** } ਸਃ—'ਤਰਾਗੜੀ' ਵੇਖੋ ॥

**ਤੜਿਗ,** ਵਿਃ—ਰੁੱਸੇ, ਖਫ਼ਾ, ਰੁੱਸਿਆ ਹੋਇਆ (ਹੋ ਜਾਣਾ) ॥

**ਤਾ,** ਪੁਃ—ਗਰਮੀ, ਕਾਗਤ ਦਾ ਪੂਰਾ ਪਤ੍ਰਾ, ਕਾਹਲੀ ਪਿੱਛੋਂ ਪੈਣਾ, ਮੁੱਲ ਘਟਾਉਣਾ ॥
ਕ੍ਰਿਃ ਵਿਃ—ਔਰ ਮੁਚ।

**ਤਾ ਸੁਲਾਕਰੇ ਦੇਖਣਾ**
**ਤਾ ਦੇ ਕ ਦੇਖਣਾ (ਵੇਖਣਾ)** } ਕ੍ਰਿਃ—ਪਰਖਣਾ, ਜਾਚਣਾ।

**ਤਾ ਪਾਉਣਾ,** ਕ੍ਰਿਃ—ਹੌਂਸ ਨੇ ਕਮ ਕਰਨਾ ॥

**ਤਾ ਛਾ,** ਵਿਃ—ਬਹੁਤ ਥੋੜਾ (ਤਾਂ ਛਾ ਦੀ ਥਾਂ ਵਰਤਿਆ)॥

**ਤਾਂ,** ਕ੍ਰਿਃ ਵਿਃ—ਤਦ। ਯੋਃ—ਫੇਰ, ਇਸ ਵਾਸਤੇ ਕਿ॥

**ਤਾਉ,** ਪੁਃ—'ਤਾ' ਵੇਖੋ (ਤਾਉ ਪਾਉਣਾ = ਤਾ ਪਾਉਣਾ)॥

**ਤਾਉਣਾ,** ਕ੍ਰਿਃ—ਪਰਖਣਾ, ਜਾਚਣਾ, ਗਰਮ ਕਰਨਾ।
ਰ ਮE

**ਤਾਉਣੀ ਦੇਣੀ,** ਕ੍ਰਿਃ—ਸੱਟ ਜਾਂ ਫੋੜੇ ਨੂੰ ਸੇਕ ਦੇਣਾ।

**ਤਾਉੜਾ,** ਪੁਃ—ਮਿੱਟੀ ਦਾ ਭਾਂਡਾ (ਸਾਗ ਭਾਜੀ ਚਾਉਲ ਵਾਲਾ) ਪਾਣੀ ਦਾ ਮਟਕਾ ਚੌੜੇ ਮੂੰਹ ਵਾਲਾ।

**ਤਾਉੜੀ,** ਸਃ ਮਿੱਟੀ ਦਾ ਛੋਟਾ ਭਾਂਡਾ (ਸਾਗ ਭਾਜੀ ਚਾਉਲ ਵਾਲਾ) ਹੱਥਾਂ ਦੀਆਂ ਤਲੀਆਂ ਨੂੰ ਜੋੜਨਾ।

**ਤਾਉੜੀ ਬਜਾਉਣੀ**
**ਤਾਉੜੀ ਵਜਾਉਣੀ** } ਕ੍ਰਿਃ—ਹੱਥਾਂ ਦੀਆਂ ਤਲੀਆਂ ਨੂੰ ਜ਼ੋਰ ਨਾਲ ਇੱਕ ਦੂਜੀ ਪੁਰ ਮਾਰਕੇ ਅਵਾਜ਼ ਕਰਨੀ।

**ਤਾਉੜੀ ਮਾਰਨੀ**
**ਤਾਉੜੀ ਲਾਉਣੀ** } ਕ੍ਰਿਃ—ਕਿਸੇ ਦੇ ਪਿੱਛੇ ਤਾਉੜੀ ਵਜਾ ਕੇ ਉਸ ਨੂੰ ਸ਼ਰਮਿੰਦਾ ਕਰਨਾ॥

**ਤਾਇਆ,** ਪੁਃ—ਪੇਉ ਦਾ ਵੱਡਾ ਭਰਾ॥

Digitized by Panjab Digital Library, www.panjabdigilib.org

**ਤਾਇਫ਼ਾ,** ਪੁਃ—ਕੰਜਰੀਆਂ ਅਤੇ ਕੰਜਰਾਂ ਦੀ ਟੋਲੀ, ਮੰਡਲੀ ॥

**ਤਾਈ,** ਸਃ—ਤਾਏ ਦੀ ਵਹੁਟੀ ॥

**ਤਾਈਂ,** ਅਵਃ—ਤਕ, ਤੋੜੀ ॥

**ਤਾਸ / ਤਾਂਸ** } ਸਃ—ਮੋਟੇ ਕਾਗਤ ਦੇ ਪਤ੍ਰੇ ਜਿਨ੍ਹਾਂ ਨਾਲ ਖੇਡਦੇ ਹਨ, ਧਾਤ ਦਾ ਪਤ੍ਰਾ, ਸੋਨੇ ਦੀਆਂ ਤਾਰਾਂ ਦਾ ਬੁਣਿਆ ਹੋਇਆ ਕਪੜਾ ॥

**ਤਾਸਾ,** ਪੁਃ—ਧਾਤ ਦਾ ਵੱਡਾ ਪਤ੍ਰਾ, ਇੱਕ ਤਰ੍ਹਾਂ ਦਾ ਢੋਲ ।

**ਤਾਸੀ,** ਸਃ—ਬਹੁਤ ਛੋਟੀ ਥਾਲੀ ।

**ਤਾਹ,** ਪੜਃ—ਉਸਨੂੰ, ਉਹ ॥

**ਤਾਹਣਾ / ਤਾਹ ਦੇਣਾ** } ਕ੍ਰਿਃ—ਕੱਢ ਦੇਣਾ, ਪਿਛਾਂਹ ਹਟਾਉਣਾ ॥

**ਤਾਹਰੀ,** ਸਃ—ਚੌਲਾਂ ਦੀ ਥਾਲੀ ॥

**ਤਾਹਰੂ,** ਪੁਃ—ਕਾਠੀ ਦੇ ਥੱਲੇ ਵਿਛਾਉਣ ਵਾਲਾ ਨਮਦਾ ।

**ਤਾਹੀਂ,** ਯੋਃ—ਇਸੇ ਕਰਕੇ, ਇਸੇ ਵਾਸਤੇ ॥

**ਤਾਊ,** ਵਿਃ—ਚਾਹਵਾਨ, ਛਕਿਆ ਹੋਇਆ, ਬੇਹਿੰਮਤ ॥

**ਤਾਕ,** ਪੁਃ—ਕੰਧ ਦਾ ਆਲਾ, ਬੂਹਾ ਦਰਵਾਜ਼ਾ ਕਵਾੜ ॥

ਸਃ—ਉਡੀਕ, ਆਸ, ਨਜ਼ਰ ॥

ਵਿਃ—'ਤਾਕ' ਦੇਖੋ ।

**ਤਾਕਚਾ,** —ਆਲਾ

**ਤਾਕਤ,** ਸਃ—ਜ਼ੋਰ, ਬਲ, ਸਾਮਰਥ, ਲਿਆਕਤ ॥

**ਤਾਕੀ / ਤਾਕੀ** } ਸਃ—ਬਾਰੀ, ਛੋਟਾ ਦਰਵਾਜ਼ਾ ॥

**ਤਾਖ,** ਵਿਃ—ਤਿੱਖਾ, ਸਾਫ਼ ॥

**ਤਾਗਚਾ,** ਪੁਃ—ਆਲਾ ॥

**ਤਾਗਤ,** ਸਃ—'ਤਾਕਤ' ਦੇਖੋ ॥

**ਤਾਗਾ,** ਪੁਃ—ਧਾਗਾ, ਸੂਤ੍ਰ ਦੀ ਤਾਰ, ਡੋਰ ।

**ਤਾਂਗਾ,** ਪੁਃ—'ਟਾਂਗਾ' ਦੇਖੋ

**ਤਾਕੀਦ / ਤਾਕੀਦੀ** } 'ਤਕੀਦ' ਆਦਿਕ ਦੇਖੋ ॥

**ਤਾਂਘ,** ਸਃ—ਚਾਹ, ਉਡੀਕ, ਖਿੱਚ, ਪ੍ਰੇਮ ॥

**ਤਾਂਘੜਣਾ,** ਕ੍ਰਿਃ—ਚਾਹੁਣਾ, ਧਿਆਨ ਦੇਣਾ ਰੁਲਣਾ ॥

**ਤਾਜ,** ਪੁਃ—ਪਾਤਸ਼ਾਹ ਦੀ ਟੋਪੀ, ਮੁਕਟ ॥

**ਤਾਜ਼ਾ, ਪੁਃ / ਤਾਜ਼ੀ, ਸਃ** } ਸੱਜਰਾ (ਰੀ), ਨਵਾਂ (ਵੀਂ), ਨਰਮ ॥

**ਤਾਜ਼ਾ ਕਰਨਾ,** ਕ੍ਰਿਃ—ਪੁਰਾਣੀ ਚੀਜ਼ ਦੀ ਥਾਂ ਨਵੀਂ ਰਖਣੀ ।

**ਤਾਜ਼ੀਆ,** ਪੁਃ—ਘੋੜਾ, ਦਰਿਆਈ ॥

**ਤਾਣ / ਤਾਨ** } ਪੁਃ—ਬਲ, ਤਾਕਤ, ਜ਼ੋਰ, ਗਤ ॥

**ਤਾਣ ਮਾਰਣੀ / ਤਾਣ ਲੈਣੀ** } ਕ੍ਰਿਃ—ਅਵਾਜ਼ ਖੋਲਣੀ ॥

Digitized by Panjab Digital Library / www.panjabdigilib.org

**ਤਾਣਨਾ,** ਕ੍ਰਿ:—ਖਿੱਚਣਾ, ਕੱਸਣਾ, ਖਲੇਰਨਾ, ਫੈਲਾਉਣਾ ॥

**ਤਾਣਾ,** ਪੁ:—ਕਪੜਾ ਉਨਣ ਵਿਚ ਲੰਬਾਈ ਵਾਲੇ ਪਾਸੇ ਦੇ ਧਾਗੇ (ਤਣਨਾ)

**ਤਾਣਾ ਬਾਣਾ,** ਪੁ:—ਤਾਣਾ ਅਤੇ ਬਾਣਾ, ਘੜੀ ਮੁੜੀ ਆਉਣਾ ਜਾਣਾ ॥

**ਤਾਣੀ,** ਸ:—ਤਾਣਾ, ਖੱਡੀ ਵਿਚ ਉਣਨ ਵਾਲੇ ਲੰਬਾਈ ਦੇ ਪਾਸੇ ਦੇ ਧਾਗੇ, ਇੱਕ ਲੰਮਾ ਧਾਰੀ ਦਾਰ ਕੰਬਲ, ਰੇਸ਼ਮੀ ਨਾਲਾ ਉਣਿਆ ਹੋਇਆ ।

**ਤਾਣੀ ਤਾਉਣੀ,** ਕ੍ਰਿ:—ਤਾਣੇ ਨੂੰ ਖਲੇਰਨਾ ॥

**ਤਾਤ,** ਪੁ:—ਖਿਆਲ, ਭਾਵ ।

**ਤਾਂਤ,** ਸ:—ਡੰਦੀ, ਵਾਜੇ ਦੀ ਤਾਰ ॥

**ਤਾਤ ਪਰਜ,** ਪੁ:—ਮਤਲਬ, ਲੋੜ, ਦਿਲ ਦੀ ਦਲੀਲ ॥

**ਤਾਤ,** ਪੁ:—ਲੜੀ, ਲਾਮ ਡੋਰੀ, (ਬੰਨਣਾ, ਟੰਗਣਾ)। ਵਿ:—ਕਾਹਲਾ ॥

**ਤਾਂਦਲਾ,** ਪੁ:—ਇੱਕ ਤਰਾਂ ਦਾ ਸਾਗ ।

**ਤਾਨ,** ਪੁ:—'ਤਾਣ' ਵੇਖੋ ॥

**ਤਾਨ ਸਲਾ,** ਪੁ:—ਧੂਏਂ ਰੰਗਾ ਇੱਕ ਪੱਥਰ ॥

**ਤਾਨ ਸੈਣ,** ਪੁ:—ਪੁਰਾਣੇ ਸਮੇ ਦਾ ਇੱਕ ਰਾਗੀ, ਗੁਣੀ ਰਾਗੀ ॥

**ਤਾਨਣਾ,** ਕ੍ਰਿ:—'ਤਾਣਨਾ' ਵੇਖੋ ।

**ਤਾਨਾ,** ਪੁ:—ਝਿੜਕੀ, ਧਮਕੀ, ਮੇਹਣਾ (ਦੇਣਾ ਮਾਰਨਾ) ॥

**ਤਾਨੀ,** ਸ:—'ਤਾਣੀ' ਵੇਖੋ ॥

**ਤਾਪ,** ਪੁ:—ਬੁਖਾਰ, ਤਪਸ, ਜਿਸ ਰੋਗ ਵਿਚ ਪਿੰਡਾ ਤਪ ਜਾਂਦਾ ਹੈ (ਆਉਣਾ, ਚੜ੍ਹਨਾ, ਉਤਰਨਾ) ॥

**ਤਾਪਚੜ੍ਹਣਾ,** ਕ੍ਰਿ:—ਭਾਰੇ ਫਿਕਰ ਵਿੱਚ ਹੋਣਾ ।

**ਤਾਪ ਤਿਲੀ,** ਸ:—ਜਿਸ ਤਾਪ ਵਿੱਚ ਤਿਲੀ ਵਧ ਜਾਂਦੀ ਹੈ ।

**ਤਾਪ ਦਿੱਕ,** ਪੁ:—ਉਹ ਤਾਪ ਜਿਸ ਵਿੱਚ ਫਿਫੜੇ ਗਲ ਜਾਂਦੇ ਹਨ, ਖੰਘ ਤਾਪ ॥

**ਤਾਪਣ,** ਸ:—ਜਿਸ ਤ੍ਰੀਮਤ ਨੂੰ ਤਾਪ ਚੜ੍ਹਿਆ ਹੋਵੇ ।

**ਤਾਪਣਾ,** ਕ੍ਰਿ:—ਆਪਣੇ ਆਪ ਨੂੰ ਗਰਮ ਕਰਨਾ ॥

**ਤਾਪੀ,** ਪੁ:—ਜਿਸ ਮਰਦ ਨੂੰ ਤਾਪ ਚੜ੍ਹਿਆ ਹੋਵੇ ।

**ਤਾਫਤਾ,** ਪੁ:—ਚੌੜਾ ਰੇਸ਼ਮੀ ਕਪੜਾ ॥

**ਤਾਬ,** ਸ:—ਧੀਰਜ, ਸਹਾਰਾ, ਗਰਮੀ, ਚਮਕ, ਚੇਹਰੇ ਦੀ ਰੌਣਕ, ਨੂਰ, ਸਰੀਰ ਦਾ ਤਕੜਾ ਹੋਣਾ ।

**ਤਾਬ ਲੈ ਜਾਣੀ**<br>**ਤਾਬ ਲੈਣੀ** } ਕ੍ਰਿ:—ਸਹਾਰਨ ਜੋਗਾ ਹੋਣਾ ॥

**ਤਾਂਬਸੀ,** ਵਿ:—'ਤਾਮਸੀ' ਵੇਖੋ ॥

**ਤਾਂਬੜ,** ਪੁ:—ਭਖਦੀ ਲਕੜੀ (ਬਾਲਣਾ) ।

**ਤਾਬੜ ਤੋੜ,** ਕ੍ਰਿ: ਵਿ:—ਝੱਟ ਪੱਟ, ਉਸੇ ਵੇਲੇ ।

**ਤਾਂਬੜਾ,** ਪੁ:—ਤਾਂਬੇ ਰੰਗਾ ਇੱਕ ਹੌਲੇ ਮੇਲ ਦਾ ਜੁਆਹਰ, ਚੌੜੇ ਮੂੰਹ ਵਾਲਾ ਤਾਂਬੇ ਦਾ ਭਾਂਡਾ, ਜਿਸ ਦੇ ਮਰਨ ਤੋਂ ਪਿੱਛੋਂ ਰੋਵੇ ਵਾਲੇ ਦਿਨ ਜੋ ਲਾਗ ਨਾਈਣ ਨੂੰ ਦਿਤਾ ਜਾਂਦਾ ਹੈ ॥

Digitized by Panjab Digital Library | www.panjabdigilib.org

**ਤਾਂਬਾ,** ਪੁ:—ਇੱਕ ਮਸ਼ਹੂਰ ਧਾਤ, ਸ਼ਿਕਾਰੀ ਬਾਜ਼ ਨੂੰ ਖੁਆਉਣ ਵਾਲਾ ਮਾਸ ॥

**ਤਾਂਬੇ ਦਾ ਪੱਤਰ,** ਪੁ:—ਤਾਂਬੇ ਦੀ ਕੱਚੀ ਧਾਤ ।

**ਤਾਬਿਆ,** ਵਿ:—ਅਧੀਨ, ਆਗਿਆਕਾਰ, ਗੁਰੂ ਗ੍ਰੰਥ ਸਾਹਿਬ ਦਾ ਪਾਠਕ ਜਾਂ ਉਹਦੀ ਜਗ੍ਹਾ ਬੈਠਣ ਵਾਲਾ ॥

**ਤਾਬਿਆਦਾਰ,** ਵਿ:—ਅਧੀਨ, ਆਗਿਆਕਾਰ ॥

**ਤਾਬੀਆ,** ਪੁ:—ਇੱਕ ਚੌੜੇ ਮੂੰਹ ਵਾਲਾ ਦੇਗਚਾ, ਪਤੀਲਾ ॥

**ਤਾਬੇ,** ਵਿ:—'ਤਾਬਿਆ' ਵੇਖੋ ।

**ਤਾਮਸ,** ਸ:—ਅਨ੍ਹੇਰਾ, ਮਨ ਦਾ ਅੰਧਕਾਰ, ਕ੍ਰੋਧ ॥

**ਤਾਮਸੀ,** ਵਿ:—ਅਨ੍ਹੇਰਾ, ਕ੍ਰੋਧ ਵਾਲਾ ।

**ਤਾਮਨ,** ਪੁ:—'ਧਾਮਣ' ਵੇਖੋ ॥

**ਤਾਮੜਾ,** ਪੁ:—ਤਾਂਬੇ ਦਾ ਸਿਕਾ, ਪੈਸਾ, ਧਾਈ ਆਦਿਕ ॥

**ਤਾਮਾ,** ਪੁ:—'ਰਜਲ' ਵੇਖੋ ॥

**ਤਾਮੇਸਰ,** ਪੁ:—ਤਾਂਬਾ ਮਾਰਿਆ ਹੋਇਆ ।

**ਤਾਰ,** ਸ:—ਤੰਦ, ਧਾਗਾ, ਬਹੁਤ ਪਤਲੀ ਸੀਖ, ਬਿਜਲੀ ਨਾਲ ਪਹੁੰਚਣ ਵਾਲੀ ਖਬਰ, ਕੋਈ ਗੱਲ ਬਰਾਬਰ ਹੁੰਦੀ ਰਹਿਣੀ ।

ਪੁ:—ਤਾਲ, ਹੱਥ ਬਜਾਉਣੇ ॥

**ਤਾਰ ਕਸ਼,** ਪੁ:—ਤਾਰ ਖਿੱਚਣ ਵਾਲਾ ॥

**ਤਾਰ ਕਸ਼ੀ,** ਸ:—ਤਾਰ ਖਿਚਣ ਦਾ ਕੰਮ, ਪਘਰਾ ॥

**ਤਾਰ ਘਰ,** ਪੁ:—ਤਾਰ ਖਬਰ ਦੇਣ ਵਾਲਾ ਦਫਤਰ ।

**ਤਾਰ ਤਾਰ,** ਕ੍ਰਿ: ਵਿ:—ਟੁਕੜੇ ਟੁਕੜੇ, ਬਿਲਕੁਲ ਪਾਟਾ ਹੋਇਆ ।

**ਤਾਰ ਦੇਣੀ,** ਕ੍ਰਿ:—ਬਿਜਲੀ ਦੀ ਰਾਹੀਂ ਖਬਰ ਪੁਚਾਉਣੀ ।

**ਤਾਰ ਬੱਜਣੀ, ਤਾਰਵੱਜਣੀ** } ਕ੍ਰਿ:—ਇਕੋ ਤਰ੍ਹਾਂ ਦੀ ਅਵਾਜ਼ ਬਰਾਬਰ ਨਿਕਲਦੀ ਜਾਣੀ, ਇੱਕੋ ਖਿਆਲ ਦੇ ਹੋਣਾ ।

**ਤਾਰ ਬੰਨ੍ਹ ਜਾਣੀ, ਤਾਰ ਬੰਨ੍ਹਣੀ** } ਕ੍ਰਿ:—ਇੱਕੋ ਗੱਲ ਬਰਾਬਰ ਹੁੰਦੀ ਰਹਿਣੀ, ਇੱਕ ਹਾਲਤ ਲਗਾਤਾਰ ਰਹਿਣੀ ॥

**ਤਾਰ ਲੱਗਣੀ, ਤਾਰ ਲਾਉਣੀ** } ਕ੍ਰਿ:—ਮਹਿੰਗਾ ਹੋਣਾ, ਮਹਿੰਗਾ ਕਰਨਾ ॥

**ਤਾਰਕ,** ਪੁ:—ਤਾਰਣ ਵਾਲਾ, ਗਿਆਨੀ, ਤਪੱਸੀ ॥

**ਤਾਰਣਾ (ਨਾ), ਤਾਰ ਦੇਣਾ** } ਕ੍ਰਿ:—ਤਰਨ ਦੇਣਾ, ਪਾਰ ਕਰਨਾ, ਪਿੰਡ ਦਾ ਮਾਮਲਾ ਚੁਕਾ ਦੇਣਾ, ਉਧਾਰ ਲਾਹੁਣਾ, ਜਨਮ ਮਰਨ ਤੋਂ ਛੁਡਾਉਣਾ, ਨਿਹਾਲ ਕਰ ਦੇਣਾ, ਬਹੁਤ ਸਾਰਾ ਧਨ ਦੇ ਦੇਣਾ ।

**ਤਾਰਾ,** ਪੁ:—ਅਗਾਸ਼ ਵਿੱਚ ਚਮਕਣੇ ਵਾਲੇ ਨਛੱਤ੍ਰ, ਕੋਈ ਚਮਕਣ ਵਾਲੀ ਛੋਟੀ ਜੇਹੀ ਚੀਜ਼ ।

**ਤਾਰਾਮੀਰਾ,** ਪੁ:—ਇੱਕ ਬੂਟੀ ਜਿਸ ਦਾ ਤੇਲ ਨਿਕਲਦਾ ਹੈ ॥

Digitized by Panjab Digital Library | www.panjabdigilib.org

**ਤਾਰੂ,** ਪੁ:—ਜੋ ਤਰ ਸਕੇ, ਤਾਰਨ ਵਾਲਾ, ।

ਵਿ:—ਜਿਸ ਵਿਚ ਤਰਿਆ ਜਾ ਸੱਕੇ, ਡੂੰਘਾ (ਪਾਣੀ) ॥

**ਤਾਲ,** ਪੁ:—ਤਲਾਉ, ਛੰਭ, ਸਰ, (ਲਾਉਣਾ) ਰਾਗ ਦਾ ਮੇਲ (ਦੇਣੀ) ਤਾੜੀ ਵਜਾਉਣੀ ॥

**ਤਾਲਸਰ,** ਪੁ:—ਇਕ ਰੁੱਖ ਜਿਸ ਦੇ ਪੱਤ੍ਰਾਂ ਦੀ ਨਸਵਾਰ ਬਣਦੀ ਹੈ ॥

**ਤਾਲਮਖਾਨਾ,** ਪੁ:—ਇੱਕ ਬੂਟੀ ਜਿਸ ਦੇ ਬੀਜ ਦੁਆ ਵਾਂਗਰ ਵਰਤੇ ਜਾਂਦੇ ਹਨ ॥

**ਤਾਲਾ,** ਪੁ:—ਜੰਦਰਾ, ਜੰਦਾ

**ਤਾਲੀ,** ਸ:—ਕੁੰਜੀ, ਰਾਗ ਨਾਲ ਹੱਥ ਵਜਾ ਕੇ ਤਾਲ ਦੇਣੀ ॥

**ਤਾਲੀਮ,** ਸ:—ਪੜ੍ਹਾਈ, ਸਿੱਖਿਆ, ਵਿਦਿਆ ਦੇਣ ਦਾ ਕੰਮ ॥

**ਤਾਲੀਮ ਯਾਫ਼ਤਾ,** ਵਿ:—ਪੜ੍ਹਿਆ ਹੋਇਆ ।

**ਤਾਲੂ, ਤਾਲੂਆ,** } ਪੁ:—ਸਿਰ ਦੇ ਉੱਪਰ ਵਿਚਕਾਰਲੀ ਥਾਂ, ਮੂੰਹ ਦੇ ਅੰਦਰਲੀ ਛੱਤ, ਬਾਲ ਦੇ ਜੰਮਣ ਤੇ ਦਾਈ ਨੂੰ ਜੋ ਕੁਝ ਪਰਵਾਰ ਦੇ ਸੱਜਣਾਂ ਵੱਲੋਂ ਮਿਲਦਾ ਹੈ ॥

**ਤਾੜ,** ਪੁ:—ਇੱਕ ਰੁੱਖ ॥ ਸ:—ਸਮਝ, ਨਜ਼ਰ, ਦੀ ਲਤ ਦਾ ਕੰਡਾ, ਬਾਲ ਨੂੰ ਡਰਾਕੇ ਜੋ ਸਿੱਖ ਮੱਤ ਦਿੱਤੀ ਜਾਏ ।

**ਤਾੜ ਡਿੱਗਣਾ,** ਕ੍ਰਿ:—ਅਜੇਹਾ ਡਿੱਗਣਾ ਕਿ ਅਵਾਜ਼ ਆਵੇ ॥

**ਤਾੜ ਬਾਜ਼,** ਪੁ:-ਵਿ:-ਜੋ ਤਾੜ ਲਵੇ, ਹੁਸ਼ਿਆਰ, ਸਿਆਣਾ, ਖੋਜੀ, ਜੋ ਤਾੜ ਬਾਜ਼ੀ ਕਰੇ ।

**ਤਾੜ ਬਾਜ਼ੀ,** ਸ:—ਹੁਸ਼ਿਆਰੀ, ਕਿਸੇ ਤ੍ਰੀਮਤ ਵੱਲ ਬੁਰੀ ਨਜ਼ਰ ਨਾਲ ਵੇਖਣਾ ॥

**ਤਾੜ ਮਾਰਨੀ,** ਕ੍ਰਿ:—ਘੋੜੇ ਨੂੰ ਅੱਡੀ ਲਾਉਣੀ ॥

**ਤਾੜ ਰੱਖਣੀ,** ਕ੍ਰਿ:—ਵੇਖਦੇ ਰਹਿਣਾ, ਨਿਗਾਹ ਰੱਖਣੀ, ਧਿਆਨ ਰੱਖਣਾ ।

**ਤਾੜ ਲਾਉਣਾ,** ਕ੍ਰਿ:—ਤਾੜ ਮਾਰਨੀ, ਟਿਕਟਿਕੀ ਲਾਕੇ ਵੇਖਣਾ ।

**ਤਾੜ ਲੱਗਣੀਆਂ (ਅੱਖਾਂ),** ਕ੍ਰਿ:—ਮਰਨ ਦੇ ਵੇਲੇ ਅੱਖਾਂ ਦੀ ਟਿਕਟਿਕੀ ਲੱਗ ਜਾਣੀ ॥

**ਤਾੜਨਾ (ਣਾ),** ਕ੍ਰਿ:—ਮੱਥੇ ਵੱਟ ਪਾਉਣਾ, ਝਿੜਕ ਦੇਣਾ, ਝਿੜਕਣਾ, ਸਮਝ ਲੈਣਾ, ਵੇਖਣਾ ਭਾਲਣਾ, ਕੁੱਕੜਾਂ ਨੂੰ ਬੰਦ ਕਰਨਾ ॥

**ਤਾੜਾ,** ਪੁ:—ਪੰਛੀ ਦੀ ਡੋਰੀ ਨੂੰ ਮਾਰਨ ਵਾਲੀ ਲਕੜੀ ਦੀ ਇੱਕ ਚੀਜ਼, ਇਕ ਬਾਂਸ ਦਾ ਟੋਟਾ ਜੋ ਕਿਸੇ ਰੁੱਖ ਨੂੰ ਰੱਸੀ ਨਾਲ ਬੱਧਾ ਹੁੰਦਾ ਹੈ ਅਤੇ ਜਿਸ ਨਾਲ ਪੰਖੇਰੂ ਉਡਾਉਂਦੇ ਹਨ ॥

**ਤਾੜੀ,** ਸ:—ਤਾੜ ਦੇ ਰੁੱਖ ਦਾ ਰਸ, ਇੱਕ ਸ਼ਰਾਬ, ਛੋਟੀ ਤਲਵਾਰ ਦਾ ਮੁੱਠਾ, ਚੌਕੜੀ ਮਾਰਨੀ, ਤੌੜੀ ਵਜਾਉਣੀ ।

**ਤਾੜੀ ਲਾਉਣੀ,** ਕ੍ਰਿ:—ਚੌਕੜੀ ਮਾਰਕੇ ਧਿਆਨ ਵਿੱਚ ਬੈਠਣਾ, ਡੋਰੀ ਲਾਉਣੀ ॥

**ਤਿ,** ਵਿ:—ਤਿੰਨ (ਜੁੜਵੇਂ ਪਦਾਂ ਵਿਚ, ਜਿਹਾ ਕਿ ਤਿਕੁਣਾ) ॥

**ਤਿਉਂ,** ਕ੍ਰਿ: ਵਿ:—ਉਸ ਤਰਾਂ, ਤਿਵੇਂ, ਤਿੱਕੁਰ ॥

**ਤਿਉਂਚ,** ਵਿ:—ਤਿੰਨ ।

**ਤਿਉਣਾ,**

Digitized by Panjab Digital Library | www.panjabdigilib.org

**ਤਿਆਗ,** ਪੁ:—ਛੱਡ ਦੇਣਾ, ਸਾਂਝ ਤੋੜਨੀ, ਤਰਕ॥

**ਤਿਆਗ ਪਤ੍ਰੀ,** ਸਂ:—ਤੀਵੀਂ ਜਾਂ ਧੌਂਦ ਨੂੰ ਛੱਡਣ ਦੀ ਲਿਖਤ॥

**ਤਿਆਗਨ,** ਸ:—ਛੱਡਣ ਵਾਲੀ, ਸੰਤਣੀ, ਤਪੱਸਣ॥

**ਤਿਆਗਣਾ**
**ਤਿਆਗ ਦੇਣਾ** } ਕ੍ਰਿ:—ਛੱਡਣਾ, ਤਜਣਾ, ਤਰਕ ਕਰਨਾ।

**ਤਿਆਗੀ,** ਪੁ:—ਛੱਡਣ ਵਾਲਾ, ਸੰਤ, ਤਪੱਸੀ।

**ਤਿਆਰ,** ਪੁ:—ਪੂਰਾ ਕੰਮ ਕਰਨ ਲੱਗਾ ਹੀ, ਕਿਸੇ ਕੰਮ ਨੂੰ ਰਾਜੀ, ਤਕੜਾ, ਮੋਟਾ ਚੌੜਾ, ਜੁਆਨ ਚੁਸਤ (ਹੋਣਾ, ਕਰਨਾ)।

**ਤਿਆਰ ਬਰ ਤਿਆਰ,** ਵਿ:—ਸਦਾ ਹੀ ਤਯਾਰ॥

**ਤਿਆਰੀ,** ਸਂ:—ਕਿਸੇ ਕੰਮ ਵਾਸਤੇ ਜੋ ਕੁਝ ਕਰਨਾ ਲੋੜੀਦਾ ਹੈ, ਜਲ੍ਹੋ, ਸਾਜ, ਓਲਾ।

**ਤਿਸ,** ਸ:—ਤ੍ਰੇਹ, ਪਿਆਸ। ਪੜ:—ਉਸ, ਉਹ॥

**ਤਿਸਨਾ,** ਸ:—ਤ੍ਰੇਹ, ਇਛਿਆ, ਭੜਕੀ, ਖਿੱਚ ਉਤਸਾਹਟ॥

**ਤਿਸਰਾਇਤ**
**ਤਿਸਰਾਤ** } ਪੁ:,ਸ: ਤੀਜਾ ਮਨੁੱਖ, ਦੋ ਧਿਰਾਂ ਦਾ ਝਗੜਾ ਨਬੇੜਨਵਾਲਾ ਤੀਜੀ ਵਾਰ।

**ਤ੍ਰਿਹ,** ਸ:—ਤ੍ਰੇਹ, ਪਿਆਸ। ਪੁ:—ਹਿਤ, ਮੋਹ ਵਿ:—ਤਿੰਨ॥

**ਤ੍ਰਿਹੱਤਰ,** ਪੁ:—ਤਿੰਨਾਂ ਉੱਤੇ ਸੱਤਰ।

**ਤ੍ਰਿਹੱਤਰਮਾਂ**
**ਤ੍ਰਿਹਤਰਵਾਂ** } ਵਿ:—ਤਿਹਤ੍ਰਾਂ ਦੀ ਗਿਣਤੀ ਪੂਰੀ ਕਰਨ ਵਾਲਾ॥

**ਤ੍ਰਿਹੌੜ੍ਹਾ,** ਪੁ:—ਸਮਤ ਤ੍ਰਿਹੌੜੂ।

**ਤ੍ਰਿਹਰ,** ਪੁ:—ਤੀਜੀ ਵਾਰ, ਤੀਜੀ ਵਾਰ ਹੱਲ ਫੇਰਨਾ॥

**ਤ੍ਰਿਹਰਮ,** ਵਿ:—ਤਿੰਨ ਵਾਰੀ।

**ਤ੍ਰਿਹਰਾ,** ਵਿ:—ਤਿਨ ਗੁਣਾ॥

**ਤ੍ਰਿਹਰਾਉ,** ਪੁ:
**ਤ੍ਰਿਹਰਾਉਟ,** ਸ: } ਤਿਗੁਣਾ ਹੋਣਾ॥

**ਤ੍ਰਿਹਰਾਉਣਾ,** ਕ੍ਰਿ:—ਤਿਗੁਣਾ ਕਰਨਾ।

**ਤ੍ਰਿਹਾ**
**ਤ੍ਰਿਹਾਇ** } ਸ:—ਤ੍ਰੇਹ, ਪਿਆਸ॥

**ਤ੍ਰਿਹਾਇਆ,** ਵਿ: ਜਿਸਨੂੰ ਤ੍ਰਿਹ ਲੱਗੀ ਹੋ ਪਿਆਸਾ।

**ਤ੍ਰਿਹਾਇਤ (ਤਣ),** ਸ:
**ਤ੍ਰਿਹਾਇਤੀ,** ਪੁ: } ਤੀਜਾ ਮਨੁੱਖ, ਤਿਸ ਰਾਤ॥

**ਤ੍ਰਿਹਾਈ,** ਸ:—ਤੀਜਾ ਹਿੱਸਾ। ਵਿ:—ਪਿਆਸੀ।

**ਤ੍ਰਿਹਾਉਲਾ (ਲੀ),** ਪੁ:—ਘੇਉ ਖੰਡ ਅਤੇ ਮੈਦੇ ਦੇ ਤਿੰਨ ਇੱਕੋ ਜੇਹੇ ਹਿਸੇ (ਤ੍ਰਿਹਾਉਲੀ ਦਾ ਕੜਾਹ)॥

**ਤ੍ਰਿਹਾਸਮਾਂ (ਵਾਂ),** ਵਿ:—ਤਿੰਨਾਂ ਛੱਤਾਂ ਵਾਲਾ (ਘਰ) ਤੀਜਿਆ ਛੱਤ ਦਾ।

**ਤ੍ਰਿਹਾਕ**
**ਤ੍ਰਿਹਾਤ** } ਪੁ:—ਤੀਜਾ ਮਨੁੱਖ, ਗਰ॥

**ਤਿਹਾਰ,** ਪੁ: ਖੁਸ਼ੀ ਦਾ ਦਿਨ, ਦਿਵਾਲੀ, ਵਸਾਖੀ ਆਦਿਕ, ਨਵੀਂ ਵਿਆਹੀ ਕੁੜੀ ਦੇ ਪੇਕਿਓਂ ਤਿਹਾਰ ਵਾਲੇ ਦਿਨ ਆਈ ਹੋਈ ਚੀਜ਼ ਵਸਤ, ਮੋਏ ਹੋਏ ਮਨੁੱਖ ਦਾ ਤਿਹਾਰ ਵਾਲੇ ਦਿਨ ਦਾ ਸੋਗ॥

Digitized by Panjab Digital Library | www.panjabdigilib.org

**ਤਿਹਾਰੀ,** ਵਿ:—ਤਿਹਾਰ ਦਾ, ਤਿਹਾਰ ਮਨਾਉਣ ਵਾਲਾ ॥

**ਤਿੱਕ,** ਪੁ:—ਮਨੁਖ ਦੇ ਸਰੀਰ ਦਾ ਹੇਠਲਾ ਹਿੱਸਾ, ਲੱਕ ॥

**ਤਿੱਕਾ,** ਪੁ:—ਮਾਸ ਦੀ ਬੋਟੀ ।

**ਤਿੱਕਰ** / **ਤਿੱਕੂੰ** } ਕ੍ਰਿ: ਵਿ: ਉਸ ਤਰ੍ਹਾਂ, ਤਿਵੇਂ ।

**ਤਿਕੂਣਾ** / **ਤਿਕੂਣੀਆ** } ਵਿ: —ਜਿਸਦੇ ਤਿੰਨ ਕੂਣੇ ਜਾਂ ਗੁੱਠਾਂ ਹੋਣ ॥

**ਤਿੱਖਲ,** ਸ:—ਤਿੰਨਾਂ ਪੁਤ੍ਰਾਂ ਮਗਰੋਂ ਜੰਮੀ ਹੋਈ ਧੀ ਜਾਂ ਤਿੰਨਾ ਧੀਆਂ ਮਗਰੋਂ ਜੰਮਿਆ ਹੋਇਆ ਪੁਤ੍ਰ ।

**ਤਿਖਾ,** ਸ:—ਤ੍ਰੇਹ, ਪਿਆਸ ।

**ਤਿੱਖਾ,** ਵਿ:—ਤੇਜ਼, ਚਲਾਕ, ਛੇਤੀ ਕੰਮ ਕਰਨ ਵਾਲਾ ।

**ਤਿੱਖੁਣਾ,** ਪੁ:—ਤੁੱਖਣਾ, ਕੱਖ, ਤੀਲਾ, ਤੱਕਾ

**ਤਿੱਖੁਲ,** ਪੁ:,ਸ:—'ਤਿੱਖਲ' ਵੇਖੋ ।

**ਤਿਗੁਣਾ** / **ਤਿੱਗੁਣਾ** } ਵਿ:—ਤਿੰਨ ਗੁਣਾ ।

**ਤਿੱਘੜ,** ਸ:—ਇੱਕ ਦੂਜੇ ਦੇ ਉੱਪਰ ਤਿੰਨ ਘੜੇ ।

**ਤਿੱਘੜਨਾ,** ਕ੍ਰਿ:—'ਤ੍ਰੀਂਘੜਨਾ' ਵੇਖੋ ॥

**ਤਿੱਘੁੜਾ, ਪੁ:** / **ਤਿਘੁੜੀ, ਸ:** } ਕੰਮ ਸਿਖਾਉਣ ਲਈ ਦੋ ਵਡੇ ਬਲਦਾਂ ਨਾਲ ਜੋੜਿਆ ਹੋਇਆ ਨਿੱਕਾ ਬਲਦ ॥

**ਤਿਚਰ [ਤਿਚਿਰ]** / **ਤਿਚਰਾਂ ਨੂੰ** } ਕ੍ਰਿ: ਵਿ: —ਉੱਨਾ ਚਿਰ ਤਕ, ਤਦ ਤਾਈਂ ॥

**ਤਿੰਜ,** ਸ:—ਕਪੜੇ ਦਾ ਟੋਟਾ ॥

**ਤਿੰਜਣ,** ਪੁ:—ਕੱਤਣ ਆਦਿਕ ਵਾਸਤੇ ਕੱਠੀਆਂ ਹੋਈਆਂ ਹੋਈਆਂ ਕੁੜੀਆਂ ਜਾਂ ਤੀਮਤਾਂ ਦੀ ਮੰਡਲੀ ॥

**ਤਿਣ,** ਪੁ:—ਕੱਖ, ਘਾਹ, ਤਿਲ, ਅੱਖ ਦੇ ਵਿਚਲਾ ਦਾਗ ॥

**ਤਿਣਾ,** ਪੁ:—ਸੋਨੇ ਚਾਂਦੀ ਦੇ ਵਰਕ ਦਾ ਨਿੱਕਾ ਟੁਕੜਾ ॥

**ਤਿਤ,** ਪੜ:—ਤਿਸ, ਉਸ, ਉਹ ॥

**ਤਿਤਨਾ,** ਵਿ:—ਉੱਨਾ, ਉਸ ਜਿੰਨਾ ॥

**ਤਿਤਰ,** ਪੁ:—ਇੱਕ ਮਸ਼ਹੂਰ ਪੰਖੇਰੂ ॥

**ਤਿੱਤਰ ਖੰਭੀ,** ਵਿ:—ਤਿੱਤਰ ਦੇ ਖੰਭਾਂ ਵਰਗੀ (ਬਦਲੀ) ॥

**ਤਿਤਰ ਬਿਤਰ,** ਵਿ:—ਖਿੰਡੇ ਹੋਏ, ਅੱਡ ਅੱਡ (ਹੋ ਜਾਣਾ, ਕਰ ਦੇਣਾ) ॥

**ਤਿਤਾਲੀ,** ਵਿ:—ਤਿੰਨਾਂ ਉੱਤੇ ਚਾਲੀ ॥

**ਤਿਥ,** ਸ: ਚੰਦ੍ਰਮਾ ਦੇ ਮਹੀਨੇ ਦਾ ਕੋਈ ਦਿਨ।

**ਤਿੱਥੇ** / **ਤਿੱਥੋਂ** } ਕ੍ਰਿ:ਵਿ: ਉਥੇ, ਉੱਥੋਂ ।

**ਤਿਦਰਾ** / **ਤਿਦਰੀ** } ਪੁ:—ਤਿੰਨਾ ਦਰਵਾਜ਼ਿਆਂ ਵਾਲਾ ਘਰ ਜਾਂ ਚੋਕਟਾ॥

**ਤਿੱਦਿਨ,** ਕ੍ਰਿ:ਵਿ:—ਤਿਸ ਦਿਨ, ਉਸ ਦਿਨ ॥

**ਤਿੱਧਰ** / **ਤਿੱਧਰੇ** } ਕ੍ਰਿ:ਵਿ:—ਉਸ ਪਾਸੇ, ਉਸੇ ਤਰਫ਼ ॥

Digitized by Panjab Digital Library | www.panjabdigilib.org

**ਤ੍ਰਿਧਾਰਾ,** ਵਿ:–ਜਿਸ ਦੀਆਂ ਤਿੰਨ ਧਾਰਾਂ ਜਾਂ ਕੰਢੇ ਹੋਨ ।

**ਤ੍ਰਿੰਨ,** ਵਿ:–ਤ੍ਰੈ, ਦੋ ਅਤੇ ਇੱਕ ॥

**ਤ੍ਰਿੰਨ ਤੇਰਾਂ,** ਵਿ:–ਖਿੰਡੇ ਹੋਏ, ਅੱਡ ਅੱਡ (ਹੋਣਾ, ਕਰ ਦੇਣਾ)।

**ਤ੍ਰਿਨ੍ਹਾਂ (ਨ੍ਹੀਂ)** ਪੜ:–ਉਨ੍ਹਾਂ, ਉਨ੍ਹਾਂ ਨੇ ।

**ਤ੍ਰਿਨੀਂ**
**ਤ੍ਰਿਨੋਂ** } ਵਿ:–ਤਿੰਨੇ ਹੀ, ਸਾਰੇ ਜੋ ਤਿੰਨ ਹਨ ॥

**ਤ੍ਰਿੱਪ**
**ਤ੍ਰਿਪਕਾ** } ਪੁ:–ਪਾਣੀ ਆਦਿਕ ਦੀ ਬੂੰਦ, ਕਤਰਾ, ਚੂਹੀ ॥

**ਤ੍ਰਿੱਪਤ੍ਰਿੱਪ ਕਰਨਾ**
**ਤ੍ਰਿੱਪ ਤ੍ਰਿੱਪ ਚੋਣਾ** } ਕ੍ਰਿ:–ਇੱਕ ਇੱਕ ਬੂੰਦ ਡਿਗਣੀ ॥

**ਤ੍ਰਿਪਤ,** ਵਿ:–ਰੱਜਿਆ ਹੋਇਆ, ਪਰਸਿੰਨ। ਸ:–ਰਜ, ਸੰਤੋਖ ।

**ਤ੍ਰਿੱਪਰ,** ਪੁ:–ਘਰ ਦੀ ਤੀਜੀ ਛੱਤ ॥

**ਤ੍ਰਿੱਬ,** ਸ:–ਹਕੀਮੀ, ਰੋਗ ਦੂਰ ਕਰਨ ਦੀ ਵਿਦਯਾ ।

**ਤ੍ਰਿੰਬਰ,** ਪੁ:–ਇੱਕ ਬਿਰਛ ਜਿਸਦੇ ਬੀਜ ਦੁਆ ਦਾਕਰ ਵਰਤੇ ਜਾਂਦੇ ਹਨ ॥

**ਤ੍ਰਿਬਾਰ,** ਪੁ:–ਤਿੰਨ ਵਾਰੀ, ਤੀਜੀ ਵਾਰ ।

**ਤ੍ਰਿਮਕਣਾ,** ਕ੍ਰਿ:–'ਟਿਮਕਣਾ' ਵੇਖ ।

**ਤ੍ਰਿਮਣਾ,** ਵਿ:–ਤਿੰਨਾਂ ਮਣਾਂ ਦੇ ਭਾਉ॥

**ਤ੍ਰਿਮਰ,** ਪੁ:–ਹਨੇਰਾ, ਅੰਧਕਾਰ ।

**ਤ੍ਰਿਮਰੂ**
**ਤ੍ਰਿੰਮਲ** } ਪੁ:—'ਤ੍ਰਿੰਬਰ' ਵੇਖੋ ॥

**ਤ੍ਰਿਮਾਹਾ**
**ਤ੍ਰਿਮਾਹਾਂ** } ਪੁ:—ਤਿੰਨਾਂ ਮਹੀਨਿਆਂ ਦੀ ਤਲਬ।

**ਤ੍ਰਿੰਯਣ,** ਪੁ:—'ਤ੍ਰਿੰਜਣ' ਵੇਖੋ।

**ਤ੍ਰਿਰਕੁਟਾ,** ਪੁ:—ਕਾਲੀ ਮਿਰਚ ਸੁੰਢ ਅਤੇ ਦਾਲ-ਚੀਨੀ ਵਾਲੀ ਦੁਆਈ ॥

**ਤ੍ਰਿਰਖਾਣ,** ਪੁ:—ਲਕੜੀ ਦਾ ਕੰਮ ਕਰਨ ਵਾਲਾ ।

**ਤ੍ਰਿਰਖੂੰਟੀ,** ਵਿ:–ਤਿੰਨਾਂ ਖੂੰਜਿਆਂ ਵਾਲਾ ॥

**ਤ੍ਰਿਰਛਾ,** ਵਿ:–ਟੇਢਾ, ਵਿੰਗਾ, ਝੁਕਿਆ ਹੋਯਾ ॥

**ਤ੍ਰਿਰਛਾ ਦੇਖਣਾ**
**ਤ੍ਰਿਰਛਾ ਵੇਖਣਾ** } ਕ੍ਰਿ:–ਡੋਰਾ ਹੋਣਾ ।

**ਤ੍ਰਿਰੀਜ,** ਸ:–ਕਪੜੇ ਦਾ ਟੋਟਾ, ਤ੍ਰਿੰਜ ॥

**ਤ੍ਰਿਰਫਲਾ,** ਪੁ:–ਹਰੜ ਬਹੇੜੇ ਅਤੇ ਆਮਲੇ ਮਿਲੇ ਹੋਏ ॥

**ਤ੍ਰਿਰਬਰਾ,** ਪੁ:–ਪਾਣੀ ਉੱਤੇ ਬਿੰਦਿਆਈ ॥

**ਤ੍ਰਿਰਮਰਾ,** ਪੁ:–ਤ੍ਰਿਰਬਰਾ, ਇੱਕ ਕੀੜਿਆਂ ਵਾਲਾ ਭੂੰਖਾ॥

**ਤ੍ਰਿਰਲੋਕ ਸ:**
**ਤ੍ਰਿਰਲੋਕੀ ਪੁ:** } ਤ੍ਰਿੰਨੇ ਲੋਕ, ਸਾਰਾ ਸੰਸਾਰ ।

**ਤ੍ਰਿਰਲੋਕੀ ਨਾਥ,** ਪੁ:–ਪਰਮੇਸਰ, ਸ਼ਿਵ ਜੀ ।

**ਤ੍ਰਿਰਵਰਾ,** ਪੁ:–'ਤ੍ਰਿਰਬਰਾ' ਵੇਖੋ।

**ਤ੍ਰਿਰੜ ਫਿਰੜ** ਸ: 'ਟਿਰੜ ਫਿਰੜ' ਵੇਖੋ ।

**ਤ੍ਰਿਰਾਸੀ,** ਵਿ:–ਤਿੰਨ ਉੱਤੇ ਅੱਸੀ ॥

**ਤ੍ਰਿਰਿਕਟਾ,** ਪੁ:—ਕਾਲੀ ਮਿਰਚ ਲਾਲ ਮਿਰਚ ਅਤੇ ਸੁੰਢ ਇਹ ਤਿੰਨੇ ਚੀਜ਼ਾਂ ਮਿਲੀਆਂ ਹੋਈਆਂ ॥

Digitized by Panjab Digital Library / www.panjabdigilib.org

**ਤਿਰਿਕਟੀ,** ਸ਼ਃ–ਤ੍ਰੈ ਗੁਣ ਅਰਥਾਤ ਸਤੋਗੁਣ, ਰਜੋਗੁਣ, ਤਮੋਗੁਣ ॥

**ਤਿਰਿਪਤ,** ਸ਼ਃ—'ਤ੍ਰਿਪਤ' ਵੇਖੋ॥

**ਤਿਰਿਫਲਾ,** ਪੁਃ–'ਤ੍ਰਿਫਲਾ' ਵੇਖੋ ।

**ਤਿਰਿਬਿਧ,** ਵਿਃ—ਤ੍ਰੈ ਗੁਣਾ ।

**ਤਿਰੀ,** ਪੁਃ–ਠੱਪਾ ॥

**ਤਿਰੀਆ**
**ਤਿਰੀਯਾ** } ਸ਼ਃ–ਤੀਮਤ, ਇਸਤ੍ਰੀ, ਔਰਤ ॥

**ਤਿਰੀਆ ਚਲਿਤ੍ਰ,** ਪੁਃ–ਤੀਮਤਾਂ ਦੇ ਫਰੇਬ॥

**ਤਿਲ,** ਪੁਃ–ਇੱਕ ਤਰਾਂ ਦੇ ਬੀਜ ਜਿਨਾਂ ਦਾ ਤੇਲ ਨਿਕਲਦਾ ਹੈ, ਪਿੰਡੇ ਦਾ ਦਾਗ ।

**ਤਿਲ ਚੌਲੀ,** ਸ਼ਃ–ਤਿਲ ਅਤੇ ਚੌਲ ਮਿਲੇ ਹੋਏ ।

**ਤਿਲ ਫੁਲ,** ਪੁਃ–ਜੋ ਕੁਝ ਥੋੜਾ ਬਹੁਤ ਸਰੇ ॥

**ਤਿਲਭੁੱਗਾ,** ਪੁਃ–ਤਿਲ ਅਤੇ ਗੁੜ (ਸ਼ੱਕਰ ਆ ਖੰਡ) ਕੁੱਟਕੇ ਬਣਾਈ ਹੋਈ ਮਠਿਆਈ ।

**ਤਿਲਸਮਾਤ,** ਸ਼ਃ ਅਨੋਖਾ, ਅਚਰਜ, ਅਨੋਖੀ ਚੀਜ ॥

**ਤਿਲਹਾਰਾ** ਪੁਃ—'ਤਲਿਹਾਰਾ' ਵੇਖੋ ॥

**ਤਿਲਕ,** ਪੁਃ–ਟਿੱਕਾ, ਮੱਥੇ ਦਾ ਨਿਸ਼ਾਨ ਸ਼ਃ ਇਕ ਤਰਾਂ ਦਾ ਲੰਮਾ ਚੋਗਾ ॥

**ਤਿਲਕ ਜਾਣਾ,** ਕ੍ਰਿਃ–'ਤਿਲਕਣਾ' ਵੇਖੋ ॥

**ਤਿਲਕ ਦੇਣਾ,** ਕ੍ਰਿਃ–ਮੱਥੇ ਉੱਤੇ ਟਿੱਕਾ ਲਾਉਣਾ॥

**ਰਾਜਤਿਲਕ,** ਪੁਃ ਰਾਜੇ ਦਾ ਗਦੀ ਉਤੇ ਬਹਿਣਾ ॥

**ਤਿਲਕਣ,** ਸ਼ਃ–ਤਿਲ੍ਹਕਣ ਦੀ ਥਾਂ ਜਿੱਥੋਂ ਮਨੁੱਖ ਤਿਲਕ ਪਏ ।

**ਤਿਲਕਣ ਬਾਜੀ,** ਸ਼ਃ ਤਿਲਕਣ ਦੀ ਥਾਂ, ਨ ਸਚੀ, ਖਤਰੇ ਵਾਲਾ ਕੰਮ ।

**ਤਿਲਕਣਾ,** ਕ੍ਰਿਃ–ਰਿੜ੍ਹ ਪੈਣਾ, ਖਿਸਕਣਾ, ਫੁੱਸਲਣਾ ।

**ਤਿਲਕਾ,** ਪੁਃ ਪੈਰ ਦਾ ਦਾਗ, ਟਿੱਕਾ, ਤਿਲਕ

**ਤਿਲਕਾਉਣਾ**
**ਤਿਲਕਾਵਣਾ** } ਕ੍ਰਿਃ ਰੇੜ੍ਹਨਾ ਖਿਸਕਾਉਣਾ ਫੁਲਾਉਣਾ, ਭੇਜਣਾ ॥

**ਤਿੱਲੜਾ,** ਪੁਃ
**ਤਿੱਲੜੀ,** ਸ਼ਃ } ਤੀਮਤਾਂ ਦੇ ਗਲ ਦਾ ਇਕ ਗਹਿਣਾ

**ਤਿਲਾ,** ਪੁਃ–ਇਕ ਰੋਗ, ਤਿਲੀ ਦਾ ਵਧਾਉ, ਲਿੰਗ ॥

**ਤਿੱਲਾ,** ਪੁਃ ਸੋਨੇ ਦੀਆਂ ਤੰਦਾਂ ਦਾ ਧਾਗਾ

**ਤਿਲੀ,** ਸ਼ਃ–ਖੱਬੇ ਅਤੇ ਸੱਜੇ ਖਿਲ, ਢਿੱਡ ਦੇ ਹੇਠਲੇ ਜਿਸ ਵਿਚ ਇਕ ਪੱਲੀ ਗਿਲਟੀ ਜਹੀ ।

**ਤਿਲੀਅਰ**
**ਤਿਲੀਯਰ** } ਪੁਃ–ਇੱਕ ਪੰਖੇਰੂ

**ਤਿਲੀਆ,** ਸ਼ਃ–'ਤਿਰੀਆ' ਵੇਖੋ ॥

**ਤਿਡ੍ਹ,** ਸ਼ਃ– ਇੱਕ ਤਰਾਂ ਦੇ ਘਾਹ ਦੀ ਜੜ ਅਤੇ ਤੀਲਾ

**ਤਿੜਕਣਾ,** ਕ੍ਰਿਃ–ਤ੍ਰੇੜ ਆ ਜਾਣੀ, ਟੁੱਟਣਾ, ਟੁੱਸ ਜਾਣਾ ।

**ਤਿੜ ਤਿੜ ਕਰਨਾ,** ਕ੍ਰਿਃ–ਟੁੱਟਣ ਫੁੱਟਣ ਦੀ ਅਵਾਜ ਆਉਣੀ (ਜਿਵੇਂ ਦਾਣੇ ਭੁੰਨਦਿਆਂ ਦੀ ਅਵਾਜ ਹੁੰਦੀ ਹੈ ) ॥

Digitized by Panjab Digital Library / www.panjabdigilib.org

**ਤਿੜਣਾ,** ਕ੍ਰਿ:—ਪਾਟਣਾ, ਸੁੱਕਕੇ ਟੁੱਟਣਾ, ਅਭਮਾਨ ਕਰਨਾ ॥

**ਤਿੜਾਉਣਾ,** ਕ੍ਰਿ:—ਪਾੜਨਾ, ਤੋੜਨਾ, ਟੁੱਟਣ ਦੇਣਾ ॥

**ਤੀਉੜੀ,** ਸ:-ਮੱਥੇ ਉੱਤੇ ਵੱਟ ਪਾਉਣਾ (ਚੜ੍ਹਾਉਣੀ ਚਾੜ੍ਹਨੀ) ਵਿਰਲੀ ਉਂਗਲ ਹਿਲਾਉਣਾ, (ਵੇਖੋ)

**ਤੀਆ,** ਪੁ:—'੩' ਦਾ ਅੰਗ।

ਵਿ: ਤੀਜਾ, ਤੀਸਰਾ

**ਤੀਆਂ,** ਸ:-(ਬਹੁ:ਬ:), ਸਾਉਣ ਦੇ ਮਹੀਨੇ ਦਾ ਇੱਕ ਤਿਹਾਰ ਜਿਸ ਵਿੱਚ ਤੀਮਤਾਂ ਗਾਉਂਦੀਆਂ ਅਤੇ ਨਚਦੀਆਂ ਹਨ।

**ਤੀਸਰਾ,** ਵਿ:—'ਤਿੰਨਾਂ ਦੀ ਗਿਣਤੀ ਪੂਰੀ ਕਰਨ ਵਾਲਾ।

**ਤੀਸੀ,** ਸ:—ਅਲਸੀ॥

**ਤੀਹ,** ਵਿ:—ਵੀਹ ਅਤੇ ਦਸ, ਤਿੰਨ ਦਹਾਈਆਂ॥

**ਤੀਕ**
**ਤੀਕਣ (ਰ)** } ਅਵ: —ਤੱਕ, ਤਾਈਂ, ਤੋੜੀ॥

**ਤੀਖਣਾ**
**ਤੀਖੁਣਾ** } ਵਿ:—ਗਰਮ, ਕਰਾਰਾ ( ਮਸਾਲਾ )।

**ਤੀਖਾ,** ਵਿ:—ਤਿੱਖਾ, ਤੇਜ਼, ਕਰਾਰਾ ਮੈਲਾ, ਚੁਸਤ॥

**ਤੀਂਗਣੀ,** ਪੁ:—ਘੱਗਰਾ, ਲਹਿੰਗਾ॥

**ਤੀਂਘਣਾ,** ਕ੍ਰਿ:—ਕਿਸੇ ਚੀਜ਼ ਵੱਲ ਧਿਆਨ ਹਣਾ, ਤਰਸਣਾ॥

**ਤੀਜ,** ਸ:—ਤੀਜੀ ਥਿੱਤ, ਪੂਰਨਮਾਸ਼ੀ ਜਾਂ ਮੱਸਿਆ ਪਿੱਛੋਂ ਤੀਜਾ ਦਿਨ।

**ਤੀਜਾ,** ਵਿ:—ਤਿੰਨਾਂ ਦੀ ਗਿਣਤੀ ਪੂਰੀ ਕਰਨ ਵਾਲਾ, ਤੀਸਰਾ।

ਪੁ:—ਕਿਸੇ ਸਰਬੰਧੀ ਦੀ ਮੌਤ ਪਿੱਛੋਂ ਤੀਸਰਾ ਦਿਨ॥

**ਤੀਜੋ,** ਸ:—ਤੀਜੀ ਥਾਂ ਆਈ ਹੋਈ (ਵਹੁਟੀ)॥

**ਤੀਤ,** ਪੁ:—ਡੇਲੇ ਦੇ ਫਲ ਦੀ ਕਲੀ॥

**ਤੀਨਾਂ,** ਵਿ:—ਤ੍ਰਿਗੁਣਾ, ਤਿੰਨ ਗੁਣਾ॥

**ਤੀਮਤ**
**ਤੀਮੀ**
**ਤੀਮੀਂ** } ਸ:—ਇਸਤ੍ਰੀ, ਜ਼ਨਾਨੀ, ਰੰਨ। ਵਹੁਟੀ।

**ਤੀਰ,** ਪੁ:—ਬਾਣ, ਬੇੜ ਦਾ ਕਿੱਲ॥

ਵਿ:—ਸਿੱਧਾ॥

**ਹੱਥੋਂ ਤੀਰ ਛੁੱਟਣਾ,** ਕ੍ਰਿ:—ਕੋਈ ਕੰਮ ਕਰਕੇ ਪਛੋਤਾਉਣਾ ਅਤੇ ਫੇਰ ਕੁਝ ਨ ਹੋ ਸੱਕਣਾ।

**ਤੀਰ ਹੋ ਜਾਣਾ [ ਹੋਣਾ ],** ਕ੍ਰਿ:—ਸਿੱਧਾ ਖੜਾ ਹੋਣਾ, ਸਿੱਧਾ ਨੱਠ ਜਾਣਾ॥

**ਤੀਰ ਲੱਗਣਾ,** ਕ੍ਰਿ:—ਕਿਸ ਦੀ ਗੱਲ ਦਿਲ ਨੂੰ ਚੁਭਣੀ॥

**ਤੀਰਥ,** ਪੁ: -ਪਵਿਤ੍ਰ ਥਾਂ ( ਗੰਗਾ ਆਦਿਕ )॥

**ਤੀਰਥ ਕਰਨਾ,** ਕ੍ਰਿ:—ਤੀਰਥਾਂ ਤੇ ਜਾਕੇ ਅਸ਼ਨਾਨ ਆਦਿਕ ਕਰਨਾ॥

**ਤੀਰਥ ਜਾਤ੍ਰਾ,** ਪੁ:—ਤੀਰਥਾਂ ਨੂੰ ਜਾਣਾ॥

**ਤੀਰਥੀ,** ਪੁ:—ਤੀਰਥ ਕਰਨਵਾਲਾ, ਜਾਤ੍ਰੀ ॥

**ਤੀਲ,** ਸ —ਕੱਖ, ਸਰ ਦੀ ਉੱਤਲੀ ਤੀਲੀ॥

Digitized by Panjab Digital Library / www.panjabdigilib.org

**ਤੀਲਾ,** ਪੁ:—ਕੱਖ, ਕਿਸੇ ਅਨਾਜ ਦੀ ਡੰਡੀ, ਤੀਲ।

**ਤੀਲੀ,** ਸ:—ਤੀਲ, ਨੱਕ ਦਾ ਇੱਕ ਬਹੁਤ ਛੋਟਾ ਗਹਿਣਾ, ਦੀਵਾ ਸਲਾਈ ਦੀ ਸੀਖ।

**ਤੀਲੀ ਲਾਉਣਾ,** ਕ੍ਰਿ:—ਦੀਵਾ ਸਲਾਈ ਨਾਲ ਬਾਲਣਾ।

**ਤੀਵੀਂ,** ਸ:—'ਤ੍ਰੀਮੀ' ਵੇਖੋ॥

**ਤੁਸਣਾ,** ਕ੍ਰਿ:—ਸੀਤਲਾ ਆਦਿਕ ਦੇ ਦਾਣੇ ਨਿਕਲਣੇ॥

**ਤੁਸਾਂ, ਤੁਸੀਂ** } ਪੜ:—'ਤੂੰ' ਦਾ ਬਹੁ ਬਚਨ, ਆਪ ... ਨੇ॥

**ਤੁਹ,** ਪੁ:—'ਤੋਹ' ਵੇਖੋ।

**ਤੁਹਮਤ,** ਪੁ:—ਦੋਸ, ਊਜ, ਕਲੰਕ (ਲਾਉਣੀ)।

**ਤੁਹਮਤਣ,** ਸ:, **ਤੁਹਮਤੀ,** ਪੁ: } ਜੋ ਤੁਹਮਤ ਲਾਵੇ।

**ਤੁਹਾ,** ਪੁ:—ਤੋਹ, ਕਪਾਹ ਦੀ ਫੁੱਟੀ, ਲੀਖ

**ਤੁਹਾ, ਤੁਹਾਂ** } ਪੜ:—ਤੁਸਾਂ ਆਪ

**ਤੁਹਾਡਾ,** ਪੁ:, **ਤੁਹਾਡੀ,** ਸ: } ਪੜ:—ਤੁਸਾਂ ਦਾ (ਦੀ), ਆਪ ਦਾ (ਦੀ)॥

**ਤੁਕ,** ਸ:—ਕਵਿਤਾ ਦੀ ਸਤਰ, ਅਖਾਣ, ਸਬਕ।

**ਤੁਕਸ,** ਪੁ:—ਇੱਕੋ ਜੇਹੇ ਭਾਂਡਿਆਂ ਦਾ ਇਕੱਠ ਜਿਸ ਵਿੱਚ ਭਾਂਡੇ ਇੱਕ ਦੂਜੇ ਦੇ ਅੰਦਰ ਆ ਸਮਾਏ ਹਨ॥

**ਤੁਕਰ,** ਪੁ:—ਹਲ਼ ਨਾਲ ਧਰਤੀ ਨੂੰ ਪਾਣੀ ਦੇਣਾ।

**ਤੁਕਮ ਲੰਗਾਂ,** ਸ:—ਇੱਕ ਤਰਾਂ ਦੀ ਦੁਆ ਦੇ ਬੀਜ

**ਤੁਕਮਾ,** ਪੁ:—ਘੁੰਡੀ, ਬੀੜਾ, ਮਹਕਾ

**ਤੁਕਲਾ,** ਪੁ:—ਕਿੱਕਰ ਦੇ ਰੁਖ ਦਾ ਫਲ।

**ਤੁਕਲੀ,** ਸ:—ਨਿੱਕਾ ਤੁਕੱਲ

**ਤੁਕਾ,** ਪੁ:—ਮਕਈ ਆਦਿਕ ਦੇ ਸਿੱਟੇ ਦੀ ਗੁੱਲੀ, ਖੁੰਢੇ ਸਿਰ ਵਾਲਾ ਹੌਲਾ ਤੀਰ।

**ਤੁਕੱਲ,** ਸ:—ਇਕ ਉਡਾਉਣ ਵਾਲੀ ਕਾਗਜ਼ ਦੀ ਪਤੰਗ॥

**ਤੁਖਣਾ** ਪੁ:, **ਤੁਖਣੀ** ਸ: } ਕੱਖ ਜਾਂ ਘਾਹ ਦੀ ਡੰਡੀ, ਤੀਲਾ, ਤੱਕਾ॥

**ਤੁਖਨੀ,** ਪੁ:—ਘੁੰਡੀ, ਗੁਦਾਮ।

**ਤੁਖਮ,** ਪੁ:—ਬੀਜ, ਬੀ, ਅਸਲ (ਤੁਖਮ ਤਸੀਰ, ਸੁਹਬਤ ਦਾ ਅਸਰ)।

**ਤੁਖਮਾ,** ਪੁ:—ਤੁਕਮਾ, ਘੁੰਡੀ, ਬੀੜਾ।

**ਤੁਖਾਰ,** ਸ:—ਸਰਦੀ, ਠੰਢ॥

**ਤੁੰਗ,** ਸ:—ਇੱਕ ਵੱਡੇ ਪਤਲੇ ਢਾਲ ਵਾਲਾ ਭਾਂਡਾ, ਪਰਬਤ ਦਾ ਸਿਖਰ।

**ਤੁੰਗਲ, ਤੁੰਗੁਲ** } ਪੁ:—ਗਭਰੂਆਂ ਦਾ ਇੱਕ ਗਹਿਣਾ॥

**ਤੁੱਛ,** ਵਿ:—ਨਕਾਰਾ (ਰੀ), ਕਿਸੇ ਕੰਮ ਦਾ ਨਾ।

**ਤੁੱਛ ਮੁੱਛ,** ਵਿ:—ਟੁੱਟਾ ਭੱਜਾ, ਟੁਕੜੇ ਟੁਕੜੇ॥

Digitized by Panjab Digital Library | www.panjabdigilib.org

**ਤੁੱਠਣਾ,** ਕ੍ਰਿ: 'ਤ੍ਰੁੱਠਣਾ' ਵੇਖ ।

**ਤੁੱਠਾ,** ਵਿ:—ਪਰਸੰਨ ਹੋਯਾ ਹੋਯਾ, ਦਿਆਲ ।

**ਤੁਣ,** ਸ:—ਇੱਕ ਤਰ੍ਹਾਂ ਦਾ ਰੁੱਖ ਜਿਸ ਦੀ ਲਕੜੀ ਦਾ ਅਸਬਾਬ ਬਣਦਾ ਹੈ ।

**ਤੁਣ ਦਾਣਾ,** ਪੁ:—ਤੁਣ ਦਾ ਬੀਜ ।

**ਤੁਣਕਾ (ਖਾ),** ਪੁ:—ਤੀਲਾ, ਕੱਖ, ਤਿਣਕਾ ॥

**ਤੁਣ ਤੁਣੀ,** ਸ:—ਇੱਕ ਤਰ੍ਹਾਂ ਦੀ ਸਾਰੰਗੀ ॥

**ਤੁਤਲਾ,** ਵਿ:—ਜੋ ਥਥਲਾ ਕੇ ਗੱਲਾਂ ਕਰੇ ॥

**ਤੁਤਲਾਉਣਾ,** ਕ੍ਰਿ:—ਥਥਲਾ ਕੇ ਬੋਲਣਾ ।

**ਤੁਥ ਮੁੱਥ** ਵਿ:—ਕੁਹਜਾ, ਭੈੜੀ ਸ਼ਕਲ ਦਾ ।

**ਤੁੰਦ,** ਵਿ:—ਤੇਜ਼, ਤਿੱਖਾ, ਚੁੱਭਣ ਵਾਲਾ, ਖਰਾ ।

**ਤੁੰਦ ਮਜ਼ਾਜ,** ਵਿ:—ਕਰੜੇ ਸੁਭਾਉ ਵਾਲਾ ।

**ਤੁੰਦੀ,** ਸ:—ਤੇਜ਼ੀ, ਚੁਸਤੀ, ਚਲਾਕੀ ।

**ਤੁਧ,** ਪੜ:—ਤੂੰ, ਤੈਨੂੰ ॥

**ਤੁਨਕੀ,** ਸ:—ਇੱਕ ਤਰਾਂ ਦੀ ਪਤਲੀ ਰੋਟੀ ।

**ਤੂੰਨਣਾ,** ਕ੍ਰਿ:—ਨੱਪ ਨੱਪ ਕੇ ਭਰਨਾ, ਰੱਜ ਰੱਜ ਖਾਣਾ

**ਤੁੰਨੀ,** ਸ:—'ਧੁੰਨੀ' ਵੇਖ ।

**ਤੁੱਪ,** ਪੁ:—ਸੀਊਂ ਕੇ ਜੋੜਨਾ, ਟੀਚ, ਬੂੰਦ ਕਤਰਾ ।

**ਤੁਪਕਾ,** ਪੁ:—ਕਿਸੇ ਵਗਣ ਵਾਲੀ ਚੀਜ਼ ਦਾ ਕਤਰਾ, ਬੂੰਦ ॥

**ਤੁੱਪਕ, ਤੁਪੁੱਕ,** ਸ:—ਤੋਪ, ਬੰਦੂਕ ॥

**ਤੁਪਣਾ,** ਕ੍ਰਿ:—ਸੀਊਂ ਕੇ ਜੋੜਨਾ, ਟਾਂਕਾ ਲਾਉਣਾ

**ਤੁੱਪਣੀ,** ਸ:—ਸੂਈ, ਕਪੜਾ ਸੀਉਣ ਵਾਲੀ ਸੀਖ ॥

**ਤੁਫੰਗ,** ਸ:—ਬੰਦੂਕ ॥

**ਤੁਫਾਨ,** ਪੁ:—ਜ਼ੋਰ ਦੀ ਹਨੇਰੀ, ਹੜ੍ਹ, ਝੂਠਾ ਦੋਸ, ਝਗੜਾ, ਝੂਠ ।

**ਤੁਫਾਨ ਖੜਾ ਕਰਨਾ,** ਕ੍ਰਿ:—ਨਿੰਦਣਾ, ਬੁਰਿਆਈ ਕਰਨੀ, ਝੂਠੀ ਤੁਹਮਤ ਲਾਉਣੀ ।

**ਤੁਫਾਨਣ ਸ:-, ਤੁਫਾਨੀ ਪੁ:-** ਜੋ ਝਗੜਾ ਕਰੇ ਜਾਂ ਰੌਲਾ ਪਾਵੇ ॥

**ਤੂੰਬਣਾ,** ਕ੍ਰਿ:—ਉਂਗਲੀਆਂ ਨਾਲ ਰੂੰ ਉਘਾੜਨੀ ॥

**ਤੁੰਬਾਉਣਾ,** ਕ੍ਰਿ:—ਰੂੰ ਤੁੰਬਾਉਣੀ ॥

**ਤੁੰਬਾਈ** ਸ:—ਤੁੰਬਣ ਦਾ ਕੰਮ ਜਾਂ ਮਜੂਰੀ ॥

**ਤੁੰਬਾਤੜ,** ਵਿ:—ਤੋਰੇ ਜੇਹਾ ।

**ਤੁੰਬਾਰ,** ਪੁ:—ਲੰਮੀ ਗਾਜਰ (ਬੈਂਗਣ) ॥

**ਤੁੰਬਾਲਾ,** ਪੁ:—ਰੂੰ ਦੀ ਬੁੱਢੀ ਜਾਂ ਮਾਸ ਦੀ ਬੋਟੀ ।

**ਤੁੰਮਣਾ,** ਕ੍ਰਿ:—'ਤੁੰਬਣਾ' ਵੇਖੋ ।

**ਤੁੰਮਾ,** ਪੁ:—ਇੱਕ ਕੌੜਾ ਫਲ ਜੋ ਬਾਈ ਦੀ ਦੁਆ ਹੈ ।

**ਤੁੰਮੇ ਮਾਰੀ ਜੁਆਇਣ,** ਸ:—ਤੁੰਮੇ ਵਿੱਚ ਰੱਖੀ ਹੋਈ ਜਵੈਣ ।

**ਤੁਰੰਗ,** ਪੁ:—ਘੜੀ ਦਾ ਡੰਡਾ ਜਿਹਦੇ ਗਿਰਦ ਕਾਗਜ਼ ਲਪੇਟਿਆ ਹੁੰਦਾ ਹੈ ॥

Digitized by Panjab Digital Library | www.panjabdigilib.org

**ਤੁਰਸ਼,** ਵਿ:—ਖੱਟਾ ॥

**ਤੁਰਸ਼ਾਈ, ਤੁਰਸ਼ਾਵਾ,** ਸ:—ਖਟਿਆਈ ।

**ਤੁਰਹੀ,** ਸ:—ਬਿਗਲ, ਤੂਤੀ, ਇੱਕ ਵਾਜਾ ॥

**ਤੁਰਕ,** ਪੁ:—ਤੁਰਕਸਤਾਨ ਦਾ ਵਸਨੀਕ, ਮੁਸਲਮਾਨ ।

**ਤੁਰਕਸਤਾਨ,** ਪੁ:—ਪੰਜਾਬ ਦੇ ਉੱਤਰ ਵੱਲ ਇੱਕ ਦੇਸ ।

**ਤੁਰਕਣ,** ਸ:—ਤੁਰਕਸਤਾਨ ਦੀ ਘੋੜੀ ॥

**ਤੁਰਕਣੀ,** ਸ:—ਤੁਰਕਸਤਾਨ ਦੀ ਰਹਿਣ ਵਾਲੀ, ਮੁਸਲਮਾਨੀ ।

**ਤੁਰਕੀ,** ਪੁ:—ਤੁਰਕਸਤਾਨ ਦਾ ਘੋੜਾ ।

**ਤੁਰਕੀ ਪੁਣਾ,** ਪੁ:—ਤੁਰਕ ਦੀ ਖੋ, ਤੁਰਕੀ ਦੇ ਗੁਣ, ਕਠੋਰ ਮਨ ਹੋਣਾ ।

**ਤੁਰੰਜਬੀਣ,** ਸ:—ਇੱਕ ਦੁਆ ।

**ਤੁਰਤ (ਤੁਰੰਤ), ਤੁਰਤ ਫੁਰਤ,** ਕ੍ਰਿ: ਵਿ:—ਝੱਟ ਪੱਟ, ਛੇਤੀ, ਓਸੇ ਪਲੇ ।

**ਤੁਰਤੁਰਾ,** ਵਿ:—ਚੁਸਤ, ਚਲਾਕ, ਤਿੱਖੀ, ਗਾਲੜੂ ।

**ਤੁਰਨਾ,** ਕ੍ਰਿ:—ਚਲਣਾ, ਫਿਰਨਾ, ਹਿਲਣਾ, ਜਾਣਾ

**ਤੁਰਨਾ ਫਿਰਨਾ,** ਕ੍ਰਿ:—ਸੈਲ ਕਰਨੀ, ਚੱਲਣਾ

**ਤੁਰਪ,** ਸ:—ਅੰਗ੍ਰੇਜ਼ੀ ਫੌਜ ।

**ਤੁਰਪਣਾ,** ਕ੍ਰਿ:—ਸੀਉਣਾ, ਟਾਂਕਾ ਲਾਉਣਾ ।

**ਤੁਰਪਾਉਣਾ,** ਕ੍ਰਿ:—ਤੁਰਪਾਂ ਲੁਆਉਣਾ ॥

**ਤੁਰਪਾਈ,** ਸ:—ਤੋਪਾ ਲਾਉਣ ਦਾ ਕੰਮ ਜਾਂ ਮਜੂਰੀ ॥

**ਤੁਰਫਰਾਉਣਾ,** ਕ੍ਰਿ:—ਤਕੜਾ ਹੋਣਾ, ਰਾਜ਼ੀ ਹੋਣਾ ।

**ਤੁਰਫਾਨ,** ਸ:—ਇੱਕ ਤਰ੍ਹਾਂ ਦੀ ਪਸ਼ਮ ॥

**ਤੁਰਬ,** ਪੁ:—ਤਾਂਸ ਦੀ ਇੱਕ ਖਲ ॥

**ਤੁਰਮ,** ਪੁ:—ਤੂਤੀ, ਬਿਗਲ, ਇੱਕ ਵਾਜਾ ॥

**ਤੁਰਮਚੀ,** ਪੁ:—ਤੁਰਮ ਵਜਾਉਣ ਵਾਲਾ ।

**ਤੁਰਮਤੀ,** ਸ:—ਇੱਕ ਤਰਾਂ ਦਾ ਬਾਜ ॥

**ਤੁਰਮਰ ਤੁਰਮਰ ਦੇਖਣਾ (ਵੇਖਣਾ),** ਕ੍ਰਿ:—ਚੁੱਪ ਚੁਪਾਤੇ ਹਰਾਨ ਹੋਕੇ ਤੱਕਣਾ ॥

**ਤੁਰਵੈਯਾ,** ਪੁ:—ਚਲ ਦੌੜਨ ਵਾਲਾ ॥

**ਤੁੱਰਾ,** ਪੁ:—ਪਗੜੀ ਦਾ ਫੁੰਮਣ, ਕਲਗੀ, ਜ਼ੁਲਫ਼, ਘੁੰਡ ॥

**ਤੁਰਾਉਣਾ,** ਕ੍ਰਿ:—ਚਲਾਉਣਾ, ਫੇਰਨਾ ॥

**ਤੁਰਾਈ,** ਸ:—ਤੋਰੀ, ਇਕ ਤਰਾਂ ਦੀ ਭਾਜੀ ।

**ਤੁਰਾਤ,** ਸ:—ਯਹੂਦੀਆਂ ਦੀ ਧਰਮ ਪੁਸਤਕ ।

**ਤੁਰਾਨੀ,** ਵਿ:—ਫਾਰਸ ਦੇਸ ਦੇ ਤਿਹਰਾਨ ਸ਼ਹਿਰ ਦਾ ।

**ਤੁਰੀ,** ਸ:—ਤੁਰਮ, ਤੂਤੀ ॥

**ਤੁਰੀਯਾ ਅਵਸਥਾ,** ਸ:—ਜੀਵ ਦੀ ਚੌਥੀ ਹਾਲਤ ਜੋ ਜਾਗਣ, ਸੌਣ ਅਤੇ ਸੁਪਨ ਤੋਂ ਪਰੇ ਹੈ ॥

Digitized by Panjab Digital Library | www.panjabdigilib.org

**ਤੁਰੇਤ,** ਸ:—'ਤੁਰਤ' ਵੇਖੋ ॥

**ਤੁਲ,** ਸ:—ਤਾਕਤ, ਬਲ, ਸਹਾਰਾ, ਅਡੇਸ ਜਿਸ ਨਾਲ ਕਿਸੇ ਭਾਰੀ ਚੀਜ਼ ਨੂੰ ਟੁੱਕੀਦਾ ਹੈ

**ਤੁੱਲ,** ਵਿ:—ਬਰਾਬਰ, ਇਕੋ ਜੇਹਾ ।

**ਤੁਲਸੀ,** ਸ:—ਇਕ ਪਵਿਤ੍ਰ ਬੂਟਾ ॥

**ਤੁਲਸੀ ਦਲ,** ਪੁ:—ਤੁਲਸੀ ਦਾ ਪੱਤਾ ॥

**ਤੁਲਣਾ,** ਪੁ:—ਇੱਕ ਲਿੱਕੀ ਜੇਹੀ ਤਰਨ ਵਾਲੀ ਚੀਜ਼ ॥

**ਤੁਲ੍ਹਾ,** ਪੁ:—ਤਰਨ ਵਾਲੀ ਚੀਜ਼, ਜਿਸ ਚੀਜ਼ ਉਤੇ ਕੱਤਕ ਦੇ ਮਹੀਨੇ ਹਿੰਦੂ ਦੀਵੇ ਤਾਰਦੇ ਹਨ ॥

**ਤੁਲਣਾ,** ਕ੍ਰਿ:—ਉਘਲਾਉਣਾ ।

**ਤੁਲਨਾ,** ਕ੍ਰਿ:—ਤੋਲਿਆ ਜਾਣਾ ॥

**ਤੁਲਵਾਉਣਾ,** ਕ੍ਰਿ:—ਤੋਲਣ ਦਾ ਕੰਮ ਕਰਾਉਣਾ ।

**ਤੁਲਵਾਈ,** ਸ:—ਤੋਲਣ ਦਾ ਕੰਮ ਜਾਂ ਮਜੂਰੀ ॥

**ਤੁਲਾ,** ਸ:—ਤੱਕੜੀ, ਤਰਾਜੂ ॥

**ਤੁਲਾ ਦਾਨ,** ਪੁ:—ਆਪਣੇ ਭਾਰ ਦੇ ਬਰਾਬਰ ਕੋਈ ਸ਼ੈ ਦੇਣਾ ॥

**ਤੁਲਾਉਣਾ,** ਕ੍ਰਿ:—ਤੋਲਣ ਦਾ ਕੰਮ ਕਰਾਉਣਾ ॥

**ਤੁਲਾਈ,** ਸ:—ਤੋਲਣ ਦਾ ਕੰਮ ਜਾਂ ਮਜੂਰੀ ।

**ਤੁਲਾਈ** / **ਤੁਲਾਹੀ** } ਸ:—ਹਠਾਂ ਵਿਛਾਉਣ ਵਾਲਾ ਰੂੰ ਦਾਰ ਕਪੜਾ ॥

**ਤੁੜਕਣਾ,** ਕ੍ਰਿ:—ਤੱਤਾ ਘੇਉ ਭਾਜੀ ਸਲੂਣੇ ਵਿਚ ਪਾਉਣਾ, ਸੋਦਾ ਹਰਾਉਣਾ ॥

**ਤੁੜਕਾ,** ਪੁ:—ਸਲੂਣੇ ਭਾਜੀ ਵਿਚ ਪਾਉਣ ਵਾਸਤੇ ਤਾਇਆ ਹੋਇਆ ਘੇਉ ਮਸਾਲਾ, ਤਪੇ ਹੋਏ ਘਿਉ ਵਿਚ ਛਿੜ ਪੈਣ ਦੀ ਅਵਾਜ਼ (ਛਾਉਂਕਾ) ॥

**ਤੁੜਵਾਉਣਾ,** ਕ੍ਰਿ:—ਫਲ ਤੋੜਨ ਜਾਂ ਪੁੱਟਣ ਦਾ ਕੰਮ ਕਰਾਉਣਾ ।

**ਤੁੜਵਾਈ,** ਸ:—ਫਲ ਤੋੜਨ ਦਾ ਕੰਮ ਜਾਂ ਮਜੂਰੀ ।

**ਤੁੜਾਉਣਾ** / **ਤੁੜਾਈ** } 'ਤੁੜਵਾਉਣਾ, ਤੁੜਵਾਈ' ਵੇਖ ।

**ਤੂੰ,** ਪੜ:—ਜਿਸ ਨਾਲ ਗੱਲ ਕੀਤੀ ਜਾਵੇ ਉਸ ਨੂੰ, ਇਹ ਕਹਿਕੇ ਬੁਲਾਉਂਦੇ ਹਨ (ਇਕ ਬ:) ।

**ਤੂਈ,** ਸ:—ਮੇਖ ਦੀ ਨੋਕ, ਬਰਛੀ ਦਾ ਸਿਰਾ ।

**ਤੂਸ,** ਸ:—ਚੰਗੀ ਕਿਸਮ ਦੀ ਪਸ਼ਮ ॥

**ਤੂਸ਼ੀ,** ਸ:—ਇਕ ਖੁਲ੍ਹਾ ਭੂਰਾ ਰੰਗ ॥

**ਤੂ ਜਾਣਾ** / **ਤੂਣਾ** } ਕ੍ਰਿ:—ਡੰਗਰਾਂ ਦਾ ਗਰਭ ਛੇਤੀ ਡਿਗਣਾ ।

**ਤੂਤ,** ਪੁ:—ਇਕ ਮਸ਼ਹੂਰ ਬ੍ਰਿਛ ਅਤੇ ਉਸ ਦਾ ਮਿੱਠਾ ਫਲ, ਸੋਲੇਖਾ ॥

**ਤੂਤੜਾ,** ਪੁ: / **ਤੂਤੜੀ,** ਸ: } ਛੋਟੇ ਤੂਤ ਦਾ ਬ੍ਰਿਛ ।

**ਤੂੰ ਤਾਂ ਕਰਨਾ,** ਕ੍ਰਿ:—ਗੁਸਤਾਖੀ ਨਾਲ ਬੋਲਣਾ ।

**ਤੂਤੀ,** ਸ:—ਤੋਤੇ ਦੀ ਮਦੀਨ, ਛੋਟੇ ਤੂਤ ਦਾ ਫਲ, ਇਕ ਵਾਜਾ, ਤੁਰ੍ਹੀ ॥

Digitized by Panjab Digital Library / www.panjabdigilib.org

**ਤੂਨੀ,** ਪੁ:—ਨਵਦੀ ਸਿਰੀਂਹ

**ਤੂੰਬੜ,** ਪੁ:—ਵਿੱਚੋਂ ਖਾਲੀ ਕੱਦੂ, ਖੋਹਰਾ, ਸਿਰ॥

**ਤੂੰਬੜੀ,** ਸ:—ਨਿੱਕਾ ਤੂੰਬੜ, ਪਿੱਛੇ ਉੱਤੇ ਲਾਉਣ ਵਾਲਾ ਪਿਆਲਾ॥

**ਤੂੰਬਾ,** ਪੁ:—ਤੂੰ ਦੀ ਬੂਟੀ, ਗਊਆਂ ਦਾ ਇਕ ਰੋਗ, ਤੂੰਬੜ ਫਕੀਰਾਂ ਦਾ ਕਾਂਸਾ (ਗੜਵੇ ਵਰਗਾ) ਖੀਆ ਕੱਦੂ।

**ਤੂੰਬੀ,** ਸ:—ਛੋਟਾ ਕਾਸਾ, ਫ਼ਕੀਰਾਂ ਦੀ ਗੜਵੀ ਭੂੰਗਾ,

**ਤੂਮਤਰਾਕ (ਖ),** ਪੁ:—ਸੰਭਾ, ਮਜਮਾ, ਸ਼ਾਨ

**ਤੂਮਾਰ,** ਪੁ:—'ਤੂੰਮਾਰ' ਵੇਖੋ।

**ਤੂਲ,** ਸ:—ਇੱਕ ਛੋਟਾ ਰੁੱਖ।

**ਤੂੜੀ,** ਸ:—ਕਣਕ ਦਾ ਕੁੱਟੀ ਹੋਈ ਨਾੜ, ਕਣਕ ਜਾਂ ਜੌਆਂ ਦੇ ਪੱਠੇ ਕਤਰੇ ਤੋੜੇ ਜਾਂ ਦਲੇ ਹੋਏ॥

**ਤੇ,** ਪੜ:—ਤਰਫ਼ ਵਲੋਂ। ਅਵ:—ਪਰ, ਵਲੋਂ, ਉੱਪਰ ਦੀ ਰਾਹੀਂ, ਕਰਕੇ। ਯੋ:—ਅਤੇ ਨਾਲੇ। ਕ੍ਰਿ:ਵਿ:—ਤਾਂ।

**ਤੇਉਂ ਤੇਉਂ,** ਕ੍ਰਿ:ਵਿ:—ਉਸ ਤਰਾਂ, ਓਹੀ।

**ਤੇਉਰ,** ਪੁ:—ਤਿੰਨ ਜਨਾਨੇ ਕਪੜੇ (ਪੱਗੜੀ, ਚਾਦਰ ਕੁੜਤਾ), ਸਿਰ ਦਾ ਚੱਕਰ ਖਾਣਾ।

**ਤੇਉੜ,** ਪੁ:—ਛਾਹ ਵਿੱਚ ਦੁਧ ਪਿਆ ਹੋਇਆ॥

**ਤੇਊ,** ਪੜ:—ਓਹੋ। ਪੁ:—ਨਿਸੰਗ, ਸੱਚ ਮੁੱਚ॥

**ਤੇਈ,** ਵਿ:—ਤਿੰਨ ਅਤੇ ਵੀਹ॥ ਪੜ: ਓਹੋ॥

**ਤੇਸਾ,** ਪੁ:—ਤਰਖਾਣ ਦਾ ਲੋਹੇ ਦਾ ਸੰਦ ਜਿਸ ਨਾਲ ਲਕੜੀ ਦੀਆਂ ਪੱਚਰਾਂ ਲਾਹੁੰਦੇ ਹਨ॥

**ਤੇਸੀ,** ਸ:—ਲੋਹੇ ਦਾ ਉਹ ਸੰਦ ਜਿਸ ਨਾਲ ਰਾਜ ਇੱਟਾਂ ਘੜਦੇ ਹਨ॥

**ਤੇਹ,** ਸ:—ਪਿਆਸ, ਹਿਤ, ਪਿਆਰ॥

**ਤੇਹਰ,** ਪੁ:—ਤੀਜੀ ਵਾਰ, ਤਿੰਨ ਵਾਰੀ॥

**ਤੇਹਰਾ,** ਵਿ:—ਤਿੰਨ ਗੁਣਾ।

**ਤੇਹਾ,** ਕ੍ਰਿ:ਵਿ:—ਉਸੇ ਤਰ੍ਹਾਂ ਦਾ, ਓਹੋ ਜੇਹਾ।

**ਤੇਹਾਂ,** ਵਿ:—ਤਿੰਨਾਂ ਜਣਿਆਂ, ਸਾਰਿਆਂ ਨੇ (ਜੇ ਤਿੰਨ ਜਣੇ ਸਨ)।

**ਤੇਹਾਰ,** ਵਿ:—'ਤਿਹਾਰ' ਵੇਖੋ॥

**ਤੇਹੀਂ**, **ਤੇਹੁ** } ਵਿ:—'ਤੇਹਾਂ' ਵੇਖੋ॥

**ਤੇਗ਼, ਸ:**, **ਤੇਗਾ, ਪੁ:** } ਤਲਵਾਰ॥

**ਤੇਗਬੰਦ,** ਪੁ:—ਤਲਵਾਰ ਦੀ ਪੇਟੀ, ਗਾਤ੍ਰਾ

**ਤੇਗਣਾ, ਪੁ:**, **ਤੇਗਣੀ, ਸ:** } ਪਰਾਣੀ ਅਤੇ ਪਾਣੀ ਹਟੀ। ਘਗਰੀ।

**ਤੇਜ,** ਵਿ:—ਤਿੱਖਾ, ਤੱਤਾ, ਮਸਾਲੇ ਦਾਰ, ਚੁਸਤ, ਤੁੰਦ।

ਪੁ:—ਸ਼ੋਭਾ, ਪ੍ਰਤਾਪ, ਸ਼ਾਨ, ਬਲ॥

**ਤੇਜਪੱਤ(ਤਾ),** ਪੁ:—ਦਾਲ ਚੀਨੀ।

**ਤੇਜਬਲ,** ਪੁ:—ਇੱਕ ਰੁੱਖ ਜਿਸ ਦੀਆਂ ਡਾਲੀਆਂ ਦੀਆਂ ਦਾਤਣਾਂ ਕਰਦੇ ਹਨ।

Digitized by Panjab Digital Library | www.panjabdigilib.org

**ਤੇਜ ਵੰਤ, ਤੇਜਵਾਨ,** ਵਿ:—ਪ੍ਰਤਾਪੀ, ਬਲੀ, ਸ਼ੋਭਾ ਵਾਲਾ

**ਤੇਜ਼ਾਬ,** ਪੁ:—ਸ਼ੋਰੇ ਗੰਧਕ ਆਦਿਕ ਦਾ ਤੇਜ਼ ਅਰਕ।

**ਤੇਜ਼ੀ,** ਸ:—ਤਿੱਖਾ ਹੋ ਚਲਦਾ ਗੁਣ, ਤੁੰਦੀ, ਚੁਸਤੀ।

**ਤੇਤ੍ਰੀ, ਤੇਤੀ,** ਵਿ:—ਤਿੰਨਾਂ ਉੱਤੇ ਤੀਹ॥

**ਤੇਰ ਮੇਰ,** ਸ:—ਫ਼ਰਕ, ਫ਼ੂੰਕ, ਦੁਜਾਇਗੀ।

**ਤੇਰ੍ਹਵਾਂ,** ਵਿ:—ਤੇਰਾਂ ਦੀ ਗਿਣਤੀ ਪੂਰੀ ਕਰਨ ਵਾਲਾ, ਪੁ:—ਕਿਰਿਆ ਕਰਮ।

**ਤੇਰਾ,** ਵਿ:—ਪੜ:—ਤੁਧ ਦਾ, 'ਤੂੰ' ਦਾ ਸੰਬੰਧ ਵਾਲਾ ਪਦ॥

**ਤੇਰਾਂ,** ਵਿ:—ਤਿੰਨਾਂ ਉੱਤੇ ਦੱਸ।

**ਤੇਦੂ,** ਪੁ:—ਇੱਕ ਚਿੱਟਾ ਗੀਠਾ ਲਾਲ ਧਾਰੀਆਂ ਵਾਲਾ।

**ਤੇਲ,** ਪੁ:—ਤਿਲ ਆਦਿਕਾਂ ਦਾ ਰੋਗਨ।
ਸ:—ਓਸ, ਤਰੇਲ (ਪੈਣੀ)।

**ਤੇਲ ਕੱਢਣਾ,** ਕ੍ਰਿ:—ਤਿਲ ਆਦਿਕਾਂ ਨੂੰ ਪੀੜ ਕੇ ਤੇਲ ਕੱਢਣਾ॥

**ਤੇਲ ਚੜ੍ਹਨਾ,** ਕ੍ਰਿ:—ਤੇਲ ਚੜ੍ਹਾਉਣ ਦੀ ਰੀਤ ਹੋਣੀ।

**ਤੇਲ ਚੜ੍ਹਾਉਣਾ,** ਕ੍ਰਿ:—ਹਲਦੀ ਆਦਿਕ ਨਾਲ ਮਿਲੇ ਹੋਏ ਤੇਲ ਨਾਲ ਵਹੁਟੀ ਅਤੇ ਲਾੜੇ ਦੇ ਸਿਰ, ਮੋਢੇ, ਹੱਥ ਅਤੇ ਪੈਰ ਚੋਪੜਨਾ॥

**ਤੇਲ ਨਚੋੜਨਾ,** ਕ੍ਰਿ:—ਤੇਲ ਕੱਢਣਾ, ਪਰਸੇਉ ਆਉਣਾ, ਬਹੁਤ ਮਿਹਨਤ ਕਰਨਾ॥

**ਤੇਲਣ,** ਸ:—ਤੇਲੀ ਦੀ ਤੀਮਤ, ਤੇਲ ਕੱਢਣ ਵਾਲੀ।

**ਤੇਲਾ,** ਪੁ:—ਇੱਕ ਲਾਲ ਧਾਗਾ, ਇੱਕ ਤਰ੍ਹਾਂ ਦਾ ਕੀੜਾ, ਫ਼ਸਲਾਂ ਦਾ ਇੱਕ ਰੋਗ॥

**ਤੇਲੀ,** ਪੁ:—ਤੇਲ ਕੱਢਣ ਵਾਲਾ।
ਸ:—ਕਮਜ਼ੋਰੀ ਨਾਲ ਜੋ ਪਰਸੇਉ ਆਵੇ।

**ਤੇਲੀਆ,** ਪੁ:—ਇੱਕ ਲਾਲ ਰੰਗ, ਇੱਕ ਜ਼ਹਿਰ।

**ਤੇਲੀਆ ਬੁੱਧ,** ਵਿ:—ਸਿਆਣਾ, ਚਤੁਰ, ਹੁਸ਼ਿਆਰ।

**ਤੇਲੀਆ ਰਾਜਾ,** ਪੁ:—ਤੇਲ ਵਿੱਚ ਡੁੱਬ ਕੇ ਪਰਾਲ-ਬਤ ਹੌਸਲਾ ਵਾਲਾ।

**ਤੇਲੂ,** ਪੁ:—ਤੇਲੀ, ਜੋ ਤੇਲ ਕੱਢੇ।

**ਤੇੜ,** ਸ:—ਤਰੇੜ, ਵਿੱਥ, ਵਿਰਲ (ਆਉਣੀ, ਪੈਣੀ)
ਪੁ:—ਲੱਕ ਤੋਂ ਹੇਠਲਾ ਹਿੱਸਾ (ਮਨੁੱਖ ਦਾ)॥
ਵਿ:—ਹੇਠਲਾ॥

**ਤੇੜ ਪਾਉਣਾ,** ਕ੍ਰਿ:—ਪਜਾਮਾ ਪਹਿਨਣਾ।

**[illegible],** ਪੜ:—ਤੈਥੋਂ, ਤੇਰੇ ਕੋਲੋਂ॥

**ਤੈਂ,** ਪੜ:—ਤੂੰ, ਤੁਧ॥

**ਤੈਈਨਾਤ,** ਸ:—ਕਿਸੇ ਅਫ਼ਸਰ ਦਾ ਕਿਸੇ ਨੌਕਰੀ ਉੱਤੇ ਲਗਾਣਾ (ਹੋਣਾ)॥

**ਤੈਈਨਾਤੀ,** ਸ:—ਨੌਕਰੀ ਤੇ ਲਗਾਣਾ, ਖ਼ਾਸ ਨੌਕਰੀ ਤੇ ਲੱਗਾ ਹੋਇਆ ਅਫ਼ਸਰ॥

**ਤੈਸਾ,** ਪੜ:—ਉਸ ਤਰ੍ਹਾਂ ਦਾ॥

**ਤੈਹਰ,** ਵਿ:—'ਤਹਿਰ' ਵੇਖੋ॥

Digitized by Panjab Digital Library | www.panjabdigilib.org

**ਤੈੜਾ,** ਪੁ:—'ਤਾਰਿੜਾ' ਵੇਖੋ ॥

**ਤੈਂਡੀ,** ਪੜ:—ਤੁਹਾਡੀ, ਤੁਸਾਂ ਦੀ ।

**ਤੈਨੂੰ,** ਪੜ:—'ਤੂੰ' ਦਾ ਕਰਮ ਕਾਰਕ ।

**ਤੋਂ,** ਅਵ:—ਥੋਂ, ਥੀਂ, ਕੋਲੋਂ, ਪਾਸੋਂ, ਵੱਲੋਂ ।

**ਤੋਇ,** ਵਿਸਮਧ:—ਕੁੱਤਿਆਂ ਨੂੰ ਬੁਲਾਉਣ ਦੀ ਅਵਾਜ ॥

**ਤੋਈ,** ਸ:—ਚੋਲੀ ਦੀ ਛਾਤੀ ਉੱਪਰ ਵੱਖਰੇ ਰੰਗ ਦੀ ਟਾਕੀ ਲਾਈ ਹੋਈ ॥

**ਤੋਸਕ,** ਸ:—ਸੋਹਣੀ ਤੁਲਾਈ ॥

**ਤੋਸ਼ਾ,** ਪੁ:—ਮੁਰਦੇ ਦੇ ਨਾਲ ਜੋ ਖੁਰਾਕ ਮੁਸਲਮਾਨ ਲੈ ਜਾਂਦੇ ਹਨ ਅਤੇ ਖਬਰ ਪੁੱਛਣ ਵਾਲੇ ਜੋ ਗਰੀਬ ਨੂੰ ਦੇਂਦੇ ਹਨ, ਮੁਸਾਫਰੀ ਵਿਚ ਕੰਮ ਆਉਣ ਵਾਲੀ ਸ਼ੈ ॥

**ਤੋਸ਼ੇਖਾਨਾ,** ਪੁ:—ਵਡ ਮੁੱਲੀਆਂ ਚੀਜ ਰੱਖਣ ਵਾਲਾ ਘਰ॥

**ਤੋਹਾ,** ਪੁ:—ਜੌਂ ਜਾਂ ਧਾਨ ਦੀ ਛਿੱਲ ॥

**ਤੋਹ,** ਪੁ:—ਤੋਹ, ਕਪਾਹ ਦੀ ਫੁੱਟੀ, ਲੀਂਘ ॥

**ਤੋਹੇ ਤੋਹੇ,** ਵਿਸਮਧ:—ਕੁੱਤੇ ਨੂੰ ਸੱਦਣ ਦੀ ਅਵਾਜ ॥

**ਤੋਕੜ,** ਸ:—ਉਹ ਗਊ ਜਾਂ ਮਹਿੰ ਜਿਸ ਨੂੰ ਦੁੱਧ ਦੇਂਦਿਆਂ ਸੱਤ ਅੱਠਾਂ ਮਹੀਨਿਆਂ ਤੋਂ ਘਟ ਨਹੀਂ ਹਏ ॥

**ਤੋਕਾ,** ਪੁ:—ਕਪਾਹ ਨੂੰ ਲੱਗਣ ਵਾਲਾ ਇੱਕ ਕੀੜਾ ॥

**ਤੋਖਾ ਖੀਰ,** ਸ:—ਚੌਹ ਪੱਤੇ ਦੀ ਇੱਕ ਦੁਆ

**ਤੋਟ,** ਸ:—'ਟੋਟ' ਵੇਖੋ ॥

**ਤੋਣਾ,** ਕ੍ਰਿ:—ਡੁੱਲਣਾ, ਨੱਪ ਕੇ ਭਰਨਾ ॥

**ਤੋਤਕਾ,** ਪੁ:—ਭਰਮ, ਝੂਠਾ ਵੇਸ, ਨਿੰਦਿਆ ॥

**ਤੋਤਰੂ,** ਪੁ:—ਪਾਣੀ ਨਿਕਲਣ ਦਾ ਰਾਹ, ਗੜ੍ਹੇ ਆਦਿਕ ਦਾ ਛੇਕ ॥

**ਤੋਤਲਾ,** ਵਿ:—ਥਥਲਾ ਕੇ ਬੋਲਣ ਵਾਲਾ ॥

**ਤੋਤਲਾਉਣਾ,** ਕ੍ਰਿ:—ਥਥਲਾਕੇ ਬੋਲਣਾ

**ਤੋਤਾ** ਪੁ, **ਤੋਤੀ** ਸ: } ਇਕ ਮਸ਼ਹੂਰ ਪੰਛੀ, ਬੰਦੂਕ ਦੀ ਘੋੜੀ ॥

**ਤੋਂਦ,** ਪੁ:—ਢਿੱਡ, ਭਾਰਾ ਢਿੱਡ ।

**ਤੋਦਰੀ,** ਪੁ:—ਇਕ ਬੂਟੀ (ਤਾਕਤ ਦੀ ਦੁਆ)।

**ਤੋਦਾ,** ਪੁ:—ਢੇਰ, ਇਕੱਠ ॥

**ਤੋਦਾ ਤੂਫਾਨ,** ਪੁ:—ਝੂਠਾ ਦੋਸ ॥

**ਤੋਨਸ,** ਪੁ:—ਚਿੱਟੇ ਰੰਗ ਦਾ ਇੱਕ ਰੁੱਖ

**ਤੋਂਨਾ,** ਪੁ:—ਵਿਰਲੀ ਥਾਂ, ਕੋਂਦੂ ॥

**ਤੋਪ,** ਸ:—ਇੱਕ ਤਰਾਂ ਦੀ ਵੱਡੀ ਬੰਦੂਕ, ਗੋਲਾ ਚਲਾਉਣ ਵਾਲਾ ਜੰਤ੍ਰ ॥

**ਤੋਪਖਾਨਾ,** ਪੁ:—ਤੋਪਾਂ ਦੀ ਜਗ੍ਹਾ, ਤੋਪਾਂ ਦੀ ਕਤਾਰ ॥

**ਤੋਪਚੀ,** ਪੁ:—ਤੋਪ ਖਾਨਾ ਸੰਭਾਲਣ ਵਾਲਾ ਅਫਸਰ, ਜੋ ਤੋਪ ਚਲਾਵੇ ॥

**ਤੋੱਪਾ,** ਪੁ:—ਸੀਉਣ ਦਾ ਟਾਂਕਾ, ਤੰਦ (ਭਰਨਾ, ਲਾਉਣਾ) ॥

**ਤੋਪੀ,** ਸ:—ਖੋਟਾ ਪੈਸਾ, ਟੁੱਟੀ ਹੋਈ ਤ੍ਰਿਖ ਦਾ ਠਆ [illegible] ਦਾ ਪੈਸਾ ॥

Digitized by Panjab Digital Library | www.panjabdigilib.org

**ਤੋਫ਼ਾ,** ਪੁ:—ਅਨੋਖੀ ਸ਼ੈ, ਸੁਗਾਤ ॥ ਵਿ:—ਬਹੁਤ ਚੰਗਾ, ਅਸਚਰਜ ॥

**ਤੋਂਬ,** ਸ:—ਤੁੰਬਕ ਦਾ ਕੰਮ ( ਚਾਣ੍ਹਨੀ ) ॥

**ਤੋਬਰਾ,** ਪੁ:—ਘੋੜਿਆਂ ਨੂੰ ਦਾਨਾ ਖੁਆਉਣ ਵਾਲੀ ਚੰਮ ਜਾ ਚੱਪੜ ਦੀ ਥੈਲੀ ॥

**ਤੋਬਾ,** ਸ:—ਪਛਤਾਵਾ, ਅੱਗੋ ਨੂੰ ਨਾ ਕਰਨ ਦਾ ਕਰਾਰ ॥

**ਤੋਂਬੀਆ (ਯਾ),** ਪੁ:—ਤੂੰਬੀ ਹੋਈ ਰੂੰ ਦਾ ਸੂਤ ॥

**ਤੋਮ,** ਸ:—'ਤੁੰਬ' ਵੇਖੋ ॥

**ਤੋਮਰੀ,** ਸ:—ਇੱਕ ਤਰਾਂ ਦਾ ਕੱਦੂ ਜੋ ਖੰਘ ਦੀ ਦੁਆ ਹੈ ॥

**ਤੋਰ,** ਸ:—ਚਾਲ, ਵਰਤਾਰਾ, ਢੰਗ, ਇੱਕ ਤਰਾਂ ਦੀ ਮਿਠੀ ਦਾਲ਼ੀ, ਨਬਜ ॥

**ਤੋਰਕੀ,** ਸ:—ਨਿੱਕੀਆਂ ਨਿੱਕੀਆਂ ਫਿਨਸੀਆਂ ਬਾਲਾਂ ਦਾ ਰੋਗ। ਵਿ:—ਤੁਰਕ ਦੀ ॥

**ਤੋਰਨਾ,** ਕ੍ਰਿ:—'ਟੋਰਨਾ' ਵੇਖੋ ॥

**ਤੋਰਾ,** ਪੁ:—ਕੰਮ ਤੋਰਨ ਵਾਲਾ, ਚਤੁਰ। ਵਰਤਾਰਾ ਅ ਤਿ ਆਰ।

**ਤੋਰੀ,** ਸ:—ਨਿੱਕੀ ਘੀਆ ਵਰਗੀ ਇੱਕ ਭਾਜੀ ( ਇ ਸ ਦੀਆਂ ਕਈ ਕਿਸਮਾਂ ਹਨ ਜਿਹਾ ਕਿ ਚਿੱਬੀ ਮੂੰਗੀ, ਘੀਆ, ਰਾਮ ) ॥

**ਤੋਰੀਆ (ਯਾ),** ਪੁ:—ਇੱਕ ਤਰਾਂ ਦੀ ਰਾਈ।

**ਤੋਲ,** ਪੁ: ਭਾਰ, ਵਜਨ ॥

**ਤੋਲਣਾ (ਨਾ),** ਕ੍ਰਿ:—ਜੋਖਣਾ, ਤੱਕੜੀ ਵਿਚ ਪਾਕੇ ਭਾਰ ਮਲੂਮ ਕਰਨਾ ॥

**ਤੋੱਲੀ,** ਪੁ: ਤੋਲਣ ਵਾਲਾ ॥

**ਤੋਲਾ,** ਪੁ:—ਬਾਰਾਂ ਮਾਸਿਆਂ ਦੇ ਬਰਾਬਰ ਤੋਲ।

**ਤੋੜ,** ਪੁ:—ਅੰਤ, ਸਿਰਾ, ਹੱਦ, ਮੁੱਢ ॥ ਕ੍ਰਿ: ਵਿ:—ਬਹੁਤ ਹੀ, ਅੰਤ ॥

**ਤੋੜਣਾ,** ਕ੍ਰਿ:—ਭੰਨਣਾ, ਟੋਟੇ ਕਰਨਾ, ਵੱਡਾ ਸਿੱਕਾ ਦੇਕੇ ਛੋਟੇ ਛੋਟੇ ਲੈਣੇ, ਲਾਹੁਣਾ (ਫਲ ਫੁੱਲ) ॥

**ਤੋੜਾ,** ਪੁ:—ਬੰਦੂਕ ਦਾ ਪਲੀਤਾ, ਹਜਾਰ ਰੁਪਏ ਦੀ ਥੈਲੀ, ਇੱਕ ਸਿਰ ਦਾ ਗਹਿਣਾ, ਇੱਕ ਤਰਾਂ ਦੀ ਟੋਪੀ, ਘਾਟਾ, ਰੱਸੀ ਦਾ ਟੋਟਾ, ਸ਼ਤੀਰੀ।

**ਤੋੜੀ**
**ਤੋੜੀਂ** } ਅਵ:—ਤੱਕ, ਤੀਕ, ਤਾਈਂ ॥

**ਤੋੜੇ,** ਪੁ:—( ਬਹੁ: ਬ: ) ਤੀਮਤਾਂ ਦੇ ਪੈਰ ਦਾ ਇੱਕ ਚਾਂਦੀ ਦਾ ਗਹਿਣਾ ॥

**ਤੌ,** ਪੁ:—ਤਾਓ, ਗਰਮੀ ( ਪੋਠਾ ) ॥ ਸ:—ਇ[illegible] ਝਾੜੀ ॥

**ਤੌਂਸ,** ਸ:—ਘੜੀ ਘੜੀ ਤ੍ਰੇਹ ਲੱਗਣੀ, ਰੋਸ਼, ਤਾਉ ॥

**ਤੌਂਸਣਾ,** ਕ੍ਰਿ:—ਬਹੁਤ ਤ੍ਰੇਹ ਜਾਂ ਗਰਮੀ ਲੱਗਣੀ, ਬਿਆਕਲ ਹੋਣਾ ॥

**ਤੌਕ,** ਪੁ:—ਲੋਹੇ ਦਾ ਹੰਸ, ਪੰਜਾਲੀ ॥

Digitized by Panjab Digital Library | www.panjabdigilib.org

**ਤੌਣ,** ਸ:—ਸਾਰਾ ਗੁੰਨ੍ਹਿਆ ਹੋਇਆ ਆਟਾ ॥

**ਤੌਂਦੀ,** ਸ:—ਗਰਮੀ, ਉਨ੍ਹਾਲੇ ਦੀ ਰੁੱਤ ॥

**ਤੌਫ਼ੀਕ,** ਸ:—ਸਮਰੱਥ, ਤਾਕਤ, ਫੁਰਸਤ, ਸੱਤਿਆ ॥

**ਤੌਬਾ,** ਸ:—'ਤੋਬਾ' ਵੇਖੋ ॥

**ਤੌਰ,** ਪੁ:—ਢੰਗ, ਤਰੀਕਾ, ਰਾਹ, ਹਾਲਤ, ਇਕ ਰੁੱਖ ॥

**ਤੌਰ ਭੌਰ,** ਵਿ:—ਘਾਬਰਿਆ ਹੋਇਆ ਹਰਾਨ।

**ਤੌਲਗ,** ਕ੍ਰਿ: ਵਿ:—ਤਦ ਤਕ, ਉਸ ਵੇਲੇ ਤਾਈਂ ॥

**ਤੌਂਲਾ,** ਪੁ:—ਇੱਕ ਚੌੜੇ ਮੂੰਹ ਵਾਲੀ ਚਾਟੀ

**ਤੌਲੀਆ,** ਪੁ:—ਪੂੰਝਣ ਵਾਲਾ ਮੋਟਾ ਕਪੜਾ ਪਰਨਾ ॥

**ਤੌੜ,** ਪੁ:—ਖੁਲ੍ਹੀ ਥਾਂ, ਮਦਾਨ ॥

**ਤੌੜਾ**
**ਤੌੜੀ** } 'ਤਾਉੜਾ' 'ਤਾਉੜੀ' ਵੇਖੋ ॥

## ਥ

**ਥ,** ਪੁ:—ਗੁਰਮੁਖੀ ਪੈਂਤੀ ਦਾ ਬਾਈਵਾਂ ਅੱਖਰ, ਥੱਥਾ।

**ਥਈ,** ਸ:—ਇੱਕ ਤਾਲ, ਮੰਸਿਆ ਦਾ ਦਾਹੀ (ਪਾਉਣੀ) ॥

**ਥਈ ਥਈ ਕਰਨਾ**
**ਥਈਯਾ ਥਈਯਾ ਕਰਨਾ** } ਕ੍ਰਿ: ਤਾਲ ਨਾਲ ਨੱਚਣਾ ॥

**ਥਹਾ,** ਪੁ:—ਰੋਟੀਆਂ ਕਾਗਤਾਂ ਆਦਿਕਾਂ ਦਾ, ਢੇਰ, ਥੱਬਾ ॥

**ਥਹਿ,** ਸ:—ਥਾਂ, ਜਗਾ, ਓਥੇ ਹੀ (ਥਹਿ ਰਖਣਾ, ਰਹਿਣਾ, ਮਾਰਨਾ ਆਦਿਕ)॥

**ਥਹਿ ਚੱਲਣਾ,** ਕ੍ਰਿ:—ਥਾਂ ਥਾਂ ਫਿਰਨਾ, ਨਿਰਾਸ ਹੋਣਾ, ਧੋਖਾ ਖਾਣਾ, ਮਸਤ ਹੋਣਾ ॥

**ਥਹਿ ਫੂਟੇ ਹੋਣੇ,** ਕ੍ਰਿ:—ਨਾਸ ਹੋ ਜਾਣਾ ॥

**ਥਹੀ,** ਸ:—ਛੋਟਾ ਥਹਾ, ਢੇਰੀ ॥

**ਥਹੁ,** ਪੁ:—ਟੋਹ, ਧਿਆਨ, ਖਿਆਲ, ਪਤਾ ('ਥੌਹ' ਵੇਖੋ)॥

**ਥੱਕਕੇ ਚੂਰ ਹੋਜਾਣਾ,** ਕ੍ਰਿ:—ਐਨਾ ਥੱਕਣਾ ਕਿ ਹਿੱਲਣ ਦੀ ਭੀ ਤਾਕਤ ਨਾ ਰਹਿਣੀ।

**ਥੱਕ ਜਾਣਾ**
**ਥੱਕਣਾ** } ਕ੍ਰਿ:—ਰਹਿ ਜਾਣਾ, ਮੇਹਨਤ ਕਰਕੇ ਹੋਰ ਕੰਮ ਕਰਨ ਦੀ ਹਿੰਮਤ ਨਾ ਰਹਿਣੀ॥

**ਥੱਕਾ,**
**ਥੱਕਾ ਮਾਂਦਾ** } ਵਿ:—ਜੋ ਥੱਕ ਗਿਆ ਹੈ।

**ਥੱਕਾ ਥੰਨ੍ਹ ਜਾਣਾ,** ਕ੍ਰਿ:—ਗਾੜ੍ਹਾ ਹੋਣਾ, ਜੰਮਣਾ।

**ਥਕਾਉਣਾ**
**ਥਕਾ ਦੇਣਾ** } ਕ੍ਰਿ: ਦੂਜੇ ਕੋਲੋਂ ਬਹੁਤ ਕੰਮ ਲੈਕੇ ਉਸ ਵਿੱਚ ਹੋਰ ਕੰਮ ਕਰਨ ਦੀ ਹਿੰਮਤ ਨਾ ਰਹਿਣ ਦੇਣੀ, ਅਕਾਉਣਾ, ਦਿੱਕ ਕਰਨਾ ॥

**ਥਕੇਮਾਂ**
**ਥਕੇਵਾਂ** } ਪੁ:—ਥਕ ਜਾਣ ਦੀ ਹਾਲਤ ॥

Digitized by Panjab Digital Library / www.panjabdigilib.org

**ਥਕੇਲਾ** / **ਥਕੈਲਾ** } ਵਿ:—ਜੋ ਛੇਤੀ ਥੱਕ ਜਾਵੇ ॥

**ਥਣ,** ਪੁ:—ਮੰਮਾ, ਛਾਤੀ ਦੇ ਉਹ ਅੰਗ ਜਿਨ੍ਹਾਂ ਵਿਚੋਂ ਦੁੱਧ ਨਿਕਲਦਾ ਹੈ ।

**ਥਣਾਉਟ,** ਸ:—ਥਣਾਂ ਵਾਲਾ ਪਸ਼ੂ ਗਊ,ਬਕਰੀ

**ਥਣੀਕ,** 'ਥਨੀਕ' ਵੇਖੋ ॥

**ਥਥਲਾ,** ਪੁ: / **ਥਥਲੀ,** ਸ: } ਅਟਕ ਅਟਕ ਕੇ ਬੋਲ ਸੱਕਣ ਵਾਲਾ (ਲੀ).

**ਥਥਲਾਉਣਾ,** ਕ੍ਰਿ:—ਅਟਕ ਅਟਕ ਕੇ ਬੋਲਣਾ

**ਥਥਾ,** ਪੁ:—ਥੜਾ ॥

**ਥੱਥਾ,** ਪੁ:—'ਥ' ਅੱਖਰ, ਥਥਲਾ ।

**ਥੱਥਾ ਥੰਭਾ,** ਪੁ:—ਥੋੜੇ ਚਿਰ ਦਾ ਸਹਾਰਾ ਜਾਂ ਆਰਾਮ ।

**ਥੱਦੂਆ,** ਪੁ:—ਘੁਮਿਆਰਾਂ ਦਾ ਇੱਕ ਹਥਿਆਰ ॥

**ਥੰਦਾ** / **ਥੰਧਾ** } ਪੁ:—ਵਿ:—ਪੁ:, ਚਿਪਚਿਪਾ, ਘਿਉ ਤੇਲ ਆਦਿਕ ਵਾਲਾ ਘਿਉ ।

**ਥੰਧਾ ਥੌਲਾ,** ਪੁ:—ਤਰਾਉਤ ਵਾਲੀ ਚੀਜ਼, ਘਿਉ ।

**ਥੰਧਿਆਈ,** ਸ:—ਥੰਧੇ ਹੋਣ ਦਾ ਗੁਣ, ਤਰਾਉਤ, ਥੰਧੀ ਮੈਲ ।

**ਥਨੀਕ,** ਵਿ:—ਵਾਂਙੂੰ, ਉਮਰ ਜਾਂ ਦਰਜੇ ਵਿੱਚ ਇੱਕੋ ਜੇਹਾ ।

ਪੁ:—ਕਿਸੇ ਦੀ ਥਾਂ, ਕਿਸੇ ਦੇ ਬਦਲੇ ।

**ਥੱਪਣਾ,** ਕ੍ਰਿ:—ਕੁੱਟਣਾ, ਸੱਟਾਂ ਲਾਉਣੀਆਂ, ਠਰ੍ਹਾਉਣਾ, ਗੋਹੇ ਦੀਆਂ ਪਾਥੀਆਂ ਬਣਾਉਣੀਆਂ ॥

**ਥੱਪੜ,** ਪੁ:—ਧੱਪਾ, ਚਪੇੜ, ਤਮਾਚਾ (ਮਾਰਨਾ)॥

**ਥਪਾਈ,** ਸ:—ਥੱਪਣ ਦਾ ਕੰਮ ਜਾਂ ਮਜੂਰੀ ॥

**ਥਪੇੜ (ੜਾ),** ਪੁ:—ਧੱਪਾ, ਹੱਥ ਦੀ ਤਲੀ ਨਾਲ ਮਾਰਨਾ ।

**ਥਪੋਕੀ** / **ਥਫੂਕੀ** / **ਥਫੋਕੀ** } ਸ:—ਹੌਲਾ ਜਿਹਾ ਥਪੇੜਾ ॥

**ਥੰਬ** / **ਥੰਭ** } ਪੁ:—'ਥੰਮ੍ਹ' ਵੇਖੋ ॥

**ਥੰਬਣਾ** / **ਥੰਭਣਾ** } ਕ੍ਰਿ:—'ਥੰਮ੍ਹਣਾ' ਵੇਖੋ ॥

**ਥੰਮ (ਥੰਮ੍ਹ),** ਪੁ:—ਮੁਨਾਰਾ, ਸਹਾਰਾ, ਕੌਲਾ, ਥੰਮ੍ਹ ।

**ਥਮ ਜਾਣਾ** / **ਥੰਮ੍ਹਣਾ** } ਕ੍ਰਿ:—ਰੋਕਣਾ, ਰੁਕਣਾ, ਅਟਕਾਉ-ਣਾ, ਸਹਾਰਾ ਦੇਣਾ ॥

**ਥੰਮ੍ਹਾ,** ਪੁ: ਵਿਆਹ ਵੇਲੇ ਜੋ ਡੂਮਾਂ, ਬ੍ਰਾਹਮਣਾਂ ਅਤੇ ਫਕੀਰਾਂ ਨੂੰ ਲਾਗ ਦਿੱਤਾ ਜਾਂਦਾ ਹੈ ।

**ਥਮ੍ਹਾਉਣਾ,** ਕ੍ਰਿ:—ਅਟਕਾਉਣਾ, ਸਹਾਰਾ ਦੁਆ-ਉਣਾ, ਫੜਵਾਉਣਾ ॥

**ਥਮ੍ਹਾਈ,** ਸ:—ਸਹਾਰਾ, ਫੜਾਈ ॥

**ਥਮ੍ਹਾਈ ਖਾਣੀ,** ਕ੍ਰਿ:—ਪਕੜੇ ਜਾਣਾ ।

**ਥੰਮ੍ਹੀ,** ਸ:—ਛੋਟਾ ਥੰਮ੍ਹ, ਸਹਾਰਾ ਦੇਣ ਵਾਲੀ ਲੱਕੜ ॥

**ਥਰਕਣਾ,** ਕ੍ਰਿ:—ਕੰਬਣਾ, ਹਿਲਣਾ, ਡੋਲਣਾ ॥

**ਥਰਕਾਉਣਾ,** ਕ੍ਰਿ:—ਹਿਲਾਉਣਾ ॥

Digitized by Panjab Digital Library | www.panjabdigilib.org

**ਥਰ ਥਰ ਕੰਬਣਾ**
**ਥਰ ਥਰ ਕਰਨਾ**
**ਥਰਥਰਾਉਣਾ** } ਕ੍ਰਿ:—ਕੰਬਣਾ, ਸਰੀਰ ਦਾ ਹਿੱਲਣਾ, ਡੋਲਣਾ, ਡਰਨਾ।

**ਥਰਥਰਾਹਟ**
**ਥਰਥਰਾਟ** } ਸ:—ਕੰਬਣੀ, ਥਰਥਰਾਉਣ ਦੀ ਹਾਲਤ॥

**ਥਰਥਰੀ,** ਸ:—ਕੰਬਣੀ, ਡਰ, ਤਾਪ(ਲੱਗਣੀ)॥

**ਥਰਥੱਲਾ,** ਪੁ:—ਧਰਤੀ ਦਾ ਹਿੱਲਣਾ, ਭੁਚਾਲ।

**ਥਰਮਾਮੇਟਰ,** ਪੁ:—ਗਰਮੀ ਦਾ ਦਰਜਾ ਮਲੂਮ ਕਰਨ ਵਾਲੀ ਨਲੀ॥

**ਥਰੀ,** ਸ:—ਢਾਂਗੀ ਦਾ ਮੁੱਠਾ॥

**ਥਲ,** ਪੁ:—ਰੇਤਲਾ ਮਦਾਨ, ਰੇਤਾ, ਰੇਤੜ, ਸੁੱਕੀ ਧਰਤੀ

**ਥਲ ਬੰਨ੍ਹ ਜਾਣਾ,** ਕ੍ਰਿ:—ਗਾੜ੍ਹਾ ਹੋ ਜਾਣਾ, ਜੰਮਣਾ॥

**ਥਲਵਾਣ,** ਪੁ:—ਥਲ ਦਾ ਊਠ।

**ਥਲਥਲਾਉਣਾ,** ਕ੍ਰਿ:—ਉੱਚੇ ਨੀਵੇਂ ਹੋਣਾ, ਡੋਲਣਾ॥

**ਥੱਲਾ,** ਪੁ:—ਹੇਠਲਾ ਹਿੱਸਾ, ਤਹਿ, ਬਚਿਆਂ ਖੁਚਿਆ ਅਨਾਜ ਜੋ ਸਰਕਾਰ ਅਤੇ ਜਿਮੀਂਦਾਰ ਆਪੋ ਵਿੱਚ ਵੰਡਦੇ ਹਨ॥

**ਥਲੀ,** ਸ:—ਪੰਜਾਬ ਦਾ ਇੱਕ ਅਲਾਕਾ, ਦੰਦੀਆਂ ਦਾੜ੍ਹਾਂ ਕੱਢਣ ਵਾਲੇ ਬਾਲ ਦਾ ਸੁੱਜਾ ਹੋਇਆ ਮਸੂੜ੍ਹਾ॥

**ਥੱਲੀ,** ਸ:—ਉੱਚੀ ਧਰਤੀ ਜਿੱਥੋਂ, ਪਾਣੀ ਛੇਤੀ ਵਗੇ॥

**ਥਾਬ੍ਹ,** ਪੁ:—ਚੌਤੜਾ, ਉੱਚੀ ਪੱਧਰੀ ਥਾਂ॥

**ਥੜ੍ਹੀ,** ਸ:—ਛੋਟਾ ਥੜ੍ਹਾ॥

**ਥਾ,** ਕ੍ਰਿ:—ਸਾ, ਸੀਗਾ, ਆਹਾ (ਹੈ ਦਾ ਭੂਤ ਕਾਲ)॥

**ਥਾਂ**
**ਥਾਉਂ** } ਪੁ:—ਜਗ੍ਹਾ, ਠਿਕਾਣਾ। ਕ੍ਰਿ: ਵਿ:—ਬਦਲੇ

**ਥਾਉਂ ਮਾਰਨਾ,** ਕ੍ਰਿ:—ਝੱਟ ਪੱਟ ਉੱਥੇ ਹੀ ਜਾਨੋਂ ਮਾਰਨਾ।

**ਥਾਂਓਂ ਥਾਂਈਂ** ਕ੍ਰਿ:ਵਿ:—ਆਪਣੀ ੨ ਥਾਂ॥

**ਥਾਹ,** ਸ:—ਥੱਲਾ, ਡੂੰਘਾਈ, ਅਰਥ (ਨਾ ਆਉਣੀ, ਲੈਣੀ)॥

**ਥਾਕਣਾ,** ਕ੍ਰਿ:—'ਠਾਕਣਾ' ਵੇਖੋ॥

**ਥਾਣਨਾ**
**ਥਾਨਣਾ** } ਕ੍ਰਿ:—'ਠਾਨਣਾ' ਵੇਖੋ॥

**ਥਾਣਾ**
**ਥਾਨਾ** } ਪੁ:—'ਠਾਣਾ' ਵੇਖੋ॥

**ਥਾਵੀ,** ਸ:—ਮੂਲ ਧਨ, ਅਸਲ, ਰੁਪਯਾ, ਇਕੱਠ।

**ਥਾਨ,** ਪੁ:—ਉੱਨਾ ਕਪੜਾ ਜੋ ਤਹਿ ਹੋਕੇ ਕਾਰਖਾਨੇ ਵਿਚੋਂ ਵਿਕਣ ਵਾਸਤੇ ਨਿਕਲੇ, ਘੋੜਿਆਂ ਜਾਂ ਡੰਗਰਾਂ ਦੀ ਜਗ੍ਹਾ, ਥਾਂ, ਅਖਰੋਟ॥

**ਥਾਨ ਥਨੰਤਰ,** ਸ:—ਹਰ ਜਗਾ, ਹਰ ਥਾਂ॥

**ਥਾਪ,** ਪੁ:—ਹੌਲਾ ਜੇਹਾ ਧੱਪਾ (ਮਾਰਨੀ), ਕੰਧ ਉੱਤੇ ਹੱਥ ਦਾ ਨਿਸ਼ਾਨ, ਢੋਲ ਦੀ ਅਵਾਜ਼॥

**ਥਾਪਣਾ,** ਕ੍ਰਿ:—ਥਾਪ ਮਾਰਨੀ, ਠਹਿਰਾਉਣਾ, ਟਿਕਣਾ॥

Digitized by Panjab Digital Library | www.panjabdigilib.org

**ਥਾਪਨਾ,** ਸ:—ਥਾਪ, ਆਸਰਾ (ਦੇਣਾ)॥

**ਥਾਪੜਣਾ,(ਨਾ),** ਕ੍ਰਿ:—ਬਾਲ ਨੂੰ (ਸੁਆਉਣ ਲਈ) ਹੌਲੀ ਹੌਲੀ ਹੱਥ ਦੀ ਤਲੀ ਮਾਰਨੀ, ਕੁੱਟਣਾ॥

**ਥਾਪੀ,** ਸ:—ਹਲਾ ਤਮਾਚਾ, ਗੋਹੇ ਦੀ ਸੁੱਕੀ ਟਿੱਕੀ, ਲਕੜੀ ਦੀ ਇੱਕ ਚੀਜ਼ ਜਿਸ ਨਾਲ ਪਲਸਤਰ ਨੂੰ ਸੱਟਾਂ ਮਾਰਕੇ ਪੱਕਾ ਕਰਦੇ ਹਨ।

**ਥਾਪੀ ਦੇਣੀ,** ਕ੍ਰਿ: ਵਡਿਆਈ ਜਾਂ ਅਸੀਸ ਲਈ ਪਿੱਠ ਉੱਤੇ ਹੱਥ ਮਾਰਨਾ॥

**ਥਾਪੀ ਮਾਰਨੀ,** ਕ੍ਰਿ:—ਡੌਲਿਆਂ ਉੱਤੇ ਹੱਥ ਮਾਰਨੇ (ਬਲਵਾਨਾਂ ਵਾਂਕਰ)॥

**ਥਾਂਹੂ,** ਵਿ:—ਜੋ ਥੰਮ੍ਹਿਆ ਜਾ ਸੱਕੇ।

**ਥਾਲ,** ਪੁ:—ਵੱਡੀ ਰਕੇਬੀ, ਤਬਾਕ, ਚੌੜਾ ਖੁੱਲ੍ਹੇ ਗਲ ਭਾਂਡਾ।

**ਥਾਲੀ,** ਸ:—ਛੋਟਾ ਥਾਲ, ਰਕੇਬੀ॥

**ਥਿਆਉਣਾ,** ਕ੍ਰਿ:—ਹਥ ਆਉਣਾ, ਮਿਲਣਾ, ਲਭਣਾ।

**ਥਿਗਲੀ,** ਸ:—ਟੁਕੜਾ, ਟੋਟਾ, ਟਾਕੀ

**ਥਿਤ,** ਸ:—ਚੰਦ੍ਰਮਾ ਦੇ ਮਹੀਨੇ ਦਾ ਦਿਨ, ਸਰਾਧ।

**ਥਿਤ ਗਾਲਣਾ, ਥਿਤ ਡੋਬਣਾ** } ਕ੍ਰਿ:—ਨਾਸ਼ ਕਰਨਾ, ਅਣਖ ਨਾ ਰਖਣੀ।

**ਥਿੰਦਾ, ਥਿੰਧਿਆਈ** } ਥਿੰਧਾ, ਥੰਧਿਆਈ ਵੇਖੋ॥

**ਥਥਣੀ,** ਕ੍ਰਿ:—ਥਿੜਕਣਾ, ਪਰਖਿਸਕਣੇ॥

**ਥਿਥਥਿਥਾਉਣਾ,** ਕ੍ਰਿ:—ਤਿਲਕਣਾ, ਖਿਸਕਣਾ॥

**ਥਿੰਮ੍ਹ,** ਪੁ:—ਪਿੜ ਉੱਤੇ ਲਾਲ ਦਾਗ॥

**ਥਿਰ,** ਵਿ:—ਕਾਇਮ, ਟਿਕਿਆ ਹੋਯਾ, ਪੱਕਾ॥ ਪੁ:—ਇਕ ਤਰ੍ਹਾਂ ਦੇ ਘਾਹ ਦਾ ਬੀਜ।

**ਥਿੜਕਣਾ,** ਕ੍ਰਿ:—ਭੁੱਲਣਾ, ਤਿਲਕਣਾ, ਕਾਇਮ ਨਾ ਰਹਿਣਾ, ਸੰਤੋਖ ਨਾ ਹੋਣਾ।

**ਥਿੜਕਾਉਣਾ,** ਕ੍ਰਿ:—ਭੁਲਾਉਣਾ, ਤਿਲਕਾਉਣਾ, ਕਾਇਮ ਨਾ ਰਹਿਣ ਦੇਣਾ, ਉਦਾਸ ਕਰ ਦੇਣਾ॥

**ਥਿੜ ਜਾਣਾ, ਥਿੜਣਾ** } ਕ੍ਰਿ:—ਥਿੜਕਣਾ, ਖਿੰਡ ਜਾਣਾ॥

**ਥਿੜਾਉਣਾ,** ਕ੍ਰਿ:—ਥਿੜਕਾਉਣਾ, ਖਿਲ ਜਾਹੁਣਾ॥

**ਥੀ,** ਕ੍ਰਿ:—(ਹ ਦਾ ਭੂਤ ਕਾਲ) ਸੀ, ਸੀਗੀ, ਆਹੀ।

**ਥੀਂ,** ਅਵ:—ਤੋਂ, ਕੋਲੋਂ, ਪਾਸੋਂ॥

**ਥੀਉਣਾ,** ਕ੍ਰਿ:—ਥੱਕ ਟੁੱਟ ਜਾਣਾ, ਉੱਜੜ ਜਾਣਾ॥

**ਥੀਏਟਰ,** ਪੁ:—ਨਾਟਕ ਜਾਂ ਤਮਾਸ਼ੇ ਦੀ ਥਾਂ॥

**ਥੀਣ,** ਪੁ:—ਆਲ, ਮਨ ਦੀ ਪਕਿਆਈ, ਲੱਜਿਆ ਧਰਮ ਭਾਵ॥

**ਥੀਣਾ,** ਕ੍ਰਿ:—ਹੋਣਾ॥

**ਥੁਹੁਥੀ;** ਸ:—ਚਾਂਦੀ ਸੋਨੇ ਆਦਿਕ ਦੀ ਡਲੀ॥

**ਥੁਹਕ ਥਿਤਾ, ਥੁਹੁੜ ਥਿਤੀਆ** } ਪੁ:—ਥੁੜ੍ਹੇ ਥਿਤ ਵਾਲਾ, ਹੌਲਾ, ਤੁੱਛ, ਨਿਕੰਮਾ॥

**ਥੁਹੜਾ, ਥੁਹੜੀ** } ਵਿ:—ਥੋੜ, ਕਮ॥

Digitized by Panjab Digital Library | www.panjabdigilib.org

**ਥੁੱਕ**, ਸ:—ਮੂੰਹ ਵਿੱਚੋਂ ਜੋ ਲੇਸਲਾ ਪਾਣੀ ਨਿਕਲਦਾ ਹੈ ॥

**ਥੁੱਕ ਸਿੱਟਣਾ**, ਕ੍ਰਿ:—ਥੁੱਕ ਕੇ ਬਾਹਰ ਸਿੱਟਣਾ, ਕ੍ਰਿ:—ਤਿਆਗਣਾ, ਪੁਰਾਣੀ ਇਮਾਰਤ ਦਾ ਨਵੇਂ ਮੁਰੰਮਤ ਕੀਤੇ ਹੋਏ ਟੁਕੜੇ ਨੂੰ ਅਲਗ ਕਰ ਦੇਣਾ ॥

**ਥੁੱਕ ਕੇ ਚੱਟਣਾ**, ਕ੍ਰਿ:—ਬਚਨ ਦੇਕੇ ਪੂਰਾ ਨਾਂ ਕਰਨਾ ॥

**ਥੁੱਕ ਲਾਉਣੀ**, ਕ੍ਰਿ:—ਧੋਖਾ ਦੇਣਾ, ਟਾਲਣਾ ਹਰਾਉਣਾ ।

**ਥੁੱਕ ਫਿੱਟ ਕਰਨਾ**, ਕ੍ਰਿ:—ਫਿਟਕਾਰਨਾ, ਝਾੜ ਝੰਬ ਦੇਣਾ ॥

**ਥੁੱਕਣਾ**, ਕ੍ਰਿ:—ਮੂੰਹੋਂ ਥੁੱਕ ਕਢਕੇ ਬਾਹਰ ਸੁੱਟਣਾ ਗਿਲਾਨੀ ਕਰਨੀ ॥

**ਥੁਕਾਉਣਾ**, ਕ੍ਰਿ:—ਥੁੱਕ ਸੁਟਾਉਣੀ, ਧੋਖੇ ਦੁਆਉਣਾ ॥

**ਥੁੱਕਾ ਫਜ਼ੀਹਤ**
**ਥੁੱਕਾ ਫਜ਼ੀਹਤੀ** } ਸ: —ਨਿਰਾਦਰੀ, ਬਦਨਾਮੀ ਬਖੇੜਾ ।

**ਥੁਥਕਾਰਨਾ**, ਕ੍ਰਿ:—ਕਿਸੇ ਉੱਤੇ ਇਸ ਵਾਸਤੇ ਥੁੱਕਣਾ ਕਿ ਨਜ਼ਰ ਨਾਂ ਲੱਗ ਜਾਏ ॥

**ਥੁਥਨੀ**, ਸ:—ਘੋੜੇ ਜਾਂ ਊਠ ਦਾ ਮੂੰਹ, ਥੂਥੀ ॥

**ਥੁੱਥ ਮੁੱਥ**, ਵਿ:—ਬੇ ਡੌਲ, ਚੰਗੀ ਤਰਾਂ ਨਾਂ ਬਣਿਆ ਹੋਇਆ ॥

**ਥੁਥਲਾ**, ਪੁ:—
**ਥੁੱਥਲਾਉਣਾ**, ਕ੍ਰਿ:— } ਥਥਲਾ, ਥਥਲਾਉਣਾ ਵੇਖੋ ॥

**ਥੁੜ**, ਸ:—ਊਣ, ਘਾਟਾ, ਕਮੀ, ਲੋੜ, ਗਰੀਬੀ (ਪੈਣੀ, ਮਾਰੀ ਜਾਣੀ) ।

**ਥੁੜਣਾ**, ਕ੍ਰਿ:—ਥੁੜ ਹੋਣੀ, ਘੱਟ ਰਹਿ ਜਾਣਾ ।

**ਥੁੜਾਉਣਾ**, ਕ੍ਰਿ:—ਕਿਸੇ ਨੂੰ ਥੁੜ ਪਾਉਣੀ ।

**ਥੁੜੀਂਪਲ**, ਵਿ:—ਜਿਸਨੂੰ ਥੁੜ ਹੈ, ਲੋੜਵੰਦ ॥

**ਥੂਹੂ**
**ਥੁੜਥੂਹੂ** } ਪੁ:—ਲਾਨਤ, ਫਿਟਕਾਰ (ਥੁੜ ਥੂਹੂ ਹੋਣਾ, ਕਰਨਾ ) ।

**ਥੂ**, ਪੁ:—ਥੁੱਕ, ਲਾਨਤ, ਫਿਟਕਾਰ ॥

**ਥੂਹੇ**, ਸ:—ਥੁੱਕ

**ਥੂਹਥੋਕੜਾ ਪਾਉਣਾ**, ਕ੍ਰਿ:—ਕੰਧ ਉੱਤੇ ਥੁੱਕਣਾ (ਮੁੰਡਿਆਂ ਦੀ ਖੇਡ ਵਿਚ ) ਕੋਈ ਕੰਮ ਬਹੁਤ ਕਾਹਲੀ ਕਾਹਲੀ ਕਰਨਾ ॥

**ਥੂਹਣੀ**, ਸ:—ਥੰਮ੍ਹ, ਸਹਾਰਾ, ਅੰਨ੍ਹੇ ਦੀ ਲਾਠੀ ॥

**ਥੂਹਾ**, ਪੁ:—ਥੰਮ੍ਹ, ਸਹਾਰਾ, ਅੰਨ੍ਹਾ ਆਦਮੀ, ਸੁੱਜ ਕੇ ਅੰਨ੍ਹੀ ਹੋਈ ਹੋਈ ਅਖ ॥

**ਥੂਹਾਂ**, ਪ:—ਹਾਂ ਹੂਆ।

**ਥੂਕਾ ਥਾਕੀ** ਸ:—ਇੱਧਰ ਉੱਧਰ ਥੁੱਕਣਾ, ਇੱਕ ਦੂਜੇ ਨੂੰ ਬਦ ਦੁਆਈਂ ਦੇਣੀਆਂ, ਝਗੜਾ ॥

**ਥੂਪੀ**, ਸ:— ਸੱਟ, ਥਪੇੜਾ ॥

) ਪੁ:-ਸ:—ਥਾਉਂ, ਜਗਾ ॥ ਕ੍ਰਿ:-ਸੋਂ, ਸਨ ।

**ਥੇਈ**, ਸ:—ਦਹੀਂ ਜਾਂ ਦੁੱਧ ਚੌਲ ਨਾਲ ਦੇਵਤੇ ਆਦਿਕ ਦੀ ਪੂਜਾ ॥

Digitized by Panjab Digital Library | www.panjabdigilib.org

**ਥੇਹ,** ਪੁਃ—ਟਿੱਲਾ, ਟਿੱਬਾ, ਖੰਡਰਾਂ ਦਾ ਢੇਰ ॥

**ਥੇਲਾ,** ਪੁਃ ਕਪਾਹ ਦਾ ਇੱਕ ਰੋਗ, ਤੇਲਾ ॥

**ਥੇਵਾ,** ਪੁਃ—ਅੰਗੂਠੀ ਵਿੱਚ ਲੱਗਾ ਹੋਇਆ ਪੱਥਰ, ਨਗ ॥

**ਥੇਈ ਥੇਈ ਕਰਨਾ,**
**ਥੇਈਆ ਥੇਈਆ ਕਰਨਾ,** } ਨੱਚਣਾ, ਤਾਲ ਦੇਣੀ, ਕੁੱਦਣਾ ।

**ਥੈਲਾ ਪੁਃ**
**ਥੈਲੀ ਸਃ** } ਗੁਥਲੀ, ਖੀਸਾ, ਬੋਝਾ ।

**ਥੈਂਕਸ**
**ਥੈਂਕ੍ਯੂ** } ਵਾਕਃ—ਮੈਂ ਆਪ ਦਾ ਧੰਨਵਾਦ ਕਰਦਾ ਹਾਂ ।

**ਥੋਂ,** ਅਵਃ—ਤੋਂ ਕੋਲੋਂ, ਪਾਸੋਂ, ਥੀਂ, ਵਿੱਚੋਂ, ਰਾਹੀਂ

**ਥੋਹਰ,** ਸਃ—ਇੱਕ ਮਸ਼ਹੂਰ ਕੰਡਿਆਂ ਵਾਲਾ ਬੂਟਾ ।

**ਥੋਕ,** ਪੁਃ—ਕੱਠੀ ਚੀਜ਼, ਮਾਲ, ਢੇਰ, ਨਗਦ ਰੁਪਯਾ, ਹਿੱਸਾ ॥

**ਥੋਕਦਾਰ,** ਪੁਃ—ਕੱਠਾ ਮਾਲ ਵੇਚਣ ਵਾਲਾ ॥

**ਥੋਥਾ,** ਪੁਃ—ਨੀਲਾ ਥੋਥਾ, ਜਿਸ ਤੀਰ ਦੀ ਨੋਕ ਨਹੀਂ ਹੈ ॥
ਵਿਃ—ਖਾਲੀ, ਪੋਲਾ, ਬਿਅਰਥ, ਜਿਸ ਦੇ ਦੰਦ ਨਹੀਂ ॥

**ਥੋਪੀ,** ਸਃ—ਕੰਨੋ ਉੱਤੇ ਮਾਰਿਆ ਹੋਯਾ ਮੁੱਕਾ, ਥਪੇੜਾ ॥

**ਥੋਬੜ**
**ਥੋਂਬੜ** } ਪੁਃ—ਥੋਥਾ, ਭੈੜਾ ਜੇਹਾ ਮੂੰਹ ।

**ਥੋਬਾ,** ਪੁਃ—ਗਿੱਲੀ ਪਤਲੀ ਮਿੱਟੀ ਆਦਿਕ ਜਿੰਨੀ ਇੱਕ ਵਾਰ ਕਿਤੇ ਸੁੱਟੀ ਜਾਏ ॥

**ਥੋਡੀ,** ਸਃ—ਧਾਤ ਦੀ ਡਲੀ ॥

**ਥੋਮ,** ਪੁਃ—ਗੰਢੇ ਵਰਗੀ ਇੱਕ ਤਰਕਾਰੀ ॥

**ਥੋੜਯਾ,** ਪੁਃ—ਲੁਕਣ ਮੀਟੀ ਵਿੱਚ ਥੁੱਕਣ ਵਾਲਾ ਥਾਂ ॥

**ਥੋੜਯਾ ਪਾਉਣਾ,** ਕ੍ਰਿਃ—ਥੋੜਯੇ ਉੱਤੇ ਥੁੱਕਣਾ, ਕੰਮ ਮੁਕਾਉਣ ਬਾਝੋਂ ਹੀ ਛੇਤੀ ਮੁੜ ਆਉਣਾ ॥

**ਥੋੜਾ, ਪੁਃ**
**ਥੋੜੀ, ਸਃ** } ਘੱਟ, ਕਮ, ਜਿਸ ਨਾਲ ਗੁਜ਼ਾਰਾ ਨਾ ਹੋ ਸਕੇ ॥

**ਥੋੜਾ ਬਹੁਤ,** ਵਿਃ—ਕੁਝ ਨਾ ਕੁਝ, ਲਗ ਭਗ ॥

**ਥੌਹ**
**ਥੌਹੁ** } ਪੁਃ—ਠਿਕਾਣਾ, ਜਗ੍ਹਾ, ਥਾਉਂ, ਪਤਾ, ਰੇਤਾ, ਨਾਪ ॥

**ਥੌਹਸਿਰ,** ਕ੍ਰਿਃ ਵਿਃ—ਠੀਕ ਜਾਂ ਅਸਲੀ ਥਾਂ ਤੇ ।

**ਥੌਹ ਕਰਨਾ,** ਕ੍ਰਿਃ—ਯਾਦ ਕਰਨਾ, ਸੋਚਣਾ, ਪਤਾ ਲਾਉਣਾ ॥

**ਥੌਹ ਟਿਕਾਣਾ**
**ਥੌਹ ਠਿਕਾਣਾ** } ਪੁਃ—ਆਸਰਾ, ਠਾਹਰ, ਪਤਾ ॥

**ਥੌਣਾ,** ਪੁਃ—ਮਿੱਟੀ ਦਾ ਭਾਂਡਾ ਜਾਂ ਕੱਚੀ ਮਿਟੀ ਦਾ ਚੁੱਲ੍ਹਾ ॥

**ਥੌਣੀ,** ਸਃ—ਮਾਲ, ਰਾਸ, ਧਨ, ਪਦਾਰਥ ॥

**ਥੌੜਾ,** ਪੁਃ—ਪਾਣੀ ਵਾਲਾ ਮਿੱਟੀ ਦਾ ਭਾਂਡਾ ॥

Digitized by Panjab Digital Library | www.panjabdigilib.org

# ਦ

**ਦ,** ਗੁਰਮੁਖੀ ਪੈਂਤੀ ਦਾ ਤੇਈਵਾਂ ਅੱਖਰ, ਦੱਦਾ ॥

**ਦਊਦ ਖਾਨੀ,** ਸਃ—ਇੱਕ ਤਰ੍ਹਾਂ ਦੀ ਚਿੱਟੀ ਕਣਕ

**ਦਊਦੀ,** ਪੁਃ ਸਃ—ਇੱਕ ਬੂਟੀ, ਇਕ ਸੰਜੋ, ਇੱਕ ਤਰਾਂ ਦੀ ਅਸਤ੍ਰ ਬਾਜੀ, ਦਊਦਖਾਨੀ ॥

**ਦਇਆ,** ਸਃ—ਤਰਸ, ਰਹਿਮ, ਕਿਰਪਾ ( ਆਉਣੀ, ਕਰਨੀ ) ॥

**ਦਈ,** ਪੁਃ—ਪਰਮੇਸਰ, ਹੋਣੀ, ਕਿਸਮਤ, ਦੇਈ

**ਦਸ,** ਵਿਃ—ਇੱਕ ਉੱਪਰ ਨੌਂ, ਦੋ ਪੰਜੇ ॥

**ਦਸ ਦੁਆਰ,** ਪੁਃ—ਅੱਖ ਨੱਕ ਆਦਿਕ ਦਸ ਰਾਹ ਸਰੀਰ ਦੇ ॥

**ਦਸਾਂ ਨਹੁੰਆਂ ਦੀ ਕਮਾਈ,** ਸਃ—ਹਲਾਲ ਦੀ ਕਮਾਈ, ਮਹਨਤ ਕਰਕੇ ਖੱਟਿਆ ਹੋਇਆ ਧਨ ॥

**ਦਸਹਿਰਾ,** ਪੁਃ—ਹਿੰਦੂਆਂ ਦਾ ਇੱਕ ਤਿਹਾਰ ਜੋ ਰਾਮਚੰਦ੍ਰ ਜੀ ਦੇ ਰਾਵਣ ਨੂੰ ਜਿੱਤਣ ਦੀ ਖੁਸ਼ੀ ਵਿੱਚ ਮਨਾਇਆ ਜਾਂਦਾ ਹੈ ॥

**ਦਸਖਤ,** ਪੁਃ—ਆਪਣਾ ਨਾਂਵਾਂ, ਸਹੀ (ਕਰਨਾ)

**ਦੱਸਣਾ,** ਕ੍ਰਿਃ—ਵਿਖਾਉਣਾ, ਆਖਣਾ, ਖਬਰ ਜਾਂ ਪਤਾ ਦੇਣਾ, ਸਿਖਾਉਣਾ ॥

**ਦੱਸ ਧੁਖ ਪੈਣੀ,** ਕ੍ਰਿਃ—ਚੋਰੀ ਦੇ ਮਾਲ ਆਦਿਕ ਦੀ ਦੱਸ ਪੈਣੀ ॥

**ਦੱਸ ਪਾਉਣਾ,** ਕ੍ਰਿਃ—ਖਬਰ ਜਾਂ ਪਤਾ ਦੇਣਾ ।

**ਦੱਸ ਪੈਣਾ,** ਕ੍ਰਿਃ—ਕਿਸੇ ਕੋਲੋਂ ਸੁਣਕੇ ਪਤਾ ਲੱਗਣਾ ॥

**ਦਸਤ,** ਪੁਃ—ਪਤਲਾ ਝਾੜਾ, ਜੁਲਾਬ, ਹੱਥ ॥

**ਦਸਤ ਆਉਣੇ**<br>**ਦਸਤ ਲੱਗਣੇ** } ਕ੍ਰਿਃ—ਜੁਲਾਬ ਲੱਗਣਾ ॥

**ਦਸਤਆਵਰ,** ਵਿਃ—ਜਿਸ ਸ਼ੈ ਨਾਲ ਦਸਤ ਆਉਣ ॥

**ਦਸਤ ਨਿਕਲ ਜਾਣੇ,** ਕ੍ਰਿਃ—ਬਹੁਤ ਡਰ ਜਾਣਾ

**ਦਸਤਕ,** ਪੁਃ—ਬੂਹਾ ਖੜਕਾਉਣਾ, ਚੋਰੀ ਦਾ ਜਰੀਮਾਨਾ ਪਰਵਾਨਾ ॥

**ਦਸਤਕਾ**<br>**ਦਸਤਕੀਆ** } ਪੁਃ—ਜੋ ਸਰਕਾਰੀ ਹੁਕਮ ਨਾਲ ਦਸਤਕ ਲੈ ਜਾਵੇ ॥

**ਦਸਤ ਕਾਰ,** ਪੁਃ—ਹੱਥ ਦੀ ਕਾਰ ਕਰਨ ਵਾਲਾ, ਕਾਰੀਗਰ

**ਦਸਤ ਕਾਰੀ,** ਸਃ—ਹੱਥ ਦੀ ਕਾਰ, ਕਾਰੀਗਰੀ ॥

**ਦਸਤਖਤ,** ਪੁਃ—ਦਸਖਤ, ਨਾਂਵਾਂ, ਸਹੀ (ਕਰਨਾ)

**ਦਸਤਰਖਾਨ,** ਪੁਃ—ਮੇਜ਼ ਦੀ ਚਾਦਰ, ਜਿਸ ਕਪੜੇ ਉੱਤੇ ਖਾਣੇ ਚੁਣਕੇ ਖਾਂਦੇ ਹਨ ॥

**ਦਸਤਾ,** ਪੁਃ—ਹੱਥਾ, ਮੁੱਠਾ, ਮੁੰਗਲੀ, ਕਾਗਤ ਦੇ ੨੪ ਤਾਉ, ਫੌਜ ਦਾ ਹਿੱਸਾ ॥

**ਦਸਤਾਨਾ,** ਪੁਃ—ਹੱਥ ਢੱਕਣ ਵਾਲਾ ਬੁਣਿਆ ਹੋਇਆ ਕਪੜਾ ॥

**ਦਸਤਾਬੇਜ਼,** ਸਃ—'ਦਸਤਾਵੇਜ਼' ਵੇਖੋ ॥

**ਦਸਤਾਰ,** ਪੁਃ—ਪੱਗ, ਪਗੜੀ, ਸਿਰ ਦਾ ਸਾਫ਼ਾ ॥

Digitized by Panjab Digital Library | www.panjabdigilib.org

**ਦਸਤਾਰ ਬੰਦ,** ਪੁ:—ਮਰਦ, ਪੜ੍ਹਿਆ ਹੋਇਆ ਆਦਮੀ ॥

**ਦਸਤਾਰ ਬੰਦੀ,** ਸ:—ਕਿਸੇ ਸਰਬੰਧੀ ਦੇ ਕਿਰਿਆ ਕਰਮ ਵਾਲੇ ਦਿਨ ਨਵੀਂ ਪੱਗ ਬੰਨ੍ਹਣ ਦੀ ਰੀਤ ॥

**ਦਸਤਾਰਾ,** ਪੁ:—ਸਿੰਘਾਂ ਦੀ ਪਗੜੀ (ਸਜਾਉਣਾ), ਦਸਾਂ ਤਾਰਾਂ ਵਾਲੀ ਸਤਾਰ ।

**ਦਸਤਾਵੇਜ਼,** ਸ:—ਹੱਥ ਦੀ ਲਿਖਤ, ਤਮੱਸਕ, ਸਬੂਤ ।

**ਦਸਤੀ,** ਵਿ:—ਹੱਥਾਂ ਦੀ, ਹੱਥੀਂ ਭੇਜੀ ਹੋਈ, ॥ ਸ:—ਛੋਟਾ ਦਸਤਾ ।

**ਦਸਤੂਰ,** ਪੁ:—ਰੀਤ ਰਸਮ, ਤਰੀਕਾ, ਢੰਗ, ਚਾਲ ।

**ਦਸਤੂਰ-ਉਲ-ਅਮਲ,** ਪੁ:—ਕਨੂਨ, ਕਰਾ ਸਰਕਾਰੀ ਹੁਕਮਾਂ ਦਾ ਜੋੜ ॥

**ਦਸਤੂਰੀ,** ਸ:—ਦਲਾਲੀ, ਕਮੀਸ਼ਨ, ਕਾਟ ।

**ਦਸਤੂਰੀਆ,** ਪੁ:—ਦਸਤੂਰ ਜਾਨਣ ਵਾਲਾ, ਦਸਤੂਰੀ ਲੈਣ ਵਾਲਾ ।

**ਦਸੰਬਰ,** ਪੁ: ਅੰਗਰੇਜ਼ੀ ਸਾਲ ਦਾ ਬਾਰ੍ਹਵਾਂ ਮਹੀਨਾ ॥

**ਦਸਮ ਗ੍ਰੰਥ,** ਪੁ: —ਗੁਰੂ ਗੋਬਿੰਦ ਸਿੰਘ ਜੀ ਦੀ ਬਣਾਈ ਹੋਈ ਬੀੜ ਜਿਸ ਵਿੱਚ ਉਨ੍ਹਾਂ ਦੀ ਆਪਣੀ ਅਤੇ ਕਬੀਸ਼ਰਾਂ ਦੀ ਬਾਣੀ ਹੈ ।

**ਦਸਮਾਂ,** ਵਿ: —ਦਸਾਂ ਦੀ ਗਿਣਤੀ ਪੂਰੀ ਕਰਨ ਵਾਲਾ ।

**ਦਸਮੀ,** ਸ:—ਚੰਦ ਦੇ ਮਹੀਨੇ ਦਾ ਦਸਵਾਂ ਦਿਨ

**ਦਸਵੰਧ,** ਪੁ:—ਜਦ ਬਾਲਕ ਦਸਾਂ ਵਰਸਾਂ ਦਾ ਹੋ ਜਾਵੇ ਤਾਂ ਜੋ ਭੇਟ ਕਿਸੇ ਦੇਵੀ ਦੇਵਤੇ ਜਾਂ ਪੀਰ ਦੇ ਚੜ੍ਹਾਈ ਜਾਵੇ, ਆਮਦਨ ਦਾ ਦਸਵਾਂ ਹਿੱਸਾ ਜੋ ਧਰਮ ਅਰਥ ਖਰਚ ਕੀਤਾ ਜਾਵੇ (ਸਿੱਖਾਂ ਵਿੱਚ) ॥

**ਦਸਵੰਧੀ,** ਪੁ:—ਜਿਸਦੇ ਨਮਿੱਤ ਦਸਵੰਧ ਦਿੱਤਾ ਜਾਵੇ ।

**ਦਸਵਾਂ,** ਵਿ:—'ਦਸਮਾਂ' ਵੇਖੋ ।

**ਦਸ਼ਾ,** ਸ:—ਹਾਲਤ, ਦਿਸ਼ਾ ॥

**ਦਸਾਉਣਾ,** ਕ੍ਰਿ:—ਕਹਾਉਣਾ, ਖਬਰ ਦੁਆਉਣੀ।

**ਦਸਾਉਰ**
**ਦਸਾਵਰ** } ਪੁ:—ਪਰਦੇਸ, ਪਰਦੇਸੀ ਮਾਲ ਦੇ ਵਿਕਣ ਦੀ ਥਾਂ, ਬਾਹਰੋਂ ਆਯਾ ਹੋਇਆ ਮਾਲ ॥

**ਦਸਾਉਰੀ**
**ਦਸਾਵਰੀ** } ਵਿ:—ਦੂਜੇ ਦੇਸ ਦਾ (ਦਸਾਉਰੀ ਮਾਲ) ॥

**ਦਸਾਧ,** ਪੁ:
**ਦਸਾਧਣੀ,** ਸ: } ਇੱਕ ਨੀਚ ਜਾਤ ਦਾ ਨਾਉਂ ॥

**ਦੱਸੀ,** ਸ:—ਕਪੜੇ ਦੇ ਸਿਰੇ ਤੋਂ ਜੋ ਨਿਉਂਹਣੇ ਹੋਏ ਧਾਗੇ ਕੱਟੇ ਜਾਣ ॥

**ਦੱਸੀਆਂ ਉਨਣੀਆਂ**
**ਦੱਸੀਆਂ ਪਾਉਣੀਆਂ** } ਕ੍ਰਿ:—ਨੁਕਸ ਨ ਕਰਨਾ ॥

**ਦਸੇਰਾ,** ਪੁ:—ਦਸਾਂ ਸੇਰਾਂ ਦਾ ਵੱਟਾ, ਦਸ ਸੇਰ ॥

**ਦਸੋ ਗਿਆਰਹੀ,** ਸ: —ਵੰਡਣ ਦਾ ਇੱਕ ਢੰਗ ਜਿਸ ਨਾਲ ਇੱਕ ਨੂੰ ਦਸ ਮਿਲਦੇ ਹਨ ਤੇ ਦੂਏ ਨੂੰ ਯਾਰਾਂ । ਇੱਕ ਸ਼ਰਤ ਜਿਸ ਨਾਲ ਇਕ ਧਿਰ ਨੂੰ ਦੱਸ ਹਿੱਸੇ ਮਿਲਦੇ ਹਨ ਦੂਜੀ ਨੂੰ ਇੱਕ, ਮੰਡੀ ਜਿਸ ਨਾਲ ਬਿਆਜ ਪੈਕੇ ੧੦ ਦੇ ੧੧ ਹੋ ਜਾਣ ।

**ਦਸੌਤ੍ਰਾ,** ਪੁ:—ਮਾਮਲੇ ਦਾ ੧੦ ਸੈਂਕੜਾ ਜੋ ਪਿੰਡ ਦੇ ਨੰਬਰਦਾਰ ਨੂੰ ਮਿਲਦਾ ਹੈ ॥

Digitized by Panjab Digital Library | www.panjabdigilib.org

**ਦਸੋਂ ਦਿਸਾ,** ਸ਼ਃ—ਦਸ ਪਾਸੇ (੧) ਉੱਤਰ (੨) ਦੱਖਣ (੩) ਪੂਰਬ (੪) ਪੱਛਮ (੫) ਈਸ਼ਾਨ (੬) ਆਗਨੇਯ (੭) ਵਾਯਵੀ (੮) ਨੈਰਿਤ (੯) ਉੱਪਰ (੧੦) ਹੇਠਾਂ ॥

**ਦਸੌਂਧ**
**ਦਸੌਂਧੀ ਦਸੌਂਧਣ** } 'ਦਸਵੰਧ' ਆਦਿਕ ਵੇਖੋ ॥

**ਦਸੌਰ**
**ਦਸੌਰੀ** } 'ਦਸਾਉਰ', 'ਦਸਾਉਰੀ' ਵੇਖੋ ॥

**ਦਹਨਾ,** ਵਿਃ—ਸੱਜੇ ਪਾਸੇ ਦਾ ॥

**ਦਹਲਾ,** ਪੁਃ—ਤਾਸ਼ ਦਾ ਪੱਤਾ ਜਿਸ ਉੱਤੇ ਦਸ ਨਿਸ਼ਾਨ ਹੋਣ ॥

**ਦਹਾ,** ਵਿਃ—ਦਸ। ਪੁਃ—ਮੁਹੱਰਮ ਦੇ ਪਹਿਲੇ ਦਸ ਦਿਨ, ਦਹਿਆ ॥

**ਦਹਾਈ,** ਸ਼ਃ
**ਦਹਾਕਾ** ਪੁਃ
**ਦਹਾਖਾ,** ਪੁਃ } ਦਸਾਂ ਇਕਾਈਆਂ ਦਾ ਕੱਠ ॥

**ਦਹਾਨਾ,** ਪੁਃ—ਮੂੰਹ, ਲਗਾਮ ਦਾ ਕਰੜਾ ਹਿੱਸਾ ॥

**ਦਹਿਆ,** ਪੁਃ—ਮੁਹੱਰਮ ਦੇ ਦਸ ਦਿਨ ਜਿਨ੍ਹਾਂ ਵਿਚ ਤਾਜ਼ੀਏ ਨਿਕਲਦੇ ਹਨ, ਤਾਜ਼ੀਆ, ਝੰਡਾ.

**ਦਹਿਸਰ**
**ਦਹਿਸਿਰ** } ਪੁਃ—ਦਸਾਂ ਸਿਰਾਂ ਵਾਲਾ ਰਾਕਸ਼, ਰਾਵਣ।

**ਦਹਿਸੇਰਾ,** ਪੁ—'ਦਸੇਰਾ' ਵੇਖੋ ॥

**ਦਹਿਣਾ,** ਕ੍ਰਿਃ—ਜਲਣਾ, ਦੁਖੀ ਹੋਣਾ, ਸਾੜਨਾ, ਦੁਖ ਦੇਣਾ ॥

**ਦਹਿੰਦ,** ਪੁਃ ਦੇਣਦਾਰਾਂ ॥

**ਦਹਿ ਦਰ ਦਹੀ,** ਵਿਃ—ਦਸ ਗਜ਼ ਲੰਮਾ ਤੇ ਦਸ ਚੌੜਾ ॥

**ਦਹਿਲ,** ਪੁਃ
**ਦਹਿਲਣਾ,** ਕ੍ਰਿਃ } 'ਤ੍ਰਹਿਲ' 'ਤ੍ਰਹਿਲਣਾ' ਵੇਖੋ।

**ਦਹੀ**
**ਦਹੀਂ** } ਪੁਃ, ਸ਼ਃ ਖੱਟਾ ਪਾਕੇ ਜਮਾਯਾ ਹੋਯਾ ਦੁੱਧ ॥

**ਦਹੀਂਡੀ,** ਸ਼ਃ—ਦਹੀਂ ਜਮਾਉਣ ਵਾਲਾ ਮਿੱਟੀ ਦਾ ਭਾਂਡਾ, ਦੇਉਤੇ ਨੂੰ ਚੜ੍ਹਾਯਾ ਹੋਇਆ ਦੁੱਧ ॥

**ਦਹੇਜ,** ਪੁਃ—ਵਿਆਹ ਦੇ ਵੇਲੇ ਧੀ ਨੂੰ ਜੋ ਪਦਾਰਥ ਦਿੱਤੇ ਜਾਣ, ਦਾਜ ॥

**ਦਹੇਜਕ,** ਵਿਃ—ਦਹੇਜ ਦਾ (ਦੀ) ॥

**ਦੱਕ,** ਪੁਃ—ਛਲਾਂਗ, ਛਾਲ, ਕੁੱਦ ॥

**ਦੱਕੀ,** ਸ਼ਃ ਇੱਕ ਅੰਗੂਰ ਦੀ ਵੇਲ ॥

**ਦਕੀਕਾ,** ਪੁਃ—ਪਲ, ਥੋੜਾ ਚਿਰ, ਥੋੜੀ ਦਿੱਥ, ਬਰੀਕ ਗੱਲ, ਸੂਖਮ ਵਿਚਾਰ ॥

**ਦੱਖ,** ਪੁਃ ਸੁਆਦ, ਸ਼ਕਲ, ਸੁਹੱਪਣ ॥

**ਦਖੰਡੂ,** ਪੁਃ —ਨੀਲੇ ਸੋਹੇ ਫੁੱਲਾਂ ਵਾਲਾ ਇੱਕ ਨਰਮ ਬੂਟਾ ॥

**ਦੱਖਣ,** ਪੁਃ—ਉੱਤਰ ਜਾਂ ਪਹਾੜ ਵਾਲੇ ਪਾਸੇ ਦਾ ਸਾਮ੍ਹਣਾ ਪਾਸਾ, ਹਿੰਦ ਦਾ ਦੱਖਣੀ ਹਿੱਸਾ ॥

**ਦੱਖਣਾ,** ਸ਼ਃ—ਦਾਨ, ਭੋਜਨ ਜਮਾਉਣ ਪਿੱਛੋਂ ਜੋ ਨਗਦੀ ਬ੍ਰਾਹਮਣ ਨੂੰ ਦਿੱਤੀ ਜਾਵੇ ॥

**ਦੱਖਣੀ,** ਵਿਃ—ਦੱਖਣ ਦਾ, ਦੱਖਣ ਦਾ ਵਸਨੀਕ ॥

**ਦਖਣੂਤਾ,** ਪੁਃ—ਪਿਸ਼ਾਬ ਪੀੜ ਨਾਲ ਅਤੇ ਥੋੜਾ ਥੋੜਾ ਕਰਕੇ ਆਉਣਾ ॥

Digitized by Panjab Digital Library | www.panjabdigilib.org

**ਦਖਲ,** ਪੁਃ—ਅੰਦਰ ਵੜਨ ਦਾ ਕੰਮ, ਪਹੁੰਚ, ਵੱਡੀ, ਕਬਜ਼ਾ (ਕਰਨਾ, ਪਾਉਣਾ, ਲੈਣਾ) ਦੁਖ, ਭੂਤ ਦਾ ਅਸਰ। ਹੱਥ ਪਾਉਣਾ(ਦੇਣਾ)।

**ਦਖਲਾਵਾ**
**ਦਖਾਵਾ** } ਪੁਃ—ਬਾਹਰਲੀ ਭੜਕ, ਬਹਾਨਾ।

**ਦਖੂੜ੍ਹਾ,** ਪੁਃ—'ਦਖਲੂੜਾ' ਵੇਖੋ॥

**ਦੰਗ,** ਵਿਃ—ਹਰਾਨ, ਹੱਕਾ ਬੱਕਾ॥

**ਦੰਗਈ,** ਵਿਃ—ਜੋ ਦੰਗਾ ਕਰੇ, ਫਸਾਦੀ॥

**ਦਗਣਾ,** ਕ੍ਰਿਃ—ਭਖਣਾ, ਤੋਪ ਚੱਲਣੀ॥

**ਦਗ ਦਗ ਕਰਨਾ**
**ਦਗਦਗਾਉਣਾ** } ਕ੍ਰਿਃ-ਚਮਕਣਾ, ਲਿਸ਼ਕਣਾ, ਭਖਣਾ॥

**ਦਗਦਗਾਟ,** ਸਃ—ਚਮਕ, ਲਿਸ਼ਕ, ਭੜਕ।

**ਦਗਧ,** ਵਿਃ-ਸੜ ਕੇ ਸੁਆਹ ਹੋਯਾ ਹੋਯਾ, ਜਿਸ ਦਾ ਦਿਲ ਦੁਖੀ ਹੈ॥ (ਹੋਣਾ, ਕਰਨਾ)॥

**ਦਗਧਣਾ,** ਕ੍ਰਿਃ—ਸਾੜਨਾ, ਜਾਲਣਾ, ਦਿਲ ਦੁਖਾਉਣਾ।

**ਦੰਗਲ,** ਪੁਃ—ਲੋਕਾਂ ਦੀ ਭੀੜ, ਕੁਸ਼ਤੀਆਂ ਵਾਲੀ ਥਾਂ ਦਾ ਘੇਰਾ, ਅਖਾੜਾ।

**ਦਗਲਾ,** ਪੁਃ—ਖੁੱਲ੍ਹਾ ਰੂੰਦਾਰ ਕਪੜਾ, ਖਿਲਤਾ॥

**ਦਗੜ,** ਪੁਃ -ਸੜਕ, ਰਾਹ, ਰਸਤਾ॥

**ਦਗੜ ਦਗੜ ਕਰਦੇ ਜਾਣਾ,** ਕ੍ਰਿਃ-ਧਰਤੀ ਉੱਤੇ ਪੈਰ ਮਾਰਕੇ ਛੇਤੀ ਛੇਤੀ ਤੁਰਦੇ ਜਾਣਾ॥

**ਦਗ਼ਾ,** ਪੁਃ—ਫ਼ਰੇਬ, ਛਲ, ਧੋਖਾ, ਉਸਤਾਦੀ (ਕਰਨਾ ਹੋਣਾ)॥

**ਦੰਗਾ,** ਪੁਃ—ਝਗੜਾ, ਲੜਾਈ ਫਸਾਦ, ਉਪੱਦਰ (ਹੋਣਾ, ਕਰਨਾ)॥

**ਦਗਾਉਣਾ,** ਕ੍ਰਿਃ—ਤੋਪ ਜਾਂ ਬੰਦੂਕ ਚਲਾਉਣੀ, ਸਾੜਕੇ ਨਿਸ਼ਾਨ ਲਾਉਣਾ, ਭਖਾਉਣਾ॥

**ਦਗੂਲਾ,** ਪੁਃ—'ਦਗਲਾ' ਵੇਖੋ॥

**ਦੰਗੈਤ,** ਪੁਃ ਸਃ—ਜੋ ਦੰਗਾ ਕਰੇ॥

**ਦਘ ਦਘ,** ਵਿਃ—ਚਮਕਣ ਵਾਲਾ (ਕਰਨਾ)॥

**ਦੱਘਲ,** ਵਿਃ—ਕੁਸ਼ਤੀ ਵਿੱਚ ਸਿੱਧਾ ਢੱਠਾ ਹੋਯਾ (ਪਾਉਣਾ)॥

**ਦੱਛਣਾ,** ਸਃ—'ਦੱਖਣਾ' ਵੇਖੋ॥

**ਦੰਡ,** ਪੁਃ—ਸਜ਼ਾ, ਡੰਨ, ਡੰਡ, ਚੱਟੀ॥

**ਦੰਡੀ,** ਪੁਃ—ਸੰਨਿਆਸੀ ਸਾਧੂਆਂ ਦੀ ਇੱਕ ਜਾਤ॥

**ਦੰਡੌਤ,** ਸਃ—'ਡੰਡੌਤ' ਵੇਖੋ॥

**ਦੈਤ,** ਪੁਃ—ਦੇਉ, ਜਿੰਨ, ਰਾਕਸ਼, ਵੱਡਾ ਹਾਥੀ॥

**ਦਤਾਰ,** ਪੁਃ—ਦਾਤਾ, ਦੇਣ ਵਾਲਾ, ਪਰਮੇਸ਼ਰ॥

**ਦਤਾਰੀ,** ਸਃ—ਦਾਤੇ ਦਾ ਗੁਣ, ਦਾਨ ਕਰਨ ਦਾ ਕੰਮ।

**ਦੰਤੀ,** ਸਃ—ਇੱਕ ਪੀਲੀ ਦੁਆ॥

**ਦੰਤੂਰ,** ਪੁਃ—'ਧਤੂਰਾ' ਵੇਖੋ॥

**ਦੱਥਣਾ**
**ਦੱਥ ਲੈਣਾ** } ਕ੍ਰਿਃ ਸੌਦੀ ਲੈਣਾ ਜਾਂ ਮਿਲਣਾ, (ਰੱਸੀ) ਵੱਟਣੀ।

Digitized by Panjab Digital Library | www.panjabdigilib.org

**ਦੱਥਰ / ਦੱਥਲ**, ਪੁ:—ਧਨ, ਮਾਲ, ਪਦਾਰਥ, ਵਡ-ਮੁੱਲੀਆਂ ਚੀਜ਼ਾਂ ॥

**ਦੱਥਾ**, ਪੁ:—ਘਾਹ ਆਦਿਕ ਦਾ ਪੂਲਾ, ਕੀਲਿਆਂ ਦੀ ਭਰੀ, ਕਾਗਤਾਂ ਦਾ ਬੰਧਾ (ਦੇਣਾ,ਲੈਣਾ) ॥

**ਦੱਥੇ ਗਰ**, ਪੁ:—ਦੱਥੇ ਕਰਨ ਵਾਲਾ ॥

**ਦੱਦ**, ਸ:—ਧੱਦਰੀ ॥

**ਦੰਦ**, ਪੁ:—ਮੂੰਹ ਦੇ ਅੰਦਰ ਚਿੱਥਣ ਵਾਲੀਆਂ ਹੱਡੀਆਂ ॥

**ਦੰਦ ਕੱਢਣੇ**, ਕ੍ਰਿ:—ਹੱਸਣਾ ॥

**ਦੰਦ ਖੱਟੇ ਹੋਣੇ**, ਕ੍ਰਿ:—ਦਿਲ ਟੁੱਟਣਾ, ਹਾਰ ਜਾਣਾ ॥

**ਦੰਦ ਖੱਟੇ ਕਰਨਾ**, ਕ੍ਰਿ:—ਦਿਲ ਤੋੜ ਦੇਣਾ, ਹਰਾਉਣਾ ॥

**ਦੰਦ ਖੰਡ**, ਪੁ:—ਹਾਥੀ ਦੰਦ ॥

**ਦੰਦ ਖਲਾਲ**, ਸ:—'ਛਿੰਗ' ਵੇਖੋ ॥

**ਦੰਦ ਘਸਾਈ**, ਸ:—ਦੰਦ ਘਸਾਉਣ ਦੀ ਮਜੂਰੀ, ਦੰਦਣਾ

**ਦੰਦ ਝੜਨੇ**, ਕ੍ਰਿ:—ਦੰਦ ਲਹਿ, ਕੇ ਡਿਗ ਪੈਣੇ ।

**ਦੰਦ ਪੀਹਣੇ**, ਕ੍ਰਿ:—ਬਹੁਤ ਗੁੱਸੇ ਵਿੱਚ ਆਉਣਾ ॥

**ਦੰਦ ਫੇੜਾ**, ਪੁ:—ਜਿਸ ਦਾ ਦੰਦ ਟੁੱਟਾ ਹੋਯਾ ਹੋਵੇ ॥

**ਦੰਦ ਮਾਰਨਾ / ਦੰਦ ਲੱਗਣਾ**, ਕ੍ਰਿ:—ਦੰਦ ਨਾਲ ਮਾਸ ਵੱਢਣਾ, ਡੰਗ ਮਾਰਨਾ ॥

**ਦੰਦ ਵੱਜਣੇ**, ਕ੍ਰਿ:—ਦੰਦਾਂ ਦਾ ਇੱਕ ਦੂਜੇ ਨਾਲ ਖਹਿਣਾ ॥

**ਦੰਦ ਵਿੱਚ ਉਂਗਲੀ ਦੇਣਾ**, ਕ੍ਰਿ:—ਹਰਾਨ ਹੋ ਜਾਣਾ, ਪਛੋਤਾਉਣਾ ।

**ਦੁੱਧ ਦੇ ਦੰਦ**, ਪੁ:—ਬਾਲਾਂ ਦੇ ਦੰਦ ਜੋ ਝੜ ਜਾਂਦੇ ਹਨ ਅਤੇ ਜਿਨ੍ਹਾਂ ਦੇ ਮਗਰੋਂ ਨਵੇਂ ਨਿਕਲਦੇ ਹਨ ( ਤਜਰਬਾ ਨਾ ਹੋਣਾ ) ।

**ਦੰਦਈਯਾ**, ਪੁ:—ਇੱਕ ਤਰ੍ਹਾਂ ਦਾ ਬੂਟ ॥

**ਦੰਦਣ**, ਸ:—ਦੰਦ ਜੁੜ ਜਾਣੇ, ਬੇਹੋਸ਼ੀ ( ਪੈਣਾ-ਣੀ, ਪੈਣੀ ) ॥

**ਦੰਦਣਾ**, ਕ੍ਰਿ:—ਦੰਦਾਂ ਨਾਲ ਚਿੱਥਣਾ, ਖਾਣਾ ॥

**ਦਦਰਾ**, ਪੁ:—ਇੱਕ ਬੂਟੀ ਜਿਸ ਦੇ ਪੱਤ੍ਰ ਕੌੜੇ ਤੇ ਬੇਨ੍ਹਦੇ ਹਨ ॥

**ਦੱਦਰਾ**, ਵਿ:—ਕੁਝ ਕੁਝ ਪੱਕਾ ਹੋਇਆ ॥

**ਦੱਦਰੀ**, ਸ:—'ਧੱਦਰੀ' ਵੇਖੋ ॥

**ਦੰਦੜਿੱਕਾ**, ਪੁ:—ਪਾਲੇ ਵਿੱਚ ਦੰਦ ਨਾਲ ਦੰਦ ਵੱਜਣਾ ।

**ਦੱਦਾ**, ਪੁ:—'ਦ' ਅੱਖਰ ਦਾ ਨਾਉਂ ॥

**ਦੰਦਾ**, ਪੁ:—ਤੁੜੀ ਆਦਿਕ ਦਾ ਢੇਰ, ਕੰਘਾ, ਕੰਘੇ ਆਰੇ ਆਦਿਕ ਦੇ ਨੋਕਦਾਰ ਹਿੱਸੇ, ਛੁਰੀ ਆਦਿਕ ਦੀ ਧਾਰ ਦੇ ਵਿਗਾੜ ॥

**ਦੰਦਾਸਾ**, ਪੁ:—ਅਖਰੋਟ ਦੀ ਛਿੱਲ ਜਿਸ ਦੀ ਤ੍ਰੀਮਤਾਂ ਦਾਤਣ ਕਰਦੀਆਂ ਹਨ ।

**ਦਦਾ ਦਾਈ**, ਸ:—ਪਰਾਏ ਬਾਲ ਨੂੰ ਆਪਣੇ ਥਣਾਂ ਤੋਂ ਪਾਲਣ ਵਾਲੀ

Digitized by Panjab Digital Library | www.panjabdigilib.org

**ਦੰਦਾਨਾ,** ਪੁ:—ਕੰਘੇ ਜਾਂ ਆਰੀ ਦੀਆਂ ਨੋਕਾਂ ॥

**ਦੰਦਲ,** ਪੁ:—ਘਰ ਦਾ ਢੰਜਾ ॥

**ਦੰਦਾਲੀ,** ਪੁ:—ਲੱਕੜੀ ਦਾ ਪੰਜਾ ਜਾਂ ਜੰਦਰਾ ।

**ਦਦਿਔਹਰਾ** / **ਦਦਿਔਰਾ** } ਪੁ:—ਸਹੁਰੇ ਦਾ ਪੇਉ ॥

**ਦੰਦੀ,** ਸ:—ਛੋਟਾ ਦੰਦ, ਮੰਜੇ ਦੀ ਉਹ ਨੰਗੀ ਜਿਸਦੇ ਆਸਰੇ ਸਾਰੀ ਉਣਾਈ ਹੁੰਦੀਹੈ, ਰੇਤ ਆਦਿਕ ਦਾ ਢੇਰ ॥

**ਦੰਦੀੜ** ਸ:—ਦੰਦਾਂ ਦੀ ਪੀੜ ॥

**ਦੰਦੜ ਬੱਟਣੀ** / **ਦੰਦੀੜ ਵੱਟਣੀ** } ਕ੍ਰਿ:—ਦੰਦਾਂ ਨੂੰ ਆਪੋ ਵਿਚ ਬਹੁਤ ਘੁੱਟਣਾ ॥

**ਦੰਦੂ,** ਪੁ:—ਜਿਸ ਦੇ ਉਪਰਲੇ ਦੰਦ ਬਾਹਰ ਵੱਲ ਵੱਧੇ ਹੋਣ ॥

**ਦੰਦੂ ਦਾਣਾ** / **ਦੰਦੇ ਦਾਣਾ** } ਪੁ:—ਇੱਕ ਦੁਆ ॥

**ਦਦੇਹਸ** / **ਦਦੇਸ੍** } ਸ:—ਸਹੁਰੇ ਦੀ ਮਾਂ ॥

**ਦਧ,** ਪੁ:—ਗਿਲਣੀ, ਜਲਣ, ਬੇ ਨਸੀਬ ਆਦਮੀ, ਵੈਰੀ, ਭੈੜੀ ਗਲ ॥

**ਦੱਧਣਾ,** ਕ੍ਰਿ:—ਸੜਨਾ, ਖਪਣਾ, ਗਰੀਬ ਅਤੇ ਦੁਖੀ ਹੋਣਾ ॥

**ਦਨ,** ਪੁ:—ਗੋਡੀਆਂ ਦੀ ਖੇਡ ਵਿੱਚ ਗੋਡੀਆਂ ਦਾ ਜਿਤਣਾ, ਆਪਣਾ ਮਨੋਰਥ ਪੂਰਾ ਹੋਣਾ ॥

**ਦੰਨ,** ਸ:—ਜੁਆਰ ਆਦਿਕ ਦੇ ਟਾਂਡਿਆਂ ਦਾ ਢੇਰ॥

**ਦਨਦਨਾਉਣਾ,** ਕ੍ਰਿ:—ਰਾਜ਼ੀ ਹੋਣਾ, ਖੁਸ਼ੀ ਮਨਾਉਣਾ ॥

**ਦਨਾ** / **ਦਨਾਉ** } ਵਿ:—ਸਿਆਣਾ, ਸਮਝਦਾਰ, ਚਤੁਰ ॥

**ਦੰਨਾ,** ਪੁ:—ਰੀੜੀ ਖੜਕਣ ਵਾਲੀਆਂ ਲਕੜੀਆਂ॥

**ਦਨਾਈ,** ਸ:—ਸਿਆਣਪ, ਸਮਝ, ਚਤੁਰਾਈ॥

**ਦਪਟ** / **ਦੱਪਟ** / **ਦਪਟਣਾ** } 'ਝਪਟ' 'ਝਪਟਣਾ' ਵੇਖੋ ॥

**ਦਫ਼,** ਪੁ: ਸ:—ਮਨੁਖਾਂ ਦੀ ਟੋਲ੍ਹੀ, ਮੰਡਲੀ॥

**ਦਫਤਰ,** ਪੁ:—ਵੱਡੀ ਕਿਤਾਬ, ਰਜਿਸਟਰ, ਚਿੱਠੀ ਪਤ੍ਰ ਜਾਂ ਹਿਸਾਬ ਕਿਤਾਬ ਲਿਖਣ ਵਾਲੀ ਥਾਂ, ਲੰਮੀਂ ਕਥਾ ॥

**ਦਫਤਰ ਖਾਨਾ,** ਪੁ:—ਚਿੱਠੀ ਪਤ੍ਰ ਲਿਖਣ ਵਾਲੀ ਥਾਂ

**ਦਫਤਰੀ** / **ਦਫਤਰੀਆ** } ਪੁ:—ਦਫਤਰ ਦੇ ਕਾਗਤ ਰੱਖਣ ਵਾਲਾ, ਕਾਗਤ ਕਲਮ ਸਿਆਹੀ ਆਦਿਕ ਜਿਸ ਦੇ ਸਪੁਰਦ ਹੋਵੇ ਅਰ ਜੋ ਜਿਲਦਾਂ ਬੰਨ੍ਹੇ, ਅਤੇ ਲਫਾਫੇ ਆਦਿਕ ਬਣਾਏ॥

**ਦਫਤਰੀ,** ਸ:—ਵਰਕਾਂ ਦਾ ਫੱਟਾ

**ਦਫਰੀ** / **ਦਫੜੀ** } ਸ:—ਰੌਲ਼, ਬਦਨਾਮੀ (ਮਚਣੀ, ਮਚਾਉਣੀ, ਲੱਗਣੀ, ਲਗਾਉਣੀ) ॥

**ਦਫਾ,** ਸ:—ਵਾਰੀ, ਹਿੱਸਾ, ਕਾਇਦਾ ।

**ਦਫਾ ਹੋਜਾਣਾ** / **[illegible] ਹੋਣਾ** } ਕ੍ਰਿ:—ਹਟ ਜਾਣਾ, ਚਲੇ ਜਾਣਾ (ਨਿੰਦਾ ਵਾਚਕ) ॥

**ਦਫਾ ਕਰਨਾ,** ਕ੍ਰਿ:—ਹਟਾਉਣਾ, ਰੋਕਣਾ, ਕੱਢਣਾ॥ (ਨਿੰਦਾ ਵਾਚਕ) ॥

Digitized by Panjab Digital Library | www.panjabdigilib.org

**ਦਫ਼ਾਦਾਰ,** ਪੁ:—ਪੁਲਸ ਦਾ ਜਾਂ ਫ਼ੌਜ ਦਾ ਇਕ ਛੋਟਾ ਅਫ਼ਸਰ ॥

**ਦਫ਼ਾ ਲੱਗਣੀ,** ਕ੍ਰਿ: —ਕਨੂਨ ਮੁਜਿਬ ਕੋਈ ਅਪ-ਰਾਧ ਲੱਗਣਾ ॥

**ਦੱਬ,** ਸ:—ਦਬਾਉ, ਭਾਰ, ਜ਼ੋਰ, ਘੁੰਦਲ ਦਾ ਕੰਮ ॥

**ਦੱਬਕੇ,** ਕ੍ਰਿ:ਵਿ:—ਜ਼ੋਰ ਨਾਲ ॥

**ਦੱਬਚਾਹੁਣੀ**<br>**ਦੱਬ ਦੇਣੀ** } ਕ੍ਰਿ:—ਧਮਕਾਉਣਾ, ਡਰਾਉਣਾ ॥

**ਦੱਬ ਦੇਣਾ,** ਕ੍ਰਿ:—ਦੱਬਣਾ, ਗੱਡਣਾ

**ਦੱਬਦੇਖਣਾ**<br>**ਦੱਬ ਦੇਣਾ** } ਕ੍ਰਿ:—ਅਟਕਾਉਣਾ, ਜ਼ੋਰ ਜਾਂ ਧੋਖੇ ਨਾਲ ਕਬਜ਼ਾ ਕਰ ਲੈਣਾ।

**ਦੱਬ ਲੈਣਾ,** ਕ੍ਰਿ:—ਕਾਬੂ ਕਰਨਾ, ਜ਼ੋਰ ਲਗਾਉਣਾ।

**ਦਬਕਣਾ,** ਕ੍ਰਿ:—ਡਰਕੇ ਬਹਿ ਜਾਣਾ, ਝਿੜਕਣਾ, ਵਾਜੇ ਦੀਆਂ ਤਾਰਾਂ ਵਜਾਉਣੀਆਂ, ਸੋਨੇ ਜਾਂ ਚਾਂਦੀ ਦੀ ਤਾਰ ਕੁੱਟਣੀ ॥

**ਦਬਕਈਆ**<br>**ਦਬਕਈ ਯਾ** } ਪੁ:—ਜੋ ਗਿਲਟ ਕਰੇ ਤਾਰ ਕੁੱਟੇ ਜਾਂ ਕੁੱਪੇ ਬਣਾਵੇ ॥

**ਦਬਕਾ,** ਪੁ:—ਧਮਕੀ, ਝਿੜਕ, ਸੇਜ (ਦੇਣਾ, ਮਾਰਨਾ)।

**ਦਬਕਾਉਣਾ,** ਕ੍ਰਿ:—ਧਮਕਾਉਣਾ, ਝਿੜਕਣਾ, ਰੋਕਣਾ, ਚਾਂਦੀਆਂ ਸੋਨੇ ਦੀ ਤਾਰ ਕੁਟਵਾਉਣੀ ॥

**ਦਬਕੀ,** ਸ:—'ਦਬਕਾ' ਵੇਖੋ ॥

**ਦਬਗਰ,** ਪੁ:—'ਦਬਕਈਆ' ਵੇਖੋ ॥



**ਦਬਜਾਣਾ**<br>**ਦਬਣਾ** } ਕ੍ਰਿ:—ਦੱਬੇ ਜਾਣਾ, ਡਰਨਾ, ਘੁਟੀਣਾ, ਲੁਕੀਣਾ, ਫ਼ਸਾਦ ਹਟਣਾ, ਰੁਕਣਾ, ਵੱਸ ਵਿੱਚ ਆ ਜਾਣਾ ॥

**ਦੱਬਣਾ,** ਕ੍ਰਿ: —ਘੁੱਟਣਾ, ਭਾਰ ਪਾਉਣਾ, ਗੱਡਣਾ ॥

**ਦਬ ਦਬਾ,** ਪੁ: —ਪ੍ਰਤਾਪ, ਜ਼ੋਰ, ਦਬਾਉ, ਅਖ਼ਤਿਆਰ ॥

**ਦਬੱਲਕੇ,** ਕ੍ਰਿ: ਵਿ:—ਦੱਬਕੇ, ਜ਼ੋਰ ਨਾਲ ॥

**ਦਬਲਣਾ,** ਕ੍ਰਿ: —ਦੱਬ ਪਾਉਣੀ, ਧਮਕਾਉਣਾ, ਡਰਾਉਣਾ ॥

**ਦਬਵੇਂ ਪਰ**<br>**ਦਬਵੇਂ ਪੈਰ** } ਕ੍ਰਿ: ਵਿ:—ਹੌਲੀ ੨ ਪੈਰ ਧਰਕੇ ॥

**ਦਬਵਾਉਣਾ,** ਕ੍ਰਿ: ਦੱਬਣ ਦਾ ਕੰਮ ਕਰਾਉਣਾ ॥

**ਦਬੜ ਦਬੜ ਕਰਨਾ,** ਕ੍ਰਿ:—ਜ਼ੋਰ ਨਾਲ ਪੈਰ ਮਾਰਕੇ ਤੁਰਨਾ ਜਾਂ ਦੌੜਨਾ ॥

**ਦਬੜੂ ਘੁਸੜੂ,** ਵਿ:—ਜੋ ਕਿਸੇ ਕੰਮ ਜੋਗਾ ਨਹੀਂ, ਨਕਾਰਾ, ਕਮੀਣਾ ॥

**ਦਬਾ**<br>**ਦਬਾਉ** } ਪੁ:—ਭਾਰ, ਤਾਕਤ, ਜ਼ੋਰ, ਅਖ਼ਤਿਆਰ, ਅਧੀਨਗੀ ॥

**ਦਬਾ ਸੱਟ**<br>**ਦਬਾ ਦਬ** } ਕ੍ਰਿ:ਵਿ: ਲਗਾਤਾਰ, ਝਟ ਪਟ ॥

**ਦਬਾਕੇ,** ਕ੍ਰਿ:ਵਿ:—ਪਿੱਛੋਂ ਜ਼ੋਰੀ ॥

**ਦਬਾ ਦਬੀ**<br>**ਦਬਾ ਦਬਾਈ** } ਵਿ:—ਲੁਕੀ, ਛਿਪੀ, ਲੁਕੀ ਹੋਈ ॥

**ਦਬਾ ਦੇਣਾ,** ਕ੍ਰਿ: ਵਿ:—ਹਿਠਾਹਾਂ ਨੂੰ ਘੁੱਟਣਾ, ਥੱਲੇ ਗੱਡਣਾ ॥

Digitized by Panjab Digital Library | www.panjabdigilib.org

**ਦਬਾ ਬੈਠਣਾ** / **ਦਬਾ ਲੈਣਾ** } ਕ੍ਰਿ:—ਪਰਾਇਆ ਮਾਲ ਆਪ ਰੱਖ ਲੈਣਾ ॥

**ਦਬਾਉ ਮੰਨਣਾ,** ਕ੍ਰਿ:—ਅਧੀਨ ਹੋਣਾ, ਡਰਨਾ ।

**ਦੱਬਾ ਮਾਰਨਾ,** ਕ੍ਰਿ:—ਧਨ ਨੂੰ ਲੁਕਾਉਣਾ ॥

**ਦਬਾਉਣਾ,** ਕ੍ਰਿ:—ਦੱਬਣਾ, ਗੱਡਣਾ, ਝਿੜਕਣਾ, ਕਾਬੂ ਕਰਨਾ, ਬੋਲਣਾ, ਤ੍ਰਹਿ ਜਮਾਉਣੀ, ਖੋਹਣਾ, ਜ਼ੋਰ ਜਾਂ ਛਲ ਨਾਲ ਲੈ ਲੈਣਾ ।

**ਦਬਾਊ,** ਵਿ:—ਦੱਬਿਆ ਹੋਇਆ, ਸਹਿਮਿਆ ਹੋਇਆ, ਜਿਸ ਦਾ ਭਾਰ ਅਗਾਹਾਂ ਨੂੰ ਬਹੁਤ ਹੈ (ਧੱਕਾ ਆਦਿਕ) ।

**ਦਬਾਣਾ,** ਕ੍ਰਿ:—'ਦਬਾਉਣਾ' ਵੇਖੋ ॥

**ਦਬੀਕਣਾ,** ਕ੍ਰਿ:—ਪਿਛਾਹਾਂ ਨੂੰ ਘੁੱਟਣਾ ਜਾਂ ਧੱਕਣਾ

**ਦਬੇਲ** / **ਦਬੈਲ** } ਵਿ:—ਜੋ ਦੂਜੇ ਦੇ ਵੱਸ ਵਿਚ ਹੋਵੇ, ਅਧੀਨ

**ਦੱਭ,** ਸ:—ਇੱਕ ਤਰਾਂ ਦਾ ਘਾਹ, ਕੁਸਾ ॥

**ਦੰਭ** ਪੁ:— / **ਦੰਭਣਾ** ਕ੍ਰਿ:— } 'ਡੰਭ' 'ਡੰਭਣਾ' ਵੇਖੋ ॥

**ਦਮ,** ਪੁ:—ਸਾਹ, ਸੁਆਸ, ਪ੍ਰਾਣ, ਪਲ, ਸ਼ੇਖੀ, ਜ਼ੋਰ ਖੱਡੀ ਦਾ ਉਹ ਹਿੱਸਾ ਜਿਸ ਉੱਤੇ ਪੈਰ ਰਖਦੇ ਹਨ ॥

**ਦਮ ਉਲਟ ਜਾਣਾ** / **ਦਮ ਉਲਟਣਾ** } ਕ੍ਰਿ:—ਸਾਹ ਰੁਕਣਾ, ਘਾਬਰਨਾ, ਦਮਾ ਹੋਣਾ ॥

**ਦਮ ਸਾਧਣਾ,** ਕ੍ਰਿ:—ਦਮ ਰੋਕਣ ਦਾ ਅਭਿਆਸ ਕਰਨਾ ॥

**ਹਰਦਮ,** ਕ੍ਰਿ: ਵਿ:—ਲਗਾਤਾਰ, ਬਰਾਬਰ, ਸਦਾ ॥



**ਦਮ ਕਰਨਾ,** ਕ੍ਰਿ:—ਫੂਕਾਂ ਮਾਰਕੇ ਝਾੜਾ ਕਰਨਾ । ਭਾਫ ਵਿੱਚ ਪਕਾਉਣਾ, ਹੌਲੀ ਹੌਲੀ ਉਬਲਣ ਦੇਣਾ ॥

**ਦਮ ਖਾਣਾ,** ਕ੍ਰਿ:—ਧੀਰਜ ਰੱਖਣਾ, ਧੋਖਾ ਖਾਣਾ, ਹੌਲੀ ਹੌਲੀ ਸੇਕ ਮਿਲਣਾ (ਭਾਜੀ ਆਦਿਕ ਨੂੰ) ॥

**ਦਮ ਖਿੱਚਣਾ,** ਕ੍ਰਿ:—ਚੁੱਪ ਕਰ ਰਹਿਣਾ, ਸਾਹ ਨਾ ਲੈਣਾ ॥

**ਦਮ ਖੁਸ਼ਕ ਹੋਣਾ,** ਕ੍ਰਿ:—ਡਰ ਜਾਣਾ, ਸਹਿਮ ਜਾਣਾ ।

**ਦਮ ਘੁਟ ਜਾਣਾ** / **ਦਮ ਘੁਟਣਾ** / **ਦਮ ਘੁੱਟ ਜਾਣਾ** } ਕ੍ਰਿ:—ਸਾਹ ਰੁਕ ਜਾਣਾ ॥

**ਦਮ ਚੜ੍ਹਣਾ,** ਕ੍ਰਿ:—ਥੱਕ ਕੇ ਹਫਣ ਲੱਗ ਪੈਣਾ ॥

**ਦਮ ਚੜ੍ਹਾਉਣਾ,** ਕ੍ਰਿ:—ਸਾਹ ਰੋਕਣਾ, ਜੋਗਾਭਿਆਸ ਕਰਨਾ

**ਦਮ ਚੁਰਾਉਣਾ,** ਕ੍ਰਿ:—ਬੇਹੋਸ਼ੀ ਜਾਂ ਮੌਤ ਦਾ ਬਹਾਨਾ ਕਰਨਾ ॥

**ਦਮ ਛੱਡਣਾ,** ਕ੍ਰਿ:—ਮਰ ਜਾਣਾ, ਹੌਂਸਲਾ ਹਾਰਨਾ ।

**ਦਮ ਟੁੱਟ ਜਾਣਾ** / **ਦਮ ਟੁੱਟਣਾ** } ਕ੍ਰਿ:—ਸਾਹ ਨ ਆਉਣਾ, ਮਰਨ ਲਗਣਾ ॥

**ਦਮ ਦਮ,** ਕ੍ਰਿ: ਵਿ:—ਹਰ ਦਮ, ਸਦਾ ।

**ਦਮ ਦਿਲਾਸਾ,** ਪੁ:—ਝੂਠੀ ਆਸ, ਮਿੱਠੀਆਂ ਗੱਲਾਂ ॥

**ਦਮ ਦਾ ਲਾਹ ਹੈ,** ਵਾਕ—ਜੀਉਣਾ ਬੜੀ ਨਿਆਮਤ ਹੈ ॥

Digitized by Panjab Digital Library | www.panjabdigilib.org

**ਦਮ ਦੇਣਾ,** ਕ੍ਰਿ:-ਛਲਣਾ, ਮਾਰਨਾ, ਭਾਫ ਵਿਚ ਪਕਾਉਣਾ ॥

**ਦਮ ਨਿਕਲਣਾ,** ਕ੍ਰਿ:-ਮਰਨਾ, ਪ੍ਰੇਮ ਨਾਲ ਤੜਫਣਾ॥

**ਦਮ ਬੰਦ ਹੋਣਾ,** ਕ੍ਰਿ:-ਸਾਹ ਨਾ ਲੈਣਾ, ਬੋਲ ਨਾ ਸਕਣਾ ।

**ਦਮ ਬੰਦ ਕਰਨਾ,** ਕ੍ਰਿ:-ਬੋਲਣ ਨਾ ਦੇਣਾ।

**ਦਮ ਬਾਜ,** ਪੁ: ਵਿ:-ਫਰੇਬੀ, ਛਲੀਆ।

**ਦਮ ਬਾਜੀ,** ਸ:-ਧੋਖਾ, ਫਰੇਬ, ਛਲ॥

**ਦਮ ਭਰਨਾ,** ਕ੍ਰਿ:-ਮੰਨਣਾ, ਯਕੀਨ ਕਰਨਾ ॥

**ਦਮ ਮਾਰਨਾ,** ਕ੍ਰਿ:-ਆਕੜਨਾ, ਅਭਿਮਾਨ ਕਰਨਾ ॥

**ਦਮ ਰੁਕ ਜਾਣਾ,** ਕ੍ਰਿ:-ਸਾਹ ਨਾ ਆਉਣਾ।

**ਦਮ ਰੋਕਣਾ,** ਕ੍ਰਿ:-ਸਾਹ ਬੰਦ ਕਰ ਦੇਣਾ ।

**ਦਮ ਲੱਗਣਾ,** ਕ੍ਰਿ: ਚਰਸ ਆਦਿਕ ਪੀਤੀ ਜਾਣੀ ॥

**ਦਮ ਲਗਾਉਣਾ,** ਕ੍ਰਿ:-ਹੁੱਕਾ ਜਾਂ ਚਰਸ ਜ਼ੋਰ ਨਾਲ ਪੀਣਾ।

**ਦਮ ਲੈਣਾ,** ਕ੍ਰਿ:-ਥੋੜਾ ਚਿਰ ਅਰਾਮ ਕਰਨਾ, ਅਟਕਣਾ॥

**ਦਮ ਵੱਟਣਾ,** ਕ੍ਰਿ:-'ਦਮ ਖਿੱਚਣਾ' ਵੇਖੋ।

**ਦਮ ਵਧਣਾ,** ਕ੍ਰਿ:-ਬਹੁਤ ਚਿਰ ਤਕ ਸਾਹ ਰੁਕ ਸਕਣਾ, ਹੌਸਲਾ ਵਧ ਜਾਣਾ।

**ਦਮ ਵਧਾਉਣਾ,** ਚਿਰ ਤਕ ਸਾਹ ਰੋਕਣ ਦਾ ਅਭਿਆਸ ਕਰਨਾ ॥

**ਦਮ ਵਿੱਚ ਆਉਣਾ,** ਕ੍ਰਿ:-ਧੋਖਾ ਖਾਣਾ॥

**ਦਮ ਵਿਚ ਲਿਆਉਣਾ,** ਕ੍ਰਿ:-ਧੋਖਾ ਦੇਣਾ ਫਸਾਉਣਾ॥

**ਦਮਾਂ ਦਾ ਗਾੜ੍ਹਾ,** ਵਿ:-ਹਿੰਮਤੀ, ਧੀਰਜ ਵਾਲਾ ।

**ਕੋਈ ਦਮ ਦਾ ਪਰਾਹੁਣਾ,** ਵਿ:-ਜਿਸਨੇ ਛੇਤੀ ਮਰ ਜਾਣਾ ਹੈ ।

**ਦੰਮ,** ਪੁ:-ਧਨ, ਦੌਲਤ, ਮੁਲ, ਦਾਮ ॥

**ਦੰਮਾਂ ਸਾਹੀ,** ਪੁ:-ਦਿਵਾਲੀਏ ਦੀ ਜਾਇਦਾਦ ਦੇ ਹਿੱਸੇ ਮੂਜਿਬ ਲਹਿਣੇ ਵਾਲਿਆਂ ਵਿੱਚ ਵੰਡਣਾ॥

**ਦਮਕ,** ਸ: -ਚਮਕ, ਸ਼ੋਭਾ, ਭਾਉ ॥

**ਦਮਕਣਾ,** ਕ੍ਰਿ:-ਚਮਕਣਾ, ਲਿਸ਼ਕਣਾ, ਭੂਕ ਜਾਣਾ ॥

**ਦਮਕੜਾ,** ਪੁ:-ਚਰਖੇ ਦੇ ਤਕੁਲੇ ਤੇ ਚੜ੍ਹੀ ਹੋਈ ਚੰਮ ਦੀ ਗੋਲ ਟਿੱਕੀ ॥

**ਦਮਕਾਉਣਾ,** ਕ੍ਰਿ:-ਚਮਕਾਉਣਾ, ਲਿਸ਼ਕਾਉਣਾ॥

**ਦਮ ਗੀਜਾ,** ਪੁ:-ਝੂਠੀ ਸ਼ੇਖੀ ॥

**ਦਮ ਦਮਾ,** ਪੁ:-ਕਿਲਾ, ਉੱਚਾ ਤੋਪਖਾਨਾ, ਸਤਗੁਰਾਂ ਦੀ ਯਾਦਗਾਰ ਵਿੱਚ ਬਣਾਈ ਹੋਈ ਇਮਾਰਤ ॥

**ਦਮੜਾ,** ਪੁ:-ਚਾਂਦੀ ਸੋਨਾ, ਦੌਲਤ, ਰੁਪਯਾ ॥

**ਦਮੜੀ,** ਸ:-ਪੈਸੇ ਦਾ ਚੌਥਾ ਹਿੱਸਾ ॥

**ਦਮਾ,** ਪੁ:-ਇੱਕ ਰੋਗ ਜਿਸ ਵਿੱਚ ਸਾਹ ਔਖਾ ਆਉਂਦਾ ਹੈ, ਇੱਕ ਬੁਰਾ॥

Digitized by Panjab Digital Library | www.panjabdigilib.org

**ਦਮਾਕ, ਦਮਾਗ**, ਪੁ:—ਮਗਜ਼, ਆਕੜ, ਹੰਕਾਰ, ਸ਼ੇਖੀ॥

**ਦਮਾਗ ਨਾਂ ਪਾਯਾ ਜਾਣਾ**, ਕ੍ਰਿ:—ਬਹੁਤ ਹੰਕਾਰ ਹੋਣਾ॥

**ਦਮਾਗ ਵਿਗੜਨਾ**, ਕ੍ਰਿ:—ਆਕੜਨਾ, ਸਿਰ ਦਾ ਰੋਗ ਹੋਣਾ॥

**ਦਮਾਕੜਾ**, ਪੁ:—ਹੁੱਕੇ ਦਾ ਘੁੱਟ॥

**ਦਮਾਮਾ**, ਪੁ:—ਵੱਡਾ ਢੋਲ, ਧੌਂਸਾ, ਵਿਖਾਵਾ॥

**ਦਮਾਲਾ**, ਪੁ:—ਪਗੜੀ ਦਾ ਪਿੱਛੇ ਲਮਕਣ ਵਾਲਾ ਲੜ, ਅਕਾਲੀਆਂ ਦੀ ਲੋਕਦਾਰ ਪਗੜੀ॥

**ਦਮੂਸਾ**, ਪੁ:—'ਦਿਮੂਸਾ' ਵੇਖੋ॥

**ਦਮੋਦਰ**, ਪੁ:—ਕ੍ਰਿਸ਼ਨ ਮਹਾਰਾਜ, ਭਗਵਾਨ॥

**ਦਯਾ**, ਸ:—ਮਿਹਰਬਾਨੀ, ਕਿਰਪਾ, ਤਰਸ॥

**ਦਯਾਮਯ, ਦਯਾਮਾਨ, ਦਯਾਲ, ਦਯਾਵਾਨ**, ਵਿ:—ਜਿਸ ਵਿੱਚ ਦਯਾ ਹੈ, ਮਿਹਰਬਾਨ॥

**ਦਯਾਲਗੀ**, ਸ:—'ਦਯਾ' ਵੇਖੋ।

**ਦਰ**, ਪੁ:—ਬੂਹਾ, ਕੀਮਤ, ਮੁੱਲ, ਸਰਕਾਰੀ ਭਾਉ॥

**ਦਰ ਦਰ, ਦਰਬਦਰ**, ਕ੍ਰਿ: ਵਿ:—ਘਰ ਘਰ, ਹਰ ਥਾਂ॥

**ਦਰ ਭਿਛ, ਦਰ ਭਿਛਕ**, ਪੁ:—ਮੰਗਤਾ, ਫਕੀਰ।

**ਦਰਸ**, ਪੁ:—ਦਰਸ਼ਨ, ਦੇਖਣਾ, ਦਿੱਸਣਾ, ਸੈਥਾ, ਸਬਕ॥

**ਦਰਸ ਪਰਸ**,—ਦੇਉਤੇ ਆਦਿਕ ਦਾ ਵੇਖਣਾ, ਤੇ ਛੋਹਣਾ॥

**ਦਰਸ਼ਣ**, ਪੁ:—ਦੇਖਣਾ, ਦੀਦਾਰ, ਮੇਲ ਗੇਲ, ਖਟ ਸ਼ਾਸਤ੍ਰ, ਜੋਗੀਆਂ ਦੀਆਂ ਮੁੰਦਰਾਂ, ਹਿੰਦੂਆਂ ਦੇ ਪੁਰਾਣੇ ਸੰਪ੍ਰਦਾ॥

**ਦਰਸ਼ਣ ਕਰਨਾ**, ਕ੍ਰਿ:—ਜਾਕੇ ਵੇਖਣਾ, ਤੀਰਥ ਤੇ ਜਾਣਾ।

**ਦਰਸ਼ਣ ਦੇਣਾ**, ਕ੍ਰਿ:—ਆਕੇ ਮਿਲਣਾ॥

**ਦਰਸ਼ਣ ਪਰਸ਼ਣ**, ਪੁ:—ਮੇਲ ਮੁਲਾਕਾਤ, 'ਦਰਸ ਪਰਸ' ਵੇਖੋ।

**ਝਰੋਖਾ ਦਰਸ਼ਣ**, ਪੁ:—ਮਹਿਲ ਦੀ ਜਿਸ ਬਾਰੀ ਵਿੱਚੋਂ ਮੁਗਲ ਬਾਦਸ਼ਾਹ ਹੇਠਾਂ ਖੜੇ ਲੋਕਾਂ ਨੂੰ ਵਿਖਾਲੀ ਦੇਂਦੇ ਸਨ॥

**ਛੁਤੇ ਦਰਸ਼ਣ**, ਪੁ:—ਬੈਰਾਗੀ ਦੇ ਸਿੱਖਾਂ ਦੇ ਇੱਕ ਦੂਜੇ ਨੂੰ ਮਿਲਨ ਵੇਲੇ ਆਖਣ ਵਾਲੇ ਬਚਨ॥

**ਦਰਸ਼ਣੀ, ਦਰਸਣੀਆ, ਦਰਸਨੀਕ**, ਵਿ: ਦੇਖਣ ਦੇ ਲਾਇਕ, ਸੋਹਣਾ, ਸੁੰਦਰ (ਜੁਆਨ)।

**ਦਰਸ਼ਣੀ ਹੁੰਡੀ**, ਸ:—ਜਿਸ ਹੁੰਡੀ ਨੂੰ ਵਿਖਾਉਂਦੇ ਸਾਰ ਰੁਪਯਾ ਮਿਲੇ॥

**ਦਰਸ਼ਣੀ ਦਰਵਾਜ਼ਾ**, ਪੁ:—ਅੰਮ੍ਰਿਤਸਰ ਗੁਰੂ ਕੇ ਬਜ਼ਾਰ ਦਾ ਦਰਵਾਜ਼ਾ॥

Digitized by Panjab Digital Library | www.panjabdigilib.org

**ਦਰਸ਼ਨੀ ਡੇਉੜ੍ਹੀ,** ਸਃ ਮੰਦਰ ਦਾ ਬਾਹਰਲਾ ਬੂਹਾ ।

**ਦਰਕ,** ਪੁਃ—ਸਮਝ, ਵਿਚਾਰ, ਗਿਆਨ, ਦਖਲ (ਦੇਣਾ)॥

**ਦਰਕਣਾ,** ਕ੍ਰਿਃ—ਪਾਟਣਾ, ਤ੍ਰੇੜ ਆਉਣੀ, ਜ਼ਖਮ ਲੱਗਣੇ ॥

**ਦਰਕਾਰ,** ਵਿਃ—ਲੋੜੀਦਾ, ਜ਼ਰੂਰੀ । ਸਃ ਲੋੜ ।

**ਦਰਖ਼ਤ,** ਪੁਃ—ਰੁੱਖ, ਵੱਡਾ ਬੂਟਾ, ਬਿਰਛ ॥

**ਦਰਖਾਸਤ,** ਸਃ—ਅਰਜ਼ੀ, ਅਰਦਾਸ ।

**ਦਰਗਹ, ਦਰਗਾਹ,** ਸਃ—ਕਚਹਿਰੀ, ਬਾਦਸ਼ਾਹ ਦੀ ਹਜ਼ੂਰੀ, ਕਿਸੇ ਮੁਸਲਮਾਨ ਫ਼ਕੀਰ ਦੀ ਥਾਂ ॥

**ਦਰਜ,** ਸਃ—ਸੀਉਣ, ਵਿੱਥ, ਤ੍ਰੇੜ ॥

ਵਿਃ—ਲਿਖਿਆ ਹੋਯਾ, ਕਿਤਾਬ ਵਿੱਚ ਚੜ੍ਹਿਆ ਹੋਯਾ (ਕਰਨਾ) ॥

**ਦਰਜਣ,** ਸਃ—ਦਰਜ਼ੀ ਦੀ ਤ੍ਰੀਮਤ, ਕਪੜੇ ਸੀਉਣ ਵਾਲੀ, ੧੨ ਚੀਜ਼ਾਂ ॥

**ਦਰਜਾ,** ਪੁਃ ਪਦਵੀ, ਹੁੱਦਾ, ਜਗ੍ਹਾ, ਹਿੱਸਾ ॥

**ਦਰਜ਼ੀ,** ਪੁਃ—ਜਿਸਦਾ ਕੰਮ ਕਪੜੇ ਸੀਉਣਾ ਹੈ ।

**ਦਰਜ਼ੀਗਰੀ,** ਸਃ—ਦਰਜ਼ੀ ਦਾ ਕੰਮ ॥

**ਦਰਦ,** ਸਃ—ਪੀੜ, ਦੁਖ, ਤਰਸ, ਹਿਤ ।

**ਦਰਦਬੰਦ (ਵੰਦ), ਦਰਦ ਮੰਦ,** ਵਿਃ ਜਿਸਨੂੰ ਤਰਸ ਹੋ ॥

**ਦਰਦਣ,** ਸਃ **ਦਰਦੀ,** ਪੁਃ ਜੋ ਤਰਸ ਕਰੇ, ਦਰਦ ਵਾਲਾ (ਲੀ)।

**ਦਰਦਰਾ,** ਵਿਃ—ਮੋਟਾ, ਅੱਧਾ ਪੀਠਾ ਹੋਯਾ (ਆਟਾ)।

**ਦਰਪਣ,** ਪੁਃ—ਸ਼ੀਸ਼ਾ ਮੂੰਹ ਵੇਖਣ ਵਾਲਾ ।

**ਦਰਬ,** ਪੁਃ—ਧਨ, ਦੌਲਤ, ਰੁਪਯਾ ।

**ਦਰਬਾਨ,** ਪੁਃ—ਦਰਵਾਜ਼ੇ ਉੱਤੇ ਬੈਠਣ ਵਾਲਾ ਨੌਕਰ ॥

**ਦਰਬਾਨਣੀ,** ਸਃ ਦਰਬਾਨ ਦੀ ਤ੍ਰੀਮਤ, ਦਰਵਾਜ਼ੇ ਉੱਤੇ ਬਹਿਣ ਦੀ ਨੌਕਰੀ ਕਰਨ ਵਾਲੀ ॥

**ਦਰਬਾਰ,** ਪੁਃ—ਕਚਹਿਰੀ, ਦਰਗਾਹ, ਰਾਜੇ ਦੀ ਸਭਾ, ਅਮੀਰਾਂ ਰਈਸਾਂ ਦਾ ਕੱਠ (ਕਰਨਾ)॥

**ਦਰਬਾਰ, ਦਰਬਾਰ ਸਾਹਿਬ,** ਪੁਃ—ਅੰਮ੍ਰਿਤਸਰ ਜੋ ਸਿਖਾਂ ਦਾ ਮੰਦਰ ਹੈ, ਹੋਰ ਸਿਖ ਮੰਦਰ, ਗੁਰੂ ਗ੍ਰੰਥ ਸਾਹਿਬ॥

**ਦਰਬਾਰੀ,** ਵਿਃ, ਪੁਃ—ਦਰਬਾਰ ਦਾ, ਦਰਬਾਰ ਵਿੱਚ ਬੈਠਣ ਵਾਲਾ, ਜਿਸਨੂੰ ਦਰਬਾਰ ਵਿੱਚ ਜਾਣ ਦਾ ਹੱਕ ਹੈ, ਕੁਰਸੀ ਨਸ਼ੀਨ ॥

**ਦਰਬੀ,** ਪੁਃ—ਧਨ ਵਾਲਾ, ਬਖ਼ਤਾਵਰ।

**ਦਰਮਾਹਾ, ਦਰਮਾਹਾ,** ਪੁਃ—ਮਹੀਨੇ ਪਿਛੋਂ ਮਿਲਣ ਵਾਲੀ ਤ[illegible] ॥

**ਦਰਵੱਜਾ, ਦਰਵਾਜ਼ਾ,** ਪੁਃ—ਬੂਹਾ, ਭਿੱਤ, ਕਵਾੜ, ਵੱਡੇ ਤਾਕ॥

**ਦਰਵਾਜ਼ਾ ਉਚੇੜ ਸੁੱਟਣਾ, ਦਰਵਾਜ਼ਾ ਉਚੇੜ ਕੱਢਣਾ,** ਕ੍ਰਿਃ ਬਹੁਤੇ ਫੇਰੇ ਪਾਉਣੇ ।

**ਦਰਵਾਜ਼ਾ ਮਾਰਨਾ,** ਕ੍ਰਿਃ ਬੂਹੇ ਬੰਦ ਕਰਨਾ॥

**ਦਰਵਾਰੀ,** ਪੁਃ—'ਦਰਬਾਰੀ' ਵੇਖੋ ॥

Digitized by Panjab Digital Library | www.panjabdigilib.org

**ਦਰਵੇਸ਼,** ਪੁ:—ਮੁਸਲਮਾਨ ਫਕੀਰ, ਸਾਂਈਂ, ਮੰਗਤਾ॥

**ਦਰੜ**
**ਦਰੜਾ** } ਪੁ:—ਮੋਟਾ ਪੀਠਾ ਹੋਇਆ ਅਨਾਜ ਜਾਂ ਦੂਆ॥

**ਦਰੜ ਫਰੜ**
**ਦਰੜਾ ਫਰੜਾ** } ਪੁ:—ਦਰੜ, ਬੇ ਪਰਵਾਹੀ ਨਾਲ ਕੀਤਾ ਹੋਇਆ ਕੰਮ ॥

**ਦਰੜਨਾ,** ਕ੍ਰਿ:—ਮੋਟਾ ਪੀਹਣਾ, ਵੱਸ ਕਰਨਾ, ਦਲਣਾ ॥

**ਦਰਾ,** ਪੁ:—ਰਾਹ, ਪਹਾੜਾਂ ਦੇ ਵਿਚਲਾ ਰਸਤਾ ॥

**ਦਰਾਇਸ**
**ਦਰਾਸ** } ਸ:—ਸਾਹਸ, ਜ਼ੋਰ, ਚਾਹ, ਇੱਛਿਆ॥

**ਦਰਾਜ,** ਪੁ:—ਮੇਜ਼ ਦਾ ਖਾਨਾ, ਇੱਕ ਚੌੜਾ ਪਜਾਮਾ ॥

**ਦਰਾਟੀ,** ਸ:—ਦਾਤ੍ਰੀ ।

**ਦਰਾਣੀ,** ਸ: —ਦੇਉਰ ਦੀ ਵਹੁਟੀ ॥

**ਦਰਾਤੀ,** ਸ:—ਦਾਤੀ, ਦਾਤ੍ਰੀ ॥

**ਦਰਾਬੀ,** ਸ:—ਮੋਤੀ ਆਦਿਕ ਤੋਲਨ ਵਾਲੀ ਕੰਡੀ, ਇੱਕ ਲਕੜੀ ਜਿਸ ਤੋਂ ਰਾਜਾਂ ਦਾ ਸਾਹਲ ਲਟਕਦਾ ਹੈ ॥

ਪੁ:—ਘੋੜਿਆਂ ਦਾ ਨੌਕਰ ॥

**ਦਰਾਰ,** ਪੁ:—ਤ੍ਰੇੜ, ਵਿੱਥ, ਦਰਜ਼ ॥

**ਦਰਿਆ**
**ਦਰਿਆਉ**
**ਦਰਿਆਇ** } ਪੁ:—ਨਦੀ, ਨਾਲਾ, ਧਰਤੀ ਉੱਤੇ ਬਹੁਤ ਸਾਰਾ ਵਗਣ ਵਾਲਾ ਪਾਣੀ, ਬਹੁਤ ਇਲਮ ਵਾਲਾ ॥

**ਦਰਿਆ ਬੁਰਦ,** ਪੁ:—ਜੋ ਜ਼ਮੀਨ ਦਰਿਆ ਰੁੜ੍ਹਾ ਲੈ ਜਾਏ ॥

**ਦਰਿਆਈ,** ਵਿ:—ਦਰਿਆ ਜਾਂ ਸਮੁੰਦਰ ਦਾ ॥

ਸ:—ਇੱਕ ਤਰਾਂ ਦਾ ਰੇਸ਼ਮੀ ਕਪੜਾ ॥

**ਦਰਿਆਫਤ,** ਪੁ—ਪੁੱਛ ਗਿੱਛ, ਪਛਾਣ, ਪਤਾ (ਕਰਨਾ) ॥

**ਦਰਿਸ਼ਟ,** ਸ:—ਨਜ਼ਰ, ਨਿਗਾਹ, ਵੇਖਣਾ ॥

**ਦਰਿਸ਼ਟ ਕੂਟ**
**ਦਰਿਸ਼ਟ ਕੂਟ** } ਪੁ:—ਬੁਝਾਰਤ, ਔਖਾ ਪ੍ਰਸ਼ਨ ॥

**ਦਰਿਸ਼ਟਾਂਤ,** ਪੁ:—ਮਸਾਲ, ਨਮੂਨਾ, ਉਪਮਾ ॥

**ਦਰਿੱਦਰ,** ਪੁ:
**ਦਰਿੱਦਰਤਾਈ,** ਸ: } ਗਰੀਬੀ, ਤੰਗਦਸਤੀ ।

**ਦਰਿਦੱਰਣ,** ਸ:
**ਦਰਿੱਦਰੀ,** ਪੁ: } ਗਰੀਬ ਜਿਸ ਦਾ ਹਥ ਤੰਗ ਹੈ ।

**ਦਰਿੜ੍ਹ**
**ਦਰਿੜ੍ਹਤਾ** } ਸ:—ਦਿਲ ਦੀ ਪਕਿਆਈ, ਹੌਸਲਾ, ਤਾਕਤ

**ਦਰੀ,** ਸ:—ਇੱਕ ਵਿਛਾਉਣ ਵਾਲਾ ਮੋਟਾ ਕਪੜਾ ॥

ਵਿ:—ਦਰਾਂ ਜਾਂ ਦਰਵਾਜ਼ਿਆਂ ਵਾਲਾ ( ਬਾਰਾਂ ਦਰੀ ) ।

**ਦਰੀਜਣਾ,** ਪੁ:—ਮੋਤੀਆਂ ਦਾ ਇੱਕ ਭੇਦ ॥

**ਦਰੀਦਾਈ,** ਸ:—ਦਾਈ ਜਿਸ ਦਾ ਕੰਮ ਬਾਲ ਜਮਾਉਣਾ ਹੈ ॥

**ਦਰੁਸਤ,** ਵਿ:—ਠੀਕ, ਸੱਚਾ, ਮੁਨਾਸਬ, ਸਹੀ, ਪੂਰਾ ॥

**ਦਰੁਸਤੀ,** ਪੁ:—ਠੀਕ ਹੋਣਾ, ਸਫਾਈ, ਜੁਗਤ, ਸੁਆਰਨ ਦਾ ਕੰਮ ॥

Digitized by Panjab Digital Library | www.panjabdigilib.org

**ਦਰੂਦ,** ਪੁ:—ਮੁਹੰਮਦ ਸਾਹਿਬ ਦੀ ਵਡਿਆਈ, ਬਰਕਤਾ

**ਦਰੂਦ ਪੜ੍ਹਣਾ,** ਕ੍ਰਿ:—ਵਡਿਆਈ ਕਰਨਾ, ਧੰਨ ਧੰਨ ਕਹਿਣਾ ॥

**ਦਰੂਦ ਫ਼ਾਤਿਆ,** ਪੁ:—ਮੁਰਦੇ ਦੇ ਵਾਸਤੇ ਜੋ ਦੁਆ ਕੀਤੀ ਜਾਵੇ ।

**ਦਰੇਸ,** ਪੁ:—ਇੱਕ ਕਪੜਾ ॥
ਵਿ:—ਸਿੱਧਾ, ਠੀਕ ।

**ਦਰਸ਼ੀ ਕਰਨਾ,** ਕ੍ਰਿ:—(ਸੜਕ ਜਾਂ ਨੈਹਰ ਦੀ ਪਟੜੀ ਦੀ) ਸਿਧਾਈ ਕਰਨਾ ॥

**ਦਰੇਕ,** ਸ:—ਇੱਕ ਰੁੱਖ

**ਦਰੇੜ,** ਸ:—ਦਬਾਉ, ਦਰੇੜੇ ਜਾਣ ਦੀ ਹਾਲਤ, ਰਗੜ (ਹੇਠ ਆਉਣਾ) ।

**ਦਰੇੜਨਾ,** ਕ੍ਰਿ:—ਦਬਾਉਣਾ, ਪੀਹਣਾ, ਰਗੜਾਉਣਾ ॥

**ਦਰੇੜਾ,** ਪੁ:—ਬਹੁਤ ਜ਼ੋਰ ਦਾ ਮੀਂਹ ॥

**ਦਰੋਈ, ਦਰੋਹੀ** } ਸ: 'ਦੁਹਾਈ' ਦੇਖੋ ।

**ਦਰੋਗਾ,** ਪੁ:—ਦਫ਼ਤਰ ਦਾ ਵੱਡਾ ਅਫ਼ਸਰ, ਜੋ ਕੰਮ ਦੀ ਦੇਖ ਭਾਲ ਕਰੇ ॥

**ਦਰੌਦਾ,** ਪੁ:—ਛੋਲੇ ਪੱਤਰ ਦੀ ਛਿੱਲ ।

**ਦਲ,** ਪ:—ਫ਼ੌਜ, ਲਕਾਂ ਦੀ ਭੀੜ, ਟੋਲ੍ਹਾ ॥

**ਦਲ ਸੁੱਟਣਾ,** ਕ੍ਰਿ:—'ਦਲ ਮਲ ਸੁੱਟਣਾ' ਵੇਖੋ ॥

**ਦੁਲਦਲ,** ਸ:—ਚਿਕੜ, ਖੋਭਾ ।

**ਦਲ ਬਾਦਲ,** ਪੁ:—ਕਾਲੀ ਘਟਾ, ਬੜੀ ਭਾਰੀ ਫ਼ੌਜ ॥

**ਦਲ ਮਲ,** ਪੁ:—ਤੋੜਨ, ਮਲਣ ਜਾਂ ਪੀਹਣ ਦਾ ਕੰਮ ॥

**ਦਲ ਮਲ ਸੁੱਟਣਾ,** ਕ੍ਰਿ:—ਪੈਰਾਂ ਨਾਲ ਮਲ ਕੇ ਭੰਨਣਾ ॥

**ਦਲਨਾ,** ਕ੍ਰਿ:—ਮੋਟਾ ਪੀਹਣਾ, ਚੱਕੀ ਵਿਚ ਪੀਹ ਕੇ ਤੋੜਨਾ ॥

**ਦਲਬਾ, ਦਲਵਾ** } ਪੁ:—ਬਿੱਲੀ, ਧੋਖਾ, ਛਲ (ਦੇਣਾ) ॥

**ਦਲਵਾਉਣਾ,** ਕ੍ਰਿ:—ਦਲਣ ਦਾ ਕੰਮ ਕਰਾਉਣਾ।

**ਦਲਵਾਈ,** ਸ:—ਅਨਾਜ ਦਲਾਉਣ ਦਾ ਕੰਮ ਜਾਂ ਮਜੂਰੀ ॥

**ਦਲਵੈਯਾ,** ਪੁ:—ਦਿਲਵਯਾ, ਦੇਣ ਵਾਲਾ ॥

**ਦਲਾ,** ਪੁ:—'ਦਲਾ' ਵੇਖ ॥

**ਦੱਲਾ,** ਪੁ:—ਦਲਾਲ, ਵਿਚੋਲਾ (ਹਿੰਦਾ ਵਾਚਕ)॥

**ਦਲਾਉਣਾ,** ਕ੍ਰਿ:—ਦਲਵਾਉਣਾ, ਦੁਆਉਣਾ ॥

**ਦਲਾਈ,** ਸ:—'ਦਲਵਾਈ' ਵੇਖੋ ॥

**ਦਲਾਸਾ,** ਪ:—ਤਸੱਲੀ, ਹੌਸਲਾ (ਦੇਣਾ) ॥

**ਦਲਾਨ,** ਪੁ:—ਵੱਡਾ ਕਮਰਾ, ਖੁੱਲ੍ਹਾ ਅੰਦਰ ।

**ਦਲਾਲ,** ਪੁ:—ਜਿਸ ਦੀ ਰਾਹੀਂ ਸੌਦਾ ਹੋਵੇ, ਵਿਚੋਲਾ ॥

**ਦਲਾਲਗੀ, ਦਲਾਲੀ** } ਸ:—ਦਲਾਲ ਦਾ ਕੰਮ ਜਾਂ ਮਿਹਨਤਾਨਾ, ਦਸਤੂਰੀ ।

Digitized by Panjab Digital Library | www.panjabdigilib.org

**ਦਲਿੱਦਰ,** ਪੁ:
**ਦਲਿੱਦਰਤਾਈ,** ਸ: } ਗਰੀਬੀ, ਆਲਸ ਕੁੜ।

**ਦਲਿੱਦਰਣ,** ਸ:
**ਦਲਿੱਦਰੀ,** ਪੁ: } ਗਰੀਬ, ਤੰਗ, ਸੁਸਤ।

**ਦਲੀਆ**
**ਦਲੀਯਾ** } ਪੁ:—ਦਲਿਆ ਹੋਇਆ ਅਨਾਜ।

**ਦਲੀਜ,** ਸ:—ਦਰਵਾਜ਼ੇ ਦੀ ਚੁਗਾਠ ਦੀ ਹੇਠਲੀ ਲੱਕੜ, ਸਰਦਲ।

**ਦਲੀਮਲੀ ਕਰਨਾ,** ਕ੍ਰਿ:—ਫਿਹਣਾ ਅਤੇ ਰਗੜਨਾ

**ਦਲੀਲ,** ਸ:—ਸਬੂਤ, ਯੁਕਤੀ (ਦੇਣਾ, ਲਾਉਣਾ) ਪ੍ਰੇਮ, ਹਿਤ, ਖਿਆਲ, ਅਕਲ, ਇੱਛਿਆ (ਕਰਨਾ)।

**ਦਲੇਰ,** ਵਿ:—ਹੌਸਲੇ ਵਾਲਾ, ਬਹਾਦਰ, ਸਖੀ।

**ਦਲੇਰੀ,** ਸ:—ਬਹਾਦਰੀ, ਹਿੰਮਤ, ਸਖਾਵਤ।

**ਦਲੇਲ,** ਵਿ:—ਦਲੇਰ। ਸ:—ਸਿਪਾਹੀਆਂ ਨੂੰ ਜੋ ਕਵਾਇਦ ਦੀ ਸਜ਼ਾ ਦਿੱਤੀ ਜਾਵੇ (ਬੋਲਣਾ)।

**ਦਲੇਲੀ,** ਸ:—'ਦਲੇਰੀ' ਵੇਖੋ।

**ਦਵਾ,** ਸ:—ਰੋਗ ਹਟਾਉਣ ਵਾਲੀ ਚੀਜ਼, ਔਖਧ।

**ਦਵਾ ਦਰਮਲ**
**ਦਵਾ ਦਾਰੂ** } ਪੁ:—ਦਵਾ, ਇਲਾਜ (ਕਰਨਾ)।

**ਦਵਾ ਲੱਗਣੀ,** ਕ੍ਰਿ:—ਦਵਾ ਦਾ ਅਸਰ ਹੋਣਾ।

**ਦਵਾਇਣ,** ਸ:—'ਅਦਵਾਇਣ' ਵੇਖੋ।

**ਦਵਾਇਤ,** ਸ:—ਸਿਆਹੀ ਪਾ ਕੇ ਲਿਖਣ ਵਾਲੀ ਕੁੱਜੀ।

**ਦਵਾਈ,** ਸ:—'ਦਵਾ' ਵੇਖੋ (ਦਵਾਈ ਮੁਬਾਰਕ, ਸ:—ਇਕ ਬੂਟੀ)।

**ਦਵਾਖੜੀ**
**ਦਵਾਖੀ** } ਸ: ਲਕੜੀ ਦਾ ਸ਼ਮਾਦਾਨ, ਦੀਉਟ

**ਦਵਾਨ,** ਪੁ:—'ਦੀਵਾਨ' ਵੇਖੋ।

**ਦਵਾਨਾ,** ਵਿ:—ਕਮਲਾ, ਪਾਗਲ, ਬੇ ਪਰਵਾਹ।

**ਦਵਾਤ,** ਸ:—'ਦਵਾਇਤ' ਵੇਖੋ।

**ਦਵਾਤ੍ਸੀ**
**ਦਵਾਦਸੀ** } ਸ:—ਬਾਰ੍ਹਵੀਂ ਥਿਤ।

**ਦਵਾਪਰ,** ਪੁ:—ਤੀਸਰਾ ਜੁਗ (ਕਲਜੁਗ ਤੋਂ ਪਹਿਲਾ)।

**ਦਵਾਰੀ,** ਸ:—ਬੂਹੇ ਦੀ ਚੁਗਾਠ।

**ਦਵਾਲ,** ਸ:—ਕੰਧ। ਵਿ:—ਦੇਣ ਵਾਲਾ।

**ਦਵਾਲਗੀਰ,** ਪੁ:—ਕੰਧ ਤੇ ਲਾਉਣ ਵਾਲਾ ਲੈਂਪ, ਕੰਧ ਨੂੰ ਮੜ੍ਹਨ ਵਾਲਾ ਕਪੜਾ, ਕੰਧ ਦਾ ਢਚਾਉ ਜਿਸ ਪੁਰ ਕੋਈ ਸ਼ੈ ਰਖੀ ਜਾਵੇ।

**ਦਵਾਲਾ,** ਪੁ:—ਉਧਾਰ ਨਾ ਲਾਹ ਸਕਣ ਦੀ ਹਾਲਤ, ਗਰੀਬੀ, ਵਪਾਰ ਵਿੱਚ ਘਾਟਾ, ਘੋਰ।

**ਦਵਾਲਾ ਨਿਕਲ ਜਾਣਾ**
**ਦਵਾਲਾ ਨਿਕਲਣਾ** } ਕ੍ਰਿ:—ਅਦਾਲਤ ਵੱਲੋਂ ਇਹ ਫੈਸਲਾ ਹੋਣਾ ਕਿ ਫਲਾਣਾ ਮਨੁਖ ਆਪਣਾ ਉਧਾਰ ਨਹੀਂ ਲਾਹ ਸਕਦਾ।

**ਦਵਾਲੇ ਹੋਣਾ,** ਕ੍ਰਿ:—ਮਗਰ ਪੈਣਾ, ਪਿੱਛਾ ਕਰਨਾ।

Digitized by Panjab Digital Library | www.panjabdigilib.org

**ਦਵਾਲੀ,** ਸ:—ਤਸਮਾ, ਪੇਟੀ, ਦੀਪ ਮਾਲਾ ਦਾ ਤਿਹਾਰ ॥

**ਦਵਾਲੀਆ (ਯਾ),** ਪੁ:—ਜਿਸ ਦਾ ਦਵਾਲਾ ਨਿਕਲੇ ॥

**ਦਵੈਤ,** ਸ:—ਦਵਾਇਤ, ਦੁਜਾਇਗੀ

**ਦਵੇਲੀਆਂ,** ਪੁ:—ਇੱਕ ਮੋਟਾ ਘਾਹ ਜੋ ਮਹੀਆਂ ਚਾਹ ਕੇ ਖਾਂਦੀਆਂ ਹਨ।

**ਦੜ,** ਸ:—ਧਰਤੀ ਉੱਤੇ ਕੁਝ ਜ਼ੋਰ ਨਾਲ ਡਿਗਣ ਦੀ ਅਵਾਜ਼, ਚੁੱਪ ( ਮਾਰਨੀ, ਵੱਟਣੀ )।

**ਦੜ ਜ਼ਮੀਣ ਤੇ ਜਾ ਪੈਣਾ;** ਕ੍ਰਿ:—ਧਰਤੀ ਉੱਤੇ ਸਿੱਧਾ ਡਿਗ ਪੈਣਾ ॥

**ਦੜਉ,** ਪੁ:—ਇੱਕ ਤਰਾਂ ਦਾ ਅਨਾਜ ਜਿਸ ਦਾ ਆਟਾ ਹਿੰਦੂ ਵਰਤ ਵਾਲੇ ਦਿਨ ਖਾਂਦੇ ਹਨ ॥

**ਦੜਕਣਾ,** ਕ੍ਰਿ:—ਸਹਿਮ ਜਾਣਾ, ਡਰ ਕੇ ਬਹਿ ਜਾਣਾ ॥

**ਦੜਕਾਉਣਾ,** ਕ੍ਰਿ:—ਡਰਾਉਣਾ, ਦਬਕਾਉਣਾ ॥

**ਦੜੱਕਾ,** ਪੁ:—ਸਹਿਮ, ਡਰ, ਦਬਕਾ ॥

**ਦੜੱਕਾ ਮਾਰਨਾ,** ਕ੍ਰਿ:—ਡਰਾਉਣਾ, ਧਮਕਾਉਣਾ।

**ਦੜਨਾ,** ਕ੍ਰਿ:—ਡਰ ਕੇ ਦੁਬਕ ਜਾਣਾ ( ਤੇ ਦੂਆ ਵਾਥਰ ) ॥

**ਦੜੱਬ,** ਪੁ:—ਧਰਤੀ ਉੱਤੇ ਕੁਝ ਡਿਗਣ ਦੀ ਅਵਾਜ਼ ॥

**ਦੜੱਬ ਕਰਕੇ ਡਿੱਗਣਾ,** ਕ੍ਰਿ:—ਸਿੱਧੇ ਜਾ ਪੈਣਾ ॥

**ਦੜਬੜ,** ਪੁ:—ਰਿਲੀ ਸੁਕੀ ਖੁਰਾਕ ਮਿਲੀ ਹੋਈ, ਇੱਕ ਮਠਿਆਈ ॥

**ਦੜਬਾ**
**[illegible]** } ਪੁ:—ਕਬੂਤਰਾਂ ਜਾਂ ਕੁੱਕੜਾਂ ਦਾ ਘਰ ॥

**ਦੜੱਮ,** ਪੁ:—'ਦੜੱਬ' ਵੇਖੋ।

**ਦੜੱਲਾ,** ਪੁ:—ਜ਼ੋਰ ਦਾ ਮੀਂਹ, ਖੁੱਲ੍ਹੇ ਜੀ ਨਾਲ ਧਨ ਦੇਣਾ, ਧੜੱਲਾ ॥

**ਦੜਾ,** ਪੁ:—ਅਹਿਮਦ ਸ਼ਾਹੀ ਰੁਪਯਾ, ਛਿਪਾਉ, ਰੁਟਕਲ, ਰੁੱਖ ਤੋਂ ਲਥੇ ਹੋਏ ਸੱਜਰੇ ਪੱਕੇ ਅੰਬ ॥

**ਦੜਾ ਮਾਰਨਾ,** ਪੁ:—ਛਿਪ ਜਾਣਾ, ਟਿਕ ਜਾਣਾ ( ਵੱਹਲੀ ਦਾ ) ॥

**ਦੜਾਉਣਾ,** ਕ੍ਰਿ:—ਛਿਪਾਉਣਾ, ਦਬਕਣਾ

**ਦੜੂਤ**
**ਦੜੂਤ** } ਪੁ:—ਦੇਉਰ ਦਾ ਪੁਤ੍ਰ ॥

**ਦੜੂਹ,** ਪੁ:—'ਦੜੱਬ' ਵੇਖੋ ॥

**ਦੜੋਨਾ,** ਪੁ:—ਖੱਟਾ ਅਨਾਰ ॥

**ਦਾ,** ਅਵ:—ਸੰਬੰਧ ਵਾਚਕ ਪਦ।

ਕ੍ਰਿ:—ਹੋਇਆ (ਗਿਆ ਦਾ ਅਾਦਿਕ) ॥

ਪੁ:—ਪਾਸਾ, ਤਰਫ, ਮੌਕਾ, ਵਾਰੀ (ਦੇਣਾ), ਛਲ ਬਹਾਨਾ, ਚਲਾਕ, ਕੁਸ਼ਤੀ ਵਿੱਚ ਧੋਖਾ ਦੇਣਾ ( ਕਰਨਾ ) ਘਾਤ, ਜੂਏ ਦੀ ਜਿੱਤ (ਆਉਣਾ), ਪਾਸਾ ॥

**ਦਾ ਖਾਣਾ,** ਕ੍ਰਿ:—ਧੋਖਾ ਖਾਣਾ, ਛਲਿਆ ਜਾਣਾ ॥

Digitized by Panjab Digital Library | www.panjabdigilib.org

**ਦਾ ਤੇ ਚੜ੍ਹਾਉਣਾ,** ਕ੍ਰਿ:—ਵੱਸ ਕਰਨਾ, ਕਾਬੂ ਕਰਨਾ ॥

**ਦਾ ਪੈਣਾ,** ਕ੍ਰਿ:—ਪਾਸਾ ਸੁੱਟਿਆ ਜਾਣਾ, ਧੋਖਾ ਖਾਣਾ ॥

**ਦਾ ਲੱਗਣਾ,** ਕ੍ਰਿ:—ਮੌਕਾ ਮਿਲਣਾ ॥

**ਦਾ ਲਗਾਉਣਾ,** ਕ੍ਰਿ:—ਸ਼ਰਤ ਲਾਉਣੀ ॥

**ਦਾ ਲੈਣਾ,** ਕ੍ਰਿ:—ਆਪਣੀ ਵਾਰੀ ਲੈਣੀ, ਮੌਕੇ ਤੇ ਕੰਮ ਕਰ ਲੈਣਾ ।

**ਦਾਉ,** ਪੁ:—ਪਾਸਾ, ਤਰਕ, ਘਾਤ, ਛਲ, ਫ਼ਰੇਬ (ਮਾਰਨਾ) ॥

**ਦਾਉ ਘਾਉ**
**ਦਾਉ ਘਾਤ** } ਪੁ:—ਇਕ ਖੇਡ, ਵੈਰੀ ਦੀ ਤਾੜ।

**ਦਾਉਣ,** ਸ:—ਅਦੁਆਇਣ, ਪਰਾਲ਼ ਦੀ ਲੱਛੀ, ਚੋਗੇ ਦਾ ਲੜ, ਘੋੜੇ ਦੇ ਪੈਰਾਂ ਦਾ ਰੱਸਾ, ਮੰਜੇ ਨੂੰ ਕੱਸਣ ਵਾਲੀ ਰੱਸੀ।

**ਦਾਉਣ ਲੱਗਣਾ,** ਕ੍ਰਿ:—ਲੜ ਫੜਨਾ, ਆਸਰਾ ਭਾਲਣਾ ।

**ਦਾਉਣਾ,** ਕ੍ਰਿ:—ਘੋੜੇ ਜਾਂ ਖੋਤੇ ਦੇ ਪੈਰਾਂ ਨੂੰ ਰੱਸਾ ਪਾਉਣਾ ॥

**ਦਾਉਣੀ,** ਸ:—ਕੁੜੀਆਂ ਦੇ ਮੱਥੇ ਦਾ ਇੱਕ ਗਹਿਣਾ ਸੋਨੇ ਦਾ, ਬਿੰਦੀਆਂ ਵਾਲਾ ਕਪੜਾ, ਮਰਦੇ ਦੇ ਸਰਬਧੀਆ ਦਾ ਰੱਖਿਆ ਹੋਯਾ ਖੱਫਣ ਦਾ ਟੋਟਾ ॥

**ਦਾਉਤ,** ਪੁ:—ਜ਼ਿਆਫ਼ਤ (ਕਰਨਾ, ਦੇਣਾ) ॥

**ਦਾਉਤੀ,** ਵਿ:—ਦਾਉਤ ਤੇ ਬੁਲਾਯਾ ਹੋਯਾ ॥

**ਦਾਉਲਾ,** ਪੁ:—'ਡਾਉਲਾ' ਵੇਖੋ।

**ਦਾਊਦੀ,** ਪੁ:, ਸ:—'ਦਊਦੀ' ਵੇਖੋ ॥

**ਦਾਇਕ,** ਪੁ:, ਸ:—ਦੇਣ ਵਾਲਾ (ਲੀ)

**ਦਾਇਮ,** ਕ੍ਰਿ:, ਵਿ:—ਸਦਾ, ਹਮੇਸ਼ਾਂ, ਨਿੱਤ ॥

**ਦਾਇਰਾ,** ਪੁ:—ਮੁਸਲਮਾਨ ਫ਼ਕੀਰਾਂ ਦੀ ਥਾਂ ।

**ਦਾਈ,** ਸ:, ਪੁ:—ਬਾਲ ਜਨਾਉਣ ਜਾਂ ਪਾਲਣ ਵਾਲੀ, ਟਹਿਲਣ, ਨਵੀਂ ਵਿਆਹੀ ਵਹੁਟੀ ਦੇ ਨਾਲ ਜਾਣ ਵਾਲੀ ਤ੍ਰੀਮਤ। ਖੇਡਣ ਵਿੱਚ ਜਿਸ ਦੇ ਪਾਸ ਬਾਲ ਕੱਠੇ ਹੋਣ, ਦਾ ਲਾਉਣ ਵਾਲਾ, ਦੇਣ ਵਾਲਾ ॥

ਵਿ:—ਜਿਸ ਨੂੰ ਦਾ ਆਉਂਦੇ ਹਨ, ਛਲੀਆ॥

**ਦਾਈ ਬੰਨ੍ਹਣਾ,** ਕ੍ਰਿ:—ਪੱਕੀ ਸਲਾਹ ਕਰਨਾ, ਠਾਨਣਾ ॥

**ਦਾਈਆ,** ਪੁ:—ਚਾਹ, ਮਰਜੀ, ਇੱਛਿਆ, ਪੱਕੀ ਸਲਾਹ (ਬੰਨ੍ਹਣਾ) ॥

**ਦਾਈਂ ਦਾਈਂ,** ਕ੍ਰਿ: ਵਿ:—ਕਿਸੇ ਨਾ ਕਿਸੇ ਬਹਾਨੇ

**ਦਾਸ,** ਪੁ:—ਨੌਕਰ, ਗੁਲਾਮ, ਅਧੀਨ, ਚੇਲਾ, ਸੇਵਕ ॥

**ਦਾਸਾ,** ਪੁ:—ਵੱਛ ਦਾ ਗੱਦਾ, ਪੌੜੀ ਦੀ ਅਗਲੀ ਲਕੜੀ ॥

**ਦਾਸੀ,** ਸ:—ਟਹਿਲਣ, ਗੋਲੀ (ਚਰਨ ਦਾਸੀ, ਸ:—ਲੌਂਡੀ) ॥

**ਦਾਹ,** ਪੁ:—ਲਾਟ, ਬਾਬੜ, ਅੱਗ, ਜੋਸ਼, ਪੀੜ ਦੁਖ, ਗਮ (ਲੱਗਣਾ, ਲਾਉਣਾ) ।

**ਦਾਹ ਦੇਣਾ,** ਕ੍ਰਿ:—ਚਿਤਾ ਨੂੰ ਅੱਗ ਲਾਉਣੀ, ਦੁਖ ਦਾ ਕਾਰਣ ਹੋਣਾ ॥

Digitized by Panjab Digital Library | www.panjabdigilib.org

**ਦਾਹਜ,** ਸਃ—ਤਾਪ ਵਿੱਚ ਜੋ ਭਾਰੀ ਤ੍ਰੇਹ ਲਗਦੀ ਹੈ ॥

**ਦਾਹੜ,** ਸਃ—ਪਿਛਲਾ ਚੱਬਣ ਵਾਲਾ ਦੰਦ ॥

**ਦਾਹੜਨਾ,** ਕ੍ਰਿਃ—ਪਿਛਲੇ ਦੰਦਾਂ ਨਾਲ ਚੱਬਣਾ ।

**ਦਾਹੜਾ,** ਪੁਃ ਠੋਡੀ ਉੱਪਰ ਉੱਗੇ ਹੋਏ ਲੰਮੇ ਵਾਲ, ਸਿੱਖਾਂ ਦੀ ਦਾਹੜੀ ॥

**ਦਾਹੜੀ,** ਸਃ—ਛੋਟਾ ਦਾਹੜਾ, ਬੋਹੜ ਦੀਆਂ ਲਮਕਣ ਵਾਲੀਆਂ ਜੜ੍ਹਾਂ ॥

**ਲਮ ਦਾਹੜੀ,**
**ਲਮ ਦਾਹੜੀਆ** } ਵਿਃ ਜਿਸ ਦੀ ਦਾਹੜੀ ਲੰਮੀ ਹੈ ।

**ਦਾਹਾ,** ਪੁਃ—ਦਹਾਈ, ਦਸ ਇਕਾਈਆਂ ।

**ਦਾਊ ਫਲ,** ਪੁਃ—ਇੱਕ ਖੁਸ਼ਬੂਦਾਰ ਫੁੱਲਾਂ ਵਾਲੀ ਝਾੜੀ ।

**ਦਾਖ,** ਸਃ—ਇੱਕ ਮੇਵਾ, ਅੰਗੂਰ, ਸਾਉਗੀ ।

**ਦਾਖਲ,** ਵਿਃ—ਜੋ ਅੰਦਰ ਵੜੇ ਜਾਂ ਪਹੁੰਚੇ, ਸ਼ਾਮਲ, ਦਰਜ, ਗਾਡ੍ਹਿਆ ਹੋਇਆ, ਰਖਿਆ ਹੋਇਆ ਪੁਃ—ਹਿਸਾਬ ਜਾਂ ਵਹੀ ਵਿਚ ਲਿਖਣਾ, ਵੜਨਾ (ਹੋਣਾ, ਕਰਨਾ) ॥

**ਦਾਖਲ ਖਾਰਜ,** ਸਃ—ਜ਼ਮੀਨ ਦੀ ਮਾਲਕੀ ਇੱਕ ਦੇ ਨਾਉਂ ਤੋਂ ਦੂਜੇ ਦੇ ਨਾਉਂ ਦੀ ਲਿਖੀ ਜਾਣੀ ॥

**ਦਾਖਲ ਦਫਤਰ,** ਵਿਃ—ਦਫਤਰ ਵਿਚ ਸਾਂਭਿਆ ਹੋਇਆ, ਕਾਗਜ਼ (ਹੋਣਾ, ਕਰਨਾ) ॥

**ਦਾਖਲਾ,** ਪੁਃ ਅੰਦਰ ਵੜਨ ਦਾ ਕੰਮ, ਦਾਖਲ ਹੋਣ ਦੀ ਫੀਸ ।

**ਦਾਖੂ ਦਾਣਾ,** ਪੁਃ—ਦਾਖ ਦਾ ਬੀਜ, ਪੀੜ, ਦੁਖ (ਦੇਣਾ, ਲੈਣਾ) ॥



**ਦਾਗ਼,** ਪੁਃ—ਨਿਸ਼ਾਨ, ਧਲੀਕ, ਐਬ, ਜ਼ਖਮ, ਗ਼ਮ, ਨੁਕਸਾਨ ॥

**ਦਾਗ਼ ਦੇਣਾ,** ਕ੍ਰਿਃ ਸਾੜ ਕੇ ਨਿਸ਼ਾਨ ਲਾਉਣਾ ।

**ਦਾਗ਼ ਬੇਲ,** ਸਃ—ਸੜਕ ਦਾ ਨਿਸ਼ਾਨ ਲੀਕ ॥

**ਦਾਗ਼ ਲੱਗਣਾ,** ਕ੍ਰਿਃ—ਬਦਨਾਮ ਹੋਣਾ, ਘਾਟਾ ਪੈਣਾ ॥

**ਦਾਗ਼ ਲਗਾਉਣਾ,** ਕ੍ਰਿਃ—ਬਦਨਾਮ ਕਰਨਾ ॥

**ਦਾਗਣ,** ਸਃ—ਜਿਸ ਨੂੰ ਦਾਗ ਲੱਗਾ ਹੋ, ਐਬਣ ॥

**ਦਾਗਣਾ,** ਕ੍ਰਿਃ—(ਤੋਪ) ਚਲਾਉਣੀ, ਸਾੜ ਕੇ ਨਿਸ਼ਾਨ ਲਾਉਣਾ, ਮੁਰਦੇ ਨੂੰ ਅੱਗ ਲਾਉਣੀ ॥

**ਦਾਗੀ,** ਵਿਃ, ਪੁਃ—ਜਿਸ ਨੂੰ ਦਾਗ ਲੱਗਾ ਹੈ, ਧਬ ਵਾਲਾ ॥

**ਦਾਜ**
**ਦਾਜ ਦਹੇਜ**
**ਦਾਜ ਦੌਣ** } ਪੁਃ—ਵਿਆਹ ਵੇਲੇ ਜੋ ਪਦਾਰਥ ਧੀ ਨੂੰ ਦਿੱਤੇ ਜਾਣ ॥

**ਦਾਜਲ,** ਪੁਃ
**ਦਾਜੜ(ੜਾ)** ਪੁਃ
**ਦਾਜੜੀ,** ਸਃ
**ਦਾਜੂ,** ਪੁਃ } ਵਿਃ—ਦਾਜ ਵਿੱਚ ਦੇਣ ਜੋਗਾ ਹੌਲੇ ਮੁੱਲ ਦਾ ਸਸਤਾ ਨਿਕੰਮਾ (ਕਪੜਾ ਆਦਿਕ) ॥

**ਦਾਝ,** ਸਃ—ਤਾਪ ਵਿੱਚ ਜੋ ਭਾਰੀ ਤ੍ਰੇਹ ਲੱਗੇ ॥

**ਦਾਣ,** ਪੁਃ—'ਦਾਨ' ਵੇਖੋ ॥

**ਦਾਣਾ,** ਪੁਃ—ਅਨਾਜ, ਦਾਲ, ਛੋਲੇ ਆਦਿਕ ਜੋ ਘੋੜਿਆਂ ਨੂੰ ਪਾਏ ਜਾਣ, ਖੁਰਾਕ, ਮੁਸਲ ਪਾਸਾ (ਜੁਆਰੀਆਂ ਦਾ), ਕਿਨਕੀ, ਫਲਾਂ ਦੀ ਗਿਟਕੜੀ (ਦੇ ਦਾਣੇ ਅਨਾਰ ਦੇ), ਬੀਜ, ਕਿਣਕਾ, ਮਣਕਾ (ਮਾਲਾ ਦਾ) ॥

Digitized by Panjab Digital Library | www.panjabdigilib.org

**ਦਾਣਾ ਖਾਣਾ,** ਪੁ:—ਰਸਤ, ਖੁਰਾਕ ॥

**ਦਾਣਾ ਦੁਣਕਾ**
**ਦਾਣਾ ਦੂਣਾ,** } ਪੁ:—ਅਨਾਜ, ਅੰਨ ॥

**ਦਾਣਾਪਾਣੀ,** ਪੁ:—ਅਜੀਉਕਾ, ਰੁਜ਼ਗਾਰ ॥

**ਦਾਣਾ ਪਾਣੀ ਉਠ ਜਾਣਾ,** ਕ੍ਰਿ:(ਕਿਸੇ ਮਨੁੱਖ ਦਾ) ਚਲੇ ਜਾਣਾ, ਮਰ ਜਾਣਾ ॥

**ਦਾਣਾ ਫੱਕਾ,** ਪੁ: ਦਾਣੇ, ਅਨਾਜ, ਅੰਨ ॥

**ਦਾਣੇ ਦਾਣੇ ਸਿਰ ਮੋਹਰ ਹੈ**—ਪਹਿਲੇ ਹੀ ਪਰਮੇਸਰ ਨੇ ਠਾਣਿਆ ਹੋਯਾ ਹੈ ਕਿ ਫਲਾਣਾ ਦਾਣਾ ਫਲਾਣਾ ਮਨੁਖ ਖਾਵੇਗਾ ॥

**ਦਾਤ,** ਸ:—ਦਾਨ, ਦਿੱਤੀ ਹੋਈ ਚੀਜ਼, ਦਾਜ ॥

**ਦਾਤਣ** ਸ:—ਰੁਖ ਦੀ ਹਰੀ ਟਾਹਿਣੀ ਦਾ ਟੋਟਾ। ਜਿਸ ਨਾਲ ਦੰਦ ਸਾਫ ਕਰਦੇ ਹਨ,ਮੈ ਦਾਸ

**ਦਾਤਰੀ,** ਸ:—ਪੱਠੇ ਆਦਿਕ ਕੱਟਣ ਵਾਲਾ, ਲੋਹੇ ਦਾ ਹਥਿਆਰ ।

**ਦਾਤਾ**
**ਦਾਤਾਰ** } ਪੁ:—ਦੇਣ ਵਾਲਾ, ਸਖੀ, ਪਰਮੇਸਰ ॥

**ਦਾਤਾਰੀ** ਸ:—'ਦਤਾਰੀ' ਵੇਖੋ ।

**ਦਾਤੀ;** ਸ:—ਦਾਨ ਕਰਨ ਵਾਲੀ ॥

**ਦੱਤੀ,** ਸ:—'ਦਾਤਰੀ' ਵੇਖੋ ॥

**ਦਾਤੁਣ,** ਸ:—'ਦਾਤਣ' ਵੇਖੋ ॥

**ਦਾਦ,** ਸ:—ਦਾਤ, ਦਾਨ, ਨਿਆਉਂ, [illegible] ॥

**ਦਾਦ ਫਰਿਆਦ,** ਸ:—ਨਿਆਉਂ ਵਾਸਤੇ ਬੇਨਤੀ, ਦੁਹਾਈ (ਕਰਨੀ) ॥

**ਦਾਂਦ,** ਪੁ:—ਬਲਦ, ਸੰਢਾ, ਢੱਗਾ ॥

**ਦਾਦਕ,** ਪੁ:—(ਬਹੁ: ਬ:) ਪੇਉ ਦੇ ਵੱਡੇਰੇ ਵਰੇ, ਦਾਦਾ ਆਦਿਕ ।

**ਦਾਦਕਾ,**—ਵਿ:—ਦਾਦੇ ਪੜਦਾਦੇ ਆਦਿਕ ਦਾ ॥

**ਦਾਦ ਪਿਉਤ,** ਸ:—ਵੱਡਿਆਂ ਤੋਂ ਜੋ ਆਪੋ ਵਿਚ ਵਿਰਤ ਚਲਿਆ ਆਯਾ ਹੋਵੇ, ਸ਼ਾਦੀ ਗਮੀ ਦੀ ਸਾਂਝ

**ਦਾਦਰ**
**ਦਾਦੁਰ** } ਪੁ:—ਡੱਡੂ ॥

**ਦਾਦਾ,** ਪੁ:—ਘਰ ਦਾ ਪਰੋਹਤ, ਭੱਟ ॥

**ਦੱਦਾ,** ਪੁ:—ਪੇਉ ਦਾ ਪੇਉ, ਬਾਬਾ, ਵੱਡਾ ਬੁੱਢਾ ਆਦਮੀ ॥

**ਦਾਦੀ,** ਸ:—ਦਾਦੇ ਦੀ ਤੀਮਤ, ਪੁਰਤਾਣੀ ॥

**ਦੱਦੀ,** ਸ:—ਪੇਉ ਦੀ ਮਾਂ, ਵੱਡੀ ਬੁੱਢੀ ਮਾਈ ॥

**ਦਾਦੂ,** ਪੁ:—ਇੱਕ ਮਸ਼ਹੂਰ ਸੰਤ, [illegible] ॥

**ਦਾਦੂ ਪੰਥ,** ਪੁ:—ਦਾਦੂ ਜੀ ਦਾ ਚਲਾਯਾ ਹੋਯਾ ਮਤ ॥

**ਦਾਦੂ ਪੰਥੀ,** ਪੁ:—ਦਾਦੂ ਜੀ ਦੇ ਮਤ ਨੂੰ ਮੰਨਣ ਵਾਲਾ ॥

**ਦਾਂਦੂ,** ਪੁ:
**ਦਾਂਦ,** ਸ: } 'ਦੱਦ੍ਰੂ' ਵੇਖੋ ॥

**ਦਾਨ,** ਪੁ:—ਦੇਣ ਦਾ ਕੰਮ, ਪੁੰਨ, ਖੈਰਾਤ, ਦਾਤ (ਕਰਨਾ, ਦੇਣਾ) ॥

**ਦਾਨ ਤੋਂ ਕਲਯਾਣ,** ਅਖਾਣ—ਦਾਨ ਦੇਣ ਨਾਲ ਮਨੁਖ ਦਾ ਭਲਾ ਹੁੰਦਾ ਹੈ ॥

Digitized by Panjab Digital Library | www.panjabdigilib.org

**ਦਾਨ ਪਾਤ੍ਰ,** ਪੁ:—ਦਾਨ ਲੈਣ ਦਾ ਅਧਕਾਰੀ, ਜਿਸ ਸੰਦੂਕੜੀ ਵਿਚ ਦਾਨ ਪਾਯਾ ਜਾਏ।

**ਦਾਨ ਪੁੰਨ,** ਪੁ: ਖਰੈਤ, ਗਰੀਬਾਂ ਨੂੰ ਕੁਝ ਦੇਣਾ।

**ਦਾਨ ਪੁੰਨ ਦਾ ਵੇਲਾ,** ਪੁ:—ਜਿਸ ਵੇਲੇ ਗ੍ਰਹਿਣ ਲੱਗਾ ਹੋਵੇ।

**ਵਿੱਦਿਆ ਦਾਨ,** ਪੁ:—ਮੁਫ਼ਤ ਵਿੱਦਿਆ ਪੜ੍ਹਾਉਣੀ।

**ਦਾਨਾ,** ਵਿ:—ਸਿਆਣਾ, ਸਮਝ ਵਾਰ, ਚਤੁਰ।

**ਦਾਨਾ ਬੀਨਾ,** ਵਿ:—ਸਿਆਣਾ, ਜਾਨਣ ਬੁੱਝਣ ਵਾਲਾ॥

**ਦਾਨਾ,** ਪੁ:—ਸਿਆਣਾ, ਅਨਾਜ ਦਾ ਖੱਤਾ, ਟੋਇਆ, ਕਬਰ॥

**ਦਾਨਾਈ,** ਸ:—'ਦਨਾਈ' ਵੇਖੋ॥

**ਦਾਨੂੰ,** ਪੁ:—ਅਨਾਰ, ਲਾਲਪਾਲ॥

**ਦਾਨੋ,** ਪੁ:—ਦੈਂਤ, ਜਿੰਨ, ਦੇਉ॥

**ਦਾਬ,** ਸ: -ਬੂਹੇ ਦੀ ਚੁਗਾਠ ਦੀ ਉਪਰਲੀ ਲਕੜ, ਦਾਬਉ, ਠੱਪੇ ਦਾ ਨਿਸ਼ਾਣ, ਮੀਂਹ ਪਿੱਛੋਂ ਜਿਸ ਧਰਤੀ ਨੂੰ ਵਾਹ ਕੇ ਸੁਹਾਗਾ ਫਰਿਆ ਹੈ (ਕਣਕ ਛੋਲੇ ਬੀਜਣ ਨੂੰ), ਦਬਕਾ॥

**ਦਾਬ ਦੇਣੀ,** ਕ੍ਰਿ: -ਹੇਠਾਂ ਨੂੰ ਦੱਬਣਾ, ਨੱਪਣਾ॥

**ਦਾਬਰ,** ਸ: -ਕਰੜੀ ਮਿੱਟੀ ਵਾਲੀ ਧਰਤੀ॥

**ਦਾਬੜਾ,** ਪੁ: ਹੌਲੇ ਮੇਲ ਦਾ ਛੱਪਰ, ਛੋਟੀ ਛੱਤ ਵਾਲਾ ਘਰ, ਇਕ ਮਠਿਆਈ ਜੋ ਗਰਭ ਵਾਲੀਆਂ ਖਾਂਦੀਆਂ ਹਨ, ਦਬਕਾ (ਮਾਰਣਾ)॥

**ਦਾਬਾ, ਦਾਬਾ ਧਾਂਸਾ** } ਪੁ:—ਡਰਾਵਾ, ਧਮਕੀ, ਦਬਕਾ (ਦੇਣਾ)॥

**ਦਾਮ,** ਪੁ:—ਪੈਸੇ ਦਾ ਪੰਝੀਵਾਂ ਹਿਸਾ, ਮੁੱਲ, ਰਕਮ, ਪੰਖੇਰੂ ਫੜਨ ਦਾ ਜਾਲ॥

**ਦਾਮਣ,** ਪੁ:—ਕਪੜੇ ਦਾ ਲੜ, ਪੱਲਾ, ਕੰਨੀ ਕੈਂਚੀ॥

**ਦਾਮਨੀ,** ਸ: -ਮੁਰਦੇ ਦੇ ਸਰਬੰਧੀਆਂ ਦਾ ਰੱਖਿਆ ਹੋਇਆ ਖੱਫਣ ਦਾ ਟੁਕੜਾ।

**ਦਾਮੀ,** ਪੁ:—ਉਹ ਬਾਜ ਜਿਸ ਦੇ ਪਰ ਜੰਗਲੀ ਹਾਲਤ ਵਿੱਚ ਝੜੇ ਹੋਣ॥

**ਦਾਮੋਦਰ,** ਪੁ:—ਕ੍ਰਿਸ਼ਨ ਮਹਾਰਾਜ, ਪਰਮੇਸ਼ਰ।

**ਦਾਯਕ,** ਪੁ:—ਦੇਣ ਵਾਲਾ, ਜਿਸ ਤੋਂ ਕੁਝ ਪੈਦਾ ਹੋਵੇ।

**ਦਾਯਾ,** ਸ:—ਚਾਹ, ਮਤਲਬ, ਮਨੋਰਥ, ਦਾਵਾ, ਸਲਾਹ, ਦਾਈ॥

**ਦਾਯੇਦਾਰ,** ਪੁ:—ਜੋ ਦਾਵਾ ਕਰੇ, ਫਰਿਆਦੀ॥

**ਦਾਰ ਚੀਨੀ,** ਸ: 'ਦਾਲਚੀਨੀ' ਵੇਖੋ॥

**ਦਾਰ ਮਦਾਰ (ਰੀ),** ਸ:—ਸ਼ਰਤ; ਸੁਲ੍ਹਾ ਸਫ਼ਾਈ, ਲਾਰੇ॥

**ਦਾਰਾ,** ਸ:—ਤੀਮੀ, ਵਹੁਟੀ॥
ਪੁ: ਇੱਕ ਪਾਤਸ਼ਾਹ, ਦਾਇਰਾ।

**ਦਾਰੀ,** ਸ:—ਖਾਤਰ, ਸੇਵਾ॥

**ਦਾਰੀਆ,** ਪੁ:—ਇੱਕ ਤਰਾਂ ਦੀ ਰੇਂਝ॥

**ਦਾਰੂ,** ਪੁ:—ਔਸ਼ਧ, ਦੁਆ, ਅਲਾਜ, ਸ਼ਰਾਬ॥

Digitized by Panjab Digital Library / www.panjabdigilib.org

**ਦਾਰੂ ਦਰਮਲ,** ਪੁ:—ਦੁਆ, ਔਖਧ ॥

**ਦਾਊਦ,** ਪੁ:—'ਦਾਊਦ' ਵੇਖੋ॥

**ਦਾਰੂੜਾ,** ਪੁ:<br>**ਦਾਰੂੜੀ,** ਸ:<br>} ਦਾਰੂ, ਸ਼ਰਾਬ, ਨਸ਼ਾ ਪਾਣੀ॥

**ਦਾਲ,** ਸ:—ਛੋਲੇ ਮੂੰਗ ਮਾਂਹ ਆਦਿਕ ਦੇ ਦਾਣੇ ਦਲੇ ਹੋਏ।

**ਦਾਲ ਆਟਾ**<br>**ਆਟਾ ਦਾਲ**<br>} ਪੁ:—ਭੋਜਨ, ਖੁਰਾਕ, ਰਸਤ।

**ਦਾਲ ਗਰ,** ਪੁ:—ਦਾਲ ਵਲਣ ਵਾਲਾ।

**ਦਾਲ ਗਲਣੀ,** ਕ੍ਰਿ:—ਕੰਮ ਸਿਰੇ ਚੜ੍ਹਨਾ॥

**ਦਾਲ ਚਿਕਨਾ,** ਪੁ:—ਗਰਮੀ ਦੀ ਇਕ ਦੁਆ।

**ਦਾਲ ਚੀਨੀ,** ਸ:—ਇੱਕ ਖੁਸ਼ਬੂ ਦਾਰ ਰੁੱਖ ਦੀ ਛਿੱਲ ਪਤ੍ਰ ਅਤੇ ਥੀ (ਮਸਾਲੇ ਵਿਚ ਪੈਂਦੀ ਹੈ)।

**ਦਾਲ ਦਲੀਆ,** ਪੁ:—ਕੁਝ ਨਾ ਕੁਝ, ਰੁੱਖਾ ਮਿੱਸਾ ਖਾਣਾ॥

**ਦਾਵ,** ਪੁ:—'ਦਾਉ' ਵੇਖੋ।

**ਦਾਵਾ**<br>**ਦਾਵਾ**<br>} ਪੁ:—ਹੱਕ, ਖ਼ਾਹਸ਼, ਅਰਜ਼ੀ, ਮੁਕੱਦਮਾ, (ਹੋਣਾ, ਕਰਨਾ)॥

**ਅਰਜੀ ਦਾਵਾ,** ਪੁ:—ਉਹ ਕਾਗਤ ਜਿਸ ਵਿੱਚ ਮੁੱਦਈ ਮੁਕੱਦਮੇ ਦਾ ਹਾਲ ਲਿਖ ਕੇ 'ਅਦਾਲਤ ਵਿੱਚ ਪੇਸ਼ ਕਰਦਾ ਹੈ॥

**ਦਾਵਾ ਖਾਰਜ ਹੋਣਾ,** ਕ੍ਰਿ:—ਮੁਕੱਦਮਾ ਹਰ ਜਾਣਾ॥

**ਜਵਾਬ ਦਾਵਾ,** ਪੁ:—ਦਾਵੇ ਦਾ ਜਵਾਬ॥

**ਦਾਵੇ ਦਾਰ,** ਪੁ:—ਜੋ ਦਾਵਾ ਕਰੇ, ਮੁਦਈ।

**ਦਾਵਾਂ,** ਪੁ:—ਘੋੜੇ ਦੇ ਪੈਰਾਂ ਦਾ ਰੱਸਾ॥

**ਦਾੜ੍ਹ**<br>**ਦਾੜ੍ਹਨਾ**<br>**ਦਾੜ੍ਹਾ (ੜੀ)**<br>} 'ਦਾਹੜ' ਆਦਿਕ ਵੇਖੋ॥

**ਦਾੜ੍ਹਮ**<br>**ਦਾੜੂ**<br>} ਪੁ:—ਨਿੱਕਾ ਖੱਟਾ ਅਨਾਰ, ਨਸਪਾਲ॥

**ਦਿਆਂ,** ਅਵ:-'ਦਾ' ਦਾ ਸੰਬੰਧ ਕਾਰਕ ਬਹੁ:ਬ:॥

**ਦਿਆਰ,** ਸ:—ਇੱਕ ਮਸ਼ਹੂਰ ਰੁਖ ਜਿਸ ਦੀ ਲਕੜੀ ਅਮਾਰਤ ਦੇ ਕੰਮ ਬਹੁਤ ਆਉਂਦੀ ਹੈ, ਦਿਆਰ॥

**ਦਿਆਲ,** ਵਿ:—'ਦਯਾਲ' ਵੇਖੋ॥

**ਦਿਸ,** ਸ: ਨਜ਼ਰ, ਪਾਸਾ, ਤਰਫ਼॥

**ਦਿਸ ਪੈਣਾ,** ਕ੍ਰਿ:—ਨਜ਼ਰ ਆ ਜਾਣਾ॥

**ਦਿਸਟ,** ਸ:—'ਦ੍ਰਿਸ਼ਟ' ਵੇਖੋ॥

**ਦਿਸਟਾਂਤ,** ਪੁ:—'ਦ੍ਰਿਸ਼ਟਾਂਤ' ਵੇਖੋ॥

**ਦਿੱਸਣਾ,** ਕ੍ਰਿ:—ਨਜ਼ਰ ਆਉਣਾ, ਵਿਖਾਲੀ ਦੇਣਾ।

**ਦਿੱਸਣਾ ਭਾਸਣਾ,** ਵਿ:—ਸੋਹਣਾ, ਸੁੰਦਰ, ਦਰਸ਼ਨੀਕ

**ਦਿਸੰਤ੍ਰ,** ਪੁ:—ਦੇਸ, ਪਰਦੇਸ॥

**ਦਿਸੰਬਰ,** ਪੁ:—'ਦਸੰਬਰ' ਵੇਖੋ॥

**ਦਿਸ਼ਾ,** ਸ:—ਪਾਸਾ, ਤਰਫ, ਟੱਟੀ (ਜਾਣਾ)॥

Digitized by Panjab Digital Library | www.panjabdigilib.org

**ਚਾਰੋਂ ਦਿਸਾ,** ਪੁ:—ਉੱਤਰ, ਦੱਖਣ, ਪੂਰਬ, ਪੱਛਮ ।

**ਦਿਸਾ ਸੂਲ,** ਪੁ:-ਕਿਸੇ ਪਾਸੇ ਟੁਰਨ ਦਾ ਮਹੂਰਤ ਨਾ ਹੋਣਾ ॥

**ਦੁਰ ਦਿਸ਼ਾ,** ਪੁ:-ਮੰਦਾ ਹਾਲ ।

**ਦਿਸਾਉਣਾ,** ਕ੍ਰਿ:-ਦੱਸਣਾ, ਖਬਰ ਦੇਣੀ ॥

**ਦਿਸਾਉਰ (ਦਿਸਾਵਰ)**
**ਦਿਸਾਉਰੀ (ਦਿਸਾਵਰੀ)**
**ਦਿਸਾਂਉਰੀ (ਦਿਸਾਂਵਰੀ)**
**ਦਿਸੌਰ**
**ਦਿਸੌਰੀ**
} 'ਦਸਾਉਰ' 'ਦਸਾਉਰੀ' ਵੇਖ॥

**ਦਿੰਹ,** ਪੁ:-ਦਿਨ, ਦਿਹਾੜਾ, ਰੋਜ ।

**ਦਿਹਰਾ,** ਪੁ:-"ਤ੍ਰਿਹਰਾ" ਵੇਖੋ ॥

**ਦਿਹਲ,** ਸ:-ਦਲ੍ਹੀਜ,ਵਿਆਹ ਕਾਜ ਤੇ ਸ਼ੁਭ ਮਹੂਰਤਾਂ ਨੂੰ ਜੋ ਮਠਿਆਈ ਅਤੇ ਦੱਛਣਾ [illegible]

**ਦਿਹਾੜਾ,** ਪੁ:-ਦਿਨ, ਰੋਜ, ਵਾਰ ।

**ਦਿਹਾੜੀ,** ਸ:—ਸਾਰੇ ਦਿਨ ਦੀ ਮਜੂਰੀ, ਰੋਜ ।

**ਦਿਊ,** ਪੁ:—ਦਿਨ, ਰੋਜ ।

**ਦਿੱਕ,** ਪੁ: -ਖੰਘ ਤਾਪ, ਔਖ । ਵਿ:—ਤੰਗ,ਦੁਖੀ ਔਖਾ (ਹੋਣਾ, ਕਰਨਾ) ॥

**ਦਿੱਕ ਦਾਰੀ,** ਸ:—ਔਖ, ਖੇਚਲ, ਦੁਖ, ਤੰਗਸੀ ।,

**ਦਿੱਕਤ,** ਸ:—ਦੁੱਖ, ਔਖ, ਘਬ੍ਰਾਹਟ, ਮੁਸ਼ਕਲ ॥

**ਦਿੱਕੀ,** ਸ:—ਰੋਗ, ਕੰਬਣੀ, ਪੈਰ ਦਾ ਅੜਾਂਗਾ ॥

**ਦਿਖਲਾਉਣਾ**
**ਦਿਖਲਾ ਦੇਣਾ**
} ਕ੍ਰਿ:—'ਦਿਖਾਉਣਾ' ਵੇਖੋ ॥

**ਦਿਖਲਾਈ,** ਸ:—ਦਿਖਾਵਾ, ਸ਼ਕਲ ॥

**ਦਿਖਲਾਈ ਦੇਣੀ,** ਕ੍ਰਿ:—ਨਜ਼ਰ ਆਉਣਾ ਮਲੂਮ ਹੋਣਾ ।

**ਦਿਖਲਾਵਾ,** ਪੁ:—'ਦਿਖਾਵਾ' ਵੇਖੋ ॥

**ਦਿਖਵੱਯਾ**
**ਦਿਖਵੈਯਾ**
} ਪੁ:—ਵੇਖਣ ਵਾਲਾ ॥

**ਦਿਖਾਉਣਾ,** ਕ੍ਰਿ:—ਦੱਸਣਾ, ਜ਼ਾਹਰ ਕਰਨਾ, ਸੈਨਤ ਕਰਨੀ ।

**ਦਿਖਾਊ,** ਵਿ:—ਸੋਹਣਾ, ਦਿਰਸ਼ਨੀਕ, ਬਾਹਰਲਾ ।

**ਦਿਖਾਈ,** ਸ:—ਦਿਖਾਵਾ, ਸ਼ਕਲ, ਕੰਜਰੀਆਂ ਦੀ ਵੇਖ ਭਾਲ ॥

**ਦਿਖਾਈ ਦੇਣੀ,** ਕ੍ਰਿ:—ਨਜ਼ਰ ਆਉਣਾ, ਮਲੂਮ ਹੋਣਾ ॥

**ਦਿਖਾਲਣਾ**
**ਦਿਖਾਲੀ**
} 'ਦਿਖਾਉਣਾ', 'ਦਿਖਲਾਈ' ਵੇਖੋ ॥

**ਦਿਖਾਵਾ,** ਪੁ:—ਬਾਹਰਲੀ ਸ਼ਕਲ, ਨਮੂਨਾ, ਝਲਕ, ਜੋ ਰਾਹ ਦੱਸੇ ॥

**ਦਿਗ,** ਸ:—ਅੱਖ, ਨੇਤ੍ਰ ॥

**ਦਿੱਗੋਰ,** ਪੁ:—ਇੱਕ ਤਰਾਂ ਦੇ ਹਰਵਾਂਹ ॥

**ਦਿੱਤ ਦਾੜ,** ਸ:—'ਦਾਜ' ਵੇਖੋ ॥

**ਦਿੰਦਾਸਾ,** ਪੁ:—'ਦੰਦਾਸਾ' ਵੇਖੋ ॥

**ਦਿਦਾਰ**
**ਦਿਦਾਰਾ** } ਪੁ:—ਦਰਸ਼ਨ, ਸ਼ਕਲ, ਮੁਲਾਕਾਤ ॥

**ਦਿਦਾਰ ਦੇਣਾ,** ਕ੍ਰਿ:—ਆ ਕੇ ਮਿਲਣਾ, ਚੇਹਰਾ ਦਿਖਾਉਣਾ ॥

**ਦਿਦਾਰ ਲੈਣਾ,** ਕ੍ਰਿ:—ਮਿਲਣਾ, ਚੇਹਰਾ ਦੇਖਣਾ ।

**ਦਿਦਾਰੀ,** ਵਿ:—ਦੇਖਣ ਦੇ ਲਾਇਕ, ਦਰਸ਼ਨੀਕ, ਸੋਹਣਾ ॥

**ਦਿਨ,** ਪੁ:—ਉਹ ਵੇਲਾ ਜਦੋਂ ਸੂਰਜ ਦਾ ਚਾਨਣ ਹੁੰਦਾ ਹੈ, ਰੋਜ, ਦਿਹਾੜਾ, ਸਮਾ, ਵਕਤ ।

**ਦਿਨ ਆਉਣਾ,** ਕ੍ਰਿ:—'ਦਿਨ ਚੜ੍ਹਨਾ' ਵੇਖੋ, ਕਿਸੇ ਗੱਲ ਦਾ ਮੌਕਾ ਆ ਜਾਣਾ ।

**ਦਿਨ ਕੱਟਣਾ**
**ਦਿਨ ਕਟੀ ਕਰਨਾ** } ਕ੍ਰਿ:—ਔਖੇ ਸੌਖੇ ਹੋਕੇ ਸਮਾਂ ਬਿਤਾਉਣਾ ॥

**ਦਿਨ ਚੜ੍ਹਨਾ,** ਕ੍ਰਿ:—ਸੂਰਜ ਨਿਕਲਣਾ, ਸੂਰਜ ਦੇ ਨਿਕਲਣ ਮਗਰੋਂ ਬਹੁਤ ਵਕਤ ਬੀਤ ਜਾਣਾ ॥

**ਦਿਨ ਚੜ੍ਹਾਉਣਾ,** ਕ੍ਰਿ:—ਅਵੇਰ ਕਰ ਦੇਣੀ ॥

**ਦਿਨ ਢਲਣਾ,** ਕ੍ਰਿ:—ਦਿਨ ਘਟਣਾ, ਸੂਰਜ ਦਾ ਲਹਿੰਦੇ ਜਾਣਾ ॥

**ਦਿਨ ਢਲੇ,** ਕ੍ਰਿ: ਵਿ:—ਲੌਢੇ ਵੇਲੇ, ਤ੍ਰਿਕਾਲਾਂ ਨੂੰ ।

**ਦਿਨ ਦਿਹਾੜੇ**
**ਦਿਨ ਦੀਵੀਂ** } ਕ੍ਰਿ: ਵਿ:—ਦਿਨ ਵੇਲੇ ਹੀ ॥

**ਦਿਨ ਪੁੱਜਣੇ,** ਕ੍ਰਿ:—ਬਾਲ ਦੇ ਜੰਮਣ ਦਾ ਜਾਂ ਕਿਸੇ ਦੀ ਮੌਤ ਦਾ ਜਾਂ ਕਿਸੇ ਹੋਰ ਗੱਲ ਦਾ ਮੌਕਾ ਆ ਜਾਣਾ ॥

**ਦਿਨ ਪੂਰੇ ਹੋਣੇ,** ਕ੍ਰਿ:—ਗਰਭ ਦਾ ਨੌਵਾਂ ਮਹੀਨਾ ਹੋਣਾ ॥

**ਦਿਨ ਪੂਰੇ ਕਰਨੇ,** ਕ੍ਰਿ:—'ਦਿਨ ਕੱਟਣਾ' ਵੇਖੋ ॥

**ਦਿਨ ਫਿਰਨੇ,** ਕ੍ਰਿ:—ਤੰਗਸੀ ਮਗਰੋਂ ਸੁਖਾਲ ਦਾ ਸਮਾ ਆਉਣਾ ॥

**ਦਿਨ ਬਦਿਨ,** ਕ੍ਰਿ: ਵਿ:—ਰੋਜ, ਹੌਲੀ ਹੌਲੀ ॥

**ਦਿਨ ਮਾਨ,** ਪੁ:—ਜਿੰਨਾਂ ਚਿਰ ਦਿਨ ਰਹੇ, ਦਿਨ ਦੀ ਲੰਮਾਈ ॥

**ਦਿਨ ਮੁੜ ਆਉਣੇ (ਜਾਣੇ),** ਕ੍ਰਿ:—'ਦਿਨ ਫਿਰਨੇ' ਵੇਖੋ ॥

**ਦਿਨ ਰਹਿੰਦੇ ਨਾਲ,** ਕ੍ਰਿ: ਵਿ:—ਸੂਰਜ ਡੁੱਬਣ ਤੋਂ ਪਹਿਲੇ ॥

**ਦਿਨੋਂ ਦਿਨ,** ਕ੍ਰਿ: ਵਿ:—ਰੋਜ਼, ਹੌਲੀ ਹੌਲੀ ॥

**ਦਿੱਬ**
**ਦਿੱਭ** } ਸ:—'ਦੱਭ' ਵੇਖੋ ।

**ਦਿੱਬਾ,** ਪੁ:—ਡਿੱਬਾ, ਡੱਬਾ ॥

**ਦਿਮਾਕ**
**ਦਿਮਾਗ** } ਪੁ:—'ਦਮਾਗ' ਵੇਖੋ ॥

**ਦਿਮੁੱਕ,** ਪੁ:—ਇੱਕ ਬੂਟਾ ॥

**ਦਿਮੂਸਾ,** ਪੁ:—ਇੱਕ ਲਕੜੀ ਦਾ ਹਥਿਆਰ ਜਿਸ ਨਾਲ ਇੱਕ ਵੱਡਾ ਲਕੜੀ ਦਾ ਡਾਂਡਾ ਧਰਤੀ ਵਿੱਚ ਗੱਡਿਆ ਜਾਂਦਾ ਹੈ ॥

**ਦਿਰਾਣੀ,** ਸ:—ਦਰਾਣੀ, ਦੇਉਰ ਦੀ ਵਹੁਟੀ ॥

Digitized by Panjab Digital Library | www.panjabdigilib.org

**ਦਿਰਿਸਟ**
**ਦਿਰਿਸਟਾਂਤ** } 'ਦਰਿਸ਼ਟ' 'ਦਰਿਸ਼ਟਾਂਤ' ਵੇਖੋ ॥

**ਦਿਲ,** ਪੁ:—ਮਨ, ਚਿੱਤ, ਰੂਹ, ਆਤਮਾ, ਮਹੱਬਤ ॥

**ਦਿਲ ਉੱਛਲਣਾ,** ਕ੍ਰਿ:—ਗਮ ਹੋਣਾ, ਪੇਟ ਵਿੱਚ ਖੋਹ ਹੋਣਾ ।

**ਦਿਲ ਉੱਡਣਾ,** ਕ੍ਰਿ:—ਧਿਆਨ ਕਿਸੇ ਹੋਰ ਪਾਸੇ ਹੋਣਾ ।

**ਦਿਲ ਹੋਰਦੇ ਲਾਉਣਾ,** ਕ੍ਰਿ:—ਹੋਰ ਕਿਸੇ ਨਾਲ ਪ੍ਰੀਤ ਕਰਨੀ ॥

**ਦਿਲ ਕਰਨਾ,** ਕ੍ਰਿ:—ਜੀ ਚਾਹੁਣਾ, ਮਰਜੀ ਹੋਣੀ ।

**ਦਿਲ ਖੱਟਾ ਹੋਣਾ ਜਾਂ ਕਰਨਾ,** ਕ੍ਰਿ:—ਰੁਸਣਾ ਜਾਂ ਰੁਸਾਉਣਾ ॥

**ਦਿਲ ਖੋਲ੍ਹ ਕੇ,** ਕ੍ਰਿ: ਵਿ:—ਚੰਗੀ ਤਰਾਂ ਰੱਜਕੇ ।

**ਦਿਲਗੀਰ,** ਵਿ:—ਉਦਾਸ ॥

**ਦਿਲਗੀਰੀ,** ਸ:—ਉਦਾਸੀ ॥

**ਦਿਲ ਚਲਣਾ,** ਕ੍ਰਿ:—ਚਾਹੁਣਾ, ਲਾਲਚ ਕਰਨਾ

**ਦਿਲ ਚਲਾ,** ਵਿ:—ਜੋ ਦਿਲ ਨੂੰ ਮੋਹੇ, ਪਿਆਰਾ, ਦਲੇਰ, ਸਖੀ ॥

**ਦਿਲ ਜਮਾਂ,** ਸ:—ਤਸੱਲੀ (ਕਰਨਾ) ।

**ਦਿਲ ਠਹਿਰਣਾ,** ਕ੍ਰਿ:—ਮਨ ਨੂੰ ਸਾਂਤ ਆਉਣੀ ।

**ਦਿਲ ਦਾ ਦਰਿਆ,** ਵਿ:—ਸਖੀ, ਦਾਤਾ ॥



**ਦਿਲ ਦਾ ਬਾਦਸ਼ਾਹ,** ਵਿ:, ਪੁ:—ਜੋ ਆਪਣੀ ਮਰਜੀ ਤੇ ਚਲੇ ।

**ਦਿਲਦਾਰ,** ਪੁ:—ਪ੍ਰੀਤਮ, ਪਿਆਰਾ ॥

**ਦਿਲਦਾਰੀ,** ਸ:—ਦੂਜੇ ਦੀ ਖੁਸ਼ੀ ਚਾਹੁਣੀ ॥

**ਦਿਲ ਦੇਣਾ,** ਕ੍ਰਿ:—ਦਿਲ ਲਾ ਕੇ ਕੋਈ ਕੰਮ ਕਰਨਾ ।

**ਦਿਲ ਪਸੰਦ,** ਵਿ:—ਜੋ ਦਿਲ ਨੂੰ ਭਾਵੇ । ਸ:—ਇੱਕ ਛੋਟਾ ਗੋਲ ਕੱਦੂ ॥

**ਦਿਲ ਪੱਚਮਣਾ,** ਕ੍ਰਿ:—ਵਸਾਹ ਜਾਂ ਭਰੋਸਾ ਹੋਣਾ ॥

**ਦਿਲ ਪਾਉਣਾ,** ਕ੍ਰਿ:—ਕਿਸੇ ਦੇ ਸੁਭਾਉ ਦਾ ਮਾਲੂਮ ਹੋ ਜਾਣਾ ॥

**ਦਿਲ ਫਸ ਜਾਣਾ,**
**ਦਿਲ ਫਸਣਾ,** } ਕ੍ਰਿ:—ਮੋਹਿਆ ਜਾਣਾ, ਆਸ਼ਕ ਹੋ ਜਾਣਾ ॥

**ਦਿਲ ਫਿਰ ਜਾਣਾ,**
**ਦਿਲ ਫਿਰਨਾ,** } ਕ੍ਰਿ:—ਬੁਰਾ ਲਗਣ ਲਗ ਪੈਣਾ ।

**ਦਿਲ ਫੇਰਨਾ,** ਕ੍ਰਿ:—ਪਿਆਰ ਕਰਨਾ, ਛਡ ਦੇਣਾ ॥

**ਦਿਲਬਰ,** ਪੁ:—ਪ੍ਰੀਤਮ, ਪਿਆਰਾ, ਦਿਲਦਾਰ ।

**ਦਿਲਬਰੀ,** ਸ:—ਤਸੱਲੀ, ਹੌਸਲਾ (ਦੇਣਾ)

**ਦਿਲ ਭਾਣਾ,** ਵਿ:—ਜੋ ਦਿਲ ਨੂੰ ਭਾਵੇ ।

**ਦਿਲ ਭਿੱਜਣਾ,** ਕ੍ਰਿ:—ਮਹੱਬਤ ਜਾਂ ਇਤਬਾਰ ਹੋਣਾ ॥

**ਦਿਲ ਨੂੰ ਮਿਲ ਜਾਣੇ,** ਕ੍ਰਿ:—ਆਪੋ ਵਿੱਚ ਮਹੱਬਤ ਹੋ ਜਾਣੀ ॥

Digitized by Panjab Digital Library | www.panjabdigilib.org

**ਦਿਲ ਰੱਖਾ,** ਪੁਃ
**ਦਿਲ ਰੱਖੀ,** ਸਃ } ਕਿਸੇ ਦੀ ਖੁਸ਼ੀ, ਤਸੱਲੀ (ਕਰਨਾ) ॥

**ਦਿਲ ਲੱਗਣਾ,** ਕ੍ਰਿਃ—ਪ੍ਰੀਤ ਜਾਂ ਖੁਸ਼ੀ ਹੋਣੀ, ਉਦਾਸ ਨਾ ਹੋਣਾ ॥

**ਦਿਲ ਲਗਾ,** ਵਿਃ—'ਦਿਲ ਜਲਾ' ਵੇਖੋ ॥

**ਦਿਲ ਲਾਉਣਾ,** ਕ੍ਰਿਃ—ਪੂਰਾ ਪੂਰਾ ਧਿਆਨ ਦੇਣਾ ॥

**ਦਿਲ ਵਧਣਾ,** ਕ੍ਰਿਃ—ਹੌਸਲਾ ਜਾਂ ਉਤਸ਼ਾਹ ਹੋਣਾ ॥

**ਦਿਲ ਵਧਾਉਣਾ,** ਕ੍ਰਿਃ—ਹੌਸਲਾ ਦੇਣਾ ॥

**ਦਿਲ ਵਾਲਾ,** ਪੁਃ
**ਦਿਲ ਵਾਲੀ,** ਸਃ } ਦਲੇਰ, ਬਹਾਦਰ, ਸਖੀ ।

**ਦਿਲ ਵਿੱਚ ਰੱਖਣਾ,** ਕ੍ਰਿਃ—ਦੱਸਣਾ ਨਾ ਦੇਣਾ, ਅੰਦਰੋ ਅੰਦਰ ਖਿਝਣਾ ॥

**ਦਿਲਵੱਧਾ**
**ਦਿਲਵੈਧ** } ਪੁਃ—ਦੇਣ ਵਾਲਾ ॥

**ਦਿਲਵਾਉਣਾ,** ਕ੍ਰਿਃ—'ਦਲਾਉਣਾ' ਵੇਖੋ ॥

**ਦਿਲਾ,** ਪੁਃ—ਤਾਕ ਆਦਿਕ ਦੀਆਂ ਵਿਰਲੀਆਂ ਫੱਟੀਆਂ ॥

**ਦਿਲਾਉਣਾ,** ਕ੍ਰਿਃ—ਦੇਣ ਦਾ ਕੰਮ ਕਰਾਉਣਾ, ਮਾਲਕ ਬਣਾਉਣਾ ॥

**ਦਲਾਊਰ,** ਵਿਃ—ਬਹਾਦਰ, ਹੌਸਲੇ , ਵਾਲਾ, ਸਖੀ ॥

**ਦਿਲਾਊਰੀ,** ਸਃ—ਬਹਾਦਰੀ, ਦਲੇਰੀ, ਸਖਾਉਤ ॥

**ਦਿਲਾਸੜਾ**
**ਦਿਲਾਸਾ** } ਪੁਃ—ਤਸੱਲੀ, ਹੌਸਲਾ, ਦਿਲਬਰੀ (ਦੇਣਾ) ।

**ਦਿਲਾਵਰ**
**ਦਿਲਾਵਰੀ** } 'ਦਿਲਾਊਰ' 'ਦਿਲਾਊਰੀ' ਵੇਖੋ ॥

**ਦਿਲੀ,** ਵਿਃ—ਦਿਲ ਦਾ, ਸੱਚਾ, ਅਸਲੀ ॥

**ਦਿੱਲੀ,** ਸਃ—ਮਸ਼ਹੂਰ ਸ਼ਹਿਰ, ਜਿੱਥੇ ਪਿਛਲੇ ਪਾਤਸ਼ਾਹ ਰਹਿੰਦੇ ਸਨ ਅਤੇ ਅੱਜ ਕੱਲ ਭੀ ਹਿੰਦੁਸਤਾਨ ਦੀ ਰਾਜਧਾਨੀ ਹੈ ॥

**ਦਿੱਲੀ ਵਾਲਣ (ਲੀ),** ਸਃ
**ਦਿੱਲੀ ਵਾਲਾ,** ਪੁਃ } ਜਿਸ ਦਾ ਵਤਨ ਦਿੱਲੀ ਹੋ ।

**ਦਿਲੇਰ**
**ਦਿਲੇਰੀ** } 'ਦਿਲਾਊਰ' 'ਦਿਲਾਊਰੀ' ਵੇਖੋ ॥

**ਦਿਵਾਉਣਾ,** ਕ੍ਰਿਃ—ਦੇਣਾ, ਦਿਲਾਉਣਾ ॥

**ਦਿਵਾਖਾ,** ਪੁਃ
**ਦਿਵਾਖੀ,** ਸਃ } 'ਦਵਾਖੀ' ਵੇਖੋ ॥

**ਦਿਵਾੜ,** ਸਃ—'ਦਵਾੜ' ਵੇਖੋ ॥

**ਦਿਵਾਨ,** ਪੁਃ—ਰਾਜੇ ਦਾ ਦਰਬਾਰ, ਮਕਤੂ, ਵਜ਼ੀਰ, ਸਿੱਖਾਂ ਦਾ ਧਾਰਮਕ ਜੋੜ ਮੇਲ (ਖਾਲਸਾ ਦਿਵਾਨ) ॥

**ਦਿਵਾਨ ਖਾਨਾ,** ਪੁਃ—ਅਮੀਰਾਂ ਦੇ ਬੈਠਣ ਦਾ ਘਰ ॥

**ਦਿਵਾਨਾ,** ਪੁਃ, ਸਃ—ਝਮੇਲਾ, ਪਾਗਲ, ਜਿਸ ਨੂੰ ਭੂਤ ਚੰਬੜਿਆ ਹੋਵੇ ॥

Digitized by Panjab Digital Library | www.panjabdigilib.org

**ਦਿਵਾਨੀ,** ਸ਼ਃ—ਦਿਵਾਨ ਦੀ ਕਚਹਿਰੀ ਜਿਸ ਅਦਾਲਤ ਵਿਚ ਲੈਹਣੇ ਦੇਣੇ ਦੇ ਮੁਕੱਦਮੇ ਹੋਣ ॥
ਵਿਃ—ਦਿਵਾਨੀ ਦੀ ਅਦਾਲਤ ਦਾ, ਕਮਲੀ ਚੀਮਤ ॥

**ਦਿਵਾਲ**
**ਦਿਵਾਲਾ**
**ਦਿਵਾਲੀ**
**ਦਿਵਾਲੀਆ** } 'ਦਵਾਲਾ' ਆਦਿਕ ਵੇਖੋ ।

**ਦਿੜ੍ਹ**
**ਦਿੜ੍ਹਤਾ** } ਸਃ—ਦਿਲ ਦੀ ਪਕਿਆਈ, ਦਿਰ ਉ ।

**ਦੀ,** ਅਵਃ—ਸੰਬੰਧ ਵਾਚਕ ਪਦ ( ਸਤ੍ਰੀ ਲਿੰਗ)

**ਦੀਉਟ,** ਸਃ—ਦਰਾਖੀ ॥

**ਦੀਉੜੀ,** ਸਃ—ਵਿਚਲੀ ਉਂਗਲ ਹਿਲਾਉਣੀ ॥

**ਦੀਉੜੀ ਦੇਣੀ,** ਕ੍ਰਿਃ—ਵਿਚਲੀ ਉਂਗਲ ਹਿਲਾ ਕੇ ਗੁੱਸੇ ਕਰਨਾ ॥

**ਦੀਆ,** ਪੁਃ—'ਦੀਵਾ' ਵੇਖੋ ॥

**ਦੀਖਿਆ,** ਸਃ—ਕਿਸੇ ਸੰਤ ਜਾਂ ਗੁਰੂ ਦਾ ਚੇਲਾ ਬਨਣ ਦੀ ਰੀਤ ॥

**ਦੀਗਰ,** ਵਿਃ—ਦੂਜਾ, ਹੋਰ ॥
ਸਃ—ਲੌਹਡਾ ਵੇਲਾ (ਵੇਲਾ)।

**ਦੀਗਰ ਦੀ ਨਿਮਾਜ,** ਸਃ—ਲੌਹਡੇ ਵੇਲੇ ਦੀ ਨਿਮਾਜ ।

**ਦੀਣ,** ਪੁਃ—ਗਰੀਬ, ਲੋੜ ਵੰਦ, ਇਮਾਨ, ਮਜ਼੍ਹਬ ॥

**ਦੀਣ ਗੁਆਉਣਾ,** ਕ੍ਰਿਃ—ਬੇਈਮਾਨੀ ਕਰਨੀ, ਧਰਮ ਹਾਰਨਾ ॥

**ਦੀਣਤਾਈ,** ਸਃ—ਗਰੀਬੀ, ਹਲੀਮੀ ॥

**ਦੀਣਦਾਰ,** ਵਿਃ—ਇਮਾਨਦਾਰ, ਪੱਕਾ ਮੁਸਲਮਾਨ ॥

**ਦੀਣਦਾਰੀ,** ਸਃ—ਇਮਾਨਦਾਰੀ, ਧਰਮ, ਵਿੱਚ ਦ੍ਰਿੜ੍ਹਤਾ ॥

**ਦੀਣ ਦਿਆਲ,** ਪੁਃ—ਜੋ ਗਰੀਬਾਂ ਉੱਤੇ ਦਯਾ ਕਰੇ, ਪਰਮੇਸਰ ॥

**ਦੀਣ ਦੀਣ ਪੁਕਾਰਨਾ**
**ਦੀਣੋ ਦੀਣ ਪੁਕਾਰਨਾ** } ਕ੍ਰਿਃ—ਦੀਣ ਦੀ ਲੜਾਈ ਕਰਨ ਲਈ ਲੋਕਾਂ ਨੂੰ ਉਕਸਾਉਣਾ

**ਦੀਣ ਦੀ ਲੜਾਈ,** ਸਃ—ਧਰਮ ਜਾਂ ਮਜ਼੍ਹਬ ਦੀ ਖਾਤਰ ਜੋ ਲੜਾਈ ਕੀਤੀ ਜਾਵੇ ।

**ਦੀਣ ਦੁਣੀਆ ਥੋਂ ਜਾਣਾ,** ਕ੍ਰਿਃ—ਲੋਕ ਅਤੇ ਪਰਲੋਕ ਦੇ ਸੁਖ ਤੋਂ ਵਾਂਜੇ ਰਹਿਣਾ ॥

**ਦੀਣ ਬੰਧੂ,** ਪੁਃ—ਗਰੀਬਾਂ ਦਾ ਸਹਾਈ, ਪਰਮੇਸਰ

**ਦੀਣ ਵਿਚ ਮਿਲਾਉਣਾ,** ਕ੍ਰਿਃ—ਆਪਣੇ ਮਜ਼੍ਹਬ ਵਿੱਚ ਲਿਆਉਣਾ ॥

**ਦੀਣਾ ਨਾਥ,** ਪੁਃ—ਗਰੀਬਾਂ ਦਾ ਮਾਲਕ, ਪਰਮੇਸਰ ॥

**ਦੀਣਾ ਬੰਧੂ,** ਪੁਃ—'ਦੀਣ ਬੰਧੂ' ਵੇਖੋ ॥

**ਦੀਣੀ,** ਵਿਃ—ਦੀਣ ਦਾ, ਮਜ਼੍ਹਬੀ, ਇੱਕੋ ਮਤ ਦਾ, ਆਤਮਕ ॥

Digitized by Panjab Digital Library / www.panjabdigilib.org

**ਦੀਦ,** ਪੁਃ—ਵੇਖਣ ਦਾ ਕੰਮ, ਤਾੜ, ਤੱਕ ॥

**ਦੀਦ ਬਾਜ਼,** ਪੁਃ—ਵੇਖਣ ਜਾਂ ਤਾੜਨ ਵਾਲਾ ॥

**ਦੀਦੌ,** ਪੁਃ—ਅੱਖ, ਨੇਤ੍ਰ, ਨੈਣ ॥

**ਦੀਦਾਰ,** ਪੁਃ—'ਦਿਦਾਰ' ਵੇਖੋ ॥

**ਦੀਦਾਦਨਿਸਤ,** ਕ੍ਰਿਃ, ਵਿਃ— ਜਾਣ ਬੁੱਝ ਕੇ ਆਪਣੀ ਮਰਜ਼ੀ ।

**ਦੀਪ,** ਪੁਃ —ਦੀਵਾ, ਜਿਸ ਧਰਤੀ ਦੇ ਚੁਫੇਰ ਜਲ ਹੋਵੇ, ਧਰਤੀ ਦੇ ਸੱਤ ਖੰਡ ਹਿੱਸੇ ਜਿਨ੍ਹਾਂ ਦੇ ਗਿਰਦ ਸਮੁੰਦਰ ਹਨ ॥

**ਦੀਪ ਮਾਲਾ,** ਸ਼ਃ—ਬਲਦੇ ਦੀਵਿਆਂ ਦੀ ਕਤਾਰ ਦਿਵਾਲੀ ॥

**ਦੀਪਕ,** ਪੁਃ—ਦੀਵਾ, ਤ੍ਰਿਕਾਲਾਂ ਵੇਲੇ ਦਾ ਇਕ ਰਾਗ ॥

**ਦੀਮਕ,** ਸ਼ਃ—ਸਿਉਂਕ, ਇੱਕ ਚਿੱਟਾ ਕੀੜਾ ॥

**ਦੀਰਘ,** ਵਿਃ—ਲੰਮਾ (ਸੀ) ॥

**ਦੀਲਾ,** ਪੁਃ—'ਡੀਲਾ' ਵੇਖੋ ॥

**ਦੀਵਟ,** ਪੁਃ—ਦੀਉਟ, ਦਰ ਖੀ ॥

**ਦੀਵਾ,** ਪੁਃ—ਮਿੱਟੀ ਦੀ ਮੂੰਹ ਵਾਲੀ ਪਿਆਲੀ ਜਿਸ ਵਿੱਚ ਤੇਲ ਅਤੇ ਵੱਟੀ ਪਾ ਕੇ ਵੱਟੀ ਦਾ ਸਿਰਾ ਮੂੰਹ ਤੇ ਬਾਲਦੇ ਹਨ ਚਾਨਣ ਕਰਨ ਲਈ ।

**ਦੀਵਾ ਸਲਾਈ,** ਸ਼ਃ—ਅੱਗ ਬਾਲਣ ਵਾਲੀ ਤੀਲੀ ਜਿਸ ਦੇ ਸਿਰ ਉੱਤੇ ਮਸਾਲਾ ਲੱਗਾ ਹੁੰਦਾ ਹੈ ॥

**ਦੀਵਾ ਵੱਟੀ,** ਪੁਃ—ਮਰਨ ਦੇ ਵੇਲੇ ਜੋ ਹੱਥ ਉੱਤੇ ਹਿੰਦੂ ਦੀਵਾ ਰਖਦੇ ਹਨ (ਹੋਣੀ, ਕਰਨੀ) ॥

**ਦੀਵਾਣ**
**ਦੀਵਾਰ** } 'ਦਿਵਾਨ' 'ਦਿਵਾਲ' ਵੇਖੋ ॥

**ਦੁਅੰਨੀ,** ਸ਼ਃ—ਚਾਂਦੀ ਦਾ ਸਿੱਕਾ ਦੋ ਆਨਿਆਂ ਦਾ ॥

**ਦੁਆ,** ਸ਼ਃ—ਅਸੀਸ, ਬੇਨਤੀ, ਅਰਦਾਸ, ਦਵਾ (ਕਰਨੀ, ਦੇਣੀ) ॥

**ਦੁਆ ਸਲਾਮ ਕਹਨਾ,** ਕ੍ਰਿਃ—ਕਿਸੇ ਨੂੰ ਸਲਾਮ ਜਾਂ ਪਿਆਰ ਕਹ ਭੇਜਣਾ ॥

**ਦੁਆ ਖੈਰ,** ਸ਼ਃ—ਅਸੀਸ ॥

**ਦੁਆ ਪੜ੍ਹਨੀ,** ਕ੍ਰਿਃ—ਖੁਦਾ ਦੀ ਸਿਫ਼ਤ ਕੁਰਾਨ ਵਿੱਚੋਂ ਪੜ੍ਹਨੀ ॥

**ਦੁਆਉਣਾ,** ਕ੍ਰਿਃ—ਦੇਣ ਦਾ ਕੰਮ ਕਰਾਉਣਾ ॥

**ਦੁਆਇਤ,** ਸ਼ਃ—'ਦਵਾਇਤ' ਵੇਖੋ ॥

**ਦੁਆਈ,** ਸ਼ਃ—'ਦਵਾ' ਵੇਖੋ ॥

**ਦੁਆਣ,** ਪੁਃ—'ਦਿਵਾਨ' ਵੇਖੋ ॥

**ਦੁਆਤ,** ਸ਼ਃ—'ਦਵਾਇਤ' ਵੇਖੋ ॥

**ਦੁਆਤਸੀ**
**ਦੁਆਦਸੀ** } ਸ਼ਃ—ਬਾਰ੍ਹਵੀਂ ਥਿਤ ॥

**ਦੁਆਨੀ,** ਸ਼ਃ—'ਦੁਅੰਨੀ' ਵੇਖੋ ॥

**ਦੁਆਪਰ,** ਪੁਃ—'ਦਵਾਪਰ' ਵੇਖੋ ॥

**ਦੁਆਬ**
**ਦੁਆਬਾ** } ਪੁਃ—ਦੋ ਦਰਿਆਵਾਂ ਦੇ ਵਿੱਚ ਦੀ ਧਰਤੀ, ਸਤੁੱਦਰ ਅਤੇ ਬਿਆਸ ਦੇ ਵਿਚਕਾਰਲਾ ਅਲਾਕਾ ॥

Digitized by Panjab Digital Library / www.panjabdigilib.org

**ਦੁਆਬਣ,** ਸ: } **ਦੁਆਬੀਆ,** ਪੁ: } ਦੁਆਬੇ ਵਿੱਚ ਰਹਿਣ ਵਾਲਾ (ਲੀ)।

**ਦੁਆਰ,** ਪੁ:—ਦਰਵਾਜ਼ਾ, ਬੂਹਾ, ਅੰਦਰ ਜਾਣ ਦਾ ਰਾਹ ॥

**ਦੁਆਰ ਸਾਖ,** ਸ:—ਚੁਗਾਠ ਦਾ ਪਾਸਾ।

**ਦੁਆਰਕਾ,** ਸ:—ਹਿੰਦੂਆਂ ਦਾ ਇੱਕ ਤੀਰਥ ( ਕਾਠੀਆਵਾੜ ਵਿੱਚ ) ਕ੍ਰਿਸ਼ਨ ਜੀ ਦੀ ਰਾਜ ਧਾਨੀ

**ਦੁਆਰੇ,** ਅਵ:—ਦਰਵਾਜ਼ੇ ਅੱਗ, ਰਾਹੀਂ, ਵਿਚੋਂ ।

**ਦੁਆਲ,** **ਦੁਆਲਾ,** **ਦੁਆਲੀ,** **ਦੁਆਲੀਆ** } 'ਦਵਾਲ' ਆਦਿਕ 'ਵੇਖੋ ॥

**ਦੁਆਲੀ ਬੰਦ,** ਪੁ:—ਸਿਪਾਹੀ ॥

**ਦੁਆਲੇ,** ਅਵ:—ਗਿਰਦੇ, ਦੁਵੇਰੇ

**ਦੁਐਤ,** ਸ:—'ਦਵਾਇਤ'॥

ਪੁ:—ਔਖ, ਸੰਸਾ, ਦੁਜਾਇਗੀ, ਬਹੁਤ ਦਉਤੇ ਮੰਨਣਾ, ਜੀਵ ਈਸ਼ਰ ਨੂੰ ਅਲਗ ਅਲਗ ਮੰਨਣਾ ॥

**ਦੁਇ,** ਵਿ:—ਦੋ ॥

**ਦੁਸਹਿਰਾ,** ਪੁ:-'ਦਸਹਿਰਾ' ਵੇਖੋ ॥

**ਦੁਸ਼ਟ,** ਵਿ:-ਬੁਰਾ, ਬਦਮਾਸ਼, ਲੁੱਚਾ ਨਿਰਦਈ, ਅਸ਼ੁਭ ॥

**ਦੁਸ਼ਟਣ (ਣੀ),** ਸ:-ਦੁਸ਼ਟ ਇਸਤ੍ਰੀ, ਜਿਸ ਵਿੱਚ ਦਯਾ ਨਹੀਂ ॥

**ਦੁਸਤਰ,** ਵਿ:—ਜਿਸ ਨੂੰ ਤਰਨਾ ਔਖਾ ਹੈ॥



**ਦੁਸਪਚ,** ਵਿ:—ਜੋ ਚੀਜ਼ ਛੇਤੀ ਨਾਂ ਪਚੇ ਸਕੀਲ ਖਾਣਾ ॥

**ਦੁਸਮਣ,** ਪੁ:—ਵੈਰੀ, ਵਿਰੋਧੀ, ਦੋਖੀ ॥

**ਦੁਸਮਣੀ** **ਦੁਸਮਨਾਇਗੀ** **ਦੁਸਮਨਾਈ** } ਸ:—ਵੈਰ, ਵਿਰੋਧ, ਬੁਰਾ ਸਮਝਣਾ ॥

**ਦੁਸਰ,** ਪੁ:—ਆਰ ਪਾਰ, ਦੂਆ ਪਾਸਾ ਜਾਂ ਸਿਰਾ, ਦੂਜੀ ਵਾਰ ॥

**ਦੁਸਰਾਉਣਾ** **ਦੁਸਰਾ ਕੇ ਕਰਨਾ** } ਕ੍ਰਿ:—ਦੂਜੀ ਵਾਰੀ ਕ-ਹਿਣਾ, ਦੁਹਰਾਉਣਾ ॥

**ਦੁਸੱਲ੍ਹ,** ਪੁ:—ਦੂਜਾ ਪਾਸਾ ਜਾਂ ਸਿਰਾ ॥

ਕ੍ਰਿ:-ਵਿ:—ਵਿਚ ਦੋ॥

**ਦੁਸਾਕ** **ਦੁਸਾਕਾ** } ਪੁ:—ਦੋਹਰਾ ਸਾਕ, ਜਿਸ ਨਾਲ ਦੋ ਤਰਾਂ ਦਾ ਸਾਕ ਹੋਵੇ।

**ਦੁਸਾਂਗੜ** **ਦੁਸਾਂਗੀ** } ਸ: —ਦੋ ਨੋਕਾਂ ਵਾਲੀ ਸੋਟੀ॥

**ਦੁਸ਼ਾਂਦਾ,** ਪੁ:—'ਜੁਸ਼ਾਂਦਾ' ਵੇਖੋ ॥

**ਦੁਸਾਰ,** ਪੁ:-'ਦੁਸੱਲ੍ਹ' ਵੇਖੋ ॥

**ਦੁਸਾਲਾ** **ਦੁਸੱਾਲਾ** } ਵਿ:—ਦੋਹਾਂ ਵਰ੍ਹਿਆਂ ਦਾ॥

**ਦੁਸ਼ਾਲਾ** **ਦੁਸ਼ੱਾਲਾ** } ਪੁ:—ਪਸ਼ਮੀਨੇ ਦੀਆਂ ਚਾਦਰਾਂ ਦਾ ਜੋੜਾ ॥

**ਦੁੱਸੁਰ,** ਪੁ:—'ਦੁਸਰ' ਵੇਖੋ ॥

Digitized by Panjab Digital Library | www.panjabdigilib.org

**ਦੁਸੇਰਾ,** ਪੁ: / **ਦੁਸੇਰੀ;** ਸ: } ਦੋ ਸੇਰਾਂ ਦਾ ਵੱਟਾ ਜਾਂ ਤੋਲ ॥

**ਦੁਸਤੀ** / **ਦੁਸੂਤੀਆ** } ਪੁ:—ਦੋ ਤਰਾਂ ਦਾ ਉਣਿਆ ਹੋਯਾ ਮੋਟਾ ਕਪੜਾ ॥

**ਦੁਹਣਾ,** ਕ੍ਰਿ:—ਦੁੱਧ ਚੋਣਾ।
ਪੁ:—ਚੌੜੇ ਮੂੰਹ ਵਾਲਾ ਦੁੱਧ ਦਾ ਭਾਂਡਾ ॥

**ਦੁਹਣੀ,** ਸ:—ਛੋਟਾ ਦੁੱਧ ਵਾਲਾ ਭਾਂਡਾ ।

**ਦੁਹਤ** / **ਦੁਹਤਰਾ** / **ਦੁਹਤਾ** } ਪੁ:—ਧੀ ਦਾ ਪੁਤ੍ਰ ॥

**ਦੁਹਤ ਜੁਆਈ,** —ਧੀ ਦਾ ਜੁਆਈ

**ਦੁਹਤ ਪੋਤ,** ਪੁ:—ਦੋਹਤ੍ਰੇ ਪੋਤ੍ਰੇ, ਔਲਾਦ ਦੀ ਔਲਾਦ ॥

**ਦੁਹਤ ਬਹੂ,** ਸ:—ਦੋਹਤਰੇ ਦੀ ਵਹੁਟੀ ॥

**ਦੁਹਤ ਵਾਣ,** ਪੁ:—ਧੀ ਦੀ ਔਲਾਦ ॥

**ਦੁਹਤਰੀ** / **ਦੁਹਤੀ** } ਸ:—ਧੀ ਦੀ ਧੀ ॥

**ਦੁਹੱਥੜ,** ਸ: ਦੋ ਹੱਥਾਂ ਨਾਲ ਲਾਈ ਹੋਈ ਸੱਟ ।

**ਦੁਹੱਥੜ ਮਾਰਨੀ,** ਕ੍ਰਿ:—ਗੁੱਸੇ ਜਾਂ ਗਮ ਕਰਕੇ ਦੋਵੇਂ ਹੱਥ ਜ਼ੋਰ ਨਾਲ ਧਰਤੀ ਉੱਤੇ ਮਾਰਨੇ ॥

**ਦੁਹਰ,** ਸ:—'ਦੋਹਰ' ਵੇਖੋ ॥

**ਦੁਹਰਫ਼ੀ,** ਵਿ:—ਦੋ ਹਰਫ਼ਾਂ ਦਾ, ਥੋੜੀ ਗੱਲ ਵਾਲਾ ॥

**ਦੁਹਰਮ,** ਸ:—ਦੂਜੀ ਵਾਰੀ (ਲਾਉਣੀ) ॥

**ਦੁਹਰਾ,** ਵਿ:—ਦੂਣਾ, ਸੰਘਣਾ, ਮੋਟਾ ॥

**ਦੁਹਰਾਉ,** ਪੁ:—ਦੁਹਰਾਉਣ ਦਾ ਕੰਮ ॥

**ਦੁਹਰਾਉਣਾ,** ਕ੍ਰਿ:—ਦੁਹਰਾ ਕਰਨਾ, ਦੂਜੀ ਵਾਰ ਆਖਣਾ ।

**ਦੁਹਾਉਣਾ,** ਕ੍ਰਿ:—ਦੁੱਧ ਚੁਆਉਣਾ ॥

**ਦੁਹਾਈ,** ਸ: —ਫਰਿਆਦ (ਦੇਣੀ), ਸਹੁੰ, ਦੂਣਾਂ ਹਿੱਸਾ, ਦੁਹਰਾਉ, ਦੁੱਧ ਚੋਣ ਦਾ ਕੰਮ ਜਾਂ ਮਜੂਰੀ ॥

**ਦੁਹਾਈ ਤਿਹਾਈ,** ਸ:—ਦੁਹੁਰਮ ਤਿਹਰਮ ਬਾਰ ਬਾਰ ਫਰਿਆਦ ਕਰਨੀ, ਹਾਲ ਪਾਹਰਿਆ (ਦੇਣੀ) ।

**ਦੁਹਾਸਮਾ (ਦਾਂ),** ਵਿ:—ਦੋ ਛੱਤਾਂ ਵਾਲਾ, ਦੂਜੀ ਛੱਤ ਦਾ ॥

**ਦੁਹਾਜੜ** / **ਦੁਹਾਜੂ** } ਪੁ:—ਜਿਸ ਦਾ ਵਿਆਹ ਦੂਜੀ ਵਾਰ ਹੋਵੇ, ਮਾਜੂ ॥

**ਦੁਹਿੱਤਾ,** ਵਿ:—ਜਿਸ ਦਾ ਮਨ ਦੋ ਪਾਸੇ ਹੈ ॥

**ਦੁਹੁਰਮ, ਦੁਹੁਰਾ** / **ਦੁਹੁਰਾਉ, ਦੁਹੁਰਾਉਣਾ** } 'ਦੁਹਰਮ', 'ਦੁਹਰਾ' ਆਦਿਕ ਵੇਖੋ ॥

**ਦੁਹੇਲਾ (ਲੀ),** ਵਿ:—ਔਖਾ (ਖੀ) ॥

**ਦੁਕੱਲੇ,** ਵਿ:—ਦੋ ਜਣੇ ਜੋ ਬਾਕੀ ਸਾਰਿਆਂ ਕੋਲੋਂ ਵੱਖਰੇ ਹੋਣ ॥

**ਦੁੱਕੜ,** ਸ:—ਇੱਕ ਛੋਟੀ ਤੌਰ ਜੋ ਕਜਰ ਬਜਾਉਂਦੇ ਹਨ ॥
ਵਿ:—ਦੋ ॥

Digitized by Panjab Digital Library | www.panjabdigilib.org

**ਇੱਕੜ ਦੁੱਕੜ,** ਵਿ:—ਇੱਕ,ਦੋ, ਕਦੇ ਇੱਕ ਕਦੇ ਦੋ,॥

**ਦੁੱਕੜ ਬਜਾਉਣੀ, ਦੁੱਕੜ ਵਜਾਉਣੀ,** ਕ੍ਰਿ:—ਡੱਫ ਵਜਾਉਣੀ, ਤੌੜੀਆਂ ਮਾਰਨੀਆਂ ।

**ਦੁਕਾਨ,** ਸ:—ਹੱਟੀ, ਜਿਥੇ ਸੌਦਾ ਵਿਕੇ, ਕਾਰ-ਖਾਨਾ ॥

**ਦੁਕਾਨ ਕਰਨੀ, ਚਲਾਉਣੀ, ਲਗਾਉਣੀ,** ਕ੍ਰਿ:—ਹੱਟੀ ਕਰਨੀ' ਆ-ਦਿਕ ਵੇਖੋ ।

**ਦੁਕਾਨ ਦਾਰ,** ਪੁ:—ਜੋ ਦੁਕਾਨ ਕਰੇ ।

**ਦੁਕਾਨ ਦਾਰਣ,** ਸ:—ਦੁਕਾਨਦਾਰ ਦੀ ਵਹੁਟੀ, ਦੁਕਾਨ ਕਰਨ ਵਾਲੀ ॥

**ਦੁਕਾਨਦਾਰੀ,** ਸ:—ਦੁਕਾਨ ਕਰਨ ਦਾ ਕੰਮ, ਸੌਦਾ ਖਰੀਦਣਾ ਅਤੇ ਵੇਚਣਾ ॥

**ਦੁੱਕੀ,** ਸ:—ਤਾਸ਼ ਦਾ ਦੋ ਨਿਸ਼ਾਨਾਂ ਵਾਲਾ ਪੱਤਾ।

**ਦੁੱਕੜ,** ਸ:—'ਦੁਕੱੜ' ਵੇਖੋ ॥

**ਦੁਖ, ਦੁੱਖ,** ਪੁ:—ਪੀੜ, ਗ਼ਮ, ਔਖ, ਬਿਪਤਾ, ਰੋਗ ।

**ਦੁਖ ਸੁਖ ਦਾ ਸਾਂਝਾ ਹੋਣਾ,** ਕ੍ਰਿ:—ਕਿਸੇ ਦੇ ਦੁਖ ਸੁਖ ਦੇ ਵੇਲੇ ਉਸ ਦੇ ਨਾਲ ਰਹਿਣਾ ।

**ਦੁਖ ਹਰਤਾ, ਦੁਖ ਭੰਜਣ,** ਪੁ:—ਜੋ ਦੁਖ ਹਟਾਵੇ, ਪਰਮੇਸ਼ਰ।

**ਦੁਖ ਦਾਇਕ (ਈ),** ਪੁ: **ਦੁਖ ਦਾਇਣ,** ਸ: **ਦੁਖ ਦੇਵਾ (ਵੀ)** ਪੁ: ਸ: —ਜੋ ਦੁਖ ਦੇਵੇ ॥

**ਦੁਖ ਲਗਣਾ,** ਕ੍ਰਿ:—ਰੋਗ ਲਗਣਾ, ਪੀੜ ਹੋਣੀ।

**ਦੁਖ ਪਾਉਣਾ,** ਕ੍ਰਿ:—ਦੁਖ ਝੱਲਣਾ, ਔਖੇ ਹੋਣਾ ॥

**ਦੁਖ ਵੰਡਣਾ,** ਕ੍ਰਿ:—ਦੂਜੇ ਦੇ ਦੁਖ ਨੂੰ ਆਪਣਾ ਦੁਖ ਸਮਝਣਾ, ਦੁਖ ਵੇਲੇ ਮੱਦਤ ਕਰਨੀ ।

**ਦੁਖਣਾ,** ਕ੍ਰਿ:—ਪੀੜ ਹੋਣੀ, ਗ਼ਮ ਜਾਂ ਪਛਤਾਵਾ ਲਗਣਾ ॥

**ਦੁਖਣੂਤਾ,** ਪੁ:—'ਦੁਖਲੂਤਾ' ਵੇਖੋ ॥

**ਦੁਖੜਾ,** ਪੁ:—ਦੁਖ, ਪੀੜ, ਮੁਸੀਬਤ, ਦੁਖਾਂ ਦੀ ਕਹਾਣੀ ।

**ਦੁਖੜਾ ਰੋਣਾ,** ਕ੍ਰਿ:—ਆਪਣੇ ਦੁਖਾਂ ਦਾ ਹਾਲ ਸੁਣਾਉਣਾ ॥

**ਦੁਖਾਉਣਾ,** ਕ੍ਰਿ:—ਦੁਖ ਦੇਣਾ, ਪੀੜ ਕਰਨੀ ।

**ਦੁਖਾਊ,** ਪੁ:—ਜੋ ਦੁਖ ਦੇਵੇ, ਜਿਸ ਗੱਲ ਤੋਂ ਦੁਖ [illegible] ॥

**ਦੁਖਿਆਰਣ (ਯਾਰਣ),** ਸ: **ਦੁਖਿਆਰਾ (ਯਾਰਾ),** ਪੁ: **ਦੁਖਿਆਰੀ (ਯਾਰੀ),** ਸ: —ਜਿਸ ਨੂੰ ਦੁਖ ਪੀੜ ਜਾਂ ਰੋਗ ਹੋਵੇ ॥

**ਦੁਖੀ, ਦੁਖੀਆ,** ਪੁ:—ਜਿਸ ਨੂੰ ਦੁਖ ਹੋਵੇ, ਬਦਨਸੀਬ ਗਰੀਬ, ਰੋਗੀ ॥

**ਜਨਮ ਦਾ ਦੁਖੀਆ,** ਪੁ:—ਜਿਸ ਦੀ ਪਰਾਲਬਧ ਵਿੱਚ ਸਾਰੀ ਉਮਰ ਦਾ ਦੁਖ ਹੈ ॥

**ਦੁਗਣਾ, ਦੁੱਗਣਾ,** ਵਿ:—ਦੂਣਾ, ਦੋ ਵਾਰੀ ਗਿਣਿਆ ਹੋਯਾ ਦੂਹਰਾ। ਕ੍ਰਿ:—ਕਿਸੇ ਨੂੰ ਦੂਣਾ ਕਰਨਾ।

Digitized by Panjab Digital Library | www.panjabdigilib.org

**ਦੁੱਗਲ,** ਪੁ:—ਖਤ੍ਰੀਆਂ ਦੀ ਇਕ ਜਾਤ।

**ਦੁਗਾਣਾ,** ਪੁ:—ਨਮਾਜ ਪੜ੍ਹਦਿਆਂ ਦੋ ਵਾਰੀ ਝੁਕਣਾ।

**ਦੁਗਾੜਾ,** ਪੁ:—ਬੰਦੂਕ ਵਿੱਚ ਦੋ ਗੋਲੀਆਂ ਕੱਠੀਆਂ ਪਾਈਆਂ ਹੋਈਆਂ, ਦੋ ਗੋਲੀਆਂ ਵਾਲੀ ਬੰਦੂਕ ( ਮਾਰਣਾ )॥

**ਦੁਗੁਣਾ,** ਵਿ:—ਦੂਣਾ, ਦੋ ਵਾਰੀ ਗਿਣਿਆਂ ਹੋਇਆ ਦੂਹਰਾ॥

**ਦੁਚਿੱਤ**<br>**ਦੁਚਿੱਤਾ** } ਵਿ:—ਜਿਸ ਦਾ ਧਿਆਨ ਦੋ ਪਾਸੇ ਹੋਵੇ, ਚੰਚਲ।

**ਦੁਚਿੱਤੀ,** ਸ:—ਚੰਚਲਤਾਈ, ਬੇ ਪਰਵਾਹੀ ਸੰਸਾ।

**ਦੁਜਾਇਗੀ**<br>**ਦੁਜੈਗੀ** } ਸ:—ਦੂਜਾ ਸਮਝਣਾ, ਦੁਅੰਤ, ਵਿਰੋਧ, ਅਣਬਣ।

**ਦੁਟੱਕ,** ਪੁ:—ਕੱਟ ਕੇ ਦੋ ਟੋਟੇ ਕੀਤੇ ਹੋਏ (ਹੋਣਾ, ਕਰਨਾ)॥

**ਦੁਟੱਕ ਜਵਾਬ ਦੇਣਾ,** ਕ੍ਰਿ:—ਗੱਲ ਨੂੰ ਥੋੜ੍ਹੇ ਵਿਚ ਮੁਕਾਉਣਾ, ਝਟ ਪਟ ਨਾਂਹ ਕਰ ਦੇਣੀ

**ਦੁਣਕਾ,** ਪੁ:—ਦਾਣਾ, ਅਨਾਜ॥

**ਦੁਨਿਆਈ,** ਵਿ:—ਦੁਨੀਆਂ ਦਾ, ਸੰਸਾਰਕ॥

**ਦੁਨੀਆ (ਆਂ),** ਸ: ਸੰਸਾਰ, ਜਗਤ, ਜੱਗ ਦੇ ਲੋਕ, ਪਦਾਰਥ, ਧਨ।

**ਦੁਨੀਆ ਦਾਰ,** ਪੁ:—ਸੰਸਾਰੀ, ਗਿਰਿਸਤੀ ਦੁਨੀਆ ਦੇ ਧੰਦਿਆਂ ਵਿਚ ਲਗਾ ਹੋਇਆ॥

**ਦੁਨੀਆ ਦਾਰੀ** ਸ:—ਦੁਨੀਆ ਦੇ ਧੰਧੇ, ਗਿਰਿਸਤ, ਦਿਖਾਵਾ॥

**ਦੁੱਤ,** ਪੁ:—ਦੋ ਜੁੜੇ ਹੋਏ ਅੱਖਰ, ਝਿੜਕੀ, ਦੁਤ॥

**ਦੁਤਹੀ,** ਸ:—ਇਕ ਮੋਟੀ ਚਾਦਰ ਜੋ ਦੂਹਰੀ ਕਰਕੇ ਵਿਛਾਉਂਦੇ ਹਨ ਜਾਂ ਪਿੰਡਾਂ ਦੇ ਲੋਕ ਉੱਪਰ ਲੈਂਦੇ ਹਨ॥

**ਦੁਤਕਾਰ,** ਪੁ:—ਫਿਟਕ, ਝਾੜ, ਲਾਨ ਤਾਨ, ਧਮਕੀ॥

**ਦੁਤਕਾਰਨਾ,** ਕ੍ਰਿ:—ਝਿੜਕਣਾ, ਫਿਟਕਾਰਨਾ, ( ਕੁੱਤੇ ਨੂੰ ) ਬਾਹਰ ਕੱਢਣਾ॥

**ਦੁਤਕਾਰੀ,** ਸ:—'ਦੁਤਕਾਰ' ਵੇਖੋ॥

**ਦੁਤਰ,** ਪੁ:—ਜਿਸ ਦਾ ਤਰਨਾ ਔਖਾ ਹੈ (ਸੰਸਾਰ ਰੂਪੀ ਸਮੁੰਦ)॥

**ਦੁਤਰਫੀ,** ਵਿ:—ਦੋ ਤਰਫਾ ਵਾਲਾ, ਦੋਵੇਂ ਪਾਸੇ।

**ਦੁਤਾਰਾ,** ਪੁ:—ਦੋ ਤਾਰਾਂ ਵਾਲਾ ਵਾਜਾ॥

**ਦੁਤੀਆ,** ਸ:—ਦੂਜੀ ਥਿਤ।

**ਦੁਤੇੜਾ,** ਪੁ:—ਵੈਰ ਵਿਰੋਧ, ਦੁਸ਼ਮਣੀ॥

**ਦੂੰਦ,** ਪੁ:—ਰੌਲਾ ਗੌਲਾ, ਦੁਸ਼ਮਣੀ, ਫਸਾਦ ਅਨਿਆਉਂ॥

**ਦੁਦਕਾਰ**<br>**ਦੁਦਕਾਰਨਾ**<br>**ਦੁਦਕਾਰੀ** } 'ਦੁਤਕਾਰ' ਆਦਿਕ ਵੇਖ॥

Digitized by Panjab Digital Library | www.panjabdigilib.org

**ਦੁੱਧ,** ਪੁ: ਥਣਾਂ ਵਿਚੋਂ ਜੋ ਚਿੱਟਾ ਰਸ ਨਿਕਲਦਾ ਹੈ, ਕਈਆਂ ਬੂਟਿਆਂ ਵਿੱਚੋਂ ਨਿਕਲਣ ਵਾਲਾ ਚਿੱਟਾ ਰਸ ।

**ਦੁਧ ਉਤਰ ਆਉਣਾ**
**ਦੁੱਧ ਉਤਰਨਾ** } ਕ੍ਰਿ: ਥਣ ਦੁੱਧ ਨਾਲ ਭਰ ਜਾਣੇ, ਆਦਰ ਆਉਣੀ ॥

**ਚਿੜੀਆਂ ਦਾ ਦੁਧ,** ਪੁ:-ਜੇਹੜੀ ਚੀਜ਼ ਕਦੇ ਨਾ ਹੋਈ ਹੋਵੇ ॥

**ਦੁਧ ਚੁਰਾਉਣਾ,** ਕ੍ਰਿ:-ਗਊ ਮਹਿੰ ਦਾ ਦੁਧ ਨਾ ਦੇਣਾ ॥

**ਦੁਧ ਦਾ ਉਬਾਲ,** ਪੁ:—ਥੋੜ੍ਹੇ ਚਿਰ ਦਾ ਜੋਸ਼ ।

**ਦੁੱਧ ਦੀਆਂ ਦੰਦੀਆਂ,** ਸ:
**ਦੁੱਧ ਦੇ ਦੰਦ,** ਪੁ: } ਨਿੱਕੇ ਬਾਲਾਂ ਦੇ ਦੰਦ

**ਦੁੱਧ ਪਿਆਉਣਾ,** ਕ੍ਰਿ: ਬਾਲ ਨੂੰ ਮਮਾ ਚੁੰਘਾਉਣਾ ॥

**ਦੁਧ ਪੀਣਾ,** ਕ੍ਰਿ:-ਮੰਮਾ ਚੁੰਘਣਾ ( ਬਾਲ ਦਾ )

**ਦੁੱਧ ਪੁੱਤ,** ਪੁ:-ਮਾਲ ਅਤੇ ਉਲਾਦ ।

**ਦੁੱਧ ਪੁੱਤ ਅੱਗੇ ਆਉਣਾ,** ਕ੍ਰਿ:—ਆਪਦੇ ਬਦਲੇ ਦੁੱਧ ਪੁੱਤ ਨਾ ਰਹਿਣਾ ।

**ਦੁੱਧ ਪੈਣਾ,** ਕ੍ਰਿ:-ਦਾਣੇ ਤੋਂ ਪੈਹਲੇ ਰਸ ਬਣਨਾ ॥

**ਦੁੱਧੀਂ ਨ੍ਹਾਵੇਂ ਪੁੱਤੀਂ ਫਲੇਂ,** ਮਾਲ ਅਤੇ ਉਲਾਦ ਬਹੁਤ ਹੋਵੇ (ਅਸੀਸ) ॥

**ਦੁਧਕਲ,** ਪੁ:-ਇਕ ਦੁਧ ਵਾਲੀ ਬੂਟੀ ॥

**ਦੁਧਾਰ (ਰਾ),** ਵਿ:-ਦੋ ਧਾਰਾਂ ਵਾਲੀ, ਤਿੱਖੀ (ਤਲਵਾਰ) ॥

**ਦੁੱਧੀ,** ਵਿ:-ਦੁੱਧ ਵਾਲਾ ।
ਸ:-ਕ੍ਰੀਮਤ ਦੇ ਬਣ, ਇਕ ਬੂਟੀ ॥

**ਦੁਧੂਆ,** ਪੁ:-ਦੁੱਧ, ਚਿੱਟੀ ਸ਼ਰਾਬ (ਫਕੀਰਾਂ ਦੀ ਬੋਲੀ) ॥

**ਦੁਧੈਲ,** ਵਿ:-ਜੋ ਦੁਧ ਦੇਵੇ ।

**ਦੁਨਾਲੀ,** ਵਿ:-ਦੋ ਨਾਲਾਂ ਵਾਲੀ (ਬੰਦੂਕ) ।

**ਦੁਪਹਰ**
**ਦੁਪਹਿਰ**
**ਦੁਪਹਿਰਾ** } ਸ:-ਦਿਨ ਦਾ ਵਿਚਲਾ ਹਿੱਸਾ ਦਿਨ ਚੜ੍ਹਨ ਤੋਂ ਦੋ ਪਹਿਰ ਮਗਰੋਂ ਜੋ ਵੇਲਾ ਹੁੰਦਾ ਹੈ ॥

**ਸਿਕਰ ਦੁਪਹਰ,** ਸ:-ਠੀਕ ਦੁਪਹਿਰ ਦੇ ਵੇਲੇ ਜਦ ਬਹੁਤ ਗਰਮੀ ਹੁੰਦੀ ਹੈ ॥

**ਦੁਪਹਿਰ ਢਲਣਾ,** ਕ੍ਰਿ:—ਦੁਪਹਿਰ ਦਾ ਵੇਲਾ ਬੀਤਣ ਲਗਣਾ ।

**ਦੁਪਹਰੀਆ**
**ਦੁਪਹਿਰੀਆ** } ਵਿ: ਦੁਪਹਰ ਦਾ, ਦੁਪਹਰ ਵੇਲੇ ਜੰਮਿਆ ਹੋਯਾ, ਸ਼ਰਾਰਤੀ

**ਗੁਲ ਦੁਪਹਿਰੀਆ,** ਪੁ:-ਇਕ ਗੂੜ੍ਹੇ ਲਾਲ ਰੰਗ ਦਾ ਫੁੱਲ ॥

**ਦੁਪਟਕਾ**
**ਦੁਪੱਟਾ (ਟੀ)** } ਪੁ:-ਮੋਢਿਆਂ ਤੇ ਪਾਉਣ ਵਾਲਾ ਕਪੜਾ, ਇੱਕ ਹਲਕੀ ਚਾਦਰ, ਦੋ ਪੱਟਾਂ ਦਾ ਕਪੜਾ ॥

**ਦੁੱਪਰਿਆਰਾ,** ਵਿ:-ਜੋ ਪਿਆਰਾ ਨਾ ਲੱਗੇ ॥

**ਦੁੱਪੜ,** ਸ:-ਦੋ ਤਹਿਆਂ ਵਾਲੀ ਰੋਟੀ ਜਾਂ ਪਰੌਂਠੀ ॥

**ਦੁਪਾਇਆ,** ਪੁ:-ਦੋ ਪੈਰਾਂ ਵਾਲਾ, ਮਨੁੱਖ ॥

Digitized by Panjab Digital Library | www.panjabdigilib.org

**ਦੁਪਿਆਜ਼ਾ,** ਪੁ:–ਰਿੱਧਾ ਹੋਇਆ ਮਾਸ ਜਿਸ ਵਿੱਚ ਦੋ ਵਾਰ 'ਪਿਆਜ਼ ਵਰਤਿਆ ਜਾਵੇ।

**ਦੁਪਿਆਰ,** ਪੁ:–ਪਿਆਰ ਨਾ ਹੋਣਾ, ਬੁਰਾ ਲਗਣਾ।

**ਦੁਪਿਆਰਾ**
**ਦੁਪਰਿਆਰਾ** } ਵਿ:–ਜੋ ਪਿਆਰਾ ਨ ਲਗੇ ॥

**ਦੁਪੁਸਤਾ,** ਵਿ:–ਦੋਹੀਂ ਪਾਸੀਂ ਛਪਿਆ ਹੋਇਆ (ਕਾਗਜ਼)।

**ਦੁੱਪੁੜ,** ਸ:–'ਦੁਪੜ' ਵੇਖੋ ॥

**ਦੁਫਾੜ,** ਸ:–ਜਿਸ ਚੀਜ਼ ਦੇ ਫਾੜਕੇ ਦੋ ਟੋਟੇ ਕੀਤੇ ਹੋਏ ਹੋਣ, ਦੋ ਟੋਟੇ ॥

**ਦੁਫੇੜ,** ਪੁ:–ਦੁਸ਼ਮਣੀ, ਆਪੋ ਵਿਚ ਵੈਰ ਵਿਰੋਧ (ਪਾਉਣਾ)।

**ਦੁੰਬ,** ਸ:–ਪੂਛ, ਦੁਮ, ਜਨਾਵਰ ਦੀ ਛੱਲੀ।

**ਦੁੰਬਚੀ,** ਸ: ਪੂਛ ਵਿੱਚ ਪਾਉਣ ਵਾਲਾ ਤਸਮਾ।

**ਦੁਬਧਾ** ਸ:–ਸੰਸਾ, ਫਿਕਰ, ਦੁਚਿੱਤੀ, ਬੇਚੈਨੀ ਦੁਜਾਇਗੀ ॥

**ਦੁੱਭਰ** ਵਿ:–ਔਖਾ, ਮੁਸ਼ਕਲ ॥

**ਦੁਬਲ,** ਵਿ:—ਜਿਸ ਵਿੱਚ ਬਲ ਨਹੀਂ, ਕਮਜ਼ੋਰ।

**ਦੁਬਲਤਾ**
**ਦੁਬਲਤਾਈ** } ਸ:–ਬਲ ਨਾ ਹੋਣਾ, ਕਮਜ਼ੋਰੀ।

**ਦੁਬਲਾ,** ਵਿ:–ਲਿੱਸਾ, ਕਮਜ਼ੋਰ ॥

**ਦੁਬਲਾਈ,** ਸ:–ਲਿੱਸਾ ਹੋਣਾ, ਕਮਜ਼ੋਰੀ ॥

**ਦੁੰਬਾ,** ਪੁ: ਮੋਟੀ ਪੂਛ ਵਾਲਾ ਛੇਤ੍ਰ ॥

**ਦੁਬਾਜਰਾ,** ਵਿ:—'ਦੁਭਾਸਰਾ' ਵੇਖੋ ॥

**ਦੁਬਾਰਾ** ਕ੍ਰਿ: ਵਿ:–ਦੋ ਵਾਰੀ, ਦੂਜੀ ਵਾਰ ॥

**ਦੁਬਾਰੀ,** ਸ:—ਦੋ ਵਾਰੀ ਤਲ ਕੇ ਕਰਾਰੀ ਕੀਤੀ ਹੋਈ ਲੁੱਚੀ।

**ਦੁਭਤਾ,** ਸ:–'ਦੁਬਧਾ' ਵੇਖੋ।

**ਦੁੱਭਰ,** ਵਿ:–ਔਖਾ, ਮੁਸ਼ਕਲ ॥

**ਦੁਭਾਸਰਾ,** ਵਿ:–ਪੁ:, ਜੋ ਇੱਕ ਗੱਲ ਤੇ ਨਾ ਟਿਕੇ, ਜੋ ਕਦੇ ਇੱਕ ਧਿਰ ਵੱਲ ਹੋਵੇ ਕਦੇ ਦੂਜੀ ਵੱਲ।

**ਦੁਭਾਸੀਆ**
**ਦੁਭਾਖੀਆ** } ਪੁ:–ਜੋ ਦੋ ਬੋਲੀਆਂ ਸਮਝੇ, ਜੋ ਇਕ ਬੋਲੀ ਦਾ ਮਤਲਬ ਦੂਜੀ ਵਿਚ ਦਸ ਸਕੇ ॥

**ਦੁੰਮ,** ਸ:–'ਪੂਛ' ਵੇਖੋ ॥

**ਦੁਮਾਲਾ,** ਪੁ:-ਵੱਡਾ ਪੱਗੜ, ਦੋ ਵਲਦਾ ਖੰਡ ॥

**ਦੁਮੂੰਹਾਂ,** ਵਿ:–ਦੋ ਮੂੰਹਾਂ ਵਾਲਾ ॥

**ਦੁਮੂੰਹੀਂ,** ਵਿ: ਸ:–ਦੋ ਮੂੰਹਾਂ ਵਾਲੀ, ਦੋ ਮੂੰਹ ਵਾਲੀ ਸੱਪਣੀ ॥

**ਦੁਰੇ,** ਵਿਸਮਕ:–ਪਰੇ ਹਟ, ਨਿਕਲ ਜਾ, ਖੜਾ ਰਹੁ ॥

**ਦੁਰਗਤ,** ਸ:-ਬੁਰਾ ਹਾਲ, ਨਿਰਾਦਰੀ।

**ਦੁਰਗੰਧ,** ਸ:–ਬਦ ਬੋ, ਖਰਾਬ ਮੁਸ਼ਕ ॥

**ਦੁਰਜਨ,** ਪੁ:–ਬੁਰਾ ਆਦਮੀ, ਵੈਰੀ ॥

**ਦੁਰਦਸ਼ਾ**
**ਦੁਰਦਿਸ਼ਾ** } ਸ:–ਬੁਰਾ ਹਾਲ, ਨਿਰਾਦਰੀ ॥

**ਦੁਰ ਦੁਰ,** ਸ: ਫਿਟਕਾਰ, ਬਦਨਾਮੀ (ਹੋਣੀ) ॥ ਵਿਸਮਕ:–ਕੁੱਤੇ ਨੂੰ ਪਰੇ ਹਟਾਉਣ ਦੀ ਅਵਾਜ਼ ॥

Digitized by Panjab Digital Library | www.panjabdigilib.org

**ਦੂਰ ਦੂਰ ਕਰਨਾ,** ਕ੍ਰਿ:–( ਕੁੱਤੇ ਆਦਿਕ ਨੂੰ ) ਬਾਹਰ ਕੱਢਣਾ, ਫਿਟਕਾਰਨਾ।

**ਦੂਰ ਬਚਨ,** ਪੁ:–ਭੈੜੀ ਗੱਲ, ਗਾਲ੍ਹੀ ॥

**ਦੂਰਬਲ,** ਵਿ:–ਕਮਜ਼ੋਰ, ਲਿੱਸਾ ॥

**ਦੂਰਬਲਤਾਈ,** ਸ:–ਕਮਜ਼ੋਰੀ

**ਦੂਰ ਭਾਉ,** ਪੁ:–ਨਿਰਾਦਰੀ, ਜਿਸ ਵਿੱਚ ਨਾ ਆਦਰ ਹੈ ਨਾਂ ਲਾਹਾ॥

**ਦੂਰ ਭਾਗ,** ਵਿ:–ਜਿਸ ਦੇ ਭਾਗ ਮੰਦੇ ਹਨ, ਬੇਨਸੀਬ ॥

**ਦੂਰ ਮੱਤ**
**ਦੂਰ ਮੱਤੀ** } ਵਿ:, ਸ:–ਖੋਟੀ ਮਤ ਵਾਲਾ, ਮੂਰਖ, ਮੂਰਖਤਾਈ, ਖੋਟੀ ਮਤ।

**ਦੂਰਲੱਭ,** ਵਿ:–ਜਿਸ ਦਾ ਲੱਭਣਾ ਔਖਾ ਹੈ, ਵਡ-ਮੁੱਲਾ, ਅਮੋਲਕ

**ਦੂਰਕਾਨਾ**
**ਦੂਰਕਾਰਨਾ**
**ਦੁਰਕਾਰਸੁੱਟਣਾ** } ਕ੍ਰਿ:–ਨਿਰਾਦਰੀ ਕਰਨੀ, ਬਾਹਰ ਕੱਢ ਦੇਣਾ, ਫਿਟਕਾਰਨਾ।

**ਦੂਰਗਾ,** ਸ: ਦੇਵੀ, ਭਗਵਤੀ, ਭਵਾਨੀ, ਮਾਤਾ ॥

**ਦੂਰੰਗਾ,** ਪ:–ਦੋ ਰੰਗਾਂ ਵਾਲਾ, ਦੋਗਲਾ ॥

**ਦੁਰਾਉਣਾ,** ਕ੍ਰਿ:–ਦੂਜੀ ਵਾਰ ਆਖਣਾ, ਜਵਾਬ ਦੇਣਾ, ਅੱਗੋਂ ਬੋਲਣਾ॥

**ਦੂਰਾਹਾ,** ਪੁ:–ਜਿਸ ਥਾਂ ਦੋ ਰਾਹ ਮਿਲਨ, ਜੋ ਇਕ ਦੂਜੇ ਤੋਂ ਉਲਟੇ ਦੋ ਕੰਮ ਕਰੇ, ਦਰਬੀ।

**ਦੂਰਾਚਾਰ,** ਪੁ:–ਮੰਦੇ ਕੰਮ, ਭੈੜੇ ਚੱਲਣ ॥

**ਦੁਰਾਚਾਰੀ,** ਪੁ:–ਮੰਦਾ ਆਦਮੀ, ਬਦਮਾਸ਼, ਕੁਕਰਮੀ।

**ਦੁਰਾਜੀ,** ਸ:–ਦੋ ਹਾਕਮਾਂ ਦਾ ਰਾਜ, ਲੁੱਟ, ਫੂਟਕ॥

**ਦੁਰਾਡਾ,** ਕ੍ਰਿ:, ਵਿ:–ਦੂਰ, ਬਹੁਤ ਦੂਰ

**ਦੁਰਾਨਾ,** ਪੁ:–ਇੱਕ ਰੁਖ ਜਿਸ ਦਾ ਫਲ ਰੱਤਾ ਅਤੇ ਸੁਆਦ ਹੁੰਦਾ ਹੈ॥

**ਦੁਰੀ,** ਸ:–ਦੋ ਦਾਉ।

**ਦੁਰੁਕਾ ( ਖਾ ),** ਵਿ:–ਜਿਸ ਦੇ ਦੋਵੇਂ ਪਾਸੇ ਇੱਕੋ ਜੇਹੇ ਹੋਣ।

ਪੁ:–ਹਿਕਮਤੀ ਆਦਮੀ, ਜੋ ਦੋਵੇਂ ਪਾਸੇ ਰੱਖੇ, ਦੁਬਾਜਰਾ ॥

**ਦੂਰੇ,** ਵਿਸਮਯ:–ਪਰੇ ਹਟ, ਨਿਕਲ (ਕੁੱਤੇ ਨੂੰ)

**ਦੁਰੇਡ**
**ਦੁਰੇਡਾ**
**ਦੁਰੇਡੇ** } ਪੁ:,–ਵਿ:–ਦੂਰੀ, ਦੂਰ, ਬਹੁਤ ਦੂਰ ॥

**ਦੂਰੋਚੀ,** ਸ:–ਦੂਰਾਈ, ਫ਼ਰਿਆਦ, ਹਾਲ ਪਾਰ੍ਹਿਆ ॥

**ਦੁਲਕਣਾ,** ਕ੍ਰਿ:–ਦੁਲਕੀ ਚਲਣਾ, ਕੁਝ ਬੋਲਣਾ, ਨਾਂਹ ਕਰਨੀ॥

**ਦੁਲਕੀ,** ਸ:–ਘੋੜੇ ਦੀ ਤਿੱਖੀ, ਚਾਲ (ਜਾਣਾ, ਪੈਣਾ)।

**ਦੁਲੱਤਾ,** ਪ:
**ਦੁਲੱਤੀ,** ਸ: } ਘੋੜੇ ਖੋਤੇ ਆਦਿਕ ਦੀ ਲੱਤ ਦੀ ਸੱਟ (ਖਾਣਾ, ਮਾਰਨਾ)॥

**ਦੁਲੜਾ,** ਵਿ:–ਦੋ ਲੜਾਂ ਵਾਲਾ ॥

Digitized by Panjab Digital Library / www.panjabdigilib.org

**ਦੁਲਾਈ,** ਸ:-ਹਲਕੀ ਰਜ਼ਾਈ ਉੱਪਰ ਕਰਨ ਵਾਲੀ ॥

**ਦੁਲਾਰ (ਰਾ),** ਪੁ: } ਲਾਡਲੀ ਸੰਤਾਨ (ਪੁਤ੍ਰ ਜਾਂ ਧੀ) ॥
**ਦੁਲਾਰੀ,** ਸ: }

**ਰਾਜ ਦੁਲਾਰੀ,** ਸ:-ਰਾਜੇ ਦੀ ਬੇਟੀ; ਸ਼ਜ਼ਾਦੀ ॥

**ਦੁਵਾਲੀ,** ਸ:-ਖਰਾਦ ਦਾ ਤਸਮਾ, ਤਸਮਾ ॥

**ਦੁਰ** } ਸ:-ਬਘਿਆੜ ਦਾ ਘੁਰਾ ।
**ਦੁਰ੍ਹ** }

**ਦੁੜਾਉਣਾ,** ਕ੍ਰਿ:-ਨਸਾਉਣਾ, ਭਜਾਉਣਾ ॥

**ਦੁਰ੍ਹ,** ਪੁ: ਬਦ ਦੁਆ, ਫਿਟਕਾਰ ।

**ਦੁਰ੍ਹ ਦੁਰ੍ਹ ਹੋਣਾ,** ਕ੍ਰਿ:-ਫਿਟਕਾਂ ਪੈਣੀਆਂ

**ਦੁਰ੍ਹ ਦੁਰ੍ਹ ਕਰਨਾ,** ਕ੍ਰਿ:-ਫਿਟਕਾਰਨਾ, ਬਦ ਦੁਆ ਦੇਣੀ ॥

**ਦੂਆ,** ਪੁ:-'ਦ' ਦਾ ਅੰਗ ।
ਵਿ:-ਦੂਜਾ, ਹੋਰ ਕੋਈ

**ਦੂਆ ਦੁਆਲ,** ਵਿ:-ਹੋਰ ਕੋਈ, ਓਪਰਾ ॥

**ਦੂਈ,** ਸ:-ਦੋ ਹੋਣਾ, ਦੁਐਤ, ਦੁਸਾਇਗੀ ॥

**ਦੂਸ਼ਣਾ,** ਸ:-ਧਰਮ ਦਾ ਦੋਸ਼, ਕਲੰਕ, ਊਜ (ਲਗਣੀ)॥

**ਦੂਸਰਾ,** ਵਿ:-ਦੂਜਾ, ਹੋਰ ਕੋਈ ।

**ਦੂਹ ਬਦੂਹ,** ਕ੍ਰਿ:, ਵਿ:-ਸਾਮ੍ਹਣੇ, ਮੂੰਹ ਤੇ ॥

**ਦੂਜ,** ਸ:-ਦੂਜੀ ਥਿੱਤ ॥

**ਦੂਜਕ,** ਸ:-ਤੂੰਬੀ ਦੀ ਮਾਰ ॥

**ਦੂਜਾ,** ਵਿ:-ਦੂਸਰਾ, ਦੂਆ, ਹੋਰ ਕੋਈ ॥

**ਦੂਣ,** ਸ:-ਦੋ ਪਹਾੜਾਂ ਦੇ ਵਿਚਕਾਰਲੀ ਧਰਤੀ, ਦੁਹਰਾਉ ॥

**ਦੂਣਾ,** ਵਿ:-ਦੋ ਗੁਣਾ, ਦੂਹਰਾ, ਮੋਟਾ, ਦਲੇਰ ॥

**ਦੂਣੀ,** ਸ:-ਦੂਣ, ਦੋ ਗੁਣੀ, ਦੁਹਰਾਉ, 'ਦ' ਦਾ ਅੰਗ ॥

**ਦੂਣੀਆਂ,** ਵਿ:-ਹੋਰ, ਵਧੀਕ ॥

**ਦੂਤ,** ਪੁ:-ਵਿਚੋਲਾ, ਜੋ ਸਨੇਹਾ ਲੈ ਜਾਵੇ, ਜਿੰਨ, ਚੋਰ ॥

**ਦੂਤੀ,** ਸ:-ਦੂਤ ਦੀ ਤ੍ਰੀਮਤ, ਵਿਚੋਲੀ ॥

**ਦੂਤੀ ਦੁਸ਼ਮਣ,** ਪੁ:-ਵੈਰ, ਦੋਖੀ ॥

**ਦੂਦਾ,** ਵਿ:-ਮੂਰਖ, ਅਹਮਕ ॥

**ਦੂਦਾ ਧਾਰੀ,** ਪੁ:-ਇੱਕ ਤਰਾਂ ਦੇ ਮੁਸਲਮਾਨ ਫਕੀਰ, ਮਦਾਰੀ ॥

**ਦੂਦੂ,** ਪੁ:-ਢੋਲ ਵਰਗੀ ਅਵਾਜ ॥

**ਦੂਧਲਕ,** ਪੁ: ਇੱਕ ਤਰਾਂ ਦਾ ਘਾਹ ॥

**ਦੂਧਾ ਧਾਰੀ,** ਪੁ: ਜੋ ਦੁੱਧ ਪੀਕੇ ਗੁਜ਼ਾਰਾ ਕਰੇ ।

**ਦੂਧੀਆ (ਯਾ),** ਵਿ: ਦੁੱਧ ਦੇ ਰੰਗ ਦਾ ॥
ਪੁ: ਇੱਕ ਬੂਟਾ ॥

**ਦੂਨੋ ਦੂਲ,** ਕ੍ਰਿ: ਵਿ:-ਦੂਲਾ ਅਤੇ ਦੂਣਾ ॥

**ਦੂ ਬਦੂ,** ਕ੍ਰਿ:, ਵਿ:—'ਦੂਹ ਬਦੂਹ' ਵੇਖੋ ॥

**ਦੂਰ,** ਵਿ:-ਬਹੁਤ ਵਿਥ ਉੱਤੇ, ਫਾਸਲੇ ਪੁਰ ।
ਪੁ: ਵਿਥ ॥

Digitized by Panjab Digital Library / www.panjabdigilib.org

**ਦੂਰ ਅੰਦੇਸ਼ਾ**
**ਦੂਰ ਦੇਸ਼ਾ** } ਪੁ:-ਅਗਲੀ ਗੱਲ ਦੀ ਸੋਚ ॥

**ਦੂਰ ਹੋਣਾ,** ਕ੍ਰਿ:-ਹਟਣਾ, ਚਲੇ ਜਾਣਾ ॥

**ਦੂਰ ਕਰਨਾ,** ਕ੍ਰਿ:—ਹਟਾਉਣਾ, ਛੁਪਾਉਣਾ, ਬਾਹਰ ਕੱਢਣਾ ।

**ਦੂਰ ਦੀ ਸੁਝਣੀ,** ਕ੍ਰਿ:-ਬਹੁਤ ਵਿਚਾਰ ਕਰਨਾ, ਅਗਲੀ ਗਲ ਦੀ ਸੋਚ ਹੋਣੀ ।

**ਦੂਰ ਦੇ ਢੋਲ ਸੁਹਾਉਣੇ,** ਦੂਰ ਦੀ ਚੀਜ਼ ਚੰਗੀ ਲਗਦੀ ਹੈ (ਅਖਾਉਤ) ॥

**ਦੂਰ ਧਿਆਣੀ,** ਪੁ:-ਜੋ ਅਗਲੀ ਗੱਲ ਸੋਚੇ ॥

**ਦੂਰਬੀਨ,** ਸ:-ਇੱਕ ਸ਼ੀਸ਼ਿਆਂ ਵਾਲਾ ਜੰਤ੍ਰ ਜਿਸ ਨਾਲ ਦੂਰ ਦੀਆਂ ਚੀਜ਼ਾਂ ਦਿਸਦੀਆਂ ਹਨ । ਵਿ:—ਦੂਰ ਧਿਆਣੀ ॥

**ਦੂਰ ਰਹਿਣਾ,** ਕ੍ਰਿ:-ਬੁਰਾ ਸਮਝਣਾ, ਗਿਲਾਨੀ ਕਰਨੀ ॥

**ਦੂਰੋਂ ਹੀ ਨਮਸਕਾਰ ਕਰਨਾ,** ਕ੍ਰਿ:-ਨੇੜੇ ਨਾ ਢੁਕਣਾ, ਬੁਰਾ ਸਮਝ ਕੇ ਅਲਗ ਰਹਿਣਾ ।

**ਦੂਲੋ**
**ਦੁੱਲੋ** } ਪੁ:-ਲਾੜਾ, ਮਾਲਕ, ਦਲੇਰ ਆਦਮੀ, ਦਲਾਰ ॥

**ਦੂੜਾ,** ਵਿ:-ਪੁ:-ਦੌੜਨ ਵਾਲਾ, ਉਰੇਂਕਾ ॥

**ਦੇ,** ਅਵ:-'ਦਾ' ਦਾ ਬਹੁ: ਬ: ॥
'ਕ੍ਰਿ:-'ਦੇਣਾ' ਦਾ ਅਨੁਮਤਸਰਥ ਲਕਾਰ ।
ਪੁ:-ਦੇਉ, ਰਾਖਸ਼, ਭੂਤ ॥

**ਦੇ ਛੱਡਣਾ,** ਕ੍ਰਿ:-ਬਿਲਕੁਲ ਤਿਆਗਣਾ ॥

**ਦੇ ਥਾਪਣੇ,** ਕ੍ਰਿ:-ਪੂਜਨ ਨੂੰ ਕੰਧ ਉੱਤੇ ਮੂਰਤਾਂ ਬਣਾਉਣੀਆਂ ॥

**ਦੇ ਦੇਣਾ,** ਕ੍ਰਿ:-ਛੋਟ ਕਰਨਾ, ਪੂਰੀ ਰਕਮ ਦੇ ਕੇ ਹਿਸਾਬ ਮੁਕਾਉਣਾ ॥

**ਦੇ ਮਾਰਨਾ,** ਕ੍ਰਿ:-ਜ਼ੋਰ ਨਾਲ ਹੇਠਾਂ ਸਿੱਟਣਾ, ਨਾਸ ਕਰ ਦੇਣਾ ॥

**ਦੇ ਲੈਣਾ,** ਕ੍ਰਿ:-ਖੁੱਲ੍ਹੇ ਜੀ ਨਾਲ ਦੇਣਾ ॥

**ਦੇਉ,** ਪੁ:-ਦੇਵਤਾ, ਜਿੰਨ, ਭੂਤ, ਰਾਖਸ ॥

**ਦੇਉ ਦਾਨੋ,** ਪੁ:-ਦੈਂਤ, ਰਾਖਸ ॥

**ਦੇਉ ਦਾਰ,** ਪੁ:-'ਦਿਆਰ' ਵੇਖੋ ॥

**ਦੇਉ ਨਾਗਰੀ,** ਸ:—ਹਿੰਦੀ, ਸ਼ਾਸਤ੍ਰੀ, ਹਿੰਦੀ ਦੇ ਅਖਰ ।

**ਦੇਉ ਬਾਣੀ,** ਸ:—ਦੇਉਤਿਆਂ ਦੀ ਬੋਲੀ, ਸੰਸਕ੍ਰਿਤ ॥

**ਦੇਉ ਲੋਕ,** ਪੁ:-ਸੁਰਗ, ਬੈਕੁੰਠ ॥

**ਦੇਉ ਲੋਕ ਨੂੰ ਜਾਣਾ,** ਕ੍ਰਿ:—ਸੁਰਗਬਾਸ ਹੋਣਾ, ਮਰ ਜਾਣਾ ॥

**ਦੇਹੁਰਾ,** ਪੁ:-ਮੰਦਰ, ਠਾਕਰ ਦੁਆਰਾ ॥

**ਦੇਉਤਾ,** ਪੁ:—ਦੇਵਤਾ, ਭਲਾ ਆਦਮੀ, ਸਿੱਧਾ ਮੂਰਖ । ਸੰਢਾ, ਸੱਪ, ਦੁਸ਼ਟ ॥

**ਦੇਉਰ,** ਪੁ:-ਖੌਂਦ ਦਾ ਛੋਟਾ ਭਰਾ ॥

**ਦੇਉਰਾਣੀ,** ਸ: ਦੇਉਰ ਦੀ ਵਹੁਟੀ ॥

Digitized by Panjab Digital Library | www.panjabdigilib.org

**ਦੇਈ,** ਸ:—ਦੇਵੀ, ਕੰਨਿਆ, ਹਿੰਦੂਆਂ ਦੀਆਂ ਸ੍ਰੀਮਤੀ ਦੇ ਨਾਵਾਂ ਦਾ ਪਿਛਲਾ ਹਿੱਸਾ ਜਿਹਾ ਕਿ ਰਾਮ ਦੇਈ ॥

**ਦੇਸ,** ਪੁ:—ਮੁਲਖ, ਇਲਾਕਾ, ਮਕਾਨ ਦੀ ਧਰਤੀ, ਇੱਕ ਰਾਗ ॥

**ਦੇਸ ਕਸਲੀ,** ਵਿ:—ਦੇਸ ਵਿੱਚ ਪੈਦਾ ਹੋਯਾ ਹੋਯਾ।

**ਦੇਸ ਚਾਲ**
**ਦੇਸ ਢਾਲ** } ਸ:—ਦੇਸ ਦੀ ਚਾਲ ਜਾਂ ਦਸਤੂਰ ॥

**ਦੇਸ ਦਸੰਤਰ,** ਪੁ:—ਦੂਜੇ ਮੁਲਖ, ਕਈ ਦੇਸ ॥

**ਦੇਸ ਨਿਕਾਲਾ,** ਪੁ:—ਕਿਸੇ ਨੂੰ ਦੇਸੋਂ ਕੱਢਣਾ (ਦਫ਼ਾ)।

**ਦੇਸ ਪਰਦੇਸ ਫਿਰਨਾ**
**ਦੇਸ ਬਦੇਸ ਫਿਰਨਾ** } ਕ੍ਰਿ:—ਦੁਨੀਆਂ ਦੀ ਸੈਲ ਕਰਨੀ।

**ਦੇਸ ਭਾਖਾ,** ਸ:—ਆਪਣੇ ਮੁਲਖ ਦੀ ਬੋਲੀ ॥

**ਦੇਸਣ,** ਸ:—ਆਪਣੇ ਮੁਲਖ ਦੀ ਰਹਿਣਵਾਲੀ॥

**ਦੇਸਾ ਚਾਰ (ਲ)**
**ਦੇਸਾ ਚਾਲ** } ਸ:—ਦੇਸ ਦੀ ਚਾਲ ਜਾਂ ਰੀਤ।

**ਦੇਸੀ,** ਪੁ:—ਆਪਣੇ ਮੁਲਖ ਦਾ ਰਹਿਣ ਵਾਲਾ, ਇੱਕ ਰਾਗ ॥

ਵਿ:—ਆਪਣੇ ਮੁਲਖ ਜਾਂ ਇਲਾਕੇ ਦਾ।

**ਦੇਹ,** ਸ:—ਦਿਨ, ਸਰੀਰ, ਪਿੰਡਾ, ਤਨ, ਪਿੰਡ, ਗਿਰਾਂ ॥

**ਦੇਹ ਉਘਰੇ**
**ਦੇਹ ਚੜ੍ਹੇ** } ਕ੍ਰਿ: ਵਿ:—ਜਿਸ ਵੇਲੇ ਸੂਰਜ ਨਿਕਲੇ ॥

**ਦੇਹ ਪਰਾਣ,** ਪੁ:—ਜਿੰਦ ਵਰਗਾ ਪਿਆਰਾ ਮਨੁੱਖ, ਆਪਣਾ ਸੱਜਣ॥

**ਦੇਂਹ,** ਪੁ:—ਸੂਰਜ, ਦਿਨ॥

**ਦੇਹਰਾ,** ਪੁ:—ਸਮਾਧ, ਗੁਰ ਦੁਆਰਾ, ਮੰਦਰ, ਤੀਰਥ ਦਾ ਥਾਂ ।

**ਦੇਹੀ,** ਸ:—ਸਰੀਰ, ਤਨ, ਜਿਸਮ ॥

**ਸੋਨੇ ਵਰਗੀ ਦੇਹੀ,** ਸ:—ਸੋਹਣਾ ਸਰੀਰ।

**ਦੇਕਚਾ,** ਪੁ:—ਦਾਲ ਆਦਿਕ ਰਿੰਨ੍ਹਣ ਵਾਲਾ ਧਾਤ ਦਾ ਭਾਂਡਾ ।

**ਦੇਕਚੀ,** ਸ:—ਛੋਟਾ ਦੇਕਚਾ ॥

**ਦੇਖਣਾ,** ਕ੍ਰਿ:—ਨਜ਼ਰ ਕਰਨੀ, ਤੱਕਣਾ, ਵੇਖਣਾ, ਸਹਾਰਨਾ, ਭਾਲਣਾ, ਲਭਣਾ, ਪਰਖਣਾ, ਸੋਝੀ ਰਖਣੀ, ਉਡੀਕਣਾ ॥

ਵਿਸਮਯ:—ਖਬਰਦਾਰ। ਸੋਝੀ ਰੱਖੋ ॥

**ਦੇਖਦੇ ਦੇਖਦੇ,** ਕ੍ਰਿ: ਵਿ:—ਅੱਖਾਂ ਦੇ ਸਾਮ੍ਹਣੇ ॥

**ਦੇਖਦੇ ਰਹਿ ਜਾਣਾ,** ਕ੍ਰਿ:—ਮੌਕਾ ਗੁਆ ਕੇ ਨਿਰਾਸ ਹੋਣਾ ।

**ਦੇਖਦੇ ਰਹਿਣਾ,** ਕ੍ਰਿ:—ਧਿਆਨ ਰਖਣਾ, ਪਹਿਰਾ ਦੇਣਾ ।

**ਦੇਖ ਭਾਲ,** ਸ:—ਪਰਖ, ਭੱਕ ਢੂੰਡ ॥

**ਦੇਖਵਈਆ (ਯਾ)** ਪੁ:—ਦੇਖਣ ਭਾਲਣ ਵਾਲਾ ॥

**ਦੇਖਾ ਦੇਖੀ,** ਕ੍ਰਿ: ਵਿ:—ਦੂਜੇ ਨੂੰ ਦੇਖ ਕੇ, ਦੂਜੇ ਦੀ ਨਕਲ ਕਰ ਕੇ ।

ਸ:—ਥੋੜ੍ਹੀ ਜੇਹੀ ਜਾਣ ਪਛਾਣ ॥

**ਦੇਗ,** ਸ:—ਬਹੁਤ ਹੀ ਵੱਡਾ ਦੇਕਚਾ, ਜਿੱਥੇ ਸਿੱਖ ਭੰਗ ਰਗੜਨ ਅਤੇ ਅਕਾਲੀਆਂ ਨੂੰ ਪੀਣ ਨੂੰ ਦੇਣ, ਲੰਗਰ, ਅੰਨ, ਪ੍ਰਸਾਦ (ਵਰਤਾਉਣੀ)।

Digitized by Panjab Digital Library / www.panjabdigilib.org

**ਦੇਗ ਤੇਗ ਫਤਹ,** ਸਦਾ ਅੰਨ ਵਰਤੇ, ਤਲਵਾਰ ਚੱਲੇ ਅਰਥਾਤ ਪਰਤਾਪ ਬਾਲਾ ਰਹੇ ਅਤੇ ਫਤੇ ਹੋਵੇ (ਸਿੱਖਾਂ ਦੀ ਬੋਲੀ ਹੈ)।

**ਦੇਗਚਾ, ਦੇਗਚੀ** } 'ਦੇਕਚਾ' 'ਦੇਕਚੀ' ਵੇਖੋ

**ਦੇਘ,** ਸ:—'ਦੇਗ' ਵੇਖੋ।

**ਦੇਚਕਾ, ਦੇਚਕੀ, ਦੇਜਕਾ, ਦੇਜਕੀ** } 'ਦੇਕਚਾ, 'ਦੇਕਚੀ, ਵੇਖੋ।

**ਦੇਣ,** ਪੁ:—ਕਰਜ਼, ਹੁਦਾਰ, ਦਿੱਤੀ ਹੋਈ ਚੀਜ਼, ਦੇਣ ਦਾ ਕੰਮ।

**ਦੇਣਹਾਰ,** ਪੁ:—ਦਾਤਾ, ਪਰਮੇਸ਼ਰ ॥

**ਦੇਣਦਾਰ,** ਪੁ: ਵਿ:—ਕਰਜ਼ਾਈ, ਜਿਸ ਤੇ ਉਪਕਾਰ ਕੀਤਾ ਜਾਵੇ ॥

**ਦੇਣਦਾਰੀ,** ਸ:—ਕਰਜ਼, ਹੁਦਾਰ ॥

**ਦੇਣ ਲੈਣ,** ਪੁ:—ਵਿਹਾਰ, ਬੁਪਾਰ, ਵਰਤੋਂ ॥

**ਦੇਣਾ,** ਕ੍ਰਿ:—ਹਵਾਲੇ ਕਰਨਾ, ਬਖਸ਼ਣਾ, ਪੁੰਨ ਕਰਨਾ, ਪੈਦਾ ਕਰਨਾ, ਹੁਦਾਰ ਲਾਹੁਣਾ, ਪਾਉਣਾ, ਪੁਚਾਉਣਾ (ਦੁਖ ਦੇਣਾ) ਧੱਕਣਾ, ਵਾੜਨਾ, ਰੱਖਣਾ।

**ਦੇਰ, ਦੇਰੀ** } ਸ:—ਢਿੱਲ, ਅਵੇਰ, ਸੁਸਤੀ, ਬਹੁਤ ਚਿਰ (ਹੋਣੀ, ਕਰਨੀ, ਤਕ, ਲੱਗਣੀ, ਲਗਾਉਣੀ, ਲਾਉਣੀ)।

**ਦੇਰ ਨਾਲ,** ਕ੍ਰਿ: ਵਿ:—ਵਕਤੋਂ ਪਿਛੋਂ, ਬਹੁਤ ਚਿਰ ਤਕ।

**ਦੇਵ,** ਪੁ:—ਦੇਉਤਾ। 'ਦੇਉ' ਵੇਖੋ ॥

**ਦੇਵਸਥਾਨ,** ਪੁ:—ਦੇਉਤੇ ਦਾ ਮੰਦਰ ॥

**ਦੇਵਤਾ,** ਪੁ:—ਮਨੁੱਖ ਤੋਂ ਵਡੇ ਦਰਜੇ ਦਾ ਜੀਵ, ਫਰਿਸ਼ਤਾ, ਭਲਾ ਲੋਕ, ਮੂਰਖ, ਸਾਨ੍ਹ, ਮਧ, ਦੁਸ਼ਟ ॥

**ਦੇਵਰ,** ਪੁ:—ਖੌਂਦ ਦਾ ਛੋ

**ਦੇਵਾ, ਦੇਵਾ ਰਾਣੀ** } ਸ:—'ਦੇਵੀ' ਵੇਖੋ ॥

**ਦੇਵਾ ਲੇਵੀ,** ਸ:—ਲੈਣ ਦੇਣ, ਵਣਜ ਵਿਹਾਰ।

**ਦੇਵਾਲਾ,** ਪੁ:—ਦੇਵੀ ਦਾ ਮੰਦਰ ॥

**ਦੇਵਾਲੀ,** ਸ:—'ਦਵਾਲੀ' ਵੇਖੋ ॥

**ਦੇਵੀ,** ਸ:—ਦੇਵਤਾ ਦੀ ਇਸਤ੍ਰੀ, ਸ਼ਕਤੀ ਦੁਰਗਾ, ਭਵਾਨੀ, ਭਗਵਤੀ, ਮਹਾਂ ਮਾਈ, ਨੇਕ ਜਾਂ ਸੁੰਦਰ ਇਸਤ੍ਰੀ। ਭੇੜੀ ਰੰਨ ॥

**ਦੇਵੀ ਦਿਆਰ,** ਪੁ:—'ਦਿਆਰ' ਵੇਖੋ।

**ਦੇਂਹਗੜ, ਦੈਂਹਗੜ,** ਪੁ:—ਢੋਲਾ ਦਾ ਜੋਰ ਨਾਲ ਵਜਣਾ ਅਤੇ ਉਸ ਦੀ ਅਵਾਜ਼ ॥

**ਦੈਂਹਗੜ ਦੁੱਲ੍ਹਾ,** ਪੁ:—ਮੋਟਾ ਅਤੇ ਮਧਰਾ ਆਦਮੀ ॥

**ਦੈਤ, ਦੈਂਤ** } ਪੁ:—ਦੇਉ, ਜਿੰਨ, ਰਾਖਸ਼, ਲੰਮਾ ਚੌੜਾ ਗਭਰੂ ॥

**ਦੈਤਣੀ, ਦੈਂਤਣੀ** } ਸ:—'ਦੈਤ' ਦੀ ਇਸਤ੍ਰੀ, ਰਾਖਸ਼ਣੀ ਲੰਮੀ ਚੌੜੀ ਤੀਮਤ ॥

Digitized by Panjab Digital Library / www.panjabdigilib.org

**ਦੋ,** ਵਿ:—ਇੱਕ ਤੇ ਇੱਕ, ਜੋੜਾ ॥

**ਦੋਸਾਲਾ**
**ਦੋਸ਼ਾਲਾ** } ਵਿ:—ਦੋ ਵਰ੍ਹਿਆਂ ਦਾ, ਦੁਸਾਲਾ ।

**ਦੋਹੱਥੀਂ ਤਾੜੀ ਵੱਜਣੀ,** ਕ੍ਰਿ:—ਦੋ ਜਣਿਆਂ ਦਾ ਮਿਲਕੇ ਕੁਝ ਕਰਨਾ ( ਲੜਾਈ ਆਦਿਕ ) ।

**ਦੋਗੁਣਾ,** ਵਿ:—ਦੋ ਵਾਰ ਗਿਣਿਆਂ ਹੋਇਆ ॥

**ਦੋ ਜੀਆਂ ਨਾਲ**
**ਦੋ ਜੀਵੀ** } ਵਿ:—ਜਿਸ ਤੀਮਤ ਨੂੰ ਗਰਭ ਹੈ ।

**ਦੋ ਜੀਭਾ,** ਪੁ:—ਜੋ ਕਿਤੇ ਕੁਝ ਕਹੇ ਕਿਤੇ ਕੁਝ, ਝੂਠਾ, ਫਰੇਬੀ।

**ਦੋ ਦਿਨ ਦਾ ਪਰਾਹੁਣਾ;** ਪੁ: ਵਿ: 'ਜਿਸ ਦਾ ਅੰਤ ਛੇਤੀ ਹੋ ਜਾਣਾ ਹੈ ॥

**ਦੋ ਦਿਲਾ,** ਵਿ:—ਜਿਸ ਦਾ ਧਿਆਨ ਦੋ ਪਾਸੇ ਹੈ ॥

**ਦੋਧਾਰ**
**ਦੋ ਧਾਰਾ** } ਵਿ:—ਜਿਸ ਦੀਆਂ ਦੋ ਧਾਰਾਂ ਹੋਣ, ਜੋ ਤਿੱਖੀ ਧਾਰ ਵਾਲਾ ( ਤਲਵਾਰ ਆਦਿਕ ) ।

**ਦੋ ਨਾਲੀ,** ਸ:—ਦੋਹਾਂ ਨਾਲਾਂ ਵਾਲੀ (ਬੰਦੂਕ)॥

**ਦੋ ਪੁਸਤ,** ਵਿ:—ਦੋ ਪੀੜ੍ਹੀਆਂ ਵਾਲਾ ॥

**ਦੋ ਪੁੜ,** ਪੁ:—ਚੱਕੀ ਦੇ ਪੱਥਰਾਂ ਦੀ ਜੋੜੀ, ਜਿਮੀ ਅਸਮਾਨ, ਦੁੱਪੜ ।

**ਦੋ ਪੁੜ ਮਿਲਦੇ,** ਕ੍ਰਿ:—ਤ੍ਰਿਕਾਲਾਂ ਵੇਲੇ, ਜਦ ਸੂਰਜ ਡੁੱਬਣ ਲਗੇ ॥

**ਦੋਬਰਾ,** ਵਿ:—ਜਿਸਦੇ ਦੋ ਬਰ ਹੋਣ(ਕਪੜਾ)॥

**ਦੋਉ,** ਵਿ:—'ਦੋਵੇਂ' ॥

**ਦੋਆਬ, ਦੋਆਬਣ**
**ਦੋਆਬਾ, ਦੋਆਬੀਆ** } 'ਦੁਆਬ' ਆਦਿਕ ਵੇਖੋ ।

**ਦੋਸ,** ਪੁ:—ਕਸੂਰ, ਬਦੀ, ਪਾਪ, ਐਬ, ਘਾਟਾ, ਊਜ, ਕਲੰਕ ( ਦੇਣਾ, ਲਾਉਣਾ ) ॥

**ਦੋਸਣ,** ਸ:—ਜਿਸ ਤ੍ਰੀਮਤ ਵਿੱਚ ਦੋਸ ਹੈ ॥

**ਦੋਸਣਾ,** ਕ੍ਰਿ:—ਦੋਸ ਦੇਣਾ, ਐਬ ਜਾਂ ਕਲੰਕ ਲਾਉਣਾ ॥

**ਦੋਸਤ,** ਪੁ:—ਮਿੱਤਰ, ਯਾਰ, ਬੇਲੀ, ਸਾਥੀ ॥

**ਦੋਸਤੀ,** ਸ:—ਦੋਸਤ ਦਾ ਵਰਤਾਉ, ਯਾਰੀ, ਮੁਹੱਬਤ, ਮਿਤ੍ਰਤਾਈ ॥

**ਦੋਸਾਂਦਾ,** ਪੁ:—'ਜੁਸਾਂਦਾ' ਵੇਖੋ ॥

**ਦੋਸੀ,** ਵਿ: ਪੁ:—ਜਿਸ ਵਿੱਚ ਦੋਸ ਹੋ, ਐਬੀ, ਅਪਰਾਧੀ ।

**ਦੋਹਜ,** ਪੁ:—ਦੁੱਧ ਚੋਣ ਦਾ ਕੰਮ ॥

**ਦੋਹਜਣ,** ਸ:—ਦੁੱਧ ਚੋਣ ਵਾਲੀ, ਗੁਜਰੀ ॥

**ਦੋਹਜੀ,** ਪੁ:—ਦੁੱਧ ਚੋਣ ਵਾਲਾ, ਗੁੱਜਰ ॥

**ਦੋਹਤ**
**ਦੋਹਤਰਾ( ਰੀ )**
**ਦੋਹਤਾ( ਤੀ )** } 'ਦੁਹਤ' ਆਦਿਕ ਵੇਖੋ ॥

**ਦੋਹਲਾ**
**ਦੋਹਲੀ** } 'ਦੁਹਲਾ' 'ਦੁਹਲੀ' ਵੇਖੋ ॥

**ਦੋਹਯਾ,** ਪੁ:—ਦੁੱਧ ਚੋਣ ਵਾਲਾ, ਡੰਗਰ ॥

**ਦੋਹਰ,** ਸ:—ਦੂਈ ਵਾਰ ਹਲ ਫੇਰਨਾ, ਦੁਹਰਾਉ, ਦੋਹਰੀ ਚਾਦਰ ।

Digitized by Panjab Digital Library / www.panjabdigilib.org

**ਦੋਹਰ ਪਾਉਣੀ,** ਕ੍ਰਿ:–ਦੋਵੇਂ ਤਰਾਂ ਹਲ ਫੇਰਨਾ ।

**ਦੋਹਰ ਲਾਉਣੀ,** ਕ੍ਰਿ:–ਦੋ ਵਾਰੀ ਕੋਈ ਕੰਮ ਕਰਨਾ ॥

**ਦੋਹਰਾ,** ਵਿ:–'ਦੁਹਰਾ' ਵੇਖੋ ।
ਪੁ:–ਇੱਕ ਛੰਦ, ਦੋਹਾ ॥ (੧੩+੧੧ ਮਾਤ੍ਰਾ ਦੇ ਦੋ ਚਰਣਾਂ ਦਾ ਛੰਦ)

**ਦੋਹਰਾਉ,** ਪੁ:–ਦੁਹਰਾਉਣ ਦਾ ਕੰਮ ।

**ਦੋਹਲਾ,** ਪੁ:–ਸ਼ਹਿਤ ਦੀਆਂ ਮੱਖੀਆਂ ਦਾ ਘਰ ॥

**ਦੋਹੜਾ, ਦੋਹਾ** } ਪੁ:–ਇੱਕ ਛੰਦ, ਦੋਹਰਾ ॥

**ਦੋਹਾਂ,** ਵਿ:–ਦੋ ਹੀ, ਦੋ ਨੇ ਹੀ, ਦੋਵੇਂ ।

**ਦੋਹਾਸਮਾ (ਮਾਂ),** ਵਿ:–'ਦੁਹਾਸਮਾਂ' ਵੇਖੋ ।

**ਦੋਹਿਆ, ਦੋਹੀ** } ਪੁ:–ਦੁੱਧ ਚੋਣ ਵਾਲਾ, ਗੁੱਜਰ ॥

**ਦੋਹਿਰਾ,** ਪੁ:–ਇਕ ਛੰਦ, ਦੋਹਰਾ, ਦੋਹਾ ॥

**ਦੋਕ, ਦੋਕੀ** } ਸ:–ਘੋੜੇ ਦੇ ਉਹ ਦੋ ਦੰਦ ਜੋ ਦੁੱਧ ਦੇ ਦੰਦ ਲਹਿਣ ਪਿਛੋਂ ਪਹਿਲੇ ਪਹਿਲ ਨਿਕਲਦੇ ਹਨ (ਦੋਕੀ ਲਿਆਉਣੀ) ।

**ਦੋਖ,** ਪੁ:–ਦੋਸ਼, ਐਬ, ਕਸੂਰ, ਬਿਘਨ, ਦੂਜ (ਦੋਲਾ) ॥

**ਦੋਖਣ,** ਸ:–ਦੋਸਣ, ਵੈਰਨ, ਬੁਰਾ ਚਾਹੁਣ ਵਾਲੀ ॥

**ਦੋਖਣਾ,** ਕ੍ਰਿ: ਕਲੰਕ ਲਾਉਣਾ, ਬੁਰਾ ਚਾਹੁਣਾ ॥

**ਦੋਖੀ,** ਪੁ:–ਦੋਸ਼ੀ, ਵੈਰੀ, ਬੁਰਾ ਚਾਹੁਣ ਵਾਲਾ ।



**ਦੋਗਲਾ,** ਵਿ:–ਪੁ:–ਜਿਸ ਦੀ ਮਾਂ ਹੋਰ ਨਸਲ ਦੀ ਅਤੇ ਪਿਉ ਹੋਰ ਨਸਲ ਦਾ ਹੋਵੇ, ਵਰਨ ਸੰਕਰ ॥

**ਦੋਗਾਨਾ,** ਪੁ:–'ਦੁਗਾਨਾ' ਵੇਖੋ ॥

**ਦੋਗੀ,** ਪੁ:–ਵਿ:–ਦੋ ਧਰਮੀ, ਦੂਜੀ ਥਾਂ ॥

**ਦੋਘੜ,** ਸ:–ਸਿਰ ਤੇ ਧਰੇ ਹੋਏ ਦੋ ਘੜੇ ਜੋ ਇੱਕ ਦੂਜੇ ਦੇ ਉੱਪਰ ਹੋਣ, ਬਾਲਾਂ ਦੀ ਇੱਕ ਖੇਡ ॥

**ਦੋਜ਼ਕ, ਦੋਜ਼ਖ** } ਪੁ:–ਨਰਕ, ਜਿੱਥੇ ਪਾਪੀ ਮਰਕੇ ਜਾਣਗੇ ॥

**ਦੋਜ਼ਕਣ (ਖਣ),** ਸ:, **ਦੋਜ਼ਕੀ (ਖੀ),** } ਦੋਜ਼ਕ ਦਾ (ਦੀ), ਦੋਜ਼ਕ ਦੇ ਲਾਇਕ ਜਿਸ ਨੇ ਬੜੇ ਪਾਪ ਕੀਤੇ ਹਨ ।

**ਦੋਸ਼, ਦੋਸ਼ਣ, ਦੋਸ਼ੀ** } 'ਦੋਖ' ਆਦਿਕ ਵੇਖੋ ॥

**ਦੋਤਹੀ,** ਸ:–'ਦੁਤਹੀ' ਵੇਖੋ ॥

**ਦੋਦਕ, ਦੋਧਕ** } ਸ:–ਇੱਕ ਠੰਢੀ ਤਸੀਰ ਵਾਲੀ ਬੂਟੀ

**ਦੋਂਦਾ,** ਵਿ:–ਜਿਸ (ਡੰਗਰ) ਦੇ ਦੋ ਦੰਦ ਹੋਣ ॥

**ਦੋਦੀਆਂ,** ਪੁ:–'ਦੁਧੀਆ' ਵੇਖੋ ॥

**ਦੋੱਧਾ,** ਪੁ:–ਹਰੀ ਛੱਲੀ (ਜੁਆਰ ਆਦਿਕ ਦੀ) ॥

**ਦੋੱਧੀ,** ਸ:–ਖਸਖਾਸ ਦਾ ਪਾਣੀ, ਹਰੇ ਅਨਾਜ ਦਾ ਰਸ, ਨਸ਼ਾਸਤਾ, ਦੁੱਧ, ਚਾਰ ਮਗਜ਼ ਬਦਾਮ ਦੀਆਂ ਗਿਰੀਆਂ ਆਦਿਕਾਂ ਦੀ ਬਣਾਈ ਹੋਈ ਇੱਕ ਤਾਕਤ ਦੇਣ ਵਾਲੀ ਖੁਰਾਕ ॥

Digitized by Panjab Digital Library | www.panjabdigilib.org

**ਦੋਂਨਾ,** ਪੁ:—ਦੋ ਵਡੀਆਂ ਨਦੀਆਂ ਦੇ ਵਿਚਲੀ ਧਰਤੀ, ਜਲੰਧਰ ਦੁਆਬ ਦਾ ਇੱਕ ਹਿੱਸਾ॥

**ਦੋਨੋਂ,** ਵਿ:—ਦੋਵੇਂ, ਦੋ ਹੀ॥

**ਦੋਮ,** ਵਿ:—ਦੂਜਾ, ਅਗਲਾ, ਹੇਠਲੇ ਦਰਜੇ ਦਾ।

**ਦੋਲੀ,** ਵਿ:—ਖੇਡ ਵਿੱਚ ਜੋ ਦੂਏ ਥਾਂ ਆਵੇ।

**ਦੋਵੇਂ,** ਵਿ:—ਦੋ ਹੀ (ਇੱਕ ਨਹੀਂ), ਜੋੜੀ॥

**ਦੋੜਾ,** ਪੁ:—ਰਜਾਈ ਵਰਗਾ ਕਪੜਾ ਜਿਸ ਵਿੱਚ ਰੂੰ ਨਾਂ ਹੋਵੇ

**ਦੌਣ,** ਸ:—'ਅਦੁਆਇਣ' ਵੇਖੋ।

**ਦੌਣੀ,** ਸ:—'ਦਾਉਣੀ' ਵੇਖੋ॥

**ਦੌਤ,** ਸ:—'ਦਾਉਤ' ਵੇਖੋ।

**ਦੌਰ,** ਪੁ:—ਇੱਕ ਚੌੜੇ ਮੂੰਹ ਵਾਲਾ ਮਿੱਟੀ ਦਾ ਭਾਂਡਾ, ਕੂੰਡਾ, ਫੇਰ, ਵੇਲਾ, ਉਤਾਰ, ਚੜ੍ਹਾਉ।

**ਦੌਰਾ,** ਪੁ:—ਫੇਰਾ ਟੋਰਾ, ਚੱਕਰ, ਹਾਕਮਾਂ ਦਾ ਆਪਣੇ ਇਲਾਕੇ ਵਿੱਚ ਫਿਰਨਾ, ਦੌਰ, ਬਿਮਾਰੀ ਦਾ ਮੁੜ ਆਉਣਾ॥

**ਦੌਰੇ ਸਪੁਰਦ ਕਰਨਾ,** ਕ੍ਰਿ:—ਮੁਕੱਦਮਾ ਸਿਸ਼ਨ ਜੱਜ ਕੋਲ ਭੇਜ ਦੇਣਾ।

**ਦੌਰੇ ਜਾਣਾ,** ਕ੍ਰਿ:—ਆਪਣੇ ਇਲਾਕੇ ਵਿੱਚ ਫਿਰਨ ਨੂੰ ਨਿਕਲਣਾ (ਹਾਕਮ ਦਾ)॥

**ਦੌਰੇ ਤੇ,** ਵਿ:—ਦੌਰੇ ਗਿਆ ਹੋਇਆ॥

**ਦੌਰੀ,** ਸ:—ਛੋਟਾ ਦੌਰ ਕੂੰਡੀ, ਭਾਂਡਾ ਜਿਸ ਵਿੱਚ ਕੁਝ ਘੋਟਿਆ ਜਾਵੇ॥

**ਦੌਲਤ,** ਸ:—ਧਨ, ਮਾਲ, ਪਦਾਰਥ॥

**ਦੌਲਤ ਖਾਨਾ,** ਪੁ:—ਖਜਾਨਾ, ਵਡੇ ਆਦਮੀ ਦਾ ਘਰ॥

**ਦੌਲਤ ਮੰਦ,** ਪੁ:—ਦੌਲਤ ਵਾਲਾ, ਧਨੀ, ਅਮੀਰ॥

**ਦੌਲਤ ਮੰਦੀ,** ਸ:—ਦੌਲਤ ਵਾਲਾ ਹੋਣਾ, ਅਮੀਰੀ॥

**ਦੌਲਾ,** ਪੁ:—ਵਿ:—ਇੱਕ ਫਕੀਰ, ਬੇ ਪਰਵਾਹ॥

**ਦੌਲਾ ਮੌਲਾ,** ਵਿ:—ਬੇ ਪਰਵਾਹ, ਭੋਲਾ, ਸਿੱਧਾ॥

**ਦੌਲੇ ਸ਼ਾਹ ਦਾ ਚੂਹਾ,** ਪੁ:—ਜਿਸ ਆਦਮੀ ਦਾ ਸਿਰ ਬਹੁਤ ਛੋਟਾ ਹੋਵੇ।

**ਦੌੜ,** ਸ:—ਦੌੜਨ ਦਾ ਕੰਮ, ਚੜ੍ਹਾਈ, ਤਾਕਤ ਸਮਰਥ॥

**ਦੌੜ ਧੁਪ,** ਸ:—ਮਿਹਨਤ, ਜਤਨ, ਖਜਾਲਤ, ਖੇਚਲ

**ਦੌੜਨਾ,** ਕ੍ਰਿ:—ਨੱਸਣਾ, ਭੱਜਣਾ, ਤ੍ਰਿੱਖਾ ਚੱਲਣਾ, ਕਾਹਲੀ ਕਰਨਾ, ਕੁੱਦਣਾ॥

**ਦੌੜਾ,** ਪੁ:—ਅੱਗੇ ਦੌੜ ਕੇ ਰਾਹ ਦੱਸਣ ਵਾਲਾ

**ਦੌੜਾ ਦੌੜੀ,** ਸ:—ਖੇਚਲ, ਕਾਹਲੀ, ਲਗਾਤਾਰ ਮਿਹਨਤ॥

**ਦੌੜਾਉਣਾ,** ਕ੍ਰਿ:—ਭਜਾਉਣਾ, ਨਠਾਉਣਾ, ਘੱਲਣਾ, ਮਨ ਵਿਚ ਖਿਆਲ ਬੰਨ੍ਹਣਾ॥

**ਦੌੜਾਹਾ,** ਪੁ:—'ਦੌੜਾ' ਵੇਖੋ।

**ਦੌੜਾਕ,** ਪੁ:—ਤ੍ਰਿੱਖਾ ਦੌੜਨ ਵਾਲਾ।

Digitized by Panjab Digital Library | www.panjabdigilib.org

## ਧ

**ਧ,** ਪੁ: ਗੁਰਮੁਖੀ ਪੈਂਤੀ ਦਾ ਚੌਬੀਵਾਂ ਅੱਖਰ, ਧੱਦਾ ।

**ਧਸਕ** / **ਧਸਕਾ** } ਪੁ:—ਡਰ, ਧੋਫ, ਭੌ, ਸਹਿਮ ।

**ਧਸਣਾ,** ਸ:—ਖਭਾ, ਖੁਭਣ ॥

**ਧਸਣ,** ਕ੍ਰਿ:—ਖੁਭਣਾ, ਵੜਨਾ ਦਖਲ ਦੇਣ ॥

**ਧੱਸਣਾ,** ਕ੍ਰਿ: ਛੇਤੀ ਛੇਤੀ ਧੱਕਣਾ, ਅਗ ਲਾਉਣਾ ॥

**ਧੱਸਲ,** ਸ: ਖਸਰਾ, ਨਿੱਕੀ ਮਾਤਾ ਦੇ ਦਾਣ ।

**ਧਸਵਾਉਣਾ,** ਕ੍ਰਿ:—ਧਸਣ ਦਾ ਕੰਮ ਕਰਾਉਣ ।

**ਧਸਾਉ,** ਪੁ:—ਧਸਣ ਜਾਂ ਵੜਨ ਦਾ ਕੰਮ, ਸ ਹਾਲਤ ।

**ਧਸਾਉਣਾ,** ਕ੍ਰਿ:—ਖੋਭਣਾ, ਖੁਭਾਉਣਾ, ਵਾੜਨਾ, ਚੋਭਣਾ ।

**ਧਸਾਊ,** ਪੁ:—ਨਰਮ, ਪੋਲਾ ।

**ਧਸਾਕਾ,** ਪੁ:—ਡਰ, ਭੌ, ਧੋਫ, ਸਹਿਮ ।

**ਧਸਾ ਦੇਣਾ,** ਕ੍ਰਿ:—'ਧਸਾਉਣਾ' ਵੇਖੋ ।

**ਧਸਾਣ,** ਪੁ:—ਖੁੱਭਣ, ਖੋਭਾ, ਪੋਲੀ ਮਿੱਟੀ ਵਾਲੀ ਧਰਤੀ ॥

**ਧਸਾਣਾ,** ਕ੍ਰਿ:—'ਧਸਾਉਣਾ' ਵੇਖੋ ।

**ਧੱਕ,** ਪੁ:—ਧੱਕਾ, ਸੱਟ, ਠੋਕਰ, ਧਿਕਾਰ ( ਪੈਲੀ, ਦਗਲੀ ) ।

**ਧੱਕ ਬਲਕਾ** / **ਧੱਕ ਵਲੱਕਾ** } ਪੁ:—ਇੱਕ ਦੂਜੇ ਨੂੰ ਧੱਕਣਾ, ਜ਼ੋਰਾ ਵਰੀ ॥

**ਧੱਕਣਾ,** ਕ੍ਰਿ:—ਜ਼ੋਰ ਨਾਲ ਅੱਗੇ ਕਰਨਾ, ਰੇੜ੍ਹਨਾ

**ਧੱਕੜ,** ਸ:, ਪੁ:—ਰਪਟੀ ਖਰਵਰੀ ਲਕੜ, ਜ਼ਬਰ ਦਸਤ, ਮੋਟਾ ਆਦਮੀ ॥

**ਧੱਕਾ,** ਪੁ:—ਧੱਕਣ ਦਾ ਕੰਮ, ਜ਼ੋਰਾਵਰੀ, ਜ਼ੁਲਮ, ਦੰਗ, ਨੁਕਸਾਨ, ਬਿਪਤਾ ( ਦੇਣਾ, ਲਾਉਣਾ ) ।

**ਹਿੱਕ ਦਾ ਧੱਕਾ ਕਰਨਾ,** ਕ੍ਰਿ:—ਹਠ ਕਰਨਾ, ਜ਼ੋਰ ਦਸਣਾ ॥

**ਧੱਕਾ ਲੱਗਣਾ,** ਕ੍ਰਿ:—ਨੁਕਸਾਨ ਹੋਣ, ਬਿਪਤਾ ਪੈਣੀ ।

**ਧੱਕੇ ਖਾਣੇ** / **ਧੱਕੇ ਪੈਣੇ** } ਕ੍ਰਿ:—ਧੱਕਿਆ ਜਾਣਾ, ਖੁਆਰ ਹੋਣਾ ।

**ਧੱਕੇ ਜਾਣਾ,** ਕ੍ਰਿ:—ਧਿਰਕਾਰ ਹੋਣੀ ॥

**ਧੱਕੇ ਧੋੜੇ ਖਾਣਾ,** ਕ੍ਰਿ:—ਭਟਕਦੇ ਫਿਰਨਾ, ਸਹਾਰਾ ਨਾ ਹੋਣਾ ।

**ਧੱਕੇ ਬਾਜ਼,** ਪੁ:—ਜ਼ੋਰਾਵਰ, ਜ਼ਬਰਦਸਤ, ਧੱਕਾ ਹਠੀ ।

**ਧਕਾਉਣਾ,** ਕ੍ਰਿ:—ਧੱਕਣ ਦਾ ਕੰਮ ਕਰਾਉਣਾ ।

**ਧਕੇਲਣਾ** / **ਧਕੇਲ ਦੇਣਾ** } ਕ੍ਰਿ:—'ਧੱਕਣ' ਵੇਖੋ ।

**ਧਕੇਲੂ,** ਪੁ: / **ਧਕੇਲ,** ਸ: } ਜੋ ਧਕੇਲੇ ॥

**ਧੱਕੋ ਧੱਕੀ,** ਕ੍ਰਿ: ਵਿ:—ਜ਼ੋਰ ਨਾਲ, ਜ਼ਬਰ-ਦਸਤੀ ॥

**ਧੱਖ,** ਸ:—ਛੋਟੀ ਜੂੰ, ਲੀਖ, ਮਧਰੀ ਕੁੜੀ ॥

Digitized by Panjab Digital Library | www.panjabdigilib.org

**ਧੱਖੜੁ,** ਵਿ:—ਬ[illegible] ਨਿਰਾਦਰ ॥

**ਧੱਖੀ,** ਸ:—ਬਾਲਾਂ ਦੀ ਵਰਤਣ ਵਾਲੀ ਕੂੰਜੀ ।

**ਧੱਗ,** ਪੁ:—ਇੱਕ ਬੜਾ ਭਾਰਾ ਪੈਸਾ ॥

**ਧੱਗ ਸੂਣੀ,** ਕ੍ਰਿ:—ਘਰ ਚਾਲ ਦੀ ਖੇਡ ਵਿਚ ਜਿੱਤਣਾ ।

**ਧੱਗੜ,** ਪੁ:—ਅੱਧੀ ਪੱਕੀ ਹੋਈ ਮੋਟੀ ਰੋਟੀ ।

**ਧੱਗੜੀ,** ਪੁ:—ਬਹੁਤ ਚੌੜੀ ਅਤੇ ਪਤਲੀ ਰੋਟੀ ॥

**ਧਗਾਣਾ,** ਕ੍ਰਿ:—ਜ਼ੋਰਾਵਰੀ, ਜ਼ਬਰ ਦਸਤੀ

**ਧਗਾਣੇ,** ਕ੍ਰਿ: ਵਿ:—ਮੱਲੋ ਮੱਲੀ, ਬਦੋ ਬਦੀ, ਖਾਹ ਮਖਾਹ

**ਧਜ**
**ਧਜਾ** } ਸ:—ਸ਼ਕਲ, ਬਨਾਵਟ, ਢੰਗ, ਪੁਸ਼ਾਕ ਹਾਲਤ, ਝੰਡੀ, ਨਿਸ਼ਾਨ ।

**ਧਜ ਉਠਾਉਣੀ,** ਕ੍ਰਿ:—ਕਿਸੇ ਹੋਰ ਦਾ ਢੰਗ ਲੈ ਲੈਣਾ ॥

**ਧਜ ਖੜੀ ਕਰਨੀ,** ਕ੍ਰਿ:—ਫ਼ਤਹ ਪਾਣੀ ਹੋਣ ਦੀ ਨਿਸ਼ਾਨੀ, ਇੱਕ ਝੰਡੀ ਕਿਸੇ ਮੰਦਰ ਤੇ ਖੜੀ ਕਰਨੀ ॥

**ਧਜ ਬੰਨ੍ਹਣੀ,** ਕ੍ਰਿ:—ਖਾਸ ਰੂਪ ਧਾਰ ਲੈਣਾ ।

**ਧਜਾ ਧਾਰੀ,** ਪੁ: ਬਹੁਤ ਧਨ ਵਾਲਾ ਆਦਮੀ

**ਧਜ਼ਾ,** ਸ:—ਧੀਰਜ, ਤਸੱਲੀ ।

**ਧੱਜੀ,** ਸ:—ਕਪੜੇ ਦੀ ਲੰਮੀ ਲੀਰ ।

**ਧੱਜੀਆਂ ਉਡਾਉਣਾ,** ਕ੍ਰਿ:—ਪਾੜਕੇ ਲੀਰਾਂ ਕਰਨਾ, ਸਜ਼ਾ ਦੇਣੀ, ਕਿਸਦੀ ਬਦਿਆਈ ਪਰਗਟ ਕਰਨੀ ॥

**ਧਜੀਲਾ,** ਵਿ:—ਚੰਗੀ ਸ਼ਕਲ ਸੂਰਤ ਵਾਲਾ ॥

**ਧਣ,** ਪੁ:—ਦੌਲਤ, ਪਦਾਰਥ, ਰੁਪਯਾ, ਮਾਲ, ਜਾਇਦਾਦ, ਡੰਗਰ, ਇੱਕ ਰਾਸ ॥



**ਧਣ ਧਣਵੰਤਾ,** ਕ੍ਰਿ:—ਅਸੀਸਾਂ ਮਿਲਣੀਆਂ

**ਧਣ ਪਾਤ੍ਰ**
**ਧਣਵੰਤ (ਵਾਨ)** } ਪੁ:—ਜਿਸ ਕੋਲ ਧਨ ਹੈ॥

**ਧਣ ਲੈਣਾ,** ਕ੍ਰਿ:—'ਧਣਨਾ' ਵੇਖੋ ॥

**ਧਣਕ**
**ਧਣਖ** } ਪੁ:—ਕਮਾਨ, 'ਲਚਕ ਵਾਲੀ ਲਕੜੀ ਦਾ ਹਥਿਆਰ ਜਿਸ ਨਾਲ ਤੀਰ ਚਲਾਉਂਦੇ ਹਨ ॥

**ਧਣਖ ਬਾਣ,** ਪੁ:—ਤੀਰ ਅਤੇ ਕਮਾਨ ॥

**ਧਣਨਾ,** ਕ੍ਰਿ:—ਵੱਸ ਕਰਨਾ, ਹਰਾਉਣਾ, ਡੰਗਰਾਂ ਨੂੰ ਮਿਲਾਉਣਾ ।

**ਧਣੀ,** ਵਿ: ਪੁ:—ਜਿਸ ਪਾਸ ਧਨ ਹੋਵੇ, ਕਿਸੇ ਕੰਮ ਦਾ ਉਸਤਾਦ।

**ਧਣੀਜਾਣਾ,** ਕ੍ਰਿ:—ਗਊ ਸਾਨ੍ਹ ਆਦਿਕ ਦਾ ਮੇਲ ਹੋਣਾ ॥

**ਧਣੁਕ (ਖ),** ਪੁ:—'ਧਣਕ' ਵੇਖੋ ॥

**ਧਣੁਖੀ,** ਸ:—ਕਮਾਨ ਦੀ ਸ਼ਕਲ ਦਾ ਰੂੰ ਸਾਫ਼ ਕਰਨ ਵਾਲਾ ਸੰਦ, ਧੁਣਖੀ ।

**ਧਤ,** ਸ:—ਬੁਰੀ ਆਦਤ, ਬਾਣ, (ਪੈਣੀ) ॥

**ਧਤੂਰਾ** ਪੁ:—ਇੱਕ ਬੂਟਾ ਜਿਸ ਦਾ ਫਲ ਕੰਡਿਆਂ ਵਾਲਾ ਅਤੇ ਬੀਜ ਜ਼ਹਿਰ ਵਾਲੇ ਹੁੰਦੇ ਹਨ ॥

**ਧਤੂਰਿਆ ਹੋਯਾ,** ਵਿ:—ਧਤੂਰੇ ਦੇ ਰਸ ਨਾਲ ਮਸਤ ।

**ਧੱਦ,** ਸ:—ਮਾਹਿਦਾ ਕੀਤਾ ਹੋਯਾ ਬਹੁਤਾ ਗੋਹਾ, ਭੋਂਸ ॥

Digitized by Panjab Digital Library | www.panjabdigilib.org

**ਧੱਦਰ, ਧੱਦਰੀ**, ਸ:—ਪਿੰਡੇ ਦੇ ਕਿਸੇ ਹਿੱਸੇ ਉੱਤੇ ਖੁਰਕ ਕਰਨ ਵਾਲਾ ਇੱਕ ਰੋਗ ॥

**ਧੱਦਲ**, ਸ:—ਧੂੰਆਂ, ਤੱਤੀ ਸੁਆਹ ਜਾਂ ਖੇਹ ॥

**ਧੱਦਾ, ਧੱਧਾ**, ਪੁ:—'ਧ' ਅੱਖਰ ਦਾ ਨਾਉਂ ॥

**ਧੰਦਾ**, ਪੁ:—ਕੰਮ, ਕਾਜ, ਕਾਰ, ਬਖੇੜਾ ॥

**ਧੰਦਾਲ**, ਸ:—ਕੰਮ ਧੰਦਾ, ਕਾਰ, ਵਾਹੀ ॥

**ਧੰਦਾਲੀ**, ਵਿ:—ਕੰਮ ਵਿੱਚ ਰੁੱਝਾ ਹੋਇਆ ॥

**ਧੰਨ**, ਵਿ:—ਨਿਹਾਲ, ਸੁਖੀ, ਜਿਸ ਦੀ ਵਡਿਆਈ ਹੋਵੇ ॥

ਪੁ:—ਸ਼ੁਕਰ, ਅਸੀਸ, ਵਡਿਆਈ ॥

**ਧੰਨ ਜਨਮ ਹੈ, ਧੰਨ ਧੰਨ, ਧੰਨ ਭਾਗ**, ਵਿਸਮਯ:—ਸ਼ਾਬਾਸ਼ੇ, ਵਾਹਵਾਹ ਤੁਹਾਡਾ ਕਲਿਆਣ ਹੋਵੇ ॥

**ਧੰਨਬਾਦ, ਧੰਨਵਾਦ**, ਪੁ:—ਧੰਨ ਧੰਨ ਕਹਿਣਾ, ਸ਼ੁਕਰ ਕਰਨਾ, ਵਧਾਈ ॥

**ਧੰਨਬਾਦੀ, ਧੰਨਵਾਦੀ**, ਵਿ:—ਧੰਨ ਬਾਦ ਕਰਨ ਵਾਲਾ ॥

**ਧਨੱਤਰ**, ਪੁ:—ਇੱਕ ਫੁੱਲ ਜਿਸਦੇ ਪੱਤ੍ਰਾਂ ਅਤੇ ਬੀਆਂ ਦੀ ਦੁਆ ਬਣਦੀ ਹੈ ॥

**ਧਨੰਤਰ, ਧਨੰਤਰੀ**, ਪੁ:—ਰਾਜਾ ਹਿੰਦੂ ਦਾ ਵੈਦ ਸਿਆਣਾ ਹਕੀਮ ॥

**ਧਨਾਸਰੀ**, ਸ:—ਤੀਜੇ ਪਹਿਰ ਦਾ ਇੱਕ ਰਾਗ ॥

**ਅੰਨ੍ਹੀ ਧਨਾਸਰੀ ਮਚਾਉਣੀ**, ਕ੍ਰਿ:—ਬਕਵਾਦ ਕਰਨਾ, ਬੇਸੁਰਾ ਗਾਉਣਾ ॥

**ਧੰਨਾ**, ਪੁ:—ਇੱਕ ਮਸ਼ਹੂਰ ਭਗਤ ਦਾ ਨਾਉਂ ॥

**ਧੰਨਾ ਸੇਠ**, ਪੁ:—ਬਹੁਤ ਮਾਲਦਾਰ ਆਦਮੀ ॥

**ਧਨਾਢ**, ਵਿ:, ਪੁ:—ਜਿਸਦੇ ਕੋਲ ਬਹੁਤ ਧਨ ਹੈ ॥

**ਧਨਾਧ**, ਵਿ: ਸਾ—ਜੁਆਨ ਗਊ, ਉਹ ਜੁਆਨ ਗਊ, ਜਿਸ ਨੇ ਪਹਿਲਾ ਵੱਛਾ ਸੁਇਆ ਹੈ ਜਾਂ ਜੋ ਗੱਭਣ ਹੋਣ ਵਾਲੀ ਹੈ ॥

**ਧੰਨੀ**, ਸ:—ਪੋਠੋਹਾਰ ਦੇ ਲਾਗੇ ਦਾ ਇਲਾਕਾ ॥

**ਧੰਨੀ ਘੇਪ, ਧੰਨੀ ਘੇਬ**, ਸ:—ਪੰਜਾਬ ਦਾ ਉਹ ਇਲਾਕਾ ਜਿਥੋਂ ਦੇ ਘੋੜੇ ਮਸ਼ਹੂਰ ਹਨ ॥ (ਜੇਹਲਮ ਦਾ ਇਲਾਕਾ) ॥

**ਧੱਪ**, ਪੁ:—ਗੁੱਸਾ, ਕ੍ਰੋਧ (ਚੜ੍ਹਨਾ) ॥

**ਧੱਪਾ, ਧੱਫ, ਧੱਫਾ**, ਪੁ:—ਤਮਾਚਾ, ਚਪੇੜ, ਹੱਥ ਦੀ ਤਲੀ, ਨਾਲ ਮਾਰਨਾ, ਨੁਕਸਾਨ (ਮਾਰਨਾ ਖਾਣਾ, ਲਾਉਣਾ) ॥

**ਧੱਫੜ**, ਪੁ:—ਮੱਛਰ ਆਦਿਕ ਦੇ ਲੜਨ ਨਾਲ ਜੋ ਸੋਜ ਪੈ ਜਾਂਦੀ ਹੈ, ਧੱਪਾ (ਪੈਣਾ, ਮਾਰਨ ਲਾਉਣਾ) ॥

**ਧੱਬ ਕਚੌਰੀ**, ਸ:—ਤਮਾਚੇ ਜਾਂ ਜੁੱਤੀਆਂ ਮਾਰਨ ਦਾ ਕੰਮ ।

**ਧੱਬਲਾ**, ਪੁ:; **ਧੱਬਲੀ**, ਸ:—ਇੱਕ ਲੱਕ ਬੰਨ੍ਹਣ ਵਾਲਾ ਕਪੜਾ ।

**ਧੱਬਾ**, ਪੁ:—ਧੱਪਾ, ਕਲੰਕ, ਦਾਗ (ਪੈਣਾ, ਮਾਰਨੀ ਲੱਗਣਾ) ॥

**ਧੰਬੀਜ਼**, ਸ:—ਭੀੜ, ਕੱਠ ।

**ਧੰਫੇੜੀ**, ਸ:—ਧਮੂੜੀ, ਭੇਹੂੰ, ਢੂੰਡ ॥

Digitized by Panjab Digital Library | www.panjabdigilib.org

**ਧਮਕ,** ਸ:—ਸੱਟ, ਪੈਰਾਂ ਦੀ ਅਵਾਜ਼, ਥਰਥਰਾਟ, ਖੜਕ ॥

**ਧਮਕਣਾ,** ਕ੍ਰਿ:—ਸੱਟ ਲੱਗਣੀ, ਕੰਬਣਾ, ਥਰਥਰਾਉਣਾ ॥

**ਧਮਕੜਾ,** ਪੁ:—ਘੋੜੇ ਦਾ ਅੱਗੇ ਵਾਹ ਕੁੱਦਣਾ ॥

**ਧਮਕਾਟ,** ਪੁ:—ਖੜਕ, ਧਮਕ ॥

**ਧਮਕੀ,** ਸ:—ਡਰਾਵਾ, ਝਿੜਕ ॥

**ਧਮਕੀ ਵਿੱਚ ਆਉਣਾ,** ਕ੍ਰਿ:—ਕਿਸੇ ਦੀ ਧਮਕੀ ਨਾਲ ਡਰ ਜਾਣਾ ॥

**ਧਮਚੱਕੜ, ਧਮੱਚੜ, ਧਮੱਚੜਾ** } ਪੁ:—ਕੁੱਦਣਾ, ਟੱਪਣਾ, ਰੌਲਾ (ਪਾਉਣਾ) ॥

**ਧਮਣ,** ਪੁ:—ਇੱਕ ਲਕੜੀ ਜਿਸਦੀਆਂ ਬਹਿੰਗੀਆਂ ਬਣਦੀਆਂ ਹਨ, ਇੱਕ ਤਰ੍ਹਾਂ ਦਾ ਸੱਪ, ਇੱਕ ਘਾਹ ॥

**ਧਮਧੁੱਸੜ, ਧਮੜ ਧੁੱਸਾ** } ਪੁ:—ਪੈਰਾਂ ਦਾ ਖੜਾਕ, ਧਮਕ ।

**ਧਮਾਹਾਂ,** ਪੁ:—ਇੱਕ ਬੂਟੀ ਜਿਸ ਦੀ ਦੁਆ ਜਾਂ ਸਿਆਹੀ ਬਣਦੀ ਹੈ, ਛੱਤ ਅਤੇ ਕੰਧਾਂ ਉੱਤੇ ਜੰਮਿਆ ਹੋਇਆ ਧੂਆਂ ॥

**ਧਮਾਕਾ,** ਪੁ:—ਸੱਟ, ਭਾਰੀ ਚੀਜ਼ ਦੇ ਡਿੱਗਣ ਦੀ ਅਵਾਜ਼ ॥

**[illegible]ਮਾਣ, [illegible]ਮਾਣੂ** } ਪੁ:—ਹਿੰਦੂਆਂ ਵਿਚ ਬਾਲ ਜਮਣ ਤੋਂ ੧੨ ਦਿਨ ਮਗਰੋਂ ਸਾਕਾਂ ਵਿੱਚ ਟੋਟੀਆਂ ਅਤੇ ਸ਼ੀਰਾ ਵੰਡਣ ਦੀ ਰੀਤ।

**ਧਮਾਤੜੀ,** ਪੜ:—ਬੁਢਾਪੇ ਵਰਗੇ ਮਨੁੱਖ ॥

**ਧਮਾ ਧਮ,** ਪੁ:—ਢੋਲ ਆਦਿਕ ਵਜਣ ਦੀ ਅਵਾਜ਼ ॥

**ਧਮਾਰ,** ਸ:—ਹੋਲੀਆਂ ਦਾ ਇੱਕ ਰਾਗ ॥

**ਧਮਾਲ,** ਪੁ:—ਮੁਸਲਮਾਨ ਫਕੀਰਾਂ ਦੇ ਨੱਚਣ ਟੱਪਣ ਦੀ ਰੀਤ ॥

**ਧਮਾਲ ਪਾਉਣੀ,** ਕ੍ਰਿ:—ਨੱਚਣਾ ਟੱਪਣਾ, ਰੌਲਾ ਪਾਉਣਾ ॥

**ਧਮਾਲੀ,** ਪੁ:—ਇੱਕ ਤਰਾਂ ਦੇ ਮੁਸਲਮਾਨ ਫਕੀਰ

**ਧਮੀਆਂ,** ਪੁ:—ਇੱਕ ਕੀੜਿਆਂ ਵਾਲੀ ਝਾੜੀ ਜੋ ਬਾਹਰਲੇ ਤੰਦੂਰਾਂ ਵਿਚ ਬਾਲਣ ਦੇ ਕੰਮ ਆਉਂਦੀ ਹੈ ॥

**ਧਮੁੱਕਾ,** ਪੁ:, **ਧਮੁੱਕੀ,** ਸ: } ਮੁੱਕਾ, ਮੁੱਕੀ, ਘਸੁੰਨ ॥

**ਧਮੋੜੀ,** ਸ:—ਭੇਹਮੂ ਡੂੰਡ ॥

**ਧਰ,** ਸ:—ਧੁੰਨੀ, ਧਰਨ ( ਪੇਨੀ ) ॥

**ਧਰ ਦੱਬਣਾ,** ਕ੍ਰਿ:—ਧਮਕਾਉਣਾ, ਝਿੜਕਣਾ ਜ਼ੋਰ ਪਾਉਣਾ ॥

**ਧਰ ਮਾਰਨੀ,** ਕ੍ਰਿ:—'ਧਰਨਾ' ਵੇਖੋ ।

**ਧਰ ਦੇਖਣਾ,** ਕ੍ਰਿ:—ਰੱਖ ਲੈਣਾ, ਆਪਣੇ ਕੋਲ ਰਹਿਣ ਦੇਣਾ ॥

**ਧਰ ਲੈਣਾ,** ਕ੍ਰਿ:—ਫੜਨਾ, ਕਾਬੂ ਕਰਨਾ, ਮੱਲਣਾ

**ਧਰਕੱਲਣਾ,** ਕ੍ਰਿ:—ਧੱਕਣਾ, ਜ਼ੋਰ ਨਾਲ ਦੌੜ ਲਗਾਉਣਾ ॥

Digitized by Panjab Digital Library | www.panjabdigilib.org

**ਧਰਕੱਲਾ / ਧਰਘੱਲਾ**, ਪੁ:—ਧੱਕਾ, ਡਰਾਵਾ, ਝਿੜਕੀ ।

**ਧਰਕੋਨਾ**, ਪੁ:—ਧਰੇਕ ਦਾ ਫਲ ।

**ਧਰਤ / ਧਰਤੀ**, ਸ:—ਜ਼ਮੀਨ, ਭੋਂ, ਪਿਰਥੀ ।

**ਧਰਤ ਹੱਲਾ**, ਪੁ:—ਧਰਤੀ ਦਾ ਹਿੱਲਣਾ, ਭੁਚਾਲ।

**ਧਰਨ**, ਸ: ਧੁੰਨੀ ਦੀ ਨਾੜ, ਧੁੰਨੀ ਦੀ ਨਾੜ ਦਾ ਆਪਣੀ ਥਾਂ ਤੋਂ ਹਿੱਲਣਾ (ਧੌਣੀ) ਢੰਗ, ਰੀਤ-ਚਾਲ ॥

**ਧਰਨਾ**, ਕ੍ਰਿ: ਰੱਖਣਾ, ਟਿਕਾਉਣਾ, ਰੁੱਸੇ ਹੋਏ ਚਾੜ੍ਹਨਾ, ਨਾਲਸ਼ ਕਰਨੀ ॥

**ਧਰਨਾ ਮਾਰ ਕੇ ਬੈਠਣਾ**, ਕ੍ਰਿ:—ਕਿਸੇ ਦੇ ਬੂਹੇ ਅੱਗੇ ਅੜ ਕੇ ਬਹਿ ਜਾਣਾ (ਆਪਣੀ ਮਰਜ਼ੀ ਪੂਰੀ ਕਰਾਉਣ ਲਈ) ॥

**ਧ ਨੀ**, ਸ:—ਖਰਾਦੀਆਂ ਦਾ ਕਮਾਨ ਵਰਗਾ ਸੰਦ ।

**ਧਰਮ**, ਪੁ:—ਮਤ, ਮਜ਼੍ਹਬ, ਈਮਾਨ, ਨਿਆਉਂ, ਨੇਕੀ, ਸਚਿਆਈ, ਮਰਜਾਦਾ, ਕਰਤੱਬ, ਰੀਤ, ਪੁੰਨ ।

**ਧਰਮ ਅਰਥ**, ਪੁ: ਵਿ:—ਧਰਮ ਲਈ ਦਾਨ, ਪੁੰਨ, ਮੁਫਤ ।

**ਧਰਮ ਔਤਾਰ**, ਪੁ:—ਧਰਮ ਵਾਲਾ, ਨੇਕ ਮਨੁਖ ।

**ਧਰਮ ਸ਼ਾਸਤ੍ਰ**, ਪੁ:—ਹਿੰਦੂਆਂ ਦੇ ਉਹ ਪੁਸਤਕ ਜਿਨ੍ਹਾਂ ਵਿੱਚ ਚਹੁੰ ਵਰਣਾਂ ਦੇ ਧਰਮ ਆਦਿਕ ਲਿਖੇ ਹਨ ।

**ਧਰਮਸਾਲ (ਲਾ)**, ਸ: ਮੁਸਾਫਰਾਂ ਦੇ ਟਿਕਣ ਦੀ ਥਾਂ, ਲੰਗਰ ਖਾਨਾ, ਸਿੱਖਾਂ ਦਾ ਮੰਦਰ ਜਿੱਥੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ।

**ਧਰਮ ਹਾਰਨਾ**, ਕ੍ਰਿ:—ਧਰਮ ਛੋੜ ਕੇ ਪਾਪ ਕਰਨਾ, ਬੇਈਮਾਨੀ ਕਰਨੀ ॥

**ਧਰਮ ਕਮਾਉਣਾ**, ਕ੍ਰਿ:—ਚੰਗੇ ਕਰਮ ਕਰਨੇ ਜਿਨ੍ਹਾਂ ਦਾ ਫਲ ਅੱਗੇ ਮਿਲੇਗਾ ॥

**ਧਰਮ ਕਰਨਾ**, ਕ੍ਰਿ:—ਪੁੰਨ ਕਰਨਾ, ਨੇਕੀ ਕਰਨੀ, ਬਚਨ ਦੇਣਾ

**ਧਰਮ ਘੜੀ**, ਸ: ਵੱਜਣ ਵਾਲੀ ਘੜੀ ॥

**ਧਰਮ ਚਰਚਾ**, ਸ:—ਧਰਮ ਬਾਬਤ ਗੱਲਾਂ, ਬਾਤਾਂ ਬਹਿਸ, ਸ਼ਾਸਤ੍ਰਾਰਥ ॥

**ਧਰਮ ਚੁੱਕਣਾ**, ਕ੍ਰਿ:—ਧਰਮ ਦੀ ਸਹੁੰ ਖਾਣੀ ॥

**ਧਰਮ ਛੋਟ**, ਪੁ:—ਜਿਸ ਦਾ ਧਰਮ ਜਾਂਦਾ ਰਹੇ।

**ਧਰਮਦਾ (ਪੁੱਤ, ਭਰਾ ਆਦਿਕ)**, ਵਿ:—ਆਪੇ ਬਣਾਇਆ ਹੋਇਆ, ਜੋ ਸਾਕੋਂ ਨਾ ਹੋਵੇ ॥

**ਧਰਮ ਧੱਕਾ**, ਪੁ:—ਜਾਣੋਂ ਛੇਕਣਾ, ਬਾਹਰ ਕੱਢਣਾ (ਹੋਣਾ) ॥

**ਧਰਮ ਨਾਲ**, ਕ੍ਰਿ:—ਧਰਮ ਦੀ ਸਹੁੰ ਖਾ ਕੇ, ਸਚੋ ਸੱਚ ।

**ਧਰਮ ਪਤਨੀ**, ਸ:—ਵਿਆਹੀ ਹੋਈ ਇਸਤ੍ਰੀ (ਜੋ ਧਰੇਲ ਨਹੀਂ) ।

**ਧਰਮ ਭਰਿਸ਼ਟ ਕਰਨਾ**, ਕ੍ਰਿ:—ਉਹ ਕੰਮ ਕਰਾਉਣਾ ਜਿਸ ਨਾਲ ਧਰਮ ਜਾਵੇ ।

**ਧਰਮ ਮੂਰਤ**, ਪੁ:—ਧਰਮਾਤਮਾ, ਰਾਜਾ, ਧਨੀ (ਬ੍ਰਾਹਮਣ ਆਦਿਕਾਂ ਦੀ ਬੋਲੀ) ।

**ਧਰਮਰਾਇ / ਧਰਮਰਾਜ**, ਪੁ:—ਪਰਲੋਕ ਵਿਚ ਜੀਵਾਂ ਦਾ ਨਿਆਉਂ ਕਰਨ ਵਾਲਾ ਦੇਉਤਾ, ਜਿਸ ਰਾਜ ਵਿੱਚ ਨਿਆਉਂ ਹੋਵੇ ॥

Digitized by Panjab Digital Library | www.panjabdigilib.org

**ਧਰਮਾਉਤਣ,** ਸ਼ਃ
**ਧਰਮਾਊਤੀ,** ਪੁਃ } ਧਰਮ ਵਾਲਾ ( ਲੀ ) ਸੱਚਾ ( ਚੀ ), ਨੇਕ ॥

**ਧਰਮਾਤਮਾ**, ਵਿਃ—ਜਿਸ ਵਿੱਚ ਧਰਮ ਹੋਵੇ, ਨੇਕ, ਸੱਚਾ ॥

**ਧਰਮਾ ਧਰਮੀ**
**ਧਰਮੋ ਧਰਮੀ** } ਕ੍ਰਿਃ ਵਿਃ—ਧਰਮ ਦੀ ਸਹੁੰ ਖਾ ਕੇ, ਸੱਚੋ ਸੱਚ ॥

**ਧਰਮੀ,** ਵਿਃ, ਪੁਃ—ਧਰਮ ਵਾਲਾ, ਸੱਚਾ, ਨੇਕ, ਜਿਸ ਦੈ ਧਰਮ, ਭਾਸਤੇ ਪ੍ਰਾਣ ਵਿੱਚ ਹੋਣ, ਹਕੀਕਤ ਰਾਇ ।

**ਧਰਵਾਉਣਾ,** ਕ੍ਰਿਃ—ਰਖਵਾਉਣਾ, ਚੁੱਲ੍ਹੇ ਉੱਤੇ ਚੜ੍ਹਵਾਉਣਾ, ਟਿਕਵਾਉਣ, ਨਾਲਸ਼ ਕਰਨੀ ॥

**ਧਰਵਾਈ,** ਸ਼ਃ—ਧਰਵਾਈ, ਧਰਾਈ ॥

**ਧਰਵਾਸ,** ਪੁਃ—ਆਸਾ, ਧੀਰਜ, ਤਸੱਲੀ, ਭਰੋਸਾ ।

**ਧਰਵਾ ਦੇਣਾ,** ਕ੍ਰਿਃ—'ਧਰਵਾਉਣਾ' ਵੇਖੋ ।

**ਧਰਾ,** ਪੁਃ—'ਧੜਾ' ਵੇਖੋ ॥

**ਧਰਾਉਣਾ,** ਕ੍ਰਿਃ—ਰਖਾਉਣਾ, ਟਿਕਵਾਉਣਾ, ਦੇਣਦਾਰ ਹੋਣਾ ॥

**ਧਰਾਈ,** ਸ਼ਃ—ਚੀਜ਼ਾ ਸਾਂਭ ਕੇ ਰੱਖਣ ਦੀ ਮਜ਼ੂਰੀ,

**ਧਰਾਸ,** ਪੁਃ—'ਧਰਵਾਸ' ਵੇਖੋ ॥

**ਧਰਾ ਦੇਣਾ,** ਕ੍ਰਿਃ—'ਧਰਵਾਉਣਾ', ਵੇਖੋ ॥

**ਧਰਾਪਣਾ,** ਕ੍ਰਿਃ—ਰਜਾਉਣਾ, ਸੰਤੋਖ ਦੇਣਾ ॥

**ਧਰਾਵਾ,** ਵਿਃ—ਸਹਾਰਾ ਦੇਣ ਵਾਲਾ ॥

**ਧਰਿੱਗ**
**ਧਰੁੱਗ** } ਪੁਃ ਵਿਃ—ਦੁਸ਼ਟਤਾਈ, ਜ਼ੁਲਮ, ਫਿਟਕਾਰ, ਨਿਕੰਮਾ, ਕਿਸੇ ਕੰਮ ਦਾ ਨਾ (ਧਰਿੱਗ ਜਨਮ) ॥

ਵਿਸਮਯਃ—ਫਿੱਟੇ ਮੂੰਹ ! ਲਖ ਲਾਨ੍ਹਤ ॥

**ਧਰੂਹ,** ਪੁਃ—ਇੱਕ ਭਗਤ, ਇੱਕ ਤਾਰਾ ॥

**ਧਰੂਹਣਾ,** ਕ੍ਰਿਃ—ਧੂਹਣਾ, ਰੁਖ ਤੋਂ ਫਲ ਲਾਹਣਾ ।

**ਧਰੇਕ,** ਸ਼ਃ—ਇਕ ਮਸ਼ਹੂਰ ਰੁੱਖ ਜਿਸ ਦੀ ਛਾਉਂ ਚੰਗੀ ਹੁੰਦੀ ਹੈ ॥

**ਧਰੇ ਜਾਣਾ,** ਕ੍ਰਿਃ—ਵਸ ਆ ਜਾਣਾ, ਕੈਦ ਹੋਣਾ ॥

**ਧਰੇਲ,** ਸ਼ਃ—ਘਰ ਪਾਈ ਹੋਈ ਤ੍ਰੀਮਤ ॥

**ਧਰੇਵਾ,** ਪੁਃ—ਕਿਸੇ ਤ੍ਰੀਮਤ ਨੂੰ ਘਰ ਪਾਉਣ ਦੀ ਰੀਤ ।

**ਧਰੋਹ**
**ਧ੍ਰੋਹ** } ਪੁਃ—ਛਲ, ਧੋਖਾ, ਬੇਈਮਾਨੀ (ਕਰਨਾ, ਕਮਾਉਣਾ) ॥

**ਧਰੋਹਰ,** ਸ਼ਃ—ਕਿਸੇ ਪਾਸ ਧਰੀ ਹੋਈ ਸ਼ੈ, ਅਮਾਨਤ ॥

**ਧਰੋਹੀ,** ਪੁਃ—ਜੋ ਧਰੋਹ ਕਰੇ ॥

**ਧਲਿਆਰਾ,** ਪੁਃ—ਡੰਗਰਾਂ ਦੇ ਗਲ ਅਤੇ ਮੂੰਹ ਨੂੰ ਬੰਨ੍ਹਣ ਵਾਲੇ ਰੱਸੇ, ਭਰਮ, ਧੋਖਾ ॥

**ਧਲੁਖਣਾ,** ਕ੍ਰਿਃ—ਰਤਾ ਕੁ ਘੇਉ ਨਾਲ ਸਦੀ ਚੋਪੜਨਾ ।

**ਧਵਾਂਹ**
**ਧਵਾਹਾਂ** } ਪੁਃ—ਛੱਤ ਅਤੇ ਕੰਧਾਂ ਉੱਤੇ ਜੰਮਿਆ ਹੋਇਆ ਧੂਆਂ ॥

**ਧੜ,** ਪੁਃ—ਸਿਰ ਨੂੰ ਛੱਡ ਕੇ ਬਾਕੀ ਸਰੀਰ, ਗਾਹਕ ਦੇ ਮਗਰੋਂ ਮਿਲੇ ਹੋਏ ਤੂੜੀ ਅਤੇ ਦਾਣਿਆਂ ਦਾ ਢੇਰ।

Digitized by Panjab Digital Library | www.panjabdigilib.org

**ਧੜ ਮਾਰੇ ਜਾਣਾ** / **ਧੜ ਰਹਿ ਜਾਣਾ**, ਕ੍ਰਿ:-ਅਧਰੰਗ ਹੋ ਜਾਣਾ, ਧੜ ਵਿਚ ਸਤਿਆ ਨਾ ਰਹਿਣੀ ॥

**ਧੜਕ**, ਸ:-ਪੁ:—ਡਰ, ਖੌਫ, ਸਹਿਮ ॥

**ਧੜਕਣਾ**, ਕ੍ਰਿ:-ਡਰ ਨਾਲ ਕੰਬਣਾ, ਦਿਲ ਦਾ ਥਰਥਰ ਕਰਨਾ

**ਧੜਕਾ**, ਪੁ: / **ਧੜਕੀ**, ਸ: ਡਰ, ਸਹਿਮ ਦਿਲ ਦੀ ਥਰ-ਥਰਾਟ, ਕੰਬਣੀ (ਪੈਣਾ) ॥

**ਧੜਕਾਉਣਾ**, ਕ੍ਰਿ:-ਡਰਾਉਣਾ, ਸਹਿਮ ਪਾਉਣਾ ॥

**ਧੜਤ** / **ਧੜਥ** ਪੁ:—ਧੜਵਾਈ ਦਾ ਕੰਮ, ਵਿਕੀ ਹੋਈ ਜਿਨਸ ਦੀ ਦਸਤੂਰੀ, ਤੁਲਣ ਵਾਲੇ ਅਨਾਜ ਆਦਿਕ ਦਾ ਢੇਰ ॥

**ਧੜੱਲ**, ਵਿ:-ਨੰਗਾ ( ਸੀ ) ॥

**ਧੜੱਲਾ**, ਪੁ:-ਮੀਂਹ ਜਾਂ ਗੜੇ ਪੈਣ ਦੀ ਅਵਾਜ਼, ਭੀੜ ਦਾ ਰੌਲਾ ਗੌਲਾ, ਧਮਾਕੇ ਦੀ ਅਵਾਜ਼, ਭੀੜ, ਜ਼ੋਰ ਦਾ ਮੀਂਹ ॥

**ਨੰਗ ਧੜੱਲਾ**, ਵਿ:-ਬਿਲਕੁਲ ਨੰਗਾ ॥

**ਧੜਵਾਇਣ**, ਸ:-ਧੜਵਾਈ ਦੀ ਵਹੁਟੀ ।

**ਧੜਵਾਈ**, ਪੁ:-ਸ:—ਪਿੰਡ ਦਾ ਲੇਖਾ ਕਰਨ ਵਾਲਾ, ਤੋਲਣ ਵਾਲਾ, ਤੋਲਣ ਦਾ ਕੰਮ ਜਾਂ ਮਜੂਰੀ ॥

**ਧੜਵਾਈ ਗਰੀ** / **ਧੜਵਾਈ ਗਿਰੀ** ਸ:-ਧੜਵਾਈ ਦਾ ਕੰਮ ॥

**ਧੜਾ**, ਪੁ:-ਜੱਥਾ, ਇੱਕ ਪਾਸੇ ਦੇ ਲੋਕ, ਧਿਰ, ਪੂਰਾ ਬੀੜਿਆ ਹੋਇਆ ਤੋਲ, ਜਿਸ ਛਾਬੇ ਵਿੱਚ ਕੋਈ ਚੀਜ਼ ਤੋਲਣੀ ਹੈ ਉਸ ਦੇ ਤੋਲ ਦੇ ਬਰਾਬਰ ਵੱਟੇ ਆਦਿਕ ਦੂਜੇ ਛਾਬੇ ਵਿੱਚ ਪਾਏ ਹੋਏ (ਕਰਨਾ) ॥



**ਧੜਾਕਾ**, ਪੁ:-ਕਿਸੇ ਕਰੜੀ ਚੀਜ਼ ਦੇ ਟੁੱਟਣ ਦੀ ਜਾਂ ਬੰਦੂਕ ਆਦਿਕ ਚੱਲਣ ਦੀ ਅਵਾਜ਼ ॥

**ਧੜੀ**, ਸ:-ਦਸਾਂ ਸੇਰਾਂ ਦਾ ਭਾਰ, ਦਸਾਂ ਸੇਰਾਂ ਦਾ ਵੱਟਾ, ਕਪੜੇ ਦਾ ਲਪੇਟ, ਬੁਲ੍ਹਾਂ ਉੱਤੇ ਮਿੱਸੀ ਦੀ ਲੀਕ, ਤੀਮਤ ਦੀਆਂ ਪੁੜ ਪੁੜੀਆਂ ਉੱਤੇ ਗੁੰਦੇ ਹੋਏ ਵਾਲ ॥

**ਧਾਉਣਾ**, ਕ੍ਰਿ:-ਦੌੜਨਾ, ਕਾਹਲੀ ਕਰਨੀ, ਧਾਵਾ ਕਰਨਾ, ਖੁਸ਼ ਹੋ ਜਾਣਾ, ਉਲਾਦ ਵਾਲਾ ਹੋਣਾ ॥

**ਧਾਉਣੀ**, ਸ:—ਧਾਵਾ, ਹੱਲਾ (ਕਰਨੀ) ॥

**ਧਾਉ ਧਾ**, ਕ੍ਰਿ: ਵਿ:-ਸਪਾ ਸਪ, ਝੱਟ ਪੱਟ ਅਟਕਣ ਬਾਝੋਂ ॥

**ਧਾਈ**, ਸ:-ਹੱਲਾ, ਧਾਵਾ, ਕਾਹਲੀ (ਕਰਨੀ) ॥

**ਧਾਈਂ**, ਪੁ:-ਇਕ ਤਰਾਂ ਦੇ ਚੌਲ, ਮੁੰਜੀ, ਧਾਨ ॥

**ਧਾਂਸ**, ਸ:—ਲੋਹੇ ਦੀ ਮੇਖ, ਨਸਵਾਰ ਤਮਾਕੂ ਆਦਿਕ ਨਾਲ ਜੋ ਖੰਘ ਹੋਵੇ, ਡੰਗਰਾਂ ਦੀ ਖੰਘ, ਹੌਂਕਣੀ ॥

**ਧਾਂਸ ਦੇਣੀ**, ਕ੍ਰਿ:-ਧਮਕਾਉਣਾ, ਝਿੜਕਣਾ ॥

**ਧਾਂਸਣਾ**, ਕ੍ਰਿ:-ਗਊ ਘੋੜੇ ਆਦਿਕ ਦਾ ਖੰਘਣਾ ॥

**ਧਾਸਾ**, ਪੁ:-ਮੁਸ਼ਕ, ਧਮਕੀ, ਡਰਾਵਾ, ਦਾਬਾ ॥

**ਧਾਹ**, ਵਿਸਮਯਕ:-ਹਾਇ ! ਓਹੋ ! ॥
ਸ:-ਹਾਹੁਕਾ, ਵਿਰਲਾਪ ॥

**ਧਾਹ ਮਾਰਨੀ**, ਕ੍ਰਿ:—ਹਾਹੁਕਾ ਭਰਨਾ, ਉੱਚੀ ਉੱਚੀ ਰੋਣਾ, ਕਿਸੇ ਦਾ ਨਾਉਂ ਲੈ ਕੇ ਉੱਚੀ ਉੱਚੀ ਰੋਣਾ ॥

Digitized by Panjab Digital Library | www.panjabdigilib.org

**ਧਾਕ, ਧਾੱਕ, ਧਾੱਕ** } ਸਃ—ਮਸ਼ਹੂਰੀ, ਨਾਮ, ਸੋਭਾ, ਡਰ, ਸਹਿਮ ॥

**ਧਾਗਾ,** ਪੁਃ—ਵੱਟੀਆਂ ਹੋਈਆਂ ਸੂਤ ਦੀਆਂ ਤਾਰਾਂ, ਡੋਰੀ, ਉਮਰ ॥

**ਧਾਗਾ ਕਰਨਾ,** ਕ੍ਰਿਃ—ਨਜ਼ਰ ਲਗਣ ਤੋਂ ਜਾਂ ਭੂਤ ਪ੍ਰੇਤ ਤੋਂ ਬਚਾਉਣ ਲਈ ਜੋ ਧਾਗਾ ਗਲ ਵਿੱਚ ਪਾਉਣਾ ਹੈ ਉਸ ਉੱਤੇ ਮੰਤ੍ਰ ਪੜ੍ਹਨਾ ॥

**ਧਾਗਾ ਖੋਲਣਾ,** ਕ੍ਰਿਃ—ਹਿਦੂ ਤੀਮੀਆਂ ਦਾ ਮਖਿਰ ਦੇ ਮਹੀਨੇ ਚਤੁਰ੍ਹੀ ਨੂੰ ਹਰੀ ਖਲਾਕੇ ਆਪਣੀ ਬੀਣੀ ਤੋਂ ਧਾਗਾ ਲਾਹੁਣਾ (ਇੱਕ ਰੀਤ) ॥

**ਧਾਗਾ ਫੈਨ੍ਹਣਾ,** ਕ੍ਰਿਃ—ਹਿੰਦੂ ਤੀਮੀਆਂ ਦਾ ਭਾਦ੍ਰੋਂ ਦੇ ਮਹੀਨੇ ਬੀਣੀ ਉੱਤੇ ਧਾਗਾ ਬੰਨ੍ਹਣਾ (ਇੱਕ ਰੀਤ) ॥

**ਧਾਗਾ ਤਵੀਤ,** ਪੁਃ—ਜਿਸ ਧਾਗੇ ਉੱਤੇ ਮੰਤ੍ਰ ਪੜ੍ਹੇ ਗਏ ਹੋਣ ਅਤੇ ਤਵੀਤ ('ਧਾਗਾ ਕਰਨਾ' ਵੇਖੋ) ॥

**ਧਾਣ,** ਪੁਃ—ਤੇਹ ਵਾਲੇ ਜੌਲ, ਝੋਨਾ, ਦਾਣ, ਖਰੈਤ, ਹੋਕ, ਗਰਬ ।

**ਧਾਣ ਕੁਧਾਣ,** ਪੁਃ—ਚੰਗਾ ਮੰਦਾ ਦਾਣ ।

**ਧਾਣੀਂ,** ਸਃ (ਬਹੁਃ)—ਭੁਜੇ ਹੋਏ ਦਾਣੇ (ਭੁਸਣੀਆਂ, ਭੁੰਨਣਾ) ਨ੍ਹਾਉਣਾ ।

**ਧਾਤ, ਧਾੱਤ** } ਸਃ—ਖਾਣ ਵਿੱਚੋਂ ਨਿਕਲਣ ਵਾਲੀ ਚੀਜ਼ ਲੋਹਾ ਆਦਿਕ, ਧਿਰਜ (ਪਤਲੀ ਹੋ ਗਈ, ਪੈਣੀ, ਵਗਣੀ) ।

**ਧਾਂਦਲ, ਧਾਂਦਲੀ** } ਸਃ—ਹੌਲਾ, ਧੋਖਾ, ਗੜ ਬੜ, ਬਖੇੜਾ ॥

**ਧਾਂਦਲ ਪੈਣੀ, ਧਾਂਦਲ ਮਚਣੀ** } ਕ੍ਰਿਃ—ਧੋਖਾ ਹੋਣਾ, ਪੁਲਸ ਦੇ ਸਿਪਾਹੀਆਂ ਦਾ ਜੁਆਰੀਆਂ ਨੂੰ ਫੜਨ ਆ ਪੈਣਾ ॥

**ਧਾਂਦਲਣ,** ਸਃ, **ਧਾਂਦਲੀ,** ਪੁਃ, **ਧਾਂਦਲੀਆ,** ਪੁਃ } ਜੋ ਹੌਲਾ ਜਾਂ ਫਰੇਬ ਕਰੇ ॥

**ਧਾਧਾ,** ਪੁਃ—'ਠਾਹ ਠਾਹ' ਵੇਖੋ ।

**ਧਾਂ ਧਾਂ,** ਸਃ—ਤੋਪ ਚੱਲਣ ਜਾਂ ਗੋਲੀਆਂ ਚੱਲਣ ਦੀ ਅਵਾਜ਼ ॥

**ਧਾਪ,** ਸਃ—ਢੋਲ ਦੀ ਅਵਾਜ਼, ਢਿਬ ,ਢਿਬ ॥

**ਧਾਬ,** ਪੁਃ—ਇਕ ਤਰਾਂ ਦੀ ਕਣਕ ਦੀ ਰੋਟੀ ॥

**ਧਾਮ,** ਪੁਃ—ਥਾਂ, ਜਗਾ, ਘਰ, ਵਿਆਹ ਦੀ ਰਸਮ ਜਿਸ ਵਿਚ ਲੜਕਾਂ ਦੇ ਘਰੀਂ ਖਰਾਕ ਵੰਡਦੇ ਹਨ

**ਧਾਮਣ,** ਪੁਃ—'ਧਮਣ' ਵੇਖੋ ॥

**ਧਾਮਾ, ਧਾਮਾਂ** } ਪੁਃ—ਬ੍ਰਾਹਮਣ ਨੂੰ ਜੁਆਲਣ ਵਾਸਤੇ ਸਦਣਾ (ਦੇਣਾ) ॥

**ਧਾਰ,** ਪੁਃ, ਸਃ—ਲੀਕ, ਵਹਿਣ, ਨਦੀ, ਦੁੱਧ, ਪਹਾੜ ਦਾ ਸਿਰਾ, ਤਲਵਾਰ ਆਦਿਕ ਦਾ ਤਿਖਾ ਪਾਸਾ, ਮੂਤ੍ਰ ॥

**ਧਾਰ ਕੱਢਣੀ,** ਕ੍ਰਿਃ—ਦੁੱਧ ਚੋਣਾ, ਧਾਰ ਲਾਉਣੀ॥

**ਧਾਰ ਦੇਣਾ, ਧਾਰਾਂ ਦੇਣਾ** } ਕ੍ਰਿਃ ਮੱਝ ਆਦਿਕ ਦਾ ਦੁੱਧ ਚੋਆਉਣਾ, ਬਦਲਾ ਲੈਣਾ ॥

Digitized by Panjab Digital Library | www.panjabdigilib.org

**ਧਾਰ ਮਾਰਨੀ,** ਕ੍ਰਿ:-ਮੂਤ੍ਰਨਾ, ਪਰਵਾਹ ਨਾ ਕਰਨੀ, ਧਾਰ ਖੁੰਢੀ ਕਰਨੀ ॥

**ਧਾਰ ਲਾਉਣੀ,** ਕ੍ਰਿ:-ਹਥਿਆਰ ਆਦਿਕ ਦੀ ਧਾਰ ਤੇਜ ਕਰਨੀ ।

**ਧਾਰ ਲੈਣਾ**
**ਧਾਰਾਂ ਲੈਣਾ** } ਕ੍ਰਿ:—ਮਹਿੰ ਆਦਿਕ ਦਾ ਦੁੱਧ ਚੁੰਘਣਾ ॥

**ਧਾਰਨ,** ਸ: ਜਿੰਨੀ ਚੀਜ ਇੱਕੋ ਵਾਰ ਚੋਖੀ ਜਾਵੇ ॥

**ਧਾਰਨ ਕਰਨਾ,** ਕ੍ਰਿ:—ਪਹਿਨਣਾ, ਪਾਉਣਾ, ਲੈਣਾ ॥

**ਧਾਰਨਾ,** ਕ੍ਰਿ:—ਠਾਨਣਾ, ਮਿਥਣਾ, ਪਕੜਨਾ, ਲੈਣਾ, ਰਖਣਾ, ਪਹਿਨਣਾ (ਜਨੇਊ ਧਾਰਨਾ) ॥

**ਧਾਰਾ,** ਸ:-ਧਾਰ, ਨਦੀ, ਵਹਿਣ ॥

**ਧਾਰੀ,** ਸ:-ਖਾਨਾ, ਲੀਕ, ਲੀਹ ॥
ਪੁ:-ਧਾਰਨ ਵਾਲਾ ॥

**ਧਾਵਾ,** ਪੁ:-ਹੱਲਾ, ਚੜ੍ਹਾਈ, ਦੌੜ, ਦੂਤ, ਇੱਕ ਬੂਟਾ ॥

**ਧਾਵੀ,** ਪੁ:—ਇੱਕ ਰੁਖ ਅਤੇ ਉਸ ਦੇ ਫੁੱਲ ॥

**ਧਾੜ,** ਸ:-ਭੀੜ, ਥੱਠ, ਲਟੇਰਿਆਂ ਦੀ ਮੰਡਲੀ ॥
ਵਿਸਮਯਕ:-ਹਾਇ ! ਅਫਸੋਸ ! ਹੋਰ !

**ਧਾੜ ਪੈਣੀ,** ਕ੍ਰਿ:—ਲੁਟੇਰਿਆਂ ਦੀ ਮੰਡਲੀ ਦਾ ਆ ਪੈਣਾ, ਧਾਕਾ ਪੈਣਾ ।

**ਧਾੜਵਣ,** ਸ:
**ਧਾੜਵੀ,** } ਲੁਟੇਰਾ (ਰੀ), ਜੋ ਧਾੜਾ ਮਾਰ, ਡਾਕੂ ॥

**ਧਾੜਾ,** ਪੁ:—ਲੁਟੇਰਿਆਂ ਦਾ ਹੱਲਾ, ਲੁੱਟ, ਡਾਕਾ ॥

**ਧਾੜਾ ਪੈਣਾ,** ਕ੍ਰਿ:—'ਧਾੜ ਪੈਣੀ' ਵੇਖੋ ॥

**ਧਾੜਾ ਮਾਰਨਾ,** ਕ੍ਰਿ:—ਕੱਠੇ ਹੋਕੇ ਲੁੱਟਣ ਜਾ ਪੈਣਾ, ਧਖੋ ਨਾਲ ਲੈਣਾ, ਡਾਕਾ ਮਾਰਨਾ ॥

**ਧਾੜਾ ਲੈਹੜਾ,** ਵਿਸਮਯਕ:—ਹਾਇ ! ਅਫਸੋਸ, ਹੋਰ ॥

**ਧਿਉਣਾ,** ਕ੍ਰਿ:—ਕਿਸੇ ਪਸੂ ਦਾ ਦੁੱਧ ਦੇਣਾ ॥

**ਧਿਅੱੜਾ,** ਵਿ:—ਧੀ ਵਾਲਿਆਂ ਦਾ, ਧੀ ਦੇ ਮਾਪਿਆਂ ਦਾ ॥

**ਧਿਆ**
**ਧਿਆਉ** } ਪੁ:-ਪੋਥੀ ਦਾ ਇੱਕ ਹਿਸਾ ਜਿਹਾ ਹਿੱਸਾ ॥

**ਧਿਆਉਣਾ,** ਕ੍ਰਿ:—ਯਾਦ ਕਰਨਾ, ਧਿਆਨ ਕਰਨਾ, ਨਾਉਂ ਜਪਣਾ ।

**ਧਿਆਹਣ**
**ਧਿਆਹਣੀ**
**ਧਿਆਣ** } ਸ: ਧੀ, ਭੈਣ, ਧੀ ਭੈਣ ਦੀ ਧੀ, ਦੋਸਤੀ ਆਦਿਕ ॥

**ਧਿਆਣਾ,** ਪੁ:—ਧੀ ਭੈਣ ਦਾ ਪੁੱਤ੍ਰ ਪੋਤ੍ਰਾ ਆਦਿਕ ॥

**ਧਿਆਣੀ,** ਸ:—'ਧਿਆਹਣ' ਵੇਖੋ, ਜਜਮਾਨ ਦੀ ਧੀ ਭੈਣ ॥

**ਧਿਆਨ,** ਪੁ:—ਖਿਆਲ, ਵਿਚਾਰ, ਚੇਤਾ, ਸੋਚ ।

**ਧਿਆਨਣਾ,** ਕ੍ਰਿ:—ਦੇਖਣਾ, ਭਾਲਣਾ, ਸੋਚਣ, ਵਿਚ ਰਨਾ ।

**ਧਿਔਨੀ,** ਵਿ: ਪੁ:—ਧਿਆਨ ਕਰਨ ਵਾਲਾ ਭਗਤ ॥

**ਧਿਆਰ,** ਪੁ:-'ਤ ਗਾਰ' ਵੇਖੋ ॥

Digitized by Panjab Digital Library | www.panjabdigilib.org

**ਧਿਹੱਤਾ,** ਵਿ:—'ਧਿਅੱਤਾ' ਵੇਖੋ।

**ਧਿੱਕ੍ਰਾਰ,** ਪੁ: —ਫਿਟਕਾਰ, ਲਾਨਤ ॥

**ਧਿੱਕਾਰਣ,** ਸ: } ਜਿਸ ਨੂੰ ਧਿਕਾਰਿਆ ਜਾਏ,
**ਧਿੱਕਾਰੀ,** ਪੁ: } ਲਾਨਤਣ (ਤੀ)।

**ਧਿੱਕਾਰਣਾ** ਕ੍ਰਿ:—ਫਿਟਕਾਰਨਾ, ਲਾਨਤ ਦੇਣੀ, ਬੁਰਾ ਕਹਿਣਾ ॥

**ਧਿੰਗ,** ਪੁ: —ਜੋ ਜ਼ੋਰ ਨਾਲ ਆਪਣੀ ਮਰਜ਼ੀ ਪੂਰੀ ਕਰਾਏ।

**ਧਿਗਾਣਾ** }
**ਧਿੰਗਾਣਾ** } ਪੁ: —ਜ਼ੋਰ, ਜ਼ੁਲਮ, ਸਖਤੀ ॥

**ਧਿਗਾਣੇ** } ਕ੍ਰਿ: ਵਿ:—ਜ਼ੋਰ ਨਾਲ, ਜ਼ੁਲਮ ਕਰਕੇ,
**ਧਿੰਗਾਣੇ** } ਖਾਹ ਮਖਾਹ, ਬਦੋ ਬਦੀ, ਮੱਲੋ ਮੱਲੀ।

**ਧਿੰਗਾ ਮਸਤੀ** }
**ਧਿੰਗੋ ਜ਼ੋਰੀ** } ਸ:—ਜ਼ਬਰਦਸਤੀ, ਜ਼ੋਰਾਵਰੀ

**ਧਿਜਣਾ,** ਕ੍ਰਿ: ਭਰੋਸਾ ਰਖਣਾ, ਅਤਬਾਰ ਕਰਨਾ

**ਧਿਜਾ** } ਪੁ:—ਭਰੋਸਾ, ਵਸਾਹ, ਆਸਰਾ (ਆ-
**ਧਿਜਾਉ** } ਉਣਾ, ਦੇਣਾ)।

**ਧਿਜਾਉਣਾ,** ਕ੍ਰਿ:—ਭਰੋਸਾ ਦੇਣਾ, ਯਕੀਨ ਕਰਾਉਣਾ ॥

**ਧਿਤਕਾਰ,** ਸ:—ਫਿਟਕਾਰ, ਲਾਨਤ ॥

**ਧਿਰ,** ਸ:—ਪੱਖ, ਪਾਸਾ, ਬਚਾਉ, ਮੱਦਤ, ਧੜਾ ॥

**ਧਿਰ ਧਿਰ ਦਾ ਦੇਣਾ,** ਕ੍ਰਿ:—ਬਹੁਤਿਆਂ ਕੋਲੋਂ ਹੁਦਾਰ ਲਿਆ ਹੋਇਆ ਹੋਣਾ ॥

**ਧਿਰਕਾਰ,** ਸ:—ਧਿੱਕਾਰ ਧਿਤਕਾਰ, ਫਿਟਕਾਰ।



**ਧਿਰਵਾਸ,** ਪੁ:—'ਧਰਵਾਸ' ਵੇਖੋ ॥

**ਧਿਰਿਗ (ਧ)** ਵਿ:—ਲਾਨਤੀ, ਜੋ ਫਿਟਕਾਰਿਆ ਜਾਏ ॥

**ਧਿੜਵਾਉਣਾ,** ਕ੍ਰਿ:—ਖਿੱਚਵਾਉਣਾ, ਘਸੀਟਵਾਉਣਾ ॥

**ਧਿੜਵਾਈ,** ਸ:—ਖਿਚਣ ਧੂਹਣ ਦਾ ਕੰਮ ਜਾਂ ਮਜ਼ੂਰੀ।

**ਧੀ** } ਸ:—ਬੇਟੀ, ਪੁਤ੍ਰੀ, ਕਾਕੀ, ਜਾਈ
**ਧੀਆ** } ਕੰਨਿਆ, ਲੜਕੀ ॥

**ਧੀ ਧਿਆਣੀ,** ਸ:—ਆਪਣੀ ਕੁਲ ਦੀ ਧੀ ਭੈਣ।

**ਧੀਪੁੱਤ (ਕ)** } ਪੁ:,ਸ:—ਉਲਾਦ, ਬਾਲ,
**ਧੀਆਂ ਪੁਤ੍ਰਾਂ (ਕ੍ਰੀ)** } ਜਾਤਕ ॥

**ਧੀਅੱਤਾ,** ਵਿ:—'ਧਿਅੱਤਾ' ਵੇਖੋ ॥

**ਧੀਂਗ,** ਪੁ:—'ਧਿੰਗ' ਵੇਖੋ ॥

**ਧੀਂਗਾ ਧਾਂਗੀ** }
**ਧੀਂਗੋ ਧਾਂਗੀ** } ਸ:—'ਧਿੰਗਾ ਮਸਤੀ' ਵੇਖੋ

**ਧੀਣਵਾਂ,** ਪੁ:—'ਧੇਲਵਾਂ' ਵੇਖੋ।

**ਧੀਮਾ,** ਪੁ: } ਵਿ:—ਧੀਰਜ ਵਾਲਾ (ਲੀ), ਨਿਮ੍ਰ,
**ਧੀਮੀ,** ਸ: } ਨਰਮ, ਸੁਸਤ, ਹੌਲਾ।

**ਧੀਮੇ ਧੀਮੇ** ਕ੍ਰਿ: ਵਿ:—ਹੌਲੀ ਹੌਲੀ, ਧੀਰਜ ਨਾਲ, ਸਹਿਜੇ ਸਹਿਜੇ ॥

**ਧੀਰ** } ਸ:—ਸਬਰ, ਹੌਸਲਾ, ਵਿਚਾਰ, ਨਰਮੀ
**ਧੀਰਜ** } (ਕਰਨਾ)॥

**ਧੀਰਜ ਬੰਨ੍ਹਣਾ,** ਕ੍ਰਿ:—ਦਿਲ ਨੂੰ ਧਰਵਾਸ ਦੇਣਾ

Digitized by Panjab Digital Library | www.panjabdigilib.org

**ਧੀਰਜ ਮਾਣ,** ਵਿ:—ਜਿਸ ਵਿੱਚ ਧੀਰਜ ਹੋ ।

**ਧੀਰਜੀ, ਧੀਰਾ,** ਵਿ:—ਜੋ ਧੀਰਜ ਕਰੇ ( ਹੌਲਾ ) ॥

**ਧੀਰੀ,** ਸ:—ਅੱਖ ਦੀ ਪੁਤਲੀ ।

**ਧੀਰੇ,** ਕ੍ਰਿ: ਵਿ:—ਧੀਰਜ ਨਾਲ, ਹੌਲੀ ਹੌਲੀ ।

**ਧੀੜ, ਧੀੜ ਘਸੀਟ,** ਸ:—[illegible], ਘਸੀਟ [illegible] ।

**ਧੀੜਨਾ, ਧੀੜਨਾ ਘਸੀਟਣਾ,** ਕ੍ਰਿ:—[illegible] ਘਸੀ- [illegible] ।

**ਧੁਆਉਟ,** ਸ:—ਧੋਲ ਦਾ ਕੰਮ ਜਾਂ ਢੰਗ ਧੁਆਈ ॥

**ਧੁਆਉਣਾ,** ਕ੍ਰਿ:—ਧੋਣ ਦਾ ਕੰਮ ਕਰਾਉਣਾ ॥

**ਧੁਆਈ,** ਸ:—ਧੋਣ ਦਾ ਕੰਮ ਜਾਂ ਮਜੂਰੀ ।

**ਧੁਆਸ,** ਸ:—ਮਾਂਹ ਦੀ ਧੋਤੀ ਹਈ ਦਾਲ ਦਾ ਆਟਾ ।

**ਧੁਆਹਾਂ,** ਪੁ:—ਧੂਆਂ, 'ਧਵਾਹਾਂ' ਵੇਖੋ ।

**ਧੁਆਂਖਣਾ,** ਕ੍ਰਿ:—ਧੂਏਂ ਨਾਲ ਕਾਲਾ ਹੋਣਾ, ਦਾਲ ਭਾਜੀ ਆਦਿਕ ਦਾ ਹੇਠੋਂ ਸੜਕੇ ਲਗ ਜਾਣਾ ।

**ਧੁੱਸ,** ਸ:—ਸਿਰ ਅਗਾਹਾਂ ਕਰਕੇ ਨੱਠਣ ਦਾ ਕੰਮ ।

**ਧੁਸ ਮਾਰਨੀ,** ਸ:—ਸਿਰ ਅਗਾਹ ਕਰਕੇ ਨੱਠਣਾ, ਢੁੱਡ ਮਾਰਨਾ ।

**ਧੁਸੜ,** ਸ: ਚੋਹੰਗੀ ਬਣਤ ਦਾ ਮੋਟਾ ਸੂਤੀ ਕਪੜਾ ।

**ਧੁੱਸਾ** ਪੁ:—ਪਸ਼ਮੀਨੇ ਦੀ ਬਣੀ ਮੁਲਾਇਮ ਚਾਦਰ ।

**ਧੁਸਾਉਣਾ,** ਕ੍ਰਿ:—'ਧਸਾਉਣਾ' ਵੇਖੋ ।

**ਧੁਕ ਧੁਕਾ,** ਪੁ:—ਘਬਰਾਣ, ਡਰ, ਚਿੰਤਾ, ਸੋਚ ਦਿਲ ਦੀ ਮਠੀ ਪੀੜ ।

**ਧੁਕ ਧੁਕੀ,** ਸ:—ਤੀਮਤਾਂ ਦੀ ਛਾਤੀ ਦਾ ਇੱਕ ਗਹਿਣਾ ॥

**ਧੁਖ,** ਸ:—ਬਲਨ ਲੱਗਣਾ, ਅੱਗ ਲੱਗੀ ਹੋਣੀ ॥

**ਧੁਖ ਉੱਠਣੀ,** ਕ੍ਰਿ:—ਬਲਣ ਲੱਗਣਾ, ਪੈਰ ਆਦਿਕਾਂ ਦੇ ਸੋਜ ਜਾਣ ਕਰਕੇ ਕੁਝ ਅਸਰ ਹੋਣਾ, ਦਸ, ਧੁਖ ਹੋਣੀ' ਵੇਖੋ ॥

**ਧੁਖਣਾ,** ਕ੍ਰਿ:—ਅੱਗ ਲਗਣੀ, ਬਲਣ ਲੱਗਣਾ, ਜਲਣ ਹੋਣੀ, ਬੰਦ ਜਾਣਾ, ਪੈਰ ਆਦਿਕ ਦਾ ਸੋਂ ਜਾਣਾ, ਕੁੜ੍ਹਨਾ ॥

**ਧੁਖ ਧੁਖਾ,** ਪੁ:—'ਧੁਕ ਧੁਕਾ' ਵੇਖੋ ॥

**ਧੁਖ ਧੁਖੀ,** ਸ:—ਇਕ ਰੋਗ, 'ਧੁਕ ਧੁਕੀ' ਵੇਖੋ ॥

**ਧੁਖਾਉਣਾ,** ਕ੍ਰਿ:—ਬਾਲਣਾ, ਅੱਗ ਲਾਉਣੀ ॥

**ਧੁੰਗਾਰ, ਧੁੰਗਾਰਨਾ,** 'ਢੁੰਗਾਰ' 'ਢੁੰਗਾਰਨਾ' ਵੇਖੋ ॥

**ਧੁੱਜ,** ਪੁ:—ਚੋਰ ॥

**ਧੁਣ, ਧੁਨ,** ਸ:—ਧਿਆਨ, ਲਗਨ, ਸੁਰ, ਤਾਨ ।

**ਧੁਣਕਣਾ, ਧੁਣਖਣਾ,** ਕ੍ਰਿ:—ਧਣਖੀ ਨਾਲ ਰੂੰ ਸਾਫ ਕਰਨਾ, 'ਪਿੰਜਣਾ' ।

Digitized by Panjab Digital Library / www.panjabdigilib.org

**ਧੁਣਕੀ** / **ਧੁਣਖੀ** } ਸੰ:—ਰੂੰ ਪਿੰਜਣ ਦਾ ਸੰਦ ।

**ਧੁਣਖਾਉਣਾ,** ਕ੍ਰਿ:—ਰੂੰ ਧੁਣਖਣ ਦਾ ਕੰਮ ਕਰਾਉਣਾ ॥

**ਧੁਣਖਾਈ,** ਸੰ:—ਰੂੰ ਧੁਣਖਣ ਦਾ ਕੰਮ ਜਾਂ ਮਜੂਰੀ ॥

**ਧੁਣ ਧੁਣੀ,** ਸੰ:—ਝੁਣ ਝੁਣੀ, ਇੱਕ ਤਰਾਂ ਦੀ ਸਰੰਗੀ ॥

**ਧੁਣੀਆਂ,** ਪੁ:—ਰੂੰ ਧੁਣਖਣ ਵਾਲਾ, ਪੇਂਜਾ ॥

**ਧੁੰਦ,** ਸੰ: ਕੁਹਰ, ਹਨੇਰਾ, ਘੱਟਾ ਮਿਸਲਾ, ਘੱਟਾ (ਚੜ੍ਹਨੀ, ਪੈਣੀ) ॥

**ਧੁੱਦਰ** / **ਧੁੱਦਲ** } ਸੰ:—ਗੱਤੀ ਸੁਆਹ, ਖੇਹ ॥

**ਧੁੰਦਲਾ,** ਵਿ:—ਧੁੰਦ ਵਾਲਾ, ਜੋ ਚੰਗੀ ਤਰਾਂ ਨਾ ਦਿੱਸੇ ॥

**ਧੁੰਦਕਾਰ** / **ਧੁੰਦੂਕਾਰ** } ਪੁ:—ਬਹੁਤ ਧੁੰਦ, ਹਨੇਰਾ

**ਧੁਨ,** ਸੰ:—'ਧੁਣ' ਵੇਖੋ ॥

**ਧੁੰਨ,** ਪੁ:—ਢੌਂਡੀ ਜਾਂ ਅੱਗੇ ਵਧੀ ਹੋਈ ਧੁੰਨੀ

**ਧੁੰਨੀ,** ਸੰ:—ਪਿੰਡੇ ਉੱਤੇ ਢਿੱਡ ਦੇ ਵਿਚਲੀ ਡੂੰਘੀ ਥਾਂ।

**ਧੁੱਪ,** ਸੰ:—ਸੂਰਜ ਦਾ ਚਾਨਣ, ਸੂਰਜ ਦੀ ਤਪਤ

**ਧੁੱਪ ਘੜੀ,** ਸੰ:—ਧੁੱਪ ਦੇ ਪਰਛਾਵੇਂ ਨਾਲ ਵਖਤ ਦੱਸਣ ਵਾਲਾ ਜੰਤ੍ਰ ॥

**ਧੁੱਬਲੀ,** ਸੰ:—ਦੱਬਲੀ, ਸੌਂਪਣੇ ਘਾਹ ਆਦਿਕ ਦਾ ਪੂਲਾ ॥

**ਧੁੰਮ,** ਸੰ:—ਰੌਲਾ ਗੌਲਾ, ਅਵਾਈ, ਮਸ਼ਹੂਰੀ, ਖਬਰ (ਪੈਣੀ, ਮਚਣੀ) ।

**ਧੁੰਮਣਾ,** ਕ੍ਰਿ:—ਸਭ ਨੂੰ ਪਤਾ ਲਗ ਜਾਣਾ, ਗੱਲ ਮਸ਼ਹੂਰ ਹੋ ਜਾਣੀ ।

**ਧੁਮਾਉਣਾ,** ਕ੍ਰਿ:—ਮਸ਼ਹੂਰ ਕਰਨਾ, ਸਭ ਨੂੰ ਖਬਰ ਕਰ ਦੇਣੀ ।

**ਧੁਰ,** ਪੁ:—ਸਿਰਾ, ਮੁੱਢ ਅਸਲ ਹਦ, ਪਹੀਏ ਦੀ ਲੱਠ। ਪਤੰਗ ਬਾਜ਼ਾਂ ਦੀ ਬੋਲੀ ਵਿੱਚ ਉਹ ਆਦਮੀ ਜਿਸ ਨੂੰ ਫਸਾ ਕੇ ਉਹ ਦਾ ਮਾਲ ਲੁਟਣਾ ਹੋ ॥

ਕ੍ਰਿ:-ਵਿ:—ਬਿਲਕੁਲ, ਲਗਾਤਾਰ ॥

ਵਿ:—ਠੀਕ, ਪੂਰਾ ॥

**ਧੁਰ ਦਰਗਾਹ,** ਸੰ:—ਪਾਤਸ਼ਾਹ ਜਾਂ ਪਰਮੇਸ਼ਰ ਦਾ ਦਰਬਾਰ ॥

**ਧੁਰਨਾ,** ਪੁ:—'ਧੁਰਾ' ਵੇਖੋ ॥

**ਧੁਰਪਦ** / **ਧੁਰਬੰਤ** } ਪੁ:—ਇੱਕ ਰਾਗ ਜਾਂ ਛੰਦ ॥

**ਧੁਰਲੀ ਮਾਰਨੀ,** ਸੰ:—ਹਿੱਲਣਾ, ਕੁੱਦਣਾ, ਦੌੜਨਾ ।

**ਧੁਰਾ,** ਪੁ: / **ਧੁਰੀ,** ਸੰ: } ਪਹੀਏ ਦੇ ਵਿਚਲੀ ਲੱਠ ਜਾਂ ਮੋਟੀ ਲੱਕੜ ॥

**ਧੁਰੇ,** ਪੁ:-(ਬਹੁ:) 'ਧੱਜੀ' ਵੇਖੋ ।

**ਧੁਰੇਲ,** ਸੰ:-'ਧਰੇਲ' ਵੇਖੋ ॥

**ਧੁਰੋਂ,** ਕ੍ਰਿ: ਵਿ:—ਮੁੱਢੋਂ, ਉੱਸੇ ਥਾਂ ਤੋਂ, ਉੱਸੇ ਵੇਲੇ ਤੋਂ, ਪਰਮੇਸ਼ਰ ਵੱਲੋਂ ॥

Digitized by Panjab Digital Library / www.panjabdigilib.org

**ਧੁਰੋਹ**
**ਧੁਰੋਹੀ** } 'ਧਰੋਹ' 'ਧਰੋਹੀ' ਵੇਖੋ ॥

**ਧੁਲਧੁਲੀ,** ਸ:—ਹਿਲ ਜੁਲ, ਕੰਬਣੀ, ਥੁੜਕਣਾ ॥

**ਧੁਲਵਾਉਣਾ,** ਕ੍ਰਿ:—ਧੋਣ ਦਾ ਕੰਮ ਕਰਾਉਣਾ ॥

**ਧੁਲਵਾਈ,** ਸ:—ਧੁਆਉਣ ਦਾ ਕੰਮ, ਧੋਣ ਦੀ ਮਜੂਰੀ ॥

**ਧੁਲਾਉਣ,** ਸ:—ਧੋਣ ਦਾ ਕੰਮ ਜਾਂ ਢੰਗ ॥

**ਧੁਲਾਉਣਾ,** ਕ੍ਰਿ: ਧੋਣ ਦਾ ਕੰਮ ਕਰਾਉਣਾ ॥

**ਧੁਲਾਊ,** ਵਿ:—ਧੋਣ ਜੋਗਾ, ਧੋਣ ਵਾਲਾ ॥

**ਧੁਲਾਈ,** ਸ:—ਧੋਣ ਦਾ ਕੰਮ ਜਾਂ ਮਜੂਰੀ ।

**ਧੁਲਾਵਟ,** ਸ:—'ਧੁਲਾਉਣ' ਵੇਖੋ ॥

**ਧੁੜਕਣਾ,** ਕ੍ਰਿ:—ਧੜਕਣਾ, ਘਾਬਰਨਾ, ਝੱਕਣਾ ॥

ਸ:—ਸੰਸਾ, ਧੜਕੀ, ਝਿਜਕ, ਚਿੰਤਾ ॥

**ਧੜਕਣੀ,** ਸ:—'ਧੜਕਣੀ' ਵੇਖੋ ॥

**ਧੁੜਕਾ,** ਪੁ:
**ਧੁੜਕੀ,** ਸ: } ਸੰਸਾ, ਧੜਕੀ, ਝਿਜਕ, ਡਰ, ਚਿੰਤਾ ॥

**ਧੁੜਕੂ,** ਪੁ:—'ਧੁੜਕਾ' ਵੇਖੋ ।

**ਧੂੰ**
**ਧੂੰਆਂ** } ਪੁ:—ਅੱਗ ਬਲਣ ਨਾਲ ਜੋ ਕਾਲਕ ਉੱਪਰ ਚੜ੍ਹਦੀ ਹੈ, ਸੇਕਣ ਵਾਸਤੇ ਕੱਖ ਆਦਿਕਾਂ ਦਾ ਬਲਦਾ ਢੇਰ ।

**ਧੂੰਕਸ਼,** ਪੁ:—ਧੂੰਆਂ ਬਾਹਰ ਕੱਢਣ ਵਾਲਾ ਛੇਕ ਜਾਂ ਨਾਲੀ ॥

**ਧੂਆਂ ਪਾਉਣਾ**
**ਧੂਆਂ ਲਾਉਣਾ** } ਕ੍ਰਿ:—ਧਰਨਾ ਮਾਰ ਕੇ ਬੈਠਣਾ ॥

**ਧੂਆਂ ਲੱਗਣਾ,** ਕ੍ਰਿ:—ਅੱਖਾਂ ਧੂਏਂ ਨਾਲ ਭਰ ਜਾਣੀਆਂ ॥

**ਧੂਈ,** ਸ:—ਬਲਦੇ ਕੱਖ ਕਾਨ ਦੀ ਢੇਰੀ, ਧੂਣੀ, ਇੱਕ ਤਿਹਾਰ ॥

**ਧੂਸ,** ਸ:—'ਧੁਸ' ਵੇਖੋ ॥

**ਧੂਸਣਾ,** ਕ੍ਰਿ:—ਤੁੰਨ ਕੇ ਭਰਨਾ, ਦੂਰ ਕੱਢਕੇ ਦੌੜਨਾ ॥

**ਧੂਹ,** ਸ:—ਵਿੰਡ ਵਿੱਚ ਜੋ ਖਿੱਚਵੀਂ ਪੀੜ ਹੋਵੇ, ਖਿੱਚ (ਪੈਣੀ) ॥

**ਧੂਹ ਘਸੀਟ,** ਸ:—ਫੜਕੇ ਅਦਾਲਤ ਵਿੱਚ ਲੈ ਜਾਣਾ ॥

**ਧੂਹਣਾ,** ਕ੍ਰਿ:—ਖਿੱਚਣਾ, ਘਸੀਟਣਾ, ਤੁੰਨ ਕੇ ਭਰਨਾ ॥

**ਧੂਹਾ ਧਾਈ,** ਸ:—ਖੈਂਚ ਘਸੀਟ, ਕਿਸੇ ਨੂੰ ਇੱਧਰ ਉੱਧਰ ਫਿਰਾਉਣਾ ॥

**ਧੂਹੇ ਜਾਣਾ,** ਕ੍ਰਿ:—ਖਿੱਚਿਆ ਜਾਣਾ, ਢਿੱਡ ਵਿੱਚ ਖੋਹ ਪੈਣੀ ॥

**ਧੂਖ,** ਸ:—ਜਲਨ, ਸੇਕ, ਹਰਾਤ ॥

**ਧੂਖਣ,** ਸ:—ਜਿਸ ਧਾਣੀ ਵਿੱਚ ਦਾਲ ਰਿੰਨ੍ਹੀ ਜਾਵੇ ॥

**ਧੂਣਾ**
**ਧੂਨਾ** } ਕ੍ਰਿ:—'ਧੂਹਣਾ' ਵੇਖੋ ॥

**ਧੂਣੀ,** ਸ:—ਬਲਦੇ ਕੱਖ ਕਾਨ ਦੀ ਢੇਰੀ, ਅੱਗ ਜਿਸ ਵਿੱਚ ਖੁਸ਼ਬੂਦਾਰ ਚੀਜ਼ਾਂ ਬਾਲਕੇ ਭੂਤ ਪ੍ਰੇਤ ਹਟਾਈ ਜਾਣ (ਦੇਣੀ) ॥

Digitized by Panjab Digital Library / www.panjabdigilib.org

**ਧੂਣੀ ਸੁਲਗਾਉਣੀ**
**ਧੂਣੀ ਧੁਖਾਉਣੀ** } ਕ੍ਰਿ:—ਅੱਗ ਬਾਲਣੀ ।

**ਧੂਣੀ ਲਾਉਣੀ,** ਕ੍ਰਿ:—ਧੂਣੀ ਬਾਲ ਕੇ ਪਾਸ ਬਹਿ ਜਾਣਾ ॥

**ਧੂਤਾ,** ਵਿ:, ਪੁ:—ਮੂਰਖ ਆਦਮੀ, ਬੁੱਧੂ ॥

**ਧੂ ਧੂ**
**ਧੂੰ ਧੂੰ** } ਪੁ:—ਸੰਖ ਜਾਂ ਤੁਰਮ ਦੀ ਅਵਾਜ਼ (ਕਰਨਾ) ॥

**ਧੂਪ,** ਪੁ:—ਪੂਜਾ ਵੇਲੇ ਧੁਖਾਉਣ ਵਾਲੀ ਇੱਕ ਖੁਸ਼ਬੂਦਾਰ ਚੀਜ਼ ॥

**ਧੂਪ ਦੇਣਾ,** ਪੁ:—ਕਿਸੇ ਦੇ ਅੱਗੇ ਧੂਪ ਧੁਖਾਉਣਾ॥

**ਧੂਪਣਾ,** ਕ੍ਰਿ:—ਧੂਪ ਧੁਖਾ ਕੇ ਖੁਸ਼ਬੋ ਦੇਣੀ ॥

**ਧੂਪੀਆ,** ਪੁ:—ਧੂਪ ਦੇਣ ਵਾਲਾ ॥

**ਧੂਮ,** ਸ:—'ਧੁਮ' ਵੇਖੋ ॥

**ਧੂਮ ਧਾਮ,** ਸ:—ਦਿਖਾਵਾ, ਰੌਲਾ ਗੌਲਾ, ਰੌਣਕ (ਕਰਨੀ, ਮਚਣੀ, ਮਚਾਉਣੀ) ॥

**ਧੂਮੀ,** ਪੁ:—ਰੌਲਾ ਗੌਲਾ ਪਾਉਣ ਵਾਲਾ ਆਦਮੀ ॥

**ਧੂਰਤ,** ਵਿ:—ਸ਼ਰਾਰਤੀ, ਬਦਮਾਸ਼, ਫਰੇਬੀ ॥

**ਧੂਰੀ,** ਸ:—ਇੱਕ ਲੰਮੀ ਦੁੰਬ ਵਾਲਾ ਲਿੱਕਾ ਜਿਹਾ ਪੰਖੇਰੂ ॥

**ਧੂਲ,** ਸ:
**ਧੂੜ,** ਸ: } ਖੇਹ, ਬਰੀਕ ਪੀਠੀ ਹੋਈ ਚੀਜ਼, ਘੱਟਾ, ਗਰਦ ॥

**ਧੂੜ ਕੋਟ,** ਪੁ:—ਸ਼ਹਿਰ ਦੀ ਬਾਹਰਲੀ ਕੰਧ ਜਾਂ ਸਫੀਲ ॥



**ਧੂੜ ਗੱਡੀ,** ਸ:—ਧੂੜ ਉਡਾਉਣ ਵਾਲੀ ਗਡੀ, 'ਮੋਟਰ ਕਾਰ' ਵੇਖੋ ॥

**ਧੂੜਨਾ,** ਕ੍ਰਿ:—ਧੂੜ ਵਰਗੀ ਚੀਜ਼ ਨੂੰ ਉਪਰ ਉਪਰ ਖਲੇਰਨਾ ॥

**ਧੂੜਾ,** ਪੁ:—ਬਰੀਕ ਪੀਠੀ ਹੋਈ ਚੀਜ਼, ਪਲੇਥਣ, ਸ੍ਰੀਮਤਾਂ ਦੇ ਵਾਲ਼ਾਂ ਉੱਤੇ ਲਾਉਣ ਵਾਲਾ ਸੁਰਖ ਚੂਰਣ ॥ powder

**ਧੇਉਣਾ,** ਪੁ:—ਪੁਰਾਣਾ ਅਨਾਜ, ਪੁਰਾਣੀ ਕਣਕ॥

**ਧੇਕ,** ਸ:—ਇੱਕ ਰੁੱਖ, ਧਰੇਕ॥

**ਧੇਣ,** ਸ:—ਧਣ, ਗਊ ॥

**ਧੇਣਵਾਂ,** ਪੁ:, ਵਿ:—ਦੁੱਧ, ਥੋੜਾ ਦੁੱਧ, ਦੁੱਧ ਦੇਣ ਵਾਲਾ ਪਸ਼ੂ ॥

**ਧੇਤਾ,** ਵਿ:—'ਧਿਅੱਤਾ' ਵੇਖੋ ॥

**ਧੇਲਾ,** ਪੁ:—ਅੱਧਾ ਪੈਸਾ ॥

**ਧੇਲੀ,** ਸ:—ਅੱਧਾ ਰੁਪਯਾ, ਅਠਿਆਨੀ ॥

**ਧੈਹ ਧੈਹ**
**ਧੈ ਧੈ** } ਸ:—'ਢੈਹ ਢੈਹ' ਵੇਖੋ ॥

**ਧੈਣ,** ਸ:—ਗਊ ॥

**ਧੋ,** ਪੁ:—ਧੋਤੇ ਜਾਣ ਦਾ ਕੰਮ, ਧੁਆਈ ॥

**ਧੋ ਧੋਣਾ,** ਕ੍ਰਿ:—ਧੋਤੇ ਜਾਣਾ ॥

**ਧੋਈ,** ਵਿ:—ਧੋਤੀ ਹੋਈ ॥

**ਧੋਈ ਦਾਲ,** ਸ:—ਜਿਸ ਦਾਲ ਦੇ ਛਿੱਲੜ ਲਥੇ ਹੋਣ ॥

**ਧੋਹ,** ਪੁ:—'ਧਰੋਹ' ਵੇਖੋ ॥

Digitized by Panjab Digital Library / www.panjabdigilib.org

**ਧੋਹਣ,** ਸ:
**ਧੋਹਾ,** ਪੁ:
**ਧੋਹੀ,** ਸ: } ਜੋ ਧੋਹ ਜਾਂ ਧਰੋਹ ਕਰੇ ॥

**ਧੋਖਣਾ,** ਕ੍ਰਿ:—'ਧੋਂਖਣਾ' ਵੇਖੋ ॥

**ਧੋਖਾ,** ਪੁ:—ਫਰੇਬ, ਛਲ ਬਹਾਨਾ, ਝਾਂਸਾ, ਭਰਮ (ਦੇਣਾ, ਕਰਨਾ ਖਾਣਾ, ਦੇਣਾ, ਲੱਗਣਾ) ॥

**ਧੋਖੇ ਵਿੱਚ ਆਉਣਾ,** ਕ੍ਰਿ:—ਧੋਖਾ ਖਾਣਾ, ਛਲੇ ਜਾਣਾ ।

**ਧੋਖੇ ਵਿੱਚ ਰੱਖਣਾ,** ਕ੍ਰਿ:—ਲਾਰੇ ਦੇ ਟਾਲਣਾ ॥

**ਧੋਣ,** ਪੁ:—ਵਰਤਿਆ ਹੋਇਆ ਪਾਣੀ, ਜਿਸ ਪਾਣੀ ਵਿਚ ਕੋਈ ਚੀਜ਼ ਧੋਤੀ ਜਾਵੇ. ਨਕਾਰਾ ਆਦਮੀ ।

**ਧੋਣ ਪਾਣ,** ਪੁ:—ਜਿਸ ਪਾਣੀ ਵਿਚ ਕੋਈ ਸ਼ੈ ਧੋਤੀ ਜਾਵੇ ॥

**ਧੋਣਾ,** ਕ੍ਰਿ:—ਪਾਣੀ ਨਾਲ ਸਾਫ਼ ਕਰਨਾ, ਮੈਲ ਕੱਢਣੀ, ਕਲੰਕ ਦੂਰ ਕਰ ਦੇਣਾ ॥

**ਧੋਤਰ,** ਸ:—ਇੱਕ ਮੋਟਾ ਦੇਸੀ ਸੂਤੀ ਕਪੜਾ ।

**ਧੋਤੀ,** ਸ: ਹਿੰਦੂਆਂ ਦੇ ਤੇੜ ਬੰਨ੍ਹਣ ਵਾਲਾ ਇੱਕ ਕਪੜਾ ॥

**ਧੋੱਧਾ,** ਪੁ:—'ਧੰਧਾ' ਵੇਖੋ ॥

**ਧੋਬਣ,** ਸ:—ਕਪੜੇ ਧੋਣ ਵਾਲੀ, ਧੋਬੀ ਦੀ ਵਹੁਟੀ ॥

**ਧੋਬਾ**
**ਧੋਬੀ** } ਪੁ:—ਜਿਸ ਦਾ ਕੰਮ ਕਪੜੇ ਧੋਣਾ ਹੈ ॥

**ਧੌਮਾਉਣਾ,** ਕ੍ਰਿ:—'ਧੁਮਾਉਣਾ' ਵੇਖੋ ॥

**ਧੌਰ,** ਪੁ:—ਧੁਰ, ਥੇਹ, ਘੱਟਾ ॥

**ਧੌਰਮਾ,** ਪੁ:—ਰੁਪਯਾ, ਕਣੋ ਕਣੋ ਪੈਸਾ ॥

**ਧੌਰੀ**
**ਧੌਰੀਆ** } ਪੁ:—ਬਲਦ, ਢੋਰ, ਢੱਗਾ ॥

**ਧੌੜ**
**ਧੌੜਾ** } ਪੁ:—ਧਰਤੀ ਦਾ ਪੱਧਰਾ ਨਾ ਹੋਣਾ, ਵਿੱਥ, ਵਿਟਕਾਰ ॥

**ਧੌਂਸ,** ਸ:—ਧਮਕੀ, ਡਰਾਵਾ, ਧੌਖਾ (ਦੇਣੀ) ॥

**ਧੌਂਸ ਵਿਚ ਆਉਣਾ,** ਕ੍ਰਿ:—ਡਰ ਕੇ ਧੌਖਾ ਖਾ ਜਾਣਾ ॥

**ਧੌਂਸਣਾ,** ਕ੍ਰਿ—ਧੌਂਸ ਦੇਣੀ, ਧਮਕਾਉਣਾ ॥

**ਧੌਂਸਾ,** ਪੁ:
**ਧੌਂਸੀ,** ਸ: } ਵੱਡਾ ਢੋਲ, ਨਗਾਰਾ, ਤਬਲਾ (ਛੀ) ॥

**ਧੌਂਸੀਆ,** ਪੁ:—ਫ਼ੌਜ ਦੇ ਮੁਹਰੇ ਧੌਂਸਾ ਵਜਾਉਣ ਵਾਲਾ ॥

**ਧੌਕਣਾ,**
**ਧੌਂਕਣੀ,** } ਕ੍ਰਿ:—ਧੌਂਕਣੀ ਨਾਲ ਫੂਕਣਾ ॥

**ਧੌਕਣੀ,**
**ਧੌਂਕਣੀ,** } ਸ:—ਵਾਯੂ ਨਾਲ ਫੂਕਣ ਵਾਲਾ ਜੰਤ੍ਰ ॥

**ਧੌਂਕੜਾ,** ਪੁ:—'ਧਮਕੜਾ' ਵੇਖੋ ।

**ਧੌਖਣਾ,**
**ਧੌਂਖਣਾ,** } ਕ੍ਰਿ:—'ਧੌਂਕਣਾ' ਵੇਖੋ ।

**ਧੌਖਣੀ**
**ਧੌਂਖਣੀ** } ਸ:—'ਧੌਂਕਣੀ' ਵੇਖੋ

**ਧੌਂ ਜਾਣਾ,** ਕ੍ਰਿ:—ਦਬ ਜਾਣਾ, ਲਿਫ ਜਾਣਾ, ਕਮਜ਼ੋਰ ਹੋ ਜਾਣਾ ॥

Digitized by Panjab Digital Library / www.panjabdigilib.org

**ਧੌਣ,** ਸ਼—ਗਰਦਨ, ਗਿੱਚੀ, ੨੦ ਸੇਰ, ਖਤ੍ਰੀਆਂ ਦੀ ਇੱਕ ਜਾਤ ॥

**ਧੌਣਾ,** ਕ੍ਰਿ: —ਧੌਂ ਬਣਾ, ਦਬ ਜਾਣਾ, ਕਮਜ਼ੋਰ ਹੋ ਜਾਣਾ ॥

**ਧੌਣੀ,** ਸ਼—ਸੰਮਤ ੧੯੬੬ ਵਿਚ ਜੋ ਕਾਲ ਪਿਆ ਸਾ ॥

**ਧੌਰਾ,** ਪੁ:—'ਧਾਣ' ਵੇਖੋ ॥

**ਧੌਲ,** ਪੁ:—ਧਰਤੀ ਚੁੱਕਣ ਵਾਲਾ ਬਲਦ, ਧਰਮ, ਜ਼ੋਰ ਦਾ ਧੱਫਾ ॥

ਵਿ: ਚਿੱਟਾ ॥

**ਧੌਲ ਦਾੜ੍ਹਾ**
**ਧੌਲ ਦਾੜ੍ਹੀ** } ਪੁ:—ਜਿਸਦੀ ਦਾੜ੍ਹੀ ਚਿੱਟੀ ਹੈ ॥

**ਧੌਲਰ,** ਪੁ:—ਹਵੇਲੀ, ਮਹਿਲ, ਮਾੜ੍ਹੀ ॥

**ਧੌਲਾ,** ਪੁ:
**ਧੌਲੀ,** ਸ: } ਵਿ:—ਚਿੱਟਾ (ਟੀ), ਚਿੱਟਾ ਵਾਲ, ਚਿੱਟਾ ਬਲਦ ।

**ਧੌਲਾ ਦਾੜ੍ਹਾ,** ਪੁ:
**ਧੌਲੀ ਦਾੜ੍ਹੀ,** ਸ: } ਜਿਸ ਦੀ ਦਾੜ੍ਹੀ ਚਿੱਟੀ ਹੈ।

**ਧੌਲੀ ਧਾਰ,** ਸ:—ਕਾਂਗੜੇ ਦੇ ਲਾਗੇ ਇਕ ਬਰਫ ਵਾਲਾ ਪਹਾੜ ।

**ਧੌਲੂ,** ਪੁ:—ਇੱਕ ਚਿੱਟਾ ਕੀੜਾ, ਇੱਕ ਘਾਹ, ਇੱਕ ਚਿੱਟਾ ਬਲਦ ॥

**ਧੌੜੀ,** ਤ:—ਮਹੀਂ ਦੀ ਖੱਲ ਜਿਸ ਦਾ ਚੰਮ ਪੱਕਾ ਹੁੰਦਾਹੈ ॥

**ਨ,** ਪੁ:—ਨੰਨਾਂ, ਗੁਰਮੁਖੀ ਪੈਂਤੀ ਦਾ ਪੰਜ਼ੀਵਾਂ ਅੱਖਰ ।

**ਨ**
**ਨਾ**
**ਨਾਂ** } ਕ੍ਰਿ: ਵਿ:—ਨਹੀਂ, ਨਿਸੰਗ, ਸੱਚ ਮੂਚ ਨਾਵਾਂ ਆਦਿਕਾਂ ਅੱਗੇ ਲੱਗਕੇ ਉਨ੍ਹਾਂ ਦੇ ਅਰਥ ਉਲਟਾ ਦੇਂਦਾ ਹੈ । ਜਿਹਾ:—

**ਨਲਾਇਕ**
**ਨਲੈਕ**
**ਨਾਲਾਇਕ** } ਵਿ:—ਜੋ ਲਾਇਕ ਨਹੀਂ ॥

**ਨਪਾਕ,** ਵਿ—ਜੋ ਪਾਕ (ਪਵਿੱਤ੍ਰ) ਨਹੀਂ ਆਦਿਕ ।

**ਨਾਉਮੈਦ,** ਵਿ—ਜਿਸਨੂੰ ਉਮੈਦ ਨਹੀਂ, ਨਿਰਾਸ ।

**ਨਾਇਨਸਾਫ,** ਵਿ:—ਜਿਸ ਵਿੱਚ ਇਨਸਾਫ ਨਹੀਂ

**ਨਾਸ਼ੁਕਰ**
**ਨਾਸ਼ੁਕਰਾ** } ਵਿ:—ਅਕਿਰਤਘਨ ।

**ਨਹੱਕ**
**ਨਾਹੱਕ** } ਵਿ:—ਐਵੇਂ ਹੀ, ਜੋ ਹੱਕ ਨਹੀਂ, ਅਨਿਆਉਂ, ਝੂਠਾ ਦੋਸ ॥

**ਨਾ ਗੁਆਰ,** ਵਿ:—ਜੋ ਗੱਲ ਚੰਗੀ ਨਾ, ਲੱਗੇ ਜੋ ਮਨ ਨੂੰ ਨਾ ਭਾਵੇ ।

**ਨਾ ਚੀਜ਼,** ਵਿ:—ਨਕਾਰਾ, ਨਿਕੰਮਾ, ਤੁੱਛ ।

**ਨਡਰ,** ਵਿ:—ਜਿਸ ਨੂੰ ਡਰ ਨਹੀਂ ॥

**ਨਤਾਕਤ**
**ਨਾਤਾਕਤ** } ਵਿ:—ਜਿਸ ਵਿੱਚ ਤਾਕਤ ਨਹੀਂ, ਕਮਜ਼ੋਰ ।

**ਨਤਾਕਤੀ**
**ਨਾ ਤਾਕਤੀ** } ਸ:—ਤਾਕਤ ਨਾ ਹੋਣੀ, ਕਮਜ਼ੋਰੀ।

**ਨ ਦਾਨ**
**ਨਾਦਾਨ** } ਵਿ:—ਅਞਾਣਾ, ਜੋ ਕੁਛ ਨਹੀਂ ਜਾਣਦਾ, ਮਸੂਮ ॥

Digitized by Panjab Digital Library | www.panjabdigilib.org

**ਨਦਾਨੀ / ਨਾਦਾਨੀ** } ਸ:—ਮੂਰਖਤਾਈ, ਜਹਾਲਤ ।

**ਨਦਾਰ / ਨਾਦਾਰ** } ਵਿ:—ਗਰੀਬ, ਭੁੱਖਾ, ਦੁਆਲੀਆ ।

**ਨਾ ਪਸੰਦ,** ਵਿ:—ਜੋ ਪਸੰਦ ਨਹੀਂ, ਨਾ ਗੁਆਰ ।

**ਨਾ ਪਸੰਦੀ,** ਸ:—ਗੁੱਸਾ, ਖਫਗੀ, ਨਰਾਜ਼ੀ ।

**ਨਾ ਫ਼ਰਮਾਨ,** ਵਿ:—ਜੋ ਹੁਕਮ ਨਾ ਮੰਨੇ ॥

**ਨਾ ਫ਼ਰਮਾਨੀ,** ਸੰ:—ਹਿੱਕ ਖੁੰਦੀ, ਹੁਕਮ ਅਦੂਲੀ । ਵਿ:—ਨੀਲਾ ॥

**ਨਾ ਬਾਲਿਗ,** ਵਿ:—ਅਞਾਣਾ, ਜੋ ਜੁਆਨ ਨਹੀਂ ॥

**ਨਾ ਬਾਲਿਗੀ,** ਸ:—ਜੁਆਨੀ ਤੋਂ ਪਹਿਲੀ ਅਵਸਥਾ ॥

**ਨਮਰਦ / ਨਾਮਰਦ** } ਵਿ:—ਜੋ ਉਲਾਦ ਪੈਦਾ ਨਹੀਂ ਕਰ ਸੱਕਦਾ, ਨਾਕਾਬਲ ॥

**ਨਾਮਾਕੂਲ,** ਵਿ:—ਨਾ ਮੁਨਾਸਬ, ਵਾਹਯਾਤ, ਅਕਲੋਂ ਬਾਹਰਾ ।

**ਨਾਮੁਰਾਦ,** ਵਿ:—ਜਿਸ ਦੀ ਮੁਰਾਦ ਪੂਰੀ ਨਹੀਂ ਹੋਈ, ਬੇਨਸੀਬ ॥

**ਨਾਮੁਰਾਦੀ,** ਸ:—ਬੇਨਸੀਬੀ, ਸ਼ਰਾਰਤ, ਧੋਖੇਬਾਜ਼ੀ ॥

**ਨਰਾਜ਼ / ਨਾਰਾਜ਼** } ਵਿ:—ਰੁੱਸਿਆ ਹੋਇਆ, ਗੁੱਸੇ ।

**ਨਈ,** ਵਿ:—ਨਵੀਂ, ਥੋੜੇ ਚਿਰ ਦੀ ਬਣੀ ਹੋਈ ॥

**ਨਈਵੇਦ,** ਪੁ:—ਦੇਵਤਾ ਦੇ ਅਰਪਣ ਕੀਤਾ ਹੋਯਾ ਭੋਗ ॥

**ਨਸ,** ਸ:—ਨਾੜੀ, ਰਗ ॥

**ਨਸ਼ਈ,** ਪੁ:—ਜਿਸਨੇ ਨਸ਼ਾ ਪੀਤਾ ਹੋਯਾ ਹੈ, ਮਸਤ, ਅਮਲੀ ॥

**ਨਸ਼ਕਾ,** ਪੁ:—'ਨਕਸ਼ਾ' ਵੇਖੋ ।

**ਨਸ਼ਟ,** ਸ:, ਵਿ:—ਬਰਬਾਦੀ, ਤਬਾਹ, (ਹੋਣਾ ਕਰਨਾ) ॥

**ਨੱਸਣਾ,** ਕ੍ਰਿ:—ਦੌੜਨਾ, ਭੱਜਣਾ, ਬਹੁਤ ਤ੍ਰਿਖਾ ਜਾਣਾ, ਗਊ ਮਹਿੰ ਦਾ ਦੁੱਧ ਦੇਣੋਂ ਹਟ ਜਾਣਾ।

**ਨਸ਼ਤਰ,** ਸ:—ਲਹੂ ਕੱਢਣ ਵਾਲਾ ਇੱਕ ਹਥਿਆਰ ।

**ਨਸ਼ਤਰਾਉਣਾ,** ਕ੍ਰਿ:—ਨਸ਼ਤਰ ਮਾਰ ਕੇ ਲਹੂ ਜਾਂ ਪਾਕ ਕੱਢਣਾ ॥

**ਨਸ਼ਤਰਾਨਾ,** ਪੁ:—ਨਸ਼ਤਰ ਮਾਰਨ ਦੀ ਮਜੂਰੀ ।

**ਨਸਤਾਰਾ,** ਪੁ:—"ਨਸਤਾਰਾ" ਵੇਖੋ ॥

**ਨਸਪਾਲ,** ਪੁ:—ਅਨਾਰ ਦਾ ਛਿਲਕ ॥

**ਨਸਪਾਲੀ,** ਵਿ:—ਨਸਪਾਲ ਦੇ ਰੰਗ ਦਾ, ਪੀਲਾ ਜਿਹਾ ॥

**ਨਸ਼ਰ,** ਵਿ:—ਸਭ ਥਾਂ ਬਦਨਾਮ (ਹੋਣਾ, ਕਰਨਾ) ।

**ਨਸਰੋਲ,** ਵਿ:—ਪਾਸੇ ਦਾ, ਨੇਸ਼ਨਾਂ ਥੋਕ ਦਾ (ਸੰਗਾ) ॥

Digitized by Panjab Digital Library | www.panjabdigilib.org

**ਨਸਲ,** ਸੰ:—ਕੁਲ, ਔਂਦ, ਟੱਬਰ, ਅਸਲ, ਬੰਸ ॥

**ਨਸਲਦਾਰ,** ਵਿ:—ਕੁਲ ਦਾ ॥

**ਨਸਵਾਰ,** ਸੰ:—ਨੱਕ ਵਿੱਚ ਚੜ੍ਹਾਉਣ ਵਾਲੀ ਕੁੱਟੀ ਹੋਈ ਦੁਆ ॥

**ਨਸਵਾਰੀ,** ਵਿ:—ਨਸਵਾਰ ਦੇ ਰੰਗ ਦਾ ।

**ਨਸ਼ਾ,** ਪੁ:—ਮਦ, ਮਸਤੀ, ਸ਼ਰਾਬ ਆਦਿਕ ਦਾ ਅਮਲ, ਮਸਤ ਕਰਨ ਵਾਲੀ ਚੀਜ਼, ਹੰਕਾਰ ॥

**ਨਸ਼ਾ ਹੋਣਾ,**
**ਨਸ਼ਾ ਚੜ੍ਹਨਾ,** } ਕ੍ਰਿ: ਨਸ਼ੇ ਨਾਲ ਮਸਤ ਹੋ ਜਾਣਾ ।

**ਨਸ਼ਾ ਪਾਣੀ ਕਰਨਾ,** ਕ੍ਰਿ:—ਨਸ਼ੇ ਵਾਲੀ ਚੀਜ਼ ਖਾਣਾ, ਜਾਂ ਪੀਣਾ ॥

**ਨਸ਼ੇਖੋਰ**
**ਨਸ਼ੇਬਾਜ਼** } ਪੁ:—ਜੋ ਨਸ਼ਾ ਵਰਤੇ ।

**ਨਸ਼ੇ ਦੀ ਲਹਿਰ,** ਸੰ:—ਨਸ਼ਾ ਪੀਕੇ ਜੋ ਥੋੜ੍ਹੇ ਫਿਕਰੀ ਹੁੰਦੀ ਹੈ ॥

**ਨਸ਼ੇ ਵਿੱਚ ਗਰਕ ਹੋਣਾ,** ਕ੍ਰਿ:—ਨਸ਼ਾ ਪੀ ਕੇ ਬਹੁਤ ਮਸਤ ਹੋਣਾ ।

**ਨਸਾਉਣਾ,** ਕ੍ਰਿ:—ਦੁੜਾਉਣਾ, ਭਜਾਉਣਾ ।

**ਨਸ਼ਾਇਣ,** ਸੰ:—ਨਸ਼ਾ ਪੀਣ ਵਾਲੀ, ਜਿਸਨੂੰ ਨਸ਼ਾ ਚੜ੍ਹਿਆ ਹੈ ।

**ਨਸ਼ਾਸਤਾ,** ਪੁ:—ਕਣਕ ਦਾ ਸਤ ॥

**ਨਸ਼ਾਦਰ,** ਪੁ:—ਇੱਕ ਲੂਣ ਵਰਗੀ ਚੀਜ਼ ।

**ਨਸ਼ਾਨਾ,** ਪੁ:—ਜਿੱਥੇ ਤੀਰ ਜਾਂ ਗੋਲੀ ਲੱਗਣੀ ਹੈ, ਮਨੋਰਥ (ਮਾਰਨਾ, ਲਾਉਣਾ) ।

**ਨਸ਼ਾਨੀ,** ਸੰ:—ਪਛਾਣ, ਪਤਾ, ਚਿੰਨ੍ਹ ।

**ਨਸੀਹਤ,** ਸੰ:—ਸਿੱਖ, ਮਤ, ਉਪਦੇਸ਼, ਸਲਾਹ ਝਿੜਕੀ (ਕਰਨੀ, ਦੇਣੀ) ॥

**ਨਸੀਬ**
**ਨਸੀਬਾ** } ਪੁ:—ਕਿਸਮਤ, ਪਰਾਲਬਧ, ਭਾਗ ॥

**ਨਸੀਬ ਸੜ ਜਾਣੇ**
**ਨਸੀਬ ਫੁੱਟ ਜਾਣੇ** } ਕ੍ਰਿ:—ਕਿਸਮਤ ਬੁਰੀ ਹੋਣੀ ॥

**ਨਸੀਬ ਸੜਾ**
**ਬੇ ਨਸੀਬ** } ਕ੍ਰਿ:—ਬੁਰੀ ਕਿਸਮਤ ਵਾਲਾ ॥

**ਨਸੀਬ ਹੋਣੇ.** ਕ੍ਰਿ:—ਕੋਈ ਚੀਜ਼ ਭਾਗਾਂ ਵਿੱਚ ਹੋਣੀ ।

**ਨਸੀਬ ਜਾਗਣਾ**
**ਨਸੀਬਾ ਜਾਗਣਾ** } ਕ੍ਰਿ:—ਕਿਸਮਤ ਚੰਗੀ ਹੋਣੀ, ਕਿਰਪਾਲ ਹੋ ਜਾਣਾ ॥

**ਨਸੀਬ ਲੜਨੇ**
**ਨਸੀਬੇ ਲੜਨੇ** } ਕ੍ਰਿ:—ਕਿਸਮਤ ਦਾ ਫਲ ਮਲੂਮ ਹੋਣ ਲੱਗਣਾ ।

**ਨਸੀਰ,** ਸੰ:—'ਨਕਸੀਰ' ਵੇਖੋ ॥

**ਨਸੁਆਰ**
**ਨਸੁਆਰੀ** } 'ਨਸਵਾਰ' 'ਨਸਵਾਰੀ' ਵੇਖੋ ॥

**ਨਸੂਰ,** ਪੁ:—ਹੱਡੀ ਦਾ ਫੋੜਾ, ਜ਼ਖਮ, ਘਾਉ ।

**ਨਸ਼ੈਣ,** ਸੰ:—'ਨਸ਼ਾਇਣ' ਵੇਖੋ ।

**ਨਸੈ,** ਕ੍ਰਿ:—ਨਠੀ ਸੌ ॥

**ਨਹਾਂ,** ਪੁ:—ਖਰਾਦੀ ਦੀ ਗੋਲ ਕੀਤਿਆਂ ਵਾਲ ਛੈਣੀ ।

**ਨਹਾਉਣ (ਨ੍ਹਾਉਣ) ਹੋ ਜਾਣਾ,** ਕ੍ਰਿ:—ਬਹੁਤ ਨੁਕਸਾਨ ਹੋਣਾ ॥

**ਨਹਾਉਣਾ**
**ਨ੍ਹਾਉਣਾ** } ਕ੍ਰਿ:—ਪਿੰਡਾ ਧੋਣਾ, ਅਸ਼ਨਾਨ ਕਰਨਾ ॥

Digitized by Panjab Digital Library / www.panjabdigilib.org

**ਨਹਾਸ,** ਪੁ:—ਨਸਵਾਰ ॥

**ਨਹਾਰ,** ਪੁ:—ਸਵੇਰ ਦਾ ਵੇਲਾ ਵਿ:—ਸਵੇਰੇ ॥

**ਨਹਾਰੀ,** ਸ:—ਸਵੇਰ ਦਾ ਖਾਣਾ, ਗੁੜ ਆਟਾ ਮਿਲਾਕੇ ਜੋ ਘੋੜਿਆਂ ਆਦਿਕਾਂ ਨੂੰ ਦਿੱਤਾ ਜਾਂਦਾ ਹੈ

**ਨਹਿ**<br>**ਨਹਿੰ** } ਪੁ: -'ਨਹੁੰ' ਵੇਖੋ ॥

**ਨਹਿਸ,** ਵਿ:—ਭੈੜਾ, ਬੇ ਨਸੀਬ, ਚੰਦਰਾ ॥

**ਨਹਿੰਦਰ,** ਸ:—ਜਨੌਰਾਂ ਦੇ ਤਿੱਖੇ ਨਹੁੰ ॥

**ਨਹਿਰ,** ਸ:—ਛੋਟੀ ਨਦੀ, ਬਣਾਉਟੀ ਨਦੀ ।

**ਨਹਿਰਾ,** ਪੁ:—ਸਿੱਧੇ ਅਤੇ ਉੱਚੇ ਸਿੰਗਾਂ ਵਾਲਾ ਬਲਦ, ਖੁਣਸੀ ਆਦਮੀ ॥

**ਨਹਿਰੀ,** ਸ: —ਖੁਣਸ ਦੀ ਨਿਗਾਹ, ਜਿਸ ਧਰਤੀ ਨੂੰ ਨਹਿਰ ਦਾ ਪਾਣੀ ਮਿਲੇ ॥

**ਨਹਿਰੀਆਂ ਪਾਕੇ ਵੇਖਣਾ,** ਕ੍ਰਿ:—ਖੁਣਸ ਦੀ ਨਜ਼ਰ ਨਾਲ ਵੇਖਣਾ ॥

**ਨਹਿਲਾ,** ਪੁ:—ਨੌਆਂ ਨਿਸ਼ਾਨਾਂ ਵਾਲਾ ਤਾਸ਼ ਦਾ ਪੱਤਾ ।

**ਨਹੀਂ,** ਕ੍ਰਿ: ਵਿ:—ਨਾਂ, ਨ ॥ ਸ:—ਇਨਕਾਰ ॥

**ਨਹੀਂ ਤਾਂ,** ਕ੍ਰਿ: ਵਿ:—ਜੇ ਇਹ ਗੱਲ ਨਾਂ ਹੋਵੇ ਫੇਰ ।

**ਨਹੁੰ,** ਪੁ:—ਉਂਗਲੀਆਂ ਦੇ ਸਿਰਿਆਂ ਉੱਤੇ ਜੋ ਹੱਡੀਦਾਰ ਚੀਜ਼ ਹੁੰਦੀ ਹੈ, ਖੁਰ, ਨਹਿੰਦਰ ॥

**ਨਹੁੰ ਲਾਹੁਣੇ,** ਕ੍ਰਿ:—ਨਹੁੰਆਂ ਦੇ ਕੰਢ ਕੱਟਣੇ ॥

**ਨਹੁੰ ਲੈਣਾ,** ਕ੍ਰਿ:—ਪੈਰ ਤਿਲਕਣਾ, ਭੁੱਲ ਹੋ ਜਾਣੀ, ਨਾਂ ਮੰਨਣਾ ॥

**ਨਹੂਸਤ,** ਸ:—ਖੋਟੀ ਕਿਸਮਤ, ਖਰਾਬੀ, ਗਰੀਬ, ਭੈੜਾ ਪੈਂਧਾ ॥

**ਨਹੂਸਤਣ,** ਸ:<br>**ਨਹੂਸਤੀ,** ਪੁ: } ਬੇ ਨਸੀਬ, ਗਰੀਬ, ਚੰਦਰਾ (ਣੀ) ॥

**ਨਹੇਰਨਾ,** ਪੁ:—ਨਹੁੰ ਲਾਹੁਣ ਵਾਲਾ ਹਥਿਆਰ ॥

**ਨਹੇਰਣਾ ਸਿੰਘ,** ਪੁ:—ਸਿੱਖ ਨਾਈ ॥

**ਨਹੋੜਾ,** ਪੁ:—ਬਰਬਾਦੀ, ਤਬਾਹੀ, ਨਾਸ ॥

**ਨਹੋਰਾ,** ਪੁ:—ਉਲ੍ਹਾਮਾ, ਮੇਹਣਾ, ॥

**ਨੱਕ,** ਪੁ:—ਸਰੀਰ ਦਾ ਉਹ ਅੰਗ ਜਿਸ ਨਾਲ ਸੁੰਘਦੇ ਹਨ, ਉੱਘਾ ਮਨੁਖ, ਉੱਘੀ ਸ਼ੈ ਵਡਿਆਈ, ਮਾਣ ॥
ਸਭ ਤੋਂ ਚੰਗਾ (ਸ਼ਹਿਰ ਦਾ ਨੱਕ) ।

**ਨੱਕ ਆਉਣਾ,** ਕ੍ਰਿ:—ਨੱਕ ਵਿਚੋਂ ਪਾਣੀ ਵਗਣਾ ।

**ਨੱਕ ਸੁਣਕਣਾ,** ਕ੍ਰਿ:—ਨੱਕ ਵਿੱਚੋਂ ਜ਼ੋਰ ਨਾਲ ਸੀਂਢ ਕੱਢਣਾ ।

**ਨੱਕ ਸੁਤਵਾਂ,** ਪੁ:—ਪਤਲਾ ਅਤੇ ਲੰਮਾ ਨੱਕ ॥

**ਨੱਕ ਕਟਾ,** ਵਿ:—'ਨੱਕ ਵੱਢਾ' ਵੇਖੋ ॥

**ਨੱਕ ਚੜ੍ਹਾ,** ਵਿ:—ਭੈੜੇ ਸੁਭਾਉ ਵਾਲਾ, ਛੇਤੀ ਹੰਕਾਰੀ ॥

**ਨੱਕ ਚੜ੍ਹਾਉਣਾ**<br>**ਨੱਕ ਚਾੜ੍ਹਨਾ** } ਕ੍ਰਿ: -ਕਿਸੇ ਚੀਜ਼ ਬੁਰੀ ਸਮਝਣਾ, ਗੁੱਸੇ ਹੋ ਜਾਣਾ ॥

Digitized by Panjab Digital Library | www.panjabdigilib.org

**ਨੱਕ ਡੋਬ ਕੇ ਮਰਨਾ,** ਕ੍ਰਿ:—ਸ਼ਰਮਿੰਦਾ ਹੋਣਾ ॥

**ਨੱਕ ਤੇ ਮੱਖੀ ਨਾਂ ਬੈਠਣ ਦੇਣੀ** ਕ੍ਰਿ:—ਅਭਿਮਾਨ ਕਰਨਾ, ਆਪਣੇ ਆਪ ਨੂੰ ਵੱਡਾ ਸਮਝਣਾ ॥

**ਨੱਕ ਦੀ ਸੇਧੇ ਜਾਣਾ,** ਕ੍ਰਿ:—ਬਿਲਕੁਲ ਸਿੱਧੇ ਰਾਹ ਜਾਣਾ ॥

**ਨੱਕ ਨਾਂ ਰਹਿਣਾ,** ਕ੍ਰਿ:—ਪਤ ਜਾਂ ਇੱਜ਼ਤ ਨਾ ਰਹਿਣੀ ॥

**ਨੱਕ ਬਹਿਣਾ,** ਕ੍ਰਿ:—'ਨੱਕ ਆਉਣਾ' ਵੇਖੋ, ਨੱਕ ਵਗਣਾ ॥

**ਨੱਕ ਬੈਠਣਾ ( ਬੈਠ ਜਾਣਾ ),** ਕ੍ਰਿ: ਨੱਕ ਚੌੜਾ ਹੋ ਜਾਣਾ ॥

**ਨੱਕ ਰੱਖ ਲੈਣਾ,** ਕ੍ਰਿ:—ਇੱਜ਼ਤ ਬਚਾ ਲੈਣੀ ॥

**ਨੱਕ ਰਗੜਨਾ,** ਕ੍ਰਿ:—ਤਰਲੇ ਕਰਨੇ, ਮਾਫ਼ੀ ਮੰਗਣੀ ॥

**ਨੱਕ ਵਹਿਣਾ,** ਕ੍ਰਿ:—'ਨਕ ਆਉਣਾ' ਵੇਖੋ ॥

**ਨੱਕ ਵੱਟਣਾ,** ਕ੍ਰਿ:—'ਨੱਕ ਚੜ੍ਹਾਉਣਾ' ਵੇਖੋ ॥

**ਨੱਕ ਵੱਢਣਾ,** ਕ੍ਰਿ:—ਨਿਰਾਦਰੀ ਕਰਨੀ, ਬਦਨਾਮ ਕਰਨਾ ॥

**ਨੱਕ ਵੱਢਾ,** ਪੁ:<br>**ਨੱਕ ਵੱਢੀ,** ਸ:<br>**ਨੱਕ ਵੱਢੇ,** ਸ: } ਜਿਸ ਨੂੰ ਸ਼ਰਮ ਹਿਯਾਉ ਨਹੀਂ ॥

**ਨੱਕ ਵਾਲਾ,** ਪੁ:<br>**ਨੱਕ ਵਾਲੀ,** ਸ: } ਜਿਸ ਦੀ ਇੱਜ਼ਤ ਸਭ ਕਰਨ ॥

**ਨੱਕ ਵਿੱਚ ਦਮ ਆਉਣਾ,** ਕ੍ਰਿ:—ਤੰਗ ਹੋਣਾ, ਦਿੱਕ ਹੋਣਾ ॥

**ਨਕਸ਼,** ਪੁ:—ਨਿਸ਼ਾਨ, ਤਸਵੀਰ, ਸ਼ਕਲ ॥

**ਨਕਸ਼ ਨਿਗਾਰ,** ਪੁ:—ਸਜਾਉਟ, ਰੂਪ ॥

**ਨਕਸ਼ਾ,** ਪੁ:—ਸੂਰਤ, ਸ਼ਕਲ, ਨਮੂਨਾ ॥

**ਨਕਸੀਰ,** ਸ:—ਨੱਕ ਦੀਆਂ ਰਗਾਂ, ਨੱਕ ਵਿੱਚੋਂ ਲਹੂ ਨਿਕਲਣਾ ( ਛੁੱਟਣੀ, ਫੁੱਟਣੀ ) ॥

**ਨਕਛਿਕਣੀ,** ਸ:—ਇੱਕ ਗਰਮ ਖੁਸ਼ਕ ਦੁਆ ਜਿਸ ਨਾਲ ਨਿੱਛਾਂ ਆਉਂਦੀਆਂ ਹਨ ॥

**ਨਕਟਾ,** ਪੁ:—ਨਕ ਵੱਢਾ, ਸ਼ਰਾਰਤੀ, ਲੁੱਚਾ ॥

**ਨਕਟਾਈ,** ਪੁ:—ਗਲ ਵਿੱਚ ਬੰਨ੍ਹਣ ਵਾਲਾ ਫੀਤਾ

**ਨਕਤੋੜਾ,** ਸ:—ਫ਼ਰਿਆਦ, ਝਿੜਕੀ, ਆਕੜ ਗੁੱਸਾ ॥

**ਨਕਦ**<br>**ਨਕਦੀ** } ਸ:—ਰੋਕੜ, ਜੋ ਰੁਪਯਾ ਪੈਸਾ ਉਸੇ ਵੇਲੇ ਦਿੱਤਾ ਜਾਵੇ ॥

**ਨਕਦ ਮਾਲ,** ਪੁ:—ਕੀਮਤੀ ਇਨਾਮ, ਨਿਆਮਤ ।

**ਨਕੰਦ,** ਵਿ:—ਜਿਸ ਵਛੇਰੇ ਦੇ ਦੁੱਧ ਦੇ ਦੰਦ ਨਹੀਂ ਲੱਥੇ ॥

**ਨਕੰਦ ਬਛੇਰਾ,** ਪੁ:—ਬੇ ਸਮਝ, ਅਲ੍ਹੜ ਮਨੁੱਖ ।

**ਨਕਰਮਣ,**<br>**ਨਕਰਮਾ (ਮੀ),** ਪੁ: } ਵਿ:—ਜਿਸ ਦੇ ਭਾਗ ਚੰਗੇ ਨਹੀਂ ॥

**ਨਕਲ,** ਸ:—ਦੂਜੇ ਵਾਕਰ ਕਰਨਾ, ਤਮਾਸ਼ਾ, ਉਲਥਾ, ਉਤਾਰਾ ( ਕਰਨੀ, ਲਾਹੁਣੀ ) ਨਕਲੀ ਚੀਜ਼ ।

**ਨਕਲ ਖ਼੍ਵਾਜਾ,** ਪੁ:—ਗਿਲਟੀਆਂ ਦੀ ਸੋਜ ਦੀ ਇੱਕ ਦੁਆ ॥

Digitized by Panjab Digital Library | www.panjabdigilib.org

**ਨਕਲ ਨਵੀਸ,** ਪੁ:—ਨਕਲ ਲਿਖਣ ਵਾਲਾ ॥

**ਨਕਲੀ,** ਵਿ:—ਅਸਲ ਚੀਜ਼ ਦੇ ਰੰਗ ਦੀ ਹੋਈ ਹਲਕੇ ਮੇਲ ਦੀ ਚੀਜ਼, ਜੋ ਅਸਲੀ ਨਹੀਂ।

**ਨਕਲੀਆ,** ਪੁ:—ਨਕਲ ਉਤਾਰਨ ਵਾਲਾ, ਭੰਡ।

**ਨੱਕਾ,** ਪੁ:—ਕੰਢਾ, ਸਿਰਾ, ਗਲੀ, ਸੂਈ ਦਾ ਛੇਕ, ਨਲੀ ॥

**ਨਕਾਸ,** ਪੁ:—ਨਿਕਲਨ ਦਾ ਕੰਮ ਜਾਂ ਥਾਂ।

**ਨਕਾਸ਼,** ਪੁ:—ਨਕਸ਼ ਜਾਂ ਮੂਰਤਾਂ ਖਿੱਚਣ ਵਾਲਾ।

**ਨਕਾਸ਼ੀ,** ਸ:—ਨਕਾਸ਼ ਦਾ ਕੰਮ, ਮੂਰਤਾਂ ਖਿਚਣਾ ॥

**ਨਕਾਸੂ,** ਪੁ:—ਬਾਹਰ ਜਾਣ ਵਾਲਾ ਮਾਲ, ਬਾਹਰ ਜਾਣ ਵਾਲੇ ਮਾਲ ਦਾ ਮਸੂਲ, ਨਲੀ ਵਿਚੋਂ ਕੱਢਿਆ ਹੋਯਾ ਨਾਲਾ ॥

**ਨਕਾਹ,** ਪੁ:—ਮੁਸਲਮਾਨਾਂ ਦਾ ਵਿਆਹ (ਹੋਣਾ) ਕਰਨਾ, ਪੜ੍ਹਨਾ) ॥

**ਨਕਾਹ ਮੁਤਾ,** ਪੁ:—ਕੁਝ ਲੈਕੇ ਥੋੜ੍ਹੇ ਚਿਰ ਲਈ ਜੋ ਵਿਆਹ ਕੀਤਾ ਜਾਵੇ (ਮੁਸਲਮਾਨਾਂ ਵਿਚ)।

**ਨਕਾਹਤੀ,** ਸ:—ਕਮਜ਼ੋਰੀ, ਨਤਾਕਤੀ ॥

**ਨਕਾਹੀ,** ਸ:—ਜਿਸ ਤ੍ਰੀਮਤ ਦਾ ਨਕਾਹ ਹੋ ਗਿਆ ਹੈ ॥

**ਨਕਾਣਾ,** ਪੁ:<br>**ਨਕਾਣੀ,** ਸ: } ਜੋ ਹੋਰਨਾਂ ਦੇ ਕੰਮ ਵਿਚ ਦਖਲ ਦੇਵੇ ॥

**ਨਕਾਰਾ,** ਪੁ:—ਜੋ ਕਿਸੇ ਕੰਮ ਦਾ ਨਹੀਂ, ਨਿਕੰਮਾ, ਇੱਕ ਵਾਜਾ ॥

**ਨੱਕਾਲ,** ਪੁ:—ਜਿੰਨਾਂ ਪਾਣੀ ਖੂਹ ਵਿੱਚੋਂ ਕੱਢਕੇ ਪੈਲੀਆਂ ਨੂੰ ਦਿੱਤਾ ਜਾਵੇ (ਆਉਣਾ, ਮੁਕਣਾ) ਨਕਲੀਆ ॥

**ਨੱਕੀ,** ਸ:—'ਨੱਕੀ ਪੂਰ' ਦਾ ਇੱਕ ਪਾਸਾ ਜਿਸ ਵਿੱਚ ਤਦੋਂ ਦਾਉ ਆਉਂਦਾ ਹੈ ਜਦੋਂ ਕੌਡੀਆਂ ਦੋ ਗੰਡੇ ਗਿਣ ਕੇ ਇੱਕ ਬਚੇ, ਬਾਂਸ ਜਾਂ ਦੀਨ ਦੀ ਨਲੀ ॥

**ਨੱਕੀ ਪੂਰ,** ਪੁ:—ਕੌਡਾਂ ਨਾਲ ਖੇਡਣ ਵਾਲੀ ਇੱਕ ਖੇਡ ॥

**ਨੱਕੀ ਮੁੱਠ,** 'ਨੱਕੀ ਪੂਰ' ਵਿੱਚ ਕੌਡਾਂ ਨਾਲ ਭਰੀ ਹੋਈ ਮੁੱਠ ॥

**ਨਕੀਬ,** ਪੁ:—ਹਲਕਾਰਾ, ਅਮੀਰ ਦੇ ਅੱਗੇ ਚਲਣ ਵਾਲਾ ॥

**ਨਕੂੜਾ** ਪੁ: ਨਕ ਦਾ ਇੱਕ ਰੋਗ ॥

**ਨਕੂਆ,** ਪੁ:—ਨੱਕ, ਨੱਕ ਦਾ ਇੱਕ ਰੋਗ ॥

**ਨਕੇਲ,** ਸ:—ਊਠ ਦੇ ਨੱਕ ਵਿੱਚ ਪਾਉਣ ਵਾਲੀ ਲਕੜੀ, ਉਸ ਲਕੜੀ ਵਿੱਚ ਦੀ ਰੱਸੀ ॥

**ਨਕੈਈ,** ਪੁ:<br>**ਨਕੈਣ,** ਸ: } ਲਹੌਰ ਦੇ ਜ਼ਿਲੇ ਦੇ ਇੱਕ ਅਲਾਕੇ ਦੇ ਲੋਕ ॥

**ਨਕੈਈ ਸਿੰਘ,** ਪੁ: ਉਸ ਅਲਾਕੇ ਦਾ ਸਿੱਖ।

**ਨਕੋ ਨਕ** ਕ੍ਰਿ: ਵਿ:—ਸਿਰੇ ਤਕ, ਪੂਰਾ ਪੂਰਾ (ਭਰਿਆ ਹੋਯਾ)।

**ਨਕੌੜਾ,** ਪੁ:—ਘੋੜੇ ਦੇ ਨੱਕ ਉੱਪਰਲਾ ਤਸਮਾ ॥

**ਨਖ,** ਸ:—ਬਰੀਕ ਰੇਸ਼ਮੀ ਧਾਗਾ, ਕੁਲੀਨ ਆਦਮੀ, ਨਹੁੰ ।

Digitized by Panjab Digital Library | www.panjabdigilib.org

**ਨਖਸਮਾ**
**ਨਖਸਮਾਂ** } ਪੁ:, ਵਿ:—ਜਿਸ ਦਾ ਮਾਲਕ ਕੋਈ ਨਹੀਂ ॥

**ਨਖਸਮੀ,** ਸ:, ਵਿ:—ਜਿਸ ਦਾ ਖਸਮ ਗੁਸਾਈਂ ਨਹੀਂ ॥

**ਨਖੱਟੂ,** ਪੁ:—ਜੋ ਕੁਝ ਨਾ ਖੱਟੇ, ਨਿਕੰਮਾ, ਨਕਾਰਾ

**ਨਖਤ੍ਰ,** ਪੁ:—'ਨਛੱਤ੍ਰ' ਵੇਖੋ ।

**ਨਖੱਤ੍ਰਾ**
**ਨਖੱਤਾ** } ਵਿ:—ਗਰੀਬ, ਬੇ ਨਸੀਬ, ਅਹਮਕ ਨਕਾਰਾ॥

**ਨਖਰਾ,** ਪੁ:—ਲਾਡ, ਮਜਾਜ਼, ਬਾਂਕ ਪੁਣਾ, ਵਿਖਾਵਾ ਹਾਸਾ ॥

**ਨਖਰਾ ਤਿੱਲਾ,** ਪੁ:—ਲਾਡ, ਬਾਂਕ ਪੁਣਾ ।

**ਨਖਰੇ ਹੱਥਾ,** ਪੁ:
**ਨਖਰੇ ਹੱਥੀ,** ਸ:
**ਨਖਰੇ ਬਾਜ,** ਪੁ: } ਜੋ ਨਖਰੇ ਕਰੇ, ਬਾਂਕਾ (ਕੀ)

**ਨਖਰੇ ਬਾਜੀ,** ਸ:—ਬਾਂਕ ਪੁਣਾ, ਧੋਖੇ ਬਾਜੀ ॥

**ਨਖਰੇਲੋ,** ਸ:—ਨਖਰੇ ਕਰਨ ਵਾਲੀ ॥

**ਨਖਰੰਮਾ,** ਵਿ:—ਜਿਸ ਨੂੰ ਕੋਈ ਕੰਮ ਕਾਰ ਨਹੀਂ ॥

**ਨਖਾਸ,** ਪੁ:—ਜਿਥੇ ਘੋੜੇ ਤੇ ਡੰਗਰ ਵਿਕਣ, ਮਾਲ ਮੰਡੀ ॥

**ਨਖਾਰ,** ਸ:—ਸਾਬਣ ਸੱਜੀ ਆਦਿਕ ਜਿਸ ਨਾਲ ਕਪੜੇ ਦੀ ਮੈਲ ਜਾਂ ਰੰਗ ਉਡ ਜਾਵੇ ॥

**ਨਖਾਰਨਾ,** ਕ੍ਰਿ:—ਧੋਣਾ, ਰੰਗ ਜਾਂ ਮੈਲ ਉਡਾਉਣੀ ॥

**ਨਖਾਰਾ,** ਪੁ:—ਸਲਾਈ ਨਾਲ ਧਾਗਾ ਗੁੰਦਣ ਦਾ ਕੰਮ (ਲਾਉਣਾ) ॥

**ਨਖਾਲਸ,** ਵਿ:—ਖਰਾ, ਜਿਸ ਵਿੱਚ ਖੋਟ ਜਾਂ ਮੈਲ ਨਹੀਂ ।

**ਨਖਿੱਧ,** ਵਿ:—ਅਪਵਿਤ੍ਰ, ਬਹੁਤ ਖਰਾਬ, ਨਿਕੰਮੀ ਜਾਂ ਭੈੜੀ ਸ਼ੈ

**ਨਖੁੱਟਣਾ,** ਕ੍ਰਿ:—ਘਰ ਘਰ ਕੇ ਮੁੱਕ ਜਾਣਾ, ॥

**ਨਖੁਨ,** ਪੁ:—ਨਹੁੰ, ਨਹਿੰਦਰ, ਖੁਰ ਦਾ ਅਗਲਾ ਹਿੱਸਾ, ਨਹੁੰ ਵਰਗੀ ਇਕ ਸਿੱਪੀ, ਅੱਖਾਂ ਦਾ ਇੱਕ ਰੋਗ ॥

**ਨਖੁਨਾ,** ਪੁ:—ਅੱਖਾਂ ਦਾ ਇੱਕ ਰੋਗ॥

**ਨਖੇੜਨਾ,** ਕ੍ਰਿ:—ਪਛਾਣਨਾ, ਅੱਡ ਅੱਡ ਕਰਨਾ ॥

**ਨਗ,** ਪੁ:—ਜਵਾਹਰ, ਥੇਵਾ, ਪਹਾੜ, ਜਿਸ ਦੀ ਗਿਣਤੀ ਅਲਗ ਹੋਵੇ (ਪੰਜ ਨਗ = ਗਿਣਤੀ ਦੀਆਂ ਪੰਜ ਚੀਜ਼ਾਂ) ॥

**ਨੰਗ,** ਪੁ:—ਨੰਗਾ ਪੰਣਾ, ਸ਼ਰਮ, ਹਯਾ, ਇੱਕ ਰੋਗ ॥

ਵਿ:—ਗਰੀਬ, ਬੇ ਸ਼ਰਮ, ਗੁਸਤਾਖ, ਨਿਡਰ ।

**ਨੰਗ ਧੜੰਗ (ਗਾ)** ਵਿ:—ਬਿਲਕੁਲ ਨੰਗਾ ॥

**ਨੰਗ ਧ ੜੰਲ,** ਵਿ:—ਗਰੀਬ, ਨੰਗਾ, ਨਦਾਰ ॥

**ਨੰਗ ਨਮੂਸ,** ਪੁ:—ਪਤ, ਅਬਰੂ ॥

**ਨਗਦ,** ਵਿ:—'ਨਕਦ' ਵੇਖੋ॥

**ਨਰੰਦਣਾ,** ਕ੍ਰਿ:—ਨਗਾਏ ਲਾਉਣਾ ॥

Digitized by Panjab Digital Library | www.panjabdigilib.org

**ਨਗੰਦਵਾਉਣਾ, ਨਗੰਦਾਉਣਾ, ਨੰਗਦਾਉਣਾ** — ਕ੍ਰਿ:—ਨਗੰਦਣ ਦਾ ਕੰਮ ਕਰਾਉਣਾ ।

**ਨਗਦਾ,** ਪੁ:—ਰੁਪਈਆ ॥

**ਨਗੰਦਾ,** ਪੁ:—ਰਜਾਈ ਤੁਲਾਈ ਆਦਿਕ ਵਿਚ ਰੂੰ ਭਰਕੇ ਜੋ ਟੇਪੇ ਲਾਏ ਜਾਂਦੇ ਹਨ (ਮਾਰਨਾ)।

**ਨਗੰਦਾਈ, ਨੰਗਦਾਈ** — ਸ:—ਨਗੰਦਣ ਦਾ ਕੰਮ ਜਾਂ ਢੰਗ ਜਾਂ ਮਜੂਰੀ ॥

**ਨਗਦੀ,** ਸ:—'ਨਕਦੀ' ਵੇਖੋ ॥

**ਨਗੰਦਵਾਈ,** ਸ:—'ਨਗੰਦਾਈ' ਵੇਖੋ ।

**ਨਗਦੋ ਕਰਨਾ,** ਕ੍ਰਿ:—ਚੀਜ਼ ਵੇਚ ਕੇ ਨਗਦ ਮੁੱਲ ਲੈ ਲੈਣਾ ॥

**ਨਗਰ,** ਪੁ:—ਸ਼ਹਿਰ, ਕਸਬਾ, ਵਡੀ ਬਸਤੀ ॥

**ਨਗਰ ਕੀਰਤਨ,** ਪੁ:—ਸ਼ਹਿਰ ਵਿੱਚ ਫਿਰਕੇ ਭਜਨ ਗਾਉਣੇ ॥

**ਨਗਰ ਕੋਟ,** ਪੁ:—ਕਾਂਗੜਾ (ਮਸ਼ਹੂਰ ਪਹਾੜੀ ਸ਼ਹਿਰ) ॥

**ਨਗਰੀ,** ਸ:—ਛੋਟਾ ਨਗਰ, ਸ਼ਹਿਰ, ਸ਼ਹਿਰੀਆ ਵਿ:—ਸ਼ਹਿਰ ਦਾ

**ਨਗਰੋਟਾ,** ਪੁ:—ਛੋਟਾ ਨਗਰ, ਕਸਬਾ, ਇੱਕ ਕਸਬਾ ।

**ਨੰਗਲਣਾ,** ਕ੍ਰਿ:—ਨਗਰ ਬਸਾਉਣਾ ॥

**ਨੰਗਾ,** ਪੁ: ਵਿ:—ਜਿਸ ਨੇ ਕਪੜੇ ਨਾ ਪਾਏ ਹੋਣ, ਉੱਘਾ ॥

**ਨਗਾਰ ਖਾਨਾ,** ਪੁ:—ਮਹਿਲ ਦੀ ਡਿਉੜ੍ਹੀ ਵਿੱਚ ਜਿੱਥੇ ਨਗਾਰੇ ਵਜਦੇ ਹੋਣ ॥

**ਨਗਾਰਚਨ,** ਸ:, **ਨਗਾਰਚੀ,** ਪੁ: — ਜੋ ਨਗਾਰਾ ਵਜਾਵੇ ।

**ਨਗਾਰਾ,** ਪੁ:—ਇੱਕ ਤਰਾਂ ਦਾ ਬਾਜਾ, ਦਮਾਮਾ, ਧੌਂਸਾ ।

**ਨਗਾਰੇ ਦੀ ਚੋਟ ਨਾਲ,** ਕ੍ਰਿ: ਵਿ:—ਸਭ ਦੇ ਸਾਮ੍ਹਣੇ ।

**ਨਗਾਲੀ,** ਪੁ:—ਨਲੀ ਦਾ ਅਗਲਾ ਹਿੱਸਾ ॥

**ਨੰਗੀ,** ਸ:, ਵਿ:—ਜਿਸ ਉੱਤੇ ਕਪੜਾ ਆਦਿਕ ਨਹੀਂ, ਉੱਘੀ ।

**ਨੰਗੀ ਤਲਵਾਰ,** ਸ:—ਨਿਡਰ ਆਦਮੀ ॥

**ਨਗੀਨਾ,** ਪੁ:—ਨਗ, ਥੇਵਾ, ਜੋ ਚੀਜ਼ ਬਹੁ ਸਿਰ ਠੀਕ ਫਿਕੇ (ਜੜਨਾ) ॥

**ਨਗੀਨੇ ਵਰਗਾ,** ਵਿ:—ਠੀਕ ਜੜਿਆ ਹੋਯਾ ਜਿਹਾ ਜਿਹਾ, ਸੋਹਣਾ ॥

**ਨੰਗੇਜ,** ਪੁ:—ਨੰਗਾ ਹੋਣਾ, ਸਰੀਰ ਦੇ ਗੁੱਝੇ ਅੰਗ, ਪੜਦੇ ਦੀ ਥਾਂ ॥

**ਨਗੌਡੀ,** ਵਿ:—ਬਿਚਾਰਾ, ਗਰੀਬ, ਆਜਜ਼ ॥

**ਨਗੌਰ,** ਪੁ:—ਇੱਕ ਸ਼ਹਿਰ ਅਤੇ ਜ਼ਿਲਾ ॥

**ਨਗੌਰੀ,** ਪੁ:—ਨਗੌਰ ਦਾ ਵਸਨੀਕ ॥

**ਨਗੌਰਾ,** ਪੁ:, **ਨਗੌਰੀ,** ਸ: — ਵਿ:—ਨਗੌਰ ਦਾ (ਨਗੌਰੀ ਬਲਦ) ॥

Digitized by Panjab Digital Library | www.panjabdigilib.org

**ਨੰਘਣਾ,** ਕ੍ਰਿ:—'ਲੰਘਣਾ' ਵੇਖੋ॥

**ਨਘਾਰ, ਨਘਾਰਾ,** } ਪੁ:—ਔਖਾ, ਮੁਸੀਬਤ, ਤਬਾਹੀ (ਪੈਣਾ)।

**ਨਘਾਰਨਾ,** ਕ੍ਰਿ:—ਤੰਬਣਾ, ਬਰਬਾਦ ਕਰਨਾ, ਹੜੱਪ ਕਰ ਜਾਣਾ॥

**ਨੱਚਣਾ,** ਕ੍ਰਿ:—ਜੁਗਤ ਨਾਲ ਹੱਥ ਪੈਰ ਮਾਰਕੇ ਇੱਧਰ ਉੱਧਰ ਫੁਰਨਾ, ਕੁੱਦਣਾ, ਟੱਪਣਾ ਪੁ:—ਨਾਚ।

**ਨੱਚਣਾ ਟੱਪਣਾ,** ਪੁ: **ਨੱਚਣੀ ਟੱਪਣੀ,** ਸ: } ਨੱਚਣ ਟੱਪਣ ਵਾਲਾ (ਲੀ)॥

**ਨਚਵਈਆ,** ਪੁ:—ਨੱਚਣ ਵਾਲਾ।

**ਨਚਵਾਉਣਾ, ਨਚਾਉਣਾ,** } ਕ੍ਰਿ:—ਨੱਚਣ ਦਾ ਕੰਮ ਕਰਾਉਣਾ॥

**ਨਚਵਾਈ, ਨਚਾਈ,** } ਸ:—ਨੱਚਣ ਦੀ ਮਜ਼ੂਰੀ॥

**ਨਚਾਰ,** ਪੁ: **ਨਚਾਰੀ,** ਸ: } ਬਹੁਤ ਨੱਚਣ ਵਾਲਾ (ਲੀ)॥

**ਨਚੁੜਵਾਉਣਾ,** ਕ੍ਰਿ:—ਨਚੋੜਨ ਦਾ ਕੰਮ ਕਰਾਉਣਾ॥

**ਨਚੋੜਨਾ,** ਕ੍ਰਿ:—ਨਿਪੀੜ ਜਾਂ ਮਰੋੜ ਕੇ ਪਾਣੀ ਕੱਢਣਾ, ਘੁੱਟਣਾ, ਦੱਬਣਾ, ਤੋਲਣਾ, ਚੋਣਾ, ਲਹੂ ਕੱਢਣਾ।

**ਨਚੋੜ** ਪੁ:—ਨਚੋੜ ਕੇ ਕੱਢਿਆ ਹੋਇਆ ਰਸ ਆਦਿਕ॥

**ਨਛੱਤ੍ਰ,** ਪੁ:—ਤਾਰਾ, ਗ੍ਰਹਿ, ਅਗਾਸ ਦੇ ਬੁਰਜ॥

**ਨਛਿੱਕ (ਕਾ),** ਵਿ:—ਸ਼ਰਮਿੰਦਾ॥

**ਨਜ਼ਦੀਕ,** ਵਿ: **ਨਜ਼ਦੀਕੀ,** ਸ: } 'ਨਜ਼ੀਕ' 'ਨਜ਼ੀਕੀ' ਵੇਖੋ॥

**ਨਜ਼ਰ,** ਸ:—ਨੀਝ, ਨਿਗਾਹ, ਤੱਕ, ਵੇਖ ਭਾਲ, ਪਛਾਣ, ਕ੍ਰਿਪਾ, ਖਿਆਲ, ਧਿਆਨ, ਵੇਖਣ ਦਾ ਬੁਰਾ ਅਸਰ, ਜੋ ਚੀਜ਼ ਕਿਸੇ ਦੀ ਭੇਟ ਕੀਤੀ ਜਾਵੇ।

**ਨਜ਼ਰ ਆਉਣਾ,** ਕ੍ਰਿ:—ਪਰਗਟ ਹੋਣਾ, ਦਿੱਸਣਾ

**ਨਜ਼ਰ ਗੁਜ਼ਾਰਣੀ,** ਸ:—'ਨਜ਼ਰ ਦੇਣੀ' ਵੇਖੋ॥

**ਨਜ਼ਰ ਚੜ੍ਹਨੀ,** ਸ:—ਵੇਖ ਕੇ ਮਨ ਨੂੰ ਭਾ ਜਾਣਾ।

**ਨਜ਼ਰ ਚੁਰਾਉਣੀ,** ਸ:—ਅਭਮਾਨ ਜਾਂ ਸ਼ਰਮ ਆਦਿਕ ਕਰਕੇ ਅੱਖਾਂ ਮੋੜ ਲੈਣੀਆਂ॥

**ਨਜ਼ਰ ਟਪਾਰ,** ਸ:—'ਨਜ਼ਰ ਲਗਣੀ' ਵੇਖੋ॥

**ਨਜ਼ਰ ਦੇਣੀ,** ਕ੍ਰਿ:—ਭੇਟ ਚੜ੍ਹਾਉਣਾ, ਬਲੀ ਦੇਣੀ।

**ਨਜ਼ਰ ਨਿਆਜ਼,** ਪੁ:—ਭੇਟ, ਸੁਖਣਾ, ਚੜ੍ਹਾਵਾ।

**ਨਜ਼ਰ ਪਾਉਣੀ,** ਕ੍ਰਿ:—ਵੇਖਣਾ, ਤੱਕਣਾ॥

**ਨਜ਼ਰ ਪੈਣੀ,** ਕ੍ਰਿ:—ਸਾਹਮਣਾ ਦਿੱਸਣਾ॥

**ਨਜ਼ਰ ਬਚਾਉਣੀ,** ਕ੍ਰਿ:—ਨਾ ਦਿੱਸਣਾ, ਖਿਸਕ ਜਾਣਾ॥

**ਨਜ਼ਰ ਬੱਟੂ,** ਪੁ:—'ਨਜ਼ਰ ਵੱਟੂ' ਵੇਖੋ॥

**ਨਜ਼ਰ ਬੰਦ,** ਵਿ:—ਜਾਦੂ, ਜੋ ਕੈਦੀ ਨਜ਼ਰ ਵਿੱਚ ਰਹੇ (ਰੱਖਣਾ)॥

Digitized by Panjab Digital Library | www.panjabdigilib.org

**ਨਜ਼ਰ ਬੰਦੀ,** ਸ਼ਃ—ਕੈਦ, ਹਵਾਲਾਤ, ਹੱਥ ਚਲਾਕੀ, ਨਜ਼ਰ ਬੰਦ ਹੋਣ ਦੀ ਹਾਲਤ।

**ਨਜ਼ਰ ਬਦਲਣੀ,** ਕ੍ਰਿਃ—ਪਿਆਰ ਜਾਂ ਵਾਧਾ ਕਰਨੀ, ਛੱਡ ਦੇਣੀ ।

**ਨਜ਼ਰ ਬਾਜ਼,** ਪੁਃ—ਤਾੜਨ ਵਾਲਾ ।।

**ਨਜ਼ਰ ਭਰਕੇ ਦੇਖਣਾ,** ਕ੍ਰਿਃ—ਅੱਖਾਂ ਟਿਕਾ ਕੇ ਵੇਖਣਾ,ਪਿਆਰ ਜਾਂ ਗੁੱਸੇ ਨਾਲ ਤੱਕਣਾ।

**ਨਜ਼ਰ ਮਾਰਨੀ;** ਕ੍ਰਿਃ—ਵੇਖਣਾ ਭਾਲਣਾ, ਤੱਕਣਾ ॥

**ਨਜ਼ਰ ਮਿਲਾਉਣੀ,** ਕ੍ਰਿਃ—ਪੂਰਾ ਚੇਹਰਾ ਵੇਖਣਾ ॥

**ਨਜ਼ਰ ਰੱਖਣੀ,** ਕ੍ਰਿਃ—ਖਿਆਲ ਰੱਖਣਾ, ਰਾਖੀ ਕਰਨੀ ॥

**ਨਜ਼ਰ ਲੱਗਣੀ,** ਕ੍ਰਿਃ—ਕਿਸੇ ਦੇ ਵੇਖਣ ਦਾ ਬੁਰਾ ਅਸਰ ਹੋਣਾ ॥

**ਨਜ਼ਰ ਵੱਟੂ,** ਪੁਃ—ਨਜ਼ਰ ਨਾ ਲੱਗਣ ਦੇਣ ਵਾਲਾ ਕਾਲਾ ਮਣਕਾ, ਬੁਰੀ ਨਜ਼ਰ ਹਟਾਉਣ ਵਾਲੀ ਕੋਈ ਚੀਜ਼ ॥

**ਨਜ਼ਰ ਵਿੱਚ,** ਵਿਃ—ਜੋ ਦਿੱਸੇ, ਜਿਸ ਦਾ ਖਿਆਲ ਹੋਵੇ ॥

**ਨਜ਼ਰ ਵਿੱਚ ਰੱਖਣਾ,** ਕ੍ਰਿਃ—ਵੇਖਦੇ ਰਹਿਣਾ, ਕਾਬੂ ਰੱਖਣਾ ॥

**ਨਜ਼ਰਾਉਣਾ,** ਕ੍ਰਿਃ—ਨਜ਼ਰ, ਲਾਉਣੀ, ਅੱਖਾਂ ਨਾਲ ਬੁਰਾ ਅਸਰ ਪਾਉਣਾ, ਜਿਸ ਨੂੰ ਨਜ਼ਰ ਲੱਗੀ ਹੋਵੇ ਉਸ ਨੂੰ ਟੂਣਾ ਕਰਨ ਵਾਲੇ ਨੂੰ ਵਿਖਾਲਣਾ ॥

**ਨਜ਼ਰਾਨਾ,** ਪੁਃ—ਜੋ ਚੀਜ਼ ਵੱਡੇ ਦੀ ਭੇਟ ਕੀਤੀ ਜਾਵੇ ॥

**ਨਜ਼ਰੀ ਆਉਣਾ,** ਕ੍ਰਿਃ—ਨਜ਼ਰ ਆਉਣਾ, ਦਿੱਸ ਪੈਣਾ ॥

**ਨਜ਼ਲਾ,** ਪੁਃ—ਨੱਕ ਵਿੱਚੋਂ ਪਾਣੀ ਵਗਣ ਦਾ ਰੋਗ, ਰੇਸ਼ਾ, ਜ਼ੁਕਾਮ ॥

**ਨਜਾਤ,** ਸਃ—ਮੁਕਤੀ, ਛੁਟਕਾਰਾ, ਦੁਖਾਂ ਦਾ ਦੂਰ ਹੋ ਜਾਣਾ ॥

**ਨਜ਼ਾਰਾ,** ਪੁਃ—ਜੋ ਨਜ਼ਰ ਆਵੇ, ਸੈਲ, ਤਮਾਸ਼ਾ ॥

**ਨਜਿੱਠਣਾ,** ਕ੍ਰਿਃ—ਪੂਰਾ ਕਰਨਾ, ਨਿਬਾਹੁਣਾ, ਝੱਲਣਾ, ਸਹਾਰਨਾ ॥

**ਨਜ਼ੀਕ,** ਕ੍ਰਿਃ, ਵਿਃ—ਨੇੜੇ, ਸਾਮ੍ਹਣੇ, ਲਾਗੇ ॥

**ਨਜ਼ੀਕਣ,** ਸਃ—ਜਿਸ ਤੀਮਤ ਨਾਲ ਨੇੜੇ ਦਾ ਸਾਕ ਹੋਵੇ ॥

**ਨਜ਼ੀਕੀ,** ਪੁਃ—ਨੇੜੇ ਦਾ ਸਾਕ ॥

ਸਃ—ਨਜ਼ੀਕ ਹੋਣ ਦੀ ਹਾਲਤ ॥

**ਨਜੀਬ,** ਪੁਃ } ਦਲੇਰ,ਸਖੀ,ਖੁੱਲ੍ਹੇ ਦਿਲ ਵਾਲਾ
**ਨਜੀਬਣੀ,** ਸਃ } (ਲੀ) ॥

**ਨਜੀਬ ਪੁਣਾ,** ਪੁਃ } ਭਲਮਾਨਸੀ, ਸਖਾਵਤ,
**ਨਜੀਬੀ,** ਸਃ } ਉੱਤਮਤਾਈ ।

**ਨਜੂਮ,** ਪੁਃ—ਤਾਰਿਆਂ ਦੇ ਹਿਸਾਬ ਦਾ ਇਲਮ॥

**ਨਜੂਮਣ,** ਸਃ } ਜੋ ਨਜੂਮ ਦਾ ਇਲਮ ਜਾਣੇ ॥
**ਨਜੂਮੀ,** ਪੁਃ }

Digitized by Panjab Digital Library | www.panjabdigilib.org

**ਨਜ਼ੂਲ**, ਪੁ:, ਸ:—ਸਰਕਾਰੀ ਜ਼ਮੀਨ ਅਤੇ ਉਸ ਦਾ ਮਸੂਲ, ਗੁੱਸਾ, ਬਿਪਤਾ, ਜ਼ੁਲਮ, ਨਜ਼ਲਾ ॥

**ਨਟ**, ਪੁ:—ਤਮਾਸ਼ਾ ਕਰਨ ਵਾਲਾ, ਬਾਜ਼ੀ ਗਰ, ਮਦਾਰੀ॥

**ਨਟ ਖਟ**, ਪੁ:, ਵਿ:—ਸ਼ਰਾਰਤੀ ਆਦਮੀ, ਸ਼ਤਾਨ, ਦੁਸ਼ਟ ॥

**ਨਟ ਖਟੀ**, ਸ:—ਸ਼ਰਾਰਤ, ਉਪੱਦਰ, ਚਲਾਕੀ (ਕਰਨੀ) ॥

**ਨਟ ਬਿੱਦਿਆ**, **ਨਟ ਵਿੱਦਿਆ** — ਸ:—ਬਾਜ਼ੀ ਗਰੀ, ਮਦਾਰੀ ਦਾ ਹੁਨਰ ॥

**ਨਟਣੀ**, **ਨਟੀ** — ਸ:—ਬਾਜ਼ੀ ਗਰਨੀ, ਤਮਾਸ਼ਾ ਕਰਨ ਵਾਲੀ ॥

**ਨੱਠਣਾ**, ਕ੍ਰਿ:—ਦੌੜਨਾ, ਭੱਜਣਾ, ਨੱਸਣਾ ॥

**ਨਠਾਉਣਾ**, ਕ੍ਰਿ:—ਦੁੜਾਉਣਾ, ਭਜਾਉਣਾ, ਨਸਾਉਣਾ ।

**ਨੱਢਾ**, ਪੁ:, **ਨੱਢੀ**, ਸ: — ਜੁਆਨ, ਤਕੜਾ (ੜੀ), ਮੁਟਿਆਰ, ਮੁੰਡਾ, ਕੁੜੀ।

**ਨਢਾਲ**, ਵਿ:—ਕਮਜ਼ੋਰ, ਬੇ ਹੋਸ਼, ਜੋ ਹਿੱਲ ਨਾ ਸੱਕੇ ।

**ਨਣਦ**, ਸ:—ਖੌਂਦ ਦੀ ਭੈਣ, ਨਨਾਣ ॥

**ਨਣਦੋਈਆ**, ਪੁ:—ਨਣਦ ਦਾ ਘਰ ਵਾਲਾ ।

**ਨਣਾਨ**, ਸ:—ਖੌਂਦ ਦੀ ਭੈਣ ॥

**ਨੰਤ**, ਪੁ:—ਇੱਕ ਗਹਿਣਾ, 'ਅਨੰਤ' ਵੇਖੋ ॥

**ਨੰਤਾ**, ਪੁ:—ਖੇਲ੍ਹ ਪੂੰਬਣ ਵਾਲਾ ਉੱਨ ਦਾ ਕਪੜਾ, ਪਕੌੜੇ ਦਾ ਪੁੜ ॥

**ਨਤਾਣਾ**, ਵਿ:—ਕਮਜ਼ੋਰ, ਅਨਾਥ, ਬੇ ਹੋਸ਼ ॥

**ਨੱਤੀ**, ਸ:—'ਨੱਥੀ' ਵੇਖੋ, ਪਕੌੜੇ ਦੀ ਧੀ ॥

**ਨੰਤੀ**, ਸ:—ਕੰਨ ਦੀ ਬਹੁਤ ਛੋਟੀ ਮੁਰਕੀ, ਬੀਰ ਬਲੀ ॥

**ਨਤੀਜਾ**, ਪੁ:—ਕਿਸੇ ਕੰਮ ਦਾ ਫਲ, ਛੇਕੜ ॥

**ਨੱਥ**, ਸ:—ਨੱਕ ਦੀ ਬਾਲੀ, ਬਲਦ ਆਦਿਕਾਂ ਦੇ ਨੱਕ ਦਾ ਰੱਸਾ ॥

**ਨੱਥ ਲੈਣਾ**, ਕ੍ਰਿ:—'ਨੱਥਣਾ' ਵੇਖੋ ॥

**ਨੱਥਣਾ**, ਕ੍ਰਿ:—ਜਨੌਰ ਦੇ ਨੱਕ ਵਿੱਚ ਰੱਸਾ ਪਾਉਣਾ, ਨੱਥੀ ਕਰਨੀ, ਕਿਸੇ ਨੂੰ ਕਾਬੂ ਕਰਨਾ ॥

**ਨਥਲਾ**, ਪੁ:—ਵੱਡੀ ਨੱਥ ॥

**ਨਥਲੀ**, ਸ:—ਛੋਟੀ ਨੱਥ

**ਨਥਲੂ**, ਪੁ:—ਜੋ ਨਥ ਨਾ ਬਹੁਤ ਵੱਡੀ ਹੋਵੇ ਨਾ ਛੋਟੀ ।

**ਨਥਵਾਉਣਾ**, **ਨਥਾਉਣਾ** — ਕ੍ਰਿ:—ਨੱਥਣ ਦਾ ਕੰਮ ਕਰਾਉਣਾ ।

**ਨਥਵਾਈ**, **ਨਥਾਈ** — ਸ:—ਨੱਥਣ ਦੀ ਮਜੂਰੀ ॥

**ਨੱਥੀ**, ਸ:—ਕਾਗਤ ਨੱਥਣ ਵਾਲਾ ਧਾਗਾ; ਕਿਸੇ ਮਾਮਲੇ ਦੇ ਕਾਗਤਾਂ ਦਾ ਕੱਠ ।

**ਨੱਥੀ ਕਰਨੀ**, ਕ੍ਰਿ:—ਧਾਗਾ ਪਰੋਕੇ ਕਾਗਤ ਕੱਠੇ ਕਰਨਾ ॥

**ਨਥੂਰ**, ਪੁ:—'ਨਸੂਰ' ਵੇਖੋ ॥

Digitized by Panjab Digital Library | www.panjabdigilib.org

**ਨਦੀ,** ਸ:—ਦਰਿਆ, ਨਾਲਾ ॥

**ਨੰਦੀ,** ਸ:—ਹਿੰਦੂਆਂ ਦੀ ਇੱਕ ਦੇਵੀ ।

**ਨਦੀਦਾ,** ਵਿ:—ਜਿਸ ਨੇ ਕਦੇ ਕੁਝ ਡਿੱਠਾ ਨਹੀਂ, ਲੋਭੀ, ਖਾਊ ॥

**ਨੰਦੂ,** ਪੁ:—ਇੱਕ ਆਦਰ ਦਾ ਬਚਨ ॥

**ਨੰਦੂ ਕੱਢਣਾ**
**ਨੰਦੂ ਕੱਢ ਵਖਾਉਣਾ** } ਕ੍ਰਿ:—ਕਿਸੇ ਕਮ ਤੋਂ ਨਾਂਹ ਕਰਨੀ ॥

**ਨੰਦੂ ਜੁਆਨ,** ਪੁ:—ਤਮਾਸ਼ਾ ਕਰਨ ਵਾਲਾ ਰਿੱਛ ਜਾਂ ਬਾਂਦਰ ।

**ਨੰਦੋਇਆ**
**ਨੰਦੋਈਆ** } ਪੁ:—ਨਨਾਣ ਦਾ ਖੌਂਦ ।

**ਨਧੜਕ,** ਵਿ:—ਨਿਡਰ, ਦਲੇਰ ਹੌਂਸਲੇ ਵਾਲਾ ।

**ਨਧਾਨ,** ਪੁ:—ਜਿਸ ਵਿੱਚ ਕੋਈ ਗੁਣ ਸੰਬੰਧਿਕ ਹੋਵੇ ॥

**ਨੰਨਾ,** ਪੁ:—'ਨ' ਅੱਖਰ, ਨਾਂਹ, ਇਨਕਾਰ

**ਨੰਨਾ ਭਰਨਾ,** ਕ੍ਰਿ:—ਨਾਂਹ ਕਰ ਦੇਣੀ ਨਾ ਮੰਨਣਾ ॥

**ਨੰਨਾ**
**ਨੰਨ੍ਹਾ** } ਵਿ:—ਛੋਟਾ, ਅਞਾਣਾ, ਨਦਾਨ ਬਾਲਕ

**ਨਨਾਣ,** ਸ:—ਖੌਂਦ ਦੀ ਭੈਣ ।

**ਨਨਾਣ ਵਈਯਾ,** ਪੁ:—ਨਨਾਣ ਦਾ ਖੌਂਦ ॥

**ਨਨਿਔਰਾ,** ਪੁ:—ਮਾਂ ਦਾ ਪੇਕਾ ॥

**ਨਪਣਾ,** ਕ੍ਰਿ:—ਨਾਪਿਆ ਜਾਣਾ, ਮਾਪਿਆ ਜਾਣਾ ॥

**ਨੱਪਣਾ,** ਕ੍ਰਿ:—ਦੱਬਣਾ, ਘੁੱਟਣਾ, ਪਕੜਨਾ, ਕਾਬੂ ਕਰਨਾ ॥

**ਨਪਾਉਣਾ,** ਕ੍ਰਿ:—ਨਾਪ ਕਰਾਉਣਾ, ਮਿਣਵਾਉਣਾ ॥

**ਨਪਾਈ,** ਸ:—ਨਾਪਣ ਦਾ ਕੰਮ ਜਾਂ ਮਜੂਰੀ ॥

**ਨਪਾਣ,** ਪੁ:—ਨਾਪ, ਅੰਦਾਜ਼ਾ ॥

**ਨਪਿੱਠਣਾ,** ਕ੍ਰਿ:—ਘੁੱਟਣਾ, ਦੱਬਣਾ ॥

**ਨਪੀਰੀ,** ਸ:—'ਨਫੀਰੀ' ਵੇਖੋ ॥

**ਨਪੀੜ,** ਸ:—ਔਖ, ਦੁੱਖ ॥

**ਨਪੀੜਨਾ,** ਕ੍ਰਿ:—ਪੀੜਨਾ, ਦਲਣਾ, ਦੱਬਣਾ, ਸਹਾਰਨਾ, ਦੁੱਖ ਦੇਣਾ ॥

**ਨਪੈਥਰ,** ਵਿ:—ਅਨਾਥ, ਨਿਮਾਣਾ ॥

**ਨਫਸ,** ਪੁ:—ਸਾਹ, ਸਰੀਰ, ਆਤਮਾ, ਭੋਗ ਦੀ ਇੱਛਿਆ ।

**ਨਫਰ,** ਪੁ:—ਨੌਕਰ, ਟਹਿਲੀਆ ॥

**ਨਫਰਪੁਣਾ,** ਪੁ: ਗੁਲਾਮੀ ॥

**ਨਫਰੀ,** ਸ:—ਇੱਕ ਆਦਮੀ ਦੀ ਮਜੂਰੀ ਦਿਹਾੜੀ ॥

**ਨਫਾ,** ਪੁ:—ਲਾਹ, ਫਾਇਦਾ, ਖੱਟੀ, (ਪਾਉਣਾ) ॥

**ਨਫਿੱਟ,** ਵਿ:—ਨਕਾਰਾ, ਜੋ ਕਿਸੇ ਕੰਮ ਜੋਗਾ ਨਹੀਂ ॥

**ਨਫੀਸ,** ਵਿ:—ਬਰੀਕ, ਸੁੱਚਾ, ਖਰਾ ॥

**ਨਫੀਰੀ,** ਸ:—ਇੱਕ ਤਰ੍ਹਾਂ ਦੀ ਮੁਰਲੀ, ਬੰਸਰੀ, ਤੂਤੀ ॥

Digitized by Panjab Digital Library | www.panjabdigilib.org

**ਨਬਜ਼,** ਸ:—ਨਾੜੀ, ਹੱਥ ਦੀ ਰਗ।

**ਨੰਬਰ,** ਪੁ:—ਗਿਣਤੀ, ਦਰਜਾ, ਵਾਰੀ।

**ਨੰਬਰਦਾਰ, ਨੰਬਰਦਾਰਨੀ, ਨੰਬਰ, ਨੰਬਰੀ** — 'ਲੰਬਰਦਾਰ' ਆਦਿਕ ਦੇਖੋ॥

**ਨਬਾਹ,** ਪੁ:—ਕੰਮ ਪੂਰਾ ਹੋਣਾ, ਗੁਜ਼ਾਰਾ, ਰਾਖੀ, ਮੇਲ (ਹੋਣਾ, ਕਰਨਾ)।

**ਨਬਾਹੁਣਾ,** ਕ੍ਰਿ:—ਕੰਮ ਪੂਰਾ ਕਰਨਾ, ਬਚਾਉਣਾ, ਧਿਆਨ ਰੱਖਣਾ, ਧਰਮ ਉੱਤੇ ਕਾਇਮ ਰਹਿਣਾ, ਚਲਾਉਣਾ॥

**ਗੱਲ ਪਈ ਨੂੰ ਨਬਾਹੁਣਾ,** ਕ੍ਰਿ:—ਜੇਹੜਾ ਕੰਮ ਕਰਨਾ ਪਿਆ ਹੈ ਉਸ ਨੂੰ ਲਚਾਰ ਹੋਕੇ ਪੂਰਾ ਕਰਨਾ।

**ਨਬਾਹੂ,** ਵਿ:—ਜਿਸ ਨਾਲ ਨਬਾਹ ਹੋ ਸੱਕੇ, ਪੱਕਾ।

**ਨਬਾਤੀ,** ਵਿ:—ਮਿਸਰੀ ਦੇ ਰੰਗ ਦਾ, ਕੁਝ ਕੁਝ ਭੂਰਾ।

**ਨਬਾਬ,** ਪੁ:—ਸ਼ਹਿਰ ਜਾਂ ਜ਼ਿਲੇ ਦਾ ਹਾਕਮ, ਰਈਸ॥

**ਨਬਾਬੀ,** ਸ:—ਨਬਾਬ ਦਾ ਦਰਜਾ ਜਾਂ ਕੰਮ। ਵਿ:—ਨਬਾਬ ਦਾ॥

**ਨਬਾਲਾਂ,** ਵਿ:—ਜਿਸ ਦਾ ਕੋਈ ਆਸਰਾ ਨਹੀਂ॥

**ਨਬੀ,** ਪੁ:—ਪਿਕੰਬਰ, ਰਸੂਲ॥

**ਨਬੀਣਾ,** ਪੁ:—ਅੰਨ੍ਹਾ, ਜਿਸ ਨੂੰ ਦਿੱਸੇ ਨਾ॥

**ਨੱਬੇ,** ਵਿ:—ਦਸ ਘਟ ਸੌ, ਨੌਂ ਦਹਾਈਆਂ॥

**ਨਬੇੜਨਾ, ਨਬੇੜ ਤਬੇੜ ਦੇਣਾ** — ਕ੍ਰਿ:—ਮੁਕਾਉਣਾ, ਕਰਜ਼ਾ ਉਤਾਰਨਾ, ਫੈਸਲਾ ਕਰਨਾ।

**ਨਬੇੜਾ,** ਪੁ:—ਅੰਤ, ਕੰਮ ਦਾ ਮੁਕਣਾ, ਫੈਸਲਾ॥

**ਨਬੇੜੂ,** ਪ:—ਨਬੇੜਨ ਨੂੰ ਤਿਆਰ।

**ਨਬੌਲਾ,** ਪੁ:—ਕਪਾਹ ਦਾ ਬੀਜ, ਵੜੇਵਾਂ॥

**ਨਭ,** ਸ:—ਧੁੰਨੀ, ਵਿਚਕਾਰਲੀ ਥਾਂ॥

**ਨਮ,** ਸ:—ਤਰੀ, ਸਿੱਲ੍ਹ॥

**ਨਮਦਾਰ,** ਵਿ:—ਤਰ, ਸਿੱਲ੍ਹਾ॥

**ਨਮਸਕਾਰ,** ਪੁ:—ਮੱਥਾ ਟੇਕਣਾ, ਪੈਰੀਂ ਪੈਣਾ, (ਕਰਨਾ)।

**ਨਮਸਤੇ,** ਸ:—'ਤੈਨੂੰ ਨਮਸਕਾਰ ਹੋ'। ਆਰੀਆ ਸਮਾਜੀਆਂ ਦੀ ਰਾਮ ਰਾਮ॥

**ਨਮਕ,** ਪੁ:—ਲੂਣ, ਮਸ਼ਹੂਰ ਮਸਾਲਾ ਦਾਲ ਭਾਜੀ ਵਿੱਚ ਪਾਉਣ ਵਾਲਾ॥

**ਨਮਦਾ,** ਪ:—ਉੱਨ ਦਾ ਮੋਟਾ ਕਪੜਾ ਹੇਠਾਂ ਵਿਛਾਉਣ ਵਾਲਾ॥

**ਨਮਦਾ ਬੁੱਧ,** ਵਿ:—ਥੋੜੀ ਅਕਲ, ਜਿਸਦੀ ਥੋੜੀ ਅਕਲ ਹੈ॥

**ਨਮਾਜ਼,** ਸ:—ਮੁਸਲਮਾਨਾਂ ਦੀ ਪੰਜ ਵੇਲੇ ਦੀ ਪੂਜਾ॥

**ਨਮਾਜ਼ ਵੇਲਾ,** ਪੁ:—ਬਹੁਤ ਸਵੇਰ ਦਾ ਵੇਲਾ॥

**ਨਮਾਜ਼ਣ,** ਸ:, **ਨਮਾਜ਼ੀ,** ਪੁ: — ਜੋ ਨਮਾਜ਼ ਪੜ੍ਹਨ ਵਾਲਾ (ਲੀ) ਹੋਵੇ॥

**ਨਮਾਜ਼ੀ,** ਵਿ:—ਨਮਾਜ਼ ਦਾ, ਪਵਿੱਤ੍ਰ, ਸਾਫ (ਨਮਾਜ਼ੀ ਕਪੜੇ)॥

Digitized by Panjab Digital Library | www.panjabdigilib.org

**ਨਮਾਣਾ,** ਪੁ: / **ਨਮਾਣੀ,** ਸ: } ਗਰੀਬ, ਅਨਾਥ, ਸਾਣੋਂ ਬਾਹਰ, ਕੋਤ੍ਰੀ 'ਨਿਮਾਣਾ' ਵੇਖੋ ।

**ਨਮਿਸਤਾ,** ਪੁ:—ਲਿਖਿਆ ਹੋਇਆ, ਪਰਾਲਬਧ ਭਾਗ ।

**ਨਮਿੱਤ,** ਪੁ:—ਸਬਬ, ਕਾਰਣ, ਖਾਤਰ, ਸਦਕਾ ।

**ਨਮੱਕਰ,** ਵਿ:—ਮੁੱਕਰ ਜਾਣ ਵਾਲਾ (ਹੌਲਾ)।

**ਨਮੁੱਕਰ ਸਰਾਫ** / **ਨਮੁੱਕਰ ਸ਼ਾਹ** } ਪੁ:—ਲੈਣ ਦੇਣ ਵਿੱਚ ਜਿਸ ਦਾ ਵਸਾਹ ਨਹੀਂ, ਖੋਟੇ ਵਿਹਾਰ ਵਾਲਾ ਬੁਪਾਰੀ ॥

**ਨਮੂਜ,** ਪੁ:—ਇਜ਼ਤ, ਨਾਉਂ, ਸ਼ੋਭਾ ॥

**ਨਮੂਨਾ,** ਪੁ:—ਨਕਲ, ਵੰਨਗੀ॥

**ਨਮੇਕਲਾ,** ਵਿ:—ਨਵੇਕਲਾ, ਇਕੱਲਾ, ਵੱਖਰਾ ।

**ਨਮੋਸ਼ੀ,** ਸ:—ਸ਼ਰਮ, ਨਿਰਾਦਰੀ, ਬਦਨਾਮੀ, ਨਿੰਦਿਆ ॥

**ਨਮੋ ਨਰਾਇਣ** / **ਨਮੋ ਨਰੈ** } ਵਿਸਮਕਤ — ਸੰਨਿਆਸੀਆਂ ਦੀ ਰਾਮ ਰਾਮ ॥

**ਨਮੋਲੀ,** ਸ:—ਨਿੰਮ ਦਾ ਫਲ, ਜੁੱਤੀ ਉੱਪਰ ਇੱਕ ਤਰਾਂ ਦਾ ਵੇਲ ਦਾ ਬੂਟਾ ਕੱਢਣ ਦਾ ਢੰਗ (ਕਰਨੀ)॥

**ਨੱਯਤ,** ਸ:—ਨੀਤ, ਮਨੋਰਥ, ਪਰੋਜਨ ॥

**ਨਯਾਇ,** / **ਨਯਾਈ,** } 'ਨਿਆਇ' ਆਦਿਕ ਵੇਖੋ ॥

**ਨਰ,** ਪੁ:-ਮਰਦ, ਮਨੁੱਖ, ਆਦਮੀ । ਵਿ:-ਦਲੇਰ॥

**ਨਰਸਿੰਘ ਔਤਾਰ,** ਪੁ:-ਵਿਸ਼ਨੂੰ ਜੀ ਦਾ ਉਹ ਔਤਾਰ ਜਿਸ ਦਾ ਉੱਪਰਲਾ ਧੜ ਸ਼ੇਰ ਦਾ ਅਤੇ ਹੇਠਲਾ ਧੜ ਮਨੁੱਖ ਦਾ ਸਾ ।

**ਨਰਪਤ** / **ਨਰਪਤੀ** } ਪੁ:—ਮਨੁੱਖਾਂ ਦਾ ਸਾਈਂ, ਰਾਜਾ ॥

**ਨਰਸਿੰਗਾ,** ਪੁ: / **ਨਰਸਿੰਗੀ,** ਸ: } ਇਕ ਤਰ੍ਹਾਂ ਦਾ ਤੁਤੀ, ਤੁਰਮ ।

**ਨਰਸਿੰਗੀਆ,** ਪੁ: ਨਰਸਿੰਗਾ ਵਜਾਉਣ ਵਾਲਾ॥

**ਨਰਸੋਂ,** ਕ੍ਰਿ: ਵਿ:—ਚੌਥੇ ਦਿਨ (ਅਗਲੇ ਜਾਂ ਪਿਛਲੇ)॥

**ਨਰਕ,** ਪੁ:—ਜਿੱਥੇ ਪਰਲੋਕ ਵਿੱਚ ਪਾਪੀ ਪਾਪਾਂ ਦਾ ਫਲ ਭੁਗਤਣਗੇ । ਜਿੱਥੇ ਬਹੁਤ ਦੁੱਖ ਮਿਲੇ, ਦੁਖ, ਕਸ਼ਟ ।

**ਨਰਕ ਕੁੰਡ,** ਪੁ:—ਨਰਕ ਦਾ ਡੂੰਘਾ ਟੋਇਆ ਜਿਸ ਵਿੱਚ ਪਾਪੀ ਪੈਣਗੇ ।

**ਨਰਕਣ,** ਸ: / **ਨਰਕੀ,** ਪੁ: } ਜੋ ਨਰਕ ਵਿਚ ਪਏ, ਨਰਕ ਦਾ ਭਾਗੀ ।

**ਨਰੱਖ,** ਵਿ:—ਜੋ ਖਾਣ ਪੀਣ ਦਾ ਅਟਕਾਉ ਨਾ ਰੱਖੇ, ਜਿਸ ਦਾ ਮਨ ਆਪਣੇ ਵੱਸ ਵਿੱਚ ਨਾ ਹੋਵੇ ॥

**ਨਰਖਰਾ,** ਪੁ:—ਗਲ ਵਿਚਲੀ ਸਾਹ ਲੈਣ ਵਾਲੀ ਨਾਲੀ ॥

**ਨਰੱਖਾ,** ਪੁ:—ਖਾਣ ਪੀਣ ਦਾ ਅਟਕਾਉ ਨ ਰੱਖਣ ਵਾਲਾ ਰੋਗੀ ॥

ਵਿ:-ਜਿਸ ਦੀ ਕੋਈ ਰਾਖੀ ਨਾ ਕਰ ॥

Digitized by Panjab Digital Library / www.panjabdigilib.org

**ਨਰਗਸ, ਨਰਗਿਸ,** ਸ:—ਇਕ ਫੁੱਲ (ਕਸ਼ਮੀਰ ਦਾ)।

**ਨਰਗਾ,** ਪੁ:—ਘੇਰਾ, ਗਿਰਦਾ, ਔਖ (ਕਰਨਾ, ਪਾਉਣਾ)॥

**ਨਰੰਗੀ,** ਸ:—ਇੱਕ ਛੋਟਾ ਸੰਤਰਾ।

**ਨਿਰੰਜਨ,** ਪੁ:—ਮਾਯਾ ਤੋਂ ਰਹਿਤ, ਸ਼ੁੱਧ, ਪਰਮੇਸਰ।

**ਨਰੰਜੀ,** ਵਿ:—ਸੰਤਰੇ ਦੇ ਰੰਗ ਦਾ, ਪੀਲਾ।

**ਨਰਦ,** ਸ:—ਗੋਟ, ਚੌਪੜ ਜਾਂ ਸ਼ਤਰੰਜ ਦਾ ਮੋਹਰਾ॥

**ਨਰਦ ਖਾਨਾ,** ਪੁ:—ਮੋਰੀ, ਵਹਿਣੀ॥

**ਨਰਬਾਹ (ਹਾ), ਪੁ: ਨਰਬਾਹੁਣਾ, ਕ੍ਰਿ:** 'ਨਬਾਹ' 'ਨਬਾਹੁਣਾ' ਵੇਖੋ॥

**ਨਰਮ,** ਵਿ:—ਪੋਲਾ, ਮੁਲਾਇਮ, ਕੂਲਾ, ਮੱਧਮ, ਹੌਲਾ॥

**ਨਰਮ ਖੁਰਾਕ, ਸ: ਨਰਮ ਭੋਜਨ,** ਜੋ ਖੁਰਾਕ ਛੇਤੀ ਪਚ ਜਾਵੇ॥

**ਨਰਮ ਗਰਮ,** ਵਿ:—ਚੰਗਾ ਮੰਦਾ, ਸੁਖ ਦੁਖ॥

**ਨਰਮਾ,** ਪੁ:—ਇੱਕ ਨਰਮ ਕਪਾਹ ਦਾ ਬੂਟਾ।

**ਨਰਮਾਇਸ਼, ਨਰਮਾਈ, ਨਰਮੀ,** ਸ:—ਨਰਮ ਹੋਣ ਦਾ ਗੁਣ।

**ਨਰਵਾਰ, ਨਰਵੈਰ,** ਪੁ:—ਫਰਕ, ਪੁਛਾਣ, ਸੰਪੂਰਣਤਾਈ॥

**ਨਰਵਾਰਨਾ,** ਕ੍ਰਿ:—ਪਛਾਨਣਾ, ਅੰਤ ਕਰਨਾ॥

**ਨਰੜ,** ਪੁ:—ਡੰਗਰਾਂ ਨੂੰ ਕੱਠੇ ਬੰਨ੍ਹਣ ਦਾ ਢੰਗ (ਕਰਨਾ)॥

**ਨਰੜਨਾ,** ਕ੍ਰਿ:—ਡੰਗਰਾਂ ਨੂੰ ਕੱਠੇ ਬੰਨ੍ਹਣਾ, ਜਕੜਨਾ॥

**ਨਰੜਾਉਣਾ,** ਕ੍ਰਿ:—ਡੰਗਰਾਂ ਨੂੰ ਕੱਠੇ ਬਨ੍ਹਾਉਣਾ।

**ਨਰਾਇਣ, ਨਰਾਇਣੀ,** 'ਨਰੈਣ' 'ਨਰੈਣੀ' ਵੇਖੋ।

**ਨਰਾਤਰਾ, ਨਰਾਤਾ,** ਪੁ:—ਚੇਤ੍ਰ ਅਤੇ ਅੱਸੂ ਦੇ ਮਹੀਨੇ ਦੇ ਨੌਂ ਨੌਂ ਵਰਤ ਦੁਰਗਾ ਦੇ ਉਪਾਸ਼ਕ ਰਖਦੇ ਹਨ॥

**ਨਰੀ,** ਪ:—ਲਾਲ ਬਕਰੀ ਦੀ ਖੱਲ॥

**ਨਰੇਲ,** ਪੁ:—ਹਰਾ ਖੋਪਾ, ਗਰੀ, ਜੂੰਟ॥

**ਨਰੇਲਾ,** ਪੁ:—'ਨਲੇਰਾ' ਵੇਖੋ॥

**ਨਰੈਣ,** ਪੁ:—ਪਰਮੇਸਰ, ਪਰਮਾਤਮਾ, ਵਿਸ਼ਨ ਜੀ॥

**ਨਰੈਣੀ,** ਪੁ: ਵਿ:—ਜੋ ਨਰੈਣ ਦਾ ਆਸਰਾ ਰੱਖੇ, ਨਰੈਣ ਦਾ ਭਗਤ, ਨਰੈਣ ਦਾ॥

**ਨਰੈਣੀ ਬਲ,** ਪੁ:—ਹਿੰਦੂ ਦੇ ਮਰਨ ਪਿਛੋਂ, ਸਤਾਰਵੇਂ ਦਿਨ ਦਾ ਕਰਨਾ॥

**ਨਰੋਆ, ਨਰੋਇਆ,** ਵਿ:—ਜਿਸ ਨੂੰ ਰੋਗ ਨਹੀਂ, ਰਾਜ਼ੀ, ਚੰਗਾ ਭਲਾ॥

**ਨਰੋਲ,** ਵਿ:—ਸਾਫ, ਖਰਾ ਨਿਰਮਲ, ਨਖਾਲਸ॥

**ਨਲ,** ਪੁ:—ਚੰਦ ਖੰਦ ਜਾਂ ਹੱਡੀ ਦਾ ਵੱਡਾ ਠੱਪਾ ਲੋਹੇ ਜਾਂ ਬਾਂਸ ਦੀ ਨਾਲੀ ਜਿਸ ਦੇ ਅੰਦਰ ਪਾਣੀ ਵਗੇ, ਪਤਾਲੂ, ਪਤਾਲੂ ਦੀ ਸੋਜ (ਨਲ ਉਤਰਨੇ)॥

Digitized by Panjab Digital Library | www.panjabdigilib.org

**ਨਲਕਾ,** ਪੁ:
**ਨਲਕੀ,** ਸ: } ਛੋਟਾ ਨਲ, ਦੀਨ ਆਦਿਕ ਦਾ ਰੋਗ ਅਤੇ ਟੀਨ ਤੁੰਬਾ (ਕਾਗਜ਼ ਪਾਉਣ ਵਾਲੀ)।

**ਨਲਨੀ,** ਸ:—ਕੌਲਾ, ਡਾਹੀ, ਬਿਲਕ॥

**ਨਲਵਾਉਣਾ,** ਕ੍ਰਿ:—ਨੌਲਣ ਦੇਣਾ, ਗਾਲ੍ਹ ਕਢਵਾਉਣਾ।

**ਨਲ਼ਾ,** ਪੁ:—ਛੋਟੀ ਨਦੀ, ਵਗਦਾ ਪਾਣੀ ਜਾਂ ਸੀਂਢ॥

**ਨਲਾਰੀ,** ਪੁ:—ਕਪੜੇ ਰੰਗਣ ਵਾਲਾ, ਲਲਾਰੀ।

**ਨਲ਼ੀ,** ਸ:—ਛੋਟੀ ਨਦੀ, ਬੰਦੂਕ ਦੀ ਨਾਲੀ, ਜੁਲਾਹੇ ਦੀ ਪੈਲਾ ਨਲਕੀ, ਵਗਦਾ ਸੀਂਢ।

**ਨੱਲ਼ੀ,** ਸ:—'ਕਿਆਰਾ' ਵੇਖੋ

**ਨਲ਼ੀਂ,** ਸ:—ਚੰਗੀ ਧਰਤੀ

**ਨਲੂਆ,** ਪੁ:—ਬਾਲਾਂ ਦੇ ਸਿਰ ਉਤੇ ਜੋ ਪਾਣੀ ਦੀ ਧਾਰ ਪਾਈ ਜਾਵੇ, ਮਹਾਰਾਜਾ ਰਣਜੀਤ ਸਿੰਘ ਦੀ ਫੌਜ ਦੇ ਜਰਨੈਲ ਹਰੀ ਸਿੰਘ ਦੀ ਅਲ।

**ਨਲੇਰ,** ਪੁ:—'ਨਰੇਲ' ਵੇਖੋ॥

**ਨਲੇਰਾ,** ਪੁ:—'ਲਲੇਰਾ' ਵੇਖੋ॥

**ਨਲੇਰੀ,** ਸ:—ਛੋਟਾ ਨਰੇਲ, ਨਰੇਲ ਦਾ ਛਿੱਲੜ ਦਾ ਟੁਕੜਾ॥

**ਨਵੰਬਰ,** ਪੁ:—ਅੰਗ੍ਰੇਜ਼ੀ ਸਾਲ ਦਾ ਗਿਆਰਵਾਂ ਮਹੀਨਾ॥

**ਨਵਤਣ,** ਵਿ:—ਨਵਾਂ, ਸੱਜਰਾ॥

**ਨਵਰਨੀ,** ਸ:—ਨਵੀਂ ਵਿਆਹੀ ਹੋਈ ਕੁੜੀ

**ਨਵਾਂ,** ਵਿ:—ਥੋੜ੍ਹੇ ਚਿਰ ਦਾ ਬਣਿਆ ਹੋਯਾ ਸੱਜਰਾ, ਤਾਜ਼ਾ, ਅਣੋਖਾ।

**ਨਵਾਂ ਕਰਨਾ,** ਕ੍ਰਿ: ਮੁੜ ਬਣਾਉਣਾ, ਪਹਿਲਾਂ ਵਾਰ ਚਖਣਾ (ਫਲ ਆਦਿਕ)॥

**ਨਵਾਂ ਨਕੋਰ,** ਵਿ:—ਬਿਲਕੁਲ ਨਵਾਂ।

**ਨਵਾਂ ਨਰੋਆ,** ਵਿ:—ਰਾਜ਼ੀ ਬਾਜ਼ੀ, ਚੰਗਾ ਭਲਾ

**ਨਵੇਂ ਸਿਰੇ**
**ਨਵੇਂ ਸਿਰਿਓਂ** } ਕ੍ਰਿ: ਵਿ:—ਮੁੱਢੋਂ, ਫੇਰ॥

**ਨਵੇਂ ਸਿਰੇ ਜਨਮ ਹੋਣਾ,** ਕ੍ਰਿ: ਬਹੁਤ ਬਿਮਾਰੀ ਪਾਕੇ ਫੇਰ ਤਕੜੇ ਹੋਣਾ॥

**ਨਵਾਬ**
**ਨਵਾਬੀ** } 'ਨਬਾਬ' 'ਨਬਾਬੀ' ਵੇਖੋ।

**ਨਵਾਰ,** ਸ:—ਸੂਤ ਦੀ ਉਣੀ ਹੋਈ ਮੋਟੀ ਪੱਟੀ, ਜਿਸ ਨਾਲ ਪਲੰਘ ਆਦਿਕ ਉਣਦੇ ਹਨ॥

**ਨਵਾਰੀ,** ਵਿ:—ਨਵਾਰ ਨਾਲ ਉਣਿਆ ਹੋਯਾ॥

**ਨਵਾਲਾ,** ਪੁ:—ਲੁਕਮਾ, ਗਰਾਹ॥

**ਨਵਿੰਸਤਾ,** ਪੁ:—'ਨਾਮਸਤਾ' ਵੇਖੋ॥

**ਨਵਿਰਤ**
**ਨਵਿਰਤੀ** } ਸ:—ਹਟਾਉਣਾ, ਦੂਰ ਕਰਨਾ (ਹੋਣਾ, ਕਰਨਾ)।

**ਨਵੀਨ,** ਵਿ:—ਨਵਾਂ॥

**ਨੱਵੇ,** ਵਿ:—ਅੱਸੀ ਅਤੇ ਦਸ, ਨੌਂ ਦਹਾਈਆਂ।

Digitized by Panjab Digital Library | www.panjabdigilib.org

**ਨਵੇਕਲਾ,** ਵਿ:—ਅਲਗ, ਇੱਕਲਾ ਵੇਹਲਾ ॥

**ਨਵੇਲਾ,** ਵਿ:—ਨਵਾਂ। ਪੁ:—ਲਾੜਾ ॥

**ਨਵੇਲੀ,** ਸ:—ਨਵੀਂ ਵਿਆਹੀ ਹੋਈ ਵਹੁਟੀ ॥

**ਨੜ,** ਪੁ:—ਵੱਡਾ ਪੱਥਰ, ਖਿੰਘਰ ॥

**[illegible],** ਪੁ:—ਲੰਮਾ ਪਤਲਾ ਨੜਾ, ਲੰਮਾ, ਮੂਰਖ ਆਦਮੀ ॥

**ਨੜਾ,** ਪੁ:—ਇੱਕ ਤਰਾਂ ਦਾ ਪਤਲਾ ਬਾਂਸ, ਪੋਲੀ ਨਲੀ ਜਿਸ ਉਤੇ ਸੂਤਰ ਲਪੇਟਦੇ ਹਨ ॥

**ਨੜੀ,** ਸ:—ਹੁੱਕੇ ਦੀ ਫੰਡੀ ਜਾਂ ਨਾਲੀ, ਇੱਕ ਤਰਾਂ ਦਾ ਕਾਨ ॥

**ਨੜੋਆ / ਨੜੋਇਆ** } ਪੁ:—ਮੁਰਦੇ ਨੂੰ ਲੈਕੇ ਜੋ ਲੋਕ ਮਸਾਣ ਤੱਕ ਜਾਵਣਾ।

**ਨਾ,** ਕ੍ਰਿ: ਵਿ:—ਨ, ਨਹੀਂ। 'ਨ' ਵੇਖੋ ॥

**ਨਾਂ,** ਕ੍ਰਿ: ਵਿ:—ਨਹੀਂ। ਪੁ:—ਨਾਉਂ, ਮਸ਼ਹੂਰੀ, ਸੋਭਾ ॥

**ਨਾਂ ਕਰਨਾ** ਕ੍ਰਿ:—ਉੱਘਾ ਕਰਨਾ, ਜਸ ਦੇਣਾ ॥

**ਨਾਂ ਕੱਢਣਾ,** ਕ੍ਰਿ:—ਮਸ਼ਹੂਰ ਹੋਣਾ, ਬਦਨਾਮੀ ਕਰਾਉਣੀ ॥

**ਨਾਂ ਗੁਆਣਾ,** ਕ੍ਰਿ:—ਬਦਨਾਮੀ ਕਰਾ ਲੈਣੀ, ਬੇਉਲਾਦਾ ਮਰਨਾ ॥

**ਨਾਂ ਧਰਨਾ,** ਕ੍ਰਿ:—ਕਿਸੇ ਦਾ ਕੋਈ ਨਾਉਂ ਥਾਪਣਾ, ਬੁਰੇ ਨਾਉਂ ਨਾਲ ਬੁਲਾਉਣਾ, ਚੀਜ਼ ਦਾ ਮੁੱਲ ਪਾਉਣਾ ॥

**ਨਾਂ ਨਾਵੀਂ / ਨਾ ਪਛਾਣਦਾ** } ਕ੍ਰਿ: ਵਿ:—ਇੱਕ ਇੱਕ ਦਾ ਨਾਉਂ ਲੈਕੇ, ਇੱਕ ਪੀੜ੍ਹੀ ਤੋਂ ਦੂਜੀ ਪੀੜ੍ਹੀ ॥

**ਨਾਂ ਨਿਸ਼ਾਨ,** ਪੁ:—ਪਤਾ, ਥਹੁ, ਖੁਰ ਖੋਜ ॥

**ਨਾਂ ਨੂੰ / ਨਾਂ ਮਾਤਰ** } ਕ੍ਰਿ: ਵਿ:—ਨਿਰਾ ਕਹਿਣ ਵਾਸਤੇ, ਸੱਚ ਮੁੱਚ ਨਹੀਂ ॥

**ਨਾਂ ਪਿੱਛੇ ਮਰਨਾ,** ਕ੍ਰਿ:—ਸੋਭਾ ਖੱਟਣ ਦਾ ਜਤਨ ਕਰਨਾ, ਮਸ਼ਹੂਰੀ ਦੀ ਚਾਹ ਰੱਖਣੀ ॥

**ਨਾਂ ਰੱਖਣਾ,** ਕ੍ਰਿ:—'ਨਾਂ ਧਰਨਾ' ਵੇਖੋ ॥

**ਨਾਂ ਰੌਸ਼ਨ ਹੋਣਾ,** ਕ੍ਰਿ:—ਮਸ਼ਹੂਰ ਹੋਣਾ ॥

**ਨਾਂ ਰੌਸ਼ਨ ਕਰਨਾ,** ਕ੍ਰਿ:—'ਨਾਂ ਕੱਢਣਾ' ਵੇਖੋ ॥

**ਨਾਂ ਲੱਗਣਾ,** ਕ੍ਰਿ:—ਕਿਸੇ ਦੇ ਜ਼ੁੰਮੇ ਕੋਈ ਦੋਸ਼ ਲੱਗਣਾ ॥

**ਨਾਂ ਲੇਵਾ,** ਪੁ:—ਆਪਣੀ ਅੰਸ ਵਿੱਚੋਂ ਕੋਈ ਪਿਛਲੱਗ ॥

**ਨਾਂ ਲੈਣਾ,** ਕ੍ਰਿ:—ਨਾਂ ਨਾਲ ਬੁਲਾਉਣਾ, ਮਾਲਾ ਫੇਰਨੀ ॥

**ਨਾਂ ਵਿਗਾੜਨਾ,** ਕ੍ਰਿ:—ਬਦਨਾਮੀ ਕਰਾ ਲੈਣੀ ॥

**ਨਾਉ,** ਸ:—ਬੇੜੀ, ਕਿਸ਼ਤੀ ॥

**ਨਾਉਂ,** ਪੁ:—ਨਾਂ, ਬੋਲ, ਮਸ਼ਹੂਰੀ, ਸੋਭਾ ॥ 'ਨਾਂ' ਵੇਖੋ ॥

**ਨਾਇਆਂ,** ਪੁ:—'ਟੰ' ਦਾ ਅੰਗ ॥

**ਨਾਇਕ,** ਪੁ:—ਛੋਟੇ ਦਰਜੇ ਦਾ ਦੇਸੀ ਫੌਜੀ ਅਫ਼ਸਰ, ਸਰਦਾਰ ॥

**ਨਾਇਕੀ,** ਸ:—ਨਾਇਕ ਦਾ ਹੁੱਦਾ ॥ ਪੁ:—ਇੱਕ ਰਾਗ ॥

**ਨਾਇਣ,** ਸ:—ਨਾਈ ਦੀ ਤੀਵੀਂ ॥

Digitized by Panjab Digital Library | www.panjabdigilib.org

**ਨਾਈ,** ਪੁ:—ਹਜਾਮਤ ਕਰਨ ਵਾਲਾ, ਇੱਕ ਲਾਗੀਆਂ ਦੀ ਜਾਤ ॥

**ਨਾਸ,** ਸ:—ਨੱਕ ਦੇ ਛੇਕ, ਨਸਵਾਰ (ਲੈਣੀ)।
ਪੁ:—ਤਬਾਹੀ, ਬਰਬਾਦੀ (ਕਰਨਾ, ਮਾਰਨਾ)॥

**ਨਾਸਮਾਨ,** ਵਿ:—ਨਾਸ ਹੋਣ ਵਾਲਾ (ਲੀ)।

**ਨਾਸਕ,** ਪੁ:—ਨਾਸ ਕਰਨ ਵਾਲਾ ॥

**ਨਾਸਕਾ,** ਸ:—ਨੱਕ, ਨਾਸ ॥

**ਨਾਸ਼ਤਾ,** ਪੁ:—ਜੋ ਚੀਜ਼ ਸਵੇਰੇ ਸਵੇਰ ਖਾਧੀ ਜਾਵੇ ॥

**ਨਾਸਤਿਕ,** ਵਿ:—ਜੋ ਪਰਮੇਸਰ ਨੂੰ ਨਾਂ ਮਨੇ, ਕਾਫ਼ਰ ॥

**ਨਾਸਪਾਤੀ,** ਸ:—ਇੱਕ ਮਸ਼ਹੂਰ ਫਲ, ਨਾਖ ॥

**ਨਾਸ ਪਾਲ**
**ਨਾਸ ਪਾਲੀ** } 'ਨਸਪਾਲ' 'ਨਸਪਾਲੀ' ਵੇਖੋ।

**ਨਾਸੜਾ ਜਾਣਾ,** ਕ੍ਰਿ:—ਨਾ ਰਹਿਣਾ, ਨਾਸ ਹੋ ਜਾਣਾ ॥
ਵਿ:—ਨਾਸ ਹੋਣ ਜੋਗਾ (ਬਦ ਦੁਆ)॥

**ਨਾਸੂਰ,** ਪੁ:—'ਨਸੂਰ' ਵੇਖੋ।

**ਨਾਂਹ,**
**ਨਾਂਹ ਨੁਕਰ** } ਸ:—ਇਨਕਾਰ, ਨਾ ਮੰਨਣਾ (ਕਰਨਾ)।

**ਨਾਹਗਾ ਬਲਾ,** ਸ:—ਅਚਨਚੇਤ ਜੋ ਬਿਪਤਾ ਆ ਪਈ ॥

**ਨਾਹਰ,** ਪੁ:—ਸ:-ਸ਼ੇਰ, ਬਘੂਆ, ਸ ਘ।

**ਨਾਹਾ,** ਕ੍ਰਿ:—ਨਾ ਆਹਾ, ਨਹੀਂ ਸਾ ॥

**ਨਾਹੀਂ,** ਕ੍ਰਿ:, ਵਿ:—'ਨਹੀਂ' ਵੇਖੋ ॥

**ਨਾਕ,** ਸ:—ਨਾਖ, ਨਾਸਪਾਤੀ, ਇੱਕ ਮਸ਼ਹੂਰ ਫਲ ॥

**ਨਾਕਬੇਲ,** ਸ:—ਇੱਕ ਤਰਾਂ ਦਾ ਘਾਹ ॥

**ਨਾਕੜਾ,** ਪੁ:—ਨੱਕ ਦਾ ਇੱਕ ਰੋਗ ॥

**ਨਾਕਾ,** ਪੁ:—ਜਿੱਥੇ ਨਦੀ, ਜਾ ਕੇ ਡਿੱਗੇ, ਦਰਿਆ ਦਾ ਮੂੰਹ, ਫੌਜ ਜਾਂ ਧਾੜਵੀਆਂ ਦੀ ਮੰਡਲੀ ਦਾ ਅਗਲਾ ਹਿੱਸਾ।

**ਨਾਖ,** ਸ:—ਇੱਕ ਆਮ ਫਲ, ਨਾਸਪਾਤੀ ॥

**ਨਾਗ,** ਪੁ:—ਪਤਾਲ ਦੇ ਵਾਸੀ ਸਪ ਜਿਨ੍ਹਾਂ ਦਾ ਮੂੰਹ ਮਨੁੱਖਾਂ ਵਰਗਾ ਹੈ, ਸੱਪ, ਨਾਗ ॥

**ਨਾਗ ਕੇਸਰ,** ਪੁ:—ਖੁਸ਼ਬੂਦਾਰ ਫੁੱਲਾਂ ਵਾਲਾ ਇੱਕ ਬੂਟਾ ॥

**ਨਾਗ ਦੌਣ,** ਸ:—ਇੱਕ ਬੂਟੀ (ਪਹਾੜ ਦੀ) ॥

**ਨਾਗ ਪੰਚਮੀ,** ਸ:—ਹਿੰਦੂਆਂ ਦਾ ਇੱਕ ਤਿਹਾਰ ਜਿਸ ਦਿਨ ਨਾਗ (ਸੱਪ ਦੇਉਤਾ) ਦੀ ਪੂਜਾ ਹੁੰਦੀ ਹੈ ॥

**ਨਾਗ ਪੱਤ੍ਰੀ,** ਸ:—ਸੱਪਾਂ ਦਾ ਕੁਰਸੀ ਨਾਮਾ ॥

**ਨਾਗ ਫਣੀ,** ਸ:—ਇਕ ਗਰਮ ਖੁਸ਼ਕ ਦੁਆ।

**ਨਾਗ ਬਾਲਾ,** ਪੁ:—ਇੱਕ ਜੰਗਲੀ ਬੂਟੀ ॥

**ਨਾਗ ਬੇਲ,** ਸ:—ਪਾਨ ਦਾ ਬੂਟਾ ॥

**ਨਾਗਣ (ਨ)**
**ਨਾਗਣੀ (ਨੀ)** } ਸ:—ਨਾਗ ਦੀ ਇਸਤ੍ਰੀ, ਸੱਪਣੀ, ਹੁਸ਼ਿਆਰੀ ਰੰਨ ॥

**ਨਾਗਰ,** ਪੁ:—ਸਿਆਣਾ, ਚਲਾਕ ਆਦਮੀ।

Digitized by Panjab Digital Library / www.panjabdigilib.org

**ਨਾਗਰ ਜਾਮੀਆਂ,** ਸ:—ਇੱਕ ਪਹਾੜੀ ਬੂਟਾ॥

**ਨਾਗਰ ਬੇਲ**
**ਨਾਗਰ ਵੇਲ** } ਸ:—ਪਾਨ ਦਾ ਬੂਟਾ, ਇੱਕ ਤਰਾਂ ਦਾ ਕਸੀਦਾ॥

**ਨਾਗਰ ਮੋਥ**
**ਨਾਗਰ ਮੋਥਰਾ**
**ਨਾਗਰ ਮੋਥਾ**
**ਨਾਗਰ ਮੋਥੀ** } ਪੁ:—ਇੱਕ ਖੁਸ਼ਬੂਦਾਰ ਘਾਹ ਜਿਸ ਦੀ ਜੜ ਦੁਆ ਵਾਂਙਰ ਵਰਤੀ ਜਾਂਦੀ ਹੈ॥

**ਨਾਗਰੀ,** ਸ:—ਸ਼ਾਸਤ੍ਰੀ, ਹਿੰਦੀ, ਭਾਖਾ॥
ਵਿ:—ਸ਼ਾਸਤ੍ਰੀ ਦਾ॥

**ਨਾਗਾ**
**ਨੱਗਾ** } ਪੁ:—ਛੁੱਟੀ, ਥੋੜ੍ਹੇ ਦਿਨ ਦੀ ਰੁਕ, ਗੈਰ ਹਾਜਰੀ (ਹੋਣਾ, ਕਰਨਾ)॥

**ਬਿਲਾ ਨਾਗਾ,** ਕ੍ਰਿ:, ਵਿ:—ਨਾਗਾ ਨਾ ਕਰਕੇ, ਲਗਾਤਾਰ, ਸਦਾ, ਨੇਮ ਨਾਲ॥

**ਨਾਂਗਾ,** ਪੁ:—ਨੰਗਾ ਰਹਿਣ ਵਾਲਾ ਫਕੀਰ॥

**ਨਾਘਾ ਬਲਾ,** ਸ:—'ਨਾਹਗਾ ਬਲਾ' ਵੇਖੋ।

**ਨਾਚ,** ਪੁ:—ਨੱਚਣ ਦਾ ਕੰਮ ਜਾਂ ਢੰਗ॥

**ਨਾਚ ਨਚਾਉਣਾ,** ਕ੍ਰਿ:—ਦਿੱਕ ਕਰਨਾ, ਖਪਾਉਣਾ, ਭਟਕਾਉਣਾ॥

**ਨਾਚਾ,** ਪੁ:—ਨੱਚਣ ਦਾ ਕੰਮ, ਨਿਰਤਕਾਰੀ।

**ਨਾਚਾ**
**ਨਾਚਾਰ** } ਪੁ:—ਬਹੁਤ ਨੱਚਣ ਵਾਲਾ।

**ਨਾਜ,** ਪੁ:—ਅਨਾਜ, ਅੰਨ, ਸੁਹੱਪਣ, ਥਾਕ ਪੁਣਾ, ਨਖਰਾ॥

**ਨਾਜਬੋ,** ਸ:—ਇੱਕ ਬੂਟੀ, ਤੁਲਸੀ।

**ਨਾਜਕ,** ਵਿ:—ਔਖਾ, ਕੋਮਲ, ਮੁਲੈਮ, ਕਮਜ਼ੋਰ, ਸੋਹਣਾ॥

**ਨਾਜਕ ਜਗ੍ਹਾ,** ਸ:—ਸਰੀਰ ਦਾ ਕੋਮਲ ਅੰਗ॥

**ਨਾਜਕ ਮਜਾਜ,** ਸ:, ਪੁ:—ਜਿਸ ਨੂੰ ਦੁਖ ਸੁਖ ਛੇਤੀ ਪੋਹੇ॥

**ਨਾਜਕ ਮੁਆਮਲਾ,** ਪੁ:—ਅਜੇਹੀ ਗੱਲ ਜਿਸ ਦਾ ਫਲ ਭਾਰਾ ਹੋਵੇ, ਜਰੂਰੀ ਬਾਤ॥

**ਨਾਜਕ ਵੇਲਾ,** ਪੁ:—ਔਖ ਦਾ ਸਮਾ॥

**ਨਾਜਕੀ,** ਸ:—ਨਰਮੀ, ਕਰਿਆਈ, ਕਮਜ਼ੋਰੀ, ਸੁਹੱਪਣ॥

**ਨਾਜਰ,** ਪੁ:—ਦੇਖਣ ਭਾਲਣ ਵਾਲਾ, ਦਰੋਗਾ ਵੱਡਾ ਮੁਨਸ਼ੀ (ਕਚਹਿਰੀ ਦਾ)॥

**ਨਾਜਿਲ,** ਸ:—ਉਤਰਨਾ, ਰੱਬ ਵੱਲੋਂ ਇਲਹਾਮ (ਹੋਣਾ)॥

**ਨਾਜੋ,** ਸ:—ਬਾਂਕੀ, ਨਾਜ ਜਾਂ ਨਖਰਾ ਕਰਨ ਵਾਲੀ ਤੀਮਤ, ਲਾਡਲੀ ਵਹੁਟੀ॥

**ਨਾਟਕ,** ਪੁ:—ਤਮਾਸ਼ਾ, ਖੇਲ, ਸਾਂਗ, ਨਟ ਦਾ ਕੰਮ॥

**ਨਾਟਾ,** ਪੁ:
**ਨਾਟੀ,** ਸ: } ਜਿਸ ਦਾ ਕੱਦ ਛੋਟਾ ਹੋਵੇ, ਮੱਛਾ (ਣੀ)॥

**ਨਾਠ,** ਸ:—ਨੱਠਣ ਦਾ ਕੰਮ, ਦੌੜ, ਭੱਜ (ਪੈਣੀ)॥

**ਨਾਠੀ,** ਪ:—ਪਰਾਹੁਣਾ॥

**ਨਾਦੂਸ਼ਾਹ,** ਪੁ:—ਮਜਾਜ ਕਰਨ ਵਾਲਾ, ਵਿਗੜਿਆ ਹੋਇਆ।

Digitized by Panjab Digital Library | www.panjabdigilib.org

**ਨਾਣ,** ਸ:—ਰੌਂਦੀ ।

**ਨਾਣ ਬਾਈ**
**ਨਾਣ ਵਾਈ** } ਪੁ: ਰੋਟੀਆਂ ਪਕਾਉਣ ਜਾਂ ਵੇਚਣ ਵਾਲਾ ॥

**ਨਾਣਕੇ,** ਪੁ:—ਮਾਂ ਦੇ ਪੇਉਕੇ ॥

**ਨਾਣਾ,** ਪੁ:—'ਣ' ਅੱਖਰ ਦਾ ਨਾਉਂ ॥

**ਨਾਤਾ,** ਪੁ:—ਸਾਕ, ਸਰਬੰਧ, ਧੀ ਬੇਟੇ ਦੀ ਕੁੜਮਾਈ ॥

**ਨਾਥ,** ਪੁ:—ਮਾਲਕ, ਸਾਈਂ, ਖੰਦ, ਪਰਮੇਸਰ, ਜਗੀ॥

**ਨਾਥਾ,** ਪੁ:—ਜਿਸ ਦਾ ਨਕ ਛੋਟੀ ਅਵਸਥਾ ਵਿੱਚ ਵਿੰਨ੍ਹਿਆ ਜਾਏ ॥

**ਨਾਦ,** ਪੁ:—ਸੰਖ, ਸਬਦ, ਅਵਾਜ, ਗੂੰਜ, ਸੁਰ, ਰਾਗ ॥

**ਨਾਦ ਬਿੱਦਿਆ**
**ਨਾਦ ਵਿਦਿਆ** } ਸ:—ਰਾਗ ਦਾ ਹੁਨਰ ॥

**ਨਾਂਦ,** ਪੁ:—ਇੱਕ ਵੱਡਾ ਮਿੱਟੀ ਦਾ ਭਾਂਡਾ ॥

**ਨਾਦਰ,** ਵਿ:, ਪੁ:—ਅਚਰਜ, ਅਨੋਖਾ, ਉੱਤਮ, ਸੋਹਣਾ ॥

**ਨਾਦਰ ਸ਼ਾਹੀ**
**ਨਾਦਰ ਗਰਦੀ** } ਸ: ਲੁੱਟ ਮਾਰ, ਅਨ੍ਹੇਰ, ਉਪਦਰ ॥

**ਨਾਨਕ,** ਪੁ:—ਗੁਰੂ ਨਾਨਕ ਸਾਹਿਬ, ਸਿੱਖਾਂ ਦਾ ਪਹਿਲਾ ਗੁਰੂ, ਮਾਂ ਦੀ ਪੇਕੀ ਕੁਲ ।

**ਨਾਨਕ ਸ਼ਾਹੀ,** ਵਿ:—ਸਿੱਖਾਂ ਦੇ ਵੇਲੇ ਦਾ(ਪੈਸਾ, ਰੁਪਯਾ)॥

**ਨਾਨਕ ਦਾਦਕ,** ਪੁ:—ਮਾਂ ਤੇ ਪੇਉ ਦੇ ਪੇਕੇ ਟੱਬਰ ॥

**ਨਾਨਕ ਪੰਥ,** ਸ:
**ਨਾਨਕ ਪੰਥੀ,** ਪੁ: } ਜੋ ਗੁਰੂ ਨਾਨਕ ਸਾਹਿਬ ਨੂੰ ਮੰਨੇ ।

**ਨਾਨਕਾ**
**ਨਾਨਕ** } ਪੁ: ਵਿ:—ਮਾਂ ਦੇ ਪੇਕੇ, ਮਾਂ ਦੇ ਪੇਕੇ ਘਰ ਦਾ ।

**ਨਾਨਕਿਆਂ**
**ਨਾਨਕਿਓਂ** } ਕ੍ਰਿ: ਵਿ:—ਮਾਂ ਦੇ ਪੇਕੇ ਘਰੋਂ ॥

**ਨਾਨਕੀਂ,** ਕ੍ਰਿ:, ਵਿ:—ਮਾਂ ਦੇ ਪੇਕੇ ਘਰ ਵਿੱਚ ॥

**ਨਾਨਕੋਂ,** ਕ੍ਰਿ:, ਵਿ:—ਨਾਨਕੇ ਸਾਕੋਂ, ਨਾਨਕੇ ਘਰੋਂ ॥

**ਨਾਨਾ,** ਵਿ:—ਕਈ, ਅਨੇਕ ॥

**ਨਾਨਾ ਪ੍ਰਕਾਰ**
**ਨਾਨਾ ਭਾਂਤ** } ਵਿ:—ਕਈ ਤਰਾਂ ਦੇ ॥

**ਨੱਨਾ,** ਪੁ:—ਮਾਂ ਦਾ ਪੇਉ ।

**ਨੱਨੀ,** ਸ:—ਮਾਂ ਦੀ ਮਾਂ ॥

**ਨੱਨੀ ਸੁਫਨੇ ਆਉਣੀ**
**ਨੱਨੀ ਯਾਦ ਆਉਣੀ** } ਕ੍ਰਿ:—ਬਹੁਤ ਔਖੇ ਹੋਣਾ ॥

**ਨਾਪ,** ਪੁ:—ਮਿਣਤੀ, ਜਿੰਨੀ ਲੰਮੀ ਚੌੜੀ ਕੋਈ ਚੀਜ਼ ਹੋਵੇ ॥

**ਨਾਪਣਾ,** ਕ੍ਰਿ:—ਮਿਣਨਾ, ਨਾਪ ਮਲੂਮ ਕਰਨਾ ॥

**ਨੌਂਪਾ,** ਪੁ:—ਜਿਸ ਥੈਲੀ ਵਿਚੋਂ, ਕਸਤੂਰੀ ਨਿਕਲਦੀ ਹੈ, ਪਾਣੀ ਵਿੱਚ ਉੱਗਣ ਵਾਲਾ ਇੱਕ ਫੁੱਲ ॥

Digitized by Panjab Digital Library | www.panjabdigilib.org

**ਨਾਫ਼,** ਸ:—ਧੁੰਨੀ, ਧਰਨ ॥

**ਨਾਫਰਮਾਨੀ,**—'ਨ' ਵੇਖੋ ।

**ਨਾਫ਼ਾ,** ਪੁ:—'ਨੌਂਫਾ' ਵੇਖੋ ।

**ਨਾਬਰ,** ਵਿ:—ਜੋ ਨਾਂ ਮੰਨੇ ਆਂਖੇ ਨਾਂ ਲੱਗਣ ਵਾਲਾ (ਲੀ) ॥

**ਨਾਭ (ਭੀ),** ਸ:—ਧੁੰਨੀ, ਵਿਚਲੀ ਥਾਂ ॥

**ਨਾਮ,** ਪੁ:—ਨਾਉਂ, ਮਸ਼ਹੂਰੀ, ਧਾਰਗੀਰੀ 'ਨਾਂ' ਵੇਖੋ ॥

**ਨਾਮ ਧਾਰੀਆ,** ਪੁ:—ਕੂਕਾ, ਭਾਈ ਰਾਮ ਸਿੰਘ ਦੇ ਪੰਥ ਦਾ ।।

**ਨਾਮਨਾ,** ਪੁ:—ਨਾਉਂ, ਮਸ਼ਹੂਰੀ, ਸੋਭਾ ਵਡਿਆਈ ॥

**ਨਾਮਵਰ,** ਵਿ:—ਮਸ਼ਹੂਰ, ਜਿਸ ਦਾ ਜਸ ਹੋਵੇ ।

**ਨਾਮਵਰੀ,** ਸ:—ਮਸ਼ਹੂਰੀ, ਸੋਭਾ, ਵਡਿਆਈ ।

**ਨਾਮਾ,** ਪੁ:—ਨਾਉਂ, ਰਕਮ ਜੋ ਕਿਸੇ ਦੀ ਦੇਣੀ ਹੋਵੇ, ਇੱਕ ਛੀਂਬਾ ਭਗਤ।

**ਨਾਮਾਵਲੀ,** ਸ:—ਨਾਵਾਂ ਦਾ ਇਕੱਠ, ਫਰਿਸਤ ॥

**ਨਾਮੀ,** ਵਿ:—ਮਸ਼ਹੂਰ, ਉੱਘਾ, ਬਦਨਾਮ ॥

**ਨਾਮੇ,** ਵਿ:—ਜਿਸ ਦਾ ਨਾਉਂ ਹੈ ॥

**ਨਾਯਕ**
**ਨਾਯਕੀ**
**ਨਾਯਣ** } 'ਨਾਇਕ' 'ਨਾਇਕੀ' 'ਨਾਇਣ' ਵੇਖੋ ।

**ਨਾਰ,** ਸ:—ਤੀਮਤ, ਜਨਾਨੀ, ਵਹੁਟੀ ॥

**ਨਾਰੰਗੀ**
**ਨਾਰੰਜੀ** } 'ਨਰੰਗੀ' 'ਨਰੰਜੀ' ਵੇਖੋ ॥

**ਨਾਰਜੀਲ,** ਸ:—'ਨਰੇਲ' ਵੇਖੋ ॥

**ਨਾਰਦ**
**ਨਾਰਦ ਮੁਣ**
**ਨਾਰਦ ਮੁਣੀ** } ਪੁ:—ਨਿਹਾਲਿਆ ਇੱਕ ਰਿਖੀ, ਜੋ ਦੋ ਧਿਰਾਂ ਵਿੱਚ ਝਗੜਾ ਪੁਆਏ ॥

**ਨਾਰਮਾ,** ਪੁ:—'ਨਰਮਾ' ਵੇਖੋ ॥

**ਨਾਰਯਲ,** ਪੁ:—'ਨਰੇਲ' ਵੇਖੋ।

**ਨਾਰਵਾ,** ਪੁ:—ਇੱਕ ਕੀੜਾ, ਪੈਰਾਂ ਦਾ ਇੱਕ ਰੋਗ।

**ਨਾਰਾ,** ਵਿ: ਪੁ:—ਅਜੂਬ, ਆਕੜ ਖਾਜ, ਕੂਕ (ਮਾਰਨਾ) ॥

**ਨਾਰਾਇਣ**
**ਨਾਰਾਇਣੀ** } 'ਨਰੈਣ' 'ਨਰੈਣੀ' ਵੇਖੋ ॥

**ਨਾਰੀ,** ਸ:—ਇਸਤ੍ਰੀ, ਤੀਮਤ, ਜਨਾਨੀ, ਨਾਲੀ ॥

**ਨਾਰੇਲ,** ਪੁ:—'ਨਰੇਲ' ਵੇਖੋ ॥

**ਨਾਰੈਣ**
**ਨਾਰੈਣੀ** } 'ਨਰੈਣ' 'ਨਰੈਣੀ' ਵੇਖੋ ॥

**ਨਾਲ,** ਵਿ:-ਕ੍ਰਿ:-ਵਿ:-ਅਵ:—ਸਾਥ, ਸੰਗ, ਪਾਸ, ਲਾਗੇ, ਕਰਕੇ ॥

ਸ:—ਘੋੜੇ ਦੇ ਪੈਰ ਦਾ ਲੋਹਾ, ਜੁਲਾਹੇ ਦੀ ਨਲੀ, ਕਿਸੇ ਤਰਾਂ ਦੀ ਨਲੀ, ਨਲਕੀ, ਵਿੱਚ ।

**ਨਾਲ ਬੰਦ,** ਪੁ:—ਘੋੜੇ ਦੀ ਨਾਲ ਲਾਉਣ ਵਾਲਾ ॥

Digitized by Panjab Digital Library | www.panjabdigilib.org

**ਨਾਲ ਦਾ,** ਪੁਃ—ਰੋਟੀ ਨਾਲ ਖਾਣ ਦੀ ਸ਼ੈ, ਸਲੂਣਾ ॥

**ਨਾਲਸ਼,** ਸਃ—ਸ਼ਕੈਤ, ਫ਼ਰਿਆਦ, ਅਰਜ਼ੀ, ਮੁਕੱਦਮਾ ( ਹੋਣੀ, ਕਰਨੀ ) ॥

**ਨਾਲਸ਼ਣ** ਸਃ } ਜੋ ਨਾਲਸ਼ ਕਰੇ ॥
**ਨਾਲਸ਼ੀ** ਪੁਃ

**ਨਾਲਕੀ,** ਸਃ—ਇੱਕ ਤਰਾਂ ਦੀ ਪਾਲਕੀ, ਨਲਕੀ।

**ਨਾਲਾ,** ਪੁਃ—ਛੋਟੀ ਨਦੀ, ਪਜਾਮੇ ਦੇ ਨੇਫ਼ੇ ਵਿਚ ਪਾਉਣ ਵਾਲਾ ਡੋਰਾ ॥

**ਨਾਲੀ,** ਪੁਃ—ਪਾਣੀ ਵਿੱਚ ਉੱਗਣ ਵਾਲਾ ਇਕ ਬੂਟਾ ।

ਸਃ—ਕਲਮ ਜਾਂ ਜੌਂ ਦਾ ਟਾਂਗਾ, ਬੰਦੂਕ ਦੀ ਗਲੀ, ਮੋਰੀ, ਘੋੜੇ ਦੀ ਪਿੱਠ ਦਾ ਦਬਾਉ, ਹਲ ਦੇ ਮਣੀਏ ਨਾਲ ਬੱਧੀ ਹੋਈ ਬੀ ਕੇਰਨ ਵਾਲੀ ਨਲਕੀ, ਨਾਲੋਂ, ਧੋਜਕ ਦੇਣੇ ਹੋਰ, ਕੀ, ਕੇਲ ਹੀ ॥

**ਨਾਵਲ,** ਸਃ—ਬਨਾਉਟੀ ਕਹਾਣੀ, ਕਿੱਸਾ, ਲੰਮੀ ਕਥਾ ॥

**ਨਾਵਲਿਸਟ,** ਵਿਃ—ਨਾਵਲ ਲਿਖਣ ਵਾਲਾ (ਲਾ)॥

**ਨਾਵਾ,** ਪੁਃ—'ਨਾਮਾ' ਵੇਖੋ ॥

**ਨਾੜ,** ਸਃ—ਰਗ, ਨਸ। ਪੁਃ—ਕਣਕ ਆਦਿਕ ਦਾ ਟਾਂਗਾ, ਤੀਲੇ ਜਿਸ ਦੀਆਂ ਟੋਕਰੀਆਂ ਆਦਿਕ ਬਣਦੀਆਂ ਹਨ ॥

**ਨਾੜਾ,** ਪੁਃ—ਕੱਚੇ ਚੰਮ ਦੀ ਡੋਰੀ, ਬਾਂਸ ਦਾ ਚੀਰਾ, ਪਜਾਮੇ ਦਾ ਨਾਲਾ ॥

**ਨਾੜੀ,** ਸਃ—ਰਗ, ਨਸ, ਨਬਜ਼, ਕੱਚੇ ਚੰਮ ਦੀ ਛੋਟੀ ਡੋਰੀ ॥

**ਨਾੜੂ** } ਪੁਃ—ਧੁੰਨੀ ਦੀ ਨਾੜ ।
**ਨਾੜੂਆ**

**ਨਿਉਂ,** ਸਃ—ਨੀਂਹ, ਜਿਸ ਦੇ ਉੱਤੇ ਉਸਾਰੀ ਹੁੰਦੀ ਹੈ ॥

**ਨਿਉਣਾ,** ਕ੍ਰਿਃ—ਝੁਕਣਾ, ਨਮਸਕਾਰ ਕਰਨਾ, ਮੱਥਾ ਟੇਕਣਾ ॥

**ਨਿਉਲਾ** ਪੁਃ—'ਨੇਉਲਾ' ਵੇਖੋ ॥

**ਨਿਆਂ**
**ਨਿਆਉਂ** } ਪੁਃ—ਇਨਸਾਫ਼, ਠੀਕ ਫ਼ੈਸਲਾ, ਹੱਕ.
**ਨਿਆਇ**

**ਨਿਆਇ ਸ਼ਾਸਤ੍ਰ,** ਪੁਃ—ਖਟ ਦਰਸ਼ਨਾਂ ਵਿੱਚੋਂ ਇੱਕ, ਤਰਕ ਵਿਦਯਾ, ਮੰਤਕ ॥

**ਨਿਆਇਕ,** ਪੁਃ—ਨਿਆਇ ਸ਼ਾਸਤ੍ਰ ਜਾਣਨ ਵਾਲਾ ॥

**ਨਿਆਈ** } ਵਿਃ ਪੁਃ—ਨਿਆਉਂ ਕਰਨ ਵਾਲਾ ॥
**ਨਿਆਈਂ**

**ਨਿਆਈਂ,** ਸਃ—ਪਿੰਡ ਜਾਂ ਘਰ ਦੇ ਲਾਗੇ ਰੂੜੀ ਵਾਲੀ ਨੀਵੀਂ ਧਰਤੀ, ਬਗੀਚਾ, ਘਰ ਦੇ ਪਾਸ ਦੀ ਖੇਤੀ ; ਅਵਃ—ਵਾਕਰ ॥

**ਨਿਆਜ਼,** ਸਃ—ਫ਼ਕੀਰ ਦੀ ਭੇਟ ਜਾਂ ਨਜ਼ਰ, ਬੇਨਤੀ ।

**ਨਿਆਜ਼ ਬੋ,** ਸਃ—ਤੁਲਸੀ ਦਾ ਬੂਟਾ, ਨਾਜ਼ ਬੋ ॥

**ਨਿਆਣ ਪੁਣਾ,** ਪੁਃ—ਬਾਲ ਅਵਸਥਾ, ਬੇਸਮਝੀ।

**ਨਿਆਣਾ** } ਵਿਃ—ਨਦਾਨ, ਨਿੱਕਾ ਬਾਲ, ਬੇਅਕਲ ॥
**ਨਿਆਣਾਂ**

ਪੁਃ—ਗਊ ਮੈਂਹ ਦੀਆਂ ਪਿਛਲੀਆਂ ਲੱਤਾਂ ਨੂੰ ਬੰਨ੍ਹਣ ਵਾਲੀ ਰੱਸੀ ( ਦੁੱਧ ਚੋਣ ਵੇਲੇ ), ਮਧਾਣੀ ਦੀ ਰੱਸੀ ॥

Digitized by Panjab Digital Library / www.panjabdigilib.org

**ਨਿਆਮਤ,** ਸਃ—ਚੰਗੀ ਚੀਜ਼, ਦਾਤ, ਸੁਗਾਤ।

**ਨਿਆਰਣ,** ਸਃ—ਨਿਆਰੀਏ ਦੀ ਵਹੁਟੀ ਸੁਮਣੀ।

**ਨਿਆਰ ਪੁਣਾ,** ਪੁਃ—ਨਿਆਰੀਏ ਦਾ ਕੰਮ, ਕੰਜੂਸੀ, ਸਰਫ਼ਾ॥

**ਨਿਆਰਾ** ਪੁਃ—ਵੱਖਰਾ, ਅਲੱਗ, ਅਨੋਖਾ, ਨਿਆਰ ਪੁਣਾ, ਚਾਂਦੀ ਸਣੇ ਵਾਲਾ ਕੂੜਾ॥

**ਨਿਆਰੀਆ,** ਪੁਃ—ਸੋਨਾ ਚਾਂਦੀ ਸਾਫ਼ ਕਰਨ ਵਾਲਾ, ਜੋ ਰੇਤ ਆਦਿਕ ਧੋ ਕੇ ਸੋਨਾ ਕਢੇ; ਕੰਜੂਸ, ਸੂਮ॥

**ਨਿਸੰਕ / ਨਿਸੰਗ** } ਕ੍ਰਿਃ-ਵਿਃ—ਬੇਸ਼ੱਕ, ਕੁਝ ਸ਼ੱਕ ਨਾ ਕਰਕੇ, ਵਿਃ—ਬੇਸ਼ਰਮ, ਢੀਠ, ਨਿਡਰ (ਹੋਣਾ)॥

**ਨਿਸਚਾ** ਪੁਃ—ਯਕੀਨ, ਵਸਾਹ, ਭਰੋਸਾ।

**ਨਿਸਚਸਟ,** ਵਿਃ—ਸਾਥੀ ਵਾਲਾ, ਜੋ ਨਾ ਝਗੜੇ॥

**ਨਿਸਛਿੱਦਰ,** ਵਿਃ—ਜਿਸ ਵਿਚ ਛੇਕ ਨਹੀਂ, ਦੋਸ਼ ਰਹਿਤ, ਅਖੰਡ, ਪਰਮੇਸ਼ਰ॥

**ਨਿਸਟ,** ਪੁਃ—ਤਬਾਹੀ, ਬਰਬਾਦੀ, ਨਾਸ (ਹੋਣਾ ਕਰਨਾ)।

**ਨਿਸਟਲ,** ਵਿਃ—ਜੋ ਟਲੇ ਨਾ, ਪੱਕਾ, ਥਿਰ॥

**ਨਿਸਤਾਰਨਾ,** ਕ੍ਰਿਃ—ਬਚਾਉਣਾ, ਛੁਡਾਉਣਾ, ਮੁਕਤ ਕਰਨਾ॥

**ਨਿਸਤਾਰਾ,** ਪੁਃ—ਛੁਟਕਾਰਾ, ਮੁਕਤੀ (ਹੋਣਾ, ਕਰਨਾ)॥

**ਨਿਸਤੇਜ,** ਵਿਃ—ਨਾਮੁਰਾਦ, ਮੁੰਦਾ, ਮੱਧਮਾ॥

**ਨਿਸਫਲ,** ਵਿਃ—ਜਿਸ ਦਾ ਕੁਝ ਫਲ ਨਹੀਂ, ਬਿਅਰਥ॥

**ਨਿਸਬਤ,** ਸਃ—ਸਾਕ, ਨਾਤਾ, ਸਾਕ (ਹੋਣੀ, ਕਰਨੀ)॥

**ਨਿਸਭਉ,** ਵਿਃ—ਨਿਡਰ, ਦਲੇਰ।

**ਨਿਸ਼ਰ,** ਵਿਃ—ਬਦਨਾਮ, ਸਾਰੇ ਲੋਕਾਂ ਵਿੱਚ ਬੁਰਾ (ਹੋਣਾ, ਕਰਨਾ)॥

**ਨਿਸਰਨਾ,** ਕ੍ਰਿਃ—ਖਿੜਨਾ, ਫੈਲਣਾ, ਫੁੱਟਣਾ (ਬੂਟਾ)।

**ਨਿਸਰਾਉਣਾ,** ਕ੍ਰਿਃ—ਖਿੜਾਉਣਾ, ਫੈਲਾਉਣਾ॥

**ਨਿਸਲਣਾ,** ਕ੍ਰਿਃ—ਲੱਤਾਂ ਫੈਲਾਉਣੀਆਂ॥

**ਨਿੱਸਲਾ,** ਪੁਃ / **ਨਿੱਸਲੀ,** ਸਃ } ਸਿੱਧਾ (ਧੀ), ਫੈਲਿਆ ਹੋਇਆ (ਪੈਰ, ਲੱਤਾਂ)

**ਨਿਸ਼ਾ / ਨਿਸ਼ਾਂ** } ਸਃ—ਤਸੱਲੀ, ਖਬਰ, ਪਰ ਪੂਰਾ॥

**ਨਿਸ਼ਾਸਤਾ,** ਪੁਃ—ਕਣਕ ਦਾ ਸਤ।

**ਨਿਸ਼ਾਨ,** ਪੁਃ—ਚਿਹਨ, ਨਕਸ਼, ਪਤਾ, ਝੰਡਾ॥

**ਨਿਸ਼ਾਨ ਸਾਹਿਬ,** ਪੁਃ—ਗੁਰ ਦੁਆਰਿਆਂ ਦਾ ਝੰਡਾ॥

**ਨਿਸ਼ਾਨਾ,** ਪੁਃ—'ਨਸ਼ਾਨਾ' ਵੇਖੋ॥

**ਨਿਸ਼ਾਨੀ,** ਸਃ—'ਨਸ਼ਾਨੀ' ਵੇਖੋ।

**ਨਿਸਾਰ,** ਸਃ—ਹਲਟ ਦੀ ਨਾਲੀ ਜਿਸ ਵਿਚੋਂ ਪਾਣੀ ਦੀ ਧਾਰ ਢਲ੍ਹ ਕੇ ਪੈਂਦੀ ਹੈ॥

**ਨਿਸਾਰਾ,** ਪੁਃ—ਨਿੰਸਰਣਾ, ਨਿਕਲਣਾ, ਫੈਲਾਉ

Digitized by Panjab Digital Library | www.panjabdigilib.org

**ਨਿੰਹ,** ਪੁ:—ਪਿਆਰ, ਪ੍ਰੇਮ, ਮਹੱਬਤ, ਮੋਹ ॥

**ਨਿਹਕਰਮਣ,** ਪੁ:
**ਨਿਹਕਰਮ,** ਸ:
**ਨਿਹਕਰਮੀ,** ਪੁ: } ਜੋ ਕਰਮ ਨਾ ਕਰੇ, ਕਰਮ ਤੋਂ ਰਹਿਤ।

**ਨਿਹਕਾਮ,** ਵਿ:—ਜਿਸ ਨੂੰ ਕੋਈ ਕਾਮਨਾ ਜਾਂ ਚਾਹ ਨਹੀਂ ॥

**ਨਿਹੰਗ,** ਪੁ:—ਜਿਸ ਦੇ ਪਾਸ ਕੁਝ ਨਹੀਂ, ਨਿਸ਼ਚਿੰਤ, ਅਕਾਲੀ ਸਿੰਘ (ਨੀਲ ਬਾਣੇ ਵਾਲਾ)

**ਨਿਹਚਲ,** ਵਿ:, ਪੁ:—ਜੋ ਚਲੇ ਨਾਂ, ਅਟਲ, ਥਿਰ, ਪਰਬਤ ॥

**ਨਿਹਚਾ**
**ਨਿਹਚੋਂ** } ਪੁ:'ਨਿਸਚਾ' ਵੇਖੋ ॥

**ਨਿਹਚੇ,** ਵਿ:, ਕ੍ਰਿ: ਵਿ:—ਸਚ ਮੁੱਚ, ਠੀਕ ॥

**ਨਿਹਚੇ ਕਰਨਾ,** ਕ੍ਰਿ:—ਪਰਤਾ ਕੇ ਵੇਖ ਲੈਣਾ ਕਿ ਠੀਕ ਹੈ ॥

**ਨਿਹਣ,**
**ਨਿਹਣ ਬਿੱਦਿਆ,** } ਸ:—ਇੱਕਦਾਰੀ, ਫੜ ਛਾੜ, ਜਾਂ ਹਸਾਣ ਜਤਾਉਣਾ ॥

**ਨਿਹਣਨਾ,** ਕ੍ਰਿ:—ਸਤਾਉਣਾ, ਖਪਾਉਣਾ, ਦੁਖਾਉਣਾ ॥

**ਨਿਹਣਾ,** ਕ੍ਰਿ:—ਸਾਹਣੌ ਮਾਰਨਾ, ਕਾਬੂ ਕਰਨਾ ॥

**ਨਿਹੱਥਾ,** ਵਿ:—ਜਿਸ ਦੇ ਹੱਥ ਨਹੀਂ, ਹਥਿਆਰ ਵਿਹੂਣਾ, ਸੱਖਣਾ।

**ਨਿਹਫਲ,** ਵਿ:—'ਨਿਸਫਲ' ਵੇਖੋ ॥

**ਨਿਹਰਾਉਣਾ,** ਕ੍ਰਿ:—ਆਸ, ਉਡੀਕ ਜਾਂ ਤਾਂਘ ਵਿਚ ਰਖਣਾ, ਤਰਸਾਉਣਾ ॥

**ਨਿਹਾਣੀ,** ਸ:—ਇੱਕ ਤਰ੍ਹਾਂ ਦੀ ਛੈਣੀ ॥

**ਨਿਹਾਰ,** ਵਿ:—ਸਵੇਰਾ, ਜਿਸ ਨੇ ਅਜੇ ਕੁਝ ਨਹੀਂ ਖਾਧਾ (ਮੂੰਹ) ॥

**ਨਿਹਾਰਨਾ,** ਕ੍ਰਿ:—ਵੇਖਣਾ, ਭਾਲਣਾ, ਤੱਕਣਾ, ਉਡੀਕਣਾ।

**ਨਿਹਾਰੀ,** ਸ:—ਸਵੇਰ ਦੀ ਖੁਰਾਕ, ਗੁੜ ਆਟਾ ਮਿਲਾ ਕੇ ਜੋ ਘੋੜਿਆਂ ਨੂੰ ਦਿੱਤਾ ਜਾਂਦਾ ਹੈ ॥

**ਨਿਹਾਲ,** ਵਿ:—ਪ੍ਰਸੰਨ, ਖੁਸ਼, ਭਰਪੂਰ, ਮਾਲਾ ਮਾਲ।

**ਨਿਹਾਲੀ,** ਸ:—ਰਜਾਈ, ਲੇਫ, ਪਾਂਘ ਪੋਸ਼ ਸੁਖ।

**ਨਿਹੁੰ,** ਪੁ:—ਪਿਆਰ, ਪ੍ਰੀਤ, ਮਹੱਬਤ, ਇਸ਼ਕ ॥

**ਨਿਹੁਰਨਾ,** ਕ੍ਰਿ:—ਝੁਕਣਾ, ਨੀਵਾਂ ਹੋਣਾ।

**ਨਿਹੁਸਤ,**
**ਨਿਹੁਸਤਣ (ਤੀ)** } ਨਹੁਸਤ ਆਦਿਕ ਵੇਖੋ।

**ਨਿਹੋਰਾ,** ਪੁ:—ਉਪਕਾਰ, ਕਿਰਪਾ ਬੋਲੀ, ਮੇਹਣਾ ॥

**ਨਿਕਸਣਾ,** ਕ੍ਰਿ:—ਨਿਕਲਣਾ, ਬਾਹਰ ਜਾਣਾ ॥

**ਨਿੱਕ ਸੁੱਕ,** ਪੁ:—ਨਿੱਕੀਆਂ ਛੋਟੀਆਂ ਚੀਜ਼ਾਂ, ਅਸਬਾਬ ॥

**ਨਿਕਟ,** ਵਿ:—ਨੇੜੇ, ਲਾਗੇ, ਨਾਲ ॥

**ਨਿਕੰਦ,** ਵਿ:—ਜੜ੍ਹੋਂ ਪੁੱਟਿਆ ਹੋਇਆ, 'ਨਕੰਦ' ਭੀ ਵੇਖੋ ॥

**ਨਿਕੰਮਾ,** ਵਿ:—ਜਿਸ ਨੂੰ ਕੰਮ ਨਹੀਂ, ਵਿਹਲਾ, ਨਕਾਰਾ, ਤੁੱਛ, ਬਿਅਰਥ, ਬੁਰਾ, ਕੋਹਜਾ, ਜੋ ਕਿਸੇ ਕੰਮ ਦਾ ਨਹੀਂ ॥

**ਨਿਕੰਮਣੀ,** ਵਿ:—ਨਿਕੰਮੀ, ਤੁੱਛ, ਨਕਾਰੀ ॥

Digitized by Panjab Digital Library | www.panjabdigilib.org

**ਨਿਕਰਮ,** ਪੁ:
**ਨਿਕਰਮਣ,** ਸ:
**ਨਿਕਰਮਾ,(ਮੀ)** ਪੁ: } ਬੇ ਨਸੀਬ, ਨਿਕੰਮਾ (ਮੀ) ਨਕਾਰਾ (ਰੀ) ।

**ਨਿਕਰਮੀ,** ਸ:—ਖੋਟੀ ਪਰਾਲਬਧ, ਭੈੜੀ ਕਿਸਮਤ ॥

**ਨਿਕਲ,** ਪੁ:—ਇੱਕ ਧਾਤ ਜਿਸ ਦੇ ਸਿੱਕੇ ਆਜਿਕ ਚਲਦੇ ਹਨ ॥

**ਨਿਕਲਣਾ,**
**ਨਿੱਕਲਣਾ,** } ਬਾਹਰ ਆਉਣਾ, ਮੂੰਹੋਂ ਬੋਲਿਆ ਜਾਣਾ, ਨਿਹਚਾ ਹੋਣਾ, ਨਵੀਂ ਚੀਜ਼ ਬਣਨੀ, ਨੱਸ ਜਾਣਾ, ਬੰਦੂਕ ਚਲਣੀ, ਨਜ਼ਰ ਆਉਣਾ, ਉੱਗਣਾ, ਤਿਲਕਣਾ ॥

**ਨਿਕਲ ਚਲਣਾ**
**ਨਿੱਕਲ ਜਾਣਾ** } ਕ੍ਰਿ: ਅਗਾਹਾਂ ਵਧ ਜਾਣਾ

**ਨਿੱਕਲਪੈਣਾ,** ਕ੍ਰਿ:—ਜ਼ਾਹਰ ਹੋਣਾ, ਪਤਾ ਲੱਗ ਜਾਣਾ ।

**ਨਿਕੜਾ**
**ਨਿੱਕਾ** } ਵਿ:—ਛੋਟਾ, ਥੋੜਾ, ਬਾਲ, ਕੱਚਾ ।

**ਨਿੱਕਾ ਸੁੱਕਾ**
**ਨਿੱਕਾਮੁੱਕਾ** } ਵਿ:—ਛੋਟਾ ਵੱਡਾ ॥

**ਨਿਕਾਸ,** ਪੁ:—'ਨਕਾਸ' ਵੇਖੋ ।

**ਨਿਕਾਸਣਾ,** ਕ੍ਰਿ:—ਬਾਹਰ ਕੱਢਣਾ ।

**ਨਿਕਾਊ,** ਵਿ:—ਬਾਹਰ ਭੇਜਣ ਦੇ ਲਾਇਕ (ਮਾਲ)

**ਨਿਕਾਹ,** ਪੁ:—'ਨਕਾਹ' ਵੇਖੋ ॥

**ਨਿਕਾਲ,** ਪੁ:—ਨਿਕਲਣ ਦਾ ਕੰਮ ਜਾਂ ਥਾਂ ॥

**ਨਿਕਾਲ ਲਿਆਉਣਾ,** ਕ੍ਰਿ:—ਕੱਢਕੇ ਲੈ ਆਉਣਾ ॥

**ਨਿਕਾਲ ਲੈ ਜਾਣਾ,**
**ਨਿਕਾਲ ਲੈਣਾ,** } ਕ੍ਰਿ:—ਚੁਰਾਉਣਾ, ਲੈਕੇ ਚਲੇ ਜਾਣਾ ॥

**ਨਿਕਾਲ ਰੱਖਣਾ,** ਕ੍ਰਿ:—ਅਲੱਗ ਕੱਢਕੇ ਧਰ ਦੇਣਾ ।

**ਨਿਕਾਲਣਾ,** ਕ੍ਰਿ:—ਕੱਢਣਾ, ਬਾਹਰ ਕਰਨਾ ॥

**ਨਿਕਾਲਾ ਦੇਣਾ,** ਕ੍ਰਿ:—ਦੇਸੋਂ ਬਾਹਰ ਕੱਢਣਾ ॥

**ਨਿੱਕੀ,** ਵਿ: ਸ:—ਛੋਟੀ।
(ਨਿੱਕੀ ਦੁਆਰ = ਚਰ੍ਹੀ) ॥

**ਨਿੱਕੂ,** ਵਿ:—ਨਿੱਕਾ, ਛੋਟਾ ॥

**ਨਿਖਸਮੀ,** ਸ:—'ਨਖਸਮੀ' ਵੇਖੋ ॥

**ਨਿਖੱਟੂ,** ਵਿ:—ਜੋ ਕੁਝ ਨਾ ਖੱਟੇ, ਨਿਕੰਮਾ, ਉਜਾੜੂ ॥

**ਨਿਖਰਨਾ,** ਕ੍ਰਿ:—ਸਾਫ ਹੋਣਾ, ਮੈਲ ਨਾ ਰਹਿਣੀ, ਨਿੰਬਲ ਹੋ ਜਾਣਾ ॥

**ਨਿਖੜਨਾ,** ਕ੍ਰਿ:—ਅੱਡ ਹੋ ਜਾਣਾ ॥

**ਨਿਖਟੰਮਾ,** ਕ੍ਰਿ:—ਨਿਕੰਮਾ, ਵੇਹਲਾ ॥

**ਨਿਖਾਦ**
**ਨਿਖਾਧ** } ਪੁ:—ਰਾਗ ਦੀ ਇੱਕ ਸੁਰ, ਇਕ ਨੀਚ ਜਾਤ ॥

**ਨਿਖਾਰ,** ਪੁ:—ਜਿਸ ਚੀਜ਼ ਨਾਲ ਖੰਡ ਜਾਂ ਕਪੜੇ ਸਫਾ ਹੋਣ ॥

**ਨਿਖਾਰਨਾ,** ਕ੍ਰਿ:—ਕਪੜੇ ਆਦਿਕ ਦੀ ਮੈਲ ਕੱਢਣੀ ।

**ਨਿਖਾਰਾ,** ਪੁ:—ਸਲਾਈ ਨਾਲ ਧਾਗਾ ਕੱਢਣਾ ॥

**ਨਿਖਿੱਧ,** ਵਿ:—'ਨਖਿੱਧ' ਵੇਖੋ ॥

**ਨਿਖੇਧ,** ਵਿ:—ਜਿਸਦਾ ਨਾਮ ਨਹੀਂ ॥
ਪੁ:—ਨਿਖੇੜਾ ॥

**ਨਿਖੇੜਾ,** ਪੁ:—ਫਰਕ, ਪਛਾਣ, ਅੱਡ ਅੱਡ ਹੋਣਾ ॥

**ਨਿਖੋਟ,** ਵਿ:—ਜਿਸ ਵਿਚ ਖੋਟ ਨਹੀਂ, ਨਖਾਲਸ ॥

Digitized by Panjab Digital Library | www.panjabdigilib.org

**ਨਿਗਮ,** ਪੁ:—ਵੇਦ।

**ਨਿੱਗਰ,** ਵਿ:—ਸਖਤ, ਕਰੜਾ, ਭਾਰਾ।

**ਨਿਗੰਦਣਾ**
**ਨਿਗੰਦਵਾਉਣਾ**
**ਨਿਗੰਦਵਾਈ**
**ਨਿਗੰਦਾ**
**ਨਿਗੰਦਾਉਣਾ**
**ਨਿਗੰਦਾਈ** } 'ਨਗੰਦਣਾ' ਆਦਿਕ ਵੇਖੋ

**ਨਿਗਮਾ,** ਪ:—ਨਿਖੇੜਾ, ਫਰਕ, ਪਛਾਣ।

**ਨਿਗਰਾਨੀ,** ਸ:—ਵੇਖ ਭਾਲ, ਰਾਖੀ, ਸੰਭਾਲ ਪਹਿਰਾ।

**ਨਿਗਲਣਾ,** ਕ੍ਰਿ:—ਚੱਥਣ ਬਾਝੋਂ ਹੀ ਅੰਦਰ ਲੰਘਾ ਲੈਣਾ, ਬੇਈਮਾਨੀ ਨਾਲ ਕਿਸੇ ਦਾ ਮਾਲ ਉਡਾ ਲੈਣਾ

**ਜੀਉਂਦੀ ਮੱਖੀ ਨਿਗਲਣੀ,** ਕ੍ਰਿ:—ਜਾਣ ਬੁੱਝ ਕੇ ਬੁਰੀ ਚੀਜ਼ ਲੈ ਲੈਣੀ।

**ਨਿਗੱਲ।** ਵਿ:, ਪੁ:—ਜਿਸ ਦੀ ਗੱਲ ਦਾ ਵਸਾਹ ਨਹੀਂ।

**ਨਿਗਲਾਉਣਾ,** ਕ੍ਰਿ:—ਨਿਗਲਣ ਦਾ ਕੰਮ ਕਰਾਉਣਾ।

**ਨਿਗਾ**
**ਨਿਗਾਂ** } ਸ:—ਵਾਰੀ, ਦਫਾ (ਬਹੁਤ ਨਿਗਾਂ = ਕਈ ਵਾਰੀਂ)।

**ਨਗਾ**
**ਨਗਾਹ** } ਸ:—ਨਜ਼ਰ, ਨੀਝ, ਤੱਕ, ਲਿਹਾਜ਼, ਧਿਆਨ।

**ਨਿਗਾ ਕਰਨੀ,** ਕ੍ਰਿ:—ਵੇਖਣਾ, ਪਰਖਣਾ।

**ਨਿਗਾ ਪੈਣੀ,** ਕ੍ਰਿ:—ਦਿੱਸਣਾ, ਨਜ਼ਰ ਆਉਣਾ।

**ਨਿਗਾ ਫੇਰਨੀ,** ਕ੍ਰਿ:—ਧਿਆਨ ਨਾ ਕਰਨਾ।

**ਨਿਗਾ ਮਿਲਾਉਣੀ,** ਕ੍ਰਿ:—ਕਿਸੇ ਦੇ ਮੂੰਹ ਵਲ ਤੱਕਣਾ।

**ਨਿਗਾ ਰੱਖਣੀ**
**ਨਿਗਾ ਵਿੱਚ ਰੱਖਣਾ** } ਕ੍ਰਿ:—ਵੇਖਦੇ ਰਹਿਣਾ, ਸੋਝੀ ਰਖਣੀ।

**ਨਿਗਾਹਾ,** ਪ:—ਡੇਰਾ ਗਾਜ਼ੀ ਖਾਂ ਦੇ ਜ਼ਿਲੇ ਵਿਚ ਇੱਕ ਪੀਰ ਦੀ ਥਾਂ।

**ਨਿਗੁਰਾ,** ਵਿ:—ਜਿਸ ਦਾ ਕੋਈ ਗੁਰੂ ਨਹੀਂ, ਬੇ ਅਸੂਲਾ।

**ਨਿੱਘ,** ਸ:—ਥੋੜ੍ਹੀ ਥੋੜ੍ਹੀ ਗਰਮੀ, ਤਾ।

**ਨਿੱਘਰ ਜਾਣਾ**
**ਨਿੱਘਰਨਾ** } ਕ੍ਰਿ:—ਗਰਕ ਜਾਣਾ, ਥੱਲੇ ਬਹਿ ਜਾਣਾ, ਘਟਣਾ, ਕਮਜ਼ੋਰ ਹੋ ਜਾਣਾ, ਨਾਸ ਹੋ ਜਾਣਾ।

**ਨਿੱਘਾ,** ਵਿ:—ਥੋੜ੍ਹਾ ਥੋੜ੍ਹਾ ਗਰਮ, ਕੋਸਾ, ਦਲੇਰ, ਹੌਸਲੇ ਵਾਲਾ, ਜੋ ਦੁਖ ਸਹਿ ਲਵੇ, ਜੋ ਭੇਤ ਲੁਕਾ ਸਕੇ।

**ਨਿਘਾਰ,** ਪੁ: ਔਖ, ਮੁਸੀਬਤ, ਬਰਬਾਦੀ (ਪੈ ਜਾਣਾ)।

**ਨਿਘਾਰਨਾ,** ਕ੍ਰਿ:—'ਨਿੱਘਰਨਾ' ਵੇਖੋ।

**ਨਿਚੱਲ**
**ਨਿਚਲਾ** } ਵਿ:—ਚੁਪ ਚੁਪਾਤਾ, ਜੋ ਹਿੱਲੇ ਜੁਲੇ ਨਾ (ਰਹਿਣਾ)।

**ਨਿਚਲਾ** ਵਿ:—ਨੀਚੇ ਦਾ, ਹੇਠਲਾ, ਥੱਲੇ ਦਾ।

**ਨਿੱਚੜਨਾ,** ਕ੍ਰਿ:—ਪਾਣੀ ਆਦਿਕ ਦੀਆਂ ਬੂੰਦਾਂ ਕਿਰਨੀਆਂ।

**ਨਿਚਾਈ,** ਸ:—ਨੀਵੀਂ ਧਰਤੀ, ਹੇਠਲੀ ਥਾਂ।

**ਨਿਚਾਣ,** ਸ:—ਨੀਵੀਂ ਧਰਤੀ, ਘਾਟੀ।

**ਨਿਚੱਟ,** ਵਿ:—ਸਾਫ, ਨਿੱਖਰ, ਬੇ ਦਾਗ।

Digitized by Panjab Digital Library / www.panjabdigilib.org

**ਨਿਚਿੰਤ,** ਵਿ:—ਜਿਸ ਨੂੰ ਚਿੰਤਾ ਨਹੀਂ, ਬੇਫਿਕਰਾ, ਵੇਹਲਾ ॥

**ਨਿਚਿੰਤਾਈ,** ਸ:—ਬੇ ਫਿਕਰੀ, ਮੌਜ, ਅਰਾਮ ॥

**ਨਿਚੁੜਵਾਉਣਾ,** ਕ੍ਰਿ:—'ਨਚੁੜਵਾਉਣਾ' ਵੇਖੋ ॥

**ਨਿਚੋੜ,** ਪੁ:—ਸਤ, ਅਰਕ, ਜੋ ਨਿੱਚੜ ਕੇ ਕੱਠਾ ਹੋਵੇ ॥

**ਨਿਚੋੜਨਾ,** ਕ੍ਰਿ:, **ਨਿਚੋੜਾ,** ਪੁ: — 'ਨਚੋੜਨਾ' ਅਤੇ 'ਨਚੋੜਾ' ਵੇਖੋ ॥

**ਨਿਚੋੜੇ ਦਾ ਘੁੱਟ,** ਪੁ:—ਛੇਕੜਲੀ ਬੂੰਦ, ਨਿਚੋੜ ਕੇ ਕਢਿਆ ਹੋਯਾ ।

**ਨਿੱਛ,** ਸ:—ਛਿੱਕ, ਨੱਕ ਰਾਹੀਂ ਜੋ ਵਾਉ ਅਵਾਜ਼ ਨਾਲ ਨਿਕਲੇ (ਆਉਣੀ) ॥

**ਨਿੱਛ ਪਣੀ,** ਕ੍ਰਿ:—ਕਿਸੇ ਦੇ ਨਿੱਛਣ ਕਰਕੇ ਬਦ ਸਗਨੀ ਹੋਣੀ ॥

**ਨਿੱਛਣਾ**, **ਨਿੱਛ ਮਾਰਨੀ** — ਕ੍ਰਿ:—ਨੱਕ ਵਿੱਚੋਂ ਵਾ ਅਵਾਜ਼ ਨਾਲ ਕਢਣੀ ॥

**ਨਿਛੱਕਾ,** ਵਿ:—ਸ਼ਰਮਿੰਦਾ, ਘਾਬਰਿਆ ਹੋਇਆ ॥

**ਨਿਜ,** ਵਿ:—ਆਪਣਾ, ਖਾਸ ।

**ਨਿੱਜ,** ਕ੍ਰਿ: ਵਿ:—ਕਦੇ ਨਾਂ, ਬਿਲਕੁਲ ਨਹੀਂ ॥

**ਨਿਜ ਕਰਕੇ,** ਕ੍ਰਿ: ਵਿ:—ਖਾਸ ਤੌਰ ਤੇ ।

**ਨਿੱਜਸਪੁਣਾ,** ਪੁ:—ਕੰਜੂਸੀ, ਸੂਮ ਪੁਣਾ ।

**ਨਿੱਜਸੀ,** ਵਿ:—ਕੰਜੂਸ, ਸੂਮ, ਕਮੀਣਾ ॥

**ਨਿਜਹ,** ਪੁ:—ਮਰਨ ਦੇ ਵੇਲੇ ਦਾ ਦੁਖ ॥

**ਨਿਜਾ,** ਸ:—ਝਗੜਾ, ਬਖੇੜਾ ॥

**ਨਿਜ਼ਾਮ,** ਪੁ:—ਹੈਦਰਾਬਾਦ ਦੱਖਣ ਦੇ ਨਵਾਬ ਦੀ ਅਲ ॥

**ਨਿਜਿੱਠਣਾ,** ਕ੍ਰਿ:—'ਨਜਿੱਠਣਾ' ਵੇਖੋ ॥

**ਨਿੱਠਣਾ**, **ਨਿੱਠਰਨਾ,** — ਕ੍ਰਿ:—ਖੁੱਲ੍ਹ ਕੇ ਬੈਠਣਾ, ਅਟਕਣਾ ਉਡੀਕਣਾ ।

**ਨਿਡਰ**, **ਨਿੱਡਰ** — ਵਿ:—ਜਿਸ ਨੂੰ ਡਰ ਨਹੀਂ, ਦਲੇਰ

**ਨਿਡੋਲ,** ਵਿ:—ਜੋ ਡੋਲੇ ਨਾਂ, ਟਿਕਿਆ ਹੋਇਆ ॥

**ਨਿੱਢਾ,** ਪੁ:, **ਨਿੱਢੀ,** ਸ: — 'ਨੱਢਾ' (ਢੀ) ਵੇਖੋ ॥

**ਨਿਢਾਲ,** ਵਿ:—'ਨਢਾਲ' ਵੇਖੋ ॥

**ਨਿੱਤ**, **ਨਿੱਤ ਪਰਤ (ਤੀ)** — ਕ੍ਰਿ:, ਵਿ:—ਸਦਾ ਹਮੇਸ਼ਾ, ਰੋਜ਼, ਲਗਾ ਤਾਰ ॥

**ਨਿੱਤ ਨੇਮ,** ਪੁ:—ਰੋਜ਼ ਦੀ ਪੂਜਾ ਪਾਠ ॥

**ਨਿੱਤਰਨਾ,** ਕ੍ਰਿ:—ਰਖੇ ਜਾਣਾ, ਅਲਗ ਹੋਣਾ ਮੈਲ ਦੇ ਥੱਲੇ ਬੈਠਣ ਨਾਲ (ਪਾਣੀ ,ਆਦਿਕ, ਸਾਫ ਹੋ ਜਾਣਾ ।

**ਨਿੱਤਰਨਾਂ**, **ਨਿੱਤਰਵਾਂ** — ਵਿ:—ਨਿੱਤਰਿਆ ਹੋਯਾ, ਸਾਫ਼, ਨਿਰਮਲ ॥

**ਨਿਤਰਵਾਉਣਾ**, **ਨਿਤਰਾਉਣਾ** — ਕ੍ਰਿ:—ਅਲਗ ਕਰਾਉਣਾ, ਸਾਫ ਕਰਾਉਣਾ ॥

Digitized by Panjab Digital Library | www.panjabdigilib.org

**ਨਿਤਾਬਰਤ,** ਕ੍ਰਿ: ਵਿ:-ਨਿੱਤ, ਸਦਾ, ਸਵੇਰੇ ।

**ਨਿਤਾ ਬਰਤੀ,** ਪੁ: ਸ:-ਜੋ ਸਦਾ ਬਰਤ ਰੱਖੇ ।

**ਨਿਤਾਣਾ,** ਵਿ:-ਕਮਜ਼ੋਰ, ਨਿਢਾਲ, ਨਿਰਬਲ ॥

**ਨਿਤਾਰ,** ਪੁ:-ਮੈਲ ਦੇ ਥੱਲੇ ਬਹਿਣ ਨਾਲ ਜੋ ਸਾਫ ਪਾਣੀ ਆਦਿਕ ਰਹਿ ਜਾਵੇ ।

**ਨਿਤਾਰਨਾ,** ਕ੍ਰਿ: ਸਾਫ ਕਰਨਾ, ਸੱਚ ਝੂਠ ਅੱਡ ਅੱਡ ਕਰਨਾ, ਬੂਟੀ ਛੇਤੁੰਕੇ ਰਸ ਕੱਢ ਲੈਣਾ ॥

**ਨਿਤਾਰਾ,** ਪੁ:-ਸੱਚ ਝੂਠ ਦੀ ਪਛਾਣ, ਫੈਸਲਾ, ਨਿਰਨਾ ॥

**ਨਿੰਦ,** ਵਿ:-ਵਰਜਿਆ ਹੋਯਾ, ਜਿਸ ਤੇ ਗਿਲਾਨੀ ਆਵੇ, ਮੰਦਾ ॥

**ਨਿੰਦਕ,** ਪੁ:-ਨਿੰਦਿਆ ਕਰਨ ਵਾਲਾ ॥

**ਨਿੰਦਕਾਈ,** ਸ:-ਨਿੰਦਕ ਦਾ ਕੰਮ ॥

**ਨਿੰਦਣਾ**
**ਨਿੰਦ ਦੇਣਾ** } ਕ੍ਰਿ:-ਬੁਰਿਆਈ ਕਰਨੀ, ਔਗਣ ਦੱਸਣੇ ॥

**ਨਿੰਦਰਾ,** ਸ:-ਨੀਂਦ, ਨੀਂਦਰ ।

**ਨਿੰਦਰਾਕਲਾ,** ਵਿ: ਪੁ:-ਜਿਸ ਨੂੰ ਨੀਂਦਰ ਪਈ ਆਵੇ ॥

**ਨਿੰਦਾ**
**ਨਿੰਦਿਆ** } ਸ:-ਬਦਨਾਮੀ, ਐਬ, ਤੁਹਮਤ, ਚੁਗਲੀ (ਕਰਨੀ, ਹੋਣੀ) ।

**ਨਿੰਦਾ ਕਰਨੀ,** ਕ੍ਰਿ:-ਬੁਰਾ ਕਹਿਣਾ, ਔਗਣ ਦੱਸਣੇ ॥

**ਨਿੱਧ,** ਸ:-ਖਜ਼ਾਨਾ, ਧਨ, ਪਦਾਰਥ, ਬਖਸ਼ਾਵਰੀ।

**ਨਿੱਧ ਸਿੱਧ,** ਸ:-ਬਖਤਾਵਰੀ, ਸਭ ਪਦਾਰਥ ॥

**ਨਿਧੜਕ,** ਵਿ:-ਨਿਡਰ, ਦਲੇਰ, ਹੌਸਲੇ ਵਾਲਾ॥

**ਨਿਧਾਣ,** ਪ:-ਖਜ਼ਾਨਾ, ਜਿੱਥੇ ਕੋਈ ਚੀਜ਼ ਰਹੇ ।

**ਨਿਨੇ,** ਪੁ:-(ਬਹੁ:) ਫਰਕ, ਪਛਾਣ ॥

**ਨਿਨਾਣਵੇਂ,** ਵਿ:-ਨੱਵੇ ਅਤੇ ਨੌਂ ॥

**ਨਿਨਾਵਾਂ,** ਪੁ:-ਉਂਗਲੀ ਦੀ ਸੋਜ ਅਤੇ ਪੀੜ ਦਾ ਰੋਗ ॥

**ਨਿਪਟ,** ਕ੍ਰਿ: ਵਿ:-ਬਹੁਤ, ਬਿਲਕੁਲ, ਹੱਦੋਂ ਬਾਹਰਾ ॥

**ਨਿਪੁੱਤਾ,** ਵਿ:-ਜਿਸ ਦੇ ਪੁਤ੍ਰ ਨਾਂ ਹੋਵੇ, ਬੇ ਔਲਾਦਾ ॥

**ਨਿੰਬ,** ਸ:-'ਨਿੰਮ' ਵੇਖੋ ॥

**ਨਿਬਣਾ,** ਕ੍ਰਿ:-ਪੂਰਾ ਹੋਣਾ, ਹੋ ਜਾਣਾ, ਕੁਝ ਨਾ ਰਹਿਣਾ ॥

**ਨਿਬਲ**
**ਨਿਬਲਾ** } ਵਿ:-ਕਮਜ਼ੋਰ, ਨਿਰਬਲ ॥

**ਨਿੰਬਲ,** ਵਿ:-ਬੱਦਲਾਂ ਦਾ ਨਾ ਹੋਣਾ, ਸਾਫ਼ ਅਸਮਾਨ ॥

**ਨਿੱਬੜ ਤਿੱਬੜ,** ਪੁ:-ਨਿਬੇੜਾ, ਫੈਸਲਾ, ਓੜਕ ॥

**ਨਿੱਬੜਨਾ,** ਕ੍ਰਿ:-ਫੈਸਲਾ ਹੋਣ, ਮੁੱਕ ਜਾਣਾ ॥

**ਨਿਬਾਹ,** ਪੁ:
**ਨਿਬਾਹੁਣਾ,** ਕ੍ਰਿ:
**ਨਿਬਾਹੂ,** ਵਿ: } 'ਨਬਾਹ' ਆਦਿਕ ਵੇਖੋ ॥

Digitized by Panjab Digital Library www.panjabdigilib.org

**ਨਿਥਾਲ, ਨਿਥਾਲਾ**, ਵਿ:—ਜਿਸ ਦਾ ਕੋਈ ਆਸਰਾ ਨਹੀਂ ।

**ਨਿੰਬੂ, ਨਿਬੂ**, ਪੁ:—ਖੱਟੇ ਰਸ ਵਾਲਾ ਮਸ਼ਹੂਰ ਫਲ

**ਨਿਥੇੜਨਾ, ਨਿਥੇੜਾ, ਨਿਦੇੜੂ**, 'ਨਬੇੜਨਾ' ਆਦਿਕ ਵੇਖੋ ॥

**ਨਿਭਣਾ**, ਕ੍ਰਿ:—'ਨਿਬਲਾ' ਵੇਖੋ ॥

**ਨਿਭਰਮਾ**, ਵਿ:—ਜਿਸ ਦਾ ਭਰਮ ਨਹੀਂ, ਜੋ ਕੰਮ ਦਿੱਤਾ ਜਾਵੇ ਕਰਨ ਵਾਲਾ ॥

**ਨਿਭਾਉ, ਨਿਭਾਉਣਾ, ਨਿਭਾਊ**, 'ਨਬਾਹ' ਆਦਿਕ ਵੇਖੋ ॥

**ਨਿੰਮ**, ਸ:—ਮਸ਼ਹੂਰ ਕੌੜੇ ਫਲ ਵਾਲਾ ਰੁਖ ॥

**ਨਿਮਸਕਾਰ**, ਸ:—'ਨਮਸਕਾਰ' ਵੇਖੋ ॥

**ਨਿਮਕ, ਨਿਮਿਕ**, ਪੁ:—ਨਮਕ, ਲੂਣ, ਮਸ਼ਹੂਰ ਮਸਾਲਾ, ਅੰਨ ॥

**ਨਿਮਕ ਹਰਾਮ**, ਵਿ:—ਜੋ ਕਿਸੇ ਦਾ ਕੀਤਾ ਨਾ ਜਾਣੇ, ਮਾਲਕ ਨਾਲ ਧ੍ਰੋਹ ਕਰਨ ਵਾਲਾ ॥

**ਨਿਮਕ ਹਲਾਲ**, ਵਿ:—ਜੋ ਕਿਸੇ ਦਾ ਕੀਤਾ ਜਾਣੇ, ਮਾਲਕ ਦਾ ਹਿਤਕਾਰੀ ॥

**ਨਿਮਕ ਖਾਣਾ**, ਕ੍ਰਿ:—ਕਿਸੇ ਦਾ ਦਿੱਤਾ ਅੰਨ ਖਾਣਾ ॥

**ਨਿਮਕੀ, ਨਿਮਕੀਨ**, ਵਿ:—ਜਿਸ ਵਿਚ ਨਿਮਕ ਹੋਵੇ, ਸਲੂਣਾ ।

**ਨਿਮਕੀ ਪਤਾਸੇ**, ਪੁ:—ਲੂਣ ਵਾਲੇ ਮੈਂਮੂੰ ਜਾਂ ਜਾਮਣੂ ॥

**ਨਿਮਖ**, ਪੁ:—ਪਲ, ਬਹੁਤ ਥੋੜਾ ਚਿਰ ॥

**ਨਿਮਤਾ**, ਵਿ:—ਘਟੀਆ, ਕਮਜ਼ੋਰ ॥

**ਨਿਮ੍ਰ**, ਵਿ:—ਹਲੀਮ, ਜਿਸ ਵਿਚ ਹੰਕਾਰ ਨਾ ਹੋਵੇ, ਗਰੀਬ ॥

**ਨਿਮ੍ਰਤਾ, ਨਿਮ੍ਰਤਾਈ**, ਸ:—ਹਲੀਮੀ, ਗਰੀਬੀ, ਆਜਜ਼ੀ ॥

**ਨਿਮਾਜ, ਨਿਮਾਜਣ, ਨਿਮਾਜੀ**, 'ਨਮਾਜ਼' ਆਦਿਕ ਵੇਖੋ ॥

**ਨਿਮਾਣ**, ਪੁ:—ਨੀਵੀਂ ਥਾਂ, ਦੋ ਪਹਾੜਾਂ ਦੇ ਵਿਚਲੀ ਥਾਂ ॥

**ਨਿਮਾਣਾ**, ਪੁ: **ਨਿਮਾਣੀ**, ਸ: ਕੋਝਾ (ਤ੍ਰੀ)। ਵਿ:—ਸਿੱਧਾ ਗਰੀਬ, ਹਲੀਮ ।

**ਨਿਮਾਣੀ ਇਕਾਦਸ਼ੀ**, ਸ:—'ਨਿਰਜਲਾ ਅਕਾਦਸ਼ੀ' ਵੇਖੋ ।

**ਨਿੰਮਿਆ**, ਵਿ:—ਨਵਾਂ ਨਵਾਂ ਗਰਭ ਵਿਚ ਆਯਾ ਜਾਂ ਜੰਮਿਆ ਹੋਇਆ ਬੱਚਾ ॥

**ਨਿਮਿੱਤ**, ਪੁ:—'ਨਮਿੱਤ' ਵੇਖੋ ॥

**ਨਿਮੂਜ**, ਪੁ:—ਵਡਿਆਈ, ਸੋਭਾ, ਨਾਉਂ ।

Digitized by Panjab Digital Library | www.panjabdigilib.org

**ਨਿਮੂਝਾਣ, ਨਿਮਝਾਣਾ,** ਵਿ:—ਉਦਾਸ ਖਾਬ ਤਆ ਹੋਯਾ

**ਨਿਮੋਸੀ,** ਸ:—'ਨਮੋਸੀ' ਵੇਖੋ ॥

**ਨਿਮੋਝੂਣਾ,** ਵਿ:—'ਨਿਮੂਝਾਣਾ' ਵੇਖੋ ॥

**ਨਿਯਤ,** ਵਿ:—ਠਰ੍ਹਾਇਆ ਹੋਇਆ, ਬਾਧਿਆ ਹੋਯਾ, ਮੁਕੱਰਰ ਕੀਤਾ ਹੋਯਾ ।

**ਨਿਯਮ,** ਪੁ:—'ਨੇਮ' ਵੇਖੋ ।

**ਨਿਰ,** ਵਿ: ਵਿ:—(ਹੋਰਨਾਂ ਪਦਾਂ ਨਾਲ ਮਿਲਕੇ) ਨਹੀਂ, ਬਾਝੋਂ, ਬਿਨਾ (ਜਿਹਾ ਕਿ ਨਿਰ ਅਪਰਾਧ—ਜਿਸ ਦਾ ਅਪਰਾਧ ਨਹੀਂ ਨਿਰਬਲ-ਜਿਸ ਵਿੱਚ ਬਲ ਨਹੀਂ, ਕਮਜ਼ੋਰ)।

**ਨਿਰਗਤ,** ਵਿ:—ਜਿਸ ਦੀ ਗਤੀ ਨਹੀਂ, ਹੋਈ

**ਨਿਰਗੁਣ,** ਵਿ:—ਜਿਸ ਵਿੱਚ ਗੁਣ ਨਹੀਂ, ਤਿੰਨਾਂ ਗੁਣਾਂ ਤੋਂ ਰਹਿਤ (ਪਰਮੇਸਰ), ਜੋ ਕਿਸੇ ਦੀ ਗੁਣ ਨਾਂ ਜਾਣੇ

**ਨਿਰਗੁਣਿਆਰ,** ਵਿ:—ਜਿਸਵਿੱਚ ਗੁਣ ਨਹੀਂ, ਦੋਸ ਵਾਲਾ (ਲੀ)॥

**ਨਿਰਘਣ,** ਵਿ:—ਹਲੀਮ, ਗਰੀਬ, ਆਜਜ਼ ।

**ਨਿਰਚੂ,** ਵਿ:—ਨਿਚਿੰਤ, ਬੇ ਪਰਵਾਹ (ਹੋਣਾ)।

**ਨਿਰਜਨ,** ਵਿ:—ਜਿਸ ਦਾ ਕੋਈ ਨੌਕਰ ਨਹੀਂ ਬੇ ਉਲਾਦ, ਸੁੰਞ, ਜਿੱਥੇ ਕੋਈ ਮਨੁਖ ਨਹੀਂ (ਬਣ)॥

**ਨਿਰਜਲ,** ਵਿ:—ਜਲ ਬਾਝੋਂ, ਸੁੱਕਾ (ਖੀ)॥

**ਨਿਰਜਲਾ ਅਕਾਦਸੀ,** ਸ:—ਜੇਠ ਹਾੜ ਦੇ ਮਹੀਨੇ ਦੀ ਇੱਕ ਅਕਾਦਸੀ ਜਿਸ ਦਾ ਵਰਤ ਰੱਖਕੇ ਕਈ ਲੋਕ ਪਾਣੀ ਬੀ ਨਹੀਂ ਪੀਂਦੇ ।

**ਨਿਰਜੀਵ,** ਵਿ:—ਜਿਸ ਵਿੱਚ ਜਿੰਦ ਨਹੀਂ ਮਰਦਾ ।

**ਨਿਰਦਈ,** ਵਿ:—ਜਿਸ ਵਿਚ ਦਯਾ ਨਹੀਂ, ਬੇ ਤਰਸ ।

**ਨਿਰਦੇਹ,** ਵਿ:—ਦੇਹ ਤੋਂ ਬਾਹਰ, ਸਰੀਰ ਰਹਿਤ ॥

**ਨਿਰਦੋਖ (ਸ), ਨਿਰਦੋਖ (ਸਣ), ਨਿਰਦੋਖੀ (ਸੀ),** ਜਿਸ ਵਿਚ ਦੋਸ ਨਹੀਂ, ਬੇ ਗੁਨਾਹ ।

**ਨਿਰਧਣ,** ਵਿ:—ਗਰੀਬ, ਭੁੱਖਾ, ਮੰਗਤਾ ।

**ਨਿਰਪਰਾਧ, ਨਿਰਪਰਾਧੀ,** ਵਿ:—ਜਿਸ ਦਾ ਕੋਈ ਅਪਰਾਧ ਨਹੀਂ

**ਨਿਰਬੰਸ,** ਵਿ:—ਜਿਸ ਦੇ ਵੰਸ ਕੁਝ ਨਹੀਂ, ਲਾਵਾਰ ।

**ਨਿਰਬੰਧ,** ਵਿ:-ਬੰਧਨਾਂ ਤੋਂ ਰਹਿਤ, ਖੁੱਲ੍ਹਾ, ਅਜ਼ਾਦ ॥

**ਨਿਰਬਿਕਾਰ,** ਵਿ:—ਬਿਕਾਰ ਜਾਂ ਦੋਸ ਬਿਨਾ, ਪਰਮੇਸਰ ।

**ਨਿਰਬੀਜ,** ਵਿ:—ਜਿਸ ਦਾ ਬੀ ਨਹੀਂ, ਬੇ ਉਲਾਦ ।

**ਨਿਰਭਾਗੀ,** ਵਿ:—ਜਿਸ ਦੇ ਭਾਗ ਚੰਗੇ ਨਹੀਂ, ਬੇ ਨਸੀਬ ।

**ਨਿਰਮਲ,** ਵਿ:—ਸਾਫ, ਸੁੱਧ, ਪਵਿਤ੍ਰ ॥

**ਨਿਰਮੁੱਲ (ਲਾ), ਨਿਰਮੋਲ,** ਵਿ:—ਜਿਸ ਦਾ ਮੁੱਲ ਨਹੀਂ, ਦੁਰਲਭ, ਮੁਫ਼ਤ ॥

**ਨਿਰਲੱਜ,** ਵਿ:—ਬੇ ਸ਼ਰਮ, ਬੇ ਹਯਾ ॥

Digitized by Panjab Digital Library | www.panjabdigilib.org

**ਨਿਰਲੇਪ,** ਵਿ:—ਬੇ ਦਾਗ, ਬੇ ਐਬ ॥

**ਨਿਰਸ,** ਵਿ:—ਖੱਟਾ, ਹੌਲੇ ਮੇਲ ਦਾ (ਣੀ), ਬੇ ਸੁਆਦ, ਸੁੱਕਾ।

**ਨਿਰੰਕਾਰ,** ਪੁ:—ਜਿਸ ਦਾ ਰੂਪ ਰੰਗ ਨਹੀਂ, ਪਰਮਾਤਮਾ।

**ਨਿਰਖ,** ਪੁ:—ਭਾਉ, ਮੁੱਲ, ਜਿਸ ਲੇਖੇ ਚੀਜ਼ ਵਿਕੇ।

**ਨਿਰਖ,** ਸ:—ਪਤਾ ਪਛਾਣ, ਖਬਰ, ਗਿਆਨ, (ਕਰਨਾ)

**ਨਿਰਖਣਾ,** ਕ੍ਰਿ:—ਦੇਖਣਾ, ਭਾਲਣਾ, ਪਤਾ ਲਾਉਣਾ, ਕਦਰ ਕਰਨੀ।

**ਨਿਰੰਗਸ,** ਵਿ:—ਜਿਸ ਨੂੰ ਕੋਈ ਬੰਧੇਜ ਨਹੀਂ, ਆਪ ਹੁਦਰਾ ॥

**ਨਿਰੰਜਣ**
**ਨਿਰੰਜਨ** } ਵਿ:, ਪੁ:—ਬੇਦਾਗ, ਬੇ ਦੋਸ, ਪਰਮਾਤਮਾ।

**ਨਿਰੰਜਾਂ,** ਵਿ:—ਜਿਸ ਨੇ ਅਜੇ ਕੁਝ ਨਹੀਂ ਖਾਧਾ ॥

**ਨਿਰਣ,** ਵਿ:—ਜਿਸ ਵਿੱਚ ਕੁਝ ਸੰਸਾ ਨਹੀਂ, ਸਾਫ, ਠੀਕ ॥
ਸ:—ਪਛਾਣ, ਸਬੂਤ, ਵਖਿਆਨ।

**ਨਿਰਤ,** ਸ:—ਨਾਚ, ਮੁੱਲ ਪਾਉਣਾ, ਅੰਦਾਜ਼ਾ, ਕਦਰ ॥

**ਨਿਰਤਕਾਰ (ਰੀ),** ਪੁ: ਨੱਚਣ ਵਾਲਾ।

**ਨਿਰਤ ਕਾਰੀ,** ਸ: —ਨੱਚਣ ਦਾ ਕੰਮ, ਨਾਚ।

**ਨਿਰਤਕ,** ਪੁ:—ਨੱਚਣ ਵਾਲਾ, ਨਿਰਤ ਕਾਰ ॥

**ਨਿਰੰਤਰ,** ਕ੍ਰਿ: ਵਿ:—ਲਗਾਤਾਰ, ਬਰਾਬਰ।

**ਨਿਰਤਾ,** ਵਿ:—ਉਂਨਾ।

**ਨਿਰਨਾ,** ਪੁ: —ਪਛਾਣ, ਵਖਿਆਨ-ਪੂਰਾ ਬਿਆਨ; ਵਿ:—ਜਿਸ ਨੇ ਅਜੇ ਕੁਝ ਨਹੀਂ ਖਾਧਾ ॥

**ਨਿਰਨੇ ਹਾਰ,** ਵਿ:—'ਨਿਰਾਹਾਰ' ਵੇਖੋ ॥

**ਨਿਰਬਸੀ**
**ਨਿਰਬਿਸੀ** } ਸ:—ਇੱਕ ਗਰਮ ਖੁਸ਼ਕ ਬੂਟੀ ॥

**ਨਿਰਬਾਹ,** ਪੁ:—'ਨਬਾਹ' ਵੇਖੋ ॥

**ਨਿਰਬਾਣ,** ਪੁ:—ਸੰਸਾਰ ਦੇ ਦੁਖ ਸੁਖ ਤੋਂ ਛੁੱਟ ਜਾਣਾ ॥

**ਨਿਰਬਾਣ ਪਦ,** ਪੁ:—ਉਹ ਹਾਲਤ ਜਿਸ ਵਿੱਚ ਤ੍ਰਿਸ਼ਨ ਬਿਲਕੁਲ ਮਿਟ ਜਾਂਦੀ ਹੈ ॥

**ਨਿਰਮਲਾ,** ਪੁ:—(ਇਕ:)
**ਨਿਰਮਲੇ,** ਪੁ: (ਬਹੁ:) } ਇੱਕ ਤਰਾਂ ਦੇ ਸਿੱਖ ਸਾਧੂ।

**ਨਿਰਮਲੀ,** ਸ:—ਪਾਣੀ ਸਾਫ ਕਰਨ ਵਾਲੀ ਇੱਕ ਬੂਟੀ।

**ਨਿਰਮੂਲ,** ਵਿ:—ਜਿਸ ਦਾ ਮੂਲ ਜਾਂ ਜੜ ਨਹੀਂ ॥

**ਨਿਰਬਾਹ,** ਪੁ:—'ਨਬਾਹ' ਵੇਖੋ ॥

**ਨਿਰਵਾਰਨਾ,** ਕ੍ਰਿ:—ਸਮਝਣਾ, ਬੁੱਝਣਾ, ਪਛਾਨਣਾ ॥

**ਨਿਰਵਿਰਤ,** ਵਿ:—ਹਟਿਆ ਹੋਇਆ, ਜਿਸ ਦਾ ਅੰਤ ਹੋ ਗਿਆ ਹੈ ॥

**ਨਿਰਵੈਰ,** ਵਿ:—ਜਿਸ ਵਿੱਚ ਵੈਰ ਨਹੀਂ ॥
ਸ: —ਪਛਾਣ।

**ਨਿਰਾ,** ਕ੍ਰਿ:-ਵਿ:—ਇਕੱਲਾ, ਇੱਕੋ ਹੀ, ਕੇਵਲ, ਸਿਰਫ ॥

Digitized by Panjab Digital Library | www.panjabdigilib.org

**ਨਿਰਾ ਪੁਰਾ,** ਵਿ:—ਬਿਲਕੁਲ, ਪੂਰਾ ਪੂਰਾ ।

**ਨਿਰਾਸ, ਨਿਰਾਸਾ** ਵਿ:—ਜਿਸ ਨੂੰ ਆਸ ਜਾਂ ਉਮੇਦ ਨਹੀਂ ॥

ਸ:—ਆਸ ਜਾਂ ਉਮੇਦ ਨਾਂ ਹੋਣੀ ॥

**ਨਿਰਾਸਰਾ,** ਵਿ:—ਜਿਸ ਦਾ ਕੋਈ ਆਸਰਾ, ਨਹੀਂ ॥

**ਨਿਰਾਹਾਰ,** ਵਿ:—ਜਿਸ ਨੇ ਅਜੇ ਕੁਝ ਨਹੀਂ ਖਾਧਾ ॥

**ਨਿਰਾਕਾਰ,** ਵਿ:—ਜਿਸ ਦਾ ਰੂਪ ਰੰਗ ਨਹੀਂ, ਨਿਰੰਕਾਰ, ਪਰਮਾਤਮਾ ।

**ਨਿਰਾਰਥ,** ਵਿ:—ਬਿਅਰਥ, ਜਿਸ ਦਾ ਕੁਝ ਲੈਣਾ ਨਹੀਂ ॥

**ਨਿਰਾਲਾ ( ਲੀ ),** ਵਿ:—ਵੱਖਰਾ, ਅਨੋਖਾ, ਨਿਆਰਾ ॥

**ਨਿਰਿਹਾਰ,** ਵਿ:—'ਨਿਰਾਹਾਰ' ਵੇਖੋ ॥

**ਨਿਰਿਤ,** ਸ:—'ਨਿਰਤ' ਵੇਖੋ ॥

**ਨਰਿੰਦ,** ਪੁ: —ਮਨੁਖਾਂ ਦਾ ਸਰਦਾਰ ॥

**ਨਿਰਿੰਦਰ,** ਪੁ:—ਰਾਜਾ ॥

**ਨਿਰੂਪ, ਨਿਰੂਪਾ, ਨਿਰੂਪੀ** ਵਿ:—ਜਿਸ ਦਾ ਕੋਈ ਰੂਪ ਨਹੀਂ, ਨਿਰੰਕਾਰ ॥

**ਨਿਰੋਹਾਰ,** ਵਿ:—'ਨਿਰਾਹਾਰ' ਵੇਖੋ ॥

**ਨਿਰੋਲ,** ਪੁ:—ਨਰੋਲ, ਹਰਾ ਬੋਧਾ, ਜੂੰਦ ॥

**ਨਿਰੋਲਾ,** ਪੁ:—ਨਰੋਲ ਦਾ ਬੂਟਾ ॥

**ਨਿਰੋਆ ( ਈ ),** ਵਿ:—'ਨਰੋਇਆ' ਵੇਖੋ ॥

**ਨਿਰੋਧ,** ਪੁ:—ਇੰਦ੍ਰੀਆਂ ਨੂੰ ਰੋਕਣਾ ।

**ਨਿਰੋਧਰ,** ਵਿ:—ਬਚਾਉਣ ਜਾਂ ਛੁਡਾਉਣ ਵਾਲਾ ।

**ਨਿਰੋਲ,** 'ਨਰੋਲ' ਵੇਖੋ ॥

**ਨਿਲੱਜ,** ਵਿ:—'ਨਿਰਲੱਜ' ਵੇਖੋ ॥

**ਨਿੱਲਣਾ,** ਕ੍ਰਿ:—ਰੱਜ ਕੇ ਖਾਣਾ ॥

**ਨਿਲਾਰਣ,** ਸ: **ਨਿਲਾਰੀ,** ਪੁ: ਜੋ ਕਪੜੇ ਰੰਗਣ ਦਾ ਕੰਮ ਕਰੇ ॥

**ਨਿਵਲੀ,** ਪੁ:—(ਘੋੜੇ ਆਦਿਕ ਦਾ) ਕੰਨ ਪਿੱਛੇ ਸੁੱਟ ਲੈਣਾ ॥

**ਨਿਵਲੀ ਕਰਮ,** ਪੁ:—ਪੇਟ ਸਾਫ ਕਰਨ ਲਈ ਇੱਕ ਕੱਪੜਾ ਮੂੰਹ ਰਾਹ ਅੰਦਰ ਪਾਕੇ ਥੇਠੋਂ ਕੱਢ ਲੈਣਾ ( ਜੋਗੀ ਐਉਂ ਕਰਦੇ ਹਨ ) ।

**ਨਿਵਾਉਣਾ,** ਕ੍ਰਿ:—ਝੁਕਾਉਣਾ, ਮੱਥਾ ਟਿਕਾਉਣਾ ॥

**ਨਿਵਾਸ,** ਪੁ:—ਰਹਿਣਾ, ਰਹਿਣ ਦੀ ਥਾਂ, ਘਰ, ਡੇਰਾ ॥

**ਨਿਵਾਸੀ,** ਪੁ:—ਰਹਿਣ ਵਾਲਾ ॥

**ਨਿਵਾਜਣਾ,** ਕ੍ਰਿ:—ਪਾਲਣਾ, ਵਧਾਉਣਾ, ਸੁਖ ਦੇਣਾ, ਮੇਹਰਬਾਨੀ ਕਰਨੀ ॥

**ਨਿਵਾਣ,** ਸ:—'ਨਿਮਾਣ' ਵੇਖੋ ॥

**ਨਿਵਾਰ,** ਸ:—ਮੱਦਤ, ਸਹਾਇਤਾ, ਨਵਾਰ ॥

**ਨਿਵਾਰਨ ਹਾਰ (ਰਾ),** ਪੁ:—ਜੋ ਮੱਦਤ ਕਰੇ ਜਾਂ ਬਚਾਏ, ਰੱਖਿਆ ॥

Digitized by Panjab Digital Library | www.panjabdigilib.org

**ਨਿਵਾਰਨਾ,** ਕ੍ਰਿ:—ਹਟਾਉਣਾ, ਛੁਡਾਉਣਾ, ਮੌਕੂਫ ਕਰਨਾ ॥

**ਨਿਵਾਲਾ,** ਪੁ:—ਲੁਕਮਾ, ਗਰਾਹ ।

**ਨੀ, ਨੀਂ** } ਸ:—ਤੀਮੀਆਂ ਨੂੰ ਬੁਲਾਉਣ ਦਾ ਬਚਨ, ਅੜੀਏ, ਕੁੜੇ ॥

**ਨੀਉਂ,** ਸ:—'ਨਿਉਂ' ਵੇਖੋ ॥

**ਨੀਉਣ ਕੋਣ,** ਪੁ:—ਸਮ ਕੋਣ ਤੋਂ ਛੋਟਾ ਕੋਣ ।

**ਨੀਉਣੀਆਂ ਖੀਉਣੀਆਂ,** ਸ:—ਬਨਾਉਟੀ ਨਿਮ੍ਰਤਾ ਅਤੇ ਅਭਿਮਾਨ ਦੀਆਂ ਗੱਲਾਂ ।

**ਨੀਅਤ,** ਸ:—ਮਰਜ਼ੀ, ਦਲੀਲ, ਮਨੋਰਥ, ਮਨਸ਼ਾ, ਨੀਤ ।

**ਨੀਹਲ,** ਪੁ:—ਨੀਵੀਂ ਧਰਤੀ । ਕ੍ਰਿ: ਵਿ: ਹੇਠਾਂ, ਥੱਲੇ ।

**ਨੀਹਲਾ,** ਵਿ:—ਹੇਠਲਾ, ਸਭ ਤੋਂ ਥੱਲੇ ਦਾ ।

**ਨੀਂਗਰ,** ਪੁ:—ਮੁੰਡਾ, ਬਾਲ, ਬੱਚਾ ॥

**ਨੀਂਗਰ ਵੰਦ,** ਪੁ:—ਛੋਟੀ ਉਮਰ ਦਾ ਲਾੜਾ ।

**ਨੀਚ,** ਵਿ:—ਨਿੱਕੀ ਸੁੱਕੀ ਜ਼ਾਤ ਦਾ, ਕਮੀਨਾ, ਨਕਾਰਾ, ਦੁਸ਼ਟ ॥

**ਨੀਚ ਜ਼ਾਤ,** ਸ: ਪੁ:—ਨੀਵੀਂ ਜ਼ਾਤ, ਨੀਵੀਂ ਜ਼ਾਤ ਦਾ ਮਨੁੱਖ ।

**ਨੀਚਣੀ,** ਸ:—ਨੀਚ ਜ਼ਾਤ ਦੀ ਤੀਮਤ, ਕਮੀਨੀ, ਨਕਾਰੀ ।

**ਨੀਚਲਾ,** ਵਿ:—ਨਿਚਲਾ, ਹੇਠਲਾ, ਥੱਲੇ ਦਾ ॥

**ਨੀਚਾ,** ਪੁ: ਵਿ:—ਹੇਠ, ਥੱਲਾ, ਹੇਠਲਾ ਪਾਸਾ, ਨੀਵਾਂ ॥

**ਨੀਚਾਈ,** ਸ:—ਨਿਵਾਣ, ਨੀਵੀਂ ਥਾਂ, ਨਿਰਾਦਰੀ ॥

**ਨੀਚੇ,** ਕ੍ਰਿ: ਵਿ:, ਅਵ: ਹੇਠ, ਥੱਲੇ, ਨੀਵੇਂ ਪਾਸੇ ।

**ਨੀਚੋਂਨੀਚੀ,** ਕ੍ਰਿ: ਵਿ:—ਬਹੁਤ ਥੱਲੇ, ਹੇਠਲੀ ਤਹਿ ਉੱਤੇ ।

**ਨੀਝ,** ਸ:—ਅੱਖਾਂ ਟਿਕਾ ਕੇ ਵੇਖਣਾ, ਤ੍ਰਿਖੀ ਨਜ਼ਰ (ਲਾਉਣੀ) ॥

**ਨੀਤ,** ਸ:—ਨੀਅਤ, ਨੀਤੀ (ਦੋਵੇਂ ਵੇਖੋ) ॥

ਜੇਹੀ ਨੀਤ ਤੇਹੀ ਮੁਰਾਦ = ਜਿਸ ਤਰਾਂ ਦੀ ਦਲੀਲ ਮਨੁੱਖ ਕਰਦਾ ਹੈ ਓਹੋ ਜੇਹਾ ਉਸ ਨੂੰ ਫਲ ਮਿਲਦਾ ਹੈ ॥

**ਨੀਤੀ,** ਸ:—ਦਸਤੂਰ, ਰੀਤ, ਢੰਗ, ਵਰਤਾਰਾ, ਜਿਸ ਵਿਦਿਆ ਵਿੱਚ ਇਹ ਦੱਸਿਆ ਹੈ ਕਿ ਮਨੁੱਖ ਨੂੰ ਕਿਵੇਂ ਵਰਤਣਾ ਚਾਹੀਦਾ ਹੈ (ਨੀਤੀ ਸ਼ਾਸਤ੍ਰ) ।

**ਨੀਂਦ, ਨੀਂਦਰ,** } ਸ:—ਸੌਣ ਦੀ ਹਾਲਤ, ਸੌਂ ਕੇ ਆਰਾਮ ਕਰਨਾ ॥

**ਨੀਂਦ ਉਟਕ ਜਾਣੀ,** ਕ੍ਰਿ:—ਸੁੱਤੇ ਪਏ ਜਾਗ ਕੇ ਫੇਰ ਨਾ ਸੌਂ ਸੱਕਣਾ ।

**ਸੁਖ ਦੀ ਨੀਂਦਰ ਸੌਣਾ,** ਕ੍ਰਿ:—ਘੂਕ ਸੌਣਾ, ਨਿਚਿੰਤ ਹੋਕੇ ਸੌਣਾ, ਮਰ ਜਾਣਾ ॥

**ਨੀਂਦੂ,** ਵਿ: ਪੁ:—'ਨਿਦਰਾਵਲਾ' ਵੇਖੋ ॥

Digitized by Panjab Digital Library | www.panjabdigilib.org

**ਨੀਮ,** ਵਿ:—ਅੱਧਾ, ਮੱਧਮ (ਨੀਮ ਰੰਗ), ਨਿਮ ॥

**ਨੀਮਚਾ,** ਸ:—ਇੱਕ ਤਰਾਂ ਦੀ ਨਿੱਕੀ ਤਲਵਾਰ ।

**ਨੀਮਾਂ,** ਵਿ:—ਹੇਠਲਾ, ਥੱਲੇ ਦੇ ਪਾਸੇ ਦਾ, ਹਲੀਮ ॥

**ਨੀੱਮਾ,** ਪੁ:—ਜਿਨ੍ਹਾਂ ਵੱਟੀਆਂ ਵਿੱਚ ਦਿਲੇ ਲੱਗੇ ਹੋਏ ਹੁੰਦੇ ਹਨ ॥

**ਨੀਮਾਂ ਕਾਰੀ,** ਸ:—'ਮੀਨਾਂ ਕਾਰੀ' ਵੇਖੋ ।

**ਨੀਯਤ,** ਸ:—'ਨੀਅਤ' ਵੇਖੋ ॥

**ਨੀਰ,** ਪੁ: ਪਾਣੀ ॥

**ਨੀਰਨ,** ਪੁ:—ਕੱਖਾਂ ਪੱਠਿਆਂ ਦੀ ਤਹਿ ।

**ਨੀਰਾ,** ਪੁ:—ਚਾਰਾ, ਘਾਹ ਪੱਠੇ ਦਾ ਢੇਰ ।

**ਨੀਲ,** ਵਿ:, ਪੁ:, ਸ:—ਅਸਮਾਨੀ ਰੰਗ, ਸੱਟ ਲੱਗਣ ਨਾਲ ਪਿਆ ਹੋਇਆ ਨੀਲਾ ਨਿਸ਼ਾਨ, ਇੱਕ ਬੂਟਾ ਜਿਸ ਵਿੱਚੋਂ ਨੀਲਾ ਰੰਗ ਨਿਕਲਦਾ ਹੈ। ਉਹ ਰੰਗ ॥

**ਨੀਲ ਕੰਠ,** ਪੁ:—ਇੱਕ ਪੰਖੇਰੂ, ਗਰੜ, ਮਹਾਦੇਵ ॥

**ਨੀਲ ਕੰਠੀ,** ਸ:—ਇੱਕ ਬੂਟੀ ॥

**ਨੀਲ ਗਊ**
**ਨੀਲ ਗਾਂ** } ਸ:—ਗਊ ਵਰਗਾ ਇੱਕ ਜੰਗਲੀ ਪਸੂ ।

**ਨੀਲ ਬੜੀ,** ਸ:—ਨੀਲ ਵਾਲੀ ਘੋੜਿਆਂ ਦੀ ਦਵਾ (ਨੀਲ ਦੀ ਡਲੀ) ॥

**ਨੀਲਮਣ (ਣੀ)** ਸ:—'ਨੀਲਮ' ਵੇਖੋ ॥

**ਨੀਲ ਸਬੰਦ,** ਪੁ:—'ਨੀਲਾ' ਵਿੱਚ ਨੀਲਾ ਘੀਰੀਆ' ਵੇਖੋ ॥

**ਨੀਲਕ,** ਸ:—ਇੱਕ ਨੀਲਾ ਜੁਆਹਰ, ਚਾਂਦੀ ਸੋਨੇ ਦੀਆਂ ਸ਼ਕਲਾਂ ਵਾਲਾ ਇੱਕ ਨੀਲਾ ਲਹਿੰਗਾ, ਇੱਕ ਨੀਲੀ ਪਗੜੀ ॥

**ਨੀਲਕੀਲ,** ਪੁ:—ਇੱਕ ਪੰਖੇਰੂ, ਨੀਲ ਕੰਠ ॥

**ਨੀਲਨ,** ਪੁ:—ਇੱਕ ਬੂਟਾ ਜਿਸ ਦੀਆਂ ਛਿਟੀਆਂ ਬਾਲਦੇ ਹਨ ।

**ਨੀਲਮ,** ਸ:—ਅਸਮਾਨੀ ਰੰਗ ਦਾ ਵਡ ਮੁੱਲਾ ਪੱਥਰ ॥

**ਨੀਲਾ,** ਵਿ:—ਮਸ਼ਹੂਰ ਰੰਗ, ਅਸਮਾਨੀ, ਕਾਲਾ, ਕਿਸੇ ਨੂੰ ਵੇਖਕੇ ਸੜਨ ਵਾਲਾ (ਹੋਣਾ) ॥

**ਨੀਲਾ ਕਰਨਾ,** ਕ੍ਰਿ:—ਬਹੁਤ ਮਾਰ ਕੁੱਟਕੇ ਨੀਲਾ ਪਾ ਦੇਣੇ ॥

**ਨੀਲਾ ਘੀਰੀਆ,** ਪੁ:—ਇੱਕ ਨੈਂਵੀ ਬੂਟੀ (ਸਾਹ ਰ ਦਾ ਇਲਾਜ) ॥

**ਨੀਲਾ ਥੋਥਾ,** ਪੁ:—ਇੱਕ ਨੀਲਾ ਪੱਥਰ ਜਿਸ ਵਿੱਚ ਤਾਂਬਾ ਅਤੇ ਗੰਧਕ ਹੁੰਦੀ ਹੈ ॥

**ਨੀਲਾ ਪੀਲਾ,** ਵਿ:—ਬਹੁਤ ਗੁੱਸੇ ਵਿੱਚ ਆਯਾ ਹੋਯਾ ॥

**ਨੀਲਾਈ,** ਸ:—ਨੀਲੇ ਹੋਣ ਦਾ ਗੁਣ, ਨੀਲ ॥

**ਨੀਲਾਰਣ**
**ਨੀਲਾਰਨੀ** } ਸ:—ਕਪੜੇ ਰੰਗਣ ਵਾਲੀ ਜ਼ਾਤ ਦੀ ਤੀਵੀਂ, ਲਲਾਰਨ ॥

Digitized by Panjab Digital Library | www.panjabdigilib.org

**ਨੀਲਾਰੀ,** ਪੁ:—ਜੋ ਕਪੜੇ ਰੰਗਣ ਦਾ ਕੰਮ ਕਰੇ ।

**ਨੀਲੋਫਰ,** ਪੁ:—ਮਸ਼ਹੂਰ ਠੰਡਾ ਫੁੱਲ ਜਿਸਦਾ ਸ਼ਰਬਤ ਬਣਦਾ ਹੈ, ਕੰਮੀਆਂ ॥

**ਨੀਵਾਂ,** ਵਿ:—ਝੁਕਿਆ ਹੋਯਾ, ਹਿਠਾਹਾਂ ਨੂੰ, ਥੱਲੇ, ਉਚਾਈ ਵਿੱਚ ਛੋਟਾ ॥

**ਨੁਆਉਣਾ,** ਕ੍ਰਿ:—ਝੁਕਾਉਣਾ, ਨੀਵੇਂ ਕਰਨਾ ।

**ਨੁਆਜ਼, ਨੁਆਜ਼ਣ(ਜੀ)** — 'ਨਮਾਜ਼' ਆਦਿਕ ਵੇਖੋ ।

**ਨੁਆਣ, ਨੁਆਰ, ਨੁਆਰੀ** — 'ਨਿਆਣ' 'ਨਵਾਰ' 'ਨਵਾਰੀ' ਵੇਖੋ ॥

**ਨੁਆਲਾ,** ਪੁ:—ਨਵਾਲਾ, ਲੁਕਮਾ, ਗਰਾਹ ।

**ਨੁਆੜਾ,** ਪੁ:—ਛੋਟੀ ਬੇੜੀ, ਕਿਸ਼ਤੀ, ਬੇੜਾ ਵਿੱਚ ਨੌ ॥

**ਨੁਸਕਾ,** ਪੁ:—ਜਿਸ ਕਾਗਜ਼ ਉੱਪਰ ਰੋਗੀ ਵਾਸਤੇ ਦੁਆਈਆਂ ਲਿਖੀਆਂ ਹੋਣ, ਦੁਆ ਦੀ ਖੁਰਾਕ ।

**ਨੁਸਕਾਰਨਾ,** ਕ੍ਰਿ:—ਨਿਮਸਕਾਰ ਕਰਨਾ, ਹੱਥ ਲਾਕੇ ਮੱਥਾ ਟੇਕਣਾ ॥

**ਨੁਸਾਦਰ,** ਪੁ: —'ਨਸਾਦਰ' ਵੇਖ ।

**ਨੁਹਾਰ,** ਸ:—ਚੇਹਰੇ ਦੀ ਬਨਾਵਟ, ਮੁਹਾਂਦਰਾ ।

**ਨੁਹਾਉਣਾ, ਨੁਹਾਲਣਾ** — ਕ੍ਰਿ:—ਦੂਜੇ ਦਾ ਪਿੰਡਾ ਧੋਣਾ, ਅਸ਼ਨਾਨ ਕਰਾਉਣਾ ।

**ਨੁਕਸਾਣ,** ਪੁ:—ਘਾਟਾ, ਟੋਟਾ, ਜ਼ਾਨ, ਹਰਜ, ਵਿਗਾੜ ॥

**ਨੁਕਤਾ,** ਪੁ:—ਬਿੰਦੀ, ਗੁੱਝਾ ਅਰਥ, ਭੇਤ ਦੀ ਗੱਲ ।

**ਨੁੱਕਰ,** ਸ:—ਕੂਨਾ, ਖੂੰਜਾ, ਸਿਰਾ, ਹੱਦ, ਮੋੜ ।

**ਨੁਕਰਾ,** ਪੁ:—ਚਿੱਟਾ (ਘੋੜਾ), ਸਾਫ, ਖਚਰਾ, ਬਦਮਾਸ਼ ॥

**ਨੁਕਲ,** ਪੁ:—ਨਸ਼ਾ ਪੀਣ ਮਗਰੋਂ ਜੋ ਫਲ ਮਠਿਆਈ ਆਦਿਕ ਖਾਧੀ ਜਾਂਦੀ ਹੈ ॥

**ਨੁੱਕਾ,** ਪੁ:—ਲਕੜੀ ਦੀ ਨੁੱਕਰ, ਤਰਖਾਣਾਂ ਦਾ ਇੱਕ ਨੁੱਕਰ ਵਾਲਾ ਸੰਦ, ਛੋਟੇ ਢੇਕ ਕੰਵਲ ਵਾਲਾ ।

**ਨੁੱਕੁਰ,** ਸ: 'ਨੁੱਕਰ' ਵੇਖੋ ॥

**ਨੁਖਸਾ,** ਪੁ:—'ਨੁਸਕਾ' ਵੇਖੋ ॥

**ਨੁਖਸਾਣ,** ਪੁ:—'ਨੁਕਸਾਣ' ਵੇਖੋ ॥

**ਨੁਖਸਾਨੀ,** ਵਿ:, ਪੁ: ਨੁਖਸਾਣ ਕਰਨ ਵਾਲਾ ॥

**ਨੁਖਤਾ,** ਪੁ: —'ਨੁਕਤਾ' ਵੇਖੋ ।

**ਨੁਗਦਾ,** ਪੁ:—ਦੁਆ ਦਾ ਥੱਲੇ ਜੋ ਬਹਿ ਜਾਵੇ, ਫੋਕ, ਭੰਗ, ਘੋਟੀ ਹੋਈ ॥

**ਨੁਗਦੀ,** ਸ:—ਬਸਣ ਦੀ ਤਲੀ ਹੋਈ ਮਠਿਆਈ, ਬੂੰਦੀ ।

**ਨੁਗੁਰਾ,** ਵਿ: —'ਨਿਗੁਰਾ' ਵੇਖੋ ॥

**ਨੁਚੜਨਾ,** ਕ੍ਰਿ:—ਨਿਚੋੜਿਆ ਜਾਣਾ, ਰਿੱਚ ਝਨਾ ।

**ਨੁਚੜਾਉਣਾ,** ਕ੍ਰਿ:—ਨਿਚੋੜਨ ਦਾ ਕੰਮ ਕਰਾਉਣਾ ॥

Digitized by Panjab Digital Library | www.panjabdigilib.org

**ਨੁਰਜ਼ਾਈ,** ਸ਼—ਨਚੋਣਨ ਦੀ ਮਜ਼ੂਰੀ ॥

**ਨੁਹਾਉਣਾ,** ਕ੍ਰਿ:—ਪੁਹਾਉਣਾ, ਸ਼ਰੀਰ ਧੁਆ ਉਣੀ, ਚੂੰਢੀ ਵਢੁਆਉਣੀ, ਪੰਜਾ ਮਰਵਾਉਣਾ ॥

**ਨੁਹਾਈ,** ਸ:—ਪਾੜਣ ਧੁੰਦਣ ਛਿੱਲਣ ਦਾ ਕੰਮ ॥

**ਨੁਮਾਇਸ਼**
**ਨੁਮੈਸ਼** } ਸ:—ਦਿਖਾਵਾ, ਜਿਸ ਜਗਾ ਭਾਂਤ ਭਤ ਦੀਆਂ ਅਚਰਜ ਵਸਤਾਂ ਦਿਖਾਈਆਂ ਜਾਣ ।

**ਨੁਲ੍ਹਾਉ,** ਕ੍ਰਿ:—'ਨੁਹਾਉਣਾ' ਵੇਖੋ ॥

**ਨੁਲਾਸੀ,** ਸ:—ਹਰੀ ਡਾਲੀ ਜਾਂ ਟਾਹਣੀ, ਨਾਲ ॥

**ਨੂੰ,** ਅਵ:—ਕਰਮ ਕਾਰਕ ਦੀ ਨਿਸ਼ਾਨੀ(ਉਸਨੂੰ, ਘਰ ਨੂੰ) ॥

**ਨੂੰਹ,** ਸ:—ਪੁਤ੍ਰ ਦੀ ਵਹੁਟੀ ॥

**ਨੂਣ,** ਪੁ:—ਲੂਣ, ਨਿਮਕ, ਇੱਕ ਨਿੱਕੀ ਜਾਤ, ਫਾਰਸੀ ਦਾ ਇੱਕ ਅੱਖਰ ।

**ਨੂਰ,** ਪੁ:—ਜਲਾਲ, ਚਮਕ, ਸੋਭਾ, ਰੌਣਕ, ਝਲਕ, ਅੱਖ ਦੀ ਜੋਤ ॥

**ਨੂਰ ਮਹਲ ਦੀ ਸਰਾਂ,** ਸ:—ਕੋਈ ਅਚਰਜ ਦੀ ਚੀਜ਼ ।

**ਨੂਰਾ,** ਪੁ:—ਵਾਲ ਲਾਹੁਣ ਦੀ ਦੁਆ

**ਨੂਰੀ,** ਵਿ:—ਨੂਰ ਦਾ, ਨਿਹਾਲ, ਜੋ ਨਿਹਾਲ ਕਰੇ ।
ਪੁ:—ਫਿਰਸ਼ਤਾ ॥



**ਨੂਤ੍ਰ,** ਪੁ:—ਉਹ ਕੌਡੀ ਜੋ ਜੂਆ ਖੇਡਣ ਵਿੱਚ ਵਰਤੀ ਜਾਵੇ ।

**ਨੇ,** ਅਵ:—ਕਰਤਾ ਜਾਂ ਕਰਣ ਕਾਰਕ ਦੀ ਨਿਸ਼ਾਨੀ (ਉਸ ਨੇ) ॥

**ਨੇਉਹੁਲਾ,** ਵਿ:—ਨਵਾਂ, ਸੱਜਰਾ, ਤਾਜ਼ਾ, ਚੰਗਾ ॥

**ਨੇਉਜਾ,** ਪੁ:—ਇੱਕ ਕਾਬਲ ਦਾ ਮੇਵਾ, ਚਿਲਗੋਜ਼ਾ ॥

**ਨੇਉਂਦ,** ਪੁ:—ਉਹ ਲਕੜੀ ਜਿਸ ਦੇ ਸਹਾਰੇ ਲੱਕੜ ਰੱਖਕੇ ਤਰਖਾਣ ਉਸ ਨੂੰ ਕੱਟਦਾ ਹੈ

**ਨੇਉਣਾ,** ਕ੍ਰਿ:—ਝੁਕਣਾ, ਨਿਮਸਕਾਰ ਕਰਨਾ, ਅਧੀਨ ਹੋਣਾ ॥

**ਨੇਉਣੀ ਖੇਉਣੀ,** ਸ:—ਅਧੀਨਗੀ ਅਤੇ ਅਭਮਾਨ ਮਿਲਿਆ ਹੋਇਆ ॥

**ਨੇਉਤਾ**
**ਨੇਉਂਦਰਾ**
**ਨੇਉਂਦਾ** } ਪੁ: ਬ੍ਰਾਹਮਣ ਨੂੰ ਭੋਜਨ ਲਈ ਬੁਲਾਉਣਾ, ਨਿਆਉਤ, ਸੱਦਾ ॥

**ਨੇਉਰ,** ਸ:—ਗਿੱਟੇ ਦਾ ਇੱਕ ਗਹਿਣਾ, ਜ਼ੰਜੀਰੀ ।

**ਨੇਉਲ (ਲਾ),** ਪੁ:—ਮਸ਼ਹੂਰ ਜਨੌਰ ਸੱਪ ਨੂੰ ਮਾਰਨਵਾਲਾ ॥

**ਨੇਉਲੀ,** ਸ:—ਯੋਗ ਅਭਿਆਸ ਦਾ ਗੁੱਸੇ ਨਾਲ ਪੇਟ ਪਿਛਾਹਾ ਖਿੱਚ ਲੈਣਾ (ਵੱਟਣੀ) ॥

**ਨੇਉੜਾ,** ਪੁ:—ਰੋਟੀ ਨਾਲ ਜੋ ਚੀਜ਼ ਖਾਧੀ ਜਾਵੇ, ਸਲੂਣਾ, ਨਾਲ ਦਾ ।

**ਨੇਸਤੀ,** ਸ:—ਨਾ ਰਹਿਣਾ, ਨਾਸ, ਸੁਸਤੀ ।
ਵਿ:—ਨਕਾਰਾ, ਸੁਸਤ ॥

Digitized by Panjab Digital Library / www.panjabdigilib.org

**ਨੇਸ਼ਨ,** ਸ:—ਕੌਮ, ਜਾਤ ॥

**ਨੇਸ਼ਨਲ,** ਵਿ:—ਕੌਮੀ, ਆਪਣੀ ਜਾਤ ਦਾ।

**ਨੇਹ**
**ਨੇਂਹ** } ਪੁ:—'ਨਿੰਹ' ਵੇਖੋ ॥

**ਨੇਸਰਾ,** ਪੁ:—'ਨਿਸਰਾ' ਵੇਖੋ ॥

**ਨੇਹੀ**
**ਨੇਹੀਂ** } ਵਿ:, ਪੁ:—ਪਿਆਰਾ, ਪ੍ਰੇਮੀ, ਸੱਜਣ ॥

**ਨੇਹੁ**
**ਨੇਹੁੜਾ** } ਪੁ:—'ਨਿੰਹ' ਵੇਖੋ ॥

**ਨੇਂਹੁਗ,** ਪੁ:—ਲਹਿੰਗੇ ਜਾਂ ਘਗਰੀ ਦੇ ਉਤਲੇ ਹਿੱਸੇ ਨੂੰ ਕਦੇ ਕਦੇ ਜੋ ਕਪੜਾ ਲਾਇਆ ਜਾਂਦਾ ਹੈ ॥

**ਨੇਕ,** ਵਿ:—ਚੰਗਾ, ਭਲਾ ਮਾਣਸ, ਅੱਛਾ ॥

**ਨੇਕ ਚਲਨ,** ਵਿ:—ਜਿਸ ਦਾ ਚੱਲਣ ਚੰਗਾ ਹੋਵੇ, ਭਲਾ ਮਾਣਸ ॥

**ਨੇਕ ਚਲਨੀ,** ਸ:—ਭਲਮਾਣਸੀ, ਚੰਗੇ ਕੰਮ ਕਰਨੇ ॥

**ਨੇਕਨਾਮ,** ਵਿ:—ਨੇਕ ਚਲਨ, ਜਿਸ ਦਾ ਜਸ ਹੋਵੇ ॥

**ਨੇਕ ਨਾਮੀ,** ਸ:—ਸੋਭਾ, ਵਡਿਆਈ, ਜਸ ॥

**ਨੇਕ ਬਖ਼ਤ,** ਵਿ:—ਆਗਿਆ ਕਾਰ, ਕਿਸਮਤ ਵਾਲਾ ॥

**ਨੇਕ ਬਖ਼ਤੀ,** ਸ:—ਭਲਮਾਣਸੀ, ਚੰਗੀ ਕਿਸਮਤ।

**ਨੇਕੀ,** ਸ:—ਚੰਗਿਆਈ, ਭਲਮਾਣਸੀ, ਭਲਿਆਈ ॥



**ਨੇਕੀ ਬਦੀ,** ਸ:—ਦੁਖ ਸੁਖ ॥

**ਨੇਖਤ,** ਸ:—ਵਹੁਟੀ ਦਾ ਮੁੱਲ ॥

**ਨੇਗ,** ਪੁ:—ਬ੍ਰਾਹਮਣ ਆਦਿਕਾਂ ਦਾ ਲਾਗ, ਵਰਤਾਉ ॥

**ਨੇਗੀ,** ਪੁ:—ਰਾਜੇ ਜਾਂ ਸਰਦਾਰ ਦੇ ਘਰ ਦਾ ਮੋਹਰੀ ॥

**ਨੇਚਾ**
**ਨੇੱਚਾ** } ਪੁ:—ਹੁੱਕੇ ਦੀ ਨੜੀ ਜਿਸ ਉੱਤੇ ਚਿਲਮ ਰੱਖੀ ਦੀ ਹੈ।

**ਨੇਚੇ ਗਰ (ਬੰਦ),** ਪੁ:—ਨੇਚੇ ਬਣਾਉਣ ਵਾਲਾ ॥

**ਨੇਚੀ**
**ਨੇੱਚੀ** } ਸ:—ਮੁਰਦੇ ਦੇ ਨਾਉਂ ਦਾ ਭੋਜਨ ਜੋ ਸਾਰਾ ਸਾਲ ਬ੍ਰਾਹਮਣ ਨੂੰ ਦਿੱਤਾ ਜਾਂਦਾ ਹੈ ॥

**ਨੇੱਜਾ,**
**ਨੇਜਾ,** } ਪੁ:—ਲੰਮਾਂ ਭਾਲਾ, ਬਰਛਾ, ਕਿਲਕਾਂ ਦਾ ਕਾਨਾ ਜਿਸ ਦੀਆਂ ਕਲਮਾਂ ਘੜਦੇ ਹਨ ॥

**ਨੇਜੇ ਬਾਜ਼ੀ,** ਸ:—ਘੋੜਾ ਦੁੜਾ ਕੇ ਸਵਾਰ ਦੇ ਨੇਜੇ ਨਾਲ ਕਿੱਲੀ ਪੁੱਟਣ ਦੀ ਖੇਡ ॥

**ਨੇਜੇ,** ਪੁ:—(ਬਹੁ ਬ:)—'ਨੇਉਜਾ' ਵੇਖੋ ॥

**ਨੇਠੀ,** ਸ:—ਕੱਠ, ਕੱਠੀ ਚੀਜ਼ ॥

**ਨੇਣਾ,** ਕ੍ਰਿ:—ਲੈ ਜਾਣਾ ॥

**ਨੇਤ,** ਸ:—ਪਰਮੇਸ਼ਰ ਦੀ ਮਰਜ਼ੀ, ਪਰਾਲਬਧ ॥

**ਨੇਤਕੀ,** ਪੁ:—ਰੋਜ਼ ਦਾ ਤਾਪ ॥

**ਨੇਤ੍ਰ,** ਪੁ:—ਅੱਖ, ਨੈਣ, ਦੀਦਾ। ਨੀਵੀਂ ਧਰਤੀ ॥

Digitized by Panjab Digital Library | www.panjabdigilib.org

**ਨੇੜ੍ਹਾ,** ਪੁ:—ਮਧਾਣੀ ਦੀ ਰੱਸੀ ਜਿਸ ਨੂੰ ਫੜਕੇ ਰਿੜਕੀਦਾ ਹੈ ॥

**ਨੇਤੀ,** ਸ:—'ਨੇਰੀ' ਵੇਖੋ ।

**ਨੇੱਫਾ, ਨੇਫਾ** } ਪੁ:—ਪਜਾਮੇ ਆਦਿਕ ਦੀ ਉਹ ਖਾਲੀ ਥਾਂ ਜਿਸ ਵਿੱਚ ਨਾਲਾ ਰਹਿੰਦਾ ਹੈ ।

**ਨੇਬ,** ਪੁ:—ਇੱਕ ਜਾਤ, ਗੁਰਜ ਚੁਕਣ ਵਾਲੇ

**ਨੇਬੀ,** ਸ:—ਨਗਾ, ਛੈਦਾ, ਵਾਧਾ ।

**ਨੇਮ,** ਪੁ:—ਬਚਨ, ਪੈਮੇਜ, ਬਰਤ, ਰੀਤ, ਦਸਤੂਰ (ਕਰਨਾ, ਭੰਨ੍ਹਣਾ) ॥

**ਨੇਮ ਨਾਲ,** ਕ੍ਰਿ: ਵਿ:—ਨਿੱਤ, ਲਗਾਤਾਰ, ਰੋਜ, ਵੇਲੇ ਸਿਰ ॥

**ਨੇਮੀ,** ਵਿ:—ਨੇਮ ਕਰਨ ਵਾਲਾ, ਜੋ ਨੇਮ ਪੂਰਾ ਕਰੇ ॥

**ਨੇਰਸ,** ਪੁ:—ਉਹ ਸਿਲ ਜਿਸ ਉੱਤੇ ਹਿੰਦੂ ਚੰਦਨ ਰਗੜਦੇ ਹਨ, ਆਟਾ ਗੁੰਨ੍ਹਣ ਵਾਲੀ ਗੋਲ ਚੌਕੀ ॥

**ਨੇਵਤਾ,** ਪੁ:—'ਨੇਊਤਾ' ਵੇਖੋ ॥

**ਨੇੜ,** ਸ:—ਨੇੜੇ ਹੋਣਾ, ਨਜ਼ੀਕੀ ॥

**ਨੇੜਾ, ਨੇੜੇ** } ਕ੍ਰਿ: ਵਿ:—ਅਵ:—ਪਾਸ, ਲਾਗੇ, ਨਜ਼ੀਕ ॥

**ਨੇੜੇ ਤੇੜੇ,** ਕ੍ਰਿ: ਵਿ:—ਨੇੜੇ, ਲਾਗੇ, ਦੂਰ ਨਾਂ ।

**ਨੈ,** ਅਵ:—'ਨੇ' ਵੇਖੋ ॥ ਸ:—ਨਦੀ, ਦਰਿਆ ॥

**ਨੈਇ,** ਸ:—ਬੇੜੀ, ਕਿਸਤੀ ॥

**ਨੈਇਆ,** ਵਿ:—'ਨਵਾਂ' ਵੇਖੋ ॥

**ਨੈਈ,** ਵਿ:—ਨਵੀਂ, ਥੋੜੇ ਚਿਰ ਦੀ ਬਣੀ ਹੋਈ ॥

**ਨੈਈਵੇਦ,** ਪੁ:—ਦੇਉਤੇ ਦਾ ਭੋਗ ॥

**ਨੈਂਹਦਰ, ਨੈਹਰ, ਨੈਹਲਾ** } 'ਨਹਿੰਦਰ' 'ਨਹਿਰ' 'ਨਾਹਲਾ' ਵੇਖੋ ॥

**ਨੈਹਾ, ਨੈਕ, ਨੈਕੀ** } 'ਨਹਾ' 'ਨਾਇਕ' 'ਨਾਇਕੀ' ਵੇਖੋ ॥

**ਨੈਚਾ,** ਪੁ:—'ਨਚਾ' ਵੇਖੋ ।

**ਨੈਣ,** ਪੁ:—ਨੇਤ੍ਰ, ਅੱਖ ਸ:—'ਨਾਇਣ' ਵੇ. ।

**ਨੈਣ ਸੁਖ,** ਪੁ:—ਇੱਕ ਕਪੜਾ, ਇੱਕ ਫੁੱਲ ॥

**ਨੈਣ ਪ੍ਰਾਣ,** ਪੁ:(ਬਹੁ:ਬ:)—ਸਰੀਰ, ਸਭ ਅੰਗ ॥

**ਨੈਣੀਂ,** ਕ੍ਰਿ: ਵਿ:—ਅੱਖਾਂ ਨਾਲ, ਅੱਖਾਂ ਵਿੱਚ ॥

**ਨੈਣੂੰ,** ਪੁ:—ਬਲ ਬੂਟੇ ਵਾਲੀ ਮਲ ਮਲ ॥

**ਨੈਪਾਲ,** ਪੁ:—ਜੋਗੀਆਂ ਦੀ ਇੱਕ ਜਾਤ, ਇੱਕ ਪਹਾੜੀ ਮਲਕ ਜਿੱਥ ਗੋਰਖੇ ਰਹਿੰਦੇ ਹਨ ॥

**ਨੈਬ,** ਪੁ:—ਇਕ ਹਾਕਮ ਦੇ ਬਦਲੇ ਜੋ ਛੋਟਾ ਹਾਕਮ ਹੋਵੇ ॥

**ਨੈਰਿਤ, ਨੈਰਿਤ ਕੋਣ** } ਸ:—ਪੱਛਮ ਅਤੇ ਦੱਖਣ ਦੇ ਵਿਚਲਾ ਪਾਸਾ ।

Digitized by Panjab Digital Library / www.panjabdigilib.org

**ਨੌਂ, ਨੌਂਹ,** 'ਨੂੰ' ਅਤੇ 'ਨੂੰਹ' ਵੇਖੋ ॥

**ਨੋਕ,** ਸ਼ਃ -ਨੁੱਕਰ, ਬਰੀਕ ਸਿਰਾ, ਚੁੰਝ, ਕੋਣ॥

**ਨੋਕ ਜ਼ਬਾਨ,** ਸ਼ਃ—ਜ਼ਬਾਨੀ, ਦਿਲ ਵਿੱਚ, ਕੰਠ (ਕਰਨਾ)।

**ਨੋਕ ਝੋਕ,** ਸ਼ਃ— ਟਿਚਕਰ, ਹੁੱਜਤ, ਘੱਟ ਝੋਂਹ।

**ਨੋਕੀ,** ਵਿਃ—ਨੋਕ ਵਾਲੀ ਸ਼ਕਲ ਦਾ ਆਦ੍ਰ, ਤਿੱਖੀ ॥

**ਨੋਕੀ ਤਮਾਕੂ,** ਪੁਃ—ਨੋਕਦਾਰ ਪਤਿਆਂ ਵਾਲਾ ਤਮਾਕੂ ॥

**ਨੋਚਣਾ,** ਕ੍ਰਿਃ—ਹੂੰਝੀ ਵੱਢਣਾ, ਪੁੱਟਣਾ, ਖੋਹਣਾ॥

**ਨੋਚਾਈ,** ਸ਼ਃ—ਨੋਚਣ ਦਾ ਕੰਮ।

**ਨੋਟ,** ਪੁਃ—ਸਰਕਾਰੀ ਹੁੰਡੀ, ਲਿਖਤ, ਕਾਗਤ ਦਾ ਸਿਕਾ ॥

**ਨੋਟ ਕਰਨਾ,** ਕ੍ਰਿਃ—ਲਿਖ ਲੈਣਾ ਕਿ ਭੁੱਲੇ ਨਹੀਂ ॥

**ਨੋਟ ਪੇਪਰ,** ਪੁਃ—ਚਿੱਠੀ ਲਿਖਣ ਵਾਲਾ ਕਾਗਤ।

**ਨੋਟ ਬੁਕ,** ਸ਼ਃ—ਜਿਸ ਕਿਤਾਬ ਵਿੱਚ ਯਾਦ ਰੱਖਣ ਵਾਲੀਆਂ ਗੱਲਾਂ ਲਿਖੀਆਂ ਜਾਣ ॥

**ਨੋਟਸ,** ਪੁਃ—ਖਬਰ, ਇਸ਼ਤਿਹਾਰ, ਲਿਖ ਕੇ ਜਾਂ ਛਾਪ ਕੇ ਜੋ ਗੱਲ ਪ੍ਰਗਟ ਕੀਤੀ ਜਾਵੇ (ਦੇਣਾ)।

**ਨੌਂ,** ਵਿਃ—ਇੱਕ ਘੱਟ ਦਸ, ਅੱਠ ਅਤੇ ਇੱਕ ॥

**ਨੌਂ ਖੰਡ,** ਪੁਃ—ਧਰਤੀ ਦੇ ਨੌਂ ਹਿੱਸੇ (ਹਿੰਦੂ ਮਤ ਮੂਜਿਬ) ॥

**ਨੌਂ ਗ੍ਰਹਿ (ਹੁ),** ਪੁਃ ਸੂਰਜ, ਚੰਦ, ਮੰਗਲ, ਬੁੱਧ, ਬ੍ਰਿਹਸਪਤੀ, ਸ਼ੁੱਕਰ, ਛਨਿਛਰ, ਰਾਹੂ ਅਤੇ ਕੇਤੂ।

**ਨੌਂ ਘਰਾ,** ਪੁਃ—ਨੌਂ ਅੰਦਰਾਂ ਵਾਲਾ ਘਰ ॥

**ਨੌਂ ਦੁਆਰ,** ਪੁਃ—ਸਰੀਰ ਦੇ ਨੌਂ ਰਾਹ (ਅੱਖਾਂ, ਕੰਨ, ਨਾਸਾਂ, ਮੂੰਹ ਆਦਿਕ) ॥

**ਨੌਂ ਨਿੱਧ,** ਸ਼ਃ—ਨੌਂ ਤਰ੍ਹਾਂ ਦੇ ਸੁਖ (ਧਨ, ਉਲਾਦ ਆਦਿਕ) ॥

**ਨੌਂ ਨਿੱਧ ਤੇ ਬਾਰਾਂ ਸਿੱਧ (ਹੋਣੀਂ),** ਕ੍ਰਿਃ—ਸਬ ਮਨੋਰਥ ਪੂਰੇ ਹੋ ਜਾਣੇ ॥

**ਨੌਂ ਰਤਨ,** ਪੁਃ—ਨੌਂ ਰਤਨਾਂ ਨਾਲ ਜੜਿਆ ਹੋਇਆ ਗਹਿਣਾ, ਇੱਕ ਕਿਤਾਬ, ਤ੍ਰਿਯਾ ਚਰਿਤ੍ਰ ਦੀ, ਅਕਬਰ ਜਾਂ ਬਿਕ੍ਰਮਾਜੀਤ ਦੇ ਨੌਂ ਦਰਬਾਰੀ॥

**ਨੌਂਰਾਤ੍ਰੇ, ਨੌਰਾਤੇ,** ਪੁਃ—'ਨਰਾਤੇ' ਵੇਖ ॥

**ਨੌਸ਼ਾ, ਨੌਸ਼ੋ,** ਪੁਃ—ਲਾੜਾ ॥

**ਨੌਸਾਦਰ, ਨੌਂਹ, ਨੌਂਹਦਰ, ਨੌਂਹਰੀਆ,** 'ਨਸਾਦਰ' 'ਨਹੁੰ' 'ਨਹੁੰਦਰ' ਅਤੇ 'ਨਹੁਰੀਆ' ਵੇਖੋ ॥

**ਨੌਕਰ, ਨੌਕੁਰ,** ਪੁਃ—ਸੇਵਕ, ਟਹਿਲੀਆ, ਜੋ ਤਲਬ ਲੈਕੇ ਕੰਮ ਕਰੇ, ਚਾਕਰ ॥

**ਨੌਕਰੀ, ਨੌਕੁਰੀ,** ਸ਼ਃ—ਟਹਿਲ, ਸੇਵਾ, ਨੌਕਰ ਦਾ ਕੰਮ ਅਸਾਮੀ ॥

**ਨੌਕਰੀ ਪੇਸ਼ਾ,** ਪੁਃ—ਜਿਸਦਾ ਕੰਮ ਨੌਕਰੀ ਕਰਨਾ ਹੈ॥

Digitized by Panjab Digital Library / www.panjabdigilib.org

**ਨੌਕਰੀ ਲੱਗਣੀ,** ਕ੍ਰਿ:—ਨੌਕਰ ਹੋਣਾ, ਕੰਮ ਮਿਲਣਾ ॥

**ਨੌਕੜਧਾ,** ਪੁ:—ਨੌਆਂ ਰੱਸੀਆਂ ਨਾਲ ਉਣਿਆ ਹੋਇਆ ਮੰਜਾ ॥

**ਨੌਕਾ,** ਪੁ:—ਨਾਇਆਂ, "੯" ਦਾ ਅੰਗ ॥ ਸ:—ਬੇੜੀ ॥

**ਨੌਣਾ,** ਵਿ:—ਨੌ ਗੁਣਾ ॥ ਕ੍ਰਿ:—ਨੌਉਣਾ, ਝੁਕਣਾ।

**ਨੌਂਧਰ,** ਸ:—'ਨਹੁੰਦਰ' ਵੇਖੋ ॥

**ਨੌਬਤ,** ਸ:—ਇੱਕ ਵਾਜਾ, ਧੌਂਸਾ, ਵੇਲਾ, ਵਾਰੀ, ਹਾਲਤ।

**ਨੌਮਾਂ,** ਪੁ:,ਵਿ:—ਨੌਆਂ ਦੀ ਗਿਣਤੀ ਪੂਰੀ ਕਰਨ ਵਾਲਾ।

**ਨੌਮੀ,** ਸ:—ਨੌਵੀਂ ਥਿਤ।

**ਨੌਲਣਾ,** ਕ੍ਰਿ:—ਗਾਲ੍ਹਾਂ ਕੱਢਣੀਆਂ, ਬੁਰਾ ਭਲਾ ਕਹਿਣਾ ॥

**ਨੌਵਾਂ,** ਵਿ:—'ਨੌਮਾਂ' ਵੇਖੋ।

## ਪ

**ਪ,** ਪੁ:—ਗੁਰਮੁਖੀ ਪੈਂਤੀ ਦਾ ਛੱਬੀਵਾਂ ਅੱਖਰ, ਪੱਪਾ।

**ਪਊਆ,** ਪੁ:—ਪਾਣੀ ਪਿਆਉਣ ਵਾਲਾ, ਖੜਾਊਂ, ਸੇਰ ਦੀ ਚੌਥਾਈ, ਪਾਉ, ਕਈ ਖੇਡਾਂ ਵਿੱਚ ਯੱਕਾ ॥

**ਪਈ,** ਵਿਸਮਿਕ:—'ਬਈ' ਵੇਖੋ ॥

**ਪਈਂਧਲ,** ਵਿ:—ਪੈ ਰਹਿਣ ਵਾਲਾ, ਸੁਸਤ, ਆਲਸੀ।

**ਪਸੰਗ,** ਪੁ:—'ਪਾਸੰਗ' ਵੇਖੋ।

**ਪਸੰਜਰ ਟ੍ਰੇਨ,** ਸ:—ਜਿਸ ਰੇਲ ਗੱਡੀ ਵਿੱਚ ਮੁਸਾਫਰ ਚੜ੍ਹਨ ॥

**ਪਸੂੰਡਣ**
**ਪਸੱਡੁਣ** } ਪੁ:—ਬਗਲ੍ਹਾਲੂ, ਲੜਾਕਾ, ਫਸਾਦੀ।

**ਪਸਤਾ**
**ਪਸਤਾ ਕੱਦ** } ਵਿ:—ਮਧਰਾ, ਛੋਟੇ ਕੱਦ ਦਾ।

**ਪਸੱਤਾ,** ਕ੍ਰਿ: ਵਿ:—'ਪਸਿੱਤਾ' ਵੇਖੋ ॥

**ਪਸਤਾਉਣਾ,** ਕ੍ਰਿ:—'ਪਛਤਾਉਣਾ' ਵੇਖੋ।

**ਪਸਤਾਕੀ,** ਵਿ:—ਪਿਸਤਾਕੀ ॥

**ਪਸਤਾਨਾ,** ਪੁ:—'ਪੈਂਤਰਾ' ਵੇਖੋ ॥

**ਪਸਤਾਵਾ,** ਪੁ:—'ਪਛਤਾਵਾ' ਵੇਖੋ ॥

**ਪਸੰਦ,** ਵਿ:—'ਪਸਿੰਦ' ਵੇਖੋ ॥

**ਪਸ਼ਮ,** ਸ:—ਤਿੱਬਤ ਦੀ ਬਕਰੀ ਦੀ ਮੁਲੈਮ ਉੱਨ, ਨਖਾਰੀ ਸ਼ੈ, ਵਾਲ।

**ਪਸ਼ਮ ਨਾਂ ਉੱਖੜਨੀ,** ਕ੍ਰਿ:—ਦੂਜੇ ਦੇ ਜ਼ੋਰ ਨਾਲ ਆਪਣਾ ਕੁਝ ਨਾ ਵਿਗੜਨਾ ॥

**ਪਸਮਣਾ,** ਕ੍ਰਿ:—ਥਣ ਵਿੱਚੋਂ ਦੁੱਧ ਉਤਰਨ ਲੱਗਣਾ ॥

**ਪਸਮਾਉਣਾ,** ਕ੍ਰਿ:—ਦੁੱਧ ਉਤਾਰਨ ਵਾਸਤੇ ਥਣ ਨੂੰ ਹੱਥ ਫੇਰਨਾ ॥

Digitized by Panjab Digital Library | www.panjabdigilib.org

**ਪਸ਼ਮੀਨਾ,** ਪੁ:—ਪਸ਼ਮ ਦਾ ਕਪੜਾ ॥
ਵਿ:—ਪਸ਼ਮ ਦਾ ॥

**ਪਸਰਨਾ,** ਕ੍ਰਿ: ਖਿਲਰਨਾ, ਫੈਲਣਾ ।

**ਪੱਸਰਨਾ,** ਕ੍ਰਿ: ਖਿੱਲਰਨਾ, ਕਿਸੇ ਗੱਲ ਦਾ ਹਠ ਕਰਨਾ, ਦੂਜੇ ਦੀ ਪਰਵਾਹ ਨਾ ਕਰਨੀ ।

**ਪਸਰੂ,** ਪੁ: ਜੋ ਪੈਰ ਪਸਾਰੇ, ਪੱਸਰਨ ਵਾਲਾ ॥

**ਪਸਲੀ,** ਸ:—ਵੱਖੀ, ਸਰੀਰ ਦਾ ਪਾਸਾ ॥

**ਪਸਵਾਜ,** ਵ:—'ਪਸ਼ੁਆਜ' ਵੇਖੋ ।

**ਪਸਾਉਣਾ,** ਕ੍ਰਿ:—ਲਗਾਉਣਾ, ਅੜਾਉਣਾ, ਫੜਾਉਣਾ, ਵਾੜਨਾ, ਮੁਕੱਦਮੇ ਵਿਚ ਲਿਆਉਣਾ, ਉੱਬਲੇ ਹੋਏ ਚੌਲਾਂ ਦੀ ਪਿੱਛ ਡੋਲ੍ਹ ਦੇਣੀ ॥

**ਪਸਾਉੜੀ,** ਸ:—ਵਿਆਹ ਕਾਜ ਵਿੱਚ ਸਾਕਾਂ ਵਲੋਂ ਨਾਈ ਨੂੰ ਜੋ ਰੋਟੀਆਂ ਆਦਿਕ ਮਿਲਦੀਆਂ ਹਨ ।

**ਪਸਾਹੁਣਾ,** ਕ੍ਰਿ:—ਲਾਣ ਨੂੰ ਨੁਹਾ ਧੁਆ ਕੇ ਤਿਆਰ ਕਰਨਾ, ਪਿੱਛ ਡੋਲ੍ਹ ਦੇਣੀ ।

**ਪਸਾਦ**
**ਪਸਾਦਣ**
**ਪਸਾਦੀ (ਦੀਆ)** } 'ਪ੍ਰਸਾਦ' ਆਦਿਕ ਵੇਖੋ

**ਪਸਾਬ,** ਪੁ:—ਮੂਤ੍ਰ, ਉਲਾਦ

**ਪਸ਼ਾਬ ਕਰਨਾ,** ਕ੍ਰਿ:—ਮੂਤਰਨਾ ॥

**ਪਸ਼ਾਬ ਨਿਕਲਣਾ,** ਕ੍ਰਿ:—ਬਹੁਤ ਡਰਨਾ ॥

**ਪਸਾਰ ਹੱਟਾ,** ਪੁ:-ਪਸਾਰੀ ਦੀ ਹੱਟੀ ਜਾਂ ਬਜ਼ਾਰ ॥

**ਪਸਾਰਨਾ,** ਕ੍ਰਿ:—ਖਲੇਰਨਾ, ਫੈਲਾਉਣਾ ।

**ਪਸਾਰਪੁਣਾ,** ਪੁ:—ਪਸਾਰੀ ਦਾ ਕੰਮ ॥

**ਪਸਾਰਾ,** ਪੁ:—ਖਲੇਰਾ, ਫੈਲਾਉ, ਖਿੱਲਰੀਆਂ ਹੋਈਆਂ ਚੀਜ਼ਾਂ ।

**ਪਸਾਰੀ**
**ਪੰਸਾਰੀ** } ਪੁ:—ਦੇਸੀ ਦੁਆਵਾਂ ਵੇਚਣ ਵਾਲਾ ॥

**ਪਸਿੱਜਣਾ,** ਕ੍ਰਿ:—ਪਰਸੇਉ ਨਾਲ ਭਿੱਜ ਜਾਣਾ, ਦਿਲ ਉੱਤੇ ਅਸਰ ਹੋਣਾ ॥

**ਪਸਿੱਤਾ,** ਵਿ:—ਇੱਕ ਪਾਸੇ, ਅਲਗ, ਨਵੇਕਲਾ ॥

**ਪਸਿੰਦ,** ਪੁ: ਵਿ:—ਖੁਸ਼ੀ, ਮਨ ਨੂੰ ਭਾਉਣਾ, ਮਨ ਭਾਉਂਦਾ (ਆਦਿਨਾ ਕਰਨਾ ।

**ਪਸੀਨਾ,** ਪੁ:—ਪਿੰਡੇ ਦੇ ਰੋਮਾਂ ਵਿੱਚੋਂ ਜੋ ਪਾਣੀ ਨਿਕਲਦਾ ਹੈ (ਭਾਉ ਨਾਲ), ਤ੍ਰੇਲੀ ਪਰਸੇਉ, ਮੁੜ੍ਹਕਾ ।

**ਪਸ਼ੁਆਜ,** ਸ:—ਇੱਕ ਤਰਾਂ ਦਾ ਲੰਮਾ ਚੌੜਾ ਘਗਰਾ ।

**ਪਸੁਆੜਾ,** ਪੁ:—ਪਾਸਾ, ਵੱਖੀ, ਪਸਲੀ ॥

**ਪਸੂ,** ਪੁ:—ਗਊ ਮਹਿੰ ਆਦਿਕ, ਡੰਗਰ, ਢੋਰ, ਮੂਰਖ ॥

**ਪਸੂਜ,** ਪੁ:—ਸਿੱਧਾ ਤੋਪਾ ਜੋ ਬਰਾਬਰ ਚਲਾ ਜਾਏ ।

**ਪਸੂਜਣਾ,** ਕ੍ਰਿ:—ਸਿੱਧਾ ਤ੍ਰੋਪਾ ਮਾਰਦੇ ਚਲੇ ਜਾਣਾ ॥

**ਪਸੇਰ (ਰੀ),** ਸ:—ਇੱਕ ਠੰਡੀ ਬਟੀ ॥

**ਪਸੇਰਾ,** ਪੁ:
**ਪਸੇਰੀ,** ਸ: } ਪੰਜਾਂ ਸੇਰਾਂ ਦਾ ਵੱਟਾ ॥

Digitized by Panjab Digital Library | www.panjabdigilib.org

**ਪਸੋਆ,** ਪੁ:—ਰੋਗੀ ਦੇ ਪੈਰ ਦੁਆਵਾਂ ਵਾਲੇ ਗਰਮ ਪਾਣੀ ਨਾਲ ਧੋਣ ਅਤੇ ਹਵਾੜ ਦੇਣੀ (ਕਰਨਾ)॥

**ਪਹ,** ਪੁ:—'ਪਾਹ' ਵੇਖੋ।

**ਪਹਰ,** ਪੁ:—'ਪਹਿਰ' ਵੇਖੋ।

**ਪਹਨਾਮੀ,** ਸ:—'ਪਹਿਮਾਨਗੀ' ਵੇਖੋ॥

**ਪਹਲਾ,** ਵਿ:—'ਪਹਿਲਾ' ਵੇਖੋ॥

**ਪਹਵਰ,** ਪੁ:—ਜੇਹਲਮ ਅਤੇ ਅਟਕ ਦਰਿਆ ਦੇ ਵਿਚਲਾ ਅਲਾਕਾ॥

**ਪਹਾ,** ਪੁ:—'ਪਹਿਆ' ਵੇਖੋ।

**ਪਹਾਉਣਾ,** ਕ੍ਰਿ:—'ਪਸਾਉਣਾ' ਵੇਖੋ।

**ਪਹਾਰਾ,** ਪੁ:—ਸੁਨਿਆਰਿਆਂ ਦਾ ਕਾਰਖਾਨਾ, ਭੱਠੀ

**ਪਹਾਰੂ,** ਪੁ:—ਭੇਡ ਦਾ ਛੋਟਾ ਬੱਚਾ, ਇਕੱਲੀ ਬਕਰੀ ਜਾਂ ਭੇਡ, ਇੱਜੜ ਵਿੱਚੋਂ ਇੱਕ॥

**ਪਹਾੜ,** ਪੁ:—ਪੱਥਰਾਂ ਵਾਲੀ, ਉੱਚੀ ਧਰਤੀ, ਪਰਬਤ॥
ਵਿ:—ਉੱਚਾ, ਵੱਡਾ, ਲੰਮਾ, ਭਾਰਾ॥

**ਪਹਾੜ ਤਲੀ,** ਸ:—ਪਹਾੜ ਦੀ ਕੰਢੀ ਦਾ ਮੁਲਕ॥

**ਪਹਾੜਾਂ ਵਾਲੀ,** ਸ:—ਦੇਵੀ, ਦੁਰਗਾ॥

**ਪਹਾੜਣ,** ਸ:—ਪਹਾੜ ਉੱਤੇ ਰਹਿਣ ਵਾਲੀ ਤੀਮਤ।

**ਪਹਾੜਾ,** ਪੁ:—ਅੰਗਾਂ ਦੇ ਗੁਣਨ ਆਦਿਕ ਦੀਆਂ ਗਿਣਤੀਆਂ ਦਾ ਇਕੱਠ॥

**ਪਹਾੜੀ,** ਸ:—ਛੋਟਾ ਪਹਾੜ। ਪੁ:—ਪਹਾੜ ਦਾ ਰਹਿਣ ਵਾਲਾ। ਵਿ:—ਪਹਾੜ ਦਾ॥

**ਪਹਾੜੀ, ਪਹਾੜੀਆ,** } ਵਿ: ਪੁ:—ਪਹਾੜ ਦਾ, ਪਹਾੜ ਰਹਿਣ ਵਾਲਾ॥

**ਪਹਿ,** ਸ:—ਤੜਕਾ, ਸਵੇਰ ਸਾਰ ਦੀ ਲੋ॥

**ਪਹਿ ਪਾਟਣੀ (ਪੀਲੀ ਹੋਣੀ), ਪਹਿ ਫੱਟਣੀ (ਫੁੱਟਣੀ)** } ਕ੍ਰਿ:—ਦਿਨ ਦੀ ਲੋ ਹੋ ਜਾਣੀ॥

**ਪਹਿ ਫਟੇ,** ਕ੍ਰਿ: ਵਿ:—ਜਿਸ ਵੇਲੇ ਦਿਨ ਦੀ ਲੋ ਹੋ ਜਾਵੇ॥

**ਪਹਿਆ,** ਪੁ:—ਛੋਟਾ ਰਸਤਾ, ਗਊਆਂ ਦਾ ਰਾਹ॥

**ਪਹਿਨਣਾ (ਣੀ),** ਕ੍ਰਿ:—ਕਪੜ ਸਰੀਰ ਤੇ ਪਾਉਣੇ, ਨਵੀਂ ਜੁੱਤੀ ਪੈਰੀਂ ਪਾਉਣੀ॥

**ਪਹਿਨਾਉਣਾ,** ਕ੍ਰਿ:—ਕਪੜੇ ਜਾਂ ਜੁੱਤੀ ਪੁਆਉਣਾ।

**ਪਹਿਨਾਉਣੀ,** ਸ:—ਵਿਆਹ ਕਾਜ ਵਿੱਚ ਸਾਕਾਂ ਨੂੰ ਜੋ ਕਪੜੇ ਦਿੱਤੇ ਜਾਣ॥

**ਪਹਿਨਾਵਾ,** ਪੁ:—ਕਪੜੇ ਪਾਉਣ ਦਾ ਢੰਗ॥

**ਪਹਿਮਾਨਗੀ,** ਸ:—ਧੋਖਾ, ਫਰੇਬ॥

**ਪਹਿਰ,** ਪੁ:—ਦਿਨ ਰਾਤ ਦਾ ਅੱਠਵਾਂ ਹਿੱਸਾ, ੭½ ਘੜੀਆਂ, ਤਿੰਨ ਘੰਟੇ।

**ਪਹਿਰਾ,** ਪੁ:—ਰਾਖੀ, ਸੰਭੀ। ਚੌਕੀਦਾਰ, ਸੰਤਰੀ, ਸਮਾਂ॥

**ਪਹਿਰਾ ਚੌਕੀ,** ਸ:—ਰਾਖੀ, ਸੰਭੀ, ਗਾਰਦ॥

Digitized by Panjab Digital Library | www.panjabdigilib.org

**ਪਹਿਰਾ ਦੇਣਾ,** ਕ੍ਰਿਃ -ਰੱਖੀ; ਕਰਨੀ, ਖ਼ਬੋਰੇ ਖ਼ਿਆਲ ਰੱਖਣਾ ॥

**ਪਹਿਰਾ ਬਦਲਣਾ,** ਕ੍ਰਿਃ—ਇਕ ਸੰਤਰੀ ਦਾ ਵਖਤ ਹੋਚੁੱਕੇ ਤਾਂ ਦੂਜੇ ਦਾ ( ਜਿਸ ਦੀ ਵਾਰੀ ਹੋਵੇ ) ਆਉਣਾ ॥

**ਪਹਿਰਾ ਬੈਠਣਾ**
**ਪਹਿਰਾ ਲੱਗਣਾ** } ਕ੍ਰਿਃ—ਪਹਿਰੇ ਵਾਲੇ ਰੱਖੀ ਲਈ ਬਠਾਏ ਜਾਣੇ ॥

**ਪਹਿਰੇ ਦਾਰ,** ਪੁਃ—ਸੰਤਰੀ, ਪਹਿਰਾ ਦੇਣ ਵਾਲਾ ॥

**ਪਹਿਰੇ ਵਿੱਚ ਰੱਖਣਾ,** ਕ੍ਰਿਃ—ਕਿਸੇ ਨੂੰ ਪਹਿਰੇ ਦਾਰਾਂ ਦੇ ਸਪੁਰਦ ਕਰਨਾ ਕਿ ਕਿਤੇ ਜਾਣ ਨਾਂ ਦੇਣ ॥

**ਪਿਛਲੇ ਪਹਿਰੇ,** ਕ੍ਰਿਃ-ਵਿਃ—ਰਾਤ ਦੇ ਛੇਕੜਲ ਪਹਿਰ ਵਿੱਚ, ਤੁੱੜ੍ਹੇ ਵਾਰੇ ।

**ਪਹਿਰਾਉਣਾ**
**ਪਹਿਰਾਵਾ** } 'ਪਹਿਨਾਉਣਾ' 'ਪਹਿਨਾਵਾ' ਵੇਖੋ ।

**ਪਹਿਰੂ,** ਪੁਃ—ਪਹਿਰਾ ਦੇਣ ਵਾਲਾ, ਸੰਤਰੀ ਰੱਖਾ ॥

**ਪਹਿਲ,** ਸਃ—ਮੁੱਢ, ਆਦ, ਸ਼ੁਰੂ ( ਕਰਨੀ ) ॥ ਪੁਃ—ਬਹੁ ਭੁਜ ਦੀ ਬਾਹੀ ਜਾਂ ਪਾਸਾ ॥

**ਪਹਿਲਣ,** ਸਃ—ਪਹਿਲੇ ਪਹਿਲ ਸੂਣ ਵਾਲੀ ਗਊ ਜਾਂ ਕੋਈ ਹੋਰ ਪਸ਼ੂ ( ਢੋਰਾ ) ॥

**ਪਹਿਲਵਾਣ ( ਣੀ )**—'ਬਲਵਾਨ (ਨੀ)' ਵੇਖੋ॥

**ਪਹਿਲਾ,** ਵਿਃ—ਮੁੱਢ ਦਾ, ਅਗਲਾ, ਅਸਲੀ, ਚੰਗਾ ॥

**ਪਹਿਲਾਂ,** ਪੁਃ, ਸਃ—ਮੁੱਢ, ਆਦ, ਸ਼ੁਰੂ ॥ ਕ੍ਰਿਃ ਵਿਃ—ਮੁੱਢ ਤੋਂ ॥

**ਪਹਿਲੀਆਂ ਵਿੱਚ,** ਕ੍ਰਿਃ ਵਿਃ—ਪਹਿਲੇ, ਪਹਿਲੇ ਸਮੇਂ ॥

**ਪਹਿਲੂ,** ਪੁਃ—ਪਾਸਾ, ਬਾਹੀ, ਵੱਖੀ ॥

**ਪਹਿਲੂਣ,** ਸਃ—'ਪਹਿਲਣ' ਵੇਖੋ ॥

**ਪਹਿਲੇ,**
**ਪਹਿਲੇ ਪਹਿਲ,**
**ਪਹਿਲੋਂ,** } ਕ੍ਰਿਃ-ਵਿਃ—ਮੁੱਢ ਵਿੱਚ, ਅੱਗੇ, ਮੋਹਰੇ, ਅਗਲੇ ਸਮੇਂ ।

**ਪਹਿਲੌਠਾ,** ਵਿਃ—ਪਹਿਲੇ ਜੰਮਿਆ ਹੋਇਆ ( ਪੁਤ੍ਰ ) ॥

**ਪਹਿਲੌਠੀ,** ਸਃ—ਪਹਿਲੌਠਾ ਹੋਣ ਦੀ ਹਾਲਤ ਜਾਂ ਹੱਕ ।

**ਪਹੀਆ ( ਯਾ ),** ਪੁਃ—ਪਿੰਜ, ਚੱਕਰ, ਉਹ ਘੇਰੇ ਜਿਨ੍ਹਾਂ ਦੇ ਕਰਕੇ ਗੱਡੀ ਗੱਡੇ ਰਿੜ੍ਹਦੇ ਹਨ ॥

**ਪਹੁਚ**
**ਪਹੁੰਚ** } ਸਃ—ਪਹੁੰਚਣ ਦਾ ਕੰਮ ਜਾਂ ਹਾਲਤ, ਦਬਾਉ, ਜ਼ੋਰ, ਲਿਹਾਜ਼, ਦੇਣ ਵਾਲੀ ਰਕਮ ਉੱਤੇ ਜੋ ਦਿੱਤਾ ਜਾਵੇ ॥

**ਪਹੁਚਣਾ**
**ਪਹੁੰਚਣਾ** } ਕ੍ਰਿਃ—ਪੁੱਜਣਾ, ਅੱਪੜਨਾ; ਪਕੜਨਾ, ਫੜਨਾ, ਕੋਲ ਜਾਣਾ, ਮੇਲ ਦਾ ਹੋਣਾ ॥

**ਪਹੁੰਚਾ,** ਪੁਃ—ਪੰਜਾ, ਵੀਣੀ ।

**ਪਹੁੰਚਾਉਣਾ,** ਕ੍ਰਿਃ—ਲਿਆਉਣਾ, ਲੈ ਜਾਣਾ, ਭਜਵਾਉਣਾ ॥

**ਪਹੁੰਚਿਆ ਹੋਯਾ,** ਵਿਃ—ਰੱਬ ਨੂੰ ਮਿਲਿਆ ਹੋਯਾ ਸੰਤ, ਪੂਰਾ ਫ਼ਕੀਰ ॥

Digitized by Panjab Digital Library / www.panjabdigilib.org

**ਪਹੁੰਚੀ,** ਸ:—ਵੀਣੀ ਦਾ ਇੱਕ ਗਹਿਣਾ ।

**ਪਹੁਟਣਾ**
**ਪਹੁਤਣਾ** } ਕ੍ਰਿ: 'ਪਹੁੰਚਣਾ' ਵੇਖੋ

**ਪਹੁਲ**
**ਪਹੁਲੀਆ** } 'ਪਾਹੁਲ' 'ਪਾਹੁਲੀਆ' ਵੇਖੋ ।

**ਪਹੇਲੀ,** ਸ:—ਬੁਝਾਰਤ, ਬਾਤ ॥

**ਪਹੋੜਾ**
**ਪਰੋੜਾ** } ਪੁ:—ਤਬੇਲੇ ਆਦਿਕ ਸਾਫ ਕਰਨ ਵਾਲੀ ਲੱਕੜੀ ਦੀ ਖੁਰਚਣੀ ।

**ਪਹੋੜੇ,** ਪੁ: 'ਭੇੜੇ' ਵੇਖੋ

**ਪਹੌੜੀ,** ਸ:—ਛੋਟਾ ਪਹੋੜਾ ॥

**ਪੱਕ,** ਪੁ:—ਪੱਕਣ ਦੀ ਹਾਲਤ, ਪੂਰਾ ਹੋਣਾ, ਸੱਚ, ਨਿਸਚਾ ॥

ਕ੍ਰਿ:, ਵਿ:—ਪੱਕੀ ਤਰਾਂ, ਠੀਕ ਠੀਕ, ਪੂਰਾ ਪੂਰਾ ।

**ਪੱਕ ਪਕਾ,** ਪੁ:—ਫੈਸਲਾ, ਪੱਕੀ ਸਲਾਹ ॥

**ਪੰਕ**
**ਪੰਕਜ** } ਪੁ:—ਚਿੱਕੜ, ਖੁੱਭਣਾ ।

**ਪੱਕ ਜਾਣਾ**
**ਪੱਕਣਾ** } ਕ੍ਰਿ:—ਪੂਰਾ ਜਾਂ ਪੱਕਾ ਹੋਣਾ, ਰਝੂਣਾ, ਤਪਣਾ, ਫੋੜਾ ਭਰਨਾ ਫੈਸਲਾ ਹੋਣਾ, ਚੰਗਾ ਹੋਣਾ, ਟਿਕਣਾ, ਸੌਦਾ ਹੋਣਾ, ਮਤਾ ਮਤਾਉਣਾ, ਜਿੱਤਣ ਲੱਗਣਾ ।

**ਪਕ ਤੇਲ,** ਸ:—ਮਿੱਠੀ ਦੇ ਕਣੇ ਨੂੰ ਪਕਾਉਣ ਲੱਗਿਆਂ ਜੋ ਤੇਲ ਆ ਜਾਵੇ ।

**ਪਕਨਰਾਸ,** ਸ:—ਇੱਕ ਮਠਿਆਈ ॥

**ਪਕਵੱਯਾ,** ਪੁ:—ਪਕਾਉਣ ਵਾਲਾ, ਰਸੋਈਆ ॥

**ਪਕਵਾਉਣਾ,** ਕ੍ਰਿ:—ਪਕਾਉਣ ਦਾ ਕੰਮ ਕਰਾਉਣਾ ॥

**ਪਕਵਾਈ,** ਸ:—ਪਕਾਉਣ ਦਾ ਕੰਮ ਢੰਗ ਜਾਂ ਮਜੂਰੀ ॥

**ਪਕਵਾਨ,** ਪੁ:—ਮਠਿਆਈ, ਤਲੀ ਹੋਈ ਚੀਜ ॥

**ਪਕੜ,** ਸ:—ਪਕੜਨ ਦਾ ਕੰਮ, ਕਾਬੂ, ਸਮਾਊ, ਕੁਸ਼ਤੀ, ਹੁੱਜਤ (ਹੋ ਜਾਣਾ, ਹੋਣੀ) ॥

**ਪਕੜਨਾ,** ਕ੍ਰਿ:—ਫੜਨਾ, ਕਾਬੂ ਕਰਨਾ ਲੈਣਾ ॥ ਕੈਦ ਕਰਨਾ ॥

**ਪਕੜਾਣਾ,** ਕ੍ਰਿ:—ਫੜਾਉਣਾ, ਕਾਬੂ ਕਰਾਉਣਾ ।

**ਪਕੜਾਊ,** ਸ:. ਪੁ:—ਜੋ ਪਕੜਾਏ ॥

ਵਿ:—ਪਕੜਨ ਜੋਗਾ ॥

**ਪਕੜਾਈ,** ਸ:—ਪਕੜਾਉਣ ਦਾ ਕੰਮ ਜਾਂ ਮਜੂਰੀ ॥

**ਪਕੜਾਈ ਖਾਣੀ (ਦੇਣੀ)** ਕ੍ਰਿ:—ਫੜੇ ਜਾਣਾ ॥

**ਪੱਕਾ,** ਪੁ:
**ਪੱਕੀ,** ਸ: } ਵਿ: ਪੂਰਾ, ਪੱਕਿਆ ਹੋਯਾ, ਰਿੱਧਿਆ ਹੋਯਾ, ਉਬਾਲਿਆ ਹੋਯਾ, ਤਲਿਆ ਹੋਯਾ, ਭਰਿਆ ਹੋਇਆ (ਫੋੜਾ ਅਸਖੂਹ), ਨਾ ਟੁੱਟਣ ਵਾਲਾ, ਦਿਲੋਂ ਠਾਨੀ ਹੋਈ (ਪੱਕੀ ਸਲਾਹ), ਇੱਟ ਪੱਥਰ ਦਾ (ਘਰ), ਰੋੜਿਆਂ ਦੀ (ਸੜਕ), ਠੀਕ, ਅਸਲੀ, ਅਸ਼ਟਾਮ ਵਾਲਾ (ਕਾਗਜ), ਜਿਸ ਦਾ ਨਿਹਚਾ ਹੋਵੇ (ਗੱਲ), ਜੋ ਸਦਾ ਰਹੇ (ਰੰਗ), ਕਰੜਾ, ਨਿਡਰ, ਦਲੇਰ, ਸਿਆਣਾ ਚਤਰ, ਸਭ ਤੋਂ ਉਚਾ, ਜਿੱਤਣ ਵਾਲਾ ॥

Digitized by Panjab Digital Library / www.panjabdigilib.org

**ਪੱਕਾ ਕਰਨਾ,** ਕ੍ਰਿ:—ਕੱਚੇ ਤੋਪਿਆਂ ਮਗਰੋਂ ਸੀਊਂਣਾ।

**ਪੱਕਾ ਪਲਸਤਰ,** ਪੁ:—ਚੂਨੇ ਦੀ ਲੇਂਬੀ॥

**ਪੱਕੀ ਕਰਨਾ, ਪੱਕੀ ਪਕਾਉਣਾ** } ਕ੍ਰਿ:—ਕਿਸੇ ਗੱਲ ਦਾ ਪੂਰਾ ਨਿਹਚਾ ਜਾਂ ਫੈਸਲਾ ਕਰਨਾ, ਅਸ਼ਟਾਮ ਲਿਖਾਉਣਾ॥

**ਪੱਕੀ ਤਰਕਾਰੀ,** ਸ:—ਫਲ॥

**ਪੱਕੀ ਪਕਾਈ,** ਸ:—ਪੱਕੀ ਹੋਈ ਰੋਟੀ, ਤਿਆਰ ਚੀਜ਼

**ਪੱਕੇ ਪੈਰਾਂ ਉੱਤੇ ਖਲੋਣਾ,** ਕ੍ਰਿ:—ਆਪਣੀ ਗੱਲ ਉੱਪਰ ਕੈਮ ਰਹਿਣਾ।

**ਪਕਾਉ,** ਪੁ:—ਪੱਕ ਜਾਣਦੀ ਹਾਲਤ ਜਾਂ ਗੁਣ।

**ਪਕਾਉਣਾ,** ਕ੍ਰਿ:—ਸੇਕਣਾ, ਰਾੰਨ੍ਹਣਾ, ਬਾਪਣਾ, ਪੱਕਣ ਦੇਣਾ, ਸਬਬ ਪੈਦਾ ਕਰਨਾ॥

**ਪਕਾਈ,** ਸ:—ਪਕਾਉਣ ਦਾ ਕੰਮ ਜਾਂ ਮਜੂਰੀ।

**ਪਕਾਣਾ,** ਕ੍ਰਿ:—ਪਕਾਉਣਾ।

**ਪਕਿਆਈ,** ਸ:—ਪੱਕਾ ਹੋਣ ਦਾ ਗੁਣ, ਮਜ਼ਬੂਤੀ, ਤਾਕਤ॥

**ਪਕਿਰਤ,** ਸ:—ਅਸਲੀ ਹਾਲਤ, ਸੁਭਾਉ, ਤਬੀਅਤ।

**ਪਕੁਆਣ,** ਪੁ:—'ਪਕਵਾਨ' ਵੇਖੋ॥

**ਪਕੌੜਾ,** ਪੁ:—ਵੇਸਣ ਪਾਣੀ ਵਿੱਚ ਘੋਲ ਕੇ ਅਤੇ ਲੂਣ ਮਿਰਚ ਆਦਿਕ ਪਾ ਕੇ ਤਲਿਆ ਹੋਇਆ॥

**ਪਕੌੜੀ,** ਸ:—ਛੋਟਾ ਪਕੌੜਾ॥

**ਪਕੌੜੀਆਂ ਪਾਉਣੀਆਂ,** ਕ੍ਰਿ:—ਪਕੌੜੀਆਂ ਉਬਾਲ ਕੇ ਦਹੀਂ ਦੇ ਮਠੇ ਵਿਚ ਪਾਉਣੀਆਂ।

**ਪੱਖ,** ਪੁ:—ਚੰਦ੍ਰਮਾਂ ਦਾ ਅੱਧਾ ਮਹੀਨਾ, ਏਕਮ ਤੋਂ ਲੈਕੇ ਪੂਰਨਾ ਜਾਂ ਮੱਸਿਆ ਤੱਕ, ਪਾਸਾ, ਧੜਾ, ਹਮੈਤ, ਤਰਫ਼ੈਨ, ਵਿਖਯ।

**ਪੱਖ ਪਾਤ,** ਪੁ:—ਰਈ, ਹਮੈਤ, ਤਰਫ਼ਦਾਰੀ॥

**ਪਖ ਪਾਤੀ,** ਪੁ:—ਪੱਖ ਪਾਤ ਕਰਨ ਵਾਲਾ॥

**ਪੱਖ ਪੂਰਨਾ,** ਕ੍ਰਿ:—ਪੱਖ ਪਾਤ ਕਰਨਾ, ਰਈ ਕਰਨੀ।

**ਪੰਖ,** ਪੁ:—ਪਰ, ਖੰਭ, ਬਾਜ਼ੂ॥

**ਪਖੰਡ,** ਪੁ:—ਮਕਰ, ਦਿਖਾਵਾ, ਫਰੇਬ, ਬਹਾਨਾ, (ਕਰਨਾ, ਫੈਲਾਉਣਾ)॥

**ਪਖੰਡਣ,** ਸ:
**ਪਖੰਡੀ,** ਪੁ: } ਜੋ ਪਖੰਡ ਕਰੇ॥

**ਪੰਖੜੀ,** ਸ:—ਫੁੱਲ ਦੇ ਆਸ ਪਾਸ ਦੇ ਨਿੱਕੇ ਨਿੱਕੇ ਪੱਤ੍ਰ।

**ਪੱਖਾ,** ਪੁ:—ਜਿਸ ਚੀਜ਼ ਨਾਲ ਵਾਉ ਨੂੰ ਝੱਲਾ ਮਾਰਿਆ ਜਾਂਦਾ ਹੈ, ਖੇਤ ਦਾ ਇੱਕ ਹਿੱਸਾ॥

**ਪਖਾਉਜ,** ਪੁ:—ਇੱਕ ਤਰਾਂ ਦਾ ਤਬਲਾ॥

**ਪਖਾਉਜੀ,** ਪੁ:—ਪਖਾਉਜ ਵਜਾਉਣ ਵਾਲਾ॥

**ਪਖਾਣ**
**ਪਖਾਨ** } ਪੁ:—ਪੱਥਰ, ਵੱਟਾ, ਬੁੱਤ, ਪਿਰਤਮਾ॥

**ਪਖਾਨ ਭੇਦ,** ਪੁ:—ਇੱਕ ਪਹਾੜੀ ਰੁੱਖ ਜਿਸ ਦੀਆਂ ਜੜ੍ਹਾਂ ਪੱਥਰ ਵਿੱਚ ਧਸ ਜਾਂਦੀਆਂ ਹਨ॥

Digitized by Panjab Digital Library | www.panjabdigilib.org

**ਪਖਾਨਾ,** ਪੁ:—ਝਾੜਾ ਟੱਟੀ, ਸੌਚਦ ਖਾਨਾ ॥

**ਪਖਾਰਨਾ**
**ਪਖਾਲਣਾ** } ਕ੍ਰਿ:—ਧੋਣਾ ॥

**ਪਖਾਲ,** ਸ: ਬਲਦ ਆਦਿਕ ਦੀ ਖੱਲ ਦੀ ਮਸ਼ਕ ਜਿਸ ਵਿਚ ਪਾਣੀ ਭਰਕੇ ਲੈ ਜਾਂਦੇ ਹਨ ॥

**ਪਖਾਵਜ**
**ਪਖਾਵਜੀ** } 'ਪਖਾਉਜ' 'ਪਖਾਉਜੀ' ਵੇਖੋ।

**ਪੱਖਿ,** ਪੁ:—ਪੰਖ, ਪਰ, ਖੰਭ।

**ਪਖਿਆਰਾ,** ਪੁ:—ਅਰਾਈਂ, ਕਰੂੰਜੜਾ ॥

**ਪੱਖੀ,** ਸ:—ਛੋਟਾ ਪੱਖਾ, ਪੱਖੀ, ਹਮੈਤੀ, ਢੰਨ ॥

**ਪੱਖੀ ਵਾਰਾ**
**ਪੱਖੀ ਵਾਲ** } ਪੁ:—ਨਟ, ਬਾਜ਼ੀਗਰ ॥

**ਪਖੀ,** ਪੁ:—'ਪੰਛੀ' ਵੇਖੋ।

**ਪਖੀਰ,** ਪੁ:
**ਪਖੀਰਣੀ,** ਸ:
**ਪਖੀਰੀ,** ਸ: } 'ਫਕੀਰ' ਆਦਿਕ ਵੇਖੋ ॥

**ਪੱਖੁਰ,** ਪੁ:—ਪਰਮੇਸਰ ਵੱਲੋਂ ਸਹਾਇਤਾ (ਪੈਲਾਂ ਵਿਰਲਾ) ॥

**ਪੱਖੁਲੀ,** ਸ:—ਗੱਡੇ ਵਿੱਚ ਵਿਛਾਉਣ ਵਾਲਾ ਤੱਪੜ ਦਾ ਵੱਡਾ ਟੋਟਾ ਜਿਸ ਉੱਪਰ ਭਾਰ ਧਰਦੇ ਹਨ।

**ਪਖੇਰੂ**
**ਪੱਖੇਰੂ** } ਪੁ:—'ਪੰਛੀ' ਵੇਖੋ ॥



**ਪਗ,** ਪੁ:—ਪੈਰ, ਪਾਸੇ ਦੀ ਖੇਡ ਦਾ ਇੱਕ ਨਿਸ਼ਾਨ (ਪੈਲਾ) ॥

**ਪੱਗ,** ਸ:—ਸਿਰ ਤੇ ਲਪੇਟਣ ਵਾਲਾ ਲੰਮਾ ਕਪੜਾ, ਸਾਫਾ।

**ਆਪਣੀ ਪੱਗ ਪਰਾਏ ਹੱਥ ਦੇਣੀ** } ਕ੍ਰਿ:—ਆਪਣੇ ਅਖ਼ਤਿਆਰ ਦੂਜੇ ਨੂੰ ਦੇ ਕੇ ਉਸ ਦੇ ਜ਼ੁੰਮੇਵਾਰ ਆਪ ਹੋਣਾ ॥

**ਪੱਗ ਬੰਨ੍ਹਣੀ,** ਕ੍ਰਿ:—ਪੇਉ ਆਦਿਕ ਦੇ ਮਰਨ ਪਿਛੋਂ ਪੁਤ੍ਰ ਆਦਿਕ ਦਾ ਉਹਦੀ ਥਾਂ ਮੱਲਣਾ (ਬਿਰਾਦਰੀ ਦੇ ਸਾਮ੍ਹਣੇ ਉਹਨੂੰ ਪਗ ਬਨ੍ਹਾਈ ਜਾਂਦੀ ਹੈ) ॥

**ਪੱਗ ਲਾਹੁਣੀ,** ਕ੍ਰਿ:—ਪਤ ਉਤਾਰਨੀ, ਬੇ ਇੱਜ਼ਤ ਕਰਨਾ ॥

**ਪੱਗ ਵਟਾਉਣੀ,** ਕ੍ਰਿ:—ਕਿਸੇ ਨਾਲ ਭਰਾ ਗਾੜ੍ਹੀ ਪਾਉਣੀ, ਪੱਕਾ ਬੇਲੀ ਬਨਣਾ ॥

**ਪਗ,** ਵਿ:—ਪਤਲਾ, ਬਰੀਕ, ਨਿੱਕਾ ॥
ਪੁ:—ਪਸਤ ਦੇ ਅੰਦਰ ਲੱਗਣ ਵਾਲਾ ਇੱਕ ਕੀੜਾ, ਕਣ, ਪਤਲੀ ਛਾਹ

**ਪਗਡੰਡ',** ਸ:—ਪੈਰਾਂ ਦਾ ਰਾਹ, ਬਹੁਤ ਭੀੜਾ ਰਸਤਾ ॥

**ਪਗਪੈਗ,** ਪੁ:—ਚੱਕਰ ਦਾ ਬਾਹਰਲਾ ਘੇਰਾ (ਰੇਖਾ ਗਣਿਤ ਵਿੱਚ)।

**ਪਗੰਬਰ,** ਪੁ:
**ਪਗੰਬਰੀ,** ਸ: } 'ਪਿਗੰਬਰ' ਵੇਖੋ।

**ਪਗਲਾ,** ਵਿ:—ਪਾਗਲ, ਕਮਲਾ, ਸੁਦਾਈ, ਮੂਰਖ॥

Digitized by Panjab Digital Library | www.panjabdigilib.org

**ਪੱਗੜ,** ਪੁ:—ਵੱਡੀ ਪੱਗ ।

**ਪਗੜਨਾ,** ਦੇ:—'ਪਕੜਨਾ' ਵੇਖੋ ।

**ਪਗੜਾ,** ਪੁ: / **ਪਗੜੀ,** ਸ: } 'ਪੱਗ' ਵੇਖੋ ।

**ਪੰਘਾ,** ਪੁ:—ਛੀਂਕਾ, ਝੂੱਲਣ ਵਾਲੀ ਚੀਜ਼, ਪਹਾੜ ਦੀ ਤੰਗ ਧਾਰ ।

**ਪੰਗਾ ਲੈਣਾ** ਕ੍ਰਿ:—ਖਾਹ ਮਖਾਹ ਦਖਲ ਦੇਕੇ ਔਖੇ ਹੋਣਾ ।

**ਪੰਘਰਨਾ,** ਕ੍ਰਿ:—ਤਾਉ ਨਾਲ ਪਤਲਾ ਹੋ ਜਾਣਾ, ( ਜਿਵੇਂ ਘਿਉ ), ਮਨ ਵਿਚ ਤਰਸ ਆਉਣਾ ( ਦਿਲ ) ।

**ਪਘਰਾਉਣਾ / ਪਘਾਰਨਾ** } ਕ੍ਰਿ:—ਤਾ ਕੇ ਪਤਲਾ ਕਰਨਾ, ( ਘਿਉ ਆਦਿਕ ) ।

**ਪਘੂੜਾ / ਪੰਘੂੜਾ** } ਪੁ:—ਬਾਲ ਦੀ ਲਟਕਣ ਵਾਲੀ ਮੰਜੀ ਜਿਸ ਨੂੰ ਹਿਲਾ ਕੇ ਝੂਟੇ ਦਈਦੇ ਹਨ, ਝੂਲਾ ।

**ਪਘੂੜੀ / ਪੰਘੂੜੀ** } ਸ:—ਛੋਟਾ ਪਘੂੜਾ ।

**ਪਚ,** ਵਿ:—ਪੰਜ ( ਦੂਜੇ ਪਦਾਂ ਨਾਲ ਮਿਲਕੇ ) ।

**ਪੰਚ,** ਵਿ:—ਪੰਜ । ਪੁ:—ਪੈਂਚ, ਚੌਧਰੀ, ਮੁਖੀਆ ।

**ਪੰਚ ਆਹੂਤ,** ਸ:—ਰੋਟੀ ਖਾਣ ਤੋਂ ਪਹਿਲੇ ਜੋ ਪੰਜ ਅਹੂਤੀਆਂ ( ਗਰਾਹੀਆਂ ) ਹਿੰਦੂ ਅੱਗ ਵਿਚ ਪਾਉਂਦੇ ਹਨ ।

**ਪੰਚ ਭੂਤ,** ਪੁ:—ਪੰਜ ਤੱਤ ( ਅੱਗ, ਪਾਣੀ ਮਿੱਟੀ, ਵਾਉ, ਅਕਾਸ਼ ) ।

**ਪਚ ਜਾਣਾ, / ਪਚਣਾ,** } ਕ੍ਰਿ:—ਖਾਧਾ ਪੀਤਾ ਚੰਗੀ ਤਰਾਂ ਗਲਕੇ ਸਰੀਰ ਨਾਲ ਰਲ ਜਾਣਾ, ਹਰਾਮ ਦਾ ਮਾਲ ਐਉਂ ਖਾਧਾ ਜਾਣਾ ਕਿ ਪਤਾ ਨਾ ਲੱਗੇ, ਮੁਨਾਸਬ ਹੋਣਾ ।

**ਪਚ ਪਚ ਮਰਨਾ,** ਕ੍ਰਿ:—ਬਹੁਤ ਦੁਖ ਪਾਕੇ ਮਰਨਾ ।

**ਪੰਚਮ,** ਵਿ:—ਪੰਜਵਾਂ । ਪੁ:—ਪੰਜਵੀਂ ਸੁਰ ।

**ਪਚ ਮਹਿਲਾ,** ਪੁ:—ਪੰਜਾਂ ਛੱਤਾਂ ਵਾਲਾ ਘਰ ।

**ਪੰਚਮੀ,** ਸ:—ਪੰਜਵੀਂ ਥਿਤ ।

**ਪਚਮੇਲ,** ਵਿ:—ਪੰਜ ਚੀਜ਼ਾਂ ਮਿਲੀਆਂ ਹੋਈਆਂ ਗੜਬੜ ।

**ਪੱਚਰ,** ਸ:—ਨਿੱਕੀ ਫੱਟੀ, ਖਾਲੀ ਥਾਂ ਭਰਨ ਵਾਸਤੇ ਜੋ ਫੱਟੀ ਲਾਈ ਜਾਵੇ, ਰੁਕਾਵਟ, ( ਠੋਕਣੀ, ਮਾਰਨੀ, ਲਾਉਣੀ ) ।

**ਪਚਾਉਣਾ,** ਕ੍ਰਿ:—ਖਾਧਾ ਪੀਤਾ ਚੰਗੀ ਤਰਾਂ ਗਾਲ ਕੇ ਸਰੀਰ ਨਾਲ ਰਲਾਉਣਾ, ਗਲਾਉਣਾ, ਪਰਾਇਆ ਮਾਲ ਐਉਂ ਖਾਣਾ ਕਿ ਪਤਾ ਨਾ ਲੱਗੇ, ਮਾਯਾ ਦਾ ਬਲ ਸਹਾਰਨਾ ।

**ਪਚਾਇਤ / ਪੰਚਾਇਤ** } ਸ:—ਬਰਾਦਰੀ, ਕਿਸੇ ਗੱਲ ਨੂੰ ਨਿਬੇੜਨ ਲਈ ਜੋ ਲੋਕ ਜੁੜਨ, ਭਾਈ ਚਾਰੇ ਦਾ ਕੱਠ ।

**ਪਚਾਇਤੀ / ਪੰਚਾਇਤੀ** } ਵਿ:—ਪਚਾਇਤ ਦਾ ( ਦੀ ) । ਪੁ:—ਪਚਾਇਤ ਦੇ ਆਦਮੀਆਂ ਵਿਚੋਂ ਕੋਈ ।

**ਪਚਾਸੀ,** ਵਿ:—ਪੰਜਾਂ ਉੱਤੇ ਅੱਸੀ ।

**ਪਚਾਹਦਾ / ਪਚਾਧਾ,*** } ਪੁ:—ਲਾਹੌਰ ਦੀ ਇੱਕ ਜਾਤ, ਠਗ । ਸ:—ਦਗਾਬਾਜ਼ੀ, ਦੁਸ਼ਟੀ ।

Digitized by Panjab Digital Library | www.panjabdigilib.org

**ਪੰਚਾਂਗ,** ਪੁ:—ਪੰਜ ਦਾ ਅੰਗ, ਪ, ਪੰਜਾਂ ਤਰ੍ਹਾਂ ਦੀ ਪੂਜਾ, ਪੰਜ ਅੰਗ ( ਫਲ, ਫੁੱਲ, ਪੱਤੇ, ਛਿੱਲ, ਜੜ੍ਹ ) ॥

**ਪਚਾਨਮੇ**
**ਪਚਾਨਵੇਂ** } ਵਿ:—ਪੰਜਾਂ ਉੱਤੇ ਨੱਵੇ ॥

**ਪੱਚਾ ਰਿੱਕੀ,** ਸ:—ਚਾਦਰ ਨੂੰ ਸੱਜੀ ਕੂਹਣੀ ਦੇ ਹੇਠੋਂ ਅਤੇ ਖੱਬੇ ਮੋਢੇ ਦੇ ਉੱਪਰੋਂ ਲਿਆਕੇ ਬੰਨ੍ਹਣ ਦਾ ਢੰਗ ( ਮਾਰਨੀ ), ਇੱਕ ਗਹਿਣਾ ॥

**ਪਚੀ,** ਵਿ:—ਲੱਗਾ ਜਾਂ ਜੁੜਿਆ ਹੋਯਾ, ਪਚਿਆ ਜਾਂ ਗਲਿਆ ਹੋਯਾ, ਪ੍ਰੇਮ ਵਿਚ ਫਸਿਆ ਹੋਯਾ ਸ਼ਰਮਿੰਦਾ ( ਹੋਣਾ ) ।

**ਪੱਚੀ,** ਵਿ:—ਪੰਝੀ, ਪੰਜਾਂ ਉੱਤੇ ਵੀਹ ॥

**ਪਚੀਸੀ,** ਸ:—ਛੇਆਂ ਕੌਡਾਂ ਨਾਲ ਖੇਡਣ ਵਾਲੀ ਇੱਕ ਖੇਡ, ਪੰਝੀਆਂ ਛੰਦਾਂ ਵਾਲੀ ਕਵਿਤਾ ।

**ਪਚੇਊ,** ਪੁ:, ਸ:—ਜੋ ਆਪਣਾ ਮਨੋਰਥ ਪੂਰਾ ਕਰਨ ਲਈ ਕਿਸੇ ਦੇ ਨਾਲ ਰਹੇ ॥

**ਪਚੇਊ ਪਿੰਡਾ,** ਪੁ:—ਜੋ ਇੱਕ ਦਾ ਨਾਂ ਰਹੇ, ਦੋਹਾਂ ਧਿਰਾਂ ਦਾ ।

**ਪਚੋਤ, ਪੰਚੋਤ**
**ਪਚੋਤੀ, ਪੰਚੋਤੀ** } 'ਪਰਾਹਿਤ' ਆਦਿਕ ਵੇਖੋ ॥

**ਪਚੋਤ੍ਰਾ**
**ਪਚੋਤ੍ਰ** } ਪੁ:—ਸੌ ਪਿਛੇ ਪੰਜ, ਲੰਬਰਦਾਰਾਂ ਵਾਸਤੇ ਮਾਮਲੇ ਤੇ ਜੋ ਪੰਜ ਰੁਪਏ ਵਧੀਕ ਲਏ ਜਾਂਦੇ ਹਨ ।

**ਪਚੌਣਾ,** ਵਿ:—ਪੰਜ ਗੁਣਾ, ਪੰਜ ਵਾਰੀ ਗਿਣਿਆ ਹੋਯਾ ॥

**ਪਚੌਣੀ,** ਸ:—ਹਿੱਕ, ਆਂਦਰਾਂ, ਜਿੱਥੇ ਖਾਧਾ ਪੀਤਾ ਪਚੇ ॥

**ਪੱਛ,** ਪੁ:—ਪੰਖ, ਪਾਸਾ, ਪੜਾ, ਹਮੈਤ, ਮਾੜੇ ਮਾੜੇ ਘਾਉ ( ਲਾਉਣਾ ) ॥

**ਪੱਛਾਂ ਉੱਤੇ ਲੂਣ ਛਿੜਕਣਾ,** ਕ੍ਰਿ:—ਦੁਖਦੇ ਨੂੰ ਦੁਖਾਉਣਾ ।

**ਪਛੱਟਣਾ,** ਕ੍ਰਿ:—ਬਦਨਾਮ ਕਰਨਾ, ਨਿੰਦਿਆ ਕਰਨੀ ॥

**ਪਛੰਡਣਾ,** ਕ੍ਰਿ:—ਪਿਛਲੀਆਂ ਲੱਤਾਂ ਮਾਰਨੀਆਂ, ਨਿੰਦਣਾ ॥

**ਪਛੰਡਾ,** ਪੁ:—ਪਿਛਲੀਆਂ ਲੱਤਾਂ ਦੀ ਸੱਟ(ਮਾਰਨਾ)।

**ਪਛਣਵਾਉਣਾ,** ਕ੍ਰਿ:—ਪਛਾਣ ਕਰਾਉਣੀ ।

**ਪੱਛਣਾ,** ਛੋਟੇ ਛੋਟੇ ਘਾਉ ਲਾਉਣੇ, ਫੋੜਾ ਚੀਰਨਾ, ਨਸ਼ਤਰ ਮਾਰਨਾ ॥
ਪੁ:—ਪਛ, ਨਸ਼ਤਰ ਦਾ ਘਾਉ ॥

**ਪੱਛਣੀ,** ਸ:—ਪੱਛ ਲਾਉਣ ਵਾਲਾ ਹਥਿਆਰ, ਨਸ਼ਤਰ ।

**ਪਛਤਾਉਣਾ,** ਕ੍ਰਿ:
**ਪਛਤਾਵਾ,** ਪੁ: } 'ਪਛੋਤਾਣਾ' 'ਪੱਛੋਤਾਵਾ' ਵੇਖੋ ।

**ਪੱਛਮ,** ਪੁ:—ਜਿਸ ਪਾਸੇ ਸੂਰਜ ਡੁਬਦਾ ਹੈ, ਲਹਿੰਦਾ ।

**ਪੱਛਮੀ,** ਵਿ:—ਪੱਛਮ ਦਾ, ਪੱਛਮ ਦੇ ਪਾਸਿਓਂ ॥

**ਪਛਵਾੜਾ,** ਪੁ:
**ਪਛਵਾੜੀ,** ਸ: } ਪਿਛਲਾ ਪਾਸਾ ॥

**ਪਛੜ ਜਾਣਾ**
**ਪਛੜਣਾ** } ਕ੍ਰਿ:—ਡਿਗਣਾ, ਪਿੱਛੇ ਰਹਿ ਜਾਣਾ, ਨਾ ਆ ਸਕਣਾ, ਮਾਰੇ ਪੈ ਜਾਣਾ, ਹਾਰ ਜਾਣਾ ॥

Digitized by Panjab Digital Library | www.panjabdigilib.org

**ਪਛਾਉਣਾ,** ਕ੍ਰਿ:—ਪੱਛ ਲੁਆਉਣਾ ॥

**ਪਛਾਈ,** ਸ:—ਪੱਛ ਲੁਆਉਣ ਦਾ ਕੰਮ ਜੇ ਮਜੂਰੀ ॥

**ਪਛਾਹਾਂ,** ਕ੍ਰਿ: ਵਿ:—ਪਿੱਛੇ, ਪਿਛਲੇ ਪਾਸੇ । ਪੁ:—ਪੱਛਮ ॥

**ਪਛਾਣ,** ਸ:—ਵਾਕਫੀ, ਜਾਨਣਾ, ਪਰਖ, ਸਿਆਣ ।

**ਪਛਾਣਨਾ, ਪਛਾਨਣਾ,** ਕ੍ਰਿ:—ਜਾਨਣਾ, ਸਿਆਨਣਾ, ਪਰਖਣਾ ॥

**ਪਛਾਤਾ,** ਵਿ:—ਜਿਸ ਨੂੰ ਜਾਣ ਪਛਾਣ ਲਿਆ ਹੈ ।

**ਪਛਾਦਾ,** ਪੁ:—'ਪਚਾਹਦਾ' ਵੇਖੋ ।

**ਪਛਾੜਨਾ,** ਕ੍ਰਿ:—ਕਸ਼ਤੀ ਵਿੱਚ ਢਾਹੁਣਾ, ਡੇਗਣਾ, ਨਾਸ ਕਰਨਾ, ਹਰਾਉਣਾ ॥

**ਪਛਾੜੀ,** ਸ:—ਪਿਛਲਾ ਪਾਸਾ, ਘੋੜੇ ਦਾ ਪਿਛਲਾ ਰੱਸਾ, ਪੋਸ਼ਤ ਦਾ ਢੱਕ ॥

**ਪੱਛੀ,** ਸ:—ਕਾਨ ਦੇ ਵੇਲਣੇਂ ਵਿਚ ਰਹੁ ਕੱਢਣ ਮਗਰੋਂ ਗੰਨੇ ਦਾ ਫੋਕ । ਪੁ:—ਹੁਸ਼ੈਤੀ, ਸ਼ਰ ਰਖਣਹਾਰ, ਪੰਛੀ ॥

**ਪੱਛੀ ਲਾਉਣਾ,** ਕ੍ਰਿ:—ਪੱਛੀ ਬਾਲ ਕੇ ਕੋਈ ਸ਼ੈ ਸਾੜਨਾ ॥

**ਪੰਛੀ,** ਪੁ:—ਪੰਖੇਰੂ, ਉੱਡਣ ਵਾਲਾ ਜਨੌਰ ॥

**ਪਛੇਤ,** ਕ੍ਰਿ: ਵਿ:—ਵਕਤ ਤੋਂ ਪਿੱਛੋਂ, ਵੇਲਾ ਖੁੰਝਾ ਕੇ, ਅਵੇਰੇ ॥

**ਪਛੇਤਾ,** ਵਿ:—ਪਿਛੇਤਾ । ਕ੍ਰਿ: ਵਿ:—ਦੇਰੀ ਨਾਲ ਪਿੱਛੋਂ ॥

**ਪੱਛੋਂ,** ਪੁ:—'ਪੱਛਮ' ਵੇਖੋ ।

**ਪਛੋਤਾਣਾ, ਪਛੋਂਤਾਣਾ,** ਕ੍ਰਿ:—ਕੋਈ ਕੰਮ ਕਰਕੇ ਪਿੱਛੋਂ ਅਫ਼ਸੋਸ ਕਰਨਾ ॥

**ਪਛੋਤਾਈ,** ਸ:, **ਪਛੋਤਾਵਾ,** ਪੁ:, **ਪਛੋਂਤਾਵਾ,** ਪੁ:—ਕੋਈ ਕੰਮ ਕਰ ਕੇ ਜੋ ਅਰਮਾਨ ਲਗੇ, ਅਫਸੋਸ ॥

**ਪੱਜ,** ਪੁ:—ਬਹਾਨਾ, ਉਜਰ, ਹੀਲਾ ॥

**ਪੰਜ,** ਵਿ:—ਚਾਰ ਅਤੇ ਇੱਕ ॥

**ਪੰਜ ਅਸਨਾਨ, ਪੰਜ ਅਸਨਾਨਾ,** ਪੁ:—ਮੂੰਹ ਅਤੇ ਹੱਥ ਪੈਰ ਧੋਣੇ ।

**ਪੰਜ ਅੱਖਾ, ਪੰਜ ਅੱਖਾ ਸਿੰਘ,** ਪੁ:—ਕਾਣਾ ਆਦਮੀ ॥

**ਪੰਜ ਅੰਗੁਸ਼ਤ,** ਪੁ:—ਪੰਜ ਅੰਗੁਲੀਆਂ ਦੀ ਸ਼ਕਲ ਦੀ ਇੱਕ ਬੂਟੀ ॥

**ਪੰਜ ਇੰਦ੍ਰੀਆਂ,** 'ਇੰਦ੍ਰੀ' ਵੇਖੋ ।

**ਪੰਜ ਕੱਕੇ,** ਪੁ: (ਬ: ਬ:)—ਕੇਸ, ਕੰਘਾ, ਕੱਛ, ਕੜਾ, ਕਿਰਪਾਨ—ਇਹ ਪੰਜ ਚੀਜ਼ਾਂ ਜੋ ਹਰ ਇਕ ਸਿੰਘ ਨੂੰ ਰਖਣੀਆਂ ਚਾਹੀਏ ।

**ਪੰਜ ਕਲਿਆਨ (ਨਾ),** ਪੁ:—ਚਿੱਟੇ ਪੈਰਾਂ ਅਤੇ ਸਿਰ ਵਿੱਚ ਚਿੱਟੇ ਦਾਗ ਵਾਲਾ ਘੋੜਾ ।

**ਪੰਜ ਗੱਭ, ਪੰਜ ਗਵ,** ਪੁ:—ਪੰਜ ਚੀਜ਼ਾਂ ਜੋ ਗਊ ਦੇਂਦੀ ਹੈ ਅਰਥਾਤ ਦੁੱਧ, ਘਿਉ, ਦਹੀਂ, ਗੁੱਤਰ, ਗੋਹਾ ॥

Digitized by Panjab Digital Library / www.panjabdigilib.org

**ਪੰਜ ਤੱਤ,** ਪੁ:—ਅੱਗ ਵਾਉ ਪਾਣੀ ਮਿੱਟੀ ਅਤੇ ਅਕਾਸ਼ ।

**ਪੰਜਦਵਾਂਜੀ(ਦੁਆਂਜੀ)**
**ਪੰਜ ਦੂ (ਦੂਆ) ਪੰਜਾ ਦੂਆ** } ਪੁ: ਸ:—ਸਾਇਦਾਦ ਦੀ ਵੰਡ ਪੰਜਾਂ ਹਿੱਸਿਆਂ ਵਿੱਚ। ਜਿਨ੍ਹਾਂ ਵਿੱਚੋਂ ਤਿੰਨ ਹਿੱਸੇ ਇੱਕ ਧਿਰ ਲੈ ਲਏ ਅਤੇ ਦੋ ਹਿਸੇ ਦੂਜੀ ਧਿਰ ॥

**ਪੰਜ ਭੀਖਮਾਂ ਦੀਵਾ,** ਪੁ:—ਇੱਕ ਦੀਵਾ ਜੋ ਹਿੰਦੂ ਦਿਵਾਲੀ ਤੋਂ ਦਸ ਦਿਨ ਮਗਰੋਂ ਪੰਜਾਂ ਦਿਨਾਂ ਤੱਕ ਬਾਲਦੇ ਹਨ ।

**ਪੰਜ ਰਤਨ(ਨਾ),** ਪੁ:—ਪੰਜ ਚੀਜ਼ਾਂ (ਸੋਨਾ, ਚਾਂਦੀ, ਤਾਂਬਾ, ਮੋਤੀ ਅਤੇ ਮੂੰਗਾ) ਜੋ ਹਿੰਦੂ ਮੁਰਦੇ ਦੇ ਮੂੰਹ ਵਿੱਚ ਪਾਉਂਦੇ ਹਨ

**ਪੰਜੇ ਐਬ ਸ਼ਰਈ,** ਵਿ:—ਜਿਸ ਵਿੱਚ ਪੰਜੇ ਦੋਸ਼ ਹੋਣ (ਚੋਰੀ, ਯਾਰੀ, ਜੂਆ, ਸ਼ਰਾਬ ਪੀਣਾ, ਝੂਠ) ॥

**ਪੰਜੇ ਪਦਾਰਥ,** ਪੁ:—ਪੰਜੇ ਸੁਖ ਦੇਣ ਵਾਲੀਆਂ ਚੀਜ਼ਾਂ (ਧਨ, ਉਲਾਦ ਆਦਿਕ) ॥

**ਪੰਜ ਹੱਤਰ,** ਵਿ:—ਪੰਜਾਂ ਉੱਤੇ ਸੱਤਰ ।

**ਪੰਜਮਾਂ (ਵਾਂ),** ਪੁ:—ਪੰਜਾਂ ਦੀ ਗਿਣਤੀ ਪੂਰੀ ਕਰਨ ਵਾਲਾ, ਘਉ (ਸਿੱਖਾਂ ਦੀ ਬੋਲੀ)॥

**ਪੰਜਮੀਂ (ਵੀਂ)** ਸ:—ਪੰਜਵੀਂ ਥਿੱਤ, ਪੰਚਮੀ ॥

**ਪੰਜਾ,** ਪੁ:—ਪੰਜਾਂ ਉਂਗਲੀਆਂ ਸਣੇ ਤਲੀ, ਪਕੜ, ਕਾਬੂ ॥
ਵਿ:—ਪੰਜ(ਧੜਵਾਈ ਤੋਲਦੇ ਤੋਲਦੇ ਆਖਦੇ ਹਨ) ॥

**ਪੰਜਾ ਸਾਹਿਬ,** ਪੁ:—ਰਾਵਲ ਪਿੰਡੀ ਦੇ ਲਾਗੇ ਸਿੱਖਾਂ ਦਾ ਇਕ ਤੀਰਥ ਜਿੱਥੇ ਗੁਰੂ ਨਾਨਕ ਸਾਹਿਬ ਦੇ ਪੰਜੇ ਦਾ ਨਿਸ਼ਾਨ ਪੱਥਰ ਉੱਤੇ ਹੈ ॥

**ਪੰਜਾਉਣਾ,** ਕ੍ਰਿ:—ਰੂੰ ਪਿੰਜਣ ਦਾ ਕੰਮ ਕਰਾਉਣਾ ॥

**ਪੰਜਾਹ,** ਵਿ:—ਪੰਜ ਦਹਾਕੀਆਂ, ਅੱਧਾ ਸੈਂਕੜਾ।

**ਪੰਜਾਬ,** ਪੁ:—ਆਪਣਾ ਮੁਲਕ ਜਿਸ ਵਿਚ ਸਤੁੱਦਰ ਬਿਆਸ ਆਦਿਕ ਪੰਜ ਦਰਿਆ ਵਗਦੇ ਹਨ ।

**ਪੰਜਾਬਣ,** ਸ:—ਪੰਜਾਬ ਦੀ ਰਹਿਣ ਵਾਲੀ ॥

**ਪੰਜਾਬੀ,** ਸ:—ਪੰਜਾਬ ਦੀ ਬੋਲੀ ॥ ਪੁ:—ਪੰਜਾਬ ਦਾ ਵਸਨੀਕ ॥ ਵਿ:—ਪੰਜਾਬ ਦਾ (ਦੀ) ॥

**ਪਜਾਮਾ,** ਪੁ:—ਇੱਕ ਤੇੜ ਦਾ ਕਪੜਾ, ਘੁਟੰਨਾ, ਸੁੱਥਣ ॥

**ਪਜਾਰ,** ਪੁ:—ਜੁੱਤੀ, ਪੌਲਾ (ਮਾਰਨੀ) ॥

**ਪੰਜਾਲਾ** ਪੁ:
**ਪੰਜਾਲੀ** ਸ: } ਹਲ ਦਾ [illegible] ਢੱਗਿਆਂ ਦੇ ਗਲ ਵਿਚ ਪਾਉਣ ਵਾਲੀ ਲਕੜੀ ॥

**ਪਜਾਵਾ**
**ਪੰਜਾਵਾ** } ਪੁ:—ਇੱਟਾਂ ਦਾ ਆਵਾ, ਭੱਠਾ ॥

**ਪੰਜੀ,** ਵਿ:—ਪੰਜਾਂ ਉੱਤੇ ਵੀਹ ॥

**ਪੰਜੀਹਾ,** ਪੁ:—ਪੈਸਾ, ਰੁਪਯਾ ॥

**ਪੰਜੀਰੀ,** ਸ:—ਘਿਉ ਵਿੱਚ ਆਟਾ ਭੁੰਨਕੇ ਵਿੱਚ ਮਿੱਠਾ ਪਾਇਆ ਹੋਇਆ ॥

Digitized by Panjab Digital Library | www.panjabdigilib.org

**ਪਜੇਬ, ਪੰਜੇਬ,** ਸਃ—ਇਕ ਛਣਕਣ ਵਾਲਾ ਪੈਰਾਂ ਦਾ ਗਹਿਣਾ ॥

**ਪੰਜੇੜ੍ਹਾ,** 'ਪਰੋਤ੍ਰਾ' ਵੇਖੋ ॥

**ਪਜੌਹਰ,** ਸਃ—ਪੰਜਵੀਂ ਵਾਰ ਹਲ ਦਾ ਫੇਰਨਾ ॥

**ਪਜੌਣਾ, ਪੰਜੌਣਾ,** ਵਿਃ—ਪੰਜ ਗੁਣਾ, ਪੰਜ ਵਾਰੀ ਗਿਣਿਆ ਹੋਇਆ ॥

**ਪਚੱਤਰ, ਪੰਝੱਤਰ,** ਵਿਃ—ਪੰਜਾਂ ਉੱਤੇ ਸੱਤਰ ॥

**ਪੰਝੀ,** ਵਿਃ—ਪੰਜਾਂ ਉੱਤੇ ਵੀਹ ॥

**ਪੱਟ,** ਪੁਃ—ਰੇਸ਼ਮ, ਲੱਤ ਦਾ ਉੱਤਲਾ ਮੋਟਾ ਹਿੱਸਾ, ਕਪੜੇ ਦੀ ਚੌੜਾਈ, ਫੇਤਤ, ਪੁਟਾਈ, ਫੱਟ, ਝਖੜਾ ॥ ਵਿਃ—ਪੁੱਠਾ, ਉਲਟਾ, ਸ਼ਰਾਰਤੀ ।

**ਪੱਟ ਪੱਟ,** ਕ੍ਰਿਃ ਵਿਃ—ਛੇਤੀ, ਝੱਬਦੇ, ਉੱਪੀ ਤਰਾਂ ॥

**ਪੱਟ ਪਣ (ਪਾਣਾ), ਪੱਟ ਪੈ (ਪੈਂ),** ਪੁਃ—ਪੋਖਾ, ਫਰਬ, ਸ਼ਰਾਰਤ ॥

**ਪੱਟ ਫੇਰਾ,** ਪੁਃ—ਪੱਟ ਦੀਆਂ ਤੈਦਾਂ ਵੱਢਣ ਵਾਲਾ ।

**ਪੱਟ ਬਸਤ੍ਰ,** ਪੁਃ—ਰੇਸ਼ਮੀ ਕਪੜਾ।

**ਪੱਟ ਰੰਗ (ਗੀ)** ਪੁਃ—ਜਿਸਦਾ ਕੰਮ ਪੱਟ ਰੰਗਣਾ ਹੈ ।

**ਪਟਕਣਾ,** ਕ੍ਰਿਃ—ਜ਼ੋਰ ਨਾਲ ਸੁੱਟਣਾ, ਵਗਾਹ ਕੇ ਮਾਰਨਾ ॥

**ਪਟਕਾ,** ਪੁਃ—ਮੋਟੀ ਪੱਗ, ਲੱਕ ਦੇ ਗਿਰਦੇ ਵਲ੍ਹਣ ਵਾਲਾ ਕਪੜਾ ॥

**ਪਟਕਾਉਣਾ,** ਕ੍ਰਿਃ—ਸੁੱਟਣਾ, ਵਗਾਹ ਕੇ ਮਾਰਨਾ।

**ਪਟਕੀ,** ਸਃ—ਤ੍ਰਿਸ ਵਹਿ ਪੈਣਾ, ਧੋਖਾ, ਫਰੇਬ ॥

**ਪਟਕੀ ਦੇਣੀ,** ਕ੍ਰਿਃ—ਪਟਕਾਉਣਾ, ਜ਼ੋਰ ਨਾਲ ਸੁੱਟਣਾ ।

**ਪਟਕੀ ਮਾਰਨੀ,** ਕ੍ਰਿਃ—ਆਪਣੇ ਆਪਨੂੰ ਜ਼ਿਮੀਂ ਉੱਤੇ ਸੁੱਟਣਾ ।

**ਪਟੇਆ,** ਪੁਃ—ਕੁੰਡੀ, ਸਹਾਰਾ, ਪਲੰਘ ।

**ਪਟਣਾ,** ਕ੍ਰਿਃ—ਮਿਲਣਾ, ਨਿੱਬੜਨਾ, ਮਾਰਿਆ ਜਾ ਛੱਡਿਆ ਜਾਣਾ, ਰਲਣਾ ॥

**ਪੱਟਣਾ,** ਕ੍ਰਿਃ—ਖੋਦ ਕੇ ਕੱਢਣਾ, ਜੜ੍ਹੋਂ ਉਖਾੜਨਾ, ਮੱਲ੍ਹਣਾ ।

**ਪਟੰਬ,** ਪੁਃ ਦਿਖਾਵਾ, ਬਾਹਰਲੀ ਭੜਕ ॥

**ਪਟੰਬਰ,** ਪੁਃ—ਰੇਸ਼ਮੀ ਕਪੜਾ, ਪੱਟ ਬਸਤ੍ਰ ॥

**ਪਟਰਾਣੀ,** ਸਃ—ਰਾਜੇ ਦੀ ਮਨ ਭਾਉਂਦੀ ਇਸਤ੍ਰੀ, ਵੱਡੀ ਰਾਣੀ ॥

**ਪਟਲ,** ਸਃ—ਪੂਜਾ ਦੇ ਪੰਜਾਂ ਅੰਗਾਂ ਵਿੱਚੋਂ [illegible] ਦੀ ਵਿਧੀ ਦੱਸਣ ਵਾਲੀ ਪੋਥੀ

**ਪਟਵਾਉਣਾ,** ਕ੍ਰਿਃ—ਪੁਟਵਾਉਣਾ, ਉਖੜਾਉਣਾ ॥

**ਪਟਵਾਈ,** ਸਃ ਪੱਟਣ ਦਾ ਕੰਮ ਜਾਂ ਮਜ਼ੂਰੀ ।

**ਪਟਵਾਹਾਂ,** ਸਃ—ਢਿੱਡ, ਪੇਟ, ਗਰਭ ॥

**ਪਟਵਾਰ,** ਸਃ—ਪਟਵਾਰੀ ਦਾ ਕੰਮ ਜਾਂ ਹੁੱਦਾ ।

**ਪਟਵਾਰਨ,** ਸਃ—ਪਟਵਾਰੀ ਦੀ ਤੀਮੀਂ ।

**ਪਟਵਾਰੀ,** ਪੁਃ—ਪਿੰਡ ਦੀ ਜ਼ਮੀਨ ਦਾ ਹਿਸਾਬ ਰੱਖਣ ਵਾਲਾ ।

Digitized by Panjab Digital Library / www.panjabdigilib.org

**ਪਟੜਾ,** ਪੁ:—ਤਖਤਾ, ਚੌਂਕੀ, ਵਟ ।

**ਟੜੀ,** ਸ:—ਤਖਤੀ, ਵਟੀ, ਨਹਿਰ ਦੇ ਕੰਢੇ ਦਾ ਰਾਹ, ਛੋਟਾ ਪਹਿਆ, ਮੋਰੀਆਂ ਦੀ ਚਾਰ ਨੁੱਕਰਾਂ ਵਾਲੀ ਲਕੜੀ, ਤਖੀਤੜੀ ।

**ਪਟਾ,** ਪੁ:—ਪਤਲੀ ਵਰਗ ਲਕੜੀ ਦਾ ਤੇਗਾ, ਕੁਤੇ ਦੇ ਗਲ ਦਾ ਕੜਾ, ਇਕ ਪਾਸੇ ਵਾਹੇ ਹੋਏ ਮਰਦ ਦੇ ਵਾਲ, ਉਹ ਚੰਮੜੇ ਦਾ ਟੋਟਾ ਜਿਸ ਉੱਤੇ ਚੰਡ ਮਲ ਕੇ ਸਾਫ ਕਰਦੇ ਹਨ ਬਛੇਰੇ ਦੇ ਗਲ ਦਾ ਤਵੀਜ, ਘੋੜੇ ਦੇ ਮੱਥੇ ਦੀ ਚਿੱਟੀ ਧਾਰੀ, ਨਵੀਂ ਵਿਆਹੀ ਹੋਈ ਕੁੜੀ ਦੀ ਜੁੱਤੀ ਉਪਰਲਾ ਰੁਪਹਿਰੀ ਕੰਮ, ਜਿਮੀ ਦਾ ਕਿਰਾਏ ਨਾਮਾ ।

**ਪਟੇ ਬਾਜੀ,** ਸ:—ਲਕੜੀ ਦੇ ਤੇਗਿਆਂ ਦੀ ਖੇਡ ।

**ਪੱਟਾ,** ਪੁ:—ਜਿਮੀਂ ਦਾ ਕਿਰਾਏ ਨਾਮਾ, ਠੇਕੇ ਦਾ ਕਾਗਤ ॥

**ਪਟਾਉਣਾ,** ਕ੍ਰਿ:—ਪਟਵਾਉਣਾ, ਦਆਖਣਾ, ਪੂਰਾ ਕਰਾਉਣਾ, ਘੋੜੇ ਜਾਂ ਕੱਟੇ ਨੂੰ ਵਾਹੀ ਦੇ ਕੰਮ ਵਿੱਚ ਲਾਕੇ ਪੱਕਾ ਕਰਨਾ, ਪਟਾਉਣਾ ।

**ਪਟਾਈ,** ਸ:—ਖੁਦਾਈ, ਵੱਛੇ ਜਾਂ ਕੱਟੇ ਨੂੰ ਪਟਾਉਣ ਦਾ ਕੰਮ ਜਾਂ ਮਜੂਰੀ ।

**ਪਟਾਸ,** ਪੁ:—ਇੱਕ ਚੌੜਾ ਫੀਤਾ ਜੋ ਕੱਪੜੇ ਠੋਕਣ ਵੇਲੇ ਕੰਨੀ ਨੂੰ ਬਚਾਉਣ ਲਈ ਕਪੜੇ ਦੇ ਕਿਨਾਰੇ ਉੱਤੇ ਧਰਿਆ ਜਾਂਦਾ ਹੈ, ਉਸਤਰਾ ਲਾਉਣ ਵਾਲਾ ਚਮੜੇ ਦਾ ਵੱਡਾ ਟੋਟਾ ॥

**ਪਟਾਸੀ,** ਸ:—ਉਸਤਰਾ ਲਾਉਣ ਵਾਲਾ ਚਮੜਾ ।

**ਪਟਾਕਣਾ,** ਕ੍ਰਿ:—ਹੱਥ ਮਾਰਨਾ, ਕੁੱਟਣਾ, ਠੋਗਣਾ, ਸਟ ਲਾਉਣਾ ।

**ਪਟਾਕਾ,** ਪੁ:—ਕੁੱਟਣ ਦੀ ਅਵਾਜ, ਮਾਲੀਆਂ ਦੀ ਚਾਬਕ ਵਰਗੀ ਚੀਜ ਜਾਂ ਗੱਡਿਆ ਹੋਯਾ ਬਾਂਸ ਜਿਸ ਨਾਲ ਪੰਖੇਰੂ ਉਡਾਉਂਦੇ ਹਨ, ਇਕ ਤਰਾਂ ਦੀ ਆਸਤ ਬਾਜੀ ।

**ਪਟਾ ਪਟ,** ਕ੍ਰਿ:, ਵਿ: ਛੇਤ ਪੱਟ ।

ਸ: ਜੁੱਤੀਆਂ ਮਾਰਨ ਦੀ ਅਵਾਜ ॥

**ਪਟਾ ਪੁਰਾਣਾ,** ਵਿ:—ਪਾਟਾ ਹੋਯਾ ਅਤੇ ਪੁਰਾਣਾ (ਕਪੜਾ ਆਦਿਕ) ॥

**ਪਟਾਰ (ਰਾ),** ਪੁ:<br>**ਪਟਾਰੀ,** ਸ: } ਢੱਕਣ ਵਾਲਾ ਬਾਂਸ ਦਾ ਟੋਕਰਾ (ਰੀ) ॥

**ਪਟਿਆਹਜ,** ਸ:—ਤੰਮਾ ਆਦਿਕ ਜਿਸ ਨਾਲ ਚੁਕਿਆ ਹੋਯਾ ਭਾਰ ਲੱਕੋਂ ਖਿਸਕਣ ਤੋਂ ਰੋਕਦੇ ਹਨ ।

**ਪੱਟੀ,** ਸ:—ਇੱਕ ਮੋਟਾ ਉੱਨ ਦਾ ਕਪੜਾ, ਬੰਨ੍ਹਣ ਵਾਲੀ ਲੰਮੀ 'ਲੀਰ,' ਮੰਜੇ ਦੀ ਬਾਹੀ, ਲਕੜੀ ਦੀ ਫੱਟੀ ਜਿਸ ਉੱਤੇ ਲਿਖਦੇ ਹਨ, ਕਿਸੇ ਥਾਂ ਦਾ ਹਿੱਸਾ, ਮਹਲਾ, ਕਪੜੇ ਦੀ ਚੌੜਾਈ, ਇਕ ਪਾਸੇ ਵਾਹੇ ਹੋਏ ਜਨਾਨੀ ਦੇ ਵਾਲ, ਇਕ ਮਠਿਆਈ, ਬੋਲਾ, ਮੋਟਾ ਫੀਤਾ, ਤਾਂਬੇ ਦਾ ਪਤ੍ਰਾ ਜਿਸ ਉੱਤੇ ਗ੍ਰਹਿਆਂ ਦਾ ਲੇਖਾ ਲਿਖਿਆ ਹੁੰਦਾ ਹੈ ।

**ਪੱਟੀ ਦਾਰ,** ਪੁ: ਧਰਤੀ ਦਾ ਮਾਲਕ ॥

**ਪੱਟੀ ਪੜ੍ਹਾਉਣਾ,** ਕ੍ਰਿ:—ਖੋਟੀ ਸਲਾਹ ਦੇਣੀ, ਸਿਖਾਉਣਾ ।

**ਪਟੂਆਹਣ**<br>**ਪੁਟੂਆਹਾਂ** } ਪੁ:—ਢਿੱਡ, ਪੇਟ, ਗਰਭ ॥

**ਪਟੂਕਾ,** ਪੁ:— 'ਪਟਕਾ' ਵੇਖੋ ॥

Digitized by Panjab Digital Library / www.panjabdigilib.org

**ਪੱਟੂ,** ਪੁ:—ਉਨ ਦਾ ਇੱਕ ਮੋਟਾ ਕਪੜਾ (ਕਈ ਪੱਟੀਆਂ ਦਾ), ਪੱਟਣ ਖੋਹਣ ਵਾਲਾ, ਨਕਾਰਾ, ਸ਼ਰਾਰਤੀ ਆਦਮੀ।

**ਪਟੋਇਣ, ਪਟੋਈ, ਪਟੋਹਲੀ, ਪਟੋਹਯਾ** ਪੁ:—ਜੋ ਮੋਤੀ ਪਰੋਣ ਗਾਹਣਿਆਂ ਵਿੱਚ ਧਾਗੇ ਪਾਉਣ, ਝਾਲਰ ਬਣਾਉਣ ਆਦਿਕ ਦਾ ਕੰਮ ਕਰਦਾ ਹੈ ॥

**ਪਟੋਹਲਾ,** ਪੁ:, **ਪਟੋਹਲੀ,** ਸ:—ਗੁੱਡੀਆਂ ਦਾ ਕਪੜਾ।

**ਪੱਠ,** ਸ:—ਨਿੱਕੀ ਬੱਕਰੀ ਜੋ ਅਜੇ ਦੁੱਧ ਨਹੀਂ ਦੇਂਦੀ, ਨਿੱਕੀ ਕੁਕੜੀ ॥

**ਪਠੰਗਾ,** ਪੁ:—ਸਹਾਰਾ, ਦਯਾ, ਆਸਰਾ, ਬਚਾਉ, ਠੌਰ, ਛੁੱਟੀ (ਲੱਗ ਜਾਣਾ, ਲੱਗਣਾ, ਲਾਉਣਾ)।

**ਪਠਣਊ,** ਪੁ:—ਪਠਾਣ ਦਾ ਸੁਭਾਉ, ਬਹਾਦਰੀ, ਦਲੇਰੀ ॥

**ਪੱਠਾ,** ਪੁ:—ਜੁਆਨ ਬੱਕਰਾ, ਬੱਕਰ ਜਾਂ ਮਨੁੱਖ ਦਾ ਬੱਚਾ, ਬਾਂਹ ਦਾ ਇੱਕ ਗਹਿਣਾ, ਘਾਹ, ਕੱਖ, ਇੱਕ ਮਠਿਆਈ, ਨਸ, ਤਮਾਕੂ ਦਾ ਪੱਤਾ, ਭਲਵਾਨ ਦਾ ਸ਼ਾਗਿਰਦ ॥

**ਪਠਾਣ,** ਪੁ:—ਮੁਸਲਮਾਨਾਂ ਦੀ ਇੱਕ ਜਾਤ, ਇੱਕ ਤਰਾਂ ਦੇ ਰਜਪੂਤ, ਅਫਗਾਨਿਸਤਾਨ ਦਾ ਵਸਨੀਕ।

**ਪਠਾਣ ਭੇਦ,** ਪੁ:—ਇੱਕ ਗਰਮ ਖੁਸ਼ਕ ਦੁਆ ॥

**ਪਠਾਣਾ,** ਕ੍ਰਿ:—ਭੇਜਣਾ, ਘੱਲਣਾ ॥

**ਪਠਾਣੀ,** ਸ:—ਪਠਾਣਾਂ ਦੀ ਜਾਤ ਦੀ ਤੀਮਤ, ਤਕੜੀ ਜਨਾਨੀ ॥ ਵਿ:—ਪਠਾਣ ਦਾ, ਪਠਾਣਾਂ ਵਾਲਾ ॥

**ਪੱਠੀ,** ਸ:—ਮੁਟਿਆਰ ਕੁੜੀ, ਅੰਗੂਠੇ ਵਿੱਚ ਪਾਉਣ ਵਾਲੀ ਮੁੰਦਰੀ, ਦੰਦਿਆਂ ਵਾਲੀ ਇੱਕ ਦਾਤ੍ਰੀ ॥

**ਪਠੋਰ,** ਸ:—ਜੁਆਨ ਬੱਕਰੀ, ਜਾਂ ਕੁਕੜੀ, ਮੁਟਿਆਰ ਕੁੜੀ ॥

**ਪਠੋਰਾ,** ਪੁ:, **ਪਠੋਰੀ,** ਸ:—ਕੁਕੜ ਜਾਂ ਮੁਰਗ ਦਾ ਬੱਚਾ, ਜੁਆਨ ਮਰਦ ਜਾਂ ਤੀਵੀਂ ॥

**ਪੰਡ,** ਸ:—ਕਪੜੇ ਵਿੱਚ ਬੰਨ੍ਹੀ ਹੋਈ ਬਹੁਤ ਸਾਰੀ ਚੀਜ਼, ਬੁਚਕਾ ॥

**ਪੰਡਤ,** ਪੁ:—ਬ੍ਰਾਹਮਣ, ਵਿੱਦਿਆ ਪੜ੍ਹਿਆ ਹੋਯਾ ॥

**ਪੰਡਤਾਈ,** ਸ:—ਪੰਡਤ ਦੀ ਪਦਵੀ ਜਾਂ ਕਰਮ ॥

**ਪੰਡਤਾਣੀ,** ਸ:—ਪੰਡਤ ਦੀ ਵਹੁਟੀ, ਪੜ੍ਹੀ ਹੋਈ ॥

**ਪੰਡਾ,** ਪੁ:—ਇੱਕ ਬ੍ਰਾਹਮਣਾਂ ਦੀ ਜਾਤ, ਤੀਰਥ ਦਾ ਪਰੋਹਤ ॥

**ਪੰਡਿਤ,** ਪੁ:—'ਪੰਡਤ' ਵੇਖੋ।

**ਪੰਡੋਕਲੀ,** ਸ:—ਨਿੱਕੀ ਜੇਹੀ ਪੰਡ ॥

**ਪੰਡੋਰਾ** ਪੁ:—ਛੋਟਾ ਜੇਹਾ ਪਿੰਡ ॥

**ਪਡੋਲ, ਪੰਡੋਲ** ਪੁ:—ਇੱਕ ਤਰਾਂ ਦੀ ਭਾਜੀ ਜਾਂ ਸਬਜ਼ੀ ॥

**ਪਣ,** ਪੁ:—ਪਾਣੀ (ਹੋਰਨਾਂ ਪਦਾਂ ਨਾਲ ਮਿਲ ਕੇ)॥

**ਪਣਹਾਂ, ਪਣਹਾਂ** ਪੁ:—ਧਰਤੀ ਉੱਤੇ ਹੜ੍ਹ ਆਉਣ ਮਗਰੋਂ ਜੋ ਮਿੱਟੀ ਚਿੱਕੜ ਰਹਿ ਜਾਂਦਾ ਹੈ (ਗੰਮਲਾ)॥

Digitized by Panjab Digital Library / www.panjabdigilib.org

**ਪਣਛੱਪੜਾ,** ਪੁ:—ਸੌਣ ਰੁੱਤੇ ਜੋ ਕਪੜੇ ਦੀ ਟੱਲੀ ਪੀੜ ਅਤ ਸਜ ਚਰਾਉਣ ਲਈ ਛੇਉਂ ਕੇ ਰੱਖੀ ਜਾਵੇ।

**ਪਣਖ,** ਪੁ:—ਜੁਲਾਹੇ ਦਾ ਇੱਕ ਸੰਦ (ਕਮਾਣੀ ਵਰਗਾ)॥

**ਪਣਾ,** ਪੁ:—'ਪਨਹਾ' ਅਤੇ ਪਨਹਾ' ਵੇਖੋ॥

**ਪਣਿਆਹੀ,** ਸ:—ਦੂਰੋਂ ਪਾਣੀ ਲਿਆਉਣਾ, ਪਾਣੀ ਦਾ ਤੋੜਾ॥

**ਪਣਿਆਂਦ,** ਪੁ:—ਖੂਹ ਦਾ ਪਾਣੀ॥

**ਪਣਿਆਲੀ,** ਸ:—ਪਾਣੀ ਲਾ ਕੇ ਪਕਾਈ ਹੋਈ ਰੋਟੀ, ਸੀਤਲਾ ਦਾ ਦਾਣਾ॥
ਵਿ:—ਪਾਣੀ ਦੀ ਬਣੀ ਹੋਈ

**ਪਣਿਆਲੀ ਟਿੱਕੀ,** ਸ: ਹਥਾਂ ਨੂੰ ਪਾਣੀ ਲਾ ਕੇ ਘੜੀ ਹੋਈ ਰੋਟੀ।

**ਪਣੀਆਂ ਰੰਦ,** ਵਿ:—ਬਹੁਤ ਪਤਲਾ (ਦੁੱਧ ਆਦਕ)॥

**ਪਤ,** ਸ:—ਮਾਣ, ਇਜ਼ਤ, ਵਡਿਆਈ (ਉਤਰਨੀ, ਰੱਖਣੀ)॥

**ਪੱਤ,** ਪੁ:—ਪੱਤ੍ਰ, ਪੱਤਾ, ਚਿਲਮ ਵਿੱਚ ਧਰਨ ਵਾਲੀ ਤਮਾਕੂ ਦੀ ਡਲੀ।
ਸ:—ਕੜ੍ਹਿਆ ਹੋਯਾ ਸ਼ਰਬਤ॥

**ਪੱਤ ਚੜ੍ਹ ਜਾਣੀ,** ਕ੍ਰਿ:-ਹੱਦੋਂ ਬਾਹਰਾ ਕੜ੍ਹ ਜਾਣਾ (ਸ਼ਰਬਤ)।

**ਪੱਤ ਪੱਤ ਢੂੰਡਣਾ,** ਕ੍ਰਿ:-ਸਭ ਥਾਂ ਲੱਭਣਾ, ਦੁਵੇਰੇ ਭਾਲਣਾ॥

**ਪਤੰਗ,** ਸ:-ਭੰਬਟ, ਭਭੱਕੜ, ਇੱਕ ਤਰਾਂ ਦਾ ਕਨਕਊਆ॥

**ਪਤੰਗਾ,** ਪੁ:-ਇੱਕ ਕੀੜਾ, ਭੰਬਟ, ਭਭੱਕੜ॥

**ਪਤ ਝੜ, ਪਤ ਝਾੜ** } ਸ:-ਪੱਤਿਆਂ ਦਾ ਝੜਨਾ, ਜਿਸ ਰੁੱਤ ਵਿੱਚ ਰੁੱਖਾਂ ਦੇ ਪੱਤੇ ਝੜਦੇ ਹਨ (ਪੋਹ ਮਾਘ), ਨਮੂਜ ਨਾ ਰਹਿਣਾ।

**ਪੱਤਣ,** ਪੁ:-ਜਿਸ ਥਾਂ ਤੋਂ ਦਰਿਆ ਵਿੱਚੋਂ ਲੰਘੀਏ, ਘਾਟ, ਜਿੱਥੇ ਬੇੜੀ ਖੜੇ।

**ਪਤਣੀ,** ਸ:—ਵਹੁਟੀ, ਘਰ ਵਾਲੀ।

**ਪਤਣੀ ਪਤਿਗ੍ਰਹ,** ਪੁ:—ਕੰਨਿਆ ਦਾਨ ਦੇ ਲੈਣ ਦਾ ਪ੍ਰਾਸਚਿਤ ਕਰਨ ਵਾਸਤੇ ਜੋ ਦ੍ਰਬ ਕੁਲ ਪਰੋਹਤ ਨੂੰ ਦਿੱਤਾ ਜਾਵੇ॥

**ਪੱਤਣੀ, ਪੱਤ੍ਰਣੀ** } ਪੁ:—ਪੱਤਣ ਜਾਂ ਪੁਲ ਵਾਲਾ, ਪੱਤਣ ਦਾ ਠੇਕੇਦਾਰ॥

**ਪਤਤ,** ਵਿ:—ਜਿਸ ਨੇ ਧਰਮ ਛੋੜ ਦਿੱਤਾ ਹੈ, ਪਾਪੀ॥

**ਪਤਤ ਪਾਵਨ,** ਪੁ:—ਪਾਪੀਆਂ ਨੂੰ ਤਾਰਨ ਵਾਲਾ, ਪਰਮੇਸ਼ਰ।

**ਪਤੰਦਰ,** ਪੁ:—ਵੱਡਾ, ਬਜ਼ੁਰਗ, ਬਾਬਾ (ਨਿੰਦਾ ਵਾਚਕ ਪਦ)॥

**ਪਤਨਾਲਾ,** ਪੁ:—ਪਰਨਾਲਾ, ਛੱਤ ਤੋਂ ਪਾਣੀ ਨਕਾਲਣ ਵਾਲੀ ਵਹਿਣੀ।

**ਪਤੰਬਰ,** ਪੁ:—ਪਟੰਬਰ, ਪੱਟ ਜਾਂ ਰੇਸ਼ਮ ਦਾ ਕਪੜਾ॥

**ਪੱਤਰ, ਪੱਤ੍ਰ** } ਪੁ:—ਪੱਤਾ, ਚਿੱਠੀ, ਖਤ॥

Digitized by Panjab Digital Library | www.panjabdigilib.org

**ਪੱਤਰਾ, ਪਤ੍ਰਾ** } ਪੁ:—ਵਰਕਾ, ਕਿਤਾਬ ਦਾ ਕੋਈ ਕਾਗਤ; ਪੰਨਾ ॥

**ਪੱਤ੍ਰਾ ਹੋਣਾ, ਪਤ੍ਰਾ ਵਾਚਣਾ** } ਕ੍ਰਿ:—ਦਿਸ ਜਾਣਾ, ਚੋਰੀ ਚਲੇ ਜਾਣਾ ॥

**ਪਤਰੀ,** ਸ:—ਪੱਤ੍ਰੀ, ਲੋਹੇ ਦੀ ਪਤਲੀ ਵੱਟੀ ।

**ਪੱਤਰੀ, ਪਤ੍ਰੀ** } ਸ:—ਜੰਤ੍ਰੀ, ਚਿੱਠੀ, ਲਿਖਤ, ਲੋਹੇ ਦੀ ਪਤਲੀ ਵੱਟੀ, ਦਾਲਾਂ ਦੇ ਛਿਲੜ, ਕਲਕ ਦਾ ਮੋਟਾ ਛਾਲ ।

**ਪਤਰੀਸ,** ਸ:—'ਪਤੀਸ' ਵੇਖੋ ।

**ਪਤਰੌਹਰਾ,** ਪੁ:—'ਪਤਿਔਹਰਾ' ਵੇਖੋ ॥

**ਪੱਤਲ,** ਸ:—ਪੱਤ੍ਰਾਂ ਦੀ ਥਾਲੀ, ਪੱਤ੍ਰ ਸੀਉਂ ਕੇ ਜੋੜੇ ਹੋਏ, ਬ੍ਰਹਮ ਭੋਜ, ਛਪਰ ਦਾ ਬੂਹਾ, ਖਿੜਕੀ ।

**ਪਤਲ ਕੰਨਾ,** ਵਿ:—ਪਤਲੇ ਕੰਨਾਂ ਵਾਲਾ ਜੋ ਹੌਲੀ ਅਵਾਜ ਭੀ ਸੁਣ ਲਵੇ ॥

**ਪਤਲ ਚੰਮਾ,** ਵਿ:—ਜਮਾਂਦਰੂ ਲਿੱਸਾ, ਜੋ ਮੋਟਾ ਨਾ ਹੋ ਸੱਕੇ

**ਪਤਲਾ,** ਪ:—ਲਿਸਾ, ਕਮਜੋਰ, ਬਰੀਕ, ਸੂਖਮ, ਵਗਦਾ ਵਾਲਾ ॥

**ਪਤਲਾਈ,** ਸ: ਪਤਲਾ ਹੋਣ ਦਾ ਗੁਣ ਬਰੀਕੀ ॥

**ਪਤਲੀ ਪਤੰਗ,** ਵਿ:—ਚੌੜੀ ਲਿਸੀ ਅਤੇ ਨਾਜਕ ਤ੍ਰੀਮਤ ॥

**ਪਤਲੂਣ,** ਸ:—ਅੰਗ੍ਰੇਜੀ ਢੰਗ ਦਾ ਪਜਾਮਾ (ਬਟਨਾਂ ਵਾਲਾ) ।

**ਪਤਵੰਤ, ਪਤਵੰਤਾ** } ਵਿ:—ਪਤ ਜਾਂ ਇੱਜਤ ਵਾਲਾ, ਜਿਸ ਦਾ ਮਾਨ ਹੋਵੇ ।

**ਪਤਾ,** ਪੁ: ਥਹੁ, ਨਿਸ਼ਾਨ, ਰਹਿਣ ਦੀ ਥਾਂ, ਖੋਜ ॥

**ਪਤਾ ਕੱਢਣਾ, ਪਤਾ ਲਾਉਣਾ, ਪਤਾ ਲੈਣਾ** } ਕ੍ਰਿ:—ਰਹਿਣ ਦੀ ਥਾਂ ਜਾਂ ਹਾਲ ਮਲੂਮ ਕਰਨਾ, ਢੂੰਡਣਾ ॥

**ਪਤਾ ਦੇਣਾ,** ਕ੍ਰਿ:—ਖਬਰ ਕਰਨੀ, ਥਹੁ ਟਿਕਾਣਾ ਦੱਸਣਾ ॥

**ਪਤਾ ਲੱਗਣਾ,** ਕ੍ਰਿ:—ਥਹੁ ਜਾਂ ਹਾਲ ਮਲੂਮ ਹੋਣਾ

**ਪੱਤਾ,** ਪੁ: —ਰੁੱਖ ਦੀ ਟਾਹਣੀ ਵਿੱਚੋਂ ਨਿਕਲਣ ਵਾਲੇ ਹਰੇ ਰੰਗ ਦੇ ਹਿੱਸਿਆਂ ਵਿੱਚੋਂ ਕੋਈ, ਤਾਸ਼ ਦਾ ਕਾਗਤ ।

**ਪੱਤੇਬਾਜ,** ਪੁ:—ਤਾਸ਼ ਦੇ ਪੱਤਿਆਂ ਨਾਲ ਜੂਆ ਖੇਡਕੇ ਲੋਕਾਂ ਨੂੰ ਲੁੱਟਣ ਵਾਲਾ, ਫਰੇਬੀ, ਛਲੀਆ

**ਪਤਾਸਾ, ਪਤੱਸਾ** } ਪੁ:—ਖੰਡ ਦੇ ਕੜ੍ਹੇ ਹੋਏ ਸ਼ਰਬਤ ਨੂੰ ਚੋਕੇ ਬਣਾਈ ਹੋਈ ਮਸ਼ਹੂਰ ਮਠਿਆਈ, ਮੂਲੀ ਦਾ ਕੱਟਿਆ ਹੋਇਆ ਪਤਲਾ ਟੋਟਾ ।

**ਪਤਾਸੂ,** ਪੁ:—ਇੱਕ ਨਿੱਕਾ ਜਿਹਾ ਗੋਲ ਫੁਲ, ਜੀਆ ਪੋਤਾ ॥

**ਪਤਾਮ,** ਪੁ:—ਇੱਕ ਲਫਜ਼ੀ ਵਿੱਚ ਦੂਜੀ 'ਫਸਾਲ' ਵਾਸਤੇ ਜੋ ਵਿਰਲ ਜਾਂ ਖਾਲੀ ਥਾਂ ਰੱਖੀ ਜਾਂਦੀ ਹੈ ।

Digitized by Panjab Digital Library | www.panjabdigilib.org

**ਪਤਾਰਨਾ,** ਕ੍ਰਿ:—ਨਿੰਦਿਆ ਕਰਨੀ, ਦੋਸ ਪਰਗਟ ਕਰਨਾ।

**ਪਤਾਰਨਾ,** ਪੁ: } ਪਤਾਰਨ ਵਾਲਾ (ਲੀ), ਜੋ ਦੋਸ ਦੱਸੇ।
**ਪਤਾਰਨੀ,** ਸ: }

**ਪਤਾਲ,** ਪੁ:—ਧਰਤੀ ਦੇ ਥੱਲੇ ਦੀ ਦੁਨੀਆਂ, ਨਰਕ॥

**ਪਤਾਲ ਜੰਤ੍ਰ,** ਪੁ:—ਧਾਤਾਂ ਮਾਰਨ ਵਾਲੀਆਂ ਮਟਕੀਆਂ ਜਿਨ੍ਹਾਂ ਦੇ ਮੂੰਹ ਜੋੜ ਕੇ ਬੰਦ ਕੀਤੇ ਜਾਣ ਅਤੇ ਅੱਗ ਵਾਲੇ ਟੋਏ ਵਿੱਚ ਰੱਖੀਆਂ ਜਾਣ, ਪਤਾਲ ਤੀਕਰ ਜੜ੍ਹ ਲੱਗੀ ਹੋਣਾ। ਕ੍ਰਿ:—ਚੰਗੀ ਤਰ੍ਹਾਂ ਕੈਮ ਹੋਣਾ, ਪੱਕੇ ਪੈਰਾਂ ਉੱਤੇ ਹੋਣਾ॥

**ਪਤਾਲੂ,** ਪੁ:—ਮਰਦ ਦੀ ਇੰਦ੍ਰੀ ਦੀ ਹਠਲੀ ਥੈਲੀ ਦੀਆਂ ਗਿਲਟੀਆਂ।

**ਪਤਾਵਾ,** ਪੁ:—ਜੁੱਤੀ ਦੇ ਤਲੇ ਦੇ ਉੱਪਰਲਾ ਚਮੜਾ।

**ਪਤਿ,** ਸ:—ਪਤ, ਮਾਨ, ਇੱਜ਼ਤ।
ਪੁ:—ਮਾਲਕ, ਖੌਂਦ॥

**ਪਤਿਆਉਣਾ,** ਕ੍ਰਿ:—ਭਰੋਸਾ ਰੱਖਣਾ, ਝੂਠਾ ਸਹਾਰਾ ਦੇਣਾ॥

**ਪਤਿਆਣਾ,** ਕ੍ਰਿ:—ਤਸੱਲੀ ਦੇਣੀ, ਗੱਲਾਂ ਬਣਾਕੇ ਰਾਜ਼ੀ ਕਰਨਾ॥

**ਪਤਿਆਰਾ,** ਪੁ:—ਭਰੋਸਾ, ਸਹਾਰਾ, ਆਸਰਾ, ਵਸਾਹ॥

**ਪਤਿਔਹਰਾ** } ਪੁ:—ਸਹੁਰੇ ਦਾ ਭਰਾ॥
**ਪਤਿਔਰਾ** }

**ਪਤਿਬ੍ਰਤ,** ਸ:—'ਪਤਿਬ੍ਰਤਾ' ਵੇਖੋ॥

**ਪਤਿਕਰ,** ਪੁ:—ਦਾਨ ਲੈਣ ਦਾ ਦੋਸ॥

**ਪਤਿੱਗਰੀ,** ਪੁ: } ਜਿਸ ਨੂੰ ਦਾਨ ਲੈਣ ਦਾ ਦੋਸ ਲੱਗਾ ਹੈ।
**ਪਤਿਗ੍ਰੌ,** ਸ: }

**ਪਤਿਤ,** ਵਿ:—'ਪਤਤ' ਵੇਖੋ॥

**ਪਤਿਬ੍ਰਤਾ,** ਸ:—ਜੋ ਇਸਤ੍ਰੀ ਆਪਣੇ ਖੌਂਦ ਤੋਂ ਛੁੱਟ ਦੂਜੇ ਦਾ ਖਿਆਲ ਨਾ ਕਰੇ, ਭਲੀ-ਮਾਣਸ, ਸਤਵੰਤੀ॥

**ਪਤੀ,** ਪੁ:—ਖੌਂਦ, ਮਾਲਕ, ਸਾਈਂ।

**ਪੱਤੀ,** ਸ:—ਜ਼ਮੀਨ ਜਾਂ ਘਰ ਦੇ ਹਿੱਸੇ ਦੀ ਮਾਲਕੀ, ਲੋਹੇ ਦੀ ਪਤਲੀ ਪੱਟੀ, ਚਿੱਠੀ, ਕਿਸੇ ਚੀਜ਼ ਦੇ ਉਪਰੋਂ ਲੱਥੀ ਹੋਈ ਪਤਲੀ ਛਿੱਲ, ਨਿੱਕਾ ਪੱਤ੍ਰ, ਦਾਲ ਦੇ ਛਿਲਕ, ਗਲ ਦੀ ਸੋਜ (ਪੱਤੀਆਂ ਪੈਣੀਆਂ)॥

**ਪੱਤੀਦਾਰ,** ਪੁ:—ਜਿਸ ਦਾ ਘਰ ਜਾਂ ਜ਼ਮੀਨ ਵਿਚ ਹਿੱਸਾ ਹਵੇ॥

**ਪਤੀਹਸ** } ਸ:—ਸਹੁਰੇ ਦੀ ਭਰਜਾਈ॥
**ਪਤੀਸ** }

**ਪਤੀਸਾ,** ਪੁ:—ਇਕ ਮਠਿਆਈ, (ਬਹੁਤ ਘਿਉ ਵਾਲੀ)॥

**ਪਤੀਜ,** ਸ:—ਪਰਤੀਤ, ਵਸਾਹ ਭਰੋਸਾ॥

**ਪਤੀਜਣਾ,** ਕ੍ਰਿ:—ਵਸਾਹ ਕਰ ਲੈਣਾ, ਮੰਨ ਲੈਣਾ॥

**ਪਤੀਰ,** ਪੁ:—ਗੁੰਨ੍ਹਿਆ ਹੋਇਆ ਆਟਾ ਜਿਸ ਵਿੱਚ ਖ਼ਮੀਰ ਨਹੀਂ॥

**ਪਤੀਰਾ,** ਵਿ:—ਜਿਸ ਵਿਚ ਖ਼ਮੀਰ ਨਹੀਂ॥

Digitized by Panjab Digital Library | www.panjabdigilib.org

**ਪਤੀਲ,** ਵਿ:—ਪਤਲਾ, ਕੱਚਾ ਕੱਪੜਾ ॥

**ਪਤੀਲਾ,** ਪੁ:—ਚੌੜੇ ਮੂੰਹ ਵਾਲਾ ਭਾਂਡਾ ਜਿਸ ਵਿੱਚ ਭਾਜੀ ਰਿੰਨ੍ਹੀ ਜਾਂਦੀ ਹੈ, ਤਾਂਬੀਆ ॥

**ਪਤੋਰਨਾ,** ਕ੍ਰਿ:—ਭੇਉਣਾ (ਅਨਾਜ ਦੀਆਂ ਹਰੀਆਂ ਛੱਲੀਆਂ) ॥

**ਪਤੌੜ(ੜਾ),** ਪੁ:—ਘੁਲੇ ਹੋਏ ਵੇਸਣ ਵਿਚ ਕਚਾਲੂ ਆਦਿਕ ਦੇ ਪਤ੍ਰ ਪਾਕੇ ਤੇਲ ਵਿਚ ਤਲੇ ਹੋਏ ॥

**ਪਥ,** ਪੁ:—ਰਾਹ, ਮਤ, ਮਜ਼੍ਹਬ, ਪਰਾਂਥਕ ਦੇ ਪੱਤਰ ॥

**ਪੱਥ,** ਸ:—ਰੋਗੀ ਨੂੰ ਸੁਖਾਉਣ ਵਾਲੀ ਖੁਰਾਕ, ਰੋਗੀ ਲਈ ਖਾਣ ਪੀਣ ਦਾ ਅਟਕਾਉ ॥

**ਪੰਥ,** ਪੁ:—ਰਾਹ, ਰਸਤਾ, ਮਤ, ਮਜ਼੍ਹਬ, ਖਾਲਸਾ ਧਰਮ ॥

**ਪਥਕਿਣ,** ਪੁ:—ਗੋਹਾ ਪੱਥਣ ਦੀ ਥਾਂ ॥

**ਪੱਥਣਾ,** ਕ੍ਰਿ:—ਗੋਹੇ ਦੀਆਂ ਪਾਥੀਆਂ ਬਣਾਉਣਾ, ਗਿੱਲੀ ਮਿੱਟੀ ਦੀ ਕੋਈ ਚੀਜ਼ ਬਣਾਉਣ (ਇੱਟਾਂ ਆਦਿਕ), ਕੁਹਾੜੀ ਨਾਲ ਲਕੜੀ ਠੀਕ ਕਰਨੀ, ਮਨ ਵਿੱਚ ਧਾਰਨਾ, ਮਤਾ ਪਕਾਉਣਾ, ਗੋਂਦ ਗੁੰਦਣੀ ॥

**ਪੱਥਰ,** ਪੁ:—ਵੱਟਾ, ਜਵਾਹਰ, ਕਰੜੀ ਜਾਂ ਔਖੀ ਗੱਲ ॥

ਵਿ:—ਕਰੜਾ, ਨਿੱਗਰ, ਨਿਰਦਈ, ਭਾਰਾ

**ਪੱਥਰ ਚੱਟ,** ਸ:—ਇੱਕ ਮੱਛੀ। ਵਿ:—ਲੋਭੀ, ਸੂਮ, ਪਹਾੜੀਆ ॥

**ਪੱਥਰ ਚੌਥ,** ਸ:—ਭਾਦੋਂ ਦੇ ਦੂਜੇ ਪੱਖ ਦੀ ਚੌਥ ਜਿਸ ਰਾਤ ਹਿੰਦੂ ਇੱਕ ਦੂਏ ਦੇ ਘਰ ਪੱਥਰ ਮਾਰਦੇ ਹਨ ॥

**ਪੱਥਰ ਪੈਣੇ,** ਕ੍ਰਿ:—ਗੜੇ ਵੱਸਣੇ, ਬਿਪਤਾ ਪੈਣੀ ॥

**ਪੱਥਰ ਫੋੜ,** ਪੁ:—ਪੱਥਰ ਭੰਨਣ ਵਾਲਾ ॥

**ਪੱਥਰ ਭੇੜੂ,** ਪੁ:—ਜੋ ਪੱਥਰਾਂ ਨੂੰ ਵੀ ਲੜਾ ਦੇਵੇ ॥

**ਪੱਥਰ ਮਨ,** ਸ:—ਇੱਕ ਪਹਾੜੀ ਬੂਟੀ ॥

**ਪਥਰਕਲਾ,** ਪੁ:—ਬੰਦੂਕ ਦੀ ਘੋੜੀ, ਚਕਮਕ ਦੀ ਰਗੜ ਨਾਲ ਚੱਲਣ ਵਾਲੀ ਬੰਦੂਕ ਦੀ ਕਲਾ ॥

**ਪਥਰਾਉਣਾ,** ਕ੍ਰਿ:—ਪੱਥਰ ਮਾਰਨਾ, ਪੱਥਰ ਵਾਂਗਰ ਹੋ ਜਾਣਾ ॥

**ਪਥਰਾਹ,** ਪੁ:—ਪੱਥਰ ਮਾਰਨ ਦਾ ਕੰਮ ਕਰਨੀ, ਦੇਣੀ) ॥

**ਪਥਰੀ,** ਸ:—ਛੋਟਾ ਪੱਥਰ, ਚਕਮਕ, ਮਸਾਨੇ ਵਿੱਚ ਕੰਕਰੀ ਹੋਣ ਦਾ ਰੋਗ ॥

**ਪਥਰੀਲੀ, ਪਥਰੈਲੀ** } ਵਿ:—ਪੱਥਰਾਂ ਵਾਲੀ (ਧਰਤੀ ਆਦਿਕ) ॥

**ਪਥੱਲਾ,** ਪੁ:—ਨਿਚੱਲੇ ਹੋਕੇ ਬੈਠਣਾ (ਮਾਰਨਾ) ॥

**ਪਥਵੱਯਾ,** ਪੁ:—ਪੱਥਣ ਵਾਲਾ ॥

**ਪਥਵਾਉਣਾ,** ਕ੍ਰਿ:—ਪੱਥਣ ਦਾ ਕੰਮ ਕਰਾਉਣਾ ॥

**ਪਥਵਾਈ,** ਸ:—ਪੱਥਣ ਦਾ ਕੰਮ ਜਾਂ ਮਜੂਰੀ ॥

**ਪੱਥਾ,** ਪੁ:—ਚੱਕੀ ਦੇ ਹੇਠਲੇ ਪੁੜ ਦੇ ਵਿਚਲੀ ਲਕੜੀ, ਜਿਸ ਲਕੜੀ ਦੇ ਬੰਦ ਨਾਲ ਟੁੱਟਾ ਹੋਇਆ ਪੁੜ ਜੁੜੇ ॥

Digitized by Panjab Digital Library / www.panjabdigilib.org

**ਪਥਾਉਣਾ**
**ਪਥਾਈ** } 'ਪਥਵਾਉਣਾ' 'ਪਥਵਾਈ' ਵੇਖ ॥

**ਪਥਾੜਾ,** ਪੁ:-ਪੁਆੜਾ, ਝਗੜਾ, ਬਖੇੜਾ।

**ਪਥਿੱਕਣ**
**ਪਥਿਣਕ** } ਪੁ:-ਗੋਹਾ ਪੱਥਣ ਦੀ ਥਾਂ ॥

**ਪੱਥੀ,** ਸ:-ਹਲ ਦਾ ਮੁੜਿਆ ਹੋਇਆ ਸਿਰਾ ਜਿਸ ਨਾਲ ਮਿੱਟੀ ਪੁੱਟੀ ਜਾਂਦੀ ਹੈ ॥

**ਪੰਥੀ,** ਪੁ:-ਕਿਸੇ ਪੰਥ ਨੂੰ ਮੰਨਣ ਵਾਲਾ (ਦਾਦੂ ਪੰਥੀ, ਕਬੀਰ ਪੰਥੀ ਆਦਿਕ)। ਵਿ:-ਪੰਥ ਦਾ, ਪੰਥ ਸੰਬੰਧੀ ॥

**ਪਥੀਕ,** ਪੁ:, ਸ:-ਗੋਹਾ ਪੱਥਣ ਦੀ ਥਾਂ।

**ਪਥੇਰ,** ਸ:—ਇੱਟਾਂ ਦੀ ਪਥਾਈ।

**ਪਥੇਰਾ,** ਪੁ:-ਇੱਟਾਂ ਪਥਣ ਵਾਲਾ

**ਪਥੇਜ਼,** ਪੁ:—ਇੱਟਾਂ ਪੱਥਣ ਦੀ ਥਾਂ।

**ਪਦ,** ਪੁ: ਦਰਜਾ, ਛੰਦ ਦੀ ਇਕ ਪੰਗਤ, ਪੈਰ, ਸ਼ਬਦ, ਬਚਨ।

**ਪਦ ਬਹੇੜਾ,** ਪੁ:-ਧਰਤੀ ਵਿੱਚੋਂ ਉੱਗਣ ਵਾਲਾ ਇੱਕ ਫੁੱਲ ॥

**ਪਦਬੀ,** ਸ:-'ਪਦਵੀ' ਵੇਖੋ।

**ਪਦਮ,** ਪੁ:-ਕਰੋੜ ਦਾ ਦਸ ਲੱਖ ਗੁਣਾ, ਇਕ ਫੁੱਲ, ਕਮਲ, ਉਂਗਲੀਆਂ ਦੇ ਜੋੜਾਂ ਜਾਂ ਹੱਥਾਂ ਪੈਰਾਂ ਦੀਆਂ ਤਲੀਆਂ ਉੱਪਰ ਇਕ ਖਾਸ ਝਰਾਂ ਦਾ ਨਿਸ਼ਾਨ, ਇੱਕ ਪੁਰਾਣ ਦਾ ਨਾਉਂ ॥

**ਪਦਮ ਸਿਕਰੀ,** ਸ:-ਨਾਜ਼ਕ, ਛੱਲਵਾਲੀ ਤੀਮਤ ॥

**ਪਦਮਣੀ,** ਸ:-ਬਹੁਤ ਸੁੰਦਰ ਅਤੇ ਉੱਤਮ ਗੁਣਾਂ ਵਾਲੀ ਇਸਤ੍ਰੀ ॥

**ਪਦਮਾਉਤ,** ਸ:-ਰਾਜੇ ਰਤਨ ਸੈਨ ਦੀ ਰਾਣੀ, ਇੱਕ ਮਸ਼ਹੂਰ ਸਤਵੰਤੀ, ਜਿਸ ਪੁਸਤਕ ਵਿੱਚ ਉਸ ਦਾ ਹਾਲ ਹੈ ॥

**ਪੰਦਰਾਂ,** ਵਿ:-ਦਸ ਅਤੇ ਪੰਜ, ਤਿੰਨ ਪਾਂਜੇ, ੧੫ ॥

**ਪਦਵੀ,** ਸ:-ਰਾਹ, ਦਰਜਾ, ਅੱਲ, ਮਰਾਤਬਾ। ਵਿ: ਪਉ ਦਾਏ ਦੀ, ਦੰਦਿਆਂ ਦੀ ॥

**ਪਦਾਇਸ਼,** ਸ:-ਜਨਮ, ਪੈਦਾਵਾਰੀ, ਉਤਪਤ, ਕਮਾਈ ॥

**ਪਦਾਰਥ,** ਪੁ:-ਵਸਤ, ਦੁਰਲਭ ਚੀਜ਼, ਚੰਗਾ ਚੋਸਾ, ਧਨ, ਮਾਲ, ਨਿਆਇ ਸ਼ਾਸਤ੍ਰ ਦੀਆਂ ਸੱਤਾਂ ਹਾਲਤਾਂ ਵਿੱਚੋਂ ਕੋਈ (ਗੁਣ, ਕਰਮ ਆਦਿਕ) ॥

**ਪਦਾਰਥ ਵਿੱਦਿਆ**
**ਪਦਾਰਥ ਵਿੱਦਿਆ** } ਸ:—ਭੌਤਕ ਪਦਾਰਥਾਂ ਦੇ ਅਦਲ ਬਦਲ ਦੀ ਵਿਦਿਆ ॥

**ਪਦੀੜਨਾ,** ਕ੍ਰਿ:-ਔਖਾ ਕਰਨਾ, ਖਪਾਉਣਾ, ਡਰਾਉਣਾ ॥

**ਪੱਦੂ ਖਾਂ,** ਪੁ:-ਕਮੀਨਾ ਆਦਮੀ ਜੋ ਸ਼ੇਖੀਆਂ ਮਾਰੇ ॥

**ਪਦੈਸ਼,** ਸ:-'ਪਦਾਇਸ਼' ਵੇਖੋ ॥

**ਪੰਧ**
**ਪੰਧੜਾ** } ਪੁ:-ਰਸਤਾ, ਸੜਕ, ਬਾਟ, ਪੈਂਡਾ, ਦੂਰੀ ॥

Digitized by Panjab Digital Library / www.panjabdigilib.org

**ਪੱਧਤੀ,** ਸ:—ਪੂਜਾ ਆਦਿਕ ਦੀ ਮਰਜਾਦਾ, ਵਿਧੀ ॥

**ਪੱਧਰ,** ਪੁ:-ਇੱਕੋ ਜੇਹੀ ਸਾਫ ਥਾਂ, ਨਾਂ ਉੱਚੀ ਨਾਂ ਨੀਵੀਂ ॥

**ਪੱਧਰਾ,** ਪੁ:<br>**ਪੱਧਰੀ,** ਸ: } ਸਾਫ ਅਤੇ ਇੱਕੋ ਜੇਹਾ (ਹੀ), ਨਾਂ ਉੱਚਾ ਨਾਂ ਨੀਵਾਂ।

**ਪਧਰਾਈ,** ਸ:-ਪੱਧਰਾ ਹੋਣ ਦਾ ਹਾਲ, ਸਫਾਈ॥

**ਪਧਾਊ,** ਪੁ:—ਰਾਹੀ, ਪੈਂਡਾ ਕਰਨ ਵਾਲਾ, ਮੁਸਾਫਰ ॥

**ਪੰਧਾੜੀ,** ਪੁ: ਸਾ:—ਪਧਰਾਈ, ਥਿਅਰਥ ਪੰਧ, ਕਿਸੇ ਤੀਰਥ ਦੀ ਜਗਾ ਦਾ ਰਾਹ ॥

**ਪਧਿਆਈ,** ਸ:-ਪਾਂਧੇ ਦਾ ਕੰਮ ॥

**ਪਧਿਆਣੀ,** 'ਸ:-ਪਾਂਧੇ ਦੀ ਵਹੁਟੀ ।'

**ਪਨ,** ਪੁ:-ਪਾਣੀ (ਦੂਜੇ ਪਦਾਂ ਨਾਲ ਮਿਲਕੇ)।

**ਪੰਨ,** ਪੁ:—ਇੱਕ ਗੁਦਾ ਦਾ ਰੋਗ, ਨਾਲੇ 'ਪੰਨਾ' ਵੇਖੋ ॥

**ਪਨਸਾਰੀ,** ਪੁ:-'ਪਸਾਰੀ' ਵੇਖੋ ॥

**ਪਨਾ**<br>**ਪਨਹਾ** } ਪੁ: ਕਪੜੇ ਦੀ ਚੌੜਾਈ ॥

**ਪਨ ਕੱਪੜਾ,** ਪੁ:—'ਪਣਕੱਪੜਾ' ਵੇਖੋ ।

**ਪਨ ਘਟ,** ਪੁ:—ਦਰਿਆ ਦਾ ਰਾਹ, ਪਾਣੀ ਭਰਨ ਵਾਲਾ ਘਾਟ ॥

**ਪਨਪਣਾ,** ਕ੍ਰਿ:—ਤਕੜੇ ਹੋਣ ਲੱਗਣਾ, ਵਧਣਾ, ਫੁਲਣਾ ।

**ਪਨਪਾਉਣਾ,** ਕ੍ਰਿ:—ਤਕੜਾ ਕਰਨਾ, ਵਧਾਉਣਾ, ਫੁਲਾਉਣਾ ॥

**ਪਨਰੋਹੇ,** ਪੁ:—(ਬਹੁ: ਬ:) ਪਰਨੋਹ ਦਾ ਰੋਗ ॥

**ਪਨਵਾੜੀ,** ਸ:—ਪਾਨ ਦੇ ਬੂਟਿਆਂ ਦਾ ਬਾਗ਼। ਪੁ:-ਪਾਨ ਵੇਚਣ ਵਾਲਾ ॥

**ਪੰਨਾ,** ਪੁ:—ਜੁੱਤੀ ਦਾ ਉਤਲਾ ਹਿੱਸਾ, ਵਹੀ ਦਾ ਪਤ੍ਰਾ, ਕਿਤਾਬ ਦੇ ਵਰਕੇ ਦਾ ਇੱਕ ਪਾਸ ਸਫਾ, ਇੱਕ ਰਤਨ, ਜਵਾਹਰ ॥

**ਪਨਾਉਣਾ,** ਕ੍ਰਿ:-ਕਿਸੇ ਸੰਦ ਦੀ ਧਾਰ ਤੇਜ਼ ਕਰਨੀ ॥

**ਪਨਾਹ**<br>**ਪਨਾਹ ਪਾਖੀ** } ਸ:-ਬਚਾਉ, ਆਸਰਾ, ਸਰਣ, ਓਲ੍ਹਾ ॥

**ਪਨਾਹ ਮੰਗਣਾ,** ਕ੍ਰਿ:-ਸਰਣੀਂ ਆ ਪੈਣਾ, ਕਹਿਣਾ, ਕਿ ਬਚਾਓ ॥

**ਪਨਾਹੀ**<br>**ਪਨਾਹੀ ਪੱਖੀ** } ਪੁ:-ਜੋ ਪਨਾਹ ਦੇਵੇ, ਬਚਾਉਣ ਵਾਲਾ ॥

**ਪਨਾਲਾ,** ਪੁ:—'ਪਰਨਾਲਾ' ਵੇਖੋ ॥

**ਪਨਿਆਲੀ,** ਸ:-'ਪਣਿਆਲੀ' ਵੇਖੋ ॥

**ਪਨਿਹਾਰ ( ਰਾ ),** ਪੁ:<br>**ਪਨਿਹਾਰਣ (ਰੀ),** ਸ: } ਜੋ ਪਾਣੀ ਭਰਨ ਦਾ ਕੰਮ ਕਰੇ ॥

**ਪੰਨੀ**<br>**ਪੰਨ੍ਹੀ** } ਸ:-ਇੱਕ ਘਾਹ ਜਿਸਦੀ ਜੜ੍ਹ 'ਖਸ' ਹੁੰਦੀ ਹੈ ॥

**ਪੰਨੀ,** ਸ: ਸੁਨਹਿਰੀ ਚਮੜਾ, ਪਿੱਤਲ ਦਾ ਵਰਕ ॥

**ਪਨੀਰ,** ਪੁ:-ਜਿਸ ਦਹੀਂ ਵਿੱਚੋਂ ਪਾਣੀ ਕੱਢਿਆ ਹੋਵੇ (ਨਿਚੋੜ ਕੇ), ਇੱਕ ਬੂਟੀ॥

Digitized by Panjab Digital Library | www.panjabdigilib.org

**ਪਨੀਰੀ,** ਸ:–ਪਨੀਰ, ਨਿੱਕੇ ਨਿੱਕੇ ਬੂਟੇ ਥੱਲੇ।
ਵਿ:–ਪਨੀਰ ਦਾ, ਪਨੀਰ ਵਰਗਾ।
ਪ:–ਜੋ ਪਨੀਰ ਵੇਚੇ॥

**ਪਨੋਸਣਾ,** ਕ੍ਰਿ:–'ਪਲੋਸਣਾ' ਵੇਖੋ॥

**ਪੰ,** ਪੁ:–ਨਲਕਾ, ਪੰਪ, ਪਾਣੀ ਚਾੜ੍ਹਨ ਵਾਲੀ ਕਲਾ॥

**ਪਪਰੀ,** ਸ:–'ਚਿਕੜੀ' ਵੇਖੋ।

**ਪਪੜੀ,** ਸ:—ਛਿੱਲ, ਗਿੱਲੀ ਮਿੱਟੀ ਦੇ ਸੁੱਕਣ ਨਾਲ ਜੋ ਉੱਪਰਲੀ ਤਹਿ ਜੰਮ ਕੇ ਪਾਟ ਜਾਵੇ।

**ਪਪੜੀਆ ਕੱਥ,** ਸ:–ਇੱਕ ਤਰਾਂ ਦੀ ਚਿੱਟੀ ਕੱਥ॥

**ਪੱਪੀ,** ਪੁ:—ਕੁੱਤੇ ਦਾ ਬੱਚਾ, ਨਿੱਕਾ ਜੇਹਾ ਕਤੂਰਾ।

**ਪਪੀਹਾ,** ਪੁ:—ਬਰਸਾਤ ਵਿੱਚ ਬੋਲਣ ਵਾਲਾ ਇੱਕ ਪੰਛੀ॥

**ਪਪੀਤਾ,** ਪੁ:–ਇੱਕ ਦੁਆ।

**ਪਪੋਲਣਾ (ਨਾ),** ਕ੍ਰਿ:—ਦੰਦਾਂ ਬਾਝੋਂ ਮਸੂੜਿਆਂ ਨਾਲ ਚਿੱਥਣਾ

**ਪੱਫਰਨਾ,** ਕ੍ਰਿ:—'ਪਨਪਣਾ' ਵੇਖੋ॥

**ਪੱਬ,** ਪੁ:—ਪੈਰ ਦਾ ਅਗਲਾ ਹਿੱਸਾ।

**ਪਬਕਾ,** ਪੁ: ਤਾਂਬੇ ਦਾ ਉਹ ਭਾਂਡਾ ਜਿਸ ਵਿੱਚ ਅਰਕ ਖਿੱਚਦੇ ਹਨ।

**ਪਬਲਿਸ਼ਰ,** ਵਿ:—ਜੋ ਛਾਪ ਕੇ ਪਰਗਟ ਕਰੇ।

**ਪਬਲਿਕ,** ਸ:—ਆਮ ਲੋਕ, ਖਲਕਤ॥

**ਪੰਬੀ,** ਸ: –ਵਾਉ ਨਾਲ ਉੱਡਣ ਵਾਲੇ ਘਾਹ ਦੇ ਨਿੱਕੇ ਟੁਕੜੇ, ਸਭ ਤੋਂ ਹੇਠਲੇ ਦਰਜੇ ਦੇ ਲੋਕ ਕਮੀਨੇ।

**ਪੰਬੀ ਪਰਾਲੀ,** ਸ:—ਨਿੱਕੇ ਸੁੱਕੇ ਆਦਮੀ, ਲੈਂਬੀ ਘੁੰਬੀ॥

**ਪੰਭਣ / ਪੰਮਣ,** ਪੁ:—ਇੱਕ ਤਰਾਂ ਦੀ ਕਣਕ, ਵਡਾਨਕ॥

**ਪੰਮਾ / ਪੰਮਾਂ,** ਪੁ:—ਬ੍ਰਾਹਮਣ (ਸਿੱਖਾਂ ਨੇ ਇਹ ਨਾਉਂ ਰਖਿਆ ਹੈ)॥

**ਪੱਯਲ,** ਵਿ:—'ਪਈਯਲ' ਵੇਖੋ॥

**ਪਰ,** ਪੁ:—ਪੰਖ, ਖੰਭ, ਪਿਛਲਾ ਜਾਂ ਅਗਲਾ ਸਾਲ, ਬਲ, ਸਮਰਥ॥
ਯੋਜਕ:—ਇਸਤੋਂ ਉਲਟ, ਦੂਜੇ ਪਾਸੇ।
ਵਿ: (ਹੋਰਨਾਂ ਪਦਾਂ ਨਾਲ ਜੁੜਕੇ) ਪਰਾਯਾ ਦੂਜਾ, ਹੋਰ, ਵੱਖਰਾ॥

**ਪਰ ਉਪਕਾਰ,** ਪੁ:—ਹੋਰਨਾਂ ਦਾ ਭਲਾ ਕਰਨਾ॥

**ਪਰ ਅਧੀਨ,** ਵਿ:—ਦੂਜੇ ਦੇ ਅਧੀਨ ਜਾਂ ਆਸਰੇ॥

**ਪਰ ਕੱਢਣੇ / ਪਰ ਨਿਕਾਲਣੇ,** ਕ੍ਰਿ:—ਨਵੇਂ ਪਰ ਵਿਖਾਉਣੇ॥

**ਪਰ ਬੰਸ,** ਵਿ: –ਪਰਾਏ ਦੇ ਵੱਸ, ਦੂਜੇ ਦੀ ਆਗਿਆ ਵਿਚ (ਹੋਣਾ)॥

**ਪਰ ਮਾਰਨਾ,** ਕ੍ਰਿ:—ਪਰ ਹਿਲਾ ਕੇ ਉੱਡਣ ਦਾ ਜਤਨ ਕਰਨਾ॥

**ਪਰਲੋਕ,** ਪੁ:—ਅਗਲਾ ਜਗ, ਮਰਕੇ ਜਿੱਥੇ ਜਾਣਾ ਹੈ॥

Digitized by Panjab Digital Library | www.panjabdigilib.org

**ਪਰਲੋਕ ਸੁਧਾਰਨਾ,** ਕ੍ਰਿ:—ਚੰਗੇ ਕਰਮ ਕਰਨੇ ਕਿ ਮਰ ਕੇ ਸੁਰਗ ਵਿੱਚ ਵਾਸਾ ਹੋਵੇ।

**ਪਰਸੰਗ,** ਪੁ:—ਕਥਾ, ਮੇਲ, ਗੱਲ ਦਾ ਮੌਕਾ, ਦੁਸ਼ਟ ਦਾ ਸੰਗ॥

**ਪਰਸਣਾ,** ਕ੍ਰਿ:—ਛੋਹਣਾ, ਭੇਟ ਚੜ੍ਹਾਉਣੀ, ਪੂਜਣਾ, ਤੀਰਥ ਤੇ ਜਾਣਾ।

**ਪ੍ਰਸ਼ਨ, ਪਰਸ਼ਨ,** ਪੁ: ਕਿਸੇ ਆਪਣ ਮਨੋਰਥ ਬਾਬਤ ਜੋ ਕੁਝ ਜੋਤਸ਼ੀ ਕੋਲੋਂ ਪੁੱਛਿਆ ਜਾਵੇ, ਸੁਆਲ (ਕਰਨਾ)।

**ਪ੍ਰਸ਼ਨ ਲਾਉਣਾ,** ਕ੍ਰਿ:—ਕਿਸੇ ਦੀ ਕਿਸਮਤ ਦਾ ਪਤਾ ਲਾਉਣ ਲਈ ਜੋਤਸ਼ ਦਾ ਲੇਖਾ ਕਰਨਾ।

**ਪ੍ਰਸੰਨ, ਪਰਸੰਨ,** ਵਿ:—ਖੁਸ਼, ਅਨੰਦ, ਮਗਨ, ਮੰਨਣ ਵਾਲਾ॥

**ਪ੍ਰਸੰਨਤਾ, ਪ੍ਰਸੰਨਤਾਈ,** ਸ:—ਖੁਸ਼ੀ, ਅਨੰਦ, ਤਸੱਲੀ (ਹੋਣੀ)॥

**ਪਰਸਾਉਣਾ,** ਕ੍ਰਿ:—ਪੂਜਾ ਕਰਾਉਣਾ, ਭੇਟ ਚੜ੍ਹਵਾਉਣਾ।

**ਪ੍ਰਸਾਦ, ਪਰਸਾਦ, ਪਰਸ਼ਾਦ, ਪਰਸਾਦਾ,** ਪੁ:—ਦੇਵਤੇ ਦਾ ਭੋਗ, ਭੋਜਨ, ਕਿਰਪਾ, ਗੁਰੂ ਦੀ ਜੂਠ (ਸੀਤ ਪਰਸ਼ਾਦ), ਕੜਾਹ।

**ਮਹਾਂ ਪਰਸ਼ਾਦ,** ਪੁ:—ਮਾਸ (ਸਿੰਘਾਂ ਦੀ ਬੋਲੀ)।

**ਪਰਸਾਦ ਛਕਣਾ, ਪਰਸਾਦਾ ਛਕਣਾ, ਪਰਸ਼ਾਦ ਪਾਉਣਾ,** ਕ੍ਰਿ:—ਰੋਟੀ ਖਾਣਾ, ਅੰਨ ਪਾਣੀ ਕਰਨਾ॥

**ਪਰਸਾਦੀ,** ਸ:—ਰੋਟੀ, ਭੋਜਨ, ਅੰਨ, ਗੁਰੂ ਦੀ ਸੀਤ ਪਰਸ਼ਾਦ॥

**ਪਰਸਿੱਜਣਾ,** ਕ੍ਰਿ:—ਪਰਸੇਉ ਆਉਣਾ, ਮੁੜ੍ਹਕਾ ਆਉਣਾ।

**ਪਰਸਿੱਧ,** ਵਿ:—ਮਸ਼ਹੂਰ, ਉੱਘਾ, ਜਿਸ ਨੂੰ ਸਭ ਜਾਣਦੇ ਹੋਣ।

**ਪਰਸਿੰਨ,** ਵਿ: 'ਪਰਸੰਨ' ਵੇਖੋ।

**ਪਰਸੀਨਾ, ਪਰਸੇ, ਪਰਸੇਉ,** ਪੁ: ਪਿੰਡੇ ਦੇ ਨਿਕੇ ਨਿਕੇ ਛੇਕਾਂ ਵਿੱਚੋਂ ਜੋ ਪਾਣੀ ਨਿਕਲਦਾ ਹੈ, ਮੁੜ੍ਹਕਾ, ਤ੍ਰੇਲੀ॥

**ਪਰਸੋਂ,** ਕ੍ਰਿ: ਵਿ:—ਕੱਲ ਤੋਂ ਪਹਿਲਾ ਦਿਨ, ਅੱਜ ਤੋਂ ਤੀਜਾ ਦਿਨ (ਜੋ ਬੀਤ ਗਿਆ ਹੈ ਜਾਂ ਆਉਣ ਵਾਲਾ ਹੈ)।

**ਪਰ ਹੱਥੀ, ਪਰ ਹੱਥੀਂ,** ਕ੍ਰਿ: ਵਿ:—ਪਰਾਏ ਹੱਥੀਂ, ਦੂਜੇ ਦੀ ਰਾਹੀਂ।

**ਪਰਹਾ, ਪਰਹੇ,** ਸ:—ਸਭਾ, ਪੰਚਾਇਤ, ਕੱਠ, ਇਕੱਠ॥

**ਪਰਹੇਜ਼,** ਪੁ:—ਖਾਣ ਪੀਣ ਆਦਿਕ ਦਾ ਅਟਕਾਉ॥

**ਪਰਹੇਲੀ,** ਸ:—ਬੁਝਾਰਤ॥

**ਪਰਕਾਸ (ਸ਼),** ਪੁ:—ਚਾਨਣ, ਉ ਧੁੱਪ, ਚਮਕ, ਫੈਲਾਉ, ਸਭ ਨੂੰ ਪਤਾ ਲੱਗ ਜਾਣਾ, ਗੁਰੂ ਗ੍ਰੰਥ ਸਾਹਿਬ ਦਾ ਖੁਲ੍ਹਣਾ॥

**ਪਰਕਾਸ਼ਤ, ਪ੍ਰਕਾਸ਼ਤ,** ਵਿ:—ਪਰਗਟ ਕੀਤਾ ਹੋਇਆ, ਛਾਪ ਕੇ ਲੋਕਾਂ ਵਿੱਚ ਫੈਲਾਇਆ ਹੋਇਆ (ਕਰਨਾ)॥

**ਪਰਕਾਜ,** ਪੁ:—ਦੂਜੇ ਦਾ ਕੰਮ ਜਾਂ ਮਨੋਰਥ॥

**ਪਰਕਾਜੀ,** ਪੁ:—ਜੋ ਦੂਜੇ ਦਾ ਕੰਮ ਕਰੇ, ਸਹਾਇਕ, ਪਰਉਪਕਾਰੀ॥

Digitized by Panjab Digital Library / www.panjabdigilib.org

**ਪਰਕਾਰ / ਪ੍ਰਕਾਰ**, ਪੁਃ—ਢੰਗ, ਤਰੀਕ, ਭਾਂਤ, ਤਰ੍ਹਾਂ, ਕਿਸਮ ॥

ਸਃ—ਚੱਕਰ ਖਿੱਚਣ ਵਾਲਾ ਮਸ਼ਹੂਰ ਔਜ਼ਾਰ॥

**ਪਰਕੇ ਸਾਲ**, ਕ੍ਰਿਃ ਵਿਃ—ਪਰ ਸਾਲ ਅਗਲੇ ਜਾਂ ਪਿਛਲੇ ਸਾਲ ।

**ਪਰਖ**, ਸਃ—ਜਾਚ, ਪਛਾਣ, ਸਬੂਤ, ਪਰੀਖਿਆ, ਪਰਤਾਵਾ ॥

**ਪਰਖਊਆ / ਪਰਖਈਆ**, ਪੁਃ—ਪਰਖਣ ਵਾਲਾ, ਪਰਤਾਉਣ ਵਾਲਾ ।

**ਪਰਖਣਾ**, ਕ੍ਰਿਃ—ਜਾਚਣਾ, ਪਛਾਨਣਾ, ਵੇਖਣਾ ਭਾਲਣਾ, ਪਰਤਾਉਣਾ ।

**ਪਰਖਰਾ**, ਵਿਃ—ਬਹੁਤ ਚੰਗਾ, ਸਿਆਣਾ, ਖਰਾ, ਸੁਚੇਤ ॥

**ਪਰਖਾਉਣਾ / ਪਰਖਾਣਾ**, ਕ੍ਰਿਃ—ਪਰਖਣ ਦਾ ਕੰਮ ਕਰਾਉਣਾ ।

**ਪਰਖਾਈ**, ਸਃ—ਪਰਖਣ ਦਾ ਕੰਮ ਜਾਂ ਮਜੂਰੀ॥

**ਪਰਗਟ**, ਵਿਃ—ਉੱਘਾ, ਜ਼ਾਹਰ, ਜਿਸ ਦੀ ਸਭ ਨੂੰ ਖਬਰ ਹੈ ॥

**ਪਰਗਟਣਾ**, ਕ੍ਰਿਃ—ਪਰਗਟ ਹੋਣਾ, ਦਿੱਸਣਾ, ਆ ਜਾਣਾ

**ਪਰਗਟਾਉਣਾ**, ਕ੍ਰਿਃ—ਪਰਗਟ ਕਰਨਾ ।

**ਪਰਗਟਾਈ**, ਸਃ—ਪਰਗਟ ਹੋਣ ਦਾ ਗੁਣ ॥

**ਪਰਗਣਾ**, ਪੁਃ—ਜ਼ਿਲਾ, ਮੁਲਖ ਦਾ ਹਿੱਸਾ, ਅਲਾਕਾ ॥

**ਪਰੰਗਤ ਪੈਣਾ**, ਕ੍ਰਿਃ—ਮੰਨ ਲੈਣਾ ॥

**ਪਰਗਾਸ**, ਪੁਃ—'ਪਰਕਾਸ਼' ਵੇਖੋ ॥

**ਪਰਗਾਹ**, ਸਃ—ਖਾਸ ਮਿਹਰ ਬਾਣੀ, ਰਿਆਇਤ ( ਲਾਉਣੀ ) ॥

**ਪਰਗੋਲਾਉਣਾ**, ਕ੍ਰਿਃ—ਹਸਾਨ ਚਾੜ੍ਹਨਾ, ਉਪਕਾਰ ਕਰਨਾ ॥

**ਪਰਘਟ**, ਵਿਃ—'ਪਰਗਟ' ਵੇਖੋ ।

**ਪਰਚ ਸਰਚ ਜਾਣਾ**, ਕ੍ਰਿਃ—ਹਿਲ ਜਾਣਾ, ਖੁਸ਼ ਹੋ ਜਾਣਾ, ਰੁੱਝਣਾ ॥

**ਪਰਚੰਡ**, ਵਿਃ—ਜੋ ਬਹੁਤ ਬਲੀ, ਭੜਕ ਜਾਂ ਭੜਕਣ ਵਾਲਾ ( ਹੋਣਾ ) ॥

**ਪਰਚਣਾ**, ਕ੍ਰਿਃ—ਰੁਝਣਾ, ਜੀ ਲੱਗਣਾ, ਧਿਆਨ ਹੋਰਥੇ ਪੈਣਾ ॥

**ਪਰਚ ਪਰਚਾ**, ਪੁਃ—ਜੀ ਦਾ ਲੱਗਣਾ, ਮਨ ਦਾ ਟਿਕਾਉ, ਬਿਲਾਸ

**ਪਰਚਲਤ / ਪ੍ਰਚਲਤ**, ਵਿਃ—ਜਿਸ ਦਾ ਰਿਵਾਜ ਹੋ, ਜਾਰੀ, ਚੱਲਿਆ ਹੋਇਆ ।

**ਪਰਚਾ**, ਸਃ—ਆਦਤ, ਰੀਤ, ਰੁਕ, ਰੁਚ (ਪੈਣਾ)।

**ਪਰਚਾ**, ਪੁਃ—ਕਾਗਜ਼, ਇਮਤਿਹਾਨ ਦਾ ਕਾਗਜ਼ ॥

**ਪਰਚਾਉ**, ਪੁਃ—ਦਿਲ ਦਾ ਲੱਗਣਾ, ਬਿਲਾਸ ।

**ਪਰਚਾਉਣਾ**, ਕ੍ਰਿਃ—ਜੀ ਲਾਉਣਾ, ਧਿਆਨ ਹੋਰਥੇ ਪਾਉਣਾ ॥

**ਪਰਚਾਰ / ਪ੍ਰਚਾਰ**, ਪੁਃ—ਲੋਕਾਂ ਵਿੱਚ ਕੋਈ ਗੱਲ ਪਰਗਟ ਕਰਨੀ, ਆਪਣਾ ਧਰਮ ਫੈਲਾਉਣ ਦਾ ਕੰਮ ( ਕਰਨਾ ) ॥

Digitized by Panjab Digital Library | www.panjabdigilib.org

**ਪਰਚਾਰਕ, ਪ੍ਰਚਾਰਕ** } ਪੁ:—ਪਰਚਾਰ ਕਰਨ ਵਾਲਾ ॥

**ਪਰਚਾਵਾ,** ਪੁ: —ਜਿਸ ਗੱਲੋਂ ਜੀ ਪਰਚੇ, ਜੀ ਦਾ ਪਰਚਲਾ ॥

**ਪਰਚੀ,** ਸ:—ਕਾਗਤ ਦਾ ਛੋਟਾ ਜੇਹਾ ਟੁਕੜਾਂ॥

**ਪਰਚੂਣ,** ਪੁ: - ਛੋਟੀਆ ਛੋਟੀਆਂ ਚੀਜਾਂ, ਆਟਾ, ਦਾਲ ਆਦਿਕ ॥

**ਪਰਚੂਣੀਆ,** ਪੁ:—ਆਟਾ ਦਾਲ ਆਦਿਕ ਵੇਚਣ ਵਾਲਾ ॥

**ਪਰਚੋਂ,** ਸ:—ਵਾਕਫੀ, ਦੋਸਤੀ, ਜਾਣ ਪਛਾਣ, ਮਸ਼ਹੂਰੀ ( ਪੈ ਜਾਣੀ )।

**ਪਰਚੋਲ,** ਸ:—ਪੁੱਛ ਗਿੱਛ, ਖੋਜ ( ਕਰਨੀ )॥

**ਪਰਚੌਣੀ,** ਸ: -'ਜਲਾਉਣੀ' ਵੇਖੋ ।

**ਪਰਛੈੜਾ,** ਪੁ:—'ਪਛੈੜਾ' ਵੇਖੋ ॥

**ਪਰਛਾਵਾਂ,** ਪੁ:—ਛਾਉਂ, ਸਾਯਾ, ਬਾਲਾਂ ਦਾ ਇਕ ਰੋਗ ।।

**ਪਰਜ,** ਪੁ:—ਰਾਗ ਦਾ ਇੱਕ ਭੇਦ ।

**ਪਰਜਾ,** ਸ:—ਰਈਯਤ, ਕਿਸੇ ਦੇ ਰਾਜ ਵਿਚ ਵੱਸਣ ਵਾਲੇ ਲੋਕ, ਅਧੀਨ ਹੋਕੇ ਜੋ ਜ਼ਿਮੀ ਵਾਹੇ, ਅਧੀਨ ।

**ਪਰਜਾ ਪਤ,** ਪੁ:—ਘੁਮਿਆਰ ।

**ਪਰਜਾ ਪਤੀ, ਪਰਜਾ ਪਾਲਕ** } ਪੁ:—ਜੀਆ ਦੀ ਪਾਲਨਾ ਕਰਨ ਵਾਲਾ, ਬ੍ਰਹਮਾ, ਪਰਮੇਸ਼ਰ, ਮਾਲਕ, ਰਾਜਾ ॥

**ਪਰਜਾਤ,** ਵਿ:—ਦੂਜੀ ਜ਼ਾਤ ਦਾ ॥
ਸ:—ਪਰਜਾਤੀ ॥

**ਪਰਜਾਤੀ,** ਸ:—ਦੂਜੀ ਜਾਤ, ਵੱਖਰੀ ਕਿਸਮ ਦਾ ॥

**ਪਰਤ,** ਪੁ:—ਤਹਿ, ਨਕਲ, ਉਤਾਰਾ, ਕਾਪੀ ॥

**ਪਰਤੱਖ,** ਵਿ:—ਪਰਗਟ, ਜ਼ਾਹਰ, ਮੌਜੂਦ, ਅੱਖਾਂ ਦੇ ਸਾਮ੍ਹਣੇ ॥

**ਪਰਤੱਗਿਆ, ਪਰਤੈਗਿਆ** } ਸ:—ਇਕਰਾਰ, ਪੱਕੀ ਸਲਾਹ, ਬਚਨ, ਭਰੋਸਾ ॥

**ਪਰਤੱਛ,** ਵਿ:—'ਪਰਤੱਖ' ਵੇਖੋ ।

**ਪਰਤਣਾ,** ਕ੍ਰਿ:—ਪਾਸਾ ਵਟਾਉਣਾ, ਮੋੜਨਾ ॥

**ਪਰਤਲ,** ਸ:—ਇੱਕੋ ਪਸ਼ੂ ਉੱਤੇ ਲੱਦਿਆ ਹੋਯਾ ਅਸਬਾਬ ਕਿਸੇ ਅਸਵਾਰ ਦਾ, ਇੱਕ ਉੱਚਾ ਰੁੱਖ ॥

**ਪਰਤਲਾ,** ਪੁ:—ਤਲਵਾਰ ਦੀ ਪੇਟੀ, ਬੁਪਾਰ ਵਿੱਚ ਇੱਕ ਚੀਜ਼ ਦਾ ਦੂਜੀ ਨਾਲ ਮੁਕਾਬਲਾ, ਪ੍ਰਸ਼ਨ ਉੱਤਰ ॥

**ਪਰਤਾਉਣਾ,** ਕ੍ਰਿ:—ਵੇਖਣਾ, ਭਾਲਣਾ, ਪਰਖਣਾ, ਮੋੜਨਾ ॥

**ਪਰਤਾਪ,** ਪੁ:—ਮਹਿਮਾ, ਸੋਭਾ, ਬਲ, ਜੋਰ, ਦਲੇਰੀ, ਚੰਗੇ ਭਾਗ ॥

**ਪਰਤਾਪੀ,** ਵਿ:—ਪਰਤਾਪ ਵਾਲਾ, ਵੱਡਾ ਬਲੀ॥

**ਪਰਤਾਵਾ,** ਪੁ:—ਪਰਖ, ਜਾਚ, ਪਰੀਖਿਆ ॥

**ਪਰਤਿਸਟਾ, ਪਰਤਿਸਠਾ** } ਸ:—ਘਰ ਜਾਂ ਮੰਦਰ ਵਿਚ ਪਰਵੇਸ਼ ਕਰਨ ਦੀ ਰੀਤ, ਜੋਤ, ਮੂਰਤ ਦਾ ਅਸਥਾਪਣ ॥

Digitized by Panjab Digital Library | www.panjabdigilib.org

**ਪਰਤਿਬਰਤਾ**, ਸ:—'ਪਤਿਬ੍ਰਤਾ' ਵੇਖੋ ॥

**ਪਰਤੀਤ**, ਸ:—ਵਸਾਹ, ਭਰੋਸਾ, ਸਹਾਰਾ ॥

**ਪਰੰਤੂ**, ਅਵ:—ਪਰ, ਮਗਰ ।

**ਪਰਤੋਹ**, ਸ:—ਪੁਤ੍ਰ ਦੀ ਵਹੁਟੀ, ਨੂੰਹ ।

**ਪਰਦੱਖਣਾ**, **ਪਰਦੱਛਣਾ**, ਸ:—ਦੁਆਲੇ ਫਿਰਨਾ, ਭੌਣਾ ।

**ਪਰਦਰੋਹੀ**, ਵਿ:—ਦੂਜੇ ਨਾਲ ਵੈਰ ਕਰਨ ਵਾਲਾ ॥

**ਪਰਦਾ**, ਪੁ:—'ਪੜਦਾ' ਵੇਖੋ ।

**ਪਰਦੇਸ**, ਪੁ:—ਦੂਜਾ ਦੇਸ; ਓਪਰਾ ਮੁਲਖ ॥

**ਪਰਦੇਸਣ**, ਸ: **ਪਰਦੇਸੀ**, ਪੁ: ਜੋ ਪਰਦੇਸ ਗਿਆ (ਗਈ) ਹੋਵੇ, ਪਰਦੇਸ ਦਾ (ਦੀ) ਰਹਿਣ ਵਾਲਾ (ਲੀ) ॥

**ਪਰਧਾਨ**, ਪੁ: ਸ:—ਸਰਦਾਰ, ਵੱਡਾ, ਆਗੂ, ਪੈਂਚ, ਵਜ਼ੀਰ ॥

**ਪਰਧਾਨਾ**, ਵਿ:—ਪਰਧਾਨ, ਵੱਡਾ (ਦਾਨਾ ਪਰਧਾਨਾ) ॥

**ਪਰਨੱਤਾ**, ਪੁ: **ਪਰਨੱਤੀ**, ਸ: ਛੇਵੀਂ ਪੀੜ੍ਹੀ ਦੀ ਉਲਾਦ ॥

**ਪਰਨਾ**, ਪੁ:—ਰੁਮਾਲ, ਸਾਫਾ, ਅੰਗੋਛਾ, ਛਰੋਸਾ ॥

**ਪਰਨਾਹ (ਹੁ)**, ਪੁ:—ਵਿਆਹ ਸ਼ਾਦੀ ॥

**ਪਰਨਾਉਣਾ**, ਕ੍ਰਿ:—ਵਿਆਹ ਕਰਾਉਣਾ ।

**ਪਰਨਾਰ (ਰੀ)**, ਸ:—ਪਰਾਈ ਇਸਤ੍ਰੀ, ਦੂਜੇ ਦੀ ਤੀਮਤ ॥

**ਪਰਨਾਲਾ**, ਪੁ:—ਛੱਤ ਤੋਂ ਪਾਣੀ ਵਗਾਕੇ ਲੈ ਜਾਣ ਵਾਲੀ ਨਾਲੀ, ਵਹਿਣੀ, ਮੋਰੀ, ਪਾੜਛਾ ॥

**ਪਰਨਾਲੀ**, ਸ:—ਛੋਟਾ ਪਰਨਾਲਾ, ਮੋਟੇ ਆਦਮੀ ਜਾਂ ਪਸ਼ੂ ਦੀ ਪਿੱਠ ਦੀ ਹੱਡੀ ਦੇ ਦੋਹੀਂ ਪਾਸੀਂ ਜੋ ਖਾਲੀ ਜਾ ਹੁੰਦੀ ਹੈ ॥

**ਪਰਨਾਮ**, ਪੁ:—ਨਮਸਕਾਰ, ਮੱਥਾ ਟੇਕਣਾ ।

**ਪਰਨੇ**, ਕ੍ਰਿ: ਵਿ:—ਪੱਸੇ, ਵੱਲ, ਦੇ ਭਾਰ (ਸਿਰ ਪਰਨੇ) ।

**ਪਰਨੇਹ**, ਪੁ:—ਅੱਖਾਂ ਦੀ ਪਲਕਣ ਦਾ ਰੋਗ

**ਪਰਪੰਚ**, ਪੁ:—ਧੋਖਾ, ਛਲ, ਝੂਠ, ਸੰਸਾਰ ॥

**ਪਰਪੰਚੀ**, ਵਿ:—ਫਰੇਬੀ, ਝੂਠਾ, ਛਲੀਆ ।

**ਪਰਪਾਟਾ**, **ਪਰਪਾਟੀ**, ਸ:—ਰੀਤ, ਚਾਲ, ਦਸਤੂਰ, ਸੁਭਾਉ, ਜੋ ਭੇਦ ਦੱਸ ਦੇਵੇ, ਗੱਪਾਂ ਬਣਾਉਣ ਵਾਲਾ (ਲੀ) ॥

**ਪਰਫੁੱਲਤ**, ਵਿ:—ਖੁਸ਼, ਪਰਸੰਨ, ਖਿੜਿਆ ਹੋਯਾ ।

**ਪਰਬ**, ਪੁ:—ਧਰਮ ਕਰਮ ਦਾ ਦਿਨ ਜਾਂ ਸਮਾਂ, ਵਰ੍ਹੇ ਪਿੱਛੋਂ ਆਉਣ ਵਾਲਾ ਦਿਨ, ਮਹਾਭਾਰਤ ਦੇ ਹਿੱਸੇ ॥

**ਪਰਬਸੀਆ**, ਵਿ:—ਦੂਜੇ ਦੇ ਹੱਥ, ਜਿਸਦਾ ਨਿਰ-ਣਾ ਨਹੀਂ ॥

**ਪਰਬਤ**, ਪੁ:—ਪਹਾੜ, ਟਿੱਲਾ ॥

**ਪਰਬਤੀ**, ਸ:—ਘੋੜੇ ਦੀ ਕਾਠੀ ਦਾ ਉੱਤਲਾ ਹਿੱਸਾ ॥
ਵਿ:—ਪਰਬਤ ਦਾ, ਪਹਾੜ ਦਾ, ਪਹਾੜੀ ॥

Digitized by Panjab Digital Library | www.panjabdigilib.org

**ਪਰਬਤੀ**
**ਪਰਬਤੀਆ** } ਪੁ:—ਪਹਾੜ ਵਿੱਚ ਰਹਿਣ ਵਾਲਾ।

**ਪਰਬੰਧ,** (ਪ੍ਰਬੰਧ), ਪੁ:—ਬੰਦੋਬਸਤ, ਨੇਮ ਮੂਜਬ ਕੰਮ ਕਰਨਾ॥

**ਪ੍ਰਬੰਧਕ,** ਪੁ:—ਪ੍ਰਬੰਧ ਕਰਨ ਵਾਲਾ: ਮੈਨੇਜਰ॥

**ਪਰਬਲ,** ਵਿ:—ਬਹੁਤ ਕਰੜਾ, ਜ਼ੋਰਾਵਰ, ਡਾਢਾ॥

**ਪਰਬੀਣ,** ਵਿ:—ਸਿਆਣਾ, ਚਤਰ, ਜਾਣੂ॥

**ਪਰਬੇਸ,** ਪੁ:—ਅੰਦਰ ਵੜਨਾ, ਦਾਖਲ ਹੋਣਾ, ਪਹੁੰਚ॥

**ਪਰਬੇਖਣ,** ਪੁ: ਸ:—ਪਿਤਰਾਂ ਦੇ ਨਮਿੱਤ ਜੋ ਦਿੱਤਾ ਜਾਏ॥

**ਪ੍ਰਭ**
**ਪਰਭ** } ਪੁ:—ਮਾਲਕ, ਸਾਈਂ, ਪਰਮੇਸ਼ਰ। ਜਜਮਾਨ (ਮਿਰਾਸੀ ਦਾ)॥

**ਪਰਭੱਕਰ**
**ਪਰਭਾਕਰ** } ਪੁ:—ਸੂਰਜ, ਬ੍ਰਹਮਣਾਂ ਦੀ ਇੱਕ ਜਾਤ॥

**ਪਰਭਾਉ,** ਪੁ:—ਰੀਤ, ਚਾਲ, ਦਸਤੂਰ, ਵਰਤਾਰਾ॥

**ਪਰਭਾਈ,** ਸ:—ਮਾਲਕੀ, ਵਡਿਆਈ, ਸਰਦਾਰੀ

**ਪਰਭਾਣੀ,** ਸ:—ਮਿਰਾਸੀ ਦੀ ਜਜਮਾਨਣੀ, ਵੱਡੇ ਘਰ ਦੀ ਤੀਵੀਂ॥

**ਪਰਭਾਤ,** ਸ:—ਬਹੁਤ ਸਵੇਰ ਦਾ ਵੇਲਾ।

**ਪਰਭਾਤੀ,** ਸ:—ਪਰਭਾਤ ਦੇ ਵੇਲੇ ਦਾ ਇੱਕ ਰਾਗ॥

**ਪ੍ਰਭੂ**
**ਪਰਭੂ** } ਪੁ:—'ਪ੍ਰਭ' ਡੇਖੋ॥

**ਪਰਮ,** ਵਿ:—ਬਹੁਤ ਅੱਛਾ, ਉੱਤਮ, ਵੱਡਾ, ਬਹੁਤ॥

**ਪਰਮ ਹੰਸ,** ਪੁ:—ਬੜਾ ਭਾਰਾ ਸੰਤ ਜਿਸਨੇ ਮਨ ਨੂੰ ਜਿੱਤਿਆ ਹੈ।

**ਪਰਮ ਗਤੀ,** ਸ:—ਮੁਕਤੀ, ਮੋਖ, ਦੁੱਖੋਂ ਛੁੱਟਣਾ॥

**ਪਰਮ ਗਿਆਨ,** ਪੁ:—ਪਰਮੇਸਰ ਨੂੰ ਜਾਣ ਲੈਣਾ।

**ਪਰਮ ਪਦ,** ਸ:—ਉੱਚੀ ਪਦਵੀ ਜਾਂ ਦਰਜਾ, ਮੁਕਤੀ॥

**ਪਰਮ ਪਰਾਂ,** ਕ੍ਰਿ:—ਮੁੱਢ ਤੋਂ, ਪੀੜ੍ਹੀਆਂ ਤੋਂ॥

**ਪਰਮ ਪੁਰਖ (ਸ਼),** ਪੁ:—ਪਰਮੇਸਰ, ਪਾਰਬ੍ਰਹਮ

**ਪਰਮਲ,** ਪੁ:—ਭੁੱਜ ਕੇ ਫੁੱਲੇ ਹੋਏ ਚੌਲ, ਮੁਰਮੁਰੇ।

**ਪਰਮਾਣ,** ਪੁ:—ਸਬੂਤ, ਸਾਖੀ, ਹੱਦ, ਦ੍ਰਿਸ਼ਟਾਂਤ, ਦੁਆ ਦੀ ਖੁਰਾਕ, ਚੀਜ਼ ਦਾ ਤੋਲ ਜਾਂ ਮਾਪ। ਵਿ:—ਮੰਨਿਆ ਹੋਇਆ॥

**ਪਰਮਾਤਮਾ,** ਪੁ:—ਪਰਮੇਸ਼ਰ, ਪਾਰਬ੍ਰਹਮ, ਕਰਤਾਰ।

**ਪਰਮਾਨੰਦ,** ਪੁ:—ਮੁਕਤੀ ਦਾ ਸੁਖ॥

**ਪਰਮਾਰਥ,** ਪੁ:—ਸਭ ਤੋਂ ਚੰਗਾ ਅਰਥ ਜਾਂ ਪਰੋਜਨ, ਧਰਮ, ਪੁੰਨ, ਆਤਮ ਗਿਆਨ, ਮੋਖ, ਮੁਕਤੀ॥

**ਪਰਮਾਰਥੀ,** ਵਿ:—ਧਰਮਾਤਮਾ, ਨੇਕ, ਭਗਤ॥

**ਪਰਮੇ**
**ਪਰਮੇਉ** } ਪੁ:—ਗਰਮੀ ਨਾਲ ਹੋਣ ਵਾਲਾ ਰੋਗ॥

Digitized by Panjab Digital Library | www.panjabdigilib.org

**ਪਰਮੇਸਰ, ਪਰਮੇਸੁਰ, ਪਰਮੇਸੂਰ,** ਪੁ:—ਜੋ ਸੰਸਾਰ ਨੂੰ ਰਚਦਾ ਪਾਲਦਾ ਅਤੇ ਨਾਸ ਕਰਦਾ ਹੈ, ਕਰਤਾਰ, ਖੁਦਾ।

**ਪਰਮੇਸਰ ਕਰੇ,** ਵਿਸਮਯ:—ਮੈਂ ਪਰਮੇਸਰ ਤੋਂ ਇਹ ਮੰਗਦਾ ਹਾਂ।

**ਪਰਮੇਸਰੀ ਨੋਟ,** ਪੁ:—'ਤਮਸਕ' ਵੇਖੋ, ਸਰਕਾਰੀ ਤਮੱਸਕ॥

**ਪਰਲ ਪਰਲ,** ਪੁ:—ਪਾਣੀ ਜਾਂ ਹੰਝੂਆਂ ਦਾ ਲਗਾਤਾਰ ਕਿਰਨਾ (ਪੈਣਾ, ਚਲਣਾ)।

**ਪਰਲਾ,** ਵਿ:—ਦੂਜੇ ਪਾਸੇ ਦਾ, ਅਗਲਾ।

**ਪਰਲਾ ਪਾਰ,** ਕ੍ਰਿ, ਵਿ:—ਦੂਜੇ ਪਾਸੇ, ਦੂਰ, ਹੱਦੋਂ ਬਾਹਰਾ॥

**ਪਰਲਾ ਪੀਠ,** ਸ:—ਤਬਾਹੀ, ਬਰਬਾਦੀ। ਵਿ:—ਤਬਾਹ॥

**ਪਰਲੇ ਸਿਰੇ ਦਾ, ਪਰਲੇ ਦਰਜੇ ਦਾ,** ਵਿ:—ਬਹੁਤ ਹੀ, ਅੰਤ, ਹੱਦੋਂ ਬਾਹਰਾ॥

**ਪਰਲਾਦ,** ਪੁ:—ਇੱਕ ਮਸ਼ਹੂਰ ਭਗਤ॥

**ਪਰਲ ਪਕ,** ਵਿ:—ਬਕਵਾਦੀ, ਜੋ ਗੱਲਾਂ ਬਣਾਵੇ।

**ਪਰਲੂ (ਲੋ),** ਸ:—ਜਗਤ ਦਾ ਨਾਸ, ਕਿਆਮਤ, ਜ਼ੁਲਮ, ਬਿਪਤਾ॥

**ਪ੍ਰਲੋਕ,** ਪੁ:—'ਪਰ' ਵਿੱਚ ਵੇਖੋ॥

**ਪਰਵਸਤੀ,** ਸ:—ਪਾਲਨਾ, ਰੱਛਿਆ, ਸਹਾਇਤਾ।

**ਪਰਵਦਗਾਰ, ਪਰਵਰਦਗਾਰ,** ਪੁ:—ਪਾਲਣ ਵਾਲਾ, ਪਰਮੇਸਰ

**ਪਰਵਾ,** ਪੁ:—ਏਕਮ ਦੀ ਥਿਤ॥

**ਪਰਵਾਈ,** ਸ:—ਪੂਰਾ, ਪੂਰਬ ਦੀ ਪੌਣ (ਵਾਉ)॥

**ਪਰਵਾਹ,** ਸ:—ਚਿੰਤਾ, ਫ਼ਿਕਰ॥
ਪੁ:—ਨਦੀ ਦਾ ਵਹਿਣ॥

**ਪਰਵਾਹੁਣਾ,** ਕ੍ਰਿ:—ਰੋੜ੍ਹ ਦੇਣਾ, ਵਗਾਉਣਾ।

**ਪਰਵਾਣ,** ਵਿ:—ਮਨਜ਼ੂਰ, ਮੰਨਿਆ ਹੋਇਆ, ਠੀਕ ਹੁੰਦਾ।

**ਪਰਵਾਣਗੀ,** ਸ:—ਆਗਿਆ, ਹੁਕਮ॥

**ਪਰਵਾਨਾ,** ਪੁ:—ਲਿਖਿਆ ਹੋਇਆ ਹੁਕਮ, ਲਿਖਤ।

**ਪਰਵਾਰ,** ਪੁ:—ਟੱਬਰ, ਕਬੀਲਾ, ਚੰਦ੍ਰਮਾਂ ਦੇ ਗਿਰਦੇ ਜੋ ਬਾਦਲ ਦਾ ਘੇਰਾ ਕਦੇ ਕਦੇ ਪੈ ਜਾਂਦਾ ਹੈ॥

**ਪਰਵਾਲ,** ਪੁ:—ਅੱਖਾਂ ਦੇ ਅੰਦਰ ਉੱਗੇ ਹੋਏ ਵਾਲ॥

**ਪਰਵਿਸਟਾ,** ਪੁ:—ਮਹੀਨੇ ਦਾ ਦਿਨ, ਤਰੀਕ॥

**ਪਰਵਿਰਤ,** ਵਿ:—ਰੁੱਝਾ ਹੋਇਆ, ਲੱਗਾ ਹੋਇਆ॥

**ਪਰਵਿਰਤੀ,** ਸ:—ਕਿਸੇ ਕੰਮ ਵਿੱਚ ਲੱਗਣਾ, ਰੁੱਝਣਾ॥

**ਪਰਵੇਸ,** ਪੁ:—ਅੰਦਰ ਵੜਨਾ, ਪਹੁੰਚ, ਨਵੇਂ ਘਰ ਵਿਚ ਜਾਣ ਤੋਂ ਪਹਿਲੇ ਜੋ ਰੀਤ ਕੀਤੀ ਜਾਂਦੀ ਹੈ॥

**ਪਰਾ,** ਪੁ:—ਕਤਾਰ, ਸੋਹਣਾ ਮਨੁਖ; ਲੋਹੇ ਦੀ ਕਲਮ ਦੀ ਚੁੰਝ॥

Digitized by Panjab Digital Library | www.panjabdigilib.org

**ਪਰਾ ਬੰਨ੍ਹਣਾ,** ਕ੍ਰਿ:—ਕਤਾਰ ਬਣਾ ਕੇ ਖੜੇ ਹੋ ਜਾਣਾ ॥

**ਪਰ੍ਹਾਂ,** ਕ੍ਰਿ:, ਵਿ:-'ਪਰ੍ਹੇ' ਵੇਖੋ ॥

**ਪਰਾਉਠਾ, ਪਰਾਂਉਠਾ,** ਪੁ:-ਘੇਉ ਲਾ ਕੇ ਪਕਾਈ ਹੋਈ ਰੋਟੀ ।

**ਪਰਾਉਠੀ, ਪਰਾਉਂਠੀ,** ਸ:-ਛੋਟਾ ਪਰਾਉਂਠਾ ।

**ਪਰਾਇਆ,** ਪੁ:, ਵਿ:-ਓਪਰਾ, ਬਿਗਾਨਾ, ਦੂਜੇ ਦਾ ॥

**ਪਰਾਇਚਾ,** ਪੁ:-ਫਿਰ ਕੇ ਮਾਲ ਵੇਚਣ ਵਾਲਾ ਇੱਕ ਜਾਤ ॥

**ਪਰਾਇਣ,** ਸ:-ਬਲਦ ਹੱਕਣ ਵਾਲੀ ਲਕੜੀ।

**ਪਰਾਈ,** ਸ:-ਵਿ:—ਓਪਰੀ, ਬਿਗਾਨੇ ਦੀ, ਦੂਜੇ ਦੀ ॥

**ਪ੍ਰਾਈਮਰ,** ਸ:—ਪਹਿਲੀ ਕਿਤਾਬ ॥

**ਪ੍ਰਾਈਮਰੀ,** ਸ:—ਮੁੱਢ ਦੀ ਪੜ੍ਹਾਈ ॥
ਵਿ:—ਜਿਸ ਵਿੱਚ ਮੁੱਢ ਦੀ ਪੜ੍ਹਾਈ ਹੋਵੇ ॥

**ਪ੍ਰਾਈਵੇਟ,** ਵਿ:—ਖਾਸ ਆਪਣਾ, ਗੁੱਝਾ, ਘਰ ਦਾ, ਅੰਦਰਲਾ ।

**ਪਰਾਸਚਿਤ, ਪਰਾਹਚਿਤ,** ਪੁ:—ਪਾਪ ਉਤਾਰਨ ਲਈ ਜੋ ਕਰਮ ਕੀਤਾ ਜਾਵੇ ॥

**ਪਰਾਹੁਣ ਚਾਰੀ,** ਸ:—ਪਰਾਹੁਣੇ ਦੀ ਖਾਤਰ ॥

**ਪਰਾਹੁਣਾ,** ਪੁ:—ਥੋੜੇ ਚਿਰ ਲਈ ਜੋ ਮਨੁੱਖ ਕਿਸੇ ਦੇ ਘਰ ਜਾਵੇ ॥

**ਪਰਾਕ,** ਪੁ:—ਖੰਡ ਪਾ ਕੇ ਘੇਉ ਵਿੱਚ ਤਲੀ ਹੋਈ ਵੱਡੀ ਰੋਟੀ ॥

**ਪਰਾਕਰਮ, ਪਰਾਕ੍ਰਮ,** ਪੁ:—ਬਲ, ਤਾਕਤ, ਜ਼ੋਰ ॥

**ਪਰਾਕਰਮਣ,** ਸ:, **ਪਰਾਕਰਮੀ,** ਪੁ:, ਵਿ:—ਜਿਸ ਵਿੱਚ ਪਰਾਕਰਮ ਹੈ, ਮਹਾਂਬਲੀ॥

**ਪਰਾਕ੍ਰਿਤ,** ਸ:—ਆਮ ਲੋਕਾਂ ਦੀ ਬੋਲੀ, ਜਿਸ ਬੋਲੀ ਤੋਂ ਹਿੰਦੁਸਤਾਨ ਦੀਆਂ ਪ੍ਰਚਲਤ ਬੋਲੀਆਂ ਬਣੀਆਂ ਹਨ ।

**ਪਰਾਕੜੀ,** ਸ:—ਛੋਟਾ ਪਰਾਕ, ਇੱਕ ਮਠਿਆਈ ॥

**ਪਰਾਖੋਰੀ,** ਸ:—ਨੌਕਰੀ, ਸੇਵਾ ॥

**ਪਰਾਗ, ਪਰਾਗ ਰਾਜ,** ਪੁ:—ਜਿੱਥੇ ਗੰਗਾ ਜਮਨਾ ਮਿਲਦੀਆਂ ਹਨ ॥

**ਪਰਾਗਾ, ਪਰੋਂਗਾ,** ਪੁ:—ਜਿੰਨਾਂ ਅਨਾਜ ਚੱਕੀ ਕੜਾਹ ਆਦਿਕ ਵਿੱਚ ਇੱਕੋ ਵਾਰ ਪਾਇਆ ਜਾਵੇ ॥

**ਪਰਾਚਾ,** ਪੁ:—ਪਰੋਣ ਵਾਲਾ (ਗਹਿਣੇ ਆਦਿਕ) ॥

**ਪਰਾਚੀਨ, ਪ੍ਰਾਚੀਨ,** ਵਿ:—ਪੁਰਾਣਾ, ਪਿਛਲੇ ਸਮੇਂ ਦਾ ॥

**ਪਰਾਣ, ਪ੍ਰਾਣ,** ਪੁ:—ਸਾਹ, ਜਿੰਦ, ਰੂਹ, ਪਿਆਰਾ, [illegible] ।

**ਪਰਾਣ ਛੁਟਣੇ, ਤਿਆਗਣੇ ਦੇਣੇ ਜਾਂ ਨਿਕਲਣੇ,** ਕ੍ਰਿ:—ਮਰਨਾ, ਹੌਸਲਾ ਹਾਰਨਾ।

Digitized by Panjab Digital Library | www.panjabdigilib.org

**ਪਰਾਣ ਪਰਤਿਸ਼ਟਾ,** ਸ:—ਮੰਤ੍ਰ ਪੜ੍ਹ ਕੇ ਮੂਰਤੀ ਵਿਚ ਦੇਵਤੇ ਦੀ ਸੱਤ੍ਯਾ ਲਿਆਉਣੀ।

**ਪਰਾਣਾ,** ਪੁ:—ਖੂਹ ਵਿੱਚੋਂ ਪਾਣੀ ਕੱਢਣ ਵਾਲੇ ਬਲਦਾਂ ਦੀ ਥਾਂ।

**ਪਰਾਣੀ / ਪ੍ਰਾਣੀ** ਪੁ:—ਜੀਵ, ਆਤਮਾ, ਮਨੁਖ, ਪ੍ਰੇਤ।

**ਪਰਾਤ / ਪ੍ਰਾਤ** ਸ:—ਵਾਢੀ ਜਾਂ ਖ਼ੁਦਾਈ ਵਿੱਚ ਖੇਤ ਦੇ ਵਿਚੋਂ ਜੋ ਰਾਹ ਬਣ ਜਾਣ, ਆਟਾ ਗੁੰਨ੍ਹਣ ਵਾਲਾ ਚੌੜਾ ਭਾਂਡਾ।

**ਪਰਾਤ (ਤਾ) / ਪ੍ਰਾਤ (ਤਾ)** ਸ:—ਸਵੇਰ ਦਾ ਵੇਲਾ (ਪ੍ਰਾਤ ਕਾਲ)॥

**ਪਰਾਤੜਾ,** ਪੁ:—ਆਟਾ ਗੁੰਨ੍ਹਣ ਵਾਲਾ ਕਾਠੜਾ॥

**ਪਰਾਂਦਾ,** ਪੁ: / **ਪਰਾਂਦੀ,** ਸ: ਤੀਮਤਾਂ ਦੇ ਸਿਰ ਦੇ ਵਾਲ ਜਿਸ ਸੂਤ੍ਰ ਦੇ ਨਾਲ ਗੁੰਦ ਕੇ ਗੁੰਦਦੇ ਹਨ। ਇੱਕ ਗਹਿਣਾ।

**ਪਰਾਧੀਣ,** ਵਿ:—'ਪਰ' ਵਿੱਚ 'ਪਰ ਅਧੀਨ' ਵੇਖੋ॥

**ਪਰਾਪਤ,** ਸ:—ਕੋਈ ਚੀਜ਼ ਮਿਲਣੀ, ਲਾਭ (ਹੋਣਾ)॥
ਵਿ:—ਮਿਲਿਆ ਹੋਯਾ, ਜੋ ਚੀਜ਼ ਲਭੇ, ਹਾਸਲ॥

**ਪਰਾਯਾ,** ਪੁ:—'ਪਰਾਇਆ' ਵੇਖੋ

**ਪਰਾਰ,** ਪੁ:—ਪਿਛਲੇ ਸਾਲ ਤੋਂ ਪਹਿਲਾ ਜਾਂ ਅਗਲੇ ਸਾਲ ਤੋਂ ਅਗਲਾ ਸਾਲ।

**ਪਰਾਰਥਣਾ / ਪ੍ਰਾਰਥਣਾ** ਸ:—ਬੇਨਤੀ, ਅਰਦਾਸ, ਅਰਜ਼॥

**ਪਰਾਲ,** ਪੁ:—ਜੀਰੇ ਦੇ ਬਚੇ ਹੋਏ ਰੁੱਖ ਕਾਨਾ, ਤੇਹ ਆਦਿਕ॥

**ਪਰਾਲਭਤ / ਪਰਾਲਬਧ** ਸ:—ਕਿਸਮਤ, ਭਾਗ, ਨਸੀਬ ਕਰਮ, (ਹੋਣੀ)

**ਪਰਾਲੀ,** ਸ:—ਧਾਨ ਆਦਿਕ ਦਾ ਨਾੜ ਜੋ ਹੇਠਾਂ ਵਿਛਾਕੇ ਗਰੀਬ ਲੋਕ ਸੌਂਦੇ ਹਨ। ਕਮੀਨਾ ਮਨੁੱਖ॥

**ਪ੍ਰਿੰਸ ਆਫ ਵੇਲਜ਼,** ਪੁ:—ਇੰਗਲਿਸਤਾਨ ਦੇ ਪਾਤਸ਼ਾਹ ਦਾ ਸਭ ਤੋਂ ਵੱਡਾ ਸ਼ਜ਼ਾਦਾ॥

**ਪ੍ਰਿੰਸਪਲ,** ਪੁ:—ਕਾਲਜ ਦਾ ਸਭ ਤੋਂ ਵੱਡਾ ਪ੍ਰੋਫ਼ੈਸਰ।

**ਪਰਿਹਾ,** ਸ: ਪੁ:—ਪੰਚੈਤ, ਕੱਠ, ਸਭਾ॥

**ਪਰਿੱਖਕ,** ਪੁ:—ਪਰਿੱਖਿਆ ਲੈਣ ਵਾਲਾ॥

**ਪਰਿੱਖਿਆ,** ਸ:—ਪਰਖ, ਜਾਚ, ਸਬੂਤ, ਪਰਤਾਵਾ, ਇਮਤਹਾਨ॥

**ਪ੍ਰਿੰਟਰ,** ਪੁ:—ਛਾਪਣ ਵਾਲਾ।

**ਪਰਿਤਮਾ / ਪ੍ਰਿਤਮਾ** ਸ:—ਮੂਰਤ, ਬੁਤ।

**ਪਰਿਥਵੀ / ਪ੍ਰਿਥਵੀ** ਸ:—ਧਰਤੀ, ਜ਼ਮੀਨ, ਭੋਂ

**ਪ੍ਰਿਥਵੀ ਨਾਥ / ਪ੍ਰਿਥਵੀ ਪਤੀ / ਪ੍ਰਿਥਵੀ ਪਾਲ** ਪੁ:—ਰਾਜਾ, ਮਾਲਕ, ਸਾਈਂ, ਪਰਮੇਸ਼ਰ॥

**ਪਰਿਭਾਖਾ,** ਸ:—ਕਿਸੇ ਵਿਦਯਾ ਦੇ ਖਾਸ ਪਦ॥

**ਪਰੀ,** ਸ:—ਪਰਾਂ ਵਾਲੀ ਸੁੰਦਰ ਇਸਤ੍ਰੀ, ਕੋਈ ਸੁੰਦਰ ਤੀਮੀਂ, ਬਹੁਤ ਸੋਹਣੀ ਤ੍ਰੀਮਤ॥

Digitized by Panjab Digital Library | www.panjabdigilib.org

**ਪਰੀਬੰਦ,** ਪੁ:—ਇੱਕ ਗਹਿਣਾ ॥

**ਪਰੀਹਣਾ,** ਕ੍ਰਿ:—ਛੇਮਨ ਫੈਲਣਾ ਜਾਂ ਥਾਲ ਵਿੱਚ ਪਾ ਕੇ ਖਾਣ ਨੂੰ ਦੇਣਾ, ਪਰੋਸਣਾ ।

**ਪਰੀਹਣੀ,** ਸ:—ਪਰੀਹਣ ਦਾ ਕੰਮ, ਖ ਤਰ ॥

**ਪਰੀਹਾ,** ਪੁ:—ਪਰੀਹਣ ਵਾਲਾ ॥

**ਪਰੀਖਿਆ / ਪਰੀਛਿਆ** } ਸ:—'ਪਰਿੱਖਿਆ' ਵੇਖੋ ।

**ਪਰੀਠਾ,** ਪੁ:—ਵੰਗ ਸੁਆਰਥ ਵਿੱਚ ਜਿੰਨੀ ਖਾਣ ਵਾਲੀ ਸ਼ੈ ਭਾਈ ਚਾਰੇ ਵਿੱਚ ਵੰਡੀ ਜਾਵੇ । ਰੀਠਾ ॥

**ਪਰੀਤ / ਪ੍ਰੀਤ** } ਸ:—ਪਿਆਰ, ਮਹੱਬਤ, ਨੇਹੁੰ, ਦੋਸਤੀ (ਹੋਣੀ, ਲੱਗਣੀ) ।

**ਪਰੀਤਮ / ਪ੍ਰੀਤਮ** } ਪੁ:, ਵਿ:—ਜਿਸ ਨਾਲ ਪ੍ਰੀਤ ਹੋਵੇ, ਪਿਆਰਾ

**ਪਰੀਤਾ / ਪ੍ਰੀਤਾ** } ਪੁ:—ਵਿਆਹ ਦੀ ਕਿਰਤ ਕਰਾਉਣ ਵਾਲੇ ਬ੍ਰਾਹਮਣਾਂ ਵਿੱਚੋਂ ਉਹ ਜੋ ਉੱਪਰਲਾ ਕੰਮ ਕਰੇ ।

**ਪਰੂੰ,** ਕ੍ਰਿ: ਵਿ:—ਪਿਛਲੇ ਵਰ੍ਹੇ, ਅਗਲੇ ਵਰ੍ਹੇ ।

**ਪ੍ਰੂਫ,** ਪੁ:—ਪਹਿਲੀ ਛਪਾਈ ਦੀ ਕਾਪੀ ਜਿਸ ਨੂੰ ਠੀਕ ਕਰਕੇ ਫੇਰ ਛਾਪਦੇ ਹਨ ॥

**ਪਰੇ,** ਕ੍ਰਿ: ਵਿ:—ਸਾਮ੍ਹਣੇ, ਦੂਰ, ਦੂਜੇ ਪਾਸੇ, ਹੱਦ ਲੰਘ ਕੇ ॥

**ਪਰੇ ਪਰੇਡੇ (ਰੇ) / ਪਰੇ ਵਾਰ** } ਕ੍ਰਿ: ਵਿ:—ਬਹੁਤ ਪਰੇ, ਵਿਥ ਨਾਲ ॥

**ਪਰੇਸ (ਪ੍ਰੈਸ),** ਪੁ:—ਛਾਪਾ ਖਾਨਾ ॥

**ਪ੍ਰੈਸ ਮੈਨ,** ਪੁ:—ਛਾਪੇ ਖਾਨੇ ਵਿੱਚ ਛਪਾਈ ਦਾ ਕਮ ਕਰਨ ਵਾਲਾ ॥

**ਪਰੇਸ਼ਟਾ,** ਪੁ:—ਭੂਤ, ਪ੍ਰੇਤ, ਜਿੰਨ ।

**ਪਰੇਸ਼ਨ,** ਪੁ:—'ਆਪਰੇਸ਼ਨ' ਵੇਖੋ ॥

**ਪਰੇਸ਼ਾਨ,** ਵਿ:—ਘਾਬਰਿਆ ਹੋਯਾ, ਹਰਾਨ (ਹੋਣਾ, ਕਰਨਾ) ॥

**ਪਰੇਸ਼ਾਨੀ,** ਸ:—ਘਬਰਾਟ, ਹਰਾਨੀ ॥

**ਪਰੇਖਾ,** ਸ:—'ਪਰਿੱਖਿਆ' ਵੇਖੋ ॥

**ਪਰੇਡ,** ਸ:—ਸਿਪਾਹੀਆਂ ਦਾ ਕਵਾਇਦ [illegible] ਵਾਲਾ ਮਦਾਨ, ਕਵੈਦ ।

**ਪਰੇਤ,** ਪੁ: / **ਪਰੇਤਣੀ,** ਸ: } ਮੋਏ ਹੋਏ ਮਨੁੱਖ ਦੀ ਰੂਹ, ਭੂਤ, ਗੰਦਾ ਆਦਮੀ ॥

**ਪਰੇਤ ਕਰਮ,** ਪੁ: / **ਪਰੇਤ ਕਿਰਿਆ,** ਸ: } ਮੋਏ ਹੋਏ ਨੂੰ ਪਿਤਰ ਲੋਕ ਵਿੱਚ ਪੁਚਾਉਣ ਲਈ ਜੋ ਧਾਰਮਕ ਰੀਤ ਕੀਤੀ ਜਾਏ ॥

**ਪਰੇਥਣ,** ਪੁ:—'ਪਲੇਥਣ' ਵੇਖੋ ।

**ਪਰੇਮ / ਪ੍ਰੇਮ** } ਪੁ:—ਸੱਚਾ ਪਿਆਰ, ਮਹੱਬਤ, ਪ੍ਰੀਤ, ਪਰਮ (ਪਰੇਮ ਦੁਖੀ) ॥

**ਪਰੇਮਣ,** ਸ: / **ਪਰੇਮੀ,** ਪੁ: } ਜੋ ਪਰੇਮ ਜਾਂ ਸੱਚੀ ਮਹੱਬਤ ਕਰੇ ॥

**ਪ੍ਰੇਮਾ ਭਗਤੀ,** ਸ:—ਪ੍ਰੇਮ ਨਾਲ ਜੋ ਭਗਤੀ ਕੀਤੀ ਜਾਵੇ ।

**ਪਰੇਲ,** ਸ:—ਤਾਸ਼ ਨਾਲ ਇਕ ਖੇਡ (ਜੂਆਰੀ ਦੀ) ॥

Digitized by Panjab Digital Library / www.panjabdigilib.org

**ਪ੍ਰੈਸ,** ਪੁ:—ਛਾਪਾ ਖ਼ਾਨਾ ।

**ਪ੍ਰੈਕਟਸ,** ਸ:—ਵਕੀਲ ਜਾਂ ਡਾਕਟਰ ਦਾ ਚੱਲਿਆ ਪੇਸ਼ਾ ਕੰਮ, ਅਭਿਆਸ, ਮਸ਼ਕ, ਕੰਮ ਦਾ ਬਾਰ ਬਾਰ ਕਰਨਾ ।

**ਪ੍ਰੈਜ਼ੀਡੈਂਟ,** ਪੁ:—ਸਭਾ ਦਾ ਮੋਹਰੀ, ਪਰਧਾਨ ॥

**ਪਰੋਸਣਾ,** ਕ੍ਰਿ:—'ਪਰੋਹਣਾ' ਵੇਖੋ ।

**ਪਰੋਸਾ,** ਪੁ:—ਪਰੋਸਣ ਵਾਲਾ, ਕਿਸੇ ਦੇ ਨਮਿੱਤ ਜੋ ਅੰਨ ਅਲਗ ਕਰਕੇ ਰੱਖਿਆ ਜਾਏ ਜਾਂ ਘੱਲਿਆ ਜਾਏ ।

**ਪ੍ਰੋਸੈਸ਼ਨ,** ਪੁ:—ਜਲੂਸ, ਸਵਾਰੀ ।

**ਪਰੋਹਤ,** ਪੁ:—ਕੁਲ ਦੀ ਰੀਤ ਰਸਮ ਕਰਾਉਣ ਵਾਲਾ ਬ੍ਰਾਹਮਣ

**ਪਰੋਹਤਣ (ਣੀ)**<br>**ਪਰੋਹਤਾਣੀ**<br>**ਪਰੋਹਤਿਆਣੀ** } ਸ:-ਪਰੋਹਤ ਦੀ ਵਹੁਟੀ

**ਪਰੋਖਾ,** ਵਿ:—ਅੱਖੋਂ ਪਰੇ, ਜੋ ਦਿਸੇ ਨਾ, ਜਿਸ ਦਾ ਪਤਾ ਨਹੀਂ ॥

**ਪਰੋਖੇ,** ਕ੍ਰਿ: ਵਿ:—ਓਹਲੇ, ਲੁਕ ਕੇ, ਛੁਪਕੇ

**ਪ੍ਰੋਗ੍ਰਾਮ,** ਪੁ:—ਜਲਸੇ ਆਦਿਕ ਦੇ ਵੇਲੇ ਦੀ ਵੰਡ ਦੱਸਣ ਵਾਲਾ ਇਸ਼ਤਿਹਾਰ ॥

**ਪਰੋਜਨ,** ਪੁ:—ਮਤਲਬ, ਮਨੋਰਥ, ਮਨਸ਼ਾ ।

**ਪਰੋਣਾ,** ਕ੍ਰਿ:—ਮਣਕੇ ਆਦਿਕਾਂ ਵਿੱਚੋਂ ਧਾਗਾ ਲੰਘਾ ਕੇ ਜੋੜਨਾ ।

**ਪਰੋਤਾ,** ਪੁ:—ਪਰੇਤਾ, ਪਹੀਆਂ ਨੂੰ ਨਿਸ਼ਾਨ ਲਾਉਣ ਵਾਲਾ ਪੈਮਾਨਾ ॥

**ਪਰੋਤੀ**<br>**ਪਰੋਤ੍ਰੀ** } ਸ:—'ਪੜੋਤੀ' ਵੇਖੋ ॥

**ਪਰੋਪਰਾਈਟਰ**<br>**ਪ੍ਰੋਪ੍ਰਾਈਟਰ** } ਵਿ:—ਕਾਰਖਾਨੇ ਆਦਿਕ ਦਾ ਮਾਲਕ ।

**ਪ੍ਰੋਫ਼ੈਸਰ,** ਪੁ:—ਕਾਲਜ ਵਿੱਚ ਪੜ੍ਹਾਉਣ ਵਾਲਾ, ਉਸਤਾਦ, ਕਿਸੇ ਵਿਦਿਆ ਦਾ ਵੱਡਾ ਜਾਣੂ ॥

**ਪਰੋਲਾ,** ਪੁ:—ਚੱਕੀ ਦਾ ਪੁੜ ਪੂੰਝਣ ਵਾਲਾ ਕਪੜਾ ॥

**ਪਰੌਠਾ, ਪਰੌਂਠਾ**<br>**ਪਰੌਠੀ, ਪਰੌਂਠੀ** } 'ਪਰਾਉਠਾ' ਆਦਿਕ ਵੇਖੋ ॥

**ਪਲ,** ਪੁ:—ਬਹੁਤ ਥੋੜਾ ਚਿਰ, ਘੜੀ ਦਾ ਸੱਠਵਾਂ ਹਿੱਸਾ ।

**ਇੱਕ ਪਲ ਵਿੱਚ**<br>**ਪਲ ਭਰ** } ਕ੍ਰਿ: ਵਿ:—ਬਹੁਤ ਹੀ ਛੇਤੀ

**ਪਲ ਝਲ,** ਪੁ: ਸ:—ਬਹੁਤ ਹੀ ਥੋੜਾ ਚਿਰ ॥

**ਪਲ ਪਲ**<br>**ਪਲ ਪਲ ਵਿੱਚ** } ਕ੍ਰਿ: ਵਿ: ਹਰ ਵੇਲੇ ॥

**ਪੱਲ,** ਸ:—ਬਾਂਸਾਂ ਦਾ ਖਾਨਾ ਜਿਸ ਵਿੱਚ ਦੋ ਤਿੰਨ ਸੌ ਮਣ ਵਸਤ ਆ ਜਾਵੇ ॥

**ਪਲਸ,** ਪੁ:—ਘੋੜੇ ਦੀਆਂ ਅਗਲੀਆਂ, ਪਛਲੀਆਂ ਲੱਤਾਂ ਬੰਨ੍ਹਣ ਵਾਲਾ ਰੱਸਾ (ਮਾਰ ਦੇਣਾ, ਲਾਉਣਾ)।

**ਪਲਸਤਰ,** ਪੁ:—ਚੂਨੇ ਜਾਂ ਮਿੱਟੀ ਦੀ ਲੇਂਬੀ ।

**ਪੱਲਹ,** ਪੁ:—ਲੇਖਾਂ ਦਾ ਫੇਰ (ਰੱਬ ਕੀਤਾ ਚੰਦ)।

Digitized by Panjab Digital Library | www.panjabdigilib.org

**ਪਲਸੇਟਾ,** ਪੁ:—ਲੇਟੇ ਹੋਏ ਪਾਸਾ ਵੱਟਣਾ, ਉਲਟ ਪੁਲਟ ਹੋਣਾ ( ਮਾਰਨਾ )॥

**ਪਲਕ,** ਪੁ:—ਅੱਖ ਦਾ ਛਪਰ, ਪਲ, ਥੋੜਾ ਚਿਰ।

**ਪਲੰਘ,** ਪੁ:—ਵੱਡਾ ਸੋਹਣਾ ਮੰਜਾ॥

**ਪਲੰਘ ਪੋਸ਼,** ਪੁ:—ਪਲੰਘ ਦਾ ਕਪੜਾ, ਇੱਕ ਚਾਦਰ॥

**ਪਲੰਘੀਰੀ,** ਸ:—ਛੋਟੀ ਸੋਹਣੀ ਮੰਜੀ॥

**ਪਲਚਣਾ,** ਕ੍ਰਿ:—ਫਸਣਾ, ਚੰਬੜਨਾ, ਅਟਕਣਾ॥

**ਪਲੰਜ,** ਪੁ:—ਤਰਖਾਣਾਂ ਦੀ ਮਿਣਤੀ ਦਾ ਇੱਕ ਓਜਾਰ।

**ਪਲਟਣ,** ਸ:—ਪਿਆਦੇ ਸਿਪਾਹੀਆਂ ਦਾ ਜੱਥਾ।

**ਪਲਟਣਾ,** ਕ੍ਰਿ: ਮੁੜਨਾ, ਪਰਤਣਾ, ਉਲਟਣਾ॥

**ਪਲਟਾ,** ਪੁ:—ਉਲਟ, ਨਾਸ, ਬਦਲੀ ( ਖਾਣ ਦੇਣਾ, ਮਾਰਨਾ )॥

**ਪਲਟਾਉਣਾ,** ਕ੍ਰਿ:—ਉਲਟਾਉਣਾ, ਮੋੜਨਾ, ਪਰਤਣਾ॥

**ਪਲਣਾ,** ਕ੍ਰਿ:-ਖੁਰਾਕ ਖਾਕੇ ਵਧਣਾ ਫੁੱਲਣਾ, ਮੋਟਾ ਹੋਣਾ, ਤਕੜਾ ਹੋਣਾ, ਨਰਮ ਹੋ ਜਾਣਾ(ਫਲ)॥

**ਪਲੱਥਾ,** ਪੁ:—ਲਕੜੀ ਦੀਆਂ ਤਲਵਾਰਾਂ ਦੀ ਖੇਡ ( ਖੇਡਣਾ, ਮਾਰਨਾ )॥

**ਪਲਥੀ,** ਸ:—ਲਿੰਗਾਂ ਦੇ ਭਾਰ ਬੈਠਣ ਦਾ ਢੰਗ ( ਮਾਰਨੀ )॥

**ਪਲੱਦੇ ਬਾਜ਼,** ਪੁ:—ਪਲੱਥਾ ਖੇਡਣ ਵਾਲਾ॥

**ਪਲਮਣਾ**
**ਪਲੂਮਣਾ** } ਕ੍ਰਿ:—ਲਟਕਣਾ, ਲਮਕਣਾ॥

**ਪਲਮਾਉਣਾ**
**ਪਲਮਾਣਾ** } ਕ੍ਰਿ:—ਲਟਕਾਉਣਾ, ਲਮਕਾਉਣਾ।

**ਪਲਵਲ,** ਪੁ:—ਇਕ ਰੁੱਖ ਜਿਸ ਦਾ ਫਲ ਰਿੰਨ੍ਹ ਕੇ ਖਾਦੇ ਹਨ॥

**ਪਲਵਾਉਣਾ** ਕ੍ਰਿ:—ਪਾਲਣ ਦਾ ਕੰਮ ਕਰਾਉਣਾ॥

**ਪਲਵਾਈ,** ਸ:—ਪਾਲਣ ਦਾ ਕੰਮ ਜਾਂ ਮਜੂਰੀ॥

**ਪੱਲੜਾ**
**ਪੱਲੜ** } ਪੁ:—ਕਪੜੇ ਦੀ ਕੰਨੀ, ਚਾਦਰ ਦਾ ਸਿਰਾ॥

**ਪਲਾ,** ਪੁ:—ਤੇਲ ਕੱਢਣ ਵਾਲਾ ਕੜਛੀ ਵਰਗਾ, ਲੋਹੇ ਦਾ ਡਾਡਾ॥

**ਪੱਲਾ,** ਪੁ:—ਦਿੱਥ, ਥਾਂ, ਤੱਕੜੀ, ਕਪੜੇ ਦੀ ਕੰਨੀ, ਖੀਸਾ, ਝੋਲੀ, ਤਾਕਤ, ਦਲੇਰੀ, ਘਾੜਿਆਂ ਬਲਦਾਂ ਦੀ ਕਿਸਮ॥

**ਪੱਲਾ ਕਰਨਾ,** ਕ੍ਰਿ:—ਖੈਰ ਵਾਸਤੇ ਝੋਲ ਅੱਡਣੀ।

**ਪੱਲਾ ਛੁਡਾਉਣਾ,** ਕ੍ਰਿ:—ਕਿਸੇ ਦੇ ਬੰਧੇ ਤੋਂ ਛੁੱਟਣਾ॥

**ਪੱਲਾ ਪਾਉਣਾ,** ਕ੍ਰਿ:—ਮੂੰਹ ਲਪੇਟ ਕੇ ਤੀਮੀਆਂ ਦਾ ਕਿਸੇ ਮੁਰਦੇ ਨੂੰ ਰੋਣਾ॥

**ਪੱਲੇ ਬੰਨ੍ਹਣਾ,** ਕ੍ਰਿ:—ਦਿਲ ਵਿਚ ਯਾਦ ਰੱਖਣਾ॥

**ਪਲਾਉਣਾ,** ਕ੍ਰਿ:—ਪਾਲਣੀ ਦੇਣਾ, ਪੀਣ ਦਾ ਕੰਮ ਕਰਾਉਣਾ, ਦੁੱਧ ਚੁੰਘਾਉਣਾ, ਸੱਟ ਲਾਉਣੀ, ਗੋਲੀ ਮਾਰਨੀ॥

**ਪਲਾਇਣ,** ਸ:—ਨੱਸ ਜਾਣਾ, ਦੌੜ ਜਾਣਾ, ਉਡਾਰੀ ॥

**ਪਲਾਈ,** ਸ:—ਪਲਾਉਣ ਦਾ ਕੰਮ ਜਾਂ ਮਜੂਰੀ।

**ਪਲਾਸ**
**ਪਲਾਹ** } ਪੁ:—ਇੱਕ ਰੁੱਖ ॥

**ਪਲਾਸ ਗੋਂਦ,** ਸ:—ਪਲਾਸ ਦਾ ਰਸ ਸੁਕਾਇਆ ਹੋਇਆ ॥

**ਪਲਾਸ ਪਾਪੜੀ,** ਸ:—ਪਲਾਸ ਦੇ ਬੀਜ ॥

**ਪਲਾਹ ਸੋਟਾ ਮਾਰਨਾ,** ਕ੍ਰਿ:—ਬੇ ਸੋਚੇ ਸਮਝੇ ਬੋਲ ਪੈਣਾ ॥

**ਪਲਾਹ ਜੜੀ,** ਸ:—ਇੱਕ ਜੰਗਲੀ ਬੇਲ ॥

**ਪਲਾਕ,** ਪੁ:—ਮੂੰਹ ਵਿੱਚੋਂ ਜੋ ਪਾਣੀ ਨਿਕਲੇ, ਪਤਲਾ ਦਸਤ, ਛੁੱਟ, ਛਾਲ, ਪੀਣ ਜਾਂ ਚੂੰਪਣ ਵਾਲਾ, ਜੋ ਬਹੁਤ ਹੁੱਕਾ ਪੀਵੇ ॥

**-ਲਾਕ ਮਾਰਨੀ,** ਕ੍ਰਿ:—ਧਰਤੀ ਤੋਂ ਕੁੱਦ ਕੇ ਘੋੜੇ ਤੇ ਚੜ੍ਹਨਾ, ਥੁੱਕ ਸਿੱਟਣਾ।

**ਪਲਾਕਾਂ ਛੁੱਟ ਜਾਣੀਆਂ,** ਕ੍ਰਿ:—ਪਤਲੇ ਦਸਤ ਆਉਣੇ ॥

**ਪਲਾਕੀ,** ਸ:—ਕੁੱਦ ਕੇ ਘੋੜੇ ਉੱਤੇ ਚੜ੍ਹਨਾ (ਮਾਰਨੀ) ॥

**ਪਲਾਂਘ,** ਪੁ:—ਛਾਲ, ਛੁੱਟ ॥

**ਪਲਾਂਘਾ,** ਪੁ:—ਇੱਕ ਖੇਡ ॥

**ਪਲਾਚ,** ਸ:—ਜੋ ਧਰਤੀ ਕੁਝ ਚਿਰ ਤਕ ਵਾਹੀ ਨਾ ਜਾਏ, ਇੱਕ ਤਰਾਂ ਦੀ ਰੂੰ ॥

**ਪਲਾਣ**
**ਪਲਾਣਾ** } ਪੁ:—ਘੋੜੇ ਖੱਚਰ ਆਦਿਕ ਪੁਰ ਪਾਣ ਵਾਲੀ ਗੱਦੀ।

**ਪਲਾਲ,** ਪੁ:—ਸ਼ੇਖੀ, ਫੜ, ਗੱਪ (ਪਲਾਲਾਂ ਮਾਰਨੀਆਂ)॥

**ਪਲਾਲਣ,** ਸ:
**ਪਲਾਲੀ,** ਪੁ: } ਜੋ ਸ਼ੇਖੀਆਂ ਮਾਰੇ, ਗੱਪੀ।

**ਪਲਿਆ ਪੋਸਿਆ,** ਵਿ:—ਪਲ ਕੇ ਤਕੜਾ ਹੋਇਆ ਹੋਇਆ।

**ਪਲਿਓਂ;** ਕ੍ਰਿ: ਵਿ:—ਆਪਣੇ ਪਾਸੋਂ (ਖਰਚ ਕਰਨਾ)।

**ਪਲੀ,** ਸ:—ਛੋਟਾ ਪਲਾ ॥

**ਪੱਲ੍ਹੀ,** ਸ:—ਛੋਲਿਆਂ ਦੇ ਹਰੇ ਪੱਤੇ ਜਿਨ੍ਹਾਂ ਨੂੰ ਰਿੰਨ੍ਹਦੇ ਹਨ।

**ਪਲੀਡਰ,** ਪੁ:—ਵਕੀਲ।

**ਪਲੀਤ,** ਵਿ: ਪੁ:—ਮੈਲਾ, ਗੰਦਾ, ਅਪਵਿੱਤ੍ਰ।

**ਪਲੀਤਾ,** ਪੁ:—ਬੰਦੂਕ ਦਾ ਤੋੜਾ, ਤੇਲ ਵਿੱਚ ਭਿੱਜੀ ਹੋਈ ਲੀਰ ਜੋ ਸ਼ਾਖੇ ਉੱਤੇ ਬੰਨ੍ਹਦੇ ਹਨ, ਇੱਕ ਤਰਾਂ ਦੀ ਵੱਟੀ ਅੱਗ ਲਾਉਣ ਵਾਲੀ, ਸੂਈਆਂ ਆਦਿਕ ਜਿਸ ਕਾਗਜ਼ ਵਿੱਚ ਲਪੇਟੀਆਂ ਹੁੰਦੀਆਂ ਹਨ, ਪਟਾਕਿਆਂ ਦੀ ਲੜੀ ॥

**ਪਲੀਤੀ,** ਸ:—ਮੈਲ, ਗੰਦ, ਪਲੀਤ ਹੋਣਾ, ਗੰਦਾ ਕੰਮ

**ਪੱਲ,** ਪੁ: ਸ:—ਖੰਡ ਦੇ ਬਣਾਉਣ ਵਿਚ ਜਿਸ ਕਪੜੇ ਉੱਤੇ ਖੰਡ ਪਾਕੇ ਸੁਕਾਉਂਦੇ ਹਨ ਅਤੇ ਹੇਠਾਂ ਸੀਰਾ ਨਿਕਲਦਾ ਹੈ ॥

**ਪੱਲੂ,** ਪੁ:—ਕੱਪੜੇ ਦੀ ਕੰਨੀ, ਸੂਲਾਂ ਦਾ ਛੱਬਾ, ਇੱਕ ਤਰਾਂ ਦੇ ਬੀਜ, ਪੱਲਾ ॥

Digitized by Panjab Digital Library | www.panjabdigilib.org

**ਪੱਲੂ ਪਾਉਣਾ,** ਕ੍ਰਿ:—'ਪੱਲਾ ਪਾਉਣਾ' ਵੇਖੋ॥

**ਪਲੂਤਾ,** ਪੁ:—ਗਾਹਲ।

**ਪੱਲੂਣਾ,** ਪੁ:—ਕੱਪੜੇ ਦੀ ਕੰਨੀ॥

**ਪਲੇਗ,** ਸ:—ਮਰੀ, ਬਵਾ, ਮਹਾਂ ਮਾਰੀ, ਤਊਨ

**ਪਲੇਟ,** ਪੁ:—ਕੋਟ ਆਦਿਕ ਉੱਤੇ ਸੀਓ ਕੇ ਲਾਈ ਹੋਈ ਲੰਮੀ ਪਟੀ (ਪਲੇਟ ਪਾਉਣ)॥

**ਪਲੇਟ ਫਾਰਮ,** ਪੁ:—ਰੇਲ ਦੇ ਸਟੇਸ਼ਨ ਉੱਤੇ ਲੰਮਾ ਥੜ੍ਹਾ॥

**ਪਲੇਠਣ,** ਸ:
**ਪਲੇਠੀ,** ਪੁ:
**ਪਲੇਠੀਦਾ,** ਪੁ: } ਵਿ:—ਪਹਿਲੀ ਉਲਾਦ,ਪਹਿਲੇ ਜੰਮਿਆ ਹੋਯਾ ਬਾਲ।

**ਪਲੇਥਣ,** ਪੁ:—ਰੋਟੀ ਨੂੰ ਪਕਾਉਣ ਵੇਲੇ ਜੋ ਸੁੱਕਾ ਆਟਾ ਲਾਉਂਦੇ ਹਨ, ਪੁੜਾ॥

**ਪਲੇਥਣੀ,** ਸ:—ਰੋਟੀ॥

**ਪਲੋਸਣਾ,** ਕ੍ਰਿ:—ਹੱਥ ਫੇਰਨਾ, ਹੱਥ ਨਾਲ ਮਲਣਾ॥

**ਪਲੋਠਾ,** ਪੁ:
**ਪਲੋਠੀ,** ਸ: } 'ਪਲੇਠੀ' ਵੇਖੋ॥

**ਪਲੋਣਾ**
**ਪਲੋਵਣਾ** } ਕ੍ਰਿ:—ਨਸ਼ਟ ਕਰਨਾ, ਉਜਾੜਨਾ॥

**ਪਵਣ,** ਸ:—ਪੌਣ,ਵਗਦੀ ਵਾਉ॥

**ਪਵਣ ਚੱਕੀ,** ਸ:—ਜੋ ਚੱਕੀ ਵਾਉ ਦੇ ਜ਼ੋਰ ਨਾਲ ਫਿਰੇ।

**ਪਵਾਉਣਾ,** ਕ੍ਰਿ:—ਪਾਉਣ ਦਾ ਕੰਮ ਕਰਾਉਣਾ।

**ਪਵਾਂਦੀ,** ਸ:—ਮੰਜੇ ਦੇ ਪੈਰਾਂ ਵਾਲਾ ਪਾਸਾ॥

**ਪੰਵਾਰ,** ਪੁ:—'ਪੁਆਰ' ਵੇਖੋ॥

**ਪਵਿੱਤ੍ਰ,** ਵਿ:—ਸਾਫ, ਸ਼ੁੱਧ, ਨਿਰਮਲ; ਪਾਕ, ਸੁੱਚਾ॥

**ਪਵਿਤ੍ਰਤਾ**
**ਪਵਿਤ੍ਰਤਾਈ** } ਸ:—ਪਵਿੱਤ੍ਰ ਹੋਣ ਦਾ ਗੁਣ, ਸੁੱਚ॥

**ਪਵਿਤ੍ਰਾ,** ਪੁ:—ਕੁਸ਼ਾ ਦਾ ਛੱਲਾ, ਪਰੈਣਾ॥

**ਪੜ,** ਪੁ:—ਵੱਕਲ, ਉੱਪਰਲੀ ਛਿੱਲ ਜਾਂ ਤਹਿ (ਵਣਦਾ) ਰੋਗ, ਤੀਜੀ ਪੀੜ੍ਹੀ ਦਾ ਸਾਕ ਦੱਸਣ ਵਾਲਾ ਪਦ (ਪੜਦਾਦਾ ਆਦਿਕ)॥

**ਪੜਗਣਾ,** ਪੁ:—'ਪਰਗਣਾ' ਵੇਖੋ॥

**ਪੜਛਾ,** ਪੁ:—ਛਿੱਲੜ॥

**ਪੜਛੱਤੀ,** ਸ:—ਛੱਤ ਦੇ ਹੇਠ ਥੋੜ੍ਹੀ ਜੇਹੀ ਥਾਂ, ਛੱਤੀ ਹੋਈ ਜਿਸ ਉੱਤੇ ਨਿੱਕੀ ਸੁੱਕੀ ਚੀਜ਼ ਰੱਖੀ ਜਾਂਦੀ ਹੈ॥

**ਪੜਛਾ,** ਪੁ:—ਟੋਟਾ, ਟੁਕੜਾ। ਵਿ:—ਟੁੱਟਾ ਭੱਜਾ, ਤਬਾਹ॥

**ਪੜਛਾਗਤ,** ਵਿ:—ਤਬਾਹ, ਬਰਬਾਦ (ਹੋਣਾ ਕਰਨਾ)॥

**ਪੜਛੇ ਲਾਹ ਸੁੱਟਣੇ,** ਕ੍ਰਿ:—ਤੋੜ ਦੇਣਾ, ਹੌਲੀ ਕਰਨਾ॥

**ਪੜਛਾਈਂ,** ਸ:—ਪਰਛਾਵਾਂ, ਛਾਉਂ, ਚਾਨਣ ਦੀ ਰੋਕ॥

Digitized by Panjab Digital Library | www.panjabdigilib.org

**ਪੜਛਾਵਾਂ,** ਪੁ:—ਛਾਉਂ, ਬਾਲਕ ਦੀ ਰੋਗ, ਖਾਲਾਂ ਦਾ ਇਕ ਰੋਗ ।

**ਪੜ ਜਾਣਾ, ਪੜਨਾ,** ਕ੍ਰਿ:—ਵਿਗੜ ਜਾਣਾ, ਮੁਸ਼ਕ ਜਾਂ ਰੰਗ ਉੱਡ ਜਾਣਾ

**ਪੜ੍ਹਨਾ,** ਕ੍ਰਿ:—ਲਿਖੇ ਹਰਫੇ ਨੂੰ ਵਾਚਣਾ, ਮੂੰਹੋਂ ਹੌਲੀ ਹੌਲੀ ਜਾਂ ਉੱਚੀ ਉੱਚੀ ਕਹਿਣਾ, ਮੰਤ੍ਰ ਉਚਰਨਾ ॥

**ਪੜ੍ਹਨਾ ਗੁਣਨਾ, ਪੜ੍ਹਨਾ ਗੁੜ੍ਹਨਾ,** ਕ੍ਰਿ:—ਪੜ੍ਹਕੇ ਸੋਚਣਾ ਅਤੇ ਅਮਲ ਕਰਨਾ ।

**ਪੜਤ,** ਸ:—ਗਿਰਾਉ, ਕਿਸੇ ਸ਼ੈ ਨੂੰ ਵੰਨਗੀ ਨਾਲ ਮੇਲਣਾ।

**ਪੜ੍ਹਤ, ਪੜ੍ਹੰਤ,** ਸ: - ਪੜ੍ਹਨ ਦਾ ਕੰਮ ਜਾਂ ਢੰਗ ।

**ਪੜਤਲ,** ਸ:—ਪਲਟਣ, ਸਿਪਾਹੀਆਂ ਦਾ ਲਸ਼ਕਰ ॥

**ਪੜਤਲਾ,** ਪੁ:—'ਪਰਤਲਾ' ਵੇਖੋ ॥

**ਪੜਤਾਲ,** ਸ:—ਖੋਜ, ਦੇਖ ਭਾਲ, ਪਤਾ ਲਾਉਣਾ।

**ਪੜਤਾਲੀਆ,** ਪੁ:—ਪੜਤਾਲ ਕਰਨ ਵਾਲਾ, ਵੱਢਣ ਦੇ ਮਗਰੋਂ ਜੋ ਮਨੁੱਖ ਜ਼ਮੀਨ ਨੂੰ ਦੇਖੇ ਭਾਲੇ।

**ਪੜਦਾ,** ਪੁ:—ਛੁਪਾਉਣ ਵਾਲੀ ਚਾਦਰ ਜਾਂ ਕੋਈ ਹੋਰ ਚੀਜ਼, ਓਹਲਾ, ਘੁੰਡ, ਸ਼ਰਮ, ਧਰਤੀ ਦੀ ਤਹਿ, ਰਾਗ ਦੀ ਇਕ ਸੁਰ, ਸਤਾਰ ਦੀਆਂ ਪੜ੍ਹਾਈਆਂ, ਬਰੀਕ ਜਾਲਾ, ਅੱਖ ਦਾ ਛੱਪਰ, ਕੰਨ ਦਾ ਉਹ ਹਿੱਸਾ ਜਿੱਥੇ ਅਵਾਜ਼ ਪੈਂਦੀ ਹੈ ॥

**ਪੜਦਾ ਉਠਾਉਣਾ, ਪੜਦਾ ਚੁੱਕਣਾ,** ਕ੍ਰਿ:—ਜ਼ਾਹਰ ਕਰਨਾ, ਉੱਘਾ ਕਰਨਾ ॥

**ਪੜਦਾ ਕਰਨਾ,** ਕ੍ਰਿ:—ਲੁਕਾਉਣਾ, ਛੁਪਾਉਣਾ ॥

**ਪੜਦਾ ਛੱਡਣਾ,** ਕ੍ਰਿ:—ਪੜਦਾ ਟੰਗਣਾ, ਓਹਲਾ ਕਰਨਾ ॥

**ਪੜਦਾ ਢੱਕਣਾ,** ਕ੍ਰਿ:—ਐਬ ਛੁਪਾਉਣਾ ।

**ਪੜਦਾ ਨਸ਼ੀਨ, ਪੜਦੇ ਦਾਰ (ਵਾਲੀ),** ਸ:—ਪੜਦੇ ਦੇ ਅੰਦਰ ਰਹਿਣ ਵਾਲੀ ॥

**ਪੜਦਾ ਪੈਣਾ,** ਕ੍ਰਿ:—ਲੁਕਣਾ, ਛਿਪ ਜਾਣਾ, ਨਾ ਦੱਸਣਾ।

**ਪੜਦਾ ਫ਼ਾਸ਼ ਹੋਣਾ,** ਕ੍ਰਿ:—ਬਦਨਾਮ ਹੋਣਾ, ਔਗਣ ਪਰਗਟ ਹੋ ਜਾਣੇ ॥

**ਪੜਦਾ ਰੱਖਣਾ,** ਕ੍ਰਿ:—ਐਬ ਜਾਂ ਭੇਤ ਛੁਪਾਉਣਾ

**ਬਾ ਪੜਦਾ,** ਕ੍ਰਿ: ਵਿ:—ਲੁਕ ਛਿਪ ਕੇ॥

**ਪੜਦਾਦਾ,** ਪੁ:—ਦਾਦੇ ਦਾ ਪਿਉ, ਪਿਉ ਦਾ ਦਾਦਾ

**ਪੜਦਾਦੀ,** ਸ:—ਪਿਉ ਦੀ ਦਾਦੀ, ਪੜਦਾਦੇ ਦੀ ਤੀਵੀਂ ।

**ਪੜਦੋਹਤਾ,** ਪੁ:—ਧੀ ਦਾ ਪੋਤ੍ਰਾ ਜਾਂ ਦੋਹਤ੍ਰਾ ॥

**ਪੜਦੋਹਤੀ,** ਸ:—ਧੀ ਦੀ ਪੋਤ੍ਰੀ ਜਾਂ ਦੋਹਤ੍ਰੀ ॥

**ਪੜਨੱਤਾ,** ਪੁ:, **ਪੜਨੱਤੀ,** ਸ: — ਛੇਵੀਂ ਪੀੜ੍ਹੀ ਦੀ ਉਲਾਦ ॥

**ਪੜਨਾਨਾ,** ਪੁ:—ਮਾਂ ਦਾ ਨਾਨਾ ਜਾਂ ਬਾਬਾ ॥

**ਪੜਨਾਨੀ,** ਸ:—ਮਾਂ ਦੀ ਨਾਨੀ ਜਾਂ ਦਾਦੀ ॥

**ਪੜਪੋਤਾ,** ਪੁ:, **ਪੜਪੋਤੀ,** ਸ: — ਪੁਤ੍ਰ ਦਾ (ਦੀ) ਪੋਤ੍ਰਾ (ਤ੍ਰੀ) ॥

Digitized by Panjab Digital Library | www.panjabdigilib.org

**ਪੜਬਾਲ,** ਪੁ:—'ਪੜਵਾਲ' ਵੇਖੋ ॥

**ਪੜਵਾ,** ਪੁ:—ਏਕਮ ਦੀ ਥਿੱਤ ॥

**ਪੜਵਾਉਣਾ,** ਕ੍ਰਿ:—ਪਾੜਨ ਦਾ ਕੰਮ ਕਰਾਉਣਾ ॥

**ਪੜ੍ਹਵਾਉਣਾ,** ਕ੍ਰਿ:—ਪੜ੍ਹਨ ਜਾਂ ਪੜ੍ਹਾਉਣ ਦਾ ਕੰਮ ਕਰਾਉਣਾ ॥

**ਪੜਵਾਈ,** ਸ:—ਪਾੜਨ ਦਾ ਕੰਮ ਜਾਂ ਮਜੂਰੀ ।

**ਪੜਵਾਲ;** ਪੁ:—'ਪਰਵਾਲ' ਵੇਖੋ ॥

**ਪੜਾਉਣਾ,** ਕ੍ਰਿ:—ਪਾੜਨ ਦਾ ਕੰਮ ਕਰਾਉਣਾ ।

**ਪੜ੍ਹਾਉਣਾ,** ਕ੍ਰਿ:—ਪੜ੍ਹਨ ਦਾ ਕੰਮ ਕਰਾਉਣਾ, ਸਿਖਾਉਣਾ, ਖੋਟੀ ਮੱਤ ਦੇਣੀ ॥

**ਪੜਾਈ,** ਸ:—'ਪੜਵਾਈ' ਵੇਖੋ ।

**ਪੜ੍ਹਾਈ** ਸ:—ਪੜ੍ਹਨ ਦਾ ਕੰਮ ਜਾਂ ਮਜੂਰੀ, ਸਿਖਿਆ, ਜੋ ਪੜ੍ਹਿਆ ਹੈ ॥

**ਪੜ੍ਹਾਕੁ**<br>**ਪੜ੍ਹਾਕੂ** } ਪੁ:—ਬਹੁਤ ਪੜ੍ਹਨ ਵਾਲਾ (ਨਿੰਦਾ ਵਾਚਕ) ॥

**ਪੜ੍ਹਾ ਦੇਣਾ,** ਕ੍ਰਿ:—'ਪੜ੍ਹਾਉਣਾ' ਵੇਖੋ ।

**ਪੜਾਪੜ,** ਸ:—ਜੁੱਤੀ ਮਾਰਨ ਦੀ ਅਵਾਜ਼ ।

**ਪੜਾਵਾ,** ਪੁ:—ਪਾਵਿਆਂ ਨੂੰ ਉੱਚੇ ਜਾਂ ਇਕੋ ਜਹੇ ਕਰਨ ਲਈ ਜੋ ਚੀਜ਼ ਉਨ੍ਹਾਂ ਦੇ ਹੇਠ ਰੱਖੀ ਜਾਵੇ ।

**ਪੜੀ,** ਸ:—ਇੱਕਾ ਦੂਈ ਦੇ ਮਗਰੋਂ ਜੋ ਕਈ ਚੀਜ਼ਾਂ ਆਉਣ (ਬੀਜਣੀ)।

**ਪੜ੍ਹਿਆਹ,** ਪੁ:—ਫੋੜੂ ਵਿਚੋਂ ਨਿਕਲੀ ਹੋਈ ਸੰਜਰੀ ਖਲ ।

**ਪੜੋਸਣ,** ਸ:<br>**ਪੜੋਸੀ,** ਪੁ: } 'ਪੜੌਸਣ' ਆਦਿਕ ਵੇਖੋ ॥

**ਪੜੋਛਣ,** ਪੁ:—ਪਲੋਥਣ, ਧੂੜਾ ॥

**ਪੜੋਲੀ,** ਸ:—ਨੌਂ ਵਾਹੀ ਹੋਈ ਧਰਤੀ, ਬੁਜ਼ਾਰਤ ॥

**ਪੜੋਵੀ,** ਸ:—ਨਗਾਹੇਦੀ ਸੁੱਖਣਾ ਕਰਕੇ ਜੋ ਮੌਲਾਂ ਦੀ ਇਕ ਪੁਆਈ ਜਾਵੇ ॥

**ਪੜੌਸ,** ਪੁ:—ਗੁਆਂਢ, ਲਾਗੇ ਰਹਿਣਾ, ਹਮਸਾਇਗੀ ॥

**ਪੜੌਸਣ,** ਸ:<br>**ਪੜੌਸੀ,** ਪੁ: } ਹਮਸਾਇਆ (ਈ), ਗੁਆਂਢੀ (ਢਣ) ॥

**ਪੜੋਤਾ(ਤ੍ਰਾ),** ਪੁ:—ਪੋਤ੍ਰੇ ਦਾ ਪੁਤ੍ਰ, ਪੁਤ੍ਰ ਦਾ ਪੋਤ੍ਰਾ ॥

**ਪੜੋਤੀ(ਤ੍ਰੀ),** ਸ:—ਪੁਤ੍ਰ ਦੀ ਪੋਤ੍ਰੀ ॥

**ਪੜੋਪਾ,** ਸ:<br>**ਪੜੋਪੀ,** ਪੁ } ਅਨਾਜ ਦਾ ਇਕ ਨਾਪ ਜਿਸ ਵਿਚ ਸੇਰ ਡੇਢ ਸੇਰ ਦਾਣੇ ਆਉਂਦੇ ਹਨ ॥

**ਪੜ੍ਹੌਤੀ,** ਸ:—ਸਿਖਾਉਤ, ਕਿਸੇ ਦੇ ਵਿਰੁੱਧ ਹੋਣੀ ਗੱਲ ਸਿਖਾਉਣੀ ॥

**ਪਾ**<br>**ਪਾਉ** } ਪੁ:—ਚੌਥਾ ਹਿੱਸਾ, ਇਕ ਤੋਲ, ਸੇਰ ਦਾ ਚੌਥਾ ਹਿੱਸਾ ॥

**ਪਾਉ ਰੋਟੀ,** ਸ:—ਮੋਟੀ ਖਮੀਰੀ ਰੋਟੀ ॥

**ਪਾਂ,** ਸ:—ਇਕ ਤਰ੍ਹਾਂ ਦੀ ਖੁਰਕ ਜਾਂ ਖਾਜ ॥

**ਪਾਉਟਾ**<br>**ਪਾਉਂਟਾ** } ਪੁ:—ਪੈਰਾਂ ਦਾ ਇਕ ਗਹਿਣਾ ॥

Digitized by Panjab Digital Library | www.panjabdigilib.org

**ਪਾਉਣਾ,** ਕ੍ਰਿ:—ਲੱਭਣਾ, ਅੰਦਰ ਰਖਣਾ, ਘੱਤਣਾ, ਪਹਿਨਣਾ, ਮਕਾਨ ਬਨਾਉਣਾ, ਸ਼ੁਰੂ ਕਰਨਾ, ਮਦਰਸੇ ਬਹਾਲਣਾ ।

**ਪਾਉਂਤ (ਤੀ),** ਸ:—'ਪੈਂਦ' ਵੇਖੋ ॥

**ਪਾਉਲਾ,** ਪੁ: }
**ਪਾਉਲੀ,** ਸ: } ਚੁਆਨੀ, ਚਾਰ ਆਨਿਆਂ ਦਾ ਸਿੱਕਾ ।

**ਪਾਉਲੀ,** ਪੁ:—ਦਰਿਆਈ ਉਨਣ ਵਾਲਾ ॥

**ਪਾਉੜ,** ਪੁ:—ਘੋੜੇ ਜਾਂ ਖੋਤੇ ਦਾ ਖੁਰ, 'ਪੌੜ' ਵੇਖੋ ॥

**ਪਾਇਆ,** ਪੁ:—ਅਸਲ ਮੁੱਲ ਤੋਂ ਵੱਧ ਮੁਲ ਪੁਰ ਵੇਚਣਾ, ਦਰਜਾ, ਮਰਾਤਬਾ, ਮੰਜੇ ਆਦਿਕ ਦਾ ਪਾਵਾ ॥

**ਪਾਇਆ,** ਸ:—ਤਾਕਤ, ਬਲ, ਸਮਰਥਾ ।

**ਪਾਇਣ,** ਪੁ:—ਇੱਕ ਜਲ ਵਿੱਚ ਰਹਿਣ ਵਾਲਾ ਪੰਛੀ ॥

**ਪਾਇੰਤ (ਤੀ)** }
**ਪਾਇੰਦ** } ਪੈਂਦ ਵੇਖੋ

**ਪਾਇੰਤਾ** }
**ਪਾਇੰਤ੍ਰਾ (ਤਾ)** } ਪੁ:—'ਪੈਂਤਰਾ' ਵੇਖ ।

**ਪਾਇ ਭਰਨਾ** ਕ੍ਰਿ:—ਚਾਅਵੇ ਜਾਣਾ, ਛੋਟੀ ਛੋਟੀ ਤੁਰਨਾ ।

**ਪਾਇਲ,** ਸ:—ਇੱਕ ਛੋਟਾ ਤੰਬੂ, ਪਕਾਉਣ ਲਈ ਪਾਹ ਵਿੱਚ ਘਲੋਂਦੇ ਹੋਏ ਅੰਬ, ਮੋਰ ਦੀ ਖਿਲਾਰੀ ਹੋਈ ਪੂਛ, ਖੁਸ਼ੀ ਨਾਲ ਕਿਸੇ ਚੀਜ਼ ਦੇ ਗਿਰਦੇ ਫਿਰਨਾ (ਪਾਉਣਾ) ॥

**ਪਾਇਲੀ,** ਵਿ:—ਪਾਇਲ ਵਿੱਚ ਪਕਾਯਾ ਹੋਇਆ (ਅੰਬ) ।

**ਪਾਈ,** ਸ:—ਅਨਾਜ ਦਾ ਇਕ ਨਾਪ, ੧੯ ਮਣ (ਕਣਕ), ੧੨ ਮਣ (ਜੌਂ), ਆਨੇ ਦਾ ਅੱਠਵਾਂ ਜਾ ਬਾਰ੍ਹਵਾਂ ਹਿੱਸਾ, ਚਾਰ ਟੋਪੇ (੧੬ ਤੋਂ ੨੫ ਸੇਰ ਅਨਾਜ) ।

**ਪਾਈਯਾ,** ਪੁ:—ਪਾਉ, ਚੌਥਾ ਹਿੱਸਾ ।

**ਪਾਸ,** ਕ੍ਰਿ:, ਵਿ:—ਕੋਲ, ਨੇੜੇ, ਲਾਗੇ ॥
ਵਿ:—ਜੋ ਇਮਤਿਹਾਨ ਵਿੱਚ ਪੂਰਾ ਉਤਰੇ (ਹੋਣਾ, ਕਰਨਾ) ॥

**ਪਾਸ ਨਾਂ ਪੈਣੀ,** ਕ੍ਰਿ:—ਨਾਂ ਹੋਣਾ, ਨਾਂ ਵਰਤਣਾ।

**ਪਾਸ ਪੈਣਾ,** ਕ੍ਰਿ:—(ਗੱਡੀ ਦਾ) ਇੱਕ ਪਾਸੇ ਝਿਗਣਾ ॥

**ਪਾਸੀਂ ਪਣਾ,** ਕ੍ਰਿ:—ਇੱਕ ਦੂਏ ਵੱਲ ਫੈਲਣਾ । (ਮੋਟੇ ਆਦਮੀ ਜਾਂ ਘੋੜੇ ਦਾ)

**ਪਾਸ ਰਹਿਣਾ,** ਕ੍ਰਿ:—ਨੌਕਰੀ ਵਿੱਚ ਹਾਜ਼ਰ ਰਹਿਣਾ ॥

**ਪਾਸੰਗ,** ਪੁ:—ਤੱਕੜੀ ਦੇ ਛਾਬੇ ਵਿਚ ਭਾਰ ਪੂਰਾ ਕਰਨ ਲਈ ਜੋ ਚੀਜ਼ ਰਖੀ ਜਾਵੇ, ਦੋ ਛਾਬਿਆਂ ਦੇ ਭਾਰ ਦਾ ਫਰਕ, ਪਾਸਕੂ ।

**ਪਾਸੰਗ ਕਰਨਾ,** ਕ੍ਰਿ:—ਭਾਰ ਪਾ ਕੇ ਤੱਕੜੀ ਦੇ ਛਾਬੇ ਇੱਕੋ ਜੇਹੇ ਕਰਨਾ ।

**ਪਾਸੰਗ ਦੇਣਾ,** ਕ੍ਰਿ:—ਤੋਲ ਪੂਰਾ ਕਰਨ ਲਈ ਪਾਸੰਗ ਛਾਬੇ ਵਿੱਚ ਪਾਉਣਾ ॥

**ਪਾਸਣਾ,** ਪੁ:—ਅੜੀ, ਪਾਸਾ (ਹੋਰਨਾਂ ਪਦਾਂ ਨਾਲ ਜੁੜ ਕੇ) ॥

Digitized by Panjab Digital Library | www.panjabdigilib.org

**ਪਾਸਣਾ ਦੇ ਜਾਣਾ,** ਕ੍ਰਿ:—ਕਿਸੇ ਪਾਸਿਓਂ ਫਿਰ ਜਾਣਾ ॥

**ਪਾਸਣਾ ਦੇਣਾ** ਕ੍ਰਿ:—ਔੜੀ ਲਾਕੇ ਘੋੜਾ ਦੁੜਾਉਣਾ ॥

**ਪਾਸਤੀ** ਸ:—ਪਤਲੀ ਰੋਟੀ ॥

**ਪਾਸ ਬਾਣ**
**ਪਾਸ ਮਾਣ** } ਪੁ:—ਜੋ ਪਹਿਰਾ ਦੇਵੇ, ਰਾਖਾ, ਛੱਤ ਦਾ ਇੱਕ ਸ਼ਤੀਰ ।

**ਪਾਸਲਾ,** ਵਿ:—ਜੋ ਪਾਸ ਜਾਂ ਨੇੜੇ ਹੀ ਹੋਵੇ ।

**ਪਾਸਾ,** ਪੁ:—ਜਿਸ ਚੀਜ਼ ਨੂੰ ਸਿੱਟ ਕੇ ਜੂਆ ਖੇਡਦੇ ਹਨ, ਉਸ ਦਾ ਸਿੱਟਣਾ, ਸੱਜੇ ਖੱਬੇ ਦਾ ਹਿੱਸਾ, ਤਰਫ਼ ॥

**ਪਾਸਾ ਪੈਣਾ,** ਕ੍ਰਿ:—ਪਾਸਾ ਸਿੱਟਿਆ ਜਾਣਾ, ਚੰਗੇ ਭਾਗ ਹੋਣੇ ॥

**ਪਾਸੂੰਗ,** ਪੁ:—'ਪਾਸੰਗ' ਵੇਖੋ ॥

**ਪਾਸੋਂ,** ਅਵ:—ਕੋਲੋਂ, ਨਾਲੋਂ, ਦੇ ਵਸੀਲੇ, ਦੀ ਰਾਹੀਂ

**ਪਾਸੋ ਪਾਸ,** ਕ੍ਰਿ:, ਵਿ:—ਕੋਲ ਹੀ, ਇੱਕ ਦੂਜੇ ਨਾਲ ਲਗਦੇ ।

**ਪਾਹ,** ਪੁ:—ਰੰਗਣ ਤੋਂ ਪਹਿਲੇ ਕਪੜੇ ਨੂੰ ਫਟਕੜੀ ਆਦਿਕ ਦੇ ਪਾਣੀ ਵਿੱਚ ਡੋਬਣਾ, ਅਸਰ (ਦੇਣਾ, ਲਾਉਣਾ) ॥

ਅਵ:—ਪਾਸ, ਕੋਲ, ਨੇੜੇ, ਲਾਗੇ ॥

**ਪਾਹਣ,** ਪੁ:—ਚਿੱਤਰ, ਪੱਥਰ, ਪੱਥਰ ਦੀ ਮੂਰਤ ॥

**ਪਾਹਰੂ,** ਪੁ:—ਪਹਿਰਾ ਦੇਣ ਵਾਲਾ, ਰਾਖਾ ।

**ਪਾਹਰਾ,** ਪੁ:—ਬਾਰਾਂ ਸਿੰਗਾ, ਪੜ੍ਹਾਕੂ ॥

**ਪਾਹੜੀ,** ਸ:—ਬਾਰਾਂ ਸਿੰਗੀ ॥

**ਪਾਹੜੂ,** ਪੁ:—'ਪਾਹਰੂ' ਵੇਖੋ ॥

**ਪਾਹੀ,** ਪੁ:—ਦੂਏਵੀ ਜ਼ਿਮੀ ਬਿਗਾਏ ਘਰ ਵਾਹੁਣ ਵਾਲਾ ਕਿਰਸਾਨ ॥

**ਪਾਹੁ,** ਪੁ:—'ਪਾਹ' ਵੇਖੋ ॥

**ਪਾਹੁਣਾ,** ਪੁ:—'ਪਰਾਹੁਣਾ' ਵੇਖੋ ॥

**ਪਾਹੁਲ,** ਸ:—ਸਿੰਘ ਸਜਣ ਦੀ ਰੀਤ, ਦਸਮ ਪਾਤਸ਼ਾਹ ਦੀ ਬਾਣੀ ਪੜ੍ਹਕੇ ਲੋਹੇ ਦੇ ਹਥਿਆਰ ਨਾਲ ਹਿਲਾਇਆ ਹੋਯਾ ਸ਼ਰਬਤ, ਅੰਮ੍ਰਿਤ (ਦੇਣੀ, ਲੈਣੀ) ॥

**ਪਾਹੁਲੀਆ,** ਪੁ:—ਜਿਸ ਨੇ ਪਾਹੁਲ ਲਈ ਹੋਵੇ ॥

**ਪਾਹੋ ਪਾਹ,** ਕ੍ਰਿ: ਵਿ:—'ਪਾਸੋ ਪਾਸ' ਵੇਖੋ ॥

**ਪਾਕ,** ਸ:—ਫੋੜੇ ਦੀ ਮੈਲ (ਪੈਣੀ) ॥

ਵਿ:—ਸ਼ੁੱਧ, ਪਵਿਤ੍ਰ, ਸਾਫ਼, ਨਖਾਲਸ, ਨਿਰਦੋਸ਼, ਸੁੱਚਾ ।

**ਪਾਕਟ,** ਸ:—ਜੇਬ, ਖੀਸਾ ।

**ਪਾਕਟ ਬੁਕ,** ਸ:—ਜੇਬ ਵਿੱਚ ਰੱਖਣ ਵਾਲੀ ਨੋਟ ਬੁਕ ॥

**ਪਾਕਾ,** ਪੁ:—ਪਿੰਡੇ ਦਾ ਪੱਕ ਜਾਣਾ, ਫੋੜੇ ਫਿੰਮਣੀਆ ਨਿਕਲਣਾ ॥

**ਪਾਕੀ,** ਸ:—ਪਾਕ ਹੋਣ ਦਾ ਗੁਣ, ਸਫਾਈ, ਪਵਿਤ੍ਰਤਾਈ, ਉਸਤਰਾ ॥

**ਪਾਖੰਡ**
**ਪਾਖੰਡਣ(ਡੀ)** } 'ਪਖੰਡ' ਆਦਿਕ ਵੇਖੋ ॥

**ਪਾਖਰ** ਪੁ:—ਕਾਠੀ ਸਾਰੇ ਸਮਿਆਨ ਸਮੇਤ ॥

Digitized by Panjab Digital Library | www.panjabdigilib.org

**ਪਾਖਾਨਾ** ਪੁ:—'ਪਖਾਨਾ' ਵੇਖੋ ॥

**ਪਾਖੀ** ਸ:—ਬਚਾਉ, ਰੱਖੀ, ਬਲ ॥

**ਪਾਗ,** ਸ:—ਦਾਣਿਆਂ ਮੇਵੇ ਆਦਿਕਾਂ ਉੱਪਰ ਜੋ ਖੰਡ ਚਾੜ੍ਹੀ ਜਾਵੇ (ਦੇਣਾ)।

**ਪਾਗਣਾ** ਕ੍ਰਿ:—ਦਾਣੇ ਆਦਿਕਾਂ ਤੇ ਖੰਡ ਜਾਂ ਲੂਣ ਚਾੜ੍ਹਣਾ।

**ਪਾਗਲ** ਵਿ:—ਜਿਸ ਨੂੰ ਸੁਰਤ ਨਹੀਂ, ਸ਼ੁਦਾਈ, ਕਮਲਾ, ਮੂਰਖ ॥

**ਪਾਗੜੇ** ਪੁ:—ਕਾਠੀ ਦੀਆਂ ਲੱਤਾਂ ਵਿੱਚ ਪਾਉਣ ਵਾਲੀਆਂ ਲੋਹੇ ਦੀਆਂ ਪੈਰ ਕੜੀਆਂ

**ਪਾਂਗੁਲਾ,** ਵਿ:—ਲੰਗੜਾ, ਲੰਙਾ, ਲੂਲ੍ਹਾ ॥

**ਪਾਚਕ**, **[illegible]**, **ਪਾਚਨ** } ਪੁ:—ਜਿਸ ਦੁਆ ਨਾਲ ਪਚਾਉਣ ਦੀ ਤਾਕਤ ਵਧੇ, ਚੂਰਨ ਆਦਿਕ ॥

**ਪਾਛੂ,** ਵਿ:—ਜੋ ਪਿੱਛੇ ਰਹੇ, ਜਿਸ ਵਿੱਚ ਦਲੇਰੀ ਨਹੀਂ।

**ਪਾਜ,** ਪੁ:—ਸੋਨੇ ਜਾਂ ਚਾਂਦੀ ਦਾ ਮੁਲੰਮਾ, ਦਿਖਾਵਾ ॥

**ਪਾਂਜਾ,** ਪੁ:—ਪੰਜ ਦਾ ਅੰਕ, ੫ ॥

**ਪਾਜਾਮਾ,** ਪੁ:—'ਪਜਾਮਾ' ਵੇਖੋ ॥

**ਪਾਜੀ,** ਵਿ:—ਕਮੀਨਾ । ਪੁ:—ਨੀਚ ਆਦਮੀ, ਦੁਸ਼ਟ ॥

**ਪਾਟ,** ਪੁ:—ਪਰਦਾ, ਤਖਤਾ, ਤਾਕ, ਬੂਹਾ, ਨਦੀ ਦੀ ਚੌੜਾਈ ॥

**ਪਾਟ,** ਸ:—ਹਿੱਸਾ, ਸ਼ਾਖ ॥

**ਪਾਟਕ,** ਪੁ:—ਹਿੱਸਾ, ਫੁੱਟ, ਅਣ ਮੇਲ (ਪੈਣਾ) ॥

**ਪਾਟਣਾ,** ਕ੍ਰਿ:—ਤ੍ਰੇੜ ਆਉਣੀ, ਟੁੱਟਣਾ, ਖੁਲ੍ਹਣਾ ॥

**ਪਾਟੰਬਰ,** ਪੁ:—ਪੱਟ ਦਾ ਕੱਪੜਾ।

**ਪਾਟਾ ਪੁਰਾਣਾ,** ਵਿ:—ਪੁਰਾਣਾ ਹੋਕੇ ਪਾਟਾ ਹੋਇਆ (ਕੱਪੜਾ ਆਦਿਕ) ॥

**ਪਾਠ,** ਪੁ:—ਸਬਕ ਸੈਥਾ, ਧਰਮ ਪੁਸਤਕ ਦਾ ਪੜ੍ਹਨਾ (ਕਰਨਾ) ॥

**ਪਾਠ ਸ਼ਾਲਾ,** ਸ:—ਸਕੂਲ, ਮਦਰਸਾ, ਪੜ੍ਹਨ ਦੀ ਥਾਂ ॥

**ਪਾਠਕ,** ਪੁ:—ਪੜ੍ਹਨ ਵਾਲਾ ॥

**ਪਾਠਾ,** ਪੁ:—ਹਾਥੀ ਦਾ ਬੱਚਾ।

**ਪਾਂਡਾ,** ਪੁ:—ਜੋਤਸ਼ੀ, ਇੱਕ ਜਾਤ ਦੇ ਬ੍ਰਾਹਮਣ, ਤੀਰਥ ਦਾ ਪਰੋਹਤ ॥

**ਪਾਂਡੀ,** ਪੁ:—ਪੰਡ ਚੁੱਕਣ ਵਾਲਾ, ਮਜ਼ੂਰ ॥

**ਪਾਂਡੂ,** ਪੁ:—ਇੱਕ ਤਰਾਂ ਦੀ ਚਿੱਟੀ ਮਿੱਟੀ, ਇੱਕ ਰਾਜਾ ॥

**ਪਾਂਡੋ,** ਪੁ:—ਪਾਂਡੂ ਰਾਜੇ ਦੇ ਪੰਜ-ਪੁਤ੍ਰ, ਯੁਧਿਸ਼ਟਰ, ਅਰਜਨ, ਭੀਮ, ਨਕੁਲ ਅਤੇ ਸਹਦੇਵ ॥

**ਪਾਣ,** ਪੁ:—ਕਲਫ, ਕਪੜੇ ਨੂੰ ਲਾਉਣ ਵਾਲੀ ਮਾਇਆ (ਕਰਨੀ, ਲਾਉਣੀ), ਲੋਹੇ ਦੀ ਪੱਕਿਆਈ (ਚਾੜ੍ਹਨੀ)।

**ਪਾਣ ਪਤ,** ਸ:—ਇੱਜ਼ਤ, ਆਬਰੋ (ਲਾਹੁਣੀ, ਲਾਹੁਣੀ)॥

Digitized by Panjab Digital Library, www.panjabdigilib.org

**ਪਾਣਾ,** ਪੁ:—ਪੀਠੇ ਜਵਾਂ ਜਾਂ ਖਲ ਵਿੱਚ ਪਾਣੀ ਪਾਯਾ ਹੋਯਾ।

**ਪਾਣੀ,** ਪੁ:—ਜਿਸ ਚੀਜ ਦੇ ਪੀਣ ਨਾਲ ਤ੍ਰੇਹ ਮਿਟ ਜਾਂਦੀ ਹੈ, ਜਲ, ਆਬ, ਚਮਕ, ਸ਼ਰਮ, ਹਯਾ, ਆਦਰ, ਮਾਣ।
ਵਿ:—ਪਾਣੀ ਵਰਗਾ ਪਤਲਾ ਜਾਂ ਠੰਡਾ, ਪਾਣੀ ਵਾਲਾ, ਫਿੱਕਾ।

**ਪਾਣੀ ਉਤਰਨਾ,** ਕ੍ਰਿ:—ਫੋਤੀਆਂ ਵਿੱਚ ਹੋ ਜਾਣਾ॥

**ਸੋਨੇ ਦਾ ਪਾਣੀ,** ਪੁ:—ਮੁਲੰਮਾ, ਸੁਨਹਿਰੀ ਗਿਲਟ।

**ਪਾਣੀ ਹੋਣਾ,** ਕ੍ਰਿ:—ਪੰਘਰਨਾ, ਗਲਣਾ॥

**ਠੰਡਾ ਪਾਣੀ,** ਪੁ:—ਸ਼ਰਾਬ।

**ਖਾਰਾ ਪਾਣੀ,** ਪੁ:—ਸਲੂਣਾ ਪਾਣੀ, ਸੋਡਾਵਾਟਰ॥

**ਪਾਣੀ ਚੋਣਾ,** ਕ੍ਰਿ:—ਮਰਨ ਲੱਗਿਆਂ ਮੂੰਹ ਵਿੱਚੋਂ ਪਾਣੀ ਕਿਰਨਾ।

**ਪਾਣੀ ਛੱਡਣਾ,** ਕ੍ਰਿ:—ਪਰਮੇਉ ਆਉਣਾ।

**ਪਾਣੀ ਦਾ ਬੁਲਬੁਲਾ,** ਪੁ:—ਛੇਤੀ ਨਾਸ਼ ਹੋਣ ਵਾਲੀ ਚੀਜ।

**ਪਾਣੀ ਦੇਣਾ,** ਕ੍ਰਿ:—ਰੁੱਖ ਦੀ ਜੜ੍ਹ ਵਿੱਚ ਪਾਣੀ ਪਾਉਣਾ, ਪੈਲੀ ਵਿੱਚ ਪਾਣੀ ਵਗਾਉਣਾ, ਪਿਤਰਾਂ ਦੇ ਨਾਉਂ ਦਾ ਪਾਣੀ ਤਲੀ ਵਿੱਚੋਂ ਛੱਡਣਾ।

**ਪਾਣੀ ਪਾਣੀ ਹੋਣਾ,** ਕ੍ਰਿ:—ਸ਼ਰਮ ਦੇ ਮਾਰੇ ਤ੍ਰੇਲੀ ਆ ਜਾਣੀ

**ਪਾਣੀ ਪੀਕੇ ਜਾਤ ਪੁੱਛਣੀ,** ਕ੍ਰਿ:—ਬੇ ਪਰਵਾਹੀ ਨਾਲ ਕੰਮ ਕਰਕੇ ਪਿੱਛੋਂ ਸੋਚ ਵਿਚਾਰ ਕਰਨੀ॥

**ਪਾਣੀ ਪੈਣਾ,** ਕ੍ਰਿ:—ਸੁਆਣੀ ਚੜ੍ਹਨੀ।

**ਪਾਣੀ ਫੇਰਨਾ,** ਕ੍ਰਿ:—ਮੁਲੰਮਾ ਕਰਨਾ, ਗਿਲਟ ਚੜ੍ਹਾਉਣਾ।

**ਪਾਣੀ ਬਦਲਣਾ,** ਕ੍ਰਿ:—ਇੱਕ ਥਾਂ ਤੋਂ ਦੂਈ ਥਾਂ ਜਾ ਰਹਿਣਾ (ਸਰੀਰ ਦੀ ਅਰੋਗਤਾ ਵਾਸਤੇ)॥

**ਪਾਣੀ ਭਰਨਾ,** ਕ੍ਰਿ:—ਅਧੀਨ ਹੋਣਾ, ਟਹਿਲ ਕਰਨੀ।

**ਪਾਣੀ ਮਾਰ,** ਵਿ:—ਪਾਣੀ ਨਾਲ ਵਿਗੜੀ ਹੋਈ (ਧਰਤੀ), ਜਿਸ (ਗੱਲ) ਦਾ ਵਸਾਹ ਨਹੀਂ, ਜਿਨ੍ਹਾਂ ਗੱਲਾਂ ਵਿੱਚੋਂ ਪਿੱਛ ਨਹੀਂ ਨਿਕਲਦੀ॥

**ਪਾਣੀ ਲਾਗ,** ਪੁ,ਸ:—ਦੂਈ ਥਾਂ ਦਾ ਪਾਣੀ ਨਾਂ ਸੁਖਾਉਣਾ॥

**ਪਾਣੀ ਵਿਖਾਉਣਾ,** ਕ੍ਰਿ:—ਪਸ਼ੂ ਨੂੰ ਪਾਣੀ ਪਿਆਉਣ ਲਈ ਪਾਣੀ ਕੋਲ ਲੈ ਜਾਣਾ॥

**ਪਾਤਸ਼ਾਹ,** ਪੁ:—ਮੁਸਲਮਾਨ ਰਾਜਾ, ਸਭਤੋਂ ਵੱਡਾ ਹਾਕਮ, ਸਿੱਖਾਂ ਦੇ ਗੁਰੂ॥

**ਪਾਤਸ਼ਾਹ ਗਰਦੀ,** ਸ:—ਰਾਜ ਦਾ ਵਿਗੜਨਾ (ਰੌਲੀ, ਪੈਣੀ)॥

**ਪਾਤਸ਼ਾਹੀ,** ਸ:—ਰਾਜ, ਪਾਤਸ਼ਾਹ ਦਾ ਇਲਾਕਾ, ਸਰਕਾਰ, ਸਿੱਖਾਂ ਦੇ ਦਸਾਂ ਗੁਰੂਆਂ ਵਿੱਚੋਂ ਹਰੇਕ॥

**ਪਾਤਣੀ,** ਸ:—ਜੋ ਪਤਣ ਦੇ ਪਾਸ ਰਹੇ, ਪੱਤਣ ਦੀ ਨਥੋਈ। ਪੁ:—ਪੱਤਣ ਵਾਲਾ, ਮਲਾਹ॥

**ਪਾਤੰਬਰ,** ਪੁ:—ਪੱਟ ਦਾ ਕਪੜਾ॥

**ਪਾਤਰ** }
**ਪਾਤ੍ਰ** } ਪੁ:—ਲਾਇਕ, ਅਧਿਕਾਰੀ॥

Digitized by Panjab Digital Library / www.panjabdigilib.org

**ਪਾਤਲ,** ਪੁ:—ਬੰਧੀਆਂ ਬਣਾਉਣ ਵਾਲੀ ਛੋਟੀ ਆਰੀ, ਠੀਕਰੀਆਂ ਗੀਟੇ ਆਦਿਕ ਪਾਣੀ ਉੱਤੇ ਸੁੱਟਣੇ ।

**ਪਾਤਾਲ,** ਪੁ:—'ਪਤਾਲ' ਵੇਖੋ ॥

**ਪਾਤੀ,** ਸ:—ਚਿੱਠੀ ਪਤ੍ਰ, ਖਤ ॥

**ਪੱਥਾ,** ਪੁ: / **ਪੱਥੀ,** ਸ: } ਗੋਹੇ ਦੀ ਟਿੱਕੀ ਸੁਕਾਈ ਹੋਈ, ਥਾਪੀ ॥

**ਪੱਥੂ,** ਪੁ:—ਪਾਥੀਆਂ ਪੱਥਣ ਵਾਲਾ ।

**ਪਾਂਦ,** ਸ:—'ਪੈਂਦ' ਵੇਖੋ ॥

**ਪਾਦਸ਼ਾਹ,** ਪੁ: / **ਪਾਦਸ਼ਾਹੀ,** ਸ: } 'ਪਾਤਸ਼ਾਹ' ਆਦਿਕ ਵੇਖੋ ।

**ਪਾਦਰੀ,** ਪੁ:—ਈਸਾਈ ਧਰਮ ਦਾ ਉਪਦੇਸ਼ਕ ਜਾਂ ਆਗੂ ॥

**ਪਾਂਦੀ,** ਸ:—'ਪੈਂਦ' ਵੇਖੋ ॥

**ਪਾਧਾ** / **ਪਾਂਧਾ** } ਪੁ:—ਵਿਆਹ ਆਦਿਕ ਦੀ ਕਿਰਤ ਕਰਾਉਣ ਵਾਲਾ, ਬ੍ਰਾਹਮਣ, ਜੋ ਪੜ੍ਹਾਉਣ ਦਾ ਜਾਂ ਲੇਖਾ ਸਿਖਾਉਣ ਦਾ ਕੰਮ ਕਰੇ ॥

**ਪਾਂਧਣ,** ਸ: / **ਪਾਂਧੀ,** ਪੁ: } ਪੰਧ ਕਰਨ ਵਾਲਾ (ਲੀ), ਰਾਹੀ, ਮੁਸਾਫ਼ਰ ।

**ਪਾਨ,** ਪੁ:—ਚੂਨਾ ਕੱਥ ਆਦਿਕ ਲਾਕੇ ਚੱਬਣ ਵਾਲਾ ਪੱਤਾ, ਤਾਸ਼ ਦਾ ਇੱਕ ਲਾਲ ਰੰਗ, ਪਾਨ ਦੇ ਪੱਤੇ ਦੀ ਸ਼ਕਲ ॥

**ਪਾਨ ਕਰਨਾ,** ਕ੍ਰਿ:—ਪੀਣਾ ॥

**ਪਾਨਦਾਨ,** ਪੁ:—ਪਾਨ ਦੇ ਪੱਤੇ ਰੱਖਣ ਵਾਲਾ ਡੱਬਾ ॥

**ਪਾਨ ਲਗਾਉਣਾ** / **ਪਾਨ ਲਾਉਣਾ** } ਕ੍ਰਿ:—ਚੱਬਣ ਵਾਸਤੇ ਪਾਨ ਨੂੰ ਚੂਨਾ ਕੱਥਾ ਆਦਿਕ ਮਸਾਲਾ ਲਾਉਣਾ ।

**ਪਾਨੜੀ,** ਪੁ:—ਪਾਨ ਦਾ ਸੁੱਕਾ ਹੋਯਾ ਪੱਤਾ ॥

**ਪਾਪ,** ਪੁ:—ਗੁਨਾਹ, ਬੁਰਾ ਕੰਮ, ਅਪਰਾਧ, ਦੋਸ਼ (ਕਰਨਾ) ॥

**ਪਾਪਾਤਮਾ,** ਪੁ:—ਬੜਾ ਭਾਰਾ ਪਾਪੀ ॥

**ਪਾਪ ਕੱਟਜਾਣਾ** / **ਪਾਪ ਕੱਟਣਾ** } ਕ੍ਰਿ:—ਪਾਪ ਦੂਰ ਹੋ ਜਾਣੇ ॥

**ਪਾਪਣ,** ਸ:—ਪਾਪ ਕਰਨ ਵਾਲੀ ਤੀਮਤ ॥

**ਪਾਪਰੀ,** ਸ:—'ਖਿਕੜੀ' ਵੇਖੋ ।

**ਪਾਪੜ,** ਪੁ:—ਦਾਲ ਦੇ ਆਟੇ ਦੀ ਬਹੁਤ ਪਤਲੀ ਟਿੱਕੀ ।

**ਪਾਪੜ ਵੇਲਣੇ,** ਕ੍ਰਿ:—ਦੁਖ ਝਾਗਣੇ, ਮਕਰ ਕਰਨੇ ॥

**ਪਾਪੜੀ,** ਸ:—ਇੱਕ ਬੂਟੀ, ਪਤਲੀ ਮੱਠੀ ॥

**ਪਾਪੀ,** ਵਿ: ਕ੍ਰਿ:—ਪਾਪ ਕਰਨ ਵਾਲਾ, ਅਪਰਾਧੀ, ਨਿਰਦਈ ॥

**ਪਾਰ,** ਕ੍ਰਿ: ਵਿ:—ਦਰਿਆ ਦੇ ਦੂਜੇ ਪਾਸੇ, ਪਰਲੀ ਤਰਫ਼ ॥
ਪੁ:—ਦਰਿਆ ਦਾ ਦੂਜਾ ਪਾਸਾ, ਸਿਰਾ, ਹੱਦ, ਬੰਨਾ ॥

**ਪਾਰ ਉਤਰਨਾ,** ਕ੍ਰਿ:—ਕੰਮ ਸਿਰੇ ਚੜ੍ਹ ਜਾਣਾ ॥

**ਪਾਰ ਕਰਨਾ,** ਕ੍ਰਿ:—ਵਿੱਚੋਂ ਲੰਘਾਉਣਾ, ਮੁਕਾਉਣਾ, ਜਿੱਤਣਾ ॥

Digitized by Panjab Digital Library | www.panjabdigilib.org

**ਪਾਰ ਬਸਾਂਦੇ,** ਕ੍ਰਿ: ਵਿ:—ਜਿੱਥੋਂ ਤਕ ਆਪਣੀ ਵਾਹ ਲੱਗੇ ॥

**ਪਾਰ ਬ੍ਰਹਮ,** ਪੁ:—ਪਰਮਾਤਮਾ, ਪਰਮੇਸ਼ਰ ॥

**ਪਾਰ ਵਾਰ,** ਕ੍ਰਿ:ਵਿ:—ਪਰਲੇ ਪਾਸੇ, ਦੂਜੇ ਬੰਨੇ ।

**ਪਾਰ ਵਾਲਾ,** ਪੁ:—ਜੋ ਮਨੁੱਖ ਪਰਲੇ ਪਾਸੇ ਰਹਿੰਦਾ ਹੋਵੇ ॥

**ਪਾਰਸ,** ਪੁ:—ਇੱਕ ਪੱਥਰ ਜਿਸ ਨਾਲ ਲੱਗਕੇ ਲੋਹਾ ਸੋਨਾ ਹੋ ਜਾਂਦਾ ਹੈ, ਰਤਨਾਂ ਦੀ ਕਸੌਟੀ, ਇੱਕ ਮਲਮ, ਇੱਕ ਰੁੱਖ । ਵਿ:—ਸੁਥਰਾ, ਪੂਰਾ, ਪੱਕਾ ।

**ਪਾਰਸਣ,** ਸ: } **ਪਾਰਸੀ,** ਪੁ: } ਪਾਰਸ ਦੇਸ ਦਾ (ਦੀ) ਵਸਨੀਕ, ਪਾਰਸ ਦੀ ਪੁਰਾਣੀ ਕੌਮ ਜੋ ਬੰਬਈ ਦੇ ਅਲਾਕੇ ਵਿੱਚ ਵੱਸਦੀ ਹੈ

**ਪਾਰਮਲ,** ਪੁ:—ਦੂਜੇਰਿਆਂ ਵੱਲ ਕੇ ਬੰਦ ਕੀਤੀ ਹੋਈ ਗੰਧ, ਬਸਤਾ, ਬੁਗਚਾ ।

**ਪਾਰਸੀ,** ਸ:—ਫਾਰਸ ਦੀ ਬੋਲੀ । ਵਿ:—ਪਾਰਸ ਦਾ ॥

**ਪਾਰਸੀਕ,** ਪੁ:—ਚੰਗੀ ਫਾਰਸੀ ਪੜ੍ਹਿਆ ਹੋਯਾ

**ਪਾਰਖੀ,** ਪੁ:—ਪਰਖਣ ਵਾਲਾ, ਜੌਹਰੀ ॥

**ਪਾਰਚਾ,** ਪੁ:—ਟੁਕੜਾ, ਕਾਤਰ, ਲੀਰ ।

**ਪਾਰਟੀ,** ਸ:—ਟੋਲੀ, ਮੰਡਲੀ, ਧੜਾ, ਧਿਰ ।

**ਪਾਰਬਤੀ,** ਸ:—ਮਹਾਦੇਵ ਦੀ ਇਸਤ੍ਰੀ ॥

**ਪਾਰਲਾ,** ਵਿ:—ਦਰਿਆ ਆਦਿਕ ਦੇ ਦੂਜੇ ਪਾਸੇ ਦਾ ॥

**ਪਾਰਲੀਮਿੰਟ,** ਸ:—ਵਲੈਤ ਦੇ ਰਈਸਾਂ ਅਤੇ ਆਮ ਲੋਕਾਂ ਦੀ ਰਾਜ ਸਭਾ ॥

**ਪਾਰਾ,** ਪੁ:—ਮਸ਼ਹੂਰ ਵਗਣ ਵਾਲੀ ਚਿੱਟੀ ਧਾਤ, ਵਿ:—ਭਾਰਾ ॥

**ਪਾਰਾਵਾਰ,** ਪੁ:—ਹੱਦ, ਬੰਨਾ, ਕੰਢੇ (ਉਰਲਾ ਤੇ ਪਰਲਾ) ।

**ਪਾਟੀ,** ਸ:—[illegible] ॥

**ਪਾਰੋਂ,** ਕ੍ਰਿ: ਵਿ:—ਪਾਰਲੇ ਪਾਸਿਓਂ ।

**ਪਾਲ,** ਸ: ਪੁ:—ਲੀਕ, ਕਤਾਰ, ਪੰਗਤ, ਪਾਲਣ ਵਾਲਾ ॥

**ਪਾਲਕ,** ਪੁ: ਸ:—ਇੱਕ ਸਾਗ, ਪਾਲਣ ਵਾਲਾ ਵਿ:—ਜੋ ਪਾਲਿਆ ਹੋਵੇ, ਬਣਾਉਟੀ ਪੁਤ੍ਰ ।

**ਪਾਲਕੀ,** ਸ:—ਇੱਕ ਤਰਾਂ ਦੀ ਡੋਲੀ, ਪੀਨਸ ।

**ਪਾਲਣਾ,** ਕ੍ਰਿ:—ਖੁਆ ਪਿਆ ਕੇ ਵੱਡਾ ਕਰਨਾ, ਸਹਾਰਾ ਦੇਣਾ ॥

**ਪਾਲਨਾ,** ਸ:—ਪਾਲਣ ਦਾ ਕੰਮ, ਪਰਵਰਸ਼ਤੀ। ਪੁ: —ਪੰਘੂੜਾ ॥

**ਪਾਲਣਾ,** ਪੁ:—ਕੱਪੜੇ ਦਾ ਲੜ, ਪੱਲਾ ॥

**ਪਾਲਾ,** ਪੁ: —ਟੋਲੀ, ਆਪਣੇ ਬਚਾਉ ਦਾ ਚੱਕਰ, ਠੰਢ, ਸਿਆਲਾ, ਚੱਕਰ, ਸਰਣੀ ।

**ਪਾਲਿਸ਼,** ਪੁ:—ਰੋਗਨ, ਚਮਕਾਉਣ ਵਾਲਾ ਮਸਾਲਾ (ਕਰਨਾ) ॥

**ਪਾਲਿਸੀ,** ਸ:—ਰਾਜਨੀਤਿ, ਹਿਕਮਤ, ਉਸਤਾਦੀ ਛਲ ਵਲ ॥

**ਪਾਲੀ,** ਪੁ:—ਡੰਗਰਚਾਰਨ ਵਾਲਾ, ਆਜੜੀ ॥

Digitized by Panjab Digital Library | www.panjabdigilib.org

ਸ:—ਪਾਲ, ਕਤਾਰ, ਪੰਗਤ, ਲੜੀ ॥

**ਪਾਲੋ ਪਾਲ,** ਕ੍ਰਿ: ਵਿ:—ਇੱਕ ਪਾਲ ਜਾਂ ਕਤਾਰ ਵਿੱਚ ॥

**ਪਾਵਾ,** ਪੁੰ:—ਚੌਕੀ ਮੰਜੀ ਕੁਰਸੀ ਆਦਿਕ ਦੀ ਲੱਤ।

**ਪਾੜ,** ਪੁ:—ਕੰਧ ਦੇ ਵਿੱਚ ਕੀਤੀ ਹੋਈ ਮੋਰੀ, ਖੂਹ ਦਾ ਟੋਇਆ, ਚੋਰ, ਕਪੜਾ ਪਾੜਨ ਦੀ ਅਵਾਜ਼।

**ਪਾੜ ਸਿੱਟਣਾ, ਦੇਣਾ, ਪਾੜ ਮਾਰਨਾ** } ਕ੍ਰਿ:—ਕੰਧ ਪਾੜਨਾ, ਛੇਕ ਕਰਨਾ, ਚੋਰਨਾ

**ਪਾੜ ਪਾੜਨਾ,** ਕ੍ਰਿ:—ਪਹਿਲੀ ਵਾਹੀ ਕਰਨੀ।

**ਪਾੜਛਾ,** ਪੁ:—ਚਰਸ ਦੀਆਂ ਟਿੰਡਾਂ ਦਾ ਪਾਣੀ ਜਿਸ ਰਾਹ ਦੀ ਮੋਰੀ ਵਿਚ ਪੈਂਦਾ ਹੈ ਪਰਨਾਲਾ ॥

**ਪਾੜਨਾ,** ਕ੍ਰਿ:—ਚੀਰਨਾ, ਟੋਟੇ ਕਰਨਾ, ਛੇਕ ਕਰਨਾ।

**ਪਾੜ੍ਹਾ,** ਵਿ:—ਬਹੁਤ ਪੜ੍ਹਿਆ ਹੋਇਆ (ਨਿੰਦਾ ਵਾਚਕ), ਹਰਨ ॥

**ਪਾੜ੍ਹੀ** ਸ:—ਇੱਕ ਪੰਖੇਰੂ, ਘੁੱਗੀ।

**ਪਾੜੂ,** ਵਿ:—ਪਾੜਨ ਵਾਲਾ ॥

**ਪਾੜ੍ਹੂ,** ਵਿ:—'ਪਾੜ੍ਹਾ' ਵੇਖੋ ॥

**ਪਾੜੇ ਪੈਣਾ,** ਕ੍ਰਿ:—ਜਦ ਤਕ ਆਪਣੀ ਗੱਲ ਨਾਂ ਮੰਨੀ ਜਾਵੇ, ਇੱਕ ਟੋਏ ਵਿੱਚ ਪਏ ਰਹਿਣਾ ਅਤੇ ਕੁਝ ਨਾ ਖਾਣਾ ਪੀਣਾ (ਕਈ ਫਕੀਰ ਕਰਦੇ ਹਨ) ॥

**ਪਿਉ,** ਪੁ:—ਜਿਸ ਮਰਦ ਦੀ ਕੋਈ ਉਲਾਦ ਹੈ, ਬਾਪ, ਪਿਤਾ।

**ਪਿਉਕਾ,** ਵਿ:—ਪਿਉ ਦਾ ॥

**ਪਿਉਕੇ,** ਕ੍ਰਿ: ਵਿ: ਪੁ:—ਪਿਉ ਦਾ ਘਰ ਜਾਂ ਟੱਬਰ।

**ਪਿਉਂਦ**
**ਪਿਉਂਦੀ** } 'ਪੇਉਂਦ' ਆਦਿਕ ਵੇਖੋ।

**ਪਿਆ,** ਅਵ:—ਕ੍ਰਿਯਾ ਨਾਲ ਲਗਾਕੇ ਕੰਮ ਦਾ ਲਗਾਤਾਰ ਹੋਣਾ ਜ਼ਾਹਰ ਦਸਦਾ ਹੈ (ਪਿਆ ਪੜ੍ਹਦਾ ਹੈ) ॥

**ਪਿਆਉਣਾ,** ਕ੍ਰਿ:—ਪੀਣ ਦੇਣਾ, ਖੇਤ ਨੂੰ ਤਰ ਕਰ ਦੇਣਾ ॥

**ਪਿਆਈ,** ਸ:—ਪਿਆਉਣ ਦਾ ਕੰਮ ਜਾਂ ਮਜੂਰੀ

**ਪਿਆਸ,** ਸ:—ਪਾਣੀ ਪੀਣ ਦੀ ਚਾਹ, ਤ੍ਰੇਹ, ਇੱਛਿਆ ॥

**ਪਿਆਸ ਬੁਝਾਉਣੀ,** ਕ੍ਰਿ:—ਤ੍ਰੇਹ ਹਟਾਉਣੀ ॥

**ਪਿਆਸ ਮਰਨੀ,** ਕ੍ਰਿ:—ਪਾਣੀ ਨਾ ਮਿਲਣ ਕਰ ਕੇ ਤ੍ਰੇਹ ਹਟ ਜਾਣੀ ॥

**ਪਿਆਸ ਮਾਰਨੀ,** ਕ੍ਰਿ:—ਤ੍ਰੇਹ ਰੋਕ ਕੇ ਹਟ ਦੇਣੀ ॥

**ਪਿਆਸ ਲੱਗਣੀ,** ਕ੍ਰਿ:—ਪੀਣ ਦੀ ਚਾਹ ਹੋਣੀ ॥

**ਪਿਆਸਾ,** ਵਿ:—ਤ੍ਰਿਹਾਯਾ, ਜਿਸ ਨੂੰ ਕਿਸੇ ਗੱਲ ਦੀ ਚਾਹ ਹੈ ॥

**ਪਿਆਸੇ ਮਰਨਾ,** ਕ੍ਰਿ:—ਪਾਣੀ ਨਾਂ ਮਿਲਣ ਕਰਕੇ ਮਰਨਾ ॥

Digitized by Panjab Digital Library | www.panjabdigilib.org

**ਪਿਆਕ,** ਪੁ: ਪੀਣ ਵਲ, ਮਨ ਕਰਨੇ ਖਾਸ ਪੀਣ ਵਾਲੀ ਸ਼ੈ ਦਾ ਪਿਆਰਾ ਹੋਵੇ।

**ਪਿਆਜ਼,** ਪੁ:—ਮਸ਼ਹੂਰ ਭਾਜੀ, ਗੰਢ, ਗੰਢਾ ॥

**ਪਿਆਜ਼ੀ,** ਵਿ:—ਪਿਆਜ਼ ਦੇ ਰੰਗ ਦਾ, ਹਲਕਾ ਗੁਲਾਬੀ ॥ ਸ:—ਇਕ ਬੂਟੀ।

**ਪਿਔਜੀ,** ਸ: -ਕਲੇ ਮਨੇ ਵਾਲੇ ਜੋ ਕਨ... ਅੰਦਰ ਉਂ... ॥

**ਪਿਆਦ,** ਸ:—ਪਿਆਦਿਆਂ ਦੀ ਫ਼ੌਜ।

**ਪਿਆਦਾ,** ਪੁ:—ਪੈਰੀਂ ਤੁਰਨ ਵਾਲਾ, ਸਿਪਾਹੀ, ਚਪੜਾਸੀ, ਸ਼ਤਰੰਜ ਦਾ ... ਮੋਹਰਾ

**ਪਿਆਦਾ ਦੌੜਾਉਣਾ,** ਕ੍ਰਿ:—ਕਿਸੇ ਨੂੰ ਸੱਦਣ ਲਈ ਆਦਮੀ ਮਗਰ ਭੇਜਣਾ ॥

**ਪਿਆਨੋ,** ਪੁ:—ਇੱਕ ਤਰਾਂ ਦਾ ਅੰਗ੍ਰੇਜ਼ੀ ਵਾਜਾ।

**ਪਿਆਰ,** ਪੁ:—ਮਹੱਬਤ, ਨੇਹੁੰ, ਦੋਸਤੀ, ਹਿਤ, ਪ੍ਰੀਤ (ਕਰਨ, ਰਖਣਾ) ॥

**ਪਿਆਰ ਪੈਣਾ,** ਕ੍ਰਿ:—ਦੋਸਤੀ ਹੋਣੀ।

**ਪਿਆਰਾ,** ਵਿ:—ਜਿਸ ਨਾਲ ਪਿਆਰ ਕੀਤਾ ਜਾਵੇ ਮਹਿਬੂਬ, ਕਿਸੇ ਚੀਜ਼ ਦੀ ਚਾਹ ਰੱਖਣ ਵਾਲਾ।

**ਪੰਜ ਪਿਆਰੇ,** ਪੁ:—ਜਿਨ੍ਹਾਂ ਪੰਜਾਂ ਸਿੱਖਾਂ ਨੇ ਗੁਰੂ ਗੋਬਿੰਦ ਸਿੰਘ ਜੀ ਪਾਸੋਂ ਪਹਿਲੇ ਪਹਿਲ ਪਾਹੁਲ ਲਈ।

**ਪਿਆਰਿੜਿਆ,** ਵਿ:—ਜਿਸਦੀ ਪਰਵਾਹ ਨਹੀਂ, ਨਿਕੰਮਾ ॥

**ਪਿਆਲਣਾ (ਨਾ),** ਕ੍ਰਿ:—ਪਿਆਉਣਾ, ਪਾਣੀ ਦੇਣਾ ॥

**ਪਿਆਲਾ,** ਪੁ:
**ਪਿਆਲੀ,** ਸ: } ਕਟੋਰਾ, ਸ਼ਰਾਬ, ਬੰਦੂਕ, ਦਾ ਫ਼ੈਜ਼ਕ ਦਾਣ ॥

**ਹਮ ਪਿਆਲਾ ਹਮ ਨਿਵਾਲਾ,** ਪੁ:—ਕੱਠੇ ਖਾਣ ਪੀਣ ਵਾਲੇ ਦੋਸਤ, ਪੱਕੇ ਯਾਰ ॥

**ਪਿਸਣਾ,** ਕ੍ਰਿ:—ਪੀਠੇ ਜਾਣਾ, ਦਲੇ ਜਾਣਾ, ਚੂਰਾ ਹੋ ਜਾਣਾ ॥

**ਪਿਸਤਾ,** ਪੁ:—ਇੱਕ ਮੇਵਾ, ਇੱਕ ਨਿੱਕੇ ਕੱਦ ਦਾ ਕੁੱਤਾ, ਮਧਰਾ ਆਦਮੀ ॥

**ਪਿਸਤਾਕੀ,** ਵਿ:—ਹਲਕੇ ਸਾਵੇ ਰੰਗ ਦਾ ॥

**ਪਿਸਤੀ,** ਸ:—ਪਿਸਤੇ ਦੀ ਕਿਸਮ ਦੀ ਕੁੱਤੀ ॥

**ਪਿਸਤੌਲ,** ਪੁ:—ਇੱਕ ਛੋਟਾ ਹਥਿਆਰ ਜਿਸ ਵਿੱਚ ਛੱਰਾ ਅਤੇ ਬਰੂਦ ਭਰਕੇ ਚਲਾਉਂਦੇ ਹਨ, ਤਮਚਾ ॥

**ਪਿੰਸਲ,** ਪੁ:—ਸਿਆਹੀ ਦੇ ਬਿਨਾਂ ਲਿਖਣ ਵਾਲੀ ਕਲਮ (ਸੁਰਮੇ ਜਾਂ ਪੱਥਰ ਦੀ)।

**ਪਿਸਵਾਉਣਾ**
**ਪਿਸਾਉਣਾ** } ਕ੍ਰਿ:—ਪੀਹਣ ਦਾ ਕੰਮ ਕਰਾਉਣਾ।

**ਪਿਸਵਾਈ**
**ਪਿਸਾਈ** } ਸ:—ਪੀਹਣ ਦਾ ਕੰਮ ਜਾਂ ਮਜੂਰੀ।

**ਪਿਸਾਚ,** ਪੁ:
**ਪਿਸਾਚਣੀ,** ਸ: } ਭੂਤ, ਪ੍ਰੇਤ, ਭੂਤਣੀ, ਡਾਇਣ।

**ਪਿੱਸੂ,** ਪੁ:—ਇੱਕ ਬਹੁਤ ਨਿੱਕਾ ਉੱਡਣ ਵਾਲਾ ਕੀੜਾ, ਬਕਰੇ ਦੇ ਮਸਾਲੇ ਦੀ ਪਿਚਕਾਰੀ (ਜਿਸ ਨਾਲ ਮੂੰਹ ਬਣਦੇ ਹਨ) ॥

Digitized by Panjab Digital Library | www.panjabdigilib.org

**ਪਿੱਸੂ ਪੈਣੇ,** ਕ੍ਰਿ:—ਫ਼ਿਕਰ ਲੱਗਣਾ, ਡਰ ਹੋਣਾ, ਘਾਬਰਨਾ।

**ਪਿੱਸੂ ਮਾਰ,** ਪੁ:—ਪਿੱਸੂਆਂ ਨੂੰ ਹਟਾਉਣ ਵਾਲੀ ਇੱਕ ਬੂਟੀ।

**ਪਿਹਾਉਣਾ**, **ਪਿਹਾਈ** } 'ਪਿਸਵਾਉਣਾ, ਆਦਿਕ' ਵੇਖੋ।

**ਪਿਹਾਕ,** ਪੁ:—ਪੀਹਣ ਵਾਲਾ।

**ਪਿਕੰਬਰ,** ਪੁ:—ਪਰਮੇਸ਼ਰ ਦਾ ਭੇਜਿਆ ਹੋਇਆ ਨਬੀ, ਰਸੂਲ॥

**ਪਿਕੰਬਰੀ,** ਸ:—ਪਿਕੰਬਰ ਦਾ ਕੰਮ ਜੋ ਰਸੂਲ ਦਾ ਸੌਂਪਿਆ।

ਵਿ:—ਪਿਕੰਬਰ ਦਾ ( ਪਿਕੰਬਰੀ ਵਾਕ = ਅਰਸ਼ ਦੀ ਬਾਣੀ )॥

**ਪਿੰਗਲ,** ਪੁ:—ਛੰਦਾਂ ਬੰਦੀ ਦੀ ਵਿੱਦਯਾ, ਪਿੰਗਲਾ।

**ਪਿੰਗਲਾ,** ਸ:—ਇੱਕ ਨਾੜੀ॥

**ਪਿੰਗਲਾ,** ਪੁ:, **ਪਿੰਗਲੀ,** ਸ: } ਜਿਸਦੇ ਹੱਥ ਪੈਰ ਨਾ ਚੱਲਣ, ਲੂਲ੍ਹਾ ( ਲ੍ਹੀ )॥

**ਪਿਘਲਣਾ,** ਕ੍ਰਿ:—'ਪੰਘਰਨਾ' ਵੇਖੋ॥

**ਪਿਘਲਾਉ,** ਪੁ:—ਪੰਘਰਨ ਦਾ ਕੰਮ॥

**ਪਿਘਲਾਉਣਾ,** ਕ੍ਰਿ:—'ਪਘਾਰਨਾ' ਵੇਖੋ।

**ਪਿਘਲਾਊ,** ਵਿ:—ਜੋ ਪਘਾਰਿਆ ਜਾ ਸੱਕੇ॥

**ਪਘਲਾਈ,** ਸ:—ਪਿਘਲਾਉਣ ਦੀ ਮਜੂਰੀ॥

**ਪਿਚਕਣਾ,** ਕ੍ਰਿ:—ਨਪਿੱਚੇ ਜਾਣਾ, ਸੁੰਗੜਨਾ।

**ਪਿਚਕਾਉਣਾ,** ਕ੍ਰਿ:—ਨਪਿੱਚਣਾ, ਘੁੱਟਣਾ, ਸੁੰਗੇੜਨਾ॥

**ਪਿਚਕਾਰਾ,** ਪੁ:—ਵਿਆਹ ਸ਼ਾਦੀ ਦੀਆਂ ਖੇਡਾਂ, ਆਗ।

**ਪਿਚਕਾਰੀ,** ਸ:—ਇੱਕ ਨਲਕੀ ਜਿਸ ਵਿੱਚ ਪਾਣੀ ਆਦਿਕ ਭਰਕੇ ਪਿੱਛੋਂ ਡੰਡੀ ਦੇ ਦਬਾਉ ਨਾਲ ਉਸਦੀ ਧਾਰ ਦੂਰ ਤਕ ਪੁਚਾਉਂਦੇ ਹਨ ( ਚਲਾਉਣੀ, ਮਾਰਨੀ )॥

**ਪਿਚਕਾਰੀ ਕਰਨੀ,** ਕ੍ਰਿ:—ਮਨੁਖ ਦੇ ਸਰੀਰ ਵਿੱਚ ਟੇਨੌਂ ਪਿਚਕਾਰੀ ਨਾਲ ਪਾਣੀ ਆਦਿਕ ਚਾੜ੍ਹਨਾ॥

**ਪਿੱਛ,** ਸ:—ਉਬਲੇ ਹੋਏ ਚੌਲਾਂ ਦਾ ਪਾਣੀ।

**ਪਿਛਲ ਖੁਰੀ,** ਕ੍ਰਿ: ਵਿ:—ਪਿਛਲੇ ਪਾਸੇ॥ ਸ:—ਡਾਇਣ॥

**ਪਿਛਲੱਗ,** ਸ:, ਪੁ:—ਪਹਿਲੇ ਖਾਵੰਦ ਤੋਂ ਕਿਸੇ ਤੀਮਤ ਦਾ ਬਾਲ, ਮੈਂਗਲ ਦੀ ਉਲਾਦ, ਜੋ ਕਿਸੇ ਦੇ ਮਗਰ ਚੱਲੇ।

**ਪਿਛਲਾ,** ਪੁ:, **ਪਿਛਲੀ,** ਸ: } ਵਿ:—ਪਿੱਛੇ ਦਾ ( ਦੀ ), ਜੋ ਮਗਰੋਂ ਆਵੇ॥

**ਪਿਛਲੀ ਰਾਤ,** ਸ:—ਪ੍ਰਭਾਤ, ਜਦੋਂ ਪਹਿਰ ਰਾਤ ਰਹੇ॥

**ਪਿਛਵਾੜਾ,** ਪੁ:, **ਪਿਛਵਾੜੀ,** ਸ: } ਪਿਛਲੇ ਪਾਸੇ ਦੀ ਜਗਾ।

**ਪਿੱਛਾ,** ਪੁ:—ਬੀਤਿਆ ਹੋਯਾ ਵੇਲਾ, ਪਿੱਛੇ ਸਾਲ ਦਾ ਕੰਮ।

**ਪਿੱਛਾ ਕਰਨਾ,** ਕ੍ਰਿ:—ਪਿੱਛੇ ਪਿੱਛੇ ਜਾਣਾ, ਮਗਰ ਲੱਗਣਾ।

Digitized by Panjab Digital Library | www.panjabdigilib.org

**ਪਿੱਛਾ ਛੱਡਣਾ,** ਕ੍ਰਿ:—ਪਰਵਾਹ ਨ ਕਰਨੀ, ਮਨ ਹਟਾ ਲੈਣਾ ॥

**ਪਿੱਛਾ ਛੁਡਾਉਣਾ,** ਕ੍ਰਿ:—ਕਿਸੇ ਦੀ ਫਾਹੀ ਥੋਂ ਨਿਕਲਣਾ ॥

**ਪਿਛਾਹਾਂ,** ਕ੍ਰਿ: ਵਿ:—ਪਿੱਛੇ ਪਿੱਛੇ, ਮਗਰ, ਪਿੱਠ ਵੱਲ ॥

**ਪਿਛਾਹੁਟਾ,** ਕ੍ਰਿ:—ਉਥਲੇ 'ਹੋਏ ਹੌਲਾਂ ਵਿੱਚ' ਪਿੱਛ ਕੱਢ ਦੇਣੀ ॥

**ਪਿਛਾੜੀ,** ਸ:—ਪਿਛਲਾ ਪਾਸਾ, ਘੋੜੇ ਦੀਆਂ ਪਿਛਲੀਆਂ ਲੱਤੀਆਂ ਦਾ ਰੱਸਾ ॥

**ਪਿੱਛੇ,** ਕ੍ਰਿ: ਵਿ:—ਪਿੱਠ ਵੱਲ, ਮਗਰ, ਕਰਕੇ ਖਾਤਰ, ਵਾਸਤੇ, ਨਾਂ ਹੋਣ ਵੇਲੇ, ਦੀ ਥਾਂ ॥

**ਪਿੱਛ ਆਉਣਾ,** ਕ੍ਰਿ:—ਅਵੇਰ ਕਰਕੇ ਆਉਣਾ ॥

**ਪਿੱਛੇ ਪਾਉਣਾ,** ਕ੍ਰਿ:—ਅੱਗੇ ਲੰਘ ਜਾਣਾ, ਜਮਾ ਕਰਨਾ ।

**ਪਿਛੇ ਪਿੱਛੇ,** ਕ੍ਰਿ: ਵਿ:—ਇੱਕ ਦੂਜੇ ਦੇ ਮਗਰ ਪਾਲ ਪਾਲ ।

**ਪਿੱਛੇ ਪੈਣਾ,** ਕ੍ਰਿ: -ਮਗਰ ਲੱਗਣਾ, ਦੁਖ ਦੇਣਾ

**ਪਿਛੇਤ,** ਪੁ:—ਕੋਈ ਕੰਮ ਪਿੱਛੋਂ ਕਰਨਾ ॥

**ਪਿਛੇਤਾ,** ਵਿ:—ਜੋ ਕੰਮ ਪਿੱਛੋਂ ਕੀਤਾ ਜਾਵੇ ।

**ਪਿੱਛੋਂ,** ਕ੍ਰਿ: ਵਿ:, ਅਵ: -ਮਗਰੋਂ, ਜਦੋਂ ਸਮਾ ਬੀਤ ਜਾਵੇ ॥

**ਪਿੱਛੋਂ ਤੋੜੀ,** ਕ੍ਰਿ: ਵਿ:—ਓੜਕ ਨੂੰ, ਅਖੀਰ ਤੱਕ।

**ਪਿਛੇਕਾ,** ਪੁ: ਜੱਦ, ਕੁਲ, ਪਿਛੇ ਦੇ ਪਦਾਰਥਾਂ ਵੰਸ਼ੀਆਂ ਦਾ ਟੱਬਰ ।

**ਪਿਛੌਟੀ,** ਸ:—ਜਿਸ ਪੱਟੀ ਆਦਿਕ ਨਾਲ ਪਿੱਠ ਪਿੱਛੇ ਝੁੱਕਿਆ ਹੋਇਆ ਭਾਰ ਕਾਬੂ ਰੱਖਣ ਲਈ ਬੰਨ੍ਹਿਆ ਜਾਵੇ ॥

**ਪਿੰਜ,** ਪੁ:—ਪਚੀਆ, ਗੰਢੀ ਦਾ ਰੰਕੜ ॥

**ਪਿੰਜਣਾ,** ਕ੍ਰਿ:—ਧੁਣਖੀ ਨਾਲ ਰੂੰ ਸਾਫ ਅਤੇ ਮੁਲੈਮ ਕਰਨੀ ।

**ਪਿੰਜਣੀ,** ਸ:—ਬਾਹਰਲੀ ਲੱਕੜ ਜਿਸ ਨਾਲ ਗੱਡੇ ਦੇ ਪਹੀਏ ਕਾਬੂ ਰਹਿੰਦੇ ਹਨ ।

**ਪਿੰਜਰ,** ਪੁ:—ਹੱਡੀਆਂ ਦਾ ਢਾਂਚਾ, ਛਾਤੀ ॥

**ਪਿੰਜਰਾ,** ਪੁ:<br>**ਪਿੰਜਰੀ,** ਸ: } ਪੰਖੇਰੂਆਂ ਦਾ ਲੋਹੇ ਜਾਂ ਬਾਂਸ ਦਾ ਘਰ ਜਿਸ ਦੇ ਅੰਦਰੋਂ ਉਹ ਉਡ ਨਾ ਸੱਕਣ ॥

**ਪਿੰਜਾਉਣਾ,** ਕ੍ਰਿ: —ਪਿੰਜਣ ਦਾ ਕੰਮ ਕਰਾਉਣਾ।

**ਪਿੰਜਾਈ,** ਸ:—ਰੂੰ ਪਿੰਜਣ ਦਾ ਕੰਮ ਜਾਂ ਮਜੂਰੀ ॥

**ਪਿੰਜੁਣ,** ਪੁ:—ਰੂੰ ਪਿੰਜਣ ਵਾਲਾ ਜੰਤ੍ਰ, ਧੁਣਖੀ ।

**ਪਿੱਟਣਾ,** ਕ੍ਰਿ: ਛਾਤੀ ਮੱਥੇ ਆਦਿਕ ਉੱਤੇ ਜ਼ੋਰ ਨਾਲ ਹੱਥ ਮਾਰਨੇ, ਸਿਆਪਾ ਕਰਨਾ, ਖਿਝਣਾ, ਛਿੱਥੇ ਹੋਣਾ ॥

**ਪਿੱਟ ਪਟਊਆ,** ਪੁ:—ਸਿਆਪਾ, ਪਿੱਟਣ ਰੋਣ ਦਾ ਕੰਮ, ਝਗੜਾ ।

**ਪਿਟਵਾਹਾਂ,** ਪੁ:—ਪੈਂਟ, ਢਿਡ ॥

**ਪਿਟਾਉਣਾ,** ਪੁ: ਪਿਟਣ ਦਾ ਕੰਮ, ਝਗੜਾ, ਬਖੇੜਾ ।

**ਪਿਟਾਉਣਾ,** ਕ੍ਰਿ: ਪਿੱਟਣ ਦਾ ਕੰਮ ਕਰਾਉਣਾ, ਖਿਝਾਉਣਾ ॥

Digitized by Panjab Digital Library | www.panjabdigilib.org

**ਪਿਟਾਰ (ਰਾ)**
**ਪਿਟਾਰੀ** } 'ਪਟਾਰ' ਆਦਿਕ ਵੇਖੋ ॥

**ਪਿੱਠ,** ਸ:—ਧੜ ਦਾ ਪਿਛਲਾ ਪਾਸਾ, ਕੰਡ; ਵੂਹੀ ॥

**ਪਿੱਠ ਦੇ ਜਾਣੀ,** ਕ੍ਰਿ: ਦੂਰ ਹੋ ਕੇ ਨੱਠ ਜਾਣਾ ॥

**ਪਿੱਠ ਪਿੱਛੇ,** ਕ੍ਰਿ: ਵਿ:—ਜਿਸ ਵੇਲੇ ਕੋਈ ਨਾਂ ਹੋਵੇ ॥

**ਪਿੱਠ ਪੂਰਨੀ,** ਕ੍ਰਿ:—ਮੱਦਦ ਕਰਨੀ ॥

**ਪਿੱਠ ਲੱਗਣੀ,** ਕ੍ਰਿ:—ਕੁਸ਼ਤੀ ਵਿਚ ਢਹਿ ਪੈਣਾ, ਪਿੱਠ ਦੇ ਭਾਰ ਪੈਣਾ, ਪਸ਼ੂ ਦੀ ਪਿੱਠ ਗਲ ਜਾਣੀ ॥

**ਪਿੱਠੂ,** ਪੁ:—ਪਿੱਠ ਉੱਤੇ ਲੋ ਜਾਣ ਵਾਲੀ ਇੱਕ ਟੋਕਰੀ ॥

**ਪਿੰਡ,** ਪੁ:—ਗਿਰਾਂ, ਬਹੁਤ ਛੋਟੀ ਬਸਤੀ, ਪਿਤਰਾਂ ਦੇ ਨਮਿੱਤ ਦੇਣ ਵਾਲਾ ਚੌਲ ਆਦਿਕ ਦਾ ਗੋਲਾ, ਇੱਕ ਤਰ੍ਹਾਂ ਦੀ ਖਜੂਰ।

**ਪਿੰਡ ਪਾਉਣੇ**
**ਪਿੰਡ ਭਰਾਉਣੇ** } ਕ੍ਰਿ:—ਚੌਲ ਆਦਿਕ ਦੇ ਗੋਲੇ ਪਿਤਰਾਂ ਦੇ ਨਮਿੱਤ ਦੇਣੇ (ਸਰਾਧ ਜਾਂ ਕਿਰਿਆ ਕਰਮ ਵਿਚ)।

**ਪਿੰਡੇ ਹੱਥ ਲਾਉਣਾ** ਕ੍ਰਿ:—ਕਿਸੇ ਦੇ ਪਿੰਡੇ ਉੱਤੇ ਹੱਥ ਰਖਕੇ ਉਹਦੀ ਸਹੁੰ ਖਾਣੀ।

**ਪਿੰਡਾਰਾ** ਪੁ:—ਦੱਖਣ ਦੇ ਲੁਟੇਰਿਆਂ ਦੀ ਇੱਕ ਜਾਤ ॥

**ਪਿੰਡੀ** ਸ:—ਇੱਕ ਅੱਧੇ ਗੋਲੇ ਦੀ ਸ਼ਕਲ ਦਾ ਪੱਥਰ ਜਿਸ ਨੂੰ ਦੇਵੀ ਕਰਕੇ ਮੰਨਦੇ ਹਨ, ਰੇਤ ਦੀ ਦੇਵੀ, ਮਿੱਟੀ ਦੀ ਬੁਰਜੀ, ਇੱਕ ਸ਼ਹਿਰ (ਰਾਵਲ ਪਿੰਡੀ) ॥

**ਪਿੰਢੋਰਾ** ਪੁ:—ਛੋਟਾ ਪੀਹੜਾ ਜਾਂ ਗਹਿਰਾ।

**ਪਿੰਡੋਲ** ਪੁ:—ਇੱਕ ਤਰ੍ਹਾਂ ਦੀ ਚੀਮੀ ਰਾਖੀ।

**ਪਿੱਤ** ਪੁ:, ਸ:—ਗਰਮੀ, ਵਾਰੀ, ਸੇਕਾ, ਗਰਮੀ ਕਰਕੇ ਪਿੰਡੇ ਉੱਤੇ ਜੋ ਨਿੱਕੇ ਨਿੱਕੇ ਦਾਣੇ ਨਿਕਲ ਆਉਂਦੇ ਹਨ, ਇੱਕ ਪੀਲਾ ਕੌੜਾ ਪਾਣੀ ਜੋ ਜਿਗਰ ਵਿੱਚੋਂ ਨਿਕਲਦਾ ਹੈ।

**ਪਿਤਕਾਉਣਾ** ਕ੍ਰਿ:—ਚੰਗੀ ਤਰਾਂ ਦੋਸ਼ ਕਰ ਕੇ ਲਾਲ ਸੁਖਾ ਕਰਨਾ, ਪਿੱਛੇ ਪੈਣਾ, ਭਖਾਉਣਾ।

**ਪਿਤੰਬਰ** ਪੁ:—ਪਿਉ, ਦਾਦਾ, ਵੱਡੇ, (ਇੱਕਾ ਵਾਰਕ) ॥

**ਪਿੱਤ ਪਾਪੜਾ** ਪੁ:—ਇੱਕ ਠੰਢੀ ਦੁਆ, ਇੱਕ ਬੂਟੀ।

**ਪਿਤੰਬਰ** ਪੁ:—ਪੀਲਾ ਰੇਸ਼ਮੀ ਕੱਪੜਾ ॥

**ਪਿਤੰਬਰ ਧਾਰੀ** ਪੁ:—ਬਿਸ਼ਨ ਦੇਉਤਾ, ਕ੍ਰਿਸ਼ਨ ਜੀ

**ਪਿਤਰ** ਪੁ:—ਪਿਉ ਦਾਦਾ, ਵੱਡੇ, ਜੋ ਪਹਿਲੇ ਮਰ ਗਏ ਹਨ

**ਪਿਤਰ ਤਰਪਣ** ਪੁ:
**ਪਿਤਰਾਂ ਨੂੰ ਪਾਣੀ ਦੇਣਾ** } ਪਿਤਰਾਂ ਦੇ ਨਾਉਂ ਤੇ ਪਾਣੀ ਹੱਥ ਵਿਚ ਲੈਕੇ ਮੰਤ੍ਰ ਪੜ੍ਹਕੇ ਛੱਡ ਦੇਣਾ ॥

**ਪਿਤਰ ਪੱਖ** ਪੁ:—ਅੱਸੂ ਦਾ ਕਿਸ਼ਨ ਪੱਖ

**ਪਿਤਰਾਂ ਦੇ ਅਰਪਣ** ਵਿ:—ਪਿਤਰ ਦੇ ਨਾਉਂ ਤੇ ਜੋ ਕੁਝ ਦਿੱਤਾ ਜਾਵੇ।

**ਪਿਤਰਾਈ** ਸ:—ਪਿਤਰਾਂ ਦੀਆਂ ਤਿੰਨ ਪੀੜ੍ਹੀਆਂ, ਪਿਉ, ਦਾਦਾ, ਪੜਦਾਦਾ ॥

Digitized by Panjab Digital Library / www.panjabdigilib.org

**ਪਿੱਤਲ,** ਪੁ:—ਪੀਲੇ ਰੰਗ ਦੀ ਮਸ਼ਹੂਰ ਧਾਤ।

**ਪਿੱਤਲੀ,** ਵਿ:—ਪਿੱਤਲ ਦਾ (ਦੀ)॥

**ਪਿੱਤਲੀਆ** ਵਿ:—ਪਿੱਤਲ ਦਾ ਜਾਂ ਜਿਸ ਵਿੱਚ ਪਿੱਤਲ ਦਾ ਮੇਲ ਹੋਵੇ।

**ਪਿਤਾ,** ਪੁ:—ਪੇਉ, ਬਾਪ, ਜਿਸ ਮਰਦ ਦੀ ਉਲਾਦ ਹੋ॥

**ਪਿਤਾ ਪਿਤਾਮਾ,** ਪੁ:—ਪੇਉ ਦਾਦਾ, ਵੱਡੇ।

**ਪਿਤਾ ਪੁਰਖੀ,** ਵਿ:—ਜੋ ਕਾਲ ਵੱਡਿਆਂ ਤੋਂ ਹੁੰਦੀ ਆਈ ਹੋ॥

**ਪਿੱਤਾ,** ਪੁ:—ਪਿੱਤ, ਸਰੀਰ ਵਿੱਚ ਪਿੱਤ ਦੀ ਥਲੀ, ਹੌਸਲਾ, ਹਿੰਮਤ, ਗੁੱਸਾ, ਤੇਜ਼ੀ, ਜੋਸ਼, ਹਠ॥

**ਪਿੱਤਾ ਮਾਰਨਾ,** ਕ੍ਰਿ:—ਗੁੱਸਾ ਰੋਕਣਾ, ਮਨ ਵੱਸ ਕਰ ਲੈਣਾ॥

**ਪਿੱਤੇ ਛੋਹੀਆਂ** ਸ:—(ਬਹੁ:), ਫਿਟਕਾਰਾਂ, ਝਿੜਕੀਆਂ, ਧਮਕੀਆਂ ( ਲਾਉਣੀਆਂ )॥

**ਪਿਦੜਾ (ਪਿੱਦਾ),** ਪੁ: } ਇੱਕ ਛੋਟਾ ਪੰਛੀ, ਨਿੱਕਾ ਮਨੁੱਖ॥
**ਪਿਦੜੀ (ਪਿੱਦੀ),** ਸ: }

**ਪਿਨ,** ਸ:—ਕਾਗਜ਼ ਨੱਥਣ ਵਾਲੀ ਸੂਈ (ਨੱਕੇ ਬਿਨਾ)॥

**ਪਿੰਨ,** ਪੁ:—ਚੌਲ ਜਾਂ ਖੰਡ ਜਾਂ ਮਿੱਟੀ ਜਾਂ ਗੋਹੇ ਦੀ ਗਲੋਟੀ, ਥਕੇਵੇਂ ਦੇ ਵੱਟ (ਪੈ ਜਾਣੇ), ਆਲਸ॥

**ਪਿਨਸ਼ਨ,** ਸ:—ਪੁਰਾਣੇ ਨੌਕਰ, ਨੂੰ ਨੌਕਰੀ ਛੱਡਣ ਮਗਰੋਂ ਜੋ ਰਕਮ ਗੁਜ਼ਾਰੇ ਵਾਸਤੇ ਸਾਰੀ ਉਮਰ ਮਿਲਦੀ ਹੈ॥

**ਪਿਨਸ਼ਨਰ,** ਪੁ:—ਪਿਨਸ਼ਨ ਲੈਣ ਵਾਲਾ॥

**ਪਿੰਨਣਾ,** ਕ੍ਰਿ:—ਮੰਗਣਾ, (ਫ਼ਕੀਰਾਂ ਵਾਕਰ)।

**ਪਿੰਨਾ,** ਕ੍ਰਿ:—ਸੂਤ ਜਾਂ ਡੋਰੀ ਜਾਂ ਮਠਿਆਈ ਜਾਂ ਮਿੱਟੀ ਦਾ ਗੋਲਾ।

**ਪਿੰਨੀ,** ਸ:—ਛੋਟਾ ਪਿੰਨਾ, ਸਥਲੀਆਂ ਦਾ ਗੁੱਛ ਗੋਡੇ ਤੋਂ ਥੱਲੇ ਲੱਤ ਦਾ ਮੋਟਾ ਹਿੱਸਾ॥

**ਪਿੱਪ,** ਸ:—ਪਿੱਪਲ ਦੇ ਰੁੱਖ ਦਾ ਫਲ॥

**ਪਿੰਪਣੀ,** ਸ: ਅੱਖ ਦੇ ਪਤਾਲਿਆਂ ਦੇ ਵਾਲ॥

**ਪਿਪਰਮਿੰਟ,** ਸ:-ਪੁਦੀਨੇ ਦਾ ਵਲੈਤੀ ਸਤ॥

**ਪਿੱਪਲ,** ਪੁ:-ਇਕ ਮਸ਼ਹੂਰ ਪਵਿਤ੍ਰ ਬਿਰਛ।

**ਪਿਪਲਾਂ,** ਸ:-(ਬਹੁ:) ਪਿੱਪਲ ਦੇ ਫਲ, ਲਾਲ ਮਿਰਚਾਂ॥

**ਪਿੱਪਲਾ ਗੂੰਦ,** ਸ:-ਕਿੱਕਰ ਦੀ ਲਾਲ ਗੂੰਦ ਜਿਸ ਦੀ ਲਾਖ ਸਿਆਹੀ ਬਣਦੀ ਹੈ॥

**ਪਿੱਪਲਾ ਮਿੰਟ,** ਸ: 'ਪਿਪਰ ਮਿੰਟ' ਵੇਖੋ॥

**ਪਿੱਪਲਾ ਮੂਲ,** ਪੁ:-ਲੰਮੀ ਮਿਰਚ ਦੀ ਜੜ੍ਹ॥

**ਹਰ ਮਸਾਲੇ ਪਿੱਪਲਾ ਮੂਲ,** ਵਿ:—ਜੋ ਹਰ ਕੰਮ ਕਰਨ ਲੱਗੇ॥

**ਪਿਪਲੀਹੀ,** ਸ:—ਇਕ ਡੰਗ ਵਾਲਾ ਕੀੜਾ॥

**ਪਿੱਪੂ,** ਪੁ:—ਇੱਕ ਤਰਾਂ ਦੀ ਖੱਟੀ ਜੇਹੀ ਬੂਟੀ॥

**ਪਿਰ,** ਪੁ:—ਖੌਂਦ, ਖਸਮ॥

**ਪਿਰਚ,** ਸ:—ਨਿੱਕੀ ਰਕਾਬੀ ਜਿਸ ਵਿਚ ਚਾਹ ਦੀ ਪਿਆਲੀ ਰੱਖਦੇ ਹਨ॥

Digitized by Panjab Digital Library | www.panjabdigilib.org

**ਪਿਰਤੰ,** ਸ:—ਦਸਤੂਰ, ਆਦਤ, ਚਾਲ ।

**ਪਿਰਤਪਾਲ (ਲਾ),** ਸ: ਪਾਲਣ ਦਾ ਕੰਮ, ਪਰਵਸਤੀ ( ਕਰਨਾ ) ॥

**ਪਿਰਤ ਬਿੰਬ,** ਪੁ:—ਮੂਰਤ, ਪਰਛਾਵਾਂ ।

**ਪਿਰਤਮਾ,** ਸ: -ਮੂਰਤ, ਬੁਤ ।

**ਪਿਰਥਮੀ**
**ਪਿਰਥਵੀ (ਥੀ)** } ਸ:—ਧਰਤੀ, ਜ਼ਮੀਨ, ਸੰਸਾਰ

**ਪਿਰਥੀ ਨਾਥ**
**ਪਿਰਥੀ ਪਤੀ**
**ਪਿਰਥੀ ਪਾਲ**
**ਪਿਰਥੀ ਰਾਜ** } ਪੁ:—ਰਾਜਾ, ਪਰਮੇਸ਼ਰ

**ਪਿਰੋਣਾ** ਕ੍ਰਿ:—'ਪਰੋਣਾ' ਵੇਖੋ ।

**ਪਿਲਸਣ,** ਸ:—'ਪਿੰਸਲ' ਵੇਖੋ ॥

**ਪਿਲਕਣ,** ਪੁ:—ਇੱਕ ਰੁਖ ਜਿਸ ਦੇ ਪਤ੍ਰ ਅੰਬ ਦੇ ਪਤ੍ਰਾਂ ਵਾਂਗਰ ਹੁੰਦੇ ਹਨ ਪਰ ਛੋਟੇ ।

**ਪਿਲਚਣਾ,** ਕ੍ਰਿ: —ਮਨੁਖ ਦਾ ਕਿਸੇ ਦੇ ਮਗਰ ਲੱਗਣਾ, ਚੰਬੜਨਾ ॥

**ਪਿਲਚਾਉਣਾ,** ਕ੍ਰਿ:—ਫਸਾਉਣਾ, ਚੰਬੜਾਉਣਾ ।

**ਪਿਲਛੀ,** ਸ:—ਇੱਕ ਰੁੱਖ ਜਿਸ ਦੀਆਂ ਟਹਿਣੀਆਂ ਦੀਆਂ ਟੋਕਰੀਆਂ ਬਣਦੀਆਂ ਹਨ ॥

**ਪਿਲਣਾ,** ਕ੍ਰਿ:—ਪੀਠੇ ਜਾਣਾ, ਮਸ਼ ਦਲੇ ਜਾਣਾ, ਧੱਕੇ ਜਾਣਾ ।

**ਪਿਲੱਤਣ,** ਸ:—ਪੀਲਾ ਰੰਗ, ਜ਼ਰਦੀ ॥

**ਪਿਲਨਾ,** ਕ੍ਰਿ:—ਹੱਲ ਕਰਨਾ, ਲਤਾੜਨਾ, ਉੱਪਰ ਜਾ ਪੈਣਾ ।

**ਪਿਲਪਿਲਾ,** ਵਿ:—ਨਰਮ, ਪੋਲਾ (ਫਲ ਆਦਿਕ) ।

**ਪਿਲਪਿਲਾਉਣਾ,** ਕ੍ਰਿ:—ਨਰਮ ਜਾਂ ਪੋਲਾ ਹੋਣਾ ।

**ਪਿਲਪਿਲਾਹਟ,** ਸ: ਪਿਲਪਿਲਾ ਹੋਣ ਦਾ ਗੁਣ ।

**ਪਿਲਵਈਆ**
**ਪਿਲਵੱਯਾ** } ਵਿ:—ਜੋ ਪੀਣ ਨੂੰ ਦੇਵੇ, ਪੀਣ ਵਾਲਾ ॥

**ਪਿਲਵਾਉਣਾ,** ਕ੍ਰਿ:—ਪੀਣ ਜਾਂ ਪਿਆਉਣ ਦਾ ਕੰਮ ਕਰਾਉਣਾ, ਗਲਾ ਕਰਾਉਣਾ, ਲਤਾੜ ਵਾਉਣਾ ।

**ਪਿਲਵਾਈ,** ਸ: ਪਿਆਉਣ ਦਾ ਕੰਮ ਜਾਂ ਮਜ਼ੂਰੀ ।

**ਪਿੱਲਾ,** ਪੁ: ਵਿ: ਪੀਲਾ, ਜ਼ਰਦ, ਅੱਧਾ ਪੱਕਾ, ਕੁੱਤੇ ਦਾ ਬੱਚਾ, ਸੁੱਖ ਆਦਮੀ ॥

**ਪਿਲਾਉਣਾ,** ਕ੍ਰਿ:—ਪੀਣ ਨੂੰ ਦੇਣਾ, ਪੀਣ ਦਾ ਕੰਮ ਕਰਾਉਣਾ ॥

**ਪਿਲਾਈ,** ਸ:—ਪਿਆਉਣ ਦਾ ਕੰਮ ਜਾਂ ਮਜ਼ੂਰੀ ।

**ਪਿਲਾਕ,** ਵਿ:—ਬਹੁਤ ਪੀਣ ਵਾਲਾ, 'ਪਿਆਕ' ਭੀ ਵੇਖੋ ॥

**ਪਿੱਲੀ,** ਸ:, ਵਿ:—ਪੀਲੀ, ਅਧੀ ਪੱਕੀ ( ਇੱਟ ) ॥

**ਕੱਚੀ ਪਿੱਲੀ ਗੱਲ,** ਸ:—ਜਿਸ ਗੱਲ ਦਾ ਵਸਾਹ ਨਹੀਂ ॥

Digitized by Panjab Digital Library / www.panjabdigilib.org

**ਪਿਵਾਉਣਾ**
**ਪਿਵਾਈ** } 'ਪਿਲਾਉਣਾ' ਆਦਿਕ ਵੇਖੋ।

**ਪਿੜ,** ਪੁ:—ਜਿਸ ਥਾਂ ਤੇ ਅਨਾਜ ਕੱਠਾ ਕੀਤਾ ਹੋਵੇ, ਜਿੱਥੇ ਕੁਸ਼ਤੀ ਖੇਡ ਜਾਂ ਪਸ਼ੂਆਂ ਦੀ ਲੜਾਈ ਹੋਵੇ। ਖਪੋੜ੍ਹ।

**ਪਿੜ ਬੰਨ੍ਹਣਾ,** ਕ੍ਰਿ:—ਲੋਕਾਂ ਦਾ ਘੇਰਾ ਪਾਕੇ ਖਲੋ ਜਾਣਾ।

**ਪਿੜਤਾ,** ਪੁ:—ਪਟਾਰ, ਟੋਕਰਾ॥

**ਪਿੜਾ,** ਪੁ:—ਤੀਲੀਆਂ ਦੀ ਢੱਕਣ ਵਾਲੀ ਪਟਾਰੀ।

**ਪਿੜਾਉਣਾ,** ਕ੍ਰਿ:—ਪੁਰਜ਼ਾ ਪੁਰਜ਼ਾ ਚਥੜ ਦੇਣਾ, ਪਿਸਵਾਉਣਾ, ਖਿੰਡਾਉਣਾ, ਪਾੜ ਦੇਣਾ।

**ਪਿੜਿਆਈ,** ਸ:—ਗੰਨੇ ਦੀਆਂ ਕੂੰਬਲਾਂ॥

**ਪਿੜੀ,** ਸ:—ਇੱਕ ਕਿਸਮ ਦੀ ਚੌਰਸ ਬਰਤਨ ਜੋ ਖਿੱਧੋ ਜਾਂ ਮੰਜੇ ਆਦਿਕ ਉਣਨ ਵਿੱਚ ਪਾਈ ਜਾਂਦੀ ਹੈ, ਕਾਂਸ ਜਾਂ ਤੀਲੀਆਂ ਦੀ ਬਹੁਤ ਛੋਟੀ ਟੋਕਰੀ॥

**ਪੀ**
**ਪੀਆ** } ਪੁ:—ਖੌਂਦ, ਪਿਆਰਾ, ਮਿੱਤ੍ਰ, ਆਸ਼ਕ, ਮਸ਼ੂਕ।

**ਪੀਆ ਬਾਂਸਾ,** ਪੁ:—'ਬਾਂਸਾ' ਵੇਖੋ।

**ਪੀਂ,** ਪੁ:—'ਪੀਲ' ਵੇਖੋ॥

**ਪੀਉ,** ਪੁ:—ਪਿਆਰਾ, ਆਸ਼ਕ, ਖੌਂਦ, ਪੇਉ।

**ਪੀਸਕ,** ਪੁ:—ਪੀਠੀ ਹੋਈ ਸ਼ੈ, ਚੂਰਣ ਜਾਂ ਧੂੜਾ॥

**ਪੀਸਣਾ,** ਕ੍ਰਿ:—ਪੀਹਣਾ, ਦਲਣਾ, ਚੂਰਾ ਚੂਰਾ ਕਰਨਾ॥

**ਪੀਹ,** ਪੁ:—ਲੜਾਈ, ਝਗੜਾ, ਬਖੇੜਾ, (ਪਾਉਣਾ)॥

**ਪੀਹਣ,** ਪ:—ਅਨਾਜ ਜੋ ਪੀਹਣ ਲਈ ਤਿਆਰ ਹੋਵੇ, ਪਿੱਠ।

**ਗਿੱਲਾ ਪੀਹਣ ਪਾਉਣਾ,** ਕ੍ਰਿ:—ਉਹ ਕੰਮ ਕਰਨਾ ਜਿਸ ਵਿਚ ਬਹੁਤ ਚਿਰ ਲੱਗੇ।

**ਪੀਹਣਾ,** ਕ੍ਰਿ:—ਦਲਣਾ, ਚੂਰਾ ਚੂਰਾ ਕਰਨਾ॥ ਪੁ:—ਪਿੱਠ॥

**ਪੀਹਲੂ,** ਸ:—ਵਣ ਦੇ ਰੁੱਖ ਦਾ ਫਲ॥

**ਪੀਹੜ,** ਪੁ:—ਜਬਾੜੇ ਵਿੱਚ ਦੰਦਾਂ ਦੀ ਪਾਲ॥

**ਪੀਹੜਾ,** ਪੁ:
**ਪੀਹੜੀ,** ਸ: } ਬੈਠਣ ਵਾਲੀ ਉਣੀ ਹੋਈ ਚੌਂਕੀ, ਚੌਂਸ, ਕਲ॥

**ਪੀਹੂ,** ਪੁ:—ਝੂਠਾ ਦਾਵਾ, ਝਗੜਾ, (ਪਾਉਣਾ, ਪੈਣਾ)॥

**ਪੀਕ,** ਸ:—ਤਮਾਕੂ ਦਾ ਪਾਣੀ, ਪਾਨ ਚੱਬ ਕੇ ਜੋ ਥੁੱਕ ਸੁੱਟਿਆ ਜਾਵੇ, ਛੋਤ, ਜਿਸ ਚੀਜ਼ ਨਾਲ ਤੇਲ ਆਦਿਕ ਭੀੜੇ ਮੂੰਹ ਵਾਲੇ ਭਾਂਡਿਆਂ ਵਿੱਚ ਪਾਈਦਾ ਹੈ॥

**ਪੀਕ ਦਾਨ,** ਪੁ:
**ਪੀਕ ਦਾਨੀ,** ਸ: } ਜਿਸ ਭਾਂਡੇ ਵਿੱਚ ਥੁੱਕਦੇ ਹਨ।

**ਪੀਂਘ(ਘ),** ਸ:—ਦੋ ਪਾਸਿਓਂ ਲਮਕਣ ਵਾਲਾ ਰੱਸਾ ਜਿਸ ਉੱਤੇ ਬੈਠਕੇ ਜਾਂ ਖਲੋਕੇ ਝੂਟ ਲੈਂਦੇ ਹਨ, ਇੰਦਰ ਧਨੁਖ॥

**ਬੀਬੀ ਬਾਈ ਦੀ ਪੀਂਘ,** ਸ:—ਇੰਦਰ ਧਨੁਖ॥

**ਪੀਚ,** ਵਿ: ਪੁ:—ਕਰੜਾ, ਕੱਸਿਆ ਹੋਯਾ, ਪੱਕੀ ਗੰਢ॥

**ਪੀਚਣਾ,** ਕ੍ਰਿ:—ਕੱਸਿਆ ਜਾਂ ਘੁੱਟਿਆ ਹੋਣਾ, ਪੱਕੀ ਗੰਢ ਪੈਣੀ॥

Digitized by Panjab Digital Library | www.panjabdigilib.org

**ਪੀਂਜ,** ਸਃ—ਕਤਾਰ, ਪਾਲ, ਲੈਨ, ਲੜੀ।

**ਪੀਂਜੋ ਪੀਂਜ,** ਕ੍ਰਿਃ ਵਿਃ—ਕਤਾਰ ਜਾਂ ਪਾਲਾਂ ਵਿਚ

**ਪੀਂਡੂ,** ਪੁਃ—ਕਰੀਰ ਦੇ ਰੁੱਖ ਦਾ ਪੱਕਾ ਫਲ।

**ਪੀਠ,** ਸਃ—ਪਾਠ ਹੋਣ ਸਮੇਂ ਵਿਚ ਪਾਠੀ ਮਿਲਾ-ਉਣ ਆਸਣ, ਕੱਪੜੇ ਦਾ ਸਫ਼ ਪਾਸਾ, ਪੂਜਾ ਦੀ ਥਾਂ ॥

**ਪੀਠਣਾ,** ਕ੍ਰਿਃ—ਪੀਹਣਾ, ਦਲਣਾ, ਚੂਰਾ ਚੂਰਾ ਕਰਨਾ।

**ਪੀਠੀ,** ਸਃ—ਭਿੱਜੀ ਦਾਲ ਪੀਸੀ ਹੋਈ ॥

**ਪੀਣ,** ਪੁਃ—ਕੇਸਰ ਦਾ ਪੀਲਾ ਰੰਗ, ਇੱਕ ਪਖੇਰੂ ॥

**ਪੀਣਸ,** ਸਃ—ਇਕ ਤਰਾਂ ਦੀ ਡੋਲੀ, ਪਾਲਕੀ, ਪੀਨਸ ॥

**ਪੀਣਕ,** ਸਃ—ਪਿਨਕ, ਅਫ਼ੀਮ ਦੇ ਨਸ਼ੇ ਦੀ ਝੋਕ ॥

**ਪੀਣਾ,** ਕ੍ਰਿਃ—ਪਾਣੀ ਵਰਗੀ ਸ਼ੈ ਦਾ ਅੰਦਰ ਲੰਘਾਉਣਾ, ਚੂਪਣਾ, ਚੂਸਣਾ, ਸਹਣਾ, ਸਹਾ-ਰਨਾ। ਪੁਃ—ਪਾਣੂ।

**ਪੀਤ,** ਸਃ—ਪ੍ਰੀਤ, ਪਿਆਰ। ਵਿਃ—ਪੀਲਾ ॥

**ਪੀਤੰਬਰ,** ਪੁਃ—ਪੀਲੇ ਰੰਗ ਦਾ ਰੇਸ਼ਮੀ ਕੱਪੜਾ, ਪੀਲੇ ਬਸਤ੍ਰਾਂ ਵਾਲਾ, ਕ੍ਰਿਸ਼ਨ ਮਹਾਰਾਜ ॥

**ਪੀਤਮ,** ਪੁਃ—ਪ੍ਰੀਤਮ ਪਿਆਰਾ।

**ਪੀਨ੍ਹ,** ਸਃ—ਕਸੁੰਭੇ ਦਾ ਫੁੱਲ ਪਾਲ, ਕੁਤਾੜੇ ਜਾਂ ਰੇਸ਼ ਦਾ ਰੰਗ ॥

**ਪੀਪ,** ਸਃ—ਫੋੜੇ ਦੀ ਮੈਲ, ਪਾਕ ॥

**ਪੀਪਲੀ,** ਸਃ—ਪਿੱਪਲ ਦੇ ਪੱਤੇ ਆਕਾਰ ਦੀ ਬਸਰੀ ॥

**ਪੀਪਾ,** ਪੁਃ—ਟੀਨ ਜਾਂ ਲਕੜੀ ਦਾ ਵੱਡਾ ਡੱਬਾ, ਇੱਟਾਂ ਦਾ ਪੂੜਾ ॥

**ਪੀਪਾ ਹੋ ਜਾਣਾ / ਪੀਪ ਕਰ ਦੇਣਾ** } ਕ੍ਰਿਃ—ਪਿਸ ਕੇ ਚੂਰਾ ਹੋ ਜਾਣਾ ਜਾਂ ਕਰ ਦੇਣਾ।

**ਪੀਪੀ,** ਸਃ—'ਪੀਪਲੀ' ਵੇਖੋ ॥

**ਪੀਬ,** ਸਃ—ਪੀਪ, ਪਾਕ, ਫੋੜੇ ਦੀ ਮੈਲ ॥

**ਪੀਰ,** ਪੁਃ—ਮੁਸਲਮਾਨਾਂ ਵਿਚ ਜੋ ਧਰਮ ਦਾ ਆਗੂ ਹੋਵੇ, ਗੁਰੂ, ਮੁਰਸ਼ਦ, ਸੰਤ, ਸਮਝਦਾਰ, ਬਡ ਬਦਮਾਸ਼ ॥

**ਪੀਰ ਜਾਦਾ,** ਪੁਃ / **ਪੀਰ ਜਾਦੀ,** ਸਃ } ਪੀਰ ਦੀ ਉਲਾਦ ਜਾਂ ਮੁਰੀਦ

**ਪੀਰ ਭਾਈ,** ਪੁਃ / **ਪੀਰ ਭੈਣ,** ਸਃ } ਇੱਕ ਪੀਰ ਦੇ ਮੁਰੀਦ, ਨਗਾਹ ਵਲੋਂ ਪੀਰ ਦੇ ਮੁਰੀਦ ਜਾਂ ਚੇਲੇ ਦੀ ਦਰਗਾਹ ਨੂੰ ਜਾਣ ਵਾਲੇ ॥

**ਪੀਰੀ,** ਸਃ—ਪੀਰ ਹੋਣ ਦਾ ਗੁਣ ਜਾਂ ਹਾਲਤ, ਬੁਢੇਪਾ, ਕਰਾਮਾਤ ॥

**ਪੀਰੀ ਮੁਰੀਦੀ,** ਸਃ—ਪੀਰ ਦਾ ਕੰਮ, ਪੀਰ ਅਤੇ ਉਸਦੇ ਮੁਰੀਦ ॥

**ਪੀਲ,** ਸਃ—'ਪੀਲੂ' ਵੇਖੋ ॥

**ਪੀਲਕ,** ਸਃ—ਸਰੰਗੀ ਦੇ ਹਠਲੇ ਸਿਰੇ ਦੀ ਫੱਟੀ ਜਿਸਦੇ ਸਹਾਰੇ ਤਾਰਾਂ ਕੂੰਡੀਆਂ ਹਨ, ਇੱਕ ਪੰਖੇਰੂ, ਇੱਕ ਬੂਟੀ ॥

Digitized by Panjab Digital Library | www.panjabdigilib.org

**ਪੀਲ ਪਾਇਆ, ਪੀਲ ਪਾਵਾ**, ਪੁ:—ਥਮ੍ਹ।

**ਪੀਲਣ**, ਸ:—ਉਹ ਲਕੜੀ ਜਿਸ ਦੇ ਸਿਰੇ ਉਤੇ ਬੈਠ ਕੇ ਬਾਲਕ ਉਪਰ ਥੱਲੇ ... ।

**ਪੀਲਾ**, ਪੁ:, **ਪੀਲੀ**, ਸ: ਵਿ:—ਇੱਕ ਮਸ਼ਹੂਰ ਰੰਗ, ਜ਼ਰਦ, ਬਸੰਤੀ ॥

**ਪੀਲਾਈ**, ਸ:—ਪੀਲਾ ਰੰਗ, ਪਿਲੱਤਣ, ਜ਼ਰਦੀ।

**ਪੀਲੂ(ਲੂੰ)**, ਸ:—ਵਣ ਦੇ ਰੁੱਖ ਦਾ ਫਲ।

**ਪੀਲੋ, (ਲੋਂ)**, ਸ:—ਇੱਕ ਰਾਗ।

**ਪੀੜ**, ਸ:—ਦਰਦ, ਦੁਖ, ਸੋਖ।

**ਪੀੜਨਾ**, ਕ੍ਰਿ:—ਵੇਲਣੇ ਜਾ ਕੋਲ੍ਹੂ ਵਿੱਚ ਨਪਿੱੜਨਾ, ਨਚੋੜਨਾ, ਘੁੱਟਣਾ।

**ਪੀੜ੍ਹਾ, ਪੀੜ੍ਹੀ**, 'ਪੀਹੜਾ' ਆਦਿਕ ਵੇਖੋ।

**ਪੀੜਾਉਣਾ**, ਕ੍ਰਿ:—'ਪਿੜਾਉਣਾ' ਵੇਖੋ।

**ਪੀੜਾਈ**, ਸ:—ਪੀੜਨ ਦਾ ਕੰਮ ਜਾ ਮਜੂਰੀ ॥

**ਪੁਆਉਣਾ**, ਕ੍ਰਿ:—ਰਖਾਉਣਾ, ਧਰੁਆਉਣਾ, ਅੰਦਰ ਲਾਣਾ, ਹਦਾਰ ਦੀ ਰਕਮ ਦੇ ਬਦਲੇ ਹੋਰ ਸ਼ੈ ਲੈਣਾ ॥

**ਪੁਆਹ**, ਪੁ:—ਅਲਾਕਾ, ਜ਼ਿਲਾ, ਲਾਗੇ ਦੀ ਥਾਂ।

**ਪੁਆਦ(ਧ)**, ਪੁ:—ਇਕ ਅਲਾਕਾ।

**ਪੁਆਰ**, ਪੁ:—ਥੋੜ੍ਹੇ ਚਿਰ ਦੀ ਮੌਤ, ਬੇਸੁਧੀ।

**ਪੁਆਰ ਹੋ ਆਉਣਾ**, ਕ੍ਰਿ:—ਥੋੜ੍ਹਾ ਚਿਰ ਮਰ ਕੇ ਫੇਰ ਹੋਸ਼ ਆ ਜਾਣੀ।

**ਪੁਆਰ ਜਾਣਾ**, ਕ੍ਰਿ:—ਕੁਝ ਚਿਰ ਮੁਰਦਾ ਹੋ ਜਾਣਾ ॥

**ਪੁਆੜਾ**, ਪੁ:—ਝਗੜਾ, ਬਖੇੜਾ, ਫ਼ੇਰਾ (ਪਾਉਣਾ, ਪੈਣਾ) ॥

**ਪੁਸ਼ਟ**, ਵਿ:—ਪਾਲਿਆ ਹੋਇਆ, ਮੋਟਾ ਤਾਜ਼ਾ, ਤਕੜਾ ॥

**ਪੁਸ਼ਟ, ਪੁਸ਼ਟਈ**, ਸ:—ਤਾਕਤ, ਬਲ, ਪਕਿਆਈ ॥

**ਪੁਸਤਕ**, ਪੁ:, ਸ:—ਗ੍ਰੰਥ, ਪੋਥੀ, ਪੱਟੀ ... ਲਾਕੇ ਚੱਕਣਾ (ਫੋਲਾਉਣੀ, ਮਾਰਨੀ) ॥

**ਪੁਸਤਾ**, ਪੁ:—ਕਿਤਾਬ ਦਾ ਸੰਝਾ ਹੋਇਆ ਪਾਸਾ, ਟਿੱਕੀ ਬੰਧ ॥

**ਪੁਸਤਾਰ**, ਸ:—ਕੁਲ, ਪੀਹੜੀ, ਨਸਲ, ਪੋਚ ॥

**ਪੁਸਤਾਰਾ**, ਪੁ:—ਪਿੱਠ ਤੇ ਢੁੱਕੀ ਹੋਈ ਲੱਕੜੀ ਘਾਹ ਆਦਿਕ ਦੀ ਪੰਡ, ਬੰਧ ਦੀ ਨੀਂਹ ਬੰਨ੍ਹ ॥

**ਪੁਸ਼ਪ**, ਪੁ:—ਫੁੱਲ ॥

**ਪੁਸ਼ਾਕ (ਕੀ)**, ਸ:—ਕੱਪੜੇ, ਬਸਤ੍ਰ, ਲੀੜੇ (ਸੀਤੇ ਹੋਏ) ॥

**ਪੁਹਲੋ**, ਵਿ:—ਮੋਟਾ। ਪੁ:—ਘੋੜੇ ਤੇ ਚੜ੍ਹਕੇ ਖੇਡਣ ਵਾਲੀ ਇੱਕ ਖੇਡ ॥

**ਪੁਹਾਰ**, ਸ:—ਬਹੁਤ ਨਿੱਕੀਆਂ ਨਿੱਕੀਆਂ ਮੀਂਹ ਦੀਆਂ ਕਣੀਆਂ ॥

**ਪੁਹਾਰਾ**, ਪੁ:—ਤਪ ਮਾਤਾ ਆਦਿਕ ਦਾ ਜ਼ੋਰ, ਪਾਣੀ ਦਾ ਹੇਠੋਂ ਜ਼ੋਰ ਨਾਲ ਉਪਰ ਨੂੰ ਉੱਛਲਣਾ, ਪਾਣੀ ਦੀ ਟੂਟੀ।

Digitized by Panjab Digital Library | www.panjabdigilib.org

**ਪੁਣਨਾ,** ਕ੍ਰਿ:—ਅਸਰ ਕਰਨਾ, ਲੱਗਣਾ ।

**ਪੁਹੁਰਿਆ,** ਸ:—ਮਿਹਨਤ, ਕੰਮ, ਕਾਜ ॥

**ਪੁੱਕਰਨਾ,** ਕ੍ਰਿ:—ਮੁਰਾਦ ਪੂਰੀ ਕਰਨੀ, ਬਹੁੜਨਾ, ਤ੍ਰੁੱਠਣਾ ।

**ਪੁੱਕਾ,** ਵਿ:—ਨਿਰਾ, ਉੱਕਾ ।

**ਪੁਕਾਰ,** ਸ:—ਉੱਚੀ ਅਵਾਜ਼, ਰੌਲਾ, ਸੱਦ, ਹੋਕ ।

**ਪੁਕਾਰ ਪੈ ਜਾਣੀ,** ਸ:—ਕੋਈ ਗੱਲ ਸਭ ਥਾਂ ਮਲੂਮ ਹੋ ਜਾਣੀ ।

**ਪੁਕਾਰਨਾ,** ਕ੍ਰਿ:—ਉੱਚੀ ਅਵਾਜ਼ ਨਾਲ ਬੁਲਾਉ-ਣਾ, ਸੱਦਣਾ ॥

**ਪੁਖਰਾਜ,** ਪੁ:—ਇੱਕ ਵਡਮੁੱਲਾ ਪੱਥਰ, ਇੰਦ੍ਰ ਸਭਾ ਦੀ ਇਕ ਪਰੀ ॥

**ਪੁੱਗਣਾ,** ਕ੍ਰਿ:—ਪੂਰਾ ਹੋਣਾ, ਜਗਾ ਮਿਲਣੀ, ਮਰਜ਼ੀ ਮੁਜਿਬ ਹੋਣਾ ।

**ਪੁਗਾਉਣਾ,** ਕ੍ਰਿ:—ਪੂਰਾ ਕਰਨਾ, ਤੋੜਨਾ ਨਿਬਾਹੁਣਾ ।

**ਪੁੱਚ ਪੁੱਚ,** ਵਿਸਮਯ:—ਡੰਗਰ ਨੂੰ ਸੱਦਣ ਦੀ ਅਵਾਜ ॥

**ਪੁਚਕਾਰਨਾ,** ਕ੍ਰਿ:—ਪਿਆਰ ਨਾਲ ਹੱਥ ਫੇਰਨਾ, ਬੁਲਾਉਣਾ ॥

**ਪੁਚਕਾਰਾ,** ਪੁ: }
**ਪੁਚਕਾਰੀ,** ਸ: } ਪਿਆਰ ਨਾਲ ਹੱਥ ਫੇਰਨ ਦਾ ਕੰਮ ( ਦੇਣਾ ) ।

**ਪੁਚਾਉਣਾ,** ਕ੍ਰਿ:—ਲੈ ਜਾਣਾ ਅਤੇ ਛੋੜ ਜਾ ਕੇ ਫੇਰਨਾ ॥

**ਪੁਚਾਰਾ,** ਪੁ:—ਕੰਧ ਉੱਤੇ ਲੇਪਣ ਕਰਨ ਵਾਲੀ ਪਤਲੀ ਮਿੱਟੀ ॥

**ਪੁਚਾਰਾ ਦੇਣਾ,** ਕ੍ਰਿ:—ਕੰਧ ਲਿੰਬਣੀ, ਧੋਖਾ ਦੇਣਾ ।

**ਪੁੱਛ,** ਸ:—ਖੋਜ, ਅਗੰਮ ਦਾ ਪਤਾ, ਸਵਾਲ, ਆਦਰ ਭਾਉ ।

**ਪੁੱਛ ਗਿੱਛ,** ਸ:—ਪੂਰਾ ਪਤਾ ਜਾਂ ਖੋਜ ॥

**ਪੁੱਛ ਦੱਸਣੀ** }
**ਪੁੱਛ ਦੇਣੀ** } ਕ੍ਰਿ:—ਜੋ ਅਗੰਮ ਦੀ ਗੱਲ ਪੁੱਛੀ ਜਾਵੇ ਉਹ ਦਾ ਪਤਾ ਦੇਣਾ ।

**ਪੁੱਛ ਪੁਆਉਣੀ,** ਕ੍ਰਿ:—ਅਗੰਮ ਦੀ ਗੱਲ ਪੁੱਛਣੀ ( ਦਰਗਾਹ ਤੋਂ ) ।

**ਪੁੱਛ ਪੁਰਸਿਸ਼,** ਸ:—ਪੁੱਛ ਗਿੱਛ, ਪੂਰਾ ਖੋਜ, ਪਤਾ ।

**ਪੁੱਛਣਾ,** ਕ੍ਰਿ:—ਪਤਾ ਲੈਣਾ, ਕੋਈ ਗਲ ਦੂਜੇ ਕੋਲੋਂ ਮਲੂਮ ਕਰਨੀ, ਸਲਾਹ ਕਰਨੀ, ਲੇਖਾ ਮੰਗਣਾ, ਸੁੱਖ ਸਾਂਦ ਦਾ ਹਾਲ ਦੱਸਣ ਨੂੰ ਕਹਿਣਾ, ਸੰਭਾਲ ਕਰਨਾ ।
ਸ:—ਅਗੰਮ ਦੀ ਗੱਲ ਜੋ ਪੁੱਛੀ ਜਾਏ ॥

**ਪੁੱਛਣਾ ਗਿੱਛਣਾ,** ਕ੍ਰਿ:—ਪੂਰਾ ਪਤਾ ਲਾਉਣਾ ॥

**ਪੁਛਵਈਆ,** ਪੁ:—ਪੁੱਛ ਗਿੱਛ ਕਰਨ ਵਾਲਾ, ਖੋਜੀ ॥

**ਪੁਛਵਾਉਣਾ** }
**ਪੁਛਾਉਣਾ** } ਕ੍ਰਿ:—ਅਖਵਾਉਣਾ, ਪੁੱਛ ਗਿੱਛ ਕਰਾਉਣੀ ।

**ਪੁੱਜ,** ਸ:—ਪਹੁੰਚ, ਸਮਰਥ, ਰਸਾਈ ।

**ਪੁੰਜ,** ਪੁ:—ਖਜ਼ਾਨਾ, ਇਕੱਠ ॥

Digitized by Panjab Digital Library | www.panjabdigilib.org

**ਪੁੱਜਣਾ,** ਕ੍ਰਿ:—ਪਹੁੰਚਣਾ, ਅਪੜਨਾ, ਆ (ਜਾ) ਵੜਨਾ ॥

**ਪੁੱਜਤ,** ਸ:—ਪੂੰਜੀ ਹੋਈ ਰਕਮ ॥

**ਪੁਜਵਾਉਣਾ, ਪੁਜਾਉਣਾ,** ਕ੍ਰਿ:—ਪੁਜਾਣ ਦਾ ਕੰਮ ਕਰਾਉਣਾ, ਜਾਂ ਪਹੁੰਚਾਉਣਾ ।

**ਪੁਜਾਰਾ ( ਰੀ ),** ਪੁ:—ਪੂਜਾ ਕਰਨ ਵਾਲਾ ॥

**ਪੁੰਝਾਉਣਾ,** ਕ੍ਰਿ:—ਪੂੰਝਣ ਦਾ ਕੰਮ ਕਰਾਉਣਾ ॥

**ਪੁਟੈਂਡਣ,** ਸ:—ਜਿਸ ਪੱਥਰ ਉੱਤੇ ਪੁਟੈਂਡਾ ਪੱਕਦਾ ਹੈ ॥

**ਪੁਟੈਂਡਾ,** ਪੁ:—ਪੱਥਰ ਉੱਤੇ ਪਕਾਉਣ ਵਾਲੀ ਪਤਲੀ ਰੋਟੀ ॥

**ਪੁੱਟਣਾ,** ਕ੍ਰਿ:—ਖੋਦਣਾ, ਜੜ੍ਹੋਂ ਉਖੇੜਨਾ ॥

**ਪੁਟਪੜੀ,** ਸ:—'ਪੜਪੜੀ' ਵੇਖੋ ।

**ਪੁਟ ਪੁਟ ਬੋਲਣਾ,** ਕ੍ਰਿ:—ਸਾਫ ਸਾਫ ਬੋਲ ਸਕਣਾ ( ਬਾਲ ਦਾ ) ॥

**ਪੁਟਵਾਉਣਾ, ਪੁਟਾਉਣਾ,** ਕ੍ਰਿ:—ਪੁੱਟਣ ਜਾਂ ਉਖੇੜਨ ਦਾ ਕੰਮ ਕਰਾਉਣਾ ॥

**ਪੁਟਵਾਈ,** ਸ:—ਪੁੱਟਣ ਦਾ ਕੰਮ ਜਾਂ ਮਜੂਰੀ ।

**ਪੁਟਾਸ,** ਸ:—ਇਕ ਤਰਾਂ ਦੀ ਖਾਰ, ਸਜੀ ।

**ਪੁਟੀਨ,** ਸ:—ਚੌਖਟੇ ਵਿਚ ਸ਼ੀਸ਼ਾ ਜੜਨ ਵਾਲਾ ਮਸਾਲਾ ॥

**ਪੁੱਠ,** ਸ:—ਪੁੱਠਾ ਪਾਸਾ, ਉਲਟ, ਦੁਆ ਬਣਾਉਣ ਦਾ ਇਕ ਢੰਗ ।

**ਪੁੱਠ ਕੰਡਾ,** ਪੁ:—ਇਕ ਜੰਗਲੀ ਬੂਟੀ, ਨੀਲ ਕੰਠੀ ।

**ਪੁੱਠ ਦਾ ਮਾਸ,** ਪੁ:—ਪਸ਼ੂ ਦੇ ਪਿਛਲੇ ਪਾਸੇ ਦਾ ਮਾਸ ॥

**ਪੁੱਠ ਦੇਣੀ,** ਕ੍ਰਿ:—ਦੁਆ ਨੂੰ ਬਦਲਣ ਜਾਂ ਰੋਕਣਾ

**ਪੁੱਠ ਪੈਰੀ,** ਸ:—ਪੁੱਠੇ ਪੈਰਾਂ ਵਾਲੀ, ਡਾਇਣ ।

**ਪੁੱਠ ਬੀਨ੍ਹਣੀ,** ਸ:—ਝਗੜਾ ਜਾਂ ਝੇੜਾ [illegible] ਦੇਣਾ ।

**ਪੁੱਠਾ,** ਪੁ:—ਪਸ਼ੂ ਦਾ ਪਿਛਲਾ ਪਾਸਾ, ਚਿੱਤੜ ॥ ਵਿ:—ਉਲਟ, ਜਿਸ ਦਾ ਮੂੰਹ ਦੂਜੇ ਪਾਸੇ ਹੋ, ਕੱਬਾ ॥

**ਪੁੱਠਾ ਬੱਝਣਾ,** ਕ੍ਰਿ:—ਮੋਟਾ ਹੋਣਾ, ਪਸ਼ੂ ਦੀ ਹਾਲਤ ਚੰਗੀ ਹੋਣੀ, ਫੌਜ ਦੀ ਕਤਾਰ ਭਰੀ ਰਹਿਣੀ ॥

**ਪੁੱਠੀ,** ਸ:—ਪਿੰਜੇ ਦੇ ਚੱਕਰ ਦੇ ਹਿੱਸਿਆਂ ਵਿੱਚੋਂ ਕੋਈ, ਕੰਮ ਦਾ ਨਾਂ ਬਣਨਾ ॥ ਵਿ:—ਉਲਟੀ ।

**ਪੁਣਨਾ,** ਕ੍ਰਿ:—ਕਪੜੇ ਵਿਚ ਪਾਕੇ ਛਾਨਣਾ, ਕਪੜੇ ਦੇ ਵਿਚਲਾ ਛੇਕ ਭਰਨਾ, ਗਾਲ੍ਹਾਂ ਕੱਢ ਲੈਣਾ, ਟੋਲਣਾ ।

**ਪੁਣਾ,** ਪੁ:—ਰੁਕ ਜਾਂ ਹਾਲਤ ਦਸਣ ਵਾਲਾ ਪਦ ( ਮਨਖ ਪਣਾ ) ।

**ਪੁਣਾਉਣਾ,** ਕ੍ਰਿ:—ਪੁਣਨ ਦਾ ਕੰਮ ਕਰਾਉਣਾ ।

**ਪੁਣਾਈ,** ਸ:—ਪੁਣਨ ਦਾ ਕੰਮ ਜਾਂ ਮਜੂਰੀ ।

**ਪੁੱਤ, ਪੁੱਤ੍ਰ,** ਪੁ:—ਮਰਦਾਵਾਂ ਉਲਾਦ, ਬੇਟਾ, ਸੰਤਾਨ ।

**ਪੁਠੇਤਾ,** ਵਿ:—ਲਾੜ ਦੇ ਪਾਸੇ ਦਾ, ਮੁੰਡੇ ਵਾਲਿਆਂ ਦਾ ॥

Digitized by Panjab Digital Library | www.panjabdigilib.org

**ਪੁੱਤ੍ਰੀ,** ਸ:—ਧੀ, ਬੇਟੀ, ਜ਼ਨਾਨੀ ਉਲਾਦ ॥

**ਪੁਤ੍ਰੇਲਾ,** ਪੁ:—ਬਣਾਉਟੀ ਪੁਤ੍ਰ, ਗੋਲੀ ਦਾ ਪੁਤ੍ਰ ॥

**ਪੁਤਲਾ,** ਪੁ:—ਬਣਾਉਟੀ ਸ਼ਕਲ, ਕਾਗਜ਼ ਦੀ ਮੂਰਤ ।

**ਪੁਤਲੀ,** ਸ:—ਛੋਟਾ ਪੁਤਲਾ, ਲੱਕੜ ਆਦਿਕ ਦੀ ਮੂਰਤ, ਅੱਖ ਦੀ ਧੀਰੀ ।

**ਪੁਤਲੀਆਂ ਦਾ ਤਮਾਸ਼ਾ,** ਪੁ:—ਲੱਕੜ ਦੀਆਂ ਮੂਰਤਾਂ ਦਾ ਨਾਚ ।

**ਪੁੱਤਾ ਧੀਆ,** ਸ:—ਬਾਲ ਬੱਚੇ, ਉਲਾਦ ।

**ਪੁਤ੍ਰੇਇਤਾ, ਪੁਤੇੱਤਾ,** ਵਿ:—ਪੁਤ੍ਰ ਵਾਲਿਆਂ ਦਾ, ਲਾਡ ਦਾ ।

**ਪੁੰਨ,** ਪੁ:—ਦਾਨ, ਖ਼ੈਰਾਤ, ਧਰਮ, ਚੰਗੇ ਕੰਮ ਦਾ ਫਲ (ਕਰਨਾ) ॥

**ਪੁੰਨ ਦਾ ਸਾਕ (ਦੇਣਾ),** ਪੁ:—ਕੁਝ ਨ ਲੈਕੇ ਕੁੜੀ ਦਾ ਵਿਆਹ ਜੋ ਕੀਤਾ ਜਾਵੇ (ਦੇਣਾ) ॥

**ਪੁਨਹਚਾਰ,** ਸ:—ਅਭਿਆਸ ਮੰਤ੍ਰ ਜਪ ਆਦਿਕ ॥

**ਪੁਨਰ,** ਵਿ:—ਹੋਰ, ਦੂਜੀ ਵਾਰ (ਪੁਨਰ ਜਨਮ, ਪੁਨਰ ਵਿਆਹ) ॥

**ਪੁੰਨਿਆ,** ਸ:—ਚਾਨਣੇ ਪੱਖ ਦੀ ਪਿਛਲੀ ਦਿਨ, ਪੂਰਨਮਾਸ਼ੀ ॥

**ਪੁਨੀਤ,** ਵਿ:—ਪਵਿਤ੍ਰ, ਸ਼ੁੱਧ, ਪੁੰਨ ਵਾਲਾ

**ਪੁੰਨੂੰ,** ਪੁ:—ਸੱਸੀ ਦਾ ਆਸ਼ਕ, ਸੋਹਣਾ ਮਰਦ ।

**ਪੁਰ,** ਅਵ:—ਉੱਪਰ, ਉੱਤੇ, ਤੇ । ਪੁ:—ਸ਼ਹਿਰ ॥

**ਪੁਰਸ,** ਪੁ:—ਪੁਰਖ, ਮਰਦ, ਖਾਵੰਦ ॥

**ਪੁਰਸਾਰ,** ਪੁ:—ਸਭਾ, ਮਜਲਸ, ਪੰਚ ॥

**ਪੁਰਸ਼ਾਰਥ,** ਪੁ:—ਉੱਦਮ, ਹਿੰਮਤ, ਤਾਕਤ, ਬਹਾਦਰੀ ॥

**ਪੁਰਸ਼ਾਰਥੀ,** ਵਿ: ਪੁ:—ਜੋ ਪੁਰਸ਼ਾਰਥ ਕਰੇ

**ਪੁਰਸੀਸ,** ਸ:—ਪੁੱਛ ਗਿੱਛ ।

**ਪੁਰਖ,** ਪੁ:—ਪੁਰਸ, ਮਰਦ, ਮਨੁੱਖ ।

**ਪੁਰਖਾਰਥ, ਪੁਰਖਾਰਥੀ,** ਪੁਰਸ਼ਾਰਥ ਆਦਿਕ ਵੇਖੋ ।

**ਪੁਰਚਕ,** ਸ:—ਉਕਸਾਉਣ, ਜੋਸ਼ ।

**ਪੁਰਜਾ,** ਪੁ:—ਕਾਗਜ਼ ਦਾ ਨਿਕਾ ਜਿਹਾ ਟੁਕੜਾ, ਕਿਸੇ ਕਲਾ ਦੇ ਹਿੱਸੇ ।

**ਪੁਰਤਾਣੀ,** ਸ:—ਪਰੋਹਤ ਦੀ ਵਹੁਟੀ ॥

**ਪੁਰਬ,** ਪੁ:—ਧਰਮ ਦਾ ਤਿਹਾਰ, ਸ਼ੁਭ ਦਿਨ ।

**ਪੁਰਬਾਸੀ,** ਪੁ:—ਪੁਰ ਵਿਚ ਰਹਿਣ ਵਾਲਾ, ਸ਼ਹਿਰੀਆ ॥

**ਪੁਰਵਾਉਣਾ,** ਕ੍ਰਿ:—ਪਰੋਣ ਜਾਂ ਪੂਰਨ ਦਾ ਕੰਮ ਕਰਾਉਣਾ ।

**ਪੁਰਵਾਈ,** ਸ:—ਪਰੋਣ ਜਾਂ ਪੂਰਨ ਦੀ ਮਜੂਰੀ ਜਾਂ ਕੰਮ ॥

**ਪੁਰਾ,** ਪੁ:—ਚੜ੍ਹਦੇ ਪਾਸੇ ਦੀ ਵਾਉ, ਸ਼ਹਿਰ ਦਾ ਮਹੱਲਾ ।

Digitized by Panjab Digital Library | www.panjabdigilib.org

**ਪੁਰਾਉਣਾ,** ਕ੍ਰਿ:—'ਪਰਚਾਉਣਾ' ਵੇਖੋ ।

**ਪੁਰਾਇਣ,** ਸ:—ਪੂਰੇ ਹੋਣ ਦਾ ਭਾਵ, ਜਿਸ ਨਛੱਤਰ ਵਿਚ ਚੰਦ੍ਰਮਾ ਨੂੰ ਛੋੜ ਕੇ ਸੂਰਜ ਫਿਰ ਤਾਰਿਆਂ ਦਾ ਅੰਗਸ ।

**ਪੁਰਾਣੀ,** ਸ:—ਪੂਰੇ ਹੋਣ ਦਾ ਭਾਵ, ਪੂਰਣਤਾਈ ॥

**ਪੁਰਾਹੁਣ ਚਾਰੀ**
**ਪੁਰ ਹੁਣ ਚਾਰੀ** } ਸ:—ਪਰਾਹੁਣੇ ਦੀ ਖਾਤਰ ਕਰਨੀ ॥

**ਪੁਰਾਣ,** ਪੁ:—ਹਿੰਦੂਆਂ ਦੇ ਮਸ਼ਹੂਰ ਅਠਾਰਾਂ ਪੁਸਤਕ, ਪੁਰਾਣਾ ਹੋਣਾ, ਬੁਢਾਪਾ, ਪੁਰਾਤਨ ।

**ਪੁਰਾਤਨ**
**ਪੁਰਾਤਮ**
**ਪੁਰਾਤਮੀ** } ਵਿ:—ਪੁਰਾਣਾ, ਪਿਛਲੇ ਸਮੇ ਦਾ, ਮੁੱਢੋਂ ਜੋ ਹੁੰਦਾ ਆ ਰਿਹਾ ਹੈ ॥

**ਪੁਰਾਣਾ,** ਵਿ:—ਪਿਛਲੇ ਸਮੇ ਦਾ, ਮੁੱਢ ਦਾ, ਸਿਆਣਾ ॥

**ਪੁਰੀ,** ਸ:—ਵੱਡਾ ਸ਼ਹਿਰ, ਤੀਰਥ, ਦਰਿਆ ਹੋਣਾ, ਖਤ੍ਰੀਆਂ ਦੀ ਇੱਕ ਜਾਤ ।

**ਪੁਰੌਣਾ,** ਕ੍ਰਿ:—'ਪਰੌਣਾ' ਵੇਖੋ ।

**ਪੁਲ,** ਪੁ:—ਦਰਿਆ ਜਾਂ ਨਦੀ ਆਦਿਕ ਉੱਤੋਂ ਲੰਘਣ ਦਾ ਰਸਤਾ, ਸੇਤੂ, ਬੰਨ੍ਹ ॥

**ਪੁਲ ਸਰਾਤ,** ਪੁ:—ਕਿਆਮਤ ਦੇ ਦਿਨ ਜਿਸ ਪੁਲ ਉੱਤੋਂ ਲੰਘ ਕੇ ਇਮਾਨਦਾਰ ਬਹਿਸ਼ਤ ਨੂੰ ਜਾਣਗੇ ॥

**ਪੁਲ ਬੰਨ੍ਹਣਾ,** ਕ੍ਰਿ:—ਪੁਲ ਬਣਾ ਦੇਣਾ ॥

**ਪੁਲਸਟ**
**ਪੁਲਟਸ** } ਸ:—ਫੋੜੇ ਉੱਤੇ ਬੰਨ੍ਹਣ ਵਾਲੀ ਲੇਵੀ, ਲੁਪਰੀ ॥

**ਪੁਲਾੜ੍ਹ,** ਪੁ:—ਆਸ ਪਾਸੇ ਜੇਹੜੇ ਚੰਨ ਵਿੱਚ ਹੋਏ, ਪਲਾਣੀ ।

**ਪੁਲਸ,** ਸ:—ਰਖੀ ਕਰਨ ਵਾਲੇ ਸਿਪਾਹੀਆਂ ਦਾ ਮਹਿਕਮਾ ।

**ਪੁਲਾਂਘੀ,** ਸ:—ਪਸੇ ਹੋਣ ਦਾ ਭਾਵ, ਵਿੱਥੋਂ ਖਾਲੀ ਹੋਣਾ, ਦਮ ।

**ਪੁਲਾਹ,** ਪੁ:—ਇੱਕ ਰੁੱਖ ॥

**ਪੁਲਾਟ,** ਪੁ:—ਖਾਲੀ ਥਾਂ, ਪੁਲਾੜੀ, ਅਸਮਾਨ ॥

**ਪੁਲਾਦ,** ਪੁ:—ਸਭ ਤੋਂ ਤੀਖੀ ਤਰਾਂ ਦਾ ਅਸਪਾਤ ॥

**ਪੁਲਾਦੀ,** ਵਿ:—ਪੁਲਾਦ ਦਾ, ਬਣਿਆ ਹੋਇਆ ॥

**ਪੁਲਾੜ,** ਪੁ:—'ਪੁਲਾਟ' ਵੇਖੋ ॥

**ਪੁਲਿਟਿਕਲ,** ਵਿ:—ਮੁਲਕੀ, ਰਾਜ ਸੰਬੰਧੀ, ਹਿਕਮਤੀ ॥

**ਪੁਲਿੰਗ,** ਪੁ:—ਮਰਦਾਵਾਂ ਨਾਉਂ, ਪੁਰਖ ਦੀ ਨਿਸ਼ਾਨੀ ॥

**[illegible]ਨੇ,** ਪੁ:—ਠੱਕੀ ਦਾ ਇੱਕ ਪੱਥਰ, ਤਹਿ, ਫੇਰ ਵਿੱਚੋਂ ਇੱਕ ਰੋਟੀ ।

**ਪੁੜਪੁੜੀ,** ਸ:—ਮੱਥੇ ਅਤੇ ਕੰਨ ਦੇ ਵਿਚਕਾਰਲੀ ਥਾਂ ॥

**ਪੁੜਾ,** ਪੁ:—ਚੱਕਰ, ਬਹਾਦਰ ਦੀ ਪੂੰਛ ਉੱਤੇ ਪੁਰਾਇਣ ਦਾ ਨਿਸ਼ਾਨ, ਪਿੱਛੇ ਉੱਤੇ ਕਾਗਜ਼ ਦਾ ਨਿਸ਼ਾਨ, ਵੱਡੀ ਪੁੜੀ ॥

**ਪੁੜੀ,** ਸ: ਕੋਈ ਚੀਜ਼ ਕਾਗਜ਼ ਵਿੱਚ ਲਪੇਟੀ ਹੋਈ ॥

**ਪੁਵਿਰੇ,** ਪੁ:—'ਪੂੜੇ' ਵੇਖੋ ॥

Digitized by Panjab Digital Library | www.panjabdigilib.org

**ਪੂੰ ਪੂੰ,** ਸ:—ਤੁਤੂ ਦੀ ਅਵਾਜ਼ ( ਕਰਕ )।

**ਪੂੰਹਮਣ / ਪੂੰਹਜੁਣ** } ਪੁ:—ਕਿਸੇ ਗਿੱਲੀ ਚੀਜ਼ ਦੇ ਥੱਲੇ ਜੋ ਕੁਝ ਬਹਿ ਜਾਵੇ, ਪੂੰਹਜਣ ਵਾਲਾ ਕਪੜਾ।

**ਪੂੰਹਜਣਾ,** ਕ੍ਰਿ:—'ਪੂੰਝਣਾ' ਵੇਖੋ

**ਪੂੰਗਰਾ,** ਪੁ:—ਛਕ ਕਿਤਾ ਜਾਂਦਾ ਪਾਣੀ ਦਾ ਕੌਰਾ

**ਪੂਛ / ਪੂੰਛ / ਪੂਛਲ** } ਸ:—ਦੁੰਮ, ਜਨੌਰਾਂ ਦੇ ਸਰੀਰ ਦਾ ਵਧਿਆ ਹੋਇਆ ਪਿਛਲਾ ਹਿੱਸਾ।

**ਪੂਜ,** ਪੁ:—ਜੈਨੀ ਸਾਧੂ, ਪੂਜਾ ਦੇ ਜੋਗ ਮਨੁੱਖ।

**ਪੂਜਮਾਨ,** ਵਿ:—ਜਿਸ ਦੀ ਪੂਜਾ ਹੋਵੇ, ਪੂਜਾ ਦੇ ਜੋਗ॥

**ਪੂਜਕ,** ਪੁ:—ਪੂਜਾ ਕਰਨ ਵਾਲਾ॥

**ਪੂਜਣਾ,** ਕ੍ਰਿ:—ਪੂਜਾ ਕਰਨਾ, ਭੇਟ ਚੜ੍ਹਾਉਣਾ, ਬਿਅਰਥ ਖਰਚ ਕਰਨਾ, ਵੱਢੀ ਦੇਣੀ॥

**ਪੂਜਨੀਕ,** ਵਿ:—ਪੂਜਾ ਜਾਂ ਆਦਰ ਮਾਨ ਦੇ ਜੋਗ॥

**ਪੂਜਮਾਲ,** ਪੁ:—ਘੋੜੇ ਦੇ ਗਿੱਟ ਜਾਂ ਕੰਨ ਦੇ ਗਿਰਦੇ ਕੱਸ ਕੇ ਬੰਨ੍ਹਣ ਵਾਲ ਰੱਸਾ॥

**ਪੂਜਾ,** ਸ:—ਆਦਰ, ਸੇਵਾ, ਭਗਤੀ, ਭੇਟ, ਅਸਨਾਨ,ਭਜਨ॥

**ਪੂਜਾ ਪਰਤਿਸ਼ਟਾ,** ਸ:—ਆਦਰ ਭਾਉ, ਸੇਵਾ, ਖਾਤਰ॥

**ਪੂਜੀ,** ਸ:—ਲਗਾਮ ਦਾ ਸਿਰਾ, ਘੋੜੇ ਦਾ ਇੱਕ ਸਿੰਗਾਰ॥

**ਪੂੰਜੀ,** ਸ:—ਮਾਯਾ, ਪਦਾਰਥ, ਵਪਾਰ ਵਿੱਚ ਲਾਇਆ ਹੋਯਾ ਧਨ॥

**ਪੂੰਝਣ** ਕ੍ਰਿ:- 'ਪੂੰਹਜਣ' ਵੇਖੋ।

**ਪੂੰਝਣਾ,** ਕ੍ਰਿ: ਕਪੜਾ ਫੇਰ ਕੇ ਸਾਫ ਕਰਨਾ, ਹੂੰਝਣਾ, ਮੇਟਣਾ।

**ਪੂਣ ਸਲਾਈ / ਪੂਣ ਵੱਟਣੀ** } ਸ:—ਪੂਣੀਆਂ ਵੱਟਣ ਵਾਲੀ ਤੀਲੀ।

**ਪੂਣੀ,** ਸ:—ਵੇਲਣ ਲਈ ਪਿੰਜੀ ਹੋਈ ਰੂੰ ਦੀ ਗੋਲ ਗੋਲ ਵਲੇਟੀ ਹੋਈ॥

**ਪੂਤ,** ਪੁ:—ਪੁੱਤ, ਪੁਤ੍ਰ, ਬੇਟਾ।

**ਪੂਤਲਾ / ਪੂਤਲੀ** } 'ਪੁਤਲਾ' 'ਪੁਤਲੀ' ਵੇਖੋ॥

**ਪੂਦਨਾ,** ਪੁ:—ਇੱਕ ਬੂਟੀ ਜਿਸ ਦੀ ਚਟਨੀ ਬਣਦੀ ਹੈ॥

**ਪੂਰ,** ਪੁ:—ਭਰਿਆ ਹੋਣਾ, ਇੱਕ ਵੇਲੇ ਜਿੰਨਾ ਭਰਿਆ ਜਾ ਸਕੇ, ਜੱਥਾ, ਬੇੜੀ ਦਾ ਭਾਰ, ਜੇੜ੍ਹੀ ਮਾਂਹ ਦੀ ਖੱਤ ਵਿੱਚ ਪੂਰਾ ਕੀਤਾ ਜਾ ਸੱਕੇ।

**ਪੂਰਕ,** ਪੁ:—ਸਾਹ ਅੰਦਰ ਖਿੱਚਣ ਦਾ ਅਭਿਆਸ, ਪੂਰਾ ਕਰਨ ਵਾਲਾ॥

**ਪੂਰਣ / ਪੂਰਨ** } ਪੁ:—ਭਰਨ ਦਾ ਕੰਮ, ਜਿਸ ਚੀਜ਼ ਨਾਲ ਕੁਝ ਭਰਿਆ ਜਾਵੇ। ਵਿ:—ਭਰਿਆ ਹੋਯਾ, ਪੂਰਾ, ਭਰਪੂਰ॥

**ਪੂਰਨ ਪਾਤ੍ਰ,** ਪੁ:—ਕੱਪੜੇ ਜੋ ਪੁੱਤ ਜੰਮੇ ਆਦਿਕ ਜਾਂ ਵਿਆਹ ਜਾਂ ਜਨੇਊ ਆਦਿਕ ਦੇ ਵੇਲੇ ਵੰਡਦੇ ਹਨ॥

**ਪੂਰਨ ਭਗਤ,** ਪੁ:—ਰਾਜਾ ਸਲਵਾਹਨ ਦਾ ਮਸ਼ਹੂਰ ਧਰਮੀ ਪੁਤ੍ਰ॥

Digitized by Panjab Digital Library | www.panjabdigilib.org

**ਪੂਰਣਮਾ, ਪੂਰਣਮਾਸੀ**, ਸ:—ਚਾਨਣੇ ਪੱਖ ਦੀ ਛੇਕੜਲੀ ਥਿੱਤ, ਪੂਰਾ ਚੰਦ ॥

**ਪੂਰਣਾ**, ਪੁ:—ਅੱਖਰ ਦੀ ਸ਼ਕਲ, ਸ਼ਕਲ ਬਣਾਉਣ ਵਾਲੀ ਲੱਕੜ ॥

**ਪੂਰਣਿਆਂ ਤੇ ਚੱਲਣਾ**, ਕ੍ਰਿ:—ਨਮੂਨੇ ਦੀ ਨਕਲ ਕਰਨੀ ॥

**ਪੂਰਣੇ ਪਾਉਣੇ**, ਕ੍ਰਿ:—ਜੋ ਗੱਲ ਕਿਸੇ ਕੋਲੋਂ ਕਰਾਉਣੀ ਹੈ ਉਹ ਕਰਕੇ ਦੱਸਣੀ, ਨਮੂਨਾ ਦੇਣਾ ॥

**ਪੂਰਨਾ**, ਕ੍ਰਿ:—ਭਰਨਾ, ਸੰਖ ਵਜਾਉਣਾ, ਪੂਰਾ ਵੇਲਾ ਲੰਘਾਉਣਾ, ਕਰਜ਼ਾ ਲਾਹੁਣਾ ॥ ਸ:—ਪੂਰਨਮਾਸੀ ॥

**ਪੂਰਬ**, ਪੁ:—ਜਿਸ ਪਾਸਿਓਂ ਸੂਰਜ ਚੜ੍ਹਦਾ ਹੈ, ਚੜ੍ਹਦਾ, ਚੜ੍ਹਦੇ ਪਾਸੇ ਦਾ ਦੇਸ਼, ਹਿੰਦੁਸਤਾਨ ॥

**ਪੂਰਬਣ**, ਸ:—ਪੂਰਬ ਵਿੱਚ ਰਹਿਣ ਵਾਲੀ ॥

**ਪੂਰਬਣਾ**, ਸ:—ਪੂਰਨਮਾਸੀ ।

**ਪੂਰਬਲਾ**, ਵਿ:—ਪਹਿਲਾ, ਅਗਲਾ ॥

**ਪੂਰਬਾ**, ਪੁ:—ਇੱਕ ਰਾਗ ।

**ਪੂਰਬੀ**, ਸ:—ਇੱਕ ਰਾਗ । ਵਿ:—ਪੂਰਬ ਦਾ । ਪੁ:—ਇੱਕ ਤਮਾਕੂ ॥

**ਪੂਰਬੀਆ**, ਪੁ:—ਪੂਰਬ ਦਾ ਰਹਿਣ ਵਾਲਾ ॥

**ਪੂਰਾ**, ਵਿ:—ਭਰਿਆ ਹੋਇਆ, ਬਥੇਰਾ, ਸਾਰਾ, ਸਰਿਆ ਹੋਇਆ, ਸੱਚਾ, ਵਰੇਸੀ ॥

**ਪੂਰਾ ਉਤਰਨਾ**, ਕ੍ਰਿ:—ਕੰਮ ਸਿਰੇ ਚਾੜ੍ਹ ਸਕਣਾ ॥

**ਪੂਰਾ ਸਰੇਨਾ**, ਵਿ:—ਸਭ ਗੁਣਾਂ ਵਾਲਾ, ਬਹਾਦਰ ਭਰਪੂਰ, ਸੱਤਿਆ ਵਾਲਾ ॥

**ਪੂਰਾ ਹੋਣਾ**, ਕ੍ਰਿ:—ਮੁੱਕਣਾ, ਮਰ ਜਾਣਾ, ਨਿਭਣਾ ॥

**ਪੂਰਾ ਕਰਨਾ**, ਕ੍ਰਿ:—ਭਰਨਾ, ਮੁਕਾਉਣਾ, ਨਿਬਾਹੁਣਾ ॥

**ਪੂਰਾ ਨਿਕਲਣਾ, ਪੂਰਾ ਪਟਣਾ, ਪੂਰਾ ਪੈਣਾ**, ਕ੍ਰਿ:—ਬਹੁਤ ਹੋਣਾ (ਜਿਸ ਨਾਲ ਕੰਮ ਸਰ ਜਾਵੇ) ॥

**ਪੂਰੇ ਦਿਨ**, ਪੁ: (ਬਹੁ:)—ਗਰਭ ਦੇ ਪੂਰੇ ਨੌ ਮਹੀਨੇ ॥

**ਪੂਰਾਈ**, ਸ:—ਪੂਰਨ (ਭਰਨ) ਦਾ ਕੰਮ ਜਾਂ ਮਜੂਰੀ ॥

**ਪੂਰੀ**, ਵਿ:—ਸਾਰੀ, ਬਹੁਤ, ਭਰੀ ਹੋਈ ਸੱਚੀ ਫਰਵਣ । ਸ:—ਪੂੜੀ ॥

**ਪੂਰੀ ਪੈਣੀ**, ਕ੍ਰਿ:—ਕੰਮ ਸਰ ਜਾਣਾ, ਚੀਜ਼ ਬਹੁਤ ਹੋਣੀ ॥

**ਪੂਰੇ**, ਪੁ: (ਬਹੁ:) ਪਾਣੀ ਵਿੱਚ ਜੋ ਨਿੱਕੇ ਨਿੱਕੇ ਕੀੜੇ ਪੈ ਜਾਂਦੇ ਹਨ ॥

**ਪੂਰੋ ਪੂਰ**, ਕ੍ਰਿ:—ਇੱਕ ਇੱਕ ਕਰਕੇ, ਜੁਗਤ ਨਾਲ, ਪਾਲ ਬੰਨ੍ਹ ਕੇ ॥ ਵਿ:—ਭਰਪੂਰ, ਬਿਲਕੁਲ ਭਰਿਆ ਹੋਇਆ ।

**ਪੂਲਾ**, ਪੁ:, **ਪੂਲੀ**, ਸ:—ਘਾਹ ਦੀ ਗੰਢ, ਬੱਝੇ ਹੋਏ ਪੱਠੇ, ਰੁੱਖ ॥

**ਪੂਲਾ ਬਾਲਣਾ**, ਕ੍ਰਿ:—ਮੰਦਾ ਕੰਮ ਕਰਨਾ, ਅਪਰਾਧ ਕਰਨਾ ॥

Digitized by Panjab Digital Library | www.panjabdigilib.org

**ਪ੍ਰਵਾਹ,** ਸ:—ਜਿਸ ਧਰਤੀ ਵਿੱਚ ਮਲੂੜ੍ਹ ਪਾਯਾ ਹੈ ॥

**ਪੂੜਾ,** ਪੁ:—ਇੱਕ ਤਰਾਂ ਦੀ ਤਲੀ ਹੋਈ ਮਿੱਠੀ ਰੋਟੀ ॥

**ਪੂੜੀ,** ਸ:—ਤਲੀ ਹੋਈ ਰੋਟੀ (ਖੁੱਲ੍ਹੇ ਘਿਉ ਜਾ ਤੇਲ ਵਿੱਚ) ॥

**ਪੇ** / **ਪੇਉ** } ਪੁ:—ਪਿਓ, ਪਿਤਾ, ਬਾਪ, ਬੱਪੂ, ਲਾਲਾ ॥

**ਪੇਉ ਦੇ ਪੇਉ ਨੂੰ ਫੜਨਾ,** ਕ੍ਰਿ:—ਗੱਲ ਦਾ ਬਹੁਤ ਪਖ ਕਰਨਾ ॥

**ਪੇਊਸੀ,** ਸ:—ਘਿਉ ਵਿੱਚ ਤਲੀ ਹੋਈ ਰੋਟੀ, ਮਿੱਠੀ ਟਿੱਕੀ ॥

**ਪੇਉਕਾ** / **ਪੇਉਕੇ** } 'ਪਿਉਕਾ (ਕੇ)' ਵੇਖ ॥

**ਪੇਉਂਦ,** ਸ:—ਇੱਕ ਰੁੱਖ ਵਿੱਚ ਜੋ ਦੂਏ ਦੀ ਟਹਿਣੀ ਲੱਗੇ, ਜੋੜ, ਟਾਕੀ (ਕਰਨੀ, ਚਾੜ੍ਹਨੀ, ਲਾਉਣੀ) ॥

**ਪੇਉਂਦੀ,** ਵਿ:—ਪੇਉਂਦ ਦਾ, ਪੇਉਂਦ ਲਾਕੇ ਉਗਾਯਾ ਹੋਯਾ ॥

**ਪੇਉਂਦੀ ਕਰਨਾ,** ਕ੍ਰਿ:—ਇੱਕ ਰੁੱਖ ਵਿੱਚ ਦੂਏ ਦੀ ਟਹਿਣੀ ਲਾਉਣੀ ॥

**ਪੇਓਰੀ,** ਪੁ:—ਅੰਬ ਦੇ ਪੱਤ੍ਰਾਂ ਉੱਤੇ ਗਊ ਸੁਕਾ ਕੇ ਕੱਢਿਆ ਹੋਯਾ ਰੰਗ ॥

**ਪੇਈਆ,** ਪੁ:—ਪੇਉ, ਬਾਬਲ (ਜਨਾਨੀ ਬੋਲੀ) ॥



**ਪੇਈਅੜੇ (ਪੇਈਏ),** ਕ੍ਰਿ: ਵਿ:—ਪੇਕੇ, ਮਾਪਿਆਂ ਦੇ ਘਰ ॥

**ਪੇਸ਼,** ਅ:, ਕ੍ਰਿ: ਵਿ:—ਅੱਗੇ, ਸਾਮ੍ਹਣੇ, ਅਗਾਂਹ, ਹਾਜ਼ਰ ॥

**ਪੇਸ਼ ਆਉਣਾ,** ਕ੍ਰਿ:—ਵਰਤਣਾ, ਭਾ ਪੈਣੀ, ਵਲ ਪਾਉਣਾ

**ਪੇਸ਼ ਕਬਜ਼,** ਸ:—ਇੱਕ ਤਰਾਂ ਦੀ ਕਟਾਰ, ਛੁਰਾ ॥

**ਪੇਸ਼ ਚੱਲਣੀ** / **ਪੇਸ਼ ਜਾਣੀ** } ਕ੍ਰਿ:—ਅਸਰ ਹੋਣਾ, ਜ਼ੋਰ ਲੱਗ ਸਕਣਾ ॥

**ਪੇਸ਼ਵਾਈ,** ਸ:—ਅਗਵਾਨੀ, ਕਿਸੇ ਨੂੰ ਅੱਗੋਂ ਆਕੇ ਲੈਣ ਆਉਣਾ ॥

**ਪੇਸ਼ਾ,** ਪੁ:—ਕੰਮ, ਕਾਜ, ਰੁਜ਼ਗਾਰ, ਕੰਜਰੀ ਦਾ ਕੰਮ ॥

**ਪੇਸ਼ੀ (ਫ਼ੀ:),** ਸ:—ਹਾਜ਼ਰੀ, ਅਦਾਲਤ ਵਿੱਚ ਮੁਕੱਦਮੇ ਦੇ ਸੁਣਨ ਦਾ ਦਿਨ ॥

**ਪੇਸ਼ੀ ਵੇਲਾ,** ਪੁ:—ਦੁਪਹਿਰੋਂ ਪਿੱਛੋਂ, ਨਮਾਜ਼ ਦਾ ਵੇਲਾ ॥

**ਪੇਕਾ** / **ਪੇਕੇ** } 'ਪਿਉਕਾ' 'ਪਿਉਕੇ' ਵੇਖ ॥

**ਪੇਖਨਾ,** ਪੁ: / **ਪੇਖਨੀ,** ਸ: } ਤਮਾਸ਼ੇ ਦੀ ਮੂਰਤ, ਪੁਤਲੀ ॥ ਕ੍ਰਿ:—ਵੇਖਣਾ ॥

**ਪੇਚ,** ਪੁ:—ਲਕੜੀ ਜਾਂ ਲੋਹੇ ਦਾ ਕਿੱਲ ਆਦਿਕ ਜਿਸ ਨਾਲ ਪੱਤੀ ਜੋੜਦੇ ਜਾਂ ਕੱਸਦੇ ਹਨ, ਵਲ, ਲਪੇਟ, ਘੇਰਾ, ਮੋੜ, ਘਬਰਾਹਟ, ਫਰੇਬ, ਦਾਉ, ਪੇਚਾ ॥

Digitized by Panjab Digital Library | www.panjabdigilib.org

**ਪੇਚਕਸ਼,** ਪੁ:—ਜਿਸ ਚੀਜ਼ ਨਾਲ ਪੇਚ [illegible] ਹਨ ॥

**ਪੇਚ ਖੋਚ,** ਪੁ:—ਚੀਦਲ, ਘਬਰਾਟ, ਵਰੋਧ ।

**ਪੇਚਦਾਰ, ਪੇਚਵਾਂ** } ਵਿ:—ਪੇਚ ਵਾਲਾ, ਜਿਸ ਦਾ ਪੂਰ ਪਤਾ ਨਾ ਲੱਗੇ ।

**ਪੇਚਵਾਨ ( ਵਾਨੀ ),** ਸ:—ਪੇਚਦਾਰ ਨੜੀ ਵਾਲਾ ਹੁੱਕਾ ॥

**ਪੇਚਸ਼,** ਸ:—ਮਰੋੜ ਤੇ ਦਸਤਾਂ ਦੀ ਬਿਮਾਰੀ ।

**ਪੇਚਾ,** ਪੁ:—[illegible]ਟੀ ਪਗੜੀ, ਜਰੀ ਦਾ ਸਾਫਾ ਪਤੰਗਾਂ ਦੀਆਂ ਡੋਰਾਂ ਅੜਨੀਆਂ (ਪੈਣਾ) ।

**ਪੇਚੀਲਾ,** ਵਿ:—ਪੇਚ ਵਾਲਾ, ਫਰੇਬੀ, ਕਪਟੀ, ਸੂਖਮ ॥

**ਪੇਛੜੀ,** ਸ:—ਇਕ ਤਰਾਂ ਦੀ ਬਾਂਸ ਦੀ ਟੋਕਰੀ ॥

**ਪੇਂਜਾ,** ਪੁ:—ਰੂੰ ਪਿੰਜਣ ਵਾਲਾ । ਸ:—[illegible] ਪਿੰਜਣ ਦੀ ਕਲਾ ॥

**ਪੇਂਝੂ,** ਪੁ: -ਕਰੀਰ ਦੇ [illegible] ਪੱਕਾ ਫਲ

**ਪੇਟ,** ਪੁ:—ਢਿੱਡ, ਸਰੀਰ ਦੇ ਜਿਸ ਹਿੱਸੇ ਵਿੱਚ ਖਾਧਾ ਪੀਤਾ ਜਾ ਪੈਂਦਾ ਹੈ, ਗਰਭ ।

**ਪੇਟ ਘਰੋੜੀ,** ਵਿ:—ਸਭ ਤੋਂ ਪਿੱਛੇ ਜੰਮਿਆ ਹੋਇਆ ਬਾਲ ॥

**ਪੇਟ ਨਾਲ,** ਵਿ: ਜਿਸ ਨੂੰ ਗਰਭ ਹੈ ।

**ਪੇਟ ਪਾਲਣਾ,** ਕ੍ਰਿ:—ਜੋ ਮਿਲੇ ਖਾ ਪੀ ਕੇ [illegible] ਰਾ ਕਰਨਾ ॥

**ਪੇਟੰਟ,** ਪੁ:—ਨ[illegible] ਕੱਢੀ ਹੋਈ ਚੀਜ਼ [illegible] ਦੀ ਸਨਦ ( ਹੋਣਾ, ਕਰਾਉਣਾ ) ॥

**ਪੇਟੜਾ,** ਪੁ:—ਪੇਟ, ਢਿੱਡ

**ਪੇਟਾ, ਪੇੱਟਾ** } ਪੁ:—ਕਪੜੇ ਦੀ ਭਰਤੀ, ਬਾਣਾ, ਚੌੜਾਈ, ਫੈਲਾਓ, ਆਂਦਰਾਂ, ਧਨ ਪਦਾਰਥ, ਸਪੁਰਦਗੀ, ਸੰਭਾਲ ॥

**ਪੇੱਟੇ ਪਾਣਾ,** ਕ੍ਰਿ:—ਸਪੁਰਦ ਕਰਨਾ, ਸੌਂਪਣਾ ।

**ਪੇਟਾ ਰੱਠੂ,** ਪੁ:—ਭੁੱਖੀ ਨੀਤ ਵਾਲਾ, ਜਿਸ ਨੂੰ ਨਿੱਤ ਖਾਣ ਦੀ ਸੁੱਝੇ ॥

**ਪੇਟੀ, ਪੇੱਟੀ** } ਸ: ਲੱਕ ਦੇ ਗਿਰਦੇ ਬੰਨ੍ਹਣ ਵਾਲਾ ਪਟਕਾ ਜਾਂ ਤਸਮਾ, [illegible] ਕਲਾਬੂਤ ਨੂੰ ਖਿੱਚਣ ਵਾਲਾ ਰੱਸਾ ।

**ਪੇਟੀ ਛੱਗਾ,** ਪੁ: -ਵੱਡੇ ਢਿੱਡ ਵਾਲਾ ॥

**ਪੇਟੂ,** ਪੁ:—ਬਹੁਤ ਖਾਣ ਵਾਲਾ ।

**ਪੇੱਠਾ,** ਪੁ:—ਇਕ ਮਸ਼ਹੂਰ ਫਲ ਕੱਦੂ ਵਰਗਾ ॥

**ਪੇਡੀ,** ਸ:—ਵੱਢਣ ਦੇ ਮਗਰੋਂ ਉੱਗੀ ਹੋਈ ਤਮਾਕੂ ਦੀ [illegible]ਦਲ ॥

**ਪੇਡੂ** ਪੁ:—ਧੁੰਨੀ ਦੇ ਹੇਠ ਪੇਟ ਦਾ ਹਿੱਸਾ ॥

**ਪੇਂਡੂ,** ਪੁ:—ਪਿੰਡ ਵਿੱਚ ਰਹਿਣ ਵਾਲਾ, ਗੁਆਰ ।

**ਪੇਤਲਾ,** ਵਿ:—ਪੱਧਰਾ, ਸਾਫ, ਘੱਟ ਡੂੰਘ ਵਾਲਾ ॥

**ਪੇਤ੍ਰੀ,** ਵਿ:—ਗਰਮੀ ਜਾਂ ਪਿੱਤ ਦੇ ਸੁਭਾਉ ਵਾਲ[illegible] ( ਲਾ ) ।

**ਪੇਂਦਾ,** ਪੁ: **ਪੇਂਦੀ,** ਸ: } ਥਲਾ, ਹੇਠਲਾ ਹਿੱਸਾ ( ਭਾਂਡੇ, ਟੋਕਰੀ ਆਦਿਕ ਦਾ )॥

Digitized by Panjab Digital Library / www.panjabdigilib.org

**ਪੇਪੜੀ,** ਸ਼ਃ—ਪੱਕੀ ਮਿੱਟੀ ਦੇ ਟੁਕੜੇ, ਰਾਬ ਬਣਾਉਣ ਲੱਗਿਆਂ ਜੇਹੜੀ ਖੰਡ ਕੱਪੜੇ ਉੱਤੇ ਜੰਮ ਜਾਂਦੀ ਹ ॥

**ਪੇਮ**
**ਪੇਮੀ** } 'ਪ੍ਰੇਮ' 'ਪ੍ਰੇਮੀ' ਵੇਖੋ ॥

**ਪੇਯਾ,** ਵਿਃ—ਪੇਕਿਆਂ ਦਾ, ਪੇਉਕਾ ॥

**ਪੇਰਨੀ,** ਸ਼ਃ—ਇੱਕ ਨੀਚ ਜਾਤ ਜਿਸ ਦੀਆਂ ਤ੍ਰੀਮਤਾਂ ਨਚ ਕੇ ਮੰਗਦੀਆਂ ਫਿਰਦੀਆਂ ਹਨ ॥

**ਪੇਰੂ,** ਪੁਃ—ਇੱਕ ਪੰਖੇਰੂ ਵੱਡੇ ਕੁੱਕੜ ਦੀ ਸ਼ਕਲ ਦਾ ॥

**ਪੇਲਣਾ,** ਕ੍ਰਿਃ—ਅੱਗੇ ਕਰਨਾ, ਵਿਖਾਉਣਾ, ਧੱਕਣਾ, ਘੁਟਾਉਣਾ ॥

**ਪੇਲੂ,** ਪੁਃ—ਪੇਲਣ ਵਾਲਾ ॥

**ਪੇਵੰਦ**
**ਪੇਵੰਦੀ** } 'ਪੇਉਂਦ' 'ਪੇਉਂਦੀ' ਵੇਖੋ ॥

**ਪੇਵੜੀ,** ਸ਼ਃ—ਮੱਥੇ ਉੱਤੇ ਲਾਉਣ ਵਾਲੀ ਇੱਕ ਪੀਲੀ ਮਿੱਟੀ ਦੀ ਟਿੱਕੀ ॥

**ਪੇਵਾ,** ਪੁਃ—ਗਲ ਦੇ ਇਕ ਪਾਸੇ ਦੀ ਸੋਜ ।

**ਪੇਵੇਂ,** ਪੁਃ,ਸ਼ਃ—ਢਡੋਂਦਾ, ਗੰਨੇ ਨੂੰ ਲੱਗਣ ਵਾਲਾ ਇੱਕ ਕੀੜਾ ॥

**ਪੇਤ,** ਪੁਃ—ਸੁਨਿਆਰ ਜਾਂ ਲੁਹਾਰ ਦੇ ਸੰਦਾਂ ਦਾ ਥੈਲਾ, ਤੁੱਥ ॥

**ਪੇੜਾ,** ਪੁਃ—ਖੋਏ ਦੀ ਇੱਕ ਮਠਿਆਈ, ਗੁੰਨ੍ਹੇ ਹੋਏ ਆਟੇ ਵਿੱਚੋਂ ਜਿੰਨਾ ਰੋਟੀ ਵੇਲਣ ਵਾਸਤੇ ਲਿਆ ਜਾਵੇ ॥

**ਪੈਤੀ,** ਸ਼ਃ—ਸੰਦਾਂ ਦਾ ਛੋਟਾ ਥੈਲਾ ॥

**ਪੈ,** ਸ਼ਃ—'ਪਾਈ' ਵੇਖੋ ।

**ਪੈਈ ਦੱਬ,** ਵਿਃ—ਜੋ ਮਨੁੱਖ ਮੰਗਵੀਂ ਚੀਜ਼ ਮੋੜਨ ਵਿਚ ਨਾਂ ਆਵੇ ॥

**ਪੈਂਸ,** ਪੁਃ—ਇਕ ਅੰਗ੍ਰੇਜ਼ੀ ਸਿੱਕਾ ਜਿਸ ਦੀ ਕੀਮਤ ਤਿੰਨ ਕੁ ਪੈਸੇ ਹੈ ।

**ਪੈਂਸਠ,** ਵਿਃ—ਪੰਜਾਂ ਉੱਤੇ ਸੱਠ ॥

**ਪੈਸਾ**
**ਪੈਂਸਾ** } ਪੁਃ—ਤਾਂਬੇ ਦਾ ਮਸ਼ਹੂਰ ਸਿੱਕਾ, ਆਨੇ ਦੀ ਚੁਥਾਈ, ਧਨ ॥

**ਪੈਸਾ ਧੇਲਾ,** ਪੁਃ—ਧਨ, ਰੁਪਯਾ, ਦੌਲਤ ॥

**ਪੈਸੇ ਵਾਲਾ,** ਪੁਃ—ਧਨੀ, ਬਖ਼ਤਾਵਰ ॥

**ਪੈਂਸੀ,** ਸ਼ਃ—ਇਕ ਮੋਟਾ ਦੇਸੀ ਕਪੜਾ ( ੫੦੦ ਤੰਦਾਂ ਵਾਲਾ ) ।

**ਪੈਂਹਿ,** ਸ਼ਃ—'ਪਹਿ' ਵੇਖੋ ।

**ਪੈਕ,** ਪੁਃ—ਹਲਕਾਰਾ, ਚਿਠੀ ਲੈਜਾਣ ਵਾਲਾ ॥

**ਪੈਕਟ,** ਪੁਃ—ਕਿਤਾਬਾਂ ਜਾਂ ਕਾਗਜ਼ ਇਕੱਠੇ ਕਰਕੇ ਸੀਨ੍ਹੇ ਹੋਏ ॥

**ਪੈਕੜ,** ਪੁਃ—ਘੋੜੇ ਆਦਿਕ ਦੇ ਪੈਰਾਂ ਦਾ ਰੱਸਾ ।

**ਪੈਕਵਾ,** ਪੁਃ—ਸ਼ਰਾ ਵਾਦੀ ਜਾਂ ਰੀਤ ।

**ਪੈਕੜੀ,** ਸ਼ਃ—ਲੋਹੇ ਦਾ ਛੱਲਾ ਜਾਂ ਸੰਗਲ ॥

**ਪੈਕਾਸ਼ਤ,** ਸ਼ਃ, ਪੁਃ—ਆਪਣੀ ਥੋਂ ਨਾ ਹੋਣ ਕਰਕੇ ਦੂਏ ਦੀ ਧਰਤੀ ਵਿਚ ਕਿਸੇ ਸ਼ਰਤ ਉੱਤੇ ਵਾਹੀ ਕਰਨ ਵਾਲੇ ਮਨੁੱਖ ॥

Digitized by Panjab Digital Library | www.panjabdigilib.org

**ਪੈਕੇ,** ਪੁ:—ਪੇਕੇ, ਮਾਪਿਆਂ ਦਾ ਟੱਬਰ ਜਾਂ ਘਰ।

**ਪੈਖੜ**, **ਪੈਂਖੜ** } ਪੁ:—'ਪੈਕੜ' ਵੇਖੋ॥

**ਪੈਖੜਨਾ,** ਕ੍ਰਿ:—ਪੈਰਾਂ ਨੂੰ ਡੰਗਾ ਪਾਉਣਾ॥

**ਪੈਗੰਬਰ**, **ਪੈਗੰਬਰੀ** } 'ਪੈਗੰਬਰ' 'ਪੈਗੰਬਰੀ' ਵੇਖੋ।

**ਪੈਗਾਮ,** ਪੁ:—ਸੁਨੇਹਾ, ਖਬਰ ਸਾਰ, ਗਲ ਕਹਾਕੇ ਭੇਜੀ ਹੋਈ॥

**ਪੈਂਚ,** ਪੁ:—ਕਿਸੇ ਕਮੇਟੀ ਜਾਂ ਕੌਂਸਲ ਦਾ ਪਰਧਾਨ, ਲੰਬਰਦਾਰ, ਚੌਧਰੀ। ਮੁਹਰਾ॥

**ਪੈਂਚਕਾਂ,** ਸ: (ਬਹੁ:)—ਖਾਸ ਥਿੱਤਾਂ ਜਿਨ੍ਹਾਂ ਵਿੱਚ ਕੋਈ ਹਿੰਦੂ ਮਰੇ ਤਾਂ ਸਮਝਦੇ ਹਨ ਕਿ ਪੰਜ ਜਣੇ ਮਰਨਗੇ॥

**ਪੈਂਚਣੀ,** ਸ:—ਪੈਂਚ ਦੀ ਵਹੁਟੀ, ਚੁਧਰਾਣੀ॥

**ਪੈਂਚਮੀ,** ਸ:—ਪੰਜਵੀਂ ਥਿਤ॥

**ਪੈਂਚਾਇਤ,** ਸ:, **ਪੈਚਾਇਤੀ,** ਵਿ: } 'ਪੰਚਾਇਤ' ਆਦਿਕ ਵੇਖੋ।

**ਪੈਛੜ (ਕ),** ਸ:—ਪੈਰ ਧਰਨ ਦੀ ਅਵਾਜ।

**ਪੈਂਛੀ,** ਸ:—ਪੰਖੇਰੂ, ਉੱਡਣ ਵਾਲਾ ਜਨੌਰ ਫਿਰਨ ਵਾਲਾ ਮਨੁੱਖ

**ਪੈਜ,** ਸ:—ਮਨੋਰਥ, ਕਰਾਰ, ਪੱਕ ਸੁਭਾਹ, ਸ਼ਰਮ, ਲਾਜ॥

**ਪੈਜਾਮਾ,** ਪੁ:—'ਪਜਾਮਾ' ਵੇਖੋ॥

**ਪੈਂਠ,** ਸ:—ਗੁਆਚੀ ਹਈ ਹੁੰਡੀ ਦੇ ਬਦਲੇ ਜੋ ਲਿਖਤ ਦਿੱਤੀ ਜਾਵੇ, ਮਾਲ ਠਹਿਰਨ ਦੀ ਥਾਂ॥

**ਪੈਂਡਾ** ਪੁ:—ਰਸਤਾ, ਪੰਧ, ਵਿਥ, ਫਾਸਲਾ (ਕਰਨਾ)।

**ਪੈਣ,** ਸ:—ਇੰਚ ਦਾ ਚੌਥਾ ਹਿੱਸਾ॥

**ਪੈਣਾ,** ਪੁ:—ਕੰਡੇ ਪਉ ਦਾ ਵੰਦਾ॥

ਕ੍ਰਿ:—ਲੇਟਣਾ, ਡਿਗਣਾ, ਥਾਂ ਹੋਣਾ, ਸੌਣਾ, ਬਿਮਾਰ ਹੋ ਜਾਣਾ, ਛਾਣਾ ਵਰਤਣਾ, ਖਿਲਰਨਾ, ਦਖਲ ਦੇਣਾ, ਖਾਲੀ ਹੋਣਾ, ਵਾਸਤਾ ਰੱਖਣਾ, ਪਿੱਠ ਦੇ ਭਾਰ ਡਿਗਣਾ॥

**ਪੈ ਰਹਿਣਾ,** ਕ੍ਰਿ:—ਆਤਰ ਹੋਣਾ, ਸਾਰਾ ਦਿਨ ਸੁੱਤੇ ਰਹਿਣਾ॥

**ਪੈਂਤਰਾ**, **ਪੈਂਤਾ** } ਪੁ:—ਕਦਮ, ਤੁਰਨ ਤੋਂ ਪਹਿਲੋਂ ਜੋ ਚੀਜ ਅੱਗੇ ਪੱਲੀ ਜਾਵੇ, ਪੈਰ ਧਰਨ ਦੀ ਸੁੱਕੀ ਥਾਂ॥

**ਪੈਂਤਾਹਲੀਆ,** ਵਿ:—ਬਿਕ੍ਰਮਾਜੀਤ ਦਾ ਸੰਮਤ ਪੰਤਾਲੀ॥

**ਪੈਂਤਾਲੀ,** ਵਿ:—ਪੰਜਾਂ ਉੱਤੇ ਚਾਲੀ॥

**ਪੈਂਤੀ,** ਵਿ:—ਪੰਜਾਂ ਉੱਤੇ ਤੀਹ॥

ਸ:—ਗੁਰਮੁਖੀ ਦੇ ਸਾਰੇ ਅਖਰ।

**ਪੈਂਦ,** ਸ:—ਮੰਜੇ ਦਾ ਪੈਰਾਂ ਵਾਲਾ ਪਾਸਾ॥

**ਪੈਦਲ,** ਵਿ:—ਪੈਰੀਂ ਟੁਰਨ ਵਾਲਾ॥

**ਪੈਂਦਰ,** ਪੁ:—ਡਾਕੂ, ਧਾੜਵੀ, ਅਚਾਨਕ ਆ ਪੈਣ ਵਾਲਾ।

Digitized by Panjab Digital Library | www.panjabdigilib.org

**ਪੈਦਾ,** ਪੁ:-ਵਿ:—ਲਾਹਾ, ਖੱਟੀ, ਕਮਾਈ, ਜੋ ਚੀਜ਼ ਪਰਮੇਸ਼ਰ ਨੇ ਬਣਾਈ ਹੈ, ਜੋ ਹੱਥ ਆਵੇ, ਜੋ ਉੱਗੇ, ਜ਼ਾਹਰ ॥

**ਪੈਦਾ ਹੋਣਾ,** ਕ੍ਰਿ:—ਉੱਗਣਾ, ਜੰਮਣਾ, ਹੱਥ ਆਉਣਾ, ਉੱਗਮਣਾ ।

**ਪੈਦਾ ਕਰਨਾ,** ਕ੍ਰਿ:—ਜਮਾਉਣਾ, ਉਗਾਉਣਾ, ਕਿਤੋਂ ਨਾ ਕਿਤੋਂ ਲਿਆਉਣਾ, ਖੱਟਣਾ, ਹਾਸਲ ਕਰਨਾ ॥

**ਪੈਦਾਵਾਰ,** ਸ:-ਵਿ:—ਗਰਭ ਵਾਲੀ ਤੀਮਤ ॥

**ਪੈਦਾਵਾਰ, ਪੈਦਾਵਾਰੀ,** ਸ:—ਖੇਤ ਵਿੱਚ ਜੋ ਉੱਗੇ, ਨਫ਼ਾ, ਲਾਭ ॥

**ਪੈਨੀ,** ਸ:—'ਪੈਂਸ' ਵੇਖੋ ।

**ਪੈਮਾਇਸ਼,** ਸ:—ਜ਼ਿਮੀਂ ਕੱਛਣ ਜਾਂ ਨਾਪਣ ਦਾ ਕੰਮ ॥

**ਪੈਮਾਨਾ,** ਪੁ:—ਨਾਪਣ ਦਾ ਔਜ਼ਾਰ, ਅੰਦਾਜ਼ਾ ॥

**ਪੈਰ,** ਪ:—ਸਰੀਰ ਦਾ ਉਹ ਅੰਗ ਜੋ ਸਾਰੇ ਸਰੀਰ ਨੂੰ ਸਹਾਰਦੇ ਹਨ ॥

**ਪੈਰ ਉਖੜਨਾ,** ਕ੍ਰਿ:—ਟਿਕ ਨ ਸਕਣਾ, ਹਾਰ ਕੇ ਨੱਸ ਜਾਣਾ ।

**ਪੈਰ ਉਠਾ ਕੇ ਚੱਲਣਾ,** ਕ੍ਰਿ:—ਛੇਤੀ ਛੇਤੀ ਟੁਰਨਾ ॥

**ਪੈਰ ਉਤਰਨਾ,** ਕ੍ਰਿ:—ਪੈਰ ਦੀ ਹੱਡੀ ਆਪਣੀ ਥਾਂ ਤੋਂ ਹਿਲ ਜਾਣੀ ।

**ਪੈਰ ਅੜਾਉਣਾ,** ਕ੍ਰਿ:—ਦਖ਼ਲ ਦੇਣਾ ॥

**ਪੈਰ ਸੌਣਾ,** ਕ੍ਰਿ:—ਪੈਰ ਸੁੰਨ ਹੋਣ ਕਰਕੇ ਹਿਲ ਨਾ ਸਕਣਾ ।

**ਪੈਰ ਕੱਢਣੇ,** ਕ੍ਰਿ:—ਬੁਰਾ ਸੁਭਾਉ ਦੱਸਣਾ, ਵਧ ਜਾਣਾ ॥

**ਪੈਰ ਕਬਰ ਵਿੱਚ ਧਰਨਾ,** ਕ੍ਰਿ: ਬੁੱਢੇ ਹੋ ਜਾਣਾ।

**ਪੈਰ ਚੁੰਮਣੇ,** ਕ੍ਰਿ:—ਬਹੁਤ ਆਦਰ ਮਾਨ ਕਰਨਾ ॥

**ਪੈਰ ਜੰਮਣੇ (ਟਿਕਣੇ ਜਾਂ ਲੱਗਣੇ),** ਕ੍ਰਿ:—ਕਾਇਮ ਹੋ ਜਾਣਾ ।

**ਪੈਰ ਜ਼ਮੀਨ ਤੇ ਨਾਂ ਟਿਕਣੇ,** ਕ੍ਰਿ:—ਆਪਣੇ ਆਪ ਨੂੰ ਵੱਡਾ ਜਤਾਉਣਾ ॥

**ਪੈਰ ਤੇ ਪੈਰ ਰਖਣਾ,** ਕ੍ਰਿ:—ਚੌਕੜੀ ਮਾਰ ਕੇ ਬਹਿਣਾ ॥

**ਦਬੇ ਪੈਰ,** ਕ੍ਰਿ:, ਵਿ:—ਹੌਲੀ ਹੌਲੀ ਪੈਰ ਰਖਕੇ ਜਿਸ ਤੋਂ ਅਵਾਜ਼ ਨਾ ਆਵੇ ।

**ਪੈਰ ਧਰਨਾ, ਪੈਰ ਰਖਣਾ,** ਕ੍ਰਿ:—ਅੰਦਰ ਵੜਨਾ, ਅੱਗੇ ਵਧਣਾ ।

**ਪੈਰ ਧੋ ਧੋ ਕੇ ਪੀਣਾ,** ਕ੍ਰਿ:—ਬਹੁਤ ਆਦਰ ਸੇਵਾ ਕਰਨੀ ।

**ਪੈਰ ਪਸਾਰਨਾ,** ਕ੍ਰਿ:—ਲੱਤਾਂ ਨਿਸਲਣੀਆਂ, ਮਰ ਜਾਣਾ ॥

**ਪੈਰ ਪਸਾਰਨੇ,** ਕ੍ਰਿ:—ਬਹੁਤ ਚੀਜ਼ਾਂ ਲੈਣ ਦਾ ਜਤਨ ਕਰਨਾ, ਬਹੁਤ ਥਾਂ ਮੱਲਣੀ॥

**ਪੈਰ ਪਾਉਣਾ,** ਕ੍ਰਿ:—ਕਿਸੇ ਸੱਜਣ ਦੇ ਘਰ ਜਾਣਾ, ਕੁੜਮਾਈ ਦੀ ਰੀਤ ਤੇ ਕੁੜਮਣੀਆਂ ਦਾ ਘਰ ਆਉਣਾ॥

Digitized by Panjab Digital Library | www.panjabdigilib.org

**ਪੈਰ ਪੂਜਣੇ,** ਕ੍ਰਿ:—ਬਹੁਤ ਆਦਰ ਮਾਨ ਕਰਨਾ ॥

**ਪੈਰ ਛੋਹਣਾ,** ਕ੍ਰਿ:—ਪੈਰੀਂ ਪੈਣਾ, ਮਿਨਤਾਂ ਕਰਨੀਆਂ ॥

**ਪੈਰ ਫੈਲਾਕੇ ਸੌਣਾ,** ਕ੍ਰਿ:—ਬੇਫ਼ਿਕਰ ਅਤੇ ਸੁਖੀ ਹੋਣਾ

**ਪੈਰ ਭਾਰੀ ਹੋਣਾ,** ਕ੍ਰਿ:-ਤੀਵੀਂ ਨੂੰ ਗਰਭ ਹੋਣਾ ॥

**ਪੈਰ ਲੱਗਣਾ,** ਕ੍ਰਿ:—ਟਿਕ ਜਾਣਾ, ਪੈਰੀਂ ਪੈਣਾ ॥

**ਪੈਰ ਵਿੱਚ ਹੋਣਾ,** ਕ੍ਰਿ -ਜ਼ੁੰਮੇਵਾਰੀ ਜਾਂ ਹਿੱਸੇਦਾਰੀ ਹੋਣੀ ॥

**ਪੈਰਾਂ ਵਿੱਚ ਚੱਕਰ ਹੋਣਾ,** ਕ੍ਰਿ:—ਸਦਾ ਭੌਂਦੇ ਰਹਿਣਾ ॥

**ਪੈਰਾਂ ਵਿੱਚ ਮਹਿੰਦੀ ਲਾਉਣੀ;** ਕ੍ਰਿ: -ਤੁਰ ਨਾ ਸਕਣਾ ॥

**ਪੈਰੀ ਪੈਣਾ ( ਪੌਣਾ ),** ਪੁ:-ਪਰਣਾਮ, ਨਮਸ਼ਕਾਰ ॥

**ਪੈਰੀਂ ਪੈਣਾ,** ਕ੍ਰਿ:—ਮੱਥਾ ਟੇਕਣਾ, ਨਮਸਕਾਰ ਕਰਨਾ ॥

**ਪੈਰੀਂ ਰਹਿਣਾ,** ਕ੍ਰਿ:—ਸਦਾ ਅਧੀਨਗੀ ਕਰਨੀ ॥

**ਪੈਰਵਈ / ਪੈਰਵੀ** } ਸ:—ਪਿੱਛਾ, ਉੱਦਮ, ਜਤਨ (ਕਰਨੀ)

**ਪੈਰਾ,** ਪੁ:—ਪਗ, ਕਦਮ, ਕੀਮਤ ਦਾ [illegible] ਹੋਣਾ ।

**ਪੈਰਾ / ਪੈਰੇਗ੍ਰਾਫ** } ਪੁ:—ਇਬਾਰਤ ਦਾ ਪੂਰਾ ਹਿੱਸਾ, ਵਾਕ ਦਾ [illegible]

**ਪੈਰੋ ਪੈਰ,** ਕ੍ਰਿ:, ਵਿ:—ਕਦਮ ਕਦਮ, ਹਰ, ਕਦਮ ।

**ਪੈਲ,** ਸ:—'ਪਾਇਲ' ਵੇਖੋ ॥

**ਪੈੜ ਪੁ: / ਪੈੜੀ ਸ:** } ਖੂਹ ਵਿੱਚੋਂ ਪਾਣੀ ਕਢਾਇਆਂ ਜੋਗੜੀ ਵਾਲਵੀਂ ਥਾਂ ਉੱਤੇ ਬਲਦ ਚਲਦੇ ਹਨ, ਕੋਹਲੂ ਆਦਿਕ ਦੇ ਬੈਲ ਦਾ ਗੋਲ ਰਾਹ, ਪੈਰ ਦਾ ਨਿਸ਼ਾਨ।

**ਪੈੜਾ,** ਪੁ:—'ਪੈੜ' ਵੇਖੋ ॥

**ਪੋਆ,** ਪੁ:—ਰੁੱਖ ਦੀ ਹਰੀ ਟਹਿਣੀ, ਕੰਬਲ ਗਾਲ ॥

**ਪੋਈਆ,** ਪੁ:—ਘੋੜੇ ਦੀ ਪੂਰੀ ਜਾਂ ਤ੍ਰਿੱਖੀ ਚਾਲ (ਪਾਉਣਾ)।

**ਪੋਸ਼ / ਪੋਸ਼ਾ** } ਵਿਸਮਧ:—ਪਰੇ ਹਟ ਜਾਓ। ਇੱਕ ਪਾਸੇ ਹੋ ਜਾਓ।

**ਪੋਸਟ ਆਫ਼ਿਸ,** ਪੁ:—'ਡਾਕ ਖਾਨਾ' ਵੇਖੋ ॥

**ਪੋਸਟ ਕਾਰਡ,** ਪੁ:—ਮੋਟੇ ਕਾਗਤ ਦਾ ਟੁਕੜਾ ਜਿਸ ਉੱਪਰ ਖਤ ਲਿਖਦੇ ਹਨ ॥

**ਪੋਸਟ ਮਾਸਟਰ,** ਪੁ:—ਡਾਕ ਖਾਨੇ ਦਾ ਸਭ ਤੋਂ ਵੱਡਾ ਅਫ਼ਸਰ ॥

**ਪੋਸਟ ਮੈਨ,** ਪੁ:—'ਚਿੱਠੀ ਰਸਾਂ' ਵੇਖੋ ॥

**ਪੋਸਣਾ,** ਕ੍ਰਿ:—ਪਾਲਣਾ, ਖਬਰ ਰੱਖਣੀ ।

Digitized by Panjab Digital Library / www.panjabdigilib.org

**ਪੋਸਤ,** ਪੁ:—ਛਿੱਲੜ, ਇਕ ਡੋਡਾ ਜਿਸ ਵਿੱਚੋਂ ਖਸਖਸ ਨਿਕਲਦੀ ਹੈ ॥

**ਪੋਸਤਣ,** ਸ: }
**ਪੋਸਤੀ,** ਪੁ: } ਜੋ ਪੋਸਤ ਪੀਵੇ, ਸੁਸਤ, ਆਲਸੀ ॥

**ਪੋਸ਼ਾ,** ਵਿਸਮਯਕ:—'ਪੋਸ਼' ਵੇਖੋ।

**ਪੋਸ਼ਾਕ (ਕੀ),** ਸ:—'ਪੁਸ਼ਾਕ' ਵੇਖੋ।

**ਪੋਹ,** ਪੁ:—ਹਿੰਦੂਆਂ ਦਾ ਇੱਕ ਮਹੀਨਾ, ਮੱਘਰ ਤੋਂ ਪਿਛਲਾ ॥

**ਪੋਹਣਾ,** ਕ੍ਰਿ:—ਅਸਰ ਕਰਨਾ, ਲੱਗਣਾ, ਫਲ ਹੋਣਾ ॥

**ਪੋਹਲੀ,** ਸ:—ਇੱਕ ਬੂਟਾ ਜਿਸ ਦੇ ਬੀਆਂ ਦਾ ਤੇਲ ਨਿਕਲਦਾ ਹੈ (ਪੋਹਲੀਆਂ ਦਾ ਤੇਲ)।

**ਪੋਖਣਾ,** ਕ੍ਰਿ:—ਪਾਲਣਾ, ਖੁਆ ਪਿਆ ਕੇ ਤਕੜਾ ਕਰਨਾ ॥

**ਪੋਖਰ,** ਪੁ:—ਤਲਾਉ, ਛੱਪੜ, ਝੀਲ ॥

**ਪੋਂਗਾ,** ਪੁ:—'ਪੋਂਆ' ਵੇਖੋ ॥

**ਪੋਚ,** ਪੁ:—ਨਸਲ, ਇੱਕ ਵੇਲੇ ਹੋਣ ਵਾਲੇ ਲੋਕ (ਅਗਲਾ ਪੋਚ)॥

**ਪੋਚਣਾ,** ਕ੍ਰਿ:—ਪੋਚਾ ਪਾਉਣਾ, ਲਿੰਬਣਾ, ਮਿੱਟੀ ਘੋਲ ਕੇ ਮਲਣੀ ॥

**ਪੋਚਾ,** ਪੁ:—ਮਿੱਟੀ ਘੋਲ ਕੇ ਕਿਸੇ ਥਾਂ ਨੂੰ ਮਲਣ ਦਾ ਕੰਮ, ਜਿਸ ਕਪੜੇ ਨਾਲ ਇਹ ਕਰਦੇ ਹਨ, ਕੰਧ ਨੂੰ ਰੰਗਣਾ ॥

**ਪੋਚਾ ਪਾਉਣਾ,** ਕ੍ਰਿ:—ਪੋਚਣਾ, ਭੇਤ ਨੂੰ ਲੁਕਾ ਦੇਣਾ, ਬੁਰੀ ਗੱਲ ਮੇਟ ਦੇਣੀ ॥

**ਪੋਚਾ ਫੇਰਨਾ,** ਕ੍ਰਿ:—ਮਿੱਟੀ ਘੋਲ ਕੇ ਕਿਤੇ ਮਲਣੀ ॥

**ਪੋਜ,** ਪੁ:—'ਪੋਚ' ਵੇਖੋ।

**ਪੋਟ,** ਸ:—ਭਾਰ, ਗੰਢ, ਥੈਲਾ ॥

**ਪੋਟਰ,** ਪੁ:—'ਪੋਰਵਰ' ਵੇਖੋ।

**ਪੋਟਲੀ,** ਸ:—ਨਿੱਕੀ ਗੰਢ, ਗੁਥਲੀ ॥

**ਪਠੋਹਾਰ** }
**ਪਠੋਵਾਰ** } ਪੁ:—ਜੇਹਲਮ ਅਤੇ ਅਟਕ ਦਰਿਆਵਾਂ ਦੇ ਵਿਚਕਾਰਲੀ ਧਰਤੀ।

**ਪਠੋਹਾਰੀ** }
**ਪਠੋਵਾਰੀ** } ਵਿ:—ਪਠੋਹਾਰ ਦਾ।
ਪੁ: ਪਠੋਹਾਰ ਦਾ ਵਸਨੀਕ ॥

**ਪੋਂਡਾ,** ਪੁ:—ਇੱਕ ਤਰਾਂ ਦਾ ਚੂਪਣ ਵਾਲਾ ਮੋਟਾ ਗੰਨਾ।

**ਪੋਣ,** ਪੁ:—ਛਾਹ ਵਿਚੋਂ ਮੱਖਣ ਕੱਢਕੇ ਅਤੇ ਪੁਣ ਕੇ ਜੋ ਚੀਜ਼ ਬਾਕੀ ਰਹਿ ਜਾਵੇ ॥

**ਪੋਣਾ,** ਪੁ:—ਪੁਣਨ ਵਾਲਾ ਕਪੜਾ, ਨਹਿਰ ਤਲਾਉ ਆਦਿਕ ਉੱਤੇ ਕੀਮਤਾਂ ਦੇ ਲਾਉਣ ਦੀ ਪਰਚੇ ਵਾਲੀ ਥਾਂ ॥

**ਪੋਣੀ,** ਸ:—ਲੋਹੇ ਦੀ ਜਿਸ ਛਾਨਣੀ ਵਰਗੀ ਚੀਜ਼ ਨਾਲ ਹਲਵਾਈ ਕੜਾਹੀ ਵਿੱਚੋਂ ਤਲੀ ਹੋਈ ਚੀਜ਼ ਕੱਢਦੇ ਹਨ ॥

**ਪੋਤ,** ਸ:—ਪੁਤ੍ਰ ਦਾ ਪੁਤ੍ਰ, ਬੀਜ ਦੇ ਮਣਕੇ ॥

**ਪੋਤ ਬਹੂ,** ਸ:—ਪੋਤ੍ਰੇ ਦੀ ਵਹੁਟੀ ॥

**ਪੋਤਣਾ,** ਕ੍ਰਿ:—'ਪੋਚਣਾ' ਦੇਖ ॥

Digitized by Panjab Digital Library / www.panjabdigilib.org

**ਪੋਤਰਾ**, **ਪਤ੍ਰਾ** } ਪੁ:—ਪੁਤ੍ਰ ਦਾ ਪੁਤ੍ਰ ॥

**ਪੋਤਰੀ**, **ਪੋਤ੍ਰੀ** } ਸ:—ਪੁਤ੍ਰ ਦੀ ਧੀ ॥

**ਪੋਤੜਾ**, ਪੁ: ਬਾਲਾਂ ਦੇ ਹੇਠਾਂ ਰੱਖਣ ਵਾਲਾ ਕਪੜਾ ॥

**ਪੋਤਾ**, ਪੁ:—ਭੰਡਾਰ, ਖਜ਼ਾਨਾ ।

**ਪੋੱਤਾ**, ਪੁ:—ਪੋਤ੍ਰਾ, ਪੁਤ੍ਰ ਦਾ ਪੁਤ੍ਰ ॥

**ਪੋੱਤੀ**, ਸ:—ਪੋਤ੍ਰੀ, ਪੁਤ੍ਰ ਦੀ ਧੀ ।

**ਪੋੱਥਾ**, ਪੁ:—ਵਡੀ ਭਾਰੀ ਪੋਥੀ ॥

**ਪੋਥੀ**, ਸ:—ਪੁਸਤਕ, ਕਿਤਾਬ, ਛੋਟਾ ਗ੍ਰੰਥ, ਥੋਮ ਦੀ ਤਰੀ ॥

**ਪੋਨਾ**, **ਪੋੱਨਾ** } ਪੁ:—'ਪੋਂਣਾ' ਵੇਖੋ ॥

**ਪੋਪਟ**, ਪੁ:—ਇਕ ਪਟਾਕਾ, ਸੀਉਣ ਦਾ ਇਕ ਢੰਗ ॥

**ਪੋਪਨਾ**, ਪੁ:, **ਪੋਪਨੀ**, ਸ: } ਬਹੁਤ ਚੰਗਾ, ਸੁੰਦਰ, ਸਫਾ (ਪੋਪਲਾ ਜਿਹਾ) ॥

**ਪੋਪਲਾ**, ਪੁ:, **ਪੋਪਲੀ**, ਸ: } ਜਿਸ ਦੇ ਦੰਦ ਨਹੀਂ ਰਹੇ, ਬੋੜਾ (ਤ੍ਰੀ) ॥

**ਪੋਰ**, ਸ:—ਪੋਲਾ ਬਾਂਸ ਦਾ ਟੋਟਾ ਜੋ ਹਲ ਨੂੰ ਸਿੱਧਾ ਲੱਗਾ ਹੁੰਦਾ ਹੈ ਜਿਸ ਵਿੱਚੋਂ ਬੀਜ ਕਿਰਦੇ ਹਨ ॥

**ਪੋਰਟਰ**, ਪੁ:—ਰੇਲ ਉਤੇ ਅਸਬਾਬ ਢੋਣ ਵਾਲਾ, ਮਜ਼ੂਰ, ਕੁਲੀ ॥

**ਪੋਰਨਾ**, ਕ੍ਰਿ:—ਪੋਰ ਦੀ ਰਾਹੀਂ ਬੀਜ ਪਾਉਣਾ ॥

**ਪੋਰਾ**, ਪੁ:—ਬਾਂਸ ਦੀਆਂ ਦੋ ਗੰਢਾਂ ਦੇ ਵਿਚਲਾ ਹਿੱਸਾ ॥

**ਪੋਰੀ**, ਸ:—ਉਂਗਲੀ ਗੰਨੇ ਬਾਂਸ ਆਦਿਕ ਦੀਆਂ ਦੋ ਗੰਢਾਂ ਦੇ ਵਿਚਕਾਰਲਾ ਹਿੱਸਾ, ਮਟੀ ।

**ਪੋਰੀ ਵਰਗਾ ਜੁਆਨ**, ਪੁ:—ਸੋਹਣਾ ਅਤੇ ਲੰਮਾ ਗਭਰੂ ॥

**ਪੋਲ**, ਪੁ:—ਵਿੱਚੋਂ ਸੱਖਣੀ ਥਾਂ ।
ਸ:—ਤ੍ਰਿੱਖੀ ਚਾਲ ॥

**ਪੋਲ**, **ਪੋਲਾ** } ਵਿ:—ਵਿੱਚੋਂ ਖਾਲੀ, ਨਰਮ, ਕੂਲਾ ॥

**ਪੋਲੀ**, **ਪੋੱਲੀ** } ਸ:—ਬਹੁਤ ਪਤਲੀ ਰੋਟੀ ॥

**ਪੋਲੋ**, ਸ:—ਘੋੜੇ ਤੇ ਚੜ੍ਹਕੇ ਖਿੱਦੋ ਨਾਲ ਖੇਡਣ ਵਾਲੀ ਖੇਡ ॥

**ਪੌ**, ਪੁ:—ਧਰਮ ਅਰਥ ਪਾਣੀ ਪਿਆਲਣ ਵਾਲੀ ਥਾਂ ॥

**ਪੌ**, **ਪੌਂ** } ਪੁ:—ਪੌਤਿਆਂ ਨਾਲ ਖੇਡਣ ਵਾਲੀ ਖੇਡ ਦਾ ਇੱਕ ਨਿਸ਼ਾਨ ॥

**ਪੌਹ**, ਸ:—'ਪਹਿ' ਵੇਖੋ ॥

**ਪੌਖੜ**, **ਪੌਂਖੜ**, **ਪੌਖੁੜ** } ਪੁ: ਡੰਗਰਾਂ ਦੀਆਂ ਲਤਾਂ ਬੰਨ੍ਹਣ ਵਾਲਾ ਰੱਸਾ ਆਦਿਕ ॥

**ਪੌਂਹਚਣਾ**, **ਪੌਂਹਚਾ**, **ਪੌਂਹਚੀ** } 'ਪਹੁੰਚਣਾ' ਆਦਿਕ ਵੇਖੋ ॥

Digitized by Panjab Digital Library | www.panjabdigilib.org

**ਪੌਹਰ,** ਪੁ:—'ਪਹਿਰ' ਵੇਖੋ ॥

**ਪੌਹਲ,** ਸ: —'ਪਾਹੁਲ' ਵੇਖੋ ॥

**ਪੌਹਲ ਪ੦ਸ਼ਾਦ,** ਪ: ਜੁੱਤੀਆਂ ਦੀ ਮਾਰ ॥

**ਪੌਖਾ / ਪੌੱਖਾ** } ਪੁ: ਕਸ ਕੰਮ ਦੇ ਛੁੱਹਦੇ ਸਾਰ ਮ ਪ ਪਹਿਲੇ ਪ ਹਲ ਅਗੋਂ ਆ ਜਾਏ ਸ ਦਾ ਕਸਰ ਦੇਣਾ,

**ਪੌਚਾ,** ਪ:—ਪਜਾਮੇ ਦਾ ਕਿਸੇ ਲੱਤ ਦੀ ਮੋਹਰੀ॥

**ਪੌਂਡ,** ਪ: ਸਲੈਂਡ ਦਾ ਸਿਕਾ ਦਸ ਕੁ ਰੁਪਏ ਦਾ, ਇਕ ਤੋਲ (ਅੱਧ ਸੇਰ ਦੇ ਲਗ ਭਗ) ।

**ਪੌਡਰ,** ਪ:—ਧੂੜ, ਪੀਠੀ ਹਈ ਸੁੱਕੀ ਦੁਆ ।

**ਪੌਂਡਾ,** ਪੁ:—'ਪੋਨਾ' ਵੇਖ ॥

**ਪੌਣ,** ਸ:—ਵੱਗਦੀ ਵਾਉ ।

**ਪੌਣ ਚੱਕੀ,** ਸ:—ਵਾਉ ਦੇ ਜ਼ੋਰ ਨਾਲ ਚੱਲਣ ਵਾਲੀ ਚੱਕੀ

**ਪੌਣਾ,** ਕ੍ਰਿ:—'ਪੈਣਾ' ਵੇਖੋ ॥
ਪੁ:—ਤਿੰਨ ਚੌਥਾਈਆਂ ॥

**ਪੌਣੇ,** ਵਿ:—ਇੱਕ ਚੌਥਾਈ ਘੱਟ ( ਪੌਣੇ ਤਿੰਨ = $2\frac{3}{4}$ ) ।

**ਪੌਬਾਰਾਂ,** ਪ: ਜਿੱਤ ਦਾ ਪਾਸਾ ਜਾਂ ਦਾਉ, ਚੰਗਾ ਭਾਗ,

**ਪੌਲਾ / ਪੌਲੀ** } 'ਪਾਖੁਲਾ' 'ਪਾਖੁਲੀ' ਵੇਖੋ ॥

**ਪੌੱਲਾ,** ਪੁ:—ਜੁੱਤੀ ਦਾ ਇੱਕ ਪੈਰ ॥

**ਪੌੱਲਾ ਦੀਵਾਂ ਗੁੱਡੀ ਵਾਲੇ,** ਵਿਸਮਯ—ਓ ਗੁੱਡੀ ਉਡਾਣ ਵਾਲੇ ਜੇ ਤੂੰ ਮੇਰੀ ਗੁੱਡੀ ਨਾਲ ਪੇਚਾ ਨਾ ਪਾਵੇਂ ਤਾਂ ਤੈਨੂੰ ਸ਼ਰਮ ਆਉਣੀ ਚਾਹੀਦੀ ਹੈ ( ਗੁੱਡੀ ਉਡਾਣ ਵਾਲੇ ਆਖਦੇ ਹਨ ) ॥



**ਪੌੜ,** ਪ:—ਪਸ਼ੂ ਦਾ ਖੁਰ, ਪੰਜਾ (ਮਾਰਨਾ) ॥

**ਪੌੜ ਸਾਂਗ,** ਪੁ:—ਲੰਮੀ ਪੌੜੀ, ਲੰਮਾ ਆਦਮੀ ।

**ਪੌੜੀ,** ਸ: —ਜਿਸ ਚੀਜ਼ ਉੱਤੇ ਪੈਰ ਰਖਦੇ ਰਖਦੇ ਉਚਾਈ ਤੇ ਪਹੁੰਚ ਸਕੀਦਾ ਹੈ, ਗੁਰਬਾਣੀ ਦਾ ਹਿੱਸਾ (ਜਪੁਜੀ ਦੀਆਂ ਪਉੜੀਆਂ)।

## ਫ

**ਫ,** ਪ: ਗੁਰਮੁਖੀ ਪੈਂਤੀ ਦਾ ਸਤਾਈਵਾਂ ਅੱਖਰ ।

**ਫ਼ਸਕੜ,** ਪ: —ਚੌਕੜੀ ਪਸਾਰ ਕੇ ਭੁਏਂ ਬੈਠਣਾ (ਮਾਰਨਾ) ॥

**ਫਨਸਾ,** ਪੁ:—ਘਰ ਦੀ ਛੱਤ ਉੱਤੇ ਪਾਈ ਹੋਈ ਗਿੱਲੀ ਮਿਟੀ ।

**ਫ਼ਸਟ,** ਵਿ: ਪਹਿਲਾ, ਅੱਵਲ, ਸਭ ਤੋਂ ਚੰਗਾ ॥

**ਫ਼ਸਟ ਕਲਾਸ,** ਸ:—ਪਹਿਲਾ ਦਰਜਾ ।
ਵਿ: ਸਭ ਤੋਂ ਅੱਛਾ ॥

**ਫਸਣਾ,** ਕ੍ਰਿ:—ਅੜਨਾ, ਰੁਕ ਜਾਣਾ, ਧੁੱਬ ਜਾਣਾ ਕਾਬੂ ਆਉਣਾ, ਕੈਦ ਹੋਣਾ, ਅਟਕ ਜਾਣਾ ਬਿਪਤਾ ਪੈਣੀ ॥

**ਫ਼ਸਤ,** ਪੁ: ਸਰੀਰ ਵਿੱਚੋਂ ਨਾੜ ਫੁਕਕੇ ਲਹੂ ਕਢ ਦੇਣ ਦਾ ਕੰਮ (ਖੁਲ੍ਹਾਉਣਾ, ਖੋਲ੍ਹਣਾ) ।

**ਫਸਤਾ,** ਪੁ:—ਝਗੜਾ, ਬਖੇੜਾ । ਫਸਕਾ ।

**ਫਸ ਫਸਾਉ,** ਪੁ: ਕੰਮ ਵਿਚ ਬਹੁਤ ਰੁੱਝੇ ਹੋਣਾ, ਅਟਕਾਉ ॥

**ਫ਼ਸਲ,** ਪੁ:—ਅਨਾਜ ਪੱਕਣ ਦਾ ਮੌਕਾ, ਸਮਾ ਪੈਦਾਵਾਰੀ ।

Digitized by Panjab Digital Library | www.panjabdigilib.org

**ਫਸਲੀ,** ਵਿ:—ਫਸਲ ਦਾ, ਖਾਸ ਮੌਕੇ ਦਾ ।

**ਫਸਲੀ ਬਟੇਰਾ,** ਪੁ:—ਖਾਸ ਮੌਕੇ ਤੇ ਆਉਣ ਵਾਲਾ ।

**ਫੱਸੜਾ,** ਪੁ:—ਬਰੀਕ ਬੂੜੀ ( ਖਾਸ ਕਰਕੇ ਜਵਾਂ ਜਾਂ ਚੌਲਾਂ ਦੀ ) ॥

**ਫਸਾਉ,** ਪੁ:—ਅਟਕਾਉ, ਰੋਕ, ਬਾਧਾ (ਪਾ ਦੇਣਾ)

**ਫਸਾਉਣਾ,** ਕ੍ਰਿ:—ਕਾਬੂ ਕਰਾਉਣਾ ਅੜਾਉਣਾ ਅਟਕਾਉਣਾ ।

**ਫਸਾਊ,** ਪੁ:—ਫਸਾਉਣ ਵਾਲਾ ।
ਵਿ:—ਜੋ ਫਸ ਸਕੇ ॥

**ਫਸਾਈ,** ਸ:—ਫਸਾਉਣ ਦਾ ਕੰਮ ਜਾਂ ਮਜੂਰੀ ॥

**ਫਸਾਦ,** ਪੁ:—ਉਪੱਦਰ, ਫਤੂਰ, ਬਖੇੜਾ ਬਿਗਾੜ

**ਫਸਾਦ ਦਾ ਮੂਲ,** ਪੁ:
**ਫਸਾਦ ਦੀ ਜੜ੍ਹ,** ਸ: } ਜਿਸ ਗੱਲ ਜਾਂ ਮਨੁੱਖ ਤੋਂ ਫਸਾਦ ਪਵੇ ।

**ਫਸਾਦਣ,** ਸ:
**ਫਸਾਦੀ,** ਪੁ: } ਜੋ ਫਸਾਦ ਪਾਵੇ ।

**ਫਹਮ,** ਪੁ:—ਸਮਝ, ਅਕਲ, ਸਿਆਣਪ ॥

**ਫਹਾ,** ਪੁ:—ਫੱਟ ਉੱਤੇ ਲਾਉਣ ਵਾਲੀ ਰੂੰ ਜਾਂ ਟਾਕੀ ( ਲਾਉਣਾ ) ॥

**ਫਹਾਉਣਾ**
**ਫਹਾਈ,** } 'ਫਸਾਉਣਾ' 'ਫਸਾਈ' ਵੇਖ

**ਫਹਿਆ,** ਪੁ:—'ਫਹਾ' ਵੇਖੋ ॥

**ਫੱਕ,** ਸ:—ਮੀਂਹ ਦੀਆਂ ਬਹੁਤ ਹੀ ਬਰੀਕ ਕਣੀਆਂ (ਪੈਣੀ), ਬਰੀਕ ਤੇਹ ॥
ਕ੍ਰਿ: ਵਿ:—ਛੇਤੀ ਛੇਤੀ ॥

**ਫਕਣਾ,** ਕ੍ਰਿ:—ਹੱਥ ਦੀ ਤਲੀ ਉੱਤੇ ਕੋਈ ਚੀਜ਼ ਲੈਕੇ ਮੂੰਹ ਵਿਚ ਪਾ ਲੈਣੀ, ਚੀਜ਼ ਐਵੇਂ ਗਆਉਣੀ ।

**ਫੱਕਰ**
**ਫੱਕਰ ਲੋਕ** } ਪੁ:—ਬੇ ਪਰਵਾਹ ਫਕੀਰ, ਦਯਾ ਵਾਲਾ ਭਲਾ ਮਨੁਖ ।

**ਫੱਕੜ,** ਸ:—ਬਕਵਾਸ, ਗਾਲੀਆਂ, ਹਾਸੇ ਦੀਆਂ ਗੱਲਾਂ, ਗੰਦ ਬੋਲਣਾ, ਬਕਵਾਸੀ, ਗੰਦ ਬਕਣ ਵਾਲਾ ॥

**ਫਕੜ**
**ਫਕੜਨਾ**
**ਫਕੜਾਉਣਾ**
**ਫਕੜਾਊ**
**ਫਕੜਾਈ** } 'ਪਕੜ', 'ਪਕੜਨਾ' ਆਦਿਕ ਵੇਖੋ ॥

**ਫੱਕੜਿਆਨਾ,** ਵਿ:—ਮਖੌਲੀਆ, [illegible]
ਪੁ: ਫੱਕੜੀ ਪਾਉਣ ਦਾ ਮਜੂਰੀ

**ਫੱਕੜੀ,** ਸ:—ਤਬਾਹੀ, ਗਾਲੀ, ਬਦਨਾਮੀ ਬਿਗਾੜ, ਝਗੜਾ (ਪਾਉਣਾ) ॥

**ਫੱਕੜੀਆ,** ਪੁ:—ਜੋ ਫਕੜੀ ਪਾਵੇ, ਗੰਦ ਬਕਣ ਵਾਲਾ ।

**ਫੱਕਾ,** ਪੁ:—ਜਿੰਨੀ ਚੀਜ਼ ਤਲੀ ਉੱਤੇ ਧਰ ਕੇ ਮੂੰਹ ਵਿਚ ਪਾਈ ਜਾਵੇ (ਮਾਰਨਾ), ਜ਼ਿਮੀਂਦਾਰ ਜੋ ਅਨਾਜ ਕਮੀਣਾਂ ਨੂੰ ਦੇ ਦੇ ਹਨ ॥

**ਫੱਕਾ ਨਾ ਛੱਡਣਾ,** ਕ੍ਰਿ:—ਸਭ ਕੁਝ ਲੈ ਲੈਣਾ।

Digitized by Panjab Digital Library | www.panjabdigilib.org

**ਫੱਕਾ ਨਾਂ ਰਹਿਣਾ,** ਕ੍ਰਿ:—ਸਭ ਨਸ਼ਟ ਹੋ ਜਾਣਾ ॥

**ਫਕਾਉਣਾ**
**ਫਕਾ ਦੇਣਾ** } ਕ੍ਰਿ:—ਤਲੀ ਉੱਤੇ ਧਰ ਕੇ ਮੂੰਹ ਵਿਚ ਧੂੜਾ ਪਾਉਣਾ ।

**ਫੱਕੀ,** ਸ:—ਪੀਠੀ ਹੋਈ ਫੱਕਣ ਵਾਲੀ ਚੀਜ਼ ॥

**ਫਕੀਰ,** ਪੁ: –ਗਰੀਬ ਆਦਮੀ, ਮੰਗਤਾ, ਸਾਧੂ, ਸੰਤ ।

**ਫਕੀਰ ਦੀ ਸਦਾ,** ਸ:—ਜੋ ਗੱਲ ਉੱਚੀ ਉੱਚੀ ਕਹਿ ਕੇ ਫਕੀਰ ਮੰਗਦੇ ਹਨ ।

**ਫਕੀਰ ਦੋਸਤ,** ਪੁ: –ਫਕੀਰਾਂ ਦੀ ਸੇਵਾ ਕਰਨ ਵਾਲਾ ॥

**ਫਕੀਰਨੀ,** ਸ:—ਗਰੀਬਣੀ, ਮੰਗਤੀ, ਸੰਤਣੀ

**ਫਕੀਰੀ,** ਸ:—ਗਰੀਬੀ, ਭਿੱਖ ਮੰਗਣ ਦਾ ਕੰਮ, ਫਕੀਰ ਦੀ ਹਾਲਤ ਜਾਂ ਰਹਿਤ ।
ਵਿ: –ਫਕੀਰ ਦਾ ॥

**ਫਕੈਤ,** ਪੁ:, ਸ:—ਭਾਲਾ ਜਾਂ ਬਰਛੀ ਮਾਰਨ ਵਾਲਾ (ਲੀ) ॥

**ਫੱਗਣ**
**ਫਗੁਣ** } ਪੁ:—ਹਿੰਦੂਆਂ ਦੇ ਵਰ੍ਹੇ ਦਾ ਛੇਕੜਲਾ ਮਹੀਨਾ॥

**ਫੰਗਣ**
**ਫੰਗੁਣ** } ਵਿ:, ਪੁ:—ਚਤੁਰ, ਸਿਆਣਾ, ਉਸ ਭਾਵ । ਬੁੱਧੂ ।

**ਫਗਵਾੜਾ** ਪੁ:
**ਫਗਵਾੜੀ** ਸ: } ਇੱਕ ਫਲ ॥

**ਫਗੂਆ,** ਪੁ:—ਹੋਲੀ ਦਾ ਤਿਹਾਰ, ਹੋਲੀ ਦੀ ਸੁਗਾਤ ॥

**ਫੰਘ,** ਪੁ:—ਖੰਭ, ਪਰ।

**ਫੰਙਰ,** ਵਿ:—ਬਹੁਤ ਬੁੱਢਾ ਅਤੇ ਕਮਜ਼ੋਰ ॥

**ਫਜਰ**
**ਫਜਰੇ** } ਸ:—ਸਵੇਰ ਦਾ ਵੇਲਾ ।

**ਵੱਡੀ ਫਜਰ,** ਸ:—ਬਹੁਤ ਸਵੇਰੇ, ਤੜਕੇ ।

**ਫਜ਼ਲ,** ਪੁ:—ਕਿਰਪਾ, ਮਿਹਰ, ਦਯਾ ( ਕਰਨਾ )।

**ਫਜ਼ਲ ਮੌਲਾ,** ਮਿਹਰ ਅੱਲਾ ! = ਪਰਮੇਸ਼ਰ ਕਿਰਪਾ ਕਰੇ ! (ਮੁਸਲਮਾਨ ਫਕੀਰਾਂ ਦੀ ਸਦਾ ) ॥

**ਫਜੀਹਤ,** ਸ:—ਬਦਨਾਮੀ, ਬੇ ਇੱਜ਼ਤੀ, ਨਿੰਦਾ (ਹੋਣੀ, ਕਰਨੀ) ॥

**ਫਜੂਲ,** ਵਿ:—ਵਧੀਕ ਦਾ, ਜਿਸ ਦੀ ਲੋੜ ਨਹੀਂ ਬੇਅਰਥ ।

**ਫਜੂਲੀ,** ਸ:—ਐਵੇਂ ਰੁਪਯਾ ਉਡਾਉਣਾ, ਲੁਚ-ਪੁਣਾ ।

**ਫਟ,** ਸ:, ਪੁ:—ਤ੍ਰੇੜ, ਫੋਟਕ, ਵਿਰਲ ॥

**ਫੱਟ,** ਪੁ:—ਜਖਤਾ, ਜ਼ਖਮ, ਘਾਉ, ਤਲਵਾਰ ਦੀ ਸਟ (ਲਗਣਾ) ॥

**ਫੱਟ ਮਾਰਨਾ**
**ਫੱਟ ਵਾਹੁਣਾ** } ਕ੍ਰਿ:—ਤਲਵਾਰ ਆਦਿਕ ਨਾਲ ਵੱਢਣਾ ॥

**ਫਟਕ,** ਪੁ:—ਬਲੌਰ, ਇੱਕ ਤਰਾਂ ਦਾ ਚਮਕਦਾਰ ਪੱਥਰ ॥

**ਫਟਕਣ**
**ਫਟਕੂਣ** } ਪੁ:—ਛੱਟ ਕੇ ਵੱਖ ਕੀਤੀ ਹੋਈ ਤੂੜੀ।

Digitized by Panjab Digital Library | www.panjabdigilib.org

**ਫਟਕਣਾ,** ਕ੍ਰਿ:-ਛੱਟਣਾ, ਹਿਲਾਉਣਾ, ਝਟਕਾ ਦੇਣਾ, ਦਿੱਲਣਾ, ਜਾਂ ਪਹੁੰਚਣਾ ॥

**ਫਟਕੜੀ,** ਸ:-ਇੱਕ ਲੂਣ ਵਰਗੀ ਮਸ਼ਹੂਰ ਚੀਜ਼ ॥

**ਫਟਕ;** ਪੁ:-ਮਰਨਵੇ ਵੇਲੇ ਸਰੀਰਦਾ ਤੜਫਣਾ, ਛੰਟਣਾ ॥

**ਫਟਕਾ ਨਾ ਖਾਣਾ,** ਕ੍ਰਿ:-ਝਟ ਪਟ ਮਰ ਜਾਣਾ

**ਫਟਕਾ ਲਾਉਣਾ,** ਕ੍ਰਿ:—ਅਨਾਜ ਛੱਟਣਾ ॥

**ਫਟਕਾਉਣਾ, ਫਟਕਾਰਨਾ** } ਕ੍ਰਿ:—ਹਿਲਾਉਣਾ, ਛੱਟਣਾ ਫੰਡਣਾ, ਝਾੜਨਾ ।

**ਫਟਣਾ;** ਕ੍ਰਿ:—ਪਾਟਣਾ, ਤ੍ਰੇੜ ਆਉਣੀ, ਖੁਲ੍ਹਣਾ, ਨਿਕਲਣਾ, ਅਲਗ ਹੋਣਾ, ਫਿੱਟਣਾ (ਦੁੱਧ) ਅਣਮੇਲ ਹੋਣਾ ॥

**ਫੱਟਣਾ,** ਕ੍ਰਿ:-ਤਲਵਾਰ ਆਦਿਕ ਦਾ ਘਾਉ ਲਾਉਣਾ ॥

**ਫਟਫਟਾਉਣਾ,** ਕ੍ਰਿ:—ਛੜੀਆਂ ਮਾਰਨਾ, ਝਾੜ ਪਾਉਣੀ ॥

**ਫੱਟੜ,** ਵਿ:—ਜਿਸ ਨੂੰ ਫੱਟ ਲਗਾ ਹੈ, ਜ਼ਖਮੀ ।

**ਫਟਾਕਾ,** ਪੁ: -ਕਿਸ ਚੀਜ਼ ਦੇ ਪਾਟਣ ਦੀ ਅਵਾਜ਼, ਚੀਜ਼ ਦਾ ਇੱਕ ਹੁਲਾਰਾ (ਲਾਉਣਾ) ॥

**ਫੱਟੀ,** ਸ:-ਪੱਟੀ, ਤਖਤੀ, ਕਪੜੇ ਦਾ ਟੋਟਾ ।

**ਫੰਡ,** ਸ:-ਝਾੜ, ਮਾਰ ਕੁਟਾਈ (ਚਾੜ੍ਹਨੀ), ਜਮਾ ਹੋਣੀ ਹੋਈ ਰਕਮ, ਪੂੰਜੀ ।

**ਫੰਡਣਾ,** ਕ੍ਰਿ:-ਮਿਹਨਤ ਬਿਨਾ ਕੁਝ ਮਿਲ ਜਾਣਾ, ਝਾੜਨਾ, ਮਾਰਨਾ ॥

**ਫੰਡਰ,** ਵਿ:-ਮੰਝ ਗਊ ਮੋਹ ਆਦਿਕ, ਜੋ ਦੁੱਧ ਨਾ ਦੇਵੇ ।

**ਫੰਡਾਉਣਾ,** ਕ੍ਰਿ: ਬਿਨਾ ਮਿਹਨਤ ਦੇ ਕੁਝ ਦਿਵਾਉਣਾ

**ਫਣ, ਫਣੁ** } ਪੁ:-ਸੱਪ ਦਾ ਖੁੱਲ੍ਹਾ ਮੂੰਹ ।

**ਫਣਕਣਾ,** ਕ੍ਰਿ:-ਹਾਲਤ ਅੱਛੀ ਹੋ ਜਾਣੀ ॥

**ਫਣਫਣਾ,** ਵਿ:-ਅੱਧਾ ਸੁੱਕਾ, ਮਿਲ੍ਹਾ, ਅਲਗ ੨ ਦਾਣਿਆਂ ਵਾਲਾ (ਚੌਲ ਆਦਿਕ) ।

**ਫਣਫਣਾਉਣਾ,** ਕ੍ਰਿ:-(ਸੱਪ ਦਾ) ਸਿਰ ਚੁਕਣਾ, ਝੱਗ ਸੁਟਣੀ, ਉਬਲਣਾ ॥

**ਫਣੀ,** ਵਿ:-ਫਣ ਵਾਲਾ (ਸੱਪ), ਫਣ ਵਰਗਾ ॥

**ਫਣੀਅਰ,** ਪੁ:—ਫਣ ਵਾਲਾ ਸੱਪ ॥

**ਫਤਹ (ਤਾ),** ਸ: ਜਿੱਤ, ਕੰਮ ਦਾ ਸਿਰੇ ਚੜ੍ਹਨਾ (ਹੋਣੀ, ਕਰਨਾ)॥

**ਫਤਵਾ,** ਪੁ:—ਮੁਸਲਮਾਨਾਂ ਦੇ ਕਨੂੰਨ (ਸ਼ਰਾ) ਮੂਜਿਬ ਫੈਸਲਾ (ਦੇਣਾ) ।

**ਫਤਿੱਕ,** ਪੁ:—ਵਿੱਥ, ਦੂਰੀ, ਫਾਸਲਾ ॥

**ਫਤੂਰ,** ਪੁ:—ਫਸਾਦ, ਉਪੱਦਰ, ਖਰਾਬੀ (ਪਾਉਣਾ) ॥

**ਫਤੂਰੀ, ਫਤੂਰੀਆ** } ਪੁ:—ਫਤੂਰ ਪਾਉਣ ਵਾਲਾ, ਫਸਾਦੀ ।

**ਫਤੇ,** ਸ:—ਜਿੱਤ, ਕਾਰਜ ਸਿੱਧ ਹੋਣਾ (ਹੋਣੀ ਕਰਨਾ) ।

**ਫਤੇ ਨਸੀਬ,** ਵਿ:—ਜਿਸਦੀ ਫਤੇ ਜਾਂ ਜਿੱਤ ਹੋਵੇ॥

Digitized by Panjab Digital Library / www.panjabdigilib.org

**ਫਤੇ ਪਾਉਣੀ,** ਕ੍ਰਿ:—ਜਿੱਤਣਾ।

**ਫਤੇ ਬੁਲਾਉਣੀ,** ਕ੍ਰਿ:—'ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤੇ' ਕਹਿਣਾ।

**ਫੱਦ,** ਪੁ:—ਮਸੂੜਾ, ਜਿਸ ਵਿੱਚ ਦੰਦ ਲੱਗੇ ਹੋਏ ਹੁੰਦੇ ਹਨ।

**ਫੰਦ,** ਪੁ:—ਉਸਤਾਦੀ, ਕਾਰੀਗਰੀ, ਚਲਾਕੀ, ਛਲ॥

**ਫੰਦਣ,** ਸ:—ਝੂਠੀ ਚਲਾਕ ਤੀਮਤ, ਫਰੇਬਣ।

**ਫੰਦਣਾ,** ਕ੍ਰਿ:—ਫੰਧਾ ਦੇਣਾ, ਛਲਣਾ।

**ਫਦਫੂਲ,** ਸ:—ਝਗੜਾ, ਬਖੇੜਾ, ਰੌਲਾ ਗੌਲਾ॥

**ਫਦ ਲੈਣਾ,** ਕ੍ਰਿ:—ਪਕੜਨਾ, ਫੜਨਾ, ਕਾਬੂ ਕਰਨਾ।

**ਫੱਦੜ,** ਵਿ:—ਬਹੁਤ ਮੋਟਾ ਅਤੇ ਕੋਹਜਾ, ਨਿਕੰਮਾ ਆਦਮੀ।

**ਫੰਦਾ,** ਪੁ:—ਫਾਹੀ, ਜਾਲ, ਫਸਾਉਣ ਦਾ ਸਮਿਆਨ॥

**ਫੰਦੀ,** ਪੁ:—ਝੂਠਾ, ਚਲਾਕ, ਫਰੇਬੀ ਆਦਮੀ॥

**ਫੰਧਕ**
**ਫੰਧੂਕ** } ਪੁ: ਚਿੜੀਮਾਰ, ਸ਼ਿਕਾਰੀ, ਫਾਹਣ ਵਾਲਾ।

**ਫੰਦਣਾ,** ਕ੍ਰਿ: [illegible] ਲਣਾ, ਜਾਲ [illegible] ਫਸ [illegible]

**ਫੰਧਾ,** ਪੁ:—ਜਾਲ, ਫਾਹੀ, ਫਸਾਉਣ ਵਾਲੀ ਸ਼ੈ ਔਖ॥



**ਫਨਾ,** ਵਿ:, ਪੁ:—ਜੋ ਮਰ ਗਿਆ, ਨਾਸ ਹੋਇਆ ਹੋਇਆ, ਨਸ਼ਟ, ਬਰਬਾਦ, ਨਾਸ, ਨਾ ਰਹਿਣਾ ਮੌਤ (ਹੋਣਾ, ਕਰਨਾ)॥

**ਫੰਨੂੰ,** ਪੁ:—ਲਾਹਾ, ਫੈਦਾ, ਨਫਾ (ਖੱਟਣਾ ਪਾਉਣਾ)॥

**ਫਨੂਸ,** ਪੁ:—ਕੰਦੀਲ, ਇੱਕ ਗੋਲ ਪੋਲਾ ਲੈਂਪ॥

**ਫਫਨੇ,** ਪੁ:—ਖੁਸ਼ਾਮਦ, ਝੂਠ, ਫਰੇਬ।

**ਫਫਨੇ[illegible]ਬਾ,** ਪੁ:—ਖੁਸ਼ਾਮਦੀ, ਝੂਠਾ, ਫਰੇਬੀ॥

**ਫਫਿਆਉਣਾ,** ਕ੍ਰਿ:—ਸੋਜ ਪੈਣੀ, ਫੁੱਲਣਾ।

**ਫੰਬ,** ਸ:—ਮਹੀਨ ਉੱਨ, ਪਸ਼ਮ ਦੇ ਵਾਲ।

**ਫਬਣਾ**
**ਫਬਣਾ**
**ਫਬਜਾਣਾ** } ਕ੍ਰਿ:—ਸੋਹਣਾ ਲਗਣਾ, ਮੁਨਾਸਬ [illegible], ਬਣੀਮਾਨੀ ਨਾਲ ਲੈ ਜਾਣਾ ਜਾਣਾ।

**ਫੰਬਾ,** ਵਿ:—ਕੱਤਣ ਲਈ ਪਿੰਜਿਆ ਹੋਇਆ ਉੱਨ ਜਾਂ ਰੂੰ ਦਾ ਗੋਲ੍ਹਾ, ਥੋੜਾ ਥੋੜਾ ਵੱਟਿਆ ਹੋਇਆ, (ਪੂਣੀ)॥

**ਫਬਾਉ,** ਪੁ:—ਫਬਣ ਵਾਲੀ ਸ਼ਕਲ, ਸਜਾਉਟ।

**ਫਬਾਉਣਾ,** ਕ੍ਰਿ:—ਸਜਾਉਣਾ, ਸੋਹਣੀ ਸ਼ਕਲ ਕਰਨੀ।

**[illegible]ਿਆ ਹੋਇਆ**
**ਫਬੀਲਾ** } ਵਿ: ਸੋਹਣਾ ਲੱਗਣ ਵਾਲਾ, ਸਜਾਵਟ॥

**ਫੰਬੇ**
**ਫੰਭਾ** } 'ਫੰਬੀ', 'ਫੰਬਾ' ਵੇਖੋ॥

Digitized by Panjab Digital Library / www.panjabdigilib.org

**ਫਰ**
**ਫਰੂ** } ਪੁ: ਮਵੇ ਦੀ ਹਨਲੀ ਪੰਡ ।

**ਫਰ ਫਰ,** ਕ੍ਰਿ: ਵਿ: —'ਫਰਨ ਫਰਨ' ਵੇਖੋ

**ਫਰਸ਼,** ਪੁ:—ਪੱਕੀ ਥਾਂ, ਮੀਟ ਕਾਲੀਨ ਕਪੜਾ, ਵਛੌਣਾ ਅਦਿ, ਤਿਸ ਤੇ ਮ (ਪੌਣਾ, ਕਰਨਾ) ।

**ਫਰਸ਼ੀ,** ਵਿ:—ਫਰਸ਼ ਦਾ ਫਰਸ਼ ਤੇ ਕਪੜੇ ਦਾ॥

**ਫਰਸ਼ੀ ਸਲਾਮ,** ਪੁ:—ਬਹੁਤ ਝੁਕਕੇ ਕੀਤੀ ਹੋਈ ਸਲਾਮ ।

**ਫਰ੍ਹਾ,** ਪੁ:—ਬਹੁਤ ਪਤਲਾ ਫੱਟ ।

**ਫਰਹੀ,** ਸ:—ਇਕ ਫੱਟੀ ਵਾਲ, ਨਦੀ ਪੇਟੇ ਚਲ ਵਲ

**ਫਰਹੇ,** ਪ: ਹੋਣਾ, ਲਾਭ, ਨਫਾ, ਫਾਇਦਾ (ਹੋਣਾ) ॥

**ਫਰਕ,** ਪੁ:—ਅੰਤਰਾ, ਭੇਦ, ਵਿੱਥ, ਘਾਟਾ, ਖਰਾਬੀ ॥

**ਫਰਕ ਆਉਣਾ**
**ਫਰਕ ਆ ਜਾਣਾ** } ਕ੍ਰਿ:—ਵਿਗੜ ਜਾਣਾ, ਘਟਣਾ॥

**ਫਰਕ ਹੋਣਾ,** ਕ੍ਰਿ: —ਵੱਖਰਾ ਜਾਂ ਨਿਆਰਾ ਹੋਣਾ।

**ਫਰਕ ਕਰਨਾ,** ਕ੍ਰਿ:—ਪਛਾਨਣਾ, ਜੁਦਾ ਕਰਨਾ ਬਦਲ ਜਾ ।

**ਫਰਕ ਕੱਢਣਾ,** ਕ੍ਰਿ:—ਫਰਕ ਮਲੂਮ ਕਰਨਾ।

**ਫਰਕ ਨਾਲ,** ਕ੍ਰਿ: ਵਿ: —ਇੱਕ ਦੂਏ ਤੋਂ ਦੂਰ, ਵਿੱਥ ਉੱਤੇ ॥



**ਫਰਕ ਪੈਣਾ**
**ਦਿਲਾਂ ਵਿਚ ਫਰਕ ਆਉਣਾ** } ਕ੍ਰਿ:—ਇੱਕ ਦੂਜੇ ਨਾਲ ਰੁੱਸ ਜਾਣਾ ॥

**ਫਰਕਣਾ,** ਕ੍ਰਿ: ਅੱਖ ਝਮਕਣਾ, ਹਿਲਣਾ ਕੰਬਣਾ, ਫਰਕ ਪੈਣਾ ।

**ਫਰੌਲਾ**
**ਫਰੌਲਾ** } ਪੁ:—ਅਸਮਾਨ ਸਾਫ ਹੋ ਜਾਣਾ, ਮੀਂਹ ਵਾਲ ਦਿਨ ਸੂਰਜ ਚੜ੍ਹ ਆਉਣਾ

ਮੀਂਹ ਪਿੱਛੋਂ ਧਰਤ ਜ ਕਪਾਹੀਆਂ ਦਾ ਸਕਣਾ (ਪੈਣਾ), ਲੱਕੜ ਵਿਚ ਛੇਕ ਕਢਣ ਵਾਲਾ ਬਰਮਾ ।

**ਫਰਕਾਉਣਾ,** ਕ੍ਰਿ:—ਅੱਖ ਝਮਕਣੀਆਂ ।

**ਫਰੰਗ,** ਪੁ:—ਸਾਹਿਬ ਲੋਕਾਂ ਦਾ ਦੇਸ, ਵਿਲਾਇਤ, ਇੱਕ ਰੋਗ, ਆਤਸ਼ਕ, ਗਰਮੀ ਦੀ ਬਿਮਾਰੀ ॥

**ਫਰੰਗਣ,** ਸ:
**ਫਰੰਗੀ,** ਪੁ: } ਫਰੰਗ ਦਾ ਰਹਿਣ ਵਾਲਾ (ਲੀ), ਮੇਮ, ਸਾਹਿਬ ॥

**ਫਰਜ਼,** ਪੁ:—ਜੋ ਕੰਮ ਕਿਸੇ ਨੂੰ ਕਰਨਾ ਜ਼ਰੂਰੀ ਹੈ, ਕਰਤੱਬ (ਪੂਰਾ ਕਰਨਾ) ॥

**ਫਰਜ਼ੰਦ,** ਪੁ:—ਪੁਤ੍ਰ, ਬੇਟਾ ।

**ਫਰਜ਼ੀ,** ਪੁ: ਸ:—ਸ਼ਤਰੰਜ ਦੀ ਖੇਡ ਦਾ ਵਜ਼ੀਰ ॥

**ਫਰਦ,** ਪੁ:—ਇਕਲੀ ਚੀਜ਼, ਇਕਹਿਰੀ ਚਾਦਰ (ਉੱਨ ਜਾਂ ਪਸ਼ਮੀਨੇ ਦੀ ਤਰ੍ਹਾਂ) ॥

**ਫਰਦ ਲੱਗਣੀ,** ਕ੍ਰਿ:—ਸਰਕਾਰੀ ਕਨੂੰਨ ਮੂਜਿਬ ਅਪਰਾਧ ਲਗਣਾ ।

**ਫਰਨ ਫਰਨ,** ਕ੍ਰਿ: ਵਿ:—ਹੌਲੀ ਹੌਲੀ, ਸਾਫ, ਲਗਾਤਾਰ ।

Digitized by Panjab Digital Library | www.panjabdigilib.org

**ਫਰਨਾਹੀ,** ਪੁ:—ਚੌਰਸ ਲੰਬੇ [illegible] ਹੁੰਦਾ ਆਰਾ ॥

**ਫਰਨਾਉਣਾ** ਕ੍ਰਿ: ਜਾਲ ਵਿਚ ਫਸਾਉਣਾ, ਫਿਆਹੁਣਾ ॥

**ਫਰਫੰਦ** / **ਫਰਫੇਜ਼** } ਪੁ: ਝੂਠ, ਧੋਖਾ, ਫਰੇਬ, ਛਲ ।

**ਫਰਫੰਦਣ,** ਸ: / **ਫਰਫੰਦੀ,** ਇ: / **ਫਰਫੰਦੀਆ,** ਪੁ: } ਜੋ ਫਰਫੰਦ ਕਰੇ ।

**ਫਰਫੇਜ਼ੀ,** ਪੁ:—ਫਰੇਬੀ ਕਪਟੀ, ਝੂਠਾ ॥

**ਫਰੰਟ,** ਵਿ:—ਜੋ ਸਾਮ੍ਹਣਾ ਕਰੇ, ਵਿਰੋਧੀ, ਬੇਮੁਖ (ਹੋ ਜਾਣਾ) ॥

**ਫਰਬਾ,** ਵਿ: ਮੋਟਾ, ਜਿਸ ਉੱਤੇ ਮਾਸ ਚੜ੍ਹਿਆ ਹੈ ॥

**ਫਰਮੂਣਾ,** ਕ੍ਰਿ:—ਝੁਕਣਾ, ਧਿਆਨ ਦੇਣਾ ।

**ਫਰਮਾ** ਪੁ:—ਜੁੱਤੀਆਂ ਜੋੜਕੇ ਲਕੜੀ ਦੇ ਅਸਬਾਬ ਬਣਾਉਣ ਦਾ ਨਮੂਨਾ, ਪੂਰਾ ਕਾਗਤ ਛਾਪਣ ਲਈ ਟੈਪ ਦੇ ਜੋੜੇ ਹੋਏ ਅੱਖਰਾਂ ਦਾ ਚੌਖਟਾ ਅਤੇ ਉਸ ਤੋਂ ਛਪੇ ਹੋਏ ਕਾਗਤ ॥

**ਫਰਮਾਉਣਾ** / **ਫਰਮਾਨਾ** } ਕ੍ਰਿ:—ਹੁਕਮ ਜਾਂ ਮੰਤ੍ਰ ਦੇਣਾ (ਵੱਡੇ ਦਾ ਬੋਲਣਾ) ॥

**ਫਰਮਾਇਸ਼** / **ਫਰੈਸ਼** } ਸ:—ਹੁਕਮ, ਮਾਲ ਦੀ ਮੰਗ, ਸਪਾਰਸ਼ (ਲਾਉਣੀ) ॥

**ਫਰਮਾਣ,** ਪੁ:—ਲਿਖਕੇ ਦਿੱਤਾ ਹੋਇਆ ਹੁਕਮ ।

**ਫਰਵਰੀ,** ਸ: ਅੰਗ੍ਰੇਜ਼ੀ ਸਾਲ ਦਾ ਦੂਜਾ ਮਹੀਨਾ ॥

**ਫਰਵਾ** / **ਫਰਵਾਂਹ** } ਪੁ: ਇਕ ਰੁਖ ॥

**ਫਰਜ਼,** ਪੁ: ਨਾਂ ਸੂਝ ਵਾਲਾ ਬੇਗਾਰ, ਮ[illegible] ॥

**ਫਰਾਸ਼,** ਪੁ:—ਜੇਹੜਾ ਨੌਕਰ ਤੰਬੂ ਲਾਵੇ ਅਤੇ ਦਰੀਆਂ ਵਿਛਾਵੇ ॥

**ਫਰਾਸ਼ਖਾਨਾ,** ਪੁ:—ਤੰਬੂ ਆਦਿਕ ਰੱਖਣ ਵਾਲੀ ਕੋਠੜੀ ॥

**ਫਰਾਸ਼ ਗੀਰੀ** / **ਫਰਾਸ਼ੀ** } ਸ:—ਫਰਾਸ਼ ਦਾ ਕੰਮ ॥

**ਫਰਾਂਸੀਸੀ,** ਪੁ: ਫਰਾਂਸ ਦੇਸ ਦਾ ਵਸਨੀਕ ॥

**ਫਰਾਹ,** ਪੁ: / **ਫਰਾਹ,** ਸ: } ਫਾਹੀ, ਜਾਲ, ਰੋਕ (ਪਾਉਣਾ)

**ਫਰਾਕ,** ਪੁ:—ਸੁੱਖਣਾ, ਧੁਪ ਲਗਣੀ, ਮੀਂਹ ਵਾਲੇ ਦਿਨ ਸੂਰਜ ਦਾ ਨਿਕਲਣਾ, ਮੀਂਹ ਪਿਛੋਂ ਧੁਪ ਖਿੜ ਜਾਣੇ ॥

**ਫਰਾਕੀ,** ਸ:—ਘੇਰਾ, ਘੋੜੇ ਦੀ ਪੇਟੀ, ਤੰਗ ॥

**ਫਰਾਟਾ,** ਪੁ:—ਉੱਡਣ ਵਾਲੀ ਚੀਜ਼ ਦੀ ਅਵਾਜ਼ ॥

**ਫਰਿਆਦ,** ਸ: ਸ਼ਕੈਤ, ਮੁਕੱਦਮਾ, ਨਾਲਸ਼ ਦੁਹਾਈ (ਕਰਨੀ) ।

**ਫਰਿਆਦਣ,** ਸ: / **ਫਰਿਆਦੀ,** ਪੁ: } ਜੋ ਫਰਿਆਦ ਕਰੇ ॥

Digitized by Panjab Digital Library | www.panjabdigilib.org

**ਫਰਿਸਤ,** ਸ॰—ਇੱਕਠੀਆਂ ਚੀਜ਼ਾਂ ਦੇ ਨਾਂ ॥

**ਫਰਿਸਤਾ,** ਪੁ॰—ਦੇਉਤਾ, ਜਮ ਦੂਤ, ਅਸਮਾਨੀ ਜੀਵ ।

**ਫਰੀ,** ਸ॰—'ਫਰਹੀ' ਵੇਖੋ ॥

**ਫਰੀਦ,** ਪੁ॰—ਇੱਕ ਮਸ਼ਹੂਰ ਫ਼ਕੀਰ ॥

**ਫਰੇਬ,** ਪੁ॰—ਛਲ, ਧੋਖਾ, ਮਕਰ, ਕਪਟ ॥

**ਫਰੇਬਣ** ਸ॰ / **ਫਰੇਬੀ,** ਪੁ॰ } ਜੋ ਫਰੇਬ ਕਰੇ ॥

**ਫਰੇਮ,** ਪੁ॰—ਚੌਕਟਾ, ਢਾਂਚਾ ॥

**ਫਰੋ,** ਪੁ॰—'ਫਰਹੇ' ਵੇਖੋ ॥

**ਫਰੋਲਣਾ,** ਕ੍ਰਿ॰—ਹਿਠਾਂਹ ਉਤਾਂਹ ਕਰਨਾ, ਫਲਲਾ ਖਲੇਰਨਾ ॥

**ਫਰੌਣ,** ਪੁ॰—ਪਿਛਲੇ ਸਮੇਂ ਦਾ ਇੱਕ ਅੰਭਮਾਨੀ ਪਾਤਸ਼ਾਹ, ਹੰਕਾਰੀ ਮਨੁੱਖ, ਜੋ ਆਪਣੀ ਹੀ ਮਰਜ਼ੀ ਪਰ ਚੱਲੇ ॥

**ਫਲ,** ਪੁ॰—ਮੇਵਾ, ਲਾਭ, ਅਸਰ, ਇਨਾਮ, ਸਿਧਾਂਤ, ਹਥਿਆਰ ਦਾ ਉਹ ਹਿੱਸਾ ਜਿਸ ਨਾਲ ਕੱਟੀਦਾ ਹੈ ॥

**ਫਲ ਫੁੰਗਾ,** ਪੁ॰—ਫਲ ਮੇਵੇ ਆਦਿਕ, ਸਬਜ਼ੀ ॥

**ਫਲ੍ਹਾ,** ਪੁ॰ / **ਫਲ੍ਹੀ,** ਸ॰ } ਗਾਹੁਣ ਵਾਲਾ ਤਖਤਾ, ਖਿਤਕਾ, ਭੀੜਾ ਰਾਹ ॥

**ਫਲਕ,** ਪੁ॰—ਅਕਾਸ, ਅਸਮਾਨ, ਵਡਾ ਸਰਾਈ, ਬਿਧਾਤਾ ॥

**ਫਲਣਾ,** ਕ੍ਰਿ॰—ਫਲ ਦੇਣਾ, ਉਲਾਦ ਹੋਣੀ, ਫੋੜੇ ਆਦਿਕ ਨਿਕਲਣੇ ॥

**ਫਲਣਾ ਫੁਲਣਾ,** ਕ੍ਰਿ॰—ਬਹੁਤ ਫਲ ਲੱਗਣੇ, ਸੰਤਾਨ ਹੋਣੀ ॥

**ਫਲਦਾਰ** / **ਫਲਵਾਨ** } ਵਿ॰—ਜਿਸ ਨੂੰ ਫਲ ਲੱਗੇ ਹੋਣ ॥

**ਫਲਾਉ,** ਪੁ॰—ਫੈਲਣ ਦੀ ਹਾਲਤ, ਪਸਾਰਾ, ਖਲਾਰਾ ।

**ਫਲਾਉਣਾ,** ਕ੍ਰਿ॰—ਚੌੜਾ ਕਰਨਾ, ਖਲੇਰਨਾ, ਖਿੰਡਾਉਣਾ ॥

**ਫਲਾਸਫਾ (ਫ਼ਾ),** ਪੁ॰—ਇੱਕ ਤਰਾਂ ਦੀ ਸੂਝ, ਮਜ਼ਮੂਨ ॥

**ਫਲਾਇਰ** / **ਫਲ੍ਹਾਹਰ (ਹਾਰ)** / **ਫਲਾਹਲ** } ਸ॰—ਵਰਤ ਵਾਲੇ ਦਿਨ ਖਾਣ ਵਾਲੇ ਫਲ ਆਦਿਕ (ਕਰਨੀ, ਖਾਣੀ) ॥

**ਫਲਾਂਘ,** ਸ॰—ਛਲਾਂਗ, ਚਾਲ, ਕੁੱਦ ॥

**ਫਲਾਣਾ (ਨਾ),** ਪੁ॰ / **ਫਲਾਣੀ, (ਨੀ),** ਸ॰ } ਖਾਸ ਆਦਮੀ, ਐਸਾ, ਕੋਈ ॥

**ਫਲਾਰ,** ਪੁ॰—ਖਲੇਰਾ, ਵਧਾਉ, ਫੈਲਾਉ ।

**ਫਲਾਲੈਣ,** ਸ॰—ਉੱਨ ਦਾ ਇੱਕ ਮੁਲਾਇਮ ਕਪੜਾ ॥

**ਫਲਿਆਟ (ਤ),** ਪੁ॰—ਕਈ ਅਨਾਜਾਂ ਦੇ ਦਾੱਣੇ, ਸੂੜ੍ਹੀ, ॥

**ਫਲੀ,** ਸ॰—ਮਟਰ ਆਦਿਕ ਦੇ ਦਾਣਿਆਂ ਵਾਲੀ ਡਾਲੀ, ਇੱਕ ਕੇਲਾ, ਲਾਖ ਦੀ ਬੱਤੀ, ਖੇਗ ।

Digitized by Panjab Digital Library | www.panjabdigilib.org

**ਫਲੀਰਾ,** ਪੁ:—ਹਲ ਦਾ ਫਲ ( ਲੋਹੇ ਵਾਲਾ ਹਿੱਸਾ )॥

**ਫਲੀਰੀ,** ਸ:—ਹਲ ਦਾ ਘਸਿਆ ਹੋਇਆ ਫਲ

**ਫਲੂਹਾਰ,** ਪੁ:—'ਫਲਾਹਾਰ' ਵੇਖੋ॥

**ਫਲੂਸ,** ਪੁ:—'ਫਨੂਸ' ਵੇਖੋ॥

**ਫਲੂਹਮਣ** }
**ਫਲੂਹਮਣੀ** } ਸ:—ਵਾਹਿਣੀ ਜਾਂ ਵੇਲ ਦਾ ਸਿਰਾ ਨਰਮ ਫਲੀ।

**ਫਲੂਹਾ,** ਪੁ:—ਲਿੱਬਾ ਜੇਹਾ ਰੱਖਦਾ ਫੋਲਾ, ਸਣ ਨਾਲ ਪਿਆ ਹੋਇਆ ਛੱਲਾ, ਛਿੱਟੀਆਂ ਧਾਰੀਆਂ ਵਾਲਾ ਰੰਗਿਆ ਹੋਇਆ ਕਪੜਾ, ਫਾਲਸਾ।

**ਫਲੂਦਾ,** ਪੁ:—ਨਿਸ਼ਾਸਤਾ ਪਾਣੀ ਵਿੱਚ ਉਬਾਲ ਕੇ ਬਣਾਈ ਹੋਈ ਇੱਕ ਖਾਣ ਵਾਲੀ ਚੀਜ਼॥

**ਫਲੋਹਾਰ,** ਸ:—'ਫਲਾਹਾਰ' ਵੇਖੋ।

**ਫਲੌਰਾ** ਪੁ: }
**ਫਲੌਰੀ** ਸ: } ਲਕੜੀ ਦਾ ਖੁਰਪਾ॥

**ਫਵਗੀ,** ਸ:—ਗਿਦੜੀ॥

**ਫੜ,** ਪੁ:—ਜੂਆ ਖੇਡਣ ਦੀ ਥਾਂ, ਧੋਖਾ, ਦਿਖਾਵਾ,। ਸ:—ਗੀਂਡੇ ਦੇ ਇੱਕ ਪਾਸੇ ਦੀ ਲੱਕੜ, ਸ਼ੇਖੀ ( ਮਾਰਨਾ )॥

**ਫੜ ਜਮਾਉਣਾ** }
**ਫੜ ਮਚਾਉਣਾ** } ਕ੍ਰਿ:—ਧੋਖੇ ਦਾ ਜਾਲ ਫੈਲਾਉਣਾ॥

**ਫੜ ਵਿਖਾਉਣਾ,** ਕ੍ਰਿ:—ਆਪਣੀ ਸ਼ਾਨ ਦੱਸਣਾ॥

**ਫੜ੍ਹ,** ਸ:—ਚਰਖੇ ਦੇ ਪਹੀਏ ਦੀ ਫੱਟੀ, ਸ਼ੇਖੀ॥

**ਫੜਕਣਾ,** ਕ੍ਰਿ:—ਪਰ ਝਾੜਨੇ, ਕੰਬਣਾ ਹਿਲਣਾ, ਧੜਕਣਾ, ਤੜਫਣਾ, ਮੋਢੇ ਹਿਲਾਉਣੇ ਖੰਭ ਹਿਲਾਉਣੇ॥

**ਫੜਕਾ,** ਪੁ:—ਛੱਪਰ ਦਾ ਇੱਕ ਪਾਸਾ, ਪੁਰਾਣੇ ਕਪੜੇ ਦਾ ਟੋਟਾ, ਬੇ ਰਹਮੀ, ਜ਼ੁਲਮ, ਤੰਗੀ॥

**ਫੜਕਾਉਣਾ,** ਕ੍ਰਿ:—ਪਰ ਝੜਵਾਉਣਾ ਤੜਫਾਉਣਾ।

**ਫੜਕਾ ਚੱਕਣਾ,** ਕ੍ਰਿ:—ਜ਼ੁਲਮ ਕਰਨਾ, ਆਪਣੀ ਸ਼ਾਨ ਦੱਸਣੀ॥

**ਫੜਕਾ ਨਾਂ ਖਾਣਾ,** ਕ੍ਰਿ:—ਅਚਾਨਕ ਮਰ ਜਾਣਾ॥

**ਫੜਕੀ,** ਸ:—ਜ਼ੁਲਮ, ਅਨਿਆਉਂ, ਪਰ ਝਾੜਨੇ।

**ਫੜਕੀ ਪੈਣਾ,** ਕ੍ਰਿ:—ਮਰ ਜਾਣਾ, ਬਰਬਾਦ ਹੋਣਾ॥

**ਫੜਕੀ ਲੈਣੀ,** ਕ੍ਰਿ:—ਫੜਫੜਾਣਾ, ਤੜਫਣਾ॥

**ਫੜਨਾ** }
**ਫੜ ਲੈਣਾ** } ਕ੍ਰਿ:—ਪਕੜਨਾ, ਕਾਬੂ ਕਰਨਾ ਲੱਭਣਾ॥

**ਫੜ ਫੜ ਕਰਨਾ** }
**ਫੜ ਫੜਾਉਣਾ** } ਕ੍ਰਿ:—ਪਰ ਝਾੜਨੇ॥

**ਫੜ ਫੜਾਟ,** ਸ:—ਪਰਾਂ ਦਾ ਝਾੜਨਾ, ਦੁਨੀਆਂ ਦੀ ਦੌਲਤ॥

**ਫੜ ਫੜੀਆ,** ਪੁ:—ਸ਼ੇਖੀ ਖੋਰਾ, ਫੜਾਂ ਮਾਰਨ ਵਾਲਾ।

**ਫੜਾਉਣਾ,** ਕ੍ਰਿ:—ਪਕੜਾਉਣਾ, ਹਵਾਲੇ ਕਰਨਾ, ਹੱਥ ਵਿਚ ਦੇਣਾ॥

Digitized by Panjab Digital Library | www.panjabdigilib.org

**ਫੜਾਊ,** ਵਿ:—ਫੜਾਉਣ ਦੇ ਜੋਗ। ਪੁ:-ਜੋ ਫੜਾਏ।

**ਫੜਾਈ,** ਸ:—ਫੜਾਉਣ ਦਾ ਕੰਮ ਜਾਂ ਮਜੂਰੀ॥

**ਫ਼ਾਸਫ਼ੋਰਸ,** ਸ:—ਦੀਪਕ ਵਰਗੀ ਇੱਕ ਬਲਨ ਵਾਲੀ ਚੀਜ॥

**ਫਾੜੀਆ,** ਪੁ:—ਜੂਆ ਖਾਨੇ ਦਾ ਮਾਲਕ, ਸ਼ੇਖੀ ਖੋਰਾ॥

**ਫ਼ਾਇਦਾ,** ਪੁ:—ਲਾਭ, ਗੁਣ, ਚੰਗਾ ਅਸਰ, ਫਲ।

**ਫਾਸਟ,** ਵਿ:—ਛੇਤੀ ਚੱਲਣ ਵਾਲੀ (ਘੜੀ), ਅਸਲ ਵਕਤ ਤੋਂ ਅੱਗੇ॥

**ਫ਼ਾਇਦੇਦਾਰ,** ਵਿ: ਜਿਸਦਾ ਕੁਝ ਫ਼ਾਇਦਾ ਹੈ॥

**ਫਾਸਲਾ,** ਪੁ:—ਵਿੱਥ, ਦੂਰੀ, ਦੋਹਾਂ ਥਾਂਵਾਂ ਦੇ ਵਿਚ-ਕਾਰਲੀ ਜਗਾ ਦੀ ਲੰਬਾਈ।

**ਫਾਂਸੀ, ਫੱਾਸੀ,** ਸ:—ਫਾਹੇ ਦੇਣ ਵਾਲਾ ਰੱਸਾ, ਫਸਾਉਣ ਵਾਲੀ ਕੋਈ ਚੀਜ, ਜਾਲ, ਬੰਧਨ॥

**ਫਾਹ,** ਪੁ:—ਫਾਹੇ ਦੇਣਾ, ਗਲ ਘੁੱਟ ਕੇ ਮਾਰਨ ਦਾ ਕੰਮ॥

**ਫਾਹ ਜਿਹਾ ਮਾਰਨਾ,** ਕ੍ਰਿ:—ਬੇ ਸੋਚੇ ਸਮਝੇ ਬੋਲ ਉਠਣਾ॥

**ਫਾਹ ਦੇਣਾ,** ਕ੍ਰਿ:—ਰੱਸੇ ਨਾਲ ਗਲ ਘੁੱਟ ਕੇ ਮਾਰਨਾ।

**ਫਾਹਣਾ, ਫਾਹੁਣਾ,** ਕ੍ਰਿ:—ਫਸਾਉਣਾ, ਔਖਾ ਕਰਨਾ, ਫਾਹ ਦੇਣਾ।

**ਫਾਹਾ,** ਪੁ:—ਫਾਹ ਦੇਣ ਦਾ ਕੰਮ, ਫਾਹੇ ਦੇਣ ਵਾਲਾ ਰੱਸਾ, ਫਹਾ॥



**ਫਾਹੀ,** ਸ:—ਫਾਹਾ, ਫਸਾਉਣ ਵਾਲੀ ਚੀਜ਼, ਔਖ॥

**ਫਾਹੁੜਾ,** ਪੁ:, **ਫਾਹੁੜੀ,** ਸ: — ਮੈਲਾ ਹੂੰਝਣ ਵਾਲਾ ਲਕੜੀ ਦਾ ਖੁਰਪਾ॥

**ਫਾਹੇ ਦੇਣਾ,** ਕ੍ਰਿ:—'ਫਾਹੇ ਦੇਣਾ' ਵੇਖੋ॥

**ਫਾਂਕ, ਫਾਕੜ,** ਸ:—ਟੁਕੜਾ, ਫਾੜੀ, ਹਿੱਸਾ॥

**ਫਾਂਕੜਾ, ਫਾਂਕੜੀ, ਫਾਂਕੜੀਆ,** — ਜੋ ਫੜਾਂ ਮਾਰੇ, ਬਾਂਕਾ (ਬੀ)॥

**ਫਾਕਾ,** ਪੁ:—ਕੁਝ ਨਾ ਖਾਣਾ, ਭੁੱਖਾ ਰਹਿਣਾ।

**ਫਾਗ,** ਪੁ:—ਹੋਲੀ ਦਾ ਤਿਹਾਰ, ਫਗਵਾੜੇ ਦਾ ਫਲ।

**ਫਾਂਚਾ,** ਵਿ:—ਵਿੰਗੇ ਪੈਰਾਂ ਵਾਲਾ॥

**ਫਾਜਲ,** ਵਿ:—ਪੂਰ ਗੁਣਾਂ ਵਾਲਾ, ਬਹੁਤ ਪੜ੍ਹਿਆ ਹੋਇਆ॥

**ਫਾਟ,** ਸ:—ਮਾਰ ਕੁਟਾਈ (ਖਾਣੀ, ਪੈਣੀ)

**ਫਾਂਟ,** ਸ:—ਟੁਕੜਾ, ਹਿੱਸਾ, ਦਰਿਆ ਵਿਚੋਂ ਨਿਕ-ਲਣ ਵਾਲਾ ਇਕ ਨਾਲਾ, ਮੰਦੀ ਤੀਵੀਂ॥

**ਫਾਟਕ,** ਪੁ:—ਚੌਟਕ, ਅਨਜੋਤ, ਵਡਾ ਦਰਵਾਜਾ ਕੈਦ॥

**ਫਾਟਕੀ,** ਪੁ:—ਫਾਟਕ ਵਾਲਾ, ਚੌਕੀਦਾਰ॥

**ਫਾਟਣਾ,** ਕ੍ਰਿ:—ਪਾਟਣਾ, ਵੱਖ ਵੱਖ ਹੋਣਾ, ਅਣ-ਜੋੜ ਹੋਣਾ॥

**ਫੱਾਟਣਾ,** ਕ੍ਰਿ:—ਮਾਰਨਾ ਕੁੱਟਣਾ

Digitized by Panjab Digital Library | www.panjabdigilib.org

**ਫਾਟਾ,** ਵਿ:—ਪਾਟਾ ਜਾਂ ਲੀਰਾਂ ਹੋਇਆ ਹੋਇਆ ॥

**ਫਾਡਣ,** ਸ: / **ਫੱਡੀ,** ਪੁ: } ਕੌਡੀਆਂ ਦੀ ਖੇਡ ਵਿੱਚ ਜੇਹੜਾ ਮਨੁਖ ਨਿਸ਼ਾਨੇ ਤੋਂ ਸਭ ਤੋਂ ਪਿਛੇ ਰਹਿ ਜਾਵੇ, ਖੇਡ ਵਿਚ ਹਾਰਿਆ ਹੋਇਆ ॥

**ਫਾਡੀ ਹੋਣਾ (ਰਹਿਣਾ),** ਕ੍ਰਿ:—ਕਿਸੇ ਦਾ ਕੰਮ ਬਿਲਕੁਲ ਨਾ ਬਣਨਾ, ਹਾਰ ਜਾਣਾ ॥

**ਫਾਤਾ** / **ਫਾਤਿਆ** } ਪੁ:—ਮੁਸਲਮਾਨਾਂ ਵਿੱਚ ਮੁਰਦੇ ਦੇ ਭਲੇ ਵਾਸਤੇ ਜੋ ਕੁਰਾਨ ਦਾ ਕਲਾਮ ਪੜ੍ਹਿਆ ਜਾਂਦਾ ਹੈ (ਪੜ੍ਹਨਾ) ॥

**ਫਾਤਿਆ ਦੇਣਾ,** ਕ੍ਰਿ:—ਕੁਰਾਨ ਦਾ ਕਲਾਮ ਪੜ੍ਹਕੇ ਪੀਰਾਂ ਫਕੀਰਾਂ ਦੀ ਨਿਆਜ਼ ਦੇਣੀ ।

**ਫਾਂਧਣ,** ਸ: / **ਫਾਂਧੀ,** ਪੁ: } ਪੰਖੇਰੂ ਫੜਨ ਵਾਲਾ (ਲੀ), ਜੋ ਫਾਹ ਲਏ ॥

**ਫਾਨਾ** / **ਫੱਨਾ** } ਪੁ:—ਇਕ ਕੰਢੇ ਵਲ ਫਲਨ ਵਾਲਾ ਲਕੜੀ ਜਾਂ ਧਾਤ ਦਾ ਟੁਕੜਾ ਜਿਸ ਨਾਲ ਕਿੰਗਰ ਚੀਜ਼ ਪਾੜਦੇ ਹਨ, ਪੱਚਰ, ਕਿੱਲੀ ਠੋਕ ॥

**ਫਾਨੀ,** ਵਿ:—ਨਾਸ ਹੋਣ ਵਾਲਾ, ਜਿਸ ਨੇ ਸਦਾ ਨਹੀਂ ਰਹਿਣਾ ॥

**ਫਾਮ,** ਪੁ:—ਫ਼ੌਜ ਦੇ ਕਤਾਰ ਬੰਨ੍ਹ ਕੇ ਖੜ੍ਹੇ ਹੋਣ ਦਾ ਢੰਗ, ਸਿਪਾਹੀਆਂ ਦੀ ਕਤਾਰ ॥

**ਫਾਮਾ** ਵਿ:—ਥੱਕਾ ਹੋਇਆ (ਹੋਣਾ) ।

**ਫਾਰਸੀ,** ਸ:—ਫਾਰਸ ਦੀ ਬੋਲੀ, ਇਕ ਮਸ਼ਹੂਰ ਜ਼ਬਾਨ ।

**ਫਾਰਖਤੀ,** ਸ:—ਕਿਸੇ ਨਾਲ ਵਾਸਤਾ ਨਾ ਰੱਖਣ ਦੀ ਲਿਖਤ ॥

**ਫ਼ਾਰਮ,** ਸ:—ਕਿਸੇ ਖਾਸ ਢੰਗ ਦੀ ਲਿਖਤ ਵਾਲਾ ਕਾਗਤ ।

**ਫਾਲ** ਪੁ:—ਸਗਨ, ਕਿਸਮਤ ਮਲੂਮ ਕਰਨ ਦਾ ਢੰਗ (ਪਾਉਣੀ) ॥

**ਫਾਲਸਾ,** ਪੁ:—ਇਕ ਮਸ਼ਹੂਰ ਫਲ ਜਿਸ ਦੇ ਖੱਟੇ ਦਾਣੇ ਹੁੰਦੇ ਹਨ । ਫਲੂਹਾ ।

**ਫਾਲਤੂ,** ਵਿ:—ਵਧੀਕ ਦਾ, ਜੋ ਕੋਈ ਕੰਮ ਨਹੀਂ ਦੇਵੇ ।

**ਫਾਲਤੀ,** ਸ:—ਪੱਤੇ ਦੀ ਟਾਕੀ, ਘੁੰਡੀਆਂ ਵਾਲਾ ਕਪੜਾ ॥

**ਫਾਲਾ,** ਪੁ:—ਹਲ ਦਾ ਲੋਹੇ ਵਾਲਾ ਹਿੱਸਾ (ਨੋਕ) ॥

**ਫਾਲਿਆ ਜਾਣਾ,** ਕ੍ਰਿ:—ਹਲ ਦੇ ਫਾਲੇ ਨਾਲ ਵੱਢਿਆ ਜਾਣਾ ।

**ਫਾਲੀ,** ਸ:—ਛੋਟਾ ਫਾਲਾ ।

**ਫਾਲੂ,** ਪੁ:—ਹਲ ਦਾ ਫਲ ਜਾਂ ਨੋਕ (ਲੋਹੇ ਦੀ) ।

**ਫਾਵਾਂ** / **ਫਾਵਾ** } ਵਿ:—ਥੱਕਿਆ ਹੋਇਆ (ਹੋਣਾ) ।

**ਫਾੜ,** ਸ:—ਕਿਸੇ ਚੀਜ਼ ਦਾ ਪਾੜ ਕੇ ਕੀਤਾ ਹੋਇਆ ਟੋਟਾ ॥

**ਫਾੜ ਸਿਟਣਾ** / **ਫਾੜਣਾ,** / **ਫਾੜ ਮਾਰਨਾ** } ਕ੍ਰਿ:—ਪਾੜਨਾ, ਚੀਰਨਾ, ਟੋਟੇ ਕਰਨਾ ।

Digitized by Panjab Digital Library | www.panjabdigilib.org

**ਫਾੜ ਖਾਣਾ,** ਕ੍ਰਿ:-ਦੰਦਾਂ ਨਾਲ ਪਾੜ ਕੇ ਨਿਗਲ ਜਾਣਾ ॥

**ਫਾੜਾ,** ਪੁ:—ਟਾਕਾ, ਮੋੜ ॥

**ਫਾੜੀ,** ਸ:—ਨਿੱਕਾ ਟੁਕੜਾ, ਫਲ ਤਰਕਾਰੀ ਦਾ ਕੁਦਰਤੀ ਹਿੱਸਾ ॥

**ਫਾੜੂ,** ਪੁ:—ਫਾੜਨ ਵਾਲਾ ।

**ਫਿੱਸਣਾ,** ਕ੍ਰਿ:—ਕਿਸੇ ਭਰੀ ਹੋਈ ਚੀਜ਼ ਦਾ ਭੱਜਣਾ, ਫੁੱਟਣਾ, ਰੋਣ ਲਗ ਪੈਣਾ ॥

**ਫਿਸਫਿਸਾਉਣਾ,** ਕ੍ਰਿ:—ਰੋਣ ਹੌਕਾ ਹੋਣਾ, ਦਿਲ ਦਾ ਗੁਬਾਰ ਰੋ ਕੇ ਜਾਂ ਰੋਕ ਕੇ ਕੱਢਣਾ ॥

**ਫਿਸਲਣ,** ਸ: -ਤਿਲਕਣ ਵਾਲੀ ਥਾਂ ॥

**ਫਿਸਲਣਾ,** ਕ੍ਰਿ:—ਤਿਲਕਣਾ, ਖਿਸਕ ਪੈਣਾ ॥

**ਫਿਸਲਣੀ,** ਵਿ:—ਜੋ ਤਿਲਕ ਪਵੇ ॥

**ਫਿਸਲਾਉਣਾ,** ਕ੍ਰਿ:—ਤਿਲਕਾਉਣਾ, ਖਿਸਕਾਉਣਾ ॥

**ਫਿਸਲਾਟ,** ਸ:—ਫਿਸਲਣ ਦਾ ਕੰਮ ।

**ਫਿਹ ਸਿੱਟਣਾ, ਫਿਹਣਾ,** ਕ੍ਰਿ:—ਦੱਬਣਾ, ਘੁੱਟਣਾ, ਮਿੱਧ ਕੇ ਫੇਹਣਾ ॥

**ਫਿੱਕ,** ਪੁ:—ਬੇ ਸੁਆਦੀ, ਮਿਤ੍ਰਾਂ ਵਿੱਚ ਅਣਜੋੜ (ਪੈਣਾ) ॥

**ਫਿਕਰ,** ਪੁ:—ਚਿੰਤਾ, ਸੋਚ, ਵਿਚਾਰ ।

**ਫਿਕਾ,** ਪੁ:—ਮੁਸਲਮਾਨਾਂ ਦਾ ਮਜ਼ਬੀ ਕਨੂੰਨ ॥

**ਫਿੱਕਾ,** ਵਿ:—ਬੇ ਸੁਆਦ, ਹਲਕੇ ਰੰਗ ਦਾ, ਜਿਸ ਵਿਚ ਪਿਆਰ ਨਹੀਂ ॥

**ਫਿਜ਼ੂਲ,** ਵਿ:—ਨਿਕੰਮਾ, ਬਿਅਰਥ, ਵਾਹਿਯਾਤ ॥

**ਫਿੱਟ,** ਸ:—ਲਾਨ੍ਹਤ ਧਿਰਕਾਰ ॥

**ਫਿਟ ਫਿਟ ਕਰਨਾ,** ਕ੍ਰਿ:—ਫਿਟਕਾਰਨਾ ॥

**ਫਿਟਕ, ਫਿਟਕਾਰ,** ਸ:—ਧਿਰਕਾਰ, ਦੁਰਦਸ਼ਾ, ਭੈੜੀ ਵਾਦੀ ॥

**ਫਿਟਕਾਰਨਾ,** ਕ੍ਰਿ:—ਧਿਰਕਾਰ ਕਰਨਾ, ਲਾਨ੍ਹਤ ਪਾਉਣੀ ॥

**ਫਿੱਟ ਜਾਣਾ, ਫਿੱਟਣਾ,** ਕ੍ਰਿ:—ਵਿਗੜਨਾ, ਫਿੱਕਾ ਹੋ ਜਾਣਾ, ਫਿਟਕਾਰਿਆ ਜਾਣਾ, ਦੁੱਧ ਦੀਆਂ ਜੰਮ ਕੇ ਫੁੱਟੀਆਂ ਹੋ ਜਾਣੀਆਂ, ਹੰਕਾਰ ਕਰਨ ਲੱਗ ਪੈਣਾ ॥

**ਫਿਟਮੂੰਹਾਂ,** ਪ:—ਉਂਗਲੀ ਦੇ ਉੱਪਰ ਹੋਣ ਵਾਲੀ ਗਿਲਟੀ ॥

**ਫਿੱਟਣੀ** ਸ: -ਫਿਟਕਾਰ, ਲਾਨ੍ਹਤ ॥

**ਫਿੱਟਣੀਆਂ ਦਾ ਫੋਟ (ੜ),** ਪੁ:—ਫਸਾਦੀ ਆਦਮੀ, ਝਗੜਾਲੂ ॥

**ਫਿਟਾਉਣਾ,** ਕ੍ਰਿ:—ਦੁੱਧ ਜਮਾ ਕੇ ਫੁਟੀਆਂ ਕਰਨਾ, ਵਿਗਾੜਨਾ, ਹੰਕਾਰੀ ਬਣਾ ਦੇਣਾ ॥

**ਫਿੱਟ ਮੂੰਹ,** ਵਿਸਮਕ:—ਧਿਰਕਾਰ ਦਾ ਸ਼ਬਦ ॥

**ਫਿੰਡ,** ਪੁ:—ਖੇਡਣ ਵਾਲਾ ਖਿੱਦੋ, ਗੇਂਦ ॥

**ਫਿੰਡ ਖੂੰਡੀ,** ਸ:—ਖਿੱਦੋ ਅਤੇ ਪੱਟੀ ਦੀ ਖੇਡ ॥

Digitized by Panjab Digital Library / www.panjabdigilib.org

**ਫਿੱਡਾ (ਡੀ),** ਵਿਃ—ਫਿਡੇ ਪੈਰਾਂ ਵਾਲਾ (ਲੀ), ਫਿੰਬਾ (ਬੀ) ॥

**ਫਿੱਥਣਾ,** ਕ੍ਰਿਃ—'ਫਿੱਸਣਾ' ਵੇਖੋ ॥

**ਫਿਨਸੀ,** ਸਃ—'ਫਿੰਮੁਣੀ' ਵੇਖੋ ॥

**ਫਿੱਫਰ ਗੱਲ੍ਹਾ,** ਪੁਃ—ਫੁੱਲੀਆਂ ਹੋਈਆਂ ਗੱਲ੍ਹਾਂ ਵਾਲਾ ॥

**ਫਿੱਫਰਾ (ੜਾ),** ਪੁਃ—ਸਾਹ ਲੈਣ ਵਾਲਾ ਅੰਗ ॥

**ਫਿਫਰੀ,** ਸਃ—ਘੋੜਿਆਂ ਦਾ ਇੱਕ ਰੋਗ ॥

**ਫਿੰਮੁਣੀ,**—ਨਿੱਕਾ ਜੇਹਾ ਫੋੜਾ, ਦਾਣਾ ॥

**ਫਿਰ,** ਕ੍ਰਿਃ-ਵਿਃ—ਦੂਜੀ ਵਾਰ, ਮੁੜ, ਹਟਕੇ, ਪਿੱਛੋਂ ॥

ਵਿਸਮਯਃ—ਮੁੜ ਕੀ ਹੋਇਆ!

**ਫਿਰ ਜਾਣਾ,** ਕ੍ਰਿਃ—ਉਲਟ ਜਾਣਾ, ਆਖ ਕੇ ਮੁੱਕਰ ਜਾਣਾ ॥

**ਫਿਰ ਫਿਰ,** ਕ੍ਰਿਃ-ਵਿਃ—ਘੜੀ ਮੁੜੀ, ਬਾਰੰਬਾਰ ॥

**ਫਿਰ ਬੀ (ਵੀ),** ਕ੍ਰਿਃ-ਵਿਃ—ਇੱਕ ਵਾਰੀ ਹੋਰ, ਤਾਂ ਬੀ ॥

**ਫਿਰਕਣੀ,** ਸਃ—ਧੁਰੇ ਉੱਤੇ ਫਿਰਨ ਜਾਂ ਘੁੰਮਣ ਵਾਲਾ ਜੰਤ੍ਰ ॥

**ਫਿਰਕਾ,** ਪੁਃ—ਫੇਰਾ ਟੋਰਾ, ਮੇਲ, ਪੰਥ, ਮਤ, ਮੰਡਲੀ ।

**ਫਿਰੰਗੀ,** ਪੁਃ—'ਫਰੰਗੀ' ਵੇਖੋ ॥

**ਫਿਰਤ,** ਪੁਃ ਫਿਰਨ ਦਾ ਕੰਮ, ਚੱਕਰ, ਬਦਲਾ ॥

**ਫਿਰਤ ਘਿਰਤ,** ਸਃ—ਆਉਣਾਂ ਜਾਣਾ, ਫੇਰਾ ਟੋਰਾ ॥

**ਫਿਰਤਾ,** ਪੁਃ—ਮੁੜ ਕੇ ਆਉਣ ਦਾ ਭਾੜਾ ॥

**ਫਿਰਤੀ,** ਸਃ—ਫਿਰਨ ਜਾਂ ਘੁੰਮਣ ਦਾ ਕੰਮ, ਬਦਲਾ, ਮੁੜ ਆਉਣ ਦਾ ਭਾੜਾ, ਗੰਨੇ ਅਤੇ ਕਪਾਹ ਨੂੰ ਲੱਗਣ ਵਾਲਾ ਇੱਕ ਰੋਗ (ਘਨੇਰੀ ਕਰਕੇ) ॥

**ਫਿਰਤੂ ਘਿਰਤੂ**
**ਫਿਰਤੂੰ ਘਿਰਤੂੰ** } ਵਿਃ—ਬਦਲਣ ਵਾਲਾ, ਹਿੱਲਣ ਵਾਲਾ ॥

**ਫਿਰਨਾ,** ਕ੍ਰਿਃ—ਮੁੜਨਾ, ਭੌਣਾ, ਚੱਕਰ ਖਾਣਾ, ਸੈਲ ਕਰਨਾ, ਵਿੰਗਾ ਹੋਣਾ, ਚੁਕਣਾ, ਆਪਣੀ ਗੱਲ ਉੱਤੇ ਕੈਮ ਨਾਂ ਰਹਿਣਾ ॥

**ਫਿਰਨੀ,** ਸਃ—ਦੁੱਧ ਖੰਡ ਅਤੇ ਪੀਠੇ ਹੋਏ ਚਾਉਲਾਂ ਦਾ ਪਕਾ ਕੇ ਬਣਾਇਆ ਹੋਇਆ ਇੱਕ ਖਾਜਾ ॥

**ਫਿਰੂਮਣੀ**
**ਫਿਰਮੁਣੀ** } ਸਃ—'ਫਿੰਮੁਣੀ' ਵੇਖੋ ॥

**ਫਿਰਾਉ,** ਪੁਃ—ਫਿਰਨ ਜਾਂ ਘੁੰਮਣ ਦਾ ਕੰਮ ॥

**ਫਿਰਾਉਂਟੀ,** ਪੁਃ—ਪੈਰ ਨਾਲ ਫੇਰਨ ਵਾਲਾ ਇੱਕ ਪਹੀਆ ਜਿਸ ਨਾਲ ਢੱਬ ਜਾਂ ਨਦੀ ਵਿੱਚੋਂ ਪਾਣੀ ਉਤਾਂਹ ਕੱਢਦੇ ਹਨ ॥

**ਫਿਰਾਉਣ,** ਪੁਃ—'ਫਰੌਣ' ਵੇਖੋ ॥

**ਫਿਰਾਉਣਾ,** ਕ੍ਰਿਃ—ਘੁਮਾਉਣਾ, ਚੱਕਰ ਦੇਣਾ, ਸੈਲ ਕਰਾਉਣਾ ॥

**ਫਿਰਾਉ,** ਵਿਃ—ਜਿਸ ਦਾ ਵਸਾਹ ਨਹੀਂ, ਜੋ ਫਿਰ ਜਾਂ ਬਦਲ ਜਾਏ ॥

Digitized by Panjab Digital Library | www.panjabdigilib.org

**ਫਿਰਾਇਤ**, ਪੁ:—ਘਰ ਘਰ ਫਿਰਕੇ ਮਾਲ ਵੇਚਣ ਵਾਲਾ ॥

**ਫਿਰਾਕ**, ਪੁ:—ਵਿਛੋੜਾ, ਚਿੰਤਾ, ਫਿਕਰ ॥

**ਫਿਰੌਣ**, ਪੁ:—'ਫਰੌਨ' ਵੇਖੋ ॥

**ਫਿੱਲ**, ਸ:—ਇਕ ਤਰਾਂ ਦੀ ਸਮੁੰਦਰੀ ਸਿੱਪੀ ॥

**ਫਿੱਲ੍ਹੀ**, ਸ:—ਉਤਸਾਹਟ, ਸ਼ਹਿ, ਜੋਸ਼ (ਦੇਣੀ) ।

**ਫਿਲਾਸਫਰ**, ਪੁ:—ਗਿਆਨੀ, ਵਿਚਾਰ ਵਾਨ, ਤੱਤ ਦਰਸ਼ੀ ॥

**ਫਿਲਾਸਫੀ**, ਸ:—ਗਿਆਨ, ਤੱਤ ਵਿਦਯਾ, ਵਿਚਾਰ ॥

**ਫੀ**, ਵਿ:—ਹਰੇਕ, ਇਕ ਪਿੱਛੇ, ਇਕ ਦੇ ਲੇਖੇ, ਇੱਕ ਲਈ ॥

**[illegible]**<br>**ਫੀਹ** } ਸ:—ਮੈਸਾ, ਛੁੱਹਰ, ਰੋਕ ।

**ਫੀਸ**, ਸ:—ਪੜ੍ਹਾਈ ਦੀ ਕੀਮਤ, ਮਸੂਲ, ਮੇਹਨਤਾਨਾ ।

**ਫੀਸ ਕੋਰਟ**, ਪੁ:—ਅਦਾਲਤ ਦਾ ਅਸ਼ਟਾਮ ॥

**ਫੀਹਣਾ**<br>**ਫੀਹਣੀ** } ਵਿ:—ਜਿਸ ਦਾ ਨੱਕ ਚੌੜਾ ਹੋਵੇ ॥

**ਫੀਂਢੀ**, ਸ:—ਗੋਲੀਆਂ ਦੀ ਖੇਡ ਵਿਚ ਵਰਤਣ ਵਾਲੀ ਨਿੱਕੀ ਲੱਕੜੀ॥

**ਫੀਤਕੀ**<br>**ਫੀਥੁਕੀ** } ਸ:—ਇਕ ਪਤਲੀ ਲਚਕਦਾਰ ਲੱਕੜੀ ॥

**ਫੀਤਾ**, ਪੁ:—ਸੂਤ ਜ ਰੇਸ਼ਮ ਦੀ ਬਣੀ ਹੋਈ ਤੰਗ ਪੱਟੀ ॥

**ਫੀਂਡਾ**, ਪੁ:—ਛਾਲਾ (ਭਾਵੇਂ ਕਿਸੇ ਤਰਾਂ ਹੋ ਜਾਏ) ।

**ਫੀਮ**, ਸ:<br>**ਫੀਮਣ**, ਸ:<br>**ਫੀਮੀ**, ਪੁ: } 'ਅਫੀਮ' ਆਦਿਕ ਵੇਖੋ ।

**ਫੀਲ**, ਪੁ:—ਹਾਥੀ ॥

**ਫੀਲਾ**, ਪੁ:—ਸਤਰੰਜ ਦਾ ਹਾਥੀ (ਇੱਕ ਮੁਹਰਾ)॥

**ਫੁਆਰ**<br>**ਫੂਆਰ** } ਸ:—'ਫੁਹਾਰ' ਵੇਖੋ ॥

**ਫੁਆਰਾ**, ਪੁ:—ਉੱਪਰ ਨੂੰ ਪਾਣੀ ਚਾੜ੍ਹਨ ਵਾਲਾ ਛੇਕ, ਫੁੰਬ ॥

**ਫੁਸਕਣਾ**<br>**ਫੁਸ ਫੁਸ ਕਰਨਾ** } ਕ੍ਰਿ:—ਰੋਣਾ, ਵਿਰਲਾਪ ਕਰਨਾ ॥

**ਫੁਸ ਫੁਸਾਟ**, ਪੁ:—ਰੋਣ, ਵਿਰਲਾਪ ॥

**ਫੁਸਲਾਉਣਾ**, ਕ੍ਰਿ:—ਲੋਭ ਦੇ ਕੇ ਜਾਂ ਗੱਲਾਂ ਬਣਾਕੇ ਆਪਣੇ ਪਾਸੇ ਲਾਉਣਾ ॥

**ਫੁਹਾਰ**<br>**ਫੂਹਾਰ** } ਸ:—ਪਾਣੀ ਦੀਆਂ ਬੂੰਦਾਂ, ਨਿੱਕੇ ਨਿੱਕੇ ਕਤਰੇ ॥

**ਫੁਹਾਰਾ**, ਪੁ:—'ਫੁਆਰਾ' ਵੇਖੋ ॥

**ਫੁਕਣਾ**, ਕ੍ਰਿ:—ਜਲਾਣਾ, ਮੂੰਹ ਜਾਂ ਧੌਂਕਣੀ ਨਾਲ ਫੂਕ ਮਾਰਨੀ ॥

**ਫੁਕਲਾ**, ਵਿ:—ਬੇ ਮਜ਼ਾ, ਫਿੱਕਾ, ਬੇ ਸੁਆਦ ॥

Digitized by Panjab Digital Library | www.panjabdigilib.org

**ਫੁਕਾਉਣਾ,** ਕ੍ਰਿ:—ਸੜਵਾਉਣਾ, ਜਲਆਉਣਾ।

**ਫੁਕਾਰ**
**ਫੂਕਾਰ** } ਸ:—ਸੱਪ ਦੀ ਫੂਕ, ਸ਼ੇਰ ਦਾ ਸਾਹ ॥

**ਫੁਕਾਰਨਾ**
**ਫੂਕਾਰਨਾ** } ਕ੍ਰਿ:—ਫੂਕ ਮਾਰਨੀ, ਜ਼ੋਰ ਨਾਲ ਸਾਹ ਬਾਹਰ ਕੱਢਣਾ ॥

**ਫੂਕਾਰਾ,** ਪੁ:
**ਫੂਕਾਰੀ,** ਸ: } ਸੱਪ ਦੀ ਫੂਕਾਰ, ਸ਼ੇਰ ਦੀ ਫੂਕ।

**ਫੁੱਟ,** ਸ:—ਲੰਮਾ ਖਰਬੂਜ਼ਾ, ਅਣਮੇਲ, ਝਗੜਾ, ਪਰਾਣੇ ਧਸੇ ਦੇ ਤੇ ਪਾਟ ਜਾਣੇ ॥
ਪੁ:—ਗਜ਼ ਦਾ ਤੀਜਾ ਹਿੱਸਾ ॥

**ਫੁੱਟ ਫੁੱਟ ਕੇ ਰੋਣਾ,** ਕ੍ਰਿ:—ਜੀ ਖੋਲ ਕੇ ਰੋਣਾ।

**ਫੁਟਕਲ,** ਵਿ:—ਕੋਈ ਕਿਧਰੇ ਕੋਈ ਕਿਧਰੇ, ਵੱਖਰੇ ਵੱਖਰੇ।

**ਫੁਟਕਣੀ,** ਸ:—ਦਹੀਂ ਦੀ ਫੁੱਟੀ, ਦਾਗ, ਧੱਬਾ ॥

**ਫੁਟਕੀ,** ਸ:—ਅਣਜੋੜ, ਵਿਛੋੜਾ, ਬਰਬਾਦੀ (ਪੈ ਜਾਣੀ) ॥

**ਫੁਟਕੁਰ**
**ਫੁਟਕੜ** } ਵਿ:—ਖਿੰਡੀਆਂ ਹੋਈਆਂ ਚੀਜ਼ਾਂ ਜੁਦਾ ਜੁਦਾ ॥

**ਫੁੱਟ ਜਾਣਾ**
**ਫੁੱਟਣਾ** } ਕ੍ਰਿ:—ਟੁੱਟ ਕੇ ਖੁਲ੍ਹਣਾ, ਫੱਟਣਾ, ਉੱਬਲਣਾ, ਕਲੀਆਂ ਨਿਕਲਣਾ, ਉੱਗਣਾ ॥

**ਫੁੱਟ ਬਾਲ,** ਪੁ:—ਫੁੱਲਿਆ ਹੋਇਆ ਪੱਲਾ ਵੱਡਾ ਗੇਂਦ ਜਿਸ ਨੂੰ ਪੈਰ ਨਾਲ ਉਛਾਲ ਕੇ ਖੇਡਦੇ ਹਨ ॥

**ਫੁਰਾਉਣਾ,** ਕ੍ਰਿ:—ਫੁਰਾਪਣਾ, ਜਗਾਉਣਾ ॥

**ਫੁੱਟੀ,** ਸ:—ਡੋਡੇ ਵਿਚੋਂ ਜਿੰਨੀ ਕਪਾਹ ਨਿਕਲੇ, ਜਾਂ ਜਿੰਨੀ ਹੱਥੀ ਕਪਾਹ, ਰਤਾ ਕੁ ਦਹੀਂ, ਦਾਗ, ਧੱਬਾ॥

**ਫੁਟੇਲ,** ਵਿ:—ਅਲੱਗ, ਵੱਖਰਾ ॥

**ਫੁੰਡਣਾ,** ਕ੍ਰਿ:—ਨਿਸ਼ਾਨਾ ਮਾਰਨਾ, ਨਿਸ਼ਾਨਾ ਲਾਉਣਾ ॥

**ਫੁੰਡਾਉਣਾ,** ਕ੍ਰਿ:—ਨਿਸ਼ਾਨਾ ਲਗਾਉਣਾ ॥

**ਫੁੰਡਾਈ,** ਸ:—ਗੋਲੀ ਨਾਲ ਮਾਰਨ ਦਾ ਕੰਮ (ਖਾਣੀ)।

**ਫੁਣਸੀ,** ਸ:—ਬਹੁਤ ਨਿੱਕਾ ਫੋੜਾ, ਦਾਣਾ, ਫਿਰਮਣੀ ॥

**ਫੁਦਕਣਾ,** ਕ੍ਰਿ:—ਉੱਛਲਣਾ, ਕੁਦਣਾ, ਟੱਪਣਾ, ਖੁਸ਼ੀ ਨਾਲ ਨੱਚਣਾ ॥

**ਫੁਦਕੀ,** ਸ:—ਫੁਦਕਣ ਦਾ ਕੰਮ, ਇੱਕ ਨਿੱਕਾ ਪੰਖੇਰੂ ॥

**ਫੁੰਦਾ,** ਪੁ:—ਫੁੰਮਣ, ਲਟਕਣ ਵਾਲਾ ਰੇਸ਼ਮ ਦਾ ਫੁੱਲ ॥

**ਫੁੱਫੜ**
**ਫੁੱਫਾ** } ਪੁ:—ਪੇਉ ਦੀ ਭੈਣ ਦਾ ਘਰ ਵਾਲਾ ॥

**ਫੁਫਿਆਉਣਾ,** ਕ੍ਰਿ:—ਪੱਕ ਕੇ ਨਰਮ ਹੋ ਜਾਣਾ, ਪੋਲਾ ਹੋਣਾ, ਫੁੱਲਣਾ (ਫੋੜਾ, ਚਿਹਰਾ, ਧਰਤੀ ਮੀਂਹ ਨਾਲ) ॥

**ਫੁਫਿਔਹਰਾ,** ਪੁ:—ਸਹੁਰੇ ਦੀ ਭੈਣ ਦਾ ਘਰ ਵਾਲਾ ॥

**ਫੁੱਫੀ,** ਸ:—ਪੇਉ ਦੀ ਭੈਣ, ਭੂਆ ॥

Digitized by Panjab Digital Library | www.panjabdigilib.org

**ਫੁਫੇਹਸ,** ਸ:–ਸਹੁਰੇ ਦੀ ਭੈਣ ॥

**ਫੁਫੇਰਾ ਭਾਈ,** ਪੁ:–ਫੁੱਫੜ ਦਾ ਪੁਤ੍ਰ ॥

**ਫੁਫੇਰੀ ਭੈਣ,** ਸ:–ਫੁਫੜ ਦੀ ਧੀ ।

**ਫੁੰਮ੍ਹਣ,** ਪੁ:–ਲਟਕਣ ਵਾਲਾ ਰੇਸ਼ਮ ਦਾ ਫੁੱਲ ।

**ਫੁੰਮ੍ਹਣੀਆਂ,** ਸ: (ਬਹੁ:)–ਗੁਆਰੀ ਨਾਚ (ਪਾਉਣੀਆਂ) ।

**ਫੁਰਸਦ,** ਸ:–ਵੇਹਲ, ਅਰਾਮ, ਸਮਰਥ, ਅਛੀ ਹਾਲਤ, ਗਰੀਬੀ ਮਗਰੋਂ ਅਮੀਰੀ (ਹੋਣੀ, ਦੇਣੀ, ਮਿਲਣੀ) ॥

**ਫੁਰਕਣਾ,** ਕ੍ਰਿ:–ਫੜਕਣਾ, ਹੌਲੀ ਹੌਲੀ ਹਿਲਣਾ ॥

**ਫੁਰਕੜਾ,** ਪੁ:–ਨੱਕ ਵਿਚ ਹਵਾ ਦਾ ਜ਼ੋਰ ਨਾਲ ਕਢਣਾ, ਨੱਕ ਦਾ ਸਾਫ ਕਰਨ (ਘੋੜੇ, ਖੋਤੇ, ਖੱਚਰ ਦਾ) ॥

**ਫੁਰਤ, ਫੁਰਤ ਬਾਜ਼** } ਵਿ:–ਕਾਹਲਾ, ਤ੍ਰਿੱਖਾ, ਫੁਰਤੀ ਕਰਨ ਵਾਲਾ ॥

**ਫੁਰਤੀ,** ਸ:–ਕਾਹਲੀ, ਚੁਸਤੀ, ਤੇਜ਼ੀ ॥

**ਫੁਰਤੀਲਾ, ਫੁਰਤੈਲਾ** } ਵਿ:–ਫੁਰਤੀ ਕਰਨ ਵਾਲਾ, ਕਾਹਲਾ, ਚੁਸਤ ॥

**ਫੁਰਦਾ ਫੁਰਦਾ,** ਵਿ:–ਖੂਹ ਵਿੱਚੋਂ ਸੱਜਰਾ ਕਢਿਆ ਹੋਇਆ (ਪਾਣੀ) ॥

**ਫੁਰਨਾ, ਫੁਰਣਾ** } ਕ੍ਰਿ:–ਚੇਤੇ ਆਉਣਾ, ਆਸਾ ਹੋਣੀ, ਅਸਰ ਕਰਨਾ, ਫੈਲਣਾ ॥

ਪੁ:–ਮਨ ਦੀ ਹੱਡੀ ਦਾ ਫੁਰਿਆ, ਗਲ ਦਾ ਫ਼ਿਕਰ [illegible], ਵਿਚਾਰ, ਮਨੋਰਥ, ਪੱਕੀ ਸਲਾਹ ॥

**ਫੁਰਮਾਣ,** ਪੁ: 'ਫਰਮਾਣ' ਵੇਖੋ ॥

**ਫੁਰਕਾ,** ਪੁ:–'ਫੁਰਕੜਾ' ਵੇਖੋ ॥

**ਫੁਰਾਟਾ,** ਪੁ:–ਸੱਪ ਦਾ ਫੁੰਕਾਰਾ, ਘੋੜੇ ਦਾ ਫੁਰਕੜਾ, ਜ਼ੋਰ ਨਾਲ ਸਾਹ ਦਾ ਬਾਹਰ ਕੱਢਣਾ ਜਿਸ ਦੀ ਅਵਾਜ਼ ਆਵੇ (ਮਾਰਨਾ) ॥

**ਫੁੱਲ,** ਪੁ:–ਪੁਸ਼ਪ, ਬੂਟੇ ਦੀਆਂ ਕਲੀਆਂ, ਫਲ ਤੋਂ ਪਹਿਲੇ ਖਿੜਨ ਵਾਲਾ ਹਿੱਸਾ, ਫੁੱਲ ਦੀ ਸ਼ਕਲ ਦਾ ਸ਼ਿੰਗਾਰ, ਕੀਮਤ ਦਾ ਥਿੰਦੀ ਹੋਣਾ, [illegible] ਧਾਤ, ਧਾਤ ਦੀ ਪਿਆਲੀ, ਤਾਲੂ, ਉਂਗਲੀ ਦਾ ਸਿਰਾ, [illegible] ਪਰਨੀ ਮੇਲ, ਸਿਰ ਦੇ ਪਾਸੇ ਦਾ ਇਕ ਗਾਹਣਾ, ਬਹੁਤ ਬਰੀਕ ਖੰਡ, ਪਸ਼ੂ ਦੇ ਮੱਥੇ ਦਾ ਚਿੱਟਾ ਦਾਗ, ਹਿੰਦੂਆਂ ਦੇ ਮਰਦੇ ਹੋਏ ਸੜੀਆਂ ਹੱਡੀਆਂ, [illegible] ਵਰਗ ਪਾਕੇ ਚੁਆਈ [illegible] (ਕਰਨਾ) ਬਹੁਤ ਹੌਲੀ ਚੀਜ਼ ॥

**ਫੁੱਲ ਆਉਣੇ,** ਕ੍ਰਿ:–ਕੀਮਤ ਦਾ ਥਿੰਦੀ ਹੋਣਾ ॥

**ਫੁਲ ਚੁਗਣੇ, ਫੁੱਲ ਚੁਣਨੇ** } ਕ੍ਰਿ:–ਗੰਗਾ ਵਿਚ ਪਾਉਣ ਲਈ ਸੜੇ ਹੋਏ ਮੁਰਦੇ ਦੀਆਂ ਹੱਡੀਆਂ ਚੁਗਣੀਆਂ

**ਫੁੱਲ ਜੇਹਾ, ਫੁੱਲ ਵਰਗਾ** } ਵਿ:–ਬਹੁਤ ਹਲਕਾ, ਹੌਲਾ ॥

**ਫੁੱਲ ਝੜਨੇ (ਮੂੰਹ ਵਿਚੋਂ),** ਕ੍ਰਿ:–[illegible]ਗੀਆਂ ਅਤੇ ਮਨ ਭਉਂਦੀਆਂ ਗੱਲਾਂ ਕਰਨੀਆਂ ॥

**ਫੁੱਲਝੜੀ,** ਸ:–ਇਕ ਤਰ੍ਹਾਂ ਦੀ ਆਤਸ਼ਬਾਜ਼ੀ ।

**ਫੁੱਲ ਝਾੜਨਾ,** ਕ੍ਰਿ:–ਦੀਵੇ ਜਾਂ ਲੈਂਪ ਦੀ ਬੱਤੀ ਦਾ ਉੱਪਰਲਾ ਸੜਿਆ ਹੋਇਆ ਹਿੱਸਾ ਲਾਹ ਦੇਣਾ ॥

Digitized by Panjab Digital Library | www.panjabdigilib.org

**ਫੁੱਲ ਫੁੱਲ ਬਹਿਣਾ**, ਕ੍ਰਿ:—ਬਹੁਤ ਖੁਸ਼ ਹੋਣ ਅਤੇ ਆਕੜਨਾ ॥

**ਫੁਲਵਾੜੀ**, ਸ:—ਫੁੱਲਾਂ ਦਾ ਬਗੀਚਾ ।

**ਫੁਲਕਣਾ**, ਕ੍ਰਿ:—ਕਪੜਾ ਧੋ ਕੇ ਹੌਲਾ ਕਰਨਾ, ਕਈ ਹੌਲੀ ਜੇਹੀ ਮੂੰਹ ਵਿਚੋਂ ਫੂਕ ਨਾਲ ਛੁਡਾਉਣੀ ॥

**ਫੁਲਕਾ**, ਪੁ: } ਬਹੁਤ ਪਤਲੀ ਫੁੱਲੀ ਹੋਈ ਰੋਟੀ ।
**ਫੁਲਕੀ**, ਸ: }

ਵਿ:—ਹੌਲਕਾ (ਹਲਕਾ ਫੁਲਕਾ) ॥

**ਫੁਲਕਾਰੀ**, ਸ:—ਜਿਸ ਸਾਲੂ ਉੱਤੇ ਰੇਸ਼ਮ ਨਾਲ ਬੇਲ ਬੂਟੇ ਕੱਢੇ ਹੋਏ ਹੁੰਦੇ ਹਨ ।

**ਫੁੱਲ ਜਾਣਾ** }
**ਫੁੱਲਣਾ** } ਕ੍ਰਿ:—ਮੋਟਾ ਹੋਣਾ, ਆਕਾਰ ਵਧ ਜਾਣਾ, ਖਿੜਨਾ, ਖੁਸ਼ ਹੋਣਾ, ਅਭਿਮਾਨ ਹੋ ਜਾਣਾ, ਸੁੱਜਣਾ ॥

**ਫੁਲ ਫੁਲਾੜੇ**, ਸ:—ਵਿਖਰਾ, ਪਸੂ ਦੇ ਮੱਥੇ ਦਾ ਚਿਟਾ ਦਾਗ ।

**ਫੁਲ ਬੈਹਰੀ** }
**ਫੁਲ ਬੈਹਿਰੀ** } ਸ:—ਪਿੰਡੇ ਦਾ ਇੱਕ ਰੋਗ, ਚਿੱਟੇ ਦਾਗ ॥

**ਫੁੱਲਾ**, ਪੁ:—ਜਿਸ ਬਲਦ ਦੇ ਮੱਥੇ ਉੱਤੇ ਚਿੱਟਾ ਦਾਗ ਹੋਵੇ, ਮਕਈ ਦਾ ਦਾਣਾ ਜੋ ਭੁੱਜ ਕੇ ਫੁੱਲ ਗਿਆ ਹੈ ॥

**ਫੁਲਾਉ**, ਪੁ:—ਫੁੱਲ ਜਾਣ ਦੀ ਹਾਲਤ, ਮੌਜ, ਭੜਕ ਦਾਰ ਪੁਸ਼ਾਕ, ਜਲੌ, ਵਿਖਾਵਾ, ਬਾਹਰਲਾ ਨਮੂਨਾ ॥

**ਫੁਲਾਉਣਾ**, ਕ੍ਰਿ:—ਖੁਸ਼ ਕਰਨਾ, ਵਡਿਆਈ ਕਰਕੇ ਹੰਕਾਰ ਵਿੱਚ ਲਿਆਉਣਾ, ਆਕਾਰ ਵਧਾਉਣਾ, ਵਾਧੂ ਕਰਨੀ ॥

**ਫੁਲਾਹ** }
**ਫੁਲਾਹੀ** } ਸ:—ਇੱਕ ਰੁੱਖ ਜਿਸਦੀਆਂ ਦਾਤਣਾ ਬਣਦੀਆਂ ਹਨ।

**ਫੁਲਾਟ**, ਸ:—ਖਲੇਰ, ਮੌਜ, ਵਿਖਾਵਾ, ਭੜਕ ॥

**ਫੁਲਿਆ**, ਪੁ:—'ਫੁਲਾ' ਵੇਖੋ।

**ਫੁੱਲੀ**, ਸ:—ਜਿਸ ਗਊ ਦੇ ਮੱਥੇ ਉੱਤੇ ਚਿੱਟਾ ਦਾਗ ਹੋਵੇ, ਇੱਕ ਅਛੀ ਕਿਸਮ ਦਾ ਖਾਰ ॥

**ਫੁੱਲੀਆਂ**, ਸ:—(ਬਹੁ:)—ਛੋਲ ਆਦਿਕਾਂ ਦੇ ਦਾਣੇ ਭੁੱਜ ਕੇ ਫੁੱਲੇ ਹੋਏ ॥

**ਫੁਲੇਰਾ**, ਪੁ:—ਫੁੱਲ ਵੇਚਣ ਵਾਲਾ ॥

**ਫੁਲੇਲ**, ਪੁ:—ਫੁੱਲਾਂ ਦੇ ਅਤਰ ਵਾਲਾ ਤੇਲ ॥

**ਫੁੱਲੋ**, ਸ:—ਜਿਸ ਗਊ ਦੇ ਮੱਥੇ ਉੱਤੇ ਚਿੱਟਾ ਦਾਗ ਹੋਵੇ ॥

**ਫੁਲੌਰੀ**, ਸ:—ਵੇਸਣ ਦੀ ਇੱਕ ਤਲੀ ਹੋਈ ਚੀਜ ॥

**ਫੁਕ ਫੁਕ**, ਪੁ:—ਥੋੜੀ ਥੋੜੀ ਹਵਾ ਨੱਕਾਂ ਵਿਚੋਂ ਜੋਰ ਨਾਲ ਕੱਢਣੀ ॥

**ਫੁੜਿਆਹਣ** }
**ਫੁੜਿਆਂਧ** }
**ਫੁੜਿਆਨ੍ਹ** } ਸ:—ਖਿੰਘੀ ਬੋ, ਬਾਲ ਜਾਂ ਪਰ ਆਦਿਕਾਂ ਦੇ ਸੜਨ ਦੀ ਬਦਬੋ ।

**ਫੂਸ**, ਪੁ:—ਪੁਰਾਣਾ ਸੁੱਕਾ ਘਾਹ ਜਾਂ ਕੱਖ, ਬੁੱਢਾ ਜਾਂ ਬੁੱਢੀ ॥

**ਫੂਸੜੇ**, ਪੁ:—(ਬਹੁ:) ਲੀਰਾਂ, ਪਾਟੇ ਪੁਰਾਣੇ ਕਪੜੇ ॥

**ਫੂਹੜ**, ਸ:—'ਫੁਹਾਰ' ਵੇਖੋ ॥

Digitized by Panjab Digital Library / www.panjabdigilib.org

**ਫੂਹੜ,** ਸ:—ਪੁ:—ਸਫ, ਚਟਾਈ, ਬੁੰਨ੍ਹੀ ਘਰ ਵਾਲੀ ॥

ਵਿ:—ਅਣ ਪੜ੍ਹ, ਮੂਰਖ, ਬੇ ਪਰਵਾਹ, ਬਕਵਾਦੀ ।

**ਫੂਹੜਾ,** ਪੁ:-ਗੰਦ ਬਕਣ ਵਾਲਾ, ਪੱਛੀਆਂ ਦੀ ਬਣੀ ਹੋਈ ਮੋਟੀ ਸਫ। ਚਟਾਈ॥

**ਫੂਹੜੀ,** ਸ:-ਚਟਾਈ, ਮੋਟੀ ਸਫ ॥

**ਫੂਹੜੀ ਪਾਉਣੀ,** ਕ੍ਰਿ:-ਕਿਸੇ ਸਰਬੰਧੀ ਦੇ ਮਰ ਜਾਣ ਤੇ ਹਿੰਦੂਆਂ ਦੀਆਂ ਤੀਮਤਾਂ ਦਾ ਘਰ ਵਿੱਚ ਫੂਹੜੀ ਵਿਛਾ ਕੇ ਵਰ੍ਹਾ ਜਾਂ ਛੇ ਮਹੀਨੇ ਸਿਆਪਾ ਕਰਨਾ, ਕਿਸੇ ਕੰਮ ਦੀ ਖਾਤਰ ਧਰਨਾ ਮਾਰ ਕੇ ਬਹਿਣਾ ॥

**ਫੂਹੀ,** ਸ:-ਬੂੰਦ, ਮੀਂਹ ਦੀ ਨਿੱਕੀ ਜੇਹੀ ਕਣੀ॥

**ਫੂਹੀ ਪਾਉਣੀ,** ਕ੍ਰਿ:—ਹਿੰਦੂਆਂ ਦੇ ਘਰ ਕਿਸੇ ਨੂੰ ਮਾਤਾ ਨਿਕਲ ਕੇ ਮੁੜ ਜਾਏ ਤਾਂ ਸੀਤਲਾ ਪੂਜਣੀ ॥

**ਫੂਕ,** ਸ:-ਮੂੰਹ ਜਾਂ ਧੌਂਕਣੀ ਨਾਲ ਜੋ ਵਾਉ ਵਗਾਈ ਜਾਵੇ (ਮਾਰਨੀ) ਸਾਹ, ਹੁੰਕਾਰ॥

**ਫੂਕ ਚਾੜ੍ਹਨੀ,** ਕ੍ਰਿ:—ਕਿਸੇ ਨੂੰ ਲੜਾਈ ਵਾਸਤੇ ਉਕਸਾਉਣਾ॥

**ਫੂਕ ਨਿਕਲਣੀ,** ਕ੍ਰਿ:—ਮਰ ਜਾਣਾ॥

**ਫੂਕਣਾ,** ਕ੍ਰਿ:—ਫੂਕ ਮਾਰਨੀ, ਸਾੜਨਾ, ਜਾਲਣਾ ॥

**ਫੂਕਣੀ,** ਸ:—ਫੂਕ ਮਾਰਨ ਵਾਲਾ ਜੰਤ੍ਰ, ਧੌਂਕਣੀ

**ਫੂਕਾ ਸਾੜ੍ਹੀ,** ਸ:-ਸੈਣਾ ਬਣਾਉਣ ਦੀ ਆਸ ਤੇ ਧਾੜਾ ਸਾੜਨਾ ॥

**ਫੂਟ,** ਸ:—ਅਣਸੰਗ, ਵਿਛੜਨਾ, ਵਿਗਾੜ (ਪੈਣੀ) ॥

**ਫੂਤਕ,** ਪੁ:-ਇੱਕ ਦੂਆ, ; ਸ਼ੀਸ਼ਾ ਮਾਰਿਆ ਹੋਯਾ ॥

**ਫੂਨ੍ਹੀ ਫਾਂ**<br>**ਫੂਨ੍ਹੀ ਫੂੰ** } ਸ:—ਆਕੜ, ਸ਼ੇਖੀ (ਕਰਨੀ) ।

**ਫੂਲ,** ਪੁ:-ਪਟਿਆਲਾ ਜੀਂਦ ਅਤੇ ਨਾਭਾ ਦੇ ਮਹਾਰਾਜਿਆਂ ਦੇ ਵੱਡੇ ਦਾ ਨਾਉਂ ॥

ਸ:—ਜਿਸ ਮਾਹਿ ਦੇ ਮੱਥੇ ਪੁਰ ਚਿਟਾ ਦਾਗ ਹੋਵੇ।

**ਫੂਲ ਕਰਨ,** ਪੁ:-ਕੰਨ ਦਾ ਇਕ ਗਹਿਣਾ॥

**ਫੂਲਕੀਆਂ,** ਸ:-ਵਿ:-ਸਿੱਖਾਂ ਦੀ ਇੱਕ ਮਿਸਲ, ਉਹ ਰਿਆਸਤਾਂ ਜਿਨ੍ਹਾਂ ਵਿੱਚ ਫੂਲ ਦੀ ਉਲਾਦ ਰਾਜ ਕਰਦੀ ਹੈ ॥

**ਫੂਲ ਮਖਾਣਾ,** ਪੁ:-ਇੱਕ ਪਾਣੀ ਵਿੱਚ ਉੱਗਣ ਵਾਲਾ ਬੂਟਾ ॥

**ਫੂਲੀ,** ਪੁ:-ਰਾਹ ਵਿੱਚ ਪਾਉਣ ਵਾਲਾ ਸੋਂਬਾ॥

**ਫੂਲ੍ਹ,** ਪੁ:-ਜਿਸ ਸੰਢੇ ਦੇ ਮੱਥੇ ਉੱਤੇ ਚਿੱਟਾ ਦਾਗ ਹੋਵੇ ॥

**ਫੂੜ੍ਹ**<br>**ਫੂੜ੍ਹੀ** } 'ਫੂਹੜ' 'ਫੂਹੜੀ' ਵੇਖੋ ॥

**ਫਣ,** ਸ:-ਕਮਰ ਕਸਾ, ਤਿਆਰੀ, ਛੇੜੀ ਕੀਮਤ॥

**ਫੇੱਟਾ,** ਪੁ:<br>**ਫੇੱਟੀ,** ਸ: } ਬਿਪਤਾ, ਸੋਖ (ਪੈਣਾ, ਪੈਣੀ), ਊਠਾਂ ਅਤੇ ਕੁੱਤਿਆਂ ਦਾ ਇਕ ਰੋਗ।

ਵਿ:-ਵਿੰਗਾ, ਬਿਅਰਥ ॥

Digitized by Panjab Digital Library | www.panjabdigilib.org

**ਫੇਣੀ,** ਸਃ—ਇੱਕ ਮੈਦੇ ਦੀ ਤਲੀ ਹੋਈ ਚੀਜ਼ ਜੋ ਦੁੱਧ ਵਿਚ ਪਾਕੇ ਖਾਂਦੇ ਹਨ ॥

**ਫੇਰ,** ਪੁਃ—ਘੇਰਾ, ਚੱਕਰ, ਮੋੜ, ਔਖ, ਘਬਰਾਣ । ਕ੍ਰਿਃ-ਵਿਃ—ਦੂਜੀ ਵਾਰ, ਮੁੜ, ਤਦ ॥

**ਫੇਰ ਘੇਰ,** ਪੁਃ—ਚੱਕਰ, ਅਗਾਂਹ ਪਛਾਂਹ ਹੋਣਾ, ਧੋਖਾ ਬਹਾਨਾ ॥

**ਫੇਰ ਦੇਣਾ,** ਕ੍ਰਿਃ—ਘੁਮਾਉਣਾ, ਮੋੜਨਾ ॥

**ਫੇਰ ਲੈਣਾ,** ਕ੍ਰਿਃ—ਦਿੱਤੀ ਹੋਈ ਸ਼ੈ ਮੁੜ ਲੈ ਲੈਣੀ ॥

**ਫੇਰ ਵਿੱਚ ਆਉਣਾ,** ਕ੍ਰਿਃ—ਔਖ ਵਿਚ ਫਸ ਜਾਣਾ ॥

**ਫੇਰਨਾ,** ਕ੍ਰਿਃ—ਘੁਮਾਉਣਾ, ਮੋੜਨਾ, ਮੁੜ ਦੇ ਦੇਣਾ ॥

**ਫੇਰਮਾਂ / ਫੇਰਵਾਂ** } ਵਿਃ—ਫੇਰਨ ਦੇ ਜੋਗ, ਮੋੜਨ ਵਾਲਾ, ਇਕ ਦੀ ਥਾਂ ਦੂਜਾ ॥

**ਫੇਰਮਾਂ, (ਵਾਂ) ਚੁੱਲ੍ਹਾ,** ਪੁਃ—ਜੋ ਮਨੁੱਖ ਸਦਾ ਬਦਲਦਾ ਰਹੇ ।

**ਫੇਰਮਾਂ (ਵਾਂ) ਘੇਰਮਾਂ (ਵਾਂ),** ਕ੍ਰਿਃ—ਵਿਃ—ਕਦੇ ਇਕ ਕਦੇ ਦੂਆ, ਵਾਰੀ ਵਾਰੀ ਬਦਲ ਕੇ ।

**ਫੇਰਾ,** ਪੁਃ—ਚੱਕਰ, ਦੌਰਾ, ਲਾਵਾਂ (ਫੇਰੇ) ॥

**ਫੇਰ ਘੇਰਾ / ਫੇਰਾ ਤੋਰਾ** } ਪੁਃ—ਆਉਣਾ ਜਾਣਾ, ਮੇਲ ਗੋਲ ॥



**ਫੇਰਾ ਦੇਣਾ,** ਕ੍ਰਿਃ—ਘੁਮਾਉਣਾ, ਗਿਰਦ ਚਲਣਾ ॥

**ਫੇਰੇ ਜਾਣਾ,** ਕ੍ਰਿਃ—ਚੀਜ਼ਾਂ ਵੇਚਣ ਵਾਸਤੇ ਥਾਂ ਥਾਂ ਫਿਰਨਾ ॥

**ਫੇਰੇ ਦੇਣਾ,** ਕ੍ਰਿਃ—ਲਾਵਾਂ ਦੇਣੀਆਂ, ਵਿਆਹ ਕਰਨਾ ॥

**ਫੇਰੇ ਪਾਉਣਾ,** ਕ੍ਰਿਃ—ਕਈ ਵਾਰ ਆਉਣਾ ॥

**ਫੇਰੀ,** ਸਃ—ਵਾਰੀ, ਦੌਰਾ, ਚੱਕਰ, ਘੇਰਾ, ਭਿੱਖ ਅਸੀਸ, ਫ਼ਕੀਰ ਦਾ ਫੇਰਾ ॥

**ਫੇਰੀ ਘੇਰੀ,** ਸਃ—ਫਿਰਨਾ ਤੁਰਨਾ, ਆਉਣਾ ਜਾਣਾ ॥

**ਫੇਰੀ ਪਾਉਣਾ,** ਕ੍ਰਿਃ—ਭਿੱਖ ਮੰਗਣ ਲਈ ਜਾਣਾ ।

**ਫੇਰੀ ਫਿਰਨਾ,** ਕ੍ਰਿਃ—ਚੱਕਰ ਲਾਉਣਾ, ਭਿੱਖ ਮੰਗਦੇ ਫਿਰਨਾ, ਮਾਲ ਵੇਚਦੇ ਫਿਰਨਾ ॥

**ਫੇਰੀ ਵਾਲਾ,** ਪੁਃ ਫਿਰ ਕੇ ਚੀਜ਼ਾਂ ਵੇਚਣਵਾਲਾ, ਫ਼ਕੀਰ ॥

**ਫੇਲ,**— ਵਿਃ—ਜੋ ਇਮਤਿਹਾਨ ਵਿੱਚ ਪਾਸ ਨਾਂ ਹੋਵੇ

**ਫੇੜ,** ਸਃ—ਬਦੀ, ਸ਼ਰਾਰਤ, ਖਰਾਬੀ ।

**ਫੇੜ ਨੂੰ ਫੜਨਾ,** ਕ੍ਰਿਃ—ਆਪਣੇ ਬੁਰੇ ਕੰਮ ਦਾ ਫਲ ਪਾਉਣਾ ।

**ਫੇੜਨਾ,** ਕ੍ਰਿਃ—ਖਰਾਬੀ ਕਰਨਾ, ਵਿਗਾੜਨਾ ।

Digitized by Panjab Digital Library | www.panjabdigilib.org

**ਫ਼ੈਸ਼ਨ,** ਪੁ:—ਨਵਾਂ ਢੰਗ, ਪੁਸ਼ਾਕ ਦਾ ਨਮੂਨਾ, ਉਸ ਨਮੂਨੇ ਮੁਜਿਬ ਜੋ ਚਾਲਢਾਲ ਕੰਮ ਸੁਆਈ ਵਿੱਚ ਹੋਵੇ ॥

**ਫ਼ੈਸ਼ਨੇਬਲ,** ਵਿ:—ਫੈਸ਼ਨ ਦੇ ਮੁਤਾਬਕ ।

**ਫ਼ੈਸਲਾ, ਫੈਸਲਾ** } ਪੁ:—ਨਿਆਉਂ, ਨਿਬੇੜਾ ਬੰਦੋਬਸਤ (ਕਰਨਾ), ਫਾਸਲਾ ॥

**ਫੈਹਾ,** ਪੁ:—'ਫਹਾ' ਵੇਖੋ ॥

**ਫ਼ੈਕਟਰੀ,** ਸ:—ਕਾਰਖਾਨਾ ਚੀਜ਼ਾਂ ਦੇ ਬਣਨ ਦੀ ਥਾਂ ॥

**ਫੈਂਚਾ,** ਪੁ:—ਕੱਚੇ ਰੇਸ਼ਮ ਦਾ ਗੱਠਾ ॥

**ਫੈਜ,** ਪੁ:—ਫੈਦਾ, ਮਿਹਰ ਬਾਨੀ, ਗੌਣਾ, ਦਾਨ, ਉਪਕਾਰ ।

**ਫੈਜ ਬਖ਼ਸ਼, ਫੈਜ ਮੰਦ** } ਵਿ:—ਮਿਹਰਬਾਨ, ਦਾਤਾ, ਜੋ ਫੈਦਾ ਪੁਚਾਵੇ ॥

**ਫੈਂਟ,** ਸ:—ਗੋਂਦੀ, ਪੇਟੀ, ਕਮਰਬੰਦ ॥

**ਫੈਂਟਾ,** ਸ:—ਛੋਟੀ ਪਗੜੀ ॥

**ਫੈਣ,** ਵਿ:—ਬਹੁਤ ਚੋੜਾ, ਵੱਡਾ (ਹੋਣਾ, ਹੋ ਜਾਣਾ) ॥

**ਫ਼ੈਣ,** ਸ:—ਢੰਗ, ਉਪਰ ਆਈ ਹੋਈ ਸੈ

**ਫੈਦਾ,** ਪੁ: ਲਾਭ, ਲਾਹਾ, ਗੁਣ, ਚੰਗਾ ਅਸਰ, ਫਲ ॥

**ਫੈਦੇ ਦਾਰ,** ਵਿ:—ਜਿਸ ਦਾ ਕੁਝ ਫੈਦਾ ਹੋਵੇ ॥

**ਫ਼ੈਰ, ਫ਼ੈਲ** } ਸ:—ਗੋਲੀਆਂ ਚਲਾਉਣ ਦਾ ਕੰਮ (ਕਰਨਾ) ॥

**ਫੈਲਸੂਫ,** ਪੁ:—ਸ਼ੇਖੀ ਖੋਰਾ, ਧੋਖਾ, ਫਲਾਫ, ਉਡਾਉ ।

**ਫੈਲਸੂਫੀ,** ਸ:—ਸ਼ੇਖੀ, ਫਲਾਫੀ, ਬਹੁਤ ਖਰਚ ਕਰਨਾ ।

**ਫੈਲਣ,** ਸ:-ਵਿ:—ਖਰਾਬ, ਭੈੜੇ ਕਾਜ, ਦੁਸ਼ਟ ॥

**ਫੈਲਣਾ, ਫੈਲਰਨਾ** } ਕ੍ਰਿ:—ਖਿਲਰਨਾ, ਖੁਲ੍ਹਣਾ, ਉੱਗ ਕੇ ਵਧਣਾ ।

**ਫੈਲਾਉ,** ਪੁ: **ਫੈਲਾਉਟ,** ਸ: } ਖਲੇਰਾ, ਪਸਾਰਾ, ਵਾਧਾ, ਪ੍ਰਚਾਰ ॥

**ਫੈਲਾਉਣਾ,** ਕ੍ਰਿ:—ਖਲੇਰਨਾ, ਚੋੜਾ ਕਰਨਾ, ਲੰਮਾ ਲੇਖਾ ਕਰਨਾ, ਪ੍ਰਚਾਰ ਕਰਨਾ ॥

**ਫੈਲਾਰ,** ਪੁ:—ਖਲੇਰਾ, ਵਾਧਾ, ਪਸਾਰਾ ॥

**ਫੈਲਾਰਨਾ,** ਕ੍ਰਿ:—ਖਲੇਰਨਾ, ਵਧਾਉਣਾ, ਉਗਾਉਣਾ, ਫਲਣਾ ॥

**ਫੈਲੀ,** ਵਿ:—ਖਰਾਬ, ਭੈੜੇ ਕਾਜ, ਦੁਸ਼ਟ, ਲੱਚਾ ॥

**ਫੋਇਲਸਾਹ,** ਪੁ:—ਜਿਸ ਉੱਤੇ ਬਿਜਲੀ ਪਏ ॥

**ਫੋਸ,** ਪੁ:—ਸੱਜਰਾ ਗੋਹਾ ॥

**ਫੋਸੜ,** ਪੁ:—ਨਿਕੰਮਾ ਮਨੁੱਖ, ਢਿੱਲਾ, ਸੁਸਤ ॥

**ਫੋਸੀ,** ਸ:—ਸੱਜਰੇ ਗੋਹੇ ਦੀ ਢਲੀ ॥

**ਫੋਹਾ,** ਪੁ:—ਪਾਣੀ ਦਾ ਬਤ ।

Digitized by Panjab Digital Library | www.panjabdigilib.org

**ਫੋਕ,** ਪੁ:—ਫੋਕਟ, ਫੋਗ (ਫੋਕੋਂ ਵੇਖੋ)॥

**ਫੋਕਟ,** ਪੁ:—ਰੱਦੀ, ਨਿਕੰਮੀ ਵਸਤ, ਰਸ ਕੱਢਣ ਮਗਰੋਂ ਜੋ ਸੁੱਕੀ ਮੈਲ ਬਚ ਰਹੇ॥

**ਫੋਕਲਾ,** ਵਿ:—ਬੇ ਸੁਆਦ, ਫਿੱਕਾ ਫੂਕਲਾ॥

**ਫੋਕੜ, ਫੋਕਾ,** ਵਿ:—ਖਾਲੀ, ਸੁੱਕਾ, ਬੇ ਸੁਆਦ, ਜਿਸ ਦਾ ਕੁਝ ਅਸਰ ਨਹੀਂ॥

**ਫੋਕੀ,** ਸ:—ਸਿੰਬੀ ਜੋ ਪਿੰਡੇ ਉੱਤੇ ਲਾਈ ਜਾਂਦੀ ਹੈ॥

**ਫੋਗ,** ਪੁ:—ਬਚੀ ਹੋਈ ਮੈਲ, ਹਲਕਾ ਪਨ॥

**ਫੋਟ,** ਵਿਸਮਕ:—ਫਿੱਟੇ ਮੂੰਹ! ਚੁੱਪ ਕਰ, ਮੋਰ॥

**ਫੋਟਕ,** ਪੁ:—ਫੋਕਟ, ਮੈਲ, ਅਣਜੋੜ, ਬਖੇੜਾ॥

**ਫੋਟੋ, ਫੋਟੋਗ੍ਰਾਫ,** ਪੁ:—ਸੂਰਜ ਦੇ ਚਾਨਣ ਦੇ ਅਕਸ ਨਾਲ ਜੋ ਤਸਵੀਰ ਬਣੇ॥

**ਫੋਟੋਗ੍ਰਾਫ਼ਰ,** ਪੁ:—ਫੋਟੋ ਦੀ ਤਸਵੀਰ ਖਿੱਚਣ ਵਾਲਾ॥

**ਫੋਟੋਗ੍ਰਾਫ਼ੀ,** ਸ:—ਫੋਟੋ ਦੀ ਤਸਵੀਰ ਖਿੱਚਣ ਦਾ ਹੁਨਰ ਜਾਂ ਕੰਮ॥

**ਫੋਨਾ,** ਪੁ:—ਨਲ, ਪਤਾਲੂ॥

**ਫੋਨੂ ਗ੍ਰਾਫ਼, ਫੋਨੋ ਗ੍ਰਾਫ਼,** ਪੁ:—ਜਿਸ ਮਸ਼ੀਨ ਵਿੱਚ ਅਵਾਜ਼ ਦਰਜ ਹੋਕੇ ਮੁੜ ਉਸੇ ਤਰ੍ਹਾਂ ਆਉਂਦੀ ਹੈ।

**ਫੋਲਣਾ,** ਕ੍ਰਿ:—ਨਿਖੇੜਨਾ, ਢਿਲਾ ਕਰਨਾ, ਪੁੰਣਨਾ, ਬਾਹਰ ਕਢਣਾ।

**ਫੋੱਲਾ,** ਪੁ:—ਅੱਖ ਦੇ ਵਿੱਚ ਦਾ ਚਿੱਟਾ ਦਾਗ, ਚਿੱਟਾ॥

**ਫੋਲੀ,** ਸ:—ਨਹਿਰ ਦੇ ਪਾਣੀ ਦੀ ਧਾਰ॥

**ਫੋਲੂਕ, ਫੋਲੂਰ, ਫੱਲੂੜ,** ਪੁ:—ਫੋਕ, ਛੋਹ, ਸੁਹੜੀ, ਥੱਲੇ ਬਹਿਣ ਵਾਲੀ ਮੈਲ॥

**ਫੋੜਨਾ,** ਕ੍ਰਿ:—ਤੋੜਨਾ, ਵੱਖ ਵੱਖ ਕਰਨਾ॥

**ਫੋੜਾ,** ਪੁ:—ਪਿੰਡੇ ਉੱਤੇ ਹੋਈ ਉੱਭਰੀ ਹੋਈ ਥਾਂ ਜਿਸ ਵਿੱਚ ਪਾਕ ਪਈ ਹੋਵੇ ਅਤੇ ਪੀੜ ਹੋਵੇ।

**ਮੋਗਲੀ ਫੋੜਾ,** ਪੁ:—ਇਕ ਡਰਾਂਦਾ ਬਹੁਤ ਚਿਰ ਰਹਿਣ ਵਾਲਾ ਫੋੜਾ॥

**ਫੌਹ,** ਪੁ:—ਧੋਖਾ, ਛਲ, ਆਪਣਾ ਕੰਮ ਕੱਢਣ ਨੂੰ ਝੂਠ ਬੋਲਣਾ (ਮਾਰਨਾ)॥

**ਫੌਹੜਾ,** ਪੁ:—ਫੌੜਾਂ ਵੇਖੋ॥

**ਫੌਹੀ,** ਸ:—ਗਿੱਦੜੀ॥

**ਫੌਜ,** ਸ:—ਸਿਪਾਹੀਆਂ ਦਾ ਕੱਠ, ਸੈਨਾ, ਪਲਟਣ॥

**ਫੌਜਦਾਰ,** ਪੁ:—ਫੌਜ ਦਾ ਅਫ਼ਸਰ, ਫੌਜਦਾਰੀ ਦੇ ਮੁਕੱਦਮੇ ਨਿਬੇੜਨ ਵਾਲਾ ਹਾਕਮ, ਮਹੰਤ।

**ਫੌਜਦਾਰੀ,** ਸ:—ਫੌਜਦਾਰ ਦਾ ਹੁੱਦਾ, ਲੜਾਈ ਦੰਗਾ ਕਰਕੇ ਅਮਨ ਤੋੜਨਾ, ਦੰਗੇ ਦਾ ਮੁਕੱਦਮਾ, ਜਿਸ ਅਦਾਲਤ ਵਿੱਚ ਅਜੇਹਾ ਮੁਕੱਦਮਾ ਹੋਵੇ॥

Digitized by Panjab Digital Library | www.panjabdigilib.org

**ਫੌਜਦਾਰੀ ਕਰਨੀ,** ਕ੍ਰਿ:—ਦੰਗਾ ਆਦਿਕ ਕਰਨਾ ॥

**ਫੌਜਦਾਰੀ ਵਿੱਚ ਫਸਾਣਾ,** ਕ੍ਰਿ:—ਕਿਸੇ ਉੱਤੇ ਫੌਜਦਾਰੀ ਮੁਕੱਦਮਾ ਚਲਾਉਣਾ ॥

**ਫੌਜ ਵਿੱਚ ਭਰਤੀ ਹੋਣਾ,** ਕ੍ਰਿ:—ਫੌਜ ਵਿੱਚ ਨੌਕਰ ਹੋ ਕੇ ਸਿਪਾਹੀ ਬਣ ਜਾਣਾ।

**ਫੌਜੀ,** ਪੁ:-ਵਿ:-ਫੌਜ ਦਾ, ਫੌਜ ਦਾ ਸਿਪਾਹੀ ਜਾਂ ਅਫ਼ਸਰ ॥

**ਫੌਤ ਹੋਣਾ,** ਕ੍ਰਿ:—ਮਰ ਜਾਣਾ ॥

**ਫੌਤੀ ਨਾਮਾ,** ਪੁ:—ਜਿਸ ਲਿਖਤ ਵਿੱਚ ਕਿਸੇ ਦੀ ਮੌਤ ਦੀ ਖਬਰ ਹੋਵੇ ਅਤੇ ਵਾਰਸਾਂ ਦੇ ਨਾਉਂ ਲਿਖੇ ਹੋਣ ।

**ਫੌਲਾਦ,** ਪੁ:—ਇਕ ਤਰਾਂ ਦਾ ਪੱਕਾ ਲੋਹਾ ॥

**ਫੌੜ,** ਪੁ:—ਸ਼ੇਖੀ, ਝੂਠ, ਫਰੇਬ ॥

## ਬ

**ਬ,** ਪੁ:—ਗੁਰਮੁਖੀ ਪੈਂਤੀ ਦਾ ਅਠਾਈਵਾਂ ਅੱਖਰ, ਬੱਬਾ ॥

**ਬਈ,** ਵਿਸਮਕ:—ਭਾਈ, ਕਿ, ਪਈ, ਬਈ, ਮੈਂ ਕਹਿੰਦਾ ਹਾਂ ॥

**ਬੱਸ,** ਪੁ:—ਤਾਕਤ, ਅਖਤਿਆਰ, ਮੌਕਾ, ਬਹੁਤ, ਬਥੇਰਾ ॥
ਵਿਸਮਕ:-ਠਹਿਰ ਜਾਓ। ਹੋਰ ਨਹੀਂ ॥

**ਬੱਸ ਕਰਨਾ,** ਕ੍ਰਿ:—ਕਾਬੂ ਕਰਨਾ, ਮੁਕਾਉਣਾ, ਰੁਕ ਜਾਣਾ ।

**ਬੱਸ ਵਿੱਚ ਆਉਣਾ,** ਕ੍ਰਿ:—ਦੂਏ ਦੇ ਅਧੀਨ ਹੋ ਜਾਣਾ ॥

**ਬੰਸ,** ਪੁ:—ਉਲਾਦ, ਕੁਲ, ਨਸਲ, ਘਰਾਣਾ ॥

**ਬੰਸਣ,** ਸ:—ਬੰਸ ਜਾਂ ਕੁਲ ਦੀ (ਕਬੀਰ ਬੰਸਣ ਆਦਿਕ) ॥

**ਬਸਣਾ,** ਕ੍ਰਿ:—ਰਹਿਣਾ, ਪ੍ਰ:-ਜਿੱਥੇ ਕੋਈ ਬਸੇ ॥

**ਬਸਤ,** ਸ:—ਚੀਜ਼, ਸ਼ੈ, ਜਿਨਸ, ਮਨਿਆਈ ॥

**ਬਸੰਤ,** ਪੁ:—ਉਨ੍ਹਾਲ ਤੋਂ ਪਹਿਲੀ ਰੁੱਤ, ਬਹਾਰ, ਇਕ ਰਾਗ ॥

**ਬਸੰਤ ਖਿੜਨਾ,** ਕ੍ਰਿ:—ਬਸੰਤ ਰੁੱਤ ਵਿੱਚ ਫੁਲ ਦਾ ਖਿੜਨਾ ॥

**ਬਸੰਤ ਪੰਚਮੀ,** ਸ:—ਮਾਘ ਦੇ ਸੁਕਲਾ ਪੱਖ ਦੀ ਪੰਜਵੀਂ ਥਿੱਤ ਜੋ ਹਿੰਦੂਆਂ ਦਾ ਇਕ ਤਿਹਾਰ ਹੈ ॥

**ਬਸੰਤ ਫੁੱਲਣੀ,** ਕ੍ਰਿ:—ਸਰ੍ਹੋਂ ਦੇ ਫੁੱਲ ਨਿਕਲਣੇ ॥

**ਬਸੰਤ ਮਾਲਤੀ,** ਸ:—ਖੰਘ ਤਾਪ ਦੀ ਇਕ ਕੀਮਤੀ ਦੁਆ ॥

**ਬਸਤਨੀ,** ਸ:—ਜਿਸ ਕਪੜੇ ਵਿੱਚ ਕਪੜੇ ਲਪੇਟ ਕੇ ਸਮ੍ਹਾਲ ਰੱਖਦੇ ਹਨ, ਜਿਵੇਂ ਬਸਤਾ ॥

Digitized by Panjab Digital Library | www.panjabdigilib.org

**ਬਸਤਣੀ ਵਾਲਾ,** ਪੁ:—ਵੱਡੇ ਆਦਮੀ ਦੀ ਬਸ-ਤਣੀ ਰੱਖਣ ਵਾਲਾ ਨੌਕਰ ॥

**ਬਸਤਰ, ਬਸਤ੍ਰ,** ਪੁ:—ਪਾਉਣ ਵਾਲੇ ਕੱਪੜੇ, ਪੁਸ਼ਾਕ

**ਬਸੰਤਰ** ਸ: **ਬਸੰਤਰ ਦੇਉਤਾ** ਪੁ:—ਅਗ, ਅਗਨ ਦੇਉਤਾ ।

**ਬਸਤਾ,** ਪੁ:—ਜਿਸ ਕੱਪੜੇ ਵਿਚ ਕੋਈ ਸ਼ੈ ਲਪੇਟੀ ਜਾਵੇ, ਕਾਗਤ ਕਤਾਬਾਂ ਪਾਉਣ ਵਾਲਾ ਇਕ ਥੈਲਾ, ਨੌਕਰਾਂ ਨੂੰ ਜੋ ਖਾਸ ਵਕਤ ਪਿੱਛੋਂ ਖਾਧ ਖੁਰਾਕ ਮਿਲੇ ॥

**ਬਸਤੀ,** ਸ:—ਘਰ, ਪਿੰਡ, ਵੱਸੋਂ, ਜਿਥੇ ਮਨੁੱਖ ਰਹਿਣ ॥

**ਬਸੰਤੀ,** ਵਿ:—ਪੀਲੇ ਰੰਗ ਦਾ । ਸ:—ਪੀਲੇ ਕੱਪੜੇ ॥

**ਬਸਤੁ, ਬਸਤੂ,** ਸ:—'ਬਸਤ' ਵੇਖੋ ॥

**ਬਸੰਥਾ,** ਸ:—ਸਮਾ, ਵੇਲਾ, ਉਮਰ, ਹਾਲਤ ॥

**ਬਸਰਾ,** ਪੁ:—ਚੇਹਰਾ, ਮੂੰਹ ਦੀ ਸ਼ਕਲ ॥

**ਬੰਸਰੀ,** ਸ:—ਵੰਝਲੀ, ਮੁਰਲੀ ॥

**ਬੰਸਲੋਚਣ,** ਸ:—ਇਕ ਹਿੰਦੀ ਦੁਆ, ਤਬਾਸ਼ੀਰ ॥

**ਬੰਸ,** ਪੁ:—ਜੋ ਬੰਸੀ ਜਾਂ ਰਹੇ ॥

**ਬਸਾਉਣਾ,** ਕ੍ਰਿ:—ਅਬਾਦ ਕਰਨਾ, ਮਨੁੱਖਾਂ ਦੀ ਵੱਸੋਂ ਕਰਨੀ, ਜੰਗਲੀ ਧਰਤੀ ਵਿੱਚ ਵਾਹੀ ਕਰਨੀ ॥

**ਬਸਾਖ,** ਪੁ:—ਹਿੰਦੂਆਂ ਦੇ ਸਾਲ ਦਾ ਪਹਿਲਾ ਮਹੀਨਾ ॥

**ਬਸਾਖੀ,** ਸ:—ਵਸਾਖ ਦੇ ਮਹੀਨੇ ਦਾ ਪਹਿਲਾ ਦਿਨ, ਛਾਂਬ ਦਾ ਸਹਾਰਾ ॥

**ਬਸਾਤ,** ਪੁ:—ਜਾਇਦਾਦ, ਪੂੰਜੀ, ਸਮਰਥਾ, ਚੌਫੇਰ ॥

**ਬਸਾਤੀ, ਬਸਾਤੀਆ,** ਪੁ:—ਜੋ ਛੋਟੀ ਮੋਟੀ ਚੀਜ਼ ਵੇਚੇ, ਫੇਰੀ ਵਾਲਾ ॥

**ਬਸਾਰ,** ਸ:—ਹਲਦੀ ॥

**ਬਸਿੱਠ,** ਪੁ:—ਪਹਾੜ ਵਿਚ ਰਹਿਣ ਵਾਲਾ ਇਕ ਨੀਚ ਜਾਤ ॥

**ਬੰਸੀ, ਬੰਸੀਆ,** ਵਿ:—ਬੰਸ ਜਾਂ ਕੁਲ ਵਾਲਾ (ਕਬੀਰ ਬੰਸੀ ਆਦਿਕ) ॥

**ਬੰਸੀ,** ਸ:—ਬਾਂਸਰੀ, ਮੁਰਲੀ ।

**ਬਸੀਠ,** ਪੁ:—ਵਿਚੋਲਾ, ਦੋਹਾਂ ਧਿਰਾਂ ਦਾ ਮੇਲੀ ।

**ਬਸੀਲਾ,** ਪੁ:—'ਵਸੀਲਾ' ਵੇਖੋ ।

**ਬਸੀਵਾਂ,** ਪੁ:—ਹੱਦ, ਬੰਨਾ ॥

**ਬਸੂਆਂ,** ਪੁ:—ਰਹਿਣ ਦਾ ਥਾਂ, ਘਰ, ਡੇਰਾ ।

**ਬਸੂਟੀ,** ਸ:—ਇੱਕ ਤਰ੍ਹਾਂ ਦੀ ਝਾੜੀ ॥

**ਬਸੂਲਾ,** ਪੁ: **ਬਸੂਲੀ,** ਸ:—ਤਰਖਾਣਾਂ ਦਾ ਇੱਕ ਸੰਦ, ਤੇਸਾ ॥

**ਬਸੇਖ,** ਵਿ:—ਖਾਸ, ਵਧੀਕ, ਜ਼ਿਆਦਾ ॥

Digitized by Panjab Digital Library | www.panjabdigilib.org

**ਬਸੇਖਤਾ,** ਸ਼ਃ—ਵਡਿਆਈ, ਵਧੀਕੀ, ਖਾਸ ਗੁਣ॥

**ਬਸੇਬਾ,** ਪੁਃ—ਵਾਸਾ, ਵੱਸਣ ਦਾ ਕੰਮ, ਬਸਤੀ॥

**ਬਸੇਰਾ,** ਪੁਃ—ਰਹਿਣ ਦੀ ਥਾਂ, ਡੇਰਾ, ਆਲ੍ਹਣਾ॥

**ਬਸੋਂ,** ਸ਼ਃ—ਅਬਾਦੀ, ਬਸਤੀ, ਡੇਰਾ॥

**ਬਸੋਆ,** ਪੁਃ—ਵਸਾਖੀ, ਗਰਮੀ ਦੀ ਰੁੱਤ ਦਾ ਮੁੱਢ॥

**ਬਹਣ,** ਪੁਃ ਸ਼ਃ—ਵਾਂਗੂ ਵਗਾਉਣਾ ਪੰਰ ਰੱਖ

**ਬਹਣਾ,** ਕ੍ਰਿਃ—'ਖਹਿਣਾ' ਵੇਖੋ।

**ਬਹੱਤਰ,** ਵਿਃ—ਦੋ ਉੱਤੇ ਸੱਤਰ।

**ਬਹੱਤਰਮਾਂ (ਵਾਂ)** ਵਿਃ—ਬਹੱਤਰਾਂ ਦੀ ਗਿਣਤੀ ਪੂਰੀ ਕਰਨ ਵਾਲਾ।

**ਬਹੱਤਰਿਆ ਹੋਇਆ,** ਵਿਃ—ਬੁਢਪੇ ਕਰਕੇ ਜਿਸ ਦੀ ਮੱਤ ਮਾਰੀ ਜਾਵੇ, ਸੱਤਰਾ ਬਹੱਤਰਾ॥

**ਬਹਤੇਰਾ,** ਪੁਃ—ਬਹੁਤਾ, ਬਹੁਤ ਸਾਰਾ, ਬਾਹਲਾ

**ਬਹਰ,** ਪੁਃ—ਬਹਾਉ, ਛੰਦ ਦੀ ਬਨਾਵਟ।

**ਬਹਾਉ,** ਪੁਃ—ਵਹਿਣ ਜਾਂ ਰੁੜ੍ਹਨ ਦਾ ਕੰਮ॥

**ਬਹਾਉਣਾ,** ਕ੍ਰਿਃ—ਵਗਾਉਣਾ, ਰੁੜ੍ਹਾਉਣਾ, ਖੂਹ 'ਵੱਖ' ਪਾਣੀ ਕੱਢਣ ਲਈ ਰੱਸਾ ਬਲੇ ਬਰਨਾ, ਬਠਾਉਣਾ॥

**ਬਹਾਉ,** ਵਿਃ—ਜੋ ਵਗ ਸਕੇ, ਜੋ ਵਹਿਆ ਜਾ ਸੱਕੇ॥

**ਬਹਾਈ,** ਸ਼ਃ—ਹਲ ਵਾਹੁਣ ਦਾ ਕੰਮ॥

**ਬਹਾਂਗਾ,** ਪੁਃ
**ਬਹਾਂਗੀ,** ਸ਼ਃ
} ਭਾਰ ਦਾ ਬਹਿੰਗਾ।

**ਬਹਾਦਰ,** ਵਿਃ ਪੁਃ—ਸੂਰਬੀਰ, ਹੌਸਲੇ ਵਾਲਾ ਦਲੇਰ।

**ਬਹਾਦਰੀ,** ਸ਼ਃ—ਦਲੇਰੀ, ਹੌਸਲਾ, ਸੂਰਮਤਾਈ॥

**ਬਹਾਦਰੀਆਂ,** ਸ਼ਃ—(ਬਹੁਃ) ਕੰਨਾਂ ਦੀਆਂ ਨਿੱਕੀਆਂ ਮੁਰਕੀਆਂ।

**ਬਹਾਨੜਾ**
**ਬਹਾਨਾ**
} ਪੁਃ—ਟਾਲ ਮਟੋਲਾ, ਉਜਰ, ਹਿਕਮਤ, ਵਸੀਲਾ॥

**ਬਹਾਰ,** ਸ਼ਃ—ਬਸੰਤ, ਸਹੱਪਣ, ਮਜ਼ਾ, ਖੁਸ਼ੀ, ਰਸ, ਰੁੱਤ, ਫੁੱਲਾਂ ਦੀ ਫੁਟੀ,

**ਬਾਹਰ ਲੁੱਟਣਾ,** ਕ੍ਰਿਃ—ਮੌਜਾਂ ਕਰਨਾ॥

**ਬਹਾਰੀ,** ਵਿਃ—ਬਹਾਰ ਦਾ ਰੁੱਤ ਦਾ॥

**ਬਹਾਰੀ (ਰੂ),** ਸ਼ਃ—ਬੌਹਕਰ, ਝਾੜੂ (ਵੇਲਣਾ, ਵੇਰਨੀ)।

**ਬਹਾਰੀ ਫਿਰਨੀ,** ਕ੍ਰਿਃ—ਕੱਖ ਨ ਰਹਿਣਾ॥

**ਬਹਾਲਣਾ,** ਕ੍ਰਿਃ—ਬਠਾਉਣਾ, ਥਾਪਣਾ, ਕੰਮ ਕਰਨਾ॥

**ਬਹਿਆ,** ਵਿਃ—ਪਿਛਲ ਖਿਆ ਹੋਇਆ ਜੋ ਸੱਜਰਾ ਨਹੀਂ॥

Digitized by Panjab Digital Library / www.panjabdigilib.org

**ਬਹਿਸ,** ਸ:—ਝਗੜਾ, ਤਕਰਾਰ, ਸ਼ਾਸਤ੍ਰਾਰਥ, ਰੌਲਾ ॥

**ਬਹਿਸਣਾ,** ਵਿ:—ਝਗੜਨਾ, ਦਲੀਲ ਕਰਨਾ, ਬਹਿਸ ਕਰਨੀ ॥

**ਬਹਿਸ਼ਤ,** ਪੁ:—ਮੁਸਲਮਾਨਾਂ ਦਾ ਸੁਰਗ

**ਬਹਿਸ਼ਤਣ,** ਸ:
**ਬਹਿਸ਼ਤੀ,** ਪੁ: } ਬਹਿਸ਼ਤ ਵਿਚ ਰਹਿਣ ਵਾਲਾ (ਲੀ), ਮਾਸ਼ਕੀ ॥

**ਬਹਿਸ਼ਤਾ,** ਪੁ:—ਮਾਸ਼ਕੀ (ਹੱਸੇ ਦਾ ਬਚਨ)।

**ਬਹਿਕ,** ਸ:—ਪਿੰਡ ਦੇ ਲਾਗੇ ਖੁੱਲ੍ਹੀ ਥਾਂ ਜਿੱਥੇ ਡੰਗਰ ਚੁਰਨ ਫਿਰਨ, ਡੰਗਰਾਂ ਦੀ ਕਮਜ਼ੋਰੀ (ਉੱਠ ਨਾ ਸਕਣਾ) ॥

**ਬਹਿਕ ਜਾਣਾ**
**ਬਹਿਕਣਾ** } ਕ੍ਰਿ:—ਖੁੰਸਣਾ, ਭੁੱਲਣਾ, ਪਥਾ ਖਾਣਾ, ਨਿਰਾਸ ਹੋਣਾ, ਮਸਤ ਹੋਣਾ, ਡੰਗਰਾਂ ਦਾ ਕਮਜ਼ੋਰ ਹੋਣਾ ॥

**ਬਹਿਕਲ,** ਵਿ:—ਜੇਹੜਾ ਪਸ਼ੂ ਬਹਿ ਰਹੇ, ਕੰਮ ਨਾ ਕਰੇ ॥

**ਬਹਿਕਾਉਣਾ,** ਕ੍ਰਿ:—ਧੋਖਾ ਦੇਣਾ, ਟਲਾਉਣਾ, ਖੁਸਾਉਣਾ ॥

**ਬਹਿੰਗਾ,** ਪੁ:—ਵੱਡੀ ਬਹਿੰਗੀ ॥

**ਬਹਿੰਗੀ,** ਸ:—ਇਕ ਤਰ੍ਹਾਂ ਦੀ ਲੱਕੜੀ ਜਿਸ ਦੇ ਪਾਸਿਆਂ ਵਿੱਚ ਭਾਰ ਪਾਕੇ ਮਹਿਰੇ ਢੋਂਦੇ ਹਨ ॥

**ਬਹਿ ਚੱਲਣਾ,** ਕ੍ਰਿ:—ਵਗਣ ਲੱਗਣਾ, (ਪਾਣੀ), ਬਦੀਆਂ ਵਿੱਚ ਫਸਦੇ ਜਾਣਾ, ਧਰਮ ਤੋਂ ਪਤਤ ਹੁੰਦੇ ਜਾਣਾ।

**ਬਹਿ ਜਾਣਾ,** ਕ੍ਰਿ:—ਬੈਠਣਾ, ਵਗਣਾ, ਡੁੱਬਣਾ ਲੱਗਣਾ, ਧਰਮ ਤੋਂ ਗਿਰਨਾ ॥

**ਬਹਿਣ,** ਪੁ:—'ਵਹਿਣ' ਵੇਖੋ ॥

**ਬਹਿਣਾ,** ਕ੍ਰਿ:—ਵਗਣਾ, ਰੁੜ੍ਹਨਾ, ਡੁੱਬਣਾ ਬੈਠਣਾ ॥

**ਬਹਿਣੋਈ,** ਪੁ:—ਭੈਣ ਦਾ ਘਰ ਵਾਲਾ ॥

**ਬਹਿਤਰ,** ਪੁ:—ਚਾਰ ਖੁੱਚਲ ਵਾਲਾ ਪਸ਼ੂ (ਘੋੜਾ ਆਦਿਕ)॥

**ਬਹਿਮ**
**ਬਹਿਮਣ**
**ਬਹਿਮੀ** } 'ਵਹਿਮ' ਆਦਿਕ ਵੇਖੋ ॥

**ਬਹਿਰ,** ਪੁ:—ਕਾਮ, ਭੋਗ ਦੀ ਇੱਛਿਆ, ਛੰਦ ਦਾ ਰੌ ॥

**ਬਹਿਰਾ,** ਪੁ:—ਘਰ ਦਾ ਨੌਕਰ (ਸਾਹਿਬ ਲੋਕਾਂ ਦਾ)।

**ਬਹਿਰਿਆ ਹੋਇਆ,** ਵਿ:—ਜਿਸ ਪਸ਼ੂ ਨੂੰ ਭੋਗ ਦੀ ਇੱਛਿਆ ਹੋ ॥

**ਬਹਿਰੀ,** ਸ:—ਦਰਿਆ ਪਾਰ ਕਰਾਉਣ ਦੀ ਮਜੂਰੀ, ਸ਼ਿਕਾਰੀ ਪੰਛੀ ॥

**ਬਹਿਲ**
**ਬਹਿਲੀ** } ਸ:—ਬਲਦਾਂ ਦੇ ਖਿੱਚਣ ਵਾਲੀ ਇੱਕ ਗੱਡੀ ॥

**ਬਹਿਲਵਾਨ,** ਕ੍ਰਿ:—ਬਹਿਲ ਟੋਰਨ ਵਾਲਾ ॥

**ਬਹਿਲਣਾ,** ਕ੍ਰਿ:—ਜੀ ਲੱਗਣਾ, ਪਰਚਣਾ ॥

Digitized by Panjab Digital Library / www.panjabdigilib.org

**ਬਹਿਲਾਉਣਾ,** ਕ੍ਰਿ:—ਜੀ ਲਾਉਣਾ, ਦੁਖ ਵੰਡਣਾ ਪਰਚਾਉਣਾ ॥

**ਬਹਿੜਾ,** ਪੁ: / **ਬਹਿੜ (ੜੀ),** ਸ: — ਵੱਛਾ, ਵੱਛੀ, ਛੋਟਾ ਪਸੂ ।

**ਬਹੀ,** ਸ:—ਹੱਟੀ ਆਦਿਕ ਦੇ ਲੇਖ ਦੀ ਲੰਮੀ ਪੋਥੀ ॥

ਵਿ:—ਜੋ ਚੀਜ਼ ਚਿਰ ਦੀ ਰਖੀ ਹੋਈ ਹੈ, ਸਜਰੀ ਨਹੀਂ ॥

**ਬਹੀ ਖਾਤਾ,** ਪੁ:—ਲੇਖੇ ਦੀਆਂ ਪੋਥੀਆਂ (ਸਭ ਤਰ੍ਹਾਂ ਦੀਆਂ) ।

**ਬਹੀਣ,** ਪੁ:—ਜਿਸ ਮੋਰੀ ਰਾਹੀਂ ਘਰ ਆਦਿਕ ਦਾ ਪਾਣੀ ਬਾਹਰ ਕੱਢਿਆ ਜਾਵੇ, ਨਾਲੀ, ਟੂਟੀ ॥

**ਬਹੀਰ,** ਸ:—ਭੀੜ, ਫੌਜ ਦਾ ਅਸਬਾਬ ਜੋ ਕੱਠਾ ਜਾਵੇ, ਕੱਠੇ ਹੋਕੇ ਜੋ ਲੋਕ ਟੁਰਨ ॥

**ਬਹੁ,** ਪੁ:—ਧੋਖਾ, ਫਰੇਬ (ਮਾਰਨਾ) ਵਿ:—ਬਹੁਤ ਕਈ ॥

**ਬਹੁ ਗੁਣਾ,** ਵਿ:—ਜਿਸ ਮਨੁੱਖ ਵਿੱਚ ਕਈ ਗੁਣ ਹੋਣ, ਜੇਹੜਾ ਛਾਬਾ ਕਈ ਕੰਮ ਆਵੇ ।

**ਬਹੁ ਦਰਸੀ,** ਪੁ:—ਨਾਟਕ ਕਰਨ ਵਾਲਾ, ਨਕਲੀਆ ।

**ਬਹੁ ਬਚਨ,** ਵਿ:—ਜੋ ਬਹੁਤਿਆਂ ਦੀ ਗਿਣਤੀ ਦੱਸੇ ।

**ਬਹੁ ਬਿੱਦਿਆ,** ਸ:—ਕਈ ਤਰ੍ਹਾਂ ਦੀ ਵਿਦਯਾ ॥

**ਬਹੁ ਬਿਦ,** ਵਿ:—ਕਈ ਤਰ੍ਹਾਂ ਦਾ, [illegible] ਸਿਆਣਾ ॥

**ਬਹੁ ਰੰਗੀ,** ਵਿ:—ਕਈ ਰੰਗਾਂ ਦਾ, ਜੋ ਕਈ ਤਰ੍ਹਾਂ ਪਰਗਟ ਹੋਵੇ ।

**ਬਹੁ ਰੂਪੀ** / **ਬਹੁ ਰੂਪੀਆ** — ਪੁ:—ਕਈ ਰੂਪ ਧਾਰਨ ਵਾਲਾ ।

**ਬਹੁ ਭੁਜ,** ਵਿ:—ਬਹੁਤੀਆਂ ਭੁਜਾ ਵਾਲੀ ਸ਼ਕਲ

**ਬਹੁਟ ਪੁਣਾ,** ਪੁ:—ਬਹੁਟੀ ਹੋਣ ਦਾ ਗੁਣ ।

**ਬਹੁੱਟਾ,** ਪੁ:—ਡੌਲੇ ਦਾ ਇੱਕ ਗਹਿਣਾ ॥

**ਬਹੁਟੀ,** ਸ:—ਨਵੀਂ ਵਿਆਹੀ ਕੁੜੀ, ਵਹੁ, ਤੀਮਤ ॥

**ਬਹੁਤ,** ਵਿ:—ਢੇਰ, ਬਾਹਲਾ, ਕਈ ॥

ਕ੍ਰਿ: ਵਿ:—ਚੰਗੀ ਤਰ੍ਹਾਂ ॥

**ਬਹੁਤ ਕਰਕੇ,** ਕ੍ਰਿ: ਵਿ:—ਅਕਸਰ, ਆਮ ਤੌਰ ਪੁਰ ॥

**ਬਹੁਤ ਕੁਝ,** ਪੁ:—ਧਨ ਪਦਾਰਥ, ਚੋਖਾ ਮਾਲ ॥

**ਬਹੁਤ ਸਾਰਾ,** ਵਿ:—ਢੇਰ ਸਾਰਾ, ਬਹੁਤ ਹੀ ॥

**ਬਹੁਤਾ,** ਵਿ:—ਚੋਖਾ, ਢੇਰ, ਬਾਹਲਾ, ਕਈ ॥

**ਬਹੁਤਾ ਸਾਰਾ,** ਵਿ:—ਬਹੁਤ ਹੀ, ਢੇਰ ਸਾਰਾ ।

**ਬਹੁਤਾਇਤ** / **ਬਹੁਤਾਤ** — ਸ:—ਬਹੁਤ ਹੋਣ ਦਾ ਗੁਣ ॥

Digitized by Panjab Digital Library | www.panjabdigilib.org

**ਬਹੁਤੇਰਾ,** ਪੁ:—ਬਹੁਤਾ, ਬਾਹਲਾ, ਬਹੁਤ ਸਾਰਾ ॥

**ਬਹੁੜ,** ਕ੍ਰਿ: ਵਿ:—ਫੇਰ, ਓੜਕ ਨੂੰ, ਅਗੇ, ਮੁੜ ਕੇ।

**ਬਹੁੜਨਾ,** ਕ੍ਰਿ:—ਮੁੜਕੇ ਆਉਣਾ, ਪੁੱਜਣਾ ਪਹੁੰਚਣਾ ॥

**ਬਹੂ,** ਸ:—ਵਹੁਟੀ, ਨੂੰਹ, ਘਰ ਵਾਲੀ ॥

**ਬਹੂ ਬੇਟੀ,** ਸ:—ਧੀ ਭੈਣ; ਘਰ ਦੀਆਂ ਤ੍ਰੀਮਤਾਂ ॥

**ਬਹੂਮ,** ਵਿ:—ਮੂਰਖ, ਝੱਲਾ, ਅਹਮਕ।

**ਬਹੂਣਾ,** ਵਿ:—ਲੋੜ ਵੰਦਾ, ਗਰੀਬ, (ਕਿਸੇ ਗੱਲੋਂ) ਰਹਿਤ ॥

**ਬਹੇਤਾ,** ਪੁ:—ਭਾਰ ਢੋਣ ਦਾ ਕੰਮ।

**ਬਹੇਲ,** ਸ:—ਨਿਕੰਮੀ ਫਿਰਨ ਵਾਲੀ ਤ੍ਰੀਮਤ ॥

**ਬਹੇੜਾ,** ਪੁ:—ਇੱਕ ਫਲ ਜੋ ਦੁਆਵਾਂ ਵਿੱਚ ਵਰਤਦੇ ਹਨ ॥

**ਬਹੋਲਾ,** ਪੁ:—ਇੱਕ ਭਰੂਾਂ ਦਾ ਤੋਸਾ ॥

**ਬਹੋੜਾ,** ਪੁ:—ਵਿਆਹ ਵੇਲੇ ਮੁੰਡੇ ਦੇ ਮਾਪਿਆਂ ਨੂੰ ਮਿਲੇ ਹੋਏ ਕੱਪੜੇ ॥

**ਬਕ,** ਪੁ:<br>**ਬਕ ਬਕ,** ਪੁ: } ਬੇ ਫੈਦਾ ਬੋਲਣਾ, ਗੱਪਾਂ, (ਬਕ-ਬਕ ਕਰਨਾ)॥

**ਬੱਕ,** ਪੁ:—ਹਰਨ ਦਾ ਬੱਚਾ, ਰੁੱਖ ਜਾਂ ਫਲ ਦਾ ਛਿੱਲੜ ॥

**ਬੈਂਕ**<br>**ਬੈਂਕ ਘਰ** } ਪੁ:—ਰੁਪਏ ਦਾ ਲੈਣ ਦੇਣ ਕਰਨ ਵਾਲੀ ਕੋਠੀ ॥

**ਬਕਸ,** ਪੁ:—ਸੰਦੂਕ ਪੇਟੀ ॥

**ਬਕਸ਼ਣਾ,** ਕ੍ਰਿ:—ਮੁਫ਼ਤ ਦੇਣਾ, ਖ਼ੈਰਾਤ ਕਰਨੀ, ਮਾਫ਼ ਕਰਨਾ ॥

**ਬਕਸ਼ਾਉਣਾ,** ਕ੍ਰਿ:—ਮਾਫ਼ ਕਰਾਉਣਾ, ਦੁਆਉਣਾ ॥

**ਬਕਸ਼ੀ,** ਪੁ:—ਪਹਿਲੇ ਸਮੇਂ ਫ਼ੌਜ ਦੀ ਤਲਬ ਦੇਣ ਵਾਲਾ, ਫ਼ੌਜ ਦਾ ਜਰਨੈਲ।

**ਬਕਸ਼ੀਸ਼,** ਪੁ:—ਬਖਸ਼ੀ ਹੋਈ ਚੀਜ਼, ਖ਼ੈਰਾਤ, ਦਾਨ ਮਾਫ਼ੀ ॥

**ਬਕਸੂਆ,** ਪੁ:—ਜਿਸ ਚੀਜ਼ ਨਾਲ ਤਸਮੇਂ ਜਾਂ ਫ਼ੀਤੇ ਕੱਸਦੇ ਹਨ।

**ਬਕਣਾ,** ਕ੍ਰਿ:—ਬੇ ਫੈਦਾ ਬੋਲਣਾ, ਗੰਦੀਆਂ ਗੱਲਾਂ ਆਖਣੀਆਂ।

**ਬਕਤਾ,** ਪੁ:, ਸ:—ਬੋਲਣ ਵਾਲਾ, ਉਪਦੇਸ਼ਕ, ਗਾਲੜੂ ॥

**ਬਕ ਪੈਣਾ,** ਕ੍ਰਿ:—ਪਹਿਲੇ ਮੁੱਕਰ ਕੇ ਫੇਰ ਸੱਚ ਬੋਲ ਦੇਣਾ ॥

**ਬਕਬਕਾ,** ਵਿ:—ਬੇ ਸੁਆਦ, ਫਿੱਕਾ, ਜਿਸ ਨਾਲ ਜੀ ਘਿਰੇ ॥

**ਬਕ ਬਕਾਉ,** ਪੁ:<br>**ਬਕ ਬਕਾਟ,** ਸ: } ਬੇ ਫੈਦਾ ਗੱਲਾਂ, ਜੀ ਕੱਚਾ ਹੋਣਾ ॥

Digitized by Panjab Digital Library / www.panjabdigilib.org

**ਬਕਬਕਾਉਣਾ,** ਕ੍ਰਿ:—ਪੇਟ ਵਿੱਚ ਗੜ ਬੜ ਹੋਣੀ, ਜੀ ਘਿਰਨਾ ॥

**ਬਕਬਕੀ,** ਸ:—ਜੀ ਦਾ ਘਿਰਨਾ ਜਾਂ ਕੱਚਾ ਹੋਣਾ (ਆਉਣਾ) ॥

**ਬਕਰ / ਬੱਕਰ** } ਪੁ:—ਬੱਕਰਾ (ਬਕਰ ਕਸਾਇਣ ਜਾਂ ਕਸਾਈ = ਜਨਾਨੀ ਕਸਾਇਣ ਜਾਂ ਕਸਾਈ ਬਕਰੇ ਮਾਰੇ)।

**ਬਕਰਾ / ਬੱਕਰਾ** } ਪੁ:—ਮਸ਼ਹੂਰ ਜਾਨਵਰ ਜਿਸਦਾ ਮਾਸ ਬਹੁਤ ਖਾਧਾ ਜਾਂਦਾ ਹੈ

**ਬਕਰਾਲਣਾ,** ਕ੍ਰਿ:—'ਬੁਕਰਾਲਣਾ' ਵੇਖੋ ।

**ਬਕਰੀ, / ਬੱਕਰੀ,** } ਸ:—ਬੱਕਰੇ ਦੀ ਮਦੀਨ ॥

**ਬਕਰੀਦ,** ਸ:—ਮੁਸਲਮਾਨਾਂ ਦਾ ਇਕ ਮਸ਼ਹੂਰ ਤਿਹਾਰ ਜਿਸ ਦਿਨ ਬਕਰੇ ਆਦਿਕ ਦੀ ਕੁਰਬਾਨੀ ਦੇਂਦੇ ਹਨ।

**ਬਕਰੋਟ,** ਪੁ: ਸ: —ਛੋਟੀ ਉਮਰ ਦਾ (ਦੀ) ਬਕਰਾ (ਰੀ) ॥

**ਬਕਰੋਟਾ,** ਪੁ:—ਪਲਿਆ ਹੋਇਆ ਬੱਕਰੀ ਦਾ ਬੱਚਾ, ਗਭਰੂ, ਮਧਰੇ ਕੱਦ ਦਾ ਆਦਮੀ ।

**ਬਕਰੋਟੀ,** ਸ:- ਬਕਰੀ ਦੀ ਵਹਿੜੀ ਮੁਟਿਆਰ ਕੁੜੀ, ਮਧਰੀ ਤੀਵੀਂ ।

**ਬਕਲਜਾਣਾ / ਬਕਲਣਾ** } ਕ੍ਰਿ:—ਘਾਬਰ ਜਾਣਾ, ਬਹੁਤ ਤਿਹਾਏ ਹੋਣਾ

**ਬਕਲਾ,** ਪੁ:—'ਬਗਲਾ' ਵੇਖੋ ॥

**ਬੱਕਲੀਆਂ,** ਸ:—(ਬਹੁ:) ਮਸਾਲੇ ਵਾਲੀਆਂ ਘੁਙਣੀਆਂ ॥

**ਬਕਵਾਸ (ਹ) / ਬਕਵਾਦ (ਧ) / ਬਕਵਾਨ** } ਪੁ:—ਬੇ ਫੈਦਾ ਜਾਂ ਗੰਦੀਆਂ ਗੱਲਾਂ, [illegible]

**ਬਕਵਾਸਣ, ਵਣ ਧਣ, ਜਾਂ ਦਿਨ, ਇਣ, ਸ: / ਬਕਵਾਸੀ (ਹਾ, ਹੀ, ਦੀ, ਧੀ,) ਪੁ:** } ਬਕਣ ਵਾਲੀ (ਲਾ) ।

**ਬਕਾਉਣਾ,** ਕ੍ਰਿ:—ਬੇ ਫੈਦਾ ਬੁਲਾਉਣਾ, ਸੱਚੀ ਗੱਲ ਕਹਾ ਲੈਣੀ ॥

**ਬਕਾਇਣ,** ਸ:—ਇਕ ਜੰਗਲੀ ਰੁੱਖ, ਧਰੇਕ ॥

**ਬਕਾਵਾਦ / ਬਕਾਵਾਦਣ (ਧਣ) / ਬਕਾਵਾਦਣ (ਦੀ)** } 'ਬਕਵਾਦ' ਆਦਿਕ ਵੇਖੋ ॥

**ਬੱਕੀ,** ਸ:—ਹਰਨ ਦੀ ਬੱਚੀ, ਮਿਰਜ਼ੇ ਦੀ ਘੋੜੀ॥

**ਬਕੀਲ / ਬਕੀਲੀ** } 'ਵਕੀਲ', 'ਵਕੀਲੀ' ਵੇਖੋ ॥

**ਬੱਕੁਲੀਆਂ,** ਸ:—'ਬੱਕਲੀਆਂ' ਵੇਖੋ ॥

**ਬਕੈਣ,** ਸ:—'ਬਕਾਇਣ' ਵੇਖੋ ।

**ਬੱਕੋਦ,** ਵਿ: –ਗਾਭਣ (ਗਊ ਮੱਝ ਆਦਿਕ)॥

**ਬੱਖ,** ਸ:—ਵੱਖੀ, ਇੱਕ ਪਾਸਾ।
ਵਿ: –ਅਲਗ, ਜੁਦਾ ।

Digitized by Panjab Digital Library / www.panjabdigilib.org

**ਬੱਖ ਛਾਰ,** ਕ੍ਰਿ: ਵਿ:—ਬੱਖੀ ਪਰਨੇ, ਇੱਕ ਪਾਸ।

**ਬਖਸ਼,** ਸ:—ਬਖਸ਼ੀ ਹੋਣੀ ਤਾਕਤ ਜਾਂ ਸੱਤਿਆ।

**ਬਖਸ਼ਣ ਜੋਗ,** ਵਿ:—ਜੋ ਬਖਸ਼ਣ ਦੀ ਸਮਰਥਾ ਰੱਖੇ।

**ਬਖਸ਼ਣਾ, ਬਖਸ਼ਾਉਣਾ** } 'ਬਕਸ਼ਣਾ' ਆਦਿਕ ਵੇਖੋ॥

**ਬਖਸ਼ਿੰਦ,** ਵਿ:—ਬਖਸ਼ਣ ਵਾਲਾ, ਖਿਮਾ ਕਰਨ ਵਾਲਾ॥

**ਬਖ਼ਸ਼ੀ, ਬਖ਼ਸ਼ੀਸ਼** } 'ਬਕਸ਼ੀ' 'ਬਕਸ਼ੀਸ਼' ਵੇਖੋ।

**ਬਖ਼ਸ਼ੀ ਖਾਨਾ,** ਪੁ:—ਬਖਸ਼ੀ ਦਾ ਦਫਤਰ ਜਿਥੇ ਫੌਜ ਨੂੰ ਤਲਬ ਮਿਲੇ।

**ਬਖ਼ਤ,** ਪੁ:—ਵਖਤ, ਵੇਲਾ। ਕਿਸਮਤ, ਚੰਗੀ ਪਰਾਲਬਧ।

**ਬਖ਼ਤਾਵਰ,** ਵਿ:—ਨਸੀਬਾਂ ਵਾਲਾ, ਧਨੀ, ਅਮੀਰ॥

**ਬਖਤਾਵਰੀ,** ਸ:—ਚੰਗੀ ਪਰਾਲਬਧ, ਅਮੀਰੀ।

**ਬੱਖਰ,** ਪੁ:—'ਵੱਖਰ' ਵੇਖੋ॥

**ਬਖਰਨਾ,** ਕ੍ਰਿ:—ਅਡ ਅੱਡ ਕਰਨਾ, ਨਿਖੇੜਨਾ

**ਬਖਰਾ, ਬੱਖਰਾ** } 'ਵਖਰਾ, ਅਤੇ 'ਵੱਖਰਾ' ਵੇਖੋ।

**ਬਖਾ,** ਪੁ: 'ਬਖੀਆ' ਵੇਖੋ॥

**ਬਖਾਹੁੰਦਾ,** ਵਿ: ਜਾਂ ਕ੍ਰਿ: ਵਿ:—ਇੱਕ ਪਾਸੇ, ਰਾਹ ਤੋਂ ਪਰੇ॥

**ਬਖਾਣ,** ਪੁ:—ਬਿਆਨ, ਵਰਣਨ, ਪੂਰਾ ਹਾਲ॥

**ਬਖਾਨਣਾ,** ਕ੍ਰਿ:—ਚੰਗੀ ਤਰ੍ਹਾਂ ਦੱਸਣਾ, ਬਿਆਨ ਕਰਨਾ।

**ਬਖਾਧ,** ਸ:—ਵੈਰ, ਵਿਰੋਧ, ਝਗੜਾ, ਬਖੇੜਾ॥

**ਬਖਾਧਣ,** ਸ: / **ਬਖਾਧੀ,** ਪੁ: } ਜੋ ਵੈਰ ਵਿਰੋਧ ਜਾਂ ਝਗੜਾ ਕਰੇ॥

**ਬਖਾਰਾ,** ਪੁ:—ਗੱਡੀ ਦੇ ਹੇਠਲੇ ਪਾਸੇ ਬੰਨ੍ਹਣ ਵਾਲਾ ਇੱਕ ਟੋਕਰਾ, ਇਕ ਤਰ੍ਹਾਂ ਦਾ ਲਾਲ ਬੂਟੀਆਂ ਵਾਲਾ ਕਪੜਾ॥

**ਬਖਾਰੀ,** ਸ:—ਅਨਾਜ ਰੱਖਣ ਵਾਲੀ ਕੋਠੜੀ ਜਾਂ ਨਿੱਕੀ ਜੇਹੀ ਕੋਠੀ ਇਕ ਨੁੱਕਰ ਰੱਖਣ ਵਾਲੀ॥

**ਬਖਿਆਉਣਾ,** ਕ੍ਰਿ:—ਬਖੀਆ ਕਰਕੇ ਸੀਉਣਾ।

**ਬੱਖੀ,** ਸ:—'ਵੱਖੀ' ਵੇਖੋ॥

**ਬਖੀਆ,** ਪੁ:—ਪੱਕੀ ਅਤੇ ਸੰਘਣੀ ਸੀਉਣ, ਦੋਹਰਾ ਟਾਂਕਾ॥

**ਬਖੀਲ,** ਵਿ:—ਸੂਮ, ਕੰਜੂਸ, ਬਖਾਧ ਕਰਨ ਵਾਲਾ॥

**ਬਖੀਲੀ,** ਸ:—ਸੂਮ ਪੁਣਾ, ਕੰਜੂਸੀ, ਲੋਭ, ਬਖਾਧ।

**ਬਖੁਦਰ,** ਪੁ:—ਆਪਣਾ ਕੰਮ ਕੱਢਣ ਵਾਲਾ।

**ਬਖੂਹਾ,** ਪੁ:—ਪਿਤਰਾਂ ਦੀ ਪੂਜਾ ਦੀ ਥਾਂ॥

Digitized by Panjab Digital Library | www.panjabdigilib.org

**ਬਖੇਰਨਾ,** ਵਿ:—ਖਲੇਰਨਾ, ਖੋਲ੍ਹਨਾ, ਇਕ ਇੱਕ ਕਰਕੇ ਗਿਣਨਾ ॥

**ਬਖੇੜਾ,** ਪੁ:—ਝਗੜਾ, ਮੁਆਮਲਾ, ਪੰਗਾ ॥

**ਬਖੇੜੀਆ,** ਪੁ:—ਬਖੇੜਾ ਕਰਨ ਵਾਲਾ ।

**ਬਖੇੜੇ ਹੱਥਾ,** ਪੁ:
**ਬਖੇੜੇ ਹੱਥੀ,** ਸ: } ਜੋ ਬਖੇੜਾ ਜਾਂ ਝਗੜਾ ਕਰੇ

**ਬਖੋਧ**
**ਬਖੋਧਣ (ਧੀ)** } 'ਬਖਾਧ' ਆਦਿਕ ਵੇਖੋ ।

**ਬੱਖੋ ਬੱਖ**
**ਬੱਖੋ ਬੱਖੀ** } 'ਵੱਖੋ ਵੱਖ' ਆਦਿਕ ਵੇਖੋ ॥

**ਬੱਗ,** ਪੁ:—ਬੈਗਰਾਂ ਦਾ ਕੈਠ, ਵੱਗ ॥

**ਬੱਗੀ,** ਸ:—ਕੱਚ ਜਾਂ ਲਾਖ ਦੀ ਚੂੜੀ, ਕੱਲ੍ਹ ਦੇ ਬਨਾਵਣ ਵਿਚ ਜੋ ਇੱਕ ਛੋਟੀ ਮੁੜੀ ਹੋਈ ਕਮਾਨੀ ਵਰਤੀ ਜਾਂਦੀ ਹੈ, ਤਾਕਤ ਦੀ ਇੱਕ ਦੁਆ ॥

**ਬਗਸੂਆ,** ਪੁ:—'ਬਕਸੂਆ' ਵੇਖੋ ॥

**ਬਗਛੁਟ,** ਵਿ:—'ਬਾਗ' ਵਿੱਚ 'ਬਾਗਛੁਟ' ਵੇਖੋ

**ਬਗਣਾ,** ਕ੍ਰਿ:—'ਵਗਣਾ' ਵੇਖੋ ॥

**ਬੱਗਣਾ,** ਪੁ:—ਮੱਥੇ ਦਾ ਇੱਕ ਗਹਿਣਾ ...., ਗਾਗਰ ਆਦਿਕ ਦੇ ਗਲ ਦਾ ਰਸਾ ॥

**ਬੱਗਰੀ,** ਸ:—ਇੱਕ ਤਰ੍ਹਾਂ ਦੀ ਚੂੜੀ ॥

**ਬਗਲ,** ਪੁ:—ਕੱਛ, ਮੋਢੇ ਦੇ ਹੇਠਲੀ ਥਾਂ, ਪਾਸਾ ਕਲਕਲ, ਧਰਤੀ ਦਾ ਟੋਟਾ, ਕੈਦ, ਬਾੜ, ਹੌਜ਼ਾ ॥

**ਬਗਲ ਦੇ ਜਾਣਾ**
**ਬਗਲ ਹੋਣਾ** } ਕ੍ਰਿ: ਇੱਕ ਪਾਸੇ ਹੋ ਜਾਣਾ

**ਬਗਲ ਗੰਧ,** ਪੁ:—ਕੱਛ ਵਿਚੋਂ ਬੋ ਆਉਣੀ ॥

**ਬਗਲ ਤਾੜੀ,** ਸ:—ਬਗਲਾਂ ਦੇ ਹੇਠੋਂ ਲੰਘਾ ਕੇ ਅੰਦਰ ਬੈਠਣ ਦਾ ਢੰਗ

**ਬਗਲ ਬਜਾਉਣਾ,** ਕ੍ਰਿ:—ਬਹੁਤ ਖੁਸ਼ ਹੋਣਾ, ਕੰਮ ਬਣਨਾ, ਠੱਠਾ ਕਰਨਾ ॥

**ਬਗਲ ਲੱਗਣਾ,** ਕ੍ਰਿ:—ਸੜਕ ਦੇ ਇੱਕ ਪਾਸੇ ਰਹਿਣਾ ।

**ਬਗਲ ਲੈਣਾ,** ਕ੍ਰਿ:—ਘੇਰਾ ਪਾਉਣਾ, ਅਗਾਂਹਾਂ ਲੰਘਣਾ ॥

**ਬਗਲ ਵਿੱਚ ਦਬਾਉਣਾ (ਮਾਰਨਾ)**
**ਬਗਲ ਮਾਰਨਾ** } ਕ੍ਰਿ:—ਕੱਛ ਥੱਲੇ ਲੁਕਾ ਲੈਣਾ ਜਾਂ ਲੈ ਜਾਣਾ ॥

**ਬਗਲ ਵਿੱਚ ਲੈਣਾ**
**ਬਗਲੇ ਲੈਣਾ** } ਕ੍ਰਿ:—ਜੱਫੀ ਪਾਉਣੀ

**ਬਗਲਣਾ,** ਕ੍ਰਿ:—ਕਿਸੇ ਨੂੰ ਅਟਕਾਉਣ ਲਈ ਗਿਰਦੇ ਫਿਰਕੇ ਅਗਾਂਹ ਲੰਘ ਜਾਣਾ । ਵਲਣਾ, ਘੇਰਾ ਪਾਉਣਾ ॥

**ਬਗਲਾ,** ਪੁ:—ਇੱਕ ਮਸ਼ਹੂਰ ਚਿੱਟਾ ਪਖੇਰੂ, ਮੱਛੀਆਂ ਖਾਣ ਵਾਲਾ ॥

**ਬਗਲਾ ਭਗਤ,** ਪੁ:—ਪਖੰਡੀ, ਜੋ ਦਿਖਾਵੇ ਦੀ ਭਗਤੀ ਕਰੇ ॥

**ਬੰਗਲਾ,** ਪੁ:—'ਬੰਗਲਾ ਵੇਖ ॥

**ਬਗਲੀ,** ਸ:—ਫਕੀਰਾਂ ਦੀ ਭਿੱਛਿਆ ਪਾਉਣ ਵਾਲੀ ਥੈਲੀ ॥

Digitized by Panjab Digital Library | www.panjabdigilib.org

**ਬਗਲ਼,** ਸਃ—[illegible] ਘਾਹ ਜਿਸਦੇ ਮੋਟੇ ਦਾਣੇ [illegible] ਹਨ, ਲਾਲ ਚੌਲ।

**ਬੱਗਾ,** ਵਿਃ—ਚਿੱਟਾ, ਸਫੇਦ॥ ਪੁਃ—ਚਿੱਟਾ ਬਲਦ [illegible]।

**ਬਗਾਉ ਮਾਰਨਾ / ਬਗਾਉਣਾ** } ਕ੍ਰਿਃ—ਜ਼ੋਰ ਨਾਲ [illegible] ਸੁਟਣਾ।

**ਬਗਾਨਾ,** ਵਿਃ—ਓਪਰਾ, ਪਰਾਇਆ, ਗੈਰ।

**ਬਗਾਰ,** ਸਃ—ਜਬਰਦਸਤੀ ਕੰਮ ਲੈਣਾ।

**ਬਗਾਰ ਟਾਲਣਾ,** ਕ੍ਰਿਃ—ਬੇ ਪਰਵਾਹੀ ਨਾਲ ਕੰਮ ਕਰਨਾ।

**ਬੰਗਾਰਨਾ,** ਕ੍ਰਿਃ—ਸਭ ਦੇ ਸਾਮ੍ਹਣੇ ਕੋਈ ਕੰਮ ਕਰਨਾ, ਟਾਕਰਾ ਕਰਨਾ ਚਾਹੁਣਾ।

**ਬਗਾਰੀ,** ਪੁਃ—ਜਿਸ ਕੋਲੋਂ ਜਬਰਦਸਤੀ ਕੰਮ ਲਿਆ ਜਾਵੇ॥

**ਬਗਾਰੀ ਫੜਨਾ,** ਕ੍ਰਿਃ—ਜਬਰਦਸਤੀ ਕੰਮ ਲੈਣ ਵਾਸਤੇ ਪਕੜਨਾ

**ਬੰਗਾਲਣ,** ਸਃ—ਬੰਗਾਲੇ ਦੀ ਰਹਿਣ ਵਾਲੀ, ਸੱਪ ਫੜਨ ਵਾਲੀ॥

**ਬੰਗਾਲਾ,** ਪੁਃ—ਪੂਰਬ ਵਲ ਇਕ ਉੱਘਾ ਦੇਸ॥

**ਬੰਗਾਲੀ,** ਪੁਃ ਸਃ—ਬੰਗਾਲ ਦਾ ਵਾਸਨੀਕ, ਬੰਗਾਲ ਦੀ ਬੋਲੀ, ਸੱਪ ਫੜਨ ਵਾਲਾ (ਬੀਨ ਵਜਾਕੇ)॥

**ਬਗਿਹਾੜ / ਬਗਿਹਾੜੀ** } 'ਬਘਿਆੜ' ਆਦਿਕ ਵੇਖੋ॥

**ਬੱਗੀ,** ਸਃ—ਬੱਘੀ ਵੇਖੋ

**ਬਗੀਚਾ,** ਪੁਃ / **ਬਗੀਚੀ,** ਸਃ } ਛੋਟਾ ਬਾਗ, ਫੁਲਵਾੜੀ॥

**ਬਗੁੱਚਣਾ,** ਕ੍ਰਿਃ—ਕਿਸੇ ਚੀਜ਼ ਦੀ ਥੁੜ ਹੋਣ ਕਰਕੇ ਔਖ ਹੋਣਾ।

**[illegible],** ਪੁਃ [illegible] ਵੇਖੋ।

**ਬਗੁ[illegible] / ਬਗ[illegible]ਨਾ / ਬਗੁੱਲੀ** } 'ਬਗਲਾ' ਆਦਿਕ ਵੇਖੋ।

**[illegible]ਗੁਲਾ,** ਪੁਃ—ਸਾਹਰਾਂ ਦੀ ਕੋਠੀ, ਉੱਪਰਲਾ ਚੁਬਾਰਾ॥

**ਬੰਗੁਲੀ,** ਸਃ—ਨਿੱਕਾ ਜੇਹਾ ਬੰਗਲਾ।

**ਬੰਗੜੀ / ਬੰਗੂੜੀ** } ਸਃ—ਕੀਨੇ ਕੱਚ ਦਾ ਵਾਲਾ ਖੁਰਪਾ

**ਬਗੈਰ,** ਕ੍ਰਿਃ ਵਿਃ—ਬਿਨਾ, ਬਾਝੋਂ, ਛੱਡਕੇ ਸਣੇ।

**ਬਗੋਚਾ,** ਪੁਃ—ਕੋਈ ਸ਼ੈ ਨਾ ਹੋਣ ਕਰਕੇ ਜੋ ਔਖ ਹੋਵੇ (ਆਉਣਾ)।

**ਬਗੋਣਾ / ਬੰਗੋਣਾ** } ਕ੍ਰਿਃ—ਨਿੰਦਾ ਕਰਨਾ, ਨੁਕਸਾਨ ਪਹੁੰਚਾਉਣਾ, ਵਿਗਾੜਨਾ॥

**ਬੱਘੱੜੀ / ਬੱਘੜਾਈ** } ਸਃ—ਬਰਛੀ ਆਦਿਕ ਮਾਰਨ ਦਾ ਕੰਮ।

**ਬਘ ਬਘ ਕਰਨਾ / ਬਘ ਬਘਾਉਣਾ** } ਕ੍ਰਿਃ—ਊਠ ਸ਼ੇਰ ਆਦਿਕ ਦਾ ਮੱਧਮ ਅਤੇ ਲੰਮੀ ਆਵਾਜ਼ ਨਾਲ ਬੋਲਣਾ॥

Digitized by Panjab Digital Library | www.panjabdigilib.org

**ਬਘ ਬਘਾਟ,** ਪੁ:—ਬਘ ਬਘ ਕਰਨ ਦੀ ਅਵਾਜ਼ ॥

**ਬੱਘਮਾਂ,** ਪੁ: / **ਬੱਘਮੀ,** ਸ: } 'ਬੱਘਤਾ', ਵੇਖੋ ॥

**ਬਘਾਰਵਾਉਣਾ,** ਕ੍ਰਿ:—ਮਸਾਲਾ ਪੁਆਕੇ ਤੜਕਾ ਲੁਆਉਣਾ ॥

**ਬਘਾਰ,** ਪੁ:—ਮਸਾਲੇ ਵਾਲਾ ਘਿਉ ਪੰਘਾਰਿਆ ਹੁੰਦਾ ।

**ਬਘਾਰ ਦੇਣਾ** / **ਬਘਾਰਨਾ** / **ਬਘਾਰ ਲੈਣਾ** } ਕ੍ਰਿ:—ਮਸਾਲਾ ਪਾਕੇ ਘਿਉ ਵਿਚ ਤੜਕਣਾ ॥

**ਬਘਿਆੜ** / **ਬਘਿਯਾੜ** } ਪੁ:—ਕੁੱਤੇ ਦੀ ਸ਼ਕਲ ਦਾ ਇੱਕ ਪਾੜ ਖਾਣ ਵਾਲਾ ਜਨੌਰ, ਜਿਸ ਲੱਕੜ ਦਾ ਇੱਕ ਸਿਰਾ ਜ਼ਮੀਨ ਉੱਤੇ ਰਹਿੰਦਾ ਹੈ ਅਤੇ ਇੱਕ ਬੱਲਣ ਉੱਤੇ, ਬੈੜ ਦੇ ਧੁਰੇ ਦਾ ਇੱਕ ਸਿਰਾ ॥

**ਬਘਿਆੜੀ** / **ਬਘਿਯਾੜੀ** } ਸ:—ਬਘਿਆੜ ਜਨੌਰ ਦੀ ਮਦੀਨ, ਸੁਨਾਰ ਕਾਰ ਵਲਾ ਕੱਲੀ, ਟੁੱਟੇ ਹੋਏ ਵੇਲਣੇ ਨੂੰ ਠੀਕ ਕਰਨ ਵਾਲੀ ਚੀਜ਼ (ਬਘਿਆੜੀ ਚਾੜ੍ਹਣੀ = ਲਾਉਣੀ)।

**ਬੱਘੀ,** ਸ:—ਘੋੜਿਆਂ ਵਾਲੀ ਗੱਡੀ ॥

**ਬੱਘੂ,** ਪੁ:—ਮੋਟਾ, ਅਹਿਮਕ, ਮੂਰਖ, ਹਊਆ ॥

**ਬਘੂਤਰ,** ਵਿ:—ਮੂਰਖ, ਬੇ ਅਕਲ ॥

**ਬਘੇਲ,** ਪੁ:—ਚਕੋਰਾਂ ਬਟੇਰਿਆਂ ਆਦਿਕਾਂ ਦੀ ਲੜਾਈ ਵਿੱਚ ਜੇਹੜਾ ਜਨੌਰ ਹਾਰ ਕੇ ਨੱਠ ਜਾਵੇ, ਭੱਜ ਜਾਣ ਵਾਲਾ ॥

**ਬਘੇਲਾ** ਪ: / **ਬਘੇਲੀ** ਸ: } ਬਾਘ ਜਾਂ ਚਿੱਤ੍ਰੇ ਦਾ ਬੱਚਾ ॥

**ਬੱਚ,** ਪੁ:—ਮੱਛੀਆਂ ਜਾਂ ਚੀੜ੍ਹਿਆਂ ਦੇ ਆਂਡੇ, ਸ ਨਿੱਕੇ ਬੱਚੇ, ਬਾਲਕ ॥

**ਬੱਚ ਕੱਚ,** ਪੁ:—ਛੋਟੇ ਬੱਚੇ, ਛੋਟੇ ਆਂਡੇ ।

**ਬੈਂਚ,** ਸ:—ਬਹਿਣ ਵਾਲੀ ਲੰਮੀ ਮੇਜ਼, ਜੱਜਾਂ ਦੀ ਟੋਲੀ ।

**ਬਚਕ,** ਪ:—ਖਾਣ ਵਿੱਚ ਮੂੰਹ ਦੀ ਅਵਾਜ਼, ਮੂੰਹ ਘੁੱਟ ਘੁੱਟ ਕੇ ਗੱਲਾਂ ਕਰਨੀਆਂ, ਮਚਕ ॥

**ਬਚਕਾਨਾ** ਪੁ: / **ਬਚਕਾਨੀ** ਸ: } ਨਿੱਕੇ ਬੱਚੇ ਦੀ ਜੁੱਤੀ ।

**ਬਚ ਜਾਣਾ,** ਕ੍ਰਿ:—'ਬਚ ਰਹਿਣਾ' ਵੇਖੋ ॥

**ਬਚਣਾ,** ਕ੍ਰਿ:—ਛੁੱਟਣਾ, ਬਾਕੀ ਰਹਿਣਾ, ਰੁਕਣਾ, ਹਟਣਾ ।

**ਬੱਚਤ,** ਸ:—ਜੋ ਰਕਮ ਬਚ ਰਹੇ, ਲਾਹਾ, ਨਫ਼ਾ ।

**ਬਚਨ,** ਪੁ:—ਗੱਲ ਬਾਤ, ਵਾਕ, ਬਾਣੀ, ਇਕਰਾਰ ।

**ਬਚਨ ਹਾਰਨਾ,** ਕ੍ਰਿ:—ਬਚਨ ਦੇਕੇ ਪੂਰਾ ਨਾ ਕਰਨਾ ॥

**ਬਚਨ ਦੇਣਾ,** ਕ੍ਰਿ:—ਇਕਰਾਰ ਕਰਨਾ ॥

**ਬਚਨ ਪਾਲਣਾ,** ਕ੍ਰਿ:—ਇਕਰਾਰ ਪੂਰਾ ਕਰਨਾ ।

**ਬਚਨ ਲੈਣਾ,** ਕ੍ਰਿ:—ਇਕਰਾਰ ਕਰਾਉਣਾ ।

**ਬਚ ਰਹਿਣਾ,** ਕ੍ਰਿ:—ਬਾਕੀ ਰਹਿਣਾ, ਬਚਣਾ ।

Digitized by Panjab Digital Library / www.panjabdigilib.org

ਬੱਚ ਪੁਣ,(ਣਾ), ਪੁਃ / ਬਚਵਾਈਂ, ਸਃ } ਬਾਲ ਅਵਸਥਾ, ਛੋਟੀ ਉਮਰ ॥

ਬੱਚਲ, ਵਿਃ—ਮੂਰਖ, ਬੇ ਅਕਲ, ਜਾਹਲ ॥

ਬੱਚੜ ਵਾਲ, ਪੁਃ ਸਃ—ਜਿਸਦੇ ਘਰ ਬੱਚੇ ਹਨ।

ਬਚੜਾ, ਪੁਃ / ਬਚੜੀ, ਸਃ / ਬਚੜ, ਪੁਃ } ਬਾਲਕ ਪਿਆਰਾ ਬੱਚਾ, ਅਞਾਣਾ ਮਸੂਮ ॥

ਬਚਾ, ਪੁਃ—'ਬਚਾਉ' ਵੇਖੋ।

ਬਚਾ / ਬੱਚਾ } ਪੁਃ—ਬਾਲ, ਪੁੱਤ੍ਰ, ਮੁੰਡਾ, ਅਲ੍ਹੜ, ਸਿਧਾ।

ਬਚਾਉ, ਪੁਃ—ਰਾਖੀ, ਛੁਟਕਾਰਾ, ਬਾਕੀ ਰਹਿਣਾ॥

ਬਚਾਉਣਾ, ਕ੍ਰਿਃ—ਬਾਕੀ ਰਖਣਾ, ਦੁੱਖ ਤੋਂ ਛੁਡਾਉਣਾ, ਸਹਾਰਾ ਦੇਣਾ, ਮੱਦਤ ਕਰਨੀ, ਧਨ ਜੋੜਨਾ ॥

ਬਚਾਊ, ਪੁਃ—ਬਚਾਉਣ ਵਾਲਾ, ਬਚਾਉਣ ਦੇ ਜੋਗ ॥

ਬਚਾਵਾ, ਪੁਃ—ਬਚਾਉਣ ਵਾਲਾ, ਰਾਖਾ ॥

ਬੱਚੀ, ਸਃ—ਧੀ, ਲੜਕੀ, ਪੰਚਰ (ਲਾਉਣਾ) ਗੁਲੀ ਡੰਡੇ ਦੀ ਖੇਡ ਦੀ ਵਾਰੀ ॥

ਬੱਚੂ ਪੁਃ—ਬਚੜਾ, ਪਿਆਰਾ ਪੁਤ੍ਰ ॥

ਬਚੂੰਗੜਾ, ਪੁਃ / ਬਚੂੰਗੜੀ, ਸਃ } ਬਹੁਤ ਛੋਟਾ ਬੱਚਾ, (ਨਿੰਦਾ ਵਾਚਕ)।

ਬਚੋਲਾ, ਪੁਃ / ਬਚੋਲੀ, ਸਃ } ਦੋ ਧਿਰਾਂ ਵਿਚ ਮੇਲ ਆਦਿਕ ਕਰਾਉਣ ਵਾਲਾ (ਲੀ) ॥

ਬਛੜਾ, ਪੁਃ / ਬਛੜੀ, ਸਃ } ਗਊ ਦਾ ਬੱਚਾ।

ਬਛੜੂ, ਪੁਃ / ਬਛਾ, ਪੁਃ / ਬਛੀ, ਸਃ } ਗਊ ਦਾ ਬੱਚਾ।

ਬਛਾਉਣਾ, ਕ੍ਰਿਃ—'ਵਿਛਾਉਣਾ' ਵੇਖੋ ॥

ਬਛਾਈ, ਸਃ—'ਵਿਛੌਣਾ' ਵੇਖੋ ॥

ਬਛੇਕ, ਸਃ—ਵੱਛੇ ਵੱਛੀਆਂ ਦਾ ਵੱਗ ॥

ਬਛੀਕੀਯਾ, ਪੁਃ—ਗਊਆਂ ਦਾ ਵੱਗ ॥

ਬਛੁੰਨਣਾ, ਕ੍ਰਿਃ—ਵਿੱਛੜਨਾ, ਕਿਸੇ ਸੈ ਦਾ ਥੁੜ ਹੋਣੀ।

ਬਛੇਰਟਾ, ਪੁਃ / ਬਛੇਰਟੀ, ਸਃ / ਬਛੇਰਟੂ, ਪੁਃ } ਬਹੁਤ ਨਿਕਾ ਬਛੇਰਾ ਜਾਂ ਬਛੇਰੀ।

ਬਛੇਰਾ, ਪੁਃ / ਬਛੇਰੀ, ਸਃ } ਘੋੜੀ ਦਾ ਬੱਚਾ।

ਬੱਜ, ਪੁਃ—ਅੰਗ ਹੀਣ ਹੋਣ ਕਰਕੇ ਜੋ ਕਲੰਕ ਲੱਗੇ, ਦੋਸ਼, ਘਾਟਾ, (ਲਗਣਾ), ਨੁਕਸਾਨ (ਪੈ ਜਾਣੀ) ॥

ਬਜਣਾ / ਬੱਜਣਾ } 'ਵੱਜਣਾ' ਵੇਖੋ ॥

ਬਜੰਤ੍ਰ, ਪੁਃ—ਬਾਜਾ, ਜੋ ਵਾਜਾ ਬਜਾਵੇ, ਹੁੱਕਾ ॥

ਬਜੰਤ੍ਰਣ, ਸਃ / ਬਜੰਤ੍ਰੀ, ਪੁਃ } ਜੋ ਵਾਜਾ ਬਜਾਵੇ ॥

Digitized by Panjab Digital Library / www.panjabdigilib.org

**ਬਜਨ,** ਪੁ:—ਤੋਲ, ਭਾਰ,

**ਬਜਨਦਾਰ,** ਵਿ:—ਭਾਰਾ ।

**ਬਜਨੀ,** ਸ:—ਖੇਤ ਦੀ ਪੈਦਾਵਾਰੀ ਦਾ ਜੋ ਹਿੱਸਾ ਗਰੀਬਾਂ ਵਾਸਤੇ ਅਲਗ ਕੀਤਾ ਜਾਂਦਾ ਹੈ ।

**ਬੰਜਰ,** ਵਿ:—ਭਾਰਾ, ਕਰੜਾ, ਜੋ ਵਾਹਨ ਔਖਾ ਪਵੇ ॥

**ਬੰਜਰ,** ਵਿ:—ਕੱਲਰੀ ਧਰਤੀ, ਜਿਸ ਵਿੱਚ ਕੁਝ ਨਾ ਉੱਗੇ ॥

**ਬਜਰ ਬੱਟੂ,** ਪੁ:—'ਠਜਰ ਵੱਟੂ' ਵੇਖੋ ॥

**ਬਜਰਾ,** ਪੁ:—ਬੇੜੀ, ਮਨੁੱਖਾਂ ਦੀ ਕਿਸ਼ਤੀ

**ਬਜਵੱਯਾ,** ਪੁ:—ਬਾਜਾ ਬਜਾਉਣ ਵਾਲਾ ॥

**ਬਜਾਉਣਾ,** ਕ੍ਰਿ:—ਬਾਜੇ ਵਿੱਚੋਂ ਅਵਾਜ਼ ਕੱਢਣੀ, ਪੁਕਾਰਨਾ, ਬੁੱਲ੍ਹ ਕੇ ਬੋਲਣਾ, ਹੁਕਮ ਮੰਨਣਾ, ਕੰਮ ਨਿਬਾਹੁਣਾ॥

**ਗਲ ਪਿਆ ਢੋਲ ਬਜਾਉਣਾ,** ਕ੍ਰਿ:—ਜਿਸ ਕੰਮ ਨੂੰ ਨਾ ਜੀ ਕਰੇ ਉਹ ਕਰਨਾ ਪੈਣਾ ॥

**ਠੋਕ ਬਜਾਉਣਾ**
**ਠੋਕ ਬਜਾਕੇ ਲੈਣਾ** } ਕ੍ਰਿ:—ਪੰਡ ਕਾ [illegible] ਵੇਖਣਾ, ਪਰਖਣਾ ।

**ਬੰਜਾਉਣਾ,** ਕ੍ਰਿ:—ਅਜਾਈਂ ਗੁਆਉਣਾ, ਨਸ਼ਟ ਕਰਨਾ

**ਬੰਜਾਇਤਾ,** ਵਿ:—ਬੰਜ ਵਾਲਾ ਦੂੰਟਾ ਹੋਯਾ, ਅੰਗ ਹੀਣ ।

**ਬਜਾਕ,** ਪੁ:—ਬਜਾਉਣ ਵਾਲਾ, [illegible] ਵਾਲਾ ॥

**ਬਜਾਜ,** ਪੁ:—ਕਪੜਾ ਵੇਚਣ ਵਾਲਾ । ਖੰਨ੍ਹੀਆਂ ਦੀ ਕ ਜ਼ਾਤ ॥

**ਬਜਾਜੀ,** ਸ:—ਬਜਾਜ ਦਾ ਕੰਮ, ਬਜਾਜ ਦੀ ਹੱਟ ਦਾ ਮਾਲ ॥

**ਬਜਾਰ,** ਪੁ:—ਜਿਸ ਗਲੀ ਜਾਂ ਸੜਕ ਵਿੱਚ ਚੀਜ਼ਾਂ ਵਿਕਣ, ਮੰਡੀ ॥

**ਬੱਜਾ ਟੱਡਾ,** ਵਿ:—'ਬੰਜਾਇਤਾ' ਵੇਖੋ ॥

**ਬਜਾਰੀ,** ਵਿ:—ਬਜਾਰ ਦਾ (ਦੀ) ।

**ਬਜਾਰੀਆ,** ਪੁ:—ਬਜਾਰ ਵਿੱਚ ਰਹਿਣ ਵਾਲਾ ॥

**ਬਜਾਰੂ,** ਪੁ:—ਬਜਾਰ ਦਾ (ਦੀ) ॥

**ਬਜਾਰੂ ਖਬਰ,** ਸ:—ਜੋ ਖਬਰ ਬਜਾਰ ਵਿੱਚ ਉੱਡੇ, ਜਿਸ ਦੇ ਸੱਚੇ ਹੋਣ ਵਿਚ ਸ਼ੱਕ ਹੋਵੇ ।

**ਬਜਾ ਲਿਆਉਣਾ,** ਕ੍ਰਿ:—ਹੁਕਮ ਮੰਨਣਾ, ਕੰਮ ਕਰ ਦੇਣਾ ॥

**ਬਜ਼ੁਰਗ,** ਵਿ:—ਵੱਡਾ ॥

**ਬਜ਼ੁਰਗੀ,** ਸ:—ਵਡਿਆਈ, ਵੱਡੇ ਹੋਣ ਦਾ ਗੁਣ ।

**ਬਜੋਗ,** ਪੁ:—ਵਿਛੋੜਾ, ਵਿਛੋੜੇ ਦਾ ਦੁੱਖ(ਹੋਣਾ)।

**ਬਜੋਗੀ,** ਪੁ:—ਆਪਣੇ ਪਿਆਰੇ ਤੋਂ ਵਿੱਛੜਿਆ ਹੋਇਆ ॥

**ਬੰਝ,** ਵਿ:—ਮੰਦ (ਕੀਮਤ) ॥
ਪੁ:—ਬਾਂਸ ॥

**ਬੱਝਣਾ,** ਕ੍ਰਿ:—ਬੰਨ੍ਹੇ ਜਾਣਾ, ਫੱਸਣਾ, ਕੈਦ ਹੋਣਾ ॥

Digitized by Panjab Digital Library | www.panjabdigilib.org

**ਬੰਝਲੀ, ਬੰਝੁਲੀ,** ਸ:—ਬਾਸਰੀ, ਮੁਰਲੀ॥

**ਬੱਟ,** ਪੁ:—ਬੱਟਾ, ਭਾਉ, ਚੁੰਮ, ਵੈਰ, ਗੁੱਸਾ, ਮੋੜ, ਬਰੜੀ, ਵਿੱਚ ਦੇ ਮਰੋੜ, ਦਾਲ ਦੀ ਕਰੜਾਈ (ਨਾ ਗਲਣ ਕਰਕੇ)॥

**ਬਟਣਾ,** ਪੁ: **ਬਟਣੀ,** ਸ: **ਬਟਣ,** ਪੁ:—ਜਿਸ ਸੰਦ ਨਾਲ ਰੱਸੇ, ਡੋਰੀ, ਜਨੇਊ ਆਦਿਕ ਵੱਟੇ ਜਾਂਦੇ ਹਨ॥

**ਬੱਟਣਾ,** ਕ੍ਰਿ:—ਵਲਣਾ, ਮੋੜਨਾ, ਬਦਲਣਾ ਵੇਚ ਕੇ ਰਕਮ ਲੈਣੀ॥

**ਬੱਟਤ,** ਸ:—ਕੋਈ ਚੀਜ਼ ਵੇਚ ਕੇ ਜੋ ਰਕਮ ਹੱਥ ਆਵੇ॥

**ਬਟਨ,** ਪੁ:—ਗੁਦਾਮ, ਕਪੜੇ ਨੂੰ ਬੰਨ੍ਹਣ ਵਾਲੀ ਘੁੰਡੀ॥

**ਬਟਨਾ,** ਪੁ:—ਪਿੰਡੇ ਉੱਤੇ ਮਲਣ ਵਾਲਾ ਵੇਸਣ ਤੇਲ ਆਦਿਕ॥

**ਬੱਟਪਾੜ,** ਪੁ:—ਰਾਹ ਵਿੱਚ ਲੁੱਟਣ ਵਾਲਾ, ਡਾਕੂ, ਧਾੜਵੀ॥

**ਬਟਪਾੜੀ,** ਸ:—ਰਾਹ ਵਿੱਚ ਜੋ ਲੁੱਟ ਪਏ ਧਾੜਾ, ਡਾਕਾ॥

**ਬਟਲੋਹ,** ਪੁ: **ਬਟਲੋਹਾ,** ਪੁ:—ਬਹੁਤ ਵੱਡਾ ਦੇਗਚਾ ਜਿਸ ਵਿੱਚ ਇੱਕ ਦੋ ਮਣ ਚੀਜ਼ ਰਿੱਝ ਸੱਕੇ॥

**ਬਟਲੋਹੀ,** ਸ:—ਛੋਟਾ ਬਟਲੋਹਾ॥

**ਬੱਟਾ,** ਪੁ:—ਲੋਹੇ ਜਾਂ ਪੱਥਰ ਦੇ ਭਾਰ ਜਿਨ੍ਹਾਂ ਨੂੰ ਤਕੜੀ ਦੇ ਇੱਕ ਛਾਬੇ ਵਿੱਚ ਪਾਕੇ ਦੂਜੇ ਛਾਬੇ ਵਿੱਚ ਪਈ ਹੋਈ ਚੀਜ਼ ਨੂੰ ਤੋਲੀਦਾ ਹੈ,ਪੱਥਰ, ਕਾਟ,ਦਸਤੂਰੀ, ਬਦਲਾ,ਘਾਟਾ(ਦੇਣਾ,ਲੱਗਣਾ, ਲਾਉਣਾ),ਮੂਰਖ ਮਨੁੱਖ॥

**ਬੱਟਾ ਸੱਟਾ,** ਪੁ:—ਇੱਕ ਚੀਜ਼ ਦੇਕੇ ਦੂਜੀ ਲੈਣੀ ਆਪਣੀ ਕੁੜੀ ਦਾ ਸਾਕ ਦੇਕੇ ਦੂਜੇ ਦੀ ਕੁੜੀ ਵਿਆਹ ਲਿਆਉਣੀ।

**ਬੱਟੇ ਖਾਤੇ,** ਪੁ:—ਜਿਸ ਕਰਜ਼ੇ ਦੀ ਉਗਰਾਹੀ ਦੀ ਆਸ ਨਹੀਂ॥

**ਬਟਾਉਣਾ,** ਕ੍ਰਿ:—ਬਦਲਾਉਣਾ, ਬੱਟ ਜਾਂ ਵਲ ਦੁਆਉਣਾ॥

**ਬਟਾਊ,** ਪੁ:—ਚੀਜ਼ਾਂ ਬਟਾਉਣ ਦਾ ਲਾਹਾ, ਰਾਹੀ ਮੁਸਾਫ਼ਰ॥

ਵਿ:—ਜੋ ਬਟਾਇਆ ਜਾ ਸੱਕੇ॥

**ਬਟਾਈ,** ਸ:—ਪੈਦਾਵਾਰੀ ਦੀ ਵੰਡ, ਮਾਮਲੇ ਦੇ ਬਦਲੇ ਪੈਦਾਵਾਰੀ ਲੈਣਾ, ਫਸਲ ਵਿੱਚ ਸ਼ਾਹ ਦਾ ਹਿਸਾ, ਕਾਟ, ਦਸਤੂਰੀ, ਬੱਟਣ ਦਾ ਕੰਮ ਜਾਂ ਮਜੂਰੀ॥

**ਬਟਾਂਦਰਾ,** ਪੁ:—ਕੀਮਤਾਂ ਦਾ ਇਕ ਦੂਏ ਦਾ ਕੰਮ ਆਪਸ ਵਿੱਚ ਵਟਾ ਲੈਣਾ, ਬਦਲ, ਵੱਟਾ ਸੱਟਾ॥

**ਬਟਾ ਲੈਣਾ,** ਕ੍ਰਿ:—'ਬਟਾਉਣਾ' ਵੇਖੋ॥

**ਬਟਿਹਾੜਾ,** ਪੁ:—ਧੀ ਦਾ ਸਾਕ ਦੇ ਕੇ ਉਹਦੇ ਬਦਲੇ ਪੁਤ੍ਰ ਵਿਆਹੁਣ ਵਾਲਾ, ਜੋ ਬੱਟਾ ਸੱਟਾ ਕਰੇ॥

**ਬੱਟੀ,** ਸ:—ਦੀਵੇ ਦੀ ਬੱਤੀ, ਪੰਜ ਸੇਰ ਦਾ ਤੋਲ, ਨਿੱਕਾ ਬੱਟਾ, ਗੋਲੀ॥

Digitized by Panjab Digital Library / www.panjabdigilib.org

**ਬਟੂਆ,** ਪੁ:—ਨਗਦੀ ਪਾਉਣ ਵਾਲੀ ਨਿੱਕੀ ਥੈਲੀ, ਖੀਸਾ ॥

**ਬਟੇਹਰੀ,** ਸ:—ਪਹਿਲੇ ਦਿਨ ਜੰਵ ਵਾਸਤੇ ਖੜਮਾਂ ਦੇ ਘਰੋਂ ਜੋ ਰਸਤ ਡੇਰੇ ਪੁਰ ਆਵੇ ।

**ਬਟੇਰ,** ਪੁ:
**ਬਟੇਰਾ,** ਪੁ:
**ਬਟੇਰੀ,** ਸ: } ਇੱਕ ਮਸ਼ਹੂਰ ਪੰਖੇਰੂ ॥

**ਬੰਟੈਤ,** ਪੁ:—ਬੰਡਣ ਵਾਲਾ ॥

**ਬਟੋਹਲੀ,** ਸ:—ਬਟੇਰੇ ਵਰਗਾ ਇੱਕ ਛੋਟਾ ਪੰਛੀ ॥

**ਬੱਠਲ,** ਪੁ:—ਮਿੱਟੀ ਦਾ ਇੱਕ ਵੱਡਾ ਭਾਂਡਾ ॥

**ਬੱਠਲੀ,** ਸ:—ਮਿੱਟੀ ਦਾ ਇੱਕ ਛੋਟਾ ਭਾਂਡਾ ॥

**ਬਠਾਉਣਾ**
**ਬਠਾਲਣਾ** } ਕ੍ਰਿ: 'ਬਿਠਾਉਣਾ' ਵੇਖੋ ॥

**ਬੰਡ,** ਸ:—ਇੱਕ ਤਰ੍ਹਾਂ ਦੀ ਭਾਜੀ, ਘੀਆ ਵਰਗੀ ॥

**ਬੰਡ,** ਪੁ:—ਅਨਾਜ ਛਿਲਕਾਂ ਸਮੇਤ, ਦੁਆਵਾਂ ਆਦਿਕ ਪੀਹਣ ਵਿਚ ਜੋ ਟੋਟੇ ਬਚ ਰਹਿਣ, ਡੰਗਰਾਂ ਦੀ ਖੁਰਾਕ ਜਿਸ ਨਾਲ ਦੁੱਧ ਵਧਦਾ ਹ ॥
ਸ:—ਬੰਡਣ ਦਾ ਕੰਮ, ਹਿੱਸਾ

**ਬੰਡ ਛੱਡਣਾ,** ਕ੍ਰਿ:—ਬੰਡਣਾ, ਹਿੱਸੇ ਕਰਨਾ ॥

**ਬੁੰਡ ਬੰਡਾਉ (ਬੰਡ)** ਪੁ:—ਬਹੁਤੀ ਥਾਈਂ ਵੰਡਣ ਦਾ ਕਮ ॥

**ਬਡਹੰਸ,** ਪੁ:—ਇੱਕ ਰਾਗ, ਗੀਤ ॥

**ਬੰਡਣਾ,** ਕ੍ਰਿ:—ਹਿੱਸੇ ਕਰਨੇ, ਬਹੁਤ ਸਾਰੀ ਚੀਜ਼ ਵਿੱਚੋਂ ਥੋੜੀ ਥੋੜੀ ਸਭ ਨੂੰ ਦੇਣੀ ॥

**ਬਡ ਨਾਮਾ**
**ਬਡ ਨਾਵਾਂ** } ਪੁ:—ਕਿੱਸੇ ਵੱਡੇ ਦੇ ਨਾਉਂ ਵਾਲਾ ॥

**ਬਡਨਾਮੀ (ਵੀਂ)** ਸ:—ਕਿਸੇ ਵੱਡੀ ਦੇ ਨਾਉਂ ਵਾਲੀ ॥

**ਬਡ ਫੂਲਕੀ**
**ਬਡ ਫੂਲੀ** } ਸ:—ਬਹੁਤ ਖਰਚ ਕਰਨਾ, ਝੂਠੀ ਸ਼ੋਖੀ ॥

**ਬਡ ਬੋਲ,** ਸ:
**ਬਡ ਬੋਲਾ,** ਪੁ:
**ਬਡਬੋਲੀ,** ਸ: } ਜੋ ਬਹੁਤੀਆਂ ਗੱਲਾਂ ਕਰੇ, ਜੋ ਅਭਿਮਾਨ ਨਾਲ ਬੋਲੇ, ਜੋ ਸ਼ੇਖੀ ਮਾਰੇ ॥

**ਬਡਾ,** ਵਿ:—ਬੜਾ, ਵੱਡਾ, ਬਜ਼ੁਰਗ, ਸਿਆਣਾ ॥

**ਬੰਡਾ,** ਪੁ:—ਬੰਡ, ਹਿੱਸਾ, ਭਾਗ ॥

**ਬਡਾਉਣਾ,** ਕ੍ਰਿ:—ਬੰਡਣ ਦਾ ਕੰਮ ਕਰਾਉਣਾ ।

**ਬੰਡਾਈ,** ਸ:—ਬੰਡਣ ਦਾ ਕੰਮ ਜਾਂ ਮਜੂਰੀ ॥

**ਬਡਾਣਕ,** ਸ:—ਇਕ ਤਰ੍ਹਾਂ ਦੀ ਮੋਟੀ ਕਣਕ

**ਬਡਾਰੇ,** ਪੁ:—ਜਾਦੂ ਟੂਣੇ ਜ਼ੋਰ ਨਾਲ ਭੂਤ ਕੱਢਣ ਵਲ ॥

**ਬਡਾਰਨਾ,** ਕ੍ਰਿ: ਬਾਹਰ ਕੱਢਣਾ, ਹਟਾਉਣਾ ।

**ਬਡਾਰੂ,** ਪੁ:—ਵੱਡਾ ਆਦਮੀ, ਬਜ਼ੁਰਗ, ਵੱਡਾ ॥

**ਬੰਡਾਵਾ,** ਪੁ:—ਜ਼ਿਮੀਦਾਰ ਦੀ ਪੈਦਾਵਾਰੀ ਨੂੰ ਬੰਡਾ ਕੇ ਸ਼ਾਹ ਦਾ ਹਿੱਸਾ ਦੁਆਉਣ ਵਾਲਾ ॥

Digitized by Panjab Digital Library | www.panjabdigilib.org

**ਬੜਿਆਉਣਾ,** ਕ੍ਰਿ:—ਸਲਾਹੁਣਾ, ਵਡਿਆਈ ਕਰਨੀ ॥

**ਬੜਿਆਈ,** ਸ:—ਵੱਡੇ ਹੋਣ ਦਾ ਗੁਣ, ਸੋਭਾ, ਮਾਣ, ਤਰੀਫ ॥

**ਬੜਿਹਾਂਡ,** ਵਿ:—ਬੜਾ ਮੋਟਾ ਪਾਲਿਆ ਹੋਇਆ ਪਸੂ ॥

**ਬੰਡੀ,** ਸ:—ਲੰਮੀਆਂ ਬਾਹਵਾਂ ਵਾਲੀ ਫਤੂਹੀ ॥

**ਬੜੀਰਨਾ,** ਕ੍ਰਿ:—ਬੜਿਆਉਣਾ, ਸਲਾਹੁਣਾ ॥

**ਬਡੇਰਾ,** ਵਿ:—ਵੱਡਾ, ਬਜੁਰਗ, ਦੂਏ ਕੋਲੋਂ ਬੜਾ ॥

**ਬਡੌਲ,** ਵਿ:—ਜਿਸ ਦੀ ਸ਼ਕਲ ਜਾਂ ਬਣਤ ਬੁਰੀ ਹੈ ॥

**ਬੱਢ,** ਪੁ:—ਅਨਾਜ ਦੀ ਫਸਲ ਵੱਢਣ ਮਗਰੋਂ ਜੋ ਸਿਰੇ ਜਾਂ ਜੜਾਂ ਰਹਿ ਜਾਣ, ਢੰਡਾ, ਚੀਰ ਲੱਕੜ ਦਾ ਟੁਕੜਾ ॥

**ਬੱਢ ਖਾਣਾ,** ਕ੍ਰਿ:—ਦੰਦਾਂ ਨਾਲ ਟੱਕ ਮਾਰਨਾ ॥

**ਬੱਢ ਹੋਣਾ,** ਕ੍ਰਿ:—ਕੱਟ ਕੇ ਅੱਡ ਕਰ ਦੇਣਾ ॥

**ਬੱਢਣਾ,** ਕ੍ਰਿ:—ਕੱਟਣਾ, ਮਾਰਨਾ, ਟੱਕ ਮਾਰਨਾ, ਖੱਟਣ, ਕਮਾਉਣਾ ॥

**ਬਢਲ,** ਪੁ:—ਇਕ ਰੁੱਖ ਅਤੇ ਉਸਦਾ ਫਲ ॥

**ਬਢਵਾਉਣਾ**
**ਬਢਵਾਈ** } 'ਬਢਾਉਣਾ', 'ਬਢਾਈ' ਦੇਖੋ ॥

**ਬੱਢਾ,** ਪੁ:—ਵੱਢਣ ਦਾ ਨਿਸ਼ਾਨ, ਚੀਰ, ਡੰਗ ॥

**ਬਢਾਉਣਾ,** ਕ੍ਰਿ:—ਵੱਢਣ ਜਾਂ ਕੱਟਣ ਦਾ ਕੰਮ ਕਰਾਉਣਾ ॥

**ਬਢਾਈ,** ਸ:—ਫਸਲ ਆਦਿਕ ਕੱਟਣ ਦਾ ਕੰਮ ਜਾਂ ਮਜੂਰੀ ॥

**ਬਢਾਂਗਾ,** ਪੁ:—ਮਾਰਨ ਵੱਢਣ ਕੱਟਣ ਦਾ ਕੰਮ (ਹੋਣਾ, ਕਰਨਾ) ॥

**ਬੱਢੀ,** ਸ:—ਜੋ ਰੁਪਯਾ ਜਾਂ ਪਦਾਰਥ ਨਹੱਕ ਕਿਸੇ ਨੂੰ ਆਪਣਾ ਕੰਮ ਕੱਢਣ ਲਈ ਦਿੱਤਾ ਜਾਵੇ (ਖਾਣਾ, ਦੇਣਾ, ਲੈਣਾ) ॥

**ਬੱਢੂ,** ਪੁ:—'ਬੱਢ' ਦੇਖੋ ॥

**ਬੱਢੂ,** ਪੁ:—ਵੱਢਣ ਵਾਲਾ ॥

**ਬੱਢੂ ਖਾਊਂ ਕਰਨਾ,** ਕ੍ਰਿ:—ਝਿੜਕਣਾ, ਧਮਕਾਉਣਾ ॥

**ਬਣ,** ਪੁ:—ਜੰਗਲ, ਬੀਆਬਾਨ ॥

**ਬਣਚਰ**
**ਬਣ ਪਸੂ** } ਪੁ:—ਜੰਗਲੀ ਜਨੌਰ ॥

**ਬਣ ਬਣ ਪੈਣਾ,** ਕ੍ਰਿ:—ਸਜਣਾ, ਸੋਹਣਾ ਲੱਗਣਾ ॥

**ਬਣ ਬਜੀਰ,** ਪੁ:—ਜੰਗਲ ਜਿਸ ਦੇ ਸਪੁਰਦ ਹਵੇ ॥

**ਬਣ ਬਣਾਸਤੀ,** ਸ:—ਜੰਗਲੀ ਫਲ ਆਦਿਕ ॥

**ਬਣਬਾਸ**
**ਬਣਵਾਸ** } ਪੁ:—ਬਨ ਵਿੱਚ ਰਹਿਣਾ ॥

Digitized by Panjab Digital Library | www.panjabdigilib.org

**ਬਣਬਾਸਣ / ਬਣ ਵਾਸਣ**, ਸਂ: ਜੰਗਲ ਵਿੱਚ ਰਹਿਣ ਵਾਲੀ।

**ਬਣਬਾਸੀ / ਬਣਵਾਸੀ**, ਪੁ:—ਜੰਗਲ ਵਿੱਚ ਰਹਿਣ ਵਾਲਾ ॥

**ਬਣਮਾਣੂ / ਬਣਮਾਨਸ**, ਪੁ: —ਮਨੁੱਖ ਦੀ ਸ਼ਕਲ ਦਾ ਇਕ ਜੰਗਲੀ ਜਨੌਰ ॥

**ਬਣਰਾਜਾ,** ਪੁ: —ਜੰਗਲ ਦਾ ਪਾਤਸ਼ਾਹ, ਸ਼ੇਰ ॥

**ਬਣਜ,** ਪੁ:—ਬੁਪਾਰ, ਸੁਦਾਗਰੀ, ਮਾਲ ਖਰੀਦਣਾ ਅਤੇ ਵੇਚਣਾ ॥

**ਬਣਜਣਾ,** ਕ੍ਰਿ: —ਖਰੀਦਣਾ, ਅਨਾਜ ਆਦਿਕ ਦਾ ਸੌਦਾ ਕਰਨਾ ॥

**ਬਣਜਾਰਣ,** ਸ:—'ਬਣਜਾਰੀ' ਵੇਖੋ ॥

**ਬਣਜਾਰਾ,** ਪੁ:—ਬੁਪਾਰੀ, ਫਿਰ ਤੁਰਕੇ ਮਾਲ ਵੇਚਣ ਵਾਲਾ, ਇੱਕ ਜਾਤ।

**ਬਣਜਾਰੀ,** ਸ:—ਬਣਜਾਰਾ ਜਾਤ ਦੀ ਤ੍ਰੀਮਤ, ਬਣਜਾਰੇ ਦੀ ਵਹੁਟੀ, ਬਣਜਾਰਨ ॥

**ਬਣਤ / ਬਣਤ ਬਣਾ**, ਸ: —ਤਿਆਰੀ, ਜੋੜ, ਦੋਸਤੀ, ਮੇਲ, ਢੋਂਗ ॥

**ਬਣਨਾ,** ਕ੍ਰਿ:—ਤਿਆਰ ਹੋ ਜਾਣਾ, ਮਿਲਣਾ, ਕੰਮ ਹੋਣਾ, ਸਜਣਾ, ਪੂਰਾ ਹੋਣਾ (ਕੰਮ), ਬਣਦਾ ਹੋਣਾ, ਠੀਕ ਹੋ ਜਾਣਾ॥

**ਬਣਨਾ ਠਣਨਾ,** ਕ੍ਰਿ: —ਚੰਗੇ ਕੱਪੜੇ ਪਾਉਣਾ, ਸ਼ਿੰਗਾਰ ਕਰਨਾ ॥

**ਬਣਵੱਯਾ,** ਪੁ:—ਬਣਾਉਣ ਵਾਲਾ, ਕਾਰੀਗਰ ॥

**ਬਣਵਾਉਣਾ,** ਕ੍ਰਿ:—ਦੂਜੇ ਕੋਲੋਂ ਤਿਆਰ ਕਰਾਉਣਾ, ਠੀਕ ਕਰਾਉਣਾ ॥

**ਬਣਾਉਣਾ,** ਕ੍ਰਿ:—ਤਿਆਰ ਕਰਨਾ, ਠੀਕ ਕਰਨਾ, ਪੂਰਾ ਕਰਨਾ, ਸਜਾਉਣਾ ।

**ਬਣਾਹ,** ਪੁ:—'ਵਣਾਹ' ਵੇਖੋ ।

**ਬਣਿਆ ਬਣਾਇਆ,** ਵਿ:—ਪਹਿਲੇ ਹੀ ਤਿਆਰ ਹੋਯਾ ਹੋਯਾ, ਪੂਰਾ ॥

**ਬਣੋਈ,** ਪੁ:—ਭਣਵੱਯਾ, ਭੈਣ ਦਾ ਘਰਵਾਲਾ ।

**ਬਣੌਟਾ / ਬਣੌਤਾ**, ਪੁ: ਦਸਤੂਰੀ ਲੈਕੇ ਕੰਮ ਕਰਨ ਵਾਲਾ, ਦਲਾਲ

**ਬੱਤ,** ਪੁ:—ਉਬੱਤ, ਕੇ, ਬੇ ਚੋਥੀ (ਆਉਣਾ), ਚੋਪੜ ਅਤੇ ਛਿਕੜੀ ਦੀ ਇੱਕ ਚਾਲ (ਪੈਣਾ) ॥

ਸ: —ਫਰੇਬ, ਜਮੀਨ ਦੀ ਤਰੀ (ਆਉਣੀ ਜਾਂ ਹੋਣੀ), ਅਟਕਲ, ਉਸਤਾਦੀ, ਵੱਲ ॥

**ਬੱਤ ਸਿਰ ਆਉਣਾ,** ਕ੍ਰਿ:—ਪੂਰਾ ਹੋਣਾ, ਠੀਕ ਹੋਣਾ, ਰਾਸ ਆਉਣਾ ॥

**ਬੱਤਕ / ਬਤੱਖ**, ਸ:—ਇਕ ਤਰਾਂ ਦੀ ਮੁਰਗਾਬੀ ।

**ਬੱਤਰ,** ਸ:-ਜ਼ਮੀਨ ਦੀ ਤਰੀ, ਹਲ ਵਾਹੁਣ ਦਾ ਮੌਕਾ ॥

**ਬਤਰਨੀ,** ਸ:—ਮੁਰਦੇ ਦਾ ਆਤਮਾ ਜਿਸ ਨਦੀ ਨੂੰ ਲੰਘ ਕੇ ਪਰਲੋਕ ਵਿੱਚ ਜਾਂਦਾ ਹੈ। ਉਸ ਨਦੀ ਤੋਂ ਲੰਘਣ ਵਾਸਤੇ ਮਰਨ ਦੇ ਵੇਲੇ ਜੋ ਗਊ ਮਣਸੀ ਜਾਵੇ ॥

Digitized by Panjab Digital Library / www.panjabdigilib.org

**ਬੱਤਰੀ,** ਵਿਃ-ਬੱਤੀ, ਤੀਹ ਤੇ ਦੋ ॥

**ਬਤਾਉਣਾ,** ਕ੍ਰਿਃ—ਵੇਲਾ ਟਪਾਉਣਾ, ਗੁਜ਼ਾਰਨਾ, ਸੋਲਣ ਕਰਨੀ ।

**ਬਤਾਊਂ,** ਪੁਃ—ਇੱਕ ਮਸ਼ਹੂਰ ਭਾਜੀ ਬੈਂਗਣ ॥

**ਬਤਾਸਾ,** ਪੁਃ—'ਪਤਾਸਾ' ਵੇਖੋ ।

**ਬੱਤੀ,** ਸਃ—ਦੀਵੇ ਦੀ ਵੱਟੀ ।
ਵਿਃ—ਦੋਹਾਂ ਉੱਤੇ ਤੀਹ ॥

**ਬੱਤੀ ਧਾਰਾਂ,** ਸਃ—(ਬਹੁਃ)-ਮਾਂ ਦੇ ਥਣਾਂ ਦਾ ਦੁੱਧ ।

**ਬੱਤੀ ਧਾਰਾਂ ਬਖ਼ਸ਼ਣਾ,** ਕ੍ਰਿਃ—ਮਾਂ ਦੇ ਹੱਕ ਦੇ ਖਿਆਲ ਨਾ ਕਰਕੇ ਪੁਤ੍ਰ ਦਾ ਅਪਰਾਧ ਖਿਮਾ ਕਰਨਾ ॥

**ਬਤੀਸਾ,** ਵਿਃ-ਬੱਤੀਆਂ ਚੀਜ਼ਾਂ ਦੀ (ਦਵਾਈ), ਬੱਤੀਆਂ ਦੰਦਾਂ ਵਾਲਾ (ਮਨੁੱਖ), ਬੱਤੀ ਕਹਾਣੀਆਂ ਵਾਲੀ ਪੋਥੀ, ਪਤੀਸਾ ॥

**ਬਤੀਤ,** ਵਿਃ-ਬੀਤਿਆ ਹੋਇਆ, ਜੋ ਗੁਜ਼ਰ ਗਿਆ ਹੋ ॥

**ਬਤੀਤਮਾਨ,** ਵਿਃ—ਬੀਤ ਜਾਣ ਵਾਲਾ ॥

**ਬਤੀਤਣਾ,** ਕ੍ਰਿਃ-ਬੀਤ ਜਾਣਾ, ਗੁਜ਼ਰਨਾ ॥

**ਬਤੂਆ,** ਪੁਃ—ਜਿੰਨੀ ਰੂੰ ਕੱਤਣ ਵਾਸਤੇ ਇੱਕੋ ਵਾਰ ਲਈ ਜਾਵੇ ॥

**ਬਤੋਲ,** ਪੁਃ—ਚੰਗੀ ਤਰ੍ਹਾਂ ਵੱਟਿਆ ਹੋਇਆ (ਧਾਗਾ) ॥

**ਬਤੋਲਣਾ,** ਕ੍ਰਿਃ—ਇਕੱਠਾ ਕਰਨਾ ॥

**ਬਥੇਰਾ,** ਵਿਃ—ਬਹੁਤ ਸਾਰਾ, ਬਥੀ, ਜਿੰਨਾ ਕੰਮ ਦੇਵੇ ।

**ਬਦ,** ਵਿਃ—ਬੁਰਾ, ਮੰਦਾ, ਦੁਸ਼ਟ, ਸ਼ਰਾਰਤੀ ॥
ਪੁਃ ਸੂਰ ॥

**ਬਦ ਸ਼ਗਨ,** ਪੁਃ—ਬੁਰਾ ਸ਼ਗਨ ।

**ਬਦ ਸ਼ਕਲ, ਬਦ ਸੂਰਤ** } ਵਿਃ—ਬੁਰੀ ਸ਼ਕਲ ਵਾਲਾ, ਕੋਝਾ ॥

**ਬਦਕਾਰ,** ਵਿਃ-ਲੁੱਚਾ, ਜੋ ਬੁਰੇ ਕੰਮ ਕਰੇ ॥

**ਬਦਕਾਰੀ,** ਸਃ—ਬੁਰਾ ਕੰਮ, ਲੁੱਚ ਪੁਣਾ ॥

**ਬਦਗੋਈ,** ਸਃ—ਨਿੰਦਿਆ, ਬੁਰਾ ਕਹਿਣਾ ॥

**ਬਦਜ਼ਾਤ,** ਵਿਃ—ਕਮੀਨਾ, ਦੁਸ਼ਟ, ਵਿਗੜਿਆ ਹੋਇਆ ॥

**ਬਦ ਦੁਆ,** ਸਃ—ਸਰਾਪ, ਬੁਰਾ ਚਾਹੁਣਾ ॥

**ਬਦ ਨਸੀਬ,** ਵਿਃ—ਜਿਸ ਦੀ ਕਿਸਮਤ ਬੁਰੀ ਹੈ ॥

**ਬਦਨਾਮ,** ਵਿਃ-ਜਿਸ ਦੀ ਬੁਰਿਆਈ ਹੋਵੇ, ਨਿਬਰ ॥

**ਬਦਨਾਮੀ,** ਸਃ—ਬੁਰਿਆਈ, ਕੁਸੋਭਾ, ਨਿੰਦਿਆ ॥

**ਬਦਨੀਤਾ, ਬਦ ਨੀਯਤ** } ਵਿਃ—ਜਿਸ ਦੀ ਨੀਤ ਬੁਰੀ ਹੈ, ਲੋਭੀ ॥

**ਬਦਨੀਤੀ,** ਸਃ—ਬੁਰੀ ਨੀਤ, ਦਿਲ ਦੀ ਬੁਰਿਆਈ ॥

Digitized by Panjab Digital Library | www.panjabdigilib.org

**ਬਦ ਪਰਹੇਜ਼ੀ,** ਸਃ—ਪਰਹੇਜ਼ ਜਾਂ ਅਟਕਾਉ ਨਾ ਰੱਖਣਾ ॥

**ਬਦ ਫ਼ੈਲੀ,** ਸਃ—ਬੁਰਾ ਕੰਮ, ਬਦਕਾਰੀ, ਕੁਕਰਮ ॥

**ਬਦ ਬਲਾ,** ਸਃ—ਖਰਾਬ ਚੀਜ਼ਾਂ, ਬੁਰੀ ਖੁਰਾਕ

**ਬਦ ਬੂ,** ਸਃ—ਬੁਰੀ ਮੁਸ਼ਕ, ਦੁਰਗੰਧ ॥

**ਬਦ ਮਸਤ,** ਵਿਃ—ਸ਼ਰਾਬ ਨਾਲ ਬਿਲਕੁਲ ਬੇ ਸੁਰਤ ।

**ਬਦਮਜ਼ਾ,** ਵਿਃ—ਬੇ ਸੁਆਦ, ਫਿੱਕਾ ।

**ਬਦਮਾਸ਼,** ਵਿਃ—ਦੁਸ਼ਟ, ਲੁੱਚਾ, ਕੁਕਰਮੀ, ਅਵਾਰਾ ॥

**ਬਦਮਾਸ਼ੀ,** ਸਃ—ਬੁਰਾ ਕੰਮ, ਲੁੱਚ ਪੁਣਾ, ਕੁਕਰਮ ॥

**ਬਦਰੰਗ,** ਵਿਃ—ਜਿਸ ਦਾ ਰੰਗ ਉਡ ਜਾਵੇ, ਜਿਸ ਪਾਸ ਖਾਸ ਰੰਗ ਦਾ ਤਾਸ਼ ਦਾ ਪੱਤਾ ਨਾ ਹੋਵੇ ॥

**ਬਦਰਾਹੀ,** ਸਃ—ਉਲਟੇ ਰਾਹ ਪੈਣਾ ਖੋਟੀ ਚਾਲ ॥

**ਬਦ ਲਗਾਮ,** ਵਿਃ—ਜੋ ਲਗਾਮ ਨਾਲ ਕਾਬੂ ਨਾ ਆਵੇ, ਸ਼ੋਖ਼, ਮੂੰਹ ਜ਼ੋਰ ॥

**ਬੰਦ,** ਪੁਃ—ਜਿਸ ਚੀਜ਼ ਨਾਲ ਕੋਈ ਸ਼ੈ ਬੰਨ੍ਹੀ ਜਾਏ, ਗੰਢ, ਬੰਧਨ, ਬੰਧੇਜ, ਰੱਸੀ, ਨਦੀ ਦਾ ਬੰਨ੍ਹ ਜਾਂ ਬੰਨ੍ਹਾ, ਰੋਕ, ਅਟਕਾਉ, ਕੈਦ, ਪਹਿਲਵਾਨੀ ਦਾ ਇੱਕ ਜਾਉ, ਕਲਾਕੀ, ਕਾਗਜ਼ ਦਾ ਪਰਜ਼ਾ, ਹੱਥ ਦੀ ਵੱਡੀ ਚੂੜੀ ॥

ਵਿਃ—ਭੀੜਿਆ ਜਾਂ ਰੋਕਿਆ ਹੋਇਆ, ਖੜਾ, ਚੁੱਪ, ਜਾਤੋਂ ਬਾਹਰ ॥

**ਬੰਦ ਹੈਜ਼ਾ,** ਪੁਃ—ਹੈਜ਼ੇ ਦਾ ਰੋਗ ਜਿਸ ਵਿੱਚ ਪੀੜ ਹੋਵੇ ਪਰ ਦਸਤ ਕੈ ਨਾਂ ਆਉਣ ॥

**ਬੰਦ ਬੰਦ**
**ਬੰਦੋ ਬੰਦ** } ਪੁਃ—ਸਰੀਰ ਦੇ ਸਾਰੇ ਜੋੜ ॥

**ਬੰਦਕੀ**
**ਬੰਦਗੀ** } ਸਃ—ਸੇਵਾ, ਪੂਜਾ, ਭਗਤੀ, ਨਮਸਕਾਰ, ਸਲਾਮ ।

**ਬਦਣਾ,** ਕ੍ਰਿਃ—ਬੋਲਣਾ, ਥਾਪਣਾ, ਮੰਨਣਾ ਸ਼ਰਤ ਲਾਈ ਜਾਣੀ, ਖਿਆਲ ਰੱਖਣਾ ॥

ਪੁਃ—ਕਟੋਰਾ, ਪਿਆਲਾ ॥

**ਬੰਦਣਾ,** ਕ੍ਰਿਃ—ਪੈਰੀਂ ਪੈਣਾ ।

ਸਃ—ਨਮਸਕਾਰ, ਡੰਡੌਤ ॥

**ਬਦਨ,** ਪੁਃ—ਸਰੀਰ, ਦੇਹ, ਗੁੱਝੇ ਅੰਗ ।

**ਬਦਨ ਟੁੱਟਣਾ,** ਕ੍ਰਿਃ—ਹੱਡੀਆਂ ਜਾਂ ਸਰੀਰ ਦੁਖਣਾ ਆਕੜਨਾ ਜਾਂ ਝੁਕਣਾ, ਜ਼ੋਰ ਕਰਨ ਨਾਲ ਸਰੀਰ ਦਾ ਸਾਧਿਆ ਜਾਣਾ ॥

**ਬਦਨ ਤੋੜਨਾ,** ਕ੍ਰਿਃ—ਜ਼ੋਰ ਕਰਕੇ ਸਰੀਰ ਸਾਧਣਾ ॥

**ਬਦਨ ਫੁੱਟਣਾ,** ਕ੍ਰਿਃ—ਸਰੀਰ ਦੇ ਉੱਪਰ ਫੁੰਸੀਆਂ ਨਿਕਲਣੀਆਂ ॥

**ਬਦਨੀ,** ਸਃ—ਜੂਏ ਦਾ ਬੁਪਾਰ ॥

**ਬੰਦਬਸਤ,** ਪੁਃ—ਜ਼ਮੀਨ ਦਾ ਮਾਮਲਾ ਠਹ੍ਰਾਉਣਾ, ਜੁਗਤ, ਪ੍ਰਬੰਧ, ਸੰਜਮ, ਨਿਕਾਲਾ, ਇੰਤਜ਼ਾਮ ।

**ਬੰਦਰ,** ਪੁਃ
**ਬੰਦਰੀ,** ਸਃ } ਮਨੁੱਖ ਦੀ ਸ਼ਕਲ ਦਾ ਪੂਛ ਵਾਲਾ ਉੱਧਾ ਜਨੌਰ । ਮੂਰਖ, ਚੰਚਲ ॥

Digitized by Panjab Digital Library / www.panjabdigilib.org

**ਬਦਟੱਕਾ,** ਪੁ: / **ਬਦਟੱਕੀ,** ਸ: } ਜੋ ਰਾਹ ਦੱਸੇ ਜਾਂ ਨਾਲ ਟੁਰ ਕੇ ਜਾਵੇ ॥

**ਬਦਰਾ,** ਪੁ:—ਹਜ਼ਾਰ ਰੁਪਏ ਦੀ ਥੈਲੀ ।

**ਬਦਲ,** ਪੁ:—ਇੱਕ ਚੀਜ਼ ਦੇ ਥਾਂ ਦੂਜੀ ਲੈਣਾ (ਦੇਣਾ, ਲੈਣਾ), ਹਾਲਤ ਹੋਰ ਹੋ ਜਾਣੀ (ਜਾਣਾ), ਹੋਰ ਥਾਂ ਚਲੇ ਜਾਣਾ (ਜਾਣਾ) ॥

**ਬੱਦਲ,** ਪੁ:—ਪਾਣੀ ਦੀ ਭਾਫ ਬਣ ਕੇ ਜੇਹੜੀ ਅਗਾਸ ਵਿੱਚ ਛਾ ਜਾਂਦੀ ਹੈ, ਮਘ, ਬੱਦਲ ਦੀ ਸ਼ਕਲ ਦਾ ਕਪੜਾ ।

**ਬੱਦਲ ਚਾਲ,** ਸ:—ਬੱਦਲਾਂ ਦਾ ਉਡਣਾ ।

**ਬੱਦਲ ਫਟਣਾ,** ਕ੍ਰਿ:—ਬੱਦਲ ਹਟ ਕੇ ਅਸਮਾਨ ਸਾਫ਼ ਹੋ ਜਾਣਾ ॥

**ਬਦਲਨਾ,** ਕ੍ਰਿ:—ਹੋਰ ਹਾਲਤ ਹੋ ਜਾਣੀ, ਵੱਟਣਾ, ਹੋਰ ਦਾ ਹੋਰ ਹੋ ਜਾਣਾ, ਦੂਜੀ ਥਾਂ ਚਲੇ ਜਾਣਾ, ਰੰਗ ਉੱਡਣਾ । ਇੱਕ ਚੀਜ਼ ਦੇ ਕੇ ਦੂਜੀ ਲੈਣੀ, ਇੱਕ ਥਾਂ ਤੋਂ ਦੂਜੀ ਥਾਂ ਭੇਜ ਜਾਂ ਰੱਖ ਦੇਣਾ, ਹੋਰ ਭੇਖ ਕਰ ਲੈਣਾ ਮੁੱਕਰ ਜਾਣਾ ॥

**ਬਦਲਵਾਉਣਾ,** ਕ੍ਰਿ:—ਬਦਲਨ ਦਾ ਕੰਮ ਕਰਾਉਣਾ ॥

**ਬਦਲਵਾਈ,** ਸ:—ਬਦਲ, ਅਗਾਸ ਵਿੱਚ ਬੱਦਲ ਛਾ ਜਾਣੇ ॥

**ਬਦਲਾ,** ਪੁ:—ਵੱਟਾ, ਇੱਕ ਚੀਜ਼ ਦੀ ਥਾਂ ਜੋ ਦੂਜੀ ਚੀਜ਼ ਦਿੱਤੀ ਜਾਵੇ, ਚੰਗੀ ਜਾਂ ਮੰਦੀ ਕਰਣੀ ਦਾ ਫਲ (ਦੇਣਾ, ਲੈਣਾ) ॥

**ਬਦਲਾਉਣਾ,** ਕ੍ਰਿ:—ਵਟਾਉਣਾ, ਬਦਲਣਾ, ਬਦਲਵਾਉਣਾ ॥

**ਬਦਲਾਊ,** ਵਿ:—ਬਦਲਾਉਣ ਜੋਗਾ ॥

**ਬਦਲਾਈ,** ਸ:—ਬਦਲਾਉਣ ਦਾ ਭਾਉ ॥

**ਬਦਲਾਖੀ ਧੁੱਪ,** ਸ:—ਬੱਦਲਾਂ ਨੂੰ ਪਾੜ ਕੇ ਜੋ ਸਾਫ਼ ਧੁੱਪ ਵਿੱਚੋਂ ਨਿਕਲ ਆਵੇ ॥

**ਬਦਲੀ,** ਸ:—ਛੋਟਾ ਬੱਦਲ, ਬਦਲ, ਵੱਟਾ, ਧਹਿਗਾ ਬਦਲਣਾਂ ॥

**ਬਦਲੀ ਵਿੱਚ,** ਕ੍ਰਿ:-ਵਿ:-ਬਦਲੇ, ਵੱਟੇ, ਕਿਸੇ ਚੀਜ਼ ਦੀ ਥਾਂ ॥

**ਬਦਲੇ,** ਅਵ:—ਵਾਸਤੇ, ਖਾਤਰ, ਵੱਟੇ, ਕਿਸੇ ਦੀ ਥਾਂ ।

**ਬਦਵਾਣੀ,** ਸ:—ਬੱਦੂ ਜਾਤ ਦੀ ਤੀਮਤ ॥

**ਬੰਦਗਾ,** ਪੁ:-ਬੰਦਾ, ਮਨੁੱਖ, ਨੌਕਰ, ਦਾਸ ॥

**ਬੰਦਾ,** ਪੁ:-ਮਨੁੱਖ, ਨੌਕਰ, ਗੁਰੂ ਗੋਬਿੰਦ ਸਿੰਘ ਜੀ ਦੇ ਮਗਰੋਂ ਸਿੱਖਾਂ ਦੇ ਮੋਹਰੀ ਦਾ ਨਾਉਂ ॥

**ਬੰਦਾਉਣਾ,** ਕ੍ਰਿ:—ਬੰਦਣਾ ਕਰਾਉਣੀ, ਪੈਰੀਂ ਪੁਆਉਣਾ ।

**ਬਦਾਣ,** ਪੁ:-ਤਰਖਾਣ ਜਾਂ ਲੁਹਾਰ ਦਾ ਵੱਡਾ ਹਥੌੜਾ ॥

**ਬਦਾਨਾ,** ਪੁ:-ਗੋਲ ਬੂੰਦ, ਗੋਲ ਬੂੰਦ ਵਰਗੀ ਮਠਿਆਈ ॥

ਵਿ:—ਜਿਸ ਵਿੱਚ ਬੀਜ ਨਹੀਂ (ਅਨਾਰ ਅੰਗੂਰ)।

**ਬਦਾਬਦੀ,** ਕ੍ਰਿ:-ਵਿ:—ਜ਼ਿਦ ਨਾਲ, ਧਿੰਗੋ ਧੋਰੀ, ਜ਼ਬਰਦਸਤੀ ॥

Digitized by Panjab Digital Library | www.panjabdigilib.org

**ਬਦਾਮ,** ਪੁ:—ਮਸ਼ਹੂਰ ਮੇਵਾ ॥

**ਬਦਾਮ ਰੋਗਨ,** ਪੁ:—ਬਦਾਮ ਦੀ ਗਿਰੀ ਦਾ ਤੇਲ ।

**ਬਦਾਮੀ,** ਵਿ: ਪੁ:—ਬਦਾਮ ਦੀ ਸ਼ਕਲ ਜਾਂ ਰੰਗ ਦਾ ॥

**ਬਦੀ,** ਸ:—ਬੁਰਿਆਈ, ਸ਼ਰਾਰਤ, ਬਦਮਾਸ਼ੀ ।

**ਬੰਦੀ,** ਸ:—ਕੀਮਤ, ਦੰਹਲਕ, ਲੌਂਡੀ, ਲੇਖੇ ਦਾ ਚਿੰਨ੍ਹ ।
ਪੁ:—ਕੈਦੀ ।

**ਬੰਦੀ ਖਾਨਾ,** ਪੁ:—ਕੈਦ ਖਾਨਾ, ਜੇਲ੍ਹ ਖਾਨਾ ।

**ਬੰਦੀ ਮਾਣ (ਵਾਣ),** ਪੁ:, ਸ:—ਕੈਦੀ, ਬੰਦਕ ।

**ਬੱਦੂ,** ਵਿ:—ਬਦਨਾਮ (ਹੋਣਾ, ਕਰਨਾ) ॥

**ਬੱਦੂ**
**ਬਦੋ (ਦੋਂ)** } ਪੁ:—ਅਰਬ ਦੇਸ਼ ਦਾ ਇੱਕ ਜਾਤ ਜਿਸ ਦੇ ਲੋਕ ਇੱਕ ਥਾਂ ਟਿਕ ਕੇ ਨਹੀਂ ਰਹਿੰਦੇ ।

**ਬਦੂਰਣਾ,** ਕ੍ਰਿ:—ਬੁਰਾ ਕਹਿਣਾ ਅਤੇ ਨਿੰਦਿਆ ਕਰਨੀ ॥

**ਬਦੂਕ**
**ਬੰਦੂਕ** } ਸ:—ਗੋਲੀ ਚਲਾਉਣ ਵਾਲਾ ਮਸ਼ਹੂਰ ਹਥਿਆਰ ॥

**ਬੰਦੂਕਚੀ**
**ਬੰਦੂਕੀ** } ਪੁ:—ਬੰਦੂਕ ਚਲਾਉਣ ਵਾਲਾ ॥

**ਬੰਦੂਕੜਾ,** ਪੁ:—ਭਾਰੀ ਬੰਦੂਕ, ਵੱਡੀ ਨਾਲ ਵਾਲੀ ਛੋਟੀ ਬੰਦੂਕ ।

**ਬੰਦੂਕੜੀ,** ਸ:—ਛੋਟਾ ਜੇਹਾ ਬੰਦੂਕੜਾ ॥

**ਬੰਦੋਬਸਤ,** ਪੁ:
**ਬੰਦੋ ਬਸਤੀ,** ਸ: } 'ਬੰਦ ਬਸਤ' ਵੇਖੋ ।

**ਬਦੋਬਦੀ,** ਕ੍ਰਿ: ਵਿ:—'ਬਦਾ ਬਦੀ' ਵੇਖੋ ॥

**ਬੰਧ,** ਸ:—ਗਿਲਟੀ, ਫੋੜਾ ॥
ਪੁ:—ਮਾਰਨਾ, ਕੋਹਣਾ ॥
ਵਿ:—ਵੱਧ, ਬਹੁਤ ।

**ਬਧੁਕ**
**ਬੱਧਕ**
**ਬੰਧਕ** } ਪੁ:—ਚਿੜੀ ਮਾਰ, ਸ਼ਿਕਾਰੀ, ਕਸਾਈ ॥

**ਬੰਧਣ,** ਪੁ:—ਬੰਨ੍ਹਣ ਵਾਲੀ ਚੀਜ਼, ਰੱਸ, ਜ਼ੰਜੀਰ, ਫਾਹੀ, ਬਾਧਾ ॥

**ਬਧਣਾ,** ਕ੍ਰਿ:—'ਵਧਣਾ' ਵੇਖੋ ।

**ਬਧੇਤ,** ਪੁ:—ਰੋਗ ਆਦਿਕ ਦਾ ਵਾਧਾ ॥

**ਬੰਧਪ,** ਪੁ:—ਭਰਾ ਭਾਈ, ਸਾਕ, ਸਰਬੰਧੀ ॥

**ਬੱਧਰੀ,** ਸ:—ਕੁੱਤੇ ਦਾ ਪਟਾ, ਬੰਨ੍ਹਣ ਦਾ ਤਸਮਾ ਜਾਂ ਪੱਟੀ ।

**ਬਧਵਾਉਣਾ**
**ਬਧਵਾਈ** } 'ਵਧਵਾਉਣਾ' 'ਵਧਵਾਈ' ਵੇਖੋ ।

**ਬੱਧਾ,** ਵਿ:—ਬੰਨ੍ਹਿਆ ਹੋਇਆ, ਕਾਬੂ ਕੀਤਾ ਹੋਇਆ, ਕੈਦੀ ॥

**ਬੰਧਾ,** ਪੁ:—ਬਾਧਾ, ਰੋਕ, ਗਲ ਦਾ ਰੱਸਾ ।

**ਬਧਾਉ**
**ਬਧਾਉਣਾ**
**ਬਧਾਵੇ**
**ਬਧਾਈ** } 'ਵਧਾਉ' ਆਦਿਕ ਵੇਖੋ ।

Digitized by Panjab Digital Library | www.panjabdigilib.org

**ਬਧਾਨ** / **ਬੰਧਾਨ** } ਪੁ:—ਖੁਸ਼ੀ ਦੇ ਮੌਕੇ ਤੇ ਜੋ ਰਕਮ ਧਰਮ ਅਰਥ ਦੇਣੀ ਠਹਿਰਾਈ ਜਾਵੇ, ਲਾਗ ॥

**ਬਧਾਵਾ,** ਪੁ:—'ਵਧਾਵਾ' ਵੇਖੋ ॥

**ਬੰਧੀ,** ਸ:—'ਬੰਧਕੀ' ਵੇਖੋ ॥

**ਬਧੀਆ** / **ਬਧੀਕ** / **ਬਧੀਕੀ** } 'ਵਧੀਆ' ਆਦਿਕ ਵੇਖੋ ।

**ਬੰਧੂਆ,** ਪੁ:—ਕੈਦੀ, ਬੰਦ ਕੀਤਾ ਹੋਇਆ ॥

**ਬਧੇਜ** / **ਬੰਧੇਜ** } ਪੁ:—ਸ਼ੁਭ ਪੁਰਨਾ ਅਰਦਾਸੇ, ਦੇਣ ਦਾ ਬੰਨ੍ਹ, ਜੁਗਤ, ਬੰਦੋਬਸਤ, ਬਧਾਨ, ਲਾਗ ॥

**ਬਧੇਜੀ** / **ਬੰਧੇਜੀ** } ਵਿ:—ਜੋ ਬੰਧੇਜ ਰੱਖੇ, ਬੰਨ੍ਹ ਕੇ ਰੱਖਿਆ ਹੋਇਆ ॥

**ਬਧੇਰਾ,** ਵਿ:—'ਵਧੇਰਾ' ਵੇਖੋ ॥

**ਬਧੌਂਤ,** ਪੁ:—'ਬਧਤ' ਵੇਖੋ ॥

**ਬਧੋਤਰ** / **ਬਧੋਤਰੀ** } ਸ:—ਵਾਧਾ, ਲਾਭ ਅਤੇ ਸਾਮੀ ਵਿੱਚ ਦੇ ਕੇ ਜੋ ਅਨਾਜ ਵਧ ਰਹੇ ॥

**ਬਨਸ,** ਪੁ:—'ਬੰਸ' ਵੇਖੋ ॥

**ਬਨਸਪਤ** / **ਬਨਸਪਤੀ** } ਸ:—ਜੰਗਲੀ ਫਲ, ਭਾਜੀ ਤਰਕਾਰੀ, ਸਬਜ਼ੀ ॥

**ਬਨਸਣ,** ਸ: / **ਬਨਸੀ,** ਪੁ: } 'ਬੰਸਣ' 'ਬੰਸੀ' ਵੇਖੋ ।

**ਬੰਨ੍ਹ,** ਪੁ:—ਬੰਧ, ਰੋਕ, ਕੈਦ, ਬੰਦਸ਼, ਪਸ਼ਾਬ ਨਾ ਆਉਣਾ ॥

**ਬੰਨ੍ਹ ਮਾਰਨਾ** / **ਬੰਨ੍ਹ ਲਾਉਣਾ** } ਕ੍ਰਿ:—ਹੱਦ ਬੰਦੀ ਕਰਨੀ, ਪਾਣੀ ਦੀ ਰੋਕ ਬਣਾਉਣੀ ॥

**ਬੰਨ੍ਹਣ,** ਪੁ:—ਬੰਨ੍ਹਣ ਵਾਲੀ ਸ਼ੈ, ਰੱਸੀ, ਪੱਟੀ ਮੇਲ, ਜੋੜ ।

**ਬੰਨ੍ਹਣਾ,** ਕ੍ਰਿ:—ਕੈਦ ਪਾਉਣੀ, ਜੋੜਨਾ, ਬਣਾਉਣਾ, ਰੋਕਣਾ ॥

**ਬੰਨਗੀ,** ਸ:—'ਵੰਨਗੀ' ਵੇਖੋ ॥

**ਬੱਨਦੂਆ,** ਸ:—ਭਾਦ੍ਰੋਂ ਦੇ ਮਹੀਨੇ ਨਿੱਕੇ ਬਾਲਕ ਨੂੰ ਮਿੱਟੀ ਦੇ ਢੇਰ ਉੱਪਰੋਂ ਛੁਡਾਉਣ ਦੀ ਰੀਤ ॥

**ਬਨਫਸ਼ਾ,** ਪੁ:—ਇੱਕ ਨੀਲੇ ਰੰਗ ਦਾ ਮਸ਼ਹੂਰ ਫੁੱਲ ਅਤੇ ਘਾਹ ॥

**ਬਨਰਾ,** ਪੁ:—ਬੰਨਾ, ਲਾੜਾ, ਜਿਸ ਮੁੰਡੇ ਦਾ ਵਿਆਹ ਹੋਵੇ ।

**ਬਨਰੀ,** ਸ:—ਬੰਨੀ, ਨਵੇਲੀ, ਨਵੀਂ ਵਹੁਟੀ ॥

**ਬਨਵਾਉਣਾ,** ਕ੍ਰਿ:—ਬਣਾਉਣ ਦਾ ਕੰਮ ਕਰਾਉਣਾ, ਠੀਕ ਕਰਾਉਣਾ, ਟੁੱਟਾ ਭੱਜਾ ਜੁੜਾਉਣਾ ॥

**ਬਨਵਾਈ,** ਸ:—ਕੋਈ ਚੀਜ਼ ਬਣਾਉਣ ਦੀ ਮਜੂਰੀ ॥

**ਬਨਵਾਰੀ,** ਪੁ:—ਕ੍ਰਿਸ਼ਨ ਮਹਾਰਾਜ ਦਾ ਨਾਉਂ ॥

**ਬੰਨਾ,** ਪੁ:—ਹੱਦ, ਕੰਢਾ, ਪਾਸਾ, ਉੱਚਾ ਕਿਨਾਰਾ, ਲਾੜਾ ॥

Digitized by Panjab Digital Library | www.panjabdigilib.org

**ਬੰਨਾ ਬੰਨਾ,** ਪੁ:—ਬੰਨ੍ਹਾ, ਮਿੱਟੀ ਕੱਠੀ ਕਰਕੇ ਹੱਦ ਬਣਾਈ ਹੋਈ॥

**ਬਨਾਉ,** ਪੁ:—ਬਨਾਵਟ, ਸ਼ਕਲ, ਸ਼ਿੰਗਾਰ ॥

**ਬਨਾਉਟ,** ਸ:—ਜਿਸ ਤਰਾਂ ਕੋਈ ਚੀਜ਼ ਬਣੀ ਹੋਵੇ, ਕਾਰੀਗਰੀ, ਝੂਠੀ ਗੱਲ, ਦਿਖਾਵਾ ॥

**ਬਨ੍ਹਾਉਣਾ,** ਕ੍ਰਿ:—ਬੰਨ੍ਹਣ ਜਾਂ ਰੋਕਣ ਦਾ ਕੰਮ ਕਰਾਉਣਾ ॥

**ਬਨ੍ਹਾਈ,** ਸ:—ਬੰਨ੍ਹਣ ਦਾ ਕੰਮ ਜਾਂ ਮਜੂਰੀ ।

**ਬਨਾਤ,** ਸ:—ਇੱਕ ਤਰਾਂ ਦਾ ਉੱਨ ਦਾ ਕਪੜਾ ॥

**ਬਨਾਤੀ,** ਵਿ:—ਬਨਾਤ ਦੇ ਕਪੜੇ ਦਾ ਬਣਿਆ ਹੋਇਆ ॥

**ਬਣਾ ਬਣਾਇਆ,** ਵਿ:—'ਬਣਿਆ ਬਣਾਇਆ' ਵੇਖੋ ॥

**ਬਨਿਆਇਣ, ਬਨਿਆਣੀ,** ਸ:—ਬਾਣੀਏਂ ਦੀ ਤੀਮਤ ਜਾਂ ਧੀ ਭੈਣ ॥

**ਬੰਨੀ,** ਸ:—ਨਵੀਂ ਵਹੁਟੀ, ਨਵਰਨੀ ॥

**ਬਨੀਆ,** ਪੁ:—ਇਕ ਜਾਤ, ਹਟਵਾਣੀਆਂ, ਸੂਮ, ਡਰਾਕਲ ॥

**ਬਨੀਤ (ਤਾ),** ਵਿ:—ਬਦਨੀਤਾ, ਮੈਲੇ ਦਿਲ ਵਾਲਾ, ਲੋਭੀ ।

**ਬਨੇਰਾ,** ਪੁ:—ਬੰਨਾ, ਛਤ ਦੇ ਚੁਫੇਰੇ ਰੋਕ ਦੇ ਵਾਸਤੇ ਉੱਚੀ ਕੰਧ ॥

**ਬਨੈਨ,** ਸ:—ਇੱਕ ਤਰਾਂ ਦਾ ਉਣਿਆ ਹੋਯਾ ਕੁੜਤਾ ॥

**[illegible],** ਸ: ਫੁੱਲ, ਬੀਬੀ, ਪਿਆਰੀ ਕੁੜੀ, ਜ਼ਨਾਨਾ ਨਾਉਂ ॥

**ਬਪਤਿਸਮਾ,** ਪੁ:—ਸਰੀਰ ਉੱਤੇ ਪਾਣੀ ਛਿੜਕਕੇ ਜਾਂ ਪਾਣੀ ਵਿੱਚ ਗੋਤਾ ਦੇ ਕੇ ਈਸਾਈ ਬਣਾਉਣ ਦੀ ਰੀਤ (ਦੇਣਾ, ਲੈਣਾ) ।

**ਬਫ਼ਾ, ਬਫ਼ਾਤ,** 'ਵਫ਼ਾ' ਅਤੇ 'ਵਫ਼ਾਤ' ਵੇਖੋ ॥

**ਬੱਬ,** ਪੁ:—ਪਿਉ, ਬਾਪੂ ।

**ਬੰਬ,** ਪੁ:—ਗਾਡੀ ਦੀਆਂ ਅਗਲੀਆਂ ਲੰਮੀਆਂ ਲਕੜੀਆਂ, ਪੱਟਣ ਵਾਲਾ ਗੱਲਾ, ਨਾਲੇ 'ਬੰਬਾ' ਵੇਖੋ ॥

**ਬੱਬਰ,** ਪੁ:—ਸਰੀਰ ਦਾ ਅਗਲਾ ਹਿੱਸਾ ਅਤੇ ਪਾਸੇ, ਠਾਕਰਾ ॥

**ਬਬਰਾਨਾ,** ਸ:—ਬਾਵਰਾਆਂ, ਵੇਖੋ ॥

**ਬੱਬਰੂ,** ਪੁ:—ਇੱਕ ਤਰਾਂ ਦੀ ਮੱਛੀ ਰੋਹੀ, ਮੱਲ ॥

**ਬੰਬਲ,** ਪੁ:—ਝਾਲਰ, ਫੈਨੀ, ਫੁੰਮ੍ਹਣ ॥

**ਬੱਬਾ,** ਪੁ:—ਅਖਰ 'ਬ' ॥

**ਬੰਬਾ,** ਪੁ:—ਫੁੱਟ ਕੇ ਨਿਕਲਣ ਵਾਲੇ ਪਾਣੀ ਦੀ ਧਾਰ, ਨਲਕਾ, ਟੂਟੀ, ਨਾਲੀ, ਤੇਲ ਨੂੰ ਖਿੱਚਣ ਵਾਲੀ ਲਾਟ ਦੀ ਗੱਡੀ ਇੰਜਨ ॥

**ਬਬਾਣ,** ਪੁ:—ਬੁੱਢੇ ਦੇ ਮੁਰਦੇ ਦੀ ਅਰਥੀ ਜਿਸ ਨੂੰ ਦਾਰਿਆਈ ਆਦਿਕ ਨਾਲ ਸਜਾਇਆ ਹੋਵੇ, ਦੇਉਤਿਆਂ ਦਾ ਉਡਣ ਖਟੋਲਾ ॥

Digitized by Panjab Digital Library / www.panjabdigilib.org

**ਬੱਬੀ,** ਸਃ—ਚੁੰਮੀ ॥

**ਬੰਬੀਹਾ,** ਪੁਃ—ਇੱਕ ਚਿੜੀ ਜੇਹਾ ਪੰਖੇਰੂ ॥

**ਬੰਬੂ ਕਾਟ,** ਸਃ—ਇਕ ਦੋ ਪਹੀਆਂ ਵਾਲੀ ਗੱਡੀ ॥

**ਬਬੂਲ / ਬੰਬੂਲ,** ਪੁਃ—ਇੱਕ ਤਰਾਂ ਦਾ ਕਿੱਕਰ ॥

**ਬੰਬਾ,** ਵਿਃ—ਬਹੁਤ, ਬਥੇਰਾ, ਢੇਰ ਸਾਰਾ (ਪਾਣੀ) ।

**ਬਮ / ਬੰਮ,** ਸਃ—ਇੱਕ ਤਰਾਂ ਦੇ ਰਾਗ ਦੀ ਆਵਾਜ਼, ਬੰਬ, ਪਾਣੀ ਦੀ ਟੂਟੀ ਦਾ ਨਿਕਾਸ ਵਾਲੀ ਨਲੀ ॥

**ਬਮ੍ਹਣਊ,** ਪੁਃ—ਬ੍ਰਾਹਮਣ ਹੋਣ ਦਾ ਗੁਣ, ਬ੍ਰਾਹਮਣ ਪੁਣਾ ॥

**ਬਮ੍ਹਣੇਟਾ,** ਪੁਃ—ਬ੍ਰਾਹਮਣ ਦਾ ਬੇਟਾ ॥

**ਬਮ੍ਹਣੇਟੀ,** ਸਃ—ਬ੍ਰਾਹਮਣ ਦੀ ਬੇਟੀ, ਬ੍ਰਾਹਮਣੀ ॥

**ਬਮ ਮਹਾਦੇਉ,** ਵਿਸਮਕਃ—ਸ਼ਿਵ ਜੀ ਦੀ ਜਯ ॥

**ਬਮਾਣ,** ਪੁਃ—'ਪ੍ਰਮਾਣ' ਵੇਖੋ ॥

**ਬਮਾਰ,** ਵਿਃ—ਜੋ ਤਕੜਾ ਨਹੀਂ, ਰੋਗੀ ॥

**ਬਮਾਰੀ,** ਸਃ—ਸਰੀਰ ਦਾ ਠੀਕ ਨਾ ਹੋਣਾ, ਰੋਗ ॥

**ਬਮਾਲਕ,** ਵਿਃ—ਜਿਸ ਦਾ ਮਾਲਕ ਨਹੀਂ, ਜਿਸ ਦਾ ਮਾਲਕ ਗੁੰਮ ਗਿਆ ਹੋਵੇ ॥

**ਬਯਜੜਾ / ਬੱਯਾ,** ਪੁਃ—ਇੱਕ ਪੰਛੀ ਜੋ ਸਿਆਣਪ ਨਾਲ ਗੀਤ ਸੁਣ ਲੈਂਦਾ ਹੈ।

**ਬਯਾ,** ਪੁਃ—ਖਾਸ ਤਿਹਾਰਾਂ ਵਾਲੇ ਦਿਨ ਜੋ ਗੁਲੇ, ਮਠਿਆਈ ਆਦਿਕ ਨੂੰਹਾਂ ਆਪਣੀਆਂ ਸੱਸਾਂ ਜਾਂ ਵੱਡੀਆਂ ਨੂੰ ਦੇਂਦੀਆਂ ਹਨ ॥

**ਬਯਾਸ / ਬਯਾਸੀ / ਬਯਾਹ / ਬਯਾਹੁਣਾ / ਬਯਾਕਲ / ਬਯਾਕਲਤਾ / ਬਯਾਜ / ਬਯਾਜੜ / ਬਯਾਜੜੀਆ / ਬਯਾਜੀ / ਬਯਾਜੂਰ / ਬਯਾਜੂ / ਬਯਾਣਾ / ਬਯਾਧ / ਬਯਾਧਣ / ਬਯਾਧੀ,** 'ਬਿਆਸ' ਆਦਿਕ ਵੇਖੋ ॥

**ਬਰ,** ਪੁਃ—ਲਾੜਾ, ਕਪੜੇ ਦੀ ਚੌੜਾਈ, ਸੱਚੀ ਅਸੀਸ, ਜੋ ਵਿਸ਼ੇਸ਼ ਦੇਵਤਾ ਜਾਂ ਰਾਜਾ ਆਦਿਕ ਪ੍ਰਸੰਨ ਹੋ ਕੇ ਕਰ ਦੇਵੇ, ਇੱਕ ਰੋਗ ॥

**ਬਰ ਜੋਗ / ਬਰ ਪਰਾਪਤ,** ਵਿਃ—ਵਿਆਹੁਣ ਜੋਗੀ (ਕੁੜੀ), ਮੁਟਿਆਰ ॥

**ਬਰ ਦੇਣਾ,** ਕ੍ਰਿਃ—ਸੱਚੀ ਅਸੀਸ ਦੇਣੀ, ਕੰਨਿਆ ਦਾਨ ਕਰਨਾ ॥

Digitized by Panjab Digital Library / www.panjabdigilib.org

**ਬਰ ਮਿਚਣਾ,** ਕ੍ਰਿ:—ਮੇਲ ਹੋ ਸਕਣਾ, ਵਾਰੇ ਆਉਣਾ ॥

**ਬਰਸ,** ਪੁ:—ਵਰ੍ਹਾ, ਸਾਲ, ਬਾਰਾਂ ਮਹੀਨੇ ।

**ਬਰਸ ਗੰਢ,** ਸ:—ਵਰ੍ਹੇ ਗੰਢ, ਜਨਮ ਦਾ ਦਿਨ ॥

**ਬਰਸਣਾ,** ਕ੍ਰਿ:—ਵੱਸਣਾ, ਵਰ੍ਹਨਾ, ਮੀਂਹ ਪੈਣਾ ॥

**ਬਰਸਰ,** ਪੁ:—ਕਦਰ, ਅੰਦਾਜ਼ਾ ।
ਵਿ:—ਬਰਾਬਰ ॥

**ਬਰਸਰ ਆਉਣਾ,** ਕ੍ਰਿ:—ਮੇਲ ਹੋ ਸਕਣਾ, ਵਾਰੇ ਆਉਣਾ ॥

**ਬਰਸਾਉਣਾ,** ਕ੍ਰਿ:—ਮੀਂਹ ਪੁਆਉਣਾ, ਬਹੁਤ ਦਾਨ ਕਰਨਾ ।

**ਬਰਸਾਊ,** ਵਿ:—ਬਰਸਾਉਣ ਵਾਲਾ, ਜਿਸ ਤੋਂ ਬਰਸਣ ਦੀ ਆਸ ਹੋਵੇ ।

**ਬਰਸਾਜਣਾ,** ਕ੍ਰਿ:—ਤਮਾਚੇ ਜਾਂ ਜੁੱਤੀਆਂ ਮਾਰ ਲੀਆਂ, ਚੋਣਾ ॥

**ਬਰਸਾਤ,** ਸ:—ਜਿਸ ਬਹਾਰ ਵਿੱਚ ਮੀਂਹ ਪੈਂਦਾ ਹੈ, ਬਰਖਾ ॥

**ਬਰਸਾਤੀ,** ਸ:—ਛੱਤੀ ਹੋਈ ਹਵਾਦਾਰ ਥਾਂ ਮਕਾਨ, ਮੋਮ ਜਾਮਾ, ਘੋੜਿਆਂ ਦਾ ਇੱਕ ਰੋਗ ॥
ਵਿ:—ਬਰਸਾਤ ਦਾ ॥

**ਬਰਸਾਊ,** ਵਿ:—ਬਰਸਾਤ ਵਿੱਚ ਪਾਉਣ ਜੋਗਾ (ਕਪੜਾ), ਬਰਸਾਤ ਵਿਚ ਉੱਗਿਆ ਹੋਇਆ ਘਾਹ ॥

**ਬਰਸੀਣੀ,** ਸ:—ਵਰ੍ਹੇ ਪਿੱਛੋਂ ਮੁਰਦੇ ਦੇ ਨਾਉਂ ਦੀ ਨਿਆਜ਼ ਜੋ ਮੁਸਲਮਾਨ ਦੇਂਦੇ ਹਨ। ਵਰ੍ਹੀਣੀ ।

**ਬਰ੍ਹਣਾ,** ਕ੍ਰਿ:—ਵਰ੍ਹਨਾ, ਮੀਂਹ ਪੈਣਾ, ਬਰਖਾ ਹੋਣੀ, ਬਹੁਤ ਦਾਨ ਹੋਣਾ ॥

**ਬਰ੍ਹਨਾਊ,** ਵਿ:—ਬਰ੍ਹਨ ਵਾਲਾ, ਜਿਸ ਤੋਂ ਬਰ੍ਹਨ ਦੀ ਆਸ ਹੋਵੇ ॥

**ਬ੍ਰਹਮ,** ਪੁ:—ਪਰਮਾਤਮਾ, ਜਗਤ ਦਾ ਆਦਿ ਕਾਰਨ ॥

**ਬ੍ਰਹਮ ਹਤਿਆ,** ਸ:—ਬ੍ਰਾਹਮਣ ਦਾ ਮਾਰਨਾ ॥

**ਬ੍ਰਹਮ ਗਿਆਨ,** ਪੁ:—ਪਰਮਾਤਮਾ ਨੂੰ ਜਾਣਨਾ॥

**ਬ੍ਰਹਮ ਗਿਆਨੀ,** ਪੁ:—ਬ੍ਰਹਮ ਨੂੰ ਜਾਣਨਵਾਲਾ ॥

**ਬ੍ਰਹਮ ਚਰਜ (ਚਰਯ),** ਪੁ:—ਜਤੀਸਤੀਰਹਿਣਾ॥

**ਬ੍ਰਹਮ ਚਾਰੀ,** ਪੁ:—ਵੇਦ ਪੜ੍ਹਨ ਵਾਲਾ, ਵਿਦਯਾਰਥੀ, ਇੱਕ ਤਰਾਂ ਦਾ ਸਾਧੂ, ਤਪੱਸੀ, ਇਸਤ੍ਰੀ ਦਾ ਸੰਗ ਨਾਂ ਕਰਨ ਵਾਲਾ ॥

**ਬ੍ਰਹਮ ਡੰਡੀ,** ਸ:—ਇੱਕ ਔਖਧ, ਦੁਆ ॥

**ਬ੍ਰਹਮਬਿੱਦਿਆ,** ਸ:—ਪਰਮਾਤਮਾ ਨੂੰ ਜਾਣਨ ਦੀ ਬਿੱਦਿਆ ॥

**ਬ੍ਰਹਮ ਭੋਜ,** ਪੁ:—ਬ੍ਰਾਹਮਣ ਜੁਆਲਣੇ ॥

**ਬ੍ਰਹਮ ਲੋਕ,** ਪੁ:—ਬ੍ਰਹਮਾ ਦੀ ਦੁਨੀਆਂ, ਸੁਰਗ ॥

**ਬ੍ਰਹਮਣ**
**ਬ੍ਰਹਮਣੀ** } 'ਬ੍ਰਾਹਮਣ' ਆਦਿਕ ਵੇਖੋ ॥

Digitized by Panjab Digital Library / www.panjabdigilib.org

**ਬ੍ਰਹਮਾ,** ਪੁ:—ਸੰਸਾਰ ਬਣਾਉਣ ਵਾਲਾ ਦੇਵਤਾ ॥

**ਬ੍ਰਹਮੰਡ,** ਪੁ:—ਸੰਸਾਰ, ਭੂਗੋਲ, ਸ੍ਰਿਸ਼ਟ ।

**ਬਰ੍ਹਾ,** ਪੁ:—ਬਰਸ, ਸਾਲ, ਬਾਰਾਂ ਮਹੀਨੇ

**ਬਰ੍ਹਾਇੜਾ**
**ਬਰ੍ਹਾਊ** } 'ਬਰਸਾਇਣਾ' 'ਬਰਸਾਊ' ਵੇਖੋ ।

**ਬਰ੍ਹੀਣਾ,** ਪੁ:—'ਵਰ੍ਹੀਣਾ' ਵੇਖੋ ॥

**ਬਰ੍ਹੀਣੀ,** ਸ:—'ਬਰਸੀਣੀ' ਵੇਖੋ ।

**ਬਰਹੂਣ,** ਸ:—ਵੱਡੇ ਆਦਮੀ ਦੀ ਸੇਜ ॥

**ਬਰਕ,** ਪੁ:—'ਵਰਕ' ਵੇਖੋ ॥

**ਬਰਕਣ**
**ਬਰਕਣ ਦਾਜ** } ਪੁ:—ਪਲਸ ਦਾ ਸਿਪਾਹੀ, ਪੈਂਡੇ ਦਾ ਚੌਂਕੀਦਾਰ

**ਬਰਕਣ ਦਾਜੀ**
**ਬਰਕਣੀ** } ਸ:—ਬਰਕਣਦਾਜ਼ ਦਾ ਕੰਮ ।

**ਬਰਕਣਾ,** ਕ੍ਰਿ:—ਖੰਡ ਨਾਲ ਚੰਗੀ ਤਰਾਂ ਗਲਕੇ ਹੋਣਾ, ਰੋਟੀ ਆਦਿਕ ਦਾ ਸਿੱਧਾ ਅਤੇ ਸਾਫ਼ ਹੋਣਾ, ਚਮਕਣਾ । ਬੋਲਣਾ ।

**ਬਰਕਤ,** ਸ:—ਵਾਧਾ, ਚੰਗੀ ਪਰਾਲਬਧ, ਰੌਣਕ, ਗਿਣਨ ਵਿੱਚ ਪਹਿਲਾ ॥

**ਬਰਕੜੀ,** ਸ:—ਕਪੜੇ ਦਾ ਛੋਟਾ ਟੁਕੜਾ ।

**ਬਰਕਾ,** ਪੁ:—'ਵਰਕਾ' ਵੇਖੋ ॥

**ਬਰਖਣਾ,** ਪੁ: ਬਰਖਾ ਹੋਣੀ, ਮੀਂਹ ਪੈਣਾ, ਬਰਸਣਾ ॥

**ਬਰਖਾ,** ਸ:—ਮੀਂਹ, ਬਾਰਸ਼, ਅਕਾਸ਼ੋਂ ਜੋ ਪਾਣੀ ਪੈਂਦਾ ਹੈ ॥

**ਬਰਖਾ ਰੁੱਤ,** ਸ:—ਬਰਸਾਤ ਦੀ ਬਹਾਰ ॥

**ਬਰਖਿਲਾਫ਼,** ਵਿ:—'ਬਿਰੁੱਧ' ਵੇਖੋ ॥

**ਬਰਖੁਰਦਾਰ,** ਵਿ:—ਪਿਆਰਾ ਪੁਤ੍ਰ, ਨੇਕ ਲੜਕਾ, ਬੀਬਾ ॥

**ਬਰਖੁਰਦਾਰੀ,** ਸ:—ਅਸੀਸ, ਛੋਟੇ ਨੂੰ ਪਿਆਰ ॥

**ਬਰਗ,** ਪੁ:—'ਵਰਗ' ਵੇਖੋ, ਰੋਟੀ ਦਾ ਟੁੱਕ ॥

**ਬਰਗਲਾਉਣਾ,** ਕ੍ਰਿ:—ਅਵੈਰਨਾ, ਮਨਾਉਣਾ ਸਮਝਾਉਣ, ਆਪਣੀ ਮੱਤੇ ਲਾਉਣਾ ॥

**ਬਰਗਾ,** ਪੁ:, ਵਿ:—'ਵਰਗਾ' ਵੇਖੋ ॥

**ਬਰੈਂਚ,** ਸ:—ਵੱਡੇ ਸਕੂਲ ਨਾਲ ਲਗਦਾ ਛੋਟਾ ਸਕੂਲ ਜੋ ਉਸੇ ਦਾ ਹਿਸਾ ਹੋਵੇ ॥

**ਬਰਛਾ,** ਪੁ:—ਇੱਕ ਲੰਮਾ ਨੋਕਦਾਰ ਹਥਿਆਰ ।

**ਬਰਛੀ,** ਸ:—ਛੋਟਾ ਬਰਛਾ ॥

**ਬਰਛੀ ਮਾਰ,** ਪੁ:—ਜੋ ਬਰਛੀ ਮਾਰੇ ॥

**ਬਰਜਣਾ**
**ਬਰਜਾਉਣਾ** } ਕ੍ਰਿ:—'ਵਰਜਣਾ' ਆਦਿਕ ਵੇਖੋ ॥

**ਬਰੰਜੀ,** ਸ:—ਬਹੁਤ ਛੋਟਾ ਕਿੱਲ ਜਾਂ ਮੇਖ ॥

**ਬਰਤ,** ਪੁ:—ਪੁੰਨ ਖੱਟਣ ਵਾਸਤੇ ਭੁੱਖਾ ਰਹਿਣਾ, ਰੋਜ਼ਾ, ਦਸਤੂਰ ॥

**ਬਰਤ ਸਰਤ,** ਪੁ:—ਹਿੱਸਾ, ਮੇਲਗੋਲ, ਵਰਤਾਰਾ, ਸਲੂਕ ॥

Digitized by Panjab Digital Library | www.panjabdigilib.org

**ਬਰਤਮਾਨ,** ਵਿਃ-ਜੋ ਹੁਣ ਵਰਤੀਦਾ ਹੈ, ਹੁਣ ਦਾ ਸਮਾ॥

**ਬਰਤਵਾਰਾ,** ਪੁਃ-ਰੀਤ, ਵਰਤਾਰ, ਢੰਗ, ਸਲੂਕ॥

**ਬਰਤਣ,** ਪੁਃ-ਭਾਂਡਾ॥

ਸਃ-ਵਰਤਾਰਾ, ਬਰਤ ਰੱਖਣ ਵਾਲੀ॥

**ਬਰਤਣਾ,** ਕ੍ਰਿਃ-ਲੈਣ ਦੇਣ ਕਰਨਾ, ਕੰਮ ਲੈਣਾ॥

**ਬਰਤਾ,** ਪੁਃ-ਧਰਤੀ ਉੱਤੇ ਲਿਖਣ ਵਾਲਾ ਲਕੜੀ ਦਾ ਟੋਟਾ॥

**ਬਰਤਾਰਾ,** ਪੁਃ-ਹਿੱਸਾ, ਦਸਤੂਰ, ਰੀਤ, ਰਿਵਾਜ, ਚਲਨ॥

**ਬਰਤੀ,** ਪੁਃ-ਬਰਤ ਰੱਖਣ ਵਾਲਾ।

**ਬਰਤੋਂ,** ਸਃ-ਲੈਣ ਦੇਣ, ਮੇਲਗੇਲ, ਸਲੂਕ।

**ਬਰਦਾ,** ਪੁਃ-ਨੌਕਰ, ਗੁਲਾਮ॥

**ਬਰਦੀ,** ਸਃ-ਨੌਕਰੀ, ਗੋਲੀ, ਸੰਗੀ ਪੁਸ਼ਾਕ, ਇੱਕੋ ਜੇਹੀ ਪੁਸ਼ਾਕ।

**ਬਰਨ,** ਪੁਃ ਬ੍ਰਾਹਮਣ ਖਤ੍ਰੀ ਆਦਿਕ ਜਾਤਾਂ, ਰੰਗ, ਪੁਸ਼ਾਕ, ਢੰਗ, ਅੱਖਰ।

**ਬਰਨ ਸੰਕਰ,** ਪੁਃ-ਜੋ ਜਾਤ ਪਾਤ ਦਾ ਬਿਚਾਰ ਨਾ ਕਰੇ॥

**ਬਰਨਣ,** ਪੁਃ—ਬਿਆਨ, ਕਥਾ, ਹਾਲ, ਵਿਥਿਆ (ਕਰਨਾ)॥

**ਬਰਨਾ,** ਪੁਃ ਇੱਕ ਫਲਦਾਰ ਰੁੱਖ, ਵਿਆਹ ਤੋਂ ਪਹਿਲੇ ਜੋ ਕਪੜੇ ਆਦਿਕ ਮੁੰਡੇ ਵਾਲੇ ਕੁੜੀ ਨੂੰ ਭੇਜਦੇ ਹਨ॥

**ਬਰਫ਼,** ਸਃ—ਠੰਢ ਨਾਲ ਜੰਮਿਆ ਹੋਯਾ ਪਾਣੀ।

**ਬਰਫ਼ਾਨੀ,** ਵਿਃ-ਬਰਫ਼ ਦਾ, ਬਰਫ਼ ਨਾਲ ਜਾਂ ਬਰਫ਼ ਵਰਗਾ ਠੰਢਾ॥

**ਬਰਫ਼ੀ,** ਸਃ ਇੱਕ ਤਰਾਂ ਦੀ ਮਠਿਆਈ, ਖੋਏ ਦੀ ਟਿੱਕੀ।

**ਬਰੱਬਰ**
**ਬਰੱਬਰੀ** } 'ਬਰਾਬਰ' ਆਦਿਕ ਦੇਖੋ।

**ਬਰਬਾਦ,** ਵਿਃ-ਤਬਾਹ, ਉਜੜਿਆ ਹੋਇਆ, ਜਿਸ ਦਾ ਨਾਸ ਹੋਗਿਆ ਹੈ॥

**ਬਰਬਾਦੀ,** ਸਃ-ਤਬਾਹੀ, ਮੁੱਤਿਆ ਨਾਸ, ਉੱਜੜ ਜਾਣਾ।

**ਬਰਮ,** ਪੁਃ-'ਵਰਮ' ਦੇਖੋ।

**ਬਰਮ੍ਹ,** ਪੁਃ 'ਬ੍ਰਹਮ' ਦੇਖੋ

**ਬਰਮਾ**
**ਬਰਮਾਉਣਾ**
**ਬਰਮੀ** } 'ਵਰਮਾ' ਆਦਿਕ ਦੇਖੋ।

**ਬਰਮੌਰ,** ਸਃ-ਇੱਕ ਤਰਾਂ ਦਾ ਮੋਟਾ ਉੱਨ ਦਾ ਕਪੜਾ।

**ਬਰਯਾਮ,** ਵਃ-'ਵਰਿਆਮ' ਦੇਖੋ॥

**ਬਰਲ,** ਪੁਃ-ਮਸਤੀ, ਪਾਗਲ ਪੁਣਾ, ਬੇ ਸ਼ਰਮੀ (ਜਾਲਾ)॥

Digitized by Panjab Digital Library | www.panjabdigilib.org

**ਬਰਲਾਟ,** ਸਃ–ਬਕਵਾਦ, ਮੂਰਖਤਾਈ ਦੀਆਂ ਗੱਲਾਂ ॥

**ਬਰਵੰਟਾ,** ਪੁਃ–'ਬਹੁੰਟਾ' ਵੇਖੋ ॥

**ਬਰਵਾ,** ਪੁਃ–ਇੱਕ ਰਾਗਣੀ, ਕਵਿਤਾ ਦਾ ਇੱਕ ਢੰਗ ॥

**ਬਰਵਾਲਾ,** ਪੁਃ–ਮੁਸਲਮਾਨਾਂ ਦੀ ਇਕ ਨਿੱਕੀ ਜਾਤ, ਚੌਕੀਦਾਰ ॥

**ਬਰਵਾਲੀ,** ਸਃ—ਬਰਵਾਲਿਆਂ ਦੀ ਜਾਤ ਦੀ ਤੀਮਤ ॥

**ਬਰੜ,** ਪੁਃ–ਬਕਵਾਦ, ਝੂਠੀ ਸ਼ੇਖੀ (ਕਰਨਾ, ਮਾਰਨਾ), ਇੱਕ ਨੀਚ ਜਾਤ ਮੰਗਤਿਆਂ ਦੀ ॥

**ਬਰੜਾ,** ਪੁਃ–ਬਕਵਾਦ, ਜਿਸ ਮਨੁੱਖ ਦੀ ਗੱਲ ਦਾ ਵਸਾਹ ਨਹੀਂ ॥

**ਬਰੜਾਉਣਾ,** ਕ੍ਰਿਃ–ਬਕਣਾ, ਨੀਂਦਰ ਵਿਚ ਬੋਲਣਾ ॥

**ਬਰੜੀ,** ਸਃ–ਬਕਵਾਦਣ, ਬਰੜ ਜਾਤ ਦੀ ਤੀਮਤ ॥

**ਬਰਾ,** ਪੁਃ–ਭਰਮ, ਕਲੰਕ, ਊਜ, ਝੂਠਾ ਦੋਸ (ਦੇਣਾ, ਲਾਉਣਾ) ॥

**ਬਰਾਉਣਾ,** ਕ੍ਰਿਃ–ਬਾਲਕਾਂ ਨੂੰ ਪਰਚਾਉਣਾ, ਜੀ ਲਾਉਣਾ ॥

**ਬਰਾ ਸੂਹੀ,** ਸਃ–ਜੋ ਕਪੜੇ ਵਿਆਹ ਵਾਲੇ ਦਿਨ ਲਾੜੇ ਦਾ ਪਿਉ ਕੁੜੀ ਨੂੰ ਦੇਂਦਾ ਹੈ ।

**ਬ੍ਰਾਹਮਣ,** ਪੁਃ, **ਬ੍ਰਾਹਮਣੀ,** ਸਃ — ਹਿੰਦੂਆਂ ਦੀ ਸਭ ਤੋਂ ਉੱਚੀ ਜਾਤ ॥

**ਬਰਾਗ,** ਪੁਃ–ਸੰਸਾਰ ਤੋਂ ਉਦਾਸ ਰਹਿਣਾ, ਮੋਹ ਦਾ ਤਿਆਗ, ਤਪੱਸਿਆ ॥

**ਬਰਾਗ ਲੈਣਾ,** ਕ੍ਰਿਃ–ਸੰਸਾਰ ਦੇ ਸੁਖ ਛਡ ਦੇਣੇ ॥

**ਬਰਾਗਣ,** ਸਃ–ਬਰਾਗੀ ਮਤ ਦੀ ਤੀਮਤ, ਸਾਧੂਆਂ ਦਾ ਲਕੜੀ ਦਾ ਸਹਾਰਾ ਜਿਸ ਦੀ ਸ਼ਕਲ T ਹੈ ॥

**ਬਰਾਗੀ,** ਪੁਃ—ਸੰਸਾਰ ਤੋਂ ਉਦਾਸ, ਤਪੱਸੀ, ਇੱਕ ਤਰਾਂ ਦੇ ਫਕੀਰ ਜੋ ਮਾਸ ਸ਼ਰਾਬ ਨਹੀਂ ਛੋਂਹਦੇ ।

**ਬਰਾਛਾਂ,** ਸਃ–(ਬਹੁਃ ਬਃ)–ਮੂੰਹ ਦੀਆਂ ਨੁੱਕਰਾਂ ॥

**ਬਰਾਜਣਾ,** ਕ੍ਰਿਃ–ਸ਼ੋਭਾ ਨਾਲ ਬੈਠਣਾ, ਪ੍ਰਧਾਨ ਬਣਨਾ, ਅਨੰਦ ਮਨਾਉਣਾ, ਸੁਸ਼ੋਭਤ ਹੋ ਜਾਣਾ, ਰਹਿਣਾ, ਵੱਸਣਾ ॥

**ਬਰਾਜਮਾਨ,** ਵਿਃ–ਪ੍ਰਧਾਨ ਬਣ ਕੇ ਬੈਠਾ ਹੋਇਆ, ਚਮਕਦਾਰ, ਮੌਜੂਦ (ਹੋਣਾ) ।

**ਬਰਾਂਡਾ,** ਪੁਃ–ਕਮਰੇ ਦੇ ਅੱਗੇ ਛੱਤੀ ਹੋਈ ਥਾਂ ॥

**ਬਰਾਂਡੀ,** ਸਃ–ਸਿਪਾਹੀਆਂ ਦਾ ਲੰਮਾ ਗਰਮ ਕੋਟ, ਇੱਕ ਸ਼ਰਾਬ ॥

**ਬਰਾਨੀ ਜ਼ਮੀਨ,** ਸਃ–ਮੀਂਹ ਦੇ ਆਸਰੇ ਜੋ ਧਰਤੀ ਹੈ ॥

**ਬਰਾਤ,** ਸਃ–ਜੰਞ, ਜਨੇਤ, ਹਿੱਸਾ, ਭਾਗ

**ਬਰਾਤੀ,** ਪੁਃ–ਜਾਞੀ, ਜਨੇਤੀ ॥

**ਬਰਾਦਰੀ,** ਸਃ–ਇੱਕੋ ਜਾਤ ਦੇ ਲੋਕ, ਭਾਈ ਚਾਰਾ, ਸਕਾ ॥

Digitized by Panjab Digital Library | www.panjabdigilib.org

**ਬਰਾਬਰ,** ਵਿ: ਇੱਕੋ ਜੇਹਾ, ਇੱਕਸਾਰ, ਠੀਕ, ਸਧਾ, ਪੱਧਰਾ, ਮਿਲਦਾ, ਆਪਣੇ ਵਰਗਾ ਜਾਂ ਹਾਣ ਦਾ ।

ਕ੍ਰਿ: ਵਿ:-ਠੀਕ ਠੀਕ, ਸਿੱਧੀ ਤਰਾਂ, ਲਗਾਤਾਰ ॥

**ਬਰਾਬਰੀ,** ਸ:-ਬਰਾਬਰ ਹੋਣ ਦਾ ਗੁਣ, ਦਾਵਾ (ਕਰਨਾ) ॥

**ਬਰਾੜ,** ਪੁ:-ਬਠਿੰਡੇ ਦੇ ਇਲਾਕੇ ਦੇ ਜੱਟਾਂ ਦੀ ਇਕ ਜਾਤ ॥

**ਬਰਾੜ ਬੰਸ,** ਪੁ:-ਬਰਾੜ ਜਾਤ ਦਾ ॥

**ਬਰਿਅਉਣ,** ਕ੍ਰਿ:-ਆਸ ਜਾਂ ਮੁਰਾਦ ਪੂਰੀ ਹੋਣੀ, ਕੰਮ ਸਰਨਾ ।

**ਬਰੁਆਮ,** ਵਿ:-ਤਰਕ, ਡਸਮਿਸ, ਬਰਤਰਫ਼ ।

**ਬਰਿੱਕਾ,** ਪੁ:-ਮੁਸਲਮਾਨਾਂ ਦੀ ਇੱਕ ਕੌਮ ਜਾਤ।

**ਬ੍ਰਿਟਿਸ਼,** ਵਿ:—ਸਰਕਾਰ ਅੰਗ੍ਰੇਜ਼ਾਂ ਜਾਂ ਅੰਗ੍ਰੇਜ਼ਾਂ ਦਾ (ਰਾਜ ਆਦਿਕ) ॥

**ਬਰੀ,** ਵਿ:-ਅਪਰਾਧ ਦੇ ਦੋਸ਼ ਤੋਂ ਛੁੱਟਣ ਵਾਲਾ (ਹੋਣਾ, ਕਰਨਾ) ॥

ਸ:—'ਵਰੀ' ਵੇਖੋ ॥

**ਬਰੀਕ,** ਵਿ:-ਮਹੀਨ, ਪਤਲਾ, ਬਹੁਤ ਨਿੱਕਾ ॥

**ਬਰੀਕੀ,** ਸ:-ਬਰੀਕ ਹੋਣ ਦਾ ਗੁਣ ॥

**ਬਰੂ,** ਪੁ:-ਇੱਕ ਤਰਾਂ ਦਾ ਮੋਟਾ ਘਾਹ ॥

**ਬਰੂਤ (ਦ),** ਪੁ:-ਬੰਦੂਕ ਆਦਿਕ ਵਿੱਚ ਚੱਲਣ ਵਾਲਾ ਦਾਰੂ ॥

**ਬਰੂਪੀਆ,** ਪੁ:-ਜੋ ਬਣੀ ਰੂਪ ਧਾਰਨ ਕਰੇ, ਪਖੰਡੀ, ਇੱਕ ਜਾਤ ॥

**ਬਰੂਰੀ,** ਸ:-ਪਿੰਡੇ ਦੇ ਨਿਕੇ ਨਿਕੇ ਦਾਗ, ਧਟਾਕ, ਫਿੰਸੀਆਂ ਜਿੱਥੋਂ ਚੀਰ ਜਾਂ ਸੂਈਆਂ ਦੀ ਸਰਾਖ ਨਿਕਲਦੀ ਹੈ ॥

**ਬਰੇਹੀ,** ਸ:-ਜਿਸ ਧਰਤੀ ਨੂੰ ਪੂਰਾ ਵਰ੍ਹਾ ਨਾ ਵਾਹਿਆ ਜਾਵੇ ॥ fallow

**ਬਰੇਠਣ,** ਸ: / **ਬਰੇਠਾ,** ਪੁ: } ਧੋਬਣ, ਧੋਬੀ, ਜੋ ਕਪੜੇ ਧੋਵੇ ॥

**ਬਰੇਤਾ,** ਪੁ: / **ਬਰੇਤੀ,** ਸ: } ਪਾਣੀ ਦੇ ਵਿਚਕਾਰ ਸੁੱਕੀ ਰੇਤਲੀ ਧਰਤੀ ॥

**ਬਰੋ (ਹੋ),** ਸ:—ਅੰਨ, ਰਸਤ, ਖ਼ੁਰਾਕ ॥

**ਬਰੋ ਬਰੱਬਰ,** ਕ੍ਰਿ:-ਵਿ:—ਆਮ੍ਹੋ ਸਾਮ੍ਹਣੇ ॥

**ਬਰੋਸਾਉਣਾ,** ਕ੍ਰਿ:—ਖੱਟਣਾ, ਹਾਸਲ ਕਰਨਾ ॥

**ਬਰੋਜਾ,** ਪੁ: -ਚੀਲ ਦੇ ਰੁੱਖ ਦੀ ਗੂੰਦ ॥

**ਬਰੋਟਾ,** ਪੁ: / **ਬਰੋਟੀ,** ਸ: } ਛੋਟਾ ਬੋਹੜ ਦਾ ਬੂਟਾ ਜਾਂ ਫਲ ॥

**ਬਰੋਬਰ** / **ਬਰੋਬਰੀ** } 'ਬਰਾਬਰ' 'ਬਰਾਬਰੀ' ਵੇਖੋ ॥

**ਬਲ,** ਪੁ:—ਜ਼ੋਰ, ਵਲ, ਵੇਰ, ਮੋੜ, ਪੇਚ (ਬਲਦਾਰ = ਮੁੜਿਆ ਹੋਇਆ) ॥

ਸ:—ਕੁਰਬਾਨੀ, ਵਾਰੀ ਹੋਈ ਚੀਜ਼ ॥

**ਬਲ ਸੂਰਾ,** ਵਿ:—ਬਹੁਤ ਤਕੜਾ, ਡਾਢਾ ਜ਼ੋਰਾਵਰ ॥

Digitized by Panjab Digital Library | www.panjabdigilib.org

**ਬਲ ਖਾਣਾ,** ਕ੍ਰਿ:—ਮੁੜਨਾ, ਚੱਕਰ ਲਾਉਣਾ ਖਿਸਕਣਾ ॥

**ਬਲ ਛਲ,** ਪੁ:—ਧੋਖਾ, ਫਰੇਬ, ਮਕਰ ॥

**ਬਲ ਦਾਨ,** ਪੁ:—ਬਲ ਦੇਣ ਦਾ ਕੰਮ, ਕੁਰਬਾਨੀ।

**ਬਲ ਦੇਣਾ,** ਕ੍ਰਿ:—ਮੋੜਨਾ, ਵਟਣਾ, ਵਾਰਨਾ, ਕੁਰਬਾਨ ਕਰਨਾ।

**ਬਲ ਪੈਣਾ,** ਕ੍ਰਿ:—ਗੁੰਝਲਾਂ ਪੈ ਜਾਣੀਆਂ ॥

**ਬਲ ਬੱਕਰਾ,** ਪੁ:—ਦੇਵਤਾ ਦੀ ਭੇਟ ਕੀਤਾ ਹੋਯਾ ਬਕਰਾ ॥

**ਬਲ ਬਲ ਜਾਣਾ,** ਕ੍ਰਿ:—ਬਲਿਹਾਰ ਜਾਂ ਕੁਰਬਾਨ ਹੋਣਾ।

**ਬਲ ਭੇਖ,** ਪੁ:—ਭੇਟ ਕੀਤੀ ਹੋਈ ਚੀਜ਼, ਨਕੀਮੀ ਸ਼ੈ, ਦੇਵਤੇ ਦੀ ਬਲੀ ਖਾਣ ਵਾਲਾ ॥

**ਬਲ ਮਾਨ, ਬਲਵੰਤ (ਵਾਨ)** } ਵਿ:—ਤਕੜਾ, ਬਲੀ, ਡਾਢਾ।

**ਬਲ ਲੈਣਾ,** ਕ੍ਰਿ:—ਘੇਰਾ ਪਾਉਣਾ, ਦੁਵੱਲੇ ਹੋ ਜਾਣਾ।

**ਬੱਲ,** ਸ:—ਸੁਹਾਗੇ ਜਾਂ ਹਲ ਦਾ ਤਸਮਾ ॥
ਪੁ:—ਵੱਲ ॥
ਕ੍ਰਿ:-ਵਿ:—ਵੱਲ ॥

**ਬਲੂਣਾ,** ਪੁ:, **ਬਲੂਣੀ,** ਸ: } ਚੌੜੇ ਮੂੰਹ ਵਾਲਾ ਮਿੱਟੀ ਦਾ ਭਾਂਡਾ।

**ਬਲਹਾਰ, ਬਲਹਾਰੀ** } 'ਬਲਿਹਾਰ' ਆਦਿਕ ਵੇਖੋ ॥

**ਬਲਕਿ, ਬਲਕਣ, ਬਲਕੇ** } ਯੋਜਕ:—ਪਰ, ਸਗੋਂ, ਹੱਥੋਂ, ਹੋਰ ਭੀ।

**ਬਲਕਾਰ,** ਪੁ:—ਜ਼ੋਰ, ਤਾਕਤ, ਘਮੰਡ, ਹੰਕਾਰ ॥

**ਬਲਖੀ,** ਸ:—ਕਪੜੇ ਦੇ ਸਿਰੇ ਦੀ ਝਾਲਰ ॥

**ਬਲਗਮ,** ਸ:—ਕਫ਼, ਥੁੱਕ ਨਾਲ ਨਿਕਲਣ ਵਾਲੀ ਮੈਲ ॥

**ਬਲਗਮੀ,** ਵਿ:—ਜਿਸ ਵਿਚ ਬਲਗਮ ਦਾ ਜ਼ੋਰ ਹੈ, ਥੱਥਲ ਵਾਲਾ, ਕਮਜ਼ੋਰ ॥

**ਬਲਗਣ, ਬਲਗੁਣ** } ਸ:—ਘੇਰਾ, ਬਾੜ, ਮਕਾਨ ਦੇ ਗਿਰਦੇ ਦਾ ਕੰਧ।

**ਬਲਟੋਹ (ਹਾ),** ਪੁ:, **ਬਲਟੋਹੀ,** ਸ: } 'ਬਲਟੋਹ' ਆਦਿਕ ਵੇਖੋ ॥

**ਬਲਣਾ,** ਕ੍ਰਿ:—ਅੱਗ ਭੜਕਣੀ, ਜਗਣਾ, ਸੜਨਾ, ਘੇਰਾ ਪਾਉਣਾ, ਗਿਰਦੇ ਫਿਰਨਾ, ਬਲ ਦੇਣਾ ॥

**ਬਲਦੀ ਵਿੱਚ ਤੇਲ ਪਾਉਣਾ,** ਕ੍ਰਿ:—ਅੱਗ ਜਾਂ ਕ੍ਰੋਧ ਨੂੰ ਭੜਕਾਉਣਾ ॥

**ਬਲਦ, ਬਲਧ** } ਪੁ:—ਬੈਲ, ਢੱਗਾ, ਸਾਨ੍ਹ ॥

**ਬੱਲਮ,** ਸ:—ਬਰਛਾ, ਨੇਜ਼ਾ, ਭਾਲਾ ॥

**ਬੱਲਮਟੇਰ,** ਪੁ:—ਆਪਣੀ ਖੁਸ਼ੀ ਨਾਲ ਜੋ ਸਿਪਾਹੀ ਬਣੇ ਅਤੇ ਤਨਖਾਹ ਨਾ ਲਏ ॥

**ਬੱਲਮ ਬਰਦਾਰ,** ਪੁ:—ਬੱਲਮ ਚੁੱਕਣ ਵਾਲਾ ॥

Digitized by Panjab Digital Library | www.panjabdigilib.org

**ਬੱਲਮ ਬਰਦਾਰੀ,** ਸ:—ਬੱਲਮ ਬਰਦਾਰ ਦਾ ਕੰਮ।

**ਬਲਮਾ,** ਪੁ:—ਆਸ਼ਕ, ਪ੍ਰੀਤਮ, ਕੰਤ, ਖਸਮ॥

**ਬਲੱਯਾਂ,** ਸ:—(ਬਹੁ:), ਬਲਾਈਆਂ, ਬਲਾਵਾਂ, ਮੁਸੀਬਤਾਂ।

**ਬਲੱਲਾ,** ਪੁ: }
**ਬਲੱਲੀ,** ਸ: } ਮੂਰਖ, ਸਿੱਧਾ, ਭੋਲਾ, ਅਲ੍ਹੜ।

**ਬਲਾ,** ਪੁ:—ਵਲਾ, ਲੰਮੀ ਗੋਲ ਲਕੜੀ॥

**ਬਲਾ,** }
**ਬਲਾਇ** } ਸ:—ਮੁਸੀਬਤ, ਬਿਪਤਾ, ਔਖ, ਚੁੜੇਲ, ਭੂਤ॥

ਵਿ:—ਤਗੜੇਰਾ (ਕੋ), ਚਾਲਾਕ, ਤੇਜ਼ ਚੁਸਤ॥

**ਕੀ ਬਲਾ ਹੈ,** ਤੁਛ ਜਾਂ ਨਕਾਰ ਮਨੁੱਖ ਹੈ॥

**ਬਲਾ ਤੋਂ,** ਕ੍ਰਿ:, ਵਿ:—ਕੁਝ ਪਰਵਾਹ ਨਹੀਂ॥

**ਬਲਾ ਲੈਣਾ** }
**ਬਲਾਈਂ ਲੈਣਾ** } ਕ੍ਰਿ:—ਸਿਰ ਤੋਂ ਘੋਲ ਕਰਨਾ।

**ਬੱਲਾ,** ਪੁ:—ਗੇਂਦ ਨਾਲ ਖੇਡਣ ਵਾਲਾ ਡੰਡਾ॥

**ਬਲਾਉਣਾ,** ਕ੍ਰਿ:—ਜੀ ਘਬਰਾਉਣਾ॥

**ਬਲਾਇਤ** }
**ਬਲਾਇਤਣ** } 'ਵਲਾਇਤ' ਆਦਿਕ ਵੇਖੋ॥
**ਬਲਾਇਤੀ** }

**ਬਲਾਈਂ,** ਸ:—(ਬਹੁ:), ਬਹੁਤ ਬਲਾਵਾਂ ਜਾਂ ਮੁਸੀਬਤਾਂ॥

**ਮਰਦਾਂ ਦੀ ਦੂਰ ਬਲਾਈਂ,** ਅਸੀਸ ਹੈ ਕਿ ਮਰਦਾਂ ਦੇ ਦੁਖ ਦੂਰ ਹੋਣ ਜਾਂ ਮਰਦਾਂ ਦੀ ਵਡਿਆਈ ਹੋ॥

**ਬਲਾਸ,** ਪੁ:—ਖੁਸ਼ੀ, ਭੋਗ, ਅਨੰਦ।

**ਬਲਾਜ,** ਪੁ:—ਦਿਵਾਲੀ ਦੇ ਮਗਰੋਂ ਪਹਿਲੇ ਅਤੇ ਦੂਜੇ ਦਿਨ ਤਰਖਾਣਾਂ ਹੋਰਨਾਂ ਕਾਰੀਗਰਾਂ ਅਤੇ ਖ਼ਿਦਮਤੀਆਂ ਨੂੰ ਜੋ ਕੁਝ ਦਿੱਤਾ ਜਾਵੇ॥

**ਬਲਾਲਾ** }
**ਬਲਾਲੇ** } ਕ੍ਰਿ:-ਵਿ:—ਮੇਰਾ ਰਾਹ ਹੈ (ਕਿ ਬਲਾਲਾ ਕੰਮ ਅਉਂ ਹੁੰਦਾ)।

**ਬਲਿਸਟਰ,** ਪੁ:—ਵਲੈਤੋਂ ਪਾਸ ਕਰਕੇ ਆਇਆ ਹੋਇਆ ਵਕੀਲ॥

**ਬਲਿਸਟਰੀ,** ਸ:—ਵਲੈਤ ਦਾ ਵਕਾਲਤ ਦਾ ਇਮਤਿਹਾਨ।

**ਬਲਿਹਾਰ,** ਵਿ:—ਵਾਰਿਆ ਹੋਇਆ, ਕੁਰਬਾਨ, ਸਦਕੇ॥

ਵਿਸਮਕ:—ਸ਼ਾਬਾਸ਼ੇ, ਧੰਨੇ, ਆਫ਼ਰੀਨ॥

**ਬਲਿਹਾਰਣ,** ਸ:—ਕਪੜੇ ਆਦਿਕ ਰੰਗਣ ਵਾਲਾ ਡੰਡਾ।

**ਬਲਿਹਾਰੀ,** ਵਿ:—ਕੁਰਬਾਨ, ਸਦਕੇ, ਵਾਰੀ, ਘੋਲੀ

**ਬਲਿਹਾਰੀ ਜਾਣਾ,** ਕ੍ਰਿ:—ਕੁਰਬਾਨ ਹੋਣਾ॥

**ਬਲੀ,** ਵਿ:—ਤਕੜਾ, ਜ਼ੋਰਾਵਰ॥

ਸ:—ਕੁਰਬਾਨੀ, ਭੇਟਾ॥

**ਬਲੀ ਮਾਰਨੀ,** ਕ੍ਰਿ:—ਜੀਵ ਕੋਹਣਾ॥

**ਬੱਲੀ,** ਸ:—ਪਿਆਰਾ ਬੱਚਾ (ਮਾਵਾਂ ਦੀ ਬੋਲੀ)॥

**ਬੱਲ੍ਹ,** ਪੁ:—ਸਮਰਥ, ਚਤਰਾਈ, ਲਿਆਕਤ, ਢੰਗ॥

Digitized by Panjab Digital Library | www.panjabdigilib.org

**ਬਲ੍ਹੰਗੜਾ (ਗਾ),** ਪੁ: } ਬਿੱਲੀ ਦਾ ਬੱਚਾ।
**ਬਲ੍ਹੰਗੜੀ (ਗੀ),** ਸ: }

**ਬਲ੍ਹਣੀ,** ਸ:—ਸੂਰ ਦੇ ਵਾਲਾਂ ਦੀ ਬਣੀ ਕੂਚੀ॥

**ਬਲ੍ਹੰਧਰ,** ਪੁ:—ਬਿੱਲੀ ਦਾ ਪੰਜਾ ਮਾਰਨਾ, ਪੰਜੇ ਦਾ ਨਿਸ਼ਾਨ (ਸਟੱਕ, ਸਿਟੱਕ, ਮਾਰਨਾ)॥

**ਬਲ੍ਹੰਧਰਨਾ,** ਕ੍ਰਿ:—ਪੰਜਾ ਮਾਰਨਾ।

**ਬਲ੍ਹੂਰ,** ਪੁ:, ਸ:—ਵੇਖੋ 'ਬਲ੍ਹੰਗੜਾ'।

**ਬੱਲੇ,** ਵਿਸਮਕ:—ਸ਼ਾਬਾਸ਼ੇ, ਵਾਹ ਵਾਹ, ਅਸ਼ਕੇ॥

**ਬਲੇਦ,** ਪੁ:, ਸ: } ਬਲਦ ਦਾ ਇਕਠ।
**ਬਲੇਦਾ,** ਪੁ: }

**ਬਲਦੀ,** ਪੁ:—ਬਲਦਾਂ ਨੂੰ ਧੱਕਾ ਕਰਨ ਵਾਲਾ॥

**ਬਲੇਰਾ,** ਵਿ:—ਬਹੁਤ, ਵਡੀ, ਬਹੁਤ ਚਿਰ॥ ਕ੍ਰਿਆ-ਵਿ:—ਬਹੁਤ॥

**ਬਲੇਵਾ,** ਪੁ:—ਅਸਬਾਬ, ਰਪਟਾ ਲੰਗਾ॥

**ਬੱਲੇ,** ਵਿਸਮਕ:—ਬੱਲੇ ਵੇਖੋ॥

**ਬਲੈਡਰ,** ਪੁ:—ਫੁਟ ਬਾਲ ਦੇ ਅੰਦਰਲੀ ਰਬੜ ਦੀ ਥੈਲੀ॥

**ਬਲੈਤ,** ਸ:—'ਵਲਾਇਤ' ਵੇਖੋ॥

**ਬਲੈਂਕਟਾ,** ਪੁ:—ਪੱਟੀਆਂ ਉੱਤੇ ਲਿਖਣ ਵਾਲੇ ਰੰਗ ਦੀ ਕੂਚੀ॥

**ਬਲੋਚ,** ਪੁ:—ਮੁਸਲਮਾਨਾਂ ਦੀ ਇੱਕ ਕੌਮ, ਊਠਾਂ ਵਾਲਾ।

**ਬਲੋਚਣੀ,** ਸ:—ਬਲੋਚ ਕੌਮ ਦੀ ਤ੍ਰੀਮਤ॥

**ਬਲੌਰ,** ਪੁ:—ਇੱਕ ਤਰ੍ਹਾਂ ਦਾ ਸ਼ੀਸ਼ੇ ਵਰਗਾ ਸਾਫ਼ ਪੱਥਰ।

**ਬਵੇਜਾ,** ਪੁ:—ਇਕ ਗੋਤ ਪੰਜਾਬ॥

**ਬਵੱਟਾ,** ਪੁ:—ਬਾਹਰ ਨੂੰ ਵੀਕੁਲ ਵਾਲਾ ਨਦੀਣ (ਅਸ਼ੁੱਧ ਹੈ ਜਾਂ)॥

**ਬਵਾਂ,** ਸ:—ਫੋਲਣ ਵਾਲੀ ਬਿਮਾਰੀ, ਮਰੀ (ਪਲੀ), ਲਗਾਉਣੀ ਜ਼ੀਵੀਂ॥

**ਬਵਾਸੀਰ,** ਸ:—ਇਕ ਰੋਗ ਜਿਸ ਵਿਚ ਗੁਦਾ ਦੇ ਫਿਰਨ ਵਾਲੀ ਥਾਂ ਉੱਤੇ ਮਹੁਕੇ ਹੋ ਜਾਂਦੇ ਹਨ॥

**ਬਵਾਸੀਰ ਖ਼ੂਨੀ,** ਸ:—ਜਿਸ ਬਵਾਸੀਰ ਵਿੱਚ ਮਹੁਕਿਆਂ ਵਿੱਚੋਂ ਲਹੂ ਨਿਕਲੇ।

**ਬਵਾਸੀਰ ਬਾਦੀ,** ਸ:—ਜਿਸ ਬਵਾਸੀਰ ਵਿੱਚ ਲਹੂ ਨ ਜਾਵੇ॥

**ਬਵੈਸੀਆ,** ਪੁ:—ਜਿਸ ਨੂੰ ਬਵਾਸੀਰ ਦਾ ਰੋਗ ਹੈ॥

**ਬਵੈਨੀਆਂ,** ਸ:—(ਬਹੁ:) ਬਵਾਸੀਰ ਦੇ ਮਹੁਕੇ॥

**ਬੜ,** ਪੁ:, ਸ:—ਬੋਹੜ ਦਾ ਬਿਰਛ, ਬੰਗਾਲ ਦੀ ਅੰਜੀਰ।

**ਬੜ੍ਹਕਣਾ,** ਕ੍ਰਿ:—ਗੱਜਣਾ (ਸ਼ੇਰ ਵਾਂਗਰ), ਭਾਰੀ ਅਵਾਜ਼ ਨਾਲ ਬੋਲਣਾ॥

Digitized by Panjab Digital Library | www.panjabdigilib.org

**ਬੜਨਾ,** ਕ੍ਰਿ:—ਵੜਨਾ, ਅੰਦਰ ਜਾਣਾ॥

**ਬੜ ਬੜ** / **ਬੜਬੜਾਟ** } ਸ:—ਬਕਵਾਦ, ਸ਼ੇਖੀ, ਬਿਅਰਥ ਗੱਲਾਂ (ਕਰਨਾ)

**ਬੜ ਬੜਾਉਣਾ,** ਕ੍ਰਿ:—ਬਕਨਾ, ਬਿਅਰਥ ਬੋਲਣਾ॥

**ਬੜ ਬੜੀਆ(ਯਾ),** ਪੁ:—ਬੜ ਬੜ ਕਰਨ ਵਾਲਾ, ਬਕਵਾਦੀ॥

**ਬੜਬੋਲ,** ਪੁ: / **ਬੜਬੋਲਾ,** ਪੁ: / **ਬੜਬੋਲੀ,** ਸ: } ਜੋ ਬੜੀਆਂ ਗੱਲਾਂ ਕਰੇ ਜਾਂ ਸ਼ੇਖੀਆਂ ਮਾਰੇ

**ਬੜਾ,** ਪੁ:—ਦਾਲ ਦੀ ਤਲੀ ਹੋਈ ਟਿੱਕੀ।
ਵਿ:—ਵੱਡਾ, ਉੱਚਾ, ਬਹੁਤਾ, ਮਹਾਂ

**ਬੜਾ ਕੋਈਦਾ,** ਵਿ:—ਤਕੜਾ, ਜ਼ੋਰਾਵਰ, ਬਰਾ-ਰਤਾ॥

**ਬੜਾਉਣਾ,** ਕ੍ਰਿ:—ਬਕਣਾ, ਸੁੱਤੇ ਪਏ ਬੋਲਣਾ॥

**ਬੜੀ,** ਸ: / **ਬੜੀਆਂ,** ਸ: (ਬਹੁ:) } ਪੀਠੀ ਦੇ ਗੋਲੇ ਜੋ ਸੁਕਾ ਕੇ ਰਿੰਨ੍ਹਦੇ ਹਨ॥

**ਬੜੇਆਂ(ਵਾਂ),** ਪੁ:—ਕਪਾਹ ਦਾ ਬੀ

**ਬਾ,** ਸ:—'ਵਾ' ਵੇਖੋ॥

**ਬਾਂ,** ਸ:—ਖੂਹ ਜਾਂ ਹੌਦ ਜਿਸ ਦੇ ਪਾਣੀ ਤੱਕ ਪੌੜੀਆਂ ਹੋਣ॥

**ਬਾਂ ਬਾਂ ਕਰਨਾ,** ਕ੍ਰਿ:—ਲੋਕਾਂ ਅੱਗੇ ਤੇਰ ਮੰਗਦੇ ਫਿਰਨਾ, ਟੈਂ ਟੈਂ ਕਰਨਾ, ਬਕਣਾ, ਰੌਲਾ ਪਾਉਣਾ॥

**ਬਾ ਮਾਰਿਆ ਹੋਯਾ,** ਵਿ:—ਪਾਗਲ, ਸੁਦਾਈ, ਝੱਲਾ।

**ਬਾਉ,** ਸ:—ਵਾਉ, ਹਵਾ, ਪੌਣ॥

**ਬਾਊਲੀ(ਲ਼ੀ),** ਸ:—ਪੌੜੀਆਂ ਵਾਲਾ ਪਹਾੜੀ ਸੋਤਾ, ਜਿਸ ਖੂਹ ਨੂੰ ਪੌੜੀਆਂ ਹੋਣ।

**ਬਾਇਆ** / **ਬਾਇਆਂ** } ਪੁ:—ਵੰਗਾਰੀ, ਘੋੜੇ ਦੇ ਖੱਬੇ ਪਾਸੇ ਵਾਲਾ ਬੈਲ।
ਵਿ:—ਖੱਬਾ॥

**ਬਾਇਸੂਲ,** ਪੁ:—ਬਾਈ ਕਰਕੇ ਢਿੱਡ ਦੀ ਪੀੜ॥

**ਬਾਇਬ ਕੋਣ,** ਸ:—ਉੱਤਰ ਅਤੇ ਪੱਛਮ ਦੇ ਵਿਚ-ਕਾਰਲਾ ਪਾਸਾ॥

**ਬਾਈ,** ਸ: ਪੁ:—ਬਾਦੀ, ਸਰੀਰ ਦੇ ਅੰਦਰਲੀ ਵਾਉ ਭਾਈ (ਅੰਬਾਲੇ ਦੇ ਅਲਾਕੇ), ਪੇਉ, ਦਾਦਾ (ਲਧਿਹਾਣੇ)॥ ਬੀਬੀ (ਮਰਹਟਿਆਂ ਵਿਚ)॥

ਵਿ:—ਦੋ ਉੱਤੇ ਵੀਹ॥

**ਬਾਈਸਿਕਲ,** ਸ:—ਪੈਰਾਂ ਨਾਲ ਚਲਾਉਣ ਵਾਲੀ ਲੋਹੇ ਦੀ ਦੋ ਪਹੀਆ ਸਵਾਰੀ॥

**ਬਾਈਮਾਂ(ਵਾਂ),** ਵਿ:—ਜੋ ਬਾਈਆਂ ਦੀ ਗਿਣਤੀ ਪੂਰੀ ਕਰੇ॥

**ਬਾਸ,** ਪੁ:—ਰਹਿਣ ਦੀ ਥਾਂ ਜਾਂ ਹਾਲਤ॥

**ਬਾਂਸ,** ਪੁ:—ਇਕ ਲੰਮਾ ਪਤਲਾ ਗੰਢਾਂ ਵਾਲਾ ਰੁੱਖ ਜੋ ਅਕਸਰ ਵਿੱਚੋਂ ਪੋਲਾ ਹੁੰਦਾ ਹੈ॥

**ਬਾਂਸ ਤੇ ਚੜ੍ਹਨਾ,** ਕ੍ਰਿ:—ਬਦਨਾਮ ਹੋਣਾ॥

**ਬਾਂਸ ਤੇ ਚੜ੍ਹਾਉਣਾ,** ਕ੍ਰਿ:—ਬਦਨਾਮ ਕਰਨਾ॥

Digitized by Panjab Digital Library | www.panjabdigilib.org

**ਬਾਂਸ ਫੋੜ / ਬਾਂਸ ਫੋੜ** } ਪੁ:—ਬਾਂਸ ਦਾ ਕੰਮ ਕਰਨ ਵਾਲਾ ਜਾਤ ॥

**ਬਾਸਕ ਨਾਗ,** ਪੁ: / **ਬਾਸਕ ਨਾਗਣੀ,** ਸ: } ਇੱਕ ਖਿਆਲੀ ਵੱਡਾ ਸੱਪ ਜਿਸ ਨੇ ਧਰਤੀ ਨੂੰ ਵਲਿਆ ਹੋਇਆ ਹੈ ।

**ਬਾਸਣ,** ਪੁ:—ਬਰਤਨ, ਭਾਂਡਾ ॥

**ਬਾਸਣੀ,** ਸ:—ਲੱਕ ਨਾਲ ਬੰਨ੍ਹਣ ਵਾਲੀ ਲੰਮੀ ਭੀੜੀ ਗੁਥਲੀ ਜਿਸ ਵਿਚ ਰੁਪਏ ਆਦਿਕ ਰੱਖਦੇ ਹਨ ॥

**ਬਾਸਨਾ / ਬਾਸ਼ਨਾ** } ਸ: ਮੁਸ਼ਕ, ਸੁਗੰਧ, ਇੱਛਿਆ, ਚਾਹ ॥

**ਬਾਸਨੀਕ,** ਵਿ:—ਰਹਿਣ ਵਾਲਾ ॥

**ਬਾਸਰੀ / ਬਾਂਸੁਰੀ** } ਸ:—ਮੁਰਲੀ, ਵੰਝਲੀ, ਬਜਾਉਣ ਵਾਲੀ ਬਾਂਸ ਦੀ ਪੋਰੀ ॥

**ਬਾਂਸਲਾ,** ਪੁ:—ਤਿਲਕ ਲਾਉਣ ਵਾਲਾ ਬਾਂਸੀ ਦਾ ਛੋਟਾ ਡੱਕਾ ॥

**ਬਾਂਸਲੀ / ਬਾਂਸੁਲੀ** } ਸ:—ਬਾਸਣੀ, ਬਾਂਸਰੀ (ਦੋਵੇਂ ਵੇਖੋ) ॥

**ਬਾਸ਼ਾ,** ਪੁ:—ਇੱਕ ਸ਼ਿਕਾਰੀ ਪੰਛੀ, ਚਲਾਕ ਆਦਮੀ ॥

**ਬਾਸਾ,** ਪੁ:—ਵਾਸ, ਰਹਿਣ ਦੀ ਥਾਂ ਜਾਂ ਹਾਲਤ ॥

**ਬਾਂਸਾ,** ਪੁ:—ਇੱਕ ਬੂਟਾ ਜਿਸ [illegible] ਲਾਲ ਰੰਗ ਨਿਕਲਦਾ ਹੈ ॥

**ਬਾਸੀ,** ਪੁ:—ਰਹਿਣ ਵਾਲਾ (ਗੰਗਾ ਬਾਸੀ ਆਦਿਕ) ॥

**ਬੱਸੀ,** ਵਿ:—ਬਹਿਆ, ਬਹੀ, ਚਿਰ ਦੀ ਰੱਖੀ ਹੋਈ ਚੀਜ਼ ॥

**ਬਾਂਸੀ** ਸ:—ਡੋਲੀ ਨੂੰ ਸਹਾਰਨ ਵਾਲਾ ਬਾਂਸ, ਨੜਾ ॥

**ਬਾਸੂ,** ਪੁ:—ਵਾਸ ਕਰਨ ਵਾਲਾ, ਰਹਿਣ ਵਾਲਾ ॥

**ਬਾਹ,** ਸ:—ਤਾਕਤ, ਸਮਰਥ, ਬਲ, ਹਿੰਮਤ, ਵਾਹ ॥

**ਬਾਂਹ,** ਸ:—ਹੱਥ ਤੋਂ ਮੋਢੇ ਤੱਕ ਜੋ ਅੰਗ ਹੈ, ਸਹਾਰਾ, ਹਮੈਤੀ, ਭਾਈ ਭਰਾ, ਸਰਬੰਧੀ ॥

**ਬਾਂਹ ਟੁੱਟਣੀ / ਬਾਂਹ ਭੱਜਣੀ** } ਕ੍ਰਿ: ਭਰਾ ਜਾਂ ਸੱਜਣ ਦਾ ਮਰ ਜਾਣਾ ॥

**ਬਾਂਹ ਫੜਨੀ,** ਕ੍ਰਿ:—ਸਹਾਰਾ ਦੇਣਾ, ਬਚਾਉਣਾ ॥

**ਬਾਹਗੜ੍ਹ,** ਪੁ: / **ਬਾਹਗੜੀ,** ਸ: / **ਬਾਹਰੂੜ,** ਪੁ: } ਹਊਆ, ਇੱਕ ਖਿਆਲੀ ਡਰਾਉਣ ਵਾਲੀ ਸ਼ੈ ॥

**ਬਾਹਗੜ੍ਹ ਬਿੱਲਾ,** ਪੁ:—ਜੰਗਲੀ ਬਿੱਲੀ, ਹਊਆ । ਮੋਟਾ ਭੈੜਾ ਆਦਮੀ ॥

**ਬਾਹਜ,** ਅਵ:—ਬਿਨਾ, ਬਗੈਰ, ਛੱਡਕੇ ॥

ਪੁ:—ਮਿੱਟੀ ਦਾ ਢਲਾ, ਵਾਹਿਆ ਹੋਇਆ ਖੇਤ ।

**ਬਾਹਜੜੀ,** ਪੁ:—'ਬਾਹਿੜਾ' ਵੇਖੋ ॥

**ਬਾਹਣਲੂ,** ਪੁ:—ਇੱਕ ਕਪੜਾ (ਚਿੱਤ ਮਿਤਾਲਾ) । ਬੰਦੋਬਸਤ ।

**ਬਾਹਣਲੂ ਫੇਰਨਾ,** ਕ੍ਰਿ:—ਪੱਕਾ ਬੰਦੋਬਸਤ ਕਰਨਾ ॥

**ਬਾਹਮਣ,** ਪੁ:—'ਬ੍ਰਾਹਮਣ' ਵੇਖੋ, ਇੱਕ ਚਿੱਟੇ ਅਤੇ ਲਾਲ ਰੰਗ ਦਾ ਪੰਛੀ ॥

Digitized by Panjab Digital Library | www.panjabdigilib.org

**ਬਾਹਮਣੀ,** ਸ:—'ਬ੍ਰਾਹਮਣੀ' ਵੇਖੋ, ਇੱਕ ਭਰ੍ਹਾਂ ਦੀ ਕਿਰਲੀ, ਇੱਕ ਰੰਗ ਜਿਸ ਵਿੱਚ ਤ੍ਰਿੰਮਣੀਆਂ ਬਣ ਜਾਂਦੀਆਂ ਹਨ, ਅਨਾਜਾਂ ਦਾ ਰੋਗ ਜਿਸ ਵਿੱਚ ਪੱਤ੍ਰਾਂ ਉੱਤੇ ਚਿੱਟੇ ਦਾਗ ਪੈ ਜਾਂਦੇ ਹਨ॥

**ਬਾਹਘਾ,** ਪੁ:—ਬਾਈਆਂ ਪਿੰਡਾਂ ਦਾ ਅਲਾਕਾ॥

**ਬਾਹਰ,** ਪੁ:—ਅੰਦਰ ਦਾ ਉਲਟ, ਅਸਲ ਥਾਂ ਤੋਂ ਅਲਗ।

ਕ੍ਰਿ: ਵਿ:—ਬਾਹਰੇ, ਪਰੇ, ਅਲਗ, ਦੂਰ।

**ਬਾਹਰ ਅੰਦਰ** } ਕ੍ਰਿ: ਵਿ:—ਸਭਨੀਂ ਥਾਈਂ
**ਬਾਹਰ ਭੀਤਰ** }

**ਬਾਹਰ ਹੋਣ ਜਾਣਾ** } ਕ੍ਰਿ:—ਸੈਲ ਕਰਨ
**ਬਾਹਰ ਫਿਰਨ ਜਾਣਾ** } ਜਾਂ ਝਾੜੇ ਫਿਰਨ ਬਾਹਰ ਜਾਣਾ।

**ਬਾਹਰ ਹੋਣਾ,** ਕ੍ਰਿ:—ਪਰੇ ਰਹਿਣਾ, ਅਨਜੋੜ ਹੋਣਾ।

**ਬਾਹਰ ਕਰਨਾ** } ਕ੍ਰਿ:—ਸਾਥੋਂ ਛੇਕਣਾ, ਜਲਾਵਤਨ
**ਬਾਹਰ ਕੱਢਣਾ** } ਦੇਣਾ॥

**ਬਾਹਰ ਥਾਂ,** ਪੁ:—ਪਿੰਡ, ਗਰਾਂ।

**ਬਾਹਰ ਵਾਲਾ,** ਪੁ: } ਭੂਤ, ਚੁੜੇਲ।
**ਬਾਹਰ ਵਾਲੀ,** ਸ: }

**ਬਾਹਰ ਬਿੱਲਾ,** ਪੁ:—ਜੰਗਲੀ ਬਿੱਲਾ, ਹਉਆ॥

**ਬਾਹਰਲਾ,** ਵਿ:—ਬਾਹਰ ਵਾਲਾ, ਬਾਹਰ ਦਾ
ਪੁ:—ਸੂਰ॥

**ਬਾਹਰਾ,** ਪੁ:—ਬਾਰਾਂ ਪਿੰਡ ਜਿਨ੍ਹਾਂ ਵਿੱਚ ਇੱਕ ਜਾਤ ਦੇ ਲੋਕ ਰਹਿਣ॥

ਵਿ:—ਬਾਰਾਂ ਉਂਗਲਾ ਰੇੜ੍ਹਾ (ਜੁੱਤੀ ਦਾ ਪੈਰ) ਵੱਖਰਾ, ਵਿਰੋਧੀ॥

ਕ੍ਰਿ: ਵਿ:—'ਬਾਝੋਂ'॥

**ਬਾਹਰੀ,** ਪੁ:—ਖਤ੍ਰੀਆਂ ਦੀਆਂ ਬਾਰਾਂ ਜਾਤਾਂ ਦਾ ਗੱਠ।

**ਬਾਹਰੂ,** ਪੁ:—ਹੁਮੈਤੀ, ਮਦਤ ਕਰਨ ਵਾਲਾ।

**ਬਾਹਲਾ,** ਪੁ: } ਵਿ:—ਬਹੁਤ, ਬੜਾ, ਵਧੀਕ॥
**ਬਾਹਲੀ,** ਸ: } ਕ੍ਰਿ: ਵਿ:—ਬਾਹਵਾ, ਅੱਤ॥

**ਬਾਹਲੂ,** ਪੁ:—ਹਉਆ, ਡਰ ਦਾ ਬਨਾਉਟੀ ਕਾਰਨ॥

**ਬਾਹਾ,** ਪੁ:—ਛੋਟੀ ਨਦੀ ਜਾਂ ਨਹਿਰ ਜੋ ਵੱਡੀ ਥੋਂ ਨਿਕਲੇ, ਰੰਬੇ ਜਾਂ ਕੁਹਾੜੇ ਦਾ ਮੁੱਠਾ, ਭੋੜਾਈ, ਮੁੱਲ॥

**ਬਾਹਿੜਾ,** ਪੁ:—ਹਿੰਦੂਆਂ ਦਾ ਤਿਹਾਰ ਜਿਸ ਦਿਨ ਦੇਵੀ ਨੂੰ ਪੂਜਦੇ ਹਨ ਅਤੇ ਰਿਆ ਅੰਨ ਖਾਂਦੇ ਹਨ।

**ਬਾਹੀ,** ਸ:—ਮੰਜੇ ਦੇ ਲੰਮੇਂ ਪਾਸੇ ਦੀ ਲੱਕੜ, ਬਾਹ ਦਾ ਇੱਕ ਗਹਿਣਾ, ਪਾਸਾ, ਕਿਲੇ ਦੀ ਫਸੀਲ, ਖੇਤਾਂ ਦਾ ਕੰਮ॥

**ਬਾਹੀ ਤਾਹੀ,** ਸ:—ਮਾਘ ਦੇ ਮਹੀਨੇ ਦੇ ਮੁੱਢ ਵਿਚ ਦੇ ਦਿਨ॥

**ਬਾਹੀ ਮੱਲਕੇ ਬੈਠਣਾ,** ਕ੍ਰਿ:—ਪਰਾਹੁਣੇ ਦਾ ਬਹੁਤ ਚਿਰ ਠਹਿਰਨਾ॥

**ਬਾਹੀਆਂ (ਵਾਂ),** ਵਿ:—'ਬਾਈਆਂ(ਵਾਂ)' ਵੇਖੋ।

**ਬਾਹੁਣਾ,** ਕ੍ਰਿ:—'ਵਾਹੁਣਾ' ਵੇਖੋ॥

Digitized by Panjab Digital Library | www.panjabdigilib.org

**ਬਾਹੁਲੀ,** ਸਃ—ਕੁੜਤੇ ਦੀ ਬਾਂਹ, ਅਸਤੀਨ, ਬੋਹਲੀ ॥

**ਬਾਹੁੜਨਾ,** ਕ੍ਰਿਃ—'ਬਹੁੜਨਾ' ਵੇਖ ॥

**ਬਾਹੁੜੀ,** ਵਿਸਮਯਕ ਸਃ—ਦੁਹਾਈ, ਹਾਲ ਪੁਕਾਰ, ਫਰਿਆਦ ॥

**ਬਾਹੇਦਾਰ,** ਕ੍ਰਿਃ ਵਿਃ }
**ਬਾਕ,** ਪੁਃ } 'ਵਾਹੇਦਾਰ' 'ਵਾਕ' ਵੇਖੋ ॥

**ਬਾਂਕ,** ਸਃ—ਹੱਥ ਜਾਂ ਪੈਰ ਦਾ ਇੱਕ ਗਹਿਣਾ, ਗੋਖੜੂ, ਲਕੜੀ ਦੀ ਤਲਵਾਰ, ਘੇਉ ਤੇਲ ਵਾਲਾ ਛਾਬਾ ਚੰਮ ਦਾ ॥

**ਬਾਂਕ ਪਟਾ,** ਪੁਃ—ਲਕੜੀ ਦੀਆਂ ਤਲਵਾਰਾਂ ਦੀ ਖੇਡ ॥

**ਬਾਂਕ ਪਨ** }
**ਬਾਂਕ ਪੁਣਾ** } ਪੁਃ—ਬਾਂਕਾ ਹੋਣ ਦਾ ਗੁਣ, ਦਿਖਾਵਾ ॥

**ਬਾਂਕਲਾ,** ਪੁਃ—ਇੱਕ ਤਰ੍ਹਾਂ ਦਾ ਅਨਾਜ ॥

**ਬਾਂਕਾ,** ਵਿਃ—ਟੇਢਾ, ਸਰੀਰ ਨੂੰ ਸਜਾਉਣ ਵਾਲਾ, ਲੁੱਚਾ, ਸ਼ੌਕੀ ॥

**ਬਾਕੀ,** ਵਿਃ—ਜੋ ਬਚ ਰਹੇ, ਵਾਧੂ, ਅਵਿਨਾਸ਼ੀ ॥ ਪੁਃ—ਬਚੀ ਹੋਈ ਰਕਮ, ਦੇਣ ਵਾਲਾ ਹੁਦਾਰ, ਵਾਧਾ ॥

**ਬਾਕੀ ਉਗਰਾਹੁਣਾ,** ਕ੍ਰਿਃ—ਬਾਕੀ ਰਹਿੰਦਾ ਲੇਖਾ ਕੱਠਾ ਕਰਨਾ ॥

**ਬਾਕੀ ਕੱਢਣਾ,** ਕ੍ਰਿਃ—ਆਮਦਨ ਅਤੇ ਖਰਚ ਦਾ ਸਾਰਾ ਵੇਰਵਾ ਲਿਖਕੇ ਬਚਤ ਦੱਸਣੀ ॥

**ਬਾਕੀ ਚਲੀ ਆਉਣਾ,** ਕ੍ਰਿਃ—ਬਚੀ ਹੋਈ ਰਕਮ ਬਰਾਬਰ ਲੇਖੇ ਵਿੱਚ ਲਿਖੀ ਜਾਣੀ ॥

**ਬਾਕੀ ਚੁਕਾਉਣਾ,** ਕ੍ਰਿਃ—ਦੇਣ ਵਾਲਾ ਹੁਦਾਰ ਦੇਕੇ ਲੇਖਾ ਮੁਕਾਉਣਾ ॥

**ਬਾਕੀ ਦੇ ਦਿਨ,** ਪੁਃ—ਰਹਿਣ ਵਾਲਾ ਸਮਾ, ਉਮਰ ਦਾ ਰਹਿੰਦਾ ਹਿੱਸਾ ॥

**ਬਾਕੀ,** ਸਃ—ਕੈ, ਉਲਟੀ, ਉਪਰਛਲ (ਆਉਣੀ) ॥

**ਬਾਖਲਾ,** ਪੁਃ—ਗਊ ਮੈਂਹ ਜਿਸ ਨੂੰ ਕੁਝ ਚਿਰ ਦੁੱਧ ਦਿੰਦਿਆਂ ਹੋ, ਗਾੜ੍ਹਾ ਦੁੱਧ ॥

**ਬਾਖੜੀ,** ਸਃ—ਕੱਚੇ ਅੰਬਾਂ ਦੇ ਟੁਕੜੇ ਸੁਕਾਏ ਹੋਏ ॥ ਅੰਬਾਖੜੀ ॥

**ਬਾਗ,** ਪੁਃ—ਫਲਾਂ ਵਾਲੀ ਫੁਲਵਾੜੀ, ਜਿਸ ਥਾਂ ਰੁੱਖ ਬਹੁਤ ਹੋਣ, ਬਾੜੀ, ਫੁਲਵਾੜੀ ॥ ਸਃ—ਵਾਗ ਘੋੜੇ ਆਦਿਕ ਨੂੰ ਰੋਕਣ ਅਤੇ ਮੋੜਨ ਵਾਲਾ ਤਸਮਾ ॥

**ਬਾਗ ਉਠਾਣਾ,** ਕ੍ਰਿਃ—ਵਾਗਾਂ ਚੁੱਕ ਕੇ ਘੋੜਾ ਦੁੜਾਉਣਾ ॥

**ਬਾਗ ਹੱਥੋਂ ਛੁੱਟਣੀ,** ਕ੍ਰਿਃ—ਕਿਸੇ ਗੱਲ ਦਾ ਆਪਣੇ ਵੱਸ ਵਿੱਚ ਨਾ ਰਹਿਣਾ, ਮੌਕਾ ਖੁੰਝ ਜਾਣਾ ॥

**ਬਾਗ ਖਿੱਚਣਾ,** ਕ੍ਰਿਃ—ਰੋਕਣਾ, ਵੱਸ ਵਿੱਚ ਕਰਨਾ ॥

**ਬਾਗ ਛੱਡਣੀ,** ਕ੍ਰਿਃ—ਘੋੜੇ ਆਦਿਕ ਨੂੰ ਆਪਣੀ ਚਾਲੇ ਚੱਲਣ ਦੇਣਾ ॥

**ਬਾਗ ਛੁੱਟ ਜਾਣੀ,** ਕ੍ਰਿਃ—ਆਪਣਾ ਅਖਤਿਆਰ ਨਾ ਰਹਿਣਾ ॥

Digitized by Panjab Digital Library | www.panjabdigilib.org

**ਬਾਗ ਛੁਟ,** ਵਿ:—ਜੋ ਰਬਾ ਵੱਸ ਵਿਚ ਨਹੀਂ, ਜੋ ਨੱਠੇ ਵੱਧੇ ॥

**ਬਾਗ ਡੋਰ,(ਰੀ)** ਪੁ:—ਵਾਗ ਦਾ ਰੱਸਾ।

**ਬਾਗ ਢਿੱਲੀ ਛੱਡ ਦੇਣਾ,** ਕ੍ਰਿ:—ਦੂਏ ਨੂੰ ਪੂਰਾ ਅਖਤਿਆਰ ਦੇ ਦੇਣਾ।

**ਬਾਗ ਪਰਵਾਰ,** ਪੁ:—ਬਾਲ ਬੱਚੇ, ਸੰਤਾਨ

**ਬਾਗ ਫੜਾਈ,** ਸ:—ਲਾੜੇ ਦੀ ਘੋੜੀ ਦੀ ਵਾਗ ਫੜਨ ਕਰਕੇ ਜੋ ਰਕਮ ਭੈਣਾਂ ਨੂੰ ਮਿਲੇ। ਘੋੜਾ ਖਰੀਦਣ ਵਾਲਾ ਸਈਸ ਨੂੰ ਜੋ ਬਖਸ਼ੀਸ਼ ਦੇਵੇ ॥

**ਬਾਗ ਬਾਗ / ਬਾਗ ਬਾਗਾਂ** } ਕ੍ਰਿ: ਵਿ:—ਖੁਸ਼, ਬਹੁਤ ਪਰਸੰਨ (ਹੋਣਾ)।

**ਬਾਗ ਬਾਨ / ਬਾਗ ਵਾਨ** } ਪੁ:—ਬਾਗ ਦਾ ਰਾਖਾ, ਜੋ ਬੂਟਿਆਂ ਨੂੰ ਪਾਣੀ ਆਦਿਕ ਦੇਵੇ।

**ਬਾਗ ਬਾਨੀ / ਬਾਗ ਵਾਨੀ** } ਸ:—ਬਾਗਬਾਨ ਦਾ ਕੰਮ।

**ਬਾਗ ਮੋੜਨੀ,** ਕ੍ਰਿ:—ਚਾਲ ਬਦਲਣੀ, ਮੁੜਨਾ, ਮੰਜ਼ਲ ਦਾ ਮੋੜ ਪਰਤਣਾ।

**ਬਾਗ ਵਾਲਾ,** ਪੁ:—ਬਾਗ ਦਾ ਮਾਲਕ, ਬਾਗਬਾਨ।

**ਬਾਂਗ,** ਸ:—ਕੁੱਕੜ ਦਾ ਬੋਲਣਾ, ਨਮਾਜ਼ ਪੜ੍ਹਨ ਵਾਸਤੇ ਲੋਕਾਂ ਨੂੰ ਬੁਲਾਉਣ ਲਈ ਜੋ ਕੁਝ ਮੂੰਹੋਂ ਉੱਚੀ ਉੱਚੀ ਬੋਲਦੇ ਹਨ (ਬੋਲੀ)।

**ਬਾਗਸੂਆ,** ਪੁ:—'ਬਕਸੂਆ' ਵੇਖੋ।



**ਬਾਂਗਣਾ,** ਕ੍ਰਿ:—ਗੱਡੀ ਦੇ ਪਹੀਏ ਨੂੰ ਚਰਬੀ ਜਾਂ ਘਿਉ ਮਲਣਾ ॥

**ਬਾਂਗਰ,** ਪੁ:—ਰੇਤਲਾ ਦੇਸ਼, ਰੋਹਤਕ ਜੀਂਦ ਆਦਿਕਾਂ ਦਾ ਇਲਾਕਾ।

**ਬਾਂਗਰਨੀ / ਬਾਂਗਰਿਆਣੀ** } ਸ:—ਬਾਂਗਰ ਦੇਸ਼ ਦੀ ਰਹਿਣ ਵਾਲੀ ॥

**ਬਾਂਗਰੂ,** ਪੁ:—ਬਾਂਗਰ ਦੇ ਇਲਾਕੇ ਦਾ ਰਹਿਣ ਵਾਲਾ

**ਬਾਗੜ,** ਪੁ: ਸ:—ਥੋੜ ਸੋਟੀ ਜਾਂ ਤਾਗ ਦੇ ਸਿਰੇ ਦਾ ਵੱਡਾ, ਬੀਕਾਨੇਰ ਦੇ ਇਲਾਕੇ ਦਾ ਇਕ ਹਿੱਸਾ ॥

**ਬਾਗਣਾ,** ਪੁ:—ਕਾਗਜ਼ ਦੀ ਰੂੰ ਦੀ ਚਾਦਰੀ ਜਾਂ ਪਲੰਘ ਪੋਸ਼ ॥

**ਬਾਗੜੀ / ਬਾਗੜੀਆ** } ਪੁ:—ਬਾਗੜ ਦਾ ਰਹਿਣ ਵਾਲਾ ॥

**ਬਾਂਗਾ,** ਪੁ:—ਬਾਂਗ ਦੇਣ ਵਾਲਾ, ਵੱਡਾ ਲਾਟੂ ॥

**ਬਾਂਗੀ,** ਸ:—ਗੁੰਮੀ।
ਪੁ:—ਅਜ਼ਾਨੀ, ਪਾਲੀ ॥

**ਬਾਂਗੀ,** ਸ:—ਛੋਟਾ ਲਾਟੂ ॥

**ਬਾਂਗੂ,** ਪੁ:—ਬਾਂਗ ਦੇਣ ਵਾਲਾ ॥

**ਬਾਘ** ਪੁ: / **ਬਾਘਣੀ,** ਸ: } ਚਿੱਤਾ ਸ਼ੇਰ, ਚਿੱਤ੍ਰੀ, ਸ਼ੇਰਨੀ।

**ਬਾਘੰਬਰ,** ਪੁ:—ਹਰਨ ਜਾਂ ਚਿੱਤ੍ਰੇ ਦੀ ਖੱਲ॥

Digitized by Panjab Digital Library / www.panjabdigilib.org

**ਬਾਘੜ ਬਿੱਲਾ,** ਪੁ:—ਵੱਡੀ ਬਿੱਲੀ, ਜੰਗਲੀ ਬਿੱਲਾ, ਮੋਟਾ ਕੋਝਾ ਆਦਮੀ ॥ ਹਊਆ।

**ਬਾਘੀ,** ਪੁ:- ਗਿਲਟੀ, ਕੱਛਾਂ ਵਗਾਉਣੀਆਂ (ਪਾਉਣੀ)।

**ਬਾਚ,** ਸ:—ਵੱਧੂ ਮਾਮਲਾ ਜਾਂ ਮਸੂਲ।

**ਬਾਚ ਬਿਗਾਰ,** ਸ:—ਜਬਰਦਸਤੀ ਜੋ ਮਸੂਲ ਉਗਰਾਹਿਆ ਜਾਵੇ ਜਾਂ ਮਿਹਨਤ ਕਰਾਈ ਜਾਏ ॥

**ਬਾਚਕ,** ਪੁ:—ਪੜ੍ਹਨ ਵਾਲਾ॥

**ਬਾਚਣਾ,** ਕ੍ਰਿ:—ਪੜ੍ਹਨਾ, ਮਸੂਲ ਉਗਰਾਹੁਣਾ॥

**ਬਾਛੀ,** ਸ:—ਹੇਠਲੇ ਦੰਦਾਂ ਦੇ ਬੀੜ੍ਹ ਦਾ ਇੱਕ ਪਾਸਾ॥

**ਬਾਛੀਆਂ ਖੁੱਲ੍ਹ ਜਾਣੀਆਂ,** ਕ੍ਰਿ:—ਬਹੁਤ ਹੱਸਣਾ, ਖੁਸ਼ ਹੋਣਾ॥

**ਬਾਛਿ,** ਸ:—'ਬਾਚ' ਵੇਖੋ।

**ਬਾਛੜ,** ਸ:—'ਵਾਛੜ' ਵੇਖੋ॥

**ਬਾਜ,** ਪੁ:—ਇੱਕ ਸ਼ਿਕਾਰੀ ਪੰਖੇਰੂ, ਬਾਜਾ, ਬਾਜੇ ਦਾ ਵਜਣਾ, ਬਾਜੀ ਜਾਂ ਖੇਲ ਕਰਨ ਵਾਲਾ (ਜੂਏ ਬਾਜ ਆਦਿਕ)॥

ਕ੍ਰਿ ਵਿ:—ਵੇਰ, ਮੁੜ, ਹਟਕੇ॥

**ਬਾਜ ਆਉਣਾ,** ਕ੍ਰਿ:—ਮੁੜਨਾ, ਹਟਣਾ, ਛੱਡਣਾ॥

**ਬਾਜ ਗਾਜ,** ਪੁ ਸ:—ਬਾਜੇ, ਬਾਜੇ ਵਜਣੇ।

**ਬਾਜਦਾਰ,** ਪੁ:—ਬਾਜ ਪਾਲਕ ਜਾਂ ਰੱਖਣ ਵਾਲਾ ਸ਼ਿਕਾਰੀ॥

**ਬਾਜ ਰਹਿਣਾ,** ਕ੍ਰਿ:—ਕੋਈ ਕੰਮ ਨਾ ਕਰਨਾ, ਦੂਰ ਰਹਿਣਾ॥

**ਬਾਜ ਰੱਖਣਾ,** ਕ੍ਰਿ:—ਰੋਕਣਾ, ਹਟਾਉਣਾ, ਮੋੜਨਾ॥

**ਬਾਜਰਾ,** ਪੁ:
**ਬਾਜਰੀ,** ਸ: } ਇੱਕ ਤਰ੍ਹਾਂ ਦਾ ਮੋਟਾ ਅਨਾਜ॥

**ਬਾਜਾ,** ਪ ਭ:—ਕੋਈ, ਵਿਰਲਾ।

**ਬਾਜਾ,** ਪੁ:—ਵਜਣ ਵਾਲੀ ਚੀਜ਼ (ਤਬਲਾ ਸਰੰਗੀ ਆਦਿਕ) ਮੂਰਖ, ਝੱਲਾ ਮਨੁੱਖ॥

**ਬਾਜਾ ਗਾਜਾ,** ਪੁ:—ਸਭ ਤਰ੍ਹਾਂ ਦੇ ਬਾਜੇ॥

**ਬਾਜਾ ਬਜਾਉਣਾ,** ਕ੍ਰਿ:—ਬਾਜੇ ਵਿੱਚੋਂ ਅਵਾਜ਼ ਕੱਢਣੀ॥

**ਬਾਜੀ,** ਸ:—ਖੇਡ, ਖੇਡ ਵਿੱਚ ਜੋ ਸ਼ਰਤ ਲਾਈ ਜਾਵੇ; ਦਾਉ, (ਹਾਰਨੀ, ਖੇਡਣੀ, ਜਿੱਤਣੀ, ਲਾਉਣਾ)॥

**ਬਾਜੀ ਜਿੱਤਣੀ**
**ਬਾਜੀ ਲੈ ਜਾਣੀ** } ਕ੍ਰਿ:—ਕੰਮ ਸਿਰੇ ਚਾੜ੍ਹ ਦੇਣਾ, ਸਭ ਤੋਂ ਵਧਣਾ॥

**ਬਾਜੀਗਰ,** ਪੁ:—ਬਾਜੀਆਂ ਪਾਉਣ ਵਾਲਾ, ਨਟ, ਰੱਸੇ ਉੱਤੇ ਨੱਚਣ ਆਦਿਕ ਦੇ ਕਰਤਬ ਕਰਨ ਵਾਲਾ॥

**ਬਾਜੀ ਪਾਉਣੀ,** ਕ੍ਰਿ:—ਸਿਰਦੇ ਭਾਰ ਸਰੀਰ ਨੂੰ ਉਲਟਾਉਣਾ॥

**ਬਾਂਜੀ,** ਸ:—ਮੂਰਖ ਤੀਮਤ, ਝੱਲੀ॥

**ਬਾਂਜੂਰ,** ਪੁ:—ਝੱਲਾ, ਬੁੱਧੂ, ਬੇ ਸਮਝ॥

Digitized by Panjab Digital Library | www.panjabdigilib.org

**ਬਾਜੂ,** ਪੁ:—ਬਾਂਹ, ਪਰ, ਬੂਹੇ ਦਾ ਹਿੱਸਾ, ਬਾਰੋ, ਤਰਾ, ਸਾਥੀ ॥

**ਬਾਜੂਬੰਦ,** ਪੁ:—ਬਾਂਹ ਦਾ ਗਹਿਣਾ, ਬਹੁੱਟਾ ॥

**ਬਾਜ਼ੇ,** ਵਿ:—ਕੋਈ ਕੋਈ, ਥੋੜੇ, ਵਿਰਲੇ, ਕਈ ॥

**ਬਾਝ(ਝੋਂ),** ਅਵ:—ਨਾਂ ਹੋਣ ਕਰਕੇ, ਬਿਨ ਬਗੈਰ, ਛੁੱਟ ॥

**ਬਾਟ,** ਸ:—ਰਾਹ, ਪੰਧ, ਪੈਂਡਾ, ਵਿਥ, ਦੂਰੀ ॥

**ਬਾੱਟਾ,** ਪੁ:—ਇੱਕ ਵੱਡਾ ਚੌੜਾ ਪਿੱਤਲ ਜਾਂ ਲੋਹੇ ਦਾ ਭਾਂਡਾ, ਹਿੱਸਾ, ਵੰਡ, ਕਰੀਰ ਦਾ ਹਰਾ ਫਲ ॥

**ਬਾੱਟੀ,** ਸ:—ਛੋਟਾ ਬਾੱਟਾ, ਸਿਪਾਹੀਆਂ ਦੀ ਵਾਧੂ ਰਸਤ ॥

**ਬਾਂਡ,** ਸ:—ਘਾਟਾ, ਟੋਟਾ, ਨੁਕਸਾਨ ।

**ਬਾਂਡਾ, ਬਾਂਡੀ,** } ਵਿ:—ਜਿਸ ਦੀਆਂ ਲੱਤਾਂ ਜਾਂ ਪੈਰ ਵਿੰਗੇ ਹੋਣ ।

**ਬਾਂਡੀ,** ਸ:—ਜਿਸ ਲਾਠੀ ਦੇ ਥੱਲੇ ਲੋਹੇ ਦੇ ਕੜੇ ਹੋਣ ॥

**ਬਾਡੀ ਗਾਰਡ,** ਪੁ:—ਕਿਸੇ ਦੇ ਸਰੀਰ ਦੀ ਰਾਖੀ ਕਰਨ ਵਾਲੇ ਸਿਪਾਹੀ ॥

**ਬਾਢ,** ਸ:—ਕੱਟਣ ਵਾਲੇ ਹਥਿਆਰ ਦਾ ਕੰਢਾ, ਕਾਟ, ਕੱਟਣ ਦਾ ਕੰਮ, ਬਹੁਤਾ ਖਾਣਾ ॥

**ਬਾੱਢਾ,** ਪੁ:—ਬੱਢਣ ਦਾ ਨਿਸ਼ਾਨ, ਛੇਨ, ਬੱਢਣ ਵਾਲਾ ॥

**ਬਾੱਢਾ,** ਵਿ:—'ਬਾਂਕਾ' ਵੇਖੋ ॥



**ਬਾਢੀ,** ਸ:—'ਵਾਢੀ' ਵੇਖੋ ॥

**ਬਾੱਢੀ,** ਪੁ:—ਤਰਖਾਣ ॥

**ਬਾਢੂ,** ਪੁ:—'ਵਾਢੂ' ਵੇਖੋ ॥

**ਬਾਣ,** ਪੁ:—ਮੁੰਜ ਦੀ ਰੱਸੀ, ਤੀਰ, ਇੱਕ ਤਰ੍ਹਾਂ ਦਾ ਛੁੰਗਾ, ਇੱਕ ਪਹਾੜੀ ਰੁੱਖ, ਘੋੜੇ ਦੀ ਸੜਿਆਧ ॥

ਸ: ਹੈਰਤ, ਵਾਸੀ, ਸੁਭਾਉ (ਪੌ ਜਾਣੀ), ਘਾੱਟਾ (ਲੋਗਣੀ) ॥

**ਬਾਣਾ,** ਪੁ:—ਕੰਮ, ਕਾਰ, ਰੁਜ਼ਗਾਰ, ਵਰਦੀ, ਕਪੜੇ ਦੀ ਚੌੜਾਈ ਵਿੱਚ ਉਣੀਆਂ ਹੋਈਆਂ ਸੂਤ ਦੀਆਂ ਤਾਰਾਂ, ਪੁਸ਼ਾਕ (ਸਿੱਖਾਂ ਦੀ ਬੋਲੀ)।

**ਬਾਣੀ,** ਸ:—ਬੋਲੀ, ਬਚਨ, ਬੋਲ, ਸ਼ਬਦ, ਸੰਤਾਂ ਜਾਂ ਸਤਗੁਰਾਂ ਦੇ ਵਾਕ, ਸਿੱਖਾਂ ਦਾ ਨਿੱਤ ਨੇਮ। ਗੁਰੂ ਗ੍ਰੰਥ ਸਾਹਿਬ ਵਿੱਚ ਜੋ ਲਿਖਿਆ ਹੈ

**ਬਾਤ,** ਸ:—ਗੱਲ ਕੱਥ, ਬਚਨ, ਮਾਮਲਾ, ਕਹਾਣੀ, ਬੁਝਾਰਤ ॥

**ਬਾਤਸ਼ਾਹ,** ਪੁ:—ਸਭ ਤੋਂ ਵੱਡਾ ਹਾਕਮ, ਮੁਸਲਮਾਨ ਰਾਜਾ, ਦੇਸ ਦਾ ਮਾਲਕ ॥

**ਬਾਤਨ,** ਪੁ:—ਅੰਦਰ, ਗੁੱਝੀ ਥਾਂ, ਦਿਲ, ਮਨ ॥

**ਬਾਤਰੀ,** ਸ:—ਮੋਰਚਾ ਦਮਦਮਾ, ਤੋਪਖਾਨਾ ॥

**ਬਾਤਲੀ,** ਸ:—ਫਿਕੀ ਗੱਲ, ਨਕਾਰੀ ਬਾਤ ॥

**ਬਾਤੂਨ,** ਪੁ:ਸ:
**ਬਾਤੂਨਣ,** ਸ:
**ਬਾਤੂਨੀ,** ਪੁ:
**ਬਾਤੂਨੀਆ,** ਪੁ:
} ਜੋ ਬਾਤਾਂ ਜਾਂ ਗੱਲਾਂ ਬਹੁਤ ਕਰੇ ॥

Digitized by Panjab Digital Library | www.panjabdigilib.org

**ਬਾਖਰਾ,** ਪੁ:—ਨਗੰਦਸ ਨਾਲ ਸੀਤਾ ਹੋਇਆ ਰਜਾਈ ਜਾਂ ਤੁਲਾਈ ਦਾ ਅੰਬਰਾ ਜਿਸ ਵਿਚ ਅਜੇ ਰੂੰ ਨਹੀਂ ਪਾਈ ॥

ਵਿ:—ਖਾਰੀ (ਅਬਰਾ ਨਗੰਦਸ ਨਾਲ ਸੀਤਾ ਹੋਇਆ)॥

**ਬੱਥੂ,** ਪੁ:—ਇਕ ਮਸ਼ਹੂਰ ਸਾਗ ॥

**ਬਾਦ,** ਪੁ:—ਇਕਹਿਰੇ ਦਾ ਇਕ ਰੋਗ, ਝਗੜਾ, ਬਹਿਸ, ਚੰਗੀ ਧਾਤ ਵਿਚ ਖੋਟੀ ਦਾ ਮੇਲ ॥

ਅਵ:—ਪਿੱਛੋਂ ॥

ਵਿ:—ਨਾ ਮਨਜ਼ੂਰ, ਨਿਅਰਥ, ਨਿਕੰਮਾ ॥

**ਬਾਂਦ,** ਸ:—ਬੰਧਨ, ਕੈਦ, ਫਸ ਜਾਣਾ ॥

**ਬਾਦਸ਼ਾਹ,** ਪੁ:—'ਬਾਤਸ਼ਾਹ' ਵੇਖੋ, ਮਾਲਕ, ਸਾਈਂ ॥

**ਬਾਦਸ਼ਾਹ ਜ਼ਾਦਾ,** ਪੁ:—ਬਾਦਸ਼ਾਹ ਦਾ ਪੁਤ੍ਰ ।

**ਬਾਦਸ਼ਾਹ ਜ਼ਾਦੀ,** ਸ:—ਬਾਦਸ਼ਾਹ ਦੀ ਧੀ ।

**ਬਾਦਸ਼ਾਹਤ, ਬਾਦਸ਼ਾਹੀ** } ਸ:—ਬਾਦਸ਼ਾਹ ਦਾ ਅਖ਼ਤਿਆਰ, ਰਾਜ, ਹਕੂਮਤ ॥

**ਬਾਦਸ਼ਾਹੀ,** ਵਿ:—ਬਾਦਸ਼ਾਹ ਦਾ, ਬਾਦਸ਼ਾਹ ਵੱਲੋਂ ।

**ਬਾਂਦਰ,** ਪੁ: **ਬਾਂਦਰੀ,** ਸ: } ਮਨੁੱਖ ਵਰਗਾ ਮਸ਼ਹੂਰ ਜਨੌਰ, ਮੂਰਖ ।

**ਬਾਦਲਾ,** ਪੁ:—ਜ਼ਰੀ ਦੇ ਕੰਮ ਵਾਲਾ ਕਪੜਾ ।

**ਬਾਂਦਰ,** ਪੁ:—ਸੂਰਾ, ਦਲੇਰ, ਸਮਰਥ, ਬਹੁਤ ਚੰਗੀ ਸ਼ੈ ॥

**ਬਾਂਦਾਂ,** ਵਿ:—ਵੱਖਰਾ, ਅਲਗ, ਇਕ ਪਾਸੇ (ਰਹਿਣਾ) ।

**ਬਾਦੀ,** ਸ:—ਸਰੀਰ ਵਿਚ ਦੀ ਵਾਈ, ਵਾਈ ਦਾ ਰੋਗ ॥

**ਬਾਂਦੀ,** ਸ:—ਗੋੱਲੀ, ਟਹਿਲਣ, ਦਾਸੀ ॥

**ਬਾਦੀਆ, ਬਾਦੀਯਾ** } ਪੁ:—ਮਿੱਟੀ ਜਾਂ ਤਾਂਬੇ ਆਦਿਕ ਦਾ ਵੱਡਾ ਪਿਆਲਾ ॥

**ਬਾਦੀਆਂ,** ਸ:—ਸੌਂਫ (ਅਰਕ ਬਾਦੀਆਂ) ॥

**ਬਾਧ,** ਸ:—'ਵਾਧ' ਵੇਖੋ ॥

**ਬਾਂਧ,** ਸ:—ਰੋਕ, ਅਟਕਾਉ, ਕਿਸੇ ਕੰਮ ਦਾ ਇਕਰਾਰ, ਕਿਸੇ ਸੌਦੇ ਵਿਚ ਠਹਿਰਾਇਆ ਹੋਇਆ ਭਾਉ, ਸਦਾ ਦਾ ਨਿਰਖ ॥

**ਬਾਂਧਨੂੰ,** ਪੁ:—'ਬਾਹਨਣੂੰ' ਵੇਖੋ ।

**ਬੱਧਾ,** ਪੁ:—'ਵੱਧਾ' ਵੇਖੋ ।

**ਬਾਂਧਾ,** ਪੁ:—ਰੋਕ ਰਕਮ ਦੇ ਬਦਲੇ ਜੋ ਚੀਜ਼ ਅੱਡ ਕੀਤੀ ਜਾਵੇ, ਜਾਇਦਾਤ ਦਾ ਜੋ ਹਿੱਸਾ ਧਰਮ ਅਰਥ ਰੱਖਿਆ ਹੋਵੇ, ਸੁਖਣ ਪੂਰਾ ਕਰਨ ਲਈ ਜੋ ਲਾਲ ਧਾਗਾ ਗਲ ਵਿਚ ਪਾਇਆ ਜਾਵੇ, ਜਿਸ ਸ਼ੈ ਦਾ ਆਮ ਤੋਰ ਤੇ ਵਿਕਣਾ ਬੰਦ ਹੋਵੇ ॥

**ਬੱਧੂ, ਬੱਧਣ** } 'ਵੱਧੂ' 'ਵੱਧਣ' ਵੇਖੋ ।

**ਬਾਨ੍ਹਣੂੰ,** ਪੁ:—'ਬਾਹਨਣੂੰ' ਵੇਖੋ ।

**ਬਾਨਮੇਂ (ਵੇਂ),** ਵਿ:—ਦੋ ਉੱਤੇ ਨੱਵੇ ॥

Digitized by Panjab Digital Library | www.panjabdigilib.org

**ਬਾਨਾ,** ਪੁ:—ਸਾਮਾਨ, ਅਸਬਾਬ, ਹਥਿਆਰ, ਬੰਦੋਬਸਤ ॥

**ਬਾਨਾ ਬੰਨ੍ਹਣਾ,** ਕ੍ਰਿ:—ਘਰ ਉਸਾਰਨ ਲਈ ਸਭ ਚੀਜ਼ ਵਸਤ ਤਿਆਰ ਕਰ ਛੱਡਣੀ, ਵਿਆਹ ਕਰਨਾ ॥

**ਬਾਨੀਆਂ, ਬਾਨੀਜਾ** } ਪੁ:—ਇੱਕ ਜਾਤ, ਦੁਕਾਨਦਾਰ, ਸੂਮ, ਕਰਾੜ ।

**ਬਾਪ,** ਪੁ:—ਪਿਉ, ਜਿਸ ਮਰਦ ਦੀ ਉਲਾਦ ਹੋਵੇ ।

**ਬਾਪਨਾ, ਬਾਪਰਨਾ** } ਕ੍ਰਿ:—ਕੋਈ ਗੱਲ ਹੋ ਜਾਣੀ, ਭਾਣਾ ਵਰਤਣਾ, ਮਨ ਵਿਚ ਆਉਣਾ ॥

**ਬੱਪੂ,** ਪੁ:—ਬਾਪ, ਪਿਉ (ਗੁਆਰੀ ਬੋਲੀ) ।

**ਬਾਫਤਾ,** ਪੁ:—ਇੱਕ ਤਰਾਂ ਦਾ ਮੋਟਾ ਅਤੇ ਚੰਗਾ ਰੇਸ਼ਮੀ ਕਪੜਾ ।

**ਬਾਬ,** ਪੁ:—ਗੱਲ, ਢੰਗ, ਹਾਲ, ਪਿਆਉ ॥
ਅਵ:—ਬਾਬਤ ॥

**ਬਾਬ ਕਰਨੀ,** ਕ੍ਰਿ:—ਬੁਰਾ ਭਲਾ ਕਹਿਣਾ, ਮੰਦਾ ਬੋਲਣਾ ॥

**ਬਾਬਤ,** ਪੁ: ਸ:—ਗੱਲ, ਮਾਮਲਾ (ਕੀ ਬਾਬਤ ਹੈ, ਕੋਈ ਵੱਡੀ ਗੱਲ ਨਹੀਂ) ॥
ਅਵ:—ਵੱਲੋਂ, ਲਈ, ਵਾਸਤੇ, ਹੱਕ ਵਿੱਚ, ਸਬੰਧ ਕਰਕੇ ॥

**ਬਾਬਰੀਆਂ,** ਸ:—(ਬ) ਵ 'ਬਾਵਰੀਆ' ਵੇਖੋ ।

**ਬਾਬਲ,** ਪੁ:—ਪਿਉ (ਕੁੜੀਆਂ ਦੀ ਬੋਲੀ) ॥

**ਬਾਬਰਿੰਗ,** ਸ:—ਬਾਦੀ ਦੂਰ ਕਰਨ ਵਾਲੀ ਇੱਕ ਦੁਆ ॥

**ਬਾਬਾ,** ਪੁ:—ਪਿਉ, ਪਿਉ ਦਾ ਪਿਉ, ਬੁੱਢਾ ਮਰਦ, ਵੱਡਾ ਮਹੰਤ, ਵੱਡੇ ਲਈ ਆਦਰ ਦਾ ਬਚਨ, ਘਰ ਦਾ ਮਾਲਕ (ਫਕੀਰਾਂ ਦੀ ਬੋਲੀ), ਸ੍ਰੀ ਗੁਰੂ ਗ੍ਰੰਥ ਸਾਹਿਬ ॥

**ਬਾਬੂ,** ਪੁ:—ਆਦਰ ਦਾ ਬਚਨ, ਲਾਲਾ, ਮੁਨਸ਼ੀ, ਅੰਗ੍ਰੇਜ਼ੀ ਪੜ੍ਹਿਆ ਹੋਇਆ, ਦਫ਼ਤਰ ਵਿੱਚ ਨੌਕਰ, ਬੰਗਾਲੀ । ਬਾਪ ॥

**ਬਾਮ,** ਸ:—ਰਾਗ ਦੀ ਇੱਕ ਮੱਧਮ ਲਯ, ਇੱਕ ਤਰਾਂ ਦੀ ਮੱਛੀ ॥

**ਬਾਮ੍ਹਣ,** ਪੁ:, **ਬਾਮ੍ਹਣੀ,** ਸ: } 'ਬ੍ਰਾਹਮਣ' 'ਬ੍ਰਾਹਮਣੀ' ਵੇਖੋ ॥

**ਬਾਮਰਿਆ ਹੋਇਆ,** ਵਿ:—ਪਾਗਲ, ਸੁਦਾਈ ।

**ਬਾਮਰੇ ਜਾਣਾ,** ਕ੍ਰਿ:—ਹੋਸ਼ ਨਾ ਰਹਿਣੀ, ਪਾਗਲ ਹੋ ਜਾਣਾ ॥

**ਬਾਯਬੀ,** ਸ:—ਉੱਤਰ ਅਤੇ ਪੱਛੋਂ ਦੇ ਵਿਚਕਾਰਲੀ ਤਰਫ ॥

**ਬਾਯਾਂ(ਯੋਂ),** ਪੁ:—ਬੇੜ੍ਹਾਈ, ਖੁਬੱਤਣ ॥

**ਬਾਰ,** ਪੁ:—ਬੂਹਾ, ਭਾਂਡੇ ਦਾ ਮੂੰਹ, ਕਮ ਵਿੱਚ ਲਿੱਤਾਂ ਆਦਿਕ ਦੀ ਤਹਿ, ਵਾਰੀ, ਮੰਦ, ਪਸ਼ੂਆਂ ਦਾ ਬੋਝਾ (ਘਾਸ, ਦਾਣਾ) ॥
ਸ:—ਮੌਕਾ, ਵੇਲਾ, ਲੜਾਈ ਵਿਚ ਜੋਸ਼ ਦੇਣ ਵਾਲਿਆਂ ਦੀ ਵਰਿਆਈ ਦਾ ਗੀਤ, ਜੰਗਲ, ਸੁੰਞਾ ਦੇਸ, ਲਾਇਲਪੁਰ ਦਾ ਇਲਾਕਾ ॥

**ਬਾਰਸ਼,** ਸ:—ਬਰਖਾ, ਮੀਂਹ, ਝੜੀ ॥

Digitized by Panjab Digital Library | www.panjabdigilib.org

**ਬਾਰਕ ਮਾਸਟਰੀ,** ਸ਼—ਸਰਕਾਰੀ ਅਮਾਰਤਾਂ ਸੜਕਾਂ ਆਦਿਕ ਬਨਾਉਣ ਵਾਲਿਆਂ ਦਾ ਮਹਿਕਮਾ।

**ਬਾਰਖੀ,** ਸ਼—'ਵਰ੍ਹੀਣਾ' ਵੇਖੋ॥

**ਬਾਰਤਾ,** ਸ਼—ਕਥਾ, ਕਹਾਣੀ, ਗੱਲਾਂ ਬਾਤਾਂ, ਬਿਆਨ॥

**ਬਾਰਨ ਬਾਰ,** ਕ੍ਰਿ: ਵਿ:—ਬਾਰੰਬਾਰ, ਘੜੀਮੁੜੀ।

**ਬਾਰਨਾ,** ਪ:
**ਬਾਰਨੀ,** ਸ:
} 'ਵਾਰਨਾ' 'ਵਾਰਨੀ' ਵੇਖੋ॥

**ਬਾਰ ਬਾਰ**
**ਬਾਰੰਬਾਰ**
**ਬਾਰਮਬਾਰ**
} ਕ੍ਰਿ: ਵਿ:—ਘਨਾ ਮੁੜੀ, ਬਹੁਤ ਵਾਰ॥

**ਬਾਰਾ,** ਵਿ:—ਬਰਾਬਰ (ਦਸਾਂ ਸੇਰਾਂ ਦਾ ਬਾਰਾ)॥

ਪੁ:—ਰੀਮ ਦਾ ਤੋਲ, ਸਮਾ, ਪਿੰਡੇ ਨੂੰ ਲਾਉਣ ਵਾਲਾ ਜਾਂ ਤਾਰ ਖਿੱਚਣ ਵਾਲਾ ਇਕ ਜੰਤ੍ਰ, ਮਿਕਦਾਰ, ਕੰਮ, ਅੰਤ, ਜਿਸ ਦਾ ਅੰਤ ਦਾ ਵੇਲਾ ਹੈ॥

**ਬਾਰੇ ਆਉਣਾ,** ਕ੍ਰਿ:—ਮੇਲ ਦਾ ਹੋਣਾ, ਟਾਕਰਾ ਕਰ ਸਕਣਾ॥

**ਅਗਲੇ ਬਾਰ ਦਾ**
**ਕਿਸੇ ਬਾਰੇ ਦਾ**
} ਵਿ:—ਬਹੁਤ ਚਿਰ ਦਾ, ਪਿਛਲੇ ਸਮੇਂ ਦਾ॥

**ਅਗਲੇ ਬਾਰੇ ਹੋਕੇ ਬਰਣਾ,** ਕ੍ਰਿ:—ਮਰਦੇ ਮਰ ਬਚਣਾ॥

**ਬਾਰਾ ਖਾ ਸੱਟਣਾ(ਖਾਣਾ),** ਕ੍ਰਿ:—ਪੁੱਗਣਾ, ਨਿਭਣਾ॥

**ਬਾਰਾ ਪਟਣਾ,** ਕ੍ਰਿ:—ਪੁੱਗਣਾ, ਕਮ ਨਿਭਣਾ॥

**ਬਾਰਾਂ,** ਵਿ:—ਦੋ ਉੱਤੇ ਦਸ॥

**ਬਾਰਾ ਸਿੰਗਾ,** ਪੁ:—ਇੱਕ ਤਰਾਂ ਦਾ ਹਰਨ ਜਿਸਦੇ ਸਿੰਗਾਂ ਵਿਚੋਂ ਹੋਰ ਸਿੰਗ ਨਿਕਲੇ ਹੋਏ ਹੁੰਦੇ ਹਨ॥

**ਬਾਰਾਂ ਤਾਲਾ(ਲੀ),** ਵਿ:—ਫਰੇਬੀ, ਛਲ, ਚਲਾਕ, ਜਿਸਦਾ ਵਸਾਹ ਨਹੀਂ।

**ਬਾਰਾਂਦਰੀ,** ਸ:—ਜਸ ਚੌਰਸ ਮਕਾਨ ਦੇ ਚਫੇਰੇ ਤਿੰਨ ਤਿੰਨ ਦਰਵਾਜ਼ੇ ਹੋਣ॥

**ਬਾਰਾਂ ਪੱਥਰ,** ਪੁ:—ਛਾਉਣੀ ਦੀ ਹੱਦ॥

**ਬਾਰੀ,** ਸ:—ਉੱਚਾ ਛੋਟਾ ਦਰਵਾਜ਼ਾ, ਵੇਲਾ, ਰੋਹ ਪਾਉਣ ਵਾਲਾ ਮਿੱਟੀ ਦਾ ਛੋਟਾ ਭਾਂਡਾ, ਤੇਲ ਜਾਂ ਘਿਉ ਪਾਉਣ ਵਾਲਾ ਚੀਮ ਦਾ ਭਾਂਡਾ॥ ਬਿਆਸਾ ਅਤੇ ਰਾਵੀ ਦੇ ਵਿਚਕਾਰਲਾ ਦੁਆਬਾ, ਨਿਸਰ ਨੂੰ ਸਹਾਰਨ ਵਾਲੀ ਲਕੜੀ॥

ਸ:—ਸਦਕੇ, ਕੁਰਬਾਨ (ਜਾਣਾ)॥

**ਬਾਰੀ ਬਾਰੀ,** ਕ੍ਰਿ: ਵਿ:—ਆਪਣੇ ਆਪਣੇ ਮੌਕੇ ਪੁਰ॥

**ਬਾਰੂਤ(ਦ)** ਪੁ:—'ਬਰੂਤ' ਵੇਖੋ।

**ਬਾਰੋਬੱਟੀ**
**ਬਾਰੋਬਾਰੀ**
} ਕ੍ਰਿ:—ਆਪਣੀ ਆਪਣੀ ਵਾਰੀ, ਇਕ ਦੇ ਪਿੱਛੋਂ ਦੂਆ॥

**ਬਾਲ,** ਪੁ:—ਜੀਵਾਂ ਦੇ ਪਿੰਡੇ ਅਤੇ ਸਿਰ ਉੱਤੇ ਉੱਗਣ ਵਾਲੀਆਂ ਤਾਰਾਂ, ਭਾਂਡੇ ਆਦਿਕ ਦੀ ਤ੍ਰੇੜ, ਆਸਰਾ, ਵਾਉ, ਪੌਣ, ਬੱਚਾ (ਮੁੰਡਾ ਜਾਂ ਕੁੜੀ)॥

**ਬਾਲ ਅਵਸਥਾ,** ਸ:—ਛੋਟੀ ਉਮਰ॥

Digitized by Panjab Digital Library | www.panjabdigilib.org

**ਬਾਲ ਗੋਪਾਲ,** ਪੁ:—ਬੱਚੇ, ਅਞਾਣੇ, ਚੇਲੇ ॥

**ਬਾਲਤੋੜ,** ਪੁ:—ਬਾਲ ਦੇ ਟੁੱਟਣ ਕਰਕੇ ਹੋਯਾ ਹੋਯਾ ਫੋੜਾ ॥

**ਬਾਲ ਬੱਚੇ,** ਪੁ:—ਨਿੱਕੇ ਨਿਆਣੇ, ਟੱਬਰ, ਸੰਤਾਨ ॥

**ਬਾਲ ਬੇਨ੍ਹੀ ਕੌਡੀ ਮਾਰਨੀ,** ਕ੍ਰਿ:—ਠੀਕ ਕੰਮ ਕਰਨਾ, ਪੂਰਾ ਨਿਆਂ ਕਰਨਾ ॥

**ਬਾਲ ਵਿੰਗਾ ਨਾ ਹੋਣਾ,** ਕ੍ਰਿ:—ਰਤਾ ਵਿਗਾੜ ਨਾ ਹੋਣਾ ॥

**ਬਾਲ ਬੁੱਧ(ਧਿ),** ਸ:—ਨਿਆਣਿਆਂ ਵਰਗੀ ਸਮਝ, ਬੇਅਕਲੀ ॥

ਵਿ:—ਜਿਸਦੀ ਸਮਝ ਬਾਲਾਂ ਜੇਹੀ ਹੈ, ਮੂਰਖ ॥

**ਬਾਲ ਭੋਗ,** ਪੁ:—ਕਿਸੇ ਦੇਵਤੇ ਦਾ ਸਵੇਰ ਦੇ ਵੇਲੇ ਦਾ ਪਰਸ਼ਾਦ ॥

**ਬਾਲ ਰੰਡ** / **ਬਾਲ ਵਿਧਵਾ** } ਸ:—ਬਾਲ ਅਵਸਥਾ ਵਿੱਚ ਰੰਡੀ ਹੋਈ ਹੋਈ ਤੀਵੀਂ ॥

**ਬਾਲ ਲਾਉਣਾ,** ਕ੍ਰਿ:—ਅੱਖ ਵਿੱਚ ਮੱਦਾਰ ਦੇਣਾ ॥

**ਬਾਲਕ,** ਪੁ: ਸ:—ਛੋਟਾ ਬਾਲ, ਬੱਚਾ, ਜਾਤਕ, ਮੁੰਡਾ, ਕੁੜੀ ॥

**ਬਾਲਕ ਹਠ,** ਪੁ:—ਬੱਚੇ ਦਾ ਹਠ, ਜਿਦ ॥

**ਬਾਲਕਪੁਣਾ,** ਪੁ: / **ਬਾਲਕਵਾਈ,** ਸ: } ਬਾਲਕ ਹੋਣ ਦੀ ਹਾਲਤ ॥

**ਬਾਲਕਦਾਰਾ,** ਪੁ:—ਇੱਕ ਤਰਾਂ ਦਾ ਸਜਾਵਾਂ (ਪੰਖੇਰੂ) ॥

**ਬਾਲਕਾ,** ਪੁ:—ਬੱਚਾ, ਛੋਟੀ ਉਮਰ ਦਾ ਚੇਲਾ, ਸ਼ਾਗਿਰਦ ॥

**ਬਾਲਕੀ,** ਸ:—ਚੇਲੀ, ਨਿੱਕੀ ਕੁੜੀ, ਬਾਲਕੇ ਦੀ ਵਹੁਟੀ ॥

**ਬਾਲਕਵਨ,** ਸ:—ਇੱਕ ਦੁਆ, ਇੱਕ ਕੁਸ਼ਵੇਸ਼ੀ

**ਬਾਲਛੀ,** ਸ:—ਛੋਟਾ ਬੁਰਸ਼, ਮੁਨਿਆਰਿਆਂ ਦੀ ਕੂਚੀ ॥

**ਬਾਲਟੀ,** ਸ:—ਤੇਸ਼ਗਰਾ ਲੋਪ ਕੀ ਮਿਆਨ, ਵਲ [?] ਦਾ [?], ਲੋਹੇ ਦਾ ਖੁੱਲ੍ਹੇ ਮੂੰਹ ਵਾਲਾ ਭਾਂਡਾ, ਇੱਕ ਤਰਾਂ ਦਾ ਚੌੜੇ ਮੂੰਹ ਵਾਲਾ ਡੋਲ ॥

**ਬਾਲਣ,** ਪੁ:—ਲਕੜੀਆਂ ਆਦਿਕ ਜੋ ਬਾਲਣ ਦੇ ਕੰਮ ਆਉਂਦੀਆਂ

**ਬਾਲਣਾ,** ਕ੍ਰਿ:—ਅੱਗ ਭਖਾਉਣਾ, ਮਚਾਣਾ, ਸ਼ਮਾਂ ਆਦਿਕ ਵਿੱਚ ਤੇਲ ਪਾ ਦੇਣਾ ॥

**ਬਾਲਮ,** ਪੁ:—ਪ੍ਰੀਤਮ, ਪਿਆਰਾ, ਕੰਤ, ਸ਼ਹੁ ॥

**ਬਾਲੜੀ,** ਸ:—ਅਞਾਣੀ, ਕੁੜੀ, ਧੀ ॥

**ਬਾਲਾ,** ਪੁ:—ਮੁੰਡਾ, ਨੌਜਵਾਨ, ਕੰਨ ਦਾ ਗਹਿਣਾ ॥

ਕ੍ਰਿ: ਵਿ:—ਉੱਪਰ (ਬਾਲਾ ਖਾਨਾ = ਉੱਪਰਲਾ ਚੁਬਾਰਾ) ॥

**ਬਾਲਾ ਭੋਲਾ,** ਵਿ:—ਸਿੱਧਾ, ਜਿਸ ਨੂੰ ਵਲ ਛਲ ਨਾ ਆਵੇ ॥

Digitized by Panjab Digital Library | www.panjabdigilib.org

**ਬੱਲਾ,** ਪੁ:—ਛੱਤ ਦੀ ਸ਼ਤੀਰੀ, ਮੁਗਦਰ ਛੁੱਕਲਾ।

**ਬਾਲੀ,** ਸ:—ਇੱਕ ਤਰ੍ਹਾਂ ਦੀ ਮੁਰਕੀ, ਕੰਨ ਦਾ ਗਾਹਣਾ॥

**ਬਾਲੂ,** ਪੁ:—ਰਤੂਆ, ਧੂੜ, ਰੇਤ।

**ਬਾਲੂਸ਼ਾਹੀ,** ਸ:—ਇੱਕ ਤਰ੍ਹਾਂ ਦੀ ਮਠਿਆਈ॥

**ਬਾਵਰਾ,** ਵਿ:—ਪਾਗਲ, ਸੁਦਾਈ, ਝੱਲਾ॥

**ਬਾਵਰਾਂ, ਬਾਵਰੀਆਂ** } ਸ:—(ਬਹੁ:) ਲੰਮੇ ਘੁੰਗਰਿਆਲੇ ਵਾਲਾਂ ਦੀਆਂ ਲਿਟਾਂ (ਫ਼ਕੀਰ ਵਰਗੀਆਂ)।

**ਬਾਵਾ,** ਪੁ: **ਬਾਵੀ,** ਸ: } ਸਿੱਖਾਂ ਦੇ ਪਹਿਲੇ ਤਿੰਨਾਂ ਗੁਰੂਆਂ ਦੀ ਅੰਸ, ਸਾਧੂ, ਫ਼ਕੀਰ, ਮਹੰਤ, ਵੱਡਾ ਆਦਮੀ, ਘਰ ਦਾ ਮਾਲਕ, (ਫ਼ਕੀਰ ਦੇ ਬੋਲੀ), ਵੱਡੀ ਜਣਾ, ਸੰਬੋਧਨ, (ਜਿਹਾ ਕਿ ਬਾਵਾ! ਤੂੰ ਜਾਂਦਾ ਹੈਂ) ਅੰਗ੍ਰੇਜ਼ ਦਾ ਬੱਚਾ॥

**ਬਾਵਾ ਲੋਕ,** ਪੁ:—ਅੰਗ੍ਰੇਜ਼ਾਂ ਦੇ ਬੱਚੇ॥

**ਬਾੜ,** ਸ:—ਖੇਤ ਦੇ ਦੁਆਲੇ ਕੰਡਿਆਂ ਆਦਿਕਾਂ ਦੀ ਆੜ ਜਾਂ ਰੋਕ, ਸਿਪਾਹੀਆਂ ਦੀ ਕਤਾਰ।

**ਬਾੜ ਝਾੜਨੀ,** ਕ੍ਰਿ:—ਇਕੱਠੀਆਂ ਗੋਲੀਆਂ ਚਲਾਉਣੀਆਂ।

**ਬਾੜ੍ਹ,** ਸ:—ਤਲਵਾਰ ਜਾਂ ਛੁਰੀ ਦੀ ਧਾਰ, ਚਰਖੇ ਦੀ ਉਹ ਰੱਸੀ ਜਿਸ ਦੇ ਉਪਰੋਂ ਮਾਲ੍ਹ ਜਾਂਦੀ ਹੈ॥

**ਬਾੜ੍ਹ ਬਿੱਲ,** ਪੁ:—'ਬਾਅੜ ਬਿੱਲ' ਵੇਖੋ॥

**ਬਾੜਨਾ,** ਕ੍ਰਿ:—ਅੰਦਰ ਕਰਨਾ ਜਾਂ ਲੈਣਾ, ਪਾਉਣਾ, ਵਾੜਨਾ।

**ਬਾੜਾ,** ਪੁ:—ਵਲਗਣ, ਜਿਸ ਘੇਰੇ ਵਿੱਚ ਭੇਡਾਂ ਬੰਦ ਹੋਣ, ਕਿਲਾਬੰਦੀ, ਜਿਸ ਧਰਤੀ ਉੱਤੇ ਖਰਬੂਜ਼ ਆਦਿਕ ਬੀਜੇ ਜਾਣ, ਪਸ਼ੌਰ ਦੇ ਪਾਸ ਇੱਕ ਅਲਾਕਾ ਜਿੱਥੋਂ ਦੇ ਚੌਲ ਬਹੁਤ ਚੰਗੇ ਹੁੰਦੇ ਹਨ॥

**ਬਾੜਾ ਦਾਣਾ,** ਕ੍ਰਿ:—ਵਿਆਹ ਕਾਜ ਵਿੱਚ ਬ੍ਰਾਹਮਣਾਂ ਅਤੇ ਮੰਗਤਿਆਂ ਦਾ ਘੇਰਾ ਬਣਾ ਕੇ ਦਾਨ ਦੇਣਾ॥

**ਬਾੜੀ,** ਸ:—ਵਲਗਣ, ਬਗੀਚਾ, ਖਰਬੂਜ਼ਿਆਂ ਦਾ ਖੇਤ, ਬੂਹਾ ਮਨੁੱਖ ਦੇ ਜਿਸਮ ਤੇ, ਉਲਾਦ॥

**ਬਿ,** ਅਵ:—ਬਗੈਰ, ਬਿਨਾ (ਜਿਹਾ ਕਿ ਬਿਤਰਸ = ਜਿਸਨੂੰ ਤਰਸ ਨਹੀਂ)।

**ਬਿਉਂਤ,** ਸ:—ਕਪੜੇ ਦਾ ਕਾਟ, ਜੁਗਤ, ਤਦਬੀਰ।

**ਬਿਆਈ,** ਸ:—ਠੰਢ ਨਾਲ ਅੱਡੀਆਂ ਦਾ ਫਟ ਜਾਣਾ, ਬੀ ਪਾਉਣਾ, ਬੀ ਪਾਉਣ ਦਾ ਵੇਲਾ, ਬੀ ਪਾਉਣ ਵੇਲੇ ਜਿਮੀਂਦਾਰ ਜੋ ਦਾਣੇ ਤਰਖਾਣ ਆਦਿਕਾਂ ਨੂੰ ਦੇਂਦੇ ਹਨ॥

**ਬਿਆਸ,** ਪੁ:—ਇੱਕ ਉੱਘਾ ਰਿਖੀ, ਪੰਜਾਬ ਦਾ ਇੱਕ ਦਰਿਆ॥

**ਬਿਆਸੀ,** ਵਿ:—ਦੋ ਉੱਤੇ ਅੱਸੀ॥

**ਬਿਆਹ,** ਪੁ:—ਸ਼ਾਦੀ, ਕਾਜ, ਮੁੰਡੇ ਕੁੜੀ ਦੇ ਫੇਰੇ ਜਾਂ ਨਿਕਾਹ॥

**ਬਿਆਹਣੂ,** ਵਿ:—ਬਿਆਹ ਵਾਲਾ, ਬਿਆਹ ਤੋਂ ਦੋ ਦਿਨ ਪਿੱਛੋਂ ਵਹੁਟੀ ਦੇ ਸੌਹਰਿਓਂ ਆਇਆ ਹੋਇਆ ਕਪੜਿਆਂ ਦਾ ਜੋੜਾ॥

**ਬਿਆਹਤਾ,** ਵਿ:—ਮਰਯਾਦਾ ਨਾਲ ਬਿਆਹ ਹੋਈ ਤੀਮੀ॥

Digitized by Panjab Digital Library | www.panjabdigilib.org

**ਬਿਆਹੁਣਾ,** ਕ੍ਰਿ:—ਬਿਆਹ ਜਾਂ ਸ਼ਾਦੀ ਕਰਨਾ, ਸ਼ਾਦੀ ਕਰਾਉਣਾ ॥

**ਬਿਆਕਰਣ,** ਪੁ:—ਬੋਲੀ ਦੇ ਨੇਮਾਂ ਅਤੇ ਗੁਣਾਂ ਦੀ ਵਿਦਯਾ ॥

**ਬਿਆਕਰਣੀ,** ਪੁ:—ਬਿਆਕਰਣ ਜਾਨਣ ਵਾਲਾ ॥

**ਬਿਆਕਲ** / **ਬਿਆਕੁਲ** } ਵਿ:—ਘਾਬਰਿਆ ਹੋਇਆ, ਔਖਾ, ਦੁਖੀ ।

**ਬਿਆਂਗ,** ਸ:—ਚੰਮ ਸਾਫ ਕਰਨ ਵਾਲਾ ਲੋਕੜ ਦਾ ਹਥਿਆਰ ॥

**ਬਿਆਜ,** ਪੁ:—ਉਧਾਰ ਦਿੱਤੇ ਹੋਏ ਰੁਪਏ ਦਾ ਭਾੜਾ, ਨਫ਼ਾ, ਸੂਦ ॥

**ਬਿਆਜੜ** / **ਬਿਆਜੜੀਆ** } ਪੁ:—ਬਿਆਜ ਦੇਣ ਵਾਲਾ ॥

**ਬਿਆਜੀ** / **ਬਿਆਜੂ** } ਵਿ:—ਬਿਆਜ ਤੇ ਉਧਾਰੀ ਦਿੱਤੀ ਹੋਈ (ਰਕਮ), ਬਿਆਜ ਲੈਣ ਵਾਲਾ ॥

**ਬਿਆਝਣਾ,** ਕ੍ਰਿ:—ਖਰੀਦਣਾ, ਕੀਮਤ ਨਾਲ ਵਿਆਹ ਕਰਨਾ ॥

**ਬਿਆਣਵੇਂ,** ਵਿ:—ਬਾਣਵੇਂ, ਦੋ ਉੱਤੇ ਨੱਵੇ ।

**ਬਿਆਂਦੜ** / **ਬਿਆਂਧੜ,** } ਪੁ:—ਬਿਆਹ ਵਾਲਾ ਮੁੰਡਾ, ਲਾੜਾ ॥

ਵਿ:—ਵਿਆਹ ਕੇ ਲਿਆਂਦੀ ਹੋਈ (ਵਹੁਟੀ)

**ਬਿਆਧ,** ਪੁ:—ਝਗੜਾ, ਬਖੇੜਾ, ਦੁੱਖ, ਕਲੇਸ਼ ॥

**ਬਿਆਧਨ,** ਸ: / **ਬਿਆਧੀ,** ਪੁ: } ਜੋ ਬਿਆਧ ਕਰੇ, ਫ਼ਸਾਦਣ (ਦੀ) ॥

**ਬਿਆਨ,** ਪੁ:—ਗੱਲ ਬਾਤ, ਹਾਲ ਹਵਾਲ, ਸਾਰੀ ਗੱਲ (ਕਰਨਾ) ॥

**ਬਿਆਨ ਦੇਣਾ,** ਕ੍ਰਿ:—ਅਦਾਲਤ ਵਿਚ ਅਪਰਾਧ ਦਾ ਆਪਣੇ ਮੂੰਹੋਂ ਖੋਲ੍ਹਕੇ ਹਾਲ ਦੱਸਣਾ ।

**ਬਿਆਨ ਲੈਣਾ,** ਕ੍ਰਿ:—ਹਾਕਮ ਦਾ ਅਪਰਾਧੀ ਦੇ ਮੂੰਹੋਂ ਉਸਦਾ ਹਾਲ ਸੁਨਣਾ ॥

**ਬਿਆਨਾ,** ਪੁ:—ਅਗਾਊਂ ਦਿੱਤੀ ਹੋਈ ਰਕਮ ਸਾਈ ॥

**ਬਿਆਪ,** ਸ:—ਸਰਾਪ, ਬੁਰਾ ਅਸਰ, ਆਪਤਾ ।

**ਬਿਆਪਕ,** ਵਿ:—ਬਿਆਪਣ ਵਾਲਾ ॥

**ਬਿਆਪਣਾ,** ਕ੍ਰਿ:—ਵਸਣਾ, ਫੈਲਣਾ, ਅਸਰ ਪੈਣਾ, ਭਾਣਾ ਵਰਤਣਾ ॥

**ਬਿਆਪੀ,** ਵਿ:—ਬਿਆਪਣ ਵਾਲਾ ॥

**ਬਿਆਰ,** ਪੁ:—ਜਿਸ ਢੋਕਰੀ ਨਾਲ ਖੇਤੀ ਵਿੱਚੋਂ ਪਾਣੀ ਕੱਢਦੇ ਹਨ, । 'ਵਿਆਣ' ਵੇਖੋ ॥

**ਬਿਆਰ** / **ਬਿਆੜ** } ਪੁ:—ਬੀਜ ਵਾਸਤੇ ਰੱਖੀ ਹੋਈ ਸਬਜ਼ੀ ਜਾਂ ਫਲ ॥

**ਬਿਸ,** ਸ:—ਸੱਪ ਆਦਿਕ ਦੀ ਜ਼ਹਿਰ, ਜਿਸ ਦਾਜ ਦੇ ਅਸਰ ਨਾਲ ਮਨੁੱਖ ਮਰ ਜਾਵੇ ਜ਼ਹਿਰ ਵਾਲੀ ਬੂਟੀ ॥

**ਬਿਸ ਖਪਰਾ,** ਪੁ:—ਇੱਕ ਬੂਟੀ, ਇੱਕ ਛੋਟੀ ਕਿਰਲੀ ।

**ਬਿਸ ਘੋਲਣਾ,** ਕ੍ਰਿ:—ਬਿਆਕੁਲ ਹੋਣਾ, ਸੱਪ ਆਦਿਕ ਦਾ ਜ਼ਹਿਰ ਛੋੜਨਾ, ਨਿੰਦਿਆ ਕਰਨੀ ਬਦਲਾ ਲੈਣਾ ॥

Digitized by Panjab Digital Library | www.panjabdigilib.org

**ਬਿਸ ਚੜ੍ਹ ਜਾਣੀ,** ਕ੍ਰਿ:—ਜ਼ਹਿਰ ਦਾ ਅਸਰ ਹੋ ਜਾਣਾ ॥

**ਬਿਸ਼ਈ,** ਵਿ:—ਬਹੁਤ ਵਿਸ਼ਾ ਭੋਗਣ ਵਾਲਾ, ਰਸੀਆ, ਭੋਗ ਬਿਲਾਸ ਵਿਚ ਰੱਤਾ ਹੋਯਾ ॥

**ਬਿਸਕੁਟ,** ਪੁ:—ਇੱਕ ਤਰਾਂ ਦੀ ਕਰਾਰੀ ਛੋਟੀ ਰੋਟੀ ॥

**ਬਿਸਟਾ,** ਪੁ:—ਮੈਲਾ, ਗੰਦਗੀ, ਝਾੜਾ ॥

**ਬਿਸਤਰ(ਰਾ)** ਪੁ:—ਬਿਛਾਉਣਾ, ਬਿਛਾਈ ਫਕੀਰ ਦਾ ਡੇਰਾ ॥

**ਬਿਸਤਾਰ,** ਪੁ:—ਫੈਲਾਉ, ਖੋਲ੍ਹਕੇ ਕੀਤਾ ਹੋਯਾ ਬਿਆਨ ॥

**ਬਿਸਤਾਰਨਾ,** ਕ੍ਰਿ:—ਫੈਲਾਉਣਾ, ਖੋਲ੍ਹਕੇ ਬਿਆਨ ਕਰਨਾ ॥

**ਬਿਸ਼ਨ,** ਪੁ:—ਸੰਸਾਰ ਦੀ ਰਖਿਆ ਕਰਨ ਵਾਲਾ ਦੇਵਤਾ, ਪਰਮੇਸ਼ਰ, ਲੱਛਮੀ ਦਾ ਸੁਆਮੀ ॥

**ਬਿਸ਼ਨਪਦਾ(ਦਾ),** ਪੁ:—ਬਿਸ਼ਨ ਜੀ ਦੀ ਉਸਤਤ ਦਾ ਭਜਨ । ਕੋਈ ਭਜਨ ॥

**ਬਿਸ਼ਨ ਪੁਣਾ,** ਪੁ:—ਸਫਾਈ, ਦਿਖਾਵੇ ਦੀ ਸੁੱਚ।

**ਬਿਸਨੀ,** ਪੁ:—ਕੰਜਰੀ ਦਾ ਯਾਰ, ਲੁੱਚਾ, ਗਾਹਕ ॥

**ਬਿਸੰਭਰ,** ਪੁ:—ਬਿਸ਼ਨ ਜੀ, ਪਰਮੇਸ਼ਰ ॥

**ਬਿੱਸਮਣਾ,** ਕ੍ਰਿ:—ਅਰਾਮ ਕਰਨਾ, (ਦੀਵਾ) [illegible] ਬੁਝ ਜਾਣਾ ॥

**ਬਿਸਮਾਉਣਾ,** ਕ੍ਰਿ:—(ਦੀਵਾ) ਬੁਝਾਉਣਾ ॥



**ਬਿਸਮਾਦ,** ਵਿ:—ਹਰਾਨ ਹੋਯਾ ਹੋਯਾ, ਅਚਰਜ ॥

**ਬਿਸਮਾਰ,** ਪੁ:—ਜ਼ਹਿਰ ਦਾ ਅਸਰ ਹਟਾਉਣ ਵਾਲੀ ਰੋਗ ਬੂਟੀ, ਭੁੱਸ ਨੂੰ ਰੋਕਣ ਵਾਲਾ ਮਨੁੱਖ ।

**ਬਿਸਮਿਲ,** ਵਿ:—ਹਲਾਲ ਕੀਤਾ ਹੋਯਾ (ਜਨੌਰ ।

**ਬਿਸਰਜਣ,** ਪੁ:—ਦੇਵਤਾ ਵਿਦਿਆ ਕਰਨ ਦੀ ਰੀਤ ॥

**ਬਿਸਰਜਾਣਾ** / **ਬਿਸਰਨਾ** } ਕ੍ਰਿ:—ਭੁੱਲਣਾ, ਭੁਲਾਉਣਾ ॥

**ਬਿੱਸਰ ਭੋਲ,** ਕ੍ਰਿ ਵਿ:—ਭੁੱਲਕੇ, ਜਾਣ ਬੁੱਝਕੇ ਨਹੀਂ ।

**ਬਿੱਸਰ ਭੋਲਾ,** ਪੁ:—ਭੁੱਲ, ਟਪਲਾ, ਗਲਤੀ, ਧੋਖਾ

**ਬਿਸਰਾਉਣਾ,** ਕ੍ਰਿ:—ਭੁੱਲਣਾ, ਭੁਲਾਉਣਾ, ਖੁੰਝਾਉਣਾ ॥

**ਬਿਸਰਾਮ,** ਪੁ:—ਅਰਾਮ, ਸੁਖ, ਕੰਮ ਬੰਦ ਕਰ ਦੇਣਾ ॥

**ਬਿਸਰਾਮਣ,** ਸ: / **ਬਿਸਰਾਮੀ,** ਪੁ: } ਜੋ ਬਿਸਰਾਮ ਕਰੇ ॥

**ਬਿਸਵਾ,** ਪੁ:—ਵੀਹਵਾਂ ਹਿੱਸਾ(ਖਾਸ ਕਰਕੇ ਵਿਘੇ ਦਾ) ਕੋਈ ਹਿੱਸਾ ॥

**ਸੌ ਬਿਸਵਾ,** / **ਵੀਹ ਬਿਸਵੇ,** } ਕ੍ਰਿ ਵਿ:—ਬਹੁਤ ਆਸ ਹੈ ਕਿ।

**ਬਿਸਵਾਸ,** ਪੁ:—ਸੰਸਾ, ਡਰ, ਭਰਮ । ਭਰੋਸਾ, ਯਕੀਨ (ਕਰਨਾ, ਲਿਆਉਣਾ) ॥

Digitized by Panjab Digital Library / www.panjabdigilib.org

**ਬਿਸਵਾਸਣ,** ਸ:
**ਬਿਸਵਾਸੀ,** ਪੁ: } ਜੋ ਬਿਸਵਾਸ ਕਰੇ ॥

**ਬਿਸਵਾਦ,** ਵਿ:—'ਬਿਸੁਆਦ' ਵੇਖੋ ॥

**ਬਿਸ਼ਾ,** ਪੁ:—ਇੰਦ੍ਰੀਆਂ ਦਾ ਸੁਖ, ਭੋਗ, ਐਸ਼ ॥

**ਬਿਸਾਹ,** ਪੁ:—ਵਸਾਹ, ਭਰੋਸਾ, ਅਤਬਾਰ (ਕਰਨਾ, ਖਾਣਾ) ॥

**ਬਿਸਾਹਣ,** ਸ:—ਬਦਬੋ, ਦੁਰਗੰਧ, ਸੜ੍ਹਿਆਂਧ ।

**ਬਿਸਾਹੁਣਾ,** ਕ੍ਰਿ:—ਝੂਠਾ ਭਰੋਸਾ ਦੇਕੇ ਭੁਲਾਉਣਾ, ਪਰਤੀਤ ਕਰਾਉਣਾ ॥

**ਬਿਸਾਖ**
**ਬਿਸਾਖੀ**
**ਬਿਸਾਤ** } 'ਵਸਾਖ' ਆਦਿਕ ਵੇਖੋ ॥

**ਬਿਸਾਂਧ**
**ਬਿਸਾਨ੍ਹ** } ਸ:—ਬਦਬੋ, ਸੜ੍ਹਿਆਂਧ ।

**ਬਿਸਾਂਧਾ,** ਵਿ:—ਬਦਬੂਦਾਰ, ਗਲਿਆ ਸੜ੍ਹਿਆ

**ਬਸਾਰ,** ਸ:—ਹਲਦੀ ॥

**ਬਿਸਾਰਾ,** ਪੁ:—ਵਿਸਰ ਜਾਣ ਦੀ ਹਾਲਤ, ਭੁਲੇਵਾਂ, ਭੁੱਲ ।

**ਬਿਸਾਰਦੇਣਾ**
**ਬਿਸਾਰਨਾ** } ਕ੍ਰਿ:—ਭੁੱਲਣਾ, ਭੁਲਾਉਣਾ ।

**ਬਿਸੁਆਦ,** ਵਿ:—ਜਿਸ ਦਾ ਸੁਆਦ ਚੰਗਾ ਨਹੀਂ, ਫਿੱਕਾ ॥

**ਬਿਸੂਚਕਾ**
**ਬਿਸੂਤਕਾ** } ਪੁ:—ਉੱਪਰਛਲਾਂ ਅਤੇ ਦਸਤਾਂ ਦਾ ਰੋਗ, ਹੈਜ਼ਾ ॥

**ਬਿਸੇਖ,** ਵਿ:—ਖਾਸ, ਅਨੋਖਾ, ਚੰਗਾ, ਬਹੁਤਾ ॥
ਸ:—ਖਾਸ ਗੱਲ ॥

**ਬਿਸੇਖਤਾ**
**ਬਿਸੇਖਤਾਈ** } ਸ:—ਚੰਗੇ ਜਾਂ ਬਹੁਤੇ ਹੋਣ ਦਾ ਗੁਣ । ਖਾਸ ਗੁਣ ॥

**ਬਿਹ,** ਸ:—ਵਿੱਸ, ਜ਼ਹਿਰ ॥

**ਬਿਹੰਗਮ,** ਪੁ:—ਜਿਸ ਦਾ ਘਰ ਘਾਟ ਨਹੀਂ, ਫਕੀਰ ॥

**ਬਿਹਲ,** ਸ:—ਜਿਸ ਵੇਲੇ ਕੋਈ ਕੰਮ ਨਾ ਹੋਵੇ ॥

**ਬਿਹਲਣ,** ਸ:—'ਬੇਹਲੀ' ਵੇਖੋ ॥

**ਬਿਹਲਾ**
**ਬਿਹਲੀ** } ਵਿ:—ਜਿਸ ਨੂੰ ਕੋਈ ਕੰਮ ਨਹੀਂ ॥

**ਬਿਹੜਮੀਂ (ਵੀਂ),** ਸ:—ਦਾਲ ਪਾਕੇ ਪਕਾਈ ਹੋਈ ਰੋਟੀ ।

**ਬਿਹੜਾ** ਪੁ:
**ਬਿਹੜੀ,** ਸ: } ਘਰਾਂ ਦੇ ਅੱਗੇ ਖੁਲ੍ਹੀ ਥਾਂ, ਸਹਿਨ, ਅੰਗਣ ॥

**ਬਿਹਾ,** ਵਿ:—'ਬੇਹਾ' ਵੇਖੋ ॥

**ਬਿਹਾਉਣਾ,** ਕ੍ਰਿ:—ਬੀਤਣਾ, ਗੁਜ਼ਰਨਾ, ਗੁਜ਼ਾਰਨਾ ( ਵੇਲਾ, ਉਮਰ ) ।

**ਬਿਹਾਗ**
**ਬਿਹਾਗੜਾ** } ਪੁ:—ਅਧੀ ਰਾਤ ਦਾ ਇਕ ਰਾਗ।

Digitized by Panjab Digital Library / www.panjabdigilib.org

**ਬਿਹਾਜਣਾ** }
**ਬਿਹਾਝਣਾ** } ਕ੍ਰਿ:-ਮੁੱਲ ਦੇਕੇ ਲੈਣਾ, ਖਰੀਦਣਾ

**ਬਿਹਾ ਜਾਣਾ,** ਕ੍ਰਿ:—ਬੀਤਣਾ, ਗੁਜ਼ਰਨਾ (ਵੇਲਾ, ਉਮਰ) ॥

**ਬਿਹਾਜੀ (ਝੀ),** ਸ:—ਉਧਾਰ ਲੈਕੇ ਥੋੜੀ ਚੀਜ਼ ਖਰੀਦਣਾ, ਵਰਤਣ ਵਾਸਤੇ ਦਾਣਾ ਫੱਕਾ ਖਰੀਦਣਾ ।
ਵਿ:—ਵਰਤਣ ਵਾਸਤੇ ਖਰੀਦਿਆ ਹੋਯਾ ।

**ਬਿਹਾਜੀ ਖਾਣਾ,** ਕ੍ਰਿ:—ਸ਼ਾਹ ਕੋਲੋਂ ਥੋੜੀ ਰਕਮ ਹੁਧਾਰ ਲੈਣੀ ॥

**ਬਿਹਾਣਣਾ,** ਕ੍ਰਿ:—ਗੁਜ਼ਰਨਾ, ਬੀਤਣਾ ॥

**ਬਿਹਾਰ,** ਪੁ:—ਕੰਮ ਧੰਦਾ ਬੁਪਾਰ, ਲੈਣ ਦੇਣ, ਵਰਤੋਂ ॥

**ਬਿਹਾਰੀ,** ਪੁ:—ਕ੍ਰਿਸ਼ਨ ਮਹਾਰਾਜ, ਪਰਮੇਸ਼ਰ ।

**ਬਿਹਿੰਦਾ,** ਪੁ:—ਇੱਕ ਰਸਮ ਜਿਸ ਕਰਕੇ ਸਾਧ ਦੇ ਮਹੀਨੇ ਕੀਮਤਾਂ ਨੂੰ ਰਾਹੀਆਂ ਕੋਲੋਂ ਕੁਝ ਲੈਣ ਦੀ ਖੁੱਲ੍ਹ ਹੁੰਦੀ ਹੈ ॥

**ਬਿਹੀ,** ਸ:—ਇਕ ਸੇਉ ਵਰਗਾ ਫਲ, ਗਲੋ, ਮਹਲਾ, ਬੀਹ ।

**ਬਿਹੀਣ,** ਪੁ:—ਵਹਿਣੀ, ਮੋਰੀ ।

**ਬਿਹੁ,** ਪੁ:—ਵਿਸ਼, ਜ਼ਹਿਰ ॥

**ਬਿਰੋਗ,**—ਪੁ:—ਬਿਛੋੜਾ, ਵਿਛੋੜਾ, ਪਿਆਰ ਤੋਂ ਦੂਰ ਹੋਣਾ ।

**ਬਿਰੋਗਣ,** ਸ: }
**ਬਿਰੋਗੀ,** ਪੁ: } ਜਿਸ ਨੂੰ ਪਿਆਰੇ ਦੇ ਵਿਛੋੜੇ ਦਾ ਦੁਖ ਹੈ ॥

**ਬਿਕਟ,** ਵਿ:—ਔਖਾ, ਕਠਨ, ਕਰੜਾ, ਦੁਖਦਾਈ॥ ਸ:—ਕੰਪੂ ਦੇ ਪਹਿਰੇ ਦੇ ਸਿਪਾਹੀ॥

**ਬਿਕਣਾ,** ਕ੍ਰਿ:—ਮੁੱਲ ਦੇ ਬਦਲੇ ਚੀਜ਼ ਦ ਜਾਣਾ।

**ਬਿੱਕਰਮਾਜੀਤ,** ਪੁ:—ਪਿਛਲੇ ਸਮੇ ਦਾ ਇੱਕ ਪ੍ਰਤਾਪੀ ਰਾਜਾ ਜਿਸ ਦਾ ਸੰਮਤ ਚਲਿਆ ਹੋਯਾ ਹੈ ॥

**ਬਿਕਰਮਾਜੀਤੀ,** ਵਿ:—ਬਿੱਕਰਮਾਜੀਤ ਦਾ (ਸੰਮਤ) ॥

**ਬਿਕਰਾਲ,** ਵਿ:—ਭਯਾਨਕ, ਡਰਾਉਣਾ, ਭੈੜੀ ਸ਼ਕਲ ਦਾ ॥

**ਬਿਕਰੀ,** ਸ:—ਬਿਕਣ ਦਾ ਕੰਮ, ਵੱਟਕ ॥

**ਬਿਕਲ,** ਵਿ:—ਬਿਆਕਲ, ਸੁਦਾਈ, ਢੱਥਾ ਹੋਯਾ ॥

**ਬਿਕਾਉ,** ਪੁ:—ਬਿਕਣ ਦਾ ਕੰਮ ਜਾਂ ਹਾਲਤ ॥

**ਬਿਕਾਉਣਾ,** ਕ੍ਰਿ:—ਵੇਚਣ ਦਾ ਕੰਮ ਕਰਾਉਣਾ ॥

**ਬਿਕਾਊ,** ਵਿ:—ਬਿਕਣ ਵਾਲੀ ਚੀਜ਼ ॥

**ਬਿਕਾਰ,** ਪੁ:—ਬੁਰੀ ਹਾਲਤ ਹੋ ਜਾਣੀ, ਰੋਗ, ਖਰਾਬੀ, ਔਗਣ ਐਬ ॥

**ਬਿਕਾਰੀ,** ਵਿ:—ਬਿਕਾਰ ਵਾਲਾ ਐਬੀ ॥

Digitized by Panjab Digital Library | www.panjabdigilib.org

**ਬਿਖ,** ਸ਼:–ਵਿਹੁ, ਜ਼ਹਿਰ ।

**ਬਿਖਮ,** ਵਿ:–ਔਖਾ, ਬੇ ਢਬ, ਸਖਤ, ਜੋ ਇੱਕ ਜਿਹਾ ਨਾਂ ਹੋਵੇ ॥

**ਬਿਖਰਨਾ,** ਕ੍ਰਿ:—ਖਿੰਡ ਜਾਣਾ, ਖਿਲਰਨਾ ।

**ਬਿਖਰਾਉਣਾ,** ਕ੍ਰਿ:–ਖਲੇਰਨਾ, ਖਿੰਡਾਉਣਾ ।

**ਬਿਖੜਾ,** ਵਿ:–ਔਖਾ, ਗੰਝਲਾਂ ਵਾਲਾ, ਜਿੱਥੋਂ ਲੰਘ ਨਾ ਸੱਕੀਏ ॥

**ਬਿਖਾਧ,** ਪੁ:
**ਬਿਖਾਧਣ,** ਸ:
**ਬਿਖਾਧੀ,** ਪੁ:
} 'ਬਖਾਧ' ਆਦਿਕ ਵੇਖੋ ॥

**ਬਿਖਿਆ,** ਪੁ:—ਵਿਖ, ਜ਼ਹਿਰ, ਬੁਰੀ ਚੀਜ਼, ਤਮਾਕੂ (ਸਿੱਖਾਂ ਦੀ ਬੋਲੀ) ॥

**ਬਿਖੇਧ**
**ਬਿਖੇਧਣ**
**ਬਿਖੇਧੀ**
} 'ਬਖੇਧ' ਆਦਿਕ ਵੇਖੋ ॥

**ਬਿੰਗ,** ਪੁ:–ਵਿੰਗ, ਟੇਢਾ ਹੋਣਾ, ਉੱਚਾ ਨੀਵਾਂ ਹੋਣਾ ॥

**ਬਿਗਸਣਾ,** ਕ੍ਰਿ:–ਖਿੜਨਾ, ਖੁਸ਼ ਹੋਣਾ ॥

**ਬਿੰਗਮਾਂ (ਵਾਂ),** ਵਿ:—ਜਿਸ ਵਿੱਚ ਬਿੰਗ ਹੋਵੇ, ਟੇਢਾ ॥

**ਬਿਗਰ,** ਅਵ:—ਬਗੈਰ, ਬਿਨਾਂ, ਬਾਝੋਂ ।

**ਬਿਗਲ,** ਪੁ:—ਵਲੈਤੀ ਤੁਰਮ, ਨਰਸਿੰਘਾ (ਸੁਣਨਾ, ਹੋਣਾ, ਕਰਨਾ) ॥

**ਬਿਗੜਨਾ,** ਕ੍ਰਿ:—ਖਰਾਬ ਹੋ ਜਾਣਾ, ਲੜਨਾ, ਝਗੜਨਾ, ਫਸਾਦ ਮਚਾਉਣਾ ॥

**ਬਿਗੜਵਾਉਣਾ,** ਕ੍ਰਿ:–ਖਰਾਬ ਕਰਵਾਉਣਾ ॥

**ਬਿਗੜਾਉ,** ਪੁ:–ਬਿਗਾੜ, ਖਰਾਬੀ, ਝਗੜਾ, ਰੋਟਕ, ਨੁਕਸਾਨ ॥

**ਬਿਗੜਾਉਣਾ,** ਕ੍ਰਿ:–ਖਰਾਬ ਕਰਨਾ ਜਾਂ ਕਰਾਉਣਾ ।

**ਬਿਗੜਾਊ,** ਪੁ:—ਬਿਗਾੜਨ ਵਾਲਾ, ਬਿਗਾੜੂ ॥

**ਬਿੰਗਾ**
**ਬਿੰਗਾ ਤਿੰਗਾ**
} ਵਿ:–ਟੇਢਾ, ਉੱਚਾ ਨੀਵਾਂ, ਟੇਢਾ ਹੋਇਆ ॥

**ਬਿਗਾਸ,** ਪੁ:–ਖੁਸ਼ੀ, ਅਨੰਦ, ਖਿੜਾਉ ।

**ਬਿਗਾਰ,** ਸ:–'ਬਗਾਰ' ਵੇਖੋ ॥

**ਬਿਗਾੜ,** ਪੁ:–ਖਰਾਬੀ, ਨੁਕਸਾਨ, ਝਗੜਾ, ਲੜਾਈ, ਫਸਾਦ ॥

**ਬਿਗਾੜਨਾ,** ਕ੍ਰਿ:—ਖਰਾਬ ਕਰਨਾ, ਨੁਕਸਾਨ ਪੁਚਾਣਾ, ਸੱਜਣਾਂ ਵਿੱਚ ਫੋਟਕ ਪਾਉਣਾ ।

**ਬਿਗਾੜੂ,** ਪੁ:–ਬਿਗਾੜਨ ਵਾਲਾ ॥

**ਬਿਗੈਰ (ਰਾਂ)**
**ਬਿਗੈਰੂੰ (ਰੋਂ)**
} ਅਵ:–'ਬਗੈਰ' ਵੇਖੋ ॥

**ਬਿਘਨ,** ਪੁ:–ਰੋਕ, ਅਟਕ, ਨੁਕਸਾਨ, ਬਿਗਾੜ (ਪਾਉਣਾ) ॥

**ਬਿਘਾ**
**ਬਿੱਘਾ**
} ਪੁ:–ਧਰਤੀ ਦਾ ਮਾਪ, ਚਾਰ ਕਨਾਲ ॥

Digitized by Panjab Digital Library / www.panjabdigilib.org

**ਬਿਥ੍ਰ,** ਪੁ:-ਬੈਂਗਣ ਬੂਟੀ ॥

**ਬਿੱਚ,** ਅਵ:-ਅੰਦਰ, ਗੱਭੇ ।

**ਬਿਚ ਹੋ ਕੇ (ਪੈ ਕੇ),** ਕ੍ਰਿ:-ਵਿ:—ਸਾਲਸ ਬਣ ਕੇ ।

**ਬਿੱਚ ਬਿਚਾਲੇ,** ਅਵ:—ਠੀਕ ਵਿੱਚ ਜਾਂ ਗੱਭੇ ॥

**ਬਿਚਕਾਰਾ, ਬਿਚਕਾਰਲਾ,** ਪੁ:-ਅੰਤਰਾ ਜਾਂ ਫ਼ਾਸਲਾ ਬ...

**ਬਿਚਕਾਰੇ, ਬਿਚਕਾਰਲੇ,** ਅਵ:—ਗੱਭੇ, ਵਿਚਕਾਰ, ਮਧਯ ।

**ਬਿਚਕਾਨਾ,** ਪੁ: **ਬਿਚਕਾਨੀ,** ਸ: ਬੱਚੇ ਦੀ ਮੁੱਠੀ, ਜਿਹੜੀ ਮਧਰ, ਛੋਟੀ ਹੈ ॥

**ਬਿਚਕਾਰ,** ਅਵ:—ਠੀਕ ਅੰਦਰ, ਗੱਭੇ, ਮਿਆਨੇ ॥

**ਬਿੱਚ ਬਿਚਾਲੇ,** ਅਵ:-ਠੀਕ ਬਿੱਚ, ਗੱਭੇ ।

**ਬਿਚਰਨਾ,** ਕ੍ਰਿ:- ਵਿਚੋਂ ਲੰਘਣਾ, ਫਿਰਨਾ, ਤੁਰਨਾ ॥

**ਬਿਚਲ ਜਾਣਾ, ਬਿਚਲਣਾ,** ਕ੍ਰਿ:—ਵਿਗੜਨਾ, ਖਰਾਬ ਹੋਣਾ, ਦੇਰ ਕਰਨਾ, ਵਸ ਦੇ ਮਗਾਉਣਾ, ਫਿਰ ਜਾਣਾ, ਬਚਨ ਹਾਰਨਾ, ਬੇਮੁਖੀ ਕਰਨੀ ॥

**ਬਿਚਲਾ,** ਵਿ:-ਅੰਦਰਲਾ, ਗਭਲਾ, ਵਿਚਕਾਰਲਾ ॥

**ਬਿਚਲਾਉਣਾ,** ਕ੍ਰਿ:-ਵਿਗਾੜਨਾ, ਦੂਜੇ ਨੂੰ ਖਿਸਕਾਉਣਾ ॥

**ਬਿਚਾਰ,** ਪੁ:—ਸੋਚ, ਖਿਆਲ, ਸਮਝ ।

**ਬਿਚਾਰ ਵਾਣ,** ਵਿ:—ਸਮਝਦਾਰ, ਸਿਆਣਾ, ਚਤੁਰ ॥

**ਬਿਚਾਰਕ,** ਪੁ:—ਬਿਚਾਰ ਕਰਨ ਵਾਲਾ ਮਨੁੱਖ ॥

**ਬਿਚਾਰਨਾ,** ਕ੍ਰਿ:—ਸੋਚਣਾ, ਸਮਝਣਾ, ਖਿਆਲ ਕਰਨਾ ॥

**ਬਿਚਾਰਾ,** ਵਿ:—ਅਨਾਥ, ਗਰੀਬ, ਬੇਨਸੀਬ, ਅਸਮਰਥ ॥

**ਬਿਚਾਲ,** ਪੁ:—ਨੁਕਸਾਨ, ਵਿਗਾੜ, ਬਖੇੜਾ, ਵਿੱਥ ॥

**ਬਿਚਾਲਣਾ,** ਕ੍ਰਿ:—ਵਿਗਾੜਨਾ, ਉਕਸਾਉਣਾ, ਫਸਾਦ ਪੁਆਉਣਾ, ਦੁਆਲੀਆਂ ਕਰ ਦੇਣਾ ॥

**ਬਿਚਾਲਾ,** ਪੁ:—ਦੋਹਾਂ ਚੀਜ਼ਾਂ ਦੀ ਵਿੱਥ, ਫ਼ਾਸਲਾ ॥

**ਬਿਚਾਲੇ,** ਅਵ:—ਵਿਚਕਾਰ, ਗੱਭੇ, ਮਿਆਨੇ

**ਬਿੱਚੀਂ,** ਅਵ:—ਲਗਾਤਾਰ ਵਿਚ ਦੀ, ਬਿੱਚ ਬਿੱਚ ਬਰਾਬਰ ਗੱਭੇ ॥

**ਬਿੱਚੋਂ,** ਅਵ:—ਅੰਦਰੋਂ, ਗੱਭੇ ਤੋਂ ॥

**ਬਿਚੋਲਾ,** ਪੁ: **ਬਿਚੋਲੀ,** ਸ: **ਬਿਚੋਲੀਆ,** ਪੁ: ਦੋ ਜਣਿਆਂ ਦਾ ਮੇਲ ਕਰਾਉਣ ਵਾਲਾ (ਲੀ) ॥

**ਬਿਛਣਾ,** ਕ੍ਰਿ:—ਖਿੰਡਣਾ, ਖਿਲਰਨਾ, ਸਿੱਧਾ ਜਾਂ ਨਰਮ ਹੋਣਾ ॥

Digitized by Panjab Digital Library | www.panjabdigilib.org

**ਬਿਛਵਈਆ**
**ਬਿਛਵੱਯਾ** } ਪੁਃ–ਬਿਛਾਉਣ ਵਾਲਾ ।

**ਬਿਛਵਾਉਣਾ,** ਕ੍ਰਿਃ–ਬਿਛਾਉਣ ਦਾ ਕੰਮ ਕਰਾਉਣਾ ॥

**ਬਿਛਵਾਈ,** ਸਃ–ਦਰੀ ਆਦਿਕ ਬਿਛਾਉਣ ਦੀ ਮਜੂਰੀ ॥

**ਬਿਛੜਨਾ**
**ਬਿੱਛੜਨਾ** } ਕ੍ਰਿਃ–ਅਲਗ ਹੋ ਜਾਣਾ, ਜੁਦਾ ਹੋ ਜਾਣਾ ॥

**ਬਿਛਾਉਣਾ,** ਪੁਃ–ਬਿਛਾਈ, ਬਿਸਤਰਾ, ਬਿਛਣਾ ॥

**ਬਿਛਾਉਣਾ**
**ਬਿਛਾ ਦੇਣਾ** } ਕ੍ਰਿਃ—ਖਿੰਡਾਉਣਾ, ਖਲੇਰਨਾ, ਬਿਸਤਰਾ ਕਰਨਾ, ਢਾ ਕੇ ਥੱਲੇ ਸੁੱਟਣਾ ॥

**ਬਿਛਾਈ,** ਸਃ—'ਬਿਛੌਣਾ' ਵੇਖੋ ॥

**ਬਿੱਛੂ,** ਪੁਃ—ਇੱਕ ਡੰਗ ਮਾਰਨ ਵਾਲਾ ਕੀੜਾ, ਅਠੂਹਾ ।

**ਬਿਛੂਆ,** ਪੁਃ—ਇੱਕ ਤਰਾਂ ਦੀ ਕਟਾਰ, ਇਕ ਤਰਾਂ ਦਾ ਅੰਗੂਠੜਾ, ਡੰਗ ਮਾਰਨ ਵਾਲੀ ਬੂਟੀ ॥

**ਬਿਛੂਛਕ,** ਪੁਃ—'ਬਿਸੂਚਕਾ' ਵੇਖੋ ॥

**ਬਿਛੋੜਨਾ,** ਕ੍ਰਿਃ—ਸੱਜਨਾਂ ਨੂੰ ਅਲੱਗ ਕਰਨਾ, ਫੋਟਕ ਪਾਉਣਾ ॥

**ਬਿਛੋੜਾ,** ਪੁਃ—ਬਿਯੋਗ, ਜੁਦਾਈ, ਸੱਜਨਾਂ ਦਾ ਵੱਖ ਹੋਣਾ ॥

**ਬਿਛੌਣਾ,** ਪੁਃ—ਬਿਛਾਉਣ ਵਾਲਾ ਕਪੜਾ ਜਾਂ ਕਪੜੇ, ਬਿਸਤਰਾ ॥

**ਬਿੱਜ,** ਸਃ—ਬਿਜਲੀ, ਅਚਾਨਚੱਕ ਜੋ ਬਿਪਤਾ ਆ ਪਏ (ਪੈਣਾ) ॥

**ਬਿਜਯਾ,** ਸਃ—ਇੱਕ ਨਸ਼ੇ ਵਾਲੀ ਬੂਟੀ, ਭੰਗ, ਸੁੱਖਾ ॥

**ਬਿਜਲੀ,** ਸਃ—ਅਸਮਾਨੀ ਅੱਗ, ਬੱਦਲਾਂ ਦੇ ਵਿੱਚ ਚਮਕਣ ਵਾਲੀ ਚੀਜ਼ (ਲਿਸ਼ਕਣਾ, ਚਮਕਣਾ), ਜਿਸ ਤਾਕਤ ਨਾਲ ਉਹ ਚਮਕਦੀ ਹੈ ॥

**ਬਿਜਲੀ ਪੈਣਾ,** ਕ੍ਰਿਃ—ਕਿਸੇ ਚੀਜ਼ ਉੱਤੇ ਬਿਜਲੀ ਦਾ ਡਿਗਣਾ ॥

**ਬਿਜੰਨਾ,** ਪੁਃ—ਸੋਹਣਾ ਆਲ੍ਹਣਾ ਬਣਾਉਣ ਵਾਲਾ ਇੱਕ ਨਿੱਕਾ ਪੰਛੀ ॥

**ਬਿਜਾਉਣਾ,** ਕ੍ਰਿਃ—ਬੀਜਣ ਦਾ ਕੰਮ ਕਰਾਉਣਾ ॥

**ਬਿਜਾਈ,** ਸਃ—ਬੀਜਣ ਦਾ ਕੰਮ ॥

**ਬਿਜਾਰ,** ਪੁਃ—ਬੀਜਣ ਵਾਲਾ, ਬਜਾਰ, ਢੀ ।

**ਬਿੱਜੂ,** ਪੁਃ—ਕਬਰਾਂ ਵਿੱਚੋਂ ਮੁਰਦੇ ਕੱਢ ਕੇ ਖਾਣ ਵਾਲਾ ਮਸ਼ਹੂਰ ਜਨੌਰ, ਮੂਰਖ ਕੋਹਜਾ ਆਦਮੀ ॥

**ਬਿਜੋਗ,** ਪੁਃ—'ਬਿਛੋੜਾ' ਵੇਖੋ ॥

**ਬਿਜੋਗਣ,** ਸਃ
**ਬਿਜੋਗੀ,** ਪੁਃ, ਸਃ } ਸਜਣ ਤੋਂ ਵਿਛੜਿਆ (ਈ) ਹੋਇਆ (ਆ) ॥

**ਬਿਜੋਤ,** ਸਃ—ਬੀਜਣ ਦਾ ਕੰਮ ਜਾਂ ਢੰਗ ॥

**ਬਿਟਰਨਾ**
**ਬਿੱਟਰਨਾ**
**ਬਿਟੁਰਨਾ** } ਕ੍ਰਿਃ—ਬਿਗੜਨਾ, ਬਿਚਲਣਾ, ਰੁੱਸਣਾ ॥

Digitized by Panjab Digital Library | www.panjabdigilib.org

**ਬਿਟਰਾਉਣਾ,** ਕ੍ਰਿ:—ਵਿਗਾੜਨਾ, ਰੁਸ ਦੇਣਾ, ਖਰਾਬ ਕਰਨਾ ॥

**ਬਿੱਠ, ਬਿੱਠੂ** } ਸ:—ਪੰਖੇਰੂਆਂ ਦਾ ਬਿਸਟਾ ॥

**ਬਿੱਠਣਾ,** ਕ੍ਰਿ:—ਪੰਖੇਰੂਆਂ ਦਾ ਹੱਗਣਾ ॥

**ਬਿਠਾਉਣਾ,** ਕ੍ਰਿ:—ਬੈਠਣ ਦੇਣਾ, ਬਹਾਲਣਾ, ਟਿਕਾਉਣਾ, ਖੜਾ ਕਰ ਦੇਣਾ ॥

**ਬਿੱਡਣਾ,** ਕ੍ਰਿ:—ਨਵੇਂ ਕੱਟੇ ਹੋਏ ਤਿਣਾਂ ਨੂੰ ਸੁਕਾਉਣ ਲਈ ਰਖਣਾ ॥

**ਬਿਤ,** ਪੁ:—'ਵਿਤ' ਵੇਖੋ ॥

**ਬਿੱਡੀ,** ਸ:—ਅਗਾੜਾ ਛਿਰਨ ਦਾ ਸੇਖ, ਖਰਾਬਾਤ (ਰੇਤੀ) ॥

**ਬਿੱਢ** ਪੁ:—ਖੂਹ ਦੀ ਚਰਖੜੀ ਨੂੰ ਸਹਾਰਨ ਵਾਲੀਆਂ ਲਕੜਾਂ, ਵੱਟ, ਡੀਕ, ਮੰਦਾੜੀ ॥

**ਬਿੱਢਣਾ,** ਕ੍ਰਿ:—(ਗੰਨ ਪੀੜਨ ਵਾਲੇ ਵੇਲਨ ਨੂੰ) ਚਰਾਣ ਵਾਸਤੇ ਸੁਆਰਕੇ ਲਾਉਣਾ ॥

**ਬਿਣ (ਣਾ),** ਅ:—ਬਗੈਰ, ਬਾਝੋਂ, ਸਿਵਾ, ਛੁੱਟ ॥

**ਬਿਣਤੀ,** ਸ:—ਅਰਜ, ਮਿਨਤ, ਅਰਦਾਸ, ਪ੍ਰਾਰਥਨਾ ॥

**ਬਿਣਾਸ (ਹ),** ਪੁ:—ਬਰਬਾਦੀ, ਤਬਾਹੀ, ਨਾਂ ਰਹਿਣਾ, ਮੌਤ ॥

**ਬਿਤ,** ਪੁ:—ਵੱਤ, ਡੌਲ, ਸਮਰਥ, ਬੂੱਤਾ, ਧਨ, ਹਿੰਮਤ ॥

**ਬਿਤਰ ਬਿਤਰ ਵੇਖਣਾ,** ਕ੍ਰਿ:—ਹਰਾਨ ਹੋਕੇ ਕਿਸੇ ਚੀਜ਼ ਵੱਲ ਤੱਕਣਾ ॥

**ਬਿਤਾਲੀ,** ਵਿ:—ਦੂਹੁ ਉੱਤੇ ਚਾਲੀ ॥

**ਬਿਤੀਤ,** ਵਿ:—ਬੀਤਿਆ ਹੋਇਆ, ਗੁਜਰਿਆ ਹੋਯਾ (ਹੋਣਾ) ॥

**ਬਿਤੀਤਮਾਨ,** ਵਿ:—ਬੀਤ ਜਾਣ ਵਾਲਾ, ਜੋ ਥੋੜਾ ਚਿਰ ਰਹੇ ॥

**ਬਿਤੀਤਣਾ,** ਕ੍ਰਿ:—ਬੀਤ ਜਾਣਾ, ਨਾਂ ਰਹਿਣਾ ॥

**ਬਿਤੁਲਣਾ,** ਕ੍ਰਿ:—ਪਰਸੀਨੇ ਨਾਲ ਤਰ ਹੋ ਜਾਣਾ ॥

**ਬਿਤੈਰੀ,** ਸ:—ਇੱਕ ਤਰਾਂ ਦਾ ਪੰਖੇਰੂ ॥

**ਬਿੱਥ, ਬਿੱਥੁ** } ਸ:—ਫਾਸਲਾ, ਦੂਰੀ, ਫਰਕ, ਖਿਛੋੜਾ ॥

**ਬਿਥਤ, ਬਿਥਾਰ** } ਪੁ:—ਦੂਰੀ, ਫਾਸਲਾ, ਫਰਕ ॥

**ਬਿਥਾ, ਬਿਥਿਆ** } ਸ:—ਪੀੜ, ਦੁਖ, ਸਾਰਾ ਹਾਲ, ਬਰਨਨ ॥

**ਬਿੱਥੁਲਣਾ,** ਕ੍ਰਿ:—(ਦੁੱਧ) ਜੰਮਣਾ, ਦਹੀਂ ਹੋ ਜਾਣਾ, ਬੜਾ ਤਾਉ ਲੱਗਣਾ ਅਤੇ ਪਰਸੇਉ ਆ ਜਾਣਾ ॥

**ਬਿੱਦ,** ਸ:—ਨਿੱਕੀ ਜੇਹੀ ਸੀਤੀ ਹੋਈ ਗਾਂਠ (ਮਠਿਆਈ ਆਦਿਕ ਦੀ) ॥

**ਬਿੰਦ,** ਸ:—ਪਲ, ਥੋੜਾ ਚਿਰ, ਬੂੰਦ, ਕਤਰਾ, ਕਣ੍ਹ, ਬਿੰਦੀ ॥

Digitized by Panjab Digital Library | www.panjabdigilib.org

**ਝੱਟ ਬਿੰਦ,** ਪੁ:—ਅੱਖ ਦੀ ਝਮਕ, ਬਹੁਤ ਥੋੜਾ ਚਿਰ ॥

**ਰਤੀ ਬਿੰਦ,** ਸ:—ਬਹੁਤ ਥੋੜਾ ॥

**ਬਿਦੰਗੀ,** ਸ:—ਵੈਦ ਦਾ ਕੰਮ, ਵੈਦਗੀ, ਹਕੀਮੀ ॥

**ਬਿਦਣਾ,** ਕ੍ਰਿ:—ਜਿਦ ਕਰਨੀ, ਸ਼ਰਤ ਲਾਉਣੀ, ਸਾਮ੍ਹਣੇ ਹੋਣਾ ॥

**ਬਿੰਦਨਾ,** ਕ੍ਰਿ:—ਬਿੰਦੀ ਲਾਉਣੀ, ਬਿੰਦੀਆਂ ਨਾਲ ਵੱਢਣਾ (ਅੱਖਰ)।

**ਬਿੱਦਮਾਨ,** ਵਿ:—ਮੌਜੂਦ, ਹਾਜ਼ਰ, ਉੱਘਾ, ਸਾਮ੍ਹਣੇ ॥

**ਬਿਦਯਕ,** ਵਿ:—ਬਿਦਯਾ ਸੰਬੰਧੀ, ਪੜ੍ਹਾਈ ਵਾਲਾ (ਲੋ) ॥

**ਬਿਦਯਾ,** ਸ:—'ਬਿੱਦਿਆ' ਵੇਖੋ ॥

**ਬਿਦਰੀ,** ਵਿ:, ਸ:—ਧਾਤ ਦਾ ਹੁੱਕਾ ਜਿਸ ਉੱਤੇ ਚਾਂਦੀ ਦਾ ਕੰਮ ਹੋਵੇ, ਚਾਦਰਾਂ ਦੀ ਗੰਢ ॥

**ਬਿਦਯਾਲਯ,** ਪ:—ਵੱਡਾ ਭਾਰਾ ਮਦਰਸਾ, ਜਿੱਥੇ ਕਈ ਤਰਾਂ ਦੀਆਂ ਬਿਦਯਾਂ ਬਹੁਤ ਸਾਰੇ ਬਿਦਯਾਰਥੀਆਂ ਨੂੰ ਪੜ੍ਹਾਈਆਂ ਜਾਣ ।

**ਬਿਦਾ,** ਪੁ:—ਕਿਸੇ ਨੂੰ ਟੋਰਨ ਦਾ ਕੰਮ, ਛੁੱਟੀ (ਹੋਣਾ, ਕਰਨਾ) ॥
ਵਿ:—ਜਿਸ ਨੂੰ ਛੁੱਟੀ ਮਿਲੇ, ਟੁਰਨ ਵਾਲਾ, ਰੁਖ਼ਸਤ ।

**ਬਿਦਾਉਣਾ,** ਕ੍ਰਿ:—ਸ਼ਰਤ ਲੁਆਉਣਾ, ਹਠ ਕਰਾਉਣਾ ॥

**ਬਿਦਾਇਗੀ,** ਸ:—ਕਿਸੇ ਨੂੰ ਟੁਰਨ ਲਗਿਆਂ ਜੋ ਨਜ਼ਰ ਦਿੱਤੀ ਜਾਵੇ, ਬਿਦਿਆ ਹੋਣ ਦੇ ਵੇਲੇ ਵਿਆਹੀ ਹੋਈ ਕੁੜੀ ਨੂੰ ਜੋ ਰਕਮ ਅਤੇ ਕਪੜੇ ਪਿਉ ਦੇਂਦਾ ਹੈ ॥

**ਬਿਦਾਮ,** ਪੁ:—'ਬਦਾਮ' ਵੇਖੋ ॥

**ਬਿਦਿਆ,** ਸ:—'ਬਿਦਾ' ਵੇਖੋ ॥

**ਬਿੱਦਿਆ,** ਸ:—ਇਲਮ, ਗਿਆਨ, ਪੜ੍ਹਾਈ, ਹੁਨਰ, ਚਲਾਕੀ ॥

**ਬਿਦਿਆਰਥੀ,** ਪੁ:—ਬਿੱਦਿਆ ਪੜ੍ਹਨ ਵਾਲਾ ॥

**ਬਿਦਿਆ ਮਾਨ, ਬਿੱਦਿਆ ਵਾਨ,** ਵਿ:—ਬਿੱਦਿਆ ਪੜ੍ਹਿਆ ਹੋਇਆ, ਸਿਆਣਾ ।

**ਚੌਦਾਂ ਬਿੱਦਿਆ ਨਿਧਾਨ,** ਵਿ:—ਚੌਦਾਂ ਤਰਾਂ ਦੀ ਬਿੱਦਿਆ ਜਾਨਣ ਵਾਲਾ (ਚਾਰ ਵੇਦ, ਛੇ ਅੰਗ, ਧਰਮ ਸ਼ਾਸਤ੍ਰ, ਪੁਰਾਣ, ਮੀਮਾਂਸਾ ਅਤੇ ਤਰਕ ਇਹ ੧੪ ਬਿੱਦਿਆ ਹਨ), ਬੜਾ ਕਾਰੀਗਰ, ਮਹਾਂ ਮੂਰਖ ॥

**ਬਿੰਦੀ,** ਸ:—ਬਹੁਤ ਛੋਟਾ ਜੇਹਾ ਗੋਲ ਨਿਸ਼ਾਨ, ਨੁਕਤਾ, ਮੱਥੇ ਦਾ ਗਹਿਣਾ ॥

**ਬਿਧ,** ਸ:—ਤਰੀਕਾ, ਢੰਗ, ਜੁਗਤ, ਧਰਮ ਅਨੁਸਾਰ ਜੋ ਕੰਮ ਕਰਨਾ ਚਾਹੀਦਾ ਹੈ, ਬ੍ਰਹਮਾ, ਲੇਖੇ ਦੀ ਬਾਕੀ ॥

**ਬਿਧ ਮਾਤਾ,** ਸ:—ਜੋ ਦੇਵੀ ਪਰਾਲਭਤ ਲਿਖਦੀ ਹੈ ॥

**ਬਿਧ ਮਿਲਾਉਣਾ, ਬਿਧ ਮੇਲਣਾ,** ਕ੍ਰਿ:—ਹਿਸਾਬ ਦੀ ਪੜਤਾਲ ਕਰਨੀ, ਲੇਖਾ ਠੀਕ ਕਰਨਾ, ਬਾਕੀ ਕੱਢਣੀ ॥

Digitized by Panjab Digital Library | www.panjabdigilib.org

**ਬਿਧਨਾ,** ਸਃ—ਬ੍ਰਹਮਾ, ਪਰਮੇਸ਼ਰ, ਪਰਾਲਬਧ, ਬਿਧਮਾਤਾ ॥

**ਬਿਧਵਾ,** ਸਃ—ਜਿਸ ਤੀਮਤ ਦਾ ਖੌਂਦ ਮਰ ਜਾਵੇ, ਰੰਡੀ ॥

**ਬਿਧਾਉਣਾ,** ਕ੍ਰਿਃ—ਛੇਕ ਕਢਵਾਉਣਾ, ਬਿਨ੍ਹਾਉਣਾ ॥

**ਬਿਧਾਤਾ,** ਪੁਃ—ਕਰਤਾਰ, ਬ੍ਰਹਮਾ, ਪਰਮੇਸਰ ਲੇਖ ਲਿਖਣ ਵਾਲਾ ॥

**ਬਿਧੀਆ (ਯਾ),** ਵਿਃ—ਬਿਧ ਜਾਣਨ ਵਾਲਾ ਜੁਗਤੀ ॥

**ਬਿਨ,** ਅਵ੍ਯਃ—ਬਾਝ, ਬਗੈਰ, ਸਿਵਾ, ਛੁੱਟ ॥

**ਬਿਨਸੰਗ,** ਕ੍ਰਿਃ-ਵਿਃ—ਨਿਡਰ ਹੋਕੇ, ਬੇਸ਼ਕ, ਨਿਸੰਗ ॥

**ਬਿਨਸਨਾ,** ਕ੍ਰਿਃ—ਮਰ ਜਾਣਾ, ਨਸ਼ਟ ਹੋਣਾ, ਨਾਂ ਰਹਿਣਾ ॥

**ਬਿੰਨ੍ਹਣਾ,** ਕ੍ਰਿਃ—ਛੇਕ ਕੱਢਣਾ, ਚੋਭ ਕੇ ਪਾਰ ਕਰਨਾ ॥

**ਬਿਨ੍ਹਾਉਣਾ,** ਕ੍ਰਿ.—ਛੇਕ ਕਢਾਉਣਾ ॥

**ਬਿਨ੍ਹਾਈ,** ਸਃ—ਬਿਨ੍ਹਾਉਣ ਦਾ ਕੰਮ ਮਜੂਰੀ ॥

**ਬਿੰਨਾ,** ਪੁਃ—ਪੱਠੀ ਦਾ ਮੂੜ੍ਹਾ, ਊੱਨ੍ਹ, ਬਾੜੇ ਦੇ ਹੇਠ ਦਾ ਘਾਹ ਦਾ ਨੂੰਮੂਲਾ ॥

**ਬਿਨਾਸੰਗ,** ਕ੍ਰਿ, ਵਿਃ—'ਬਿਨਸੰਗ' ਵੇਖੋ ॥

**ਬਿਨ੍ਹੂ,** ਪੁਃ—ਬਿੰਨਾ, ਇੰਨੂੰ, ਮੂੜ੍ਹਾ ॥

**ਬਿਪਤ (ਤਾ),** ਸਃ—ਮੁਸੀਬਤ, ਦੁਖ, ਕਲੇਸ਼ (ਵਿੱਚ ਪੈਣਾ) ॥

**ਬਿਪਰੀਤ,** ਵਿਃ—ਉਲਟਾ, ਪੁੱਠਾ, ਵਿਰੋਧੀ ॥ ਸਃ—ਵਿਰੋਧ ॥

**ਬਿੱਫਰਨਾ, ਬਿੱਫਲਨਾ,** ਕ੍ਰਿਃ—ਝਗੜਨਾ, ਜ਼ਿਦ ਕਰਨੀ, ਗੁੱਸੇ ਹੋਣਾ ॥

**ਬਿਬ,** ਪੁਃ—ਝੱਗੇ ਆਦਿਕ ਨੂੰ ਸਾਫ਼ ਰੱਖਣ ਲਈ ਬਾਲਕਾਂ ਦੀ ਛਾਤੀ ਉੱਤੇ ਜੋ ਕਪੜਾ ਪਹਿਨਾਉਂਦੇ ਹਨ ॥

**ਬਿੰਬ,** ਵਿਃ—ਹਬ੍ਹੂ, ਪਾਣੀ ਰਤ੍ਹ ਜਾਣਾ (ਜਲ ਬਿੰਬ), ਅਕਸ ॥

**ਬਿਬ ਬੋਲਣਾ,** ਕ੍ਰਿਃ—ਕੰਮ ਵਿਗੜ ਜਾਣਾ, ਹਾਸੋ ਹੋਣੀ ॥

**ਬਿਬੇਕ,** ਪੁਃ—ਵਿਚਾਰ, ਸੱਚਾ ਗਿਆਨ, ਰਹਿਤ, ਮਰਯਾਦਾ

**ਬਿਬੇਕੀ,** ਪੁਃ—ਵਿਚਾਰਵਾਨ, ਗਿਆਨੀ, ਜੋ ਰਹਿਤ ਵਿੱਚ ਪੱਕਾ ਹੈ ॥

**ਬਿਭਚਾਰ,** ਪੁਃ—ਪਰਾਏ ਪੁਰਖ ਜਾਂ ਇਸਤ੍ਰੀ ਦਾ ਸੰਗ, ਕੁਕਰਮ ॥

**ਬਿਭਚਾਰਣ (ਣੀ),** ਸਃ, **ਬਿਭਚਾਰੀ,** ਪੁਃ—ਜੋ ਬਿਭਚਾਰ ਕਰੇ ॥

**ਬਿਭੂਤ,** ਪੁਃ—'ਭਬੂਤ' ਵੇਖੋ ॥

Digitized by Panjab Digital Library / www.panjabdigilib.org

**ਬਿਮਾਰ**
**ਬਿਮਾਰੀ** } 'ਬਮਾਰ' 'ਬਮਾਰੀ' ਵੇਖੋ ॥

**ਬਿਯੋਗ**
**ਬਿਯੋਗੀ** } 'ਬਿਜੋਗ' 'ਬਿਜੋਗੀ' ਵੇਖੋ ॥

**ਬਿਰਹ (ਹਾ)**
**ਬਿਰਹੋਂ** } ਪੁ:—ਸੱਜਣਾਂ ਦਾ ਵਿਛੋੜਾ ਵਿਛੋੜੇ ਦਾ ਦੁਖ ॥

**ਬਿਰਹੀ,** ਵਿ:—ਸੱਜਣ ਤੋਂ ਵਿਛੜਿਆ ਹੋਇਆ ॥

**ਬਿਰਕਣਾ,** ਕ੍ਰਿ:—ਫਰਲੇ ਮਾਰੇ ਲੋਲਣਾ, ਜਵਾ ਹਿਲਾਉਣੀ ॥

**ਬਿਰਖ**
**ਬਿਰਛ** } ਪੁ:—ਰੁੱਖ, ਬੂਟਾ, ਦਰਖ਼ਤ ॥

**ਬਿਰਜਸ,** ਸ:—ਇੱਕ ਤਰਾਂ ਦਾ ਭੀੜੀਆਂ ਲੱਤਾਂ ਵਾਲਾ ਪਜਾਮਾ, ਵਲੈਤੀ ਤੰਬੀ ॥

**ਬਿਰਤ,** ਸ:—ਅਜੀਉਕਾ, ਗੁਜ਼ਾਰਾ, ਜਜਮਾਨਾਂ ਦਾ ਆਸਰਾ ॥

**ਬਿਰਤੰਤ**
**ਬਿਰਤਾਂਤ** } ਪੁ:—ਹਾਲ, ਬਰਨਣ, ਬਿਆਨ, ਬਿਥਿਆ ।

**ਬਿਰਤੀ,** ਸ:—ਧਿਆਨ, ਮਨ ਦਾ ਟਿਕਾਉ, ਸੁਰਤ ॥

**ਬਿਰਥਾ,** ਵਿ:—ਬਿਅਰਥ, ਜਿਸ ਦਾ ਕੁਝ ਫੈਦਾ ਨਹੀਂ ॥
ਕ੍ਰਿ, ਵਿ:—ਐਵੇਂ, ਬਿਅਰਥ ॥
ਸ:—ਪੀੜ, ਬਿੱਥਿਆ ॥

**ਬਿਰਦ,** ਪੁ:—ਅਭਿਆਸ, ਵਰਤਾਰਾ, ਲਗਾਤਾਰ ਜੋ ਕੰਮ ਹੋਵੇ, ਸਾਧੂ ਦਾ ਭੇਖ, ਬਾਣਾ, ਲਾਜ ॥

**ਬਿਰਦ ਕਰਨਾ,** ਕ੍ਰਿ:—ਪਰਮੇਸ਼ਰ ਦਾ ਨਾਮ ਜਪਣਾ ॥

**ਬਿਰਦ ਖਿਲਾਰਨਾ,** ਕ੍ਰਿ:—ਆਪਣੀ ਇਜ਼ਤ ਲਾਹ ਸੁੱਟਣੀ ॥

**ਬਿਰਧ,** ਵਿ:—ਬੁੱਢਾ, ਬੜੀ ਉਮਰ ਦਾ ।

**ਬਿਰਬਿਰੀ,** ਸ:—ਛੋਟੀਆਂ ਛੋਟੀਆਂ ਫਿੰਸੀਆਂ ਜੋ ਪਿੰਡੇ ਉੱਤੇ ਨਿਕਲ ਆਉਂਦੀਆਂ ਹਨ (ਉੱਠਣੀ) ॥

**ਬਿਰਮਣਾ**
**ਬਿਰਮਣਾ** } ਕ੍ਰਿ:—ਠਹਿਰਨਾ, ਅਟਕਣਾ, ਘਰੋਂ ਦੂਰ ਰਹਿਣਾ, ਪਰਦੇਸ ਵਿਚ ਦਿਲ ਲੱਗ ਜਾਣਾ ॥

**ਬਿਰਮਾਉਣਾ,** ਕ੍ਰਿ:—ਠਹਿਰਾਉਣਾ, ਜੀ ਲਾਉਣਾ, ਭੁਲਾਉਣਾ, ਆਪਣੇ ਹੁਕਮ ਦੇ ਤਾਬੇ ਕਰ ਲੈਣਾ ॥

**ਬਿਰਲ,** ਪੁ:—ਨਿੱਕਾ ਛੇਕ, ਮੋਰੀ, ਫਰਕ ॥

**ਬਿਰਲਾ,** ਵਿ:—ਟਾਂਵਾਂ, ਵੱਖੋ ਵੱਖ, ਟਾਂਵਾਂ ਟਾਂਵਾਂ, ਹਜ਼ਾਰਾਂ ਵਿੱਚੋਂ ਕੋਈ ॥

**ਬਿਰਲਾਪ,** ਪੁ:—ਗ਼ਮ, ਰੁਦਨ, ਵੈਣ, ਦੁਖ ਨਾਲ ਰੋਣਾ ।

**ਬਿਰਵਾ,** ਪੁ:—ਬੂਟਾ, ਰੁੱਖ, ਬਿਰਛ ॥
ਵਿ:—ਸੋਹਣਾ, ਮਜ਼ਾਜ ॥

**ਬਿਰਾਗਣ**
**ਬਿਰਾਗੀ** } 'ਬਰਾਗਣ' 'ਬਰਾਗੀ' ਵੇਖੋ ॥

**ਬਿਰਾਜਣਾ,** ਕ੍ਰਿ:—'ਬਰਾਜਣਾ' ਵੇਖੋ ।

Digitized by Panjab Digital Library | www.panjabdigilib.org

**ਬਿਰਾਜਮਾਣ,** ਵਿ:—'ਬਰਾਜਮਾਨ' ਵੇਖੋ ॥

**ਬਿਰਾਣ (ਣੀ),** ਸ:—ਜੋ ਧਰਤੀ ਮੀਂਹ ਦੇ ਆਸਰੇ ਹੋਵੇ ।
ਵਿ:—ਉਜਾੜ, ਜਿੱਥੇ ਰੌਣਕ ਨਹੀਂ ॥

**ਬਿਰਾਤ, ਬਿਰਾਤੀ** — 'ਬਰਾਤ' 'ਬਰਾਤੀ' ਵੇਖੋ ॥

**ਬਿਰਾਨਾ,** ਪੁ:—ਉਜਾੜ, ਜਿੱਥੇ ਵਸੋਂ ਨਹੀਂ ॥
ਵਿ:—ਓਪਰਾ ।

**ਬਿਰਿਹੁੰ,** ਪੁ:—'ਬਿਰਹ' ਵੇਖੋ ॥

**ਬਿਰੀ, ਬਿਰੀਂ** — ਵਿਸਮਕ:—ਹਾਥੀ ਨੂੰ ਠਹਿਰਾਉਣ ਦੀ ਅਵਾਜ਼ ॥

**ਬਿਰੁੱਧ,** ਵਿ:—ਵੈਰੀ, ਉਲਟਾ, ਪੁੱਠਾ, ਉਲਟੀ ਗੱਲ ਕਰਨ ਵਾਲਾ ।
ਕ੍ਰਿ: ਵਿ:—ਉਲਟਾ, ਦੂਜੇ ਪਾਸੇ, ਪੱਖ ਸਗੋਂ ।

**ਬਿਰੂਥੀ,** ਸ:—'ਬਰੂਥੀ' ਵੇਖੋ ॥

**ਬਿਰੋਧ,** ਪੁ:—ਵੈਰ, ਝਗੜਾ, ਟਾਕਰਾ ॥

**ਬਿਰੋਧਣ,** ਸ:, **ਬਿਰੋਧੀ,** ਪੁ: — ਜੋ ਬਿਰੋਧ ਕਰੇ ॥

**ਬਿਲ,** ਪੁ:—ਜੰਗਲ ਦੇ ਮੂੰਹ ਦਾ ਸਿਰਾ, ਬਿੱਲ ॥

**ਬਿੱਲ,** ਪੁ:—ਕਰੜੇ ਛਿਲਕੇ ਵਾਲਾ ਇਕ ਮਿਠਾ ਫਲ, ਅੱਖਾਂ ਦੀ ਹਰਿਆਈ, ਬਿੱਲੀਆਂ ਅੱਖਾਂ ਦਾ ਰੰਗ, ਲੇਖੇ ਦਾ ਕਾਗਜ਼, ਹੁੰਡੀ, ਚਾਲਕ ।

**ਬਿਲਕਣਾ,** ਕ੍ਰਿ:—ਸਿਸਕਣਾ, ਰੋਣਾ, ਤੜਫਣਾ, ਫੜਕਣਾ ॥

**ਬਿਲਕਾਉਣਾ,** ਕ੍ਰਿ:—ਰੁਆਉਣਾ, ਤੜਫਾਉਣਾ, ਫੜਕਾਉਣਾ ॥

**ਬਿਲਗਣ, ਬਿਲੰਗਣ** — ਸ:—ਕਪੜੇ ਪਾਉਣ ਵਾਲਾ ਰੱਸੇ ਜਾਂ ਲਕੜੀ ਦਾ ਰੰਗਲਾ (ਲੰਮੇ ਦਾਅ ਤਾਣਿਆ ਹੋਇਆ) ॥

**ਬਿਲੰਗ ਗਣ)** ਸ:, **ਬਿਲੰਗਣੀ,** ਸ:, **ਬਿਲੰਗਾ,** ਪੁ:, **ਬਿਲੰਘ,** ਸ: — ਕੱਪੜੇ ਪਾਉਣ ਲਈ ਛੱਤ ਨਾਲ ਲਟਕਾਈ ਹੋਈ ਰੱਸੀ ਜਾਂ ਲਕੜੀ, ਰੰਗਲਾ।

**ਬਿਲਛਣਾ,** ਕ੍ਰਿ:—ਮੌਜਾਂ ਮਾਨਣੀਆਂ, ਰੁਪਯਾ ਉਡਾਉਣਾ ॥

**ਬਿਲੰਦ,** ਵਿ:—ਉੱਚਾ ॥

**ਬਿਲੰਦੀ,** ਸ:—ਉਚਾਈ ॥

**ਬਿਲਪ,** ਪੁ:—'ਬਿਲਾਪ' ਵੇਖੋ॥

**ਬਿਲਪੱਤ੍ਰੀ,** ਸ:—ਬਿੱਲ ਦੇ ਰੁੱਖ ਦੇ ਪੱਤ੍ਰ ਜੋ ਸ਼ਿਵ-ਜੀ ਨੂੰ ਚੜ੍ਹਾਏ ਜਾਂਦੇ ਹਨ ॥

**ਬਿਲੰਬ,** ਸ:—ਦੇਰ, ਢਿੱਲ, ਚਿਰ ॥

**ਬਿਲਬਿਲਾਉਣਾ,** ਕ੍ਰਿ:—ਬਿਆਕੁਲ ਹੋਣਾ, ਪੀੜ ਜਾਂ ਗਮ ਨਾਲ ਤੜਫਣਾ, ਰੋਣਾ ।

**ਬਿਲਬਿਲਾਟ,** ਪੁ:—ਬਿਲਬਿਲਾਉਣ ਦੀ ਹਾਲਤ ॥

**ਬਿਲਮ,** ਸ:—ਦੇਰ, ਢਿੱਲ, ਚਿਰ ॥

Digitized by Panjab Digital Library | www.panjabdigilib.org

**ਬਿਲਮਣਾ,** ਕ੍ਰਿ:—ਅਟਕਣਾ, ਰਹਿਣਾ, ਚਿਰ ਕਰਨੀ ॥

**ਬਿਲੱਲਾ,** ਵਿ:—ਅਣਪੜ੍ਹ, ਝੱਲਾ, ਮੂਰਖ, ਬੁੱਧੂ।

**ਬਿਲਲਾਉਣਾ,** ਕ੍ਰਿ:-ਰੋਣਾ, ਕੁਰਲਾਉਣਾ, ਬਿਰਲਾਪ ਕਰਨਾ।

**ਬਿੱਲਾ,** ਪੁ:—ਮਸ਼ਹੂਰ ਜਨੌਰ, ਸਿਪਾਹੀ ਆਦਿਕਾਂ ਦਾ ਨਿਸ਼ਾਨ ਜੋ ਉਹ ਕਪੜਿਆਂ ਉੱਪਰ ਲਾਉਂਦੇ ਹਨ ॥

ਵਿ:—ਜਿਸ ਦੀਆਂ ਅੱਖਾਂ ਬਿੱਲੀ ਵਰਗੀਆਂ ਹੋਣ ॥

**ਬਿਲਾਇਤ**
**ਬਿਲਾਇਤਣ (ਤੀ)** } 'ਵਿਲਾਇਤ' ਅਖਰ ਵੇਖੋ ॥

**ਬਿਲਾਉਲ,** ਪੁ:—ਇੱਕ ਰਾਗ ॥

**ਬਿਲਾਸ,** ਪੁ:—ਖੁਸ਼ੀ, ਅਨੰਦ, ਹਾਸੀ (ਕਰਨਾ)।

**ਬਿਲਾਸੀ,** ਵਿ:—ਮੌਜੀ, ਜੋ ਬਿਲਾਸ ਕਰੇ।

**ਬਿਲਾਠੀ,** ਸ:—ਬਿੱਲ ਦੇ ਰੁੱਖ ਦੀ ਲਕੜ ਜੋ ਤਿਲਕ ਲਾਉਣ ਵਾਸਤੇ ਘਸਾਉਂਦੇ ਹਨ ॥

**ਬਿਲਾਂਦ,** ਸ:—ਬਿਲਂਦੀ, ਉਚਾਈ ॥

**ਬਿਲਾਪ,** ਪੁ:—'ਬਿਰਲਾਪ' ਵੇਖੋ ॥

**ਬਿਲਾਪਨਾ,** ਕ੍ਰਿ:—ਬਿਰਲਾਪ ਕਰਨਾ, ਰੋਣਾ, ਕੁਰਲਾਉਣਾ ॥

**ਬਿਲਾਵਲ,** ਪੁ:—ਇੱਕ ਰਾਗ ॥

**ਬਿੱਲੀ,** ਸ:—ਮਸ਼ਹੂਰ, ਜਨੌਰ, ਹਿਰਕਲੀ, ਚੇਤੂ

**ਬਿੱਲੀ ਲੋਟਣ,** ਸ:—ਇੱਕ ਦੁਆ ਜਿਸ ਦੀ ਖੁਸ਼ਬੋ ਨਾਲ ਬਿੱਲੀ ਲੋਟਣ ਪੋਟਣ ਹੋ ਜਾਂਦੀ ਹੈ।

**ਬਿਲੀ ਪਾਪ,** ਪੁ:—'ਬਿਰਲਾਪ' ਵੇਖੋ ॥

**ਬਿਲੋਲ,** ਸ:—ਡੀਂਘੀ ਅਵਾਜ (ਕੈਨੀ ਬਿਲੋਲ ਪੈਣੀ)।

**ਬਿਵਸਥਾ,** ਸ:—ਸ਼ਾਸਤ੍ਰ ਅਨੁਸਾਰ ਕਿਸੇ ਗੱਲ ਦਾ ਫੈਸਲਾ ॥

**ਬਿਤਰ,** ਸ:—ਪੈਰਾਂ ਦਾ ਖੜਾਕ, ਆਉਣ ਵਾਲੇ ਖਤਰੇ ਦੀ ਕਣਸੋ (ਲੈਣੀ, ਪੈਣੀ) ॥

**ਬਿਟ ਬਿਟ ਤੱਕਣਾ,** ਕ੍ਰਿ:-ਹਰਾਨ ਹੋਕੇ ਵੇਖਣਾ।

**ਬਿੜਾ,** ਪੁ:—ਬਾਂਸ ਦਾ ਰੁੱਖ, ਕੰਡਿਆਂ ਜੋ ਬਾਂਸਾਂ ਦੇ ਰੁੱਖਾਂ ਦੀ ਝੰਗੀ।

**ਬੀ,** ਪੁ:—ਬੀਜ, ਕਾਰਨ, ਅਸਲ ॥

ਸ:—ਕੰਜਰੀ ਨੂੰ ਬੁਲਾਉਣ ਦਾ ਸ਼ਬਦ (ਬੀ ਸਾਹਿਬਾ)।

ਕ੍ਰਿ-ਵਿ:—ਨਾਲ ਹੀ, ਭੀ, ਵੀ ॥

**ਬੀ ਨਾਸ ਹੋਣਾ,** ਕ੍ਰਿ:-ਮੂਲੋਂ ਹੀ ਨਾ ਰਹਿਣਾ, ਕਿਸੇ ਕੁਲ ਦੇ ਸਭ ਮਨੁੱਖ ਮਰ ਜਾਣੇ ॥

**ਬੀ ਪਾਉਣਾ,** ਕ੍ਰਿ:—ਧਰਤੀ ਵਿੱਚ ਬੀਜਣ ਵਾਸਤੇ ਬੀ ਸਿੱਟਣਾ ॥

**ਬੀਆਬਾਨ,** ਪੁ:—ਜਗਲ, ਉਜਾੜ, ਥਲ ॥

**ਬੀ, ਏ,** ਪੁ:—ਇੱਕ ਮਸ਼ਹੂਰ ਵੱਡੇ ਦਰਜੇ ਦਾ ਇਮਤਿਹਾਨ ॥

Digitized by Panjab Digital Library | www.panjabdigilib.org

**ਬੀ. ਏ., ਬੀ. ਏ. ਪਾਸ**, ਵਿ:—ਜਿਸ ਨੇ ਬੀ. ਏ. ਦਾ ਇਮਤਿਹਾਨ ਪਾਸ ਕੀਤਾ ਹੈ।

**ਬੀਸਵਾਂ**, ਵਿ:—ਬੀਹਾਂ ਦੀ ਗਿਣਤੀ ਪੂਰੀ ਕਰਨ ਵਾਲਾ॥

**ਬੀਸਾ**, ਪੁ:—ਬੀਹਾਂ ਨਹੁੰਦਰਾਂ ਵਾਲਾ ਕੁੱਤਾ, ਇੱਕ ਜੰਤੂ।

**ਬੀਸੀ**, ਸ:—ਇੱਕ ਤਰਾਂ ਦੀਆਂ ਬੀਹ ਚੀਜਾਂ, ਬੀਹਾਂ ਨਹੁੰਦਰਾਂ ਵਾਲੀ ਕੁੱਤੀ।

**ਬੀਹ**, ਸ:—ਇੱਕ ਸਉ ਵਰਗਾ ਫਲ, ਗਲੀ, ਮਹੱਲਾ॥

ਵਿ:—ਦੋ ਦਹਾਈਆਂ, ਇੱਕ ਉੱਤੇ ਉੱਨੀ॥

**ਬੀਹਮਾਂ (ਵਾਂ)**, ਵਿ:—'ਬੀਸਵਾਂ' ਵੇਖੋ॥

**ਬੀਹੜ**, ਪੁ:—ਮੂੰਹ ਵਿਚ ਦੰਦਾਂ ਦੀ ਕਤਾਰ (ਦੋ ਬੀਹੜ ਹਨ, ਇੱਕ ਉਤਲਾ, ਇੱਕ ਹੇਠਲਾ)॥

**ਬੀਹੜੀ**, ਸ:—ਇੱਕ ਤਰ੍ਹਾਂ ਦੀਆਂ ਬੀਹ ਚੀਜਾਂ ਕਠੀਆਂ॥

**ਬੀਰ**, ਪੁ:—ਵਿਰਲਾ ਫਾਸਲਾ, ਵਿੱਥ॥

**ਬੀਜ**, ਪੁ:—ਦਾਣੇ, ਜਿਸ ਤੋਂ ਕੋਈ ਚੀਜ ਉਗਦੀ ਹੈ, ਮੂਲ, ਅਸਲ, ਕਾਰਣ॥

**ਬੀਜ ਗਣਿਤ**, ਪੁ:—'ਅਲਜਬਰਾ' ਵੇਖੋ॥

**ਬੀਜ ਮੰਤ੍ਰ**, ਪੁ:—ਕਿਸੇ ਬਾਣੀ ਦਾ ਮੂਲ ਮੰਤ੍ਰ॥

**ਬੀਜ ਮਾਤ੍ਰ**, ਪੁ:—ਬਹੁਤ ਥੋੜਾ ਬਚਿਆ ਖੁਚਿਆ॥

**ਬੀਜ ਨਾਸ ਹੋਣਾ**, ਕ੍ਰਿ:—'ਬੀ ਨਾਸ ਹੋਣਾ' ਵੇਖੋ॥

**ਬੀਜਕ**, ਪੁ: ਜੋ ਮਾਲ ਕਿਸੇ ਨੂੰ ਭੇਜਿਆ ਹੋ ਉਸ ਦਾ ਵੇਰਵਾ ਮੁੱਲ ਸਮੇਤ ਲਿਖਿਆ ਹੋਂਦਾ॥

**ਬੀਜਣਾ**, ਕ੍ਰਿ: ਧਰਤੀ ਵਿਚ ਬੀ ਪਾਉਣਾ, ਬੂਟਾ ਲਾਉਣਾ।

**ਬੀਟੀ**, ਸ:—ਚਿਕੜੀ ਆਦਿਕ ਖੇਡਾਂ ਵਿੱਚ ਜੋ ਕੌਡੀ ਜਾਂ ਰੋੜਾ ਵਰਤਿਆ ਜਾਂਦਾ ਹੈ॥

**ਬੀਠਲ**, ਪੁ: 'ਬੱਠਲ' ਵੇਖੋ॥

**ਬੀਂਡ**, ਸ:—ਕੱਚੇ ਖੂਹ ਦੇ ਅੰਦਰ ਵਲਿਆ ਹੋਂਦਾ ਰੱਸਾ, ਸੱਪ ਫੜਨ ਵਾਲਿਆਂ ਦੀ ਬੀਣ, ਉੱਭਰਿਆ ਹੋਯਾ ਹਿੱਸਾ, ਔਕੜਾਂ ਵਿੱਚ ਫਸ ਜਾਣ ਦੀ ਹਾਲਤ (ਵਜਾਉਣਾ, ਫਸ ਜਾਣਾ)।

**ਬੀਂਡਾ**, ਪੁ:—ਇੱਕ ਛੋਂਡ ਪਾਉਣ ਵਾਲਾ ਕੀੜਾ, ਇਕ ਚਿੜ ਚਿੜ ਕਰਨ ਵਾਲਾ ਖਡੌਣਾ, ਕੁਹਾੜੀ ਦਾ ਦਸਤਾ, ਬਹੁਤ ਰੌਲਾ ਪਾਉਣ ਵਾਲਾ ਮੁੰਡਾ॥

**ਬੀਂਡੀ**, ਸ:—ਵੱਡੇ ਗੱਡੇ ਨਾਲ ਜੁੱਪੀ ਹੋਈ ਮੋਹਰਲੇ ਬਲਦਾਂ ਦੀ ਜੋੜੀ, ਵਿੰਗੀ ਜੇਹੀ ਲੱਕੜ ਜੋ ਕੋਹਲੂ ਦੇ ਬੈਲ ਦੀ ਗਰਦਨ ਉੱਤੇ ਰਖਦੇ ਹਨ॥

**ਬੀਂਡੀਆ**, ਪੁ:—ਗੱਡੇ ਜੋਏ ਹਏ ਤਿੰਨਾਂ ਜਾਂ ਪੰਜਾਂ ਬਲਦਾਂ ਦਾ ਮੋਹਰੀ॥

**ਬੀਣ**, ਸ:—ਬਾਂਸਰੀ, ਇੱਕ ਤਾਰਾਂ ਵਾਲਾ ਵਾਜਾ।

Digitized by Panjab Digital Library | www.panjabdigilib.org

**ਬੀਣਕਾਰ,** ਪੁ:–ਤਾਰਾਂ ਵਾਲੀ ਬੀਨ ਵਜਾਉਣ ਵਾਲਾ ।

**ਬੀਣੀ,** ਸ:–ਹੱਥ ਅਤੇ ਬਾਂਹ ਦੇ ਵਿਚਕਾਰਲਾ ਜੋੜ ॥

**ਬੀਣੀ ਫੜਨੀ,** ਕ੍ਰਿ:–ਜ਼ੋਰ ਪਰਖਣ ਦਾ ਇਕ ਢੰਗ ਜਿਸ ਵਿਚ ਇਕ ਜਣਾ ਹੱਥ ਨਾਲ ਦੂਜੇ ਦੀ ਬੀਣੀ ਫੜਦਾ ਹੈ ਅਤੇ ਦੂਜਾ ਛੁਡਾਉਣ ਦਾ ਜਤਨ ਕਰਦਾ ਹੈ ।

**ਬੀਤ ਜਾਣਾ**
**ਬੀਤਣਾ** } ਕ੍ਰਿ:–ਗੁਜ਼ਰਨਾ, ਹੋ ਚੁਕਣਾ, ਮਰ ਜਾਣਾ, ਕਾਲਾ ਕਰਨਾ

**ਬੀਨਾ**
**ਬੀਨਾਕਾਰ** } ਵਿ: ਦੇਖਣ ਭਾਲਣ ਵਾਲਾ ਸਿਆਣਾ, ਜਾਣੂ

**ਬੀਨਾਕਾਰੀ,** ਸ:–ਸਿਆਣਪ ... ਦਾਨਾਈ ॥

**ਬੀਨੀ,** ਸ:–ਕਿਤਾਬ ਦਾ ਉੱਪਰਲਾ ਪਾਸਾ, ਨਾਕ ਦੇ ਕੰਢੇ ਉੱਤੇ ਜੋ ਕੰਧੀ ਹੁੰਦੀ ਹੈ ਅਤੇ ਖ਼ੂਨਾ ਬੀਣਨ ਨਾਲ ਲੂਹੇ ਨਾਕ ਉੱਤੇ ਚੜ੍ਹ ਜਾਂਦੀ ਹੈ, ਤਲਵਾਰ ਦੇ ਮੁੱਠੇ ਦਾ ਉਹ ਹਿੱਸਾ ਜਿਸ ਕਰਕੇ ਹੱਥ ਦਾ ਬਚਾਉ ਹੁੰਦਾ ਹੈ ।

**ਬੀਮਤ,** ਪੁ:–ਬਾਜਰੇ ਜਾਂ ਫਲ ਜੋ ਬੀਆ ਜਾਮਣੇ ਬਿਨ ਰਹਿਣ, ਬਹੁਤ ਪੱਕੇ ਹੋਏ ਖੀਰੇ ।
ਵਿ:–ਕੋਝਾ, ਕਰੂਪ

**ਬੀਬਣੀ,** ਸ: ਛੋਟਾ ਬੀਬਣ ।
ਵਿ:–ਸੁਰਤੀਆਂ ਵਾਲ (ਚਿਹਰਾ) ।

**ਬੀਬਾ,** ਪੁ:
**ਬੀਬਾ,** ਪੁ:
**ਬੀਬੀ,** ਸ: } ਚੰਗਾ (ਗੀ), ਪਿਆਰਾ (ਰੀ) ਕੋਮਲ ਸੁਭਾਉ ਵਾਲਾ (ਲੀ), ਛੋਟਾ ਪਿਆਰਾ ਬੱਚਾ ।

**ਬੀਬੀ ਦਾੜ੍ਹੀ,** ਸ:–ਭਲਾ ਆਦਮੀ, ਸਾਊ ।

**ਬੀਬੀ,** ਸ:–ਚੰਗੀ ਕੁਲ ਦੀ ਇਸਤ੍ਰੀ, ਛੋਟੀ ਕੁੜੀ, ਨਨਾਣ ਮਾਂ, ਭੈਣ ॥

**ਬੀਮਾ,** ਪੁ:–ਠੇਕਾ, ਜ਼ਮਾਨਤ, ਇਕ ਥਾਂ ਤੋਂ ਦੂਜੀ ਥਾਂ ਮਾਲ ਪੁਚਾਉਣ ਦਾ ਜ਼ੁੰਮਾ, ਨੁਕਸਾਨ ਹੋਣ ਤੇ ਮੁੱਲ ਭਰਨ ਦਾ ਕਰਾਰ, ਕਿਸੇ ਕੰਪਨੀ ਨੂੰ ਇਸ ਸ਼ਰਤ ਉੱਤੇ ਰੁਪਯਾ ਦੇਂਦੇ ਜਾਣਾ ਕਿ ਕਿਸੇ ਖ਼ਾਸ ਉਮਰ ਵਿਚ ਜਾਂ ਮਰਨ ਤੋਂ ਬਾਦ ਐਨੀ ਰਕਮ ਦੇਣ ਵਾਲੇ ਜਾਂ ਉਸ ਦੇ ਵਾਰਸਾਂ ਨੂੰ ਕੱਠੀ ਜਾਂ ਕਿਸੇ ਹੋਰ ਤਰ੍ਹਾਂ ਮਿਲੇਗੀ, ਉਹ ਰਕਮ ਜੋ ਇਸ ਸ਼ਰਤ ਉੱਤੇ ਦਿੱਤੀ ਜਾਵੇ ॥

**ਬੀਮਾਰ**
**ਬੀਮਾਰੀ** } 'ਬਿਮਾਰ' 'ਬਿਮਾਰੀ' ਵੇਖੋ ।

**ਬੀਰ,** ਪੁ:–ਬਹਾਦਰ ਆਦਮੀ, ਭਰਾ, ਇਕ ਤਰ੍ਹਾਂ ਦੇ ਦੇਉਤੇ ॥
ਵਿ:–ਬਹਾਦਰ ।
ਸ:–ਇਕ ਤਰ੍ਹਾਂ ਦੀ ਸ਼ਰਾਬ ॥

**ਬੀਰ ਬਹੁਟੀ,** ਸ: ਇਕ ਨਿੱਕਾ ਬਰਸਾਤੀ ਕੀੜਾ ।

**ਬੀਰ ਬਲੀ,** ਸ: ਕੰਨ ਦੀ ਬਹੁਤ ਛੋਟੀ ਮੁਰਕੀ, ਅਨੰਤੀ ।

**ਬੀਰਜ,** ਪੁ: ਨਰ ਦੇ ਜਿਸ ਰਸ ਨਾਲ ਔਲਾਦ ਪੈਦਾ ਹੁੰਦੀ ਹੈ ।

**ਬੀਰਤਾ (ਤਾਈ),** ਸ:–ਬਹਾਦਰੀ, ਸੂਰਮਤਾਈ ।

**ਬੀਲਾ,** ਪੁ:–ਬਾਈ ਨਾਲ ਜੋ ਪੇਟ ਵਿੱਚ ਸੂਲ ਹੁੰਦੀ ਹੈ ॥

Digitized by Panjab Digital Library | www.panjabdigilib.org

**ਬੀਵੀ,** ਸਾ–ਵਹੁਟੀ, ਜਨਾਨੀ ॥

**ਬੀੜ,** ਸ:, ਪੁ:–ਬਹੁਤ ਪੋਥੀਆਂ ਕੱਠੀਆਂ ਕਰਕੇ ਇੱਕ ਵੱਡਾ ਪੁਸਤਕ ਬਣਾਇਆ ਹੋਇਆ, ਜਿਲਦ, ਕਤਾਰ, ਕਿਤਾਬ ਦਾ ਪਿਛਲਾ ਹਿੱਸਾ, ਖੇਤਾਂ ਦੀ ਹੱਦ, ਸਰਕਾਰੀ ਜੂਹ, ਇਕੱਠ (ਬੀੜਨਾ)।

**ਬੀੜ੍ਹ,** ਪੁ:–'ਬੀਹੜ' ਵੇਖੋ।

**ਬੀੜਣਾ,** ਕ੍ਰਿ:–ਕਤਾਰ ਖੜੀ ਕਰਨੀ, ਕੱਠਾ ਕਰਨਾ ॥

**ਬੀੜਾ,** ਪੁ:—ਬੋਤਲ ਦਾ ਢੱਕਣ, ਮਰਮੇ ਵਾਲੀ, ਮਸਾਲੇ ਵਾਲਾ ਪਾਨ (ਚੱਬਣ ਵਾਸਤੇ), ਕਪੜੇ ਦੀ ਘੁੰਡੀ ਦਾ ਛੇਕ ॥

**ਬੀੜਾ ਉਠਾਣਾ**
**ਬੀੜਾ ਚੁੱਕਣਾ** } ਕ੍ਰਿ:—ਔਖਾ ਕੰਮ ਆਪਣੇ ਜ਼ੁੰਮੇ ਲੈਣਾ ॥

**ਬੀੜੀ,** ਸ:–ਨਿੱਕਾ ਬੀੜਾ, ਚਰਖੇ ਦੇ ਚੱਕਲੇ ਦੀ ਠਲ੍ਹ, ਮਸਾਲੇ ਵਾਲਾ ਪਾਨ ॥

**ਬੁਆਰ**
**ਬੁਆੜ** } ਪੁ:—ਤ੍ਰਿਆਂ ਦਾ ਸੂੰਹਾ ਸੌਖਣਾ ਵਾੜਾ ॥

**ਬੁਆਲ,** ਪੁ: -ਔੜ ਜਾਂ ਕਾਲ ਕਰਕੇ ਅੰਨ ਦਾ ਤੋੜਾ।

**ਬੁਸਕਣਾ,** ਕ੍ਰਿ:—ਬਾਲਾਂ ਵਾਂਗਰ ਹੌਲੀ ਹੌਲੀ ਰੋਣਾ, ਸਿਸਕਣਾ ॥

**ਬੁਸਤਰ,** ਵਿ:—ਮੋਟਾ ਬੇ ਅਕਲ ਆਦਮੀ।

**ਬੁੱਸਣਾ,** ਕ੍ਰਿ:—ਕਿਸੇ ਚੀਜ਼ ਦਾ ਬੋ ਛੱਡਣਾ, ਹੁਸਣਾ ॥

**ਬੁਸਬੁਸ ਕਰਨਾ**
**ਬੁਸਬੁਸਾਉਣਾ** } ਕ੍ਰਿ:—ਬੁਸਕਣਾ, ਹੌਲੀ ਹੌਲੀ ਰੋਣਾ ॥

**ਬੁਸਬੁਸਾਟ,** ਸ:—ਬੁਸਕਣ ਜਾਂ ਬੁੱਸਣ ਦੀ ਹਾਲਤ, ਬੁੜ ਬੁੜ ॥

**ਬੁਸਬੁਸੀਆਂ,** ਸ:—ਸਿਸਕੀਆਂ, ਹਉਕੇ॥

**ਬੁੱਸਾ,** ਵਿ:—ਜਿਸ ਦਾ ਚੇਹਰਾ ਉਦਾਸ ਹੈ, ਰੋਗ ਵਾਲਾ, ਗਹਿਲਿਆ ਬਾਝ, ਅਲੋਖੀ ਸ਼ਕਲ ਦਾ॥

ਪੁ:—ਰੋਗ।

**ਬੁਸਾਉਣਾ,** ਕ੍ਰਿ:—ਤਰਕਾਉਣਾ, ਰੋਜ਼ ਬਹੀ ਰਖਕੇ ਬੋ ਛਡਾਉਣਾ।

**ਬੁਹ,** ਸ:—ਗੱਭਣ ਮੱਝ ਦੇ ਅੰਦਰੋਂ ਪਹਿਲਿਆਂ ਦਿਨਾਂ ਵਿਚ ਜੋ ਮੈਲ ਜਾਂਦੀ ਹੈ॥

**ਬੁਹਲ,** ਪੁ: -ਗਾਹੇ ਅਤੇ ਛੱਟੇ ਹੋਏ ਅਨਾਜ ਦਾ ਢੇਰ ॥

**ਬੁਹਾਰ,** ਪ:—ਕੰਮ, ਚਲਣ, ਰੁਜ਼ਗਾਰ, ਸੁਦਾਗਰੀ।

**ਬੁਹਾਰਨਾ,** ਕ੍ਰਿ: -ਬੁਹਾਰੀ ਫੇਰਨੀ, ਕੂੜਾ ਹੂੰਝਣਾ ॥

**ਬੁਹਾਰੀ,** ਸ:—ਬੋਹਕਰ, ਝਾੜੂ, ਜਿਸ ਚੀਜ਼ ਨਾਲ ਕੂੜਾ ਹੂੰਝਦੇ ਹਨ।

ਵਿ:—ਜੋ ਸੱਚਾ ਬੁਹਾਰ ਕਰੇ, ਬਪਾਰੀ, ਜੋ ਚੀਜ਼ ਬਹੁਤ ਖਰਚੇ ਨਹੀਂ॥

**ਬੁਹਣੀ,** ਸ:—'ਬੋਹਣੀ' ਵੇਖੋ॥

Digitized by Panjab Digital Library | www.panjabdigilib.org

**ਬੁਹਲ,** ਪੁ:—ਅਨਾਜ ਦਾ ਢੇਰ ਖਾਸ ਕਰਕੇ ਕਣਕ ਦਾ) ॥

**ਬੁਹੇਲਾ,** ਪੁ:—ਇੱਕ ਤਰਾਂ ਦਾ ਸੰਦ, ਤੇਸ਼ਾ ॥

**ਬੁੱਕ,** ਪੁ:—ਦੋਵੇਂ ਹਥ ਸਿਧੇ ਜੋੜ ਕੇ ਕਲ ਦੀ ਸ਼ਕਲ ਬਣਾਈ ਹੋਈ, ਜਿੰਨੀ ਚੀਜ਼ ਉਸ ਵਿੱਚ ਆਵੇ ॥

**ਬੁਕਚਾ,** ਪੁ:<br>**ਬੁਕਚੀ,** ਸ: } 'ਬੁਚਕਾ' ਵੇਖੋ

**ਬੁੱਕਣਾ,** ਕ੍ਰਿ:—ਗੱਜਣਾ, ਬਹੁਤ ਉੱਚੀ ਬੋਲਣਾ, ਅੜ੍ਹਾਣਾ, ਹੰਕਾਰ ਕਰਨਾ, ਬਹਾਦਰ ਅਤੇ ਨਿਡਰ ਹੋਣਾ ।

**ਬੁਕਰ ਲਨਾ,** ਕ੍ਰਿ:—ਬਹੁਤ ਤ੍ਰਿਹਾਏ ਜਾਂ ਘਾਬਰ ਹੋਏ ਹੋਣਾ ॥

**ਬੁਕਰਾਲਿਆ ਹੋਇਆ,** ਵਿ:—ਘਾਬਰਿਆ ਹੋਯਾ, ਬਹੁਤ ਤਿਹਾਯਾ, ਕਾਮ ਨਾਲ ਮਸਤ (ਸੰਢਾ ਜਾਂ ਬੱਕਰਾ), ਹੰਕਾਰ ਨਾਲ ਭਰਿਆ ਹੋਯਾ ॥

**ਬੁੱਕਲ**<br>**ਬੁੱਹਲ** } ਸ:—ਚਾਦਰ ਉੱਪਰ ਲੈਣ ਦਾ ਇੱਕ ਢੰਗ ਜਿਸ ਵਿੱਚ ਇੱਕ ਲੜ ਮੋਢੇ ਉੱਤੋਂ ਹੋਕੇ ਪਿੱਛੇ ਲਮਕਦਾ ਹੈ, ਇਸ ਤਰਾਂ ਲਈ ਹੋਈ ਚਾਦਰ ॥

**ਬੁਕਾ,** ਪੁ:—ਪੌਣ ਨਾਲ ਉੱਡਕੇ ਆਇਆ ਹੋਯਾ ਬੁੱਕ ਭੁ ਘੜਾ ॥

**ਬੁੱਕੋ ਬੁੱਕ,** ਕ੍ਰਿ:, ਵਿ:—ਬੁੱਕ ਬੁੱਕ ਕਰਕੇ ॥

**ਬੁੱਖਾ,** ਵਿ:—ਜਿਸ ਦਾ ਕਦ ਵੱਡਾ ਪਰ ਅਕਲ ਥੋੜੀ ਹੈ ॥

**ਬੁਖਾਰ,** ਪੁ:—ਤਾਪ, ਗਰਮੀ, ਭਾਫ, ਕਸ, ਗੁੱਸਾ, ਜਸ, ਗਮ, ਘੋੜੇ ਦੇ ਹੇਠਲੀ ਕੋਠੜੀ ਜਾਂ ਸੰਦੂਕ (ਜਿਸ ਵਿਚ ਸੱਖੀ ਮੈਂ ਪਾਉਣ ਨੂੰ), ਅਨਾਜ ਦੀ ਕੋਠੀ ॥

**ਬੁਖਾਰੋ,** ਪੁ:—ਇਕ ਕਪੜਾ ਜਿਸ ਦੀਆਂ ਸੁੱਬਣਾਂ ਸੀਉਂਦੇ ਹਨ ॥

**ਬੁਖਾਰੀ,** ਸ:—'ਬਖਾਰੀ' ਵੇਖੋ ॥

**ਬੁੱਗ,** ਪੁ:—ਫੁਲਦਾਰ ਬੰਦੂਕ ਢਾਲ ਬਾਜੇ ਆਦਿਕ ਦਾ ਉਛਾੜ, ਮੋਟਾ ਆਕੜਿਆ ਹੋਯਾ ਕਪੜਾ, ਚਾਬਕ ਦੀ ਸਜ਼ਾ ਦੇਣ ਵਾਲਾ ਅਫ਼ਸਰ ॥

**ਬੁਗਚਾ,** ਪੁ:<br>**ਬੁਗਚੀ,** ਸ: } 'ਬੁਚਕਾ' ਵੇਖੋ ॥

**ਬੁਗਦਰ,** ਪੁ:—'ਮੁਗਦਰ' ਵੇਖੋ ॥

**ਬੁੰਗਾ,** ਪੁ:—ਬੈਠਕ, ਘਰ, ਸ੍ਰੀ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਦੇ ਚੁਫੇਰੇ ਜੋ ਹਵੇਲੀਆਂ ਸਰਦਾਰਾਂ ਨੇ ਪਾਈਆਂ ਹੋਈਆਂ ਹਨ, ਅਕਲੀ ਦੇ ਦਸਤਾਰੇ ਦੀ ਚੋਟੀ ॥

**ਬੁੱਘਣ,** ਵਿ:—ਜਿਸ ਦੀਆਂ ਗੱਲ੍ਹਾਂ ਫੁਲੀਆਂ ਹੋਣ ॥

**ਬੁਚਕਾ,** ਪੁ:—ਕਪੜਿਆਂ ਦੀ ਗੰਢ ॥

**ਬੁਚਕਾਰਨਾ,** ਕ੍ਰਿ:—ਖਾਸ ਅਵਾਜ਼ ਨਾਲ ਪਸ਼ੂ ਨੂੰ ਬੁਲਾਉਣਾ ॥

**ਬੁਚਕੀ,** ਸ:—ਕਪੜਿਆਂ ਦੀ ਛੋਟੀ ਜੇਹੀ ਗੰਢ ॥

Digitized by Panjab Digital Library | www.panjabdigilib.org

**ਬੁਚੜ,** ਪੁ:—ਗਊ ਹੱਤਿਆ ਕਰਨ ਵਾਲਾ ਕਸਾਈ।

**ਬੁਚੜ ਖ਼ਾਨਾ,** ਪੁ:—ਜਿਸ ਜਗਾ ਕਸਾਈ ਗਊ ਹੱਤਿਆ ਕਰਦੇ ਹਨ।

**ਬੁੱਚਾ** / **ਬੁੱਚੀ** } ਵਿ:—ਜਿਸ ਦੇ ਕੰਨ ਕਟੇ ਹੋਏ ਜਾਂ ਨੱਕੇ (ਲਈ ਕਤ)।

**ਬੁਜਕਾ (ਕੀ),** 'ਬੁਚਕਾ' 'ਬੁਚਕੀ' ਵੇਖੋ।

**ਬੁੱਜਾ,** ਪੁ:—ਬੋਤਲ ਦਾ ਢੱਕਣ, ਪੁਰਾਣੀਆਂ ਲੀਰਾਂ ਦਾ ਟੱਬਾ।

**ਬੁੰਜਾਹੀ,** ਪੁ:—ਖਤ੍ਰੀਆਂ ਦੀ ਵੰਡ ਜਿਸ ਵਿੱਚ ਕਈ ਜਾਤਾਂ ਹਨ।

**ਬੁੰਜੀ,** ਸ:—ਛੋਟਾ ਬੁੱਜਾ, ਨਿੱਕੀ ਲਾਚੀ (ਬੁੱਜੀ ਲਾਚੀ)।

**ਬੁਝਣਾ,** ਕ੍ਰਿ:—ਜਾਨ ਲੈਣਾ, ਸਮਝਣਾ, ਲਾਟ ਜਾਂ ਕਿਸੇ ਹੋਰ ਚੀਜ਼ ਦੀ ਗਰਮੀ ਹਟ ਜਾਣੀ, 'ਬੁਝਣਾ' (ਦੀਵਾ)।

**ਬੁਝਾਉਣਾ,** ਕ੍ਰਿ:—ਸਮਝਾਉਣਾ, ਦੀਵਾ ਬਿਸਮਾਉਣਾ, ਲਾਟ ਜਾਂ ਕਿਸੇ ਹੋਰ ਸ਼ੈ ਦੀ ਗਰਮੀ ਨੂੰ ਠੰਢਾ ਕਰਨਾ॥

**ਬੁਝਾਰ,** ਵਿ:—ਜੋ ਬੁੱਝ ਲਵੇ।

**ਬੁਝਾਰਤ,** ਸ:—ਗੋਲ ਮੋਲ ਗੱਲ ਜਿਸ ਦਾ ਮਤਲਬ ਸੁਣਨ ਵਾਲਾ ਆਪਣੀ ਅਕਲ ਦੁੜਾਕੇ ਮਲੂਮ ਕਰਦਾ ਹੈ॥

**ਬੁੱਟ,** ਪੁ:—ਜਿਸ ਮਸੂੜੇ ਵਿੱਚ ਦੰਦ ਨਾ ਹੋਣ॥

**ਬੁਟਾ,** ਖਾਲੀ, ਜਿਸ ਨੂੰ ਗਾਹਣਾ ਨਹੀਂ, ਬੁਸਾ।

**ਬੁੱਠਾ,** ਕ੍ਰਿ:—ਉਗਾਇਆ, ਵਰ੍ਹਿਆ (ਮੀਂਹ)।

**ਬੁਢਿਉ,** ਪ:—ਬੁੱਢੇ ਹੋਣ ਦੀ ਹਾਲਤ ਯਾ ਸ਼ੋਖੀ

**ਬੁੱਢ ਸੁਹਾਗਣ,** ਸ:—ਐਹੋਜਿਹੀ ਤੀਮਤ ਬੁੱਢੀ ਹੋਕੇ ਭੀ ਸੁਹਾਗਣ ਰਹੇ, ਸਾਰੀ ਉਮਰ ਦੀ ਸੁਹਾਗਣ (ਅਸੀਸ)।

**ਬੁਢਤ੍ਰਾ,** ਵਿ:—ਚੰਚਲ ਮਸਤ, ਚਲਾਕ (ਬਾਲਕ)।

**ਬੁਢ ਬਲੇਦ,** ਵਿ:—ਬੁੱਢੀ ਪਰ ਮੂਰਖ।

**ਬੁਢ ਭੱਸ,** ਪੁ:—ਨਕਾਰਾ ਤੇ ਨਿਕੰਮਾ ਬੁੱਢਾ।

**ਬੁੱਢਣ,** ਪੁ: / **ਬੁੱਢੜੀ,** ਸ: } ਬੁੱਢਾ, ਬੁੱਢੀ (ਨਿੰਦਾ ਵਾਚਕ)।

**ਬੁਢੜਾ,** ਪ: / **ਬੁਢੜੀ;** ਸ: } ਬੁੱਢਾ, ਬੁੱਢੀ (ਨਿੰਦਾ ਵਾਚਕ)॥

**ਬੁੱਢਾ,** ਵਿ: } ਬਹੁਤ ਵੱਡੀ ਉਮਰ ਦਾ, ਬਿਰਧ॥

**ਬੁਢਾਪਾ,** ਪੁ:—ਬਹੁਤ ਵੱਡੀ ਉਮਰ, ਬਿਰਧ ਅਵਸਥਾ।

**ਬੁੱਢੀ,** ਸ:—ਵੱਡੀ ਉਮਰ ਦੀ ਤੀਮਤ, ਕੋਈ ਜਨਾਨੀ।

**ਬੁੱਢੀ ਮਾਈ,** ਸ:—ਇਕ ਬਰਸਾਤੀ ਕੀੜਾ, ਅੱਕ ਦੀ ਤੋੜੀ ਦੀ ਨਰਮ ਚਿੱਟੀ ਰੂਈਂ ਜੋ ਉੱਡਦੀ ਫਿਰਦੀ ਹੈ।

Digitized by Panjab Digital Library | www.panjabdigilib.org

**ਬੁਢੇਂਦੀ ਵਾਰੀ,** ਕ੍ਰਿ: ਵਿ: —ਬੁਢਾਪੇ ਵਿੱਚ

**ਬੁਢੇਪਾ,** ਪੁ: —'ਬੁਢਾਪਾ' ਵੇਖੋ ॥

**ਬੁਣਤ,** ਸ: ਬੁਣਨ ਦਾ ਕੰਮ ਜਾਂ ਢੰਗ ।

**ਬੁਣਨਾ,** ਕ੍ਰਿ:—ਸੂਤ ਨੂੰ ਅੰਦਰ ਜਾ ਤਾ ਕਿ ਕਪੜਾ ਬਣ ਜਾਏ ।

**ਬੁਣਵਾਉਣਾ,** ਕ੍ਰਿ:—ਬੁਨਵਾਉਣਾ' ਵੇਖੋ ॥

**ਬੁਣਵਾਈ**
**ਬੁਣਾਈ** } ਸ:—ਬੁਨਵਾਉਣ ਦਾ ਕੰਮ ਜਾ ਮਜੂਰੀ ।

**ਬੁਣਾਉਟ,** ਸ:—'ਬੁਣਤ ਉਟ ਵੇਖੋ ॥

**ਬੁਣਾਉਣਾ,** ਕ੍ਰਿ:—ਬੁਨਣ ਦਾ ਕੰਮ ਕਰ ਉਣਾ ॥

**ਬੁੱਤ**
**ਬੁੱਤੁ** } ਪੁ: ਪਥਰ ਦੀ ਮੂਰਤ, ਕਲਬੂਤ, ਇੱਕ ਖਾਸ ਤਰ੍ਹਾਂ ਦੇ ਢੰਗ ਦਾ ਢੱਕਣ ॥

ਵਿ:—ਚੁੱਪ, ਹੈਰਾਨ, ਬੇਸਮਝ ਹੱਕਾ

**ਬੁੱਤਾ,** ਪੁ:—ਕੰਮ ਦਾ ਢੰਗ, ਸਾਰਨਾ, ਸਮਰਥ ਹੀਲਾ

**ਬੁਤਾਇਤ,** ਸ: ਬਹੁਤ ਹੋਣ ਦੀ ਹਾਲਤ, ਵਾਧਾ ॥

**ਬੁੱਤੀ,** ਸ:—ਬਿਗਾਰ ਦਾ ਕੰਮ ( ਕਰਨਾ, ਲਾਣਾ ), ਹਦ ਦਾ ਬੁਰਾ ॥

**ਬੁੱਥਾ,** ਪੁ:—ਸਆਰ ਦੇ ਟੱਬੇ ਦੀ ਜੜ੍ਹ, ਫੜ ਦਾ ਅੰਦਰਲਾ ਹਿੱਸਾ, ਮਾਸ ਦਾ ਵਧਾਉ ਜੈਸੇ ਹੋਏ ਲਹੂ ਦਾ ਗੁਲਫਾ ।

**ਬੁਥਾੜ,** ਪੁ:—ਮੂੰਹ ਅਤੇ ਚੇਹਰਾ, ਪਸ਼ੂ ਦਾ ਮੂੰਹ ਤੇ ਚਹਰ ॥



**ਬੁਥਾੜਨਾ,** ਕ੍ਰਿ:—ਮਾਰਨਾ, ਬੁਥਾੜ ਭਨ ਸੁੱਟਣਾ ॥

**ਬੁੰਦ,** ਸ:—'ਬੂੰਦ' ਵੇਖੋ ॥

**ਬੁੰਦਕੀ,** ਸ:—ਛੋਟੀ ਮੋਹਰ, (ਸੋਨੇ ਦਾ ਇੱਕ ਸਿੱਕਾ) ।

**ਬੁੰਦਾ,** ਪੁ:—ਕੰਨ ਦਾ ਇੱਕ ਗਹਿਣਾ ॥

**ਬੁੰਦੇਲਖੰਡ**
**ਬੁੰਦੇਲਖੰਡ** } ਸ:—ਹਿੰਦੁਸਤਾਨ ਦੇ ਵਿਚਕਾਰ, ਇੱਕ ਦੇਸ ॥

**ਬੁੰਦੇ(ਧੇ)ਲਣ,** ਸ:
**ਬੁੰਦ ਧੇ)ਲੀ,** ਪੁ: } ਬੁੰਦੇਲ ਖੰਡ ਵਿਚ ਰਹਿਣ ਵਾਲੀ (ਲ)

**ਬੁੱਧ,** ਪੁ:—ਇੱਕ ਦਿਨ, ਮੰਗਲ ਤੋਂ ਅਗਲਾ ਵਾਰ ਇੱਕ ਤਾਰਾ, ਇੱਕ ਮਹਾ ਪੁਰਖ ਜਿਸ ਦਾ ਮਤ ਬਹੁਤ ਚੱਲਿਆ ਹੋਇਆ ਹੈ ॥

ਸ:—ਅਕਲ, ਸਮਝ, ਮੱਤ, ਸਿਆਣਪ, ਦਨਾਈ

**ਬੁੱਧ ਮਾਨ**
**ਬੁੱਧਵਾਨ** } ਵਿ: —ਅਕਲ ਵਾਲਾ, ਸਮਝਦਾਰ, ਸਿਆਣਾ ।

**ਬੁਧਕਾ,** ਪੁ:—ਮਿੱਟੀ ਜਾ ਲਕੜ ਦੀ ਦੁਆਤ ਜਿਸ ਵਿਚ ਪਟੀ ਉੱਤੇ ਲਿਖਣ ਵਾਲਾ ਰੰਗ ਪਾਉਂਦੇ ਹਨ ॥

**ਬੁੱਧੀ,** ਸ:—ਬੁੱਧ, ਅਕਲ, ਸਿਆਣਪ, ਦਨਾਈ।

**ਬੁੱਧੀਮਾਨ**
**ਬੁੱਧੀਵਾਨ** } ਪੁ: —ਬੁੱਧਵਾਨ, ਇੱਕ ਪਰੀਖਿਆ ।

**ਬੁੱਧ,** ਪੁ:
**ਬੁੱਧੋ,** ਸ: } ਮੂਰਖ, ਬੇ ਅਕਲ ਜੋ ਬੁਧਵਾਨ ਜੈਸਾ ॥

Digitized by Panjab Digital Library / www.panjabdigilib.org

**ਬੁੰਨ੍ਹ,** ਕ੍ਰਿ: ਵਿ:—ਹੇਠਾਂ, ਥੱਲੇ ॥

**ਬੁਨਣਾ,** ਕ੍ਰਿ:—'ਬੁਣਨਾ' ਵੇਖੋ ।

**ਬੁਨਵਾਉਣਾ,** ਕ੍ਰਿ:—ਬੁਨਣ ਦਾ ਕੰਮ ਕਰਾਉਣਾ, ਬਨਵਾਇਣਾ ।

**ਬੁੰਨ੍ਹਾ,** ਵਿ: ਪੁ:—ਮੂਰਖ, ਬੇਸਮਝ, ਅੱਲ੍ਹੜ ॥

**ਬੁਨਾਵਟ,** ਸ:—ਬਨਾਵਟ, ਸ਼ਕਲ, ਢੰਗ, ਢਾਂਚ ਤ੍ਰਨ, ਘੜਤ ॥

**ਬੁਨਿਆਦ,** ਸ:—ਨੀਂਹ, ਮੁੱਢ, ਮੂਲ, ਅਸਲੀ ਸਬੱਬ ।

**ਬੁਨਿਆਦੀ,** ਵਿ:—ਬੁਨਿਆਦ ਦਾ, ਮੁੱਢ ਦਾ ॥

**ਬੁਪਾਰ,** ਪੁ:—ਚੀਜ਼ਾਂ ਖਰੀਦਣ ਅਤੇ ਵੇਚਣ ਦਾ ਕੰਮ, ਬਿਹਾਰ, ਸੌਦਾਗਰੀ ।

**ਬੁਪਾਰਣ,** ਸ:
**ਬੁਪਾਰੀ,** ਪੁ:
} ਜੋ ਬੁਪਾਰ ਕਰੇ ॥

**ਬੁੱਭ,** ਸ:—ਜ਼ੋਰ ਨਾਲ ਰੋਣ ਦੀ ਅਵਾਜ਼(ਮਾਰਨਾ)

**ਬੁਰ,** ਪੁ:—ਕਪੜੇ ਦੀ ਤਹਿ ਉੱਪਰ ਉੱਨ ਵਰਗੀ ਨਰਮ ਚੀਜ਼ ।

**ਬੁਰਸ਼,** ਪੁ:—ਵਿਲਾਇਤੀ ਕੂਚੀ ।

**ਬੁਰਸਣਾ**
**ਬੁਰਸਾਉਣਾ**
} ਕ੍ਰਿ:—ਥੋੜਾ ਥੋੜਾ ਕੱਟਣਾ, ਰਤਾ ਰ ਕੱਟਕੇ ਚਮੜਾ ਠੀਕ ਕਰਨਾ ।

**ਬੁਰਹਾਲ,** ਪੁ:—ਬੁਰਾ ਹਾਲ, ਦੁਰਦਸ਼ਾ ।

**ਬੁਰਕ,** ਪੁ:—ਚੱਕ ਮਾਰਨ ਦਾ ਕੰਮ, ਗਰਾਹ, ਲੁਕਮਾ ॥

**ਬੁਰਕਣਾ,** ਕ੍ਰਿ: —ਛਿੜਕਣਾ, ਗਿੱਲਾ ਕਰਨਾ, ਤਰੌਂਕਣਾ ॥

**ਬੁਰਕਾ,** ਪੁ:—ਮੁਸਲਮਾਨੀਆਂ ਦਾ ਪੜਦੇ ਦਾਰ ਕਪੜਾ ਜਿਸ ਨਾਲ ਸਾਰਾ ਸਰੀਰ ਕਜਿਆ ਜਾਂਦਾ ਹੈ ਅਤੇ ਵੇਖਣ ਵਾਸਤੇ ਜਿਸ ਵਿੱਚ ਅੱਖਾਂ ਦੇ ਸਾਮ੍ਹਣੇ ਛੇਕ ਹੁੰਦੇ ਹਨ ॥

**ਬੁਰਕੀ,** ਸ:—ਗਰਾਹੀ, ਨਵਾਲਾ, ਛੋਟਾ ਬੁਰਕ ॥

**ਬੁਰਛਣਾ,** ਕ੍ਰਿ:—ਰਤਾ ਰਤਾ ਕੱਟਣਾ ਜਾਂ ਕੈਂਚੀ ਨਾਲ ਛਾਂਟਣਾ ॥

**ਬੁਰਛਾ,** ਪੁ:—ਬਰਛਾ ।
ਵਿ:—ਤੱਕੜਾ, ਅੜਬ, ਡਾਢਾ, ਮੂਰਖ, ਜ਼ਬਰਦਸਤ॥

**ਬੁਰਛੇ ਗਰਦੀ,** ਸ:—ਉਪੱਦਰ, ਕਲਹ, ਰਾਜ-ਰੌਲਾ ॥

**ਬੁਰਜ,** ਪੁ:—ਮੁਨਾਰਾ, ਰਾਸ, ਇੱਕ ਹਲਕੇ ਕਾਗਤ ਦਾ ਬੁਰਜ ਵਰਗਾ ਖਿਡੌਣਾ ਜੋ ਵਿਲੋਂ ਸੱਖਣਾ ਹੁੰਦਾ ਹੈ ਅਤੇ ਜਿਸ ਵਿੱਚ ਅੱਗ ਦੀ ਲਾਟ ਬਾਲ ਕੇ ਛੱਡ ਦੇਂਦੇ ਹਨ ਤਾਂ ਉੱਪਰ ਚੜ੍ਹ ਜਾਂਦਾ ਹੈ ॥

**ਬੁਰਜੀ,** ਸ: —ਛੋਟਾ ਬੁਰਜ, ਨਿੱਕਾ ਜਿਹਾ ਮੁਨਾਰਾ ਜਾਂ ਮਿੱਟੀ ਦਾ ਥੰਮ੍ਹਾ ਜਿਸ ਨਾਲ ਹੱਦ ਬੰਨ੍ਹਦੇ ਹਨ ॥

**ਬੁਰਦ,** ਸ:—ਕੁੱਕੜ ਆਦਿਕ ਤੇ ਸ਼ਰਤ ਲਾਕੇ ਲੜਾਉਣ ਵਾਸਤੇ ਰੱਖੇ ਜਾਣ ॥
ਵਿ:—ਨਾਸ (ਹੋ ਜਾਣਾ) ॥

**ਬੁਰਦਾ ਬੁਰਦ**
**ਬਰਦੇ ਬੁਰਦੀ**
} ਕ੍ਰਿ: ਵਿ:—ਕੁੱਕੜ ਆਦਿਕਾਂ ਦੀ ਲੜਾਈ ਇਸ ਸ਼ਰਤ ਉੱਤੇ ਕਿ ਜਿੱਤਣ ਵਾਲਾ ਦੋਵੇਂ ਜਨੌਰ ਲੈ ਜਾਵੇ ॥

**ਬੁਰਾ,** ਵਿ:—ਖਰਾਬ, ਭੈੜਾ, ਮੰਦਾ, ਹੀਣਤਾ, ਦੁਖ ਦੇਂਦਾ ॥
ਪੁ:—ਨੁਕਸਾਨ, ਸ਼ਰਾਰਤ, ਖਰਾਬੀ, ਵੈਰੀ, ਦੁਸ਼ਮਣ ॥

Digitized by Panjab Digital Library | www.panjabdigilib.org

**ਬੁਰਾ ਹਾਲ ਕਰਨਾ,** ਕ੍ਰਿ:—ਦੁਖ ਦੇਣਾ, ਨੁਕ-ਸਾਨ ਪੁਚਾਉਣਾ ॥

**ਬੁਰਾ ਕਰਨਾ,** ਕ੍ਰਿ:—ਖਰਾਬ ਕੰਮ ਕਰਨਾ, ਦੁਖ ਦੇਣਾ ॥

**ਬੁਰਾ ਚਿਤਵਣਾ,** ਕ੍ਰਿ:—ਦਿਲ ਵਿਚ ਕਿਸੇ ਦਾ ਬੁਰਾ ਚਾਹੁਣਾ ।

**ਬੁਰਾ ਦਿਨ,** ਪੁ:—ਕਿਸੇ ਦੇ ਜੀਵਨ ਦੇ ਮਰ ਜਾਣ ਤੋਂ ਪਿਛਲਿਆਂ ਦਾ ਦਿਨ ॥

**ਬੁਰਾ ਪਾਉਣਾ,** ਕ੍ਰਿ:—ਬੁਰੇ ਦਿਨ ਸਾਕਾਂ ਦਾ ਰੋਣੀ ਤੀਮਤ ਨੂੰ ਕਪੜੇ ਆਦਿਕ ਦੇਣ ਵਾਸਤੇ ਉਹਦੇ ਅਗੇ ਸੁੱਟਣਾ ।

**ਬੁਰਾ ਬਨਣਾ,** ਕ੍ਰਿ:—ਕਲੰਕ ਜਾਂ ਦੂਸ਼ਣ ਲੱਗਣੀ ॥

**ਬੁਰਾ ਭਲਾ,** ਪੁ:—ਖਰਾਬ ਗੱਲਾਂ, ਗਾਲ੍ਹੀਆਂ ।

**ਬੁਰਾ ਮਨਾਉਣਾ,** ਕ੍ਰਿ:—ਕਿਸੇ ਗੱਲੋਂ ਦਿਲ ਦੁਖਣਾ ॥

**ਬੁਰਾ ਲੱਗਣਾ,** ਕ੍ਰਿ:—ਦਿਲ ਨੂੰ ਨਾ ਭਾਉਣਾ ।

**ਬੁਰਾਲਾ,** ਪੁ:—ਬਲ ਬੁਲਾਰਾ, ਆਦਮੀਆਂ ਦੀ ਅਵਾਜ਼ ।

**ਬੁਰਿਆਈ,** ਸ:—ਬੁਰੀ ਗੱਲ, ਖਰਾਬੀ, ਬਦੀ, ਨਿੰਦਾ ।

**ਬੁਰਿਆਰ,** ਪੁ:, ਸ: } ਜੋ ਬੁਰੇ ਕੰਮ ਕਰੇ ।

**ਬੁਰੀ,** ਸ:—ਖਰਾਬ, ਭੈੜੀ, ਬਦਰੀ, ਕੁਢਰਮਨ ਸਾਗਾਰਤਣ ॥

**ਬੁਰੀ ਵਸਤ,** ਸ:—ਹਿਦੂ ਦੀ ਸਹੁੰ, ਗਊ ਦਾ ਮਾਸ

**ਬੁੱਲ੍ਹ,** ਪੁ:—ਮੂੰਹ ਦੇ ਕੰਢੇ, ਲਬ, ਹੋਠ ॥

**ਬੁਲੁਣ,** **ਬੁੱਲੁਣ,** } ਪੁ:—ਇਕ ਸਮੁੰਦਰੀ ਜਨੌਰ, ਇੱਕ ਮੱਛੀ ।

**ਬੁਲ ਡਾਗ,** ਪੁ:—ਇਕ ਭਾਰੇ ਮੂੰਹ ਵਾਲਾ ਕੁੱਤਾ

**ਬੁਲੰਦ** **ਬੁਲੰਦੀ** } 'ਬਿਲੰਦ', 'ਬਿਲੰਦੀ' ਵੇਖੋ ।

**ਬੁਲਬੁਲ,** ਸ:—ਗਾਉਣ ਵਾਲਾ ਮਸ਼ਹੂਰ ਪੰਛੀ

**ਬੁਲਬੁਲ ਚਸ਼ਮ,** ਪੁ:—ਇੱਕ ਦੋ ਰੰਗਾ ਕੱਪੜਾ

**ਬੁਲਬੁਲਾ,** ਪੁ:, **ਬੁਲਬੁਲੀ,** ਸ: } ਪੌਣ ਨਾਲ ਫੁੱਲਿਆ ਹੋਇਆ ਪਾਣੀ, ਜਿਸ ਚੀਜ਼ ਦੀ ਬੁਨਿਆਦ ਨਹੀਂ ॥

**ਬੁਲਵਾਉਣਾ,** ਕ੍ਰਿ:—ਦੂਜੇ ਦੀ ਰਾਹੀਂ ਬੁਲਾ [illegible]ਣਾ ॥

**ਬੁੱਲਾ,** ਪੁ:—ਵਗਦੀ ਪੌਣ ਦਾ ਧੱਕਾ ।

**ਬੁੱਲੇ ਲੁੱਟਣਾ,** ਕ੍ਰਿ:—ਮੌਜਾਂ ਕਰਨਾ ।

**ਬੁਲਾਉਣਾ,** ਕ੍ਰਿ:—ਸੱਦਣਾ, ਕਥਾ ਰੋਕਣਾ, ਬੋਲ ਕਰਨੀ, ਅਰਸ਼ੰਸ ਕਰਨਾ ।

**ਬੁਲਾਹਟ,** ਸ:—ਬੁਲਾਉਣ ਦਾ ਕੰਮ, ਤਲਬੀ, ਸੱਦਾ ।

**ਬੁਲਾਕ** **ਬੁਲਾਕੜਾ** **ਬੁਲਾਕੁ** } ਪੁ: ਇਕ ਨੱਕ ਵਿਚ ਪਾਉਣ ਵਾਲਾ ਗਹਿਣਾ ॥

**ਬੁਲਾਰਾ** **ਬੁਲ੍ਹਾਲਾ** } ਪੁ: ਮਨੁੱਖ ਦੀ ਅਵਾਜ਼ ਗੌਲਾ, ਹਰਨਾਂ ਨੂੰ ਫਸਾਉਣ ਵਾਲੇ ਪੰਛੀਆਂ ਦਾ ਕੰਠ ਜਾਂ ਅਵਾਜ਼ ।

Digitized by Panjab Digital Library / www.panjabdigilib.org

**ਬੁਲਾਵਾ,** ਪੁ:—ਸੱਦਾ, ਤਲਬੀ, ਜਾਣ ਦਾ ਹੁਕਮ ॥

**ਬੁਲਾਵੀ,** ਸ:—ਕੁੜੀਆਂ ਨੂੰ ਘਰੋਂ ਬੁਲਾਕੇ ਸਕੂਲ ਵਿੱਚ ਲਿਆਉਣ ਵਾਲੀ ਤੀਮਤ ।

**ਬੁੱਲ੍ਹੀ,** ਸ:—ਛੋਟਾ ਬੁੱਲ੍ਹ, ਬੱਚੇ ਦਾ ਹੋਠ

**ਬੁੱਲ੍ਹੀਆਂ ਟੇਰਨਾ,** ਕ੍ਰਿ: -ਬੁੱਲ੍ਹ ਕੱਢ ਕੇ ਰੋਣੀ ਸ਼ਕਲ ਬਣਾਉਣਾ ।

**ਬੁਲੇਲ,** ਸ:—ਬੋਲਣ ਦੀ ਅਵਾਜ਼, ਗੱਲ, ਖਬਰ, ਭਿਣਕ ॥

**ਬੁੜ੍ਹਾਕਾ**<br>**ਬੁੜ੍ਹੱਕਾ** } ਪੁ:- ਹੁੱਕਾ ਪੀਣ ਦੀ ਅਵਾਜ਼ ॥

**ਬੁੜ ਬੁੜ ਕਰਨਾ,** ਕ੍ਰਿ:—ਮੂੰਹ ਚ ਹੌਲੀ ਹੌਲੀ ਗੁੱਸੇ ਨਾਲ ਬੋਲਣਾ ॥

**ਬੁੜਬੁੜਾਉਣਾ,** ਕ੍ਰਿ:—ਬਕਣਾ ਚਿੜ ਚਿੜਾ ਕਰਨਾ ।

**ਬੁੜ ਬੁੜਾਟ,** ਸ:—ਬਕਵਾਧ, ਮੂਰਖਪੁਣੇ ਦੀਆਂ ਗੱਲਾਂ ।

**ਬੁੜਬੁੜੀ**<br>**ਬੁੜ੍ਹਬੁੜੀ** } ਸ:—ਛੋਟਾ ਜਿਹਾ ਬੁਲਬੁਲਾ ॥

**ਬੁੜਭੌਸ,** ਪੁ:—ਨਕਾਰਾ ਅਤ ਬੁੜਾ ਬੰਦਾ ।

**ਬੁੜਾ,** ਪੁ:—ਵੱਡੀ ਉਮਰ ਦਾ ਟੱਬਰ ॥

**ਬੁੜਾਉਣਾ,** ਕ੍ਰਿ:—ਨੀਂਦਰ ਵਿੱਚ ਬੋਲਣਾ ।

**ਬੁੜਾਟ,** ਸ:—ਨੀਂਦਰ ਵਿਚ ਬੋਲਣ ਦੀ ਅਵਾਜ਼ ।

**ਬੂਆ,** ਸ:—ਇੱਕ ਦੇਵੀ ਦਾ ਨਾਉਂ ।

**ਬੂਸਰ,** ਵਿ:—ਮੋਟਾ ਬੇਅਕਲ ਆਦਮੀ ।

**ਬੂਹਾ,** ਪੁ:—ਦਰਵਾਜ਼ਾ, ਖਿੜਕੀ, ਤਾਕੀ, ਘਰ ।

**ਬੂਹਾ ਖੁਲ੍ਹਣਾ,** ਕ੍ਰਿ:—ਵਿਆਹ ਪੈਕੇ ਘਰ ਦ ਸਕਣਾ ॥

**ਬੂਹਾ ਢੋਣਾ (ਢੋ ਦੇਣਾ);** ਕ੍ਰਿ: ਬੂਹਾ ਭੀੜ ਨਾ ਪਰ ਕੁੰਡੀ ਨਾ ਲਾਉਣੀ ।

**ਬੂਹਾ ਮਾਰਨਾ,** ਕ੍ਰਿ:—ਬੂਹਾ ਬੰਦ ਕਰਨਾ ॥

**ਬੂਕਣੀ,** ਸ: ਛਾਣ ਛੋਡ ਵਿਚੋਂ ਜ ਧਾਰ ਦੇਰੇ ਵਾਲ ,

**ਬੂਚੜ,** ਵਿ:—ਮ ਟਾ ਬੇ ਅਕਲ ਆਦਮੀ ।

**ਬੂਚੜ,** ਪੁ:—'ਬੂਚੜ' ਵੇਖੋ ॥

**ਬੂਚੜ ਖਾਨਾ,** ਪੁ:—ਜਿੱਥੇ ਮਾਸ ਲਈ ਗਊਆਂ ਮਾਰੀਆਂ ਜਾਂਦੀਆਂ ਹਨ ।

**ਬੂਜਲੀ,** ਸ:—ਇੱਕ ਬੇਨ ਦਾ ਗਾਹਣਾ ॥

**ਬੂਝ,** ਸ:—ਸਮਝ, ਅਕਲ, ਸਿਆਣਪ, ਪਛਾਣ ॥

**ਬੂਝਾ,** ਪੁ:<br>**ਬੂਝੋ,** ਸ: } ਜੋ ਗੱਲ ਨੂੰ ਬੁੱਝ ਲਵੇ, ਸਿਆਣ (ਣੀ) ।

**ਬੂਟ,** ਪ ਫਲੀਆਂ, ਫੁਲ, ਅੰਗ੍ਰੇਜ਼ੀ ਢੰਗ ਦੀ ਜੁੱਤੀ

**ਬੂਟਾ,** ਪੁ:—ਝਾੜੀ, ਹਰਾ ਦਰਖਤ, ਛੋਟਾ ਰੁੱਖ, ਅਨਾਜ ਦਾ ਦਾਣਾ, ਕਾਹੀ ਦਾ ਘਾਹ, ਕਪੜੇ ਉੱਤੇ ਕਢੀ ਜਾਂ ਛੱਪੀ ਹੋਈ ਫੁੱਲ ਆਦਿਕ ਦੀ ਸ਼ਕਲ ।

**ਬੂਟਾ ਬੰਨ੍ਹਾ,** ਪੁ:—ਹਰੇ ਹਰ ਨਿੱਕੇ ਬਿਰਛ (ਲਾਉਣਾ) ॥

**ਬੂਟੀ,** ਸ:—ਨਿੱਕਾ ਬੂਟਾ, ਭੰਗ, ਔਖਧ, ਕਪੜੇ ਜਾਂ ਚਮੜੇ ਉੱਪਰ ਫੁੱਲ ਆ ਇਕ ਦੀ ਸ਼ਕਲ ।

Digitized by Panjab Digital Library / www.panjabdigilib.org

**ਬੂਟੇਦਾਰ,** ਵਿ:—ਬੂਟੀਆਂ ਵਾਲਾ (ਕਪੜਾ ਆਦਿਕ)॥

**ਬੂਟੇਮਾਰ,** ਪੁ:—ਜੰਗਲ ਸਾਫ ਕਰਕੇ ਧਰਤੀ ਨੂੰ ਵਾਹੁਣ ਦਾ ਜਿਸ ਨੂੰ ਪੱਟਾ ਮਿਲੇ॥

**ਬੂਟੇਮਾਰੀ,** ਸ: ਜੰਗਲ ਸਾਫ ਕਰਕੇ ਧਰਤੀ ਵਾਹੁਣ ਦਾ ਕੰਮ ਜਾਂ ਪੱਟਾ॥

**ਬੂਥ,** ਪੁ:—ਘੋੜੇ ਆਦਿਕ ਜਨੌਰਾਂ ਦਾ ਮੂੰਹ ਅਤੇ ਚੇਹਰਾ, ਨਕੋ ਨਕ ਭਰਨਾ, ਵਿੱਕ ਕਰਨਾ (ਚਾੜ੍ਹਨਾ)॥

**ਬੂਥਣਾ,** ਕ੍ਰਿ:—ਨਕੋ ਨਕ ਜਾਂ ਕੰਢਿਆਂ ਤਕ ਭਰਨਾ।

**ਬੂਥਾ,** ਪੁ:
**ਬੂਥੀ,** ਸ: } ਜਨੌਰਾਂ ਦਾ ਲੰਮਾ ਜੇਹਾ ਮੂੰਹ॥

**ਬੂੰਦ,** ਸ:—ਕਤਰਾ, ਪਾਣੀ ਆਦਿਕ ਦੀ ਬੂਹਾਂ ਛਿਟ, ਕਣੀ, ਪੱਗਰੀ ਦਾ ਕਪੜਾ ਜਿਦੇ ਟਿਮਕਣਿਆਂ ਵਾਲਾ।

**ਬੂੰਦੀ,** ਸ:—ਵੇਸਣ ਦੀ ਇੱਕ ਮਠਿਆਈ ਜਿਸਦੇ ਲੱਡੂ ਭੀ ਬਣਦੇ ਹਨ, ਬਹੁਤ ਘੇਉ ਵਾਲੀ ਸ਼ੀਰਨੀ, ਪਕੌੜੀ।

**ਬੂੰਬਾ,** ਪੁ:—ਝੱਗ ਦਾ ਬੁਲਬੁਲਾ, ਰੂੰ ਦਾ ਨਿੱਕਾ ਬੁੱਜਾ।

**ਬੂਰ,** ਪੁ:—ਜਿਸ ਧੂੜ ਨਾਲ ਬੂਟੇ ਫਲਦੇ ਹਨ (ਪੋਲਨ), ਖੜੇ ਹੋਏ ਪਾਣੀ ਉੱਤੇ ਜੋ ਹਰੀ ਮੈਲ ਜੰਮ ਜਾਂਦੀ ਹੈ (ਆਉਣਾ), ਚਿਰੀ ਦੀ ਲਕੜੀ ਦਾ ਭੋਗ॥

**ਬੂਰ ਦੇ ਲੱਡੂ,** ਪ:—ਜੋ ਚੀਜ ਵੇਖਣ ਨੂੰ ਚੰਗੀ ਪਰ ਅਸਲ ਵਿੱਚ ਕਿਸੇ ਕੰਮ ਦੀ ਨਾ ਹੋਵੇ॥

**ਬੂਰਾ,** ਪੁ:—ਛਾਣ, ਸਾਫ ਕੀਤੀ ਹੋਈ ਖੰਡ॥
ਵਿ:—ਭੂਰਾ (ਮੈਲਾ)।

**ਬੂਰਾ ਸੂਰਾ,** ਪੁ:—ਕਣਕ ਦਾ ਛਾਣ ਅਤੇ ਛੋਲਿਆਂ ਦੇ ਛਿਲਕ ਮਿਲੇ ਹੋਏ, ਛਾਣ ਬੂਰਾ॥

**ਬੂੜਾ,** ਪੁ:
**ਬੂੜੀ,** ਸ: } ਜਿਸ ਦੇ ਕੰਨ ਬਿਲਕੁਲ ਜਾਂ ਥੋੜੇ ਥੋੜੇ ਕੱਟੇ ਹੋਏ ਜਾਂ ਵਿਗੜੇ ਹੋਏ ਹੋਣ, ਜਿਸ ਦਾ ਨੱਕ ਵਿੰਗਿਆ ਹੋਇਆ ਹੈ॥

**ਬੂੰਦੀਆ,** ਪ:—ਬੂੰਦਿਆਂ ਵਾਲੇ ਪਹੀਏ ਦਾ ਦੰਦਾ॥

**ਬੇ,** ਸ:—ਫਾਰਸੀ ਦਾ ਦੂਜਾ ਅੱਖਰ।
ਵਿਸਮਕ: —ਓਇ, ਵੇ, ਅੜਿਆ (ਤੀਮਤਾਂ ਦੀ ਬੋਲੀ)॥
ਅਵ:—ਬਾਝ, ਬਗੈਰ (ਜਿਹਾ ਕਿ ਬੇ ਉਲਾਦ ਅਰਥਾਤ ਔਲਾਦ ਬਾਝੋਂ, ਬੇ ਰਹਮ ਅਰਥਾਤ ਰਹਮ ਬਾਝੋਂ ਜਾਂ ਨਿਰਦਈ, ਬੇ ਸਮਝ ਅਰਥਾਤ ਸਮਝ ਬਾਝੋਂ ਜਾਂ ਮੂਰਖ ਇਸੇ ਤਰਾਂ ਬੇਡਰ, ਬੇ ਫਿਕਰ ਆਦਿਕ)॥
ਵਿ:—ਬੁਰਾ (ਜਿਹਾ ਕਿ ਬੇ ਨਸੀਬ ਅਰਥਾਤ ਬੁਰੇ ਨਸੀਬਾਂ ਵਾਲਾ, ਬੇ ਡੌਲ ਅਰਥਾਤ ਬੁਰੀ ਡੌਲ ਜਾਂ ਸ਼ਕਲ ਵਾਲਾ, ਬੇ ਸੁਰਾ ਅਰਥਾਤ ਬੁਰੀ ਸੁਰ ਵਾਲਾ)॥

**ਬੇਅਖਤਿਆਰ,** ਵਿ:—ਲਾਚਾਰ, ਬੇਵਸ॥
ਕ੍ਰਿ: ਵਿ: —ਸਹਿ ਸੁਭਾ, ਆਪੇ ਹੀ।

**ਬੇਅੰਤ,** ਵਿ:—ਜਿਸ ਦਾ ਅੰਤ ਨਹੀਂ, ਪਰਮੇਸ਼ਰ॥

**ਬੇ ਅਤਬਾਰ,** ਵਿ: —ਜਿਸਦਾ ਅਤਬਾਰ ਨਹੀਂ॥

**ਬੇ ਅਰਾਮ,** ਵਿ:—ਜਿਸਨੂੰ ਅਰਾਮ ਨਹੀਂ, ਰੋਗੀ॥

**ਬੇਈਮਨਗੀ**
**ਬੇਈਮਾਨੀ** } ਸ: ਅਧਰਮ, ਕੂੜ, ਛਲ, ਅਮਾਨਤ ਵਿਚ ਖਿਆਨਤ॥

Digitized by Panjab Digital Library | www.panjabdigilib.org

**ਬੇ ਸਹੂਰ** ਵਿ:—ਬੇਅਕਲ, ਮੂਰਖ ॥

**ਬੇਸ਼ੁਮਾਰ,** ਵਿ:—ਅਣਗਿਣਤ, ਜੋ ਗਿਣੇ ਨਾ ਜਾਣ

**ਬੇ ਸਵਾਦੀ,** ਸ:—ਆਪੋ ਵਿੱਚ ਦਾ ਝਗੜਾ ਅਤੇ ਬੋਲ ਬੁਲਾਰਾ ।

**ਬੇ ਸੁਰਾ,** ਵਿ:—ਬੁਰੀ ਸੁਰ ਵਾਲਾ, ਕੋਹਜਾ ॥

**ਬੇ ਹਿਸਾਬ,** ਵਿ:—ਅਣਗਿਣਤ, ਅਣਹੋਣਾ ।

**ਬੇ ਕਰਾਰ,** ਵਿ:—ਜਿਸ ਨੂੰ ਅਰਾਮ ਜਾਂ ਚੈਨ ਨਹੀਂ ।

**ਬੇ ਕਲ,** ਵਿ:—'ਬੇਅਕਲ' ਵੇਖੋ, ਬਹੁਤ ਬਿਮਾਰ ॥

**ਬੇਕਾਰ,** ਵਿ:—ਜਿਸਨੂੰ ਕੋਈ ਕੰਮ ਨਹੀਂ, ਵਿਹਲਾ ।

**ਬੇ ਕਲੀ,** ਸ:—'ਬਿਆਕੁਲਤਾਈ' ਵੇਖੋ ॥

**ਬੇ ਖਬਰ,** ਵਿ:—ਜਿਸਨੂੰ ਖਬਰ ਨਹੀਂ, ਮੂਰਖ ।

**ਬੇ ਖੁਦ,** ਵਿ:—ਬਿਮਾਰੀ ਕਰਕੇ ਜਿਸਨੂੰ ਸੁਰਤ ਨਹੀਂ ॥

**ਬੇ ਗਮਰਾ,** ਵਿ:—ਬੇ ਪਰਵਾਹ, ਨਿਡਰ ਨਚਿੰਤ ॥

**ਬੇ ਗਰਜ਼,** ਵਿ:—ਜਿਸਨੂੰ ਗਰਜ਼ ਜਾਂ ਲੋੜ ਨਹੀਂ

**ਬੇ ਜ਼ਾਰ,** ਵਿ:—ਦੁਖੀ, ਬਿਮਾਰ, ਔਖਿਆ ਹੋਇਆ ॥

**ਬੇ ਤਾਬ,** ਵਿ:—ਬੇਸੁਰਤ, ਬਿਆਕੁਲ, ਢਿੱਲਾ ॥

**ਬੇ ਤੌਰ(ਰਾ),** ਵਿ:—ਬੁਰੀ ਸ਼ਕਲ ਜਾਂ ਬਨਾਵਟ ਵਾਲਾ, ਜਿਸਦੀ ਸੂਰਤ ਟਿਕਾਣੇ ਨਹੀਂ, ਕਰੂਪ, ਭੈੜਾ ।

**ਬੇ ਦਰਦ,** ਵਿ:—ਜਿਸ ਵਿੱਚ ਦੂਜੇ ਦਾ ਦਰਦ ਜਾਂ ਦਇਆ ਨਹੀਂ ।

**ਬੇ ਦਰੇਗ,** ਵਿ:—ਜਿਸਨੂੰ ਕਿਸੇ ਦਾ ਦਰੇਗ ਜਾਂ ਪਰਵਾਹ ਨਹੀਂ ॥

**ਬੇਦਿਲ** ਵਿ:—ਨਿਰਾਸ਼, ਗਮਗੀਨ ਉਦਾਸ ਜਿਸ ਦਾ ਹੌਸਲਾ ਟੁੱਟ ਜਾਏ ॥

**ਬੇ ਧੜਕ,** ਵਿ:—ਨਿਡਰ, ਦਲੇਰ, ।

ਕ੍ਰਿ: ਵਿ:—ਨਿਡਰ ਹੋਕੇ ।

**ਬੇ ਨਿਆਈਂ,** ਸ:—ਅਨਿਆਉਂ, ਬੇਇਨਸਾਫ਼ੀ

**ਬੇ ਪਰ,** ਵਿ:—ਜਿਸ ਦਾ ਕੋਈ ਹਮੈਤੀ ਨਹੀਂ, ਅਨਾਥ

**ਬੇ ਪਰਤੀਤੀ,** ਸ:—ਪਰਤੀਤ ਨਾ ਹੋਣੀ, ਬੇਵਸਾਹੀ, ਬੇ ਇਤਬਾਰੀ ॥

**ਬੇ ਪਰਦਗੀ,** ਸ:—ਖੁੱਲ੍ਹ, ਸ਼ਰਮ ਹਯਾ ਨਾ ਹੋਣੀ ।

**ਬੇ ਪੀਰ,** ਵਿ:—ਨਿਗੁਰਾ, ਮਨਮੁਖ, ਦੁਸ਼ਟ ਅਲਗਰਜੀ ।

**ਬੇ ਬਸ,** ਵਿ:—ਬੇਵਸ, ਲਾਚਾਰ ।

**ਬੇ ਬਹਾਰ(ਰਾ),** ਪੁ:
**ਬੇ ਬਹਾਰੀ,** ਸ: } ਜਿਸ ਦੀ ਬਹਾਰ ਚਲੀ ਗਈ ਹੈ ॥

**ਬੇ ਮਤਬਲੀ(ਲਬੀ),** ਸ:—ਕੁਝ ਮਤਲਬ ਨ ਰਖਣਾ ॥

**ਬੇ ਮੁਖ,** ਵਿ:—ਬੇ ਪਰਵਾਹ, ਆਪ ਹੁਦਰਾ, ਜੋ ਗੁਰੂ ਤੋਂ ਮੂੰਹ ਫੇਰੇ ।

**ਬੇ ਮੁਤਾਜ**
**ਬੇ ਮੁਥਾਜ** } ਵਿ:—ਜੋ ਕਿਸੇ ਦਾ ਮੁਤਾਜ ਨਹੀਂ ॥

**ਬੇ ਮਤਾਜੀ**
**ਬੇ ਮੁਥਾਜੀ** } ਸ:—ਕਿਸੇ ਦਾ ਮੁਤਾਜ ਨਾ ਹੋਣਾ ਢੰਗ ਢਾਲਣ ਵਾਲੇ ਕਪੜੇ ਨੂੰ ਤਾਲਣ ਵਾਲੀ ਲੱਕੜ ॥

Digitized by Panjab Digital Library | www.panjabdigilib.org

**ਬੇ ਮੌਸਮ,** ਵਿ:—ਜਿਸ ਦਾ ਮੌਸਮ ਨਹੀਂ, ਬੇ ਬਹਾਰਾ।

**ਬੇ ਮੌਕਿਆ,** ਵਿ:—ਜਿਸ ਦਾ ਮੌਕਿਆ ਜਾਂ ਵੇਲਾ ਨਹੀਂ।

**ਬੇ ਰਯਾ**
**ਬੇ ਰਿਆ** } ਵਿ:—ਜੋ ਪਖੰਡੀ ਨਹੀਂ, ਦਿਲ ਦਾ ਸੱਚਾ।

**ਬੇ ਲਗਾਮ,** ਵਿ:—ਜਿਸ ਨੂੰ ਰੋਕ ਟੋਕ ਨਹੀਂ, ਜੋ ਚਾਹੇ ਸੋ ਕਰਨ ਵਾਲਾ।

**ਬੇ ਲੱਜ,** ਵਿ:—ਜਿਸ ਨੂੰ ਲੱਜਿਆ ਨਹੀਂ ਬੇਸ਼ਰਮ।

**ਬੇ ਲਿਹਾਜ,** ਵਿ:—ਕਿਸੇ ਦਾ ਲਿਹਾਜ ਨਾਂ ਕਰਨ ਵਾਲਾ।

**ਬੇ ਵਸ(ਸਾ),** ਵਿ:—ਜਿਸਦੇ ਵੱਸ ਕੁਝ ਨਹੀਂ ਕਮਜ਼ੋਰ।

**ਬੇ ਵਸਾਹੀ,** ਸ:—ਵਸਾਹ ਜਾਂ ਭਰੋਸਾ ਨਾ ਹੋਣਾ

**ਬੇ ਵਸੀ,** ਸ:—ਲਚਾਰੀ, ਆਪਣੇ ਵੱਸ ਕੁਝ ਨ ਹੋਣਾ॥

**ਬੇਵਕੂਫ,** ਵਿ:—ਜਿਸ ਨੂੰ ਸਮਝ ਨਹੀਂ, ਮੂਰਖ॥

**ਬੇਵਕੂਫੀ,** ਸ:—ਬੇ ਅਕਲੀ, ਮੂਰਖਤਾਈ॥

**ਬੇਉਂਤ,** ਸ:—ਕਪੜੇ ਦੀ ਕਾਟ, ਜੁਗਤ, ਤਦਬੀਰ, ਬਨਾਉਟ।

**ਬੇਉਂਤਣਾ,** ਕ੍ਰਿ:—ਕਪੜੇ ਦੀ ਕਾਟ ਕਰਨੀ।

**ਬੇਉਂਤਾਉਣਾ,** ਕ੍ਰਿ:—ਕਪੜੇ ਦੀ ਕਾਟ ਕਰਾਉਣਾ

**ਬੇਉਰ,** ਪੁ:—ਜਨਾਨੀ ਪੁਸ਼ਾਕ ਸਿਰ ਦੀ॥

**ਬੇਉਰਾ,** ਪੁ:—'ਬੇਰਵਾ' ਵੇਖੋ॥

**ਬੇਇਲ,** ਪੁ:—ਦੂਜੀ ਵਾਰ ਹਲ ਫੇਰਨ ਦਾ ਕੰਮ॥

**ਬੇਈਂ,** ਸ:—ਛੋਟੀ ਨਦੀ ਜੋ ਲਗਾਤਾਰ ਨਾਂ ਵਗੇ।

**ਬੇਸ਼ਕ,** ਕ੍ਰਿ: ਵਿ:—ਨਿਸਚਾ, ਨਿਡਰ ਹੋਕੇ॥

**ਬੇਸਣ,** ਪੁ:—ਛੋਲਿਆਂ ਦਾ ਆਟਾ।

**ਬੇਸਣੀ,** ਸ:—ਬੇਸਣ ਪਾਕੇ ਬਣਾਈ ਹੋਈ (ਰੋਟੀ ਆਦਿਕ)॥

**ਬੇਸਰ,** ਪੁ:—ਨੱਕ ਦਾ ਗਹਿਣਾ, ਨੱਥ॥

**ਬੇਸਰਾ,** ਪੁ:—ਇੱਕ ਬਾਜ ਵਰਗਾ ਪੰਖੇਰੂ॥

**ਬੇਸਲਾ,** ਵਿ:—ਬੇ ਪਰਵਾਹ, ਬੇ ਫਿਕਰ ਮਸਤ।

**ਬੇਸਵਾ**
**ਬੇਸਵਾਂ** } ਸ:—ਕੰਜਰੀ, ਪੇਸ਼ਾ ਕਰਨ ਵਾਲੀ ਤੀਵੀਂ॥

**ਬੇਹ,** ਪੁ:—ਛੇਕ, ਮੋਰੀ॥
ਸ:—ਬਿਹੁ, ਜ਼ਹਿਰ॥

**ਬੇਹਣ,** ਪੁ:—ਪਣੀਏਂ ਦਾ ਬੀਜ॥

**ਬੇਹਰਮੀਂ(ਵੀਂ),** ਵਿ:—'ਬਿਹਰਮੀ' ਵੇਖੋ॥

**ਬੇਹੜਾ,** ਪੁ:
**ਬੇਹੜੀ,** ਸ: } 'ਬਿਹੜਾ' (ੜੀ) ਵੇਖੋ।

**ਬੇਹਾ,** ਵਿ:—ਜੋ ਸੱਜਰਾ ਨਹੀਂ, ਰਿਹੈਂਕਲਾ ਪਿਆ ਹੋਇਆ॥

**ਬੇਹਾਣ,** ਸ:—ਛਿਆਂ ਮਹੀਨਿਆਂ ਤੋਂ ਲੈਕੇ ਦੋ ਬਰਸਾਂ ਤੱਕ ਦੀ ਉਮਰ ਵਾਲੀ ਬਛੇਰੀ॥

**ਬੇਹੀ,** ਸ:—ਮਿੱਠਾ ਭੱਤ, ਖੁਰਲੀ॥
ਵਿ:—ਜੋ ਸੱਜਰੀ ਨਹੀਂ॥

**ਬੇਹੀ ਠਵੇਹੀ**
**ਬੇਹੀ ਤ੍ਰਬੇਹੀ** } ਵਿ:—ਬਹੁਤ ਬਹੀ, ਤਿੰਨਾਂ ਦਿਨਾਂ ਦੀ ਬੇਹੀ॥

**ਬੇਹੁੜ,** ਪੁ:—'ਵੇਹੁੜ' ਵੇਖੋ॥

Digitized by Panjab Digital Library | www.panjabdigilib.org

**ਬੇਗ,** ਪੁ:—ਮੁਗਲ ਸਰਦਾਰ, ਤੇਜੀ, ਜੋਰ, ਕੁੱਤੇ ਵਾਲਾ ਬੇਲਾ।

**ਬੇਗ,** ਕ੍ਰਿ: ਵਿ:—ਛੇਤੀ, ਜਲਦੀ, ਸਤਾਬੀ।

**ਬੇਗ ਵਿੱਚ ਆਉਣਾ,** ਕ੍ਰਿ:—ਕਾਮ ਦਾ ਜੋਰ ਹੋਣਾ (ਡੰਗਰਾਂ ਵਿਚ)।

**ਬੇਗਮ,** ਸ:—ਮੁਗਲ ਬੀਬੀ, ਮਲਕਾ, ਮੁਸਲਮਾਨ ਰਾਣੀ॥

**ਬੇਗਮੀ,** ਵਿ:—ਬੇਗਮ ਦਾ। ਸ:—ਇੱਕ ਚੰਗੀ ਤਰਾਂ ਦੇ ਚੌਲ॥

**ਬੇਗਾਨੜਾ** / **ਬੇਗਾਨਾ** } ਵਿ:—ਓਪਰਾ, ਜਿਸ ਨਾਲ ਕੁਝ ਸਾਕ ਨਹੀਂ, ਪਰਾਯਾ।
ਪੁ:—ਪਰਦੇਸੀ, ਬਾਹਰੋਂ ਆਯਾ ਹੋਯਾ।

**ਬੇਗਾਰ,** ਸ:—ਜਬਰਦਸਤੀ ਫੜਕੇ ਕੰਮ ਕਰਾਉਣਾ

**ਬੇਗਾਰ ਟਾਲਣਾ,** ਕ੍ਰਿ:—ਬੇ ਪਰਵਾਹੀ ਨਾਲ ਕੰਮ ਕਰਨਾ॥

**ਬੇਗਾਰੀ** / **ਬੇਗਾਰੂ** } ਵਿ:—ਬੇਗਾਰ ਤੇ ਲੱਗਾ ਹੋਯਾ, ਜਿਸ ਕੋਲੋਂ ਫੜਕੇ ਕੰਮ ਲਿਆ ਜਾਵੇ॥

**ਬੇਗੀ,** ਸ:—ਬੇਗਮ ਦੀ ਮੂਰਤ ਵਾਲਾ ਤਾਸ ਦਾ ਪੱਤਾ।

**ਬੇੱਚਣਾ,** ਕ੍ਰਿ:—ਮੁੱਲ ਲੈਕੇ ਚੀਜ਼ ਦੇਣੀ॥

**ਬੇੱਜਾ,** ਪੁ:—ਝੂਠਾ ਬਹਾਨਾ (ਮਾਰਨਾ)॥

**ਬੇਝੜ,** ਸ:—ਕਈ ਅਨਾਜਾਂ ਦਾ ਮੇਲ, ਗੋਜਰਾ॥

**ਬੇਟ,** ਪੁ:—ਦਰਿਆ ਦੇ ਲਾਗੇ ਦੀ ਨੀਵੀਂ ਧਰਤੀ॥

**ਬੇਟਾ,** ਪੁ:—ਪੁਤ੍ਰ, ਲੜਕਾ, ਬੱਚਾ, ਸ਼ਾਗਿਰਦ, ਮੁੰਡਾ ਕਾਕਾ

**ਬੇਟਾ ਬਣਾਉਣਾ,** ਕ੍ਰਿ:—ਕਿਸੇ ਮੁੰਡੇ ਨੂੰ ਆਪਣਾ ਪੁਤ੍ਰ ਥਾਪਣਾ

**ਬੇਟੀ,** ਸ:—ਧੀ, ਕਾਕੀ, ਪੁਤ੍ਰੀ, ਕੰਨਿਆ, ਕੁੜੀ।

**ਬੇਣਤੀ,** ਸ:—'ਬਿਨਤੀ' ਵੇਖੋ।

**ਬੇਂਤ,** ਪੁ:—ਇੱਕ ਲਚਕਦਾਰ ਲੱਕੜੀ॥
ਸ:—ਬੇਉਤ।

**ਬੇਤਾਲ,** ਪੁ:—ਭੂਤਨਾ, ਜਿੰਨ॥
ਵਿ:—ਜਿਸ ਦੀ ਤਾਲ ਠੀਕ ਨਹੀਂ॥

**ਬੇਦ,** ਪੁ:—'ਵੇਦ' ਵੇਖੋ, ਇਕ ਲਚਕਦਾਰ ਲਕੜੀ॥

**ਬੇਦ ਮੁਸ਼ਕ,** ਪੁ:—ਇਕ ਖੁਸ਼ਬੋਦਾਰ ਦਰਖਤ ਜਿਸ ਦੇ ਫੁੱਲਾਂ ਦਾ ਅਰਕ ਬਹੁਤ ਠੰਢਾ ਹੁੰਦਾ ਹੈ॥

**ਬੇਦਣ** / **ਬੇਦਣ ਬਾਵੀ** } ਸ:—ਬੇਦੀ ਜਾਤ ਦੀ ਤੀਮਤ॥

**ਬੇਦਨ** / **ਬੇਦਨਾ** } ਸ:—ਪੀੜ, ਔਖ, ਅੰਦਰਲਾ ਦੁੱਖ।

**ਬੇਦਾਂਤ** / **ਬੇਦਾਂਤੀ** } 'ਵੇਦਾਂਤ' ਆਦਿਕ ਵੇਖੋ।

**ਬੇਦੀ,** ਪੁ:—ਖਤ੍ਰੀਆਂ ਦੀ ਇਕ ਜਾਤ ਜਿਸ ਵਿੱਚ ਗੁਰੂ ਨਾਨਕ ਸਾਹਿਬ ਦਾ ਜਨਮ ਹੋਇਆ॥
ਸ:—ਵਿਆਹ ਕਾਜ ਜਾਂ ਜੱਗ ਹੋਣ ਵਾਸਤੇ ਲਕੜਾਂ ਗੱਡ ਕੇ ਬਣਾਈ ਹੋਈ ਥਾਂ॥

Digitized by Panjab Digital Library | www.panjabdigilib.org

**ਬੇਦੀ ਬਾਵਾ,** ਪੁ:—ਬੇਦੀ ਜਾਤ ਦਾ ਖਤ੍ਰੀ।

**ਬੇਂਧਵਾ,** ਪੁ:—ਮਾਂ ਦੇ ਦੁੱਧ ਦੀ ਖਰਾਬੀ ਜਿਸ ਕਰ ਕੇ ਬਾਲਕ ਰੋਗੀ ਹੋ ਜਾਵੇ (ਲੰਗਾਲਾ)।

**ਬੇਂਧਵਾਰ,** ਵਿ:—ਬੜਾ ਕਰਜਾਈ, ਫਸਿਆ ਹੋਯਾ, ਬੁਰੇ ਹਾਲ।

**ਬੇਧਾ,** ਪੁ:—ਪਸ਼ੂਆਂ ਨੂੰ ਦੇਣ ਵਾਲੇ ਕੀੜੇ॥

**ਬੇਨੌਤੀ,** ਸ:—'ਬਿਨਤੀ' ਵੇਖੋ।

**ਬੇਨਵਾ,** ਵਿ:—ਜਿਸਨੂੰ ਜਗਤ ਦੀ ਪਰਵਾਹ ਨਹੀਂ, ਫਕੀਰ॥

**ਬੇਬੇ,** ਸ:—ਸਿਆਣੀ ਤ੍ਰੀਮਤ, ਮਾਂ, ਸੱਸ, ਵੱਡੀ ਭੈਣ ਆਦਿਕ॥

**ਬੇਮੁਖ,** ਵਿ:—ਜੋ ਆਪਣੀ ਕੀਤੀ ਕਰੇ, ਗੁਰੂ ਦੀ ਨਾ ਮੰਨੇ।

**ਬੇਰ,** ਪੁ:—ਮਸ਼ਹੂਰ ਰੁੱਖ ਅਤੇ ਉਹ ਦੇ ਗੋਲ ਗੋਲ ਫਲ।

ਸ:—ਵਾਰੀ (ਬਾਰ ਬੇਰ, ਕ੍ਰਿ: ਵਿ:—ਅਕਸਰ)

**ਬੇਰਵਾ,** ਪੁ:—ਵਰਕ, ਪਛਾਣ, ਸਾਰਾ ਹਾਲ।

**ਬੇਰੜਾ,** ਪੁ:—ਕਣਕ ਅਤੇ ਛੋਲੇ ਮਲੇ ਹੋਏ ਜਿਸ [illegible]। ਖੱਤ੍ਰੀਆਂ ਦੀ ਇੱਕ ਜਾਤ॥

**ਬੇਰੜੀ,** ਸ:—ਕਣਕ ਅਤੇ ਛੋਲੇ ਮਿਲੇ ਹੋਏ, ਸਾਰੀ ਜਾਇਦਾਦ, ਜੋ ਕੁਝ ਪਲ ਹੋਵੇ (ਬੇਰੜੀ ਵਿਚ ਜਾਣਾ)॥

**ਬੇਰਾ,** ਪੁ:—ਬੀਤਿਆ ਹੋਇਆ ਸਮਾਂ, ਕਬਾਬ॥

**ਬੇਲੀ,** ਸ:—ਖੱਤ੍ਰੀਆਂ ਦੀ ਇੱਕ ਸਾਖ, ਵਾਰੀ, ਵੇਲ, ਬੇਰ ਦਾ ਰੁੱਖ।

**ਬੇਲ,** ਸ:—ਧਰਤੀ ਉੱਤੇ ਫੈਲਣ ਜਾਂ ਹੋਰ ਕਿਸੇ ਚੀਜ਼ ਨਾਲ ਲੱਗਕੇ ਉੱਪਰ ਚੜ੍ਹਨ ਵਾਲਾ ਬੂਟਾ, ਫੁਲਕਾਰੀ, ਛੀਂਟ, ਘਰੇ ਆਦਿਕ ਦੀ ਲੰਬਾਈ, ਲਾਗੀਆਂ ਨੂੰ ਵਿਆਹ ਆਦਿਕ ਪੁਰ ਜੋ ਬਖ਼ਸ਼ੀਸ਼ ਦਿੱਤੀ ਜਾਵੇ, ਕੱਢੀਆਂ ਹੋਈਆਂ ਹੋਈਆਂ ਫੁਲਦਾਰ ਦੀਆਂ ਦੋ ਜਾਂ ਵਧੀਕ ਜੋੜੀਆਂ, ਔਲਾਦ, ਨਸਲ।

**ਬੇਲਦਾਰ,** ਵਿ:—ਜਿਸ ਕਪੜੇ ਜੁੱਤੀ ਲਕੜੀ ਆਦਿਕ ਉੱਤੇ ਬੇਲ ਬੂਟੇ ਕੱਢੇ ਹੋਏ ਹੋਣ, ਰੰਗਾ ਲੰਮਾ ਪਸ਼ੂ।

**ਬੇਲ ਬੂਟਾ,** ਪੁ:—ਕਪੜੇ ਜੁੱਤੀ ਆਦਿਕ ਉੱਤੇ ਕੱਢੀਆਂ ਹੋਈਆਂ, ਪੱਤਿਆਂ, ਫਲਾਂ ਅਤੇ ਬੇਲਾਂ ਦੀਆਂ ਸ਼ਕਲਾਂ।

**ਬੇਲ ਵਧਣਾ,** ਕ੍ਰਿ:—ਫਲ ਲੱਗਣਾ ਔਲਾਦ ਹੋਣੀ॥

**ਬੇਲਚੀ,** ਸ:—ਫੇਲ ਸਾਂ ਰੰਗ ਦੀ ਭੇਡ ਜਾਂ ਬਕਰੀ ਦੀ ਖਲ।

**ਬੇਲਣ / ਬੇਲਨ,** ਸ:—ਬੇਲਣ ਵਾਲਾ ਸੰਦ (ਜੂੰ ਗੰਨਾ ਆਦਿਕ) ਹਲਣ ਦਾ ਧਰਾ, ਸੜਕ ਕੁੱਟਣ ਵਾਲਾ ਪੱਥਰ ਦਾ ਸੰਦ।

**ਬੇਲਣਾ / ਬੇਲਨਾ,** ਪੁ:—ਜਿਸ ਸੰਦ ਨਾਲ ਗੰਨੇ ਪੀੜਕੇ ਰਹੁ ਕਢਦੇ ਹਨ, ਜਾਂ ਕਪਾਹ ਨੂੰ ਨਪਿੰਜਣ ਨੂੰ ਵੇਲਦੇ ਹਨ ਜਾਂ ਚਕਲੇ ਉੱਤੇ ਰੱਖਕੇ ਰੋਟੀ ਚੌੜੀ ਕਰਦੇ ਹਨ, ਵੇਲਣੀ॥

ਕ੍ਰਿ: -(ਗੰਨੇ) ਪੀੜਨਾ, (ਕਪਾਹ) ਨਪਿੰਜਣੀ, (ਰੋਟੀ) ਚੌੜੀ ਕਰਨੀ, ਵੇਲਣੀ (ਲਾੜੇ ਦੇ ਸਿਰ ਉੱਤੇ) ਮਾਰਨੀ॥

Digitized by Panjab Digital Library | www.panjabdigilib.org

**ਬੇਲਣੀ,** ਸ੍ਤ੍ਰੀ:—ਛੋਟਾ ਬੇਲਣਾ (ਕਪਾਹ ਵੇਲਣ ਵਾਲਾ ਜਾਂ ਕਿਸੇ ਹੋਰ ਤਰਾਂ ਦਾ)।

**ਬੇਲੜਾ,** ਪੁ:—'ਬੇਰੜਾ' ਵੇਖੋ।

**ਬੇਲਾ,** ਪੁ:—ਵਖਤ, ਸਮਾ, ਮੌਕਾ, ਵੇਹਲ, 'ਵੇਲਾ' ਵੇਖੋ॥

**ਬੋਲਾ,** ਪੁ:—ਝੰਗੀ, ਜਿੱਥੇ ਘਾਹ ਅਤੇ ਕਾਹੀ ਬਹੁਤ ਹੋਵੇ, ਕੱਠੇ ਜੋੜੇ ਹੋਏ ਬਲਦਾਂ ਦੀ ਦੂਜੀ ਜਾਂ ਤੀਜੀ ਜੋੜੀ॥

**ਬੇਲੀ,** ਪੁ:—ਮਿੱਤ੍ਰ, ਸਾਥੀ, ਯਾਰ, ਦੋਸਤ, ਆਸ਼ਕ।

**ਬੇਲੂਆ,** ਪੁ:—(ਪਿੱਤਲ ਜਾਂ ਤਾਂਬੇ ਦੀ) ਛੋਟਾ ਪਿਆਲੀ।

**ਬੇਵਰ,** ਪੁ:—'ਬੇਓਰ' ਵੇਖੋ॥

**ਬੇਵਾ,** ਸ੍ਤ੍ਰੀ:—ਵਿਧਵਾ, ਰੰਡੀ।
ਵਿ:—ਜੋ ਇੱਧਰ ਓੱਧਰ ਫਿਰੇ (ਪਸ਼ੂ)॥

**ਬੇਵੇ,** ਸ੍ਤ੍ਰੀ:—'ਬੇਬੇ' ਵੇਖੋ॥

**ਬੇੜ,** ਪੁ:—ਘਾਹ ਅਤੇ ਕੱਖ ਦਾ ਰਸਾ

**ਬੇੜ ਬਟਣਾ,** ਪੁ:—ਘਾਹ ਜਾਂ ਸਣ ਦਾ ਰਸਾ ਵੱਟਣ ਵਾਲਾ ਲਕੜੀ ਦਾ ਸੰਦ॥

**ਬੇਤੂਮੀ,** ਸ੍ਤ੍ਰੀ:—ਦੋ ਤਹਿੰਆਂ ਵਾਲੀ ਜਿਸ ਵਿਚ ਦਾਲ ਹੋਵੇ (ਰੋਟੀ)।

**ਬੇੜ੍ਹਾ,** ਪੁ:—ਬੇਹੜਾ, ਸਹਿਣ, ਅੰਗਣ।

**ਬੇੜਾ,** ਪੁ:—ਵੱਡੀ ਬੇੜੀ, ਜਹਾਜ਼ਾਂ ਦਾ ਕੱਠ, ਫੌਜ, ਲਸ਼ਕਰ, ਕਠੀਆਂ ਬੱਝੀਆਂ ਹੋਈਆਂ ਤਰਨ ਵਾਲੀਆਂ ਸ਼ਤੀਰੀਆਂ॥

**ਬੇੜਾ ਗਰਕ ਹੋਣਾ (ਜਾਣਾ)**
**ਬੇੜਾ ਡੁੱਬਣਾ (ਡੋਬ ਬੈਠਣਾ)**
**ਬੇੜਾ ਰੁੜ੍ਹਨਾ,** } ਕ੍ਰਿ:—ਕੱਖ ਨਾ ਰਹਿਣਾ, ਸਭ ਕੁਝ ਨਸ਼ਟ ਹੋ ਜਾਣਾ॥

**ਬੇੜਾ ਡੋਲਣਾ,** ਕ੍ਰਿ:—ਖਤਰੇ ਦੀ ਹਾਲਤ ਹੋਣੀ।

**ਬੇੜਾ ਪਾਰ ਹੋਣਾ (ਲੱਗਣਾ),** ਕ੍ਰਿ:—ਦੁਖ ਦੂਰ ਹੋਣੇ, ਮੁਰਾਦ ਪੂਰੀ ਹੋਣੀ॥

**ਬੇੜਾ ਪਾਰ ਕਰਨਾ**
**ਬੇੜਾ ਪਾਰ ਲਾਉਣਾ** } ਕ੍ਰਿ:—ਸਹਾਇਤਾ ਕਰ ਕੇ ਦੁਖ ਦੂਰ ਕਰਨੇ ਜਾਂ ਕੰਮ ਬਨਾਉਣਾ॥

**ਬੇੜੀ,** ਸ੍ਤ੍ਰੀ:—ਕਾਠ ਦੀ ਉਹ ਚੀਜ਼ ਜਿਸ ਵਿੱਚ ਚੜ੍ਹ ਕੇ ਨਦੀ ਦੇ ਪਾਰ ਜਾਈਦਾ ਹੈ, ਲੋਹੇ ਦਾ ਕੜਾ ਕੈਦੀਆਂ ਦੀ ਲੱਤ ਵਿੱਚ ਪਾਉਣ ਵਾਲਾ, ਬੰਧਨ, ਵਿਆਹ॥

**ਬੇੜੀ ਕੱਟਣਾ**
**ਬੇੜੀ ਵੱਢਣਾ,** } ਕ੍ਰਿ:—ਕੈਦੋਂ ਛੁੱਟਣਾ, ਮੁੱਕ੍ਰ ਹੋ ਜਾਣਾ॥

**ਬੇੜੀ ਪੈਣੀ,** ਕ੍ਰਿ:—ਕੈਦ ਹੋਣਾ, ਵਿਆਹ ਹੋ ਜਾਣਾ॥

**ਦੋ ਬੇੜੀਆਂ ਵਿੱਚ ਲੱਤ ਹੋਣੀ,** ਕ੍ਰਿ:—ਅਜੇਹੇ ਦੋ ਕੰਮਾਂ ਵਿਚ ਫਸੇ ਹੋਣਾ ਕਿ ਦੋਵੇਂ ਨਾ ਨਿਭ ਸੱਕਣ।

**ਬੇੜੀਆਂ ਵਿੱਚ ਵੱਟੇ ਪੈਣੇ,** ਕ੍ਰਿ:—ਬਰਬਾਦੀ ਦਾ ਮੁੱਢ ਬਝਣਾ।

**ਬੈ,** ਪੁ:, ਸ੍ਤ੍ਰੀ:—(ਕਿਸੇ ਚੀਜ਼ ਦੀ) ਬਿਕਰੀ, ਮੁੱਲ ਠਹਿਰਾਉਣਾ।

**ਬੈ ਨਾਮਾ,** ਪੁ:—ਬਿਕਰੀ ਦੀ ਬਾਬਤ ਅਸ਼ਟਾਮ ਦਾ ਕਾਗਤ॥

Digitized by Panjab Digital Library | www.panjabdigilib.org

**ਬੋਆ,** ਪੁ:—'ਬਦਾ' ਵੇਖੋ ॥

**ਬੈਸ (ਨ),** ਪੁ:—ਤੀਜਾ ਬਰਨ, ਬਾਣੀਏ ਦੀ ਜਾਤ ॥

**ਬੈਸੰਤਰ**
**ਬੈਸੰਤਰ ਦੇਉਤਾ** } ਪੁ:—ਅਗ, ਅਗਨ ਦੇਉਤਾ ।

**ਬੈਸ਼ਨੋ,** ਪੁ:—ਬਿਸ਼ਨ ਜੀ ਦਾ ਉਪਾਸਕ, ਜੋ ਮਾਸ ਨਾ ਖਾਵੇ ।

**ਬੈਸੂਲ,** ਪੁ:—ਬਾਈ ਕਰਕੇ ਜੋ ਢਿੱਡ ਵਿੱਚ ਪੀੜ ਹੋਵੇ ॥

**ਬੈਕੁੰਠ,** ਪੁ:—ਸੁਰਗ, ਪਰਲੋਕ ਵਿੱਚ ਸੁਖ ਦੀ ਥਾਂ ।

**ਬੈਂਗਣ,** ਪੁ:—ਬਤਾਊਂ, ਮਸ਼ਹੂਰ ਭਾਜੀ ।

**ਬੈਂਗਣੀ,** ਵਿ:—ਜਿਸ ਦਾ ਬੈਂਗਣ ਵਰਗਾ ਰੰਗ ਹੈ ।

**ਬੈਂਛਰ,** ਪੁ:—ਮੋਟਾ ਅਤੇ ਤਕੜਾ ਪਰ ਮੂਰਖ ਮਨੁੱਖ ॥

**ਬੈਂਛਰੀ,** ਸ:—ਨ ਸੂਣ ਵਾਲੀ ਮੱਝ (ਜੋ ਭਾਰ ਢੋਵੇ ਅਤੇ ਹਲ ਵਾਹੇ) ਮੋਟੀ ਅਤੇ ਤਕੜੀ ਪਰ ਬੇ ਅਕਲ ਤੀਮਤ ॥

**ਬੈਟ,** ਪੁ:—ਬੱਲਾ, ਜਿਸ ਨਾਲ ਗੇਂਦ ਖੇਡਦੇ ਹਨ ।

**ਬੈਠਕ,** ਸ:—ਬੈਠਣ ਦੀ ਥਾਂ, ਮਰਦਾਂ ਦੇ ਬੈਠਣ ਦਾ ਕਮਰਾ, ਬੈਠਣ ਦਾ ਕੰਮ ਜਾਂ ਹਾਲਤ, ਉੱਠਣ ਬੈਠਣ ਦੀ ਕਸਰਤ ।

**ਬੈਠਕਾਂ ਕੱਢਣੀਆਂ,** ਕ੍ਰਿ:—ਕਈ ਵਾਰ ਉੱਠਣ ਬੈਠਣ ਦੀ ਕਸਰਤ ਕਰਨੀ । ਉਠਕ ਬੈਠਕ ਕਰਨੀ ।

**ਬੈਠਣਾ,** ਕ੍ਰਿ:—ਚੱਤੜਾਂ ਗੋਡਿਆਂ ਜਾਂ ਪੈਰਾਂ ਦੇ ਭਾਰ ਟਿਕਣਾ, ਕਮ ਹੋਣਾ, ਠੀਕ ਥਾਂ ਰੱਖਿਆ ਜਾਣਾ (ਪੱਥਰ, ਕਿੱਲ, ਛੋਟ ਆਦਿਕ), ਡਿਗ ਪੈਣਾ (ਛੱਤ ਆਦਿਕ), ਅਸਰ ਹੋਣਾ (ਉਪਦੇਸ਼ ਆਦਿਕ), ਹੋਣਾਂ ਲਗ ਜਾਣਾ (ਖੰਡ, ਧੰਦਾ ਆਦਿਕ), ਕਿਸੇ ਕਾਰੇ ਲੱਗਣਾ ਇਮਤਿਹਾਨ ਵਿਚ ਜਾਣਾ, ਕਿਸੇ ਕੰਮ ਦਾ ਉਸਤਾਦ ਹੋਣਾ, ਕੋਈ ਕੰਮ ਕਾਰ ਨਾ ਹੋਣਾ, ਪੜ੍ਹਨੇ ਪੈਣਾ (ਸਕੂਲ ਜਾਂ ਮਦਰਸੇ ਬੈਠਣਾ)॥

**ਸੰਘ ਬੈਠਣਾ**
**ਗਲਾ ਬੈਠਣਾ** } ਕ੍ਰਿ:—ਅਵਾਜ਼ ਨਾ ਨਿਕਲ ਸਕਣੀ ॥

**ਢੇਰਾ ਬੈਠਣਾ,** ਕ੍ਰਿ:—ਵੱਡੇ ਤੋਂ ਅਰਾਮ ਆ ਜਾਣਾ ॥

**ਬੈਠਮਾਂ (ਵਾਂ),** ਵਿ:—ਬੈਠਣ ਦੀ ਹਾਲਤ ਵਿੱਚ ਬੈਠਾ ਹੋਇਆ ।

**ਬੈਠਵਾਂ ਜੋੜਾ,** ਪੁ:—ਜਿਸ ਜੁੱਤੀ ਦੀ ਅੱਡੀ ਬੈਠੀ ਹੋਵੇ ।

**ਬਠਾਉਣਾ**
**ਬੈਠਾਲਣਾ** } ਕ੍ਰਿ:—ਬੈਠਣ ਦੇਣਾ, ਟਿਕਾਉਣਾ, ਕੰਮ ਕਰਨਾ, ਕਾਰੇ ਲਾਉਣਾ, ਠੀਕ ਥਾਂ ਰੱਖਣਾ ।

**ਬੈਂਡ,** ਪੁ:—ਫ਼ੌਜੀ ਵਾਜਾ ।

**ਬੈਂਡਾ,** ਵਿ:—ਟੇਢਾ, ਵਿੰਗਾ, ਅਜੀਬ, ਔਖਾ ॥

**ਬੈਣ,** ਪੁ:—ਮਰਦੇ ਦੇ ਗੁਣ ਗਾਉਂਦੇ ਜੋ ਵਿਰਲਾਪ ਕੀਤਾ ਜਾਏ (ਪਾਉਣੇ)॥

Digitized by Panjab Digital Library | www.panjabdigilib.org

**ਵੈਂਤ,** ਵਿ:—ਇੱਕ ਲਚਕਦਾਰ ਲਕੜੀ, (ਮਾਰਨਾ ਲਾਉਣਾ) ॥
ਪੁ:—ਇੱਕ ਤਰਾਂ ਦਾ ਛੰਦ ਦੋ ਤੁੱਕਾਂ ਵਾਲਾ ।

**ਵੈਤਲ,** ਪੁ:, ਸ: —ਆਲਸੀ, ਮੂਰਖ, ਅਵਾਰਾ ।

**ਵੈਤਾਲੀ,** ਵਿ:—ਦੋ ਉੱਪਰ ਚਾਲੀ ।

**ਵੈਦ,** ਪੁ:—ਹਕੀਮ, ਰੋਗੀਆਂ ਦਾ ਇਲਾਜ ਕਰਨ ਵਾਲਾ ॥

**ਵੈਦਕ**
**ਵੈਦਗੀ**
**ਵੈਦੰਗੀ** } ਪੁ:—ਹਿੰਦੀ ਹਕੀਮੀ ਦੀ ਵਿੱਦਿਆ, ਵੈਦ ਦਾ ਕੰਮ ।

**ਵੈਦਣ (ਣੀ),** ਸ:—ਹਕੀਮਣੀ, ਵੈਦ ਦੀ ਵਹੁਟੀ ।

**ਵੈਦੜਾ,** ਪੁ:—ਝੂਠਾ ਵੈਦ, ਸ਼ੇਖੀ ਖੋਰਾ, ਦੁਸ਼ਟ ਗਭਰੂ ਮਨੁੱਖ ॥

**ਵੈਨ,** ਪੁ:—ਬਚਨ, ਬੋਲੀ, ਗੱਲ ਬਾਤ ।

**ਵੈਨ ਬਾਵਲੀ**
**ਵੈਨ ਬੈਰੀ** } ਸ:—ਰੋਂਦੀ ਹੱਸਦੀ ਬਾਵਲੀ ॥

**ਵੈਪਾਰ**
**ਵੈਪਾਰਣ**
**ਵੈਪਾਰੀ** } 'ਬ੍ਯਪਾਰ' ਆਦਿਕ ਵੇਖੋ ।

**ਵੈਰ,** ਪੁ:—ਦੁਸ਼ਮਣੀ, ਵਿਰੋਧ, ਈਰਖਾ, ਬੁਰਾ ਚਿਤਵਣਾ । ਨਾਲੇ 'ਵੈੜ' ਵੇਖੋ ॥

**ਵੈਰਕ (ਖ),** ਸ:, ਪੁ:—ਝੰਡਾ, ਨਿਸ਼ਾਨ, ਸਿਪਾਹੀਆਂ ਦਾ ਡੇਰਾ ॥

**ਵੈਰਨ,** ਸ:—ਵੈਰ ਕਰਨ ਵਾਲੀ, ਦੁਸ਼ਮਣ, ਦੋਖਣ ॥

**ਵੈਰਾ,** ਪੁ:—ਛੱਤ ਦੀਆਂ ਵਿੰਗੀਆਂ ਕੜੀਆਂ ਨੂੰ ਜਮਾ ਕੇ ਟਿਕਾਣ ਲਈ ਜੋ ਲਕੜੀ ਦਾ ਟੁਕੜਾ ਵਿੱਚ ਫਸਾਇਆ ਜਾਵੇ, ਪੱਕਿਆਈ ਵਾਸਤੇ ਕੰਧ ਵਿੱਚ ਦਿਤੀ ਜੋੜੀ ਲਕੜੀ ॥

**ਵੈਰਾਗ**
**ਵੈਰਾਗਣ**
**ਵੈਰਾਗੀ** } 'ਬਿਰਾਗ' ਆਦਿਕ ਵੇਖੋ ॥

**ਵੈਰੀ,** ਪੁ:—ਵੈਰ ਕਰਨ ਵਾਲਾ, ਦੁਸ਼ਮਣ, ਦੋਖੀ,

**ਵੈਲ,** ਪੁ:—ਬਲਦ, ਸਾਨ੍ਹ, ਲੁੱਚ ਪੁਣਾ, ਅਹਿਮਕ, ਢੱਗਾ ।

**ਵੈਲਦਾਰ,** ਪੁ:—ਲੁੱਚਾ, ਬਦਮਾਸ਼, ਉਜਾੜੂ, ਐਬੀ ॥

**ਵੈਲੀ,** ਪੁ:—'ਵੈਲਦਾਰ' ਵੇਖੋ ॥

**ਵੈੜ,** ਸ:—ਵੇਲਣ ਦਾ ਉਹ ਚੱਕਰ ਜਿਸ ਉੱਤੇ ਮਾਲ੍ਹ ਹੁੰਦੀ ਹੈ, ਕੱਤਣ ਵਾਲ ਚਰਖੇ ਦੇ ਚੱਕਰ ਦੇ ਦੋ ਹਿੱਸਿਆਂ ਨੂੰ ਜੋੜਨ ਵਾਲੀ ਰੱਸੀ ॥

**ਵੈੜਿਆ ਹੋਇਆ,** ਵਿ:—ਮੂਰਖ, ਬੇਅਕਲ, ਬੇ-ਅਨੁਭਾ ॥

**ਵੌਂ,** ਸ:—ਬੁਰੀ ਮੁਸ਼ਕ, ਹੰਕਾਰ, ਮਜ਼ਾਜ, ਜੁਲਾਹੇ ਦੇ ਸਮਿਆਨ ਦੀ ਇਕ ਚੀਜ਼, ਬੁਰੀ ਖਬਰ (ਨਿਕਲ ਜਾਣੀ) ॥

**ਵੌਂ,** ਪੁ:—ਘੁਮਿਆਰ ਦੀ ਸਾਣ ਦਾ ਜੁਲਾਹਾ ॥

**ਵੈਸਾ,** ਪੁ:—ਚੂੰਮੀ ।

Digitized by Panjab Digital Library / www.panjabdigilib.org

**ਬੋਹਣੀ**, ਸ:—ਸਭ ਤੋਂ ਪਹਿਲੀ ਵੱਟਕ(ਕਰਨੀ)॥

**ਬੋਹਲ**, **ਬੇਹਲ** } ਪੁ:—'ਬੁਹਲ' ਵੇਖੋ॥

**ਬੋਹਲੀ**, **ਬੋਹੁਲੀ** } ਸ:—ਛੋਟਾ ਬੋਹਲ, ਢੇਰੀ, ਛੱਤੇ ਆਦਿਕ ਵਿੱਚ ਕੀੜਿਆਂ ਦਾ ਗੰਠ।

**ਬੋਹੜ**, **ਬੋਹੁੜ** } ਪੁ:—ਮਸ਼ਹੂਰ ਰੁੱਖ ਬੜੀ ਛਾਉਂ ਵਾਲਾ।

**ਬੋਕ**, ਪੁ:—ਇੱਕ ਚੰਗੀ ਨਸਲ ਦਾ ਬਕਰਾ, ਕਣੀ ਬਕਰਾ।

**ਬੋੱਕਾ**, ਪੁ:—ਖੂਹ ਵਿੱਚੋਂ ਪਾਣੀ ਕੱਢਣ ਵਾਲਾ ਚੰਮ ਦਾ ਡੋਲ, ਪੱਟੀ ਉੱਤੇ ਲਿਖਣ ਵਾਲੇ ਰੰਗ ਦੀ ਕੁੱਜੀ॥

**ਬੋੱਕੀ**, ਸ:—ਛੋਟਾ ਬੋੱਕਾ॥

**ਬੋਗਨਾ**, ਪੁ:—ਗੜਵੀ ਆਦਿਕ ਨੂੰ ਢਕਣ ਵਾਸਤੇ ਜੋ ਰੁਮਾਲ ਜਾਂ ਕਪੜਾ ਬੰਨ੍ਹਿਆ ਜਾਵੇ, ਬੰਗਲਾ।

**ਬੋਚਣਾ**, ਕ੍ਰਿ:—ਉੱਪਰੋਂ ਡਿਗਦੇ ਖਿਦੋ ਜਾਂ ਕਿਸੇ ਹੋਰ ਸ਼ੈ ਨੂੰ ਹੱਥ ਵਿਚ ਲੈ ਲੈਣਾ, ਝੋਪਣਾ॥

**ਬੋਝ**, ਪੁ:—ਭਾਰ, ਔਖ, ਚਿੰਤਾ, ਖੁਰਾਕ ਦਾ ਨਾ ਪਚਣਾ (ਹੋਣਾ)॥

**ਬੋਝਲ** ਵਿ:—ਭਾਰਾ, ਜੋ ਚੁੱਕਿਆ ਨਾ ਜਾਏ, ਜੋ ਨਾ ਪਚੇ॥

**ਬੋੱਝਾ**, ਪੁ:—ਭਾਰ, ਬੇਗਾਰੀ ਦਾ ਭਾਰ, ਐਬ, ਖੀਸਾ।

**ਬੋਟ**, ਪੁ: ਚਿੜੀ ਦਾ ਬਹੁਤ ਛੋਟਾ ਬੱਚਾ ਜੋ ਉੱਡ ਨਾ ਸਕੇ॥

**ਬੋੱਟਾ**, ਪੁ:—ਗੰਨੇ ਦਾ ਟੋਟਾ (ਬੀਜਣ ਵਾਸਤੇ)।

**ਬੋੱਟੀ**, ਸ:—ਮਾਸ ਦਾ ਛੋਟਾ ਟੁਕੜਾ॥

**ਬੋਡ**, **ਬੋੱਡੀ** } ਸ:—ਪੁਰਾਣਾ ਜਾਂ ਸਲ੍ਹਾਬੇ ਦਾ ਮਾਰਿਆ ਹੋਇਆ ਅਨਾਜ।

**ਬੋੱੜਾ**, **ਬੋੱੜੀ**, } ਵਿ:—ਪੁਰਾਣਾ ਹੋਕੇ ਕਮਜ਼ੋਰ ਹੋਇਆ ਹੋਇਆ, ਕੀੜਿਆਂ ਦਾ ਖਾਧਾ ਹੋਇਆ, ਗਲਿਆ ਸੜਿਆ (ਕਪੜਾ, ਲੱਕੜ,, ਨਿਕੰਮਾ, ਬਾਹਿਆ, ਨਿਰਬਲ, ਡਰਪੋਕ (ਮਨੁੱਖ)॥

**ਬੋਣਾ**, ਪੁ: **ਬੋਣੀ**, ਸ: } ਕੁਮਿਆਰ ਦੀ ਜਾਤ ਦਾ (ਦੀ) ਮੁਲਾਹਾ (ਹੀ)॥

**ਬੋਤ**, ਪੁ:—'ਬੋਟ' ਵੇਖੋ।

**ਬੋਤਲ**, **ਬੋਦਲ** } ਸ:—ਨਿੱਕੇ ਮੂੰਹ ਵਾਲਾ ਕੱਚ ਦਾ ਭਾਂਡਾ॥

**ਬੋੱਤਾ**, ਪੁ: **ਬੋੱਤੀ**, ਸ: } ਊਠ ਦਾ ਬੱਚਾ॥

**ਬੋਦਲਾ**, ਪੁ:—ਹਲਕਾਏ ਕੁੱਤੇ ਦੇ ਵੱਢਣ ਦਾ ਅਸਰ ਹਟਾਉਣ ਵਾਲਾ ਫਕੀਰ॥
ਵਿ:—ਸਿੱਧਾ, ਮੂਰਖ, ਭੋਲਾ।

**ਬੋੱਦਾ**, ਵਿ: —'ਬੋੱੜਾ' ਵੇਖੋ॥
ਪੁ:—ਬਹੁਤ ਲੰਮੀ ਬੋੱਦੀ॥

**ਬੋੱਦੀ**, ਵਿ:—'ਬੋੱੜੀ' ਵੇਖੋ॥
ਸ: -ਸਿਰ ਦੇ ਵਿਚਕਾਰਲੇ ਲੰਮੇ ਵਾਲ ਜੋ ਹਿੰਦੂ ਰਖਦੇ ਹਨ, ਪਰਾਂਦੀ॥

Digitized by Panjab Digital Library | www.panjabdigilib.org

**ਬੋਧ,** ਪੁ:—ਗਿਆਨ, ਇਲਮ, ਸਮਝ ॥

**ਬੋਧਾ**
**ਬੋਧੀ** } ਵਿ:—ਜਿਸ ਨੂੰ ਬੋਧ ਹੋਵੇ, ਸਮਝਦਾਰ।

**ਬੋਝਾ**
**ਬੋੱਝਾ** } ਪੁ:—ਕਿਸੇ ਦਾ ਸਾਰਾ ਮਾਲ ਅਸਬਾਬ (ਵੈਰ ਨਾਲ ਆਖਦੇ ਹਨ) ॥

**ਬੋਬੀ**
**ਬੋਬੋ** } ਸ:—ਭੈਣ, ਮਾਂ (ਪਿਆਰ ਦਾ ਬਚਨ) ।

**ਬੋਰ,** ਪੁ:—ਸੋਨੇ ਜਾਂ ਚਾਂਦੀ ਦਾ ਛਣਕਣ ਵਾਲਾ ਗਹਿਣਾ ॥

**ਬੋਰਡ,** ਪੁ:—ਫੱਟਾ, ਕਾਲਾ ਤਖਤਾ, ਕੋਈ ਬੰਦੋਬਸਤ ਕਰਨ ਵਾਲੀ ਕਮੇਟੀ ॥

**ਬੋਰਡ ਸਕੂਲ,** ਪੁ:—ਜ਼ਿਲੇ ਜਾਂ ਸ਼ਹਿਰ ਦੀ ਕਮੇਟੀ ਦਾ ਮਦਰਸਾ ।

**ਬੋਰਡਿੰਗ**
**ਬੋਰਡਿੰਗ ਹੌਸ,** } ਪੁ:—ਜਿਸ ਘਰ ਵਿਚ ਪੜ੍ਹਨ ਵਾਲੇ ਮੁੰਡੇ ਕੱਠੇ ਹੋਕੇ ਕਿਸੇ ਮਨੁੱਖ ਦੀ ਨਿਗਰਾਨੀ ਵਿੱਚ ਰਹਿਣ ॥

**ਬੋਰਨਾ,** ਪੁ:—ਮੀਂਹ ਦਾ ਥੋੜਾ ਜਿਹਾ ਛੱਟਾ, ਥੋੜਾ ਮੀਂਹ ॥

**ਬੋਰਾ,** ਪੁ:—ਵੱਡਾ ਥੈਲਾ ਤੱਪੜ ਦਾ, ਛੱਟ ॥

**ਬੋਰੀ,** ਸ:—ਛੋਟਾ ਬੋਰਾ, ਰੁਪਯ ਪਾਉਣ ਵਾਲੀ ਮੋਟੀ ਥੈਲੀ ॥

**ਬੋਰੀ ਦਾ ਮੂੰਹ ਖੋਲ੍ਹ ਦੇਣਾ,** ਕ੍ਰਿ:—ਖੁੱਲ੍ਹੇ ਜੀ ਨਾਲ ਖਰਚ ਕਰਨਾ ॥

**ਬੋਲ,** ਪੁ:—ਗੱਲ, ਬਾਤ, ਬਚਨ, ਬੋਲਣ ਦਾ ਢੰਗ, ਅਵਾਜ਼, ਛੋਟਾ ਗੀਤ, ਤੁਕਾਂ ਜੋ ਗੁਆਰ ਲੋਕ ਕਠੇ ਹੋਕੇ ਕਈ ਕਈ ਵਾਰ ਉੱਚੀ ਉੱਚੀ ਕਹਿੰਦੇ ਹਨ (ਪਾਉਣੇ) ।

**ਬੋਲ ਉੱਠਣਾ,** ਕ੍ਰਿ:—ਉੱਚੀ ਦੇਂਤੀ ਕੁਝ ਕਹਿਣਾ, ਕੂਕਣਾ ।

**ਬੋਲ ਚਾਲ,** ਸ:—ਵਰਤਾਰਾ, ਵਾਕਫੀ ਗੱਲ ਬਾਤ, ਝਗੜਾ ।

**ਬੋਲ ਬੋੱਲਾ,** ਪੁ:—ਪ੍ਰਤਾਪ, ਵਡਿਆਈ, ਜਸ (ਫ਼ਕੀਰਾਂ ਦੀ ਅਸੀਸ) ।

**ਬੋਲ ਬਗਾੜ**
**ਬੋਲ ਬਿਗਾੜ**
**ਬੋਲ ਬਿਗਾੜੂ** } ਵਿ:—ਭੈੜੀ ਗੱਲ ਕਰਨ ਵਾਲਾ, ਬਦ ਬੋਲਾ ॥

**ਬੋਲ ਬੁਲਾਰਾ,** ਪੁ:—ਮਨੁੱਖਾਂ ਦੇ ਬੋਲਣ ਜਾਂ ਝਗੜਨ ਦੀ ਅਵਾਜ਼ ।

**ਬੋਲਣਾ,** ਕ੍ਰਿ:—ਮੂੰਹ ਕੁਝ ਕਹਿਣਾ, ਗੱਲ ਕਰਨੀ, ਅਵਾਜ਼ ਕੱਢਣੀ, ਆਖਣਾ, ਝਗੜਨਾ, ਗੁੱਸੇ ਦੇ ਬਚਨ ਕਹਿਣੇ ।

**ਬੋਲਦਾ,** ਪੁ:—ਮਨੁੱਖ ਦੇ ਅੰਦਰ ਬੋਲਣ ਵਾਲੀ ਤਾਕਤ, ਆਤਮਾ, ਰੂਹ, ਮਨ, ਜਿੰਦ, ਪ੍ਰਾਣ ॥

**ਬੋਲਾ**
**ਬੋਲੀ** } ਵਿ:—ਜੋ ਸੁਣ ਨਹੀਂ ਸੱਕਦਾ (ਦੀ) ਡੋਰਾ (ਰੀ) ।

**ਬੋਲਾ ਬੱਦਲ,** ਵਿ:—ਬਿਲਕੁਲ ਬੋਲਾ, ਬੇਪਰਵਾਹ ॥

**ਬੋਲਾਕੜ,** ਵਿ:—'ਬੋਲਾ' ਦੇਖੋ ॥

Digitized by Panjab Digital Library | www.panjabdigilib.org

**ਬੋੱਲਾ ਚੱਲੀ, ਬੋੱਲਾ ਚਾੱਲੀ,** ਸਃ—ਗੱਲ ਬਾਤ, ਲੜਾਈ ਝਗੜਾ ॥

**ਬੋਲਾਰ,** ਵਿਃ—ਜੋ ਬਹੁਤ ਬੋਲੇ, ਝਾਗੜੂ, ਗੱਪੀ ॥

**ਬੋਲਾਰਾ,** ਪੁਃ—'ਬੁਲਾਰਾ' ਵੇਖੋ ॥

**ਬੋੱਲੀ;** ਸਃ—ਜਬਾਨ, ਗੱਲ, ਸੈਨਤ, ਮਿਹਣਾ, ਝਿੜਕ, ਝਾੜ ।

**ਬੋੱਲੀ ਖਾਣੀ,** ਕ੍ਰਿਃ—ਮਖੌਲ ਜਾਂ ਨਿੰਦਾ ਕਰਾਉਣੀ, ਝਾੜ ਜਾਂ ਗਾਲ੍ਹਾਂ ਖਾਣੀਆਂ ॥

**ਬੋੱਲੀ ਠੋੱਲੀ,** ਸਃ—ਮੇਹਣਾ, ਹਾਸਾ ਠੱਠਾ ਤਿਰਸਕਾਰ ॥

**ਬੋੱਲੀ ਦੇਣਾ,** ਕ੍ਰਿਃ—ਨਿਲਾਮ ਵਿੱਚ ਬੋਲਕੇ ਮੁੱਲ ਪਾਉਣਾ ॥

**ਬੋੱਲੀ ਮਾਰਨੀ, ਬੋੱਲੀ ਲਾਉਣੀ,** ਕ੍ਰਿਃ—ਮੇਹਣਾ ਦੇਣਾ, ਝਾੜ ਪਾਉਣੀ ॥

**ਬੋੱਲੀਆਂ ਪਾਉਣੀਆਂ,** ਕ੍ਰਿਃ—'ਬੋਲ ਪਾਉਣੇ' ਵੇਖੋ ॥

**ਬੋੱਲੀਆਂ ਬੋਲਣੀਆਂ,** ਕ੍ਰਿਃ—ਭਾਂਤ ਭਾਂਤ ਦੀਆਂ ਗੱਲਾਂ ਕਰਨੀਆਂ, ਜਾਂ ਸੁਰਾਂ ਕੱਢਣੀਆਂ, ਜਨੌਰਾਂ ਦੀਆਂ ਅਵਾਜ਼ਾਂ ਦੀ ਨਕਲ ਕਰਨੀ ਗਾਲ੍ਹਾਂ ਦੇਣੀਆਂ ।

**ਬੋੜ,** ਪੁਃ—ਤ੍ਰੇੜ, ਕਤਾਰ ਵਿੱਚੋਂ ਇੱਕ ਦਾ ਨਾ ਰਹਿਣਾ, ਦੰਦ ਦਾ ਭਜਣਾ ॥

**ਬੋੜੂ,** ਪੁਃ—'ਬੋਹੜ' ਵੇਖੋ ॥

**ਬੋੜਾ,** ਵਿਃ ਜਿਸ ਦਾ ਦੰਦ ਲਹਿ ਜਾਵੇ, ਜਿਸ ਮਿੱਟੀ ਦੇ ਭਾਂਡੇ ਦਾ ਉੱਪਰਲਾ ਹਿਸਾ ਟੁੱਟ ਗਿਆ ਹੋਵੇ ॥

**ਬੌਹਕਰ,** ਸਃ—ਤੀਲੀਆਂ ਦਾ ਕੱਠ ਕੂੜਾ ਹੂੰਝਣ ਵਾਲਾ, ਬੁਹਾਰੀ ॥

**ਬੌਹਲੀ,** ਸਃ—ਨਵੀਂ ਸੂਈ ਹੋਈ ਗਊ ਆਦਿਕ ਦਾ ਗਾੜ੍ਹਾ ਦੁੱਧ ॥

**ਬੌਹੜ,** ਕ੍ਰਿਃ, ਵਿਃ—ਮੁੜ, ਫੇਰ, ਦੂਜੀ ਵਾਰ ॥

**ਬੌਹੜਨਾ,** ਕ੍ਰਿਃ—ਆ ਪਹੁੰਚਣਾ, ਵੈਰੀ ਤੋਂ ਬਚਾਉਣ ਨੂੰ ਜਾਂ ਦੁਖ ਦੂਰ ਕਰਨ ਨੂੰ ਵੇਲੇ ਸਿਰ ਆ ਜਾਣਾ ॥

**ਬੌਂਕੇ ਦਿਹਾੜੇ,** ਪੁਃ—(ਬਹੁਃ) ਦੁਖ ਜਾਂ ਗਰੀਬੀ ਦਾ ਸਮਾ ।

**ਬੌਂਗਾ,** ਪੁਃ, **ਬੌਂਗੀ,** ਸਃ—ਜੋ ਮਨੁੱਖ ਮੂਰਖ ਹੋਵੇ ਪਰ ਸਭ ਨੂੰ ਭਾਵੇ, ਜਿਸ ਦੇ ਦਿਲ ਵਿੱਚ ਗੱਲ ਨਾ ਰਹ ਸੱਕੇ, ਗਾਲੜੂ ॥

**ਬੌਂਚ,** ਪੁਃ—ਸੰਘਣਾ ਬਣ ਜਾਂ ਜੰਗਲ ॥

**ਬੌਂਡਰੀ,** ਸਃ—ਹੱਦ, ਕ੍ਰਿਕਟ ਵਿੱਚ ਗੇਂਦ ਦੀ ਮਾਰ ਦੀ ਹੱਦ ।

**ਬੌਣਾ,** ਪੁਃ—ਬਹੁਤ ਮਧਰਾ ਜਾਂ ਛੋਟੇ ਕੱਦ ਦਾ ॥

**ਬੌਂ ਬੌਂ,** ਸਃ—ਵੱਡਾ ਸ਼ੋਰ, ਬਿਅਰਥ ਜਤਨ, ਕੰਮ ਵਿਗੜਨ ਤੇ ਜੋ ਦੁਰਗਤ ਹੋਵੇ (ਖੱਜਲ ਜਾਣੀ, ਖੱਜਲਣੀ) ॥

**ਬੌਰ,** ਸਃ—ਹਰਨ ਫਸਾਉਣ ਵਾਲਾ ਜਾਲ ॥

**ਬੌਰਾ,** ਵਿਃ—ਪਾਗਲ, ਕਮਲਾ, ਸੁਦਾਈ ॥

**ਬੌਰਾਂ,** ਸਃ—(ਬਹੁਃ) ਜਨੌਰ ਫੜਨ ਵਾਲਾ ਫੰਦਾ ਜਾਂ ਜਾਲ ॥

Digitized by Panjab Digital Library | www.panjabdigilib.org

**ਬੌਰੀਆ,** ਪੁ:—ਇੱਕ ਨੀਚ ਜਾਤ ਦੇ ਲੋਕ (ਇਹ ਚੋਰੀ ਕਰਦੇ ਹਨ ਅਤੇ ਬੋਰ ਨਾਲ ਜਾਨਵਰ ਫੜਦੇ ਹਨ)॥

**ਬੌਰੀਆਂ,** ਸ:-(ਬਹੁ:) 'ਬਾਵਰੀਆਂ' ਵੇਖੋ।

**ਬੌਲ,** ਪੁ:—ਪਸ਼ਾਬ, ਮੂਤ (ਮੁਸਲਮਾਨੀ ਬੋਲੀ)॥

**ਬੌਲਦ,** ਪੁ:—'ਬਲਦ' ਵੇਖੋ।

**ਬੌਲੀ,** ਸ:—'ਬਾਉਲੀ' ਵੇਖੋ॥

## ਭ

**ਭ,** ਪੁ:—ਭਭਾ, ਗੁਰਮੁਖੀ ਪੈਂਤੀ ਦਾ ਉਨੱਤੀਵਾਂ ਅੱਖਰ॥

**ਭਉ**
**ਭਉਆ** } ਪੁ:—ਡਰ ਦਾ ਵਲਾਇਤੀ ਕਾਰਨ, ਹਊਆ॥

**ਭਈ,** ਵਿਸਮਯਕ—ਭਾਈ, ਮੈਂ ਕਹਿੰਦਾ ਹਾਂ, ਖਈ, ਬਈ॥

**ਭਈਆ,** ਪੁ:—ਪੂਰਬੀਆ ਮਜ਼ਦੂਰ, ਭੈ ਭਰਾਵਾ॥

**ਭੱਸ,** ਸ:—ਸੁਆਹ, ਖੇਹ (ਪਾਉਣੀ, ਪੈਣੀ)।

**ਭੱਸ ਖਰਾਬ,** ਪੁ:—ਤਬਾਹੀ, ਔਕੜ, ਖਪ-ਗਾਟ॥

**ਭੱਸ ਭੜਾਰ,** ਪੁ:—ਅਨਘੜ, ਥੱਕੇ ਤਕਾਰ।

**ਭਸਮਾਭੂਤ,** ਵਿ:—ਬਿਲਕੁਲ ਮੁੱਕਾ ਹੋਇਆ, ਜੋ ਲੱਗ ਚੁੱਕਾ ਹੋ॥

**ਭਸਭਸਾ,** ਵਿ:—ਥੋੱਟੀ, ਫਿੱਕੀ (ਫੋਂਭ ਦੀ ਵਾਈਂ)।

**ਭਸਮ,** ਸ:—ਸੁਆਹ।

ਵਿ:—ਸੜ ਕੇ ਸੁਆਹ ਹੋਇਆ ਹੋਇਆ, ਬਿਲਕੁਲ ਪਚਿਆ ਹੋਇਆ ਅੰਨ ਆਦਿਕ (ਹੋਣਾ ਕਰਨਾ)॥

**ਭਸਮ ਲਗਾਉਣਾ,** ਕ੍ਰਿ:—ਪਿੰਡੇ ਉੱਤੇ ਸੁਆਹ ਮਲਣੀ (ਸਾਧਾਂ ਵਾਂਗਰ)।

**ਭੱਸਰ,** ਵਿ:—ਰੇਹ ਵਾਲੀ (ਧਰਤੀ)।

**ਭਸਰ ਭਸਰ ਖਾਣਾ,** ਕ੍ਰਿ:—ਛੇਤੀ ਛੇਤੀ ਲੋਭ ਕਰਕੇ ਬਹੁਤਾ ਖਾਣਾ, ਜੋ ਕੁਝ ਹੱਥ ਆਵੇ ਖਾ ਜਾਣਾ॥

**ਭੱਸਰਾ,** ਪੁ:—ਕੈਰਿਆਲੇ ਸਿਰੇ ਵਾਲਾ ਇੱਕ ਘਾਹ।

**ਭਸਾ,** ਪੁ:—ਥੋੜਾ ਬੁਖਾਰ, ਦਿਲ ਦੀ ਜਲਣ॥

**ਭੱਸੀ,** ਸ:—ਖੇਹ।

**ਭਹਾਰਾ,** ਪੁ:
**ਭਹਾਰੀ,** ਸ: } ਧਾਤਾਂ ਗਾਲਣ ਵਾਲੀ ਸੁਨਿਆਰਿਆਂ ਦੀ ਭੱਠੀ॥

**ਭਹਿ,** ਸ:—ਕਿਸੇ ਰੰਗ ਦਾ ਰਤਾ ਕੁ ਮੇਲ, ਹਲਕਾ ਰੰਗ (ਮਾਰਨਾ)।

**ਭਹੋੜਾ,** ਪੁ:—ਇਸਤ੍ਰੀ ਨੂੰ ਗਰਭ ਹੋਣ ਤੋਂ ਸੱਤਵੇਂ ਮਹੀਨੇ ਪਿਛੋਂ ਹਿੰਦੂ ਜੋ ਰੀਤ ਕਰਦੇ ਹਨ ਰੀਤਾਂ (ਬਕੂਣਾ)।

**ਭਹੌੜਾ,** ਪੁ:
**ਭਹੌੜੀ,** ਸ: } 'ਪਹੌੜਾ' ਵੇਖੋ

Digitized by Panjab Digital Library | www.panjabdigilib.org

**ਭਕੰਦਰ**, ਪੁ:—'ਭਗੰਦਰ' ਵੇਖੋ

**ਭਕਰ ਭਕਰ ਖਾਣਾ**, ਕ੍ਰਿ:—'ਭਸਰ ਭਸਰ ਖਾਣਾ' ਵੇਖੋ।

**ਭਕਦੂਲ**, ਵਿ:—ਖੇਹ ਦਾ ਭਰਿਆ ਹੋਇਆ, ਜਿਸ ਉੱਤੇ ਖੇਹ ਪਈ ਹੈ।

**ਭਕਦੂਲਨਾ**, ਕ੍ਰਿ:—ਖੇਹ ਨਾਲ ਭਰਨਾ, ਉੱਪਰ ਖੇਹ ਪਾਣੀ।

**ਭੱਕੜਾ** / **ਭੱਖੜਾ** } ਪੁ:—ਇਕ ਕੰਡਿਆਂ ਵਾਲੀ ਬੂਟੀ

**ਭਕੂਆ**, ਵਿ:—ਮੂਰਖ, ਅਹਿਮਕ।

**ਭਖ**, ਸ: ਤਾਪ ਦੀ ਗਰਮੀ, ਮੱਠੀ ਅਗ, ਹਰਾਰਤ

**ਭਖ ਭਖ ਕਰਨਾ**, ਕ੍ਰਿ:—ਚਮਕਣਾ, ਲਿਸ਼ਕਣਾ

**ਭੱਖ**, ਸ:—ਥੋੜ੍ਹੀ ਥੋੜ੍ਹੀ ਅਗ, ਹਰਾਰਤ

**ਭੱਖ ਲੈਣਾ (ਣੇ)** ਪੁ:—ਤਪੀ ਹੋਈ ਥਾਂ ਦੀ ਚਮਕ, ਦੂਰੋਂ ਤਪੇ ਹੋਏ ਰੇਤੇ ਦੀ ਝਲਕ, ਮਿਰਗ ਤ੍ਰਿਸ਼ਨਾ, [illegible]।

**ਭੱਖਣਾ**, ਕ੍ਰਿ:—ਖਾਣਾ, ਛਕਣਾ, ਨਿਗਲ ਜਾਣਾ

**ਭਖਨਾ**, ਕ੍ਰਿ:—ਅੱਗ ਦਾ ਮਘਣਾ, ਬਲਣਾ, ਮਨ ਵਿਚ ਗੁੱਸਾ ਆਉਣਾ।

**ਭਖਲਾਉਣਾ** ਕ੍ਰਿ: ਕੁਝ ਕੁਝ ਗਰਮ ਹੋਣਾ (ਪਿੰਡਾ), ਅਬਾ ਤਬਾ ਬੋਲਣਾ (ਬੁਖਾਰ ਜਾਂ ਨੀਂਦਰ ਵਿਚ)।

**ਭੱਖੜਾ** ਪੁ:—'ਭੱਕੜਾ' ਵੇਖੋ।

**ਭਖਾਉਣਾ**, ਕ੍ਰਿ:—ਬਾਲਣਾ, ਤਪਾਉਣਾ, ਗੁੱਸਾ, ਚਾੜ੍ਹਨਾ।

**ਭੱਖੀ**, ਵਿ:—ਖਾਣ ਵਾਲਾ ('ਸਰਬ ਭੱਖੀ' ਵੇਖੋ)।

**ਭਗ** ਸ:—ਇਸਤ੍ਰੀ ਦਾ ਗੁਪਤ ਅੰਗ।

**ਭੰਗ**, ਸ:—ਤੋੜਨਾ, ਵਿਘਨ, ਨਾਸ, ਅਟਕਾਉ; ਇਕ ਨਸ਼ੇ ਵਾਲੀ ਬੂਟੀ ਸੁੱਖ।

**ਭੰਗ ਦੇ ਭਾੜੇ ਜਾਣਾ (ਗੁਆਚਣਾ)**, ਕ੍ਰਿ:—ਐਵੇਂ ਬੇਅਰਥ ਕਿਸੇ ਚੀਜ਼ ਦਾ ਨਸ਼ਟ ਹੋਣਾ।

**ਭੰਗ ਭੁੱਜਣੀ**, ਕ੍ਰਿ:—ਗਰੀਬੀ ਹੋਣੀ, ਘਰ ਵਿਚ ਕੱਖ ਨਾ ਹੋਣਾ।

**ਭੰਗਣ**, ਸ:—ਭੰਗੀ ਦੀ ਜਨਾਨੀ, ਚੂਹੜੀ; ਭੰਗ ਪੀਣ ਵਾਲੀ

**ਭਗਤ** / **ਭਗਤੂ** } ਪੁ:—ਭਜਨ ਕਰਨ ਵਾਲਾ ਸੰਤ ਮਹਾਤਮਾ; ਸ:—ਭਗਤੀ

**ਭਗਤਿ ਕਾਂਡ**, ਪੁ:—ਧਰਮ ਪੁਸਤਕਾਂ ਦਾ ਉਹ ਹਿੱਸਾ ਜਿਸ ਵਿਚ ਭਗਤੀ ਦਾ ਵਰਨਨ ਹੈ, ਭਗਤੀ ਮਾਰਗ।

**ਭਗਤ ਵਛਲ**, ਵਿ:—ਭਗਤਾਂ ਦਾ ਪਿਆਰਾ (ਪਰਮੇਸ਼ਰ)।

**ਭਗਤਣ** / **ਭਗਤਣੀ** } ਇ:—ਭਜਨ ਜਾਂ ਭਗਤੀ ਕਰਨ ਵਾਲੀ

Digitized by Panjab Digital Library / www.panjabdigilib.org

**ਭਗਤਾਈ } ਭਗਤੀ }** ਸ:—ਸੱਚੇ ਦਿਲ ਨਾਲ ਜੋ ਪੂਜਾ ਕੀਤੀ ਜਾਵੇ, ਪ੍ਰੇਮ, ਭਜਨ ਪਵਿੱਤ੍ਰ-ਤਾਈ।

**ਭਗਤੀ ਮਾਰਗ,** ਪੁ:—ਪਰਮੇਸ਼ਰ ਦੇ ਭਜਨ ਕਰਨ ਨਾਲ ਮੁਕਤੀ ਮੰਨਣ ਵਾਲਾ ਮਤ, ਭਗਤਾਂ ਦਾ ਪੰਥ॥

**ਭਗਤੀਆ,** ਪੁ:—ਨੱਚਣ ਵਾਲੇ ਮੁੰਡਿਆਂ ਦੇ ਨਾਲ ਗਾਉਣ ਵਾਲਾ, ਰਾਸਧਾਰੀਆ।

**ਭਗੀਦਰ,** ਪੁ:—ਖੁਦਾ ਦਾ ਇੱਕ ਦੋਤ੍ਰਾ॥

**ਭੰਗਰਾ,** ਪੁ:—ਪਿੰਡਾਂ ਦਾ ਇੱਕ ਨਾਚ (ਧਾਉਣਾ)॥

**ਭੌਂਗਰਾ,** ਪੁ:—ਨਗਾਰੇ ਦੀ ਦਰਗਾਹ ਤੋਂ ਲਿਆਂਦੀ ਹੋਈ ਮਿੱਟੀ।

**ਭਗਲ,** ਪੁ:—ਰਾਸ ਪੂਣੀ ਝੂਠਾ ਪ੍ਰਕਾਰ ਕਰਨਾ ਦਿਖਾਵਾ, ਪਖੰਡ॥

**ਭੁੱਗਲ,** ਵਿ:—ਹਾਰਿਆ ਹੋਇਆ (ਬਟੇਰਾ)॥
ਪੁ:—ਇੱਕ ਮੋਟਾ ਢਾਲਾ ਬੂਰਾ (ਵਟਿਆ ਪੁਰਾਣਾ), ਮੂਲ ਦੀ ਰਕਮ॥

**ਭਗਲੀ } ਭਗਲੀਆ }** ਵਿ:—ਜਿਸ ਪ੍ਰਕਾਰ ਦਾ ਵਸਾਹ ਨਹੀਂ ਦਿਖਲਾਇਆ, ਅੰਨ੍ਹੇ ਵਾਹ ਵਿਹਾਰ ਕਰਨ ਵਾਲਾ ਪਖੰਡੀ

**ਭਗਵਤ } ਭਗਵੰਤ }** ਪੁ:—ਪਰਮੇਸਰ, ਪਰਮਾਤਮਾ।

**ਭਗਵਤ ਗੀਤਾ,** ਸ:—ਹਿੰਦੂਆਂ ਦੀ ਇਕ ਧਰਮ ਪੁਸਤਕ ਜਿਸ ਵਿਚ ਕ੍ਰਿਸ਼ਨ ਜੀ ਦਾ ਅਰਜਨ ਨੂੰ ਉਪਦੇਸ਼ ਹੈ।

**ਭਗਵਤੀ,** ਸ:—ਦੇਵੀ, ਦੁਰਗਾ, ਸ਼ਕਤੀ।

**ਭਗਵਾ (ਵਾਂ),** ਵਿ:—ਗੇਰੂ ਦਾ ਰੰਗਿਆ ਹੋਇਆ ਕਪੜਾ ਜੋ ਸਾਧੂ ਪਹਿਨਦੇ ਹਨ।

**ਭਗਵਾਨ,** ਪੁ:—ਪਰਮੇਸ਼ਰ, ਪਰਮਾਤਮਾ, ਭਗਵਾਨ।

**ਭਗਾਰ,** ਪੁ:—'ਬਘਾਰ' ਵੇਖੋ॥

**ਭੰਗਾਰਾ } ਭਗਾੜਾ }** ਪੁ:—'ਭੰਗਰਾ' ਵੇਖੋ।

**ਭੰਗੜ,** ਪੁ:—ਭੰਗ ਪੀਣ ਵਾਲਾ, ਮੂਰਖ, ਬਕਵਾਦੀ।

**ਭੰਗੜ ਖਾਨਾ,** ਪੁ:—ਜਿੱਥੇ ਭੰਗ ਘੁਟੀਏ ਜਾਂ ਪੀਏ।

**ਭੰਗੀ,** ਪੁ:—ਭੰਗੜ, ਇੱਕ ਮਿਸਲ, ਚੂਹੜਾ।

**ਭੰਗੂਰ,** ਪੁ:—ਢੇਲੇ ਭੌਂਹ ਕੇ ਖਾਣ ਵਾਲੇ (ਭਾਵੇਂ ਕਰੇ ਭਾਵੇਂ ਨਕੇ ਹੋਵੇ ਲੂਣ ਮਿਰਚ ਵਾਲੇ)।

**ਭਗੂੜਾ, ਪੁ: } ਭੰਗੂੜਾ ਪੁ: } ਭਗੂੜੀ, ਸ: } ਭੰਗੂੜੀ, ਸ: }** ਬਾਲਾਂ ਦੇ ਝੂਟਾਉਣ ਵਾਸਤੇ ਛਤ ਨਾਲ ਲਟਕਾਈ ਹੋਈ ਪੰਘੂੜੀ ਆਦਿਕ, ਇਕ ਖੇਡ ਜਿਸ ਵਿਚ ਬਾਲਕ ਬੈਠਕੇ ਉਤਾਂਹ ਹਿਠਾਂਹ ਹੁੰਦੇ ਹਨ ਜਾਂ ਚੱਕਰ ਖਾਂਦੇ ਹਨ

**ਭੰਗਰ ਖਾਨਾ,** ਪੁ:—ਜਿਥੇ ਭੰਗ ਵਿਕੇ ਅਤੇ ਪੀਤੀ ਜਾਵੇ।

**ਭੰਗੇਰਨ, ਸ: } ਭੰਗੇਰਾ, ਪੁ: }** ਭੰਗ ਵੇਚਣ ਵਾਲਾ (ਲੀ),

Digitized by Panjab Digital Library | www.panjabdigilib.org

**ਭੰਗੇੜਿਆ ਹੋਇਆ,** ਵਿ:—ਭੰਗ ਪੀਣ ਕਰਕੇ ਮਸਤ ॥

**ਭਗੋਲ,** ਵਿ—ਲੜਾਈ ਵਿੱਚੋਂ ਨੱਸ ਜਾਣ ਵਾਲਾ, ਡਰਾਕਲ ।

**ਭਗੋਣਾ,** ਕ੍ਰਿ:—ਭੇਉਣਾ, ਗਿੱਲਾ ਕਰਨਾ ॥

**ਭਗੌਤਾ,** ਪੁ:—ਤਲਵਾਰ, ਸਿਰੀ ਸਾਹਿਬ ।

**ਭਗੌਤੀ,** ਸ:—ਭਗਵਤੀ, ਦੇਵੀ, ਸ਼ਕਤੀ, ਤਲਵਾਰ ॥

**ਭਗੌੜਨ,** ਸ: } ਭਗੋਲ, ਡਰਾਕਲ, ਜੋ ਕਿਸੇ ਨੂੰ ਛਡ ਕਰ ਕਿਸੇ ਨੂੰ ਜੁੜ, ਜਿਸ ਦਾ ਵਸਾਹ ਨਹੀਂ ।
**ਭਗੌੜਾ,** ਪੁ:
**ਭਗੌੜੀ,** ਸ:

**ਭੱਛਣਾ,** ਕ੍ਰਿ:—ਭੱਖਣਾ, ਖਾਣਾ, ਛਕਣਾ, ਨਿਗਲਣਾ ।

**ਭੱਜ ਜਾਣਾ** } ਕ੍ਰਿ:—ਟੁੱਟਣਾ, ਰਾਅਚਣਾ, ਨੱਸ ਜਾਣਾ, ਗਾਊ ਮਹਿੰ ਦਾ ਦੁਧ ਦੇਣੋਂ ਹਟ ਜਾਣਾ ।
**ਭੱਜਣਾ**

**ਭਜਨ,** ਪੁ:—ਪਰਮੇਸਰ ਦੇ ਗੁਣ ਗਾਉਣਾ, ਭਗਤੀ, ਪੂਜਾ (ਕਰਨਾ) ॥

**ਭਜਨਾ,** ਕ੍ਰਿ:—ਭਜਨ ਕਰਨਾ, ਭਗਤੀ ਕਰਨੀ ॥

**ਭਜਨੀਆ** } ਪੁ:—ਭਜਨ ਕਰਨ ਵਾਲਾ ।
**ਭਜਨੀਕ**

**ਭਜਵਾਉਣਾ,** ਕ੍ਰਿ:—ਭਜਨ ਕਰਾਉਣਾ, ਭੱਜਣ ਦਾ ਕੰਮ ਕਰਾਉਣਾ ॥

**ਭਜਾਉਣਾ,** ਕ੍ਰਿ:—ਦੁੜਾਉਣਾ, ਨਸਾਉਣਾ, ਭਜਨ ਕਰਾਉਣਾ ॥

**ਭੱਟ,** ਪੁ:—ਬਖ਼ਸ਼ੀਸ਼ ਲੈਣ ਵਾਸਤੇ ਲੋਕਾਂ ਦੇ ਗੁਣ ਗਾਉਣ ਵਾਲੀ ਜਾਤ ਦਾ ਮਨੁੱਖ, ਪੜ੍ਹਤ, ਵਿਦਿਆਵਾਨ, ਗਿਆਨੀ ॥

**ਭਟਕਣਾ,** ਕ੍ਰਿ:—ਇੱਧਰ ਉੱਧਰ ਫਿਰਨਾ, ਰਾਹ ਭੁੱਲ ਕੇ ਭੌਂਦੇ ਰਹਿਣਾ, ਕੁਰਾਹੇ ਪੈਣਾ, ਲੋਚਣਾ ॥

**ਭਟਕਦਾ,** ਵਿ:—ਭਟਕਣ ਵਾਲਾ, ਜਿਸ ਨੂੰ ਬੜੀ ਚਾਹ ਹੈ ।

**ਭਟਕਦਾ ਫਿਰਨਾ** } ਕ੍ਰਿ:—ਇੱਧਰ ਉੱਧਰ ਅਵਾਰਾ ਹੋਣਾ ॥
**ਭਟਕਦੇ ਫਿਰਨਾ**

**ਭਟਕਾ,** ਪੁ: } ਚਿੰਤਾ, ਚਾਹ, ਤ੍ਰਿਸ਼ਨਾ, ਸੰਸਾ, ਡਰ ।
**ਭਟਕੀ,** ਸ:

**ਭਟਕਾਉਣਾ,** ਕ੍ਰਿ:—ਕੁਰਾਹੇ ਪਾਉਣਾ, ਭੁਲਣਾ, ਧੋਖਾ ਦੇਣਾ, ਤਰਸਾਉਣਾ ।

**ਭੱਟਣ** } ਸ:—ਭੱਟ ਜਾਤ ਦੀ ਤ੍ਰੀਮਤ ॥
**ਭੱਟਣੀ**

**ਭਟਿਆਣੀ,** ਸ:—ਭਾਟੀਆ ਜਾਤ ਦੀ ਤ੍ਰੀਮਤ ।

**ਭੱਟੀ,** ਪੁ:—ਰਾਜਪੂਤਾਂ ਦੀ ਇੱਕ ਉੱਘੀ ਜਾਤ ॥

**ਭਟੂਹਰ (ਰਾ)** } ਪੁ:—ਖਮੀਰੇ ਆਟੇ ਦੀ ਰੋਟੀ ॥
**ਭਟੂਹਰੂ**
**ਭਟੂਰਾ**

**ਭਟੇਟਾ,** ਪੁ: } ਭੱਟ ਦਾ ਬੇਟਾ (ਬੇਟੀ) ॥
**ਭਟੇਟੀ** ਸ:

Digitized by Panjab Digital Library | www.panjabdigilib.org

**ਭੱਠ,** ਪੁ:—ਦਾਣੇ ਭੁੰਨਣ ਵਾਲਾ ਇਕ ਪਰਾਂ ਦਾ ਤੰਦੂਰ, ਵੱਡਾ ਚੁੱਲ੍ਹਾ ॥

**ਭੱਠ ਪੈਣਾ,** ਕ੍ਰਿ:—ਨਾਸ ਹੋਣਾ, ਨਾਂ ਰਹਿਣਾ।

**ਭੱਠਾ,** ਪੁ:—ਵੱਡੀ ਭੱਠੀ, ਤੰਦੂਰ, ਵੱਡਾ ਚੁੱਲ੍ਹਾ ਆਦਿ, ਚੂਨਾ ਅਤੇ ਇੱਟਾਂ ਪਕਾਉਣ ਵਾਲੀ ਭੱਠੀ ॥

**ਭਠਿਆਰ,** ਪੁ:
**ਭਠਿਆਲਾ,** ਪੁ:
**ਭਠਿਆਲੀ,** ਸ: } ਦਾਣੇ ਭੁੰਨਣ ਵਾਲੀ ਭੱਠੀ, ਉਸੇ ਹੌਲੇ ਦਾਣੇ ਵੇਚਣ ਵਾਲੇ ਦੀ ਹੱਟੀ ॥

**ਭਠਿਆਰ ਖਾਨਾ,** ਪੁ:—ਭਠਭੂੰਜੇ ਦੀ ਹੱਟੀ, ਸਰਾਂ, ਤੰਦੂਰ ਜਿੱਥੇ ਰੋਟੀ ਖਾਣ ਲਈ ਮਿਲਦੀ ਹੈ ॥

**ਭਠਿਆਰ ਪੁਣਾ,** ਪੁ:—ਭਠਿਆਰੇ ਦਾ ਕੰਮ।

**ਭਠਿਆਰਣ,** ਸ:
**ਭਠਿਆਰਾ,** ਪੁ:
**ਭਠਿਆਰੀ,** ਸ: } ਸਰਾਂ ਵਾਲਾ (ਲੀ) ਮੁਸਾਫ਼ਰ ਜਾਂ ਮੁਲ ਲੈਕੇ ਖਾਣਾ ਅਤੇ ਰੋਟੀ ਖੁਆਉਣ ਵਾਲਾ (ਲੀ), ਭਠਭੂੰਜਾ (ਜੀ)

**ਭੱਠੀ,** ਸ:—ਦਾਣੇ ਭੁੰਨਣ ਵਾਲਾ ਜਾਂ ਸ਼ਰਾਬ ਕੱਢਣ ਵਾਲਾ, ਜਾਂ ਕਪੜੇ ਧੋਣ ਵਾਲਾ ਤੰਦੂਰ, ਕੰਧੀ ਨੌਂਦ ਜੇਹਾ ਤੰਦੂਰ ਤੰਗ ਮੂੰਹ ਵਾਲਾ ਛੋਟਾ ਆਵਾ, ਭਠਭੂੰਜੇ ਦੀ ਹੱਟੀ, ਜਿੱਥੇ ਸ਼ਰਾਬ ਨਿਕਲੇ ॥

**ਭਠੂਹਰ (ਰਾ)**
**ਭਠੂਰਾ**
**ਭਠੂੰ** } ਪੁ:—ਖਮੀਰ ਆਟੇ ਦੀ ਰੋਟੀ।

**ਭੰਡ,** ਪੁ:—ਨਕਲਾਂ ਲਾਕੇ ਅਤੇ ਹਾਸੇ ਦੀਆਂ ਗੱਲਾਂ ਕਰਕੇ ਅਤੇ ਗੀਤ ਗਾਉਂਕੇ ਲੋਕਾਂ ਨੂੰ ਖੁਸ਼ ਕਰਨਾ ਜਿਸ ਦਾ ਕੰਮ ਹੈ, ਨਕਲੀਆ ॥

**ਭੰਡਸਦਾਈ,** ਸ:—ਗਾਲੀਆਂ, ਨਿੰਦਿਆ, ਬੁਰਿਆਈ।

**ਭੰਡਣਾ,** ਕ੍ਰਿ:—ਨਿੰਦਣਾ, ਬੁਰਾ ਆਖਣਾ, ਬਦਨਾਮੀ ਕਰਨਾ ॥

**ਭੰਡਾਰ,** ਪੁ:—ਖਜ਼ਾਨਾ, ਮਾਲ ਅਸਬਾਬ ਰੱਖਣ ਦੀ ਥਾਂ, ਸਾਧਾਂ ਦੀ ਰਸੋਈ ਜਾਂ ਭੋਜਨ, ਢਿੱਡ, ਭੋਜਨ ਵਾਲੀਆਂ ਜਨਾਨੀਆਂ ਦਾ ਪੇਟ ॥

**ਭੰਡਾਰਾ,** ਪੁ:—ਸਾਧੂ ਜਾਂ ਫ਼ਕੀਰ ਦੀ ਰਸੋਈ ਜਾਂ ਭੋਜਨ, ਸਾਧਾਂ ਨੂੰ ਜੋ ਭੋਜਨ ਛਕਾਇਆ ਜਾਵੇ (ਕਰਨਾ)।

**ਭੰਡਾਰਣ,** ਸ:
**ਭੰਡਾਰੀ,** ਪੁ: } ਖਜ਼ਾਨਚੀ, ਮਾਲ ਅਸਬਾਬ ਸਾਂਭਣ ਵਾਲਾ ਜਾਂ ਸਾਧੂ ਦੀ ਰਸੋਈ ਦਾ ਰਾਖਾ, ਖਤ੍ਰੀਆਂ ਦੀ ਇਕ ਜਾਤ ॥

**ਭੰਡਿਆ ਜਾਣਾ**
**ਭੰਡੇ ਜਾਣਾ** } ਕ੍ਰਿ:—'ਭੰਡੀ' ਵਿੱਚ 'ਭੰਡੀ ਹੋਣਾ' ਦੇਖੋ

**ਭੰਡੀ,** ਸ:—ਨਿੰਦਾ, ਬਦਨਾਮੀ, ਅਪਜਸ, ਹਾਰ, ਬੁਰਿਆਈ ॥

**ਭੰਡੀ ਹੋਣੀ, ਪੈਣੀ ਜਾਂ ਕਰਣੀ** } ਕ੍ਰਿ:—ਨਿੰਦਿਆ ਬੁਰਿਆਈ ਜਾਂ ਬਦਨਾਮੀ ਸਭ ਦੇ ਸਾਮ੍ਹਣੇ ਹੋਣੀ ॥

**ਭੰਡੂਆ,** ਪੁ:—ਭੰਡੀ ਪਾਉਣ ਵਾਲੀ ਗੱਲ ਜਾਂ ਗੀਤ, ਸਿੱਠ ॥

Digitized by Panjab Digital Library | www.panjabdigilib.org

**ਭਣਵਈਆ, ਭਣੂਜਾ, ਭਣੋਈ, ਭਣੋਆ, ਭਣੌਂਆ, ਭਣੋਯਾ** } ਪੁ:—ਭੈਣ ਦਾ ਘਰ ਵਾਲਾ, ਜੀਜਾ ॥

**ਭੱਤ,** ਪੁ:—ਉੱਬਲੇ ਹੋਏ ਚੌਲ, ਗੜ੍ਹ ਵਾਲਾ ਦਲੀਆ ॥

**ਭਤਰੀਜਾ, ਭਤਰੀਯਾ** } ਪੁ:—ਭਰਾ ਦਾ ਪੁਤ੍ਰ। (ਜੀ)ਸ:—ਭਰਾ ਦੀ ਧੀ।

**ਭੱਤਾ,** ਪੁ:—ਖੇਤ ਵਿੱਚ ਕੰਮ ਕਰਨ ਵਾਲਿਆਂ ਕਿਰਸਾਣਾਂ ਵਾਸਤੇ ਜੋ ਭੋਜਨ ਘਰੋਂ ਜਾਵੇ, ਸਪਾਹੀਆਂ ਜਾਂ ਸਰਕਾਰੀ ਨੌਕਰਾਂ ਨੂੰ ਜੋ ਰਕਮ ਤਲਬ ਤੋਂ ਵਧੀਕ ਮਿਲੇ।

**ਭਤੀ,** ਸ:—ਮੋਏ ਹੋਏ ਦੇ ਟੱਬਰ ਵਾਸਤੇ ਜੋ ਭੋਜਨ ਕੋਈ ਸਾਕ ਜਾਂ ਸੱਜਣ ਤਿਆਰ ਕਰੇ, ਜਿਮੀਂਦਾਰ ਜੋ ਦਾਣੇ ਲੁਹਾਰ ਨੂੰ ਦੇਵੇ ॥

**ਭਤੀਜ (ਜਾ), ਭਤੀਯਾ** } ਪੁ:—ਭਰਾ ਦਾ ਪੁਤ੍ਰ।

**ਭਤੀਜ ਨੂੰਹ, ਭਤੀਜ ਬਹੂ** } ਸ:—ਭਤੀਜੇ ਦੀ ਵਹੁਟੀ, ਭਰਾ ਦੀ ਨੂੰਹ।

**ਭਤੀਯ, ਭਤੀਜੀ** } ਸ:—ਭਰਾ ਦੀ ਧੀ ॥

**ਭੱਤੇ ਹਾਰ,** ਪੁ:, ਸ:; **ਭੱਤੇ ਹਾਰਾ,** ਪੁ:; **ਭੱਤੇ ਹਾਰੀ,** ਸ: } ਜੋ ਖੇਤ ਵਿੱਚ ਜਿਮੀਂਦਾਰ ਦਾ ਭੋਜਨ ਲੈ ਜਾਵੇ।

**ਭਠੇਰ,** ਪੁ:—ਸਭ ਤੋਂ ਵੱਡਾ ਰਸੋਈਆ ॥

**ਭੱਤੇ ਵੇਲਾ,** ਪੁ:—ਭੱਤਾ ਖਾਣ ਦਾ ਵੇਲਾ, ਪਹਿਰ ਦਿਨ ਚੜ੍ਹੇ ॥

**ਭੱਦ,** ਪੁ:—ਤ੍ਰੇੜ, ਵਿਰਲ, ਵਿੱਥ, ਭੱਦਣ ॥

**ਭੱਦਣ,** ਪੁ:—ਕਿਸੇ ਵੱਡੇ ਦੇ ਮਰਨ ਤੇ ਹਿੰਦੂਆਂ ਵਿੱਚ ਸਿਰ ਮੁਨਾਉਣ ਦੀ ਰੀਤ, ਕੇਸ ਲਾਹੁਣਾ (ਕਰਵਾਉਣਾ) ॥

**ਭੱਦਣਾ,** ਕ੍ਰਿ:—ਸਿਰ ਮੁੰਨਣਾ ॥

**ਭੱਦਰ,** ਪੁ:—ਹੱਛਾ ਚੰਗਾ, ਭਲਾ, ਨੇਕ ॥

**ਭੱਦਰ ਕਾਲੀ,** ਸ:—ਇੱਕ ਦੇਵੀ, ਸ਼ਕਤੀ ॥

**ਭੱਦਰ ਪੁਰਖ,** ਪੁ:—ਭਲਾ ਮਾਨਸ, ਨੇਕ ਆਦਮੀ ॥

**ਭੱਦਾ,** ਵਿ:—ਕੋਝਾ, ਬਿਡੌਲ, ਕਰੂਪ, ਮੂਰਖ, ਸਿੱਧਾ, ਅਣਜਾਣ ॥

**ਭੰਨ,** ਪੁ:—ਕਪੜਾ ਕਾਗਜ਼ ਆਦਿਕ ਮੋੜਨ ਦਾ ਨਿਸ਼ਾਨ, ਕਪਾਹ ਵਿੱਚ ਰਲੇ ਹੋਏ ਬੀਆਂ ਦੇ ਟੋਟੇ।
ਸ:—ਮਾਰ, ਕੁੱਟ (ਸੁੱਟਣੀ ਖਾਣੀ, ਚਾੜ੍ਹਨੀ) ॥

**ਭੰਨਘੜ,** ਪੁ:—ਜੋੜ ਤੋੜ, ਬੇਢਬਾ ਕੰਮ, ਮਰੋੜ, ਵੱਡਾ ਸਿੱਕਾ ਦੇਕੇ ਛੋਟੇ ਲੈਣੇ, ਕਿਸੇ ਨਾ ਕਿਸੇ ਤਰਾਂ ਧਨ ਖੱਟਣਾ ॥

**ਭੰਨਣਾ,** ਕ੍ਰਿ:—ਤੋੜਨਾ, ਮੋੜਨਾ, ਮਰੋੜਨਾ ॥

**ਕੌਲ ਕਰਾਰ ਭੰਨਣਾ,** ਕ੍ਰਿ:—ਬਚਨ ਦੇ ਕੇ ਪੂਰਾ ਨਾਂ ਕਰਨਾ ॥

Digitized by Panjab Digital Library | www.panjabdigilib.org

**ਘਰ (ਝੁੱਗਾ) ਭੰਨਣਾ**; ਕ੍ਰਿ:—ਚੋਰੀ ਕਰਨ ਵਾਸਤੇ ਕੰਧ ਪਾੜਨੀ॥

**ਬੁੱਕਲ ਵਿੱਚ ਰੋੜੀ ਭੰਨਣਾ**, ਕ੍ਰਿ:—ਭੇਤ ਲੁਕਾ ਰੱਖਣਾ॥

**ਭੰਨਮਾਂ (ਵਾਂ)**, ਵਿ:—ਜਿਸਦੀ ਅੱਡੀ ਮੁੜੀ ਹੋਈ ਹੋ (ਜੋੜਾ)॥

**ਭਣਵਈਆ**<br>**ਭਣਵੱਯਾ** } ਪੁ:—ਭੈਣ ਦਾ ਘਰ ਵਾਲਾ।

**ਭਨਾਉਣਾ**<br>**ਭਨਾ ਲੈਣਾ** } ਕ੍ਰਿ:—ਤੁੜਾਉਣਾ, ਕਪੜਾ ਪੁਆਉਣਾ॥

**ਭਨਾਉਣੀ**, ਸ:—ਸਾਦੀ ਜਾਂ ਗਮੀ ਉੱਤੇ ਜੋ ਕਪੜੇ ਦਿੱਤੇ ਜਾਣ॥

**ਭਨਾਈ**, ਸ:—ਭੰਨਣ ਦਾ ਕਮ, ਮਾਰ ਕੁਟਾਈ।

**ਭਨੇਵਾਂ**, ਪੁ:—ਭੈਣ ਦਾ ਪੁਤ੍ਰ।

**ਭਨੇਵੀਂ**, ਸ:—ਭੈਣ ਦੀ ਧੀ॥

**ਭੱਪਾ**, ਪੁ:—ਦਲੀਆ, ਚੌਲ ਬਹੁਤ ਰਿੱਝ ਕੇ ਮਿਲੇ ਹੋਏ, ਆਕੜੀ ਰਿੱਝੀ ਹੋਈ ਖਿਚੜੀ, ਬੱਚੇ ਲਈ ਪਿਆਰ ਦਾ ਬਚਨ॥

**ਭੱਪੀ**, ਸ:—ਚੁੰਮੀ॥

**ਭਫਾਰਾ**, ਪੁ:—ਰੋਗ ਦਾ ਇਲਾਜ ਕਰਨ ਲਈ ਭਾਫ ਲੈਣਾ।

**ਭੰਬ**, ਪੁ:—ਰੂੰ ਜਾਂ ਪਸ਼ਮ ਦਾ ਫੰਭਾ, ਭੁੱਬਾਲ

**ਭਬਕ**, ਸ:—ਬਦਬੋ, ਸੜਿਆਂਧ, ਅਚਾਨਚਕ ਅਗ ਦਾ ਬਲਣਾ, ਜੋਸ਼, ਗੁੱਸੇ ਦਾ ਜ਼ੋਰ, ਧੁੰਦੀ, ਗਰਮੀ।

**ਭਬਕਣਾ**, ਕ੍ਰਿ:—ਛਿੱਥਾ ਹੋਣਾ, ਕਿਸੇ ਉਤੇ ਅਚਾਨਚੱਕ ਜਾ ਪੈਣਾ, ਗੱਜਣਾ, ਭੌਂਕਣਾ, ਗੁੱਸੇ ਨਾਲ ਲਾਲ ਹੋਣਾ ਅੱਗ ਬਲ ਪੈਣੀ (ਭਬਕ ਕੇ ਪੈਣਾ)।

**ਭਬਕਨ**, ਪੁ:—'ਭੰਬਟ' ਵੇਖੋ।

**ਭਬਕਾ**, ਪੁ:—ਭਰਤ ਦਾ ਗਲਾਸ ਅਰਕ ਜਾਂ ਸ਼ਰਾਬ ਕੱਢਣ ਵਾਲੀ ਵੱਡੀ ਗਾਗਰ ਜਾਂ ਸੁਰਾਹੀ (ਤਾਂਬੇ ਦੀ)॥

**ਭਬਕਾਉਣਾ**, ਕ੍ਰਿ:—ਖਿਝਾਉਣਾ, ਭੌਂਕਣ ਦੇਣਾ।

**ਭਬਕੀ**, ਸ:—ਧਮਕੀ, ਡਰਾਵਾ, ਜੋਸ਼॥

**ਭੰਬਟ**, ਪੁ:—ਉੱਡਣ ਵਾਲਾ ਕੀੜਾ ਜੋ ਲਾਟ ਉੱਤੇ ਸੜ ਮਰਦਾ ਹੈ॥

**ਭੱਬਰ**<br>**ਭੱਬਰਾ** } ਵਿ:—ਜਿਸ ਨੂੰ ਗਿਲ੍ਹੜ ਹੋਵੇ, ਫੁੱਲਿਆ ਹੋਯਾ (ਢਿੱਡ), ਮੋਟਾ।

**ਭੰਬਲਭੂਸੇ**, ਪੁ:—(ਬਹੁ:) ਭਟਕਣਾ, ਕੁਝ ਨਾ ਜਾਨਣਾ ਕਿ ਕੀ ਕਰੀਏ (ਖਾਲਾ)॥

**ਭੰਬੜ**, ਪੁ:—'ਭਾਂਬੜ' ਵੇਖੋ।

**ਭੰਬੜਾ ਭੂੰ**, ਵਿ:—ਨਾਸ ਹੋਯਾ ਹੋਯਾ, ਜਿਸ ਦਾ ਖੁਰ ਖੋਜ ਨਾ ਰਹੇ

**ਭੰਬਰੀ**, ਪੁ:—ਖੱਤ੍ਰੀਆਂ ਦੀ ਇੱਕ ਜਾਤ, ਭਾਂਬੜ।

Digitized by Panjab Digital Library | www.panjabdigilib.org

**ਭੰਬੀਰੀ,** ਸ:—ਇੱਕ ਘੁੰਮਣ ਵਾਲਾ ਖਿਡੌਣਾ, ਇੱਕ ਪਰਾਂ ਵਾਲਾ ਕੀੜਾ ॥

**ਭਭੂਕਾ,** ਪੁ:—ਭਾਂਬੜ, ਲਾਟ ॥
ਵਿ:—ਸੋਹਣਾ, ਅਸਲੀ ( ਹੋਣਾ ) ।

**ਭਭੂਤ,** ਸ:—ਪਵਿਤ੍ਰ ਥਾਂ ਜਾਂ ਸਾਧਾਂ ਦੀ ਧੂਣੀ ਦੀ ਸੁਆਹ, ਸਾਧਾਂ ਦੇ ਪਿੰਡੇ ਉੱਤੇ ਮਲਣ ਵਾਲੀ ਸੁਆਹ (ਲਾਉਣਾ, ਮਲਣਾ)

**ਭਭੂਤੀ,** ਸ:—ਸੜੇ ਹੋਏ ਮੁਰਦੇ ਦੀ ਸੁਆਹ, ਧਨ, ਪ੍ਰਤਾਪ ॥

**ਭਭੂਤੀਆ,** ਪੁ:—ਪਿੰਡੇ ਉੱਤੇ ਸੁਆਹ ਮਲਣ ਵਾਲਾ ਫਕੀਰ ॥

**ਭੰਭੇਰਨਾ**
**ਭੰਭੋੜਨਾ** } ਕ੍ਰਿ:—ਪਰੇ ਸਿੱਟਣਾ, ਵਾਹੁਣ ਪਾਉਣਾ, ਇੱਕ ਕਰਨਾ।

**ਭਭੋਲਾ,** ਪੁ:—ਇੱਕ ਛੋਟੇ ਲਾਲ ਫਲ ਵਾਲਾ ਬੂਟਾ।

**ਭਯ,** ਪੁ:—ਡਰ, ਭੌ, ਖੌਫ਼, ਖੌ, ਖਤਰਾ, ਜੋਖੋਂ ॥

**ਭਯਮਾਨ,** ਵਿ:—ਭਯ ਵਾਲਾ, ਡਰਿਆ ਹੋਯਾ।

**ਭੱਯਾ,** ਪੁ:—ਭਰਾ, ਪੁਰਬੀਆ, ਮਹਾਰਾਜਾ ਰਣਜੀਤ ਸਿੰਘ ਦਾ ਅਰਦਲੀ ॥

**ਭੱਯਾ ਚਾਰਾ,** ਪੁ:—'ਭਾਈ ਚਾਰਾ' ਵੇਖੋ।

**ਭਯਾਨਕ,** ਵਿ:—ਜਿਸ ਤੋਂ ਭਯ ਜਾਂ ਡਰ ਆਵੇ ॥

**ਭਯਾਲਾ,** ਵਿ:—'ਭਿਆਲਾ' ਵੇਖੋ।

**ਭਰ,** ਪੁ:—ਭਰੇ ਹੋਏ ਹੋਣ ਦੀ ਹਾਲਤ, ਬੁਤਾਇਤ, ਜ਼ੋਰ ॥
ਕ੍ਰਿ:, ਵਿ:—ਪਰ, ਭੀ, ਵੀ ॥
ਵਿ:—ਸਾਰਾ, ਪੂਰਾ, ("ਜਿਹਾ ਕਿ ਸੇਰ ਭਰ)॥

**ਭਰ ਆਉਣਾ,** ਕ੍ਰਿ:—ਉਦਾਸ ਹੋਣਾ, ਪੰਘਾਰਨਾ (ਜੀ, ਦਿਲ), ਘਾਉ, ਹੌਲੀ ਹੌਲੀ ਮਿਲ ਜਾਣਾ (ਅੰਗੂਰ) ॥

**ਭਰ ਜਾਣਾ,** ਕ੍ਰਿ:—ਭਰਨਾ, ਚਿੱਕੜ ਆਦਿਕ ਲੱਗਣਾ (ਪੈਰ, ਕਪੜਾ), ਬਹੁਤ ਭੀੜ ਹੋ ਜਾਣੀ (ਥਾਂ, ਮੇਲਾ), ਪੱਕ ਜਾਣਾ (ਫੋੜਾ)।

**ਭਰ ਦੇਣਾ,** ਕ੍ਰਿ:—ਭਰਨਾ, ਕਰਜ਼ਾ ਉਤਾਰਨਾ, ਨੁਕਸਾਨ ਪੂਰਾ ਕਰਨਾ, ਗੁਆਚੀ ਚੀਜ਼ ਦਾ ਮੁੱਲ ਦੇ ਦੇਣਾ, ਬਹੁਤ ਧਨ ਦੇਣਾ ॥

**ਭਰ ਪਾਉਣਾ,** ਕ੍ਰਿ:—ਆਪਣਾ ਹੱਕ ਜਾਂ ਹੁਧਾਰ ਦਿੱਤੀ ਹੋਈ ਰਕਮ ਪੂਰੀ ਪੂਰੀ ਲੈ ਲੈਣਾ, ਤਸੱਲੀ ਹੋ ਜਾਣੀ, ਆਪਣੀ ਸੇਵਾ ਦਾ ਫਲ ਨਾ ਮਿਲਣ ਤੇ ਸਬਰ ਕਰ ਲੈਣਾ ॥

**ਭਰਸ਼ਟ,** ਵਿ:—ਪਤਤ, ਮਲੀਨ, ਅਪਵਿਤ੍ਰ, ਵਿਗੜਿਆ ਹੋਯਾ (ਹੋਣਾ, ਕਰਨਾ, ਜਾਣਾ)।

**ਭਰਸ਼ਟਣਾ,** ਕ੍ਰਿ:—ਭਰਸ਼ਟ ਹੋ ਜਾਣਾ, ਸਰਾਪ ਮਿਲਣਾ।

**ਭਰਜਾਈ,** ਸ:—ਭਰਾ ਜਾਂ ਮਿਤ੍ਰ ਦੀ ਵਹੁਟੀ, ਭਾਬੀ ॥

**ਭਰਤ,** ਪੁ:—ਤਾਂਬੇ ਅਤੇ ਸਿੱਕੇ ਦੀ ਮਿਲੀ ਹੋਈ ਧਾਤ ਜਿਸ ਚੀਜ਼ ਨਾਲ ਖਾਲੀ ਥਾਂ ਭਰੀ ਜਾਵੇ, [illegible], ਇੱਕ ਰਾਜੇ ਦਾ ਨਾਉਂ ॥

Digitized by Panjab Digital Library | www.panjabdigilib.org

**ਭਰਤ ਭਰਨਾ,** ਕ੍ਰਿਃ—ਤ੍ਰੇੜ ਕੇ ਵਿੱਥ ਭਰਨਾ, ਘਾਟਾ ਪੂਰ ਕਰਨਾ ॥

**ਭਰਤ ਮਿਲਾਵਾ,** ਪੁਃ—'ਮਿਲਾਵਾ' ਵੇਖੋ ॥

**ਭਰਤਾ**
**ਭਰਥਾ** } ਪੁਃ—ਖੰਦ, ਮਾਲਕ, ਸਾਈਂ, ਆਸਰਾ ਦੇਣ ਵਾਲਾ ।

**ਭਰਤੀ,** ਸਃ—ਟੋਏ ਜਾਂ ਵਿਰਲ ਨੂੰ ਭਰਨ ਵਾਲੀ ਮਿਟੀ, ਲਕੜੀ, ਲੀਰਾਂ ਆਦਿਕ (ਪਾਉਣਾ) ਬੋਝ, ਭਾਰ ਦੇ ਲਜਾਣ ਦਾ ਉਪਾਉ, ਫੌਜ ਜਾਂ ਪੁਲਸ ਵਿੱਚ ਨੌਕਰ ਹੋਣਾ (ਹੋਣੀ, ਕਰਨੀ) ॥

ਵਿਃ—ਪੁਲਸ ਜਾਂ ਫੌਜ ਵਿੱਚ ਨੌਕਰ (ਹੋਣਾ, ਕਰਨਾ) ॥

**ਭਰਤੀ ਕਰਨਾ,** ਕ੍ਰਿਃ ਅਸਬਾਬ ਭਰਨਾ, ਇਕੱਠਾ ਕਰਨਾ, ਫੌਜ ਵਿਚ ਜੁਆਨ ਨੌਕਰ ਰੱਖਣੇ, ਤਾਕਤ ਵਾਲੀ ਖੁਰਾਕ ਰੱਜ ਕੇ ਖੁਆਉਣਾ ॥

**ਭਰਤੀ ਪਾਉਣਾ,** ਸਃ—ਛੱਤ ਆਦਿਕ ਦੀ ਖਾਲੀ ਥਾਂ ਨੂੰ ਭਰਨਾ ॥

**ਭਰਤੀ ਭਰਨਾ,** ਕ੍ਰਿਃ—ਜਨੌਰਾਂ ਉੱਤੇ ਅਸਬਾਬ ਲੱਦਣਾ, ਖਾਲੀ ਜਗਾ ਤੇ ਕਿਸੇ ਨੂੰ ਰਖਣਾ, ਗੱਦੀ ਨੂੰ ਲੀਰਾਂ ਨਾਲ ਭਰਨਾ ॥

**ਭਰਥ,** ਪੁਃ—ਤਾਂਬਾ ਅਤੇ ਸਿੱਕੇ ਦੀ ਮਿਲੀ ਹੋਈ ਧਾਤ ॥

**ਭਰਥਾ,** ਪੁਃ—'ਭਰਤਾ' ਵੇਖੋ ।

**ਭਰਵਾਨ,** ਵਿਃ, ਪੁਃ—'ਪਰਧਾਨ' ਵੇਖੋ ।

**ਭਰਨਾ,** ਕ੍ਰਿਃ—ਸਾਰੀ ਥਾਂ ਰੁਕ ਜਾਣੀ, ਪੂਰਾ ਹੋਣਾ, ਅੰਦਰ ਪੈਣਾ, ਇਕੱਠਾ ਹੋਣਾ, ਕਰਜ਼ਾ ਜਾਂ ਹੁੰਡੀ ਦੀ ਰਕਮ ਅਦਾ ਹੋ ਜਾਣੀ, ਰੋਜ ਜਾਣਾ, ਫਲ ਪਾਉਣਾ, ਸਹਣਾ, ਸਹਾਰਨਾ, ਬਰੂਦ ਜਾਂ ਗੋਲੀ ਪਾਉਣਾ (ਤੋਪ ਜਾਂ ਬੰਦੂਕ), ਕਿਸੇ ਪਵਿਤ੍ਰ ਥਾਂ ਜਗਰਾਤਾ ਕਰਨਾ (ਚੌਕੀ), ਦੇਣਾ (ਜੁਰਮਾਨਾ, ਚੱਟੀ), ਪਾਣੀ ਮਿਲਣਾ (ਅੰਗੂਰ), ਪਾਣੀ ਦੇਣਾ (ਖੇਤ ਜਾਂ ਪੈਲੀ) ਰੰਗ ਚਾੜ੍ਹਨਾ (ਮੂਰਤ ਵਿੱਚ ਰੰਗ), ਮੈਲ ਚਿੱਕੜ ਆਦਿਕ ਲੱਗਣਾ (ਕਪੜੇ, ਪੈਰ), ਖੂਹ ਆਦਿਕ ਵਿੱਚੋਂ ਕੱਢ ਕੇ ਲਿਆਉਣਾ, ਸੇਵਾ ਕਰਨੀ (ਪਾਣੀ) ।

**ਭਰਾ੍ਹ,** ਸਃ—[illegible] ਸਕਾਉਣ ਲਈ ਰਖੀ [illegible] ਕਢਿਆ ਹੋਇਆ ਸ਼ਰਬਤ, ਚੂਕ ਵਧੀਆ ਸੋਰਾ, ਕਰਨੀ ਦਾ ਫਲ ॥

**ਭਰਪੂਰ,** ਵਿਃ—ਨਕੋ ਨਕ ਭਰਿਆ ਹੋਇਆ, ਪੂਰਾ ਪੂਰਾ, ਸਰਬ ਬਿਆਪਕ (ਪਰਮੇਸਰ) ।

**ਭਰਵੱਟਾ,** ਪੁਃ—'ਭਰਵੱਟਾ' ਵੇਖੋ ॥

**ਭਰਬਾਉ,** ਪੁਃ—ਰੀਤ, ਵਰਤਾਰਾ, ਸਮੇਂ ਦਾ ਦੌਰ ਦੌਰਾ ।

**ਭਰਭਾਤ,** ਸਃ
**ਭਰਥਾਤੀ,** ਸਃ } 'ਪਰਭਾਤ' ਆਦਿਕ ਵੇਖੋ ॥

**ਭਰਮ,** ਪੁਃ—ਸੰਸਾ, ਝੂਠਾ ਖਿਆਲ, ਭੁੱਲ, ਸਾਖ, ਪਰਤੀਤ ॥

**ਭਰਮ ਭਾ ਬਨਣਾ**
**ਭਰਮ ਭਾ ਬਣਾਉਣਾ** } ਕ੍ਰਿਃ—ਸਾਖ ਜਾਂ ਪਰਤੀਤ ਹੋ ਜਾਣੀ ।

**ਭਰਮਣ,** ਸਃ—ਭਰਮ ਕਰਨ ਵਾਲੀ ਭੀਮਤ ।

**ਭਰਮਣਾ,** ਕ੍ਰਿਃ—ਭੁੱਲਣਾ, ਭਰਮ ਕਰਨਾ, ਅਵਾਰਾ ਫਿਰਨਾ ਭੌਂਣਾ ॥

Digitized by Panjab Digital Library | www.panjabdigilib.org

**ਭਰ ਮਰਦਾਨਾ,** ਵਿ:—ਨਿਡਰ, ਦਲੇਰ, ਹੌਸਲੇ ਵਾਲਾ ।

**ਭਰਮਾਉਣਾ,** ਕ੍ਰਿ:—ਭੁਲਾਉਣਾ, ਧੋਖਾ ਦੇਣਾ, ਬਕਾਉਣਾ ॥

**ਭਰਮਾਰ,** ਸ:—ਬਹੁਤਾਇਤ, ਕੋਈ ਚੀਜ਼ ਬਹੁਤ ਸਾਰੀ ਹੋਣਾ ।

**ਭਰਮੀ**
**ਭਰਮੀਲਾ** } ਵਿ:-ਭਰਮ ਰੱਖਣ ਵਾਲਾ, ਭੁੱਲਿਆ ਹੋਇਆ ।

**ਭਰਵੱਟਾ,** ਪੁ:—ਅੱਖਾਂ ਦੇ ਉਪਰਲੇ ਕੰਢੇ ਦੇ ਵਾਲ, ਬਰੱਟਾ ।

**ਭਰਵਾਉਣਾ**
**ਭਰਵਾ ਦੇਣਾ** } ਕ੍ਰਿ:—ਭਰਨ ਦਾ ਕੰਮ ਕਰਾਉਣਾ

**ਭਰਵਾਈ,** ਸ:—ਭਰਵਾਉਣ ਦਾ ਕੰਮ ਜਾਂ ਮਜੂਰੀ ।

**ਭਰਾ**
**ਭਰਾਉ** } ਪੁ:—ਆਪਣੇ ਪੇਉ ਜਾਂ ਮਾਂ ਦੇ ਪੇਟੋਂ ਆਦਿਕ ਦਾ ਪੁਤ੍ਰ, ਮਿਤ੍ਰ ਆਪਣੀ ਜਾਤ ਦਾ ਆਦਮੀ ।

**ਭਰਾਗਤੀ,** ਸ:—ਭਰਾਵਾਂ ਵਾਲਾ ਸਰਬੰਧ, ਭਰਾ ਪੁਣਾ, ਪਿਆਰ

**ਭਰਾਉਣਾ,** ਕ੍ਰਿ:—'ਭਰਵਾਉਣਾ' ਵੇਖੋ ॥

**ਭਰਾਇਣ,** ਸ:—ਭਰਾਈਆਂ ਦੀ ਜਾਤ ਦੀ ਜਨਾਨੀ ।

**ਭਰਾਈ,** ਸ:—ਭਰਨ ਦਾ ਕੰਮ ਜਾਂ ਮਜੂਰੀ ।

ਪੁ:—ਲਗਾਹ ਦੇ ਪੀਰ ਦੇ ਗੀਤ ਗਾਉਣ ਵਾਲੇ ਅਤੇ ਢੋਲਕ ਆਂ ਪਾਉਣ ਵਾਲੇ ਮੁਸਲਮਾਨਾਂ ਦੀ ਇੱਕ ਜਾਤ, ਢੋਲੀ, ਮਰੇਰ ॥

**ਭਰਾਂਤੀ,** ਸ:—ਭਰਮ, ਭੁੱਲ ਅਗਿਆਨ, ਕਰਾਹ ਪੈਣਾ ।

**ਭਰਾਵਾ,** ਪੁ:—ਪੁਸ਼ਾਕ ਦਾ ਢੰਗ, ਪਾਣ ਵਾਲੇ ਕਪੜਿਆਂ ਦਾ ਨਮੂਨਾ, ਫੈਸ਼ਨ ॥

ਵਿਸਮਯ:—ਹੇ ਭਰਾ, ਮਿਤ੍ਰ, ਬੇਲੀਆ ।

**ਭਰਾੜ,** ਪੁ:—ਕਪੜੇ ਵਿੱਚ ਵਗ ਸਾਰਾ ਲੰਗਾਰ॥

**ਭਰਿਆ ਹੋਇਆ**
**ਭਰਿਆ ਪੀਤਾ** } ਵਿ:—ਜਸ ਨੂੰ ਬਹੁਤ ਗੁੱਸਾ ਚੜ੍ਹਿਆ ਹੋਇਆ ਹੋਵੇ ।

**ਭਰਿਸ਼ਟ**
**ਭਰਿਸ਼ਟਣਾ** } 'ਭਰਸ਼ਟ' ਆਦਿਕ ਵੇਖੋ ।

**ਭਰੰਡ,** ਪੁ:—ਲਾਲ ਰੰਗ ਦਾ ਕੀੜਾ ॥

**ਭਰੀ,** ਸ:—ਘਾਹ ਦਾਣੇ ਆਦਿਕ ਦੀਆਂ ਹੋਈ ਜੋ ਇੱਕ ਆਦਮੀ ਚੁੱਕੇ, ਕਈ ਚੀਜਾਂ ਕੱਠੀਆਂ ਬੱਧੀਆਂ ਹੋਈਆਂ ।

**ਭਰੀ ਭਰੂੰਨੀ,** ਸ:—ਗਰਭ ਵਾਲੀ ਤ੍ਰੀਮਤ ॥

**ਭਰੀਆਂ ਬੰਨ੍ਹਣਾ,** ਕ੍ਰਿ:—ਸੰਸਾਰ ਦੀ ਮਾਇਆ ਕੱਠੀ ਕਰਨੀ ।

**ਭਰੁਹਣਾ**
**ਭਰਣਾ** } ਕ੍ਰਿ:-ਰੱਖ ਦੀ ਛਿੱਲ ਲਾਹ ਲੈਣੀ॥

**ਭਰੇਰਾ,** ਵਿ:—ਭਾਰਾ, ਮੋਟਾ, ਵੱਡਾ, ਵਡਮੁੱਲਾ ॥

**ਭਰੋਲੀ,** ਸ:—ਪ੍ਰਭਾਤ ॥

**ਭਰੈਣ,** ਸ:—'ਭਰਾਇਣ' ਵੇਖੋ ॥

**ਭਰੇ,** ਪੁ:—ਜਿਸ ਥਾਂ ਰਾਹੀਆਂ ਦੇ ਪੀਣ ਲਈ ਪਾਣੀ ਦੇ ਭਰੇ ਹੋਏ ਭਾਂਡੇ ਹੋਣ, ਛਬੀਲ ॥

Digitized by Panjab Digital Library / www.panjabdigilib.org

**ਭਰੋਹਿਆ, ਭਰੋਝੀ** } ਪੁ: ਭਠੇ ਉੱਤੇ ਗਾਹੀਆਂ ਦੀ ਸੇਵਾ ਕਰਨ ਵਾਲਾ ।

**ਭਰੋਸਾ,** ਪੁ:—ਆਸਰਾ, ਸਹਾਰਾ, ਯਕੀਨ ਪੱਕੀ ਆਸ ॥

**ਭਰੋਟਾ ਪੁ:, ਭਰੋਟੀ, ਸ:** } ਘਾਹ ਆਦਿਕ ਦੀ ਛੋਟੀ ਭਰੀ ॥

**ਭਰੋਟ,** ਸ:—ਟੱਬਰ ਜਾਂ ਖਾਣੀ ਦੀ ਭਰਤੀ ਕਰਾਵਾ ।

**ਭਲ,** ਸ:—ਭਰਮ, ਸੰਸ, ਸੰਸ (ਖਾਸ ਕਰ ਕੇ ਲਵਾਂ ਦੀ ) ।

**ਭਲੇ,** ਸ: —ਮਸ਼ਹੂਰੀ, ਸੋਭਾ, ਵਾਤਆਈ ।

**ਭੱਲ ਭਾਈ,** ਵਿ: —ਉੱਘਾ, ਮੰਨਿਆ ਦੰਨਿਆ, ਬਹੁਤ ਵਧਿਆ ਹੋਯਾ ।

**ਭਲਕ(ਕੇ),** ਕ੍ਰਿ:, ਵਿ: -ਆਉਣ ਵਾਲਾ ਕੱਲ ਦਾ ਦਿਨ ॥

**ਭਲੱਥਾ,** ਪ: —ਧਕਾ, ਜ਼ੋਰ, ਕੁਸ਼ਤੀ ਦਾ ਦਾਉ ॥

**ਭਲਨਾ,** ਕ੍ਰਿ:—ਭਰਮ ਕਰਨਾ, ਭੁੱਲਣਾ ।

**ਭਲਮਣਸਊ, ਪੁ: ਭਲਮਨਸਾਤ, ਸ: ਭਲਮਾਨਸੀ, ਸ:** } ਨੇਕ, ਭਲਿਆਈ, ਚੰਗਾ ਕੰਮ ਭਲੇ ਮਾਣਸ ਹੋਣ ਦਾ ਗੁਣ, ਅਸ਼ਰਾਫਤ ।

**ਭਲਵਾਨ,** ਪ:—ਕੁਸ਼ਤੀ ਕਰਨ ਵਾਲਾ, ਜੁਆਨ, ਤਕੜਾ, ਬਹਾਦਰ ॥

**ਭਲਵਾਨੀ,** ਸ:—ਭਲਵਾਨ ਦਾ ਕੰਮ, ਕੁਸ਼ਤੀ, ਬਹਾਦਰੀ ॥

**ਭਲਾ, ਭਲੇ** } ਵਿ:—ਚੰਗਾ, ਹਛਾ, ਉਤਮ ।
ਕ੍ਰਿ:, ਵਿ:—ਹੱਛਾ, ਚੰਗੀ ਗੱਲ ਹੈ ।
ਪ: ਫਾਇਦਾ, ਲਾਹਾ ਉਪਕਾਰ ਨੇਕੀ ॥

**ਭਲਾ ਮਾਨਸ,** ਪੁ:—ਚੰਗੇ ਸੁਭਾਉ ਵਾਲਾ, ਨੇਕ ਮਨੁੱਖ ਸ਼ਰੀਫ, ਸਾਊ, ਰਈਸ । ਮੂਰਖ, ਬਦ-ਮਾਸ਼, ਦੁਸ਼ਟ ॥

**ਭਲਾ ਲੱਗਣਾ,** ਕ੍ਰਿ:—'ਅਛਾ ਲੱਗਣਾ' ਵੇਖੋ ॥

**ਭਲੇ ਦਾ ਭਲਾ,** ਅਖੌਤ, ਨੇਕ ਆਦਮੀ ਨੂੰ ਨੇਕੀ-ਦਾ ਫਲ ਮਿਲਦਾ ਹੈ ॥

**ਭੱਲੀ,** ਪ:—ਖੱਟੀਆਂ ਦੀ ਪਿੰਡ ਮਾਤ, ਕਾਂਜੀ ਜਾਂ ਦਹੀਂ ਵਿੱਚ ਪਿਆ ਹੋਯਾ ਵੜਾ ।

**ਭਲਿਆਈ,** ਸ:—ਭਲੇ ਹੋਣ ਦਾ ਗੁਣ, ਨੇਕੀ, ਚੰਗਿਆਈ, ਫੈਦਾ ॥

**ਭਲਿਆਟ, ਭਲਿਆਟੀ** } ਸ:—ਜਿਸ ਗਊ ਆਦਿਕ ਨੇ ਬਹੁਤ ਚਿਰ ਦੁੱਧ ਦਿੱਤਾ ਹੈ ਪਰ ਅਜੇ ਗੱਭਣ ਨਹੀਂ ਹੋਈ ॥

**ਭਲੇਰਡਾ, ਭਲੇਰਾ** } ਵਿ:—ਭਲਾ, ਹੱਛਾ ਦੂਜੇ ਕੋਲੋਂ ਚੰਗਾ ।

**ਭਵੱਕੜ,** ਪੁ: —'ਭਬੱਕੜ' ਵੇਖੋ ।

**ਭਵਜਲ,** ਪੁ:—ਸੰਸਾਰ ਰੂਪੀ ਸਮੁੰਦਰ, ਭੌਜਲ, ਡਰ ॥

**ਭਵੰਟਾ,** ਪੁ:—'ਬਰਵੰਟਾ' ਵੇਖ ॥

**ਭਵਨ,** ਪ:—ਘਰ, ਹਵੇਲੀ, ਮੰਦਰ, ਭੌਣ ॥

**ਭੰਵਰ,** ਸ:—ਘੁੰਮਣ ਘੇਰ ॥

Digitized by Panjab Digital Library | www.panjabdigilib.org

**ਭੰਵਰ** / **ਭੌਂਰਾ** } ਪੁ:—ਫੁੱਲਾਂ ਦਾ ਰਸ ਚੂਸਣ ਵਾਲਾ ਕਾਲਾ ਭੂੰਡ ਭੌਰਾ ॥

**ਭੰਵਰ ਕਲੀ,** ਸ:—ਅਗਾੜੀ (ਘੋੜੇ ਦੀ), ਪਟਾ (ਕੁੱਤੇ ਦਾ), ਜ਼ੰਜੀਰ, ਰਹਿਕਲਾ ॥

**ਭਵਾਂ,** ਸ: —(ਬਹੁ:), ਭਰਵੱਟੇ ।

**ਭਵਾਟਣੀ** / **ਭੰਵਾਟਣੀ** } ਸ: —ਫੇਰੇ, ਘੁੰਮਣਾ, ਘੇਰ, (ਆਉਣੀ, ਲੈਣੀ)

**ਭਵਾਟਣੀਆਂ ਦੇਣਾ,** ਕ੍ਰਿ:—ਘੁਮਾਉਣਾ, ਲਾਵਾਂ ਦੇਣੀਆਂ, ਵਿਆਹ ਕਰਨਾ ।

**ਭਵਾਨੀ,** ਸ:—ਹੋਣੀ, ਦੇਵੀ, ਸੀਤਲਾ, ਪਾਰਬਤੀ ।

**ਭਵਿੱਸ (ਖ)** / **ਭਵਿੱਖਤ** / **ਭਵਿੱਖ** } ਪੁ: —ਆਉਣ ਵਾਲਾ ਸਮਾਂ, ਹੋਣੀ

**ਭੜਕ,** ਸ: —ਸ਼ੋਭਾ, ਸੁਹੱਪਣ, ਚਮਕ, ਧਮਕ, ਜੋਸ਼, ਗੁੱਸਾ ॥

**ਭੜਕਣਾ,** ਕ੍ਰਿ: ਜ਼ੋਰ ਨਾਲ ਪਾਟਣਾ, ਬਲ ਉੱਠਣਾ, ਜੋਸ਼ ਵਿਚ ਆਉਣਾ, ਕੌੜਾ ਬੋਲਣਾ, ਕ੍ਰੋਧ ਕਰਨਾ ।

**ਭੜਕਾ,** ਪੁ:—ਬਲਦੀ ਅੱਗ ਦੀ ਤੇਜ਼ੀ ॥

**ਭੜਕਾਉਣਾ,** ਕ੍ਰਿ: —ਅੱਗ ਗਰਮੀ ਜਾਂ ਕ੍ਰੋਧ ਨੂੰ ਤੇਜ਼ ਕਰਨਾ ॥

**ਭੜਕੀ,** ਸ:—ਬੜੀ ਤ੍ਰੇਹ, ਤਾਂਘ, ਡਰਾਉਣੇ ਬਚਨ, ਜਿਸ ਗੱਲ ਨਾਲ ਗੁੱਸਾ ਚੜ੍ਹ ਕੇ ਔਖੇ ਲੱਗ ਜਾਏ, ਅਚਾਨਚੱਕ ਡਰ ਪੈਣਾ ਜਾਂ ਉੱਠਣਾ (ਦੇਣੀ, ਲੱਗਣੀ) ॥

**ਭੜਕੀਲਾ,** ਵਿ:—ਭੜਕ ਵਾਲਾ, ਚਮਕਦਾਰ, ਡਰਾਉਣਾ ॥

**ਭੜਕੇਲ,** ਵਿ:—ਜੋ ਐਵੇਂ ਡਰ ਜਾਏ, ਜੋ ਹਿਲੀ ਨਹੀਂ (ਗਊ) ॥

**ਭੜੰਤ,** ਸ:—'ਭੜੰਤੀ' ਵੇਖੋ ॥

**ਭੜਥਾ,** ਪੁ:, ਵਿ:—ਭੁੱਬਲ ਵਿੱਚ ਭੁੰਨੇ ਹੋਏ ਵਤਾਊਂ ਲੂਣ ਮਸਾਲੇ ਵਾਲੇ, ਚੰਗੀ ਤਰਾਂ ਕੁੱਟਿਆ ਹੋਇਆ ਬਤਾਊਂ ਜਾਂ ਕੋਈ ਹੋਰ ਸ਼ੈ, ਤਾਉ ਨਾਲ ਜੋ ਸੜ ਜਾਵੇ (ਹੋਣਾ, ਕਰਨਾ) ॥

**ਭੜਥੂ,** ਪੁ:—ਸ਼ੋਰ ਸ਼ਰਾਬਾ, ਰੌਲਾ (ਮਚਾਉਣਾ, ਪਾਉਣਾ)।

**ਭੜਦਾਹ,** ਸ:—ਦਾਹਤ ਤ੍ਰੇਹ, ਧੁੱਪ ਦਾ ਤਾਵਾ ਤਾਉ ।

**ਭੜਭੜਾਉਣਾ,** ਕ੍ਰਿ:—ਬਲ ਉੱਠਣਾ, ਡਰ ਕੇ ਅੱਭੜ ਵਾਹੇ ਉੱਠਣਾ, ਘਾਬਰ ਜਾਣਾ, ਹੋਸ਼ ਪੰਰ ਪੈ ਜਾਣੇ ।

**ਭੜਭੜੀ,** ਸ:—ਅਨਾਜ ਦੇ ਮੁੱਲ ਦਾ ਅਚਾਨਚੇਤ ਚੜ੍ਹ ਜਾਣਾ, ਹਰਾਨਗੀ, ਡਰ (ਲੱਗ ਉੱਠਣੀ, ਲੱਗਣੀ) ॥

**ਭੜਭੂੰਜਾ,** ਪੁ: / **ਭੜਭੂੰਜੀ,** ਸ: } ਜਿਸ ਦਾ ਕੰਮ ਦਾਣੇ ਭੁੰਨਣਾ ਹੈ ।

**ਭੜਵਾਉਣਾ** / **ਭੜਾਉਣਾ** / **ਭੜਾਈ** / **ਭੜਾ ਦੇਣਾ** } 'ਪੜ੍ਹਵਾਉਣਾ' ਆਦਿਕ ਵੇਖੋ ॥

Digitized by Panjab Digital Library | www.panjabdigilib.org

**ਭੜਾਸ,** ਸ਼ਃ—ਹਵਾੜ, ਤੱਤੀ ਜ਼ਮੀਨ ਉੱਪਰ ਠੰਡਾ ਪਾਣੀ ਪੈਣ ਨਾਲ ਜੋ ਹਵਾ ਨਿਕਲਦੀ ਹੈ, ਦਿਲ ਦਾ ਅਰਮਾਨ ।

**ਭੜਾਸਣਾ,** ਕ੍ਰਿਃ—ਭੜਾਸ ਛੱਡਣੀ, ਗਰਮੀ ਨਾਲ ਬੇ ਚੈਨੀ ।

**ਭੜੂਆ,** ਪੁਃ—ਬੇ ਸ਼ਰਮ ਆਦਮੀ, ਨਿਰਲੱਜ ॥

**ਭੜੋਲਾ,** ਪੁਃ—ਅਨਾਜ ਰੱਖਣ ਵਾਲੀ ਮਿੱਟੀ ਦੀ ਕੋਠੜੀ ॥

ਵਿਃ—ਮੋਟਾ, ਸੁੱਜਿਆ ਹੋਇਆ ।

**ਭੜੋਲੀ,** ਸ਼ਃ—ਛੋਟਾ ਭੜੋਲਾ, ਚੌਂਕੇ ਦੇ ਭਾਂਡੇ ਰੱਖਣ ਵਾਲਾ ਭੜੋਲਾ

**ਭੜੌਤੀ,** ਸ਼ਃ—'ਪੜ੍ਹੌਤੀ' ਵੇਖੋ ।

**ਭਾ,** ਪੁਃ—ਭਰਾ (ਪਿਆਰ ਦਾ ਬਚਨ), ਭਾਊਜੀ, ਭਾਜੀ ॥

**ਭਾ**
**ਭਾਉ** } ਪੁਃ—ਜਿਸ ਲੇਖੇ ਕੋਈ ਚੀਜ਼ ਵਿਕੇ, ਨਿਰਖ, ਮੁੱਲ, ਲਾਗਾ, ਪ੍ਰੇਮ ।

**ਭਾ ਚੜ੍ਹਨਾ,** ਕ੍ਰਿਃ—ਚੀਜ਼ ਦਾ ਮੁੱਲ ਵਧ ਜਾਣਾ।

**ਭਾ ਚੁਕਾਣਾ,** ਕ੍ਰਿਃ—ਮੁੱਲ ਠਹਿਰਾਉਣਾ ॥

**ਭਾ ਪੈਣੀ,** ਕ੍ਰਿਃ—ਪ੍ਰੇਮ ਆਉਣਾ, ਭਾਣਾ ਵਰਤਣਾ ।

**ਆਦਰ ਭਾਉ**
**ਭਾਉ ਭਗਤ** } ਪੁਃ—ਆਏ ਦੀ ਖ਼ਾਤਰ ਮਾਨ ।

**ਭਾਉ ਛੱਤਾ (ਛੁੱਤਾ),** ਪੁਃ—ਭਾਉ, ਨਿਰਖ, ਕੀਮਤ ॥

**ਭਾਉਣਾ,** ਕ੍ਰਿਃ—ਮਨ ਨੂੰ ਚੰਗਾ ਲਗਣਾ, ਪਸੰਦ ਆਉਣਾ ॥

**ਭਾਉਣੀ,** ਸ਼ਃ—ਇੱਛਿਆ, ਚਾਹ, ਖੁਸ਼ੀ, ਸਰਧਾ, ਖਿਆਲ ।

**ਭਾਈ,** ਪੁਃ—ਭਰਾ, ਸਰਬੰਧੀ, ਮਿਤ੍ਰ, ਕੋਈ ਵੱਡਾ ਮਰਦ (ਤੀਮਤਾਂ ਦੀ ਬੋਲੀ), ਭਲਾ ਲੋਕ, ਸਿੱਖ, ਰਾਗੀ, ਗੁਰਮੁਖੀ ਪੜ੍ਹਾਉਣ ਵਾਲਾ, ਧਰਮਸਾਲੀਆ; ਕੋਈ ਆਦਮੀ ।

**ਭਾਈ ਚਾਰਕ,** ਵਿਃ—ਭਾਈ ਚਾਰੇ ਦੀ ਬਾਬਤ ॥

**ਭਾਈ ਚਾਰਾ,** ਪੁਃ—ਬਰਾਦਰੀ, ਭਰਾਵਾਂ ਦਾ ਮੇਲ, ਇੱਕ ਜਾਤ ਦੇ ਲੋਕ, ਭਰਾਵਾਂ ਵਾਲਾ ਸਰਬੰਧ ।

**ਭਾਈ ਬੰਦ,** ਪੁਃ—ਸਰਬੰਧੀ, ਸਰੀਕ, ਆਪਣੀ ਅੱਲ ਦੇ ਮਨੁੱਖ ।

**ਭਾਈ ਵਾਲ,** ਪੁਃ—ਸਾਂਝੀ, ਮਿਲ ਕੇ ਕੰਮ ਕਰਨ ਵਾਲਾ ।

**ਭਾਈਆ,** ਪੁਃ—ਵੱਡਾ ਭਰਾ, ਪੇਉ, ਵਡਾ ਸੱਕਾ, ਮਿਤ੍ਰ, ਸਾਥੀ ।

**ਭਾਸ,** ਪੁਃ—ਚਾਨਣ, ਭਾਹ

**ਭਾਸ ਮਾਣ,** ਵਿਃ—ਰੌਸ਼ਨ ।

**ਭਾਸਕਰ,** ਪੁਃ—ਸੂਰਜ ।

**ਭਾਸਣਾ,** ਕ੍ਰਿਃ—ਵੇਖਣਾ, ਜਾਣਨਾ, ਪਰਖਣਾ ਦਿੱਸਣਾ, ਜਾਪਣਾ ॥

**ਭਾਸ਼ਾ,** ਸ਼ਃ—ਬੋਲੀ, ਜ਼ਬਾਨ, ਹਿੰਦੀ, ਨਾਗਰੀ ॥

**ਭਾਹ,** ਸ਼ਃ—ਅੱਗ, ਸ਼ੋਭਾ, ਚਮਕ, ਮਹੱਬਤ (ਲੱਗਣੀ)

Digitized by Panjab Digital Library | www.panjabdigilib.org

**ਭਾਹਿ,** ਸ:—'ਭਾਹ' ਵੇਖੋ ॥

**ਭਾਖਣਾ,** ਕ੍ਰਿ:—ਬੋਲਣਾ, ਗੱਲ ਕਰਨੀ, ਆਖਣਾ

**ਭਾਖਾ**
**ਭਾਖਿਆ** } ਸ:—ਬੋਲੀ, ਹਿੰਦੀ, ਪੰਖੇਰੂਆਂ ਦੀ ਬੋਲੀ ॥

**ਭਾਖਿਆ,** ਸ:—ਗੱਲ ਬਾਤ, ਭੇਤ, ਖ਼ਬਰ ॥

**ਭਾਗ,** ਪੁ:—ਨਸੀਬ, ਹਿੱਸਾ, ਪਰਾਲਬਧ । ਕਰਾ, ਖੋਂਬਾ

**ਭਾਗ ਹੀਣ,** ਵਿ:—ਬੇ ਨਸੀਬ, ਜਿਸ ਦੀ ਪਰਾਲਬਧ ਖੋਟੀ ਹੋ ॥

**ਭਾਗ ਭਰੀ,** ਸ:—ਚੰਗੇ ਭਾਗਾਂ ਵਾਲੀ, ਖੁਸ਼ ਨਸੀਬ ॥

**ਭਾਗ ਲੱਗਣਾ,** ਕ੍ਰਿ:—ਕਿਸਮਤ ਚੰਗੀ ਹੋਣੀ, ਔਲਾਦ ਹੋ ਜਾਣੀ ।

**ਭਾਗਵਾਨ,** ਵਿ:—ਜਿਸ ਨੂੰ ਭਾਗ ਲੱਗਾ ਹੋਵੇ, ਦੁੱਧ ਪੁੱਤ ਵਾਲਾ (ਲੀ), ਵਡਾਰੀ ਨੂੰ ਬੁਲਾਉਣ ਦਾ ਬਚਨ ।

**ਭਾਂਗ,** ਸ:—'ਭੰਗ' ਵੇਖੋ ।

**ਭਾਗਣ,** ਸ:-ਵਿ:—ਚੰਗੇ ਭਾਗਾਂ ਵਾਲੀ, ਸੁਹਾਗਣ, ਹਿੱਸੇਦਾਰ ॥

**ਭਾਗਵਤ,** ਪੁ:—ਅਠਾਰਾਂ ਪੁਰਾਣਾਂ ਵਿਚੋਂ ਇਕ ਮਸ਼ਹੂਰ ਪੁਰਾਣ ॥

**ਭਾਂਗਾ,** ਪੁ:—ਕਸਰ, ਘਾਟਾ, ਨੁਕਸਾਨ, ਰੋਕ ॥

**ਭਾਂਗਾ ਕੱਢਣਾ,** ਕ੍ਰਿ:—ਕਸਰ ਜਾਂ ਘਾਟਾ ਪੂਰਾ ਕਰਨਾ ॥

**ਭਾਗੀ,** ਪੁ:—ਭਾਗਾਂ ਵਾਲਾ, ਹਿੱਸੇ ਦਾਰ, ਸਾਂਝੀ ॥

**ਭਾਂਜ**
**ਭਾਂਜੜ** } ਸ:—ਹਾਰ, ਪਿੱਠ ਵਿਖਾਲਣਾ, ਰਣ ਤੋਂ ਨੱਠਣਾ (ਪੈਣੀ) ।

**ਭਾਜੀ,** ਸ:—ਵਿਆਹ ਕਾਜ ਪੁਰ ਜੋ ਮਠਿਆਈ ਆਦਿਕ ਭਾਈ ਚਾਰੇ ਵਿੱਚ ਵੰਡੀ ਜਾਏ, ਤਰਕਾਰੀ, ਸਬਜ਼ੀ, ਸਾਗ ਆਦਿਕ ॥

**ਭਾਂਜੀ,** ਸ:—ਰੋਕ, ਵਿਘਨ, ਵਿਰੋਧ, ਪਿੱਠ ਪਿਛੇ ਨਿੰਦਿਆ ਕਰਕੇ ਕਿਸੇ ਦਾ ਕੰਮ ਵਿਗਾੜਨਾ, ਚੁਗਲੀ (ਮਾਰਨਾ) ॥

**ਭਾਂਜੀ ਮਾਰ,** ਵਿ:—ਭਾਂਜੀ ਮਾਰਨ ਵਾਲਾ (ਲੀ) ॥

**ਭਾਟੜਾ,** ਪੁ:
**ਭਾਟੜੀ,** ਸ: } ਇੱਕ ਨੀਚ ਜਾਤ ਦੇ ਬ੍ਰਾਹਮਣ ਜੋ ਸਾਧੂਆਂ ਦਾ ਭੇਖ ਧਰਕੇ ਭਿਛਿਆ ਮੰਗਦੇ ਹਨ ॥

**ਭਾਟੀ,** ਸ:—ਕੋਈ ਹਾਕਮ ਜੋ ਜ਼ਮੀਨ ਕਿਸੇ ਬ੍ਰਾਹਮਣ ਜਾਂ ਫਕੀਰ ਨੂੰ ਪੁੰਨ ਕਰਕੇ ਦੇਵੇ ।

**ਭਾਟੀਆ,** ਪੁ:—ਹਿੰਦੂਆਂ ਦੀ ਇਕ ਜਾਤ ॥

**ਭਾਂਡਾ,** ਪੁ:—ਬਰਤਨ, ਥਾਲੀ ਕਟੋਰਾ ਗੜਵੀ ਆਦਿਕ ॥

**ਭਾਣ,** ਸ:—ਭਾਜ, ਖੜੇ ਫਸਲਾਂ ਦੀ ਵੰਡ ਦਾ ਨਿਸ਼ਾਨ ।
ਪੁ:—ਵੱਡੇ ਸਿਕੇ ਦੇ ਬਦਲੇ ਜੋ ਛੋਟੇ ਸਿਕੇ ਲਏ ਜਾਣ, ਵਿਆਹ ਦੀ ਚੀਜ਼ ਵਸਤ ਖਰੀਦਣਾ, ਸੂਰਜ, ਕਿਰਨਾਂ ॥

**ਭਾਣਕ,** ਸ:—ਚਾਹ, ਇੱਛਿਆ, ਰਸ ।

**ਭਾਣਕ ਜਾਣਾ,** ਕ੍ਰਿ:—ਜੀ ਨਾ ਕਰਨਾ ।

Digitized by Panjab Digital Library | www.panjabdigilib.org

**ਭਾਣਜਾ,** ਪੁਃ } **ਭਾਣਜੀ,** ਸਃ } ਭੈਣ ਦਾ ਪੁਤ੍ਰ (ਧੀ), ਭਨੇਵਾਂ (ਵੀਂ)।

**ਭਾਣਾ,** ਪੁਃ—ਮਰਜ਼ੀ, ਇੱਛਿਆ, ਜਾਚ, ਹੋਣੀ, ਰੱਬ ਦੀ ਮਰਜ਼ੀ ॥

**ਭਾਣੇ,** ਅਵਃ—ਖਿਆਲ ਵਿੱਚ, ਮਰਜ਼ੀ ਨਾਲ, ਵੱਲੋਂ ॥

**ਭਾਤ,** ਪੁਃ—ਭਤ, ਉਬਾਲੇ ਹਏ ਚਾਉਲ ॥

**ਭਾਂਤ,** ਪੁਃ—ਕਿਸਮ, ਢੰਗ, ਤਰੀਕਾ, ਰੀਤ ॥

**ਭਾਦਰੋਂ** } **ਭਾਦੋਂ** } ਪੁਃ—ਹਿੰਦੂਆਂ ਦੇ ਵਰ੍ਹੇ ਦਾ ਪੰਜਵਾਂ ਮਹੀਨਾ।

**ਭਾਨਜ ਜਵਾਈ,** ਪੁਃ—ਭੈਣ ਦਾ ਜੁਆਈ ॥

**ਭਾਨਜ ਨੂੰਹ** } **ਭਾਨਜ ਬਹੂ** } ਸਃ—ਭੈਣ ਦੀ ਨੂੰਹ।

**ਭਾਨਮਤਾ,** ਪੁਃ } **ਭਾਨਮਤੀ,** ਸਃ } ਮਦਾਰੀ, ਮਦਾਰੀ ਦਾ ਖੇਲ, ਹੱਥ ਚਲਾਕੀ।

**ਭੌਨੀ,** ਸਃ—'ਭਾਜੀ' ਵੇਖੋ।

**ਭਾਫ,** ਸਃ—ਤੱਤੇ ਪਾਣੀ ਦੀ ਬਣੀ ਹੋਈ ਹਵਾ, ਹਵਾੜ, ਬੁਖ਼ਾਰ।

**ਭਾਫ ਦੇਣਾ,** ਕ੍ਰਿਃ—ਰੋਗ ਦਾ ਇਲਾਜ ਕਰਨ ਲਈ ਰੋਗੀ ਦੇ ਪਿੰਡੇ ਨੂੰ ਭਾਫ ਲੱਗਣ ਦੇਣੀ, ਕਪੜਿਆਂ ਨੂੰ ਭਾਫ ਲਾਉਣੀ (ਧੋਣ ਵਾਸਤੇ)।

**ਭਾਫ ਲੈਣਾ,** ਕ੍ਰਿਃ—ਪਿੰਡੇ ਨੂੰ ਭਾਫ ਲੱਗਣ ਦੇਣੀ ॥

**ਭਾਂਪਣਾ,** ਕ੍ਰਿਃ—ਭਾਫ ਲੈਣਾ, ਸੰਕੇਤ ਨਾਲ ਸਮਝਣਾ, ਪਤਾ ਲਾਉਣਾ ॥

**ਭਾਬੜ,** ਪੁਃ } **ਭਾਂਬੜੀ,** ਸਃ } ਬਹੁਤ ਲਕੜੀ ਦੀ ਅੱਗ, ਹਲ-ਚਲ (ਮਚਣਾ)।

**ਭਾਬੜਾ,** ਪੁਃ—ਜੈਨ ਮਤ ਦਾ ਆਦਮੀ (ਬਹੁਤ ਬਪਾਰੀ ਹਨ)।

**ਭਾਬੜੀ,** ਸਃ—ਜੈਨ ਮਤ ਦੀ ਤੀਵੀਂ, ਮਨੋਰਥ, ਲੋੜ।

**ਭਾਬੀ,** ਸਃ—ਛੋਟਾ ਭਾਂਬੜ।

**ਭਾਬੀ** } **ਭਾਬੋ** } ਸਃ—ਭਰਜਾਈ, ਮਾਂ, ਮਾਈ।

**ਭਾਂ ਭਾਂ ਕਰਨਾ,** ਕ੍ਰਿਃ—ਸੁੰਞਾ ਸੱਖਣਾ ਹੋਣਾ (ਘਰ, ਸ਼ਹਿਰ)।

**ਭਾਂ ਭਾਂ ਬਿੱਲੀਆਂ,** ਸਃ—ਬਾਲਾਂ ਦੀ ਖੇਡ ਜਿਸ ਵਿੱਚ ਆਪਣੇ ਗਿਰਦੇ ਘੁੰਮਦੇ ਹਨ ॥

**ਭਾਮਣ,** ਪੁਃ } **ਭਾਮਣੀ,** ਸਃ } 'ਬ੍ਰਾਹਮਣ' ਵੇਖੋ

**ਭਾਮਾਂ (ਵਾਂ)** } **ਭਾਮੇਂ (ਵੇਂ)** } ਯੋਜਕਃ—ਚਾਹੇ, ਭਾਂ...ਭਾਂ..., ਸ਼ਾਇਦ ॥

**ਭਾਰ,** ਪੁਃ—ਬੋਝਾ, ਵਜ਼ਨ, ਤੋਲ।
ਕ੍ਰਿਃ, ਵਿਃ—ਸਹਾਰੇ (ਸਿਰ ਦੇ ਭਾਰ)।

**ਭਾਰ ਉਠਾਣਾ** } **ਭਾਰ ਚੁੱਕਣਾ** } ਕ੍ਰਿਃ—ਜ਼ੁੰਮੇਵਾਰੀ ਲੈਣੀ, ਦੂਜੇ ਦੀ ਮਦਦ ਕਰਨੀ।

Digitized by Panjab Digital Library | www.panjabdigilib.org

**ਭਾਰ ਉਤਾਰਨਾ,** ਕ੍ਰਿ:—ਜ਼ੁੰਮੇਵਾਰੀ ਟੋਰਨੀ, ਆਪਣਾ ਫਰਜ਼ ਪੂਰਾ ਕਰਨਾ, ਛੁਡਾਉਣਾ, ਪਰਾਹਚਿਤ ਕਰਨਾ।

**ਭਾਰ ਚੜ੍ਹਨਾ,** ਕ੍ਰਿ:—ਕਿਸੇ ਦਾ ਅਹਿਸਾਨ ਸਿਰ ਉੱਤੇ ਹੋਣਾ॥

**ਭਾਰ ਚੜ੍ਹਾਉਣਾ**
**ਭਾਰ ਚੜ੍ਹਾਣਾ** } ਕ੍ਰਿ:—ਅਹਿਸਾਨ ਕਰਨਾ॥

**ਮੂੰਹ ਦੇ ਭਾਰ ਡਿੱਗਣਾ,** ਕ੍ਰਿ:—ਸਭ ਕੁਝ ਗੁਆ ਬੈਠਣਾ॥

**ਭਾਰ ਵੰਡਣਾ**
**ਭਾਰ ਵੰਡਾਉਣਾ** } ਕ੍ਰਿ:—ਔਖੇ ਵੇਲੇ ਸਹਾਇਤਾ ਕਰਨੀ।

**ਭਾਰ ਵਿੱਚ ਆਉਣਾ**
**ਭਾਰਾਂ ਤੇ ਪੈਣਾ** } ਕ੍ਰਿ:—ਹੰਕਾਰ ਕਰਨਾ, ਦੂਜੇ ਵਾਸਤੇ ਕੋਈ ਕੰਮ ਕਰਨੋਂ ਇਸ ਲਈ ਨਾਂਹ ਕਰਨੀ ਕਿ ਉਹ ਮਿਨਤਾਂ ਕਰੇ ਜਾਂ ਕਦੀ ਆਪਣੀ ਮਰਜ਼ੀ ਪੂਰੀ ਕਰੇ॥

**ਭਾਰਤ**
**ਭਾਰਤ ਵਰਖ (ਸ਼)** } ਪੁ:—ਸਾਡਾ ਦੇਸ਼ ਹਿੰਦੁਸਤਾਨ।

**ਭਾਰਾ,** ਵਿ:—ਜਿਸ ਦਾ ਭਾਰ ਬਹੁਤ ਹੈ, ਬੋਝਲ, ਮੋਟਾ, ਦੁਖਦਾ, ਰੋਗੀ, ਔਖਾ, ਵਡਮੁੱਲਾ, ਹੰਕਾਰੀ, ਮਜ਼ਾਜੀ।

**ਭਾਰਾ ਗੌਰਾ,** ਵਿ:—ਧੀਰਜ ਵਾਲਾ, ਗੰਭੀਰ (ਹੌਲਾ)॥

**ਭਾਰੀ,** ਵਿ:—ਭਾਰਾ, ਵੱਡਾ, ਬੋਝਲ, ਮੋਟਾ, ਔਖਾ, ਕੀਮਤੀ, ਰੋਗੀ, ਕਰੜਾ, ਭਾਰਾ ਗੌਰਾ, ਜਿਸ ਵਿੱਚ ਖ਼ਤਰਾ ਹੋਵੇ, ਜਿੱਥੇ ਜਿੰਨ ਭੂਤ ਰਹਿਣ (ਘਰ ਆਦਿਕ), ਬੇ ਨਸੀਬੀ ਦੇ (ਦਿਨ, ਸਾਲ ਆਦਿਕ)॥

**ਭਾਲ,** ਸ:—ਖੋਜ, ਟੋਲ, ਤਲਾਸ਼, ਪੁੱਛ ਗਿੱਛ, ਪਤਾ ਕੱਢਣਾ॥

**ਭਾਲਣਾ,** ਕ੍ਰਿ:—ਟੋਲਣਾ, ਢੂੰਡਣਾ, ਪੁੱਛਣਾ ਗਿੱਛਣਾ, ਵੇਖਣਾ।

**ਭੌਂਲਾ**
**ਭੋਲਾ** } ਪੁ:—ਠੇਸਾ, ਧਰਨਾ।

**ਭਾਲੂ,** ਪੁ:—'ਰਿੱਛ' ਵੇਖੋ॥

**ਭਾਵਣਾ,** ਕ੍ਰਿ:—'ਭਾਉਣਾ' ਵੇਖੋ॥
ਸ:—ਇੱਛਿਆ॥

**ਭਾਵ,** ਪੁ:—ਅਸਲੀ ਅਰਥ, ਮਤਲਬ, ਪ੍ਰੇਮ, ਦਿਲ ਦਾ ਜੋਸ਼॥

**ਭਾਵਾਂ,** ਯੋਜਕ—'ਭਾਮਾਂ' ਵੇਖੋ॥

**ਭਾਵੀ,** ਸ:—ਹੋਣੀ, ਪ੍ਰਾਲਬਧ, ਰੱਬ ਦੀ ਮਰਜ਼ੀ॥

**ਭਾਵੇਂ,** ਯੋਜਕ—'ਭਾਮੇਂ' ਵੇਖੋ॥

**ਭਾੜਾ,** ਪੁ:—ਕਿਰਾਇਆ, ਮਸੂਲ, ਮੁਹਾਰ, ਮਜੂਰੀ॥

**ਭਾੜੇ ਦਾ ਟੱਟੂ,** ਪੁ:—ਮਜੂਰੀ ਲੈ ਕੇ ਕੰਮ ਕਰਨ ਵਾਲਾ॥

**ਭਾੜੀ,** ਪੁ:—ਪਸ਼ੂ ਜਾਂ ਗੱਡੇ ਆਦਿਕ ਭਾੜੇ ਤੇ ਦੇਣ ਵਾਲਾ, ਮਜੂਰੀ ਲੈਕੇ ਜੋ ਭਾਰ ਢੋਵੇ॥

**ਭਿਆਣਕ,** ਵਿ:—'ਭਯਾਨਕ' ਵੇਖੋ॥

**ਭਿਆਣਾ,** ਵਿ:—ਡਰਿਆ ਹੋਇਆ।
ਕ੍ਰਿ:—ਪਿਰਾਉਣਾ॥

Digitized by Panjab Digital Library | www.panjabdigilib.org

**ਭਿਆਣੀ,** ਸ:—'ਪਿਹਾਣੀ' ਵੇਖੋ ॥

**ਭਿਆਸ,** ਪੁ:—'ਅਭਿਆਸ' ਵੇਖੋ ।

**ਭਿਆਰ / ਭਿਯਾਰ** ਸ:—ਦਿਨ ਦੀ ਗਰਮੀ ਵਿੱਚ ਜਿੱਥੇ ਪਸ਼ੂ ਟਿਕੇ ਰਹਿਣ

**ਭਿਆਲ / ਭਿਯਾਲ** ਪੁ:—'ਭਾਈ ਵਾਲ' ਵੇਖੋ ॥

**ਭਿਆਲੀ / ਭਿਯਾਲੀ** ਸ:—ਸਾਂਝ, ਮਿਲਕੇ ਖੇਤੀ ਜਾਂ ਬਪਾਰ ਕਰਨਾ, ਭਾਈਵਾਲੀ

**ਭਿਸਤ / ਭਿਸਤਣ / ਭਿਸਤਾ / ਭਿਸਤੀ** 'ਬਹਿਸਤ' ਆਦਿਕ ਵੇਖ ।

**ਭਿੱਕ,** ਸ:, **ਭਿੱਕੜ,** ਸ:, ਪੁ: **ਭਿੱਕਾ,** ਪੁ: ਗਲਾ, ਮਿੱਕਰ, ਜੰਮ ਕੇ ਨਿੱਗਰ ਹੋਈ ਹੋਈ ਚੀਜ਼ (ਹੋਣਾ, ਬੱਝਣਾ) ।

**ਭਿੱਖ,** ਸ:—ਮੰਗਿਆ ਹੋਇਆ ਅੰਨ, ਭਿੱਛਿਆ, ਖੈਰ ॥

**ਭਿੱਖਕ,** ਪੁ:—ਮੰਗਤਾ, ਫਕੀਰ ॥

**ਭਿਖਾਰਣ,** ਸ: **ਭਿਖਾਰੀ,** ਪੁ: ਜੋ ਭਿੱਖ ਮੰਗੇ, ਫਕੀਰ, ਫਕੀਰਨੀ ॥

**ਭਿੱਗਣਾ,** ਕ੍ਰਿ:—ਭਿੱਜਣਾ, ਗਿੱਲਾ ਹੋਣਾ ॥

**ਭਿੱਗੜ,** ਵਿ:—ਸੀਤ ਜਾਂ ਨਮੀ ਦਾ ਮਾਰਿਆ ਹੋਇਆ (ਅਨਾਜ) ॥

**ਭਿਗਾਉਣਾ / ਭਿਗੋਣਾ** ਕ੍ਰਿ:—ਗਿੱਲਾ ਕਰਨਾ, ਡੋਬਾ ਦੇਣਾ ।

**ਭਿਗੋੜ,** ਵਿ:—'ਭਿੱਗੜ' ਵੇਖੋ ।

**ਭਿੱਛਕ,** ਪੁ:—ਮੰਗਤਾ, ਫਕੀਰ ।

**ਭਿੱਛਾ / ਭਿੱਛਿਆ** ਸ:—'ਭਿਖ' ਵੇਖੋ ।

**ਭਿੱਜਣਾ,** ਕ੍ਰਿ:—ਗਿੱਲਾ ਜਾਂ ਤਰ ਹੋਣਾ ॥

**ਭਿੱਜੜ,** ਵਿ:—'ਭਿਗੜ' ਵੇਖੋ ॥

**ਭਿਜਾਉਣਾ / ਭਿਜਾ ਦੇਣਾ** ਕ੍ਰਿ:—ਭੇਉਣਾ, ਗਿੱਲਾ ਕਰਾਉਣਾ, ਪੁਜਾਉਣਾ, ਪਹੁਚਾਉਣਾ, ਭੇਜਣ ਦਾ ਕੰਮ ਕਰਾਉਣਾ ।

**ਭਿਜੋਣਾ,** ਕ੍ਰਿ:—ਗਿੱਲਾ ਜਾਂ ਤਰ ਕਰਨਾ, ਨਮੀ ਪੁਚਾਉਣੀ ।

**ਭਿਜੌੜ,** ਵਿ:—'ਭਿੱਗੜ' ਵੇਖੋ ॥

**ਭਿੱਟ,** ਸ:—ਛੋਹ, ਛੋਤ, ਨਾਲ ਲੱਗਕੇ ਆਈ ਹੋਈ ਅਪਵਿਤ੍ਰਤਾਈ ।

**ਭਿੱਟਣਾ,** ਕ੍ਰਿ:—ਛੋਤ ਨਾਲ ਅਪਵਿਤ੍ਰ ਹੋਣਾ ਜਾਂ ਕਰਨਾ ।

**ਭਿੱਟੜ / ਭਿੱਟੁੜ** ਵਿ:—ਭਿੱਟਿਆ ਹੋਇਆ, ਅਪਵਿਤ੍ਰ ।

**ਭਿੱਟਾ,** ਵਿ:—ਭਿੱਟਿਆ ਹੋਇਆ, ਅਪਵਿਤ੍ਰ ॥ ਪੁ:—ਵਿੰਡੀ ਮਿਟੀ ॥

**ਭਿਟਾਉਣਾ,** ਕ੍ਰਿ:—ਭਿੱਟਣ ਦਾ ਕੰਮ ਕਰਾਉਣਾ ।

Digitized by Panjab Digital Library | www.panjabdigilib.org

**ਝਿਟਾਈ,** ਸਃ—ਝਿੱਟ, ਛੋਹ ॥

**ਝਿੱਟੀ,** ਸਃ, ਵਿਃ—ਮਹੀਨੇ ਮਗਰੋਂ ਜੋ ਲਹੂ ਤ੍ਰੀਮਤੀ ਦੇ ਅੰਦਰੋਂ ਜਾਂਦਾ ਹੈ ਜਿਨ੍ਹਾਂ ਦਿਨਾਂ ਵਿੱਚ ਕਿਸੇ ਦਾ ਉਹ ਜਾਂਦਾ ਹੈ ਉਨ੍ਹਾਂ ਦਿਨਾਂ ਵਿੱਚ ਉਹ ਝਿੱਟੀ ਹੁੰਦੀ ਹੈ ਛੂਣੀ ਹਈ ॥

**ਝਿੰਡੋ,** ਸਃ—ਇੱਕ ਤਰਾਂ ਦੀ ਤੋਰੀ, ਮਸ਼ਹੂਰ ਭਾਜੀ ।

**ਝਿੰਡੂ,** ਪੁਃ—ਇੱਕ ਤਰਾਂ ਦਾ ਬੂਟਾ, ਜੰਡੂ ।

**ਝਿਣਕ,** ਸਃ—ਮੱਖੀਆ ਦੀ ਦੂਰੋਂ ਆਈ ਹੋਈ ਮੱਧਮ ਅਵਾਜ, ਅਵਾਈ; ਖਬਰ ।

**ਝਿਣਕ ਪੈਣੀ** ਕ੍ਰਿਃ—ਸੁਣਨਾ, ਅਵਾਜ ਆਉਣੀ ।

**ਝਿਣਕਣਾ,** ਕ੍ਰਿਃ—ਮਖੀਆ ਦਾ ਅਵਾਜ ਕੱਢਣਾ, ਮੱਖੀਆ ਦੇ ਬੋਲਣ ਨਾਲ ਵਿਗੜਨਾ (ਅੰਨ), ਬਹੁਤ ਚਿਰ ਪਈ ਰਹਿਣ ਕਰਕੇ ਚੀਜ ਨੂੰ ਉੱਲੀ ਲੱਗਣੀ ॥

**ਝਿਣਕ ਉਣਾ** ਕ੍ਰਿਃ—ਮੱਖੀਆਂ ਝਿਣਕਣ ਦੇਣੀਆਂ ।

**ਝਣਨਾਉਣਾ** ਕ੍ਰਿਃ—ਸਿਰ ਦਾ ਚੱਕਰ ਖਾਣਾ ॥

**ਝਿਣਝਿਨਾਉਣਾ** ਕ੍ਰਿਃ—ਝਿਣਕਣਾ (ਮਖੀਅ ਦਾ) ॥

**ਝਿਣਝਿਣਾਟ** ਸਃ—ਮੱਖੀਆਂ ਦੀ ਅਵਾਜ ਝਿਣਕ ॥

**ਝਿਤ**
**ਝਿੱਤ** } ਪੁਃ—ਦਰਵਾਜਾ, ਬੂਹਾ ॥

**ਝਿੱਤੀ** ਸਃ—ਰੱਖੇ ਹੋਏ ਪੰਖੇਰੂਆਂ ਦੀ ਇੱਕ ਖੁਰਾਕ, ਜਿਸ ਖੁਰਾਕ ਦੇ ਲੋਭ ਕਰਕੇ ਜਨੌਰ ਜਾਲ ਆਦਿਕ ਵਿੱਚ ਫਸਣ, ਧੋਖਾ, ਛਲ, ਖੋਟੀ ਮੱਤ (ਦੇਣਾ) ।

**ਝਿੰਨ** ਪੁਃ—ਫਰਕ, ਜੁਦਾਇਗੀ, ਟੁਕੜਾ, ਕਸਰ ।

**ਝਿਨ ਝਿੰਨ** ਕ੍ਰਿਃ-ਵਿਃ—ਅਲਗ ਅਲਗ, ਵੱਖੋ ਵੱਖ ।

**ਝਿੰਨਾ ਹੋਯਾ** ਵਿਃ—ਭਿੱਜਿਆ ਹੋਯਾ, ਗਿੱਲਾ, ਤੁੰਬਿਆ ਯਾ ਰੰਗਿਆ ਹੋਯਾ ॥

**ਝਿਰ**
**ਝਿਰਾ** } ਪੁਃ—'ਝਰ' ਵੇਖੋ ॥

**ਝਿਲਾਦਾ** ਪੁਃ ਜਿੰਨ ਵਿਹੀ ਵਾਲਾ ਫਲ ਜੋ ਦਵਾਆ ਦੀ ਤਰਾਂ ਵਰਤਿਆ ਜਾਂਦਾ ਹੈ ॥

**ਝਿੜਨਾ** ਕ੍ਰਿਃ—ਰੋਕ ਹੋਣਾ, ਲੜਨਾ, ਝੀੜੇ ਜਾਣਾ ॥

**ਝਿੜਾਉਣਾ** ਕ੍ਰਿਃ ਟਕਰਾਉਣਾ, ਲੜਾਉਣਾ, ਬੰਦ ਕਰਾਉਣਾ ॥

**ਝੀ,** ਕ੍ਰਿਃ, ਵਿਃ—ਨਾਲ, ਉਸੇ ਤਰਾਂ, ਵੀ ॥

**ਝੀਖ,** ਸਃ—ਭਿੱਖ, ਖੈਰ, ਭਿਛਿਆ (ਮੰਗਣਾ) ॥

**ਝੀਖ ਮੰਗਾਉਣਾ,** ਕ੍ਰਿਃ—ਕੰਗਾਲ ਕਰ ਦੇਣਾ ॥

**ਝੀਂਡੀ,** ਸਃ—'ਝਿੰਡੀ' ਵੇਖੋ ।

**ਝੀਤ,** ਸਃ—ਰੋਤ, ਕੰਧ, ਮੋਰੀ, ਛੇਕ ॥

**ਝੀਂ ਝੀਂ,** ਸਃ—ਮੱਖੀਆ ਜਾਂ ਭੌਰਿਆਂ ਦੀ ਅਵਾਜ (ਕਰਨਾ) ॥

Digitized by Panjab Digital Library | www.panjabdigilib.org

**ਭੀਮਸੈਣ,** ਪੁ:—ਇਕ ਪਾਂਡੋ, ਮੋਟਾ ਤਾਜ਼ਾ, ਪੇਟੂ ਆਦਮੀ।

**ਭੀਮਸੈਣੀ,** ਵਿ:—ਬਹੁਤ ਤਕੜਾ, ਸਵਾਦੂ, ਕਪੂਰ ਦੀ ਇਕ ਕਿਸਮ।

**ਭੀਲ,** ਪੁ: } ਇਕ ਲੁਟੇਰੀ ਕੌਮ।
**ਭੀਲਣੀ,** ਸ: }

**ਭੀੜ,** ਸ:—ਲੋਕਾਂ ਦਾ ਭਾਰਾ ਕੱਠ (ਹੋਣਾ, ਕਰਨਾ, ਲਗਾਉਣਾ) ਬਿਪਤਾ, ਔਖ (ਪੈਣਾ)॥

**ਭੀੜ ਭੜੱਕਾ,** ਪੁ: } ਲੋਕਾਂ ਦਾ ਬੜਾ ਭਾਰਾ ਕੱਠ॥
**ਭੀੜ ਭਾੜ,** ਸ: }

**ਭੀੜਣਾ,** ਕ੍ਰਿ:—ਬੰਦ ਕਰਨਾ, ਢੋਣਾ (ਬੂਹਾ)।

**ਭੀੜਾ,** ਪੁ: } ਵਿ:—ਤੰਗ, ਘੁੱਟਿਆ ਹੋਇਆ, ਛੋਟਾ (ਟੀ)॥
**ਭੀੜੀ,** ਸ: }

**ਭੁਅੰਗ,** ਪੁ:—ਭੁਜੰਗ, ਸੱਪ॥

**ਭੁਆਉਣਾ,** ਕ੍ਰਿ:—ਫੇਰਨਾ, ਇਧਰ ਉਧਰ ਘੱਲਣਾ, ਘੁਮਾਉਣਾ, ਮੋੜਨਾ, ਟਰਕਾਉਣਾ॥

**ਭੁਆਉਣੀ** } ਸ:—'ਭੁਵਾਟਣੀ' ਵੇਖੋ।
**ਭੁਆਟਣੀ** }

**ਭੁਆਨੀ,** ਸ:—ਭਵਾਨੀ, ਦੇਵੀ, ਭਗਵਤੀ।

**ਭੁਆਰਾ,** ਪੁ:—ਜਿੱਥੇ ਟੂਟੀ ਵਿੱਚੋਂ ਜ਼ੋਰ ਨਾਲ ਪਾਣੀ ਦੀ ਧਾਰ ਨਿਕਲ ਬਿਮਾਰੀ ਦਾ ਵੇਖਣਾ॥

**ਭੁਆੜਾ,** ਪੁ:—ਪਿੰਡ ਦੇ ਬਾਹਰ ਡੰਗਰਾਂ ਦਾ ਵਾੜਾ।

**ਭੁਏਂ,** ਕ੍ਰਿ:, ਵਿ:—ਧਰਤੀ ਉੱਤੇ, ਭੁੰਞੇ।

**ਭੁੱਸ,** ਪੁ:—ਵਾਦੀ, ਬੁਰੀ ਆਦਤ, ਬਾਣ, ਕਮਜ਼ੋਰੀ, ਲਹੂ ਦੇ ਘਟ ਜਾਣ ਦਾ ਰੋਗ (ਪੈਣਾ), ਭੂਰੀ ਬਰਨ॥

**ਭੁਸਣਾ,** ਕ੍ਰਿ:—ਭੈੜੀ ਚੀਜ਼ ਖਾਣ ਦੀ ਵਾਦੀ ਪੈ ਜਾਣੀ, ਭੁਸ ਦਾ ਰੋਗ ਹੋ ਜਾਣਾ (ਭੁੱਸਿਆ ਹੋਇਆ)।

**ਭੁੱਸਿਆ ਹੋਇਆ,** ਵਿ: ਜਿਸ ਨੂੰ ਭੁੱਸ ਦਾ ਰੋਗ ਹੈ।

**ਭੁੱਸੀ,** ਸ:—ਤੂੜੀ, ਛਾਣ।

**ਭੁਸੇ ਡਕਾਰ,** ਪੁ:—'ਭੱਸ ਡਕਾਰ' ਵੇਖੋ।

**ਭੁਸੇਰਾ,** ਵਿ:—ਜਿਸ ਨੂੰ ਭੁੱਸ ਪੈ ਜਾਵੇ ਜਾਂ ਭੁੱਸ ਦਾ ਰੋਗ ਹੋਵੇ॥

**ਭੁੱਕਣਾ,** ਕ੍ਰਿ:—ਸੁੱਕੀ ਚੀਜ਼ ਧੂੜਨਾ॥

**ਭੁਕਵਾਉਣਾ,** ਕ੍ਰਿ:—ਭੁੱਕਣ ਦਾ ਕੰਮ ਕਰਾਉਣਾ।

**ਭੁੱਗਾ,** ਪੁ:—ਗੁੜ ਵਾਲੇ ਚਾਉਲ ਦਾ ਬੁੱਲਾ, ਭੁੱਗਾ॥

**ਭੁਕਾਉਣਾ,** ਕ੍ਰਿ:—ਭੌਂਕਾਉਣਾ, ਖਪਾਉਣਾ, ਤੰਗ ਕਰਨਾ।

**ਭੁਕਾਨਾ,** ਪੁ:—ਕੈਦ ਵਿੱਚ ਦਾ ਛੇਕ ਜਾਂ ਟੁੱਟੀ ਹੋਇਆ ਥਾਂ, ਬਾੜ ਦੇ ਵਿਚਲੀ ਮੋਰੀ ਜਾਂ ਰਸਤਾ, ਨਲਾਂ ਦੀ ਥੈਲੀ॥

Digitized by Panjab Digital Library | www.panjabdigilib.org

**ਭੁੱਕੀ,** ਸ਼—ਪੂਰਨ ਵਾਲੀ ਚੀਜ਼, ਪੀਠੀ ਹੋਈ ਸ਼ੈ, ਬਰੀਕ ਚੂਰਾ ।

**ਭੁੱਖ,** ਸ਼—ਖਾਣ ਦੀ ਚਾਹ, ਇੱਛਿਆ, ਤ੍ਰਿਸ਼ਨਾ (ਲੱਗਣੀ) ॥

**ਭੁੱਖ ਮਰ ਜਾਣੀ,** ਕ੍ਰਿ—ਭੁੱਖ ਲੱਗਕੇ ਹਟ ਜਾਣੀ ਜਾਂ ਨਾ ਲੱਗਣੀ ।

**ਭੁੱਖ ਮਾਰਨਾ,** ਕ੍ਰਿ—ਭੁੱਖ ਨੂੰ ਰੋਕਣ, ਤ੍ਰਿਸ਼ਨਾ ਮਿਟਾਉਣਾ ।

**ਭੁੱਖਣ ਭਾਣਾ,** ਵਿ—ਭੁੱਖਾ ਭਾਣਾ, ਗਰੀਬ ।

**ਭੁੱਖੜ, ਭੁੱਖੜ,** ਵਿ—ਭੁੱਖਾ, ਕੰਗਾਲ, ਜਿਸ ਪਾਸ ਰਜ਼ਕ ਨਹੀਂ ।

**ਭੁੱਖਾ,** ਪੁ, **ਭੁੱਖੀ,** ਸ਼—ਜਿਸ ਨੂੰ ਭੁੱਖ ਲਗੀ ਹੋ, ਲਾਲਚੀ ਅਭਿਲਾਖੀ, ਕੰਗਾਲ, ਮੰਗਤਾ ।

**ਭੁੱਖਾ ਕੰਗਾਲੀ,** ਪੁ—ਗਰੀਬ, ਕੰਗਾਲ ॥

**ਭੁੱਖਾ ਭਾਣਾ,** ਵਿ—ਭੁੱਖਾ ਅਤੇ ਗਰੀਬ, ਜਿਸ ਪਾਸ ਖਾਣ ਨੂੰ ਨਹੀਂ ॥

**ਭੁੱਖਾ ਮੋਇਆ ਹੋਯਾ,** ਵਿ—ਭੁੱਖ ਦਾ ਮਾਰਿਆ ਹੋਯਾ, ਲੋਭੀ ॥

**ਭੁੱਖੇ ਮਰਨਾ,** ਕ੍ਰਿ—ਭੁੱਖ ਨਾਲ ਮਰਨਾ ਜਾਂ ਦੁਖੀ ਹੋਣਾ ।

**ਭੁਖਾਊਲਾ, ਭੁਖੇਲ,** ਵਿ—ਬਹੁਤ ਭੁੱਖਾ, ਅੰਨ ਲਈ ਬੇਸਬਰ ।

**ਭੁੰਗ,** ਪੁ—ਕਪੜੇ ਵਿੱਚ ਸੀਉਣ ਲਗਿਆਂ ਜੋ ਉੱਚੀ ਨੀਵੀਂ ਥਾਂ ਰਹੇ, ਦੋਹਰੀ ਤਹਿ ਸੀਤੀ ਹੋਈ (ਪੈਲੇ) ।

**ਭੁੰਗਣਾ,** ਕ੍ਰਿ—ਭੂਸ ਲੈਣਾ, ਧੱਖਾ ਲਾ ਕੇ ਲੈ ਲੈਣਾ ।

**ਭੁੰਗ ਭੁੰਗ ਕੇ ਖਾਣਾ,** ਕ੍ਰਿ—ਜੋ ਕੁਝ ਕਿਸੇ ਕੋਲੋਂ ਮਿਲ ਸਕੇ ਲੈਣਾ ॥

**ਭੁਗਤ,** ਸ਼—ਸੰਸਾਰ ਦੇ ਸੁਖ ਅਤੇ ਭੋਗ ॥

**ਭੁਗਤ ਸੁਆਰਨਾ,** ਕ੍ਰਿ—ਦੁਖ ਦੇਣਾ, ਔਕੜਾਂ ਵਿੱਚ ਫਸਾਣਾ ।

**ਭੁਗਤ ਮਾਨ,** ਵਿ—ਜੋ ਸਮਾਂ ਬੀਤ ਰਿਹਾ ਹੈ, ਇਸ ਵੇਲੇ ਦਾ ਹਾਲ ॥

**ਭੁਗਤਣਾ,** ਕ੍ਰਿ—ਸਹਾਰਨਾ, ਝੱਲਣਾ ਸਹਿਣਾ, ਭੋਗਣਾ, ਜਾਚਣਾ, ਖਰਚਣਾ, ਨਿਬਾਹੁਣਾ, ਕਰਮਾਂ ਦਾ ਫਲ ਪਾਉਣਾ ।

**ਭੁਗਤਾਉਣਾ,** ਕ੍ਰਿ—ਪੂਰਾ ਕਰਨਾ, ਨਿਬਾਹੁਣਾ, ਕਰਜ਼ ਉਤਾਰਨਾ, ਲੇਖਾ ਮੁਕਾਉਣਾ ॥

**ਭੁਗੜੀ,** ਸ਼—ਨਿੱਕਾ ਜੇਹਾ ਸੁੱਕਾ ਹੋਯਾ ਬੇਰ, ਨੰਗਾ ਜਾਂ ਲਿੱਸਾ ਮਨੁੱਖ ॥

**ਭੁੱਗਾ,** ਪੁ—ਪਿੰਨਾ ਪਾ ਕੇ ਕੁੱਟੇ ਹੋਏ ਤਿਲ । ਵਿ—ਗਲਿਆ ਹੋਯਾ, ਵਿੱਚੋਂ ਖਾਧਾ ਹੋਯਾ (ਅਨਾਜ, ਲਕੜੀ ਆਦਿਕ) ।

**ਭੁੰਗੀ,** ਸ਼—ਕਿਸੇ ਦੇ ਮਰਨ ਤੇ ਕਿਰਿਆ ਕਰਮ ਕਰਨ ਵਾਲਾ ਆਦਮੀ ਜੋ ਕਪੜਾ ਸਿਰ ਤੇ ਲਪੇਟਦਾ ਹੈ ॥

Digitized by Panjab Digital Library | www.panjabdigilib.org

**ਭੂੰਗ੍ਰੂ,** ਪੁ:—ਭੂੰਗੀ ਤੋਂ ਵੱਡਾ ਕਪੜਾ ਦੋ ਜਾਂ ਵਧੀਕ ਪੱਟਾਂ ਵਾਲਾ ॥

**ਭੁੱਚ,** ਪੁ:—ਮੋਟਾ, ਜਾਹਲ, ਅੜਬ, ਗੁਆਰ ॥

**ਭੁਚੰਗ,** ਪੁ:—ਕਾਲਾ ਸੱਪ ।

**ਭੁਚੰਗੀ,** ਪੁ:—ਅਕਾਲੀ ਸਿੰਘ, ਸਿੰਘ ਦਾ ਲੜਕਾ॥

**ਭੂੰਚਣਾ,** ਕ੍ਰਿ:—ਖਾਣਾ, ਭੋਗਣਾ, ਵਰਤਣਾ

**ਭੁਚੱਪਾ,** ਪੁ:—ਇਕ ਤਰਾਂ ਦੀ ਅਸਤ ਬਾਜ਼ੀ ॥

**ਭੁੱਚਰ,** ਪੁ:—ਮੋਟਾ ਤਾਜ਼ਾ ਪਲਿਆ ਹੋਇਆ ਆਦਮੀ ਜਾਂ ਕੁੱਤਾ (ਚਿੜਾਂ ਬਣਨਾ) ॥

**ਭੁਚਲਾਉਣਾ,** ਕ੍ਰਿ:—ਚਤਰਤਾ ਨਾਲ ਕਿਸੇ ਕੋਲੋਂ ਕੰਮ ਕੱਢਣਾ, ਛਲਣਾ, ਧੋਖਾ ਦੇਣਾ ।

**ਭੁਚਾਲ, ਭੂਚਾਲ,** ਪੁ:—ਅਚਾਨਕ ਜ਼ੋਰ ਧਰਤੀ ਦਾ ਹਿੱਲਣਾ, ਸ਼ਰਾਰਤੀ ਮੁੰਡਾ ।।

**ਭੁਜ (ਜਾ),** ਸ:—ਬਾਹ, ਸਹਾਰਾ, ਹਮੈਤੀ, ਮਿਤ੍ਰ ॥

**ਭੁਜ ਬੰਦ,** ਪ:—ਭੁਜਾ ਦਾ ਗਾਹਣਾ, ਬਹੁੱਟਾ ॥

**ਭੁਜੰਗ,** ਪੁ:—ਸੱਪ ॥

**ਭੁਜੰਗੀ,** ਪੁ:—'ਭੁਚੰਗੀ' ਵੇਖੋ ॥

**ਭੁੱਜਣਾ,** ਕ੍ਰਿ:—ਭੱਠੀ ਵਿਚ ਪੱਕਣਾ, ਭੁੱਬਲ ਜਾਂ ਕੋਲਿਆਂ ਉੱਤੇ ਤਪਣਾ, ਕ੍ਰੋਧ ਨਾਲ ਗਰਮ ਹੋਣਾ ।

**ਭੁੱਜੀ, ਭੁੱਜੂ,** ਸ:—ਸਾਗ ਭਾਜੀ ਉਬਾਲ ਕੇ ਤਲੀ ਹੋਈ, ਭੁਰਜੀ ॥

**ਭੁਜੀਆ,** ਪੁ:—ਤਲੀਆਂ ਹੋਈਆਂ ਵੇਸਣ ਦੀਆਂ ਸੇਵੀਆਂ, ਭੁਰਜੀ ।

**ਭੁੰਜੇ, ਭੁੰਞੇ,** ਕ੍ਰਿ:, ਵਿ:—ਭੋਂ ਉੱਤੇ, ਧਰਤੀ ਪਰ ॥

**ਭੁਟਾਉਣਾ,** ਕ੍ਰਿ:—ਧੋਖਾ ਖਾਣਾ ਜਾਂ ਖੁਆਉਣਾ ਫਰੇਬ ਵਿਚ ਆਉਣਾ ॥

**ਭੁਟਾਈ,** ਸ:—ਧੋਖਾ, ਫਰੇਬ, ਖੁਸ਼ਾਮਦ (ਖਾਣੀ)॥

**ਭੁਣਕੀ,** ਪੁ:—ਤਮਾਕੂ ਨੂੰ ਲੱਗਣ ਵਾਲਾ ਇਕ ਕੀੜਾ ॥

**ਭੁਣਭੁਣਾ,** ਪੁ:—ਇਕ ਪਰਾਂ ਵਾਲਾ ਨਿੱਕਾ ਜਿਹਾ ਕੀੜਾ ॥

**ਭੁੰਦਲਾਉਣਾ,** ਕ੍ਰਿ:—ਉਕਸਾਉਣਾ, ਭਰਮਾਉਣਾ ਛਲਣਾ ॥

**ਭੁੰਨਣਾ,** ਕ੍ਰਿ:—ਭੁੱਬਲ ਵਿਚ ਜਾਂ ਕੋਲਿਆਂ ਉੱਤੇ ਪਕਾਉਣਾ ॥

**ਭੁਨਾਉਣਾ,** ਕ੍ਰਿ:—ਭੁੰਨਣ ਦਾ ਕੰਮ ਕਰਾਉਣਾ॥

**ਭੁਨਾਈ,** ਸ:—ਭੁੰਨਣ ਦੀ ਮਜ਼ੂਰੀ ॥

**ਭੁੰਨੇ,** ਕ੍ਰਿ:, ਵਿ:—ਭੋਂ ਉੱਤੇ । ਵਿ:—ਭੁੱਜੇ ਹੋਏ ॥

**ਭੁੰਨੇ ਤਿੱਤਰ ਉਡਾਉਣੇ,** ਕ੍ਰਿ:—ਅਣਹੋਣੀ ਗੱਲ ਕਰਨੀ ॥

Digitized by Panjab Digital Library | www.panjabdigilib.org

**ਭੁਪਾਲ,** ਪੁ:—ਰਾਜਾ, ਧਰਤੀ ਦਾ ਮਾਲਕ, ਹਾਕਮ ।

**ਭੁੱਬਲ,** ਪੁ:—ਤੱਤੀ ਸੁਆਹ, ਬਲੇ ਹੋਏ ਗੋਹੇ ॥

**ਭੁਬਲਾਂਖਣਾ**
**ਭੁਬਲੇਖਣਾ** } ਕ੍ਰਿ:—ਭਾਜੀਆਂ ਜਾਂ ਅੰਡੇ ਭੁੰਨਣਾ ॥

**ਭੁੱਬ,** ਸ:—ਰੋਣ ਦੀ ਚੀਕ, ਬਿਰਲਾਪ, (ਸ਼ੇਰ ਦੀ) ਗਰਜ (ਮਾਰਨੀ) ॥

**ਭੁਰਜ ਪੱਤਰ,** ਪੁ:—'ਭੋਜ ਪੱਤਰ' ਵੇਖੋ ॥

**ਭੁਰਜੀ,** ਸ:—ਭਾਜੀ ਉਬਾਲ ਕੇ ਤਲੀ ਹੋਈ ॥

**ਭੁਰਨਾ,** ਕ੍ਰਿ:—ਟੁੱਟਣਾ, ਚੂਰਾ ਹੋਕੇ ਡਿਗਣਾ, ਗਰੀਬ ਹੋ ਜਾਣਾ ॥

**ਭੁਰਭੁਰਾ,** ਵਿ:—ਭੁਰਨ ਵਾਲਾ, ਨਿਕੰਮਾ (ਲੂਣੇ ਦਾ ਕੰਮ), ਚੂਰਾ ਚੂਰਾ ਹੋਯਾ ਹੋਯਾ, ਖੋਦੂ, ਖਸਤਾ ॥

**ਭੁਰਭੁਰਾਉਣਾ,** ਕ੍ਰਿ:—ਭੁਰਭੁਰਾ ਜਾਂ ਚੂਰਾ ਕਰ ਦੇਣਾ ॥

**ਭੁੱਲ,** ਸ:—ਭਰਮ, ਦੋਸ, ਖਤਾ, ਗਫਲਤ, ਗਲਤੀ (ਹੋਣੀ) ॥

**ਭੁੱਲ ਚੁੱਕ,** ਸ:—ਗਲਤੀ, ਧੋਖਾ, ਖਤਾ ॥

**ਭੁੱਲ ਜਾਣਾ,** ਕ੍ਰਿ:—ਭੁੱਲਣਾ, ਗਲਤੀ ਕਰਨੀ; ਵਿਸਾਰਨਾ ॥

**ਭੁੱਲ ਭੁਲੇਖੇ,** ਕ੍ਰਿ: ਵਿ:—ਭੁੱਲ ਕੇ, ਨਾਂ ਜਾਣ ਕੇ ॥

**ਭੁਲਸ,** ਵਿ:—ਸੜਿਆ ਹੋਯਾ, ਬਹੁਤ ਭੁੱਜਾ ਹੋਯਾ, ਗੁੱਸੇ ਵਿੱਚ ॥

**ਭੁਲਸਣਾ,** ਕ੍ਰਿ:—ਸੜਨਾ, ਭੁੱਜਣਾ, ਸੜ ਕੇ ਕੋਲੇ ਹੋਣਾ ॥

**ਭੁਲਸਾਉਣਾ,** ਕ੍ਰਿ:—ਝੁਲਸਾਉਣਾ, ਸਾੜ ਕੇ ਕੋਲੇ ਕਰਾਉਣਾ ॥

**ਭੁਲਸੇ ਜਾਣਾ,** ਕ੍ਰਿ:—'ਭੁਲਸਣਾ' ਵੇਖੋ ।

**ਭੁੱਲਣਾ,** ਕ੍ਰਿ:—ਵਿਸਾਰਨਾ, ਚੇਤੇ ਨਾ ਰਖਣਾ, ਗਲਤੀ ਕਰਨੀ, ਕੁਰਾਹੇ ਪੈਣਾ, ਹੰਕਾਰ ਕਰਨਾ ॥

**ਭੁੱਲਾ**
**ਭੁੱਲਿਆ** } ਵਿ:—ਜਿਸ ਤੋਂ ਭੁੱਲ ਹੋਵੇ, ਜੋ ਗਲਤੀ ਕਰੇ ॥

**ਭੁੱਲਾ ਭਟਕਾ**
**ਭੁੱਲਿਆ ਭਟਕਿਆ** } ਵਿ:—ਭੁੱਲਾ, ਕੁਰਾਹੇ ਪਿਆ ਹੋਯਾ ॥

**ਭੁੱਲਾ ਵਿੱਸਰਿਆ,** ਵਿ:—"ਚਿੱਤ ਯਾਦ ਨਹੀਂ ।

**ਭੁਲਾਉਣਾ**
**ਭੁਲਾ ਦੇਣਾ** } ਕ੍ਰਿ:—ਭੁੱਲਣਾ, ਦੂਜੇ ਤੋਂ ਗਲਤੀ ਕਰਾਉਣੀ, ਕੁਰਾਹੇ ਪਾਉਣਾ, ਵਿਸਰਾਉਣਾ ॥

**ਭੁਲਾਈ,** ਸ:—ਧੋਖਾ, ਛਲ, ਕੁਰਾਹੇ ਪਾਉਣਾ (ਖਾਣੀ, ਦੇਣੀ) ॥

**ਭੁਲਾਵਾ,** ਪੁ:—ਭੁੱਲ, ਸੰਸਾ, ਭਰਮ, ਛਲ, ਧੋਖਾ ।

**ਭੁੱਲਿਆ,** ਵਿ:—'ਭੁੱਲਾ' ਵੇਖੋ ॥

**ਭੁਲੇਖਾ,** ਪੁ:—ਭਰਮ, ਲੇਖੇ ਵਿੱਚ ਭੁੱਲ, ਗਲਤੀ ॥

**ਭੁਲੇਵਾਂ,** ਪੁ:—"ਭੁਲਾਵਾ" ਵੇਖੋ ॥

Digitized by Panjab Digital Library | www.panjabdigilib.org

**ਭੁੜਕਣਾ,** ਕ੍ਰਿ:—ਉੱਛਲਣਾ, ਕੁੱਦਣਾ, ਟੱਪਣਾ, ਖੁਸ਼ ਹੋਣਾ।

**ਭੁੜਕਾਉਣਾ,** ਕ੍ਰਿ: ਉਛਾਲਣਾ, ਕੁਦਾਉਣਾ, ਟਪਾਉਣਾ॥

**ਭੁੜਥਾ,** ਪੁ:—'ਭੜਥਾ' ਵੇਖੋ॥

**ਭੁਇੰ** } ਸ: —ਧਰਤੀ, ਜ਼ਮੀਨ, ਭੋਂ॥

**ਭੂਆ,** ਸ:—ਪੇਉ ਦੀ ਭੈਣ॥

**ਭੂਏ,** ਵਿ: —'ਭੂਹੇ' ਵੇਖੋ॥

**ਭੂਸ,** ਵਿ: —ਬੇ ਅਕਲ, ਅਹਿਮਕ, ਸੁਸਤ।

**ਭੂਸਰਨਾ,** ਕ੍ਰਿ:—ਹੰਕਾਰ ਜਾਂ ਗੁੱਸੇ ਨਾਲ ਫੁੱਲਣਾ॥

**ਭੂਸਲਾ,** ਵਿ:—ਘਸਮੈਲਾ, ਮਿੱਟੀ ਰੰਗਾ॥

**ਭੂਹਰ,** ਸ:—ਮੀਂਹ ਦੀਆਂ ਬਹੁਤ ਨਿੱਕੀਆਂ ਕਣੀਆਂ, ਵਿਆਹ ਕਾਜ ਤੇ ਜੋ ਰਕਮ ਬ੍ਰਾਹਮਣਾਂ ਨੂੰ ਦਿੱਤੀ ਜਾਵੇ।

**ਭੂਹਰਨਾ,** ਕ੍ਰਿ:—(ਮੀਂਹ) ਭੂਰਨ ਵਾਲਾ ਹੋਣਾ॥

**ਭੂਹੇ,** ਵਿ:—ਗੁੱਸੇ ਵਿੱਚ, ਨਿਡਰ, ਗੁਸਤਾਖ਼ (ਆਉਣਾ, ਹੋਣਾ, ਚੜ੍ਹਨਾ)॥

**ਭੂਕ,** ਸ:—ਗੰਢੇ ਦਾ ਕੋਈ ਪੱਤ॥

**ਭੂਕਣਾ,** ਪੁ:—ਬਾਂਸ ਦੀ ਪੋਰੀ, ਖਾਲੀ ਨਲੀ, ਜੋ ਬਹੁਤ ਬੋਲੇ॥

**ਭੂਕਣੀ,** ਸ:—ਛੋਟਾ ਭੂਕਣਾ, ਘੋੜਿਆਂ ਦਾ ਇਕ ਰੋਗ।

**ਭੁਕਣੀ ਚਲਣੀ**<br>**ਭੂਕਣੀ ਵਗਣੀ** } ਕ੍ਰਿ:—ਦਸਤ ਆਉਣੇ।

**ਭੂਖਣ,** ਪੁ:—ਗਹਿਣਾ, ਸ਼ਿੰਗਾਰ, ਲਾਇਕ ਆਦਮੀ॥

**ਭੂਗੋਲ,** ਪੁ:—ਧਰਤੀ ਦਾ ਗੋਲਾ, ਜਿਸ ਵਿੱਦਿਆ ਵਿਚ ਧਰਤੀ ਅਤੇ ਧਰਤੀ ਉੱਤੇ ਰਹਿਣ ਵਾਲਿਆਂ ਦਾ ਹਾਲ ਹੈ॥

**ਭੂੰਡ,** ਪੁ:—ਡੰਗ ਮਾਰਨ ਵਾਲੀ ਇੱਕ ਮੱਖੀ, ਭਮੂੰ॥

**ਭੂੰਡਾਂ ਦੇ ਖੱਖਰ ਨੂੰ ਛੇੜਨਾ,** ਕ੍ਰਿ:—ਦੁਸ਼ਟਾਂ ਨਾਲ ਲੜਾਈ ਦਾ ਮੁੱਢ ਬੰਨ੍ਹਣਾ।

**ਭੂੰਡੀ,** ਸ:—ਕਣਕ ਨੂੰ ਲੱਗਣ ਵਾਲਾ ਇਕ ਕੀੜਾ, ਅੰਗੂਰ ਦੀ ਵੇਲ ਨੂੰ ਨਾਸ ਕਰਨਵਾਲਾ ਇੱਕ ਕੀੜਾ॥

**ਭੂਣੀ,** ਸ:—ਬਿੱਲੀ (ਪਿਆਰ ਦਾ ਬਚਨ)॥

**ਭੂਤ,** ਪੁ:—ਬੁਰੀ ਰੂਹ, ਪ੍ਰੇਤ, ਜਿੰਨ, ਕੋਝਾ ਜਾਂ ਦੁਸ਼ਟ ਮਨੁੱਖ, ਪੰਜਾਂ ਤੱਤਾਂ ਵਿਚੋਂ ਕੋਈ, ਜੱਟਾਂ ਦੀ ਇੱਕ ਜਾਤ।
ਵਿ:—ਜੋ ਹੋ ਚੁੱਕਾ ਹੈ॥

**ਭੂਤ ਹੋ ਕੇ ਚੰਬੜਨਾ,** ਕ੍ਰਿ:—ਚੰਗੀ ਤਰ੍ਹਾਂ ਖਿਹੜੇ ਮਗਰ ਪੈਣਾ।

**ਭੂਤ ਸਿਰ ਤੇ ਸਵਾਰ ਹੋਣਾ,** ਕ੍ਰਿ:—ਕਾਮ ਜਾਂ ਕ੍ਰੋਧ ਦਾ ਜ਼ੋਰ ਹੋਣਾ॥

Digitized by Panjab Digital Library | www.panjabdigilib.org

**ਭੂਤ ਕੱਢਣਾ,** ਕ੍ਰਿ:—ਮੰਤ੍ਰ ਆਦਿਕਾਂ ਨਾਲ ਚੰਬੜੇ ਹੋਏ ਭੂਤ ਦਾ ਅਸਰ ਸਰੀਰ ਤੋਂ ਦੂਰ ਕਰਨਾ ॥

**ਭੂਤ ਚੰਬੜਨਾ,** ਕ੍ਰਿ:—ਬੁਰੀ ਰੂਹ ਦਾ ਕਿਸੇ ਦੇ ਸਰੀਰ ਵਿੱਚ ਵੜ ਜਾਣਾ ।

**ਭੂਤ ਬਲੱਕ,** ਪੁ:—ਭੂਤਾਂ ਵਰਗਾ ਬੜਾ ਸੁਭਾਉ, ਗੁੱਸਾ ॥

**ਭੂਤਨਾ,** ਪੁ:<br>**ਭੂਤਨੀ,** ਸ: } ਭੂਤ, ਪ੍ਰੇਤ, ਬੁਰੀ ਰੂਹ, ਡਾਇਣ

**ਭੂਤਰ,** ਪੁ:—ਭੂਤ, ਜਿੰਨ, ਦੁਸ਼ਟ ਆਦਮੀ ॥

**ਭੂਪ**<br>**ਭੂਪਤਿ**<br>**ਭੂਪਾਲ** } ਪੁ:-ਰਾਜਾ, ਧਰਤੀ ਦਾ ਮਾਲਕ, ਹਾਕਮ ।

**ਭੂਮ,** ਸ:—ਧਰਤੀ, ਜ਼ਮੀਨ

**ਭੂਮ ਦਾਨ,** ਪੁ:—ਧਰਤੀ ਪੁੰਨ ਕਰਕੇ ਦੇਣਾ ਵਿਆਹ ਵਿੱਚ ਕੁੜੀ ਦੇ ਪਿਉ ਵੱਲੋਂ ਮੁੰਡੇ ਦੇ ਪਰੋਹਤ ਨੂੰ ਜੋ ਲਾਗ ਆਂ ਰਕਮ ਮਿਲੇ ।

**ਭੂਮੀਆ (ਆਂ),** ਪੁ:—ਰਾਹਕਵਾਲਾ, ਦੇਸੀ, ਸੱਪ ॥

**ਭੂਰ,** ਪੁ:—'ਭੂਹਰਾ' ਵੇਖੋ ॥

**ਭੂਰਨਾ,** ਕ੍ਰਿ:—ਪਹਿਲੇ ਕਿਰਨਾਂ ਫੈਲਣਾ, ਚਮੂਨ ਲੱਗਣਾ (ਮੀਂਹ ਦਾ) ॥

**ਭੂਰਾ,** ਪੁ:-ਭੂਰੀਆਂ ਲੂਹਾਂ ਵਾਲੀ ਲੋਈ, ਮੱਝਾਂ ਦੀ ਇੱਕ ਜਾਤ ॥

ਵਿ:—ਭੂਰਾ ਖਾਕੀ ਰੰਗ ਜੋ ਲਾਲੀ ਦੀ ਭਾਹ ਮਾਰੇ ॥

**ਭੂਰਾ ਜਵਾਣ,** ਪੁ:—ਰਿੱਛ ।

**ਭੂਰੀ,** ਵਿ:—ਭੂਰੇ ਰੰਗ ਦੀ ਲੋਈ ॥

**ਭੇ**<br>**ਭੇਂ** } ਪੁ:—ਕੌਲ ਫੁੱਲ ਦੀ ਨਾਲੀ ਜਾਂ ਜੜ੍ਹ ॥

**ਭੇਉਂਣਾ,** ਕ੍ਰਿ:—ਗਿੱਲਾ ਜਾਂ ਤਰ ਕਰਨਾ, ਡੋਬਾ ਦੇਣਾ ॥

**ਭੇਸ,** ਪੁ:—ਪੁਸ਼ਾਕ, ਕਪੜੇ ਪਾਉਣ ਦਾ ਢੰਗ, ਸਾਂਗ (ਬਦਲਣਾ, ਵਟਾਉਣਾ) ॥

**ਭੇਹ,** ਪੁ:—'ਭੈ' ਵੇਖੋ ॥

**ਭੇਖ,** ਪੁ:—ਭੇਸ, ਪੁਸ਼ਾਕ, ਸਾਂਗ, ਜੋਗੀ ਆਦਿਕ ਫ਼ਕੀਰਾਂ ਦਾ ਕੋਈ ਮਤ (ਕਰਨਾ, ਧਾਰਨਾ, ਸਜਾਉਣਾ) ॥

**ਭੇਖਧਾਰੀ**<br>**ਭੇਖੀ** } ਪੁ:—ਜਿਸ ਨੇ ਭੇਖ ਧਾਰਿਆ ਹੋ, ਸਾਧੂ, ਫ਼ਕੀਰ ॥

ਵਿ:—ਪਖੰਡੀ, ਛਲੀਆ, ਜਿਸ ਦਾ ਵਸਾਹ ਨਹੀਂ ॥

**ਭੇਜਣਾ,** ਕ੍ਰਿ:—ਘੱਲਣਾ, ਟੋਰਨਾ, ਪੁਚਾਉਣਾ ॥

**ਭੇਜਾ,** ਪੁ:-ਮਗਜ਼, ਦਿਮਾਗ, ਮਿੱਝ ॥

**ਭੇਟ,** ਸ:—ਨਜ਼ਰ, ਚੜ੍ਹਾਵਾ, ਬਲੀ, ਦੇਵੀ ਦੀ ਉਸਤਤ ਦਾ ਗੀਤ ॥

**ਭੇਟ ਹੋਣਾ,** ਕ੍ਰਿ:—ਬਲੀਦਾਨ ਜਾਂ ਕੁਰਬਾਨ ਹੋਣਾ ।

**ਭੇਟ ਕਰਨਾ**<br>**ਭੇਟ ਚੜ੍ਹਾਉਣਾ**<br>**ਭੇਟ ਦੇਣਾ** } ਕ੍ਰਿ:—ਨਜ਼ਰ ਦੇਣੀ, ਚੜ੍ਹਾਵਾ ਚੜ੍ਹਾਉਣਾ, ਬਲੀਦਾਨ ਕਰਨਾ ॥

Digitized by Panjab Digital Library | www.panjabdigilib.org

**ਭੇਟ ਪੂਜਾ,** ਸ:—ਜੋ ਕੁਝ ਵੱਡਿਆਂ ਦੀ ਨਜ਼ਰ ਕੀਤਾ ਜਾਵੇ ॥

**ਭੇਡ / ਭੇਡੀ** } ਸ:—ਮਸ਼ਹੂਰ ਜਨੌਰ ਬਕਰੀ ਵਰਗਾ, ਡਰਾਕਲ ਮਨੁੱਖ ॥

**ਭੇਡ ਚਾਲ,** ਸ:—ਬਿਨਾ ਬਿਚਾਰੇ ਦੂਜੇ ਦੇ ਮਗਰ ਲੱਗਣਾ ॥

**ਭੇਡਾ / ਭੇਡੂ** } ਪੁ:—ਛੱਤਰਾ, ਭੇਡ ਦਾ ਨਰ ॥

**ਭੇਤ,** ਪੁ:—ਗੁੱਝੀ ਜਾਂ ਅਣਖੀ ਗੱਲ, ਫਰਕ, ਭੇਦ ॥

**ਭੇਤਣ,** ਸ: / **ਭੇਤੀ,** ਪੁ: } ਜਿਸ ਨੂੰ ਭੇਤ ਮਲੂਮ ਹੈ, ਕਿਸੇ ਦੇ ਗੁੱਝੇ ਕੰਮ ਕਰਨ ਵਾਲਾ (ਲੀ)

**ਭੇਦ,** ਪੁ:—'ਭੇਤ' ਵੇਖੋ ॥

**ਭੇਤ ਖੋਲ੍ਹਣਾ,** ਕ੍ਰਿ:—ਗੁੱਝੀ ਗੱਲ ਜ਼ਾਹਰ ਕਰ ਦੇਣੀ ॥

**ਭੇਦ ਦੇਣਾ,** ਕ੍ਰਿ:—ਗੁੱਝੀ ਗੱਲ ਦੱਸਣੀ ॥

**ਭੇਦ ਪਾਉਣਾ / ਭੇਦ ਲੈਣਾ** } ਕ੍ਰਿ:—ਗੁੱਝੀ ਗੱਲ ਮਲੂਮ ਕਰਨੀ ॥

**ਭੇਦ ਰੱਖਣਾ,** ਕ੍ਰਿ:—ਗੁੱਝੀ ਗੱਲ ਲੁਕਾ ਕੇ ਰੱਖਣੀ ॥

**ਭੇਦਣ,** ਸ: / **ਭੇਦੀ,** ਪੁ: / **ਭੇਦੀਆ** ਪੁ: } 'ਭੇਤਣ' ਆਦਿਕ ਵੇਖੋ ॥

**ਭੇਲਸ,** ਪੁ: / **ਭੇਲਸੀ,** ਸ: } ਆਦਤ, ਦਸਤੂਰ, ਭੁੱਲ, ਭਰਮ ॥

**ਭੇਲਾ,** ਪੁ:—ਦਹੀਂ ਦੀ ਲੱਸੀ, ਛਾਹ ॥

**ਭੇਲਾ,** ਪੁ: / **ਭੇਲੀ,** ਸ: } ਗੁੜ ਦਾ ਢਲਾ (ਢਲੀ), ਰੋੜੀ ॥

**ਭੇੜ,** ਪੁ:—ਡੰਗਰਾਂ ਦਾ ਟਾਕਰਾ, ਲੜਾਈ ਝਗੜਾ, ਸਾਮ੍ਹਣਾ ॥

**ਭੇੜਣਾ,** ਕ੍ਰਿ:—ਝਗੜਾ ਪਾਉਣਾ, ਲੋਕਾਂ ਦੀ ਵਿਚ ਮੇਲਣੀ, ਬਦਲੇ ਵਿੱਚ ਕੁਝ ਦੇਣਾ, ਕਰਜ਼ਾ ਉਤਾਰਨਾ, ਜਵਾਬ ਦੇ ਦੇਣਾ, ਬੰਦ ਕਰਨਾ, ਜੰਦਾ ਲਾਉਣਾ ॥

**ਭੇੜੂ,** ਵਿ:—ਲੜਾਕਾ, ਜਿਸ ਨੂੰ ਝਗੜਾ ਪਾਉਣ ਦੀ ਬਾਣ ਹੈ ।

**ਭੈ,** ਪੁ:—ਭਯ, ਡਰ, ਖੌਫ, ਖਤਰਾ ॥

**ਭੈਮਾਨ,** ਵਿ:—ਡਰਿਆ ਹੋਇਆ, ਜਿਸ ਨੂੰ ਰੱਬ ਦਾ ਡਰ ਹੈ ॥

**ਭੈਂ,** ਸ:—ਭੇਡ ਦੀ ਅਵਾਜ਼, ਹਾਰ, ਨੁਕਸਾਨ ।

**ਭੈਂਕਰ ਜਾਣਾ,** ਕ੍ਰਿ:—ਹਾਰ ਮੰਨਣੀ, ਨੁਕਸਾਨ ਸਹਿਣਾ ॥

**ਭੈਂ ਭੈਂ ਕਰਨਾ,** ਕ੍ਰਿ:—ਭੇਡ ਵਾਂਗਰ ਬੋਲਣਾ, ਅਧੀਨ ਹੋ ਜਾਣਾ ॥

**ਭੈਂਸ,** ਸ:—ਮਹਿੰ, ਮੱਝ, ਮਹੀਂ ॥

**ਭੈਂਸਾ,** ਪੁ: ਸੰਢਾ, ਝੋਟਾ ॥

**ਭੈਂਸੀਆ ਗੁੱਗਲ,** ਪੁ:-ਇੱਕ ਦਵਾਈਆ ਕਿਸਮ ਦਾ ਗੁੱਗਲ ॥

Digitized by Panjab Digital Library / www.panjabdigilib.org

**ਭੈਂਗਾ, ਪੁ:** } ਜੋ ਤ੍ਰੇਲੇ ਵੇਰ ਕੇ ਵੇਖੇ, ਟੀਰਾ
**ਭੈਂਗੀ, ਸ:** } (ਰੀ) ॥

**ਭੈਜਲ,** ਪੁ:—ਬਹੁਤ ਡਰ, ਖਤਰਾ, ਮੁਸੀਬਤ (ਪੈਣਾ) ॥

**ਭੈਣ,** ਸ:—ਪੇਉ ਜਾਂ ਮਾਂ ਦੀ ਧੀ ॥

**ਭੈਰਵੀ,** ਸ:—ਸਵੇਰੇ ਗਾਉਣ ਵਾਲੀ ਇੱਕ ਰਾਗਨੀ ॥

**ਭੈਰੋ** } ਪੁ:— ਹਿੰਦੂਆਂ ਦਾ ਇੱਕ ਦੇਉਤਾ, ਇੱਕ
**ਭੈਰੋਂ** } ਰਾਗ ॥

**ਭੈੜ,** ਪੁ:—ਬੁਰੀ ਵਾਦੀ, ਬਾਣ ॥

**ਭੈੜਾ, ਪੁ:** } ਵਿ:—ਬੁਰਾ, (ਰੀ) ਖਰਾਬ, ਨਿਕੰਮਾ,
**ਭੈੜੀ, ਸ:** } (ਮੀ) ਕੋਹਜਾ (ਜੀ) ॥

**ਭੋ,** ਪੁ:—ਤੂੜੀ, ਤੋਹ, ਅਨਾਜਾਂ ਦੇ ਛਿੱਲੜ ॥

**ਭੋਂ,** ਸ:—ਧਰਤੀ, ਜ਼ਮੀਨ, ਦੇਸ਼, ਅਲਾਕਾ ॥

**ਭੋਂ ਸੂਰ,** ਪੁ:—ਗੋਂਗਲੂ, ਸ਼ਗਮਲ (ਸਿੱਖਾਂ ਦੀ ਬੋਲੀ) ॥

**ਭੋਆ,** ਪੁ:—ਕਿਸੇ ਦਾ ਬੱਚਾ ਪਾਲਣ ਵਾਲਾ ਮਰਦ ਕਪਾਹ ਜਾਂ ਕੇਸਰ ਦਾ ਜੋ ਹਿੱਸਾ ਚੁਣਨ ਵਾਲੇ ਨੂੰ ਮਿਲੇ ॥

**ਭੋਹ,** ਪੁ:—ਤੂੜੀ, ਤੋਹ, ਅਨਾਜਾਂ ਦੇ ਛਿੱਲੜ ॥

**ਭੋਹ ਹੋ ਜਾਣਾ,** ਕ੍ਰਿ:—ਥੱਕ ਕੇ ਚੂਰ ਹੋ ਜਾਣਾ ॥

**ਭੋਹ ਕਰ ਦੇਣਾ,** ਕ੍ਰਿ:—ਚੂਰ ਕਰਨਾ, ਵੈਰੀ ਨੂੰ ਹਰਾ ਦੇਣਾ, ਬੁਰਾ ਮਾਰਨਾ ॥

**ਭੋਹਰਾ,** ਪੁ:—ਬੰਦ ਅਤੇ ਛੁਪਿਆ ਹੋਇਆ ਥਾਂ, ਬੰਦ ਕੈਦ ਖਾਨਾ, ਜਿਸ ਦੇਸ਼ ਵਿਚ ਘੁਮਿਆਰ ਨਵੇਂ ਬਣਾਏ ਹੋਏ ਭਾਂਡੇ ਨਮਦਾਰ ਰੱਖਣ ਲਈ ਟਿਕਾਉਂਦੇ ਹਨ ॥

**ਭੋਹਰੇ ਪਾਉਣਾ,** ਕ੍ਰਿ:—ਭੋਹਰੇ ਵਿਚ ਕੈਦ ਕਰ ਦੇਣਾ ॥

**ਭੋਹਾ,** ਪੁ: 'ਭੋਆ' ਵੇਖੋ ।

**ਭੋਖੜਾ** } ਪੁ:—ਚੰਗੀ ਤਰਾਂ ਭੁੱਖ ਨਾ ਲੱਗਣ ਦਾ
**ਭੋਖਾ** } ਰੋਗ ॥

**ਭੋਗ,** ਪੁ:—ਸੰਸਾਰ ਦੇ ਪਦਾਰਥਾਂ ਦੇ ਸੁਖ ਨਿਆਮਤ, ਦੇਵਤਾ ਦੇ ਅਰਪਨ ਜੋ ਖਾਣ ਪੀਣ ਵਾਲੀ ਚੀਜ਼ ਕੀਤੀ ਜਾਵੇ, ਗੁਰੂ ਗ੍ਰੰਥ ਸਾਹਿਬ ਦੇ ਪਾਠ ਪੂਰਾ ਹੋਣ ਦੀ ਰੀਤ, ਇਸਤ੍ਰੀ ਪੁਰਖ ਦਾ ਮੇਲ (ਕਰਨਾ) ॥

**ਭੋਗ ਪਾਉਣਾ,** ਕ੍ਰਿ:—ਗੁਰੂ ਗ੍ਰੰਥ ਸਾਹਿਬ ਦਾ ਪਾਠ ਪੂਰਾ ਕਰਕੇ ਕੜਾਹ ਪ੍ਰਸਾਦ ਵਰਤਾਉਣਾ, ਕੋਈ ਕੰਮ ਮੁਕਾਉਣਾ ।

**ਭੋਗ ਬਲਾਸ,** ਪੁ:—ਇਸਤ੍ਰੀ ਪੁਰਖ ਦੇ ਸੰਗ ਦਾ ਸੁਖ ।

**ਭੋਗ ਲਗਾਉਣਾ,** ਕ੍ਰਿ:—ਖਾਣਾ, ਖਾਣ ਪੀਣ ਦੀ ਵਸਤ ਕਿਸੇ ਦੇਵਤੇ ਦੀ ਭੇਟ ਕਰਨਾ ॥

**ਭੋਗਣ, ਸ:** } ਜੋ ਸੰਸਾਰ ਦੇ ਸੁਖ ਭੋਗੇ, ਜੋ
**ਭੋਗੀ, ਪੁ:** } ਮੌਜ ਕਰੇ ।

**ਭੋਗਣ ਹਾਰਾ, ਪੁ:** } ਸੁਖ ਭੋਗਣ ਦੀ ਚਾਹ
**ਭੋਗਣ ਹਾਰੀ, ਸ:** } ਵਾਲਾ (ਲੀ) ॥

Digitized by Panjab Digital Library | www.panjabdigilib.org

**ਭੋਗਣਾ,** ਕ੍ਰਿ:—ਮੌਜਾਂ ਕਰਨੀਆਂ, ਸੁਖ ਲੈਣਾ, ਸੁਆਦ ਲੈਣਾ, ਦੁਖ ਝੱਲਣੇ, ਆਪਣਾ ਕੀਤਾ ਪਾਉਣਾ।

**ਭੋਂਚਲ,** ਪੁ: ਭਰਮ, ਘਬਰਾਟ, ਸਰਲ ਗੜਬੜ।

**ਭੋਚਲਣਾ,** ਕ੍ਰਿ:—ਭਰਮਾਉਣਾ, ਬੌਂਦਲਾਉਣਾ।

**ਭੋਂਚਾਲ,** ਪੁ:—'ਭੁਚਾਲ' ਵੇਖੋ ॥
ਦੁਪੱਟਾ ॥

**ਭੋਛਣ,** ਪੁ:—ਜਨਾਨੀ ਦੇ ਉੱਪਰਲਾ ਚੌੜਾ ਦੁਪੱਟਾ ॥

**ਭੋਜ,** ਪੁ:—ਇੱਕ ਪ੍ਰਤਾਪੀ ਰਾਜਾ, ਪ੍ਰੀਤੀ ਦੇ ਨਿਮਿਤ ਤੇ ਜੋ ਭੋਜਨ ਕਰਾਇਆ ਜਾਵੇ। ਜੱਗ।

**ਭੋਜ ਪੱਤਰ,** ਪੁ:—ਇੱਕ ਪਹਾੜੀ ਰੁੱਖ ਦੀ ਛਿੱਲ ਜਿਸ ਉੱਤੇ ਲਿਖਦੇ ਹਨ ਅਤੇ ਜਿਸ ਦੀਆਂ ਛਾਗੀਆਂ ਆਦਿਕ ਬਣਾਉਂਦੇ ਹਨ ॥

**ਭੋਜ ਪਰਬੰਧ,** ਪੁ:—ਜਿਸ ਪੁਸਤਕ ਵਿੱਚ ਭੋਜ ਦਾ ਹਾਲ ਹੈ ॥

**ਭੋਜਕੀ,** ਪੁ:—ਕਾਂਗੜੇ ਅਤੇ ਜੁਆਲਾ ਮੁਖੀ ਦੀਆਂ ਦੇਵੀਆਂ ਦੇ ਪੁਜਾਰੀ ॥

**ਭੋਜਨ,** ਪੁ:—ਅੰਨ, ਖੁਰਾਕ, ਰਸਤ, ਰੋਟੀ, ਪਰਸਾਦ ॥

**ਭੋਜਨ ਸ਼ਾਦਣ ਕਰਨਾ**
**ਭੋਜਨ ਕਰਨਾ**
**ਭੋਜਨ ਪਾਉਣਾ**
} ਕ੍ਰਿ:—ਰੋਟੀ ਖਾਣੀ, ਪਰਸਾਦ ਛਕਣਾ, ਅੰਨ ਪਾਣੀ ਕਰਨਾ।

**ਭੋਟਣਾ,** ਕ੍ਰਿ:—ਭਰਮਾਉਣਾ, ਛਲਣਾ, ਮਤਲਬ ਕੱਢਣ ਲਈ ਖੁਸ਼ਾਮਦ ਕਰਨਾ ॥
ਪੁ:—ਖੁਸ਼ਾਮਦੀ, ਛਲੀਆ ॥

**ਭੋਡਾ,** ਪੁ:
**ਭੋਡੀ,** ਸ:
} ਜਿਸ ਦੇ ਸਿੰਗ ਛੋਟੇ ਹਨ ਜਾਂ ਨਹੀਂ (ਗਊ, ਬਲਦ), ਜਿਸ ਦੇ ਸਿਰ ਪੁਰ ਵਾਲ ਨਹੀਂ, ਕੁਰੂਪ, ਮੁੰਨੀ ਹੋਈ ਦਿੱਖ ਵਾਲਾ (ਲੀ) ॥

**ਭੋਂਡਾ,** ਵਿ:—ਕੋਹਜਾ, ਕੁਰੂਪ, ਭੈੜਾ ॥

**ਭੋਤੋ,** ਪੁ:, ਸ:—ਮੂਰਖ ਪਹਾੜੀਆ ਜਾਂ ਪਹਾੜਨ ॥
ਵਿ:—ਸਿੱਧਾ ਆਦਮੀ, ਬੁੱਧੂ, ਜੋ ਛੇਤੀ ਛਲਿਆ ਜਾਵੇ।

**ਭੋਭਰ**
**ਭੋਭਿਰ**
} ਸ:—ਮੁੱਕੇ ਹੋਏ ਗੋਹਿਆਂ ਦਾ ਚੂਰ ਭੂਰ ॥

**ਭੋਮ**
**ਭੋਮਦਾਨ**
} 'ਭੂਮ' ਵੇਖੋ ॥

**ਭੋਰ,** ਸ:—ਸਵੇਰ ਦਾ ਵੇਲਾ ॥

**ਭੋਰ ਭੋਰ ਕੇ ਖਾਣਾ,** ਕ੍ਰਿ:—ਥੋੜਾ ਥੋੜਾ ਕਰ ਕੇ ਧਨ ਖਰਚਣਾ ॥

**ਭੋਰਨਾ,** ਕ੍ਰਿ:—ਜੁਆਰ ਦੀ ਛੱਲੀ ਦੇ ਦਾਣੇ ਲਾਹੁਣਾ, ਤੋੜਨਾ, ਹੱਥ ਨਾਲ ਲਾਹ ਲੈਣਾ, ਦੂਜੇ ਦਾ ਮਾਲ ਮਾਰਨਾ ॥

**ਭੋਰੂ,** ਪੁ:—'ਭੋਹਰਾ' ਵੇਖੋ ॥

**ਭੋਰਾ,** ਪੁ:—ਛੋਟਾ ਟੁਕੜਾ, ਗਰਾਹੀ, ਟੁੱਕ, ਰਤਾ ਕੁ, ਸੰਦੇ ਦਾ ਚੂਰਾ।

Digitized by Panjab Digital Library | www.panjabdigilib.org

**ਭੋਰਾ ਚੂਰਾ,** ਪੁ:—ਰੋਟੀ ਦੇ ਟੁਕੜੇ, ਲੱਕੜੀ ਦੀਆਂ ਪੱਚਰਾਂ ॥

**ਭੋਲ,** ਸ:—ਭੁੱਲ, ਦੋਸ, ਖਤਾ, ਗਲਤੀਆਂ ਦੀ ਸਜਾ (ਦੇਣਾ, ਲੈਣਾ) ।

**ਭੋਲਾ, ਭੋਲੀ,** ਵਿ:—ਸਿੱਧਾ, (ਧੀ) ਮੂਰਖ, ਜੋ ਵਲ ਛਲ ਨਾ ਜਾਣੇ ।

ਪੁ:—ਭੁਲੇਖਾ, ਹਿਸਾਬ ਵਿੱਚ ਭੁੱਲ ।

**ਭੋਲਾ ਨਾਥ,** ਪੁ:—ਸ਼ਿਵ ਜੀ, ਮਹਾ ਦੇਵ ॥

**ਭੋਲਾ ਬਾਦਸ਼ਾਹ,** ਪੁ:—ਸਿੱਧਾ, ਮੂਰਖ, ਬੇ ਪਰਵਾਹ ॥

**ਭੋਲਾ ਭਾਲਾ,** ਪੁ: / **ਭੋਲੀ ਭਾਲੀ,** ਸ:—ਅਣਜਾਣ, ਸਿੱਧਾ (ਧੀ) ॥

**ਭੋਲੇ ਭਾਉ,** ਕ੍ਰਿ:, ਵਿ:—ਸਾਫ ਦਿਲ ਹੋਣ ਨਾਲ ॥

**ਭੋਰੇ,** ਪੁ:—(ਬਹੁ:)—ਪਹਿਲੀ ਵਾਰ ਗਰਭ ਹੋਣ ਤੇ ਜੋ ਰੀਤ ਕੀਤੀ ਜਾਂਦੀ ਹੈ (ਚਤੂਲੇ) ।

**ਭੌ,** ਪੁ:—ਭੈ, ਡਰ, ਖੌਫ, ਖਤਰਾ ॥

**ਭੌਂ,** ਪੁ:—ਘੇਰ, ਸਿਰ ਨੂੰ ਚੜ੍ਹੇ ਹੋਏ ਚੱਕਰ ॥

**ਭੌਂ ਜਾਣਾ,** ਕ੍ਰਿ:—'ਭੌਣਾ' ਵੇਖੋ ।

**ਭੌਂ ਦੇਣਾ,** ਕ੍ਰਿ:—ਕਿਸੇ ਨੂੰ ਚੁਫੇਰੇ ਭੁਆਉਣਾ, ਘੁਮਾਉਣਾ ॥

**ਭੌਂ ਲੈਣਾ,** ਕ੍ਰਿ:—ਆਪ ਆਪਣੇ ਗਿਰਦੇ ਕਈ ਵਾਰ ਘੁੰਮਣਾ ॥

**ਭੌਕਣਾ, ਭੌਂਕਣਾ,** ਕ੍ਰਿ:—ਕੁੱਤੇ ਦਾ ਬੋਲਣਾ, ਬਕਣਾ, ਬੁਰਾ ਭਲਾ ਕਹਿਣਾ ॥

**ਭੌਕਾ,** ਪੁ:—'ਭਬਕਾ' ਵੇਖੋ ।

**ਭੌਂਕਾ,** ਵਿ:, ਪੁ:—ਭੌਂਕਣ ਵਾਲਾ, ਜੋ ਬਹੁਤ ਬੋਲੇ ॥

**ਭੌਂਕਾਉਣਾ,** ਕ੍ਰਿ:—ਭੌਂਕਣ ਦੇਣਾ, ਕਿਸੇ ਦੀ ਪਰਵਾਹ ਨਾ ਕਰਕੇ ਉਸ ਨੂੰ ਖਪਣ ਜਾਂ ਰੌਲਾ ਪਾਉਣ ਦੇਣਾ ।

**ਭੌਜਲ,** ਪੁ: 'ਭਵਜਲ' ਵੇਖੋ ॥

**ਭੌਣ,** ਪੁ:—ਦੇਵੀ ਦਾ ਮੰਦਰ, ਕੀੜਿਆਂ ਦਾ ਘਰ

**ਭੌਣਾਂ ਵਾਲੀ,** ਸ:—ਦੇਵੀ, ਦੁਰਗਾ ।

**ਭੌਣਾ, ਭੌਂਣਾ,** ਕ੍ਰਿ:—ਚੱਕਰ ਖਾਣਾ, ਘੁੰਮਣਾ, ਫਿਰਨਾ, ਮੁੜਨਾ, ਹਟਣਾ, ਸਿਰ ਵਿੱਚ ਘੇਰ ਪੈਣਾ, ਰਤਕਣਾ, ਢੁੰਡਣਾ ॥

**ਭੌਣੀ,** ਸ:—ਖੂਹ ਦੀ ਚਰਖੀ, ਜੁਲਾਹੇ ਦੀ ਚਰਖੀ ॥

**ਭੌਤਕ,** ਵਿ:—ਪੰਜਾਂ ਭੂਤਾਂ ਦਾ, ਅਸਥੂਲ ॥

**ਭੌਂਦਲਣਾ,** ਕ੍ਰਿ:—ਘਾਬਰਨਾ, ਮੱਤ ਮਾਰੀ ਜਾਣੀ ॥

**ਭੌਂਦੂ,** ਵਿ:—ਮੂਰਖ, ਆਹਮਕ, ਝੱਲਾ ॥

**ਭੌਰ (ਭੌਂਰ), ਭੌਰਾ (ਭੌਂਰਾ),** ਪੁ:—ਇੱਕ ਤਰਾਂ ਦੀ ਸ਼ਹਿਤ ਦੀ ਮਖੀ, ਰੂਹ, ਕਾਲਾ ਕੁੱਤਾ ॥

**ਭੌਰ ਕਲੀ,** ਸ:—ਗਲ ਦਾ ਗਹਿਣਾ, ਧਰ ॥

Digitized by Panjab Digital Library / www.panjabdigilib.org

ੜੌਰੀ, ੜੌਂਰੀ, ਸ:—ਮੁੜੇ ਹੋਏ ਵਾਲ, ਪੈਰ ਦੀ ਉਂਗਲ ਉੱਤੇ ਉੱਠਿਆ ਹੋਇਆ ਕੁਰਾੜਾ ਮਾਸ ॥

ੜੌਂਕ, ਪੁ:—ਜੁੱਤੀਆਂ ਦੀ ਮਾਰ ਦੀ ਅਵਾਜ਼ ॥

ੜੌਂਕਾ, ਪੁ: ੜੌਂਕੀ, ਸ: — ਲਿੱਦ ਆਦਿਕ ਖੁਰਚਕੇ ਸਾਫ਼ ਕਰਨ ਵਾਲੀ ਇਕ ਕੰਡ ਦੀ ਵੱਡੀ ਕਹੀ। ਪਚੌੜਾ (ੜੀ) ॥

## ਮ

ਮ, ਪੁ:—ਗੁਰਮੁਖੀ ਪੈਂਤੀ ਦਾ ਤੀਹਵਾਂ ਅੱਖਰ, ਮੈਂਮਾ ॥

ਮਈ, ਸ:—ਅੰਗ੍ਰੇਜ਼ੀ ਸਾਲ ਦਾ ਪੰਜਵਾਂ ਮਹੀਨਾ ॥

ਮਸ, ਪੁ:—ਗਭਰੂ ਦੀ ਉੱਗਦੀ ਦਾਹੜੀ ਦੇ ਪਹਿਲੇ ਵਾਲ, ਸਿਆਹੀ ॥

ਮਸ ਭਿੰਨਾ, ਮਸ ਭੇਉਂ — ਪੁ:—ਜਿਸ ਗਭਰੂ ਦੀ ਦਾਹੜੀ ਉੱਗਣ ਲੱਗੇ ॥

ਮੱਸ, ਸ:—ਸਿਆਹੀ, ਕਾਲਕ, ਕੱਜਲ ॥

ਮੱਸ ਫੁੱਟਣੀ, ਮੱਸ ਭਿੱਗਣੀ — ਕ੍ਰਿ:—ਪਹਿਲੇ ਪਹਿਲ ਦਾਹੜੀ ਉੱਗਣੀ ॥

ਮੱਸ ਭਿੰਨਾ, ਮੱਸ ਭੇਉ(ਊ) — ਵਿ:—'ਮਸ ਭਿੰਨਾ' ਵੇਖੋ ॥

ਮਸਹਰਾ, ਪੁ:—ਮਸਾਲ, ਪਟੀਤਾ ॥

ਮਸਹਰੀ, ਸ:—ਮੱਛਰਾਂ ਤੋਂ ਬਚਨ ਲਈ ਮੰਜੇ ਉੱਤੇ ਤਾਨਣ ਵਾਲਾ ਮਹੀਨ ਕਪੜਾ ।



ਮਸ਼ਹੂਰ, ਵਿ:—ਉੱਘਾ (ਘੀ), ਜਿਸ ਨੂੰ ਸਭ ਜਾਨਣ (ਹੋਣਾ, ਕਰਨਾ) ॥

ਮਸ਼ਹੂਰੀ, ਸ:—ਮਸ਼ਹੂਰ ਹੋਣ ਦਾ ਗੁਣ ॥

ਮਸ਼ਕ, ਸ:—ਲਿਖਾਈ ਜਾਂ ਕੋਈ ਹੋਰ ਕੰਮ ਸਿਖਣ ਲਈ ਉਹ ਬਾਰ ਬਾਰ ਕਰਨਾ, ਜਿਸ ਨਮੂਨੇ ਦੀ ਨਕਲ ਕੀਤੀ ਜਾਵੇ, ਪਾਣੀ ਪਾਣ ਵਾਲੀ ਖੱਲ (ਕਮਾ ਕੇ ਸੀਤੀ ਹੋਈ) ॥

ਮਸਕਣਾ, ਕ੍ਰਿ:—ਸਰੀਰ ਅਕੜਾਉਣਾ, ਹਿੱਲਣਾ, ਦੱਬਣਾ, ਘੁੱਟਣਾ, ਪੀੜ ਆਦਿਕ ਨਾਲ ਐਂਠਣਾ ॥

ਮਸਕਰਾ, ਪੁ:-ਵਿ:—ਜੋ ਹੱਸਾ ਠੱਠਾ ਕਰੇ, ਮਖੌਲੀਆ ॥

ਮਸਕਰੀ, ਸ:—ਹੱਸਾ ਠੱਠਾ, ਹੱਸਾ ਠੱਠਾ ਕਰਨ ਵਾਲੀ ।

ਮਸਕਲਾ, ਪੁ:—ਤਲਵਾਰ ਆਦਿਕਾਂ ਤੋਂ ਜੰਗਾਲ ਲਾਹੁਣ ਵਾਲਾ ਹਥਿਆਰ ॥

ਮਸਕਾਉਣਾ, ਕ੍ਰਿ:—ਅਕੜਾਉਣਾ, ਹਿਲਾਉਣਾ, ਸਰੀਰ ਦੇ ਐਂਠਣ ਕਰਕੇ ਕਪੜੇ ਪਾੜ ਲੈਣਾ ॥

ਮਸਕੀਜਾ, ਸ:—ਛੋਟੀ ਜੇਹੀ ਮਸ਼ਕ (ਭਿਸ਼ਤੀ ਦੀ) ॥

ਮਸਕੀਨ, ਵਿ:—ਨਿਮ੍ਰ, ਅਧੀਨ, ਹੀਣਾ, ਗਰੀਬ ॥

ਮਸਕੀਨੀ, ਸ:—ਹਲੀਮੀ, ਅਧੀਨਗੀ, ਗਰੀਬੀ ॥

Digitized by Panjab Digital Library / www.panjabdigilib.org

**ਮੰਸਣਾ,** ਕ੍ਰਿ:-ਸਿਆਹੀ ਬਨਾਉਣਾ, ਦੁਆਵਾਂ ਮਿਲਾਉਣਾ ॥

**ਮਸਤ,** ਵਿ:-ਬੇ ਸੁਰਤ, ਨਸ਼ਈ, ਹੰਕਾਰਿਆ ਹੋਯਾ, ਜੋਸ਼ ਵਿੱਚ ਆਯਾ ਹੋਯਾ, ਬੇ ਪਰਵਾਹ, ਧਿਆਨ ਵਿੱਚ ਮਗਨ, ਪਾਗਲ, ਬਹੁਤ ਖੁਸ਼ ॥

**ਮਸਤ ਗਾਹੂ,** ਪੁ:-ਮਸੀਤ (ਸਿੰਘਾਂ ਦੀ ਬੋਲੀ) ॥

**ਮਸਤ ਮਲਾਣਾ,** ਵਿ:-ਬੇ ਪਰਵਾਹ, ਮੌਜੀ।

**ਮਸਤਕ,** ਪੁ:-ਮੱਥਾ ॥

**ਮਸਤਕੀ**
**ਮਸਤਕੀ ਰੂਮੀ** } ਸ:-ਇੱਕ ਗੂੰਦ ਜੋ ਦੁਆ ਵਾਸਤੇ ਵਰਤਦੇ ਹਨ ॥

**ਮਸਤਣਾ,** ਕ੍ਰਿ:-ਮਸਤ ਹੋਣਾ, ਹੰਕਾਰ ਕਰਨਾ, ਜੋਸ਼ ਵਿੱਚ ਆਉਣਾ ॥

**ਮਸਤਾਉਣਾ,** ਕ੍ਰਿ:-ਮਸਤ ਕਰਨਾ, ਜੋਸ਼ ਚਾੜ੍ਹਨਾ ॥

**ਮਸਤਾਨਾ,** ਵਿ:-ਮਸਤ, ਜੋਸ਼ ਵਿੱਚ, ਖੁਦਾ ਦੀ ਯਾਦ ਵਿੱਚ ਮਗਨ (ਫ਼ਕੀਰ), ਦੀਵਾਨਾ ॥
ਪੁ:-ਮਸਤ ਫ਼ਕੀਰ ॥

**ਮਸਤਾਨੀ,** ਸ:-ਮਸਤ, ਫ਼ਕੀਰਨੀ।
ਵਿ:-ਮਸਤੀ ਵਾਲੀ (ਚਾਲ) ॥

**ਮਸਤਿਆਰਾ,** ਪੁ:-ਇੱਕ ਕੋਝਾ ਬੂਟਾ ॥

**ਮਸਤੀ,** ਸ:-ਨਸ਼ੇ ਦੀ ਬੇ ਹੋਸ਼ੀ, ਕਾਮ ਜਾਂ ਹੰਕਾਰ ਦਾ ਜੋਸ਼, ਧਿਆਨ ਵਿੱਚ ਮਗਨ ਹੋਣਾ, ਜਵਾਨੀ ਦਾ ਜ਼ੋਰ, ਬਹਾਰ ਦੀਦਲ ॥

**ਮਸਤੀ ਕੱਢਣੀ,** ਕ੍ਰਿ:-ਸਜ਼ਾ ਦੇਣੀ, ਮਸਤ ਨੂੰ ਸਿਧਾ ਕਰਨਾ।

**ਮਸਤੀ ਚੜ੍ਹਨੀ**
**ਮਸਤੀ ਵਿੱਚ ਆਉਣਾ** } ਕ੍ਰਿ:-ਕਾਮ ਦਾ ਜੋਸ਼ ਭਰ ਜਾਣਾ ॥

**ਮਸਤੂਲ,** ਪੁ:-ਜਹਾਜ਼ ਦਾ ਥੰਮ੍ਹ ॥

**ਮਸਤੇਵਾਂ,** ਪੁ:-ਕਾਮ ਜਾਂ ਹੰਕਾਰ ਦਾ ਜੋਸ਼, ਮਸਤੀ ਜ਼ੋਰ।

**ਮਸੰਦ**
**ਮਸੰਦੂ** } ਪੁ:-ਜੋ ਸਿੱਖਾਂ ਦੇ ਚੜ੍ਹਾਵੇ ਲੈਕੇ ਗੁਰੂ ਦੀ ਭੇਟ ਕਰੇ, ਇੱਕ ਤਰਾਂ ਦਾ ਪੁਜਾਰੀ ॥

**ਮਸੰਦਣੀ,** ਸ:-ਮਸੰਦ ਦੀ ਵਹੁਟੀ।

**ਮਸਰ,** ਪੁ:-ਇੱਕ ਤਰਾਂ ਦਾ ਮਸ਼ਹੂਰ ਅਨਾਜ ॥

**ਮਸਰੀ,** ਸ:-ਮਸਰ ਵਰਗੀ ਪਰ ਨਿੱਕੀ ਦਾਲ, ਹਰੀ ਅੱਖੀ ॥

**ਮਸਰੂ,** ਪੁ:-ਇੱਕ ਰੇਸ਼ਮੀ ਅਤੇ ਸੂਤੀ ਗਾੜ੍ਹਾ, ਕਪੜਾ ॥

**ਮਸਰੂਰ,** ਵਿ:-ਬਹੁਤ ਖ਼ੁਸ਼, ਮਸਤ, ਮੌਜ ਵਿੱਚ ॥

**ਮਸਲਚੀ,** ਪੁ:-'ਮਸ਼ਾਲਚੀ' ਵੇਖੋ ॥

**ਮਸਲਤ,** ਸ:-ਸਲਾਹ, ਗੁਰਮਤਾ, ਸੋਚ, ਵਿਚਾਰ।

**ਮਸਲੰਦ,** ਸ:-ਰੇਸ਼ਮ ਦਾ ਕਪੜਾ, ਇੱਕ ਤਰਾਂ ਦੀ ਦਰੀ ॥

**ਮਸਲਨਾ,** ਕ੍ਰਿ:-ਮਲਣਾ, ਦਲਣਾ, ਲਤਾੜਨਾ ॥

Digitized by Panjab Digital Library / www.panjabdigilib.org

**ਮਸਲਾ,** ਪੁ:- ਸੋਚਣ ਵਾਲੀ ਗੱਲ, ਪ੍ਰਸ਼ਨ, ਅਸੂਲ ॥

**ਮਸਲਾ ਹੱਲ ਕਰਨਾ,** ਕ੍ਰਿ:—ਔਖੀ ਗੱਲ ਬੁੱਝ ਲੈਣੀ ॥

**ਮਸ ਨੇ ਛਾਂਟਣੇ,** ਕ੍ਰਿ: —ਹੁੱਜਤਾਂ ਕਰਨੀਆਂ ।

**ਮਸਲੇ ਖੋਰ,** ਵਿ:- ਹੁੱਜਤੀ, ਬਹਸ ਕਰਨ ਵਾਲਾ ॥

**ਮਸਵਾਕ,** ਸ:—ਦੰਦ ਸਾਫ਼ ਕਰਨ ਵਾਲੀ ਮੁਸਲਮਾਨਾਂ ਦੀ ਮੋਟੀ ਦਾਤਣ (ਕਰਨੀ, ਫੇਰਨੀ) ॥

**ਮਸਵਾਣਾ,** ਸ:-'ਮਸਾਣ' ਵੇਖ ।

**ਮਸਵਾਰ,** ਪੁ:—ਘਰ ਜਾਂ ਚੰਦੋ ਦਾ ਕਿਰਾਇਆ, ਮੁਹਾਰ ॥

**ਮਸਾ,** ਪੁ:—ਉਂਨ੍ਹ ਕਰਨ ਵਿਚ ਮਿਰ ਅਨ ਵਿੱਚੋਂ ਉ ਗੱਲੋਂ ਹੱਥ ਫੇਰਨਾ ॥

**ਮੱਸਾ,** ਪੁ: —ਮਹੁਕਾ

**ਮਸਾਂ,** ਕ੍ਰਿ:, ਵਿ:—ਔਖੇ ਹੋਕੇ, ਮੁਸ਼ਕਲ ਨਾਲ

**ਮਸਾਂ [illegible]**
**ਮਸਾਂ ਕਰਕੇ**
**ਮਸਾਂ ਮਸਾਂ**
} ਕ੍ਰਿ:, ਵਿ:-ਬਹੁਤ ਔਖੇ ਹੋਕੇ ॥

**ਮਸਾਇਕ,** ਪੁ:, ਬਹੁ:—ਸ਼ੇਖ਼, ਭਲੇ ਲੋਕ, ਮਹਾਤਮਾ ।

**ਮਸ਼ਾਹੂਰ**
**ਮਸ਼ਾਹੂਰੀ**
} 'ਮਸ਼ਹੂਰ' ਆਦਿਕ ਵੇਖੋ ॥

**ਮਸਾਣ,** ਪੁ: ਹਿੰਦੂਆਂ ਦੇ ਮੁਰਦੇ ਸਾੜਨ ਦੀ ਥਾਂ, ਸੜੇ ਹੋਏ ਮੁਰਦੇ ਦੀਆਂ ਹੱਡੀਆਂ ।

**ਮਸਾਣ ਭੂਮ**
**ਮਸਾਣ ਭੂਮਕਾ**
**ਮਸਾਣ ਭੂਮੀ**
} ਪੁ:-ਜਿਥੇ ਹਿੰਦੂ ਮੁਰਦੇ ਸਾੜਦੇ ਹਨ ॥

**ਮਸਾਂਤ**
**ਮਸਾਂਦ**
} ਸ:, ਪੁ:-ਹਿੰਦੂਆਂ ਦੇ ਮਹੀਨੇ ਦਾ ਛੇਕੜਲਾ ਦਿਨ ।

**ਮਸਾਨਾ,** ਪੁ:—ਮਨੁੱਖ ਦੇ ਸਰੀਰ ਵਿੱਚ ਪਿਸ਼ਾਬ ਦੀ ਥੈਲੀ ॥

**ਮਸਾਨੀ**
**ਮਸਾਨੀਆ**
} ਪੁ: ਹਿੰਦੂ ਮੁਰਦੇ ਦੀ ਸੁਆਹ ਚੁਕਣ ਵਾਲਾ, ਮਸਾਨ ਦੀ ਟਹਿਲ ਕਰਨ ਵਾਲਾ ॥

**ਮਸਾਲ,** ਸ:—ਦ੍ਰਿਸ਼ਟਾਂਤ, ਨਮੂਨਾ, ਜਾਨਣ ਕਰਨ ਵਾਲਾ ਸਾਖਾ ।

**ਮਸਾਲਚੀ,** ਪੁ:—ਮਸਾਲ ਚੁੱਕਣ ਵਾਲਾ ॥

**ਮਸਾਲਾ,** ਪੁ:- ਖਾਣ ਪੀਣ ਵਾਲੀ ਸ਼ੈ ਨੂੰ ਸੁਆਦਲੀ ਬਣਾਉਣ ਵਾਲੀ ਚੀਜ਼, ਹਲਦੀ ਮਿਰਚ ਆਦਿਕ, ਜਿਨ੍ਹਾਂ ਚੀਜ਼ਾਂ ਦੀ ਕੋਈ ਚੀਜ਼ ਬਣੇ ॥

**ਮਸਿਔਹਰਾ,** ਪੁ:—ਮੋਸ ਦੀ ਬੋਲ ਦਾ ਘਰ ਵਾਲਾ ॥

**ਮਸੀਹਾ,** ਪੁ:—'ਮਰਸੀਹਾ' ਵੇਖੋ ॥

**ਮਸ਼ੀਣ,** ਸ:-ਕਲਾ ਕਾਰੀਗਰ ਦੀ ਸਮਿਆਣ ।

**ਮਸੀਤ,** ਸ:—ਮੁਸਲਮਾਨਾਂ ਦੇ ਨਿਮਾਜ਼ ਪੜ੍ਹਨ ਵਾਲਾ ਘਰ ॥

**ਟਕੇ ਪਿੱਛੇ ਮਸੀਤ ਢਾਉਣੀ,** ਕ੍ਰਿ:-ਥੋੜੇ ਲਾਹੇ ਲਈ ਬੜਾ ਨੁਕਸਾਨ ਕਰਨਾ ।

Digitized by Panjab Digital Library / www.panjabdigilib.org

**ਮਸਆਕ**
**ਮਸੁਆਰ** } 'ਮਸਵਾਕ' ਅਤੇ 'ਮਸਵਾਰ' ਵੇਖੋ ॥

**ਮੱਸੁ,** ਸਃ—ਮੱਸ, ਸਿਆਹੀ॥
ਪੁਃ—ਇੱਕ ਛੋਟਾ ਰੁੱਖ ।

**ਮੱਸੂ ਭਿਉਂ ਦੇਣਾ,** ਕ੍ਰਿਃ—'ਮੱਸ ਫੁੱਟਣੀ' ਵੇਖੋ ।

**ਮਸੂਹੜਾ,** ਪੁਃ—ਦੰਦਾਂ ਦੇ ਉੱਪਰਲਾ ਮਾਸ, ਵੱਢ ।

**ਮਸੂਕ;** ਪੁਃ, ਸਃ—ਪ੍ਰੀਤਮ, ਪਿਆਰਾ (ਰੀ), ਜਿਸ ਉੱਤੇ ਕੋਈ ਆਸ਼ਕ ਹੋਵੇ ॥

**ਮਸੂਕੜਾ,** ਪੁਃ—ਮਸੂਕ (ਨਿੰਦਾ ਵਾਚਕ)॥

**ਮਸੂਕੀ,** ਸਃ—ਮਸੂਕ ਹੋਣ ਦੀ ਹਾਲਤ ॥

**ਮਸੂਮ,** ਪੁਃ—ਅਣਜਾਣ, ਬੇ ਗੁਨਾਹ, ਬੱਚਾ ॥

**ਮਸੂਰ,** ਪੁਃ—ਮਸਰ, ਇੱਕ ਅਨਾਜ ।

**ਮਸੂਲ,** ਪੁਃ—ਭਾੜਾ, ਟਿੱਕਸ, ਡਾਕ ਦਾ ਖਰਚ, ਚੁੰਗੀ ॥

**ਮਸੂਲੀਆ,** ਪੁਃ—ਮਸੂਲ ਲੈਣ ਵਾਲਾ ਸਰਕਾਰੀ ਨੌਕਰ ।

**ਮਸੇਹਸ (ਸੁ),** ਸਃ—ਸੱਸ ਦੀ ਭੈਣ ॥

**ਮਸੇਰ**
**ਮਸੇਰਾ** } ਪੁਃ—ਮਾਸੀ ਦਾ ਪੁਤ੍ਰ ॥

**ਮਸੇਰ ਭਰਾ (ਭਾਈ)**
**ਮਸੇਰਾ ਭਰਾ (ਭਾਈ)** } ਪੁਃ-ਮਾਸੀ ਦਾ ਪੁਤ੍ਰ॥

**ਮਸੇਰ (ਰੀ) ਭੈਣ,** ਸਃ—ਮਾਸੀ ਦੀ ਧੀ ॥

**ਮਸੋਸਣਾ,** ਕ੍ਰਿਃ—ਅਫਸੋਸ ਕਰਨਾ, ਵਿਲਕਣਾ, ਦੁਖੜੇ ਰੋਣਾ ॥

**ਮਸੋਹਜਰਾ (ੜਾ)**
**ਮਸੋਹਝਰਾ (ੜਾ)** } ਪੁਃ—ਬਹੁਤ ਸਵੇਰ ਦਾ ਵੇਲਾ, ਪਾਹ ਫੁਟਣਾ

**ਮਸੌਹਰਾ,** ਪੁਃ—ਸੱਸ ਦੀ ਭੈਣ ਦਾ ਖੌਂਦ ॥

**ਮਸੌਦਾ,** ਪੁਃ—ਖਰੜਾ, ਅਸਲੀ ਲਿਖਤ, ਤਦਬੀਰ ਮਤਾ ।

**ਮਹੱਸਲੀ,** ਸਃ —ਮਹਾਸੂਲ ਦਾ ਕੰਮ, ਹੁੰਦਾ ਜਾਂ ਤਲਬ ।

**ਮਹਸੂਲ,** ਪੁਃ—'ਮਸੂਲ' ਵੇਖੋ ।

**ਮਹਕਮਾ,** ਪੁਃ—ਸਰਕਾਰੀ ਕੰਮਾਂ ਦੀ ਵੰਡ ਦੇ ਵੱਖੋ ਵੱਖਰੇ ਹਿੱਸਿਆਂ ਵਿੱਚੋਂ ਕੋਈ ॥

**ਮਹੱਤ,** ਪੁਃ—ਵਡਿਆਈ, ਵਡੱਪਣ, ਬਜ਼ੁਰਗੀ ॥

**ਮਹੰਤ,** ਪੁਃ—ਸੰਤ ਮੰਡਲੀ ਦਾ ਸਰਦਾਰ, ਪੰਥ ਦਾ ਮੁਖੀਆ, ਮੋਟਾ ਦਰਸ਼ਨੀਕ ਆਦਮੀ ॥

**ਮਹੰਤਣੀ,** ਸਃ—ਮਹੰਤ ਦੀ ਵਹੁਟੀ, ਸਭ ਤੋਂ ਵੱਡੀ ਸੰਤਣੀ ॥

**ਮਹਤਮ,** ਪੁਃ—'ਮਾਹਤਮ' ਵੇਖੋ ॥

**ਮਹੰਤਾਈ**
**ਮਹੰਤੀ** } ਮਹੰਤ ਦੀ ਪਦਵੀ ਅਤੇ ਉਸ ਦਾ ਕੰਮ ।

**ਮਹੱਬਤ,** ਸਃ-ਪਿਆਰ, ਪ੍ਰੇਮ, ਦੋਸਤੀ, ਨੇਹੁੰ ਪ੍ਰੀਤ (ਕਰਨੀ, ਰੱਖਣੀ) ॥

Digitized by Panjab Digital Library | www.panjabdigilib.org

**ਮਹੱਬਤਣ,** ਸ: } **ਮਹੱਬਤੀ,** ਪੁ: } ਜਿਸ ਨਾਲ ਮਹੱਬਤ ਕੀਤੀ ਜਾਵੇ ॥

**ਮਹਬੂਬ,** ਪੁ:—ਮਸ਼ੂਕ, ਪਿਆਰਾ, ਪ੍ਰੀਤਮ ॥

**ਮਹੰਮਦੀ,** ਵਿ:—'ਮੁਹੰਮਦੀ' ਵੇਖੋ ।

**ਮਹਮਾਣ,** ਪੁ:—ਪਰਾਹੁਣਾ, ਜੁਆਈ ॥

**ਮਹਰਹਮਤ,** ਸ:—ਮੇਹਰਬਾਨੀ, ਕਿਰਪਾ, ਦਯਾ ॥

**ਮਹਰਾ,** ■ } **ਮਹਰੀ,** ਸ: } 'ਮਹਿਰਾ' ਵੇਖੋ ।

**ਮਹਲ,** ਪੁ:—ਬੜਾ ਵੱਡਾ ਘਰ, ਹਵੇਲੀ ।

**ਮਹੱਲਾ,** ਪੁ:—ਗਲੀ, ਕੂਚਾ, ਕਟੜਾ ॥

**ਮਹਵਾ,** ਪੁ:—'ਮਹੂਆ' ਵੇਖੋ ॥

**ਮਹਾ (ਹਾਂ),** ਵਿ:, ਕ੍ਰਿ:, ਵਿ:—ਵੱਡਾ, ਉੱਚਾ, ਪ੍ਰਤਾਪੀ, ਬਹੁਤ ॥

ਪੁ:—ਦੀਵ ਖੰਦ ਦੇ ਬਹੱਟੇ ਦੇ ਦੋ ਸਿਰੇ ਮੇਲਣ ਵਾਲੀ ਧਾਤ ਦੀ ਪੱਤੀ ਜਾਂ ਤਾਰ, ਇੱਕ ਕਿੱਸਾ ਗਹਿਣਾ ॥

**ਮਹਾਂ ਪਰਸ਼ਾਦ,** ਪੁ:—ਦੇਵਤਾ ਦਾ ਭੋਗ, ਮਾਸ (ਸਿੱਖਾਂ ਦੀ ਬੋਲੀ), ਬੜੀ ਕਿਰਪਾ ॥

**ਮਹਾਂ ਪਰਲ਼ੂ (ਲੋ),** ਸ:—ਜਿਸ ਪਰਲੋ ਵਿਚ ਬ੍ਰਹਮਾ ਸਮੇਤ ਸਭ ਕੁਝ ਨਸ਼ਟ ਹੋ ਜਾਵੇਗਾ ॥

**ਮਹਾਂ ਪੁਰਖ (ਸ਼),** ਪੁ:—ਮਹਾਤਮਾ, ਵਡਾ ਆਦਮੀ, ਸੰਤ ॥



**ਮਹਾ ਬ੍ਰਾਹਮਣ** } **ਮਹਾਂ ਬ੍ਰਾਹਮਣ** } ਪੁ: ਅਚਾਰਜ, ਮੁਰਦੇ ਦਾ ਧਾਨ ਖਾਣ ਵਾਲੀ ਜਾਤ ਦੇ ਬ੍ਰਾਹਮਣ ॥

**ਮਹਾ ਭਾਰਤ,** ਪੁ:—ਪਾਂਡਵਾਂ ਕਰਵਾਂ ਦੀ ਲੜਾਈ, ਜਿਸ ਪੁਰਾਣ ਵਿੱਚ ਉਸ ਲੜਾਈ ਦਾ ਹਾਲ ਹੈ ॥

**ਮਹਾਂ ਮਹੀ** } **ਮਹਾਂ ਮਾਹੀ** } ਸ:—ਬਾਵਾ, ਖਿਲਰਨ ਵਾਲਾ ਰੋਗ, ਪਲੇਗ ਆਦਿਕ ॥

**ਮਹਾਂ ਮਾਈ,** ਸ:—ਦੇਵੀ, ਜੁਆਲਾਮੁਖੀ ॥

**ਮਹਾ ਰਾਜ** } **ਮਹਾਂ ਰਾਜ** } ਪੁ:—ਵੱਡਾ ਰਾਜਾ, ਪਰਮੇਸਰ, ਕੋਈ ਵੱਡਾ ਆਦਮੀ ॥

**ਮਹਾਰਾਜਾ,** ਪੁ:—ਰਿਆਸਤ ਦਾ ਮਾਲਕ, ਵੱਡਾ ਰਾਜਾ, ਕੋਈ ਵੱਡਾ ਆਦਮੀ ॥

**ਮਹਾਰਾਜਾ ਅਧਿਰਾਜ,** ਪੁ:—ਸਭ ਤੋਂ ਵੱਡਾ ਮਹਾ ਰਾਜਾ ਜਿਸ ਦੇ ਅਧੀਨ ਅਨਕ ਰਾਜ ਹੋਣ ॥

**ਮਹਾਰਾਣੀ,** ਸ:—ਵੱਡੀ ਰਾਣੀ, ਮਲਕਾ, ਪਟ-ਰਾਣੀ, ਉੱਚੀ ਕੁਲ ਦੀ ਇਸਤ੍ਰੀ ॥

**ਮਹਾਂ ਲੱਖਮੀ ਦਾ ਧਾਗਾ,** ਪੁ:—ਲਛਮੀ ਦੇਵੀ ਦੇ ਨਾਉਂ ਦਾ ਧਾਗਾ ਜੋ ਹਿੰਦਣੀਆਂ ਬਾਹੀਂ ਵਿੱਚ ਕੀਲੀ ਤੇ ਬੰਨ੍ਹਦੀਆਂ ਹਨ ॥

**ਮਹਾਉਤ,** ਪੁ:—ਹਾਥੀ ਨੂੰ ਹੱਕਣ ਵਾਲਾ ।

**ਮਹਾਉਰ** } **ਮਹਾਉਲ** } ਪੁ:, ਸ: ਲਾਖ ਤੋਂ ਬਣਿਆ ਹੋਇਆ ਇੱਕ ਲਾਲ ਰੰਗ ਇੱਕ ਛੋਟਾ ਰੁੱਖ।

**ਮਹਾਇਣ,** ਪੁ:—ਲੋਕਾਂ ਦਾ ਬੜਾ ਭਾਰਾ ਕੱਠ, ਭੀੜ ।

Digitized by Panjab Digital Library | www.panjabdigilib.org

**ਮਹਾ ਸਤੀ,** ਸ:—ਬੜੀ ਸਤੀ ਜਿਸ ਦੀ ਪੂਜਾ ਹਵੇ, ਉਸ ਦੀ ਮੜ੍ਹੀ ॥

**ਮਹਾਸਲ, ਮਹਾਸਿਲਰ,** ਪੁ:—ਫਸਲ ਦੇ ਰਾਖੇ ਲਈ ਮਣ ਪਿੱਛੇ ਇਕ ਪਾਣੀ ਜੋ ਵੱਧ ਦਸਤੂਰੀ ਲਈ ਜਾਵੇ ॥

**ਮਹਾਸ਼ਾ (ਸ਼ੈ),** ਵ:—ਆਰੀਆਂ ਸਮਾਜੀਆਂ ਨੂੰ ਬੁਲਾਉਣ ਦਾ ਆਦਰ ਦਾ ਬਚਨ ॥

**ਮਹਾਸੁੱਲ,** ਪੁ:—ਜੋ ਵੰਡਣ ਵਾਲੇ ਅਨਾਜ ਦੇ ਫਸਲ ਦੀ ਦੇਖ ਭਾਲ ਕਰੇ ॥

**ਮਹਾਜਣ,** ਪੁ:—ਸੇਠ, ਸਾਹੂਕਾਰ, ਸੁਦਾਗਾਰ, ਕਿਰਾੜ ॥

**ਮਹਾਜਨੀ,** ਵਿ:—ਮਹਾਜਨ ਦਾ।
ਸ:—ਇੱਕ ਤਰਾਂ ਦੀ ਹਿੰਦੀ, ਲੰਡੇ ॥

**ਮਹਾਣੀ,** ਸ:, **ਮਹਾਣੂ** ਪੁ:—ਅਨਾਰਦਾਣੇ ਅੰਬਚੂਰ ਆਦਕ ਪਾਕੇ ਰਿਧੀ ਹੋਈ ਛੋਲਿਆਂ ਦੀ ਪਿੱਛ ਆਦਿਕ ॥

**ਮਹਾਤਮ,** ਪੁ:—ਵਡਿਆਈ, ਮਹਿਮਾ, ਚੰਗੇ ਕੰਮਾਂ ਦਾ ਪੁੰਨ, ਜਿਸ ਪੋਥੀ ਵਿਚ ਅਜੇਹਾ ਪੁੰਨ ਲਿਖਿਆ ਹੋਵੇ ॥

**ਮਹਾਤਮਾ,** ਵਿ:, ਪੁ:—ਸੰਤ, ਨੇਕ ਆਦਮੀ, ਭਲਾ ਪੁਰਖ ॥

**ਮਹਾਲ,** ਪੁ:—ਵੇਲਣੇ ਦੀ ਥੰਮ੍ਹੀ ॥
ਵਿ:—ਔਖੀ ਅਣਹੋਣੀ ਗੱਲ ॥

**ਮਹੱਲਾ,** ਪੁ:—ਮਹੌਲਾ, ਗਲੀ ॥

**ਮਹਾਵਟ,** ਪੁ:—ਮਾਘ ਜਾਂ ਸਿਆਲ ਦਾ ਮੀਂਹ ॥

**ਮਹਿੰ,** ਸ:—ਮਸ਼ਹੂਰ ਗਾੜ੍ਹਾ ਦੁੱਧ ਦੇਣ ਵਾਲਾ ਪਸੂ ਮੱਝ ॥

**ਮਹਿਆ,** ਪੁ:—ਮਹਿੰ ਦਾ ਨਰ, ਸੰਢਾ, ਝੋਟਾ ॥

**ਮਹਿਸੀਆਂ,** ਸ:, (ਬਹੁ:)—ਰੀਤ ਦੇ ਮੌਜੇ ਜਾਂ ਜਰਾਬਾਂ ।

**ਮਹਿਕ,** ਸ:—ਖੁਸ਼ਬੋ, ਸੁਗੰਧ, ਫੁੱਲਾਂ ਦੀ ਮੁਸ਼ਕ ॥

**ਮਹਿਕਣਾ,** ਕ੍ਰਿ:—ਖੁਸ਼ਬੋ ਦੇਣਾ, ਚੰਗੇ ਕੰਮਾਂ ਦੀ ਸ਼ੋਭਾ ਹੋਣੀ ॥

**ਮਹਿਤਣੀ,** ਸ:—ਹਿੰਗ ॥

**ਮਹਿਕਮਾ,** ਪੁ:—'ਮਹਕਮਾ' ਦੇਖੋ ॥

**ਮਹਿਕਾਉਣਾ,** ਕ੍ਰਿ:—ਖੁਸ਼ਬੋ ਦੁਆਉਣੀ, ਖੁਸ਼ਬੋਦਾਰ ਕਰਨਾ ॥

**ਮਹਿਖਾਸਰ,** ਪੁ:—ਜਿਸ ਦੈਂਤ ਨੂੰ ਦੁਰਗਾ ਨੇ ਮਾਰਿਆ ਸਾ ॥

**ਮਹਿੰਗ,** ਪੁ:—ਕਾਲ, ਚੀਜ਼ਾਂ ਦੇ ਮੁੱਲ ਬਹੁਤ ਹੋ ਜਾਣੇ ॥

**ਮਹਿੰਗ ਮੁੱਲਾ,** ਵਿ:—ਬਹੁਤ ਮੁੱਲ ਵਾਲਾ ॥

**ਮਹਿੰਗਾ,** ਵਿ:—ਬਹੁਤ ਮੁੱਲ ਵਾਲਾ, ਪਿਆਰਾ ॥

**ਮਹਿਜਤ,** ਸ:—ਮਸੀਤ ।

**ਮਹਿਜਰ, ਮਹਿਜੂਰ,** ਪੁ:—ਨਿਕੰਮਾ ਝਗੜਾ ॥

**ਮਹਿਜਰ ਖਾਨਾ,** ਪੁ:—ਝਗੜਾ, ਰੌਲਾ, ਰੱਫੜ ॥

Digitized by Panjab Digital Library / www.panjabdigilib.org

**ਮਹਿਜ਼ਰ ਨਾਮਾਂ,** ਪੁ:—ਆਮ ਲੋਕਾਂ ਦੀ ਉਗਾਹੀ ਦਾ ਕਾਗਜ਼ ॥

**ਮਹਿਜ਼ਰੀ** }
**ਮਹਿੰਜ਼ਰੀ** } ਪੁ:—ਨਿਕੰਮਾ ਝਗੜਾ ਕਰਨ ਵਾਲਾ ॥

**ਮਹਿੱਟਰ,** ਪੁ:, ਵਿ:—ਜਿਸ ਬਾਲ੍ਹ ਦੀ ਮਾਂ ਨਹੀਂ ॥

**ਮਹਿਤਾ,** ਪੁ:—ਬ੍ਰਾਹਮਣ ਆਦਿਕਾਂ ਵਾਸਤੇ ਆਦਰ ਦਾ ਬਚਨ, ਖਤ੍ਰੀਆਂ ਦੀ ਇੱਕ ਜ਼ਾਤ, ਹਿੰਦੂ ਮੁਨਸ਼ੀ ॥

**ਮਹਿਤ੍ਾਈ,** ਸ:—ਵਡੱਪਣ, ਆਦਰ, ਮਾਣ, ਨਿਕੰਮੀ ਹੁੱਜਤ ॥

**ਮਹਿੰਦਕ,** ਪੁ:—ਮਹਿੰਦੀ ਵਰਗਾ ਇੱਕ ਬੂਟਾ ਜਿਸ ਦੇ ਪਤ੍ਰ ਵੱਡੇ ਹੁੰਦੇ ਹਨ ॥

**ਮਹਿੰਦੀ,** ਸ:—ਇੱਕ ਬੂਟਾ ਜਿਸ ਦੇ ਪਤ੍ਰਾਂ ਦੇ ਰੰਗ ਨਾਲ ਤੀਮਤਾਂ ਹਥ ਪੈਰ ਰੰਗਦੀਆਂ ਹਨ (ਲਾਉਣਾ), ਦਹਿਆ ਤੋਂ ਪਹਿਲੇ ਦਿਨ ਜੋ ਸਵਾਰੀ ਨਿਕਲਦੀ ਹੈ ॥

**ਅਮਾਮ ਮਹਿੰਦੀ,** ਪੁ:—ਕਿਆਮਤ ਤੋਂ ਥੋੜਾ ਚਿਰ ਪਹਿਲੇ ਜੋ ਪੈਗੰਬਰ ਆਵੇਗਾ (ਮੁਸਲਮਾਨਾਂ ਦੇ ਮਤ ਮੂਜਿਬ) ॥

**ਮਹਿਮਹਾਣ,** ਪੁ:—ਸੁਗੰਧ, ਮਹਕ, ਖੁਸ਼ਬੋ ਦਾ ਫੈਲਣਾ ॥

**ਮਹਿਮਾ** }
**ਮਹਿਮਾਂ** } ਸ:—ਵਡਿਆਈ, ਸੋਭਾ, ਰੌਣਕ, ਉਸਤਤ (ਕਰਨਾ) ॥

**ਮਹਿਰ,** ਪੁ:—ਅਰਾਈਂ ਅਤੇ ਗੁੱਜਰ ਵਾਸਤੇ ਆਦਰ ਦਾ ਬਚਨ, ਲੰਬਰਦਾਰ, ਮਸੂਲ ਲੈਣ ਵਾਲਾ, ਜੋ ਰਕਮ ਮੁਸਲਮਾਨ ਨਿਕਾਹ ਦੇ ਵੇਲੇ ਤਲਾਕ ਦੇਣ ਦੀ ਹਾਲਤ ਵਿਚ ਬੀਵੀ ਨੂੰ ਦੇਣ ਦਾ ਕਰਾਰ ਕਰਦਾ ਹੈ (ਬੰਨ੍ਹਣਾ) ॥

**ਮਹਿਰਖਾਈ,** ਸ:—ਜੋ ਚੋਰ ਨੂੰ ਫੜਕੇ ਚੋਰ ਫੜਨੇ ਦਾ ਇਨਾਮ ॥

**ਮਹਿਰਮ,** ਵਿ:—ਵਾਕਫ, ਜਾਣੂ ॥
ਪੁ:—ਯਾਰ, ਦੋਸਤ (ਹੋਣਾ) ॥

**ਮਹਿਰਮੀ,** ਸ:—ਵਾਕਫੀ, ਇਲਮ ॥

**ਮਹਿਰਾ,** ਪੁ: }
**ਮਹਿਰੀ,** ਸ: } ਝੀਊਰ, ਪਾਣੀ ਭਰਨ ਵਾਲੀ ਜ਼ਾਤ ॥

**ਮਹਿਰਾਈ,** ਸ:—ਮਹਿਰ ਜਾਂ ਲੰਬਰਦਾਰ ਦਾ ਕੰਮ ॥

**ਮਹਿਰੀ,** ਸ:—ਝੀਊਰੀ, ਪਾਣੀ ਭਰਨ ਵਾਲੀ, ਲੰਬਰਦਾਰਨੀ, ਗੁਜਰੀ, ਅਰਾਇਣ, ਦੂਜੀ ਵਹੁਟੀ ॥

**ਮਹਿਰੂ,** ਸ:—ਮਹਿ, ਮੱਝ, ਝੋਟੀ ॥

**ਮਹਿਲ,** ਪੁ:, ਸ:—ਹਵੇਲੀ, ਭਾਰਾ ਮਕਾਨ, ਰਾਣੀ, ਕੁਲਵੰਤੀ, ਸਭ ਗੁਰਾਂ ਦੇ ਘਰੋਂ ॥

**ਮਹਿਲਾ,** ਪੁ:—ਪਲਾਹ ਦੀ ਡਾਲੀ ਜਾ ਟੈਣੀ ॥
ਵਿ:—ਮਜਲਾਂ ਵਾਲਾ (ਦੁਮਹਿਲਾ ਮਕਾਨ) ॥

**ਮਹਿਲਾਇਤ,** ਸ:—ਮਹਿਲਾਂ ਜਾਂ ਹਵੇਲੀਆਂ ਦਾ ਕੋਠ ॥

**ਮਹਿਣ,** ਸ:—ਅਨਾਜ ਗਾਹੁਣ ਵਾਲੇ ਬਲਦ, ਲੋਕਾਂ ਦੀ ਭੀੜ ॥

Digitized by Panjab Digital Library | www.panjabdigilib.org

**ਮਹੀ** / **ਮਹੀਂ**, ਸਃ—ਮਹਿੰ, ਮਝ, ਝੋਟੀ ॥

**ਮਹੀਂਵਾਲ,** ਪੁਃ—ਜੋ ਮੱਝਾਂ ਚਾਰੇ, ਸੋਹਣੀ ਦਾ ਆਸ਼ਕ ॥

**ਮਹੀਅਲ,** ਸਃ—ਧਰਤੀ, ਥਲ ।

**ਮਹੀਣ,** ਵਿਃ—ਨਿੱਕਾ, ਬਰੀਕ, ਸੂਖਮ, ਸਣਾ ॥

**ਮਹੀਨਾ,** ਪੁਃ—ਵਰ੍ਹੇ ਦਾ ਬਾਰ੍ਹਵਾਂ ਹਿੱਸਾ, ਤੀਹ ਦਿਨ, ਚਾਰ ਅਠਵਾੜੇ, ਮਹੀਨੇ ਦੀ ਤਲਬ ।

**ਮਹੀਨੇ ਦੇ ਮਹੀਨੇ,** ਕ੍ਰਿਃ—ਹਰ ਮਹੀਨੇ, ਤੀਹ ਮਹੀਨੇ ਪਿੱਛੋਂ ।

**ਮਹੀਪ** / **ਮਹੀਪਤ**, ਪੁਃ—ਰਾਜਾ

**ਮਹੁਕਾ,** ਪੁਃ—ਸਰੀਰ ਉੱਤੇ ਕਾਲੀ ਜੇਹੀ ਸ਼ਹੁਰੀ ਜਾਂ ਗੰਢ ॥

**ਮਹੁਰਾ,** ਪੁਃ—ਇੱਕ ਜ਼ਹਿਰ ਵਾਲਾ ਬੂਟਾ, ਵਿਹੁ ।

**ਮਹੁਰੀ,** ਸਃ—ਜ਼ਹਿਰ ਵਾਲਾ ਫੋੜਾ ॥

**ਮਹੂਆ,** ਪੁਃ—ਇੱਕ ਰੁੱਖ ਜਿਸ ਦੇ ਫੁੱਲਾਂ ਦੀ ਸ਼ਰਾਬ ਅਤੇ ਬੀਆਂ ਦਾ ਤੇਲ ਨਿਕਲਦਾ ਹੈ ॥

**ਮਹੂਰਤ,** ਪੁਃ—ਸਗਨ ਦਾ ਵੇਲਾ, ਸੈਂਤ, ੧੨ ਛਿਨ ॥

**ਮਹੂਰਤ ਕਰਨਾ,** ਕ੍ਰਿਃ—ਮਹੂਰਤ ਦੇ ਵੇਲੇ ਟਰ ਪੈਣਾ ॥

**ਮਹੂਰਤ ਕੱਢਣਾ** / **ਮਹੂਰਤ ਵਿਚਾਰਨਾ** / **ਮਹੂਰਤ ਵੇਖਣਾ**, ਕ੍ਰਿਃ—ਜੋਤਸ਼ ਦਾ ਲੇਖਾ ਕਰ ਕੇ ਮਹੂਰਤ ਮਲੂਮ ਕਰਨਾ ॥

**ਮਹੇਸ਼** / **ਮਹੇਸਰ** / **ਮਹੇਸੁਰ**, ਪੁਃ—ਮਹਾ ਦੇਉ, ਸ਼ਿਵ ਜੀ ॥

**ਮਹੇਸ਼ਰੀ,** ਪੁਃ—ਮਹਾ ਦੇਉ ਦਾ ਉਪਾਸ਼ਕ, ਇੱਕ ਜ਼ਾਤਾਂ ਦੇ ਬਾਣੀਏ ।

**ਮਹੇਣਆਂ (ਵਾਂ),** ਪੁਃ—ਦੁੱਧ ਦੀ ਬੁੜ੍ਹ, ਲਵੇਰੇ ਦਾ ਧਾਰਾ ॥

**ਮਹੇਲਾ,** ਪੁਃ—ਘੋੜਿਆਂ ਲਈ ਉਬਾਲੇ ਹੋਏ ਮੋਠ ॥

**ਮਹੇਲੀ,** ਵਿਃ—ਬੇ ਪਰਵਾਹ, ਗਾਫ਼ਲ ॥

**ਮਹੇਰੂ,** ਪੁਃ—ਘੇਉ ਦੀ ਮੈਲ, ਬਾਣੇ ਹੋਏ ਮੱਖਣ ਦੀ ਛਾਹ ॥

**ਮਹੈਣ,** ਪੁਃ—'ਮਹਾਇਣ' ਵੇਖੋ ।

**ਮਹੇੜਾ,** ਪੁਃ—ਪੁਰਾਣੇ ਮਹੰਤ ਦੇ ਮਰਨ ਉੱਤੇ ਨਵੇਂ ਦਾ ਗੱਦੀ ਪਰ ਬੈਠਣਾ, ਉਸ ਵੇਲੇ ਦਾ ਕੱਠ ਅਤੇ ਲੰਗਰ ॥

**ਮਹੌਤ (ਥ),** ਪੁਃ—ਹਾਥੀ ਨੂੰ ਹੱਕਣ ਵਾਲਾ ॥

**ਮੱਕ,** ਸਃ—ਆਬਰੂ, ਆਣ, ਪਤ ॥

**ਮੱਕ ਝਾੜਣੀ,** ਕ੍ਰਿਃ—ਪਤ ਉਤਾਰਨੀ ॥

**ਮਕ** / **ਮਕਈ**, ਸਃ—ਇੱਕ ਅਨਾਜ, ਮੱਕੀ ਜੁਆਰ ॥

Digitized by Panjab Digital Library | www.panjabdigilib.org

**ਮਕਨਾ,** ਪੁ:—ਨਵਰਨੀ ਦਾ ਉਪਰਲਾ ਕਪੜਾ, ਓਢਨੀ॥

ਵਿ:—ਛੋਟੇ ਕੱਦ ਦਾ (ਹਾਥੀ)॥

**ਮਕਬਰਾ,** ਪੁ:—ਕਿਸੇ ਮੁਸਲਮਾਨ ਦੀ ਮੜ੍ਹੀ ਉੱਤੇ ਬਣਿਆ ਹੋਇਆ ਸੋਹਣਾ ਪੱਕਾ ਮਕਾਨ, ਰੌਜ਼ਾ।

**ਮਕਰ,** ਪੁ:—ਫਰੇਬ, ਛਲ, ਬਹਾਨਾ ਦਿਖਾਵਾ, ਬੇਈਮਾਨੀ, ਇੱਕ ਰਾਸ, ਮਾਘ ਦਾ ਮਹੀਨਾ।

**ਮਕਰ ਚੋਥਾ,** ਵਿ:—ਪਖੰਡੀ, ਫਰੇਬੀ, ਝੂਠਾ, ਬੇਈਮਾਨ॥

**ਮਕਰ ਚਾਨਣੀ,** ਸ:—ਬੱਦਲਾਂ ਵਿੱਚੋਂ ਹਟੇ ਆਈ ਹੋਈ ਚੰਦ ਦੀ ਚਾਨਣੀ॥

**ਮਕਰੰਦ,** ਪੁ:—ਫੁੱਲਾਂ ਦਾ ਸ਼ਹਿਤ॥

**ਮਕਰਾਇਤ,** ਸ:—ਜੋ ਬਾਤ ਸ਼ਰਾ ਮੂਜਿਬ ਨਹੀਂ, ਮਨਾਹੀ॥

**ਮਕੱਲ,** ਪੁ:—ਇੱਕ ਤਰਾਂ ਦਾ ਰਨਾਰ ਦਾ ਰੁੱਖ॥

**ਮੱਕੜ,** ਪੁ:—ਇੱਕ ਵਿੰਗਾ, ਲੋਭੀ ਆਦਮੀ, ਛਲੀਆ॥

**ਮਕੜਾ** / **ਮੱਕੜਾ** } ਪੁ:—ਹਲਟ ਜਾਂ ਕੋਲ੍ਹੂ ਦੀ ਉਹ ਲੰਮੀ ਲੱਕੜ ਜਿਸ ਨਾਲ ਬਲਦ ਲੱਗੇ ਹੁੰਦੇ ਹਨ॥

**ਮਕੜੀ,** ਸ:—ਇੱਕ ਤਰਾਂ ਦੀ ਟਿੱਡੀ॥

**ਮੱਕਾ,** ਪੁ:—ਮੁਸਲਮਾਨਾਂ ਦਾ ਤੀਰਥ, ਅਰਬ ਦੇਸ ਦੇ ਜਿਸ ਸ਼ਹਿਰ ਵਿੱਚ ਮਹਮਦ ਸਾਹਬ ਜਨਮੇ॥

**ਮਕਾਨ,** ਪੁ:—ਘਰ, ਹਵੇਲੀ, ਰਹਿਣ ਦੀ ਥਾਂ, ਡਕੀਆ।

**ਮਕਾਨ ਦਾਰ,** ਪੁ:—ਘਰ ਦਾ ਮਾਲਕ॥

**ਮਕਾਮ,** ਕ੍ਰਿ:—ਥਾਂ, ਜਗਾ, ਡੇਰਾ, ਅਟਕਾਉ॥

**ਮਕਾਮ ਕਰਨਾ,** ਕ੍ਰਿ:—ਠਹਿਰਨਾ, ਅਟਕਣਾ, ਡੇਰਾ ਲਾਉਣਾ।

**ਮਕਾਮ ਬੋਲਣਾ,** ਕ੍ਰਿ:—ਮਕਾਮ ਕਰਨ ਦਾ ਹੁਕਮ ਦੇਣਾ॥

**ਮਕਾਮੀ,** ਵਿ:—ਕਿਸੇ ਖਾਸ ਥਾਂ ਦਾ॥

**ਮੱਕਾਰ,** ਪੁ:—ਵਿ:—ਜੋ ਮਕਰ ਕਰੇ, ਫਰੇਬੀ, ਪਖੰਡੀ॥

**ਮਕਾਰਾਂ,** ਸ:—ਮਕਰ ਕਰਨ ਵਾਲੀ ਜਨਾਨੀ॥

**ਮਕਾਲ,** ਸ:—ਝਗੜਾ, ਅਪ ਜਸ, ਨਮੋਸ਼ੀ॥

**ਮੱਕੀ,** ਸ:—ਮਕਈ, ਮੋਟੀ ਜੁਆਰ॥

**ਮੱਕੂ,** ਪੁ:—ਠੋਰੇ ਦਾ ਉਹ ਛੇਕ ਜਿਸ ਉੱਤੇ ਚਿਲਮ ਰੱਖੀਦੀ ਹੈ॥

**ਮਕੋ,** ਸ:—ਇੱਕ ਬੂਟੀ ਜੋ ਕਈਆਂ ਰੋਗਾਂ ਦੀ ਦੁਆ ਹੈ॥

**ਮਕੌਲ,** ਪੁ:—ਸ:—ਇੱਕ ਪੱਥਰ ਜਿਸ ਨੂੰ ਸਾਜ਼ਕ ਅਤੇ ਪੀਹ ਕੇ ਵਰਕ ਕੁੱਟਣ ਵਾਲੇ ਵਰਤਦੇ ਹਨ। ਇਸ ਨਾਲ ਵਰਕ ਉਨ੍ਹਾਂ ਚੀਮ ਦਿਆਂ ਪੜ੍ਹਾਂ ਨਾਲ ਨਹੀਂ ਚੰਬੜਦਾ ਜਿਨ੍ਹਾਂ ਦੇ ਵਿਚਕਾਰ ਰੱਖਕੇ ਕੁੱਟਦੇ ਹਨ॥

**ਮਕੌੜਾ,** ਪੁ:—ਇੱਕ ਵੱਡਾ ਕਾਲਾ ਕੀੜਾ, ਕਾਢਾ॥

**ਮਕੌੜੀ,** ਸ:—ਨਿੱਕਾ ਮਕੌੜਾ, ਕੀੜੀ॥

**ਮਖ,** ਪੁ:—ਵੱਡੀ ਮੱਖੀ। 'ਮੈਂ ਆਖਿਆ'॥

Digitized by Panjab Digital Library / www.panjabdigilib.org

**ਮੱਖ**, ਪੁ:—ਮੋਟੀ ਮੱਖੀ, ਮੱਛਰ, ਡੰਗ ਮਾਰਨ ਵਾਲੀ ਮੱਖੀ ॥

**ਮਖਸੂਦ**, ਪੁ:—ਇਕ ਕਾਠ ਦੀ ਚੀਜ਼ ਜੋ ਕੜਾਹੀ ਵਿੱਚ ਫੇਰ ਕੇ ਹਲਵਾਈ ਮਠਿਆਈ ਬਣਾਉਂਦੇ ਹਨ ॥

**ਮਖੱਟੂ**, ਪੁ:—ਜੋ ਖੱਟੇ ਕਮਾਵੇ ਕੁਝ ਨਾ, ਨਿਕੰਮਾ ਮਨੁੱਖ ॥

**ਮੱਖਣ**, ਪੁ:—ਦੁੱਧ ਜਾਂ ਦਹੀਂ ਰਿੜਕ ਕੇ ਕੱਢੀ ਹੋਈ ਥੰਧੀ ਚੀਜ਼ ॥

**ਮੱਖਣ ਕੱਢਣਾ**, ਕ੍ਰਿ:—ਦੁੱਧ ਜਾਂ ਦਹੀਂ ਰਿੜਕ ਕੇ ਵਿੱਚੋਂ ਮੱਖਣ ਕੱਢਣਾ ।

**ਮੱਖਣ ਵਿੱਚੋਂ ਵਾਲ ਕੱਢਣਾ**, ਕ੍ਰਿ:—ਵੈਰੀ ਨੂੰ ਸਹਿਜੇ ਹੀ ਹਟਾ ਦੇਣਾ ॥

**ਮਖਣੀ**, ਸ:—ਮੱਖਣ ॥

**ਮਖਣੀਆ**, ਪੁ:—ਮੱਖਣ ਵੇਚਣ ਵਾਲਾ ॥

**ਮਖਤਬ**, ਪੁ:—ਮਦਰਸਾ, ਜਿੱਥੇ ਕਿ ਰਸਮੀ ਅਰਬੀ ਪੜ੍ਹਾਈ ਜਾਵੇ ॥

**ਮਖਤੂਲ**, ਪੁ:—ਪੱਟ ਦਾ ਧਾਗਾ ॥

**ਮਖਲੂਕ**, ਪੁ:, ਵਿ:—ਸ੍ਰਿਸ਼ਟ, ਸੰਸਾਰ, ਰਚਨਾ, ਲੋਕ ॥

**ਮਖਾਂ**, ਕ੍ਰਿ:, ਵਿ:—ਮੈਂ ਆਖਿਆ ॥

**ਮਖਾਸਰ**, ਪੁ:—'ਮਹਿਖਾਸੁਰ', ਵੇਖੋ ॥



**ਮਖਾਣਾ**, ਪੁ:—ਇਲਾਚੀ ਦਾਣੇ ਦੀ ਮਠਿਆਈ, ਇੱਕ ਬੂਟਾ ॥

**ਮਖਿਆਇਆ ਹੋਇਆ**, ਵਿ:—ਮੱਖੀਆਂ ਤੋਂ ਭੜਕਾਇਆ ਹੋਇਆ (ਬਲਦ) ॥

**ਮੱਖੀ**, ਸ:—ਨਿੱਕਾ ਜੇਹਾ ਬਹੁਤ ਅੱਖਾਂ ਵਾਲਾ ਮਸ਼ਹੂਰ ਕੀੜਾ ਜੋ ਉਡਦਾ ਫਿਰਦਾ ਹੈ, ਬੰਦੂਕ ਦੇ ਮੁਹਰੇ ਦਾ ਉੱਭਰਿਆ ਹੋਯਾ ਹਿੱਸਾ ॥

**ਜੀਉਂਦੀ ਮੱਖੀ ਨਿਗਲਣਾ**, ਕ੍ਰਿ:—ਆਪਣ ਹੱਥੀਂ ਖਰਾਬੀ ਲਿਆਉਣੀ, ਬਹੁਤ ਝੂਠ ਬੋਲਣਾ ॥

**ਮੱਖੀ ਚੂਸ**, ਪੁ:—ਕੰਜੂਸ, ਸੂਮ, ਰੁਪਏ ਦਾ ਪਿਆਰਾ ।

**ਮੱਖੀ ਤੇ ਮੱਖੀ ਮਾਰਨਾ**, ਕ੍ਰਿ:—ਪੂਰੀ ਨਕਲ ਕਰਨੀ ॥

**ਮੱਖੀਆਂ ਛਿਣਕਣਾ**, ਕ੍ਰਿ:—ਮੈਲਾ ਹੋਣਾ, ਸਫ਼ਾਈ ਨਾ ਹੋਣੀ ॥

**ਮੱਖੀਆਂ ਛਿਣਕਾਉਣਾ**<br>**ਮੱਖੀਆਂ ਮਾਰਨਾ** } ਕ੍ਰਿ:—ਨਿਕੰਮੇ ਬੈਠਣਾ ॥

**ਮਖੀਰ**, ਪੁ:—ਸ਼ਹਿਤ ਦੀ ਮੱਖੀ ਜਾਂ ਸ਼ਹਿਤ ਦੀ ਮਖੀ ਦਾ ਛੱਤਾ, ਸ਼ਹਿਤ, ਮਾਖਿਓਂ ॥

**ਮਖੀਲ**, ਸ:—ਮੇਖ, ਕਿੱਲ, ਮਖੀਰ ॥

**ਮਖੁ**, ਕ੍ਰਿ:, ਵਿ:—ਪਰ, ਸਗੋਂ, ਬਲਕੇ, ਹੋਰ ਭੀ ॥

Digitized by Panjab Digital Library | www.panjabdigilib.org

**ਮਖੇਸੀ,** ਪੁ:—ਜਿਸ ਮਨੁੱਖ ਦਾ ਕੋਈ ਮਾਲਕ ਨਹੀਂ ॥

**ਮਖੇਰਣਾ,** ਪੁ:—ਘੋੜੇ ਦੀਆਂ ਅੱਖਾਂ ਦੇ ਉੱਪਰ ਲਾਂ ਵੰਮ ਦੀ ਝਾਲਰ (ਮੱਖੀਆਂ ਉਡਾਉਣ ਨੂੰ)॥

**ਮਖੌਲ,** ਪੁ:—ਹਾਸਾ, ਠੱਠਾ, ਮੌਜੂ, ਮਸਖਰੀ॥

**ਮਖੌਲਣ,** ਸ:
**ਮਖੌਲੀਆ,** ਪੁ: } ਜੋ ਮਖੌਲ ਕਰੇ ॥

**ਮੰਗ,** ਸ:—ਮੰਗੀ ਹੋਈ ਕੁੜੀ, ਮੰਗੀ ਹੋਈ ਚੀਜ਼, ਫਸਲ ਦੇ ਵੇਲੇ ਜਾਂ ਘਰ ਬਣਾਉਣ ਵਿਚ ਮਜਲੀ ਦਾ ਕੰਠ ਜਾਂ ਮੱਦਤ। ਮੰਗਣ ਦਾ ਕੰਮ ਜਾਂ ਹਾਲਤ ॥

**ਮੰਗ ਠੰਡੀ ਹੋਣੀ,** ਕ੍ਰਿ:—ਜਿਸ ਕੁੜੀ ਨਾਲ ਮੰਗਣੀ ਹੋਈ ਹੋਈ ਹੋ ਉਹ ਦਾ ਮਰ ਜਾਣਾ (ਕਿਸੇ ਦੀ)।

**ਮੰਗ ਤੰਗ,** ਸ:—ਮੰਗਣ ਦਾ ਕੰਮ, ਖਰੈਤ, ਗਰੀਬੀ॥

**ਮੰਗ ਪਾਉਣੀ,** ਕ੍ਰਿ:—ਫਸਲ ਜਾਂ ਘਰ ਬਣਾਉਣ ਦੇ ਵੇਲੇ ਮੱਦਤ ਮੰਗਣੀ॥

**ਮਗਜ਼,** ਪੁ:—ਦਿਮਾਗ, ਗੁੱਦਾ, ਮਿੰਝ, ਖਰਬੂਜ਼ੇ ਆਦਿਕ ਦੇ ਬੀਜ, ਹੰਕਾਰ, ਅਕਲ, ਚਤਰਾਈ॥

**ਮਗਜ਼ ਖਪਾਉਣਾ,** ਕ੍ਰਿ:—ਸਿਰ ਥਕਾਉਣਾ॥

**ਮਗਜ਼ ਖਾਣਾ**
**ਮਗਜ਼ ਖਾਲੀ ਕਰਨਾ** } ਕ੍ਰਿ:—ਦਿੱਕ ਕਰਨਾ, ਸਿਰ ਖਪਾਉਣਾ ॥



**ਚਾਰ ਮਗਜ਼,** ਪੁ:—ਖੀਰੇ ਖਰਬੂਜ਼ੇ ਕੱਦੂ ਅਤੇ ਤਰਬੂਜ਼ ਦੇ ਬੀਜ ਜੋ ਦੁਆਈ ਵਿਚ ਵਰਤਦੇ ਹਨ ॥

**ਬੇ ਮਗਜ਼,** ਵਿ:—ਜਿਸ ਵਿੱਚ ਮਗਜ਼ ਨਹੀਂ, ਬੇ ਅਕਲ ॥

**ਮਗਜ਼ ਮਾਰਨਾ,** ਕ੍ਰਿ:—ਬਹੁਤ ਬੋਲ ਕੇ ਜਾਂ ਪੜ੍ਹ ਕੇ ਸਿਰ ਥਕਾਉਣਾ, ਮਗਜ਼ ਤੋਂ ਬਹੁਤ ਕੰਮ ਲੈਣਾ।

**ਮਗਜ਼ੋਂ ਕੱਢਣਾ,** ਕ੍ਰਿ:-ਨਵੀਂ ਗੱਲ ਆਪਣੀ ਅਕਲ ਨਾਲ ਮਲੂਮ ਕਰਨੀ॥

**ਮਗਜ਼ੀ,** ਸ:—ਕਿਸੇ ਕਪੜੇ ਦੇ ਕੰਢੇ ਉੱਤੇ ਲਾਈ ਹੋਈ ਕੰਨੀ॥

**ਮੰਗਣਾ,** ਕ੍ਰਿ:—ਕਿਸੇ ਨੂੰ ਆਖਣਾ ਕਿ ਮੈਨੂੰ ਕੁਝ ਦਿਓ, ਆਪਣਾ ਹੱਕ ਚਾਹੁਣਾ, ਬੇਨਤੀ ਕਰਨੀ ਲੋੜਨਾ, ਭਾਲਣਾ, ਕੁੜਮਾਈ ਕਰਨੀ॥

**ਮੰਗਣਾ ਤੰਗਣਾ,** ਕ੍ਰਿ:—ਮੰਗਣਾ, ਕਹਿਣਾ ਕਿ ਦਿਓ ॥

**ਮੰਗਣੀ,** ਸ: -ਕੁੜਮਾਈ, ਨਾਤਾ, ਸਾਕ ॥

**ਮੰਗਤਾ,** ਪੁ:
**ਮੰਗਤੀ,** ਸ: } ਭਿੱਛਿਆ ਮੰਗੇ, ਫਕੀਰ, ਫਕੀਰਨੀ ।

**ਮਗਦ,** ਪੁ:—ਮੱਠੀਆਂ ਕੁੱਟ ਕੇ ਗੁੜ ਮਿਲਾਇਆ ਹੋਯਾ ॥

**ਮਗਨ,** ਵਿ:—ਖੁਸ਼, ਅਨੰਦ, ਮੌਜ ਵਿੱਚ, ਲੱਗਾ ਹੋਯਾ।

Digitized by Panjab Digital Library | www.panjabdigilib.org

**ਮਗਰ**, ਪੁਃ—ਪਿੱਠ, ਮੌਂਢੇ ਦਾ ਪਿਛਲਾ ਹਿੱਸਾ, ਇੱਕ ਬਾਂਸ ॥

ਅਵਃ—ਪਿੱਛੇ ॥

ਕ੍ਰਿਃ, ਵਿਃ—ਪਿੱਛੋਂ, ਬਾਦ, ਪਰ, ਸੋਕਰ ॥

**ਮਗਰ ਪੈਣਾ**, ਕ੍ਰਿਃ—ਕਿਸੇ ਉੱਤੇ ਜ਼ੋਰ ਪਾਕੇ ਉਸ ਕੋਲੋਂ ਆਪਣੀ ਮਰਜ਼ੀ ਪੂਰੀ ਕਰਾਉਣ ਦਾ ਜਤਨ ਕਰਨਾ ॥

**ਮਗਰ ਮੱਛ**, ਪੁਃ—ਵੱਡੀ ਮੱਛੀ, ਸੰਸਾਰ, ਇੱਕ ਸਮੁੰਦਰੀ ਜਨੌਰ ॥

**ਮੰਗਰ**, ਪੁਃ—'ਮੱਘਰ' ਵੇਖੋ ॥

**ਮਗਰਾ**, ਵਿਃ—ਹੰਕਾਰੀ, ਸ਼ੋਖ਼, ਮਜਾਜੀ ॥

ਪੁਃ—ਕਪੜੇ ਵਿੱਚ ਬੰਨ੍ਹ ਕੇ ਮੋਂਢੇ ਉੱਤੇ ਪਾਇਆ ਹੋਇਆ ਭਾਰ ॥

**ਮਗਰਾ ਪੱਠੇ**, ਪੁਃ—ਜਿੰਨਾਂ ਭਾਰ ਪੱਠਿਆਂ ਦਾ ਆਦਮੀ ਪਿੱਠ ਉੱਤੇ ਲੈ ਜਾ ਸਕੇ ॥

**ਮਗਰਾਂ**, ਕ੍ਰਿਃ-ਵਿਃ—ਪਰ, ਜੇ ਕਰ, ਸ਼ਾਇਦ, ਨਿਰਾ ॥

**ਮਗਰਾਈ**, ਸਃ—ਹੰਕਾਰ, ਮਜਾਜ, ਜ਼ਿਦ ॥

**ਮਗਰੀ**, ਸਃ—ਛੰਨ ਦੀ ਛੱਤ ਦਾ ਉੱਚਾ ਹਿੱਸਾ, ਘਾਹ ਦੀ ਪੰਡ ॥

**ਮਗਰੂਰ**, ਵਿਃ—ਹੰਕਾਰੀ, ਅਭਮਾਨੀ, ਮਜਾਜੀ ॥

**ਮਗਰੂਰ**, ਪੁਃ—ਇੱਕ ਲੰਮਾ ਘਾਹ ॥

**ਮਗਰੂਰੀ**, ਸਃ—ਹੰਕਾਰ, ਅਭਮਾਨ, ਮਜਾਜ, ਆਕੜ ॥

**ਮਗਰੇ ਮਗਰ**, ਅਵਃ—ਠੀਕ ਪਿੱਛੇ, ਪਿੱਛੇ ਜਾਣ ਵਾਲੇ ॥

**ਮਗਰੋਂ**, ਅਵਃ—ਪਿਛੋਂ ॥

ਕ੍ਰਿਃ, ਵਿਃ—ਪਿੱਛੋਂ, ਬਾਦ, ਜਿਸ ਵੇਲੇ ਕੋਈ ਕੰਮ ਹੋ ਚੁੱਕੇ ॥

**ਮਗਰੋਂ ਲਾਹੁਣਾ**, ਕ੍ਰਿਃ—ਪਿੱਛਾ ਛੁਡਾਉਣਾ ॥

**ਮੰਗਲ**, ਪੁਃ—ਇੱਕ ਤਾਰਾ, ਸੋਮ ਤੋਂ ਅਗਲਾ ਵਾਰ, ਖੁਸ਼ੀ ।

**ਮੰਗਲ ਮੇਲਾ**, ਪੁਃ—ਖੁਸ਼ੀ ਮਨਾਉਣ ਨੂੰ ਜੋ ਲੋਕਾਂ ਦਾ ਕੱਠ ਹੋਵੇ ।

**ਮੰਗਲਾਚਰਣ**, ਪੁਃ—ਸ਼ੁਭ ਕੰਮ ਤੋਂ ਪਹਿਲੇ ਗਣੇਸ਼ ਜਾਂ ਕਿਸੇ ਹੋਰ ਦੇਵਤਾ ਦੀ ਉਸਤਤ ਜਾਂ ਉਸ ਨੂੰ ਜੋ ਨਮਸਕਾਰ ਕੀਤੀ ਜਾਵੇ ॥

**ਮੰਗਲਾਚਾਰ**, ਪੁਃ—ਵਿਆਹ ਕਾਜ ਵਿੱਚ ਖੁਸ਼ੀ ਦਾ ਗੀਤ ॥

**ਮੰਗਲਾਚਾਰ ਕਰਨਾ**, ਕ੍ਰਿਃ—ਖੁਸ਼ੀ ਮਨਾਉਣਾ, ਅਨੰਦ ਕਰਨਾ ॥

**ਮੰਗਲਾ ਮੁਖੀ**, ਸਃ—ਕੰਜਰੀ, ਵੇਸਵਾ ॥

**ਮੰਗਲੀਕ**, ਪੁਃ—ਵਿਆਹ ਦਾ ਸਮਿਆਨ, ਜਿਸ ਜਨਮ ਕੁੰਡਲੀ ਦੇ ਸੱਤਵੇਂ ਮੰਗਲ ਹੋਵੇ ॥

**ਮੰਗਵਾਉਣਾ**, **ਮੰਗਾਉਣਾ**, ਕ੍ਰਿਃ—ਮੰਗਣ ਦਾ ਕੰਮ ਕਰਾਉਣਾ, ਆਪ ਨੂੰ ਕਦੇ ਚੀਜ਼ ਭੇਜਣ ਲਈ ਕਿਸੇ ਨੂੰ ਕਹਿਣਾ, ਮੰਗਣ ਵਿੱਚ ਮਦੱਤ ਦੇਣੀ ॥

**ਮੰਗੂਲੀ**, ਸਃ—ਜਨਾਨੀ ਦੇ ਹੱਥ ਦਾ ਇੱਕ ਗਹਿਣਾ, ਕੜਾ ॥

Digitized by Panjab Digital Library / www.panjabdigilib.org

**ਮੰਗੂ (ਗੀ),** ਪੁ:—ਗਊਆਂ ਜਾਂ ਮਹੀਆਂ ਦਾ ਵਗ, ਚੌਣਾ ॥

**ਮੰਗੇਤਰ / ਮੰਗੇਤ੍ਰ** } ਪੁ:—ਜਿਸ ਮੁੰਡੇ ਜਾਂ ਕੁੜੀ ਦੀ ਕੁੜਮਾਈ ਹੋਈ ਹੋਵੇ ॥

**ਮਘ,** ਸ:—ਇੱਕ ਫਲ, ਮਸ਼ਹੂਰ ਗਰਮ ਦੁਆ ।

**ਮੱਘ,** ਪੁ:—ਜੰਗਲੀ ਬੱਤਕ, ਘਰ ਦੀ ਛੱਤ ਵਿਚਲੀ ਝਾਕੀ ਜਾਂ ਝਰੋਖਾ ॥

ਵਿ:—ਖੁਸ਼, ਅਨੰਦ, ਮੌਜ ਵਿੱਚ ।

**ਮਘਣਾ,** ਕ੍ਰਿ:—ਬਲ ਪੈਣਾ, ਭਖਣਾ (ਕੋਲੇ ਆਦਿਕ)।

**ਮਘਨ,** ਵਿ:—'ਮਗਨ' ਵੇਖੋ ॥

**ਮਘਰ / ਮੱਘਰ / ਮਘਰੀ** } ਪੁ:—ਹਿੰਦੂਆਂ ਦਾ ਅੱਠਵਾਂ ਮਹੀਨਾ ॥

**ਮੱਘਾ / ਮੰਘਾ** } ਪੁ:—ਪਾਣੀ ਜਾਂ ਛਾਹ ਵਾਲਾ ਛੋਟਾ ਮਿੱਟੀ ਦਾ ਭਾਂਡਾ, ਇੱਕ ਨਛੱਤਰ ॥

**ਮਘਾਉਣਾ,** ਕ੍ਰਿ:—ਬਾਲਣਾ, ਭਖਾਉਣਾ (ਕੋਲੇ ਆਦਿਕ)।

**ਮੱਘੀ,** ਸ:—ਮੱਖਣ ਘਿਉ ਰੱਖਣ ਵਾਲੀ ਚਾਟੀ॥

**ਮਘੇਰ,** ਪੁ:—ਮੱਘਰ ਦਾ ਮਹੀਨਾ, ਇੱਕ ਤਰਾਂ ਦਾ ਧਾਨ ॥

**ਮੱਚ,** ਪੁ:—ਤਾਕਤ, ਜ਼ੋਰ, ਚੁਸਤੀ, (ਦੁਆ ਦਾ) ਅਸਰ (ਮਰਨਾ) ॥

**ਮੱਚ ਮੱਚ,** ਪੁ:—ਮਚਾਕਾ, ਬੋਲਣ ਵਿੱਚ ਨਖਰਾ ॥



ਕ੍ਰਿ:, ਵਿ:—ਨਖਰੇ ਨਾਲ (ਗੱਲਾਂ ਕਰਨੀਆਂ)।

**ਮਚਕ,** ਸ:—ਮਚਾਕਾ, ਨਖਰੇ ਦੀ ਗੱਲ (ਮਾਰਨੀ) ।

**ਮਚਕਣਾ / ਮਚਕਾਉਣਾ** } ਕ੍ਰਿ:—ਮਚਾਕੇ ਮਾਰ ਕੇ ਖਾਣਾ, ਨਖਰੇ ਨਾਲ ਚਲਣਾ, ਐਂਠ ਕੇ ਤੁਰਨਾ ॥

**ਮਚਕੋੜ,** ਸ:—ਗਿੱਟੇ ਦੀਆਂ ਨਾੜਾਂ ਦਾ ਆਪਣੀ ਥਾਂ ਤੋਂ ਹਿੱਲ ਜਾਣਾ, ਕਿਸੇ ਜੋੜ ਦਾ ਮੁੜ ਜਾਣਾ ॥

**ਮਚਕੌੜਾ,** ਪੁ:—ਉਥਸੀ, ਫੈਲਾਉ (ਖਾਣਾ)॥

**ਮੱਚਣਾ,** ਕ੍ਰਿ:—ਬਲਣਾ, ਸ਼ੁਰੂ ਹੋਣਾ, ਹਿਲਣਾ, ਜ਼ੋਰ ਵਿੱਚ ਆਉਣਾ (ਅੱਗ, ਲੜਾਈ, ਰੌਲਾ), ਭੜਕਣਾ ॥

**ਮਚੱਲ,** ਵਿ:—ਆਲਸੀ, ਸੁਸਤ, ਮਚਲਾ, ਢੀਠ ॥

**ਮਚਲਪੁਣਾ / ਮੱਚਲ ਪੁਣਾ** } ਪੁ:—ਸੁਸਤੀ, ਬਹਾਨਾ, ਢਿਠਾਈ ॥

**ਮਚਲਾ,** ਵਿ:—ਜੋ ਨਾ ਜਾਣਨ ਦਾ ਬਹਾਨਾ ਕਰੇ, ਢੀਠ, ਮੀਸਣਾ ॥

**ਮਚਲਾਉਣਾ,** ਕ੍ਰਿ:—ਨਾ ਜਾਣਨ ਦਾ ਬਹਾਨਾ ਕਰਨਾ ॥

**ਮਚਲਾਈ / ਮਚਲਾਹਟ** } ਸ:—ਨਾ ਜਾਣਨ ਦਾ ਬਹਾਨਾ, ਜ਼ਿਦ ।

**ਮਚਾਉਣਾ,** ਕ੍ਰਿ:—(ਅੱਗ), ਭਖਾਉਣਾ, (ਰੌਲਾ) ਪਾਉਣਾ, (ਲੜਾਈ) ਭੜਕਾਉਣਾ, ਪੈਦਾ ਕਰਨਾ ॥

Digitized by Panjab Digital Library | www.panjabdigilib.org

**ਮਚਾਕ / ਮਚਾਕੂ** } ਪੁ:—ਤਰਖਾਣਾਂ ਦਾ ਵੱਡਾ ਭਾਰਾ ਹਥੌੜਾ ॥

**ਮਚਾਕਾ,** ਪੁ:—ਖਾਣ ਵਿੱਚ ਜੋ ਮੂੰਹ ਮਾਰ ਦੀ ਅਵਾਜ ਹੁੰਦੀ ਹੈ, ਬੋਲਣ ਵਿੱਚ ਨਖਰਾ (ਮਾਰਨਾ, ਲਾਉਣਾ) ॥

**ਮੱਛ,** ਪੁ:— ਮੱਛੀ ਦਾ ਨਰ, ਵੱਡੀ ਮੱਛੀ ।

**ਮੱਛ ਅਉਤਾਰ,** ਪੁ:—ਬਿਸ਼ਨ ਜੀ ਦਾ ਪਹਿਲਾ ਅਉਤਾਰ ਮੱਛੀ ਦੇ ਰੂਪ ਵਿਚ ॥

**ਮਛੰਦਰ,** ਪੁ:—ਨਿਰਦਈ, ਝਗੜੂ, ਲੜਾਕਾ, ਮੂਰਖ ॥

**ਮੱਛਰ,** ਪੁ: –ਇੱਕ ਪਰਾਂ ਵਾਲਾ ਮਸ਼ਹੂਰ ਕੀੜਾ ॥

**ਮੱਛਰਨਾ,** ਕ੍ਰਿ:—ਜੋਸ਼ ਵਿੱਚ ਆਉਣਾ, ਰੌਲਾ ਪਾਉਣਾ, ਜ਼ਿਦ ਕਰਨੀ ॥

**ਮੱਛਰਿਆ ਹੋਇਆ,** ਵਿ:—ਮੱਛਰਗ ਦਾ ਸਤਾਇਆ ਹੋਇਆ, ਜੋਸ਼ ਵਿਚ ਆਯਾ ਹੋਯਾ ( ਬਲਦ ਆਦਿਕ ) ॥

**ਮਛਲੀ,** ਸ:—ਮੱਛੀ, ਨੱਕ ਦਾ ਇੱਕ ਗਹਿਣਾ, ਲੱਤ ਜਾਂ ਬਾਂਹ ਦਾ ਪੱਕਾ ਪੱਠਾ ॥

**ਮਛਿਆਹਣ / ਮਛਿਆਂਧ** } ਸ: –ਮੱਛੀ ਦੀ ਬੋ ॥

**ਮੱਛੀ,** ਸ:—ਪਾਣੀ ਦਾ ਮਸ਼ਹੂਰ ਜਨੌਰ ॥

**ਮੱਛੀ ਕੰਡਾ,** ਪੁ:—ਜਾਲ ਵਰਗੀ ਇੱਕ ਤੁਰਾਂ ਦੀ ਸੀਉਣ ॥

**ਮੱਛੀ ਦਾ ਤੇਲ,** ਪੁ:—'ਕੌਡ' ਨਾਮੇ ਮੱਛੀ ਦਾ ਤੇਲ ਜੋ ਖੰਘ ਤਾਪ ਵਾਲਿਆਂ ਲਈ ਚੰਗਾ ਹੈ ॥

**ਮੱਛੀ ਮਾਰ,** ਪੁ:—ਮੱਛੀਆਂ ਫੜ ਕੇ ਵੇਚਣ ਵਾਲਾ ॥

**ਮੱਛੀ ਵੇਚਣਾ,** ਕ੍ਰਿ:—ਰੌਲਾ ਪਾਉਣਾ ॥

**ਮਛੂਆ,** ਪੁ:—'ਮੱਛੀ ਮਾਰ' ਵੇਖੋ ॥

**ਮਛੌਹਰ,** ਵਿ:—ਜਿਸ ਬੱਚੇ ਦੀ ਮਾਂ ਮਰ ਗਈ ਹੋ ॥

**ਮੰਜ,** ਪੁ:—ਜੱਟਾਂ ਦੀ ਇੱਕ ਜਾਤ, ਰਜਪੂਤਾਂ ਦੀ ਇੱਕ ਗੋਤ ॥

**ਮਜ਼ਦੂਰ,** ਪੁ:—ਦਿਹਾੜੀ ਉੱਤੇ ਕੰਮ ਕਰਨ ਵਾਲਾ, ਭਾਰ ਚੁੱਕਣ ਵਾਲਾ, ਕੁਲੀ, ਮਜੂਰ ॥

**ਮਜ਼ਦੂਰੀ,** ਸ:—ਕੰਮ, ਮਿਹਨਤ, ਮਿਹਨਤ ਦਾ ਫਲ ਜੋ ਮਜੂਰ ਨੂੰ ਮਿਲੇ, ਮਿਹਨਤਾਨਾ (ਕਰਨੀ) ॥

**ਮੰਜਣ (ਨ),** ਪੁ:—ਦੰਦਾਂ ਉੱਤੇ ਮਲਣ ਵਾਲਾ ਚੂਰਾ, ਜਿਸ ਚੀਜ਼ ਨਾਲ ਕੋਈ ਚੀਜ਼ ਮਾਂਜੀ ਜਾਵੇ ॥

**ਮਜਨੂੰ,** ਪੁ:—ਲੈਲਾ ਦਾ ਮਸ਼ਹੂਰ ਆਸ਼ਕ, ਇਸ਼ਕ ਨਾਲ ਪਾਗਲ ਹੋਇਆ ਹੋਇਆ, ਬਹੁਤ ਲਿੱਸਾ, ਕਮਜ਼ੋਰ ਆਦਮੀ ॥

**ਬੇਦ ਮਜਨੂੰ / ਬੈਤ ਮਜਨੂੰ** } ਪੁ:—ਇੱਕ ਰੁੱਖ ਜਿਸ ਦੀਆਂ ਡਾਲੀਆਂ ਦੀਆਂ ਟੋਕਰੀਆਂ ਬਣਦੀਆਂ ਹਨ ॥

**ਮਜ਼ਬ / ਮਜ਼੍ਹਬ** } ਪੁ:—ਧਰਮ, ਮਤ, ਈਮਾਨ, ਪੰਥ ॥

Digitized by Panjab Digital Library | www.panjabdigilib.org

**ਮਜ਼ਬ ਬਦਲਣਾ,** ਕ੍ਰਿ:-ਇੱਕ ਮਜ਼ਬ ਛੱਡਕੇ ਦੂਏ ਵਿਚ ਰਲਣਾ ॥

**ਮਜ਼ਬਣ,** ਸ:—ਮਜ਼ਬੀ ਦੀ ਜਨਾਨੀ ॥

**ਮਜ਼ਬੀ**
**ਮਜ਼੍ਹਬੀ** } ਵਿ:—ਮਜ਼੍ਹਬ ਦਾ, ਧਰਮ ਦਾ, ਚੂਹੜਾ ਸਿਖ ॥
ਪੁ:—ਚੂਹੜਾ ਜਾਂ ਕੁਮਿਆਰ ਜੋ ਸਿੰਘ ਸਜ ਜਾਵੇ ॥

**ਮਜ਼ਬੂਤ,** ਵਿ:—ਪੱਕਾ, ਤਕੜਾ, ਕਰੜਾ ( ਹੋਣਾ, ਕਰਨਾ) ॥

**ਮਜ਼ਬੂਤੀ,** ਸ:—ਪਕਿਆਈ, ਤਾਕਤ, ਦਿੜ੍ਹਤਾ ॥

**ਮਜ਼ਬੂਰ,** ਵਿ:—ਲਚਾਰ, ਬੇ ਬਸ, ਬੱਝਾ ਹੋਯਾ (ਹੋਣਾ, ਕਰਨਾ) ॥

**ਮਜਮਾਨ,** ਪੁ:—'ਮਮਾਨ' ਅਤੇ 'ਮਹਮਾਨ' ਵੇਖੋ ॥

**ਮਜਮਾਨੀ,** ਸ:—'ਮਮਾਨੀ' ਵੇਖੋ ॥

**ਮਜ਼ਮੂਨ,** ਪੁ:—ਜੋ ਬਾਤ ਬੋਲ ਕੇ ਜਾਂ ਲਿਖ ਕੇ ਬਿਆਨ ਕੀਤੀ ਜਾਵੇ ॥

**ਮਜਲ**
**ਮੰਜਲ** } ਪੁ:—ਪੜਾਉ, ਪੈਂਡਾ, ਘਰ ਦੀ ਛੱਤ ॥

**ਮਜਲ ਕਰਨੀ**
**ਮਜਲ ਕੱਟਣੀ** } ਕ੍ਰਿ:—ਜਿੰਨਾ ਪੈਂਡਾ ਕਰਨਾ ਹੋਵੇ ਉਹ ਪੂਰਾ ਕਰਨਾ ।

**ਮਜਲਸ,** ਸ:—ਸਭਾ, ਜੋੜ ਮੇਲ, ਕੱਠ ।

**ਮਜਲਾ,** ਵਿ:—ਮਜਲਾਂ ਜਾਂ ਛੱਤਾਂ ਵਾਲਾ (ਜਿਹਾ ਕਿ ਦੋ ਮਜਲਾ ਅਰਥਾਤ ਦੋ ਮਜਲਾਂ ਵਾਲਾ ਘਰ)॥

ਪੁ:—ਦੋ ਦਿਨਾਂ ਦਾ ਪੈਂਡਾ ਇੱਕ ਦਿਨ ਵਿਚ ਕੀਤਾ ਹੋਯਾ ॥

**ਮੰਜਵਾਉਣਾ,** ਕ੍ਰਿ:—ਮਾਂਜਣ ਦਾ ਕੰਮ ਕਰਾਉਣਾ ।

**ਮੰਜਵਾਈ,** ਸ:—ਮਾਂਜਣ ਦਾ ਕੰਮ ਜਾਂ ਮਜ਼ੂਰੀ ॥

**ਮੰਜਰੀ,** ਸ:—ਛੋਟੀ ਜੇਹੀ ਮੰਜੀ ॥

**ਮਜ਼ਾ,** ਪੁ:—ਸੁਆਦ, ਰਸ, ਭੋਗ, ਖੁਸ਼ੀ ( ਕਰਨਾ, ਲੁੱਟਣਾ ) ॥

**ਮਜ਼ਾ ਵਖਾਉਣਾ,** ਕ੍ਰਿ:—ਖੂਬ ਮਾਰਨਾ, ਸਜ਼ਾ ਦੇਣੀ ॥

**ਮਜ਼ੇਦਾਰ,** ਵਿ:—ਜਿਸ ਵਿਚ ਮਜ਼ਾ ਹੈ, ਸੁਆਦਲਾ, ਰਸੀਲਾ ॥

**ਮਜ਼ੇ ਦੀ ਗੱਲ**
**ਮਜ਼ੇ ਦੀ ਬਾਤ** } ਸ:—ਅਨੋਖੀ ਜਾਂ ਹਾਸੇ ਦੀ ਗੱਲ ॥

**ਮਜ਼ੇ ਵਿੱਚ ਆਉਣਾ,** ਕ੍ਰਿ:—ਬਹੁਤ ਖੁਸ਼ ਜਾਂ ਮਸਤ ਹੋਣਾ ॥

**ਮੰਜਾ,** ਪੁ:—ਮਸ਼ਹੂਰ ਚਾਰ ਪਾਵਿਆਂ ਵਾਲੀ ਚੀਜ਼ ਬਾਨ ਸੂਤਲੀ ਜਾਂ ਨਿਆਰ ਦੀ ਉਣੀ ਹੋਈ ਜਿਸ ਉੱਤੇ ਲੋਕ ਸੌਂਦੇ ਬਹਿੰਦੇ ਹਨ, ਖੱਟ, ਪਲੰਘ ॥

**ਮੰਜਾਉਣਾ,** ਕ੍ਰਿ:—ਮਾਂਜਣ ਦਾ ਕੰਮ ਕਰਾਉਣਾ ॥

**ਮਜਾਉਰ,** ਪੁ:—ਕਿਸੇ ਦਰਗਾਹ ਜਾਂ ਮਕਬਰੇ ਦਾ ਨੌਕਰ ॥

**ਮੰਜਾਊ,** ਵਿ:—ਜਿਸ ਚੀਜ਼ ਨੂੰ ਮਾਂਜਣ ਦੀ ਲੋੜ ਹੈ ॥

Digitized by Panjab Digital Library | www.panjabdigilib.org

**ਮੰਜਾਈ,** ਸ:—ਮਾਂਜਣ ਦਾ ਕੰਮ ਜਾਂ ਮਜੂਰੀ ॥

**ਮਜਾਖ,** ਸ:—ਹਾਸਾ, ਠੱਠਾ, ਮਖੌਲ, ਮਸਖਰੀ ।

**ਮਜਾਜ,** ਸ:—ਸੁਭਾਉ, ਤਬੀਅਤ, ਅਸਲ, ਅਹੰਕਾਰ ।

**ਮਜਾਜ ਦਾ ਮਾਰਿਆ ਹੋਯਾ,** ਵਿ:—ਬੁਰੇ ਸੁਭਾਉ ਜਾਂ ਅਭਿਮਾਨ ਕਰਕੇ ਜੋ ਕਿਸੇ ਦੀ ਪਰਵਾਹ ਨਾ ਕਰੇ ॥

**ਮਜਾਜਦਾਰ / ਮਜਾਜ ਵਾਲਾ,** ਵਿ:—ਅਭਿਮਾਨੀ, ਮਗਰੂਰ ॥

**ਮਜਾਜ ਨਾ ਮਿਲਣੀ,** ਕ੍ਰਿ:—ਤਬੀਅਤ ਦਾ ਪਤਾ ਨਾ ਲਗਣਾ ।

**ਮਜਾਜ ਪਾਉਣੀ,** ਕ੍ਰਿ:—ਤਬੀਅਤ ਜਾਣ ਲੈਣੀ ਤੇ ਸਮਝਣਾ ।

**ਮਜਾਜ ਪੁੱਛਣਾ,** ਕ੍ਰਿ:—ਰਾਜ਼ੀ ਖੁਸ਼ੀ ਦੀ ਖਬਰ ਪੁੱਛਣਾ ॥

**ਮਜਾਜ ਫਿੱਟਣੀ, / ਮਜਾਜ ਵਿਗੜਣੀ,** ਕ੍ਰਿ:—ਸੁਭਾਉ ਬੁਰਾ ਹੋ ਜਾਣਾ ॥

**ਮਜਾਜ ਵਿੱਚ ਆਉਣਾ,** ਕ੍ਰਿ:—ਹੰਕਾਰ ਕਰਨਾ, ਪਸੰਦ ਕਰਨਾ ॥

**ਮਜਾਜਣ,** ਸ: / **ਮਜਾਜੀ,** ਪੁ: / **ਮਜਾਜੋ,** ਸ: — ਜੋ ਮਜਾਜ ਜਾਂ ਹੰਕਾਰ ਕਰੇ, ਜੋ ਦੂਜੇ ਨੂੰ ਤੁੱਛ ਸਮਝੇ ।

**ਮਜਾਲ,** ਸ:—ਤਾਕਤ, ਸਮਰਥਾ, ਹਿੰਮਤ ॥

**ਕੀ ਮਜਾਲ ਹੈ!** ਵਿਸਮਯ:—ਉਹ ਕੁਝ ਨਹੀਂ ਕਰ ਸਕਦਾ ॥

**ਮਜਿਸਟ੍ਰੇਟ,** ਪੁ:—ਹਾਕਮ, ਨਿਆਂ ਕਰਨ ਵਾਲਾ ॥

**ਮੰਜੀ,** ਸ:—ਛੋਟਾ ਮੰਜਾ, ਖਟੋਲਾ ॥

**ਮੰਜੀ ਸਾਹਿਬ,** ਸ:—ਜਿਸ ਮੰਜੀ ਉੱਤੇ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਹੁੰਦਾ ਹੈ, ਅੰਮ੍ਰਿਤਸਰ ਗੁਰੂ ਕੇ ਬਾਗ ਵਿਚ ਇਕ ਛੱਤਿਆ ਥੜਾ (ਕਹਿੰਦੇ ਹਨ ਕਿ ਇਥੇ ਗੁਰੂ ਤੇਗ ਬਹਾਦਰ ਸਾਹਿਬ ਮੰਜੀ ਤੇ ਬੈਠੇ ਸਨ) ॥

**ਮਜੀਟ / ਮਜੀਠ / ਮੰਜੀਠ,** ਸ:—ਇਕ ਬੂਟੇ ਦੀ ਜੜ ਜਿਸ ਵਿੱਚੋਂ ਲਾਲ ਜੇਹਾ ਰੰਗ ਨਿਕਲਦਾ ਹੈ (ਉਹਦੇ ਨਾਲ ਕਪੜੇ ਰੰਗਦੇ ਹਨ) ॥

**ਮਜੀਠਾ (ਠੀ) / ਮੰਜੀਠਾ (ਠੀ) / ਮਜੀਠੜ / ਮੰਜੀਠੜ,** ਵਿ:—ਮਜੀਠ ਦਾ ਰੰਗ ਜਿਸ ਨੂੰ ਚੜ੍ਹਿਆ ਹੈ, ਲਾਲ ॥

**ਮਜੀਰਾ / ਮੰਜੀਰਾ,** ਪੁ:—ਇਕ ਛੋਟਾ ਛੈਣਾ ॥

**ਮਜੂਨ,** ਸ:—ਅਮਲ ਵਾਲੀ ਮਠਿਆਈ, ਕਈ ਦੁਆਵਾਂ ਨੂੰ ਮਿਲਾ ਕੇ ਬਣਾਈ ਹੋਈ ਮਿੱਠੀ ਦੁਆ ॥

**ਮਜੂਰ,** ਪੁ: / **ਮਜੂਰਣ,** ਸ: / **ਮਜੂਰਾ,** ਪੁ: — 'ਮਜਦੂਰ' ਵੇਖੋ ॥

**ਮਜੂਰੀ,** ਸ:—'ਮਜਦੂਰੀ' ਵੇਖੋ ॥

**ਮਜੂਲਾ / ਮੰਜੂਲਾ,** ਪੁ:—ਮੂੰਜ ਦਾ ਰੱਸਾ ॥

Digitized by Panjab Digital Library | www.panjabdigilib.org

**ਮਜੌਰ,** ਪੁ:–'ਮਜ਼ਾਊਰ' ਵੇਖੋ।

**ਮੱਝ,** ਸ:—ਮਹਿੰ, ਮਹੀਂ, ਝੋਟੀ ॥

**ਮੰਝ,** ਪੁ:—ਠੀਕ ਵਿਚਲਾ ਥਾਂ, ਗੱਭਾ ॥

**ਮੰਝ ਧਾਰ,** ਸ:—ਸਮੁੰਦਰ ਜਾਂ ਨਦੀ ਦੇ ਵਿਚਲੀ ਵੱਡੀ ਧਾਰ ॥

**ਮਝਲਾ / ਮੰਝਲਾ** } ਵਿ:—ਵਿਚਕਾਰਲਾ, ਗਭਲਾ ॥ ਪੁ:—ਕਮਰ ਬੰਦ ॥

**ਮੰਝਾਰ,** ਅਵ: —ਅੰਦਰ, ਵਿਚਕਾਰ, ਗੱਭੇ ॥

**ਮੱਝੀ,** ਸ:–ਮਹਿੰ, ਮਹੀਂ, ਝੋਟੀ ॥

**ਮੰਝੀਰਾ,** ਪੁ:–'ਮਜੀਰਾ' ਵੇਖੋ ।

**ਮਝੂਟੀਆਂ,** ਸ:–(ਬਹੁ:), ਮਰਦ ਦੇ ਸਿਰ ਦੇ ਵਾਲ ( ਕ੍ਰੋਧ ਦਾ ਬਚਨ ) ॥

**ਮਝੇਰੂ / ਮੰਝੇਰੂ** } ਪੁ:–ਚਰਖੇ ਦੀ ਧੁਰੀ, ਤ੍ਰੀਮਤਾਂ ਪਾਸ ਬੈਠਣ ਵਾਲਾ ਮਰਦ ॥

**ਮਝੇਲ / ਮੰਝੇਲ** } ਪੁ:–ਮਾਝ ਦਾ ਰਹਿਣ ਵਾਲਾ ॥

**ਮਝੋਲਾ / ਮੰਝੋਲਾ** } ਵਿ:—ਵਿਚਕਾਰਲਾ, ਵਿਚਲੇ ਕੱਦ ਦਾ ।

**ਮਝੋਲੀ / ਮੰਝੋਲੀ** } ਸ:—ਵਿਚਲੇ ਮੇਲ ਦੀ ਬੱਘੀ, ਹਲਕੀ ਗੱਡੀ ॥

**ਮਟ,** ਪੁ:—ਸੰਨਿਆਸੀਆਂ ਦਾ ਡੇਰਾ, ਮੜ੍ਹੀ, ਬਰਾਬਰ ਦਾ ॥

**ਮੱਟ,** ਪੁ:–ਮਿੱਟੀ ਦਾ ਵੱਡਾ ਭਾਂਡਾ ਜਿਸ ਵਿੱਚ ਦੋ ਤਿੰਨ ਮਨ ਚੀਜ਼ ਪੈ ਜਾਵੇ, ਗਿੱਲੀਆਂ ਚੀਜ਼ਾਂ ਦਾ ਨਾਪ ॥

**ਮਟਕ,** ਸ:—ਨਖਰਾ, ਵਿਖਾਵਾ, ਨਾਜ਼ ॥

**ਮਟਕਣ,** ਪੁ:, ਸ:–ਇੱਕ ਜੰਗਲੀ ਬੂਟਾ, ਨਖਰਾ, ਨਵੀਂ ਜੁੱਤੀ ਦੀ ਅਵਾਜ਼ (ਚੀਂ ਚੀਂ) ॥

**ਮਟਕਣਾ,** ਕ੍ਰਿ:–ਕੜਾਕੇਦੀ ਅਵਾਜ਼ ਨਿਕਲਣਾ, ਨਖਰੇ ਕਰਨਾ ॥

**ਮਟਕਾ,** ਪੁ:–ਮੱਟ ਤੋਂ ਛੋਟਾ ਮਿੱਟੀ ਦਾ ਭਾਂਡਾ ॥

**ਮਟਕਾਉਣਾ,** ਕ੍ਰਿ: ਕੜਾਕਾ ਕਢਾਉਣਾ ਜਾਂ ਕੱਢਣਾ, ਅੱਖ ਮਾਰਨੀ ॥

**ਮਟਕੀ,** ਸ:–ਨਿੱਕਾ ਮਟਕਾ, ਚਾਟੀ, ਮੱਘੀ ॥

**ਮਟਕੋੜਾ,** ਪੁ:–'ਅੱਖ ਮਟੱਕਾ' ਵੇਖੋ ।

**ਮਟਰ / ਮੱਟਰ** } ਪੁ:–ਇੱਕ ਮਸ਼ਹੂਰ ਅਨਾਜ ਜਿੰਨ੍ਹ ਕੇ ਖਾਣ ਵਾਲਾ ॥

**ਮੱਟਰ,** ਵਿ:–ਜੋਹੜੀ ਗਊ ਦੁੱਧ ਉਤਰਨ ਨਾ ਦੇਵੇ ॥

**ਮਟਰੂਆ,** ਪੁ:—ਲਿੱਸਾ ਤੇ ਨਿੱਕਾ ਪਰ ਬਹੁਤ ਖਾਣ ਵਾਲਾ ਆਦਮੀ ।

**ਮਟਾਉਣਾ,** ਕ੍ਰਿ:–'ਮਿਟਾਉਣਾ' ਵੇਖੋ ।

**ਮਟਾਕਾ,** ਸ:—ਕੜਾਕੇ ਕੱਢਣ ਦੀ ਅਵਾਜ਼ ॥

**ਮਟੀ,** ਸ:–ਮੜ੍ਹੀ, ਸਮਾਧ ॥

**ਮੱਟੀ,** ਸ:–ਬਹੁਤ ਵੱਡਾ ਮਿੱਟੀ ਦਾ ਭਾਂਡਾ, ਧੌਣੀ ॥

Digitized by Panjab Digital Library | www.panjabdigilib.org

**ਮੱਟੀ ਲੋਹਾ,** ਪੁਃ-ਲੋਹੇ ਦੀ ਲਾਲ ਕੱਚੀ ਧਾਤ ।

**ਮਟੀਲਾ,** ਪੁਃ-ਮਿੱਟੀ ਦਾ ਮੁਨਾਰਾ ॥

**ਮਟੂ,** ਪੁਃ-ਮੱਟ' ਵੇਖੋ ॥

**ਮਠ,** ਪੁਃ-ਮੜ੍ਹੀ, ਸੰਨਿਆਸੀਆਂ ਦਾ ਡੇਰਾ, ਅਖਾੜਾ॥

**ਮਠਤ,** ਸਃ-'ਮਿਠਾਸ' ਵੇਖੋ ॥

**ਮਠਲਾ,** ਪੁਃ-ਮਿੱਟੀ ਦਾ ਕੱਚਾ ਘੜਾ ॥

**ਮਠਲੂਣਾ,** ਵਿਃ ਰਤਾ ਕੁ ਲੂਣ ਵਾਲਾ, ਥੋੜਾ ਸਲੂਣਾ ॥

**ਮਠਾ,** ਪੁਃ-ਛੱਜਾ ਹੋਯਾ ਦਹੀਂ, ਗਾੜ੍ਹੀ ਛਾਹ ॥

**ਮੱਠਾ,** ਵਿਃ-ਸੁਸਤ, ਢਿੱਲਾ, ਜੋ ਹੌਲੀ ਹੌਲੀ ਕੰਮ ਕਰੇ ॥
ਪੁਃ—ਵੱਡੀ ਮੱਠੀ ॥

**ਮਠਾਸ,** ਸਃ-'ਮਿਠਾਸ' ਵੇਖੋ ॥

**ਮਠਿਆਈ,** ਸਃ-ਮਿੱਠੀ ਤਲੀ ਹੋਈ ਜਾਂ ਐਵੇਂ ਮਿੱਠੀ ਖਾਣ ਵਾਲੀ ਚੀਜ਼, ਖੀਰ, ਸੀਰਾ, ਸੀਰਨੀ ॥

**ਮੱਠੀ,** ਸਃ-ਖੁੱਲ੍ਹੇ ਘੇਉ ਵਿੱਚ ਤਲੀ ਹੋਈ ਮੈਦੇ ਦੀ ਰੋਟੀ ॥

**ਮਠੁੰਨ,** ਪੁਃ-ਬੇ ਅਕਲ, ਅਹਿਮਕ, ਬੁੱਧੂ ॥

**ਮਠੁੰਨੀ,** ਸਃ—ਮਿੱਟੀ ਦੀ ਮੁੱਠ ਭਰ ਕੇ ਘੁੱਟੀ ਹੋਈ ॥

**ਮੰਡ,** ਪੁਃ—ਨਦੀ ਦੇ ਕੰਢੇ ਦੀ ਨੀਵੀਂ ਸਿੱਲ੍ਹੀ ਧਰਤੀ ॥

**ਮੰਡਣ,** ਪੁਃ-ਦਲੀਲਾਂ ਦੇ ਕੇ ਸੱਚਾ ਸਾਬਤ ਕਰਨਾ॥

**ਮੰਡਣਾ,** ਕ੍ਰਿਃ-(ਕਪੜੇ ਨੂੰ) ਪਾਣ ਚਾੜ੍ਹਨਾ, (ਕਾਗਤ ਨੂੰ) ਪਾਣ ਚਾੜ੍ਹਨਾ, (ਕਾਗਤ ਨੂੰ) ਰਗੜ ਕਰਨਾ, ਚਿਪਚਿਪੀ ਚੀਜ਼ ਨਾਲ ਅਕੜਾਉਣਾ ॥

**ਮੰਡਪ,** ਪੁਃ-ਛੱਪਰ, ਥੋੜ੍ਹੇ ਚਿਰ ਵਾਸਤੇ ਬਣਾਯਾ ਹੋਯਾ ਘਰ, ਮੰਦਰ ॥

**ਮੰਡਲ,** ਪੁਃ-ਘੇਰਾ, ਗੁਲਾਈ, ਚੱਕਰ, ਦਾਇਰਾ, ਰਾਸ, ਵੱਡੀ ਮੰਡਲੀ ॥

**ਮੰਡਲੀ,** ਸਃ-ਟੋਲੀ, ਕੱਠ, ਸਭਾ ॥

**ਮੰਡਵਾ,** ਪੁਃ-'ਮੰਡਪ' ਵੇਖੋ ॥

**ਮੰਡਾ,** ਪੁਃ-ਇੱਕ ਤਰਾਂ ਦੀ ਬਹੁਤ ਪਤਲੀ ਰੋਟੀ ॥

**ਮੰਡਾਉਣਾ,** ਕ੍ਰਿਃ—ਮੰਡਣ ਦਾ ਕੰਮ ਕਰਾਉਣਾ ॥

**ਮੰਡਾਈ,** ਸਃ-ਮੰਡਣ ਦਾ ਕੰਮ ਜਾਂ ਮਜ਼ੂਰੀ ॥

**ਮੰਡਾਸਾ,** ਪੁਃ ਸਿਰ ਦੇ ਉੱਤੇ ਲਪੇਟਿਆ ਹੋਯਾ ਕਪੜ ਦਾ ਲੀਤ ॥

**ਮੰਡਿਆਲ,** ਪੁਃ—ਇੱਕ ਤਰਾਂ ਦਾ ਛੂੰਗ, ਮੰਡੀ ਵਿੱਚ ਰਹਿਣ ਵਾਲਾ ॥

**ਮੰਡੀ,** ਸਃ-ਕਿਸੇ ਖਾਸ ਜਿਨਸ ਦੇ ਵਿਕਣ ਦੀ ਥਾਂ, ਵੱਡਾ ਬਜ਼ਾਰ, ਇੱਕ ਪਹਾੜੀ ਰਿਆਸਤ ॥

**ਮੰਢਵਾ,** ਪੁਃ-'ਮੰਡਲ' ਵੇਖੋ ॥

Digitized by Panjab Digital Library | www.panjabdigilib.org

**ਮੇਢਾ,** ਪੁ: ਕਪਾਹ ਦਾ ਗੜਾ ਜੋ ਵਿਆਹ ਤੇ ਕੁੜੀ ਦਾ ਪੇਓ, ਮੁੰਡੇ ਦੀ ਮਾਂ ਨੂੰ ਦੇਂਦਾ ਹੈ।

**ਮਢੋੜ,** ਪੁ:-'ਮਧੋੜ' ਵੇਖੋ

**ਮਣ,** ਪੁ:-ਚਾਲੀਆਂ ਸੇਰਾਂ ਦਾ ਤੋਲ।
ਸ:—ਖੂਹ ਦੇ ਮੂੰਹ ਉੱਤੇ ਬਣੀ, ਸੱਪ ਦੇ ਸਿਰ ਦੀ ਮਣੀ ਜਾਂ ਰਤਨ॥

**ਮਣਮਿਣਾ,** ਕ੍ਰਿ:-ਸੰਕਲਪ ਕਰਨਾ, ਧਰਮ ਅਰਥ ਦੇਣਾ, ਪੁੰਨ ਕਰਕੇ ਬ੍ਰਾਹਮਣ ਨੂੰ ਦੇਣਾ, ਚੁਲੀ ਪਾਉਣੀ॥

**ਮਣਸਾ,** ਸ: 'ਮਨਸਾ' ਵੇਖੋ॥

**ਮਣਸ ਉਣਾ,** ਕ੍ਰਿ:-ਚੁਲੀ ਪੁਆਉਣੀ, ਪੁੰਨ ਕਰਾਉਣਾ।

**ਮਣੁਸਾਂਤ,** ਸ:—ਮਰਦ ਦਾ ਨਾਪ ਸਾਢੇ ਤਿੰਨ ਹੱਥ (ਤਲਾਉ ਆਦਿਕ ਦੇ ਪਾਣੀ ਦੀ ਡੂੰਘਾਈ)॥

**ਮਣਸਾਮਾਂ (ਵਾਂ),** ਪੁ:-ਥੋੜਾ ਜੇਹਾ ਮੀਂਹ ਜਿਸ ਤੋਂ ਮਣੁੱਖ ਤੁਰਨੋਂ ਰਹਿ ਜਾਏ (ਬੁਰਾ ਸਗਨ), ਮਣਸਣ ਜੋਗਾਂ ਅਰਥਾਤ ਨਿਕੰਮੀ ਚੀਜ਼॥

**ਮਣਹਾਸ,** ਪੁ:-ਰਜਪੂਤਾਂ ਦੀ ਇੱਕ ਜਾਤ॥

**ਮਣਕਾ,** ਪੁ:-ਮਾਲਾ ਦਾ ਦਾਣਾ, ਚਰਖੇ ਦੇ ਤੱਕਲੇ ਵਿੱਚ ਚੀੜ੍ਹੀ ਦੇ ਅੱਗੇ ਪਈ ਹੋਈ ਗੋਲ ਚੀਜ਼, ਪਿੱਠ ਦੀ ਹੱਡੀ ਦਾ ਉੱਪਰਲਾ ਹਿੱਸਾ॥

**ਮਣਤਾ,** ਸ:-'ਮਨਤਾ' ਵੇਖੋ॥

**ਮਣਾ (ਣਾਂ),** ਵਿ: ਮਣ ਵਾਲਾ (ਤ੍ਰਿ ਮਣਾ ਅਰਥਾਤ ਤਿੰਨ ਮਣ ਰੁਪਏ ਦਾ ਜਾਂ ਤਿੰਨ ਮਣ ਭਾਰ ਚੁੱਕਣ ਵਾਲਾ)॥

**ਮਣਾ ਕਣੀਆਂ,** ਪੁ:-(ਬਹੁ:) ਕਈ ਮਣ, ਤੋਲ ਵਿਚ ਬਹੁਤ॥

**ਮਣਾਂ ਮੂੰਹ**
**ਮਣਾ ਮੂੰਹੀਂ** } ਵਿ:-ਕਈ ਮਣ, ਬਹੁਤ ਸਾਰਾ॥

**ਮਣੀ,** ਸ:-ਵੀਰਜ, ਰਤਨ, ਹੰਕਾਰ, ਹਉਮੈਂ॥

**ਮਤ,** ਪੁ:-ਧਰਮ, ਮਜ਼ਬ, ਪਥ, ਅਕਲ, ਰਾਇ, ਮੰਤ੍ਰ॥
ਕ੍ਰਿ:, ਵਿ:-ਨਾਂ, ਇਹ ਨਾਂ ਹੋਵੇ ਜੋ (ਮਤ ਉਹ ਆ ਜਾਵੇ)॥

**ਮਤ ਮਤਾਂਤਰ,** ਪੁ:—ਅਨੇਕ ਮਤ ਜਾਂ ਪੰਥ॥

**ਮੱਤ,** ਸ:—ਸਲਾਹ, ਸਿੱਖ (ਦੇਣਾ) ਸਮਝ, ਰਾ, ਖਿਆਲ॥

**ਮੱਤ ਹੀਣ (ਣਾ),** ਵਿ: ਬੇ ਅਕਲ, ਮੂਰਖ, ਬੁੱਧੂ॥

**ਮੱਤ ਮਾਰੀ ਜਾਣੀ,** ਕ੍ਰਿ: —ਅਕਲ ਜਾਂ ਹੋਸ਼ ਨ ਰਹਿਣੀ॥

**ਮੱਤ ਵਾਲਾ,** ਵਿ:—ਸਮਝ ਦਾਰ, ਸਿਆਣਾ, ਚਤਰ।

**ਮਤਹਿਤ,** ਵਿ:—ਕਿਸੇ ਦੇ ਹੇਠਾਂ, ਤਾਬਿਆ, ਨੌਕ, ਅਧੀਨ॥

**ਮਤਨ,** ਵਿਸਮਯਕ: —'ਮਤਾਂ' ਵੇਖੋ॥

**ਮਤਬਲ**
**ਮਤਬਲੀ**
**ਮਤਬਲੀਆ** } 'ਮਤਲਬ' ਆਦਿਕ ਵੇਖੋ॥

**ਮਤ ਭੇਦ (ਦਾ),** ਪੁ:—ਮੁਖਾਲਫਤ, ਟਾਕਰਾ, ਝਗੜਾ।

Digitized by Panjab Digital Library | www.panjabdigilib.org

**ਮੰਤ੍ਰ, ਮੰਤਰ,** ਪੁ:—ਜਾਦੂ ਦਾ ਬਚਨ, ਪਵਿਤ੍ਰ ਬਾਣੀ, ਸਲਾਹ, ਵੇਦ ਵਾਕ ॥

**ਮੰਤਰ ਚਲਾਉਣਾ, ਮੰਤਰ ਪੜ੍ਹਨਾ, ਮੰਤਰ ਮਾਰਨਾ,** ਕ੍ਰਿ:—ਮੰਤ੍ਰ ਪੜ੍ਹਕੇ ਜਾਦੂ ਕਰਨਾ ।

**ਮੰਤਰ ਜੰਤਰ,** ਪੁ:—ਜਾਦੂ, ਟੂਣਾ ॥

**ਮੰਤਰ ਦੇਣਾ,** ਕ੍ਰਿ:—ਚੇਲਾ ਬਨਾਉਣਾ, (ਗੁਰੂ ਦਾ) ਉਪਦੇਸ਼ ਕਰਨਾ ।

**ਮੰਤਰੀ, ਮੰਤ੍ਰੀ,** ਪੁ:—ਜੋ ਮੰਤ੍ਰ ਮਾਰੇ, ਜਾਦੂਗਰ, ਸਲਾਹ ਦੇਣ ਵਾਲਾ, ਵਹੁਟੀ ॥

**ਮਤਰੇਆ, ਮਤਰੇਰਾ, ਮਤ੍ਰੇਆ,** ਪੁ:, ਵਿ:—ਜਿਸ ਭਰਾ ਦੀ ਮਾਂ ਹੋਰ ਹਵੇ (ਭਰਾ) । ਵਿ:-ਜੋ ਸਕਾ ਨਾ ਹੋਵੇ (ਮਤਰੇਆ ਭਾਈ ਸਕਾ ਆਦਿਕ) ॥

**ਮਤਰੇਈ, ਮਤ੍ਰੇਈ,** ਸ:, ਵਿ:—ਜੋ ਸਕੀ ਨਹੀਂ, ਪਿਉ ਦੀ ਦੂਜੀ ਵਹੁਟੀ ॥

**ਮਤਲਬ,** ਪੁ:—ਅਰਥ, ਮਨੋਰਥ, ਅਸਲੀ ਕੰਮ, ਮਨਸ਼ਾ, ਪਰਜਨ, ਸਬਬ ॥

**ਮਤਲਬ ਕੱਢਣਾ,** ਕ੍ਰਿ:—ਆਪਣਾ ਮਨੋਰਥ ਕਿਸੇ ਨਾ ਕਿਸੇ ਤਰਾਂ ਪੂਰਾ ਕਰ ਲੈਣਾ ॥

**ਮਤਲਬ ਕਰਨਾ,** ਕ੍ਰਿ: ਵੇਹਣਾ, ਸਸਤਾ ਵੇਚਣਾ ਬਹੁਤੇ ਵਿਆਜ ਤੇ ਰੁਪਯਾ ਉਧਾਰ ਲੈਣਾ ॥

**ਮਤਲਬ ਨਿਕਲਣਾ,** ਕ੍ਰਿ:—ਸਮਝ ਵਿੱਚ ਆਉਣਾ, ਮਨਸ਼ਾ ਪੂਰੀ ਹੋਣੀ ॥

**ਮਤਲਬ ਦਾ ਯਾਰ,** ਪੁ:—ਮਤਲਬੀ, ਰਾਹਕਾਰ ।

**ਮਤਲਬ ਰੱਖਣਾ,** ਕ੍ਰਿ:—ਵਾਸਤਾ ਜਾਂ ਸਾਂਝ ਰੱਖਣਾ ।

**ਮਤਲਬੀ, ਮਤਲਬੀਆ,** ਵਿ:—ਜੋ ਆਪਣਾ ਹੀ ਮਤਲਬ ਪੂਰਾ ਕਰਨਾ ਚਾਹੇ ।

**ਮਤਲਬੀ ਯਾਰ,** ਪੁ:- ਮਤਲਬੀ, ਰਾਹਕਾਰ ॥

**ਮਤਲਾਉਣਾ,** ਕ੍ਰਿ:—ਜੀ ਜਾਂ ਦਿਲ ਕੱਚਾ ਹੋਣਾ ॥

**ਮਤਵਾਲਾ,** ਵਿ:—ਨਸ਼ਈ, ਮਸਤ, ਪਾਗਲ (ਹੋਣਾ, ਕਰਨਾ) ।

**ਮਤਾ,** ਪੁ:—ਪੰਥ, ਸਲਾਹ, ਮੱਤ, ਕੱਠੇ ਮਿਲਕੇ ਵਿਚਾਰ ਕਰਨਾ ॥

**ਮਤਾ ਪਕਾਉਣਾ, ਮਤਾ ਮਤਾਉਣਾ,** ਕ੍ਰਿ:—ਰਲ ਕੇ ਸਲਾਹ ਕਰਨੀ, ਜੁਗਤਾਂ ਸੋਚਣੀਆਂ, ਸਭ ਦੀ ਇੱਕੋ ਰੈ ਹੋਣੀ, ਏਕਾ ਕਰਨਾ ॥

**ਮਤਾਂ,** ਵਿਸਮਯ:—ਇਹ ਨਾਂ ਹੋਵੇ ਕੋ, ਰੱਬ ਨਾਂ ਕਰੇ, ਸ਼ਾਇਦ ॥

**ਮਤਾਹ;** ਪੁ:—ਮਾਲ, ਅਸਬਾਬ, ਧਨ ॥

**ਮਤਾਹੀ,** ਸ:—ਇੱਕ ਤਰਾਂ ਦਾ ਧਾਰੀ ਦਾਰ ਕਪੜਾ ॥

**ਮੱਤਾ ਹੋਇਆ, ਮੱਤਿਆ ਹੋਇਆ,** ਵਿ:—ਮਸਤ, ਮਗਨ, ਰੱਤਾ ਜਾਂ ਰਸਿਆ ਹੋਯਾ ।

**ਮਤਾਬ,** ਪੁ:—ਚੰਦ, ਚਮਕਣ ਵਾਲਾ ॥

**ਮਤਾਬੀ,** ਸ:—ਇੱਕ ਤਰਾਂ ਦੀ ਆਤਸ਼ ਬਾਜ਼ੀ ॥

Digitized by Panjab Digital Library | www.panjabdigilib.org

**ਮਤਾਲਬ** }
**ਮਤਾਲਬੀ** } 'ਮਤਲਬ' ਆਦਿਕ ਵੇਖੋ।

**ਮਤੀਰਾ,** ਪੁ:—ਤਰਬੂਜ਼, ਹਦਵਾਣਾ ॥

**ਮਤੀਰੀ,** ਸ:—ਇੱਕ ਤਰਾਂ ਦਾ ਵੱਡਾ ਲੰਮਾ ਹਦਵਾਣਾ ॥

**ਮਤੇਆ,** ਪੁ: }
**ਮਤੇਈ,** ਸ: } 'ਮਤ੍ਰੇਆ', 'ਮਤ੍ਰੇਈ' ਵੇਖੋ ॥
**ਮਤੇਰ,** ਸ: }

**ਮਥ,** ਪੁ:, ਸ:—ਸਲਾਹ, ਮਤਾ, ਜੁਗਤ, ਦਲੀਲ ॥

**ਮਥਣਾ,** ਕ੍ਰਿ:—ਸਲਾਹ ਦੇਣੀ, ਥਾਪਣਾ, ਸੋਚਣਾ, ਫੈਸਲਾ ਕਰਨਾ ॥

**ਮਦਫ਼ੇਰ (ੜਾ),** ਪੁ:—'ਮਰਫ਼ੇੜ' ਵੇਖੋ ॥

**ਮੱਥਾ,** ਪੁ:—ਸਿਰ ਦਾ ਸਾਮ੍ਹਣਾ ਉਤਲਾ ਚੌੜਾ ਪਾਸਾ, ਮਸਤਕ ॥

**ਮੱਥਾ ਸੜਿਆ,** ਪੁ: }
**ਮੱਥਾ ਸੜੀ,** ਸ: } ਤੀਮਤਾਂ ਦੀ ਇੱਕ ਗਾਲੀ ਜੋ ਬਾਲਾਂ ਨੂੰ ਦੇਂਦੀਆਂ ਹਨ ॥

**ਮੱਥਾ ਸਾੜਨਾ,** ਕ੍ਰਿ:—'ਮੱਥਾ ਡੰਮ੍ਹਣਾ' ਵੇਖੋ ॥

**ਮੱਥਾ ਚਿੱਤਰਨਾ,** ਕ੍ਰਿ:—ਨਵਰਨੀ ਇਸਤ੍ਰੀ ਦੇ ਮਥੇ ਉੱਤੇ ਤਾਰੇ ਲਾਉਣੇ ॥

**ਮੱਥਾ ਜੋੜਨਾ,** ਕ੍ਰਿ:—'ਮੱਥਾ ਡਾਹੁਣਾ' ਵੇਖੋ ॥

**ਮੱਥਾ ਟੇਕਣਾ,** ਕ੍ਰਿ:—ਮੱਥਾ ਨਿਵਾਕੇ ਵੱਡੇ ਦਾ ਮਾਣ ਕਰਨਾ, ਸਦਾ ਲਈ ਤਿਆਗਣਾ ॥

**ਮੱਥਾ ਠਣਕਣਾ,** ਕ੍ਰਿ:—ਮੱਥਾ ਫੜਕਣ ਨਾਲ ਕੁਝ ਖ਼ਰਾਬੀ ਦਿੱਸਣੀ।

**ਮੱਥਾ ਡੰਮ੍ਹਣਾ,** ਕ੍ਰਿ:—ਕਿਸੇ ਨੂੰ ਮਾੜੀ ਖੋਟੀ ਚੀਜ਼ ਦੇ ਕੇ ਮਗਰੋਂ ਲਾਹੁਣਾ ॥

**ਮੱਥਾ ਡਾਹੁਣਾ,** ਕ੍ਰਿ:—ਟਾਕਰਾ ਕਰਨਾ, ਸਾਮ੍ਹਣੇ ਹੋ ਕੇ ਲੜਨਾ ॥

**ਮੱਥਾ ਪਿੱਟਣਾ,** ਕ੍ਰਿ:—ਦੁਹੱਥੜਾਂ ਸਿਰ ਤੇ ਮਾਰਨੀਆਂ, ਬਿਰਲਾਪ ਕਰਨਾ ॥

**ਮੱਥਾ ਪਿੱਟਣੀ ਕਰਨਾ,** ਕ੍ਰਿ:—'ਮੱਥਾ ਡੰਮ੍ਹਣਾ' ਵੇਖੋ।

**ਮੱਥਾ ਫਸਣੋਂ ਬਹਿ ਜਾਣਾ,** ਕ੍ਰਿ:—ਬਹੁਤ ਸਿਰ ਦੁਖਣਾ, ਆਸ ਨਾ ਰਹਿਣੀ ॥

**ਮੱਥਾ ਰਗੜਨਾ,** ਕ੍ਰਿ:—ਮਿਨਤਾਂ ਤਰਲੇ ਕਰਨਾ ॥

**ਮੱਥਾ ਲਾਉਣਾ,** ਕ੍ਰਿ:—ਮਿਲਣਾ, ਨਾਲ ਖੇਡਣਾ, ਸਾਥ ਕਰਨੀ ॥

**ਮੱਥੇ ਤੇ ਲਿਖਿਆ ਹੋਣਾ,** ਕ੍ਰਿ:—ਕਿਸਮਤ ਜਾਂ ਪਰਾਲਬਧ ਵਿੱਚ ਹੋਣਾ ॥

**ਮੱਥੇ ਪਿੱਟਣੀ ਕਰਨਾ,** ਕ੍ਰਿ:—'ਮੱਥਾ ਡੰਮ੍ਹਣਾ' ਵੇਖੋ।

**ਮੱਥੇ ਮਾਰਨਾ,** ਕ੍ਰਿ:—ਕੋਈ ਚੀਜ਼ ਨਿਕੰਮੀ ਸਮਝ ਕੇ ਦੇਣ ਵਾਲੇ ਨੂੰ ਬੇਪਰਵਾਹੀ ਨਾਲ ਮੋੜ ਦੇਣੀ।

**ਮੱਥੇ ਲੱਗਣਾ,** ਕ੍ਰਿ: ਮੂੰਹ ਵੇਖਣਾ, ਮਿਲਣਾ, ਉਜ ਲੱਗਣਾ ॥

**ਮੱਥੇ ਲਾਉਣਾ,** ਕ੍ਰਿ:—ਮਿਲਣਾ, ਮਿਲਣ ਦੇਣਾ, ਵੇਖਣਾ ॥

Digitized by Panjab Digital Library | www.panjabdigilib.org

**ਮੱਥੇ ਵੱਟ ਪਾਉਣਾ,** ਕ੍ਰਿ:-ਰੁੱਸ ਜਾਣਾ, ਗੁੱਸੇ ਹੋਣਾ ॥

**ਮਥੀਰਾ,** ਪੁ:—ਹਦਵਾਣਾ, ਤਰਬੂਜ਼, ਮਤੀਰਾ ॥

**ਮਊਨ,** ਪੁ:-'ਮਊਨ' ਵੇਖੋ ॥

**ਮਦ,** ਸ:, ਪੁ:-ਸ਼ਰਾਬ, ਨਸ਼ਾ, ਅਮਲ ॥

**ਮਦ ਮਾਤ (ਤਾ),** ਵਿ:-ਨਸ਼ਈ, ਮਸਤ, ਬੇ ਹੋਸ਼

**ਮੰਦ,** ਪੁ:-ਹੁਨਰ, ਉਸਤਾਦੀ, ਜ਼ੋਰ, ਸਮਰਥ ਹੋਣਾ, ਬੁਧ, ਵਾਲਾ (ਅਕਲ ਮੰਦ = ਅਕਲ ਵਾਲਾ) ॥

ਵਿ:-ਥੋੜਾ, ਹਲਕਾ, ਸੁਸਤ, ਢੈਲਾ, ਨਰਮ ॥

**ਮੰਦ ਮੰਦ,** ਕ੍ਰਿ:, ਵਿ:-ਹੌਲੀ ਹੌਲੀ, ਆਸਤੇ, ਸਹਿਜੇ ॥

**ਮਦਊ,** ਪੁ:-ਘੋੜੇ ਦੀ ਪਿੱਠ ਜਿਥੇ ਕਾਠੀ ਪੈਂਦੀ ਹੈ ॥

**ਮੱਦਦ,** ਸ:-ਸਹਾਇਤਾ, ਸਹਾਰਾ, ਹੁਮੈਤ ॥

**ਮੰਦਰ,** ਪੁ:-ਘਰ, ਭਵਨ, ਮਹਿਲ, ਪਵਿੱਤ੍ਰ ਥਾਂ, ਸਰੀਰ ॥

**ਮਦਰਸਾ**
**ਮਦਰੱਸਾ** } ਪੁ:-ਮੁੰਡਿਆਂ ਜਾਂ ਕੁੜੀਆਂ ਦੇ ਪੜ੍ਹਨ ਦੀ ਥਾਂ ॥

**ਮਦਰਾ,** ਸ:-ਸ਼ਰਾਬ, ਨਸ਼ਾ, ਅਮਲ ॥

**ਮਦਰਾ ਪਾਣ ਕਰਨਾ,** ਕ੍ਰਿ:—ਸ਼ਰਾਬ ਪੀਣਾ ॥

**ਮਦਰਾ ਪਾਨੀ,** ਪੁ:—ਜੋ ਮਦਰਾ ਪੀਵੇ, ਸ਼ਰਾਬੀ ॥



**ਮੰਦਲ,** ਪੁ:-ਵਡਾ ਭਾਰਾ ਢੋਲ ਇੱਕ ਰੁੱਖ ।

**ਮੰਦਲੀਆ,** ਪੁ:—ਮੰਦਲ ਵਜਾਉਣ ਵਾਲਾ ॥

**ਮੰਦਵਾੜਾ,** ਪੁ:—ਚੀਜ਼ਾਂ ਦਾ ਭਾਉ ਸਸਤਾ ਹੋਣਾ ।

**ਮਦਾ,** ਸ:—ਵਡਿਆਈ, ਤਰੀਫ਼, ਉਸਤਤ ॥

**ਮੰਦਾ,** ਵਿ:—ਬੁਰਾ, ਭੈੜਾ, ਖਰਾਬ, ਕੁਕਰਮੀ, ਨਿਕੰਮਾ, ਸਸਤਾ, ਖੋਟਾ ॥

ਪੁ:—ਬੁਰੀ ਹਾਲਤ, ਬਿਕਰੀ ਨ ਹੋਣੀ ॥

**ਮਦਾਰ,** ਪੁ:—ਰਾਖਾ, ਸਹਾਇਕ, ਹੁਮੈਤੀ ॥

**ਮਦਾਹੀ,** ਸ:-ਮਦੱਤ, ਸਹਾਇਤਾ, ਹੁਮੈਤ ॥

**ਮਦਾਨ,** ਪੁ:—ਖੁੱਲ੍ਹੀ ਪੱਧਰੀ ਥਾਂ, ਅਖਾੜਾ, ਰਣ ॥

**ਮਦਾਨ ਹੋਣਾ**
**ਮਦਾਨ ਜਾਣਾ** } ਕ੍ਰਿ:—ਭਾੜੇ ਜਾਣਾ ।

**ਮਦਾਨ ਕਰਨਾ,** ਕ੍ਰਿ:-ਵਾਹ ਕੇ ਜ਼ਮੀਨ ਨਾਲ ਮੇਲ ਦੇਣਾ, ਲੜਾਈ ਕਰਨਾ ॥

**ਮਦਾਨ ਮਾਰਨਾ,** ਕ੍ਰਿ:—ਲੜਾਈ ਜਿੱਤਣਾ ॥

**ਮਦਾਨ ਵਿੱਚ ਆਉਣਾ,** ਕ੍ਰਿ:—ਲੜਨ ਨੂੰ ਬਾਹਰ ਨਿਕਲਣਾ ।

**ਮਦਾਨੀ,** ਸ:-ਮਠਿਆਈਆਂ ਬਣਾਉਣ ਵਾਸਤੇ ਮੈਦਾ, ਘੋਲ ਕੇ ਖਮੀਰਾ ਕੀਤਾ ਹੋਇਆ ॥

ਵਿ:—ਮਦਾਨ ਦਾ ।

Digitized by Panjab Digital Library | www.panjabdigilib.org

**ਮਦਾਰ,** ਪੁ:—ਇਕ ਮੁਸਲਮਾਨ ਪੀਰ, 'ਮੁਦਾਰ' ਭੀ ਵੇਖੋ ॥

**ਮਦਾਰਣ,** ਸ: / **ਮਦਾਰੀ,** ਪੁ: } ਜੋ ਮਦਾਰ ਨੂੰ ਮੰਨੇ, ਜਾਦੂਗਰ, ਰਿੱਛ ਬਾਂਦਰ ਦੇ ਨਾਚ ਨੂੰ ਕਰਨ ਵਾਲਾ ॥

**ਮਦੀਨ,** ਸ:—ਜਨਾਨੀ ਦੀ ਜਾਤ (ਕਿਸੇ ਜਨੌਰ ਦੀ) ॥

**ਮਦੀਲ** / **ਮੰਦੀਲ** } ਸ:—ਇੱਕ ਬਰੀਕ ਮਲਮਲ ਦੀ ਜਾਂ ਜ਼ਰੀ ਵਾਲੀ ਰੇਸ਼ਮੀ ਵੱਡੀ ਸਾਰੀ ਪਗੜੀ ॥

**ਮੰਦੀਲਰਾ,** ਪੁ:—ਇਕ ਵੱਡਾ ਸਾਰਾ ਢੋਲ

**ਮੰਦੀਲਾ,** ਪੁ:—ਵੱਡਾ ਸਾਰਾ ਢੋਲ, ਵੱਡਾ ਤਾਂਬੇ ਦਾ ਪਿਆਲਾ ॥

**ਮੰਦੂ,** ਪੁ:—ਬੇਫ਼ਾਇਦਾ, ਵਿਕਰੀ ਨਾ ਹੋਣੀ ॥

**ਮੰਦੂਲਾ,** ਪੁ: / **ਮੰਦੂਲੀ,** ਸ: } ਡੋਲ, ਕੰਬਲ, ਪੁਰਾਣੀ ਗੋਦੜੀ ॥

**ਮੰਦੇਰਾ,** ਪੁ:—ਮੰਦਾ, ਬੁਰਾ, ਖਲ ।
ਵਿ:—ਸਸਤਾ, ਨਿਕੰਮਾ ।

**ਮੰਦੇਰਾ ਸਮਾ,** ਪੁ:—ਜਦੋਂ ਚੀਜ਼ ਦੀ ਥੁੜ ਹੋਵੇ ਜਾਂ ਵਿਕਰੀ ਨਾ ਹੋਵੇ ।

**ਮਧ,** ਸ:—'ਮਦ' ਵੇਖੋ ।

**ਮੱਧ,** ਪੁ:—ਵਿਚਲਾ ਹਿੱਸਾ ॥
ਅਵ:—ਗੱਭੇ, ਵਿਚਕਾਰ ॥

**ਮਧੁਸੂਦਨ,** ਪੁ:—ਮਧੁ ਰਾਖਸ਼ ਦੇ ਮਾਰਨ ਵਾਲਾ, ਵਿਸ਼ਨ ਜੀ ॥

**ਮੱਧਕ,** ਸ:—ਇੱਕ ਅਮਲ ਜਿਸ ਵਿੱਚ ਕਈ ਨਸ਼ੇ ਪੈਂਦੇ ਹਨ ॥

**ਮੱਧਣਾ** / **ਮੰਧਣਾ** } ਕ੍ਰਿ:—'ਮਿੱਧਣਾ' ਵੇਖੋ ॥

**ਮੱਧਮ,** ਪੁ:—ਇੱਕ ਸੁਰਾਂ ਦੀ ਸਤਾਰ ॥
ਵਿ:—ਵਿਚਲੇ ਮੇਲ ਦਾ, ਸੁਸਤ, ਮਾਸਾ, ਆਮ ॥

**ਮਧਰਾ,** ਵਿ:—ਛੋਟੇ ਕੱਦ ਦਾ, ਬ੍ਰਾਹਮਣਾਂ ਦੀ ਇਕ ਜਾਤ ॥

**ਮਧਾਣਾ,** ਪੁ:—ਵੱਡੀ ਮਧਾਣੀ, ਇੱਕ ਘਾਹ ਜਿਸ ਦਾ ਫੁੱਲ ਮਧਾਣੀ ਦੀ ਸ਼ਕਲ ਦਾ ਹੁੰਦਾ ਹੈ ।

**ਮਧਾਣੀ,** ਸ:—ਜਿਸ ਚੀਜ਼ ਨਾਲ ਦੁੱਧ ਦਹੀਂ ਆਦਿਕ ਰਿੜਕਦੇ ਹਨ ।

**ਮਧੁਰ,** ਵਿ:—ਮਿੱਠਾ, ਮਨ ਭਾਉਂਦਾ, ਜੋ ਕੰਨਾਂ ਨੂੰ ਚੰਗਾ ਲੱਗੇ (ਰਾਗ) ॥

**ਮਧੂਕਰੀ,** ਸ:—ਰੋਟੀ (ਸਾਧਾਂ ਦੀ ਝੋਲੀ) ॥

**ਮਧੰੜ** / **ਮੰਢੇੜ** } ਪੁ:—ਟੋਪੀ ਜਾਂ ਪੱਗ ਦੇ ਉੱਪਰ ਬੰਨ੍ਹਣ ਵਾਲਾ ਸਿਰ ਦਾ ਕਪੜਾ, ਇੰਨੂੰ ॥

**ਮਧੋਲਣਾ,** / **ਮਧੋਲਣਾ (ਨਾ)** } ਕ੍ਰਿ:—ਹੱਥਾਂ ਨਾਲ ਮਲਣਾ, ਖਰਾਬ ਕਰਨਾ, ਬੁਰੀ ਤਰਾਂ ਵਰਤਣਾ (ਕਪੜਾ, ਕਾਗਤ ਆਦਿਕ) ॥

**ਮਨ,** ਪੁ:—ਸੋਚਣ ਵਾਲੀ ਸ਼ਕਤੀ, ਆਤਮਾ, ਦਿਲ, ਜੀ ।

**ਮਨ ਚਲਾ,** ਵਿ:—ਬਹਾਦਰ, ਜਿਗਰੇ ਵਾਲਾ ॥

Digitized by Panjab Digital Library / www.panjabdigilib.org

**ਮਨ ਦੀਆਂ ਖੇਪਾਂ ਲੱਦਣੀਆਂ**
**ਮਨ ਦੇ ਲੱਡੂ ਭੋਰਨਾ** } ਕ੍ਰਿ:—ਝੂਠੇ ਖਿਆਲ ਕਰਨਾ ॥

**ਮਨ ਦੀ ਮਨ ਵਿੱਚ ਰਹਣੀ,** ਕ੍ਰਿ:—ਇੱਛਿਆ ਪੂਰੀ ਨਾਂ ਹੋਣੀ ॥

**ਮਨ ਦੀ ਮੌਜ,** ਸ:—'ਮਨ ਮੌਜ' ਵੇਖੋ ॥

**ਮਨ ਪਸਿੰਦ,** ਵਿ:—ਜੋ ਮਨ ਨੂੰ ਭਾਵੇ ॥

**ਮਨ ਬੁਰਾ ਕਰਨਾ,** ਕ੍ਰਿ:—ਗ਼ਮ ਕਰਨਾ ॥

**ਮਨ ਭਰ ਆਉਣਾ,** ਕ੍ਰਿ:—ਰੋਣ ਨੂੰ ਤਿਆਰ ਹੋਣਾ ।

**ਮਨ ਭਰਨਾ,** ਕ੍ਰਿ:—ਰੱਜ ਆ ਜਾਣਾ, ਤ੍ਰਿਸਨਾ ਨਾਂ ਰਹਿਣੀ ॥

**ਮਨ ਭਾਉਣਾ**
**ਮਨ ਭਾਉਂਦਾ** } ਵਿ:—ਜੋ ਮਨ ਨੂੰ ਭਾਵੇ ॥

**ਮਨ ਮਾਰਨਾ,** ਕ੍ਰਿ:—ਧੀਰਜ ਜਾਂ ਸੰਤੋਖ ਕਰਨਾ, ਸਹਿਣਾ ।

**ਮਨ ਮਿਲਣਾ,** ਕ੍ਰਿ:—ਏਕਾ ਹੋਣਾ, ਇਕੋ ਖਿਆਲ ਹੋਣਾ ॥

**ਮਨ ਮੁਖ,** ਵਿ:—ਜੋ ਗੁਰੂ ਦਾ ਉਪਦੇਸ਼ ਨਾਂ ਮੰਨੇ, ਆਪ ਹੁਦਰਾ ।

**ਮਨ ਮੋਹਨ,** ਵਿ:—ਜੋ ਦਿਲ ਨੂੰ ਖਿੱਚੇ, ਪਿਆਰਾ ।

**ਮਨ ਮੌਜ,** ਸ:—ਖੁਸ਼ੀ, ਮਰਜ਼ੀ, ਦਲੀਲ, ਅਨੰਦ ॥

**ਮਨ ਮੌਜੀ,** ਵਿ:—ਆਪ ਹੁਦਰਾ, ਜੋ ਆਪਣੇ ਮਨ ਦੀ ਮਰਜ਼ੀ ਕਰੇ ॥

**ਮਨ ਲੈਣਾ,** ਕ੍ਰਿ:—ਮਨ ਮੋਹਣਾ, ਦੂਜੇ ਦੇ ਦਿਲ ਦੀ ਬੁੱਝਣਾ ॥

**ਮਨ ਵਿੱਚ ਆਉਣਾ,** ਕ੍ਰਿ:—ਸੁੱਝਣਾ, ਦਲੀਲ ਕਰਨੀ ॥

**ਮਨੌਤ,** ਪੁ:—ਮੰਨੀ ਹੋਈ, ਚੀਜ਼ ਜਿਸ ਦੀ ਸੁੱਖਣਾ ਦਿੱਤੀ ਜਾਵੇ ॥

**ਮਨਸਾ,** ਸ: ਮਰਜ਼ੀ, ਚਾਹ, ਇਰਾਦਾ, ਮਨੋਰਥ, (ਪੂਰੀ ਕਰਨੀ) ॥

**ਮਨ੍ਹਾ**
**ਮਨ੍ਹਾਂ** } ਪੁ:—ਖੇਤ ਵਿੱਚ ਰੁੱਖਾਂ ਦੀਆਂ ਟਾਹਣੀਆਂ ਦਾ ਉੱਚਾ ਥੜ੍ਹਾ ਜਿਸ ਉੱਤੇ ਫਸਲ ਦਾ ਰਾਖਾ ਬਹਿੰਦਾ ਹੈ, ਕਿਸੇ ਕੰਮ ਤੋਂ ਹਟਕਣਾ ਜਾਂ ਵਰਜਣਾ (ਮਨ੍ਹਾ ਕਰਨਾ) ॥

**ਮਨਹੋਣਮਾਂ,** ਪੁ:—ਸੁੱਧ ਨਾਂ ਹੋਣਾ ॥

**ਮਨਕਤੀਆਂ,** ਸ:, (ਬਹੁ:) ਬਣੀ ਮਲ, ਬਹੁਤ ਸਾਰੀ (ਚੀਜ਼) ।

**ਮਨਕਥੀ,** ਸ:—ਬੇ ਢੰਗੀ ਤਰਾਂ ਬਣਾਈ ਹੋਈ ਜਾਂ ਲਿਖੀ ਹੋਈ ਚੀਜ਼ ।

**ਮਨਕੜਾ,** ਪੁ:—ਇਕ ਬੂਟਾ ਜਸ ਦੀ ਜੜ ਦੀ ਬੱਤੀ ਮੋਕਾਂ ਨੂੰ ਦੇਂਦੇ ਹਨ ।

**ਮਨੱਕਾ,** ਪੁ:—ਸੁੱਕਾ ਹੋਇਆ ਮੋਟਾ ਅੰਗੂਰ ॥

**ਮਨਖੱਟੂ,** ਪੁ:, ਵਿ:—'ਮਖੱਟੂ' ਵੇਖੋ ॥

**ਮਨੱਖਾ,** ਵਿ:—'ਮਨਾਖਾ' ਵੇਖੋ ।

**ਮਨਜ਼ੂਰ,** ਵਿ:—ਮੰਨਿਆ ਹੋਇਆ, ਕਬੂਲ ਕੀਤਾ ਹੋਇਆ ।

**ਮਨਜ਼ੂਰੀ,** ਸ:—ਮੰਨ ਲੈਣਾ, ਹੁਕਮ, ਆਗਿਆ ।

Digitized by Panjab Digital Library | www.panjabdigilib.org

**ਮਨਜ਼ੂਰੀ ਦੀ ਨੌਕਰੀ,** ਸ਼:—ਜਿਸ ਨੌਕਰੀ ਮਗਰੋਂ ਸਰਕਾਰੀ ਹੁਕਮ ਨਾਲ ਪਿਨਸ਼ਨ ਮਨਜ਼ੂਰ ਹੋ ਚੁੱਕੀ ਹੈ ॥

**ਮੰਨਣਾ,** ਕ੍ਰਿ:—ਸ਼ਰਧਾ ਰੱਖਣਾ, ਆਦਰ ਕਰਨਾ, ਆਖੇ ਲੱਗਣਾ, ਵਸਾਹ ਕਰਨਾ, ਮਿਥਣਾ, ਦੂਏ ਦਾ ਹੁਦਾਰ ਲਾਹੁਣ ਦਾ ਕਰਾਰ ਕਰਨਾ, ਸੁੱਖਣਾ, ਸੁਲ੍ਹਾ ਕਰਨੀ ॥

**ਮੰਨਤ,** ਸ਼:—ਸੁੱਖਣਾ, ਮੰਨ ਲੈਣਾ, ਦੂਏ ਦਾ ਹੁਦਾਰ ਲਾਹੁਣ ਦਾ ਕਰਾਰ ॥

**ਮੰਨਤਾ,** ਸ਼:—ਸੁੱਖਣਾ, ਮੰਨੀ ਹੋਈ ਗਲ, ਇੱਜ਼ਤ ॥

**ਮਨਤਾਰੂ,** ਪੁ:—ਜੋ ਤਰ ਨਹੀਂ ਸਕਦਾ ।

**ਮਨਰਾਹ,** ਵਿ:—ਚੱਕੀ ਦਾ ਪੁੜ ਜੋ ਰਾਹਿਆ ਨਹੀਂ ਗਿਆ ॥

**ਮਨਾ,** ਪੁ:-ਵਿ:—ਰੋਕ, ਜਿਸ ਕੰਮ ਦੇ ਕਰਨ ਦਾ ਹੁਕਮ ਨਹੀਂ, ਧਰਮ ਦੇ ਬਿਰੁੱਧ, ਨਾਲੇ 'ਮਨ੍ਹਾ' ਵੇਖੋ ॥

**ਮਨਾ ਕਰਨਾ,** ਕ੍ਰਿ:—ਹਟਕਣਾ, ਵਰਜਣਾ, ਰੋਕਣਾ ॥

**ਮਨਾਉਣਾ,** ਕ੍ਰਿ:—ਰੁੱਠ ਨੂੰ ਖੁਸ਼ ਕਰਨਾ, ਜ਼ੋਰ ਪਾ ਕੇ ਆਪਣੀ ਮਰਜ਼ੀ ਪੂਰੀ ਕਰਾਉਣਾ, ਨਾਉਂ ਲੈਣਾ ॥

**ਮਨਾਹੀ,** ਸ਼:—ਰੋਕ, ਬਾਧਾ, ਨਾ ਕਰਨ ਦਾ ਹੁਕਮ ॥

**ਮਨਾਖਾ,** ਵਿ:—ਜੋ ਅੱਖਾਂ ਹੁੰਦਿਆਂ ਵੇਖ ਨਾ ਸੱਕੇ, ਜਿਸ ਦੀ ਨੀਝ ਖਰਾਬ ਹੋ, ਅੰਨ੍ਹਾ ॥

**ਮਨਾਮਨੀ,** ਵਿ:—ਜੋ ਦਿਲੋਂ ਵਿਰੋਧੀ ਹੋਵੇ ॥

**ਮਨਾਮੁਨੀ,** ਪੁ:—ਵੈਰ, ਵਿਰੋਧ, ਕੀਨਾ ॥

**ਮੰਨਿਆ ਦੰਨਿਆ**
**ਮੰਨਿਆ ਪਰਵੰਨਿਆ** } ਵਿ:—ਅਕਲ ਅਤੇ ਨੇਕੀ ਲਈ ਮਸ਼ਹੂਰ, ਜਿਸ ਦਾ ਆਦਰ ਸਭ ਕਰਨ ॥

**ਮਨਿਆਰ,** ਪੁ:—ਸ਼ੀਸ਼ੇ ਦੀਆਂ ਚੀਜ਼ਾਂ ਮੋਤੀ ਖਡਾਉਣੇ ਆਦਿਕ ਵੇਚਣ ਵਾਲਾ ॥

**ਮਨਿਆਰੀ,** ਸ਼:—ਸ਼ੀਸ਼ਾ ਮੋਤੀ ਆਦਿਕ, ਮਨਿ-ਆਰ ਦਾ ਸੌਦਾ ॥

**ਮਨੀ,** ਸ਼:—ਵੀਰਜ, ਰਤਨ, ਹੰਕਾਰ, ਹਉਮੈਂ ॥

**ਮਨੀ ਆਡਰ**
**ਮਨੀ ਆਰਡਰ** } ਪੁ:—ਡਾਕ ਖਾਨੇ ਦੀ ਰਾਹੀਂ ਜੋ ਰਕਮ ਕਿਸੇ ਨੂੰ ਭੇਜੀ ਜਾਵੇ ॥

**ਮੰਨੀ,** ਸ਼:—ਮੋਟੀ ਰੋਟੀ, ਰੋਟੀ ( ਫ਼ਕੀਰਾਂ ਦੀ ਬੋਲੀ ) ॥

**ਮਨੀਟਰ,** ਪੁ:—ਕਿਸੇ ਜਮਾਤ ਦਾ ਮੁਖੀਆ ਮੁੰਡਾ ॥

**ਮਨੀਟਰੀ,** ਸ਼:—ਮਨੀਟਰ ਦਾ ਕੰਮ ਜਾਂ ਹੁੱਦਾ ॥

**ਮਨੁੱਖ**
**ਮਨੁੱਛ** } ਪੁ:—ਆਦਮੀ, ਬੰਦਾ, ਜਣਾ, ਪੁਰਖ, ਮਰਦ ॥

**ਮਨੂਆ,** ਪੁ:—ਮਨ, ਦਿਲ, ਖ਼ਾਤਰ ॥

**ਮਨੂਰ,** ਪੁ:—ਲੋਹੇ ਦੀ ਮੈਲ, ਸੜੀਆਂ ਹੋਈਆਂ ਇੱਟਾਂ ਆਦਿਕਾਂ ਦਾ ਢਿੱਕਾ ॥

**ਮਨੇ**
**ਮਨੇ ਕਰਨਾ** } 'ਮਨਾ' ਵੇਖੋ ॥

Digitized by Panjab Digital Library | www.panjabdigilib.org

**ਮੰਨੋ** / **ਮੰਨੋਂ** } ਸਃ—ਬਿਮਾਰੀ, ਰੋਗ, ਪੀੜ, ਦੁੱਖ ।

**ਮਨੋਹਰ,** ਵਿਃ—ਜੋ ਦਿਲ ਨੂੰ ਖਿੱਚ ਲਏ, ਸੋਹਣਾ, ਬਹੁਤ ਸੁੰਦਰ ॥

**ਮਨੋਰਥ,** ਪੁਃ—ਇੱਛਿਆ, ਪਰੋਜਨ, ਚਾਹ, ਲਾਲਸਾ, ਮਰਜ਼ੀ ॥

**ਮਨੌਤ,** ਸਃ—ਮੰਨਤ, ਮੰਨਣ ਦਾ ਕੰਮ, ਲਿਹਾਜ਼ ॥

**ਮਨੌਤੀ,** ਸਃ—ਦੂਜੇ ਦੀ ਥਾਂ ਆਪ ਰਕਮ ਦੇਣ ਦਾ ਕਰਾਰ ।

**ਮਪਤ,** ਸਃ—ਮਾਪ, ਮਿਣਤੀ ॥

**ਮਬਾਫ,** ਪੁਃ—ਮੁਸਲਮਾਨੀਆਂ ਦੇ ਸਿਰ ਦੇ ਵਾਲ ਪਿੱਛੋਂ ਬੰਨ੍ਹਣ ਵਾਲਾ ਕਪੜੇ ਦਾ ਟੋਟਾ ।

**ਮਮਟੀ** / **ਮੱਮਟੀ** } ਸਃ—ਛੱਤ ਉੱਤੇ ਬਣਿਆ ਹੋਇਆ ਨਿੱਕਾ ਚੁਬਾਰਾ, ਪੌੜੀਆਂ ਦੇ ਉੱਪਰਲੀ ਛੱਤ, ਮੌਟੀ ॥

**ਮਮਤਾ** / **ਮੱਮਤਾ** } ਸਃ—ਮੋਹ, ਉਲਾਦ ਦਾ ਪਿਆਰ, ਆਦਰ, ਲੋਭ, ਅਪਣੱਤ ॥

**ਮੰਮਾ,** ਪੁਃ—'ਮ' ਅੱਖਰ, ਥਣ, ਜਨਾਨੀ ਦੀ ਛਾਤੀ ਵਿਚੋਂ ਦੁੱਧ ਨਿਕਲਣ ਦੀ ਥਾਂ, ਮੁਸਲਮਾਨ ॥

**ਮਮਾਣ,** ਪੁਃ—ਪਰਾਹੁਣਾ, ਜੁਆਈ ।

**ਮਮਾਣੀ,** ਸਃ—ਪਰਾਹੁਣੇ ਦੀ ਖਾਤਰ, ਜ਼ਿਆਫ਼ਤ ।

**ਮਮਿਆਉਣਾ,** ਕ੍ਰਿਃ—ਬਕਰੀ ਜਾਂ ਭੇਡ ਦੇ ਬੱਚੇ ਦਾ ਬੋਲਣਾ, ਚੀਕਣਾ, ਖਿਲਖਿਲਾਉਣਾ, ਫਰਿਆਦ ਕਰਨਾ ॥

**ਮਮਿਆਈ,** ਸਃ—ਮਨੁੱਖ ਦੇ ਸਰੀਰ ਵਿੱਚੋਂ ਕੱਢੀ ਹੋਈ ਇਕ ਦੁਆ ॥

**ਮਮੀਰਾ (ਰਾਂ),** ਪੁਃ—ਸੁਰਮੇ ਵਿੱਚ ਪਾਉਣ ਵਾਲੀ ਇਕ ਦੁਆ ॥

**ਮਮੀਰੀ,** ਸਃ—ਇੱਕ ਪਹਾੜੀ ਬੂਟੀ ॥

**ਮਮੂਲ,** ਪੁਃ—ਦਸਤੂਰ, ਰੀਤ, ਨੇਮ ॥

**ਮਮੂਲੀ,** ਵਿਃ—ਸਧਾਰਣ, ਆਮ ॥

**ਮਮੇਸੀ** ਸਃ—(ਬਹੁਃ) ਬਵਾਸੀਰ ਦਾ ਮਹੁਕਾ ॥

**ਮਮੇਸੀਆ,** ਪੁਃ—ਜਿਸ ਨੂੰ ਬਵਾਸੀਰ ਹੋਵੇ ॥

**ਮਮੋਲਾ,** ਪੁਃ—ਸੋਹਣੀਆਂ ਅੱਖਾਂ ਵਾਲਾ ਇੱਕ ਪੰਛੀ ।

**ਮਮੋਲੀ,** ਸਃ—'ਪੀਲਕ' ਵੇਖੋ, ਮਮੋਲੇ ਦੀ ਮਦੀਨ ॥

**ਮਰਸੀਹਾ,** ਪੁਃ—ਉਹ ਕਵਿਤਾ ਜਿਸ ਵਿੱਚ ਕਿਸੇ ਮੋਏ ਹੋਏ ਜਾਂ ਸ਼ਹੀਦ ਦੇ ਹਾਲ ਦਰਦ ਨਾਲ ਬਿਆਨ ਕੀਤੇ ਹੋਣ, ਹਸਨ ਅਤੇ ਹੁਸੈਨ ਦੇ ਸੋਗ ਦੇ ਗੀਤ (ਪੜ੍ਹਨਾ) ॥

**ਮਰਸੀਹਾ ਖ਼ਾਂ,** ਪੁਃ—ਮਰਸੀਹੇ ਪੜ੍ਹਨ ਵਾਲਾ ॥

**ਮਰਸੀਹਾ ਖ਼ਾਨੀ,** ਸਃ—ਮਰਸੀਹੇ ਪੜ੍ਹਨਾ ॥

**ਮਰਹਮ,** ਸਃ—'ਮਲ੍ਹਮ' ਵੇਖ ॥

**ਮਰਹਾਈ,** ਸਃ—ਇੱਕ ਤਰਾਂ ਦੀ ਗੋਂਦ ॥

**ਮਰਹੋੜ੍ਹਾ,** ਪੁਃ—ਖਤ੍ਰੀਆਂ ਦਾ ਇੱਕ ਗੋਤ ॥

Digitized by Panjab Digital Library | www.panjabdigilib.org

**ਮਰਕੇ,** ਕ੍ਰਿ, ਵਿ:—ਬੜੀ ਔਖ ਹੋਕੇ, ਮਸਾਂ ਮਸਾਂ ॥

**ਮਰਖਾਈ,** ਸ:—ਚੋਰ ਪਕੜਨ ਵਾਲੇ ਨੂੰ ਜੋ ਇਨਾਮ ਮਿਲੇ ॥

**ਮਰਗ,** / **ਮਰਗੜੀ** } ਸ:—ਮੌਤ, ਕਾਲ

**ਮਰਗਾਨ,** ਪੁ:—ਹਰਨ ਦੀ ਖੱਲੜੀ ।

**ਮਰਚ,** ਸ:—'ਮਿਰਚ' ਵੇਖ ।

**ਮਰਜ,** ਸ:—ਰੋਗ, ਬਿਮਾਰੀ ॥

**ਮਰਜੰਗ,** ਪੁ:—ਇੱਕ ਤਰਾਂ ਦਾ ਬਾਜਾ ॥

**ਮਰਜਾਦ,** ਪੁ: / **ਮਰਜਾਦਾ,** ਸ: } ਨੇਮ, ਦਸਤੂਰ, ਰੀਤ, ਪਦਵੀ, ਥਾਂ, ਜੁਗਤ ॥

**ਮਰ ਜਾਣਾ,** ਕ੍ਰਿ:—'ਮਰਨਾ' ਵੇਖੋ ।

**ਮਰਜ਼ੀ,** ਸ:—ਇੱਛਿਆ, ਖੁਸ਼ੀ, ਚੋਣ, ਮਤਲਬ, ਸਲਾਹ ॥

**ਆਪਣੀ ਮਰਜ਼ੀ,** ਕ੍ਰਿ:, ਵਿ:—ਆਪੇ, ਕਿਸੇ ਤੋਂ ਪੁੱਛੇ ਬਿਨਾ ॥

**ਮਰਜ਼ੀ ਮਿਲਣੀ,** ਕ੍ਰਿ:—ਇਕੋ ਰਾਇ ਹੋਣੀ, ਮਰਜ਼ੀ ਮੂਜਬ ਹੋਣਾ ॥

**ਮਰਜੀਉ** / **ਮਰਜੀਊੜਾ** } ਵਿ:—ਸੂਮ, ਕੰਜੂਸ, ਗਰੀਬੀ ਦੀ ਹਾਲਤ ਵਿੱਚ ਰਹਿਣਵਾਲਾ, ਜੋ ਸੁਖ ਦੁਖ ਦੀ ਪਰਵਾਹ ਨ ਕਰੇ, ਜਿਸ ਨੇ ਮਨ ਨੂੰ ਮਾਰ ਲਿਆ ਹੈ, ਸਮੁੰਦਰ ਵਿਚੋਂ ਮੋਤੀ ਕੱਢਣ ਵਾਲਾ ॥

**ਮਰਤਬਾ,** ਪੁ:—ਦਰਜਾ, ਪਦਵੀ, ਹੁੱਦਾ, ਵੇਰੀ, (ਕਈ ਮਰਤਬਾ) ॥

**ਮਰਤਬਾਨ,** ਪੁ:—ਚੌੜੇ ਮੂੰਹ ਅਤੇ ਚੌੜੇ ਢਿੱਡ ਵਾਲਾ ਇਕ ਮਿੱਟੀ ਦਾ ਭਾਂਡਾ ॥

**ਮਰਦ,** ਪੁ: ਪੁਰਸ਼, ਮਨੁੱਖ, ਬਹਾਦਰ, ਜੁਆਨ, ਘਰ ਵਾਲਾ ।

**ਮਰਦ ਮਰਦ ਪਾਣੀ,** ਪੁ:—ਜੋ ਪਾਣੀ ਮਰਦ ਦੇ ਕੱਦ ਜਿੰਨਾ ਡੂੰਘਾ ਹੋਵੇ ॥

**ਮਰਦਾਂ ਹੋ ਮਰਦਾਨ,** ਕ੍ਰਿ:, ਵਿ:—ਨਿਡਰ ਹੋਕੇ, ਸਾਮ੍ਹਣੇ ਆਕੇ ॥

**ਮਰਦਊ,** ਪੁ:, ਸ:—ਬਹਾਦਰੀ, ਦਲੇਰੀ, ਮਨੁੱਖ ਪੁਣਾ ।

**ਮਰਦੰਗ,** ਪੁ:—ਇਕ ਬਾਜਾ, ਤਬਲਿਆਂ ਦੀ ਜੋੜੀ ।

**ਮਰਦੰਗੀ,** / **ਮਰਦੰਗੀਆ** } ਪੁ:—ਮਰਦੰਗ ਬਜਾਉਣ ਵਾਲਾ ॥

**ਮਰਦਨ,** ਪੁ:—ਮਲਣ ਦਾ ਕੰਮ, ਮਾਲਸ਼, ਰਗੜਾ ॥

**ਮਰਦੀ,** ਸ: / **ਮਰਦਾਨਗੀ,** ਸ: } 'ਮਰਦਊ' ਵੇਖੋ ।

**ਮਰਦਾਨਾ** / **ਮਰਦਾਵਾਂ** } ਵਿ:—ਮਰਦਾਂ ਵਾਲਾ, ਮਰਦਾਂ ਦਾ ॥

**ਮਰਦੂਦ,** ਵਿ:—ਨਿਕੰਮਾ, ਭੈੜਾ, ਖਰਾਬ (ਗਾਲੀ)

Digitized by Panjab Digital Library | www.panjabdigilib.org

**ਮਰਨ,** ਪੁ:—ਮੌਤ, ਕਾਲ, ਨਿਰਾਦਰੀ।

**ਮਰਨ ਹਾਰ (ਰਾ)**
**ਮਰਨ ਕਿਨਾਰੇ** } ਵਿ:—ਜਿਸ ਨੇ ਮਰਨਾ ਹੈ, ਮਰਨ ਨੂੰ ਤਿਆਰ।

**ਮਰਨ ਜੋਗ,** ਵਿ:—ਮਰਨ ਵਾਲਾ, ਨਾਸ਼ਮਾਨ॥

**ਮਰਨ ਦੀ ਵਿਹਲ ਨਾਂ ਹੋਣਾ,** ਕ੍ਰਿ:—ਬਹੁਤ ਹੀ ਰੁੱਝੇ ਹੋਏ ਹੋਣਾ॥

**ਮਰਨਾ,** ਕ੍ਰਿ:—ਸਰੀਰ ਛੱਡਣਾ, ਜਿੰਦ ਨਿਕਲਣੀ, ਬਹੁਤ ਚਾਹ ਹੋਣੀ, ਆਸ਼ਕ ਹੋਣਾ; ਦੁੱਖ ਸਹਿਣਾ, ਕੁਮਲਾਉਣਾ, ਹੌਲੇ ਪੈਣਾ, ਮਾਂਦੇ ਰਹਿਣਾ, ਖੇਡ ਵਿੱਚ ਨਕਾਰੇ ਹੋ ਜਾਣਾ।

**ਮਰ ਕੇ ਮਿੱਟੀ ਹੋਣਾ,** ਕ੍ਰਿ:—ਬਹੁਤ ਸ਼ਰਮਿੰਦਾ ਹੋਣਾ॥

**ਮਰਨਾਊ,** ਵਿ:—'ਮਰਨਹਾਰ' ਵੇਖੋ।

**ਮਰ ਪਚਣਾ,** ਕ੍ਰਿ:—ਬਹੁਤ ਮਿਹਨਤ ਕਰਕੇ ਮੁੱਕ ਜਾਣਾ, ਕਾਮ ਜਾਂ ਰੋਗ ਨਾਲ ਸਰੀਰ ਲਿੱਸਾ ਹੋ ਜਾਣਾ॥

**ਮਰਮ,** ਪੁ:—ਭੇਤ, ਗੁੱਝੀ ਗੱਲ, ਅਸਲੀ ਮਤਲਬ॥

**ਮਰੰਮਤ,** ਸ:—ਟੁੱਟਾ ਭੱਜਾ ਬਣਾਉਣਾ, ਪਾਟੇ ਨੂੰ ਸੀਉਣਾ॥

**ਮਰਮਰ,** ਪੁ:—ਇੱਕ ਚਿੱਟਾ ਨਰਮ ਪੱਥਰ॥

**ਮਰਮਰਾਉਣਾ,** ਕ੍ਰਿ:—ਬਾਲ ਜਣਨ ਦਾ ਦੁੱਖ ਸਹਿਣਾ, ਮਰਨਾ॥

**ਮਰਮਰੇ,** ਪੁ:—(ਬਹੁ:) ਦੁੱਖ, ਬੱਚਾ ਜਣਨ ਦੀ ਪੀੜ॥

**ਮਰਲਹ**
**ਮਰਲਾ** } ਪੁ:—ਜ਼ਮੀਨ ਦਾ ਇਕ ਮਾਪ, ਕਨਾਲ ਦਾ ਵੀਹਵਾਂ ਹਿੱਸਾ॥

**ਮਰ ਵੰਞਣਾ,** ਕ੍ਰਿ:—ਮਰ ਜਾਣਾ, ਲੰਘ ਜਾਣਾ॥

**ਮਰਵੱਯਾ,** ਪੁ:—ਮਾਰਨ ਵਾਲਾ, ਜੋ ਜਿੰਦਾਂ ਕੱਢੇ।

**ਮਰਵਾਉਣਾ,** ਕ੍ਰਿ:—ਮਾਰ ਖੁਆਉਣਾ, ਕਟਵਾਉਣਾ, ਜਿੰਦ ਕਢਵਾਉਣਾ, ਔਕੜ ਜਾਂ ਮੁਕੱਦਮੇ ਵਿੱਚ ਫਸਵਾਉਣਾ, ਨੁਕਸਾਨ ਕਰਾਉਣਾ॥

**ਮਰਵਾਈ,** ਸ:—ਮਾਰਨ ਦਾ ਕੰਮ, ਜਾਂ ਮਜੂਰੀ।

**ਮਰਵਾਰ,** ਪੁ:—ਇੱਕ ਚੌੜੇ ਪੱਤਾਂ ਵਾਲੀ ਵੇਲ॥

**ਮਰੜ ਮਰੜ,** ਪੁ:—ਪਸ਼ੂਆਂ ਦੇ ਚਰਨ ਦੀ ਅਵਾਜ਼ (ਚਬਣਾ)॥

**ਮਰਾ,** ਪੁ:, ਵਿ:—ਗੱਲਾਂ ਬਾਤਾਂ ਵਿੱਚ ਵਾਧੂ ਬਚਨ॥

**ਮਰਾਉਣਾ,** ਕ੍ਰਿ:—ਮਾਰਨ ਦਾ ਕੰਮ ਕਰਾਉਣਾ।

**ਮਰਾਈ,** ਸ:—ਮਾਰਨ ਦਾ ਕੰਮ॥

**ਮਰਾਸ,** ਸ:—ਜੱਦੀ ਜਾਇਦਾਦ, ਵਿਰਸਾ, ਵਡੇਰਿਆਂ ਤੋਂ ਜੋ ਮਿਲੇ।

**ਮਰਾਸਣ,** ਸ:
**ਮਰਾਸੀ,** ਪੁ: } ਇਕ ਜਾਤ, ਡੂਮ, ਗਵੱਯਾ॥

**ਮਰਾਕਬਾ,** ਪੁ:—ਰੱਬ ਦੀ ਯਾਦ ਵਿੱਚ ਮਗਨ ਹੋ ਜਾਣਾ (ਮਰਾਕਬੇ ਜਾਣਾ)।

Digitized by Panjab Digital Library | www.panjabdigilib.org

**ਮਰਾਜ,** ਪੁ:—ਮਹਮਦ ਸਾਹਿਬ ਦਾ ਅਸਮਾਨ ਉੱਤੇ ਚੜ੍ਹਨਾ ॥

**ਮਰਾਤਬਾ,** ਪੁ:—'ਮਰਤਬਾ' ਵੇਖੋ ॥

**ਮਰੀ,** ਸ:—ਬਵਾ, ਮੌਤ, ਜਿਸ ਰੋਗ ਨਾਲ ਬਹੁਤ ਮਰਨ (ਪੈਣੀ) ॥

**ਮਰੀਂਡਾ,** ਪੁ:—'ਮਰੂੰਡਾ' ਵੇਖੋ ॥

**ਮਰੁਆਉਣਾ,** ਕ੍ਰਿ:-ਮਾਰਨ ਦਾ ਕੰਮ ਕਰਾਉਣਾ, ਮਰਵਾਉਣਾ।

**ਮਰੂਆ,** ਪੁ:—ਇੱਕ ਖੁਸ਼ਬੋ ਦਾਰ ਬੂਟਾ ਅਤੇ ਉਸ ਦੇ ਫੁੱਲ॥

**ਮਰੂੰਡਾ,** ਪੁ:—ਭੁੱਜੀ ਹੋਈ ਕਣਕ ਆਦਿਕ ਵਿੱਚ ਗੁੜ ਰਲਾਕੇ ਗੋਲਾ ਵੱਟਿਆ ਹੋਇਆ ॥

**ਮਰੇ ਜੀਉੜਾ,** ਵਿ:, ਪੁ:—'ਮਰਜੀਉੜਾ' ਵੇਖੋ।

**ਮਰੋੜ ( ੜਾ ),** ਪੁ:—ਵਲ, ਜੋੜ ਦਾ ਮੁੜ ਜਾਣਾ, ਮਚਕੋੜ, ਵੱਟ, ਢਿੱਡ ਵਿੱਚ ਪੀੜ ਅਤੇ ਘੜੀ ਮੁੜੀ ਪਖਾਨੇ ਦੀ ਹਾਜਤ ॥

**ਮਰੋੜ ਸੁੱਟਣਾ**
**ਮਰੋੜ ਸਿੱਟਣਾ** } ਕ੍ਰਿ:—'ਮਰੋੜਨਾ' ਵੇਖੋ ॥

**ਮਰੋੜ ਫਲੀ,** ਸ:—ਇੱਕ ਝਾੜੀ, ਜਿਸ ਦਾ ਫਲ ਸੂਲ ਲਈ ਗੁਣਕਾਰ ਹੈ ॥

**ਮਰੋੜਨਾ**
**ਮਰੋੜਣਾ** } ਕ੍ਰਿ:—ਫੇਰਨਾ, ਵਲਣਾ, ਵਟ ਪਾਉਣਾ, ਮਚਕੋੜਨਾ, ਘੋਲ ਕਰਨ ਵਿੱਚ ਸਰੀਰ ਨੂੰ ਦੂਹਰਾ ਕਰਨਾ ॥

**ਮਰੋੜਾ,** ਪੁ:
**ਮਰੋੜੀ,** ਸ: } ਦੋ ਰੱਸੀਆਂ ਜਾਂ ਧਾਗਿਆਂ ਨੂੰ ਵੱਟ ਖਲ ਕੇ ਮਿਲਾਉਣਾ, ਘੁੰਡੀ, ਵਲ, ਹੇਰ ਫੇਰ, ਵੈਰ, ਬਦਲਾ ॥

**ਮਲ,** ਪੁ:, ਸ:—ਮੈਲ, ਗੰਦ, ਬਿਸ਼ਟਾ ॥

**ਮੱਲ,** ਪੁ:—ਬਹਾਦਰ, ਬਲਵਾਨ, ਮੋਟਾ ਆਦਮੀ॥

**ਮੱਲ ਮਰੁੱਟਾ,** ਵਿ:-ਜ਼ੋਰਾਵਰ, ਜਬਰ ਦਸਤ, ਢੀਂਗਾ।

**ਮੱਲ ਮਾਰਨਾ,** ਕ੍ਰਿ:—ਕਿਸੇ ਨੂੰ ਨੁਕਸਾਨ ਪੁਚਾਉਣਾ ॥

**ਮਲੱਪ,** ਪੁ:—ਪਖਾਨੇ ਦੇ ਰਾਹ ਨਿਕਲਨ ਵਾਲਾ ਇੱਕ ਕੀੜਾ।

**ਮੱਲ੍ਹਮ,** ਸ:—ਫੋੜੇ ਜਾਂ ਘਾਉ ਤੇ ਲਾਉਣ ਵਾਲੀ ਬੰਧੀ ਦੁਆ ॥

**ਮੱਲ੍ਹਮ ਪੱਟੀ,** ਸ:—ਮੱਲ੍ਹਮ ਆਦਿਕ ਲਾਕੇ ਉੱਪਰ ਪੱਟੀ ਬੰਨਣ ਦਾ ਕੰਮ (ਕਰਨੀ) ॥

**ਮੱਲ੍ਹੜ,** ਪੁ:—ਖੇਤ ਵਿੱਚ ਪਾਉਣ ਵਾਲੀ ਗੰਦਗੀ, ਰੂੜੀ, ਰੇਹ ॥

**ਮਲ੍ਹਾ,** ਪੁ:—ਇੱਕ ਕੰਡਿਆਂ ਵਾਲੀ ਝਾੜੀ, ਜੰਗਲ ਬੇਰ ॥

**ਮਲ੍ਹਾਰ,** ਪੁ:—ਇੱਕ ਬਰਸਾਤ ਦਾ ਰਾਗ, ਚਾਉ, ਖੁਸ਼ੀ ॥

**ਮਲ੍ਹੀ,** ਸ: ਬਸੰਤ ਸਾੜ ਕੇ ਫੁੱਲ ਲਾਈ ਹੋਈ ॥

**ਮਲਕ,** ਪੁ:—ਭੂਮਾਂ ਵਾਲਾ, ਇੱਕ ਤਰਾਂ ਦੇ ਖੜ੍ਹੀਆਂ ਦਾ ਨਾਉਂ, ਮੁਸਲਮਾਨਾਂ ਦਾ ਇੱਕ ਗੋਤ।

Digitized by Panjab Digital Library / www.panjabdigilib.org

**ਮਲਕ ਦਿੱਤੀ,** ਕ੍ਰਿ:, ਵਿ:—'ਮਲਕੜੇ' ਵੇਖੋ ॥

**ਮਲਕਲਾਉਣਾ,** ਕ੍ਰਿ:-ਬੋਲਣ ਲੱਗਿਆਂ ਝੱਕਣਾ, ਮਸਾਂ ਮਸਾਂ ਮੰਨਣਾ, ਜੀ ਕੱਚਾ ਹੋਣਾ॥

**ਮਲਕੜੇ,** ਕ੍ਰਿ:—ਵਿ:—ਹੌਲੀ ਹੌਲੀ, ਆਸਤੇ, ਸਹਿਜੇ ॥

**ਮਲੰਗ,** ਪੁ:—ਲੰਮੇ ਖੁੱਲ੍ਹੇ ਵਾਲਾਂ ਵਾਲਾ ਮੁਸਲਮਾਨ ਫ਼ਕੀਰ, ਬੇ ਪਰਵਾਹ ਮੌਜੀ ਆਦਮੀ॥

**ਮੱਲਗੁਜ਼ਾਰ,** ਸ:—ਅਲਾਕਾ, ਧਰਤੀ ਦਾ ਖਾਸ ਹਿੱਸਾ ॥

**ਮਲੱਟਰੀ,** ਵਿ:—ਫੌਜੀ, ਜੰਗੀ ॥

**ਮੱਲਣਾ,** ਕ੍ਰਿ:—ਕਬਜ਼ਾ ਕਰਨਾ, ਥਾਂ ਰੋਕਣੀ, ਮੌਰਾ ਹੋ ਜਾਣਾ ॥

**ਮੱਲਣੀ,** ਸ:—ਬਹਾਦਰ ਤੀਮਤ, ਮੋਟੀ ਵੱਡੀ॥

**ਮਲਤ,** ਪੁ:—ਘਸਿਆ ਹੋਯਾ ਰੁਪਯਾ ਜਾਂ ਹੋਰ ਸਿੱਕਾ ।

ਵਿ:—ਘਸਿਆ ਹੋਯਾ, ਖੋਟਾ (ਸਿੱਕਾ), ਬੁਰ (ਦਿਲ, ਰਾਹ) ।

**ਮਲਨ,** ਪੁ:—ਚੂੜੀ, ਬਰੀਕ ਕੱਖ, ਖੇਤ੍ਰਿਆ ਹੋਯਾ ਘਾਹ ਜਿਸ ਵਿੱਚ ਮਿੱਟੀ ਮਿਲੀ ਹੋਈ ਹੋਵੇ ॥

**ਮਲਨਾ,** ਕ੍ਰਿ:—ਰਗੜਨਾ, ਘਸਾਉਣਾ, ਫਿਰਨਾ, ਝੱਸਣਾ ॥

**ਮਲਨਾ ਦਲਨਾ,** ਕ੍ਰਿ:—ਚੰਗੀ ਤਰਾਂ ਮਲਨਾ॥

**ਮਲਬਾ,** ਪੁ:—ਲੰਬਰਦਾਰ ਦੇ ਹੱਥ ਪਿੰਡ ਦੇ ਸਾਂਝੇ ਖਰਚ ਦੀ ਰਕਮ, ਢੱਠੇ ਹੋਏ ਘਰ ਦੀ ਮਿੱਟੀ, ਕੂੜਾ ॥

**ਮਲਮ,** ਸ:—'ਮੱਲ੍ਹਮ' ਵੇਖੋ ॥

**ਮਲਮਲ,** ਸ:—ਮਸ਼ਹੂਰ ਬਰੀਕ ਕਪੜਾ ॥

**ਮਲਮਾ (ਮਾਂ),** ਸ:—ਡੰਗਰਾਂ ਦਾ ਇੱਕ ਰੋਗ ॥

ਵਿ:—ਜਿਸ ਤੋਂ ਅਵਾਜ ਨਾ ਨਿਕਲੇ (ਚੱਲਣ ਵਿੱਚ ਪੈਰ), ਸੁੱਕਾ ਅਤੇ ਜਿਨ੍ਹ ਨੂੰ ਮਲਨ ਦੀ ਲੋੜ ਹੋਵੇ (ਪੁਰਾਣਾ ਅਤੇ ਮੋਟਾ ਆਟਾ ਜਾਂ ਉਸ ਦੀ ਰੋਟੀ)॥

**ਮਲਮਾਸ,** ਪੁ:—ਲੌਂਦ ਦਾ ਮਹੀਨਾ॥

**ਮਲਮੇਟ,** ਪੁ:—ਜੋ ਹੋਰਨਾਂ ਦਾ ਹੱਕ ਮਾਰੇ, ਜ਼ਬਰਦਸਤ ॥

**ਮਲਵਈ** ਪੁ:
**ਮਲਵੈਣ (ਨ),** ਸ:
} ਮਾਲਵੇ ਦਾ ਰਹਿਣ ਵਾਲਾ ਜਾਂ ਵਾਲੀ ॥

**ਮਲਵਹੀਆ (ਯਾ),** ਪੁ:—ਮਲਣ ਵਾਲਾ ॥

**ਮਲਵਾ,** ਪੁ:—'ਮਲਬਾ' ਵੇਖੋ॥

**ਮਲਵਾਉਣਾ,** ਕ੍ਰਿ:—ਮਲਣ ਦਾ ਕੰਮ ਕਰਾਉਣਾ ॥

**ਮਲਵਾਈ,** ਸ:—ਮਲਣ ਦਾ ਕੰਮ ਜਾਂ ਮਜੂਰੀ॥

**ਮਲਵਾਣੀ,** ਸ:—ਧੋਣ ਪਾਣ, ਕੌੜੇ ਧੋਣ ਵਾਲੇ ਕਪੜੇ ॥

**ਮਲਾ,** ਪੁ:—ਢੇਰਾ ॥

Digitized by Panjab Digital Library | www.panjabdigilib.org

**ਮਲਾਇਕ,** ਪੁ:-(ਬਹੁ:) ਫਰਿਸ਼ਤੇ ।

**ਮਲਾਈ,** ਸ:—ਕੜ੍ਹੇ ਹੋਏ ਦੁੱਧ ਦੇ ਉੱਪਰਲਾ ਜਮਾਉ ॥

**ਮਲਾਈ ਦੀ ਬਰਫ਼.** ਸ:-ਮਸ਼ੀਨ ਨਾਲ ਜਮਾਇਆ ਹੋਇਆ ਦੁੱਧ ਮਿੱਠਾ ਪਾ ਕੇ ॥

**ਮਲਾਹ,** ਪ:—ਬੇੜੀ ਚਲਾਉਣ ਵਾਲਾ ॥

**ਮਲਾਹੀ,** ਸ:—ਮਲਾਹ ਦਾ ਕੰਮ ਜਾਂ ਮਜੂਰੀ ।

**ਮਲਾਗੀਰ,** ਪੁ:—ਬਦਾਮੀ ਰੰਗ ਦੀ ਇੱਕ ਗਾਉਣ ਵਾਲੀ ਚਿੜੀ ॥

**ਮਲਾਗੀਰੀ,** ਵਿ:—ਮਲਾਗੀਰ ਦੇ ਰੰਗ ਦਾ, ਬਦਾਮੀ ॥

**ਮਲਾਮਤ,** ਸ:—ਲਾਨਤ, ਫਿਟਕਾਰ, ਝਾੜ, (ਕਰਨਾ) ॥

**ਮਲਿਓਹਰਾ,** ਪੁ:—ਵਹੁਟੀ ਜਾਂ ਗਭਰੂ ਦਾ ਮਾਮਾ ॥

**ਮਲੀ,** ਸ:—ਤੇਲ ਦੀ ਮੈਲ, ਇੱਕ ਮੱਛੀ ਦੀ ਕਿਸਮ, ਮਰਨ ਲੱਗੇ ਮਨੁੱਖ ਦਾ ਪਖਾਨਾ ॥

**ਮਲੀਹ,** ਸ:—ਸੁੱਕੇ ਹੋਏ ਗੋਹਿਆਂ ਦੀ ਰਹਿੰਦ ਖੂੰਹਦ ॥

**ਮਲੀਹਦਰ,** ਵਿ:—ਪੈਰਾਂ ਵਿੱਚ ਲਤਾੜਿਆ ਹੋਇਆ, ਜਿਸ ਨੂੰ ਲੋਕ ਬੁਰਾ ਸਮਝਣ।

**ਮਲੀਕ,** ਪੁ:—ਦਸਤਾਂ ਨੂੰ ਰੋਕਣ ਦੀ ਅਤੇ ਜੂਆਂ ਮਾਰਨ ਦੀ ਇੱਕ ਦੁਆ ॥

**ਮਲੀਦਾ,** ਪੁ:—ਚੂਰੀ, ਕਸ਼ਮੀਰੀ ਲੇਲੇ ਦੀ ਉੱਨ ਦਾ ਨਰਮ ਕਪੜਾ ॥
ਵਿ:—ਮਲਿਆ ਹੋਇਆ (ਕਰਨਾ) ॥

**ਮਲੀਨ,** ਵਿ:—ਮੈਲਾ, ਗੰਦਾ, ਧੁੰਧਲਾ ॥

**ਮਲੂਕ,** ਵਿ:, ਪੁ:—ਸੋਹਣਾ, ਨਾਜ਼ਕ, ਬਾਂਕਾ, ਇਕ ਰੁੱਖ ॥

**ਮਲੂਕਣੀ,** ਸ:—ਸੋਹਣੀ ਤੀਮਤ, ਬਾਂਕੀ ॥

**ਮਲੂਮ,** ਵਿ:-ਜਾਣੀ ਹੋਈ ਗੱਲ, ਜੋ ਜ਼ਾਹਰ ਹੈ ।

**ਮਲੇਹਸ,** ਸ:-ਵਹੁਟੀ ਜਾਂ ਗਭਰੂ ਦੀ ਮਾਮੀ ॥

**ਮਲੇਛ,** ਪੁ: } **ਮਲੇਛਣੀ,** ਸ: } ਮੈਲੇ ਅੰਗ, ਖਾਣ ਪਾਣ ਵਿਚ ਜੋ ਸੁੱਚ ਦਾ ਖਿਆਲ ਨਾ ਰੱਖੇ, ਜੋ ਹਿੰਦੂ ਧਰਮ ਨਹੀਂ, ਖਰਾਬ ਆਦਮੀ, ਮੁਸਲਮਾਨ

**ਮਲੇਛ ਭਾਸ਼ਾ,** ਸ:-ਮਲੇਛਾਂ ਦੀ ਬੋਲੀ, ਅਰਬੀ, ਫ਼ਾਰਸੀ ॥

**ਮਲੇਪੰਜ,** ਵਿ:-ਵੱਡੀ ਉਮਰ ਦਾ, ਬੁੱਢਾ(ਘੋੜਾ) ॥

**ਮਲੇਰ ਭਾਈ,** ਪੁ: } **ਮਲੇਰ ਭੈਣ,** ਸ: } ਮਾਮੇ ਦਾ ਪੁੱਤ੍ਰ, ਮਾਮੇ ਦੀ ਧੀ ।

**ਮਲੇਰੀਆ,** ਪੁ:-ਖਰਾਬ ਹਵਾ ਜਿਸ ਤੋਂ ਤਾਪ ਚੜ੍ਹ ਜਾਵੇ, ਮੌਸਮੀ ਬੁਖਾਰ ॥

**ਮੱਲੋ ਮੱਲੀ,** ਕ੍ਰਿ:, ਵਿ:-ਜ਼ੋਰ ਨਾਲ, ਜ਼ਬਰ ਦਸਤੀ, ਧਕੋ ਧਕੀ ॥

**ਮੱਵਾ,** ਪੁ:-'ਮਹੂਆ' ਵੇਖੋ ॥

**ਮਵਾਤ,** ਵਿ:-ਰੋਸ਼ਨੀ, ਰੋਸ਼ਨ ।

Digitized by Panjab Digital Library | www.panjabdigilib.org

**ਮਵਾੜਾ (ੜੀ), ਮਵਾਤਾ (ਤੀ)** } ਪੁ:, ਸ:—ਬਲਦੀ ਬਲਦੀ ਲੱਕੜੀ ਜਾ ਕਖਾ ਦਾ ਮੁੱਠਾ ਆਦਿਕ ॥

**ਮਵਾਤਾ ਲਾਉਣਾ,** ਕ੍ਰਿ:—ਮਵਾਤਾ ਬਾਲਣਾ, ਝਗੜਾ ਪਾਉਣਾ ॥

**ਮਵੇਸ, ਮਵੇਸੀਆਂ** } ਸ:—ਬਵਾਸੀਰ, ਮਮੇਸੀਆਂ ॥

**ਮਵੇਸੀਆ,** ਪੁ:—ਜਿਸ ਨੂੰ ਬਵਾਸੀਰ ਹੈ ।

**ਮੜ੍ਹ,** ਪੁ:—ਮੋਏ ਹੋਏ ਹਿੰਦੂ ਦੀ ਦਾਹਗੀਰੀ ਦੀ ਥਾਂ, ਸਮਾਧ, ਚੰਮ ਆਦਿਕ ਨਾਲ ਮੜ੍ਹਨ ਦਾ ਕੰਮ ॥

**ਮੜ੍ਹਣਾ,** ਕ੍ਰਿ:—ਚੰਮ ਜਾਂ ਸੋਨਾ ਆਦਿਕ ਕਿਸੇ ਚੀਜ਼ ਉੱਤੇ ਚਾੜ੍ਹਨਾ ॥

**ਮੜ੍ਹਵਾਉਣਾ,** ਕ੍ਰਿ:—ਮੜ੍ਹਨ ਦਾ ਕੰਮ ਕਰਾਉਣਾ ॥

**ਮੜ੍ਹ,** ਪੁ:—ਰਣ ਵਿਚ ਤੰਬੂ ਦੀ ਥਾਂ, ਲੋਥ ॥

**ਮੜ੍ਹਾਉਣ,** ਪੁ:—ਚੰਮ ਆਦਿਕ ਨਾਲ ਮੜ੍ਹਨ ਦੀ ਮਜੂਰੀ ।

**ਮੜ੍ਹਾਉਣਾ,** ਕ੍ਰਿ:—ਮੜ੍ਹਨ ਦਾ ਕੰਮ ਕਰਾਉਣਾ ।

**ਮੜ੍ਹਾਈ,** ਸ:—ਮੜ੍ਹਨ ਦਾ ਕੰਮ ਜਾ ਮਜੂਰੀ ॥

**ਮੜ੍ਹੀ,** ਸ:—ਪੱਕੀ ਸਮਾਧ ॥

**ਮੜਕ,** ਸ:—ਗੱਲ ਦਾ ਢਬ ਬੋਲੀ ਦਾ ਗੁੱਝਾ ਅਰਥ, ਨਖਰਾ

**ਮੜਕਣ,** ਸ: ਨਵੀਂ ਜੁੱਤੀ ਦੀ ਚੀਂ ਚੀਂ, ਇੱਕ ਘਾਹ ॥



**ਮੜਕਣਾ,** ਕ੍ਰਿ:—(ਨਵੀਂ ਜੁੱਤੀ ਦਾ) ਚੀਂ ਚੀਂ ਕਰਨਾ, ਚਟਕਣਾ, ਭੀੜ ਪੈ ਕੇ ਟੁੱਟ ਜਾਣਾ (ਕਾਗਜ਼ ਦਾ) ॥

**ਮੜਕਾਉਣਾ,** ਕ੍ਰਿ:—ਮੜਕਣ ਦੇਣਾ, ਕੜਾਕੇ ਦੀ ਅਵਾਜ਼ ਨਾਲ ਭੁੱਜੇ ਹੋਏ ਦਾਣੇ ਚੱਬਣਾ ।

**ਮੜੱਪਣ, ਮੜੱਪੁਣ,** } ਪੁ:—ਸਰੀਰ ਦਾ ਮਾੜਾ ਹੋਣਾ, ਕਮਜ਼ੋਰੀ ਗਰੀਬੀ, ਖਰਾਬੀ ॥

**ਮੜਾਕਾ,** ਪੁ:—ਜੁੱਤੀ ਦੇ ਮੜਕਣ ਦੀ ਜਾਂ ਦਾਣੇ ਚੱਬਣ ਦੀ ਅਵਾਜ਼ (ਮਾਰਨਾ, ਲੈਣਾ) ॥

**ਮੜਿੱਕਣਾ,** ਕ੍ਰਿ:—ਖੇਤ ਵਿੱਚ ਆਪਣਾ ਨਾਉਂ ਬਦਲਣਾ ॥

**ਮੜੀਯਲ, ਮੜੀਅਲ** } ਵਿ:—ਲਿੱਸਾ, ਕਮਜ਼ੋਰ, ਮਾੜਾ ॥

**ਮੜੂਆ,** ਵਿ:—ਰੋਗ ਨਾਲ ਕਮਜ਼ੋਰ, ਬਹੁਤ ਲਿੱਸਾ ॥

**ਮੜੋਲੀ,** ਪੁ:—ਛੋਟਾ ਜੇਹਾ ਮੰਦਰ (ਦੇਉਤੇ ਦਾ) ॥

**ਮੜੋੜਾ, ਮੜੋੜੀ** } ਮਰੋੜਾ' ਮਰੋੜੀ' ਵੇਖੋ ॥

**ਮਾਂ,** ਸ:—ਜਣਨ ਵਾਲੀ, ਪੇਉ ਦੀ ਵਹੁਟੀ, ਮਾਈ, ਅੰਮਾ ।

**ਮਾਂ ਜਾਇਆ,** ਪੁ:—ਸਕਾ ਭਰਾ ॥

**ਮਾਂ ਜਾਈ,** ਸ:—ਸਕੀ ਭੈਣ ॥

**ਮਾਂ ਮਹਿੱਟਰ,** ਵਿ:—ਜਿਸ ਦੀ ਮਾਂ ਨਹੀਂ ਰਹੀ ॥

Digitized by Panjab Digital Library | www.panjabdigilib.org

**ਮਾਇਆ,** ਸ:—ਪਿੰਡ ਜਾਂ ਨਸਾਸਤੇ ਦਾ ਪਾਣੀ ਜੋ ਧੋਤੇ ਜਾਂ ਰੰਗੇ ਹੋਏ ਕਪੜਿਆਂ ਉੱਤੇ ਲਾਕੇ ਕਪੜੇ ਅਕੜਾਉਂਦੇ ਹਨ, ਕਲਫ, ਮਾਯਾ, ਧਨ, ਦੌਲਤ, ਭਰਮ, ਭੁੱਲ, ਛਲ, ਪਰਮੇਸਰ ਦੀ ਸ਼ਕਤੀ ਜਾਂ ਰਚਨਾ, ਕੁਦਰਤ ॥

**ਮਾਇਆ ਰੂਪੀ,** ਵਿ:—ਝੂਠਾ, ਜਿਸ ਵਿੱਚ ਭਰਮ ਜਾਂ ਭੁੱਲ ਹੈ ॥

**ਮਾਈ,** ਸ:—ਮਾਂ, ਸਆਣੀ ਤੀਮਤ, ਮਾਤਾ, ਬੁੱਢੀ ॥

**ਮਾਈ ਡੀਅਰ,** ਪੁ:, ਸ:-(ਸੰਬੋਧਨ)—ਹੇ ਮੇਰੇ (ਰੀ) ਪਿਆਰੇ (ਰੀ) (ਅੰਗ੍ਰੇਜ਼ੀ ਬੋਲੀ) ॥

**ਮਾਈ ਦਾ ਪੁੱਤ (ਲ਼),** ਪੁ:—ਬਹਾਦਰ ਦਰਸ-ਨੀਕ ਮਨੁੱਖ ।

**ਮਾਈ ਬਾਪ,** ਪੁ:—ਸਹਾਰਾ ਦੇਣ ਵਾਲਾ (ਹਜ਼ੂਰ ਮਾਈ ਬਾਪ ਹੋ) ॥

**ਮਾਈਂ,** ਸ:—ਇੱਕ ਤਾਕਤੀ ਖ਼ੁਸ਼ਕ ਦੁਆ ॥

**ਮਾਈਆਂ,** ਸ:—ਵਿਆਹ ਤੋਂ ਕਈ ਦਿਨ ਪਹਿਲੇ ਮੁੰਡੇ ਜਾਂ ਕੁੜੀ ਦੇ ਵਟਨਾ ਮਲਕੇ ਨ੍ਹਾਉਣ ਦੀ ਰੀਤ (ਪੈਣਾ), ਸੱਕੀ ਅਤੇ ਜੌਂਆਂ ਦੇ ਕਰੜੇ ਭੁੰਨੇ ਹੋਏ ਦਾਣੇ ॥

**ਮਾਉਂ**
**ਮਾਊ** } ਸ:—'ਮਾਂ' ਵੇਖੋ ॥

**ਮਾਸ**
**ਮਾਂਸ** } ਪੁ:—ਜੀਆਂ ਦੇ ਪਿੰਡੇ ਦਾ ਨਰਮ ਹਿੱਸਾ, ਗੋਸ਼ਤ ॥

**ਮਾਸ,** ਪੁ:—ਮਹੀਨਾ, ਮਾਹ ॥

**ਮਾਸ਼,** ਪੁ:—'ਮਾਂਹ' ਵੇਖੋ ॥

**ਮਾਸ਼ਕਣ,** ਸ:
**ਮਾਸ਼ਕੀ,** ਪੁ: } ਜੋ ਮਸ਼ਕ ਨਾਲ ਪਾਣੀ ਭਰਨ ਦਾ ਕੰਮ ਕਰੇ ॥

**ਮਾਸਟਰ,** ਪੁ:—ਉਸਤਾਦ, ਪੜ੍ਹਾਉਣ ਜਾਂ ਸਿਖਾਉਣ ਵਾਲਾ ॥

**ਮਾਸਟਰਾਣੀ,** ਸ:—ਉਸਤਾਦਣੀ, ਮਾਸਟਰ ਦੀ ਘਰਵਾਲੀ ॥

**ਮਾਸਟਰੀ,** ਪੁ:—ਮਾਸਟਰ ਦਾ ਕੰਮ, ਪੜ੍ਹਾਉਣਾ ॥

**ਮਾਸੜ,** ਪੁ:—ਮਾਸੀ ਦਾ ਘਰ ਵਾਲਾ, ਮਾਂ ਦਾ ਭਣਵਈਆ

**ਮਾਸਾ,** ਪੁ:—ਅੱਠਾਂ ਰੱਤੀਆਂ ਦੇ ਬਰਾਬਰ ਤੋਲ ॥

**ਮਾਸਾ ਕੁ**
**ਮਾਸਾ ਭਰ** } ਵਿ:—ਬਹੁਤ ਥੋੜੀ (ਚੀਜ਼), ਰਤਾ ਕੁ ॥

**ਕਦੀ ਮਾਸਾ ਕਦੀ ਤੋਲਾ ਹੋਣਾ,** ਕ੍ਰਿ:—ਇੱਕ ਗੱਲ ਤੇ ਕੈਮ ਨਾ ਰਹਿਣਾ ॥

**ਮਾਸ਼ਾ,** ਪੁ:—ਬੰਗਾਲੀ ਬਾਬੂ, 'ਮਾਸ਼ਾ' ਬੀ ਵੇਖੋ ॥

**ਮਾਸ਼ਾ ਅੱਲਾ,** ਵਿਸਮਯ:—ਰੱਬ ਸੁੱਖ ਰੱਖੇ, ਇਹ ਨੂੰ ਨਜ਼ਰ ਨਾ ਲਗੇ॥

**ਮਾਸੀ,** ਸ:—ਮਾਂ ਦੀ ਭੈਣ, ਡਾਇਣ, ਬਿੱਲੀ ॥

**ਮਾਸ਼ੀ,** ਵਿ:—ਮਾਂਹ ਦੀ ਦਾਲਦੇ ਰੰਗ ਦਾ(ਕੱਪੜਾ)॥

**ਮਾਸ਼ੂਕ**
**ਮਾਸ਼ੂਕੀ** } 'ਮਸ਼ੂਕ' 'ਮਸ਼ੂਕੀ' ਵੇਖੋ ॥

**ਮਾਸੋਹਸ,** ਸ:—'ਮਸੋਹਸ' ਵੇਖੋ ॥

Digitized by Panjab Digital Library / www.panjabdigilib.org

**ਮਾਸੋਹੇਰਾ,** ਸ:—'ਮਸਿਓਹਰਾ' ਵੇਖੋ॥

**ਮਾਹ,** ਪੁ:—ਮਾਂਹ, ਮਾਹ॥

**ਮਾਂਹ,** ਪੁ:—ਮਸ਼ਹੂਰ ਅਨਾਜ (ਦਿੰਨ੍ਹਣ ਵਾਲਾ), ਮਾਘ॥

ਅਵ:—ਵਿਚ॥

**ਮਾਂਹਗ**
**ਮਾਂਹਗਾ** } 'ਮਹਿੰਗ' 'ਮਹਿੰਗਾ' ਵੇਖੋ॥

**ਮਾਹਜਾ,** ਪੁ:—'ਮਾਝਾ' ਵੇਖੋ॥

**ਮਾਹਣੂ,** ਪੁ:—ਮਨੁੱਖ, ਪੁਰਸ਼, ਮਰਦ।

**ਮਾਹਤਮ,** ਪੁ:—ਇਕ ਕੌਮ ਜੋ ਸ਼ਿਕਾਰ ਕਰਦੀ ਹੈ ਅਤੇ ਜੰਗਲੀ ਸੂਰ ਖਾਂਦੀ ਹੈ, ਅਤੇ ਛੰਨਾਂ ਵਿਚ ਰਹਿੰਦੀ ਹੈ

**ਮਾਹਰ,** ਵਿ:—ਕਿਸੇ ਗੱਲ ਦਾ ਚੰਗਾ ਜਾਣੂ ਜਾਂ ਵਾਕਫ॥

**ਮਾਹਲ,** ਸ:—ਜਿਸ ਰੱਸੇ ਨਾਲ ਹਲਟ ਦੀਆਂ ਟਿੰਡਾਂ ਬੱਧੀਆਂ ਹੋਈਆਂ ਹੁੰਦੀਆਂ ਹਨ, ਚਰਖੇ ਦੀ ਡੋਰੀ, ਕੰਨਾਂ ਦਾ ਇੱਕ ਰੋਗ॥

**ਮਾਹਲ ਕੰਗਣੀ,** ਸ:—ਇੱਕ ਗਰਮ ਦੁਆ॥

**ਮਾਹਲਾ,** ਪੁ:
**ਮਾਹਲੀ,** ਸ: } ਕੱਟਾ, ਕੱਟੀ, ਮਾਂਹ ਦਾ ਬਚਾ॥

**ਮਾਹਾ (ਹਾਂ)**
**ਮਾਹਿਆਂ** } ਪੁ:—ਇਕ ਕੰਗਣੀ ਬੂਟਾ, ਇਕ ਟਿੱਕਾ ਜੇਹਾ ਗਹਿਣਾ॥

**ਮਾਹਿਓ,** ਵਿ:—ਮਹੀਂ ਦਾ (ਦੁੱਧ, ਮੱਖਣ)॥

**ਮਾਹੀ,** ਪੁ:—ਮਹੀਆਂ ਚਾਰਨ ਵਾਲਾ। ਸੱਜਣ, ਪ੍ਰੀਤਮ॥

**ਮਾਕੜੂ,** ਪੁ:—ਮਾਂਹ ਵਰਗਾ ਇੱਕ ਘਾਹ॥

**ਮਾਖਿਓਂ**
**ਮਾਖੋ** } ਸ਼ਹਿਤ ਜਾਂ ਸ਼ਹਿਤ ਦੀਆਂ ਮੱਖੀਆਂ ਦਾ ਛੱਤਾ॥

**ਮਾਂਗ,** ਸ:—ਸਿਰ ਦੇ ਵਾਲਾਂ ਦੀਆਂ ਪੱਟੀਆਂ ਦੀ ਵਿਚਲੀ ਲੀਕ॥

**ਮਾਂਗਨੂੰ**
**ਮਾਂਗਨੂੰ** } ਪੁ:—ਖਟਮਲ, ਮੰਜੇ ਵਿੱਚ ਪੈਣ ਵਾਲੇ ਕੀੜੇ।

**ਮਾਂਗਾ,** ਪੁ:—ਮੰਗਤਾ, ਫਕੀਰ, ਜੋ ਮੰਗ ਕੇ ਖਾਏ॥

**ਮਾਘ,**
**ਮਾਂਘ** } ਪੁ:—ਹਿੰਦੂਆਂ ਦਾ ਦਸਵਾਂ ਮਹੀਨਾ॥

**ਮਾਚਸ,** ਪੁ:—ਦੀਵਾ ਸਲਾਈ ਦੀ ਡੱਬੀ॥

**ਮਾਛਣ,** ਸ:—ਮੱਛੀਆਂ ਫੜਨ ਵਾਲੀ, ਮਾਛੀ ਦੀ ਤੀਵੀਂ।

**ਮਾਛੀ,** ਪੁ:—ਮੱਛੀਆਂ ਫੜਨ ਵਾਲਾ, ਮਾਸ਼ਕੀ॥

**ਮਾਜਰਾ,** ਪੁ:—ਅਣੋਖਾ ਕਾਂਡ, ਹਾਲ ਹਵਾਲ॥

**ਮਾਂਜਣਾ,** ਕ੍ਰਿ:—ਮਲ ਕੇ ਸਾਫ ਕਰਨਾ (ਭਾਂਡੇ), ਚਮਕਾਉਣਾ, ਲਿਸ਼ਕਾਉਣਾ॥

**ਮਾਂਜਾ,** ਪੁ:, ਸ:—ਜੂਠੇ ਦਾ ਬਹਾਰਾ, ਗਰੀਬ ਆਦਮੀ, ਮਾਂਜਣ ਵਾਲਾ, ਜੋ ਧੂੜਾ ਦੰਦਾਂ ਨੂੰ ਕਾਲਾ ਕਰੇ।

**ਮਾਂਜਾਰ,** ਪੁ:—ਬਾਘੜ ਬਿੱਲਾ॥

Digitized by Panjab Digital Library | www.panjabdigilib.org

**ਮਾਜੂ,** ਪੁ:-ਬੜਾ ਮਰਦ, ਵਾਲ ਕਾਲੇ ਕਰਨ ਦੀ ਇਕ ਦੁਆ ॥

**ਮਾਝ,** ਪੁ:-ਇਕ ਰਾਗ, ਇਕ ਸੁਰ ॥

**ਮਾਂਝ,** ਪੁ:—ਮਾਝ ਰਾਗ, ਇਕ ਛੰਦ ।
ਸ:-ਵਿਚਲਾ ਹਿੱਸਾ ॥
ਅਵ:—ਵਿਚਕਾਰ, ਗੱਭੇ ।

**ਮਾਝਾ / ਮਾਂਝਾ** } ਪੁ: ਪੰਜਾਬ ਦਾ ਵਿਚਲਾ ਹਿੱਸਾ, ਜਿਸ ਚੀਜ਼ ਨਾਲ ਡੋਰਾਂ ਕੱਢਦੇ ਹਨ, ਲੇਵੀ ਵਿਚ ਸ਼ੀਸ਼ੀਆਂ ਕੁੱਟਕੇ ਪਾਈਆਂ ਹੋਈਆਂ ਜਿਸ ਨੂੰ ਪਤੰਗ ਉਡਾਉਣ ਵਾਲੀ ਡੋਰ ਉੱਤੇ ਮਲਦੇ ਹਨ ਕਿ ਪੱਕੀ ਹੋ ਜਾਏ ।
ਵਿ:-ਮੱਝ ਜਾਂ ਮਹਿੰ ਦਾ (ਦੁੱਧ, ਘਿਉ) ॥

**ਮਾਝਾਂ ਸਾਨ੍ਹ,** ਪੁ:-ਮੱਝਾਂ ਗੱਭਣ ਕਰਨ ਵਾਲਾ ਸੰਢਾ ।

**ਮਾਝੀ,** ਪੁ:—ਮੱਝਾਂ ਚਾਰਨ ਵਾਲਾ ॥
ਸ:—ਮੱਝ ਦੀ ਖੱਲ (ਕਮਾ ਕੇ ਰੰਗੀ ਹੋਈ) ।
ਵਿ:—ਮੱਝ ਦਾ ॥

**ਮਾਟਣਾ,** ਵਿ:-ਵਿਚਲੇ ਕਦ ਦਾ (ਨਾ ਵੱਡਾ ਨਾ ਛੋਟਾ)

**ਮਾਟੀ,** ਸ:-ਮਿੱਟੀ (ਕਵਿਤਾ ਵਿੱਚ) ॥

**ਮਾਠੂ,** ਵਿ:-ਵਿਚਲੇ ਕਦ ਦਾ (ਨਿੰਦਾ ਵਾਚਕ) ।

**ਮਾਠੂ ਰੁਲਕੰਦ,** ਪੁ: -ਭੁੱਖਾ ਲੰਦਾ ਬਾਲਕ ।

**ਮਾਂਡ,** ਸ:—ਪਿੰਡ, ਮਾਇਆ, ਸਰੇਸ਼ ॥

**ਮਾਂਡਾ,** ਵਿ:—ਮੇਰਾ ।

**ਮਾਂਡਲ,** ਪੁ:—'ਮੰਡਲ' ਵੇਖੋ ।

**ਮਾਂਢਾ / ਮਾਂਢੀ** } ਵਿ:—ਛੋਟੇ ਕੱਦ ਦਾ, ਬੌਣਾ ।

**ਮਾਣ,** ਪੁ:—ਆਦਰ, ਲਿਹਾਜ਼, ਘਮੰਡ, ਛੰਦਾਂ ਦਾ ਇਕ ਭੇਦ ॥

**ਮਾਣ ਕਰਨਾ,** ਕ੍ਰਿ:—ਘਮੰਡ ਕਰਨਾ, ਆਕੜਨਾ ॥

**ਮਾਣ ਢਾਹੁਣਾ,** ਕ੍ਰਿ:—ਹੰਕਾਰ ਤੋੜਨਾ, ਨਿਰਾਦਰੀ ਕਰਨੀ ।

**ਮਾਣ ਤਾਣ,** ਪੁ:—ਭਰੋਸਾ, ਸਹਾਰਾ, ਆਦਰ ॥

**ਮਾਣ ਰੱਖਣਾ,** ਕ੍ਰਿ:—ਆਦਰ ਜਾਂ ਅਦਬ ਕਰਨਾ

**ਮਾਣਸ,** ਪੁ: —ਮਨੁੱਖ, ਆਦਮੀ, ਪੁਰਖ ।

**ਮਾਣਕ,** ਪੁ:-ਇਕ ਤਰਾਂ ਦਾ ਰਤਨ, ਲਾਲ ।

**ਮਾਣਤਾ,** ਸ:—'ਮੰਨਤਾ' ਵੇਖੋ ॥

**ਮਾਣੀ,** ਸ:—੧੨ ਤੋਂ ੧੬ ਮਣਾਂ ਤੀਕ ਅਨਾਜ ਦਾ ਮਾਪ ॥

**ਮਾਣੂ / ਮਾਣੋ** } ਸ:—ਬਿੱਲੀ ॥

**ਮਾਤ,** ਵਿ:-ਹਾਰਿਆ ਹੋਇਆ, ਮੱਧਮ, ਹੌਲਾ ॥
ਸ: -ਮਾਤਾ ॥

**ਮਾਤ ਗੰਗਾ,** ਸ:—ਗੰਗਾ ਮਾਈ (ਤੀਰਥ) ।

**ਮਾਤ ਪਿਤਾ,** ਪੁ:—ਮਾਪੇ, ਮਾਲਕ, ਸਹਾਈ ॥

Digitized by Panjab Digital Library | www.panjabdigilib.org

**ਮਾਤ ਲੋਕ,** ਪੁ:-ਇਹ ਸੰਸਾਰ (ਪਰਲੋਕ ਨਹੀਂ) ॥

**ਮਾਤਰ, ਮਾਤ੍ਰ,** ਕ੍ਰਿ:, ਵਿ:—ਮਾਪ (ਛਿਨ ਮਾਤ੍ਰ = ਛਿਨ ਭਰ) । ਸ:—ਮਤ੍ਰੇਈ ॥

ਨ ਮਾਤ੍ਰ = ਨਾਂਹ ਨੂੰ ਹੀ ਅਸਲ ਵਿਚ ਨਹੀਂ ॥

**ਮਾਤ੍ਰਾ,** ਪੁ:—ਖ਼ਿਆਲ, ਚੀਜ਼, ਅੰਗ, ਦੁਆ ਦੀ ਖੁਰਾਕ ।

**ਮਾਤ੍ਰਾ ਕੁ,** ਵਿ:—ਰਤਾ ਕੁ, ਬਹੁਤ ਥੋੜਾ ।

**ਮਾਤਾ,** ਸ:—ਮਾਂ, ਦੇਵੀ, ਸੀਤਲਾ, ਮਾਈ, ਸਤ ਗੁਰਾਂ ਦੇ ਮਹਿਲ, ਗੁਰਾਂ ਦੀ ਕੁਲ ਦੀ ਕੋਈ ਇਸਤ੍ਰੀ ॥

**ਮਾਤਾ ਦਾ ਮਾਲ,** ਪੁ:- ਕਿਸੇ ਕੌਮ ਦਾ ਨਾਂ, ਨਕਾਰਾ ॥

**ਮਾਤਾ ਦੇ ਦਾਗ,** ਪੁ:—ਸੀਤਲਾ ਨਿਕਲਨ ਮਗਰੋਂ ਜੋ ਦਾਗ ਰਹਿਨ ॥

**ਮਾਤਾ ਨਿਕਲਣੀ,** ਕ੍ਰਿ:—ਸੀਤਲਾ ਦੇ ਦਾਣੇ ਪਿੰਡੇ ਤੇ ਨਿਕਲਣੇ ॥

**ਮਾਤਾਂ ਪਿਤਾ,** ਪੁ:—ਮਾਪੇ, ਸਹਾਈ, ਮਾਲਕ ॥

**ਮਾਤਾ ਪੂਜਣਾ,** ਕ੍ਰਿ:—'ਫੂਹੀ ਪਾਉਣੀ' ਵੇਖੋ ॥

**ਮਾਂਦਗੀ,** ਸ:—ਰੋਗ, ਥਕੇਵਾਂ, ਗਰੀਬੀ ।

**ਮਾਦਾ,** ਸ:-ਮਦੀਨ, ਜ਼ਨਾਨੀ ਜਾਤ (ਨਰ ਮਾਦਾ) ॥

**ਮਾਦੋਂ,** ਪੁ:-ਹਰ ਸ਼ੈ ਦੀ ਅਸਲ, ਸਮੱਗਰੀ, ਸਮਿਆਨ, ਲਿਆਕਤ ॥

**ਮਾਧੋ,** ਪੁ:—ਪਰਮੇਸ਼ਰ, ਪਰਮਾਤਮਾ ॥

**ਮਾਣਨਾ,** ਕ੍ਰਿ:—ਸੁਖ ਭੋਗਣਾ (ਮੌਜਾਂ, ਖੁਸ਼ੀਆਂ, ਰੰਗ ਆਦਿਕ) ॥

**ਮਾਨਮੀ, ਮਾਨਵੀਂ,** ਸ:— ਚੌਕੀ ਦੇ ਉੱਪਰਲੇ ਟੁਕੜ ਦੀ ਵਿਚਕਾਰਲੀ ਲਕੜੀ ॥

**ਮਾਨੀ,** ਵਿ:-ਜਿਸ ਦਾ ਮਾਨ ਕਰਨਾ ਚਾਹੀਦਾ ਹੈ, ਗੁਣੀ ॥

**ਮਾਨੁਸ,** ਪੁ:—ਮਾਨੁਸ਼, ਮਨੁੱਖ, ਆਦਮੀ, ਪੁਰਖ ॥

**ਮਾਨੂੰ,** ਪੁ:-ਬਾਂਸ ਦੀ ਹਰੀ ਬਲੀ ॥

**ਮਾਨੋ,** ਯੋਜਕ:-ਜਾਣੀਂਦਾ, ਜਿਹਾ ਕਿ, ਜਿਵੇਂ, ਮਿਥ ਲਓ ॥

**ਮਾਪ,** ਪੁ: - ਮਿਣਤੀ, ਨਾਪ, ਮਿਣਨ ਵਾਲਾ ਭਾਂਡਾ ॥

**ਮਾਪਕ,** ਪੁ:—ਮਾਪਣ ਵਾਲਾ, ਧੁੱਪ ਘੜੀ ਦਾ ਕੰਡਾ ॥

**ਮਾਪਣਾ,** ਕ੍ਰਿ: —ਮਿਣਨਾ, ਨਾਪਣਾ, ਵੇਖਣਾ ਭਾਲਣਾ ॥

**ਮਾਪੇ,** ਪੁ:—(ਬਹੁ:) ਮਾਂ ਅਤੇ ਪੇਊ, ਜਨਣੇ ॥

**ਮਾਫ਼,** ਵਿ:-ਖਿਮਾ ਕੀਤਾ ਹੋਇਆ (ਦੋਸ਼), ਛੱਡ ਦਿੱਤਾ ਹੋਇਆ (ਜੁਰਮਾਨਾ), ਜਿਸ ਦਾ ਮਸੂਲ ਨਾ ਲਿਆ ਜਾਵੇ । (ਟੋਲਾ, ਕਰ) ॥

**ਮਾਫ਼ਕ,** ਵਿ: ਮੁਤਾਬਕ, ਮੁਆਫ਼ਕ, ਅਨੁਸਾਰ, ਵਰਗਾ, ਨਾਲ ਮਿਲਦਾ ॥

Digitized by Panjab Digital Library | www.panjabdigilib.org

**ਮਾਫ਼ੀ,** ਸ਼ਃ—ਖਿਮਾ, ਜੁਰਮਾਨਾ ਹਟਾ ਦੇਣਾ, ਮਸੂਲ ਨਾਂ ਲੈਣਾ, ਸਰਕਾਰ ਵੱਲੋਂ ਮਸੂਲ ਲੈਣ ਤੋਂ ਬਿਨਾ ਜ਼ਮੀਨ ਦਾ ਮਿਲਣਾ, ਜਿਸ ਧਰਤੀ ਉੱਤੇ ਮਸੂਲ ਨਹੀਂ ॥

**ਮਾਫ਼ੀ ਹੀਣ ਹਯਾਤ,** ਵਿਃ—ਜਿਸ ਕੋਲੋਂ ਉਸ ਦੀ ਉਮਰ ਭਰ ਜ਼ਮੀਨ ਦਾ ਮਸੂਲ ਨਾਂ ਲਿਆ ਜਾਵੇ ॥

**ਮਾਫ਼ੀ ਦਾਰ,** ਪੁਃ— ਜਿਸਨੂੰ ਮਸੂਲ ਤੋਂ ਬਿਨਾ ਜ਼ਮੀਨ ਮਿਲੀ ਹੋਈ ਹੈ ॥

**ਮਾਮਤਾ,** ਸ਼ਃ—'ਮੌਮਤਾ' ਵੇਖੋ ॥

**ਮਾਮਲਾ,** ਪੁਃ— ਗੱਲ, ਕੰਮ, ਵਿਹਾਰ, ਧਰਤੀ ਦਾ ਮਸੂਲ ॥

**ਮਾਮਲਾ ਪੈਣਾ,** ਕ੍ਰਿਃ—(ਕਿਸੇ ਨਾਲ) ਵਰਤਣ ਦਾ ਮੌਕਾ ਮਿਲਣਾ ॥

**ਮਾਮੌਂ,** ਪੁਃ—ਮਾਂ ਦਾ ਭਰਾ ॥

**ਮਾਮੀ,** ਸ਼ਃ—ਮਾਮੇ ਦੀ ਵਹੁਟੀ, ਮਾਂ ਦੀ ਭਰਜਾਈ ॥

**ਮਾਯਾ,** ਸ਼ਃ—ਮਾਇਆ, ਭਰਮ, ਧਨ, ਦੌਲਤ ॥

**ਮਾਯਾ ਧਾਰੀ**
**ਮਾਯਾ ਵੰਤ** } ਵਿਃ—ਬਖ਼ਤਾਵਰ, ਭਰਮ ਵਿਚ ਪਿਆ ਹੋਯਾ ।

**ਮਾਰ,** ਸ਼ਃ—ਮਾਰਨ ਦਾ ਕੰਮ, ਸੱਟ, ਕੁਟਾਈ, ਸ਼ਿਕਾਰ, ਫੋੜ, ਫੰਧਾ, ਬੁਰਾ ਅਸਰ, ਸਰਾਪ, ਸੱਪ, ਮਾਰਨ ਵਾਲਾ (ਲੀ), ਨਿਸ਼ਾਨ (ਜੀ ਮਾਰ ਨੱਕ) ॥

**ਮਾਰ ਸੱਟਣਾ**
**ਮਾਰ ਸਿੱਟਣਾ**
**ਮਾਰ ਸੁੱਟਣਾ** } ਕ੍ਰਿਃ—ਜਾਨ ਮਾਰਨਾ, ਜਿੰਦ ਕਢ ਲੈਣੀ ॥

**ਮਾਰ ਕੱਢਣਾ,** ਕ੍ਰਿਃ—ਮਾਰ ਕੇ ਬਾਹਰ ਕੱਢ ਦੇਣਾ, ਹਰਾਉਣਾ ॥

**ਮਾਰ ਕੁੱਟ**
**ਮਾਰ ਕੁਟਾਈ** } ਸ਼ਃ—ਲੜਾਈ, ਹੱਥੋ ਪਾਈ ॥

**ਮਾਰ ਕੇ ਮਰਨਾ,** ਕ੍ਰਿਃ—ਵੈਰੀਆਂ ਨੂੰ ਮਾਰਨਾ ਤੇ ਆਪ ਮਰ ਜਾਣਾ ॥

**ਮਾਰ ਖੰਡ,** ਵਿਃ—ਮਾਰਨ ਵਾਲਾ (ਪਸੂ) ।

**ਮਾਰ ਖਾਣੀ,** ਕ੍ਰਿਃ—ਕਿਸੇ ਕੋਲੋਂ ਸਰੀਰ ਕੁਟਾਉਣਾ ॥

**ਮਾਰ ਧਾੜ,** ਸ਼ਃ—ਲੁੱਟ, ਡਾਕਾ ।

**ਮਾਰ ਪੈਣੀ,** ਸ਼ਃ—ਕਿਸੇ ਦਾ ਸਰੀਰ ਕੁੱਟਿਆ ਜਾਣਾ ।

**ਮਾਰ ਬੈਠਣਾ,** ਕ੍ਰਿਃ—ਭੁੱਲ ਕੇ ਜਾਂ ਕਾਹਲੀ ਵਿਚ ਮਾਰਨਾ ॥

**ਮਾਰ ਰੱਖਣਾ,** ਕ੍ਰਿਃ—ਕਿਸੇ ਦਾ ਹੱਕ ਵੇਲੇ ਸਿਰ ਨਾ ਦੇਣਾ ॥

**ਮਾਰ ਲੈਣਾ,** ਕ੍ਰਿਃ—ਕਿਸੇ ਦਾ ਹੱਕ ਆਪ ਰੱਖ ਲੈਣਾ ॥

**ਮਾਰ ਵੱਗਣੀ,** ਕ੍ਰਿਃ—ਮੌਤ ਮਾਰੀ ਜਾਣੀ, ਸਰਾਪ ਲੱਗਣਾ ॥

Digitized by Panjab Digital Library / www.panjabdigilib.org

**ਮਾਰਕਾਟ** } **ਮਾਰਕਾ** } ਪੁਃ—ਲੜਾਈ, ਧਾਵਾ ॥

**ਮਾਰਕਾ,** ਪੁਃ—ਨਿਸ਼ਾਨ (ਹੱਥੀ ਮਾਰਕਾ ਕਲਮ ਤਰ)।

**ਮਾਰਕੀਟ,** ਸਃ—ਬਜਾਰ, ਚੌਂਕ, ਅੰਗ੍ਰੇਜ਼ੀ ਢੰਗ ਦੀ ਮੰਡੀ ॥

**ਮਾਰਕੀਨ,** ਸਃ—ਇੱਕ ਮੋਟਾ ਕਪੜਾ, ਕੋਰਾ ਲੱਠਾ ।

**ਮਾਰਖੋਰਾ,** ਸਃ—ਇੱਕ ਤਰਾਂ ਦੀ ਜੰਗਲੀ ਬੱਕਰੀ ॥

**ਮਾਰਗ,** ਪੁਃ—ਰਸਤਾ, ਸੜਕ, ਪੰਥ, ਧਰਮ ॥

**ਮਾਰਚ,** ਪੁਃ—ਅੰਗ੍ਰੇਜ਼ੀ ਸਾਲ ਦਾ ਤੀਜਾ ਮਹੀਨਾ ॥

**ਮਾਰਨਾ** } **ਮਾਰਨੀ** } ਕ੍ਰਿਃ—ਜਿੰਦ ਕੱਢਣਾ, ਕੁੱਟਣਾ, ਸਜ਼ਾ ਦੇਣੀ, ਜ਼ੋਰ ਨਾਲ ਸਿੱਟਣਾ ਬਰਬਾਦ ਜਾਂ ਨਿਕੰਮਾ ਕਰਨਾ, ਹਟਾਉਣਾ, ਰੋਕਣਾ ( ਭੁੱਖ ਤੇਹ ), ਪਕੜਨਾ (ਸ਼ਿਕਾਰ), ਭੋੜਨਾ (ਬੂਹਾ), ਠਗਣਾ, ਲੁੱਟਣਾ (ਰੀਝ), ਜਾਦੂ ਕਰਨਾ (ਮੰਤ੍ਰ), ਚਲਾਉਣਾ ( ਤੀਰ, ਗੋਲੀ ), ਦੂਜੇ ਦਾ ਹੱਕ ਆਪ ਰੱਖ ਲੈਣਾ, ਧਾਤਾਂ ਦਾ ਕੁਸ਼ਤਾ ਕਰਨਾ ॥

**ਮਾਰਫਤ,** ਅਵਃ—ਰਾਹੀਂ, ਵਸੀਲੇ, ਕਰਕੇ, ਵੱਲੋਂ

**ਮਾਰਵਾ,** ਪੁਃ—ਇੱਕ ਰਾਗ ॥

**ਮਾਰਵਾੜ,** ਪੁਃ—ਪੰਜਾਬ ਦੇ ਦੱਖਣ ਵੱਲ ਇੱਕ ਦੇਸ ।

**ਮਾਰਵਾੜੀ,** ਪੁਃ—ਮਾਰਵਾੜ ਦਾ ਰਹਿਣ ਵਾਲਾ ॥

**ਮਾਰੀ ਦਿਆਂ,** ਕ੍ਰਿਃ, ਵਿਃ—ਲਚਾਰ ਹੋਕੇ, ਬੱਝ ਕੇ ॥

**ਮਾਰੀਦਾ,** ਵਿਃ—ਲਚਾਰ, ਸਖਤ ਹਾਲਤ ਵਿੱਚ ॥

**ਮਾਰੂ,** ਵਿਃ—ਮੀਂਹ ਦੇ ਪਾਣੀ ਨਾਲ ਤਰ ਹੋਣ ਵਾਲੀ (ਧਰਤੀ), ਕੰਮ ਨੂੰ ਤਕੜਾ (ਮਨੁਖ, ਬਲਦ ਆਦਿਕ) ॥

ਪੁਃ—ਇੱਕ ਰਾਗ, ਧੌਂਸਾ, ਮਾਰਨ ਵਾਲਾ, ਇੱਕ ਰੁੱਖ ॥

**ਮਾਰੇ,** ਕ੍ਰਿਃ, ਵਿਃ—ਵਾਸਤੇ, ਕਰਕੇ, ਖਾਤਰ, ਸਬੱਬ ਤੋਂ ॥

**ਮਾਰੋ ਮਾਰ,** ਸਃ—ਜਬਰ ਦਸਤੀ, ਤੇਜੀ, ਜ਼ੋਰਾ-ਵਰੀ ॥

ਵਿਃ—ਬਹੁਤ ॥

**ਮਾਲ,** ਪੁਃ—ਧਨ, ਦੌਲਤ, ਲਵੇਰਾ, ਡੰਗਰ, ਚੰਗੇ ਚੋਖੇ ॥

**ਮਾਲ ਉਡਾਉਣਾਂ,** ਕ੍ਰਿਃ—ਚੰਗੇ ਚੋਂਸਿਆਂ ਉੱਤੇ ਰੁਪਯਾ ਖਰਚ ਕਰਨਾ ॥

**ਮਾਲ ਦਾਰ** } **ਮਾਲ ਵਾਲਾ** } ਵਿਃ—ਜਿਸ ਦੇ ਪਾਸ ਬਹੁਤ ਮਾਲ ਹੈ ॥

**ਮਾਲ ਮਤਾ,** ਪੁਃ—ਮਾਲ ਅਸਬਾਬ, ਚੀਜ਼ ਵਸਤ ॥

**ਮਾਲ ਮਾਰਨਾ,** ਕ੍ਰਿਃ—ਚੁਰਾਉਣਾ, ਧੋਖੇ ਨਾਲ ਲੈਣਾ ।

**ਮਾਲ ਵਕਫ,** ਪੁਃ—ਧਰਮ ਅਰਥ ਆਇਣ ਵਾਲੀ ਚੀਜ਼ ॥

Digitized by Panjab Digital Library | www.panjabdigilib.org

**ਮਾਲਸ਼,** ਸਃ—ਮਲਣ ਦਾ ਕੰਮ, ਪਿੰਡੇ ਉੱਤੇ ਤੇਲ ਮਲਣਾ ॥

**ਮਾਲ੍ਹ,** ਸਃ—'ਮਾਹਲ' ਵੇਖੋ ॥

**ਮਾਲ੍ਹ ਪੂੜਾ,** ਪੁਃ—ਇਕ ਤਰਾਂ ਦਾ ਮੈਦਾ ਪੂੜਾ ॥

**ਮਾਲ੍ਹਾ,** ਪੁਃ—ਸੰਢਾ, ਝੋਟਾ ॥

**ਮਾਲ ਕੰਗਣੀ,** ਸਃ—ਇੱਕ ਗਰਮ ਦੁਆ ॥

**ਮਾਲਕ,** ਪੁਃ—ਜਿਸ ਦੀ ਕੋਈ ਸ਼ੈ ਹੋਵੇ ਉਹ ਉਸ ਦਾ ਮਾਲਕ ਹੈ, ਖੌਂਦ, ਖਸਮ, ਸਾਈਂ, ਹਾਕਮ, ਪਰਮੇਸਰ (ਹੋਣਾ, ਕਰਨਾ) ॥

**ਮਾਲਕ ਮਕਾਨ,** ਪੁਃ—ਜਿਸ ਦਾ ਘਰ ਹੈ, ਜੋ ਆਪਣਾ ਘਰ ਕਿਸੇ ਨੂੰ ਕਿਰਾਏ ਦੇਵੇ ॥

**ਮਾਲਕਣੀ,** ਸਃ—ਜਿਸ ਤੀਮਤ ਦੀ ਕੋਈ ਚੀਜ ਹੈ, ਮਾਲਕ ਦੀ ਵਹੁਟੀ ॥

**ਮਾਲਜ਼ਾਦਾ,** ਪੁਃ—ਮਾਲਕੀ ਦਾ ਹੱਕ, ਜੋ ਰਕਮ ਜ਼ਿਮੀਂਦਾਰ ਮਹੀਨੇ ਜਾਂ ਵਰ੍ਹੇ ਪਿੱਛੋਂ ਮਾਲਕ ਨੂੰ ਦੇਵੇ ॥

**ਮਾਲਕੀ,** ਸਃ—ਮਾਲਕ ਹੋਣ ਦਾ ਦਰਜਾ, ਸਰਦਾਰੀ ।

**ਮਾਲਕੀਅਤ,** ਸਃ—ਮਾਲਕੀ, ਜਾਇਦਾਦ ਦਾ ਹੱਕ, ਆਪਣੀ ਜ਼ਮੀਨ ॥

**ਮਾਲਕੌਂਸ**<br>**ਮਾਲਕੌਂਸ** } ਪੁਃ ਇੱਕ ਰਾਗ ।

**ਮਾਲ ਗੁਜ਼ਾਰੀ,** ਸਃ—ਧਰਤੀ ਦਾ ਮਸੂਲ, ਮਾਮਲਾ ॥

**ਮਾਲਣ,** ਸਃ—ਮਾਲੀ ਦੀ ਤੀਮਤ, ਇੱਕ ਛੋਟੀ ਜ਼ਾਤੀ ।

**ਮਾਲਤੀ,** ਸਃ—ਇੱਕ ਚਿੱਟਾ ਖੁਸ਼ਬੂਦਾਰ ਫੁੱਲ ॥

**ਮਾਲਤੇ,** ਪੁਃ—ਇੱਕ ਫੁੱਲ ਜਿਸ ਦਾ ਅਤਰ ਨਿਕਲਦਾ ਹੈ ।

**ਮਾਲਮ,** ਵਿਃ—'ਮਲੂਮ' ਵੇਖੋ ॥

**ਮਾਲਵਾ,** ਪੁਃ—ਪੰਜਾਬ ਦੇ ਜਿਸ ਅਲਾਕੇ ਵਿੱਚ ਲੁਦੇਹਾਣੇ ਅਤੇ ਫੀਰੋਜ਼ਪੁਰ ਦੇ ਜ਼ਿਲੇ ਅਤੇ ਪਟਿਆਲਾ ਨਾਭਾ ਜੀਂਦ ਅਤੇ ਫ਼ਰੀਦ ਕੋਟ ਦੀਆਂ ਰਿਆਸਤਾਂ ਹਨ ॥

**ਮਾਲਾ,** ਸਃ—ਜਿਸ ਧਾਗੇ ਵਿੱਚ ਮਣਕੇ ਪਰੋਏ ਹਨ, ਕੰਠਾ, ਹਾਰ ।

**ਮਾਲਾ ਜਪਣੀ ਜਾਂ ਫੇਰਨੀ,** ਕ੍ਰਿਃ—ਆਪਣੇ ਇਸ਼ਟ ਦੇਵ ਦਾ ਨਾਉਂ ਮੂੰਹ ਵਿੱਚ ਲੈਕੇ ਮਾਲਾ ਦੇ ਮਣਕੇ ਗਿਣਨਾ ॥

**ਮਾਲਾਮਾਲ,** ਵਿਃ—ਧਨ ਨਾਲ ਭਰਪੂਰ ॥

**ਮਾਲਿਕ,** ਪੁਃ—'ਮਾਲਕ' ਵੇਖੋ ॥

**ਮਾਲੀ,** ਪੁਃ—ਬਾਗਬਾਨ, ਫੁਲੇਰਾ, ਬਲਵਾਨ, ਆਸ਼ਕ, ਮੱਝਾਂ ਗਾਂਵਾਂ ਚਰਨ ਵਾਲਾ ਮੁੰਡਾ ।

ਸਃ—ਕੁਸ਼ਤੀ ਵਿੱਚ ਢਾਹੁਣ ਵਾਲੇ ਬਲਵਾਨ ਦਾ ਇਨਾਮ ॥

ਵਿਃ—ਦੌੜਾ ਭਾਰਾ ( ਮਾਲੀ ਚੋਰ ) ॥

**ਮਾਲੂਮ,** ਵਿਃ—'ਮਲੂਮ' ਵੇਖੋ ॥

Digitized by Panjab Digital Library / www.panjabdigilib.org

**ਮਾਵਾ,** ਪੁ: ਮਾਯਾ, ਕਲਫ, ਦੁੱਧ ਬਹੁਤ ਕਾੜ੍ਹ ਕੇ ਸੁਕਾਯਾ ਹੋਯਾ, ਮਠਿਆਈ ਦੀ ਸਮਗਰੀ, ਸਾਰ, ਦੁਆ ਜਾਂ ਅਮਲ ਦੀ ਇੱਕ ਖੁਰਾਕ ॥

**ਮਾੜਾ** / **ਮਾੜੀ** } ਵਿ:—ਲਿੱਸਾ, ਕਮਜ਼ੋਰ, ਬੁਰਾ, ਨਿਕੰਮਾ, ਥੋੜਾ, ਵਿਰਲਾ ॥

**ਮਾੜਾ ਸਮਾਂ,** ਪੁ:—ਜਦੋਂ ਕਾਲ ਪਿਆ ਹੋਵੇ ॥

**ਮਾੜਾ ਧੀੜਾ,** ਵਿ:—ਗਰੀਬ, ਅਨਾਥ, ਨਿਮਾਣਾ ॥

**ਮਾੜਾ ਮਾੜਾ,** ਵਿ:—ਛੋਟਾ, ਥੋੜਾ, ਹੌਲਾ ॥

**ਮਾੜਾ ਮੋਟਾ,** ਵਿ:—ਹਲਕੇ ਮੁੱਲ ਦਾ, ਸਸਤਾ (ਕਪੜਾ) ।

**ਮਾੜੀ,** ਸ:—ਉੱਚਾ ਘਰ, ਹਵੇਲੀ ਅਟਾਰੀ ॥

**ਮਾੜੂ,** ਵਿ:—'ਮੜੂਆ' ਵੇਖੋ

**ਮਿਆਉਂ,** ਸ:—ਬਿੱਲੀ ਦੀ ਬੋਲੀ ॥

**ਮਿਆਉਣਾ,** ਕ੍ਰਿ:—ਬਿੱਲੀ ਦਾ ਬੋਲਣਾ ।

**ਮਿਆਨ,** ਸ:—ਤਲਵਾਰ ਆਦਿਕ ਦਾ ਰਖਣਾ, ਵਿਚਲਾ ਹਿੱਸਾ, ਗੱਭਾ ॥

**ਮਿਆਨ ਭਾਈ,** ਪੁ:—ਜਿਨ੍ਹਾਂ ਦੋਹਾਂ ਭਰਾਵਾਂ ਦੀ ਇਕ ਰੰਨ ਹੋ ॥

**ਮਿਆਦ,** ਸ:—ਠਹਿਰਾਇਆ ਹੋਯਾ ਵੇਲਾ, ਖਾਸ ਵਕਤ ॥

**ਮਿਆਦੀ,** ਵਿ:—ਜਿਸ ਦਾ ਵੇਲਾ ਠਹਿਰਾਯਾ ਹੋਯਾ ਹੈ ॥

**ਮਿਆਨਾ,** ਪੁ:—ਪਾਲਕੀ, ਡੋਲੀ, ਪੀਨਸ । ਵਿ:—ਵਿਚਕਾਰਲਾ ॥

**ਮਿਆਨੀ,** ਸ:—ਪਜਾਮੇ ਦੀਆਂ ਲੱਤਾਂ ਦੇ ਵਿਚਕਾਰਲੀ ਥਾਂ ॥ ਵਿ:—ਵਿਚਕਾਰਲੀ ॥

**ਮਿਆਨੇ,** ਅਵ:—ਵਿਚਕਾਰ, ਗੱਭੇ ॥

**ਮਿਉਨਿਸਿਪਲ ਕਮੇਟੀ,** ਸ:—ਸ਼ਹਿਰ ਦਾ ਬੰਦੋਬਸਤ ਕਰਨ ਵਾਲੀ ਕਮੇਟੀ ॥

**ਮਿਉਨਿਸਿਪਲ ਕਮਿਸ਼ਨਰ,** ਪੁ:—ਮਿਉਨਿਸਿਪਲ ਕਮੇਟੀ ਦਾ ਮਿੰਬਰ ॥

**ਮਿਸ,** ਪੁ:—ਬਹਾਨਾ ॥ ਸ:—ਕੁਆਰੀ ਮੇਮ (ਮਿਸ ਸਾਹਿਬ) ।

**ਮਿੱਸ,** ਸ:—ਮਟਰ ਮਾਂਹ ਛੋਲੇ ਆਦਿਕ ਅਨਾਜ, ਦੋ ਜਾਂ ਵਧੀਕ ਅਨਾਜ ਮਿਲੇ ਹੋਏ ॥

**ਮਿੱਸ ਤ੍ਰਿੱਸ** / **ਮਿੱਸ ਤਿੱਸ** / **ਮਿੱਸ ਪਿੱਸ** } ਸ:—ਕਣਕ ਛੁੱਟ ਹੋਰ ਅਨਾਜ, ਮਿਲੇ ਹੋਏ ਅਨਾਜ ॥

**ਮਿਸਟਰ,** ਵਿ:—ਸਾਹਿਬ ਲੋਕਾਂ ਦੇ ਨਾਉਂ ਅੱਗੇ ਆਉਣ ਵਾਲਾ ਆਦਰ ਦਾ ਬਚਨ ॥

**ਮਿਸ਼ਟਾਨ,** ਪੁ:—ਮਿੱਠਾ, ਮਠਿਆਈ ॥

**ਮਿਸਤਰ,** ਸ:—ਲਕੀਰਾਂ ਸਿੱਧੀਆਂ ਪਾਉਣ ਵਾਲਾ ਗੱਤਾ ਜਿਸ ਉੱਤੇ ਡੋਰਾਂ ਤਣੀਆਂ ਹੁੰਦੀਆਂ ਹਨ ॥

**ਮਿਸਤਰੀ** / **ਮਿਸਤ੍ਰੀ** } ਪੁ:—ਵੱਡਾ ਕਾਰੀਗਰ ਤਰਖਾਣ ਜਾਂ ਰਾਜ ॥

**ਮਿਸਤ੍ਰੀ ਖਾਨਾ,** ਪੁ:—ਕਾਰਖਾਨਾ ॥

Digitized by Panjab Digital Library | www.panjabdigilib.org

**ਮਿਸ਼ਨ,** ਪੁ:—ਭੇਜੇ ਹੋਏ ਪ੍ਰਚਾਰਕਾਂ ਦਾ ਕੱਠ ਜਾਂ ਅਸਥਾਨ ਜਾਂ ਪਰੋਜਨ ॥

**ਮਿਸ਼ਨਰੀ,** ਪੁ:-ਭੇਜਿਆ ਹੋਯਾ ਉਪਦੇਸ਼ਕ ਜਾਂ ਪਾਦਰੀ ॥

**ਮਿਸਰ, ਮਿੱਸਰ** } ਪੁ:-ਬ੍ਰਾਹਮਣ, ਪਾਣੀ ਭਰਨ ਵਾਲਾ ਬ੍ਰਾਹਮਣ, ਇੱਕ ਦੇਸ ।

**ਮਿਸਰਾਈ,** ਸ:—ਮਿਸਰ ਦਾ ਕੰਮ ਜਾਂ ਮਜੂਰੀ ॥

**ਮਿਸਰਾਣੀ,** ਸ:-ਮਿਸਰ ਦੀ ਵਹੁਟੀ,ਬ੍ਰਾਹਮਣੀ ॥

**ਮਿਸਰੀ,** ਸ:—ਸਾਫ਼ ਕੀਤੀ ਹੋਈ ਖੰਡ ਨੂੰ ਜਮਾ ਕੇ ਟਿੱਕੀਆਂ ਆਦਿਕ ਬਣਾਈਆਂ ਹੋਈਆਂ ॥

**ਮਿਸਰੀ ਦਾ ਕੁੱਜਾ ( ਕੂਜ਼ਾ ),** ਪੁ:—ਪਿਆਲੀ ਦੀ ਸ਼ਕਲ ਦੀ ਮਿਸਰੀ ॥

**ਮਿਸਲ,** ਸ:—ਸਰਦਾਰ ਜਾਂ ਹਾਕਮ ਦੀ ਅਧੀਨਗੀ, ਕਿਸੇ ਮਾਮਲੇ ਦੇ ਸਾਰੇ ਕਾਗਜ਼ਾਂ ਦਾ ਕੱਠ, ਸਿੱਖ ਸਰਦਾਰਾਂ ਦੇ ਜੱਥੇ (ਫੂਲਕੀਆਂ, ਆਦਿਕ) ॥

**ਮਿਸਲ ਦਾਰ,** ਪੁ:—ਸਰਦਾਰ ਜਾਂ ਛੋਟਾ ਹਾਕਮ (ਰਾਜੇ ਦੇ ਥੱਲੇ) ॥

**ਮਿਸਵਾਕ,** ਸ:—'ਮਸਵਾਕ' ਵੇਖੋ ॥

**ਮਿੱਸਾ, ਮਿੱਸੀ** } ਵਿ:—ਕਣਕ ਛੁੱਟ ਹੋਰ ਅਨਾਜ ਦਾ, ਮਿਲੇ ਹੋਏ ਅਨਾਜਾਂ ਦਾ, (ਰੋਟੀ, ਟੁਕਰ ਆਦਿਕ), ਤਾਂਬੇ ਦਾ (ਭਾਂਡਾ) ॥

**ਮਿੱਸਾਤਿੱਸਾ (ਤ੍ਰਿੱਸਾ), ਮਿੱਸਾ ਪਿੱਸਾ** } ਵਿ:-ਮਿੱਸ ਖਿੱਸ ਦਾ ॥

**ਮਿੱਸੀ,** ਸ:—ਤਾਂਬਾ, ਰਤਲੀ ਧਰਤੀ, ਦੰਦ ਕਾਲੇ ਕਰਨ ਦਾ ਧੂੜਾ ॥
ਵਿ:—ਮਿਲੇ ਹੋਏ ਅਨਾਜਾਂ ਦੀ (ਰੋਟੀ) ॥

**ਮਿੱਸੀ ਬਾਵਾ,** ਪੁ:—ਅੰਗ੍ਰੇਜ਼ਾਂ ਦਾ ਛੋਟਾ ਬੱਚਾ ॥

**ਮਿਹਣਾ,** ਪੁ:-'ਮੇਹਣਾ' ਵੇਖੋ ॥

**ਮਿਹਤਰ,** ਪੁ:—ਚੂਹੜਾ, ਕਮਿਆਰ। ਕਿਸੇ ਜਾਤ ਦਾ ਪੈਂਚ ॥

**ਮਿਹਤਰਣੀ, ਮਿਹਤਰਾਣੀ** } ਸ:—ਚੂਹੜੀ, ਕਮਿਆਰੀ।

**ਮਿਹਤਰੀ,** ਸ:—ਮਿਹਤਰ ਦਾ ਕੰਮ ॥

**ਮਿਹਨਤ,** ਸ:—ਜ਼ੋਰ ਲਾਕੇ ਜਾਂ ਦਿਲ ਦੇਕੇ ਕੰਮ ਕਰਨਾ, ਖੇਚਲ, ਜਤਨ, ਕਾਰ ਵਿਹਾਰ, ਪਰਵਾਹ, ਮਜੂਰੀ ॥

**ਮਿਹਨਤ ਮਜੂਰੀ,** ਸ:—ਹੱਥ ਦਾ ਕੰਮ, ਦਿਹਾੜੀ ॥

**ਮਿਹਨਤ ਬਰ (ਵਰ) ਆਉਣਾ,** ਕ੍ਰਿ:—ਮਿਹਨਤ ਦਾ ਫਲ ਮਿਲ ਜਾਣਾ ॥

**ਮਿਹਨਤਾਨਾ,** ਪੁ:—ਕੰਮ ਦੇ ਬਦਲੇ ਜੋ ਰਕਮ ਮਿਲੇ, ਮਜੂਰੀ ॥

**ਮਿਹਨਤੀ,** ਵਿ:, ਪੁ:—ਮਿਹਨਤ ਕਰਨਵਾਲਾ, ਮਜੂਰ ॥

**ਮਿਹਰ,** ਸ:—ਦਯਾ, ਕਿਰਪਾ, ਤਰਸ, ਫ਼ਜ਼ਲ, ਮਾਤਾ ਦਾ ਰੋਗ ॥

**ਮਿਹਰਬਾਨ, ਮਿਹਰ ਵਾਣ** } ਵਿ:—ਮਿਹਰ ਕਰਨ ਵਾਲਾ, ਦੋਸਤ, ਸੱਜਣ ॥

Digitized by Panjab Digital Library / www.panjabdigilib.org

**ਮਿਹਰ ਬਾਣਗੀ (ਬਾਣੀ), ਮਿਹਰ ਵਾਣਗੀ (ਵਾਣੀ),** ਸਃ—ਦਯਾ, ਕਰਮ, ਮਿਹਰ (ਕਰਨੀ)।

**ਮਿਹਰੰਮਤ,** ਸਃ—ਕਰਮ, ਮਿਹਰ, ਦਯਾ॥

**ਮਿਹਰੀ,** ਸਃ, ਵਿਃ—ਤੀਵੀਂ, ਮਹਿਰੀ, ਖੁੱਲ੍ਹੀ ਛੱਡੀ ਹੋਈ ਗਊ।

**ਮਿਹਰੂ,** ਵਿਃ, ਪੁਃ—ਮਹੀਂ ਦਾ॥

**ਮਿਹਲਣਾ,** ਕ੍ਰਿਃ—ਸੁਖ ਭੋਗਣਾ, ਖੁਸ਼ੀ ਨਾਲ ਰਹਿਣਾ।

**ਮਿਹੜ,** ਸਃ—'ਮੇਹੜ' ਵੇਖੋ॥

**ਮਿੱਕਣਾ,** ਕ੍ਰਿਃ—ਖੇਡ ਵਿੱਚ ਓਲ੍ਹੇ ਹੋਕੇ ਆਪਣਾ ਨਾਵੇਂ ਵਟਾ ਲੈਣਾ॥

**ਮਿਕਦਾਰ,** ਸਃ—ਜਿੰਨੀ ਕੋਈ ਚੀਜ਼ ਹੋਵੇ, ਮਾਪ ਤੋਲ, ਨਿਰਖ॥

**ਮਿਕਦਾਰਾ,** ਪੁਃ—ਹਾਥੀ॥

**ਮਿੱਕਰ,** ਸਃ—ਗੁੜ ਲੂਣ ਆਦਿਕ ਦੀ ਡਲੀ॥

**ਮਿਚਕਣਾ,** ਕ੍ਰਿਃ—ਮੈਲੀ ਚੀਜ਼ ਵੇਖ ਕੇ ਜੀ ਬੁਰਾ ਹੋਣਾ॥

**ਮਿਚਕਣਾ, ਮਿਚੜਾ,** ਪੁਃ—ਇੱਕ ਬੂਟੀ ਜੋ ਬੁਖਾਰ ਦੀ ਦੁਆ ਹੈ॥

**ਮਿਚਣਾ,** ਕ੍ਰਿਃ—ਮਚਣਾ, ਹੋ ਜਾਣਾ, ਵਰਤਣਾ, ਭੜਕਣਾ॥

**ਮਿਚਦਾ,** ਵਿਃ—ਮੇਚ ਦਾ, ਮਰਜਾਦਾ ਦਾ, ਜਿੰਨ ਮੇਉ ਸਕੇ।

**ਮਿਚਾਉਣਾ,** ਕ੍ਰਿਃ—ਮਚਾਉਣਾ, ਅੱਖਾਂ ਬੰਦ ਕਰਾਉਣਾ॥

**ਮਿਚੱਰਿਆ ਹੋਇਆ,** ਵਿਃ—'ਮੱਚਰਿਆ ਹੋਇਆ' ਵੇਖੋ॥

**ਮਿਜ,** ਸਃ—ਮਿੱਝ, ਮਗਜ਼, ਗੁੱਦਾ॥

**ਮਿਜਮਾਨ,** ਪੁਃ—ਪਰਾਹੁਣਾ, ਜੁਆਈ॥

**ਮਿਜਮਾਨਣੀ,** ਸਃ—ਪਰਾਹੁਣੀ॥

**ਮਿਜਮਾਨੀ,** ਸਃ—ਪਰਾਹੁਣੇ ਦੀ ਖਾਤਰ, ਜਿਆਫਤ॥

**ਮਿੱਝ, ਮਿੰਝ,** ਸਃ—ਮਗਜ਼, ਗੁੱਦਾ॥

**ਮਿੱਝ ਕੱਢਣੀ,** ਕ੍ਰਿਃ—ਬਹੁਤ ਕੰਮ ਲੈਣਾ, ਔਖ ਕਰਨਾ।

**ਮਿੰਟ,** ਪੁਃ—ਥੋੜਾ ਜੇਹਾ ਵਖਤ, ਘੰਟੇ ਦਾ ਸੱਠਵਾਂ ਹਿੱਸਾ, ਢਾਈ ਪਲ।

**ਮਿਟਣਾ,** ਕ੍ਰਿਃ—ਮਲਿਆ ਜਾਣਾ, ਬੁੱਝਣਾ, ਨਾਂ ਰਹਿਣਾ, ਮੱਧਮ ਹੋਣਾ॥

**ਮਿਟਾਉਣਾ,** ਕ੍ਰਿਃ—ਬੁਝਾਉਣਾ, ਮਲ ਸੁੱਟਣਾ, ਮਲ ਕੇ ਉਤਾਰ ਦੇਣਾ, ਨਾਂ ਰਹਿਣ ਦੇਣਾ॥

**ਮਿਟਾਊ,** ਵਿਃ—ਮਿਟਾਉਣ ਜੋਗਾ॥
ਪੁਃ—ਮਿਟਾਉਣ ਵਾਲਾ।

**ਮਿੱਟੀ,** ਸਃ—ਖਾਕ, ਧੂੜ, ਸੁਆਹ, ਖੇਹ, ਧਰਤੀ, ਗਲੀ ਸੜੀ ਚੀਜ਼, ਲੋਥ॥

**ਮਿੱਟੀ ਹੋਣਾ,** ਕ੍ਰਿਃ—ਨਾਸ ਹੋਣਾ, ਸ਼ਰਮਿੰਦਾ ਹੋਣਾ॥

Digitized by Panjab Digital Library | www.panjabdigilib.org

**ਮਿੱਟੀ ਕਰਨਾ,** ਕ੍ਰਿ:—ਮੈਲ ਲਾਉਣੀ, ਖਰਾਬ ਕਰਨਾ ॥

**ਮਿੱਟੀ ਖਰਾਬ ਹੋਣੀ,** ਕ੍ਰਿ:—ਔਖਾ ਹੋਣਾ, ਇੱਜ਼ਤ ਉਤਰਨੀ ॥

**ਮਿੱਟੀ ਦਾ ਤੇਲ,** ਪੁ:—ਧਰਤੀ ਵਿੱਚੋਂ ਨਿਕਲਿਆ ਹੋਇਆ ਤੇਲ ਜੋ ਲੈਂਪਾਂ ਲਾਲਟੈਣਾਂ ਵਿੱਚ ਬਲਦਾ ਹੈ ॥

**ਮਿੱਟੀ ਦਾ ਮਾਧੋ,** ਵਿ:—ਮੂਰਖ, ਭੋਂਦੂ ਬੁੱਧੂ ।

**ਮਿੱਟੀ ਦੇ ਮੁੱਲ,** ਵਿ:—ਬਹੁਤ ਸਸਤਾ ॥

**ਮਿੱਟੀ ਪਾਉਣਾ,** ਕ੍ਰਿ:—ਗੱਲ ਨੂੰ ਛੁਪਾਉਣਾ, ਮੁੜ ਨਾ ਉਖੇਲਣਾ ॥

**ਮਿੱਟੀ ਵਿੱਚ ਮਿੱਟੀ ਮਿਲਣੀ,** ਕ੍ਰਿ:—ਸਰੀਰ ਨਾਸ ਹੋ ਕੇ ਮਿੱਟੀ ਹੋਣਾ ॥

**ਮਿੱਟੀ ਵਿੱਚ ਮਿਲ ਜਾਣਾ,** ਕ੍ਰਿ:—ਮੈਲਾ ਜਾਂ ਖਰਾਬ ਹੋ ਜਾਣਾ, ਬਰਬਾਦ ਹੋ ਜਾਣਾ ॥

**ਮਿੱਠਤ,** ਸ:—ਮਿਠਾਸ, ਮਿੱਠੇ ਹੋਣ ਦਾ ਗੁਣ, ਚੰਗਾ ਸੁਭਾਉ ।

**ਮਿਠ ਬੋਲਾ (ਲੀ),** ਵਿ:—ਜੋ ਮਿੱਠਾ ਬੋਲੇ ॥

**ਮਿਠਲੂਣਾ,** ਵਿ:—ਘੱਟ ਲੂਣ ਵਾਲਾ, ਫਿੱਕਾ, ਬੇਸੁਆਦ ।

**ਮਿੱਠਾ,** ਵਿ:, ਪੁ:—ਮਸ਼ਹੂਰ ਚੰਗਾ ਸੁਆਦ, ਮਧੁਰ, ਥੋੜਾ (ਲੂਣ), ਤਾਜ਼ਾ, ਮਨ ਭਾਉਂਦਾ, ਮਿੱਠੀ ਚੀਜ਼, ਇਕ ਫਲ ਮਿੱਠੇ ਰਸ ਵਾਲਾ, ਸੰਖੀਆ, ਮੋਹਰਾ, ਸ਼ਰਬਤ ॥

**ਮਿੱਠਾ ਸਮਾ,** ਪੁ:—ਜਦੋਂ ਕਾਲ ਪਿਆ ਹੋਵੇ ॥

**ਮਿੱਠਾ ਮਿੱਠਾ,** ਪੁ:—ਖੰਡ ਸ਼ੱਕਰ ਆਦਿਕ ਮਿੱਠੀਆਂ ਸ਼ੈਂ ॥

**ਮਿੱਠਾ ਤੇਲ,** ਪੁ:—ਤਿਲਾਂ ਦਾ ਤੇਲ ॥

**ਮਿੱਠਾ ਤੇਲੀਆ**
**ਮਿੱਠਾ ਵੈਦਾਆ** } ਪੁ:—ਇਕ ਬੜਾ ਸਖ਼ਤ ਜ਼ਹਿਰ ॥

**ਮਿੱਠਾ ਪਾਣੀ,** ਪੁ:—ਨਿੰਬੂ ਦੇ ਰਸ ਵਾਲਾ ਵਲੈਤੀ ਪਾਣੀ ॥

**ਮਿੱਠਾ ਬੋਲਣਾ,** ਕ੍ਰਿ:—ਨਰਮੀ ਨਾਲ ਸੋਹਣੀ ਗੱਲ ਕਰਨੀ ॥

**ਮਿੱਠਾ ਭੱਤ,** ਪੁ:—'ਮੁਰਲੀ ਪਾਉਣੀ' ਵੇਖੋ ॥

**ਮਿੱਠਾ ਮਿੱਠਾ,** ਵਿ:—ਥੋੜਾ ਜੇਹਾ ਮਿੱਠਾ ॥

**ਮਿੱਠਾ ਮੂੰਹ ਕਰਨਾ,** ਕ੍ਰਿ:—ਮਿੱਠੀ ਚੀਜ਼ ਖਾਣੀ ॥

**ਮਿੱਠਾ ਮੂੰਹ ਕਰਾਉਣਾ,** ਕ੍ਰਿ:—ਮਠਿਆਈ ਖੁਆਉਣੀ, ਵੱਢੀ ਦੇਣੀ ॥

**ਮਿੱਠੇ ਪਿਆਰੇ,** ਪੁ:—(ਬਹੁ:), ਸੱਜਣ, ਨੇੜੇ ਦੇ ਸਾਕ ।

**ਮਿਠਾਈ**
**ਮਿਠਾਸ** } ਸ:—ਮਿੱਠਤ, ਮਿੱਠੇ ਹੋਣ ਦਾ ਗੁਣ ॥

**ਮਿਠਿਆਈ,** ਸ:—'ਮਠਿਆਈ' ਵੇਖੋ ॥

**ਮਿੱਠੀ,** ਵਿ:—ਮਧੁਰ, ਸੁਆਦਲੀ ॥ ਸ:—ਚੁੰਮੀ ॥

Digitized by Panjab Digital Library | www.panjabdigilib.org

**ਮਿੱਠੀ ਗੱਲ,** ਸ:—ਨਰਮ ਬਾਤ, ਚੰਗਾ ਬਚਨ

**ਮਿੱਠੀ ਗਾਚਣੀ,** ਸ:—ਇੱਕ ਭੂਸੇ ਰੰਗ ਦੀ ਨਰਮ ਮਿੱਟੀ ।

**ਮਿੱਠੀ ਛੁਰੀ,** ਸ:—ਸਜਨਾਈ ਦੇ ਬਹਾਨੇ ਕੀਤਾ ਹੋਇਆ ਵੈਰ ॥

**ਮਿੱਠੀ ਬੋਲੀ,** ਸ:—ਨਰਮੀ ਨਾਲ ਬੋਲਣ ਦਾ ਢੰਗ ॥

**ਮਿੱਠੀ ਮਾਰ,** ਸ:—ਹੌਲੀ ਹੌਲੀ ਜੋ ਦੁੱਖ ਦਿੱਤਾ ਜਾਵੇ ।

**ਮਿੱਤ੍ਰ,** ਪੁ:—ਇੱਕ ਤਰਾਂ ਦੀ ਜੜ੍ਹ ।

**ਮਿਡਲ,** ਪੁ:—ਪੜ੍ਹਾਈ ਦਾ ਵਿਚਲਾ ਦਰਜਾ, ਉਸ ਦਰਜੇ ਦਾ ਇਮਤਿਹਾਨ ॥

**ਮਿਣਕਣਾ,** ਕ੍ਰਿ:—ਬੱਕਰੀ ਦਾ ਬੋਲਣਾ ॥

**ਮਿਣਤੀ,** ਸ:—ਮਿਨਣ ਦਾ ਕੰਮ, ਮਾਪ ॥

**ਮਿਣਨਾ,** ਕ੍ਰਿ:—ਪਤਾ ਲੈਣਾ ਕਿ ਕੋਈ ਸ਼ੈ ਕੇਡੀ ਕੁ ਹੈ, ਮਾਪਣਾ ॥

**ਮਿਣਮਿਣ,** ਸ:—ਮੱਖੀਆਂ ਦੀ ਅਵਾਜ਼, ਸੁਸਤੀ ।

**ਮਿਣਮਿਣ ਕਰਨਾ,** ਕ੍ਰਿ:—ਬਹੁਤ ਹੌਲੀ ਬੋਲਣਾ ਜਾਂ ਤੁਰਨਾ ।

**ਮਿਣਮਿਣਾਟ,** ਸ:—ਮੱਖੀਆਂ ਦੀ ਭੀੜ ਅਤੇ ਅਵਾਜ਼, ਢਿੱਲ ਮੱਠ ॥

**ਮਿਣਵਾਉਣਾ, ਮਿਣਾਉਣਾ,** ਕ੍ਰਿ:—ਮਿਣਨ ਦਾ ਕੰਮ ਕਰਾਉਣਾ ॥

**ਮਿਣਵਾਈ, ਮਿਣਾਈ,** ਸ:—ਮਿਣਨ ਦਾ ਕੰਮ ਜਾਂ ਮਜ਼ੂਰੀ ।

**ਮਿੱਤ, ਮਿਤ੍ਰ,** ਪੁ:—ਦੋਸਤ, ਯਾਰ, ਸੱਜਣ, ਬੇਲੀ, ਸਾਥੀ, ਹਮੇਜੀ ।

**ਮਿਤ੍ਰ ਧ੍ਰੋਹ,** ਪੁ: **ਮਿਤ੍ਰ ਮਾਰ,** ਸ:—ਸੱਜਣ ਬਣਕੇ ਜੋ ਵੈਰ ਕੀਤਾ ਜਾਵੇ ।

**ਮਿਤ੍ਰਤਾ, ਮਿੱਤ੍ਰਤਾਈ, ਮਿਤਰਾਈ,** ਸ:—ਦੋਸਤੀ, ਮਹੱਬਤ, ਵਾਕਫੀ, ਯਾਰੀ ।

**ਮਿਤ੍ਰਾਣੀ,** ਸ:—ਚੂੜ੍ਹੀ, ਯਮਿਆਰੀ ॥

**ਮਿਤ੍ਰਾਨਾ,** ਸ:—ਮਿਤ੍ਰਤਾ, ਦੋਸਤੀ, ਯਾਰੀ, ਮਹੱਬਤ, ਸਜਨਾਈ ॥

**ਮਿਤੀ,** ਸ:—ਦਿਨ, ਤਰੀਕ, ਮਹੀਨੇ ਦੇ ਜਿਸ ਦਿਨ ਤੋਂ ਬਿਆਜ ਗਿਣਿਆ ਜਾਵੇ, ਮਹੀਨਾ, ਬਿਆਜ, ਦਸਤੂਰੀ ॥

**ਮਿਤੀ ਕੱਟਣੀ,** ਕ੍ਰਿ:—ਸਾਰੀ ਰਕਮ ਵਿਚੋਂ ਕਾਟ ਕੱਢ ਲੈਣੀ ॥

**ਮਿਤੀ ਪੁੱਗਣੀ, ਮਿਤੀ ਪੁੱਜਣੀ,** ਕ੍ਰਿ:—ਹੁੰਡੀ ਦੇ ਰੁਪਏ ਮਿਲਣ ਦਾ ਦਿਨ ਲੰਘ ਜਾਣਾ ।

**ਮਿਤੀ ਪੈਣੀ,** ਕ੍ਰਿ:—ਹੁੰਡੀ ਦੇ ਰੁਪਏ ਮਿਲਣ ਦਾ ਦਿਨ ਆ ਜਾਣਾ ॥

**ਮਿਥ,** ਸ:—ਸਲਾਹ, ਮੁਕਾਉ, ਤਜਵੀਜ਼, ਵਿਉਂਤ ।

**ਮਿਥਣਾ,** ਕ੍ਰਿ:—ਸਲਾਹ ਦੇਣੀ, ਥਾਪਣਾ, ਮਨ ਵਿੱਚ ਮੰਨ ਲੈਣਾ, ਤਜਵੀਜ਼ ਕਰਨੀ, ਫੈਸਲਾ ਕਰਨਾ ॥

Digitized by Panjab Digital Library | www.panjabdigilib.org

**ਮਿਥਾਉਣਾ,** ਕ੍ਰਿ:—ਮਨਾਉਣਾ, ਠਹਿਰਾਉਣਾ, ਤਜਵੀਜ਼ ਜਾਂ ਫੈਸਲਾ ਕਰਾਉਣਾ ॥

**ਮਿੱਥਿਆ, ਮਿੱਥਯਾ,** ਸ:—ਝੂਠ, ਕੂੜ ॥ ਵਿ: ਝੂਠਾ, ਜੋ ਅਸਲ ਵਿੱਚ ਨਹੀਂ ਪਰ ਭਾਸੇ ॥

**ਮਿੱਥਿਆ ਬਾਦ (ਵਾਦ),** ਪੁ:—ਝੂਠ ਬੋਲਣਾ ॥

**ਮਿੱਥਿਆ ਬਾਦਨ (ਵਾਦਨ),** ਸ:, **ਮਿੱਥਿਆ ਬਾਦੀ (ਵਾਦੀ),** ਪੁ:—ਜੋ ਝੂਠ ਬੋਲੇ ॥

**ਮਿੰਦ,** ਪੁ:, ਸ:—ਪਲ, ਮਿੰਟ, ਥੋੜਾ ਚਿਰ ॥

**ਮਿਦਾਰੀ,** ਪੁ:—'ਮਦਾਰੀ' ਵੇਖੋ ॥

**ਮਿੱਧਣਾ,** ਕ੍ਰਿ:—ਹਿਲਾਉਣਾ, ਰਲਾਉਣਾ, ਲਤਾੜਨਾਂ, ਛੰਨ ਪਾਉਣਾ ॥

**ਮਿਧਵਾਉਣਾ, ਮਿੱਧਵਾਉਣਾ, ਮਿਧਾਉਣਾ, ਮਿੱਧਾਉਣਾ,** ਕ੍ਰਿ:—ਮਿੱਧਣ ਦੇਣਾ, ਮਿੱਧਣ ਦਾ ਕੰਮ ਕਰਾਉਣਾ ॥

**ਮਿਨਟ,** ਪੁ:—'ਮਿੰਟ' ਵੇਖੋ ॥

**ਮਿਨਤ, ਮਿੰਨਤ,** ਸ:—ਤਰਲਾ, ਬੇਨਤੀ, ਪ੍ਰਾਰਥਨਾ (ਮਿਨਤਾਂ ਕਰਨਾ)॥

**ਮਿੰਨਤ ਦਾਰ,** ਪੁ:—ਮਿਨਤਾਂ ਤਰਲੇ ਕਰਨ ਵਾਲਾ ॥

**ਮਿੰਨਤ ਦਾਰੀ,** ਸ:—ਮਿਨਤਾਂ ਤਰਲੇ ਕਰਨਾ ।

**ਮਿੰਨ੍ਹਾਂ,** ਵਿ:—ਧੁੰਧਲਾ, ਮੱਧਮ, ਹਲਕਾ, ਵਿੱਚੋਂ ਦੇਂਦਾ, ਮੀਸਣਾ ॥

**ਮਿੰਬਰ,** ਪੁ:, **ਮਿੰਬਰੀ,** ਸ:—'ਮੈਂਬਰ' 'ਮੈਂਬਰੀ' ਵੇਖੋ ॥

**ਮਿਮਹਾਰ,** ਪੁ:—ਨਹਿਰ ਦੇ ਪਾਣੀ ਦੀ ਵੰਡ ਦਾ ਖ਼ਿਆਲ ਰੱਖਣ ਵਾਲਾ ਸਰਕਾਰੀ ਨੌਕਰ ॥

**ਮਿਮਿਆਉਣਾ,** ਕ੍ਰਿ:—ਬੱਕਰੀ ਜਾਂ ਭੇਡ ਦੇ ਬੱਚੇ ਦਾ ਬੋਲਣਾ ॥

**ਮਿਰਗ,** ਪੁ:—ਹਰਨ, ਸ਼ੇਰ, ਕੋਈ ਜੰਗਲੀ ਜਨੌਰ ॥

**ਮਿਰਗ ਛਾਲਾ,** ਸ:—ਮਿਰਗ ਦੀ ਖੱਲ ਜੋ ਵਿਛਾਉਂਦੇ ਹਨ ।

**ਮਿਰਗ ਤ੍ਰਿਸ਼ਨਾ,** ਸ:—ਰੇਤਲੀ ਧਰਤੀ ਜੋ ਧੁੱਪ ਵਿਚ ਚਮਕ ਕੇ ਦੂਰੋਂ ਐਉਂ ਦਿੱਸਦੀ ਹੈ ਜਾਣੀਦਾ ਉੱਥੇ ਪਾਣੀ ਹੁੰਦਾ ਹੈ, ਪਰ ਅਸਲ ਵਿਚ ਨਹੀਂ ਹੁੰਦਾ ॥

**ਮਿਰਗ ਤ੍ਰਿਸ਼ਨਾ ਦਾ ਜਲ,** ਪੁ:—ਮਾਯਾ ਦਾ ਛਲ, ਜੋ ਹੈ ਨਹੀਂ ਪਰ ਭਾਸੇ ॥

**ਮਿਰਗ ਨੈਣਾ,** ਵਿ:—ਜਿਸ ਦੀ ਅੱਖ ਮਿਰਗ ਵਰਗੀ ਹੈ ।

**ਮਿਰਗ ਰਾਜ,** ਪੁ:—ਮਿਰਗਾਂ ਦਾ ਰਾਜਾ, ਸ਼ੇਰ

**ਮਿਰਗਾਨ,** ਪੁ:—ਮਿਰਗ ਛਾਲਾ, ਮਿਰਗ ਦੀ ਖੱਲ ।

**ਮਿਰਗੀ,** ਸ:—ਇਕ ਰੋਗ ਜਿਸ ਵਿੱਚ ਮਨੁੱਖ ਬੇਹੋਸ਼ ਹੋ ਜਾਂਦਾ ਹੈ ਹਥ ਪੈਰ ਵੱਟੇ ਜਾਂਦੇ ਹਨ ਅਤੇ ਮੂੰਹ ਵਿੱਚੋਂ ਝੱਗ ਜਾਂਦੀ ਹੈ (ਪੇਂਡੀ)॥

Digitized by Panjab Digital Library | www.panjabdigilib.org

**ਮਿਰਚ,** ਸਃ-ਭਾਜੀ ਤਰਕਾਰੀ ਵਿੱਚ ਪਾਉਣ ਵਾਲੀ ਮਸ਼ਹੂਰ ਕੌੜੀ ਜਾਂ ਤਲਖ਼ ਚੀਜ਼ । ਇਹ ਦੋ ਤਰਾਂ ਦੀ ਹੈ, ਕਾਲੀ, ਜੋ ਕਾਲੇ ਧੀੜੇ ਦਾਣੇ ਵਰਗੀ ਹੈ ਅਤੇ ਲਾਲ, ਜਿਸ ਦੇ ਉੱਤੇ ਛਿੱਲੜ ਹੁੰਦਾ ਹੈ ਅਤੇ ਵਿੱਚੋਂ ਕਈ ਬੀਜ ਨਿਕਲਦੇ ਹਨ ॥

**ਮਿਰਚਾਂ ਲੱਗਣੀਆਂ,** ਕ੍ਰਿਃ—ਦਿਲ ਖਿਝਣਾ, ਗੱਲ ਚੁੱਭਣੀ ॥

**ਮਿਰਚਈ,** ਸਃ-ਇਕ ਪੌਦੇ ਦਾ ਬੀ, ਦਸਤਾਂ ਦੀ ਇਕ ਦੁਆ ॥

**ਮਿਰਚੀਆ ਗੰਦ,** ਪੁਃ—ਖਸ ਦੀਆਂ ਜੜ੍ਹਾਂ ਦੇ ਬੇਲ ॥

**ਮਿਰਜਈ,** ਸਃ—ਲੰਮੀਆਂ ਮੋਹਰੀਆਂ ਵਾਲੀ ਹਿੰਦੁਸਤਾਨੀ ਕੁੜਤੀ ॥

**ਮਿਰਜ਼ੰਗੀ,** ਪੁਃ ਇਕ ਤਰਾਂ ਦਾ ਬਾਜਾ ॥

**ਮਿਰਜ਼ਾ,** ਪੁਃ—ਅਮੀਰ ਜ਼ਾਦਾ, ਸ਼ਹਿਜ਼ਾਦਾ, ਮੁਗ਼ਲ, ਸਾਹਿਬਾਂ ਦਾ ਆਸ਼ਕ ॥

**ਮਿਰਜ਼ਾ ਗਾਉਣਾ,** ਕ੍ਰਿਃ—ਮਿਰਜ਼ਾ ਸਾਹਿਬਾਂ ਦਾ ਗੀਤ ਗਾਉਣਾ ॥

**ਮਿਰਤ,** ਸਃ—ਮੌਤ, ਕਾਲ ॥

**ਮਿਰਤ ਲੋਕ,** ਪੁਃ—ਨਾਸ ਹੋਣ ਵਾਲੇ ਜੀਆਂ ਦੀ ਥਾਂ, ਧਰਤੀ ॥

**ਮਿਰਤਕ,** ਵਿਃ—ਮੁਰਦਾ, ਮੋਇਆ ਹੋਇਆ ॥

**ਮਿਰਦਹਾ,** ਪੁਃ—ਪੈਂਚ, ਪਿੰਡ ਦਾ ਰਾਖਾ ॥

**ਮਿਰਦੰਗ**
**ਮਿਰਦੰਗੀ (ਗੀਆ)** } 'ਮਰਦੰਗ' ਆਦਿਕ ਵੇਖੋ ॥

**ਮਿਰਮਿਰੀ,** ਸਃ—ਚਿੱਤ ਵਿੱਚ ਮਾੜੀ ਮਾੜੀ ਪੀੜ, ਲਹੂ ਵਿੱਚ ਦੀ ਗਰਮੀ, ਅਚਾਨਚੱਕ ਜੀ ਡੁੱਬ ਜਾਣਾ ॥

**ਮਿਰਾਸ**
**ਮਿਰਾਸਣ**
**ਮਿਰਾਸੀ** } 'ਮਰਾਸ' ਆਦਿਕ ਵੇਖੋ ॥

**ਮਿਰਾਜ,** ਪੁਃ—'ਮਰਾਜ' ਵੇਖੋ ॥

**ਮਿਰਚ,** ਸਃ—'ਮਿਰਚ' ਵੇਖੋ ॥

**ਮਿਲਕ,** ਸਃ—ਜੱਦੀ ਜਾਇਦਾਦ, ਮਿਰਾਸ ॥

**ਮਿਲਕਣ,** ਸਃ
**ਮਿਲਕੀ,** ਪੁਃ } ਜਿਸ ਨੂੰ ਮਿਲਕ ਮਿਲੇ ॥

**ਮਿਲਕੱਯਤ,** ਸਃ—ਮਾਲਕੀਅਤ, ਆਪਣੀ ਭੋਂ ॥

**ਮਿਲਖ**
**ਮਿਲਖਣ**
**ਮਿਲਖੀ** } 'ਮਿਲਕ' ਆਦਿਕ ਵੇਖੋ ॥

**ਮਿੱਲਤ,** ਸਃ—ਮੇਲ, ਦੋਸਤੀ, ਮਹੱਬਤ, ਨੇਹੁੰ ॥

**ਮਿੱਲਤਣ,** ਸਃ
**ਮਿੱਲਤੀ,** ਪੁਃ } ਦੋਸਤ, ਸਾਥੀ, ਬੇਲੀ, ਵਾਕਫ਼ ॥

**ਮਿਲਨਸਾਰ,** ਵਿਃ—ਮੇਲ ਗੇਲ ਰੱਖਣ ਵਾਲਾ, ਮਹੱਬਤੀ ॥

**ਮਿਲਨਸਾਰੀ,** ਸਃ—ਮੇਲ ਗੇਲ, ਮਹੱਬਤ, ਮਿਲਣ ਦੀ ਚਾਹ ॥

Digitized by Panjab Digital Library | www.panjabdigilib.org

**ਮਿਲਨਾ,** ਕ੍ਰਿ:—ਇਕੱਠੇ ਹੋਣਾ, ਨਾਲ ਬੈਠਣਾ, ਏਕਾ ਕਰਨਾ, (ਦੂਜੇ) ਵਰਗਾ ਹੋਣਾ, ਜੁੜਨਾ, ਰਲਣਾ, ਸੰਗ ਕਰਨਾ, ਹੱਥ ਆਉਣਾ, ਜੱਫੀ ਪਾਉਣਾ, ਇੱਕੋ ਖਿਆਲ ਰੱਖਣਾ, ਮੇਲ ਹੋਣਾ, ਮਿੱਥਣਾ, ਪਤਾ ਲੱਗਣਾ, ਦੁੱਧ ਦੇਣਾ (ਗਊ ਦਾ)॥

**ਮਿਲਨੀ,** ਸ:—ਮੁਲਾਕਾਤ, ਵਿਆਹ ਦੇ ਦਿਨਾਂ ਵਿੱਚ ਕੁੜਮਾਂ ਅਤੇ ਉਨ੍ਹਾਂ ਦੇ ਸਾਕਾਂ ਦਾ ਮੇਲ, ਜੋ ਰੁਪਏ ਉਸ ਵੇਲੇ ਮੁੰਡੇ ਵਾਲਿਆਂ ਨੂੰ ਮਿਲਨ (ਕਰਨੀ)।

**ਮਿਲਾਉ,** ਪੁ:—ਮੇਲ, ਬਹੁਤ ਚੀਜ਼ਾਂ ਨੂੰ ਰਲਾ ਕੇ ਇਕ ਦੂਆ ਬਣਾਉਣੀ, ਖੋਟ, ਦੂਏ ਵਰਗਾ ਹੋਣਾ, ਮਿੱਥਣਾ॥

**ਮਿਲਾਉਣਾ,** ਕ੍ਰਿ:—ਰਲਾਉਣਾ, ਕੱਠਾ ਕਰਨਾ, ਜੋੜਨਾ, ਠੀਕ ਕਰਨਾ, ਲਾਉਣਾ, ਵੇਖਣਾ ਕਿ ਇੱਕ ਚੀਜ਼ ਦੂਜੀ ਵਰਗੀ ਹੈ; ਸੁਲ੍ਹਾ ਕਰਾਉਣਾ॥

**ਮਿਲਾਊੜਾ,** ਪੁ:—ਮਿਲਨਸਾਰ, ਮਿਲਾਪੜਾ॥

**ਮਿਲਾਈ,** ਸ:—ਮਿਲਾਉਣ ਦੀ ਮਿਹਨਤ॥

**ਮਿਲਾਪ,** ਪੁ:—ਮੇਲ, ਕੱਠ, ਏਕਾ, ਸੰਗਤ, ਮੁਲਾਕਾਤ, ਸੁਲ੍ਹਾ॥

**ਮਿਲਾਪਣ,** ਸ:
**ਮਿਲਾਪੜਾ,** ਪੁ:
**ਮਿਲਾਪੀ,** ਪੁ:
} ਜੋ ਮਿਲਾਪ ਰੱਖੇ, ਜੋ ਪੱਕਾ ਸਾਥ ਦੇਵੇ, ਮਿਲਨਸਾਰ, ਮਹੱਬਤੀ॥

**ਮਿਲਾਵਾ,** ਪੁ:—ਮੇਲ, ਮੁਲਾਕਾਤ, ਦਰਸ਼ਣ ਪਰਸਨ॥

**ਸ਼ਬਦ ਮਿਲਾਵਾ,** ਪੁ:—ਮਹਾ ਪੁਰਖਾਂ ਦੇ ਸ਼ਬਦ ਜਾਂ ਬਾਣੀ ਪੜ੍ਹ ਸੁਣ ਕੇ ਜੋ ਉਨ੍ਹਾਂ ਨਾਲ ਆਤਮਕ ਮੇਲ ਹੁੰਦਾ ਹੈ॥

**ਭਰਤ ਮਿਲਾਵਾ,** ਪੁ:—ਬਨਬਾਸ ਕੱਟ ਕੇ ਜਦੋਂ ਰਾਮ ਚੰਦ੍ਰ ਜੀ ਆਏ ਤਾਂ ਉਨ੍ਹਾਂ ਦੀ ਭਰਤ ਨਾਲ ਮੁਲਾਕਾਤ।

**ਮਿਲੇਛ**
**ਮਿਲੇਛਣੀ**
} 'ਮਲੇਛ' ਆਦਿਕ ਵੇਖੋ।

**ਮਿੜਕਣਾ,** ਕ੍ਰਿ:—ਫੁੱਟ ਪੈਣਾ (ਪਿੰਸਿਲ ਦਾ ਸਿਰਾ ਆਦਿਕ)॥

**ਮਿੜੱਕਣਾ,** ਕ੍ਰਿ:—'ਮਿਕਣਾ ਅਤੇ ਮਿੜਕਣਾ' ਵੇਖੋ॥

**ਮੀਆਂ,** ਪੁ:—ਵੱਡਾ ਆਦਮੀ, ਮੁਸਲਮਾਨ ਭਲਾ ਮਾਣਸ, ਮਾਲਕ, ਖੌਂਦ, ਪੇਉ, ਸੂਰੀ ਰੂਹਾਂ, ਰਾਜਪੂਤ ਰਈਸ॥

**ਮੀਆਂ ਜੀ,** ਪੁ:—ਉਸਤਾਦ ਵਾਸਤੇ ਆਦਰ ਦਾ ਬਚਨ।

**ਮੀਆਂ ਬੀਬੀ,** ਪੁ:, ਸ:—ਵਹੁਟੀ ਗਭਰੂ, ਤੀਵੀਂ ਖੌਂਦ।

**ਮੀਆਂ ਮਿੱਠੂ,** ਪੁ:—ਤੋਤਾ, (ਮੁਸਲੱਕੀ ਬੋਲੀ)॥

**ਮੀਸਣਾ,** ਵਿ:—ਕੱਬਾ, ਚੁੱਪ ਗੁੱਪ, ਜੋ ਉੱਤਰ ਨਾ ਦੇਵੇ, ਮਚਲਾ।

**ਮੀਂਹ**
**ਮੀਂਹੀਂ**
} ਪੁ:—ਅਕਾਸ਼ ਤੋਂ ਜੋ ਪਾਣੀ ਪੈਂਦਾ ਹੈ, ਬਰਖਾ॥

**ਮੀਂਹਦੀ,** ਸ:—'ਮਹਿੰਦੀ' ਵੇਖੋ॥

Digitized by Panjab Digital Library | www.panjabdigilib.org

**ਮੀਂਗ**
**ਮੀਂਗਣ (ਨਾ)**
**ਮੀਂਙਣ** } ਸ਼ਃ—ਬੱਕਰੀ ਊਠ ਆਦਿਕ ਦਾ ਵਿਸ਼ਟਾ ॥

**ਮੀਚ,** ਸ਼ਃ—ਮੌਤ, ਕਾਲ, ਨਾਸ ॥

**ਮੀਚਕਣਾ**
**ਮੀਚਕਾ**
**ਮੀਚੁਕਾ** } ਪੁਃ—'ਮਿਚਕਾ' ਵੇਖੋ ॥

**ਮੀਚਣਾ,** ਕ੍ਰਿਃ—ਅੱਖਾਂ ਬੰਦ ਕਰਨਾ, ਹੱਥ ਜਾਂ ਮੂੰਹ ਮੀਟਣਾ ॥

**ਮੀਜ਼ਾ,** ਸ਼ਃ—ਜੋੜ, ਮੇਲ, ਮਰਜ਼ੀ, ਮਨੋਰਥ, ਵਿਰਲਾ ਕੱਦ ॥

**ਮੀਟਣਾ,** ਕ੍ਰਿਃ—ਬੰਦ ਕਰਨਾ, ਮੀਚਣਾ, ਭੀੜਨਾ ॥

**ਮੀਟਿੰਗ,** ਸ਼ਃ—ਕਿਸੇ ਸਭਾ ਜਾਂ ਕਮੇਟੀ ਦਾ ਕੱਠ, ਜੋੜ ਮੇਲ ॥

**ਮੀਂਢ,** ਸ਼ਃ—ਸਤਾਰ ਦੇ ਹੇਠਲੇ ਸਿਰੇ ਪੁਰ ਤਾਰਾਂ ਦਾ ਸਹਾਰਾ, ਚੌਂਟੀ

**ਮੀਂਡਕ**
**ਮੀਂਡੁਕ** } ਪੁਃ ਡੱਡੂ, ਮਸ਼ਹੂਰ ਜਲ ਦਾ ਜੀਵ।

**ਮੀਂਢਕੀ,** ਸ਼ਃ—ਕਈ ਪਸ਼ੂਆਂ ਦੇ ਪੈਰਾਂ ਦੀ ਵਧੀ ਹੋਈ ਹੱਡੀ, ਘੋੜੇ ਦੇ ਪੈਰਾਂ ਦਾ ਇੱਕ ਰੋਗ ॥

**ਮੀਢਾ**
**ਮੀਂਢਾ** } ਪੁਃ—ਛੇਲੂ, ਭੇਡ ਦਾ ਨਰ, ਮੇਂਢਾ ॥

**ਮੀਢੀ**
**ਮੀਂਢੀ** } ਸ਼ਃ—ਇਸਤ੍ਰੀ ਦੇ ਵਾਲਾਂ ਦੀ ਗੁੰਦੀ ਹੋਈ ਲਟ ॥

**ਮੀਣਾ,** ਪੁਃ—ਜਿਸ ਬਲਦ ਜਾਂ ਸਾਨ੍ਹ ਦੇ ਸਿੰਗ ਹਿਠਾਂਹ ਨੂੰ ਮੁੜੇ ਹੋਣ, ਝੂਠਾ ਗੁਰੂ, ਗੁਰੂ ਅਰਜਨ ਸਾਹਿਬ ਦੇ ਭਰਾ ਪਿਰਥੀ ਮਲ ਦੀ ਉਲਾਦ ਵਿਚੋਂ ਜੋ ਆਦਮੀ ਹੋਵੇ ॥

**ਮੀਣਾ ਬਜ਼ਾਰ,** ਪੁਃ—ਜਨਾਨਾ ਬਜ਼ਾਰ, ਜੋ ਬਜ਼ਾਰ ਪਾਤਸ਼ਾਹਾਂ ਦੀ ਸੈਲ ਵਾਸਤੇ ਸਜੇ ਅਤੇ ਜਿਸ ਵਿਚ ਭਾਂਤ ਭਾਂਤ ਦੀਆਂ ਅਜਾਇਬ ਵਸਤਾਂ ਰਖੀਆਂ ਹੋਣ ॥

**ਮੀਣੀ,** ਸ਼ਃ—ਜਿਸ ਗਊ ਦੇ ਸਿੰਗ ਹਿਠਾਂਹ ਨੂੰ ਮੁੜੇ ਹੋਣ।

**ਮੀਤ,** ਪੁਃ—ਮਿਤ੍ਰ, ਦੋਸਤ, ਸੱਜਣ ॥

**ਮੀਤੋਂ,** ਪੁਃ—ਮੁਸਲਮਾਨ ਫਕੀਰਾਂ ਦਾ ਇੱਕ ਕਾਠ ਦਾ ਭਾਂਡਾ ॥

**ਮੀਂਧੀ,** ਸ਼ਃ—'ਮਾਂਹਦੀ' ਵੇਖੋ ॥

**ਮੀਨ,** ਸ਼ਃ—ਮੱਛੀ, ਇੱਕ ਰਾਸ ॥

**ਮੀਨ ਮੇਖ,** ਸ਼ਃ—ਵਿਤਕਰਾ, ਫਰਕ, ਹੁੱਜਤ (ਕਰਨਾ) ॥

**ਮੀਨਾਕਾਰ,** ਪੁਃ—ਮੀਨਾਕਾਰੀ ਕਰਨ ਵਾਲਾ ॥

**ਮੀਨਾਕਾਰੀ,** ਸ਼ਃ—ਸੋਨੇ ਚਾਂਦੀ ਉੱਤੇ ਰੰਗ ਦਾ ਕੰਮ, ਗੁਲਕਾਰੀ ॥

**ਮੀਮਾ,** ਪੁਃ—ਛੋਟਾ ਵੱਛਾ, ਨਿੱਕਾ ਬਾਲਕ (ਪਿਆਰ ਦਾ ਬਚਨ)।

**ਮੀਮੀ,** ਸ਼ਃ—ਛੋਟੀ ਵੱਛੀ, ਨਿੱਕੀ ਕੁੜੀ, ਨਿੱਕੀ ਬਕਰੀ, ਗਊ, ਤੀਵੀਂ ਦਾ ਥਣ ਜਾਂ ਮੀਮੀ (ਬਾਲਾਂ ਦੀ ਬੋਲੀ) ॥

Digitized by Panjab Digital Library | www.panjabdigilib.org

**ਮੀਰ,** ਪੁ:-ਸਰਦਾਰ, ਪੈਂਚ, ਸੱਯਦ, ਮਿਰਾਸੀ ॥
ਸ:-ਕੌਡਾਂ ਦਾ ਢੇਰ ਜੋ ਕਈਆਂ ਖੇਡਾਂ ਵਿੱਚ ਭੁੰਵਲ ਦਾ ਨਿਸ਼ਾਨਾ ਹੁੰਦਾ ਹੈ ॥

**ਮੀਰ ਸ਼ਕਾਰ,** ਪੁ:-ਸ਼ਕਾਰ ਵਾਲੇ ਜਨੌਰਾਂ ਦਾ ਰਾਖਾ, ਵੱਡਾ ਸ਼ਕਾਰੀ ।

**ਮੀਰ ਸ਼ਕਾਰਨ**
**ਮੀਰ ਸ਼ਕਾਰੀ** } ਸ:—ਮੀਰ ਸ਼ਕਾਰ ਦੀ ਵਹੁਟੀ ।

**ਮੀਰ ਜ਼ਾਦਾ,** ਪੁ:
**ਮੀਰ ਜ਼ਾਦੀ.** ਸ: } ਅਮੀਰ ਦੀ ਉਲਾਦ, ਮਿਰਾਸੀ ॥

**ਮੀਰ ਬਹਿਰ,** ਪੁ:—ਘਾਟ ਦਾ ਦਰੋਗਾ, ਬੇੜਿਆਂ ਦਾ ਅਫ਼ਸਰ ॥

**ਮੀਰ ਬਹਿਰੀ,** ਸ:—ਘਾਟ ਦਾ ਮਸੂਲ, ਘਾਟ ਜਾਣ ਦਾ ਭਾੜਾ ॥

**ਮੀਰ ਮੁਨਸ਼ੀ,** ਪੁ:-ਸਰਕਾਰ ਦੇ ਫ਼ਾਰਸੀ ਜਾਂ ਉਰਦੂ ਦਫ਼ਤਰ ਦਾ ਵੱਡਾ ਅਫ਼ਸਰ, ਵੱਡਾ ਸਕੱਤ੍ਰ ॥

**ਮੀਰਾਂ,** ਪੁ:—ਸਰਦਾਰ, ਪਾਤਸ਼ਾਹ, ਰੱਬ, ਮੁਹੰਮਦ ਸਾਹਬ ॥

**ਮੀਰਾਸਣ**
**ਮੀਰਾਸੀ** } 'ਮਰਾਸਣ' ਵੇਖੋ

**ਮੀਰੀ,** ਪੁ:, ਸ: -ਖੇਡ ਵਿੱਚ ਜੋ ਮੋਹਰੇ ਰਹਿ ਮੀਰ ਨੂੰ ਜੋ ਪਹਿਲੇ ਛੂੰਹੇ, ਜੁਗਾੜੀ ਮਨੁੱਖ, ਪਿੰਡ ਦੀ ਹੱਡੀ ਦੀ ਮਿੱਝ ॥

**ਮੀਲ,** ਪੁ:—ਪੌਣਾ ਕੁ ਕੋਹ, ੧੭੬੦ ਗਜ਼ ਦੀ ਦੂਰੀ ॥

**ਮੁਅੱਲਮ,** ਪੁ:—ਉਸਤਾਦ, ਪੜ੍ਹਾਉਣ ਵਾਲਾ ॥

**ਮੁਅੱਲਮੀ,** ਸ:—ਮੁਅੱਲਮ ਦਾ ਕੰਮ ਜਾਂ ਦਰਜਾ ॥

**ਮੁਆਤਜ਼ਾ**
**ਮੁਆਤਾ**
**ਮੁਅੱਤਾ** } ਪੁ:—'ਮਵਾਜ਼ਾ' ਵੇਖੋ ॥

**ਮੁਆਫ਼ਕ**
**ਮੁਆਮਲਾ** } 'ਮਾਫ਼ਕ' ਅਤੇ 'ਮਾਮਲਾ' ਵੇਖੋ ॥

**ਮੁਸ਼ਕ,** ਸ:—ਬੋ, ਗੰਧ, ਮਹਿਕ, ਨਿਸ਼ਾਨੀ ॥

**ਮੁਸ਼ਕ ਅੰਬਰ,** ਪੁ:—ਕਸਤੂਰੀ ॥

**ਮੁਸ਼ਕ ਕਪੂਰ,** ਪੁ:—ਕਪੂਰ ॥

**ਮੁਸ਼ਕ ਪੈਣਾ (ਣੀ),** ਕ੍ਰਿ:-ਬੀਮਾਰੀ ਫੈਲਣੀ, ਜੁਆਨੀ ਚੜ੍ਹਨ ਲਗਣੀ (ਪਸੂਆਂ ਨੂੰ) ॥

**ਮੁਸ਼ਕ ਬੇਦ,** ਪੁ:—ਬੇਦ ਮੁਸ਼ਕ ॥

**ਮੁਸ਼ਕ ਮਾਰੀ ਜਾਣੀ,** ਕ੍ਰਿ: -ਸੁੰਘਣ ਦੀ ਤਾਕਤ ਨਾ ਰਹਿਣੀ ॥

**ਮੁਸਕਣ,** ਪੁ:
**ਮੁਸਕੀ,** ਸ: } ਕਾਲਾ (ਘੋੜਾ ਆਦਿਕ), ਇੱਕ ਖੁਸ਼ਬੂਦਾਰ ਬੂਟਾ ।

**ਮੁਸ਼ਕਣਾ,** ਕ੍ਰਿ:—ਮੁਸ਼ਕ ਹੋਣੀ, ਮੁਸ਼ਕ ਛੱਡਣੀ, ਵਧਣਾ ਫੁੱਲਣਾ, ਸੋਭਾ ਹੋਣੀ, ਜੁਆਨੀ ਚੜ੍ਹਨ ਲਗਣੀ ॥

**ਮਸ਼ਕਣੀ,** ਸ:—ਹਿੰਗ ॥

**ਮੁਸ਼ੱਕਤ,** ਸ:—ਮਿਹਨਤ, ਜਤਨ, ਖੇਚਲ, ਔਖ ॥

Digitized by Panjab Digital Library | www.panjabdigilib.org

**ਮੁਸ਼ਕਲ,** ਵਿ:—ਔਖਾ, ਕਠਨ, ਬਿਖਮ॥
ਸ:—ਔਕੜ, ਤਕਲੀਫ (ਆਉਣੀ, ਪੈਣੀ, ਬਣਨੀ)॥

**ਮੁਸ਼ਕਲ ਅਸਾਨ ਕਰਨੀ,** ਕ੍ਰਿ:—[illegible] ਹੋਣਾ।

**ਮੁਸ਼ਕਲ ਕਰਨਾ,** ਕ੍ਰਿ:—ਔਖਾ ਬਣਾ ਦੇਣਾ

**ਮੁਸ਼ਕਲ ਕੁਸ਼ਾ,** ਪੁ:—ਔਖ ਹਟਾਉਣ ਵਾਲਾ, ਰਬ।

**ਮੁਸ਼ਕਲ ਵਿੱਚ ਪੈਣਾ,** ਕ੍ਰਿ:—ਔਖੇ ਹੋਣਾ, ਕੁਝ ਨਾ ਸੁੱਝਣਾ।

**ਮੁਸਕਰਾਉਣਾ,** ਕ੍ਰਿ:—[illegible] ਮੂੰਹ ਮੀਟ ਕੇ ਹੱਸਣਾ॥

**ਮੁਸਕਰਾਹਟ,** ਸ:—ਮੁਸਕਰਾਉਣ ਦੀ ਹਾਲਤ।

**ਮੁਸਕਾ,** ਪੁ:—ਇਕ ਤਰ੍ਹਾਂ ਦਾ ਰੇਸ਼ਮ ਜਾਂ ਸੂਤੀ ਕਪੜਾ, ਚਕਲਾ।

**ਮੁਸ਼ਕਾਂ,** ਸ:—(ਬਹੁ:) ਹੱਥਾਂ ਨੂੰ ਬੰਨ੍ਹਣ ਵਾਲੀ ਰੱਸੀ ਦਾ ਕੜੀਆਂ, ਹੱਥ [illegible] (ਦੇਣੀਆਂ, ਬੰਨ੍ਹਣੀਆਂ)॥

**ਮੁਸ਼ਕਿਆਰਾ,** ਪੁ:—ਇੱਕ ਬੂਟੀ ਮੁਸ਼ਕ ਵਾਲਾ ਬੂਟਾ॥

**ਮੁਸ਼ਕੀ,** ਵਿ:—ਕਾਲਾ (ਘੋੜਾ, ਜਨੌਰ ਆਦਿਕ)॥

**ਮੁਸ਼ਟੰਡ**
**ਮੁਸ਼ਟੰਡਾ** } ਵਿ:, ਪੁ:—ਮੋਟਾ ਤਾਜ਼ਾ ਪਰ ਮੂਰਖ, ਲੁੱਚਾ॥

**ਮੁਸਫ਼ਾ,** ਪੁ:—ਰੇਸ਼ਮ ਵਿਚ ਇੱਕ ਪੀਲਾ ਰੰਗ॥

**ਮੁਸਤਹਕ,** ਵਿ:—ਅਭਿਲਾਖੀ ਜਿਸ ਨੂੰ ਦਰਕਾਰ ਦਾ ਹਕ ਹੋਵੇ (ਹੱਕਾ)॥

**ਮੁਸੱਦ**
**ਮੁਸੱਦ** } ਪੁ:—[illegible] ਦਾ ਕਚਹਿਰੀ ਵਿਚ [illegible] ਵਾਲਾ ਸਰਕਾਰੀ ਦਾ ਕਾਮ॥

**ਮੁਸੱਦੀ,** ਪੁ:—ਇਲਮ ਵਾਲਾ, ਰਾਜੇ ਜਾਂ ਸਰਦਾਰ ਦੇ ਘਰ ਦਾ ਮੁਖੀਆ, ਵੱਡਾ ਮਨਸ਼ੀ, ਸ੍ਰੀ ਅੰਮ੍ਰਿਤਸਰ ਦੇ ਦਰਬਾਰ ਸਾਹਿਬ ਦੇ ਕੁਝ ਪੁਜਾਰੀ॥

**ਮੁਸੱਬਰ,** ਪੁ:—ਮਸ਼ਹੂਰ ਕੌੜੀ ਦਵਾ॥

**ਮੁਸਮੁਸੀ,** ਸ:—ਅੰਦਰਾਂ ਵਿੱਚ ਜੋ ਪੀੜ ਹੋਵੇ [illegible]

**ਮੁਸਲੱਕੜ**
**ਮੁਸਲੱਕਾ (ਕੀ)**
**ਮੁਸਲੱਟਾ** } ਵਿ:—ਮੁਸਲਮਾਨਾਂ ਦਾ [illegible]

**ਮੁਸੱਲਮ,** ਵਿ:—ਪੱਕੀ (ਗੱਲ), ਜਿਸ ਨੂੰ ਸਬ ਮੰਨਣ, ਪੂਰਾ॥

**ਮੁਸਲਮਾਨ,** ਪੁ:—ਮੁਹੰਮਦ ਸਾਹਿਬ ਨੂੰ ਮੰਨਣ ਵਾਲਾ।

**ਮੁਸਲਮਾਨਣੀ,** ਸ:—ਮੁਹੰਮਦ ਸਾਹਿਬ ਨੂੰ ਮੰਨਣ ਵਾਲੀ॥

**ਮੁਸਲਮਾਨੀ,** ਮੁਸਲਮਾਨੀ ਦਾ ਮਜ਼ਬ, ਮੁਸਲਮਾਨਣੀ, ਸੁੰਨਤ॥
ਵਿ:—ਮੁਸਲਮਾਨਾਂ ਦੇ ਮਜ਼ਬ ਦਾ॥

**ਮੁਸਲਾ,** ਪੁ:
**ਮੁਸਲੀ,** ਸ: } ਮੁਸਲਮਾਨ, ਮੁਸਲਮਾਨਣੀ, (ਨਿੰਦਾ ਵਾਚਕ)॥

Digitized by Panjab Digital Library / www.panjabdigilib.org

**ਮੁਸੱਲਾ,** ਪੁ:—ਜਿਸ ਫੂੜ੍ਹੀ ਉੱਤੇ ਨਮਾਜ਼ ਪੜ੍ਹੀਏ ਹਨ, ਨਮਾਜ਼ ਦੀ ਥਾਂ, ਬਿਰਾਈਆਂ ਦਾ ਥੀਂਡਾ ।

**ਮੁਸਵਦਾ,** ਪੁ:—'ਮਸੌਦਾ' ਵੇਖੋ

**ਮੁਸਾਹਬ,** ਪੁ:—ਰਾਜੇ ਜਾਂ [illegible] ਬੈਠਣ ਉਠਣ ਵਾਲਾ ਅਹਿਲਕਾਰ [illegible] ਸਲਾਹਕਾਰ ॥

**ਮੁਸਾਹਬੀ,** ਸ:—ਮੁਸਾਹਬ ਦਾ ਦਰਜਾ ਅਤੇ ਕੰਮ ॥

**ਮੁਸਾਫ਼ਰ,** ਪੁ:—ਰਾਹੀ, ਪੈਂਡਾ ਕਰਨ ਵਾਲਾ ਜਾਤ੍ਰੀ ॥

**ਮੁਸਾਫ਼ਰ ਖ਼ਾਨਾ,** ਪੁ:—ਜਿੱਥੇ ਮੁਸਾਫ਼ਰ ਉਤਰਨ, ਸਰਾਂ ॥

**ਮੁਸਾਫ਼ਰੀ,** ਸ:—ਪੰਧ, ਪੈਂਡਾ, [illegible], ਦੂਰ [illegible] ਥਾਂ ਫਿਰਨਾ ॥

**ਮੁਸੀਬਤ,** ਸ:—ਦੁੱਖ, ਔਖ, ਬਿਪਤਾ (ਪਲ੍ਹੀ) ॥

**ਮੁਸੁੱਰ,** ਪੁ:—ਇਕ ਅਨਾਜ, ਮਸਰ ॥

**ਮੁਸੁੰਡਾ**<br>**ਮੁਸੁੰਢਾ** } ਪੁ:—'ਮਸੁੰਡਾ' ਵੇਖੋ ॥

**ਮੁਹਸੀ**<br>**ਮੁਹਰੀ** } ਸ:—[illegible] ਮੂੰਹ, ਜਿਸ [illegible] ਦਾ ਅਗਲਾ [illegible]

**ਮੁਹਕਮ,** ਵਿ:—ਪੱਕਾ, ਤਕੜਾ, ਮਜ਼ਬੂਤ ॥

**ਮੁਹਕਮ ਜੜ੍ਹਾਂ ਹੋਣੀਆਂ,** ਕ੍ਰਿ:—ਕਲ ਦਾ ਕੰਮ ਰਾਹਲਾ ॥



**ਮੁਹੱਬਤ,** ਸ:—'ਮਹੱਬਤ' ਵੇਖੋ ॥

**ਮੁਹੱਬਤੀ,** ਵਿ:—ਮਹੱਬਤ ਕਰਨ ਵਾਲਾ ।

**ਮੁਹੰਮਦੀ,** ਪੁ:—ਮੁਹੰਮਦ ਸਾਹਿਬ ਨੂੰ ਮੰਨਣ ਵਾਲਾ ਮੁਸਲਮਾਨ ॥

**ਮੁਹਰ,** ਸ:—'ਮੋਹਰ' ਵੇਖੋ ॥

**ਮੁਹਰਕਾ,** ਪੁ:—ਇਕ ਕਰੜਾ ਦਾ ਸਖ਼ਤ ਤਾਪ ਜੋ ਬਿਲਕੁਲ ਕਦੇ ਨਾਂ ਉਤਰੇ, ਅੱਠਾਂ ਦਿਨਾਂ ਦੇ ਅੰਦਰ ਮਾਰਨ ਵਾਲਾ ਤਾਪ ।

**ਮੁਹੱਤਰ,** ਪੁ:—[illegible] ਦਾ ਮਨੁੱਖ, ਘਰ ਜਾਂ ਪਿੰਡ ਦਾ ਮੁਖੀਆ, ਕਿਸੇ ਮਹਕਮੇ ਵਿਚ ਜੋ ਵੱਡਾ ਆਦਮੀ ਹੋਵੇ ।

**ਮੁਹੱਤਰੀ**<br>**ਮੁਹੱਤਰੀ** } ਸ:—ਮੁਹੱਤਰ ਦਾ ਕੰਮ ਜਾਂ ਦਰਜਾ ॥

**ਮੁਹਰਾ**<br>**ਮੁਹਰੀ**<br>**ਮੁਹਰੇ** } 'ਮੋਹਰਾ' 'ਮੋਹਰੀ' 'ਮੋਹਰੇ' ਵੇਖੋ ।

**ਮੁਹਟਲ,** ਪੁ:—'ਮਹਟੱਲ' ਵੇਖੋ ॥

**ਮੁਹਲਤ,** ਸ:—ਕੁਝ ਖਾਸ ਸਮਾਂ, ਵੇਹਲ, ਛੁੱਟੀ, ਵਖਤ ॥

**ਮੁਹਲਾ,** ਪੁ:—ਜਿਸ ਕਰਕੇ ਦੇ [illegible] ਨਾਲ [illegible] ਤੁੱਤੇ [illegible] ਦਾ ਧੁਰਾ, [illegible] ਛੱਲੇ ਮਾਰਨ ਵਾਲੀ ਲੰਮੀ ਲੱਕੜ ॥

**ਮੁਹਲੇ ਧਾਰ,** ਵਿ:-ਜ਼ੋਰ ਦਾ, ਮੋਟੀ ਧਾਰ ਵਾਲਾ (ਮੀਂਹ) ॥

**ਮੁਹੱਲਾ,** ਪੁ:-ਮਹੱਲਾ, ਗਲੀ, ਕੂਚਾ ॥

Digitized by Panjab Digital Library | www.panjabdigilib.org

**ਮੁਹਾਉਣਾ,** ਕ੍ਰਿ:–ਲੁਟਾਉਣਾ, ਲੁੱਟੇ ਜਾਣਾ।

**ਮੁਹਾਉਰਾ,** ਪੁ:–ਬੋਲਣ, ਚਾਲੀ, ਰੀਤ (ਪੈਣਾ) ਦਸਤੂਰ, ਖਾਸ ਅਰਥਾਂ ਵਾਲਾ ਬਚਨ॥

**ਮੁਹਾਣਾ,** ਪੁ:–ਮੂੰਹ, ਜਹਾਜ਼ ਦਾ ਸਿਰਾ, ਨਦੀ ਦਾ … ਮਲਾਹ॥

**ਮੁਹਾਂਦਰਾ,** ਪੁ:–ਮੂੰਹ, ਚੇਹਰੇ ਦੀ ਬਣਾਵਟ, ਸ਼ਕਲ॥

**ਮੁਹਾਰ,** ਸ:–ਊਠਾਂ ਦੀ ਨਕੇਲ ਦੀ ਰੱਸੀ।

**ਮੁਹਾਰਣਾ,** ਕ੍ਰਿ:–ਗਹਿਣੇ ਚਮਕਾਉਣਾ

**ਮੁਹਾਰਨੀ,** ਸ:–ਮੁੰਡਿਆਂ ਦਾ ਪਹਾੜੇ ਆਦਿਕ ਕਠੇ ਮਿਲਕੇ ਇਕ ਸੁਰ ਨਾਲ ਪੜ੍ਹਨਾ॥

**ਮੁਹਬਰਾ / ਮੁਹਾਵਰਾ** } ਪੁ:–'ਮੁਹਾਉਰਾ' ਵੇਖੋ।

**ਮੁਹਾਂਰਾ,** ਪੁ: … ਦੇ ਦੰਦਿਆਂ ਦਾ … (ਲਾਉਣਾ)।

**ਮੁਹਾਂਣੀ,** ਪੁ:–ਘਰ ਵਿੱਚ ਰਹਿਣ ਵਾਲ … ਗਹਿਣੇ ਚਮਕਾਉਣ ਵਾਲੀ … ਮ…ਕਿਆਂ ਦੀ ਲੜੀ।

**ਮੁਹਾਲ,** ਸ: ਪਾਸਾ, ਰੁਕ, ਔਖਿਉ॥

**ਮੁਹਾਰੀ,** ਸ:–ਬੂਹੇ ਦੇ ਦੋਹਾਂ ਪਾਸਿਆਂ ਦੀ ਕੰਧ।

**ਮੁਹਿੰਮ,** ਸ:–ਫੌਜ ਦਾ ਕਿਤੇ ਚੜ੍ਹ ਕੇ ਜਾਣਾ, ਬਹੁਤ ਔਖਾ ਕੰਮ, ਕਰਤਬ, (ਮੁਹਿੰਮ … ਜਿੱਤਣਾ)

**ਮੁਹੂਤ / ਮੁਹੂਰਤ** } ਪੁ:–'ਮਹੂਰਤ' ਵੇਖੋ॥

**ਮੁੱਕ / ਮੁੱਕਾ** } ਪੁ:–ਘਸੁੰਨ, ਹੂਰਾ, ਵੱਟੀ ਹੋਈ ਮੁੱਠ, ਘਸੁੰਨ ਦੀ ਮਾਰ॥

**ਮੁੱਕਾ ਉਘੱਰਣਾ,** ਕ੍ਰਿ:–ਮਾਰਨ ਨੂੰ ਮੁੱਕਾ ਵੱਟਣਾ॥

**ਮੁੱਕਾ ਮਾਰਨਾ,** ਕ੍ਰਿ:–ਵੱਟੀ ਹੋਈ ਮੁੱਠ ਦੀ ਸੱਟ ਲਾਉਣੀ॥

**ਮੁਕਟ,** ਪੁ:–ਵਿਆਹ ਦੇ ਵੇਲੇ ਲਾੜੇ ਦੇ ਸਿਰ ਦਾ ਸ਼ਿੰਗਾਰ, ਤਾਜ।

**ਮੁਕਣਾ,** ਕ੍ਰਿ:–ਢਹਿਣਾ, ਪੂਰਾ ਹੋਣਾ, ਸਾਰਾ ਲੱਗ ਜਾਣਾ, ਨਿਬੜ ਜਾਣਾ, ਦੀਵਾਲਾ ਨਿਕਲਣਾ, … ਫੁਕਣਾ॥

**ਮੁੱਕਿਆਂ ਹੋਇਆ,** ਵਿ:–ਮਰਨ ਕਿਨਾਰੇ।

**ਮੁਕਤ / ਮੁਕਤੀ** } ਸ:–ਛੁਟਕਾਰਾ, ਜਨਮ ਮਰਨ ਦੇ ਚੱਕਰ ਤੋਂ ਨਿਕਲਣਾ।

**ਮੁਕਤ,** ਵਿ:–ਜਿਸ ਦੀ ਮੁਕਤੀ ਹੋ ਗਈ ਹੋ, ਬਖਸ਼ਿਆ ਹੋਇਆ

**ਮੁਕਤ ਦਾਤਾ / ਮੁਕਤੀ ਦਾਤਾ** } ਪੁ:–ਮੁਕਤੀ ਦੇਣ ਵਾਲਾ, ਪਰਮੇਸਰ।

**ਮੁਕਤਾ,** ਵਿ:–ਬਹੁਤ, ਬਥੇਰਾ, (ਲਗਾਂ ਤੋਂ ਬਿਨਾ ਅੱਖਰ)

**ਮੁਕੰਦ (ਦਾ),** ਪੁ:–ਬਿਸ਼ਨ ਜੀ, ਪਰਮੇਸਰ, ਇਕ ਕੀਮਤੀ ਪੱਥਰ।

**ਮੁਕੰਦ ਬਾਬਰੀ,** ਪੁ:–ਇਕ ਠੰਡੀ ਬੂਟੀ।

Digitized by Panjab Digital Library | www.panjabdigilib.org

**ਮੁਕੱਬਾ,** ਪੁਃ—ਗੱਤਾ, ਜਿਲਦ ਦਾ ਤਖਤਾ, ਬਹੁਤ ਮੋਟਾ ਕਾਗਜ਼ ॥

**ਮੁਕੱਰ ਜਾਣਾ, ਮੁਕੱਰਣਾ** } ਕ੍ਰਿਃ—ਬਚਨ ਪੂਰਾ ਨਾਂ ਕਰਨਾ, ਇਨਕਾਰ ਕਰਨਾ ॥

**ਮੁਕਰਨੀ,** ਸਃ—ਇੱਕ ਤਰਾਂ ਦਾ ਬੁਝਾਰਤ ਵਾਲਾ ਛੰਦ ਜਿਸ ਵਿੱਚ ਪਹਿਲੇ ਆਪਣੇ ਪ੍ਰੀਆ ਦੀ ਗੱਲ ਕਰਨੀ ਫੇਰ ਮੁੱਕਰ ਕੇ ਕਿਸੇ ਹੋਰ ਚੀਜ਼ ਵਲ ਉਸ ਦਾ ਮਤਲਬ ਲਾ ਦੇਣਾ ।

**ਮੁਕੱਰਰ,** ਵਿਃ—ਥਾਪਿਆ ਹੋਇਆ, ਠਹਿਰਾਇਆ ਹੋਯਾ, ਜ਼ਰੂਰੀ (ਹੋਣਾ, ਕਰਨਾ) ॥

**ਮੁਕਰਾਉਣਾ,** ਕ੍ਰਿਃ—ਨਾਂਹ ਕਰਾਉਣੀ, ਜਬਾਬ ਦੁਆਉਣਾ ਝੂਠਾ ਸਾਬਤ ਕਰਨਾ, ਰੱਦਣਾ ।

**ਮੁਕਰੇਵਾਂ,** ਪੁਃ—ਮੁਕੱਰ ਜਾਣ ਦਾ ਕੰਮ ।

**ਮੁਕਲਾਵਾ,** ਪੁਃ—ਵਿਆਹ ਦੇ ਮਗਰੋਂ ਵਹੁਟੀ ਨੂੰ ਘਰ ਲਿਆਉਣ ਦੀ ਰੀਤ ।

**ਮੁਕੱਵਾ,** ਪੁਃ—ਮਕੱਬਾ ਵੇਖੋ ॥

**ਮੁੱਕੋ,** ਪੁਃ ਮੁਕਾ ਵੇਖੋ

**ਮੁਕਾਉਣਾ,** ਕ੍ਰਿਃ—ਪੂਰਾ ਕਰਨਾ, ਨਾਂ ਰਹਿਣ ਦੇਣਾ, ਸਭ ਕੁਝ ਖਰਚ ਕਰ ਦੇਣਾ, ਸਾਰਾ ਹੁਦਾਰ ਲਾਹ ਛੱਡਣਾ, ਨਬੇੜਨਾ ।

**ਮੁਕਾਊ,** ਵਿਃ—ਮੁਕਣ ਜਾਂ ਮੁਕਾਉਣ ਵਾਲਾ, ਜਿਸ ਦੇ ਮੁੱਕਣ ਦਾ ਡਰ ਹੈ ॥

**ਮੁਕਾਣ,** ਸਃ—ਕਿਸੇ ਸਰਬੰਧੀ ਜਾਂ ਸੱਜਣ ਦੇ ਮਰਨ ਤੇ ਦੂਰੋਂ ਚੱਲ ਕੇ ਉਹਦੇ ਘਰ ਬੁਲ ਉਣ ਜਾਣਾ (ਆਉਣਾ, ਜਾਣਾ) ॥

**ਮੁਕਾਬਲਾ,** ਪੁਃ—ਬਰਾਬਰੀ, ਸਾਮ੍ਹਣਾ, ਵਿਰੋਧ, ਮੇਲ, ਟਾਕਰਾ ॥

**ਮੁਕਾਲਖ,** ਸਃ—ਅਪਜਸ, ਬਦਨਾਮੀ, ਨਮੋਸ਼ੀ ॥

**ਮੁਕਾਲਾ,** ਪੁਃ—ਮੂੰਹ ਕਾਲਾ, ਅਪਜਸ, ਬਦਨਾਮੀ

ਵਿਃ—ਜਿਸ ਦੀ ਬਦਨਾਮੀ ਹੋਵੇ, ਨਿਰਲੱਜ ॥

**ਮੁਕਾਲੀ,** ਸਃ—ਨਿਰਲਜ, ਚੰਦਰੀ ਰੰਨ, ਗਾੜ ਦੀ ਰੋੜੀ ।

**ਮੁਕਿਆਉਣਾ,** ਕ੍ਰਿਃ—ਮੁੱਕੀਆਂ ਮਾਰਨੀਆਂ ॥

**ਮੁੱਕੀ,** ਸਃ—ਛੋਟਾ ਮੁੱਕਾ, ਘਸੁੰਨ, ਹੂਰਾ (ਮਾਰਨਾ)

**ਮੁੱਕੀ ਦੇਣੀ,** ਕ੍ਰਿਃ—ਮੁੱਕੀਆਂ ਨਾਲ ਗੁੰਨ੍ਹਣਾ (ਆਟਾ) ॥

**ਮੁੱਕੀ ਵੱਟਣੀ,** ਕ੍ਰਿਃ—ਮਾਰਨ ਲਈ ਮੁੱਠੀ ਵੱਟਣੀ ।

**ਮੁੱਕੀਆਂ ਮਾਰਨੀਆਂ, ਮੁੱਕੀਆਂ ਲਾਉਣੀਆਂ** } ਕ੍ਰਿਃ—ਮੁੱਠੀ ਚਾਪੀ ਕਰਨੀ, ਮੁੱਕੀਆਂ ਨਾਲ ਮਾਰਨਾ ॥

**ਮੁਕੈਸ਼** ਸਃ—ਸੋਨੇ ਜਾਂ ਚਾਂਦੀ ਦੀ ਤਾਰ ॥

**ਮੁਕੈਸ਼ੀ,** ਵਿਃ—ਮੁਕੈਸ਼ ਦੇ ਕੰਮ ਵਾਲਾ ॥

**ਮੁਖ,** ਪੁਃ—ਮੂੰਹ, ਚੇਹਰਾ ॥

ਵਿਃ—ਪਹਿਲਾ ਵੱਡਾ, ਜ਼ਰੂਰੀ ॥

**ਮੁੱਖ,** ਪੁਃ—ਬੂਹੇ ਦੀ ਦੋਹੀਂ ਪਾਸੀਂ ਚੌਖਟ ਦਾ ਬਾਹਰਲਾ ਸਿਰਾ, ਨੁੱਕਰ ।

ਵਿਃ—ਵੱਡਾ, ਪਹਿਲਾ, ਜ਼ਰੂਰੀ ॥

Digitized by Panjab Digital Library | www.panjabdigilib.org

**ਮੁਖਤ,** ਵਿ:—'ਮੁਫ਼ਤ' ਵੇਖੋ ॥

**ਮੁਖਤਾਰ / ਮੁਖ਼ਤਿਆਰ,** ਵਿ:—ਜਿਸ ਨੂੰ ਅਖ਼ਤਿਆਰ ਹੋਵੇ, ਜੋ ਕਿਸੇ [illegible], ਵਕੀਲ, ਅੰਦਰ [illegible] (ਹੋਣਾ, ਕਰਨਾ) ॥

**ਮੁਖ਼ਤਾਰ ਕਰਨਾ,** ਕ੍ਰਿ:—ਆਪਣੇ ਵਲੋਂ ਮੁਖ਼ਤਾਰ ਬਣਾਉਣਾ ।

**ਮੁਖ਼ਤਾਰ ਕਾਰ,** ਪੁ: ਸ: [illegible] ਕੰਮ ਹੋਵੇ ।

**ਮੁਖ਼ਤਾਰ ਨਾਮਾ,** ਪੁ:—ਮੁਖ਼ਤਾਰ ਨੂੰ ਅਖ਼ਤਿਆਰ ਹੋਣ ਦੀ ਸਰਕਾਰੀ ਲਿਖਤ

**ਮੁਖਤਾਰੀ / ਮੁਖਤਿਆਰੀ,** ਸ:—ਸਭ ਕੁਝ ਆਪਣੇ [illegible] ਹੋਣਾ, ਮੁਖ਼ਤਾਰ ਦਾ ਕੰਮ [illegible] ਕਰਨਾ, ਕਨੂੰਨ ਦਾ ਇੱਕ ਇਮਤਿਹਾਨ ॥

**ਮੁਖਤੀ,** ਸ:—[illegible]

**ਮੁਖਲਸ,** ਵਿ:—[illegible]

**ਮੁਖੜਾ,** ਪੁ:—ਮੂੰਹ, ਚੇਹਰਾ

**ਮੁੱਖਾ,** ਪੁ:—ਮੁਖੀਆ, ਸਭ ਤੋਂ [illegible] ਮੁੱਖਾ

**ਮੁਖਾਗਰ,** ਵਿ:—ਜ਼ਬਾਨੀ ਯਾਦ, ਜੋ ਕੰਠ ਹੋਵੇ ।

**ਮੁਖਾਲਾ,** ਪੁ:—ਪਹਾੜ ਦੀ ਚੜ੍ਹਾਈ ਜਿੱਥੋਂ ਹੋਣ ਲਗੇ, ਪਹਾੜਾਂ ਵਿਚ ਵੜਨ ਦਾ ਰਸਤਾ

**ਮੁਖੀ,** ਸ:—ਨੋਕਦਾਰ ਮੂੰਹ (ਲਾਠੀ ਆਦਿਕ ਦਾ) ॥

**ਮੁਖੀ / ਮੁਖੀਆ,** ਵਿ:—ਪਹਿਲਾ, ਵੱਡਾ, ਆਗੂ, ਮੂੰਹ ਵਾਲਾ (ਜਿਹਾ ਕਿ ਚੌ ਮੁਖੀ = ਚਹੁੰ ਮੂੰਹ ਵਾਲਾ) ॥

**ਮੂੰਗ / ਮੂੰਗੀ,** ਸ:—ਇੱਕ ਅਨਾਜ ਜਿਸ ਦੀ ਦਾਲ ਛੇਤੀ ਪਚ ਜਾਂਦੀ ਹੈ ਅਤੇ ਰੋਗੀਆਂ ਨੂੰ ਖੁਆਉਂਦੇ ਹਨ ॥

**ਮੂੰਗੀ ਤੋਰੀ,** ਸ:—ਮਸ਼ਹੂਰ ਭਾਜੀ ॥

**ਮੁਗਦਰ,** ਪੁ:—ਲਕੜੀ ਦਾ ਭਾਰਾ ਜਿਹਾ ਵੇਲਣਾ ਜਿਸ ਨੂੰ ਚੁੱਕ ਕੇ ਜ਼ੋਰ ਕਰਦੇ ਹਨ

**ਮੁਗਦਰੀ,** ਸ:—ਛੋਟਾ ਮੁਗਦਰ ॥

**ਮੁਗਧ ( ਧਾ ),** ਵਿ:—ਅਣਜਾਣ, ਮੂਰਖ, ਮੂੜ੍ਹ ॥

**ਮੂੰਗਦਾ,** ਪੁ:—ਮੂੰਗਾਂ ਦੇ ਘੀ ਦੀ ਤਲੀ, ਪਕੌੜੀਆਂ ॥ ਵਿ:—ਨਿਕੀਆਂ ਨਿਕੀਆਂ ਡਲੀਆਂ ਵਾਲਾ, ਛੋਟਾ [illegible], ਮੋਟਾ (ਲੂਣ)

**ਮੁਗਲ,** ਪੁ:—ਮੁਸਲਮਾਨਾਂ ਦੀ ਇੱਕ ਮਸ਼ਹੂਰ ਕੌਮ ।

**ਮੁਗਲਈ / ਮੁਗਲਈਆ,** ਵਿ:—[illegible] ਢਿੱਲਾ (ਕਪੜਾ) ।

**ਮੁਗਲਤ੍ਰ,** ਪੁ:—ਮੁਗਲ ਹੋਣ ਦਾ ਗੁਣ, ਮੁਗਲਾਈ ਹੋਣਾ

**ਮੁਗਲਾਣੀ,** ਸ:—ਮੁਗਲਾਂ ਦੀ ਕੌਮ ਦੀ ਤੀਵੀਂ ।

**ਮੂੰਗਲੀ,** ਸ:—ਕੁੱਟਣ ਵਾਲੀ ਲੰਮੀ ਚੀਜ਼, ਲੱਕੜ ਦੀ ਚੀਜ਼ ਮੂੰਗਲੀ ਦੀ ਸ਼ਕਲ ਦੀ ਜਿਸ ਨਾਲ ਜ਼ੋਰ ਕਰਦੇ ਹਨ ।

Digitized by Panjab Digital Library | www.panjabdigilib.org

**ਮੁੰਗਲੀਆਂ ਫੇਰਨਾ,** ਕ੍ਰਿ:—ਮੁੰਗਲੀਆਂ ਨੂੰ ਭੁਆ ਕੇ ਜ਼ੋਰ ਕਰਨਾ।

**ਮੁੰਗੀ,** ਸ:—'ਮੂੰਗ' ਵੇਖੋ॥

**ਮੁੱਘ,** ਪੁ:—ਘਰ ਦੀ ਛੱਤ ਵਿੱਚੋਂ [illegible] ਹੋਈ ਬਾਰੀ ਜਾਂ ਮੋਰੀ।

**ਮੁੱਘਾਂ,** ਪ: ਚਮਕਦਾਰ ਬੱਦਲਾਂ ਦਾ [illegible]।

**ਮੁੱਚ,** ਪੁ:—ਮਾਸ ਦੀ ਬੋਟੀ, ਲੱਥ (ਘੋੜੇ ਦਾ) (ਬਾਹਣਾ, ਮਾਰਨਾ)

**ਮੁਚੱਕਰੀ,** ਸ: ਬਹੁਤ ਚੰਗਾ ਬੋਲਣ ਵਾਲਾ, ਬਾਣੀ ਦਾ ਧਣੀ॥

**ਮੁਚੱਲਕਾ,** ਪੁ:—ਆਪਣੀ ਆਪ ਕੀਤੀ ਹੋਈ ਜ਼ਾਮਨੀ, ਅਪਰਾਧੀਆਂ ਦਾ ਇਕਰਾਰ ਨਾਮਾ, ਕਿਸੇ ਗੱਲ ਦੇ ਨਾ ਕਰਨ ਦਾ ਕਰਾਰ (ਲਿਖਣਾ, ਲਿਖਾਉਣਾ, ਲੈਣਾ)।

**ਮੁੱਚਾ,** ਪ:—ਪਾਉ ਕੁ ਮਾਸ ਦਾ ਟੋਟਾ॥

**ਮੁੱਛ,** ਸ:, ਪ: ਮੂੰਹ ਦੇ ਉੱਪਰਲੇ ਵਾਲ [illegible]

**ਮੁੱਛ ਦਾ ਵਾਲ (ਵਾਲ),** ਪੁ: -ਅਤਬਾਰੀ ਆਦਮੀ।

**ਮੁੱਛ ਮੁੱਛ ਖਾਣਾ,** ਕ੍ਰਿ: [illegible] ਦਾ ਮਾਲ ਮਾਰ ਕੇ ਗੁਜ਼ਰਾਨ ਕਰਨਾ।

**ਮੁੱਛ ਲੈਣਾ,** ਕ੍ਰਿ:—[illegible]

**ਮੁੱਛ ਨੂੰ ਤਾ ਦੇਣਾ,** ਕ੍ਰਿ:—ਸ਼ੇਖੀ ਮਾਰਨੀ, ਆਕੜਨਾ॥

**ਦਾੜ੍ਹੀ ਨਾਲੋਂ ਮੁੱਛਾਂ ਵਧਣੀਆਂ,** ਕ੍ਰਿ:—ਆਮਦਨ ਕੋਲੋਂ ਖਰਚ ਵਧੀਕ ਹੋਣਾ॥

**ਮੁਛਹਿਟੇ,** ਪ: [illegible] ॥

**ਮੁੱਛਣਾ,** ਕ੍ਰਿ:—ਧੋਖਾ ਦੇ ਕੇ [illegible] ਠੱਗ ਮਾਰਨਾ

**ਮੁਛੰਦਰੀ,** ਸ: [illegible], ਅਧੋਗਤੀ, [illegible]।

**ਮੁੱਛਲ,** [illegible]।

**ਮੁਛਿਆਹਨ**
**ਮਛਿਆਂਧ** } ਸ:— [illegible]

**ਮੁੰਜ,** ਸ: [illegible] ਰੱਸੇ ਵਟਦੇ ਹਨ

**ਮੁੰਜ ਬਗਜ਼,** ਪੁ:—ਮੁੰਜ ਵਰਗਾ ਇਕ ਤਰ੍ਹਾਂ ਦਾ ਘਾਹ।

**ਮੁਜੰਨੇ,** ਪੁ:—ਘੋੜੇ ਦੀ ਅੱਖੀ ਦੇ ਰਾਸਿਆਂ ਦੀ [illegible]

**ਮੁਜਰਾ,** ਪ:-ਲੇਖਾ, ਗਿਣਤੀ, ਕਾਟ, ਨਾਚ, ਅਦਬ ਸਲਾਮ।

**ਮੁਜਰਾ ਹੋਣਾ,** ਕ੍ਰਿ:—[illegible], ਲੇਖੇ ਲੱਗਣਾ।

**ਮੁਜਰਾ ਕਰਨਾ,** ਕ੍ਰਿ:—[illegible] ਕਾਟ ਕਰਨੀ, ਲੇਖੇ ਲਾਉਣਾ।

**ਮੁਜਰਾ ਦੇਣਾ,** ਕ੍ਰਿ:—ਲੇਖੇ ਲਾਉਣਾ॥

**ਮੁਜਰਾ ਪਾਉਣਾ,** ਕ੍ਰਿ:-ਰਕਮ ਦਾ ਲੇਖੇ ਲੱਗਣਾ।

Digitized by Panjab Digital Library | www.panjabdigilib.org

**ਮੁਜਰਾ ਲੈਣਾ,** ਕ੍ਰਿ:—ਰਕਮ ਕਟ ਲੈਣਾ।

**ਮੁਜਰਾਇ, ਮੁਜਰਾਈਤ, ਮੁਜਰਾਈ** } ਸ:—ਲੇਖਾ, ਲੇਖ ਦਾ ਨਬੇੜਾ, ਲੇਖੇ ਲਗਾਉਣਾ, ਮਸੂਲ ਦੀ ਮਾਫੀ, ਮਾਮਲਾ ਘਟ ਜਾਣਾ।

**ਮੁਜਰਾਲੀ,** ਸ:—ਪਾਲਣ ਛੱਡ ਕੇ [illegible] ਕੰਧ ਕਾਲ ਸਜ ਰਹੇ।

**ਮੁਜਾਉਰ,** ਪੁ:—'ਮਜਾਉਰ' ਵੇਖ।

**ਮੁਜਾਇਕਾ,** ਪੁ:—ਡਰ, ਪਰਵਾਹ (ਕੁਝ ਮੁਜਾਇਕਾ ਨਹੀਂ) ਤੰਗੀ, ਔਖ, ਹਰਜ, ਖਰਾਬੀ।

**ਮੁਜਾਵਰ,** ਪੁ: ਜੋ ਕਿਸੇ ਦੀ ਕਬਰ ਵਿਚ ਬੈਠਾ ਕਰ, ਕਿਰਸਾਣ।

**ਮੁੰਜਾਲ,** ਸ: ਇਕੱਲੀ ਕਾਹੀ ਦੀ ਛਿਲ

**ਮੁੰਜੀ,** ਸ:—ਚੌਲ ਇਕ [illegible] ਬੂਟਾ

**ਮੁਜੂਣ,** ਸ:—'ਮਜੂਣ' ਵੇਖੋ

**ਮੁਜੂਲਾ,** ਪੁ:—'ਮੁਜ[illegible]' ਵੇਖ

**ਮੁਜੇਰਾ,** ਪੁ:—'ਮੁਜਾਰਾ' ਵੇਖ।

**ਮੁਜੈਕਾ,** ਪੁ:—'ਮੁਜਾਇਕਾ' ਵੇਖੋ।

**ਮੁਜੈਰ,** ਪੁ:—'ਮਜਾਉਰ' ਵੇਖੋ।

**ਮੁੰਝ,** ਸ:—'ਮੁੰਜ' ਵੇਖੋ।

**ਮੁਟਕ,** ਪੁ:—'ਮੁਕਟ' ਵੇਖੋ।

**ਮੁਟਕਣਾ,** ਪੁ: ਇੱਕ ਮੋਟਾ ਮੈਗਲਾ ਘੜਾ।

**ਮੁਟਕੜੀ,** ਸ:—ਪੋਥ ਮਲ ਕੇ ਜਾਂ ਵੇਹਲੇ ਬੈਠਣ ਦਾ ਕੰਮ (ਮਾਰਨੀ)।

**ਮੁਟਕਾ,** ਪੁ:—ਇਕ ਰੇਸ਼ਮੀ ਕੱਪੜਾ, ਰੇਸ਼ਮੀ ਦੁਪੱਟਾ, ਘੱਗਰੀ

**ਮੁਟਾਈ,** ਸ:
**ਮੁਟਾਣ,** ਸ:
**ਮੁਟਾਪਾ,** ਪੁ:
**ਮੁਟਿਆਈ,** ਸ:
**ਮੁਟਿਆਣ,** ਸ: } ਮੋਟੇ ਹੋਣ ਦਾ ਗੁਣ, ਮੋਟਾਈ, [illegible] ਜਾਂ ਵੱਡੀ ਹਉਂ, ਗਲ।

**ਮੁਟਿਆਰ,** ਸ: ਜਵਾਨ ਤ੍ਰੀਮਤ, ਜਿਸ ਕੁੜੀ ਨੂੰ ਜਵਾਨੀ ਚੜ੍ਹੇ।

**ਮੁਟੁੱਟਾ,** ਵਿ:—'ਮੂੰਹ ਟੁੱਟਾ' ਵੇਖ।

**ਮੁੱਠ,** ਸ:—ਮੀਟਿਆ ਹੋਇਆ ਹੱਥ, [illegible] ਦਸਤਾ, ਜਾਦੂ।
ਵਿ:—ਥੋੜਾ ਜਿਹਾ, ਨਿਕਾ (ਮੁੱਠ ਕੁ)।

**ਮੁੱਠ ਚਲਾਉਣੀ,** ਕ੍ਰਿ:—ਜਾਦੂ ਕਰਨਾ।

**ਮੁਠ ਭੇੜ,** ਪੁ:—ਟਾਕਰਾ ਮੇਲ।

**ਮੁੱਠਣਾ,** ਕ੍ਰਿ:—ਲੁੱਟਣਾ, ਠੱਗਣਾ, ਛਲਣਾ।

**ਮੁਠਬਾ,** ਪੁ:—ਜਨਾਨੀ ਦੇ ਹੱਥ ਦਾ ਇੱਕ ਗਹਿਣਾ।

**ਮੁੱਠਾ,** ਪੁ:—ਦੱਬਾ, ਦਸਤਾ, ਕਿਸੇ ਚੀਜ਼ ਦੀ ਫੜਨ ਵਾਲੀ ਥਾਂ।

**ਮੁਠਿਆਰ,** ਪੁ:—ਚੱਕੀ ਜਾਂ ਚਰਖੇ ਆਦਿਕ ਦੇ ਮੂੰਹ ਦਾ ਮੰਦਾ ਕੈਂਢਾ।

Digitized by Panjab Digital Library | www.panjabdigilib.org

**ਮੁੱਠੀ,** ਸ਼ਃ—ਮੁੱਠ ਵਿੱਚ ਜਿੰਨੀ ਚੀਜ਼ ਆਵੇ ।

**ਮੁੱਠੀ ਚਾਪੀ ਕਰਨੀ, ਮੁੱਠੀਆਂ ਭਰਨੀਆਂ,** ਕ੍ਰਿਃ—[illegible] ਲਈ [illegible] ਸਰੀਰ [illegible] ਘੁੱਟਣਾ ।

**ਮੁਠੀਅੜਾ,** ਪੁਃ—[illegible] ਖੜ੍ਹੇ ਦਾ ਬੂਟਾ [illegible]

**ਮੁਠੀਆ,** ਪੁਃ—ਪੰਜਾਲੀ ਦੇ ਅੰਦਰਲੀ ਲੱਕੜ, ਹਲ ਦੇ ਮੁੱਠੇ ਦੀ ਵਿਚਲੀ ਕਿੱਲੀ 'ਮੁਠੀਅੜਾ' ਵੇਖੋ ।

**ਮੁਠੀਰਨੀ,** ਸ਼ਃ—ਜਿਸ ਚੀਜ਼ ਨਾਲ ਕੋਈ ਆਪਣਾ ਆਪਣਾ ਕੰਮ ਸੌਖਾ ਕਰਦਾ ਹੈ ।

**ਮੁਠ੍ਹਨ,** ਵਿਃ—ਮੂਰਖ, ਅਹਿਮਕ, ਬੇ ਸਮਝ

**ਮੁਠ੍ਹਨੀ,** ਸ਼ਃ—ਚੌਥ ਵਿਚ ਪੁੱਠੇ ਕ [illegible] ਜਾਣੀ ।

**ਮੁੰਡ,** ਪੁਃ—ਸਿਰ ।

**ਮੁੰਡਪੁਣਾ,** ਪੁਃ—ਮੁੰਡਿਆਂ ਦਾ ਅਣਸਮਝ ਮੁੰਡਿਆਂ ਵਾਲਾ ਕੰਮ ।

**ਮੁੰਡਾ,** ਪੁਃ—ਛੋਟੀ ਉਮਰ ਦਾ ਮਰਦ, ਲੜਕਾ, ਨੌਕਰ
ਵਿਃ—ਟੁੰਡਾ ॥

**ਮੁੰਡਾ ਖੁੰਡਾ,** ਪੁਃ—ਲੜਕਾ, ਅੰਞਾਣਾ, ਬੇ ਸਮਝ ॥

**ਮੁੰਡਾਸਾ,** ਪੁਃ—ਟੋਪੀ ਜਾਂ ਪੱਗ ਉੱਤੇ ਲਪੇਟਿਆ ਹੋਇਆ ਕਪੜਾ ॥

**ਮੁੰਡੀ,** ਸ਼ਃ—ਸਿਰ ਅਤੇ ਗਿੱਚੀ, ਇੱਕ ਬੂਟੀ ॥

**ਮੁੰਡੀਰ,** ਸ਼ਃ **ਮੁੰਡੀਰ ਢਾਣਾ** ਪੁਃ—ਮੁੰਡਿਆਂ ਦਾ ਟੋਲਾ ।

**ਮੁੱਢ, ਮੁੱਡ,** ਪੁਃ—ਆਦਿ, ਜੜ੍ਹ, ਮੂਲ, ਅਸਲ, [illegible]
ਕ੍ਰਿਃ ਵਿਃ—ਨੇੜੇ, ਪਾਸ, ਕਲ ਹੀ

**ਮੁੱਢ ਬੰਨ੍ਹਣਾ,** ਕ੍ਰਿਃ—ਸ਼ੁਰੂ ਕਰਨਾ, ਜੜ੍ਹ ਲਾਉਣਾ ।

**ਮੁੱਢਾ,** ਪੁਃ [illegible] ਮੁੱਢ ਦਾ ਗੁੱਢਾ ।

**ਮੁੱਢੀ,** ਸ਼ਃ [illegible] ਵੱਡਾ ਮੁੱਢ [illegible] ਉਹ [illegible] ਹਨ । [illegible] ਪਹਿਲਾ, ਪਰਧਾਨ ॥

**ਮੁਢੀਰ, ਮੁੱਢੇਰ, ਮੁੱਢੇਰ ਵਧਾ,** ਪੁਃ ਮੁੰਡਿਆਂ ਦਾ ਝੁੰਡ ॥

**ਮੁਢੇਰ, ਮੁਢੇਰ,** [illegible] ਵੇਖੋ

**ਮੁੱਢੋਂ,** ਕ੍ਰਿਃ [illegible] ਸ਼ੁਰੂ ਤੋਂ, ਆਦਿ ਤੋਂ, ਜੜ੍ਹ ਤੋਂ, [illegible] ॥

**ਮੁਣਸਾਤ,** ਸ਼ਃ—'ਮਲਸਾਤ' ਵੇਖੋ ॥

**ਮੁਣਮੁਣਾ,** ਪੁਃ ਬੱਕਰੀ ਦੇ ਗਲ ਦਾ ਲਮਕਦਾ ਮਾਸ ।

**ਮੁਣਿਆਦ,** ਸ਼ਃ—ਨੀਂਹ, ਮੂਲ, ਮੁੱਢ, ਬਲ, ਅਸਲ, ਮਿਆਦ ॥

**ਮੁਤਸੱਦੀ,** ਪੁਃ—ਮੁਨਸ਼ੀ, 'ਮੁਸੱਦੀ' ਵੇਖੋ ॥

**ਮੁਤਹਿਰ (ਰਾ),** ਪੁਃ **ਮੁਤਹਿਰੀ,** ਸ਼ਃ **ਮੁਤਕਹਿਰ (ਰਾ),** ਪੁਃ **ਮੁਤਕਹਿਰੀ,** ਸ਼ਃ — ਫਕੀਰਾਂ ਦਾ ਮੋਟਾ ਭਾਰਾ ਡੰਡਾ ॥

Digitized by Panjab Digital Library / www.panjabdigilib.org

**ਮੁਤਰਾਲੀ,** ਸ:—ਪਸ਼ੂਆਂ ਦੇ ਖਲੋ ਕੇ ਮੂਤ੍ਰਨ ਦੀ ਥਾਂ, ਉਸ ਥਾਂ ਦੀ ਬਦਬੋ ਅਤੇ ਚੀਕ ॥

**ਮੁਤਾਇਆ** / **ਮੁਤਾਈ** } ਵਿ:—ਜੋ ਮੂਤ੍ਰਨਾ ਚਾਹੇ ।

**ਮੁਤਾਜ,** ਵਿ:—ਲੋੜ ਵੰਦ, ਅਧੀਨ, ਅੰਨ ਦਰਕਾਰ (ਹੋਣਾ) ॥

**ਮੁਤਾਜਗੀ** / **ਮੁਤਾਜੀ** } ਸ:—ਮੁਤਾਜ ਹੋਣ ਦੀ ਹਾਲਤ, ਗਰੀਬੀ ॥

**ਮੁਤਾਬਕ,** ਵਿ:—ਮੂਜਿਬ, ਅਨੁਸਾਰ, ਵਰਗਾ, ਲਾਇਕ ॥

**ਮੁਤਾਲਾ,** ਵਿ:—ਜੋ ਮੂਤ੍ਰਦ ਰਹੇ ਜਾਂ ਬਹੁਤ ਮੂਤ੍ਰੇ ॥

**ਮੁਤਾਲਿਆ,** ਪੁ:—ਮਨ ਲਾ ਕੇ ਪੜ੍ਹਨ ਦਾ ਕੰਮ, ਅਗਲਾ ਸਬਕ ਆਪ ਪੜ੍ਹ ਕੇ ਸੋਚ ਵਿਚਾਰਨਾ (ਕਰਨਾ) ॥

**ਮੁਤਾੜ,** ਵਿ:—ਪੰਜਾਲੀ ਦੀ ਰਗੜ ਨਾਲ ਫੱਟੀ ਹੋਈ (ਪਸ਼ੂ ਦੀ ਗਰਦਨ) ।

**ਮੁਤਾੜ ਜਾਣਾ** / **ਮੁਤਾੜਨਾ** } ਕ੍ਰਿ:—ਪੰਜਾਲੀ ਦੀ ਰਗੜ ਨਾਲ ਪਸ਼ੂ ਦੀ ਗਰਦਨ ਸੁੱਜ [illegible] ਜਾਣੀ

**ਮੁਤੀਹ,** ਵਿ:—ਅਧੀਨ, ਹੁਕਮ ਮੰਨਣ ਵਾਲਾ ।

**ਮੁਥਾਜ** / **ਮੁਥਾਜਗੀ (ਜੀ)** } 'ਮੁਤਾਜ' 'ਮੁਤਾਜਗੀ' ਦੇਖੋ ।

**ਮੁਦਈ,** ਪੁ:—ਜੋ ਕਿਸੇ ਤੇ ਦਾਵਾ ਕਰੇ [illegible] ਲਾਵੇ, ਵੈਰੀ ।

**ਮੁਦਕਰ** / **ਮੁਦਗਰ** } ਪੁ:—'ਮਗਦਾਲ' ਵੇਖੋ ।

**ਮੁੰਦਣਾ,** ਕ੍ਰਿ:—ਬੰਦ ਕਰਨਾ, ਕੰਧ ਦਾ ਖੱਪਾ ਭਰਨਾ ॥

**ਮੁੱਦਤ,** ਸ:—ਬਹੁਤ ਚਿਰ, ਦੇਰ (ਹੋਣੀ, ਗੁਜ਼ਰਨੀ) ॥

**ਮੁਦੱਪੜਾ** / **ਮੁਦੇਪਾ** } ਪੁ:—ਵੈਰ, ਝਗੜਾ, [illegible]

**ਮੁੰਦਰ,** ਪੁ: / **ਮੁੰਦਰਾਂ,** ਸ: } ਇੱਕ ਤਰਾਂ ਦਾ ਕੰਨ ਦਾ ਬਾਲਾ (ਜੋਗੀਆਂ ਦਾ) ।

**ਮੁੰਦ੍ਰਕਾ** / **ਮੁੰਦਰਕਾ** } ਬ:, ਸ:—ਰੁਪਯਾ [illegible] ਮੁੰਦਰੀ ।

**ਮੁੰਦਰਾ (ਰੀ)** / **ਮੁੰਦੜਾ** } ਸ:—ਹੱਥ ਦੀ [illegible] ਅੰਗੂਠੀ, [illegible] ।

**ਮੁੱਦਾ,** ਪੁ:—ਮਤਲਬ, ਮਨੋਰਥ, ਮਨਸ਼ਾ, ਪਰੋਜਨ, [illegible] ਰਥ, ਭਾਵ, ਮਾਲ, ਚੋਰੀ ਦਾ ਮਾਲ ॥

**ਮੁੱਦਾ ਲੈ,** ਪੁ:—ਜਿਸ ਉੱਤੇ ਦਾਵਾ ਕੀਤਾ ਜਾਵੇ (ਅਦਾਲਤ ਵਿੱਚ) ॥

**ਮੁੰਦੀ,** ਸ:—ਅੰਗੂਠੀ, ਛੱਲਾ, ਮੋਹਰ ਛਾਪ ॥

**ਮੁੰਧ,** ਸ:—ਜੁਆਨ ਹਿੰਦਣੀ, ਮੁਟਿਆਰ ।

**ਮੁਨਸ** / **ਮੁਨਸਕਾ** } [illegible] ਰਸ, [illegible] ਵਾਲਾ

**ਮੁਨਸਫ (ਬ)** / **ਮੁਨਸਫ** } ਪੁ:, ਵਿ: [illegible] ਇੱਕ ਦਰਜੇ [illegible] ਹਾਕਮ, ਪੰਚ ।

Digitized by Panjab Digital Library / www.panjabdigilib.org

**ਮੁਨਸਫੀ (ਬੀ)**
**ਮੁਨਸਿਫੀ** } ਸ਼—ਮੁਨਸਫ ਦਾ ਕੰਮ ਜਾਂ ਓਹ ਦੀ ਅਦਾਲਤ, ਨਿਆਂ, ਪੰਚਾਂ ਦਾ ਫੈਸਲਾ ॥

**ਮੁਨਸਰਿਮ**
**ਮੁਨਸਿਰਮ**
**ਮੁਨਸਿਰਿਮ** } ਪੁ—ਪਟਵਾਰੀਆਂ ਦੇ ਉੱਪਰਲਾ ਇੱਕ ਅਫ਼ਸਰ ।

**ਮੁਨਸ਼ੀ,** ਪੁ—ਫਾਰਸੀ ਪੜ੍ਹਿਆ ਹੋਇਆ, ਜੋ ਲਿਖਣ ਦਾ ਕੰਮ ਕਰੇ ॥

**ਮੁਨ੍ਹੇਰ (ਰਾ),** ਪੁ—ਸਵੇਰ ਦਾ ਵੇਲਾ ਜਦੋਂ ਹਨੇਰਾ ਹੁੰਦਾ ਹੈ ।

**ਮੁਨਕਰ,** ਪੁ—ਜੋ ਰੱਬ ਨੂੰ ਨਾ ਮੰਨੇ, ਕਾਫਰ, ਜੋ ਇਨਕਾਰ ਕਰੇ ॥

**ਮੁਨਕਰ ਨਕੀਰ,** ਪੁ—ਮੁਰਦੇ ਦੀ ਰੂਹ ਨੂੰ ਪੁੱਛਣ ਗਿੱਛਣ ਵਾਲੇ ਫਰਿਸ਼ਤੇ ( ਕਬਰ ਵਿਚ ) ।

**ਮੁਨੱਕਾ,** ਪੁ—'ਮਨੱਕਾ' ਵੇਖੋ ।

**ਮੁੰਨਣਾ,** ਕ੍ਰਿ—ਉਸਤਰੇ ਨਾਲ ਐਉਂ ਵਾਲ ਲਾਹੁਣੇ ਕਿ ਹੇਠਲੀ ਬਾਸ ਫ ਨਿਕਲ ਆਵੇ, ਰੋਡਾ ਬਣਾਉਣਾ, ਛਿਲਣਾ ॥

**ਮੁਨਵਾਉਣਾ,** ਕ੍ਰਿ—ਮੁੰਨਣ ਦਾ ਕੰਮ ਕਰਾਉਣਾ ॥ ਧੋਖਾ ਖਾ ਲੈਣਾ ।

**ਮੁਨਵਾਈ,** ਸ਼—ਮੁੰਨਣ ਦੀ ਮਜੂਰੀ ॥

**ਮੁੰਨਾ,** ਪੁ—ਚਰਖੇ ਜਾਂ ਵੇਲਣੇ ਨੂੰ ਸਹਾਰਾ ਦੇਣ ਵਾਲੀ ਖੜੀ ਲੱਕੜੀ, ਹਲ ਦਾ ਹੱਥਾ
ਵ—ਪੋਲਾ (ਮੁੰਨਾ ਕੋਹ) ॥

**ਮੁਨਾਉਣਾ**
**ਮਨਾਈ** } 'ਮਨਵਾਉਣਾ' 'ਮੁਨਵਾਈ' ਵੇਖੋ ।



**ਮੁਨਾਸਬ,** ਵਿ—ਠੀਕ, ਜੋਗ, ਵਾਜਬ, ਜੋ (ਕੰਮ) ਕਰਨਾ ਚਾਹੀਦਾ ਹੈ ॥

**ਮੁਨਾਫ਼ਿਕ,** ਪੁ—ਕਾਫ਼ਰ, ਪਖੰਡੀ, ਬੇਈਮਾਨ

**ਮੁਨਾਰਾ,** ਪੁ—ਬਹੁਤ ਉੱਚਾ ਥੰਮ੍ਹ ਜਿਸ ਦੀ ਉਚਾਈ ਘੇਰੇ ਤੋਂ ਬਹੁਤ ਵੱਧ ਹੋਵੇ, ਬੁਰਜ, ਫਾਸਲੇ ਦਾ ਨਿਸ਼ਾਨ ।

**ਮੁਨਾਲ,** ਪੁ—ਹੁੱਕੇ ਦੀ ਨੜੀ ਦੀ ਟੂਟੀ, ਤਲਵਾਰ ਦੇ ਮਿਆਨ ਦੇ ਮੂੰਹ ਉੱਤੇ ਚਾਂਦੀ ਦਾ ਕੰਮ

**ਮੁਨਿਆਰ (ਰਾ),** ਪੁ—ਸ਼ੀਸ਼ੇ ਮੋਤੀ ਬਣਾਉਣ ਜਾਂ ਵੇਚਣ ਵਾਲਾ ।

**ਮੁਨਿਆਰੀ,** ਸ਼—ਮੁਨਿਆਰ ਜਾਤ ਦੀ ਤੀਵੀਂ ।
ਵਿ—ਮੁਨਿਆਰ ਦਾ ॥

**ਮੁਨੀ,** ਪੁ—ਸੰਤ, ਮਹਾਤਮਾ, ਗਿਆਨ ਵਾਲਾ ॥

**ਮੁੰਨੀ,** ਸ਼—ਨਿੱਕੀ ਜਿਹੀ ਕੁੜੀ, ਛੋਟਾ ਮੁੰਨਾ ਕਿੱਲੀ ॥

**ਮੁਨੀਸ**
**ਮੁਨੀਸ਼ਰ** } ਪੁ—ਵੱਡਾ ਮੁਨੀ, ਤਪੱਸੀ, ਮਹੰਤ ॥

**ਮੁਫ਼ਤ**
**ਮੁਫ਼ਤੀ** } ਕ੍ਰਿ, ਵਿ—ਮੁੱਲ ਦਿੱਤੇ ਬਿਨਾ, ਸੌਂਦੀ, ਸੌਖੇ, ਬੇ ਫ਼ੈਦਾ ॥

**ਮੁਫ਼ਤ ਖੋਰਾ,** ਪੁ
**ਮੁਫਤ ਖੋਰੀ,** ਸ਼ } ਜੋ ਦੂਜੇ ਦੇ ਸਿਰ ਤੇ ਨਿਰਬਾਹ ਕਰੇ ॥

**ਮੁਫ਼ਤ ਖੋਰੀ,** ਸ਼—ਦੂਜੇ ਦੇ ਸਿਰ ਤੇ ਰਹਿਣਾ, ਬੇਕਾਰੀ ।

**ਮੁਫ਼ਤ ਵਿੱਚ ਕੰਮ ਕਰਾਉਣਾ,** ਕ੍ਰਿ—ਮਜੂਰੀ ਨਾ ਦੇਣੀ ॥

Digitized by Panjab Digital Library | www.panjabdigilib.org

**ਮੁਫ਼ਤੀ,** ਪੁ:—ਸ਼ਰਾ ਦਾ ਹੁਕਮ ਦੱਸਣ ਵਾਲਾ ਹਾਕਮ (ਕਾਜ਼ੀ ਦੇ ਹੇਠ)।

**ਮੁਫ਼ੀਦ,** ਵਿ:—ਫ਼ੈਦਾ ਕਰਨ ਵਾਲਾ, ਲਾਭ ਦਾਇਕ॥

**ਮੁਬਾਰਕ** } ਵਿ: ਭਾਗਾਂ ਵਾਲਾ, ਸੁਲੱਖਣਾ।
**ਮੁਮਾਰਖ** } ਸ: —ਵਧਾਈ।

**ਮੁਬਾਰਕ ਬਾਦ,** ਪੁ:—ਵਧਾਈ (ਦੇਣਾ)।

**ਮੁਮਤਹਿਨ,** ਪੁ:—ਇਮਤਿਹਾਨ ਲੈਣ ਵਾਲਾ॥

**ਮੁਮਾਰਖੀ,** ਸ:—ਵਧਾਈ, ਇੱਕ ਤਰਾਂ ਦਾ ਮਾਤਾ ਦਾ ਰੰਗ॥

**ਮੁਮਿਆਈ,** ਸ:—'ਮਮਿਆਈ' ਵੇਖੋ॥

**ਮੁਮੀਰਾ (ਰੀ),** ਪੁ:, ਸ:—'ਮਮੀਰਾ' ਵੇਖੋ॥

**ਮੁਮੇਸੀ** } 'ਮਮਸੀ' ਆਦਿਕ ਵੇਖੋ।
**ਮੁਮੇਸੀਆ** }

**ਮੁਰਸ਼ਦ,** ਪੁ:—ਪੀਰ, ਗੁਰੂ, ਉਸਤਾਦ। ਚਰੇਖੀ ਮਨੁੱਖ॥

**ਮੁਰਸ਼ਦਿਆਣੀ,** ਸ:—ਮੁਰਸ਼ਦ ਦੀ ਘਰ ਵਾਲੀ।

**ਮੁਰਸ਼ਦੀ,** ਸ:—ਮੁਰਸ਼ਦ ਦਾ ਕੰਮ, ਜਾਂ ਦਰਜਾ, ਪੀਰੀ।

**ਮੁਰਹੈਲ,** ਪੁ:—ਮੋਹਰੀ, ਆਗੂ, ਮੁਖੀਆ, ਸਰਦਾਰ॥

**ਮੁਰਕ,** ਸ:—ਇੱਕ ਤਰਾਂ ਦਾ ਘਾਹ॥

**ਮੁਰਕਣਾ,** ਕ੍ਰਿ:—ਤੁੜਕਣਾ, ਤਿੜਨਾ, ਕੱਚੀ ਸ਼ੈ ਦਾ ਭੱਜ ਜਾਣਾ॥

**ਮੁਰਕਾਉਣਾ,** ਕ੍ਰਿ:—ਤੋੜਨਾ, ਕੱਚੀ ਸ਼ੈ ਨੂੰ ਤੋੜ ਦੇਣੀ॥

**ਮੁਰਕੀ,** ਸ:—ਕੰਨ ਦਾ ਛੋਟਾ ਗਹਿਣਾ, ਇੱਕ ਤਰਾਂ ਦੀ ਬਾਲੀ।

**ਮੁਰਗ** } ਪੁ:—ਮਸ਼ਹੂਰ ਜਨੌਰ, ਕੁੱਕੜ।
**ਮੁਰਗਾ** }

**ਮੁਰਗਾਈ** } ਸ:—ਇੱਕ ਪਾਣੀ ਦਾ ਪੰਖੇਰੂ॥
**ਮੁਰਗਾਬੀ** }

**ਮੁਰਗੀ,** ਸ:—ਮੁਰਗ ਦੀ ਮਦੀਨ, ਕੁੱਕੜੀ॥

**ਮੁਰਦਾਰ,** ਪੁ:—ਮੁਰਦੇ ਦਾ ਸਰੀਰ, ਲੋਥ।

**ਮੁਰਝਾਉਣਾ,** ਕ੍ਰਿ:—ਕੁਮਲਾ ਜਾਣਾ, ਸੁਕਣਾ, ਹੋਸ਼ ਆਦਿਕ ਨਾ ਰਹਿਣੀ॥

**ਮੁਰੰਡੀ,** ਪੁ:—'ਮਰੂੰਡਾ' ਵੇਖੋ॥

**ਮੁਰਦਾ,** ਵਿ:, ਪੁ:—ਮੋਇਆ ਹੋਇਆ, ਕਮਜ਼ੋਰ, ਬੁਝਾ, ਲੋਥ॥

**ਮੁਰਦਾ ਸੰਗ,** ਪੁ:—ਪੱਥਰ ਵਰਗੀ ਇੱਕ ਤਰਾਂ ਦੀ ਦੁਆ॥

**ਮੁਰਦਾ ਕਰਨਾ** } ਕ੍ਰਿ:—ਮੁਰਦੇ ਦੇ ਵਰਗੀ ਹਾਲਤ ਕਰ ਦੇਣੀ।
**ਮੁਰਦਾ ਬਣਾਉਣਾ** }

**ਮੁਰਦੇ ਦਾ ਮਾਲ,** ਪੁ:—ਸਸਤਾ ਸੌਦਾ॥

**ਮੁਰਦਾਰ,** ਪੁ:, ਵਿ:—ਮੁਰਦਾ, ਲੋਥ, ਜੋ ਸ਼ੈ ਹਰਾਮ ਹੈ, ਨਿਕੰਮਾ॥

**ਮੁਰਦਿਆਨ੍ਹ,** ਸ:—ਮੁਰਦੇ ਦੀ ਬਦ ਬੋ॥

Digitized by Panjab Digital Library / www.panjabdigilib.org

**ਮੁਰੱਵਤ,** ਸ਼ਃ—ਉਪਕਾਰ, ਭਲਿਆਈ, ਦਯਾ, ਮਦਦ (ਕਰਨਾ) ॥

**ਮੁਰੱਬਾ,** ਪੁਃ ਫਲ ਉਬਾਲ ਕੇ ਖੰਡ ਮਿਸਰੀ ਦੀ ਚਾਸ਼ਨੀ ਵਿਚ ਪਾਏ ਹੋਏ (ਪਾਉਣਾ), ਠੀਕ ਚੌਰਸ ਸ਼ਕਲ ਦੀ ਧਰਤੀ ਆਦਿਕ ॥

**ਮੁਰੱਬਾ ਵਿੱਘ, ਫੁੱਟ, ਗਜ਼,** ਪੁਃ-ਨਾਪ ਦਾ ਨਾਂ, ਚੌਰਸ ਸ਼ਕਲ ਜੋ ਇਕ ਇਕ ਫੁਟ ਗਜ਼ ਲੰਮੀ ਅਤੇ ਚੌੜੀ ਹੋਵੇ ॥

**ਮੁਰੱਬੀ,** ਪੁਃ—ਸੰਭਾਲ, ਸਹਾਈ, ਮੇਹਰਬਾਨ ਰਾਖਾ (ਹੋਣਾ) ॥

**ਮੁਰੰਮਤ,** ਸ਼ਃ—ਟੁੱਟਾ ਭੱਜਾ ਬਣਾਉਣਾ, ਮਾਰ ਕੁਟਾਈ (ਹੋਣਾ, ਕਰਨਾ) ॥

[illegible]

**ਮੁਰਲੀ,** ਸ਼ਃ—ਬੰਸਰੀ, ਬੀਨ, ਅਲਗੋਜ਼ਾ (ਵਜਣਾ ਵਜਾਉਣਾ) ॥

**ਮੁਰਲੀ ਧਰ / ਮੁਰਲੀ ਮਨੋਹਰ** } ਪੁਃ ਬੰਸੀ ਬਜਾਉਣ ਵਾਲਾ ਕ੍ਰਿਸ਼ਨ ਜੀ ॥

**ਮੁਰਾਸਲਾ,** ਪੁਃ—ਮੁਸਲਮਾਨੀ ਅਮਲ ਦੀ ਸਰਕਾਰੀ ਚਿੱਠੀ ।

**ਮੁਰਾਕਬਾ,** ਪੁਃ—'ਮਰਾਕਬਾ' ਵੇਖੋ ॥

**ਮੁਰਾਦ,** ਸ਼ਃ—ਇੱਛਿਆ, ਮਤਲਬ, ਪ੍ਰਯੋਜਨ, ਅਰਥ, ਸੁਖਨਾ ॥

**ਮੁਰਾਦ ਦੇ ਦਿਨ,** ਪੁਃ—ਜਿਨ੍ਹਾਂ ਦਿਨਾਂ ਵਿਚ ਮੁਰਾਦ ਮਿਲੇ ॥

**ਮੁਰਾਦ ਪੂਰੀ ਹੋਣੀ / ਮੁਰਾਦ ਮਿਲਣੀ** } ਕ੍ਰਿਃ—ਜੋ ਚਾਹਣਾ ਸੋ ਹੋ ਜਾਣਾ ।

**ਮੁਰਾਦ ਮੰਨਣੀ,** ਕ੍ਰਿਃ—ਸੁੱਖਣਾ ਸੁੱਖਣੀ ॥

**ਮੁਰਾਦ ਲੈਣੀ,** ਕ੍ਰਿਃ—ਮਤਲਬ ਸਮਝਣਾ ॥

**ਮੁਰਾਦਾਂ ਵੇਖਣੀਆਂ,** ਕ੍ਰਿਃ—ਪੁਤ੍ਰਾਂ ਧੀਆਂ ਦੇ ਢੰਗ ਸਆਰਥ ਕਰਕੇ ਖੁਸ਼ੀ ਦੇ ਦਿਨ ਵੇਖਣਾ ॥

**ਮੁਰਾਰ (ਰੀ),** ਪੁਃ—ਕ੍ਰਿਸ਼ਨ ਜੀ, ਪਰਮੇਸਰ, 'ਮੁਰ' ਰਾਖਸ਼ ਦਾ ਵੈਰੀ ॥

**ਮੁਰਾੜ੍ਹਾ,** ਪੁਃ ਬਲਦੀ ਲਕੜੀ ਦਾ ਟੋਟਾ, ਮਆਤ ।

**ਮੁਰੀਂਡਾ,** ਪੁਃ—'ਮਰੂੰਡਾ' ਵੇਖੋ ।

**ਮੁਰੀਦ,** ਪੁਃ / **ਮੁਰੀਦਣੀ,** ਸ਼ਃ } ਚੇਲਾ (ਲੀ), ਜੋ ਕਿਸੇ ਦੇ ਮਤ ਤੇ ਚੱਲੇ

**ਮੁਰੀਦੀ,** ਸ਼ਃ—ਮੁਰੀਦ ਹੋਣ ਦੀ ਹਾਲਤ, ਸਾਰੇ ਮੁਰੀਦ ॥

**ਮੁਰੂੰਡਾ,** ਪੁਃ 'ਮਰੂੰਡਾ' ਵੇਖੋ ॥

**ਮੁੱਲ,** ਪੁਃ—ਕੀਮਤ, ਜਿੰਨੇ ਤੋਂ ਕੋਈ ਚੀਜ਼ ਮਿਲੇ, ਕਦਰ ।

**ਮੁੱਲ ਚੁਕਾਉਣਾ,** ਕ੍ਰਿਃ—ਕੀਮਤ ਠਹਿਰਾਉਣਾ, ਸੌਦਾ ਕਰਨਾ ॥

**ਮੁੱਲ ਦੇਣਾ (ਕੋਈ ਚੀਜ਼),** ਕ੍ਰਿਃ—ਵੇਚਣਾ ॥

**ਮੁੱਲ ਪੈਣਾ,** ਕ੍ਰਿਃ—ਕੀਮਤ ਠਹਿਰਨੀ, ਖਰੀਦ ਹੋਣੀ ॥

Digitized by Panjab Digital Library | www.panjabdigilib.org

**ਮੁੱਲ ਬਰਦਾ,** ਪੁ:-ਗੁਲਾਮ, ਗੋੱਲਾ ।

**ਮੁੱਲ ਲੈਣਾ (ਕੋਈ ਚੀਜ਼),** ਕ੍ਰਿ:-ਖਰੀਦਣਾ।

**ਮੁਲਕ**
**ਮੁਲਖ** } ਪੁ:—ਦੇਸ, ਅਲਾਕਾ, ਰਾਜ

**ਮੁਲਖਾਂ ਦਾ,** ਵਿ: —ਬਹੁਤ, ਢੇਰ ਸਾਰਾ ।

**ਮੁਲ੍ਹਾ (ਲ੍ਹੋ),** ਪੁ:-ਦੂਜੇ ਪੰਖੇਰੂਆਂ ਨੂੰ ਫਸਾਉਣ ਵਾਲਾ ਪੰਛੀ, ਨਕਾਰਾ ਆਦਮੀ ।

**ਮੁਲਕੀ**
**ਮੁਲਖੀ** } ਵਿ:—ਆਪਣੇ ਮੁਲਕ ਦਾ, ਦੇਸੀ।

**ਮੁਲਕੀ ਲਾਟ**
**ਮੁਲਖੀ ਲਾਟ** } ਪੁ:—'ਵੈਸਰਾਇ' ਵੇਖੋ।

**ਮੁਲਖਈਆ,** ਪੁ:—ਮੁਲਖ ਦੇ ਲੋਕ, ਪਰਜਾ ।

**ਮੁਲੌਠੀ,** ਸ:—ਇਕ ਜੜ੍ਹ ਜੋ ਖੰਘ ਅਤੇ ਰੇਸ਼ੇ ਦੀ ਦਵਾਈ ਹੈ ।

**ਮੁਲਤਾਨ,** ਪੁ: ਇਕ ਮਸ਼ਹੂਰ ਜ਼ਿਲਾ ਅਤੇ ਸ਼ਹਿਰ ।

**ਮੁਲਤਾਨੀ,** ਵਿ: —ਮੁਲਤਾਨ ਦਾ ॥

**ਮੁਲਤਾਨੀ ਮਿੱਟੀ,** ਸ:-'ਗਾਚਣੀ' ਵੇਖੋ ।

**ਮੁਲੰਮਾ,** ਪੁ: -ਚਮਕਾਇਆ ਹੋਇਆ, ਸੋਨੇ ਜਾਂ ਚਾਂਦੀ ਦਾ ਪਾਣੀ ਚੜ੍ਹਾਇਆ ਹੋਇਆ । (ਕਰਨਾ) ॥

**ਮੁਲਵਾਣਾ,** ਪੁ:
**ਮੁਲਵਾਣੀ,** ਸ: } 'ਮੁਲਾਣਾ' 'ਮੁਲਾਣੀ' ਵੇਖੋ।



**ਮੁੱਲਾਂ,** ਪੁ:—ਮੁਸਲਮਾਨਾਂ ਦੀਆਂ ਮਜ਼ਹਬੀ ਰਸਮਾਂ ਕਰਾਉਣ ਵਾਲਾ, ਨਮਾਜ਼ ਪੜ੍ਹਾਉਣ ਵਾਲਾ, ਉਸਤਾਦ ॥

**ਮੁੱਲਾਂ ਦੀ ਦੌੜ ਮਸੀਤ ਤਕ,** ਜਿੰਨੀ ਸਮਰਥਾ ਕਿਸੇ ਵਿਚ ਹੋਵੇ ਉਨਾ ਹੀ ਉਹ ਕੰਮ ਕਰ ਸਕਦਾ ਹੈ

**ਮੁਲਾਇਮ,** ਵਿ:-ਨਰਮ, ਕੋਮਲ, ਨਾਜ਼ਕ ॥
ਸ: ਮੱਲ੍ਹਮ ॥

**ਮੁਲਾਇਮ ਹੋਣਾ,** ਕ੍ਰਿ:-ਦਿਲ ਨਰਮ ਹੋਣਾ, ਦੂਜੇ ਦੀ ਗੱਲ ਮੰਨ ਲੈਣੀ ॥

**ਮੁਲਾਇਮੀ,** ਸ:-ਨਰਮੀ, ਕੋਮਲਤਾਈ, ਨਿਮ੍ਰਤਾ ॥

**ਮੁਲਾਹਜ਼ਾ,** ਪੁ:—ਲਿਹਾਜ਼, ਆਦਰ ਭਾਉ, ਦੇਖ ਭਾਲ ( ਕਰਨਾ ) ।

**ਮੁਲਾਹਜ਼ੇ ਵਾਲਾ ਆਦਮੀ,** ਪੁ:—ਜੋ ਸਭ ਨੂੰ ਚਾਹ ਕੇ ਮਿਲੇ ਜਿਸ ਦਾ ਲੋਕ ਲਿਹਾਜ਼ ਕਰਨ ।

**ਮੁਲਾਕਾਤ,** ਸ:—ਮੇਲ, ਦਰਸ਼ਨ, ਇਸਤ੍ਰੀ ਪੁਰਸ਼ ਦਾ ਸੰਗ (ਕਰਨੀ) ।

**ਮੁਲਾਕਾਤ ਬਨਾਉਣੀ,** ਕ੍ਰਿ:—ਦੋਸਤੀ ਕਰਨਾ, ਪਿਆਰ ਪਾਉਣਾ ॥

**ਮੁਲਾਕਾਤ ਰੱਖਣੀ,** ਕ੍ਰਿ:—ਕਿਸੇ ਕੋਲ ਜਾਂਦੇ ਆਉਂਦੇ ਰਹਿਣਾ ॥

**ਮੁਲਾਕਾਤੀ,** ਪੁ:-ਮੁਲਾਕਾਤ ਕਰਨ ਵਾਲਾ, ਵਾਕਫ਼, ਮੇਲੀ ॥

Digitized by Panjab Digital Library | www.panjabdigilib.org

**ਮੁਲਾਣਾ,** ਪੁ:-ਮੁੱਲਾਂ, ਪੜ੍ਹਾਉਣ ਵਾਲਾ, ਮਰਨ ਦੇ ਮਗਰੋਂ ਅਤੇ ਦੱਬਣ ਦਾ ਬੰਦੋਬਸਤ ਕਰਨ ਵਾਲਾ ॥

**ਮੁਲਾਣੀ,** ਸ:-ਮੁਲਾਣੇ ਦੀ ਜ਼ਨਾਨੀ ।

**ਮੁੜ,** [illegible] ਦੂਜੀ ਵਾ [illegible]

**ਮੁੜ੍ਹਕਾ,** [illegible] ਪਰਸੇਉ, ਪਸੀਨਾ ਤ੍ਰੇਲਾ ।

**ਮੁੜਕਣਾ,** ਕ੍ਰਿ:-'ਮਰਕਣਾ' ਵੇਖੋ ॥

**ਮੁੜਕਾਉਣਾ,** ਕ੍ਰਿ:-ਟੁੱਟਣ ਦੇਣਾ, ਤੋੜਨਾ, ਭੰਨਣਾ ॥

**ਮੁੜੰਗਾ,** ਪੁ:-ਚੇਹਰਾ, ਮੂੰਹ, ਸ਼ਕਲ ।

**ਮੁੜ ਫਿਰ**
**ਮੁੜ ਮੁੜ ਕੇ** } ਕ੍ਰਿ, ਵਿ:—ਘੜੀ ਮੁੜੀ, ਬਾਰੰ-ਬਾਰ ।

**ਮੁੜਨਾ,** ਕ੍ਰਿ:-ਫਿਰਨਾ, ਘੁੰਮਣਾ, ਜਿਥੋਂ [illegible] ਉੱਥੇ ਹੀ ਆਉਣਾ, ਲਿਫਣਾ, ਝੁਕਣਾ, ਧਰਕਣਾ ।

**ਮੁੜਾਉਣਾ,** ਕ੍ਰਿ:—ਫੇਰ ਪਹਿਲਾਂ ਥਾਂ ਉੱਤੇ ਲਿਆਉਣਾ, ਝੁਕਾਉਣਾ, ਪਰਤਾਉਣਾ ਮੁੜ ਦੁਆਉਣਾ ।

**ਮੁੜੀਏ,** ਵਿਸਮਯ:—ਸਹੇਲੀ ਜਾਂ ਨਿੱਕੀ ਕੁੜੀ ਨੂੰ ਲਾਡ ਨਾਲ ਬੁਲਾਉਣ ਦਾ ਸ਼ਬਦ ॥

**ਮੂਸਲ,** ਪੁ:—ਲਕੜੀ ਦਾ ਮੁਹਲਾ ॥

**ਮੂਸਲ ਧਾਰ**
**ਮੂਸਲਾ ਧਾਰ** } ਕ੍ਰਿ, ਵਿ:—'ਮੁਹਲੇ ਧਾਰ' [illegible] (ਵਰ੍ਹਣਾ) ।

**ਮੂਸਲੀ,** ਸ:—ਇਕ ਦਵਾ ਦੀ ਜੜੀ ਜੋ ਸਫ਼ੈਦ [illegible] ।

**ਮੂਸਾ,** ਪੁ: ਇਕ ਪੈਗ਼ੰਬਰ, ਚੂਹਾ ॥

**ਮੂਸੀ,** ਪੁ:—ਚੂਹੇ ਵਰਗਾ ਰੰਗ ।

**ਮੂੰਹ**
**ਮੂੰਹ** } ਪੁ: ਸਰੀਰ ਦੇ ਜਿਸ ਰਸਤੇ ਖਾਣ ਪੀਣ ਵਾਲਾ ਸ਼ੈ ਅੰਦਰ ਜਾਂਦੀ ਹੈ, ਮੁਖ, ਚੇਹਰਾ, [illegible]

[illegible]

**ਮੂੰਹ ਅੱਗੇ ਫਿਰਨਾ,** ਕ੍ਰਿ: [illegible] ਹੋਣਾ ਵੱਲ ਕੁਝ ਕੁਝ ਲੋੱਧੇ ਆਉਣ ਲੱਗਣੀ ॥

**ਮੂੰਹ ਅਨ੍ਹੇਰੇ,** [illegible]

**ਮੂੰਹ ਆਉਣਾ,** ਕ੍ਰਿ: ਗਰਮੀ ਨਾਲ ਮੂੰਹ ਸੁੱਜਣਾ, [illegible] ਲੱਗਣਾ ॥

**ਮੂੰਹ ਸੀਉਣਾ,** ਕ੍ਰਿ:—ਚੁੱਪ ਕਰ ਰਹਿਣਾ ।

**ਮੂੰਹ ਸੁੱਕਣਾ,** ਕ੍ਰਿ:—ਤ੍ਰੇਹ ਲੱਗਣਾ [illegible] ।

**ਮੂੰਹ ਸੁੱਚਾ ਰੱਖਣਾ,** ਕ੍ਰਿ:—ਕੁਝ ਨਾ ਖਾਣਾ ਪੀਣਾ

**ਮੂੰਹ ਸੁਜਾਉਣਾ,** ਕ੍ਰਿ:—ਗੁੱਸੇ ਹੋਣਾ, ਰੁੱਸ ਜਾਣਾ ॥

**ਮੂੰਹ ਕਾਲਖ,** ਸ:—ਅਪਜਸ, ਨਮੋਸ਼ੀ ।

**ਮੂੰਹ ਕਾਲਾ ਹੋਣਾ,** ਕ੍ਰਿ:—ਬਦਨਾਮੀ ਜਾਂ ਨਿਰਾਦਰੀ ਹੋਣੀ ॥

**ਮੂੰਹ ਕਾਲਾ ਕਰਨਾ,** ਕ੍ਰਿ:—ਪਰਾਈ ਇਸਤ੍ਰੀ ਨਾਲ ਮੰਦਾ ਕੰਮ ਕਰਨਾ ॥

Digitized by Panjab Digital Library | www.panjabdigilib.org

**ਮੂੰਹ ਕਾਲਾ ਤੇ ਨੀਲੇ ਪੈਰ,** ਪ੍ਰ:—ਦੁਰਗਤ, ਬਹੁਤ ਨਿਰਾਦਰੀ।।

**ਮੂੰਹ ਖੁੱਲ੍ਹ ਜਾਣਾ**
**ਮੂੰਹ ਖੁੱਲ੍ਹਣਾ** } ਕ੍ਰਿ:—ਬਕਣ ਦੀ ਵਾਦੀ ਪੈ ਜਾਣੀ

**ਮੂੰਹ ਖੋਲ੍ਹਣਾ,** ਕ੍ਰਿ: [illegible] ਕਰਨਾ।

**ਮੂੰਹ ਚੱਟਣਾ,** ਕ੍ਰਿ:—ਖੁਸ਼ਾਮਦ ਕਰਨਾ, ਵਡਿਆਉਣਾ।।

**ਮੂੰਹ ਚੁੱਕ ਕੇ ਚੱਲਣਾ (ਟੁਰਨਾ),** ਕ੍ਰਿ:—ਬੇਪਰਵਾਹੀ ਨਾਲ ਟੁਰਨਾ।

**ਮੂੰਹ ਚੋਲਣਾ,** ਕ੍ਰਿ:—ਕੁਝ ਖਾਣਾ (ਖੁਸ਼ੀ ਦੇ ਮੌਕੇ ਉਤੇ)।।

**ਮੂੰਹ ਜ਼ਬਾਨੀ,** ਵਿ:—ਬੋਲਕੇ ਕਹੀ ਹੋਈ ਗੱਲ (ਲਿਖਕੇ ਨਾ)।।

**ਮੂੰਹ ਜੂਠਾ ਕਰਨਾ,** ਕ੍ਰਿ: ਕੁਝ ਖਾ ਲੈਣਾ।

**ਮੂੰਹ ਟੱਡਣਾ,** ਕ੍ਰਿ:—[illegible] ਲੈਣਾ, ਮੂੰਹ ਵਧਾਉਣਾ ਲੋਭ ਕਰਨਾ।

**ਮੂੰਹ ਟੁੱਟਾ,** ਵਿ:—ਸੜੀਅਲ, ਭੈੜ ਸੁਭਾਉ ਵਾਲਾ।

**ਮੂੰਹ ਤੱਕਣਾ,** ਕ੍ਰਿ:—ਹਰਾਨ ਹੋਕੇ ਵੇਖਣਾ (ਸੁਦਾਈਆਂ ਵਾਂਗਰ)।

**ਮੂੰਹ ਤੇ,** ਕ੍ਰਿ:, ਵਿ:—ਸਾਮ੍ਹਣੇ, ਰੋ ਬਰੋ।

**ਮੂੰਹ ਤੇ ਹਵਾਈਆਂ ਉੱਡਣੀਆਂ,** ਕ੍ਰਿ: ਘਾਬਰ ਜਾਣਾ।

**ਮੂੰਹ ਤੇ ਲਿਆਉਣਾ (ਲੈ ਆਉਣਾ),** ਕ੍ਰਿ:—ਆਖਣਾ।

**ਮੂੰਹ ਤੋਂ ਲੋਈ ਲਾਹੁਣੀ,** ਕ੍ਰਿ:—ਨਿਲੱਜ ਹੋ ਜਾਣਾ।।

**ਮੂੰਹ ਤੋੜਨਾ,** ਕ੍ਰਿ:—ਕਿਸੇ ਦੀ ਗੱਲ ਨੂੰ ਰੱਦਣਾ।

**ਮੂੰਹ ਦਾ ਕੱਚਾ,** ਕ੍ਰਿ:—ਮੁਲਾਇਮ ਮੂੰਹ ਵਾਲਾ (ਘੋੜਾ)।।

**ਮੂੰਹ ਦਾ ਮਿੱਠਾ,** ਵਿ: ਮਿੱਠਾ ਬੋਲਣ ਵਾਲਾ।।

**ਮੂੰਹ ਦਿਖਾਉਣਾ (ਲੈਣਾ),** ਕ੍ਰਿ:—'ਮੂੰਹ ਵਿਖਾਉਣਾ' ਵੇਖੋ।

**ਮੂੰਹ ਦੀ ਖਾਣੀ,** ਕ੍ਰਿ:—ਦੂਜੇ ਤੋਂ ਹਾਰਨਾ, ਝਾੜ ਪੈਣੀ, ਸਜ਼ਾ ਮਿਲਣੀ।।

**ਮੂੰਹ ਦੇਣਾ,** ਕ੍ਰਿ:—ਨਿਡਰ ਹੋਕੇ ਅੱਗੇ ਆਉਣਾ।।

**ਮੂੰਹ ਧੋ ਛੱਡਣਾ,** ਕ੍ਰਿ:—ਆਸ ਨਾ ਰੱਖਣੀ।।

**ਮੂੰਹ ਨਾ ਮੱਥਾ ਜਿੰਨ ਪਹਾੜੋਂ ਲੱਥਾ,** ਮੁਹਾ:—[illegible] ਭੈੜਾ ਮਨੁੱਖ ਜੋ ਆਪਣੇ ਆਪ ਨੂੰ ਸੋਹਣਾ ਸਮਝੇ।

**ਮੂੰਹ ਨਾਲ ਮੂੰਹ ਜੋੜਨਾ,** ਕ੍ਰਿ:—ਹੌਲੀ ਜਿਹੀ ਗੱਲ ਕਰਨੀ।।

**ਮੂੰਹ ਨਾਲ ਮੂੰਹ ਮਿਲਾਉਣਾ,** ਕ੍ਰਿ:—ਚੁੰਮਣਾ।।

**ਮੂੰਹ ਨੂੰ ਲਹੂ ਲੱਗਣਾ,** ਕ੍ਰਿ:—ਬੁਰੀ ਸ਼ੈ ਜਾਂ ਹਰਾਮ ਦੀ ਕਮਾਈ ਦਾ ਸੁਆਦ ਪੈ ਜਾਣਾ।।

Digitized by Panjab Digital Library | www.panjabdigilib.org

**ਮੂੰਹ ਪਾਉਣਾ,** ਕ੍ਰਿ:—ਮਾਰਨਾ, ਚੁੰਝਾਂ ਦਾ ਲੜਨਾ।

**ਮੂੰਹ ਪਾੜ ਕੇ ਕਹਿਣਾ,** ਕ੍ਰਿ:—ਨਾ ਬੋਲਣ ਦੇ ਮੌਕੇ ਉੱਤੇ ਬੀ ਕੁਝ ਆਖਣਾ ਜਾਂ ਮੰਗਣਾ॥

**ਮੂੰਹ ਪੈਣਾ,** ਕ੍ਰਿ:—ਖਾਧਾ ਜਾਣਾ, ਢੀਠ ਪੁਣਾ ਕਰਨਾ॥

**ਮੂੰਹ ਫਿਰਨਾ,** ਕ੍ਰਿ:—ਲਕਵਾ ਹੋ ਜਾਣਾ, ਕੋਈ ਸ਼ੈ ਖਾ ਕੇ ਅਜਿਹਾ ਰੱਜਣਾ ਕਿ ਮੁੜ ਜੀ ਨਾਂ ਕਰਨਾ॥

**ਮੂੰਹ ਫੇਰਨਾ,** ਕ੍ਰਿ:—ਮਨ ਹਟਾ ਲੈਣਾ।

**ਮੂੰਹ ਬੰਦ ਕਰਨਾ,** ਕ੍ਰਿ:—ਨਾ ਬੋਲਣਾ, ਬੋਲਣ ਨਾ ਦੇਣਾ॥

**ਮੂੰਹ ਬੰਨ੍ਹ ਕੇ ਬੈਠਣਾ,** ਕ੍ਰਿ:—ਨਾ ਬੋਲਣਾ, ਕੁਝ ਨਾ ਖਾਣਾ

**ਮੂੰਹ ਬਨਾਉਣਾ,** ਕ੍ਰਿ:—ਮੂੰਹ ਦੀ ਭੈੜੀ ਸ਼ਕਲ ਬਣਾ ਕੇ ਕਿਸੇ ਨੂੰ ਠੱਠਾ ਕਰਨਾ

**ਮੂੰਹ ਭੰਨਣਾ,** ਕ੍ਰਿ:—'ਮੂੰਹ ਤੋੜਨਾ' ਵੇਖੋ

**ਮੂੰਹ ਭਰ ਆਉਣਾ,** ਕ੍ਰਿ:—ਮੂੰਹ ਵਿਚ ਪਾਣੀ ਭਰਨਾ, ਜੀ ਕਰਦਾ ਹੋਣਾ

**ਮੂੰਹ ਮੰਗੀ,** ਵਿ:—ਜੋ ਚੀਜ਼ ਕੋਈ ਚਾਹੇ (ਮੁਰਾਦ, ਮੌਤ)

**ਮੂੰਹ ਮਰੋੜਨਾ,** ਕ੍ਰਿ:—ਗੁੱਸੇ ਹੋ ਜਾਣਾ, ਰੁੱਸਣਾ।

**ਮੂੰਹ ਮਾਰਨਾ,** ਕ੍ਰਿ:—ਡੰਗਣਾ, [illegible]

**ਮੂੰਹ ਮਿੱਠਾ ਕਰਨਾ,** ਕ੍ਰਿ:—ਖਾਤਰ ਕਰਨੀ, ਵੱਢੀ ਦੇਣੀ।

**ਮੂੰਹ ਮੀਟੀ ਪਰਾਕੜੀ,** ਵਿ:—ਜੋ ਬਹੁਤ ਥੋੜਾ ਬੋਲੇ॥

**ਮੂੰਹ ਮੋਟਾ ਕਰਨਾ,** ਕ੍ਰਿ:—'ਮੂੰਹ ਮਰੋੜਨਾ' ਵੇਖੋ।

**ਮੂੰਹ ਮੋੜਨਾ,** ਕ੍ਰਿ:—ਹਟਣਾ, ਖ਼ਿਆਲ ਨਾ ਕਰਨਾ॥

**ਮੂੰਹ ਲੱਗਣਾ,** ਕ੍ਰਿ:—ਸੁਆਦ ਪੈ ਜਾਣਾ, ਵੱਡੇ ਦੀ ਬਰਾਬਰੀ ਕਰਨਾ॥

**ਮੂੰਹ ਲਗਾਉਣਾ**
**ਮੂੰਹ ਲਾਉਣਾ** } ਕ੍ਰਿ:—ਛੋਟੇ ਉੱਤੇ ਹੱਦੋਂ ਬਾਹਰੀ ਦਇਆ ਕਰਨੀ॥

**ਮੂੰਹ ਲਾਲ ਹੋਣਾ,** ਕ੍ਰਿ:—ਬਹੁਤ ਗੁੱਸਾ ਚੜ੍ਹਨਾ॥

**ਮੂੰਹ ਲਾਲ ਕਰਨਾ,** ਕ੍ਰਿ:—ਬਹੁਤ ਗੁੱਸੇ ਵਿਚ ਆਉਣਾ, ਕਿਸੇ ਦੇ ਮੂੰਹ ਉਤੇ ਬਹੁਤ ਤਮਾਚੇ ਮਾਰਨਾ

**ਮੂੰਹ ਲੁਕਾਉਣਾ,** ਕ੍ਰਿ:—ਪਰਦਾ ਰੱਖਣਾ, ਸ਼ਰਮ ਖਾਣੀ, ਸਾਮ੍ਹਣੇ ਨਾ ਹੋਣਾ, ਹਟਣਾ, ਦੂਰ ਰਹਿਣਾ

**ਮੂੰਹ ਵਿਖਾਉਣਾ,** ਕ੍ਰਿ:—ਸਾਮ੍ਹਣੇ ਆਉਣਾ, ਕਿਸੇ ਕੀਮਤ ਦਾ ਸੌਦਾ ਵਾਲੀ ਦੇ ਅਗੇ ਜਾ ਕੇ ਪਰਗਟਣਾ।

**ਮੂੰਹ ਵਿਖਾਈ (ਦਿਖਾਈ)**
**ਮੂੰਹ ਵਿਖਾਵਣੀ (ਦਿਖਾਵਣੀ)**
**ਮੂੰਹ ਵਿਖਾਲੀ** } ਸ:—ਨਵੀਂ ਵਹੁਟੀ ਦਾ ਪਹਿਲੀ ਵਾਰ ਮੂੰਹ ਵੇਖਕੇ ਸਹੁਰੇ ਘਰ ਵਾਲਿਆਂ ਜੋ ਕੁਝ ਦੇਣ॥

**ਮੂੰਹ ਵਿੱਚ ਗੁਣ ਗੁਣ ਕਰਨਾ,** ਕ੍ਰਿ:—ਬਹੁਤ ਹੀ ਹੌਲੀ ਬੋਲਣਾ।

**ਮੂੰਹ ਵਿੱਚ ਪੜ੍ਹਨਾ,** ਕ੍ਰਿ:—ਬਹੁਤ ਹੌਲੀ ਪੜ੍ਹਨਾ।

Digitized by Panjab Digital Library | www.panjabdigilib.org

**ਮੂੰਹ ਵਿੱਚ ਪਾਣੀ ਚੋਣਾ,** ਕ੍ਰਿ:—ਬਹੁਤ ਜੇਰਾ ਕਰਨੀ।

**ਮੂੰਹ ਵਿੱਚ ਫਿਰਨਾ,** ਕ੍ਰਿ:—'ਮੂੰਹ ਅੱਗੇ ਫਿਰਨਾ' ਵੇਖੋ॥

**ਮੂੰਹ ਵੇਖਣਾ,** ਕ੍ਰਿ:—ਸ਼ੀਸ਼ੇ ਵਿੱਚ ਆਪਣਾ ਚੇਹਰਾ ਵੇਖਣਾ, ਹਰਾਨ ਜਾਂ ਲਚਾਰ ਹੋ ਕੇ ਤੱਕਣਾ, ਦੂਜੇ ਦੀ ਆਸ ਰੱਖਣੀ।

**ਮੂੰਹ ਵੇਖਦੇ (ਵੇਖਦੇ) ਰਹਿ ਜਾਣਾ,** ਕ੍ਰਿ:—ਕੰਮ ਨਾ ਸਰਨ ਕਰਕੇ ਹਰਾਨ ਹੋ ਜਾਣਾ।

**ਮੂੰਹ ਵੇਖੇ (ਵੇਖੇ) ਦੀ ਪ੍ਰੀਤ,** ਸ:—ਵਿਖਾਵੇ ਦਾ ਲਿਹਾਜ਼ ਜਾਂ ਪਿਆਰ।

**ਮੂੰਹੋਂ ਉਤਰਨਾ**
**ਮੂੰਹੋਂ ਲਾਹੁਣਾ** } ਕ੍ਰਿ:—ਪਰਵਾਹ ਨਾ ਕਰਨੀ, ਛੱਡਣਾ।

**ਮੂੰਹੋਂ ਫੜਨੀ,** ਕ੍ਰਿ:—ਮੂੰਹੋਂ ਨਿਕਲੀ ਗੱਲ ਦੇ ਜੋਰ ਲੈਣਾ

**ਮੂੰਹੋਂ ਫੁੱਟਣਾ,** ਕ੍ਰਿ:—ਆਖਣਾ, ਦੱਸਣਾ, ਬਕਣਾ

**ਮੂੰਹੋਂ ਮੂੰਹ,** ਵਿ:—ਮੂੰਹ ਤਕ ਨਕਾਨਕ, ਭਰਪੂਰ

**ਮੂਹੜ**
**ਮੂਹੜ** } ਪੁ:—ਮੂਰਖ, ਬੇ ਅਕਲ

**ਮੂਹੜਾ,** ਪੁ:—ਬਿੱਠਾ, ਕਾਨਿਆਂ ਦੀ ਚੌਕੀ, ਪੱਛੀ ਜਾਂ ਪਠੇ ਦਾ ਉਣਿਆ ਹੋਇਆ ਆਸਣ, ਵਿਲ, ਪਸ਼ੂਆਂ ਦਾ ਦੁੱਧ ਘਟ ਜਾਣਾ

**ਮੂਹੜੀ,** ਸ:—ਛੋਟਾ ਮੂਹੜਾ ਜਾਂ ਬਿਠਾ॥

**ਮੂੰਹਾਂ,** ਪੁ:—ਜਿੱਥੋਂ ਦਰਿਆ ਨਿਕਲੇ॥

ਵਿ:—ਮੂੰਹ ਵਾਲਾ॥

**ਮੂੰਹੀਂ,** ਸ:—ਅਸਲ, ਜੜ, ਮੂਲ, ਕੁਲ, ਜਿਸ ਤੋਂ ਕੁਲ ਚੱਲੇ, ਮੁਸਲਮਾਨਾਂ ਦੀ ਇੱਕ ਛੋਟੀ ਜਾਤ॥

**ਮੂੰਹੋ,** ਪੁ:—'ਮੂੰਹ' ਵੇਖੋ॥

**ਮੂਹੜ,** ਵਿ:—'ਮੂਰਖ' ਵੇਖੋ।

**ਮੂੰਹੋਂ ਮੂਹੀਂ,** ਕ੍ਰਿ. ਵਿ:—ਮੂੰਹ ਸਾਮ੍ਹਣੇ, ਅਗੇ॥

**ਮੂੰਗ,** ਪੁ:
**ਮੂੰਗੀ,** ਸ: } 'ਮੂੰਗੀ' ਵੇਖੋ

**ਮੂੰਗ ਫਲੀ,** ਸ:—ਇੱਕ ਫਲੀ ਜਿਸ ਵਿੱਚ ਬਦਾਮਾਂ ਵਰਗੀਆਂ ਗਿਰੀਆਂ ਨਿਕਲਦੀਆਂ ਹਨ।

**ਮੂੰਗਰਾ,** ਪੁ:—'ਮੁਗਰਾ' ਵੇਖੋ।

**ਮੂੰਗਾ,** ਪੁ:—ਇਕ ਸਮੁੰਦਰੀ ਜਨੌਰ ਅਤੇ ਉਹ ਦਾ ਛਿਲਕਾ॥
ਵਿ:—ਮੂੰਗੀ ਦੇ ਰੰਗ ਦਾ, ਕੁਝ ਕੁਝ ਹਰਾ॥

**ਮੂੰਗੀ ਪਾਣੀ,** ਪੁ:—ਪਤਲੀ ਉਬਾਲੀ ਹੋਈ ਦਾਲ॥

**ਮੂੰਗੀ,** ਸ:—'ਮੂੰਗੀ' ਵੇਖੋ॥

**ਮੂਜਬ**
**ਮੂਜਿਬ** } ਵਿ:—ਮੁਤਾਬਕ, ਅਨੁਸਾਰ, ਕਰਕੇ, ਸਬਬ ਤੋਂ।

**ਮੂਜ਼ੀ,** ਵਿ:, ਪੁ:—ਦੁਖਦਾਈ, ਨੁਕਸਾਨ ਪੁਚਾਉਣ ਵਾਲਾ, ਸੂਮ॥

**ਮੂੰਜੀ,** ਪੁ:—'ਮੁੰਜੀ' ਵੇਖੋ।

Digitized by Panjab Digital Library | www.panjabdigilib.org

**ਮੁੰਡਲਾ ਆੜੂ**, ਪੁ:—ਇੱਕ ਸਖ਼ਤ ਛਿੱਲ ਅਤੇ ਸਖ਼ਤ ਗੁੱਦੇ ਵਾਲਾ ਆੜੂ ॥

**ਮੁੰਢੀ**, ਸ:—'ਮੁੱਢੀ' ਵੇਖੋ ।

**ਮੁੱਢੀ**, ਸ:—ਕਪਾਹ ਆਦਿਕ ਦੀਆਂ ਜੜ੍ਹਾਂ ਜੋ ਅਗਲੇ ਸਾਲ ਦੇ ਫਸਲ ਵਾਸਤੇ ਧਰਤੀ ਵਿਚ ਰਹਿਣ ਦਿੱਤੀਆਂ ਜਾਣ ॥

**ਮੂਤ** / **ਮੂਤ੍ਰ** } ਪੁ:—ਪਸ਼ਾਬ, ਮੂਤ, ਗੁਰਦਿਆਂ ਵਿੱਚੋਂ ਜੋ ਪਾਣੀ ਨਿਕਲੇ ॥

**ਮੂਤਣਾ**, ਕ੍ਰਿ:—ਪਸ਼ਾਬ ਕਰਨਾ, ਮੂਤ੍ਰ ਇੰਦ੍ਰੀ ਰਾਹ ਬਾਹਰ ਕਢਣਾ ॥

**ਮੂਤ੍ਰਣ** / **ਮੂਤ੍ਰਨਾ** } 'ਮੂਤ' 'ਮੂਤਣਾ' ਵੇਖੋ ॥

**ਮੁਦਲਾ ਆੜੂ**, ਪੁ:—'ਮੁੰਡਲਾ ਆੜੂ' ਵੇਖੋ ।

**ਮੂਧਲੇ ਮੂੰਹ**, ਕ੍ਰਿ:, ਵਿ:—ਨੀਵਾਂ ਮੂੰਹ ਕਰਕੇ ਜਿਸਮ ਝੁਕਿਆ ਹੋਵੇ ॥

**ਮੂਧਾ** / **ਮੂੰਧਾ** } ਵਿ:—ਉਲਟਾ, ਪੁੱਠਾ, ਮੂੰਹ ਦੇ ਭਾਰ, ਮੂੰਹ ਪਰਨਾ ਹੋਇਆ ॥

**ਮੂਧੇ ਮੂੰਹ**, ਕ੍ਰਿ:, ਵਿ:—'ਮੂਧਲੇ ਮੂੰਹ' ਵੇਖੋ ॥

**ਮੂੰਧੀ**, ਸ:—'ਮੁੱਢੀ' ਵੇਖੋ ॥

**ਮੂਣਟ**, ਸ:—ਵੇਲਣੀ ॥

**ਮੂਰਖ**, ਪੁ: / **ਮੂਰਖਣੀ**, ਸ: } ਜਿਸ ਨੂੰ ਅਕਲ ਨਹੀਂ, ਬੇਸਮਝ, ਅਹਿਮਕ ॥

**ਮੂਰਖਪਾ**, ਪੁ: ਵਿ:—ਆਪਣਾ ਕੰਮ ਕਢਣ ਵਾਸਤੇ ਮੂਰਖ ਬਣਿਆ ਹੋਇਆ, ਬੇਅਕਲ, ਬੁੱਧੂ ॥

**ਮੂਰਛਾ**, ਸ:—ਗਸ਼, ਬੇਹੋਸ਼ੀ, ਸੁਰਤ ਨਾ ਰਹਿਣੀ ॥

**ਮੂਰਛਾਗਤ**, ਵਿ:—ਬੇਸੁਰਤ, ਬੇਹੋਸ਼ ।

**ਮੂਰਤ** / **ਮੂਰਤੀ** } ਸ:—ਤਸਵੀਰ, ਸ਼ਕਲ, ਬੁੱਤ, ਪੁਤਲੀ, ਮਨੁੱਖ, (ਕਈ ਸਾਧੂ ਆਦਮੀ ਵਾਸਤੇ ਮੂਰਤ ਆਖਦੇ ਹਨ, ਜਿਹਾ ਕਿ ਚਾਰ ਮੂਰਤ ਆਈਆਂ ਹਨ।) ਸੋਹਣੀ ਸ:, ਮਕਈ ਦੀ ਹਰੀ ਛੱਲੀ ।

**ਮੂਲ**, ਪੁ:—ਜੜ੍ਹ, ਅਸਲ, ਮੁੱਢੀ, ਨੀਂਹ, ਹਿਸਾਬ ਦਾ ਅਸਲੀ ਹਿੱਸਾ, ਵਿਆਜੀ ਦਿੱਤੀ ਹੋਈ ਰਕਮ ॥

'ਕ੍ਰਿ:, ਵਿ:—ਬਿਲਕੁਲ, ਮੂਲੋਂ ਹੀ ('ਨਾ' ਦੇ ਨਾਲ) ।

**ਮੂਲ ਮੁੱਦਾ**, ਪੁ: ਅਸਲ, ਵਿਚਲੀ ਗੱਲ, ਮਤਲਬ ।

**ਮੂਲੀ**, ਸ:—ਮਸ਼ਹੂਰ ਤਰਕਾਰੀ, ਰੁੱਖ ਦੀ ਵਿਚਲੀ ਜੜ੍ਹ ॥

**ਮੂਲੀ ਪੱਟਿਆ ਟੋਇਆ**, ਮੁ:-ਬਰਬਾਦ ਹੋ ਗਿਆ ਹੋਇਆ ॥

**ਮੂਲੋਂ**, ਕ੍ਰਿ:, ਵਿ:—ਮੁੱਢੋਂ, ਬਿਲਕੁਲ, ਸਭ ਮੂਲ ('ਨਾ' ਦੇ ਨਾਲ)॥

**ਮੂੜ੍ਹ** / **ਮੂੜ੍ਹਾ (ੜ੍ਹੀ)** } 'ਮੂਹੜ' 'ਮੂਹੜਾ (ੜ੍ਹੀ)' ਵੇਖੋ ॥

**ਮੂੜ੍ਹੀ**, ਸ:—ਘਾਹ ਜਾਂ ਕਪੜੇ ਦਾ ਬੁਣਿਆ ਸਹਾਰਾ, ਨੀਂਹ (ਰਾਸ਼ੂਣੀ, ਪੂੰਜੀ) ਬਪਾਰ ਵਿਚ ਲਾਈ ਹੋਈ ਆਪਣੀ ਰਕਮ ॥

Digitized by Panjab Digital Library | www.panjabdigilib.org

**ਮੇਉਂ,** ਪੁ:—ਮਲਾਹ, ਬੇੜੀ ਚਲਾਉਣ ਵਾਲਾ ॥

**ਮੇਉਣਾ,** ਕ੍ਰਿ:—ਵਿਚ ਆ ਸਕਣਾ, ਸਮਾਉਣਾ ॥

**ਮੇਉਣੀ,** ਸ:—ਮਲਾਹਾਂ ਦੀ ਜਾਤ ਦੀ ਜਨਾਨੀ ॥

**ਮੇਉੜਾ,** ਪੁ:—ਗੁਰੂ ਦਾ ਪਰੋਹਤ।

**ਮੇਉੜੀ,** ਸ:—ਗੁਰੂ ਦੇ ਪਰੋਹਤ ਦੀ ਤੀਵੀਂ ਜਾਂ ਧੀ ॥

**ਮੇਆਦ,** ਸ:—'ਮਿਆਦ' ਵੇਖੋ ॥

**ਮੇਸਾ,** ਵਿ:—'ਮੰਸਣਾ' ਵੇਖੋ ॥

**ਮੇਸ਼ਾ,** ਪੁ:—ਭੇਡ ਦਾ ਨੀਮ ਜਮਾ ਹੋ ਰਿਹਾ ਹੋਇਆ, ਕੱਸਲ ॥

**ਮੇਹਣਾ,** ਪੁ:—ਮਿਹਣਾ, ਤਾਨ੍ਹਾ, ਚੁੱਭਵੀਂ ਗੱਲ (ਮੇਹਣਾ ਮਾਰਨਾ) ॥

**ਮੇਹਦਾ,** ਪੁ:—ਢਿੱਡ ਦੇ ਜਿਸ ਹਿੱਸੇ ਵਿਚ ਖਾਧਾ ਪੀਤਾ ਪੈਂਦਾ ਹੈ ॥

**ਮੇਹਲਣਾ,** ਕ੍ਰਿ:—ਸੁਖ ਭੋਗਣਾ, ਅਰਾਮ ਨਾਲ ਰਹਿਣਾ ॥

**ਮੇਢੀ,** ਸ:—ਗੁੱਤ ਪਾਉਣ ਵਾਲੇ ਵਾਲ, ਕੇਸਾਂ ਦੀ ਲੀਰ (ਪਾਉਣੀ) ॥

**ਮੇਖ,** ਸ:—ਕਿੱਲ, ਕੋਕਾ, ਖੂੰਟੀ, ਇਕ ਰਾਸ ॥

**ਮੇਖਲੂ,** ਪੁ:—ਹਥੌੜਾ, ਮੁੰਗਲਾ, ਮੇਖ ਠੋਕਣ ਵਾਲੀ ਲਕੜ ॥

**ਮੇਖੀ,** ਵਿ:—ਸਸਤੀ ਧਾਤ ਦੀ ਮੇਖ ਵਾਲਾ ਖੋਟਾ (ਰੁਪਯਾ) ॥

**ਮੇਖਲੀ,** ਪੁ:—ਡੰਗਰਾਂ ਨੂੰ ਕੱਠੇ ਬੰਨ੍ਹਣ ਵਾਲਾ ਰੱਸਾ।

**ਮੇਗਜ਼ੀਨ,** ਸ:—ਗੁਦਾਮ, ਬਰੂਤ ਖਾਨਾ, ਖਾਸ ਵਕਤ ਛਪਣ ਵਾਲਾ ਰਸਾਲਾ ॥

**ਮੇਂਗਣ, ਮੇਂਗਣੀ,** ਸ:—ਭੇਡਾਂ ਬਕਰੀਆਂ ਚੂਹਿਆਂ ਦਾ ਮੈਲਾ ॥

**ਮੇਘ,** ਪੁ:—ਬੱਦਲ, ਬਰਸਾਤ ਦਾ ਇਕ ਰਾਗ, ਜੁਲਾਹਿਆਂ ਦੀ ਇਕ ਜਾਤ ਜੋ ਨੀਚ ਸਮਝੀ ਜਾਂਦੀ ਹੈ ॥

**ਮੇਘਟ, ਮੇਘਟ,** ਵਿ:—ਜਿਸ ਪਸ਼ੂ ਦੀ ਪੂਛ ਹੇਠਾਂ ਬਰੌਂਗੀ ਹੋਵੇ।

**ਮੇਘਲਾ,** ਪੁ:—ਮੇਘ, ਬੱਦਲ ॥

**ਮੇਚ,** ਪੁ:—ਮਾਪ, ਮਿਣਤੀ।
ਸ:—'ਮੇਜ਼' ਵੇਖੋ।

**ਮੇਚਕਣਾ, ਮੇਚਕਾ, ਮੇਚਕੂਣਾ,** ਪੁ:—ਇੱਕ ਕੀੜਿਆਂ ਵਾਲੀ ਬੂਟੀ।

**ਮੇਚਣਾ,** ਕ੍ਰਿ:—ਮਿਣਨਾ, ਮਾਪਣਾ, ਮਿਲਾ ਕੇ ਵੇਖਣਾ ॥

**ਮੇੱਚਾ,** ਪੁ:—ਮਾਪ, ਮਿਣਤੀ।

**ਮੇਜ਼,** ਸ:—ਲਿਖਣ ਜਾਂ ਬੈਠਣ ਵਾਲੀ ਚੌਂਕੀ।

**ਮੇਜਰ,** ਪੁ:—ਕਪਤਾਨ ਤੋਂ ਉਤਲਾ ਫੌਜੀ ਅਫਸਰ ॥

**ਮੇਟਣਾ,** ਕ੍ਰਿ:—ਢੁਹਾਉਣਾ, ਮਲ ਜਾਂ ਫਿਲ ਮਿਟਾਉਣਾ, ਹਟਾਉਣਾ ॥

Digitized by Panjab Digital Library | www.panjabdigilib.org

**ਮੰਡਕ** / **ਮੈਂਡੁਕ** } ਪੁ:—ਡੱਡੂ ॥

**ਮੈਂਡੁਕੀ,** ਸ:—'ਮੀਂਡੁਕੀ' ਵੇਖੋ ॥

**ਮੇਢਾ (ਮੇਂਢਾ),** ਪੁ: / **ਮੇਢੀ (ਮੇਂਢੀ),** ਸ: } ਛੇਤੂ ਅਤੇ ਉਸ ਦੀ ਮ-ਦੀਨ ॥

**ਮੇਢੀ,** ਸ:—'ਮੀਢੀ' ਵੇਖੋ ।

**ਮੇਣਾ,** ਪੁ: / **ਮੇਣੀ,** ਸ: } 'ਮੇਹਣਾ' ਵੇਖੋ ।

**ਮੇਤੇ** / **ਮੇਤੋਂ** } ਪੜ: ਮੇਰੇ ਪਾਸੋਂ, ਮੈਥੋਂ ॥

**ਮੇਥਰਾ (ਮੇਥੇ),** ਪੁ: / **ਮੇਥਰੀ (ਥੀ),** ਸ: } ਇੱਕ ਮਸ਼ਹੂਰ ਗਰਮ ਸਾਗ ॥

**ਮੇਥੀਂ,** ਪੜ:—ਮੈਥੋਂ, ਮੇਥੋਂ, ਮੇਰੇ ਕੋਲੋਂ ॥

**ਮੇਦਨੀ,** ਸ:—ਧਰਤੀ ਲੋਕਾਂ ਦਾ ਕੱਠ ਜਾਨੀਆਂ ਦੀ ਭੀੜ

**ਮੇਦਾ,** ਪੁ:—ਇੱਕ ਬੂਟਾ, ਨਾਲੇ 'ਮੈਦਾ' ਵੇਖੋ ।

**ਮੇਦਾ ਚੋਬ,** ਸ:—ਮੇਦੇ ਦਾ ਸੱਕ ਅਤੇ ਲਕੜੀ ॥

**ਮੇਂਧੀ,** ਸ:—ਇੱਕ ਬੂਟਾ, 'ਮਹਿੰਦੀ' ਵੇਖੋ ।

**ਮੇਪ** / **ਮੇਪੁ** } ਪੁ:—ਮਾਪ, ਮਾਪਣ ਵਾਲਾ ਸਾਂਚਾ ।

**ਮੇਮ,** ਸ:—ਅੰਗ੍ਰੇਜ਼ ਕੌਮ ਦੀ ਤੀਮਤ, ਵਲੈਤਣ ॥

**ਮੇਮਣਾ,** ਪੁ: / **ਮੇਮਣੀ,** ਸ: } ਬਕਰੀ ਦਾ ਬੱਚਾ, ਭੋਲਾ ਮਨੁੱਖ ॥



**ਮੇਰ ਤੇਰ,** ਪੁ:—ਦੁਜਾਇਗੀ, ਵਿਤਕਰਾ (ਕਰਨਾ) ॥

**ਮੇਰਾ,** ਪੜ:—ਬੋਲਣ ਵਾਲੇ ਦਾ ਆਪਣਾ ॥

**ਮੇਰੁ,** ਸ:—ਜਿਸ ਮਣਕੇ ਵਿੱਚ ਮਾਲਾ ਦੇ ਦੋਵੇਂ ਸਿਰੇ ਜੁੜਨ, ਪੈਂਚ, ਸਰਦਾਰ ॥

**ਮੇਰੂ,** ਪੁ:—ਇੱਕ ਰੁੱਖ, ਹੁੱਕੇ ਦੀ ਨੜੀ ਜਿਸ ਉੱਤੇ ਚਿਲਮ ਟਿਕਦੀ ਹੈ ।

**ਮੇਲ,** ਪੁ:—ਦੋਸਤੀ, ਮੁਲਾਕਾਤ, ਪਿਆਰ, ਜੋੜ, ਇਕਠ, ਏਕਾ, ਸਾਂਝ, ਜੰਞ, ਮੇਚ, ਕਿਸਮ, ਮੁਕਾਬਲਾ ॥

**ਮੇਲ ਆਉਣਾ,** ਕ੍ਰਿ:—ਵਿਆਹ ਕਾਜ ਵਿੱਚ ਸਰਬੰਧੀਆਂ ਅਤੇ ਸੱਜਣਾਂ ਦਾ ਇਕੱਠਾ ਹੋਣਾ ॥

**ਮੇਲ ਗੇਲ** / **ਮੇਲ ਜੋਲ** / **ਮੇਲ ਮਿਲਾਪ** } ਪੁ:—ਸੰਗਤ, ਸਾਂਝ, ਸਰਬੰਧ, ਪ੍ਰੇਮ (ਹੋਣਾ, ਕਰਨਾ) ॥

**ਮੇਲ ਮਿਲਣਾ,** ਕ੍ਰਿ:—ਇੱਕੋ ਜਿਹਿਆਂ ਦੀ ਕੱਠ ਹੋਣਾ ।

**ਮੇਲ੍ਹਣਾ,** ਕ੍ਰਿ:—'ਮੇਹਲਣਾ' ਵੇਖੋ ॥

**ਮੇਲਣ,** ਸ:—ਮੇਲ ਆਈ ਹੋਈ ਤੀਮਤ, ਸਹੇਲੀ, ਮਾਸ਼ੂਕ ।

**ਮੇਲ੍ਹਣਾ** / **ਮੇਲਣਾ** } ਕ੍ਰਿ:—ਇਕੱਠਾ ਕਰਨਾ, ਜੋੜਨਾ, ਇਕ ਦੂਜੇ ਦੀ ਦੋਸਤੀ ਕਰਾ ਦੇਣੀ, ਮੁਕਾਬਲਾ ਕਰਨਾ, ਵੰਡਣਾ (ਰੱਸਾ), ਦੁੱਧ ਚੋਣਾ (ਗਾਊ ਨੂੰ), ਚੱਕਣ ਕਰਾਉਣਾ (ਘੋੜੀ ਨੂੰ) ।

Digitized by Panjab Digital Library | www.panjabdigilib.org

**ਮੇਲਾ / ਮੈਲਾ** } ਪੁ:—ਮਿਲਣ ਦਾ ਕੰਮ, ਖ਼ੁਸ਼ੀ ਮਨਾਉਣ ਵਾਸਤੇ ਲੋਕਾਂ ਦਾ ਬੜਾ ਭਾਰਾ ਕੱਠ, ਭੀੜ, ਮੰਡਲੀ (ਲੱਗਣਾ) ॥

**ਮੇਲੀ / ਮੈਲੀ** } ਪੁ:—ਮੇਲ ਆਇਆ ਹੋਇਆ, ਮਿਤ੍ਰ, ਸੱਜਣ, ਸਾਥੀ ॥

**ਮੇਵਾ,** ਪੁ:—ਫਲ, ਸਾਉਗੀ ।

**ਮੇਵਾ ਫ਼ਰੋਸ਼,** ਪੁ:—ਫਲ ਫ਼ਰੂਟ ਵੇਚਣ ਵਾਲਾ ॥

**ਮੇੜ੍ਹ,** ਸ:—'ਮਹੜ' ਵੇਖੋ

**ਮੇਢ੍ਹਾ,** ਪੁ:—ਮਢ੍ਹਾ, ਭੇਡਾ ਛੱਤਰਾ ।

**ਮੈਂ,** ਪੜ:—ਬੋਲਣ ਵਾਲਾ ਉੱਤਮ ਪੁਰਖ ਦਾ ਇਕ ਵਚਨ, ਹਉਂ ।

**ਮੈਂਹ / ਮੈਂਹਦੀ / ਮੈਹਰ** } 'ਮਹਿੰ', 'ਮਹਿੰਦੀ' 'ਮਹਿਰ' ਵੇਖੋ

**ਮੈਂਹਾਂ,** ਪੁ:—ਮੈਂਹ ਦਾ ਨਰ, ਸੰਢਾ, ਝੋਟਾ ॥

**ਮੈਂਹਿੰ,** ਸ: / **ਮੈਂਘ,** ਪੁ: / **ਮੈਂਘਾ,** ਵਿ: } 'ਮਹਿੰ', 'ਮਹਿੰਗ', 'ਮਹਿੰਗਾ' ਵੇਖੋ ।

**ਮੈਚ,** ਪੁ:—ਖੇਡ ਵਿਚ ਮੁਕਾਬਲਾ, ਦੋ ਟੋਲੀਆਂ ਦੀ ਖੇਡ ॥

**ਮੈਡਲ,** ਪੁ:—'ਤਗਮਾ' ਵੇਖੋ ।

**ਮੈਣਾ,** ਪੁ:—ਇੱਕ ਤਰਾਂ ਦਾ ਸਾਗ ॥

**ਮੈਥੋਂ,** ਪੜ:—ਮੇਰੇ ਕੋਲੋਂ, ਮੇਰੇ ਪਾਸੋਂ ।

**ਮੈਦਾ / ਮੈੱਦਾ** } ਪੁ:—ਬਹੁਤ ਹੀ ਬਰੀਕ ਆਟਾ ਜੋ ਹਲਵਾਈ ਵਰਤਦੇ ਹਨ।

ਵਿ:—ਮੈਦੇ ਵਾਂਗਰ ਬਰੀਕ ।

**ਮੈਨ ਦੁਆਬ,** ਪੁ:—ਸਤੁਦ੍ਰ ਅਤੇ ਜਮਨਾ ਨਦੀ ਦੇ ਵਿਚਕਾਰਲੀ ਧਰਤੀ ॥

**ਮੈਨਾ,** ਸ:—ਮਨੁੱਖਾਂ ਵਾਂਗਰ ਬੋਲਣ ਵਾਲਾ ਇੱਕ ਪੰਖੇਰੂ ॥

**ਮੈਨੇਜਰ,** ਪੁ:—ਬੰਦੋਬਸਤ ਕਰਨ ਵਾਲਾ, ਪ੍ਰਬੰਧਕ ।

**ਮੈਂਬਰ,** ਪੁ:—ਕਿਸੇ ਸਭਾ ਜਾਂ ਕਮੇਟੀ ਦੇ ਮਨੁੱਖਾਂ ਵਿਚੋਂ ਕੋਈ ॥

**ਮੈਂਬਰੀ,** ਸ:—ਮੈਂਬਰ ਦਾ ਹੁੱਦਾ ਜਾਂ ਹਾਲਤ, ਮੈਂਬਰ ਬਨਣ ਦਾ ਕੰਮ ॥

**ਮੈਮੋਰੀਅਲ,** ਪੁ:—ਅਰਜ਼ੀ ਜੋ ਕਿਸੇ ਵੱਡੇ ਅਫ਼ਸਰ ਨੂੰ ਫ਼ਰਿਆਦ ਦੇ ਤੌਰ ਪਰ ਦਿੱਤੀ ਜਾਵੇ ॥

**ਮੈਰਾ,** ਪੁ:—ਉੱਚੀ ਧਰਤੀ, ਰੇਤਲੀ ਜ਼ਮੀਨ, ਜੰਗਲ ।

**ਮੈਰੋਂ,** ਪੁ:—ਇਕ ਤਰਾਂ ਦਾ ਮੋਟਾ ਰੇਸ਼ਾ ॥

**ਮੈਲ,** ਸ:—ਮਲ, ਗੰਦ, ਗੰਦੀ ਚੀਜ਼, ਕੂੜਾ, ਪਾਕ ਪਾਪ, ਫਲ, ਮੀਲ ॥

**ਮੈਲ ਕੁਚੈਲ,** ਸ:—ਮੈਲ, ਗੰਦ ॥

**ਮੈਲ ਖੋਰਾ,** ਪੁ:—ਅੰਦਰ ਪਾਉਣ ਵਾਲਾ ਕਪੜਾ, ਪੁਰਾਣਾ ਕਪੜਾ, ਜਿਸ ਰੰਗ ਕਰਕੇ ਮੈਲ ਨਾ ਜਾਪੇ ॥

Digitized by Panjab Digital Library | www.panjabdigilib.org

**ਮੈਲਾ,** ਵਿ:—ਜਿਸ ਵਿੱਚ ਮੈਲ ਹੋਵੇ, ਗੰਦਾ, ਨਿਕੰਮਾ (ਹੋਣਾ, ਕਰਨਾ)॥
ਪੁ:—ਗੰਦ, ਵਿਸ਼ਟਾ, ਲਹੂ॥

**ਮੋਇਲ,** ਪੁ:—ਇੱਕ ਤਰਾਂ ਦੀ ਹਲਦੀ॥

**ਮੋਈਯਾ,** ਪੁ:—ਸੂਤ ਲਪਟਣ ਦਾ ਇੱਕ ਢੰਗ (ਕਰਨਾ)॥

**ਮੋਹ,** ਪੁ:—ਪਿਆਰ, ਪ੍ਰੇਮ (ਕਰਨਾ, ਪੈਣਾ) ਗਰਜ਼, ਦੁਨੀਆਂ ਦੀ ਲਗਨ॥

**ਮੋਹ ਜਾਲ,** ਪੁ:
**ਮੋਹ ਮਾਯਾ,** ਸ:
} ਸੰਸਾਰ ਦੇ ਝੂਠੇ ਪਦਾਰਥਾਂ ਦੀ ਚਾਹ ਜੋ ਜੀਵ ਨੂੰ ਲੱਗੀ ਹੋਈ ਹੈ॥

**ਮੋਹ ਲੈਣਾ,** ਕ੍ਰਿ:—ਕਿਸੇ ਦਾ ਦਿਲ ਆਪਣੀ ਵੱਲ ਖਿੱਚ ਲੈਣਾ॥

**ਮੋਹਗਤ,** ਵਿ:—ਗੰਢਾਂ ਵਾਲਾ॥

**ਮੋਹਨ,** ਪੁ:—ਪਿਆਰਾ, ਪ੍ਰੀਤਮ, ਕ੍ਰਿਸ਼ਨ ਮਹਾਰਾਜ।

**ਮੋਹਣਾ,** ਕ੍ਰਿ:—'ਮੋਹ ਲੈਣਾ' ਦੇਖੋ॥

**ਮੋਹਨੀ,** ਸ:, ਵਿ:—ਮੋਹ ਲੈਣ ਵਾਲੀ, ਸੁੰਦਰ ਇਸਤ੍ਰੀ॥
ਸ:—ਸੁੰਦਰ ਇਸਤ੍ਰੀ, ਮੋਹ ਲੈਣ ਦੀ ਤਾਕਤ, ਜਾਦੂ॥

**ਮੋਹਨੀ ਸੂਰਤ,** ਸ:—ਸੋਹਣੀ ਸ਼ਕਲ ਜਾਂ ਮੂੰਹ।

**ਮੋਹਨੀ ਮੰਤ੍ਰ,** ਪੁ:—ਜਿਸ ਮੰਤ੍ਰ ਨਾਲ ਕਿਸੇ ਦਾ ਮਨ ਮੋਹਿਆ ਜਾਵੇ।

**ਮੋਹਰ,** ਸ:—ਨਿਸ਼ਾਨ, ਛਾਪ, ਠੱਪਾ (ਲਾਉਣੀ) ਇੱਕ ਸੋਨੇ ਦਾ ਸਿੱਕਾ, ਅਗਲਾ ਹਿੱਸਾ।

**ਮੋਹਰ ਛਾਪ,** ਸ:—ਨਿਸ਼ਾਨ, ਸਰਕਾਰੀ ਠੱਪਾ॥

**ਘਰ ਨੂੰ ਮੋਹਰ ਛਾਪ ਲਾਉਣੀ,** ਕ੍ਰਿ:—ਮਾਲ ਸਮੇਤ ਘਰ ਜ਼ਬਤ ਕਰ ਲੈਣਾ॥

**ਮੋਹਰਲਾ,** ਵਿ:—ਸਭ ਤੋਂ ਅਗਲਾ, ਪਹਿਲਾ, ਸਾਮ੍ਹਣੇ ਦਾ।

**ਮੋਹਰਾ,** ਪੁ:—ਨਰਦ ਜਾਂ ਗੋਟ, ਅਗਲਾ 'ਹਿੱਸਾ', ਕਾਗਤ ਘਰੋਲਣ ਦਾ ਘੀਟਾ, ਇਕ ਜ਼ਹਿਰ॥

**ਮੋਹਰੀ,** ਵਿ:—ਮੋਹਰ ਦਾ, ਖਰਾ (ਸੋਨਾ)॥
ਪੁ: ਮੋਹਰਲਾ ਆਦਮੀ, ਆਗੂ॥
ਸ:—ਤੋਪ ਦਾ ਮੂੰਹ, ਕੁੜਤੇ ਦੀ ਬਾਂਹ ਦਾ ਸਿਰਾ, ਪਜਾਮੇ ਦੀ ਲੱਤ ਦਾ ਸਿਰਾ, ਗਊ ਦਾ ਰੱਸਾ, ਗਊ ਮਹਿੰ ਘੋੜਾ ਆਦਿਕ ਜੋ ਧੀ ਦੇ ਦਾਜ ਵਿੱਚ ਦਿੱਤਾ ਜਾਵੇ।

**ਮੋਹਰੇ,** ਕ੍ਰਿ:, ਵਿ:—ਅੱਗੇ, ਸਾਮ੍ਹਣੇ, ਸਿਰ ਉੱਤੇ।

**ਮੋਹਲਾ**
**ਮੋਹਲੇ ਧਾਰ**
} 'ਮੁਹਲਾ' ਵੇਖੋ॥

**ਮੋਹੜਾ (ੜੀ),** ਪੁ:, ਸ:—'ਮੁਹੜਾ (ੜੀ)' ਵੇਖੋ।

**ਮੋਹੁ**
**ਮੋਹੁਰ**
} 'ਮੋਹ' 'ਮੋਹਰ' ਦੇਖੋ॥

**ਮੋਕਲਣਾ,** ਕ੍ਰਿ: ਵਰਤੀ ਦੇ ਪਿਛੋਂ ਉਜਾਪਣ ਕਰਕੇ ਵੇਹਲੇ ਹੋਣਾ॥

**ਮੋਕਲਾ,** ਪੁ:
**ਮੋਕਲੀ,** ਸ:
} ਵਿ:—ਖੁੱਲ੍ਹਾ, ਢਿੱਲਾ, ਵਿਤਾ, ਚੌੜਾ, ਦੂਰ ਦਾ।

**ਚਾਰੇ ਪਾਸੇ ਰਾਹ ਮੋਕਲੇ ਹੋਣੇ,** ਕ੍ਰਿ: ਸਭ ਤਰਾਂ ਦੀ ਖੁੱਲ੍ਹ ਹੋਣੀ॥

Digitized by Panjab Digital Library | www.panjabdigilib.org

**ਪੰਖ ਪ੍ਰਾਣ ਮੋਕਲੇ ਹੋਣੇ,** ਕ੍ਰਿ:-ਨਾਚੰਭ ਹੋਕੇ ਜਿਥੇ ਕੋਈ ਚਾਹੇ ਜਾਣ ਦੀ ਖੁੱਲ੍ਹ ਹੋਣੀ।

**ਮੋਖ,** ਪੁ: ਮੁਕਤ, ਨਜਾਤ ਛੁਟਕਾਰਾ।
ਸ:-ਮਖਣੀ।

**ਮੋਖਣਾ,** ਕ੍ਰਿ:-'ਮੋਕਲਣਾ' ਵੇਖੋ।

**ਮੋਂਗਰਾ,** ਪੁ: 'ਮੁੰਗਰਾ' ਵੇਖੋ।

**ਮੋਗਲਾ,** ਪੁ: 'ਮਹਲਾ' ਵੇਖੋ।

**ਮੋਘ / ਮੋਘਾ** } ਪੁ:-ਕੰਧ ਛੱਤ ਜਾਂ ਝਾੜ ਵਿਚ ਦੀ ਮਘੋਰੀ, ਛੇਕ।

**ਮੋਘ / ਮੋਘਾਂ** } ਸ:—ਸਵੇਰੇ ਜਾਂ ਤ੍ਰਿਕਾਲਾਂ ਵੇਲੇ ਚੁਮਕਦਾ ਬਦਲ।

**ਮੋਚ,** ਸ: ਗਿੱਟੇ ਦਾ ਮਰੋੜਾ, ਹੱਡੀ ਦੇ ਜੋੜ ਦਾ ਮੁੜਨਾ (ਨਿਕਲਣੀ)।

**ਮੋਚਰਸ,** ਪੁ:-ਇਕ ਬੂਟੀ, ਦੁਆ।

**ਮੋਚਣ,** ਸ:-'ਮਚੀ' ਜਾਤ ਦੀ ਤੀਮਤ।

**ਮੋਚਣਾ,** ਪੁ:-ਵਾਲ ਪੁਟਣ ਵਾਲਾ ਹੱਥਿਆਰ।
ਕ੍ਰਿ:—ਛੁੱਡਣਾ

**ਮੋਚੀ,** ਪੁ: ਚੰਮ ਦਾ ਕੰਮ ਕਰਨ ਵਾਲਾ ਜੋ ਜੁੱਤੀਆਂ ਬਣਾਵੇ।

**ਮੋਛਣਾ,** ਕ੍ਰਿ:—ਹਟਾਉਣਾ, ਦੂਰ ਕਰਨਾ, ਮਾਫ ਖਿਮਾਂ ਕਰਨਾ।

**ਮੋਛਾ,** ਪੁ:—ਰੁੱਖ ਜਾਂ ਗੇਲੀ ਦਾ ਚੀਰਿਆ ਹੋਇਆ ਟੋਟਾ, ਲਕੜੀ ਦਾ ਛੋਟਾ ਜੇਹਾ ਟੋਟਾ।

**ਮੋਛੇ ਪਾਉਣਾ,** ਕ੍ਰਿ:-ਲਕੜੀ ਨੂੰ ਚੀਰ ਕੇ ਟੋਟੇ ਕਰਨਾ, ਲੜਾਈ ਵਿਚ ਸਿਰ ਵੱਢਣੇ, ਨੁਕਸਾਨ ਕਰਨਾ।

**ਮੋਟਰ ਕਾਟ / ਮੋਟਰ ਕਾਰ** } ਸ:-ਆਪਣੇ ਹੀ ਜ਼ੋਰ ਨਾਲ ਚਲਣ ਵਾਲੀ ਗੱਡੀ।

**ਮੋਟਲ,** ਵਿ:-ਮੋਟਾ ਪਰ ਨਿਕੰਮਾ।

**ਮੋਟਾ / ਮੋਟੀ** } ਵਿ:-ਸਰੀਰ ਦਾ ਭਾਰਾ, ਫੈਲਿਆ ਹੋਇਆ, ਸੰਘਣਾ, ਗਾੜ੍ਹਾ, ਹੌਲੇ ਮੁੱਲ ਦਾ, ਵੱਡਾ, ਸਿੱਧਾ, ਬਲ ਵਾਲਾ
ਕ੍ਰਿ:, ਵਿ:-ਬਹੁਤ, ਨਹੀਂ ਬਾਰੀਕ।

**ਮੋਟਾ ਆਦਮੀ,** ਪੁ:-ਗੁਆਰ, ਮੂਰਖ, ਧਨੀ।

**ਮੋਟਾ ਠੋਟਾ / ਮੋਟਾ ਤਾਜ਼ਾ** } ਵਿ: ਸਰੀਰ ਦਾ ਭਾਰਾ ਤੇ ਤਕੜਾ।

**ਮੋਟਾ ਦਿੱਸਣਾ,** ਕ੍ਰਿ:-ਧੁੰਦਲਾ ਨਜ਼ਰ ਆਉਣਾ।

**ਮੋਟੀ ਕਲਮ,** ਸ:-ਮੋਟੇ ਅੱਖਰ ਲਿਖਣ ਵਾਲੀ ਕਲਮ।

**ਮੋਟੋ ਕਾਟ (ਰ),** ਸ:—'ਮੋਟਰ ਕਾਟ' ਵੇਖੋ।

**ਮੋਠ,** ਪੁ:-ਇਕ ਗਰਮ ਖੁਸ਼ਕ ਅਨਾਜ ਜਿਸ ਦੀ ਦਾਲ ਬਣਦੀ ਹੈ।

**ਮੋਠਾਂ ਦੀ ਛਾਂਵੇਂ ਬਹਣਾ,** ਕ੍ਰਿ:-ਬਹੁਤ ਚਿਰ ਤੱਕ ਉਡੀਕਣਾ, ਕੰਮ ਛੇਤੀ ਨਾ ਸਰਨਾ।

**ਮੋਠੜਾ,** ਪੁ:-ਕਪੜੇ ਦੀ ਰੰਗ ਬਰੰਗੀ ਬੂਲਬੂਟਿਆਂ ਕਸੀਦਾ।

**ਮੋਠੜ ਦਾਰ,** ਵਿ:-ਮੋਠੜੇ ਦੇ ਕੰਮ ਵਾਲਾ (ਕਪੜਾ, ਜੁੱਤੀ)।

Digitized by Panjab Digital Library | www.panjabdigilib.org

**ਮੋਠੀ,** ਸਃ—ਇੱਕ ਜੰਗਲੀ ਬੂਟਾ ਜਿਸ ਦੀ ਲੱਕੜ ਬਾਲਣ ਅਤੇ ਛਾਪਣਾ ਬਣਾਉਣ ਦੇ ਕੰਮ ਆਉਂਦੀ ਹੈ ।।

**ਮੋਠੂ,** ਪੁਃ—ਛੋਟਾ ਜੇਹਾ ਆਦਮੀ, ਮਧਰਾ, ਫੀਨਾ (ਨਿੰਦਾ ਵਾਚਕ) ।।

**ਮੋਢਾ, ਮੌਢਾ,** ਪੁਃ—ਬਾਹ ਦਾ ਉੱਪਰਲਾ ਜੋੜ, ਕੰਧਾ ।।

**ਮੋਢੀ, ਮੋਂਢੀ,** ਪੁਃ—ਜੋ ਹੁਖ ਖੂਹ ਦੇ ਕੰਢੇ ਉੱਤੇ ਖਲਕੇ ਪਾਣੀ ਦਾ ਬੋਕ ਫੜੇ, ਪੰਜਾਲੀ ਵਿੱਚ ਜੁੱਤਾ ਹੋਯਾ ਬਲਦ । ਕੱਟੇ ਹੋਏ ਮੁੱਢਾਂ ਤੇ ਉੱਗੀ ਹਈ ਸਬਜ਼ੀ ।।

**ਮੋਣ,** ਪੁਃ—ਖਸਤਾ ਚੀਜ਼ ਤਲਣ ਲਈ ਮੈਦੇ ਜਾਂ ਆਟੇ ਵਿੱਚ ਮਿਲਾਇਆ ਹੋਇਆ ਘਿਓ ਜਾਂ ਤੇਲ ।

**ਮੋਣਾ,** ਕ੍ਰਿਃ—ਮਣ ਪਾਕੇ ਆਟਾ ਜਾਂ ਮੈਦਾ ਗੁੰਨ੍ਹਣਾ ।

**ਮੋਤੀ, ਮੋੱਤੀ,** ਪੁਃ—ਸਿੱਪੀ ਵਿਚੋਂ ਨਿਕਲਣ ਵਾਲਾ ਇੱਕ ਰਤਨ, ਮੁੱਕਤਾ ।

**ਮੋਤੀ ਚੂਰ,** ਪੁਃ—ਇੱਕ ਤਰਾਂ ਦਾ ਬੂਰਦਾ ਲਡੂ ।

**ਮੋਤੀ ਪਰੋਣਾ,** ਕ੍ਰਿਃ—ਬਹੁਤ ਬਰੀਕ ਕੰਮ ਠੀਕ ਠੀਕ ਕਰਨਾ ।।

**ਮੋਤੀਆ,** ਵਿਃ—ਮੋਤੀ ਵਰਗਾ ਚਮਕਦਾਰ ਜਾਂ ਗੋਲ ।।

ਪੁਃ—ਇੱਕ ਮਸ਼ਹੂਰ ਖੁਸ਼ਬੂਦਾਰ ਫੁੱਲ, ਮੋਤੀਆ ਬਿੰਦ (ਉਤਰਨਾ) ।।

**ਮੋਤੀਆ ਬਿੰਦ,** ਪੁਃ—ਅੱਖ ਦਾ ਇੱਕ ਰੋਗ ਜਿਸ ਵਿੱਚ ਪੁਤਲੀ ਅੱਗੇ ਪਾਣੀ ਉਤਰਕੇ ਦਿੱਸਣੋਂ ਰਹਿ ਜਾਂਦਾ ਹੈ ।

**ਮੋਥਾ,** ਪੁਃ—'ਨਾਗਰ ਮੋਥਾ' ਵੇਖੋ ।

**ਮੋਦੀ, ਮੋਂਦੀ,** ਪੁਃ—ਜਿਸ ਦੇ ਸਪੁਰਦ ਚੀਜ਼ ਵਸਤ ਹੋਵੇ, ਖਜ਼ਾਨਚੀ, ਅਨਾਜ ਦਾ ਸੁਦਾਗਰ, ਠੇਕੇਦਾਰ ।।

**ਮੋਦੀ ਖਾਨਾ,** ਪੁਃ—ਜਿੱਥੇ ਮੋਦੀ ਦਾ ਮਾਲ ਰੱਖਿਆ ਜਾਵੇ ।।

**ਮੋਦੂ,** ਪੁਃ ਮੂਰਖ ਆਦਮੀ, ਮੋਂਦੀ ਭਾਜੀ ਬਿੱਲੀ (ਪਿਆਰ ਦਾ ਬਚਨ) ।।

**ਮੋਨ,** ਸਃ—ਚੁੱਪ ਰਹਿਣਾ ਨਾ ਬੋਲਣਾ, ਚੁੱਪ ਰਹਿਣ ਵਾਲੇ ਸਾਧ ਦੀ ਹਾਲਤ ।।

**ਮੋਨ ਧਾਰਨਾ,** ਕ੍ਰਿਃ—ਚੁੱਪ ਰਹਿਣ ਦੀ ਪਰਤੱਗਿਆ ਕਰਨੀ ।

**ਮੋਨ ਧਾਰੀ,** ਪੁਃ ਮੋਨ ਧਾਰਨ ਵਾਲਾ ।।

**ਮੋਨ ਬਿਰਤ,** ਸਃ—ਚੁੱਪ ਰਹਿਣ ਦੀ ਪਰਤੱਗਿਆ ਅਤੇ ਉਸ ਨੂੰ ਪੂਰਾ ਕਰਨਾ ।।

**ਮੋਂਨਾ,** ਪੁਃ—ਸਿਰ ਮੁਨਾਉਣ ਵਾਲਾ ਹਿੰਦੂ (ਜੋ ਸਿੱਖ ਨਹੀਂ) ।

**ਮੋਨੀ,** ਪੁਃ, ਵਿਃ—ਚੁੱਪ ਰਹਿਣ ਵਾਲਾ ਸਾਧ ।।

**ਮੋਂਨੀ,** ਸਃ—ਸਿਰ ਮੂੰਹ ਦਾ ਮੁੰਨਿਆ ਹੋਇਆ ਹਿੱਸਾ, ਵਿੱਤ ਦਾ ਹੇਠਲਾ ਹਿੱਸਾ ।

**ਮੋਮ,** ਸਃ—ਸ਼ਹਿਦ ਦੀਆਂ ਮੱਖੀਆਂ ਦੀ ਕੱਠੀ ਕੀਤੀ ਹੋਈ ਨਰਮ ਚਿੰਧੀ ਚੀਜ਼ ।।

ਵਿਃ—ਨਰਮ, ਦਯਾ ਵਾਨ (ਹੋਣਾ, ਕਰਨਾ) ।।

**ਮੋਮ ਜਾਮਾ,** ਪੁਃ—ਮੋਮ ਵਾਲਾ ਕਪੜਾ ਜਿਸ ਉੱਤੇ ਪਾਣੀ ਨਹੀਂ ਟਿਕਦਾ ।।

**ਮੋਮ ਦਾ ਨੱਕ,** ਪੁਃ—ਜੋ ਮਨੁੱਖ ਇੱਕ ਗੱਲ ਤੇ ਕੇਮ ਨਾ ਰਹੇ, ਚੰਚਲ ।।

**ਮੋਮ ਦਿਲ,** ਵਿਃ—ਦਯਾ ਵਾਨ, ਤਰਸ ਕਰਨ ਵਾਲਾ ।।

Digitized by Panjab Digital Library | www.panjabdigilib.org

**ਮੋਮ ਬੱਤੀ (ਵੱਟੀ),** ਸ:—ਜਗਾਉਣ ਵਾਲੀ ਮੋਮ ਦੀ ਬਤੀ ਜਿਸ ਦੇ ਅੰਦਰ ਸੂਤ ਦੀ ਡੋਰੀ ਹੁੰਦੀ ਹੈ।

**ਮੋਮ ਰੋਗਣ,** ਪੁ:—ਮੋਮ ਅਤੇ ਤੇਲ ਦਾ ਰੋਗਨ॥

**ਮੋਮਣ**
**ਮੋਮਿਨ** } ਪੁ:—ਦੀਨਦਾਰ ਮੁਸਲਮਾਨ, ਜੁਲਾਹਾ॥

**ਮੋਮਿਆਈ,** ਸ:—'ਮੁਮਿਆਈ' ਵੇਖ॥

**ਮੋਮੀ,** ਵਿ:—ਮੋਮ ਦਾ, ਮੋਮ ਵਾਲਾ, ਮੋਮ ਵਰਗਾ॥

**ਮੋਰ,** ਪੁ:—ਮਸ਼ਹੂਰ ਰੰਗ ਬਰੰਗੇ ਪਰਾਂ ਵਾਲਾ ਪੰਛੀ॥

**ਮੋਰ ਚਾਲ,** ਪੁ:—ਮੋਰ ਵਰਗੀ ਚਾਲ, ਮੁਰਗਾਬੀਆਂ ਦੀ ਕਤਾਰ, ਹੱਥਾਂ ਦੇ ਭਾਰ ਟੁਰਨਾ (ਲਤਾਂ ਚੁੱਕ ਕੇ)॥

**ਮੋਰ ਛਲ (ਲ਼)**
**ਮੋਰ ਛਲ** } ਪੁ:—ਮੋਰ ਦੇ ਪਰਾਂ ਦੀ ਚੌਰੀ

**ਮੋਰ ਬਨਾਉਣਾ,** ਕ੍ਰਿ:—ਮਾਰਨਾ, ਦੁੱਖ ਦੇਣਾ॥

**ਮੋਰ ਮੁਕਟ,** ਪੁ:—ਮੋਰ ਦੀ ਕਲਗੀ ਵਰਗਾ ਮੁਕਟ, ਕ੍ਰਿਸ਼ਨ ਜੀ ਦਾ ਮੁਕਟ॥

**ਮੋਰ ਮੁਕਟ ਵਾਲਾ,** ਪੁ:—ਕ੍ਰਿਸ਼ਨ ਮਹਾਰਾਜ॥

**ਮੋਰਚਰ,** ਪੁ:—ਇੱਕ ਬੂਟਾ ਜਿਸ ਦੀ ਜੜ੍ਹ ਨੂੰ ਕੁੱਟ ਕੇ ਨਸਵਾਰ ਵਿੱਚ ਰਲਾਉਂਦੇ ਹਨ॥

**ਮੋਰਚਾ,** ਪੁ:—ਜੰਗਾਲ, ਕਿਲੇ ਦੀ ਕੰਧ ਵਿਚਲੀ ਮੋਰੀ, ਖਾਈ, ਬੰਦ, ਬੰਨ੍ਹ। ਤੋਪਾਂ ਦੀ ਕਤਾਰ॥

**ਮੋਰਚਾ ਜਿਤਣਾ,** ਕ੍ਰਿ:—ਵੈਰੀ ਦਾ ਮੋਰਚਾ ਕਾਬੂ ਕਰ ਲੈਣਾ॥

**ਮੋਰਚਾ ਬੰਦੀ ਕਰਨਾ**
**ਮੋਰਚਾ ਬੰਨ੍ਹਣਾ** } ਕ੍ਰਿ:—ਮੋਰਚਾ ਬਨਾਉਣਾ।

**ਮੋਰਚਾ ਮਾਰਨਾ,** ਕ੍ਰਿ:—ਵੈਰੀ ਤੇ ਹੱਲਾ ਕਰਕੇ ਉਸ ਨੂੰ ਭਜਾਉਣਾ॥

**ਮੋਰਚਾ ਲੈਣਾ,** ਕ੍ਰਿ:—ਟਾਕਰਾ ਕਰਨਾ॥

**ਮੋਰਚੇ ਲਾਉਣਾ,** ਕ੍ਰਿ:—ਤੋਪਾਂ ਦੀ ਕਤਾਰ ਬੀੜਨਾ, ਲੜਾਈ ਕਰਨ ਨੂੰ ਤਿਆਰ ਹੋ ਜਾਣਾ, ਡੇਰਾ ਪਾਉਣਾ॥

**ਮੋਰਨੀ,** ਸ:—ਮੋਰ ਦੀ ਮਦੀਨ, ਇੱਕ ਗਹਿਣਾ, ਸੋਹਣੀ ਤ੍ਰੀਮਤ॥

**ਮੋਰੀ,** ਸ:—ਛੇਕ, [illegible], [illegible], ਛੋਟਾ ਦਰਵਾਜ਼ਾ॥

**ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣੀ,** ਕ੍ਰਿ:—ਚੰਗੀ ਕੁਲ ਦੀ ਕੁੜੀ ਦਾ ਸਾਕ [illegible] ਜਾਤ ਵਾਲਿਆਂ ਦੇ ਘਰ ਦੇਣਾ॥

**ਮੋਰੂਆ,** ਪੁ:—ਇੱਕ ਬੂਟਾ ਜਿਸ ਦੇ ਪੱਤ੍ਰਾਂ ਦਾ ਧੂਆਂ ਕਈਆਂ ਰੋਗਾਂ ਲਈ ਗੁਣਕਾਰ ਹੈ॥

**ਮੋੜ,** ਪੁ:—ਜਿਸ ਥਾਂ ਪੁਰ ਸੜਕ ਮੁੜੇ, ਫੇਰ, ਚੱਕਰ, ਘੁਮਾਉ॥

**ਮੋੜਨਾ,** ਕ੍ਰਿ:—ਫੇਰਨਾ, ਪਹਿਲੀ ਜਗ੍ਹਾ ਭੇਜਣਾ, ਮੁੜ ਦੇ ਦੇਣਾ, ਹਟਕਣਾ॥

**ਮੋੜਾ,** ਪੁ:—ਮੁੜਨ ਦਾ ਕੰਮ, ਬਿਮਾਰੀ ਤੋਂ ਹੌਲੇ ਹੋਣਾ, ਲੰਘਣਾ (ਪੈਣਾ)॥

Digitized by Panjab Digital Library | www.panjabdigilib.org

**ਮੌੜੀ,** ਸ:—ਗਊ ਦਾ ਬੁੱਤ [illegible] ਘਾਹ ਦਾ ਪੂਲਾ ਵਰਤਿਆ ਜਾਵੇ ॥

**ਮੌ,** ਪੁ:, ਸ:—ਗਰਮੀ, ਪਸ਼ੂਆਂ ਵਿੱਚ ਭੋਗ ਦੀ ਇੱਛਿਆ ॥

**ਮੌਸਮ,** ਪੁ:—ਰੁੱਤ, ਬਹਾਰ, ਮੌਕਾ ।

**ਮੌਹਕਾ,** ਪੁ:, **ਮੌਹਰਾ,** ਪੁ:, **ਮੌਹਰੀ,** ਸ: } 'ਮਹੁਕਾ' 'ਮਹੁਰਾ' 'ਮਹੁਰੀ' ਦੇਖੋ ॥

**ਮੌਕਾ, ਮੌਕਿਆ** } ਪੁ:—ਠੀਕ ਵਖਤ ਜਾਂ ਜਗਾ ਜਿੱਥੇ ਕੋਈ ਵਾਰਦਾਤ ਹੋਈ ਹੋਵੇ, ਜਿਸ ਬਾਬਤ ਮੁਕੱਦਮਾ ਹੋਵੇ ॥

**ਮੌਕਾ ਵੇਖਣ ਜਾਣਾ, ਮੌਕੇ ਤੇ ਜਾਣਾ** } ਕ੍ਰਿ:—ਵਾਰਦਾਤ ਜਾਂ ਝਗੜੇ ਵਾਲੀ ਥਾਂ ਨੂੰ ਵੇਖਣ ਭਾਲਣ ਲਈ ਜਾਣਾ ॥

**ਮੌਕਾ ਵੇਖਣਾ,** ਕ੍ਰਿ:—ਠੀਕ ਵਖਤ ਵੇਖਕੇ ਕੋਈ ਗੱਲ ਕਰਨੀ ॥

**ਮੌਜ,** ਸ:—ਲਹਿਰ, ਮਨ ਦਾ ਜੋਸ਼, ਮਰਜ਼ੀ, ਖੁਸ਼ੀ, ਸੁਖ, ਸੁਤਾਇਤ ॥

**ਮੌਜ ਕਰਨੀ, ਮੌਜ ਮਾਰਨੀ, ਮੌਜਾਂ ਲੁੱਟਣੀਆਂ** } ਕ੍ਰਿ:—ਸੁਖ ਭੋਗਣਾ

**ਮੌਜ ਬਹਾਰ,** ਸ:—ਸੁਖ, ਅਨੰਦ, ਬੇ ਫ਼ਿਕਰੀ ॥

**ਮੌਜਾ,** ਪੁ:—ਪੈਰ ਕੱਜਣ ਵਾਲਾ ਕਪੜਾ, ਜਰਾਬ ॥

**ਮੌਜਾ,** ਪੁ:—ਮੁੰਡੇ ਜਾਂ ਕੁੜੀ ਦੀ ਜੁੱਤੀ ॥

**ਮੌਜੀ,** ਵਿ:—ਮੌਜ ਕਰਨ ਵਾਲਾ, ਹਸਹਲਣਾ, ਅਲਬੇਲਾ ॥

**ਮੌਜੂਦ,** ਵਿ:—ਜੋ ਸਾਮ੍ਹਣੇ ਹੋਵੇ, ਹਾਜ਼ਰ, ਤਿਆਰ (ਹੋਣਾ, ਕਰਨਾ, ਰਹਿਣਾ) ॥

**ਮੌਟਨ ਪੁਲਸ,** ਸ:—ਘੋੜ ਚੜ੍ਹੇ ਸਿਪਾਹੀਆਂ ਦੀ ਪੁਲਸ ॥

**ਮੌਟੀ,** ਸ:—'ਮਮਟੀ' ਵੇਖੋ ॥

**ਮੌਣ,** ਸ:—ਖੂਹ ਦੀ ਮਣ, ਪਾਣੀ ਵਾਲਾ ਮਿੱਟੀ ਦਾ ਵੱਡਾ ਭਾਂਡਾ ॥

**ਮੌਤ,** ਸ:—ਮਰ ਜਾਣਾ, ਨਾਸ਼, ਤਬਾਹੀ (ਆਉਣੀ) ॥

**ਮੋਤਾ,** ਪੁ:—ਮੁਰਦਾ, ਮੋਇਆ ਹੋਇਆ ॥

**ਮੌਨ,** ਪੁ:—'ਮੋਨ' ਵੇਖੋ ।

**ਮੌਰ,** ਪੁ:—ਗਿੱਚੀ ਦੇ ਹੇਠ ਪਿੱਠ ਦਾ ਹਿੱਸਾ, ਮੌਰਾ ।

ਵਿਸਮਯ:—ਫਿੱਟੇ ਮੂੰਹ, ਲਾਨਤ (ਜ਼ਨਾਨੀ ਬੋਲੀ) ॥

**ਮੌਰੂਸ,** ਸ:—ਆਪਣੀ ਜੱਦੀ ਜ਼ਮੀਨ ॥

**ਮੌਰੂਸੀ,** ਵਿ:—ਜੋ ਪਿਉ ਦਾਦੇ (ਵਡਿਆਂ) ਤੋਂ ਚਲੀ ਆਵੇ ॥

**ਮੌਲਸਰੀ, ਮੌਲਸਿਰੀ** } ਸ:—ਇੱਕ ਸੋਹਣਾ ਰੁੱਖ ਜਿਸ ਦੀ ਲਕੜ ਨਰਮ ਹੁੰਦੀ ਹੈ ਅਤੇ ਫੁੱਲ ਖੁਸ਼ਬੋ ਦਾਰ । ਇੱਕ ਰਾਗ ॥

**ਮੌਲਣਾ,** ਕ੍ਰਿ:—ਖਿੜਨਾ, ਹਰਿਆਉਲ ਆਉਣੀ, ਬਸੰਤ ਰੁਤ ਵਿੱਚ ਸਰੀਰ ਦਾ ਵਿਗਸਣਾ, ਖੁਸ਼ ਹੋਣਾ, ਗੁਮਾਨ ਕਰਨਾ ॥

**ਮੌਲਬੀ, ਮੌਲਵੀ** } ਪੁ:—ਬਹੁਤ ਪੜ੍ਹਿਆ ਹੋਇਆ ਮੁਸਲਮਾਨ ॥

Digitized by Panjab Digital Library | www.panjabdigilib.org

**ਮੌਲਾ,** ਪੁ:—ਰੱਬ, ਮਾਲਕ, ਸਾਈਂ (ਫਕੀਰਾਂ ਦੀ ਬੋਲੀ)॥

**ਮੌਲੀ,** ਸ:—ਰੰਗ ਬਰੰਗੇ ਸੂਤਰ ਦੀਆਂ ਤਾਰਾਂ ਦਾ ਕੱਠ ਜੋ ਕਈਆਂ ਮੌਕਿਆਂ ਪੁਰ ਸ਼ਗਨ ਦੇ ਤੌਰ ਤੇ ਬੰਨ੍ਹਦੇ ਹਨ॥

**ਯ,** ਪੁ:—ਗੁਰਮੁਖੀ ਪੈਂਤੀ ਦਾ ਛਿਬੀਵਾਂ ਅੱਖਰ, ਯੱਯਾ॥

**ਯਸ਼ਬ,** ਪੁ:—ਹਰਿਆਲੀ ਦੀ ਭਾਹ ਮਾਰਨ ਵਾਲਾ ਇਕ ਵਡ ਮੁੱਲਾ 'ਰਤਨ' ਪੱਥਰ ਜੋ ਕਾਬਲੋਂ ਆਉਂਦਾ ਹੈ।

**ਯਸ਼ਮੀ,** ਪੁ:—ਯਸ਼ਬ ਦਾ ਰੰਗ, ਪਾਹਲੋਂ ਹਲਕੀ ਫੇਰ ਅਸਮਾਨੀ ਰੰਗ ਅਤੇ ਦਰਕਣੀ ਤੋਂ ਜੋ ਰੰਗ ਨਿਕਲੇ।

**ਯਹੂਦਣ,** ਸ: } ਹਜ਼ਰਤ ਮੂਸਾ ਦੇ ਮਤ ਨੂੰ ਮੰਨਣ
**ਯਹੂਦੀ,** ਪੁ: } ਵਾਲਾ (ਲੀ)॥

**ਯੱਕੜ,** ਪੁ:, ਸ:—ਅਸੰਬੰਧ ਬੋਲ, ਬਕਵਾਸ, ਗੱਪ (ਮਾਰਨਾ)॥

**ਯੱਕਾ,** ਪੁ:—ਇਕ ਘੋੜੇ ਵਾਲੀ ਦੋ ਪਹੀਆ ਗਡੀ, ਇਕ ਬਲਦ ਵਾਲਾ ਛੋਟਾ ਗੱਡਾ, ਇਕ ਸਿਰੀ ਵਾਲਾ ਤਾਸ਼ ਦਾ ਪੱਤਾ।

**ਯਕੀਨ,** ਪੁ:—ਇਤਬਾਰ, ਪਰਤੀਤ, ਵਸਾਹ।

**ਯਕੂਤ,** ਪੁ:—ਲਾਲ, ਸੁਰਖ ਰੰਗ ਦਾ ਰਤਨ।

**ਯਕੂਤੀ,** ਪੁ:—ਸਰਦੀ ਦੇ ਰੋਗਾਂ ਦੀ ਇਕ ਦੁਆ॥

**ਯਖ,** ਪੁ:—ਬਰਫ॥
ਵਿ:—ਬਹੁਤ ਠੰਡਾ॥

**ਯੱਖ,** ਪੁ:—ਇਕ ਤਰਾਂ ਦਾ ਦੇਉਤਾ, ਪਿੰਡ ਦਾ ਚੌਧਰੀ।

**ਯਖਣੀ,** ਸ:—ਉੱਬਲੇ ਹੋਏ ਮਾਸ ਦਾ ਪਾਣੀ।

**ਯੱਖਣੀ,** ਸ:—ਇਕ ਤਰਾਂ ਦੀ ਦੇਵੀ, ਮੰਨੀ ਦੰਨੀ ਔਰਤ॥

**ਯੱਗ,** ਪੁ:—ਜਗ, ਗਰੀਬਾਂ ਨੂੰ ਭੋਜਨ ਦੇਣਾ॥

**ਯਤਨ,** ਪੁ:—'ਜਤਨ' ਵੇਖੋ।

**ਯੰਤ੍ਰ,** ਪੁ:—ਸੰਦ, ਕਲਾ, ਤਬੀਤ, ਛਾਪਾ ਖਾਨਾ॥

**ਯਤੀਮ,** ਪੁ: } ਜਿਸ ਦੀ ਮਾਂ ਜਾਂ ਪਿਉ ਜਾਂ
**ਯਤੀਮਣੀ,** ਸ: } ਦੋਵੇਂ ਨਾ ਹੋਣ॥

**ਯਤੀਮ ਖਾਨਾ,** ਪੁ:—ਜਿਸ ਘਰ ਵਿਚ ਯਤੀਮ ਰਹਿਣ ਅਤੇ ਧਰਮ ਅਰਥ ਪਲਣ।

**ਯਥਾ,** ਵਿ:—ਜੇਹਾ, ਜਿਸ ਤਰਾਂ ਦਾ (ਯਥਾ ਰਾਜਾ ਤਥਾ ਪਰਜਾ)।

**ਯਬੀਸ,** ਪੁ:—ਇਕ ਬੜੀ ਗਲਕਾਰ ਦਵਾ॥

**ਯੱਭਲ,** ਵਿ:—ਮੋਟਾ ਪਰ ਕਮਜ਼ੋਰ, ਨਿਕੰਮਾ॥

**ਯਮ,**
**ਯਮ ਦੂਤ (ਯਮ ਰਾਜ)** } 'ਜਮ' ਵੇਖੋ॥

**ਯਮਨੀ,** ਸ:—ਇਕ ਚਮਕਦਾਰ ਪੱਥਰ॥

**ਯੱਯਾ,** ਪੁ:—'ਯ' ਅੱਖਰ ਦਾ ਨਾਉਂ॥

Digitized by Panjab Digital Library | www.panjabdigilib.org

**ਯਰਾਨਾ,** ਪੁ:—ਦੋਸਤੀ, ਪਿਆਰ, ਪਰਾਏ ਇਸਤ੍ਰੀ ਪੁਰਖ ਦਾ ਮੇਲ, ਯਾਰੀ ॥

**ਯਾ,** ਵਿਸਮਯ:—ਹੇ, (ਬੁਲਾਉਣ ਦਾ ਬਚਨ)॥
ਯੋਜਕ:—ਜਾਂ, ਦੋਹਾਂ ਵਿੱਚੋਂ ਇਕ।
ਕੂ, ਵਿ:—ਸਦਾ ।

**ਯਾਕੂਤ** } 'ਯਕੂਤ' 'ਯਕੂਤੀ' ਵੇਖੋ ।
**ਯਾਕੂਤੀ** }

**ਯਾਣ ਪਣ,** ਪੁ: }
**ਯਾਣ ਪੁਣਾ,** ਪੁ: } 'ਅਯਾਣ ਪੁਣਾ' ਵੇਖੋ ॥
**ਯਾਣ ਪਤ,** ਸ: }

**ਯਾਣਾ,** ਵਿ:—'ਅਯਾਣਾ' ਵੇਖੋ ।

**ਯਾਦ,** ਸ:—ਮਨ ਵਿੱਚ ਰਹੀ ਹੋਈ ਗੱਲ, ਚੇਤਾ, ਧਿਆਨ ॥

**ਯਾਦ ਆਉਣਾ,** ਕ੍ਰਿ:—ਕੋਈ ਗੱਲ ਮੁੜ ਦਿਲ ਵਿੱਚ ਆਉਣੀ, ਚੇਤੇ ਆਉਣਾ ।

**ਯਾਦ ਕਰਨਾ,** ਕ੍ਰਿ:—ਦਿਲ ਵਿੱਚ ਲਿਆਉਣਾ, ਘੜੀ ਮੁੜੀ ਕਹਿ ਕਹਿ ਕੇ ਦਿਲ ਵਿੱਚ ਬਿਠਾਉਣਾ (ਸਬਕ)

**ਯਾਦਗਾਰੀ** } ਸ:—ਯਾਦ, ਚੇਤਾ, ਯਾਦ ਕਰਾਉਣ ਵਾਲੀ ਚੀਜ਼ ।
**ਯਾਦਗੀਰੀ** }

**ਯਾਦ ਰੱਖਣਾ,** ਕ੍ਰਿ:—ਦਿਲ ਵਿੱਚ ਕਾਇਮ ਰਖਣਾ, ਨ ਭੁੱਲਣਾ

**ਯਾਰ,** ਪੁ:—ਦੋਸਤ, ਮਿਤ੍ਰ, ਸਜਨ, ਆਸ਼ਕ, ਪਰਾਈ ਤ੍ਰੀਵੀਂ ਨਾਲ ਰਲਿਆ ਹੋਯਾ ॥

**ਯਾਰਨੀ,** ਸ:—ਕੁਕਰਮਣ, ਜਿਸ ਤੀਮਤ ਦੇ ਯਾਰ ਹੋਣ ।

**ਯਾਰਵਾਂ,** ਵਿ:—ਯਾਰਾਂ ਦੀ ਗਿਣਤੀ ਪੂਰੀ ਕਰਨ ਵਾਲਾ ॥

**ਯਾਰਾਂ,** ਵਿ:—ਇੱਕ ਉੱਤੇ ਦਸ, ਗਿਆਰਾਂ ॥

**ਯਾਰਾਨਾ,** ਪੁ: } 'ਯਰਾਨਾ' ਵੇਖੋ ॥
**ਯਾਰੀ,** ਸ: }

**ਯਾਰੂ,** ਪੁ:—'ਯਾਰ' ਵੇਖੋ ॥

**ਯਾਲ,** ਸ:—ਘੋੜੇ ਦੀ ਗਿੱਚੀ ਦੇ ਵਾਲ ॥

**ਯਾਲੀ,** ਪੁ:—ਅਯਾਲੀ, ਭੇਡਾਂ ਚਾਰਨ ਵਾਲਾ ॥

**ਯੁਕਤੀ,** ਸ:—ਦਲੀਲ, ਸਬੂਤ, ਜੋ ਗੱਲ ਕਿਸੇ ਬਾਤ ਨੂੰ ਠੀਕ ਸਿੱਧ ਕਰੇ ॥

**ਯੂਨਾਨ,** ਪੁ:—ਮਸ਼ਹੂਰ ਮੁਲਕ ਜਿਥੇ ਬਹੁਤ ਹਕੀਮ ਹੋਏ ਹਨ॥

**ਯੂਨਾਨੀ,** ਵਿ:—ਯੂਨਾਨ ਦਾ, ਯੂਨਾਨ ਦੇ ਢੰਗ ਦਾ (ਅਲਾਜ) ॥

**ਯਰਗਾ,** ਪੁ: ਘੋੜੇ ਦੀ ਇਕ ਚਾਲ ਜਿਸ ਵਿਚ ਦੋ ਦੋ ਲੱਤਾਂ ਕੱਠੀਆਂ ਉਠਦੀਆਂ ਹਨ ॥

**ਯੁਵ ਰਾਜ,** ਪੁ:—ਰਾਜੇ ਦਾ ਵੱਡਾ ਪੁਤ੍ਰ, ਟਿੱਕਾ ॥

**ਯੁਵਾ,** ਵਿ:—ਜੁਆਨ, ਗਭਰੂ ॥

**ਯੂਨੀਵਰਸਟੀ,** ਸ:—ਵੱਡਾ ਮਦਰਸਾ, ਮਹਾ ਵਿਦਯਾਲਯ, ਵੱਡੇ ਇਮਤਿਹਾਨ ਲੈਣ ਅਤੇ ਸਨਦਾਂ ਦੇਣ ਵਾਲੀ ਸਭਾ ॥

Digitized by Panjab Digital Library | www.panjabdigilib.org

**ਯੋਸ਼ਮ,** ਪੁ:–'ਯਸ਼ਬ' ਵੇਖੋ ॥

**ਯੋਰ,** ਪੁ:–'ਜ਼ੋਰ' ਵੇਖੋ ।

## ਰ

**ਰ,** ਪੁ: ਗੁਰਮੁਖੀ ਪੈਂਤੀ ਦਾ ਬੱਤੀਵਾਂ ਅੱਖਰ

**ਰਈ,** ਸ:—ਰਿਆਇਤ, ਪ੍ਰੇਮ, ਪੱਖ (ਕਰਨਾ) ॥

**ਰਈਅਤ, ਰਈਯਤ** } ਸ:–ਪਰਜਾ, ਰਾਜ ਦੇ ਲੋਕ, ਕਿਰਾਏਦਾਰ, ਅਸਾਮੀ ।

**ਰਈਸ,** ਪੁ:—ਮੰਨਿਆ ਦੰਨਿਆ ਆਦਮੀ ਸਰਦਾਰ, ਅਮੀਰ ॥

**ਰਸ,** ਸ:, ਪੁ:–ਕਿਸੇ ਚੀਜ਼ ਵਿੱਚੋਂ ਨਿਕਲਿਆ ਹੋਯਾ ਪਾਣੀ, ਅਰਕ, ਸਤ, ਰਸੌਂਤ, ਰਹੁ, ਸੁਆਦ, ਖੁਸ਼ੀ ॥

**ਰਸ ਕਪੂਰ,** ਪੁ:–ਇੱਕ ਦੁਆ, ਸੋਧਿਆ ਹੋਯਾ ਪਾਰਾ ।

**ਰਸ ਚੋਣਾ,** ਕ੍ਰਿ:—ਪੱਕੇ ਫਲ ਦਾ ਪਾਣੀ ਚੋਣਾ ॥

**ਰਸ ਦਾਰ,** ਵਿ:—ਜਿਸ ਵਿੱਚ ਰਸ ਹੋਵੇ ਸੁਆਦਲਾ ।

**ਰਸ ਪੈਣਾ,** ਕ੍ਰਿ: ਪੱਕਣਾ, ਰਸੀਲਾ ਅਤੇ ਮਿੱਠਾ ਹੋ ਜਾਣਾ

**ਰਸਕ,** ਵਿ: ਰਸ ਦਾਰ, ਸੁਆਦਲ

**ਰਸ਼ਕ,** ਪੁ:—ਈਰਖਾ, ਦੂਜੇ ਵਾਂਗਰ ਬਣਨ ਦੀ ਇੱਛਾ ।

**ਰਸਕਣਾ,** ਕ੍ਰਿ:–ਕਿਸੇ ਕੰਮ ਵਿੱਚ ਖੁਸ਼ੀ ਨਾਲ ਲੱਗਣਾ ॥

**ਰਸਣਾ,** ਕ੍ਰਿ:—ਰਸ ਵਾਲਾ ਹੋਣਾ, ਫਲ ਦਾ ਪੱਕਣਾ, ਹਰਾ ਭਰਾ ਹੋਣਾ, ਜੀਉਰਨਾ, ਭਰ ਹੋਣਾ ॥

ਸ:–'ਰਸਨਾ' ਵੇਖੋ ॥

**ਰਸਣਾ ਬਸਣਾ,** ਕ੍ਰਿ:—ਸੁਖ ਅਨੰਦ ਨਾਲ ਰਹਿਣਾ

**ਰਸਣਾ ਮਸਣਾ, ਰਸਣਾ ਮਿਸਣਾ, ਰਸ ਮਸ ਜਾਣਾ** } ਕ੍ਰਿ:—ਸੁਲ੍ਹਾ [illegible] ਨਾਲ ਮਿਲ ਜਾਣਾ ॥

**ਰਸੇ ਮਿਸੇ ਹੋਣਾ,** ਕ੍ਰਿ:—ਆਪੋ ਵਿੱਚ ਮੇਲ ਹੋਣਾ ।

**ਰਸਤ,** ਮ:—ਕੱਚਾ ਅੰਨ, ਆਟਾ, ਦਾਲ ਆਦਿਕ, ਭੋਜਨ ਦਾ ਸਮਿਆਨ ॥

**ਰਸਤਾ,** ਪੁ:—ਰਾਹ, ਸੜਕ, ਪੰਧ, ਲੰਘਣ ਵਾਲੀ ਥਾਂ, ਵਾਦੀ, ਚਾਲ ॥

**ਰਸਦ,** ਸ: 'ਰਸਤ' ਵੇਖੋ ।

**ਰਸਨਾ,** ਸ:—ਜੀਭ, ਬਾਣੀ, ਬੋਲੀ ॥

**ਰਸਮ,** ਸ:—ਰੀਤ, ਚਾਲ, ਦਸਤੂਰ, ਕਿਰਤ ॥

**ਰਸਮਸ ਜਾਣਾ, ਰਸੇ ਮਿਸੇ ਹੋਣਾ** } ਕ੍ਰਿ: –ਆਪੋ ਵਿੱਚ ਮੇਲ ਹੋ ਜਾਣਾ ।

**ਰਸਮਸਾਉਣਾ,** ਕ੍ਰਿ:—ਮੇਲ ਜਾ ਸੁਲ੍ਹਾ ਹੋਣੀ, (ਫਲ ਵਿੱਚ) ਰਸ ਭਰਨਾ ।

**ਰਸਮਿਸਾ,** ਵਿ:–ਥੱਕੇ ਰਸੇ ਵਾਲਾ (ਸਲੂਣਾ) ॥

Digitized by Panjab Digital Library | www.panjabdigilib.org

**ਰਸਮੀ,** ਵਿ:—ਰਸਮ ਮੁਜਿਬ, ਨਾ ਚੰਗਾ ਨਾ ਮੰਦਾ, ਚਲਾਊ ॥

**ਰਸ਼ਮੀਨ,** ਵਿ:-ਰੇਸ਼ਮੀ, ਪੱਟ ਦਾ ।

**ਰਸਾ,** ਪੁ:, ਸ:—ਰਸ, ਰਿੱਧੀ ਹੋਈ ਭਾਜੀ ਦਾ ਪਾਣੀ, ਤਰੀ ॥

**ਰੱਸਾ,** ਪੁ:—ਵੱਡੀ ਅਤੇ ਮੋਟੀ ਰਸੀ, ਧਾਰੇ ਦਾ ਇੱਕ ਨਾਪ, ਜਿਸ ਜ਼ਮੀਨ ਨੂੰ ਵੰਡ ਲਾਇਆ ਹੋਵੇ ॥

**ਰਸਾਊ,** ਪ:-ਜੋ ਕੁਝ ਰਜੇ ਦੇ ਅੰਦਰ ਹੋਵੇ, ਰਸਣ ਵਾਲਾ ॥

**ਰਸਾਉਣਾ,** ਕ੍ਰਿ:—ਪਕਾਉਣਾ, ਤਿਆਰ ਕਰਨਾ, ਖਾਤਰ ਕਰਨੀ, ਜੀ ਪਰਚਾਉਣਾ, ਖੁਸ਼ ਕਰਨਾ, ਭੋਉਣਾ ॥

**ਰਸਾਇਣ,** ਸ:—ਨਰਮੀ, ਮੁਲਾਇਮੀ ॥

ਪੁ:-ਇੱਕ ਖਿਆਲੀ ਚੀਜ਼ ਜਿਸ ਨਾਲ ਦੂਜੀਆਂ ਧਾਤਾਂ ਦਾ ਸੋਨਾ ਬਣ ਜਾਂਦਾ ਹੈ। ਚੀਜ਼ਾਂ ਦੇ ਅੰਸ਼ ਅੱਡ ਅੱਡ ਕਰਨ ਜਾਂ ਮੇਲਣ ਦੀ ਵਿਦਿਆ, ਕੀਮੀਆ।

**ਰਸਾਇਣੀ**<br>**ਰਸਾਇਣੀਆ** } ਕ੍ਰਿ:—ਜਿਸ ਦੇ ਪਾਸ ਰਸਾਇਣ ਹੈ, ਰਸਾਇਣ ਵਿਦਿਆ ਜਾਨਣ ਵਾਲਾ । ਕੀਮੀਆ ਗਰ ॥

**ਰਸਾਈ,** ਸ:—ਦੂਜੇ ਨੂੰ ਖੁਸ਼ ਕਰਨ ਦੀ ਤਾਕਤ, ਪਹੁੰਚ, ਦਖਲ, ਸਮਝ ਦਾ ਤੇਜ਼ ਹੋਣਾ ।

**ਰਸਾਈ ਦਾਰ,** ਪੁ:—ਦੇਸੀ ਪਲਟਣ ਦਾ ਇੱਕ ਅਫ਼ਸਰ ॥



**ਰਸਾਤਲ,** ਪੁ:—ਪਤਾਲ, ਸਭ ਤੋਂ ਹੇਠਲਾ ਨਰਕ ।

**ਰਸਾਤਲਣਾ,** ਕ੍ਰਿ:—ਖੇਲ ਤਮਾਸ਼ੇ ਵਿੱਚ ਸਮਾਂ ਗੁਆਉਣਾ, ਵੇਹਲੇ ਰਹਿਣਾ, ਆਲਸ ਕਰਨਾ ॥

**ਰਸਾਲ,** ਸ:—ਸੱਜਣ ਵੱਲੋਂ ਆਈ ਹੋਈ ਨਵੀਂ ਚੀਜ਼, ਸੁਗਾਤ ॥

**ਰਸਾਲਦਾਰ,** ਪ:—ਦੇਸੀ ਰਸਾਲੇ ਦਾ ਅਫ਼ਸਰ ਜਿਸ ਦੇ ਥੱਲੇ ਸੌ ਸਵਾਰ ਹੋਣ ॥

**ਰਸਾਲਦਾਰੀ,** ਸ:—ਰਸਾਲਦਾਰ ਦਾ ਕੰਮ ਜਾਂ ਹੁੱਦਾ ॥

**ਰਸਾਲਾ,** ਪੁ:—ਘੋੜ ਚੜ੍ਹੇ ਸਿਪਾਹੀਆਂ ਦਾ ਜੱਥਾ, ਬਹੁਤ ਛੋਟੀ ਜੇਹੀ ਕਿਤਾਬ ॥

**ਰੱਸੀ,** ਸ:—ਸੂੱਤਰ ਜਾਂ ਮੁੰਜ ਆਦਿਕ ਦੀ ਵੱਟੀ ਹੋਈ ਮੋਟੀ ਡੋਰੀ ॥

**ਰਸੀਆ,** ਪੁ:-ਭੋਗ ਬਿਲਾਸ ਦੀ ਚਾਹ ਰੱਖਣ ਵਾਲਾ, ਐਸ਼ ਕਰਨ ਵਾਲਾ, ਜਿਸ ਦੇ ਰਾਗ ਵਿੱਚ ਰਸ ਹੋਵੇ ॥

**ਰਸੀਦ,** ਸ:-ਰੁਪਏ ਜਾਂ ਕਿਸੇ ਹੋਰ ਚੀਜ਼ ਦੇ ਪਹੁੰਚ ਜਾਣ ਦੀ ਲਿਖਤ, ਪਹੁੰਚਣ ਜਾਂ ਮਿਲਣ ਦੀ ਖਬਰ ।

**ਰਸੀਲਾ,** ਵਿ:—ਦੂਜੇ ਨੂੰ ਖੁਸ਼ ਕਰਨ ਦੀ ਤਾਕਤ ਜਿਸ ਵਿੱਚ ਹੋਵੇ, ਮਿਠ ਬੋਲਾ, ਰਸ ਦਾ ਭਰਿਆ ਹੋਇਆ (ਫਲ) ॥

**ਰਸੂਲ,** ਪੁ:—ਸੁਨੇਹਾ ਲੈ ਕੇ ਆਇਆ ਹੋਇਆ, ਨਬੀ, ਪੈਗੰਬਰ ॥

Digitized by Panjab Digital Library | www.panjabdigilib.org

**ਰਸੂਲ ਅੱਲਾ,** ਪੁ:—ਅੱਲਾ ਦਾ ਰਸੂਲ, ਮੁਹੰਮਦ ਸਾਹਿਬ ॥

**ਰਸੈਣ**
**ਰਸੈਣੀ (ਣੀਆ)** } 'ਰਸਾਇਣ' ਆਦਿਕ ਵੇਖੋ।

**ਰਸੋ**
**ਰਸੋਈ** } ਸ:-ਹਿੰਦੂਆਂ ਵਿੱਚ ਰੋਟੀ ਪਕਾਉਣ ਦੀ ਥਾਂ, ਰੋਟੀ, ਭੋਜਨ, ਖਾਤਰ (ਕਰਨੀ) ॥

**ਰਸੋਈਆ,** ਸ:-ਰੋਟੀ ਪਕਾਉਣ ਵਾਲਾ (ਹਿੰਦੂ) ॥

**ਰਸੌਤ**
**ਰਸੌਂਤ** } ਸ:—ਅੱਖਾਂ ਦੀ ਇਕ ਮਸ਼ਹੂਰ ਦੂਆ।

**ਰਸੌਲਾ,** ਪੁ:
**ਰਸੌਲੀ,** ਸ: } ਗਿਲਟੀ, ਗੰਢ, ਉਠਾਉ ॥

**ਰਹਮ,** ਪੁ:-ਤਰਸ, ਮਿਹਰ, ਦਯਾ (ਆਦਿਕ)।

**ਰਹਮ ਦਿਲ,** ਵਿ:—ਜਿਸ ਦੇ ਦਿਲ ਵਿੱਚ ਰਹਮ ਹੋਵੇ ॥

**ਰਹਮਤ,** ਸ:—ਪਰਮੇਸ਼ਰ ਦੀ ਦਯਾ, ਰੱਬ ਦੀ ਮਿਹਰ ॥

**ਸਦ ਰਹਮਤ!** ਵਿਸਮਯ:-ਸ਼ਾਬਾਸ਼ੇ, ਅਫਰੀਨ, ਭਲਾ ਹੋਵੇ ॥

**ਰਹਰਾਸ,** ਸ:-'ਰਹਿਰਾਸ' ਵੇਖੋ ॥

**ਰਹਲ,** ਪੁ:—ਪੜ੍ਹਨ ਦੇ ਵੇਲੇ ਕਿਤਾਬ ਰੱਖਣ ਵਾਲਾ ਲਕੜੀ ਦਾ ਸਹਾਰਾ ॥

**ਰਹਲਾ,** ਪੁ:
**ਰਹਲੀ,** ਸ: } ਗੱਡਾ, ਬਲਦਾਂ ਦੇ ਖਿੱਚਣ ਵਾਲੀ ਗੱਡੀ ॥

**ਰਹਾਉ,** ਪੁ:-ਰਾਗ ਗਾਵੰਦਿਆਂ ਜੋ ਪਦ ਵਾਰ ਵਾਰ ਕਿਹਾ ਜਾਵੇ, ਪੜ੍ਹਨ ਵਿੱਚ ਦਾ ਠਹਿਰਾਉ, ਪੜ੍ਹਨ ਜਾਂ ਗਾਉਣ ਦਾ ਢੰਗ, ਧੁਨ, ਲਯ, ਸੁਰ ॥

**ਰਹਾਉਣ,** ਸ:-ਚੱਕੀ ਦੇ ਪੁੜ ਨੂੰ ਰਾਹੁਣ ਦੀ ਮਜੂਰੀ।

**ਰਹਾਉਣਾ,** ਕ੍ਰਿ: ਰਾਹੁਣ ਦੇਣਾ, ਵਸਾਉਣਾ, ਕੰਮ ਦੁਆਉਣਾ, (ਚੱਕੀ) ਰਾਹੁਣ ਦਾ ਕੰਮ ਕਰਾਉਣਾ ॥

**ਰਹਾਇਸ਼,** ਸ:-ਰਹਿਣ ਦਾ ਕੰਮ, ਡੇਰਾ, ਅਟਕਾਉ ॥

**ਰਹਾਈ,** ਸ:-ਰਾਹੁਣ ਦੀ ਮਜੂਰੀ, ਨਾਲੇ 'ਰਿਹਾਈ' ਵੇਖੋ।

**ਰਹਿਕਲਾ,** ਪੁ:-ਛੋਟੀ ਤੋਪ ॥

**ਰਹਿਣਾ,** ਕ੍ਰਿ:—ਠਹਿਰਨਾ, ਅਟਕਣਾ, ਹੋਣਾ, ਰੋਧੀ ਜਾਣਾ, ਵੱਸਣਾ, ਥੱਕਣਾ, ਕਮਜ਼ੋਰ ਹੋਣਾ, ਬਚਣਾ

**ਰਹਿ ਚੁੱਕਣਾ,** ਕ੍ਰਿ:—ਤਾਕਤ ਨਾ ਰਹਿਣੀ, ਨਿਕੰਮੇ ਹੋ ਜਾਣਾ ॥

**ਰਹਿ ਜਾਣਾ,** ਕ੍ਰਿ:—ਥੱਕ ਜਾਣਾ, ਸਰੀਰ ਦਾ ਅੰਗ ਮਾਰਿਆ ਜਾਣਾ।

**ਰਹਿਣਾ ਬਹਿਣਾ,** ਕ੍ਰਿ:-ਵੱਸਣਾ, ਮੇਲ ਗੇਲ ਰਖਣਾ।

**ਰਹਿ ਰਹਿ ਕੇ,** ਕ੍ਰਿ, ਵਿ:-ਬਾਰੰਬਾਰ, ਫੇਰ ॥

**ਰਹਿਣੀ,** ਸ:-ਰਹਿਣ ਦਾ ਢੰਗ, ਰਹਿਤ (ਰਹਿਣਾ) ॥

Digitized by Panjab Digital Library | www.panjabdigilib.org

**ਰਹਿਤ,** ਸਃ–ਜਿਸ ਤਰ੍ਹਾਂ ਰਹਿਣਾ ਚਾਹੀਦਾ ਹੈ, ਰੀਤ, ਚਾਲ, ਵਰਤਾਰਾ, ਸਿੱਖਾਂ ਦੇ ਰਹਿਣ ਦਾ ਢੰਗ, ਨੇਮ ॥

**ਰਹਿਤ ਖੁਹਤ,** ਪੁਃ, ਸਃ–'ਰਹਿੰਦ ਖੂੰਹਦ' ਵੇਖੋ ।

**ਰਹਿਤ ਨਾਮਾ,** ਪੁਃ–ਜਿਸ ਲਿਖਤ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਦੱਸੀ ਹੋਈ ਸਿੱਖਾਂ ਦੀ ਰਹਿਤ ਹੋਵੇ ।

**ਰਹਿਤ ਬਹਿਤ,** ਸਃ–ਰੀਤ, ਚਾਲ, ਰਹਿਣ ਦਾ ਢੰਗ ॥

**ਰਹਿਤ ਬਿਬੇਕ** / **ਰਹਿਤ ਮਰਜਾਦਾ** } ਸਃ–ਸਿੱਖ ਦਾ ਜ਼ਾਹਰ, ਪੰਜ ਕਕੇ

**ਰਹਿਤਬਾ (ਦਾ),** ਪੁਃ / **ਰਹਿਤਬੀ (ਦੀ),** ਸਃ } ਜਿਸ ਖਾਲਸੇ ਨੂੰ ਸਹਾਰਾ ਦੇਣ ਵਾਲਾ ਕੋਈ ਨਹੀਂ, ਅਨਾਥ ਜੋ ਆਪਣੀ ਖੁਸ਼ੀ ਗੁਲਾਮੀ ਕਰੇ ॥

**ਰਹਿਤੀਆ,** ਪੁਃ—'ਮਜ਼ਬੀ ਸਿੱਖ' ਵੇਖੋ ॥

**ਰਹਿੰਦ ਖੂੰਹਦ,** ਸਃ—ਬਚੀ ਹੋਈ ਸ਼ੈ, ਜੂਠ, ਚੂਰ ਭੂਰ ॥

**ਰਹਿੰਦਾ ਖੂੰਹਦਾ,** ਵਿਃ—ਬਾਕੀ ਰਿਹਾ ਹੋਇਆ, ਬਚਿਆ ਹੋਇਆ ॥

**ਰਹਿਰਾਸ,** ਸਃ–ਗੁਰੂ ਗ੍ਰੰਥ ਸਾਹਿਬ ਅਤੇ ਗੁਰੂ ਗੋਬਿੰਦ ਸਿੰਘ ਜੀ ਦੀ ਉਹ ਬਾਣੀ ਜੋ ਸਿੱਖ ਤ੍ਰਿਕਾਲਾਂ ਵੇਲੇ ਪੜ੍ਹਦੇ ਹਨ, ਜਿਸ ਪੋਥੀ ਵਿੱਚ ਉਹ ਬਾਣੀ ਹੋਵੇ ॥

**ਰਹਿਲ,** ਸਃ–ਹਲ ਵਾਹੁਣ ਕਰਕੇ ਧਰਤੀ ਵਿੱਚ ਜੋ ਖਰਲ ਪਏ ॥

**ਰਹਿਲਾ** / **ਰਹਿਲੀ** } 'ਰਹਲਾ' ਵੇਖੋ ॥

**ਰਹੀਮ,** ਵਿਃ ਰਹਿਮ ਵਾਲਾ, ਜੋ ਤਰਸ ਕਰੇ, ਦਯਾਵਾਨ ।

**ਰਹੁ,** ਸਃ–ਗੰਨੇ ਦਾ ਪਾਣੀ, ਰਸ ।

**ਰਹੁਰਾਸ,** ਸਃ–'ਰਹਰਾਸ' ਵੇਖੋ ॥

**ਰਹੇਲਾ** / **ਰਹੇੱਲਾ** } ਪੁਃ–ਇਕ ਜਾਤ, ਰਹੇਲਖੰਡ ਦਾ ਬਸਨੀਕ ।

**ਰੰਕ,** ਪੁਃ–ਕੰਗਾਲ, ਗਰੀਬ ॥

**ਰਕਤ,** ਪੁਃ–ਲਹੂ, ਰੱਤ ।
ਵਿਃ–ਰੱਤਾ, ਲਾਲ (ਰਕਤ ਚੰਨਣ) ॥

**ਰਕਤ ਕੁਹਕ,** ਪੁਃ—ਪਿੰਡੇ ਉੱਤੇ ਲਾਲ ਨਿਸ਼ਾਨ, ਇੱਕ ਰੋਗ ॥

**ਰਕਤ ਪਿੱਤੀ,** ਸਃ–'ਛਪਾਕੀ' ਵੇਖੋ ॥

**ਰੱਕਰ** / **ਰੱਕੜ** } ਵਿਃ–ਕਰੜੀ ਪਥਰੀਲੀ ਧਰਤੀ, ਜੋ ਬੰਜਰ ਹੋਵੇ ॥

**ਰਕਾਬ,** ਸਃ–ਘੋੜੇ ਦਾ ਸਵਾਰ ਕਾਠੀ ਉੱਤੇ ਬੈਠ ਕੇ ਲੋਹੇ ਦੀ ਜਿਸ ਚੀਜ਼ ਵਿੱਚ ਪੈਰ ਟਿਕਾਉਂਦਾ ਹੈ ॥

**ਰਕਾਬ ਦਵਾਲ** / **ਰਕਾਬ ਦੁਆਲ** } ਪੁਃ–ਰਕਾਬ ਦਾ ਤਸਮਾ ॥

**ਰਕਾਬੀ** / **ਰਕੇਬੀ** } ਸਃ–ਨਿੱਕੀ ਜੇਹੀ ਥਾਲੀ, ਛੋਟੇ ਕੰਢਿਆਂ ਵਾਲੀ ਤਾਸੀ ॥

**ਰਕਾਬੀ ਮਜ਼ਹਬ,** ਪੁਃ–ਜੋ ਦੁਨੀਆ ਦੇ ਫ਼ੈਦੇ ਲਈ ਆਪਣਾ ਮਜ਼ਹਬ ਬਦਲ ਲਏ, ਗਰਜ਼ਦਾਰ ॥

Digitized by Panjab Digital Library / www.panjabdigilib.org

**ਰੱਖ,** ਸੰ:-ਸਰੀਰ ਨਰੋਇਆ ਰੱਖਣ ਲਈ ਖਾਣ ਪੀਣ ਦਾ ਅਟਕਾਉ, ਰਾਖੀ, ਜਿਸ ਧਰਤੀ ਵਿੱਚੋਂ ਲਕੜੀ ਘਾਹ ਆਦਿਕ ਕੱਟਣ ਦਾ ਹੁਕਮ ਨਾਂ ਹੋਵੇ, ਨਿਕੇ ਰੁੱਖਾਂ ਵਾਲਾ ਜੰਗਲ, ਜ਼ਖੀਰਾ ॥

**ਰੱਖ ਸਾਈਂ ਦੀ**<br>**ਰੱਬ ਦੀਆਂ ਰੱਖਾਂ** } ਵਿਸਮਯ:-ਪਰਮੇਸ਼ਰ ਤੇਰੀ ਰਾਖੀ ਕਰੇ (ਅਸੀਸ) ।

**ਰੱਖਕ,** ਪੁ:-ਰੱਖਿਆ ਕਰਨ ਵਾਲਾ, ਰਾਖਾ, ਸਹਾਈ ॥

**ਰਖਣਾ,** ਪੁ:-ਵਿਘਨ, ਘਾਟਾ, ਛੇਕ, ਦੋਸ਼, ਦੋਸਤੀ ਵਿੱਚ ਫਰਕ ॥

**ਰੱਖਣਾ,** ਕ੍ਰਿ:-ਆਪਣੇ ਪਾਸ ਰਹਿਣ ਦੇਣਾ, ਧਰਨਾ, ਟਿਕਾਉਣਾ, ਠਹ੍ਰਾਉਣਾ, ਮਾਲਕ ਹੋਣਾ, ਬਚਾਉਣਾ, ਲਾਉਣਾ, ਨੌਕਰ ਬਣਾਉਣਾ, ਲੈਣਾ, ਅੰਗੀਕਾਰ ਕਰਨਾ, ਸਾਂਭਣਾ ॥

**ਰੱਖਣੀ,** ਸ:-ਮੱਦਤ, ਹੁਮੈਤ, ਤਰਫ ਦਾਰੀ ॥

**ਰਖਲ,** ਪੁ:—ਇੱਕ ਰੁੱਖ ॥

**ਰਖਵਈਆ,** ਪੁ:-ਰਖਣ ਵਾਲਾ, ਰਾਖਾ ॥

**ਰਖਵਾਉਣਾ,** ਕ੍ਰਿ:-ਰਖਣ ਦਾ ਕੰਮ ਕਰਾਉਣਾ ॥

**ਰਖਵਾਈ,** ਸ:—ਰੱਖਣ ਦਾ ਕੰਮ ਜਾਂ ਮਜੂਰੀ ।

**ਰਖਵਾਲ (ਲਾ),** ਪੁ:-ਰਾਖੀ ਕਰਨ ਵਾਲਾ, ਰਾਖਾ ॥

**ਰਖਵਾਲੀ,** ਸ:-ਰਾਖੀ, ਸਾਂਭੀ, ਦੇਖ ਭਾਲ, ਪਾਹਰਾ ॥

**ਰੱਖੜੀ,** ਸ: ਸਾਵਣ ਦੇ ਮਹੀਨੇ ਦੀ ਪੂਰਨਮਾਸ਼ੀ, ਉਸ ਦਿਨ ਹਿੰਦੂ ਵੀਣੀ ਉੱਤੇ ਜੋ ਧਾਗਾ ਆਦਿਕ ਬੰਨ੍ਹਦੇ ਹਨ ।

**ਰਖਾਉਣਾ**<br>**ਰਖਾਈ** } 'ਰਖਵਾਉਣਾ' 'ਰਖਵਾਈ' ਵੇਖੋ ॥

**ਰੱਖਾਲ,** ਪੁ:-ਇੱਕ ਸਦਾ ਬਹਾਰ ਰੁੱਖ ॥

**ਰਖਿਆ,** ਸ:-ਰਾਖੀ, ਸੋਤੀ, ਬਚਾਉ ॥

**ਰੱਖੀ,** ਵਿ:-ਜੋ ਖਾਣ ਪੀਣ ਦਾ ਅਟਕਾਉ ਰੱਖੇ ॥

**ਰਖੀਸਰ,** ਪੁ:-ਵੱਡਾ ਰਿਖੀ, ਮਹਾਤਮਾ, ਸੰਤ ॥

**ਰਗ,** ਸ:-ਨਸ, ਨਾੜੀ, ਪੱਥਰ ਜਾਂ ਲੱਕੜ ਦੀ ਧਾਰੀ, ਨਸਲਾਂ ਦਾ ਮੇਲ, ਗੁੱਸਾ, ਜੋਸ਼ ॥

**ਰਗ ਦਾਰ,** ਵਿ: ਰਗ ਜਾਂ ਵੰਸ਼ ਵਾਲਾ, ਖਰਾਬ ਧਾਰੀਆਂ ਵਾਲਾ ਕਪੜਾ ਜਿਸ ਦੀਆਂ ਤਾਰਾਂ ਉੱਚੀਆਂ ਨੀਵੀਆਂ ਹੋਣ ॥

**ਰੰਗ,** ਪੁ:-ਚਾਨਣ ਦਾ ਇੱਕ ਗੁਣ, ਲਾਲ ਨੀਲਾ ਆਦਿਕ, ਰੰਗਣ ਦਾ ਮਸਾਲਾ, ਢੰਗ, ਰੀਤ, ਕਿਸਮ, ਦਿਲ ਪਰਚਾਵਾ, ਖੁਸ਼ੀ, ਪਰਮੇਸ਼ਰ ਦੀ ਮਾਯਾ, ਤਾਸ਼ ਦੇ ਨਿਸ਼ਾਨਾਂ ਦੀ ਵੰਡ, ਜਿਗਰ ਦਾ ਸੇਕ ॥

**ਰੰਗ ਉੱਡ ਜਾਣਾ,** ਕ੍ਰਿ:-ਰੰਗ ਨਾਂ ਰਹਿਣਾ ਜਾਂ ਮੱਧਮ ਹੋ ਜਾਣਾ, ਡਰ ਜਾਂ ਗ਼ਮ ਨਾਲ ਚੇਹਰਾ ਪੀਲਾ ਹੋ ਜਾਣਾ ॥

**ਰੰਗ ਸਾਜ਼,** ਪੁ:-ਜੋ ਫੱਟੀਆਂ ਬੱਧੀਆਂ ਆਦਿਕ ਰੰਗੇ ॥

**ਰੰਗ ਰੱਚਣਾ,** ਕ੍ਰਿ:-ਚੰਗੇ ਰੰਗ ਦਾ ਹੋ ਜਾਣਾ, ਜੁਆਨ ਹੋਣਾ, ਆਪਣਾ ਗੁਣ ਵਧਾਉਣਾ ॥

Digitized by Panjab Digital Library / www.panjabdigilib.org

**ਰੰਗ ਖੇਡਣਾ,** ਕ੍ਰਿ: ਇਕ ਦੂਜੇ ਪੁਰ ਰੰਗ ਪਾਉਣਾ ॥

**ਰੰਗ ਚੜ੍ਹਨਾ,** ਕ੍ਰਿ:-ਰੰਗੇ ਜਾਣਾ, ਨਸ਼ਈ ਹੋਣਾ, ਖੁਸ਼ੀ ਜਾਂ ਪ੍ਰੇਮ ਵਿੱਚ ਰੰਗੇ ਜਾਣਾ ॥

**ਰੰਗ ਚੜ੍ਹਾਉਣਾ,** ਕ੍ਰਿ:-ਰੰਗਣਾ (ਲਕੜੀ ਆਦਿਕ) ॥

**ਰੰਗ ਢੰਗ,** ਪੁ: ਸ਼ਕਲ, ਸੂਰਤ, ਹਾਲਤ, ਤੌਰ ॥

**ਰੰਗ ਨਿਕਲਣਾ,** ਕ੍ਰਿ:-ਸੋਹਣੀ ਸ਼ਕਲ ਜਾਂ ਰੰਗ ਦਾ ਹੋ ਜਾਣਾ ॥

**ਰੰਗ ਬਰੰਗਾ (ਗੀ),** ਵਿ:-ਜਿਸ ਵਿੱਚ ਕਈ ਰੰਗ ਹੋਣ ॥

**ਰੰਗ ਭਰਨਾ,** ਕ੍ਰਿ:- ਵੱਚੋਂ ਰੰਗਣਾ, ਰੰਗ ਚੜ੍ਹਾਉਣਾ ॥

**ਰੰਗ ਮਹਿਲ,** ਪੁ:-ਖੁਸ਼ੀਆਂ ਮਾਨਣ ਵਾਲਾ ਘਰ ॥

**ਰੰਗ ਰਸ,** ਪੁ:-ਸੰਤੋਖ, ਅਨੰਦ, ਤਸੱਲੀ ॥

**ਰੰਗ ਰੰਗੀਲਾ,** ਵਿ:-ਸੋਹਣਾ, ਸੁੰਦਰ ॥

**ਰੰਗ ਰੂਪ,** ਪੁ:-ਸਹੱਪਣ ਸ਼ਕਲ, ਹਾਲਤ, ਤੌਰ ॥

**ਰੰਗ ਰੇਜ਼,** ਪੁ:-ਲਲਾਰੀ, ਜੋ ਨੀਲ ਅਤੇ ਕਸੁੰਭੇ ਦਾ ਰੰਗ ਕਪੜਿਆਂ ਉੱਤੇ ਚਾੜ੍ਹੇ ॥

**ਰੰਗ ਲੱਗਣਾ,** ਕ੍ਰਿ:-ਤਾਸ਼ ਦੀ ਖੇਡ ਵਿੱਚ ਇੱਕੋ ਰੰਗ ਦੇ ਪੱਤੇ ਬਹੁਤ ਸਾਰੇ ਆ ਜਾਣੇ, ਰੌਣਕ ਜਾਂ ਖੁਸ਼ੀ ਹੋਣੀ ॥

**ਰੰਗ ਲਾਉਣਾ,** ਕ੍ਰਿ:-ਤਾਸ਼ ਵਿਚ ਰੰਗ ਰੰਗ ਦੇ ਪੱਤੇ ਅੱਡ ਅੱਡ ਕਰਨਾ, ਮੌਜ ਕਰਨੀ, ਰੌਣਕ ਵਧਾਉਣੀ ॥

**ਰੰਗ ਵਿੱਚ ਭੰਗ ਪੈਣਾ,** ਕ੍ਰਿ:-ਖੁਸ਼ੀ ਵਿੱਚ ਵਿਘਨ ਪੈਣਾ ॥

**ਰੰਗਣ,** ਪੁ:-ਰੰਗ ਚਾੜ੍ਹਨ ਦਾ ਮਸਾਲਾ (ਘੋਤਾ ਹੋਇਆ ਜਾਂ ਜੋ ਛਣਦਾ ਪਿਆ ਹੋਵੇ) ਸ਼ੋਭਾ, ਦੌਲਤ, ਖੁਸ਼ੀ ॥

**ਰਗਤ,** ਪੁ:-'ਰਕਤ' ਵੇਖੋ ॥

**ਰੰਗਤ,** ਸ:-ਰੰਗ, ਰੰਗਣ ਦਾ ਢੰਗ ॥

**ਰਗਦੜ** / **ਰਗ ਦੜ** } ਸ: ਮੈਲ, ਤਲਛਟ ॥

**ਰੰਗਰੂਟ,** ਪੁ:-ਨਵਾਂ ਭਰਤੀ ਹੋਇਆ ਹੋਇਆ ਸਿਪਾਹੀ, ਨਵਾਂ ਨੌਕਰ ॥

**ਰੰਗਲਾ,** ਵਿ: ਜਿਸ ਵਿੱਚੋਂ ਚੰਗਾ ਰੰਗ ਨਿਕਲੇ, ਪੱਕੇ ਰੰਗ ਵਾਲਾ ॥

**ਰੰਗਵਈਆ,** ਪੁ:-ਰੰਗਣ ਵਾਲਾ ॥

**ਰੰਗਵਾਉਣਾ,** ਕ੍ਰਿ: ਰੰਗਣ ਦਾ ਕੰਮ ਕਰਾਉਣਾ ॥

**ਰੰਗਵਾਈ,** ਸ: ਰੰਗਣ ਦਾ ਕੰਮ ਜਾਂ ਮਜ਼ੂਰੀ ॥

**ਰਗੜ,** ਸ: ਘਸਰ, ਮਲਣ ਦਾ ਕੰਮ, ਝਰੀਟ (ਲੱਗਣੀ) ॥

**ਰੰਗੜ,** ਪੁ:-'ਰੰਘੜ' ਵੇਖੋ ॥

**ਰਗੜਨਾ,** ਕ੍ਰਿ:-ਜ਼ੋਰ ਨਾਲ ਮਲਣਾ, ਘੌਂਟਣਾ ॥

Digitized by Panjab Digital Library | www.panjabdigilib.org

**ਰਗੜਵਾਉਣਾ,** ਕ੍ਰਿ:—ਰਗੜਨ ਦਾ ਕੰਮ ਕਰਾਉਣਾ ॥

**ਰਗੜਵਾਈ,** ਸ:—ਰਗੜਨ ਦਾ ਕੰਮ ਜਾਂ ਮਜੂਰੀ ॥

**ਰਗੜਾ,** ਪੁ:—ਜ਼ੋਰ ਨਾਲ ਮਲਣ ਜਾਂ ਘੋਟਣ ਦਾ ਕੰਮ, ਝਗੜਾ (ਚਾੜ੍ਹਨਾ, ਮਾਰਨਾ, ਲਾਉਣਾ) ॥

**ਰਗੜਾ ਮਿੱਟਣਾ, ਰਗੜਾ ਦੇਣਾ** } ਕ੍ਰਿ: ਰਗੜਨਾ, ਘਸਾਉਣਾ ॥

**ਰਗੜਾਉਣਾ, ਰਗੜਾਈ** } 'ਰਗੜਵਾਉਣਾ' 'ਰਗੜਵਾਈ' ਵੇਖੋ ।

**ਰੰਗਾਉਟ,** ਸ:—ਰੰਗਤ, ਰੰਗਣ ਦਾ ਢੰਗ ।

**ਰੰਗਾਉਣਾ,** ਕ੍ਰਿ: **ਰੰਗਾਈ** ਸ: } 'ਰੰਗਵਾਉਣਾ' 'ਰੰਗਵਾਈ' ਵੇਖੋ ॥

**ਰੰਗੀ,** ਵਿ:—ਮੌਜੀ, ਲਹਿਰੀ, ਰੱਬ ਦੀ ਰਜ਼ਾ ਵਿੱਚ ਰਾਜ਼ੀ ॥

**ਰੰਗੀ ਸੌਦਾ,** ਪੁ:—ਬਜ਼ਾਰ ਦੇ ਭਾਉ ਦਾ ਖ਼ਿਆਲ ਨਾ ਕਰਕੇ ਜੋ ਸੌਦਾ ਕੀਤਾ ਜਾਵੇ (ਘਾਟੇ ਵਾਧੇ ਦਾ ਪਤਾ ਨਾ ਹੋਵੇ) ॥

**ਰੰਗੀਣ,** ਵਿ:—ਸ਼ਿੰਗਾਰੀ ਹੋਈ, ਸੋਹਣੀ (ਬਣੀ ਜ ਥਾਲੀ) ਰੰਗਦਾਰ ।

**ਰੰਗੀਲ,** ਵਿ:—ਰੰਗਿਆ ਹੋਇਆ (ਲੱਕੜੀ ਦਾ ਅਸਬਾਬ) ॥

**ਰੰਗੀਲਾ,** ਵਿ:—ਮੌਜੀ, ਖੁਸ਼ ਰਹਿਣ ਵਾਲਾ ॥

**ਰੰਗੁਲਾ,** ਵਿ:—'ਰੰਗਲਾ' ਵੇਖੋ ॥

**ਰਗੇਦ,** ਪੁ:—ਧੱਕਾ, ਪਿੱਛੇ ਲੱਗਣ ਦਾ ਕੰਮ ॥

**ਰਗੇਦਣਾ,** ਕ੍ਰਿ:—ਪਿੱਛੇ ਲੱਗਣਾ, ਹੱਕਣਾ, ਛੇਤੀ ਛੇਤੀ ਮਗਰ ਜਾਣਾ ॥

**ਰੰਘੜ,** ਪੁ:—ਮੁਸਲਮਾਨਾਂ ਦੀ ਇੱਕ ਜਾਤ, ਰਜਪੂਤ, ਸ਼ੇਖੀ ਖੋਰਾ ॥

**ਰੰਘੜ ਵਾਲੀ ਲੱਤ ਉੱਚੀ ਰੱਖਣੀ,** ਮੁ:—ਹੌਲੇ ਹੋਕੇ ਭੀ ਸ਼ੇਖੀ ਮਾਰਨੀ ॥

**ਰਘੁਬੰਸ, ਰਘੁਵੰਸ** } ਪੁ:—ਰਘੁ ਦੀ ਉਲਾਦ, ਇਕ ਬੰਸ [illegible] ਨਾਮ ।

**ਰਘੁਬੰਸੀ, ਰਘੁਵੰਸੀ** } ਪੁ:—ਰਘੂ ਦੀ ਕੁਲ ਦਾ ॥

**ਰਘੁਬੀਰ,** ਪੁ:—ਰਾਮ ਚੰਦ੍ਰ ਜੀ ਦਾ ਇੱਕ ਨਾਉਂ ॥

**ਰਚ,** ਸ:—ਜੋ ਕੁਝ ਰਚਿਆ ਗਿਆ ਹੈ, ਰਚਨਾ, ਸ੍ਰਿਸ਼ਟ ॥

**ਰਚ ਜਾਣਾ, ਰਚਣਾ** } ਕ੍ਰਿ:—ਵਸਣਾ, ਮੀਉਣਾ, ਵੜਨਾ, ਵਾਕਬ ਹੋਣਾ ॥

**ਰਚਣਾ,** ਕ੍ਰਿ:—ਬਣਾਉਣਾ, ਪੈਦਾ ਕਰਨਾ, ਪੁਸਤਕ ਲਿਖਣਾ, ਛੰਦ ਗੁੰਦਣਾ ।

**ਰਚਨਾ,** ਸ:—ਰਚੇ ਹੋਏ ਪਦਾਰਥ, ਸ੍ਰਿਸ਼ਟ, ਸੋਭਾ, ਮਹਿਮਾ, ਬਣਾਵਟ, ਲੇਖ ।

**ਰਚਵਾਉਣਾ,** ਕ੍ਰਿ:—ਤੇਲ ਰਸਾਕੇ ਪਿੰਡੇ ਦੇ ਅੰਦਰ ਧਸਾ ਦੇਣਾ, ਪੈਦਾ ਕਰਾਉਣਾ, ਪੁਸਤਕ ਜਾਂ ਛੰਦ ਬਨਵਾਉਣਾ ।

**ਰਚਵਾਈ,** ਸ:—ਰਚਾਉਣ ਦੀ ਮਜੂਰੀ ॥

Digitized by Panjab Digital Library | www.panjabdigilib.org

**ਰਚਾਉਣਾ,** ਕ੍ਰਿ:—ਤੇਲ ਚੋਂਸ ਕੇ ਪਸਾ ਦੇਣਾ, ਸ਼ਾਦੀ ਕਰਨਾ।

**ਰਚਿਤ,** ਵਿ:—'ਕ੍ਰਿਤ' ਵੇਖੋ।

**ਰੱਛ,** ਪੁ:—ਜੁਲਾਹੇ ਦੇ ਅਸਬਾਬ ਦਾ ਉਹ ਹਿੱਸਾ ਜਿਸ ਨਾਲ ਤਾਣਾ ਲਾਉਂਦ ਹਨ ਅਤੇ ਜਿਸ ਦੇ ਲਾਗੇ ਨਲੀ ਵਗਦੀ ਹੈ।

**ਰੱਛਕ, ਰਛਪਾਲ** } ਪੁ:—ਰੱਖਾ, ਪਾਲਣ ਵਾਲਾ, ਸਹਾਈ, ਪਰਮੇਸਰ ॥

**ਰਛਪਾਲੀ, ਰੱਛਾ** } ਸ:—ਰਾਖੀ, ਸੋਝੀ, ਬਚਾਉ, ਪਾਲਣਾ, ਸਹਾਰਾ, ਮੰਤ੍ਰ ॥

**ਰੱਛਿਆ,** ਸ:—ਰੱਛਾ, ਰੱਖੜੀ ਦਾ ਧਾਗਾ।

**ਰੱਛੀ,** ਪੁ:—'ਰੱਛਕ' ਵੇਖੋ ॥

**ਰਜ,** ਸ:—ਧੂੜ, ਮਿੱਟੀ, ਖਾਕ ॥

**ਰੱਜ,** ਪੁ:—ਤ੍ਰਿਪਤ, ਖਾਕੇ ਜੋ ਸ਼ਾਂਤ ਆਉਂਦੀ ਹੈ, ਸੰਤੋਖ, ਬਹੁਤ ਸਾਰੀ ਚੀਜ਼ ਜਿਸ ਨੂੰ ਖਾਕੇ ਭੁੱਖ ਨਾ ਰਹੇ ॥

**ਰੱਜ ਕੇ ਖਾਣਾ, ਰੱਜ ਰੱਜ ਖਾਣਾ** } ਕ੍ਰਿ:—ਐਨਾ ਖਾਣਾ ਕਿ ਭੁੱਖ ਮੂਲੋਂ ਨਾ ਰਹੇ ॥

**ਰੰਜ,** ਪੁ:—ਜੰਗਲ, ਉਜਾੜ, ਦੁੱਖ, ਕਲੇਸ਼, ਗਮ, ਗੁੱਸਾ।
ਵਿ:—ਗੁੱਸੇ, ਰੁੱਸਿਆ ਹੋਇਆ ਦੁਖੀ (ਹੋਣਾ, ਕਰਨਾ) ॥

**ਰਜੱਸੁਲਾ,** ਸ:—ਜੋ ਤੀਮਤ ਭਿੱਟੀ ਹੋਵੇ ॥

**ਰੰਜਕ,** ਸ:—ਧੂੜਾ, ਪੀਠੀ ਹੋਈ ਚੀਜ਼ ॥

**ਰੱਜਣਾ,** ਕ੍ਰਿ:—ਖਾ ਕੇ ਸੰਤੋਖ ਆ ਜਾਣਾ, ਢਿੱਡ ਭਰ ਜਾਣਾ ॥

**ਰਜਪੂਤ,** ਪੁ:—ਇੱਕ ਜਾਤ, ਰਾਜਪੂਤ ॥

**ਰਜਬ,** ਪੁ:—ਮੁਸਲਮਾਨਾਂ ਦਾ ਇੱਕ ਪਵਿਤ੍ਰ ਮਹੀਨਾ ਜਿਸ ਵਿੱਚ ਲੜਾਈ ਕਰਨੀ ਮਨ੍ਹੇ ਹੈ ॥

**ਰੱਜਬ,** ਪੁ:—ਇੱਕ ਕਬੀਸਰ ਦਾ ਨਾਉਂ ॥

**ਰਜਮਟ,** ਸ:—ਕਰਨੈਲ ਦੇ ਥੱਲੇ, ਸਿਪਾਹੀਆਂ ਦਾ ਜੱਥਾ ॥

**ਰਜਵਾਉਣਾ,** ਕ੍ਰਿ:—ਢਿੱਡ ਭਰਾਉਣਾ, ਸੰਤੋਖ ਦੁਆਉਣਾ ॥

**ਰਜਵਾਹਾ,** ਪੁ:—ਛੋਟੀ ਨਹਿਰ ॥

**ਰਜਵਾੜਾ,** ਪੁ:—ਰਾਜੇ ਦਾ ਰਾਜ, ਰਿਆਸਤ ॥

**ਰਜ਼ਾ,** ਸ:—ਲੰਮੀ ਛੁੱਟੀ, ਮਰਜ਼ੀ, ਪਰਮੇਸਰ ਦੀ ਭਾਵੀ ॥

**ਰੱਬ ਦੀ ਰਜ਼ਾ,** ਸ:—ਪਰਮੇਸਰ ਦੀ, ਮਰਜ਼ੀ, ਹੋਣਹਾਰ, ਕਰਤਾਰ ਦਾ ਭਾਣਾ ॥

**ਰਜ਼ਾ ਹੋ ਜਾਣੀ (ਹੋਣੀ),** ਕ੍ਰਿ:—ਮਰ ਜਾਣਾ ॥

**ਰਜ਼ਾ ਮੰਦ (ਵੰਦ),** ਵਿ:—ਮੰਨ ਜਾਣ ਵਾਲਾ, ਰਾਜ਼ੀ ॥

**ਰਜ਼ਾ ਮੰਦੀ (ਵੰਦੀ),** ਸ:—ਮਰਜ਼ੀ, ਮੰਨ ਜਾਣਾ, ਖੁਸ਼ੀ ॥

**ਰੱਜਾ (ਜਿਆ),** ਪੁ:, **ਰੱਜੀ,** ਸ: } ਵਿ:—ਜਿਸ ਨੂੰ ਰੱਜ ਆ ਗਿਆ ਹੈ ॥

Digitized by Panjab Digital Library | www.panjabdigilib.org

**ਰਜਾਉਣਾ,** ਕ੍ਰਿ:—ਕਿਸੇ ਦਾ ਢਿੱਡ ਭਰਨਾ, ਸੰਤੋਖ, ਦੇਣਾ ॥

**ਰਜਾਈ,** ਪੁ:—ਲੇਫ, ਉੱਪਰ ਲੈਕੇ ਸੌਣ ਵਾਲਾ ਰੂੰ ਦਾਰ ਕਪੜਾ ॥

**ਰਜਾਦਾ,** ਪੁ:—ਸਰਦਾਰ ਜਾਂ ਰਈਸ ਦੀ ਉਲਾਦ ॥

**ਰੰਜਾਨਣਾ,** ਕ੍ਰਿ:—ਰੰਜ ਦੇਣਾ, ਦੁਖੀ ਜਾਂ ਔਖਾ ਕਰਨਾ ॥

**ਰਜਾਲਾ,** ਵਿ:, ਪੁ:—ਕਮ ਜ਼ਾਤ, ਨੀਚ, ਸੂਮ ।

**ਰੱਜਿਆ ਹੋਇਆ,** ਵਿ:—ਜਿਸ ਨੂੰ ਰੱਜ ਆ ਗਿਆ ਹੋ, ਧਨੀ, ਬਖਤਾਵਰ ।

**ਰਜਿਸਟਰ,** ਪੁ:—ਵਹੀ, ਚਿੱਠਾ, ਜ਼ਰੂਰੀ ਗੱਲਾਂ ਲਿਖਣ ਵਾਲੀ ਕਿਤਾਬ ॥

**ਰਜਿਸਟਰਾਰ,** ਪੁ:—ਰਜਿਸਟਰੀ ਕਰਨ ਵਾਲਾ ਸਰਕਾਰੀ ਨੌਕਰ ॥

**ਰਜਿਸਟਰੀ,** ਸ:—ਚਿੱਠੀ ਆਦਿਕ (ਰਜਿਸਟਰ ਵਿੱਚ ਚੜ੍ਹਾਉਣ ਦਾ ਕੰਮ) (ਕਰਨੀ) ॥

**ਰੱਜੂ,** ਪ:—'ਰੱਜ' ਵੇਖੋ ॥

**ਰਜੁਆੜਾ,** ਪ:—'ਰਜਵਾੜਾ' ਵੇਖੋ ॥

**ਰਜੋ ਗੁਣ,** ਪੁ:—ਜਿਸ ਗੁਣ ਕਰਕੇ ਜੀਵ ਫੁਰਤੀ ਵਾਲੇ ਕੰਮ ਕਰਦੇ ਹਨ ॥

**ਰਟਨ,** ਸ: / **ਰਟਣਾ,** ਪੁ: } ਵਾਦੀ, ਹਾਲਤ, ਦਸਤੂਰ, ਨਿੱਤ ਨੇਮ, ਜਾਪ ॥

**ਰੱਟਣਾ** / **ਰਟਨਾ** } ਕ੍ਰਿ:—ਜਪਣਾ, ਬਾਰੰਬਾਰ ਇੱਕੋ ਗੱਲ ਕਹਿਣੀ ॥

ਸ:—ਸਭਾ ।

**ਰੱਟਾ,** ਪੁ:—ਝਗੜਾ (ਰੌਲਾ ਪੈਣਾ, ਮੁੱਕਾ ਰੱਟਾ) ॥

**ਰੱਟਣ,** ਪੁ:—ਰਗੜ ਕਰਕੇ ਜੋ ਹੱਥ ਜਾਂ ਪੈਰ ਦੇ ਅੰਗੂਠੇ ਉੱਤੇ ਕੁਰਾਝ ਥਾਂ ਹੋ ਜਾਏ, ਗੰਢ, ਰੋੜੀ

**ਰੰਡ** / **ਰੰਡਕ** } ਸ:—ਰੰਡੀ, ਵਿਧਵਾ ਤੀਮਤ ॥

**ਰੰਡਾ,** ਪੁ:—ਜਿਸ ਮਰਦ ਦੀ ਵਹੁਟੀ ਨਾ ਰਹੇ ॥

**ਰੰਡਾਪਾ,** ਪੁ:—ਰੰਡੇ ਜਾਂ ਰੰਡੀ ਹੋਣ ਦੀ ਹਾਲਤ ॥

**ਰੰਡੀ,** ਸ:—ਜਿਸ ਤੀਵੀਂ ਦਾ ਖੌਂਦ ਨਾ ਹੋਵੇ, ਕੰਜਰੀ ।

**ਰੰਡੀ ਬਾਜ,** ਪੁ:—ਰੰਡੀ ਰੱਖਣ ਵਾਲਾ, ਕੰਜਰੀ ਦਾ ਯਾਰ ॥

**ਰੰਡੂਆ,** ਪੁ:—ਰੰਡਾ, ਜਿਸ ਦੇਸ ਦਾ ਰਾਜਾ ਰਹੇ ਨਹੀਂ ।

**ਰੰਡੇਪਾ,** ਪੁ:—'ਰੰਡਾਪਾ' ਵੇਖੋ ॥

**ਰਣ,** ਪੁ:—ਲੜਾਈ, ਜੁੱਧ, ਜੁੱਧ ਦੀ ਧਰਤੀ ॥

**ਰਣਜੀਤ,** ਵਿ:—ਲੜਾਈ ਵਿੱਚ ਜਿੱਤਣ ਵਾਲਾ ।

**ਰਣਬਾਸ,** ਪੁ:—ਰਾਜੇ ਦੇ ਘਰ ਵਿਚ ਰਾਣੀਆਂ ਦੀ ਥਾਂ ॥

Digitized by Panjab Digital Library | www.panjabdigilib.org

**ਰਣ ਭੂਮ,** ਸ:—ਜਿਸ ਧਰਤੀ ਵਿੱਚ ਲੜਾਈ ਹੋਵੇ ॥

**ਰਣਕ,** ਸ:—ਝਾਂਜਰਾਂ ਘੁੰਗਰੂਆਂ ਆਦਿਕਾਂ ਦੀ ਅਵਾਜ ॥

**ਰਣਕਣਾ,** ਕ੍ਰਿ:—ਘੁੰਗਰੂ ਆਦਿਕਾਂ ਦੀ ਅਵਾਜ ਹੋਣੀ; ਬਹੁਤ ਉੱਚੀ ਅਤੇ ਤਿੱਖੀ ਅਵਾਜ ਕੱਢਣੀ ॥

**ਰਤ,** ਸ:—ਪਿਆਰ, ਮਿਤ੍ਰਤਾਈ, [illegible] ਰਾਗ

**ਰੱਤ,** ਸ:—ਲਹੂ, ਖੂਨ।

**ਰੱਤਕ,** ਸ:—ਇੱਕ ਲਿੱਕਾ ਜੇਹਾ ਲਾਲ ਅਤੇ ਕਾਲਾ ਬੀ ਜੋ ਤੋਲ ਦਾ ਮਾਪ ਹੈ ਰੱਤੀ, ਇੱਕ ਦੁਆ ॥

**ਰਤਜਾਗਾ,** ਪੁ:—'ਜਗਰਾਤਾ' ਵੇਖੋ ।

**ਰਤਣ,** ਪੁ:—ਵਡ ਮੁੱਲਾ ਪੱਥਰ, ਜੁਆਹਰ, ਮਣੀ ॥

**ਰਤਣ ਜੋਤ,** ਸ:—ਇੱਕ ਬੂਟਾ, ਉਸ ਦਾ ਫਲ ।

**ਰਤਣ ਮਾਲਾ,** ਸ:—ਰਤਨਾਂ ਦੀ ਮਾਲਾ, ਕਈ ਪੋਥੀਆਂ ਦਾ ਨਾਉਂ ।

**ਰਤਵਾਉਣਾ,** ਕ੍ਰਿ:—ਰੋਤਕ ਦਾ ਕੰਮ ਕਰਾਉਣਾ

**ਰਤਵਾਈ,** ਸ:—ਰੋਤਕ ਦਾ ਕੰਮ ਜਾਂ ਮਜੂਰੀ ।

**ਰੰਤੜਾ,** ਵਿ:—ਰੰਗਾ, ਲਾਲ, ਸੁਰਖ, ਪ੍ਰੇਮ ਨਾਲ ਮਗਨ ॥

**ਰਤਾ**
**ਰਤਾ ਕੁ** } ਵਿ:-ਥੋੜਾ ਜੇਹਾ, ਜ਼ਰਾ ਕੁ, ਵਧਾ ਬਹੁਤ ਨਹੀਂ ॥

**ਰੱਤਾ,** ਵਿ:—ਲਾਲ, ਰੰਗਿਆ ਹੋਇਆ, ਭਗਤਿ ਨਾਲ ਮਸਤ, ਮਗਨ ॥
ਪੁ:—ਲਾਲ ਉੱਨ ਦਾ ਸੂਤ੍ਰ ॥

**ਰਤਾਉਣਾ**
**ਰਤਾਈ** } 'ਰਤਵਾਉਣਾ' 'ਰਤਵਾਈ' ਵੇਖੋ ।

**ਰਤਾਲੂ,** ਪੁ:—ਅਰਬੀ ਵਰਗੀ ਇੱਕ ਤਰਕਾਰੀ ॥

**ਰਤੀ**
**ਰਤੀ ਕੁ** } ਵਿ:—ਥੋੜੀ, ਜ਼ਰਾ, ਕੁਝ, ਬਹੁਤੀ ਨਹੀਂ ।

**ਰਤੀਅਣਾ,** ਸ:-ਰਾਲ ॥

**ਰਤੀ ਹੂਣਾ,** ਪੁ:—ਥੋੜਾ ਚਿਰ ॥

**ਰੱਤੀ,** ਸ:-ਰੱਤਕ, ਇੱਕ ਤੋਲ, ਇੱਕ ਖੇਲ, ਕਿਸਮਤ, ਪਰਾਲਬਧ ॥

**ਰੱਤੀ ਕੁ**
**ਰੱਤੀ ਭਰ** } ਵਿ:—ਜਿਸ ਦਾ ਭਾਰ ਰੱਤੀ ਹੈ, ਬਹੁਤ ਥੋੜਾ ॥

**ਰੱਤੀ ਵਾਲ,** ਵਿ:—ਭਾਗਾਂ ਵਾਲਾ, ਸੁਖੀ, ਚੰਗੀ ਹਾਲ ਵਿੱਚ ॥

**ਰੱਤੁ,** ਸ:-ਰੱਤ, ਲਹੂ, ਖੂਨ ॥

**ਰਤੌਂਧਾ,** ਪ:
**ਰਤੌਂਧੀ,** ਸ: } ਅੱਖਾਂ ਦਾ ਇਕ ਰੋਗ, ਅੰਧਰਾਤਾ ॥

**ਰਥ,** ਪੁ:—ਇੱਕ ਤਰਾਂ ਦੀ ਰਹੂ ਪਹੀਆ ਵਾਲੀ ਗੱਡੀ ॥

**ਰਥ ਜਾਤ੍ਰਾ,** ਸ:—ਕਿਸੇ ਹਿੰਦੂ ਦੇਵਤੇ ਖਾਸ ਕਰਕੇ ਜਗਨ ਨਾਥ ਦੀ ਸਵਾਰੀ ।

Digitized by Panjab Digital Library | www.panjabdigilib.org

**ਰਥਵਾਨ,** ਪੁ:—ਰਥ ਹੱਕਣ ਵਾਲਾ ॥

**ਰਥਵਾਨੀ,** ਸ:—ਰਥਵਾਨ ਦੀ ਘਰ ਵਾਲੀ, ਰਥਵਾਨ ਦਾ ਕੰਮ

**ਰੱਦ,** ਸ:, ਵਿ:—ਕੋ, ਉਲਟੀ, ਨਾ ਮੰਨੀ ਹੋਈ ਗੱਲ, ਜੋ ਝੂਠ ਸਾਬਤ ਹਵੇ, ਹਟਾਇਆ ਹੋਇਆ (ਹੋ ਜਾਣਾ, ਹੋਣਾ, ਕਰਨਾ)।

**ਰੱਦ ਸਿੱਟਣਾ,** ਕ੍ਰਿ:—'ਰੱਦਣਾ' ਵੇਖੋ ॥

**ਰੱਦ ਬਲਾ,** ਵਿਸਮਯ—ਬਲਾਈਆਂ ਦੂਰ ਹੋ ਜਾਣ, (ਅਸੀਸ)।

**ਰੈਦ,** ਪੁ:—ਰਸਤਾ, ਰਾਹ, ਸੜਕ

**ਰੱਦਣਾ,** ਕ੍ਰਿ:—ਹਟਾਉਣਾ, ਝੂਠ ਸਾਬਤ ਕਰਨਾ, ਉਲਟੀ ਕਰਨੀ।

**ਰੰਦਣਾ,** ਕ੍ਰਿ:—ਰੰਦੇ ਨਾਲ ਲਕੜ ਛਿੱਲ ਕੇ ਸਾਫ਼ ਕਰਨੀ।

**ਰੰਦਵਾਉਣਾ,** ਕ੍ਰਿ:—ਰੰਦਣ ਦਾ ਕੰਮ ਕਰਾਉਣਾ॥

**ਰੰਦਵਾਈ,** ਸ:—ਰੰਦਣ ਦਾ ਕੰਮ ਜਾਂ ਮਜ਼ੂਰੀ।

**ਰਦਾ,** ਪੁ:—ਭਾਰ ਉੱਤੇ ਭਾਰ, ਚੁਣੀਆਂ ਹੋਈਆਂ ਇੱਟਾਂ ਦਾ ਢੇਰ।

**ਰੰਦਾ,** ਪੁ:—ਲੱਕੜ ਛਿੱਲਣ ਵਾਲਾ ਸੰਦ (ਤਰਖਾਣਾਂ ਦਾ)।

**ਰੰਦਾਉਣਾ** / **ਰੰਦਾਈ** } 'ਰੰਦਵਾਉਣਾ' 'ਰੰਦਵਾਈ' ਵੇਖੋ ॥

**ਰੱਦੀ,** ਵਿ:—ਨਿਕੰਮਾ, ਰੱਦਿਆ ਹੋਇਆ।
ਸ:—ਜੋ ਕਾਗਜ਼ ਕੰਮ ਦਾ ਨਹੀਂ, ਰੱਦੀ ਨਿਕੰਮੀ ਚੀਜ਼ ॥

**ਰੱਦੂ ਬੱਦੂ,** ਵਿ:—ਰੱਦਿਆ ਹੋਇਆ, ਨਿਕੰਮਾ, ਖਰਾਬ।

**ਰੰਪ,** ਸ:—ਖਾਹ ਮਖਾਹ ਦਾ ਬਖੇੜਾ, ਝਗੜਾ, ਪੁਆੜਾ (ਪਾਉਣਾ)।

**ਰੰਨ,** ਸ:—ਤ੍ਰੀਮਤ, ਇਸਤ੍ਰੀ, ਵਹੁਟੀ, ਜਨਾਨੀ ॥

**ਰਨਕ,** ਸ:—ਬਾਜ਼ਾਰਾਂ ਘੁੰਗਰੂ ਆਦਿਕਾਂ ਦੀ ਅਵਾਜ਼ ॥

**ਰਨਜ਼,** ਸ:—ਕ੍ਰਿਕਟ ਦੀ ਖੇਡ ਵਿੱਚ ਬੱਲੇ ਵਾਲੇ ਦੀ ਦੌੜ।

**ਰਪਟ,** ਸ:—ਰਪੋਟ, ਖਬਰ, ਹਾਲ ਹਵਾਲ, ਐਵੇਂ ਮੁੜ ਆਉਣਾ ॥

**ਰਪਟਣਾ,** ਕ੍ਰਿ:—ਜਿਸ ਕੰਮ ਜਾਣਾ ਉਹ ਕਰਕੇ ਨਾ ਆਉਣਾ।

**ਰਪਟੀ** / **ਰਪਟੀਆ** } ਪੁ:—ਰਪਟ ਕਰਨ ਵਾਲਾ, ਪਿੰਡ ਦਾ ਚੌਕੀਦਾਰ।

**ਰੱਪ ਰੱਪ,** ਕ੍ਰਿ:, ਵਿ:—ਛੇਤੀ ਛੇਤੀ, ਕਾਹਲੀ ਕਾਹਲੀ ॥

**ਰਪੋਟ,** ਸ:—ਰਪਟ, ਖਬਰ, ਹਾਲ ਹਵਾਲ (ਹੋਣੀ, ਕਰਨੀ)।

**ਰਪੋਟਾ ਰਪਾਟੀ,** ਸ:—ਰਪੋਟ ਕਰਨ ਦਾ ਕੰਮ॥

**ਰਫ਼ਲ,** ਸ:—ਬੰਦੂਕ, ਇਕ ਤਰਾਂ ਦਾ ਗਰਮ ਕਪੜਾ ॥

**ਰਫ਼ਾਕਤ,** ਸ:—ਦੋਸਤੀ, ਪਿਆਰ, ਮੇਲ ਜੋਲ ॥

Digitized by Panjab Digital Library | www.panjabdigilib.org

**ਰਫ਼ਾ ਦਫ਼ਾ,** ਵਿ:—ਦੂਰ, ਹਟਿਆ ਹੋਇਆ, ਜਿਸ ਦਾ ਫੈਸਲਾ ਅਰਾਮ ਨਾਲ ਹੋ ਜਾਏ, ਜਿਸ ਤੋਂ ਪਿੱਛਾ ਛੁੱਟੇ (ਹੋਣਾ, ਕਰਨਾ) ।

**ਰਫ਼ੀਕ,** ਪੁ: } **ਰਫ਼ੀਕਣੀ,** ਸ: } ਜਿਸ ਨਾਲ ਮੇਲ ਗੇਲ ਹੋਵੇ, ਦੋਸਤ ।

**ਰਫ਼ੀਕੀ,** ਸ:—'ਰਫ਼ਾਕਤ' ਵੇਖੋ ॥

**ਰਫ਼ੂ,** ਪੁ:—ਕਪੜੇ ਦੇ ਵਿਚਲੇ ਛੇਕ ਨੂੰ ਸੂਈ ਦੇ ਕੰਮ ਨਾਲ ਭਰਨਾ, ਇਕ ਤਰਾਂ ਦੀ ਸੁਆਈ. ਬਖੀਆ (ਕਰਨਾ) ॥

**ਰਫ਼ੂ ਗਰ,** ਪੁ: } **ਰਫ਼ੂ ਗਰਨੀ,** ਸ: } ਰਫ਼ੂ ਦਾ ਕੰਮ ਕਰਨ ਵਾਲਾ (ਲੀ) ॥

**ਰਫ਼ੂ ਗਰੀ,** ਸ:—ਰਫ਼ੂਗਰ ਦਾ ਕੰਮ

**ਰਫ਼ੂ ਚੱਕਰ ਹੋਣਾ,** ਕ੍ਰਿ:—ਦੂਰ ਹੋਣਾ, ਨੱਸ ਜਾਣਾ, ਪਤ੍ਰਾ ਵਾਚਣਾ ॥

**ਰੱਬ,** ਪੁ:—ਮਾਲਕ, ਪਰਮੇਸਰ, ਖੁਦਾ, ਅੱਲਾ ॥

**ਰੱਬ ਉਲ ਆਲਮੀਨ,** ਪੁ:—ਦੋਹਾਂ ਜਹਾਨਾ ਦਾ ਮਾਲਕ, ਖੁਦਾ ॥

**ਰੱਬ ਚਾਹੇ ਤਾਂ,** ਕ੍ਰਿ:, ਵਿ:—ਜੇ ਕਿਸਮਤ ਵਿੱਚ ਹੋਯਾ ਤਾਂ, ਆਸਾ ਹੈ ॥

**ਰੱਬ ਦੀ ਰਜ਼ਾ,** ਕ੍ਰਿ:, ਵਿ:—ਪਰਮੇਸਰ ਦੀ ਮਰਜ਼ੀ ਨਾਲ ॥

**ਰੱਬ ਰਾਖਾ** } **ਰੱਬ ਦੀਆਂ ਰੱਖਾਂ** } ਵਿਸਮਯ:—ਰੱਬ ਤੇਰੀ ਰਾਖੀ ਕਰੇ (ਅਸੀਸ) ॥

**ਰਬਟ** } **ਰਬਟੀ (ਟੀਆਂ)** } 'ਰਪਟ' 'ਰਪਟੀ' ਵੇਖੋ ।

**ਰਬੜ,** ਪੁ:—ਐਂਵੇਂ ਮੁੜ ਆਉਣਾ, ਇੱਕ ਰੁੱਖ ਦਾ ਰਸ ਜਿਸ ਨੂੰ ਪਕਾਉਂਦੇ ਹਨ (ਉਹ ਲਿਖਤ ਮਿਟਾਉਣ ਦੇ ਕੰਮ ਆਉਂਦਾ ਹੈ) ॥

**ਰਬੜਨਾ,** ਕ੍ਰਿ:—'ਰਪਟਣਾ' ਵੇਖੋ ॥

**ਰਬੜਾਉਣਾ,** ਕ੍ਰਿ:—ਐਂਵੇਂ ਭੁਆਉਣਾ, ਖੁਆਰ ਕਰਕੇ ਸੱਖਣੇ ਹੱਥ ਮੋੜਨਾ ॥

**ਰਬੜੀ,** ਸ:—ਮਿੱਠੇ ਵਾਲਾ ਬਹੁਤ ਕਾੜ੍ਹ ਕੇ ਗਾੜ੍ਹਾ ਕੀਤਾ ਹੋਯਾ ਦੁੱਧ, ਖੋਆ ॥

**ਰੱਬਾ,** ਵਿਸਮਯ:—ਹੇ ਪਰਮੇਸਰਾ, ਯਾ ਖੁਦਾ, ਪਰਮੇਸਰ ਕਰੇ ।

**ਰੰਬਾ,** ਪੁ:—ਘਾਹ ਖੋਤਰਨ ਵਾਲਾ ਲੋਹੇ ਦਾ ਹਥਿਆਰ, ਖੁਰਪਾ ॥

**ਚੂਆ ਰੰਬਾ,** ਪੁ:—ਇੱਕ ਖਾਸ ਕਿਸਮ ਦੀ ਛੋਟੀ ਕਹੀ ॥

**ਰਬਾਬ,** ਸ:—ਇੱਕ ਤਰਾਂ ਦੀ ਸਰੰਗੀ ॥

**ਰਬਾਬੀ** } **ਰਬਾਬੀਆ** } ਪੁ:—ਰਬਾਬ ਵਜਾਉਣ ਵਾਲਾ, ਮਰਾਸੀ ਸਬਦ ਗਾਉਣ ਵਾਲਾ, ਮੁਸਲਮਾਨ ਗਵੱਯਾ ॥

**ਰੱਬੀ,** ਵਿ:—ਰੱਬ ਦੇ ਹੀ ਆਸਰੇ (ਗਰੀਬ, ਜੋ ਜੰਗਲ ਵਿੱਚ ਉੱਗੇ) ॥

ਸ:—ਸਿਆਲੇ ਦੀ ਫਸਲ, ਹਾੜ੍ਹੀ ॥

**ਰੱਬੀ ਉਲ ਅੱਵਲ,** ਪੁ:—ਮੁਸਲਮਾਨਾ ਦਾ ਤੀਜਾ ਮਹੀਨਾ ।

**ਰੱਬੀ ਉਲ ਸਾਨੀ,** ਪੁ:—ਮੁਸਲਮਾਨਾਂ ਦਾ ਚੌਥਾ ਮਹੀਨਾ ।

**ਰੰਬੀ,** ਸ:—ਛੋਟਾ ਰੰਬਾ, ਖੁਰਪੀ, ਮੋਚੀਆਂ ਦਾ ਇੱਕ ਚਮੜਾ ਕੱਟਣ ਵਾਲਾ ਹਥਿਆਰ ॥

Digitized by Panjab Digital Library | www.panjabdigilib.org

**ਰੰਭਣਾ,** ਕ੍ਰਿ:—ਗਊ ਬਲਦ ਦਾ ਉੱਚੀ ਬੋਲਣਾ, ਅੜਾਉਣਾ ॥

**ਰੰਭਾਟ;** ਸ:—ਗਊ ਜਾਂ ਵੱਛੇ ਦੀ ਉੱਚੀ ਅਵਾਜ਼ ।

**ਰਮਕ,** ਪੁ:—ਥੋੜ੍ਹੀ ਜਹੀ ਸ਼ੈ, ਰਤਾ ਕੁ ਅਸਰ, ਮੱਧਮ ਪੌਣ, ਸੈਨਤ ।

**ਰਮਕਣਾ,** ਕ੍ਰਿ:—ਪੌਣ ਦਾ ਹੌਲੀ ਹੌਲੀ ਵਗਣਾ ।

**ਰਮਕਾ,** ਪੁ:—'ਰਮਕ' ਵੇਖੋ, ਅੱਖ ਮਾਰਨੀ, ਸੈਨਤ ॥

**ਰਮਜ਼,** ਸ:—ਸੈਨਤ, ਇਸ਼ਾਰਾ, ਸਮਝੌਤੀ, ਭੇਤ ਦੀ ਗੱਲ। ਨਾਲੇ 'ਰਨਜ਼' ਵੇਖੋ ॥

**ਰਮਣਾ,** ਕ੍ਰਿ:—ਫਿਰਨਾ, ਘੁੰਮਣਾ, ਚੱਕਰ ਲਾਉਣਾ, ਟਿਕਣਾ ॥

**ਰਮਤਾ,** ਵਿ:—ਥਾਂ ਥਾਂ ਫਿਰਨਵਾਲਾ (ਸਾਧੂ ।

**ਰਮਦਾਸ,** ਪੁ:—ਇਕ ਮਸ਼ਹੂਰ ਚਮਿਆਰ ਭਗਤ ।

**ਰਮਦਾਸਣੀ,** ਸ: } ਰਮਦਾਸ ਦਾ (ਦੀ) ਚੇਲਾ (ਲੀ), ਚਮਿਆਰ (ਰੀ)
**ਰਮਦਾਸੀ (ਸੀਆ),** ਪੁ: }

**ਰਮਲ,** ਪੁ:—ਪਰਾਲਬਧ ਦੱਸਣ ਦਾ ਇਕ ਢੰਗ, ਨਜੂਮ ॥

**ਰਮਲੀ** } ਪੁ:—ਜੋ ਪਰ ਲਕੇ ਦੱਸੇ, ਨਜੂਮੀ ॥
**ਰਮਲੀਆ** }

**ਰਮਾਉਣਾ,** ਕ੍ਰਿ:—ਵਰਤਣਾ, ਕੰਮ ਲੈਣਾ, ਚੌਟ ਵਧਾਉਣਾ ।

**ਰਮਾਇਣ,** ਸ:—ਰਾਮ ਚੰਦ੍ਰ ਜੀ ਦੀ ਕਥਾ ਵਾਲੀ ਮਸ਼ਹੂਰ ਪੁਸਤਕ (ਕਵਿਤਾ ਵਿਚ ।

**ਰੱਯਤ,** ਸ:—'ਰਈਅਤ' ਵੇਖੋ ॥

**ਰਲਣਾ,** ਕ੍ਰਿ:—ਮਿਲਣਾ, ਜੁੜਨਾ, ਇੱਕਾ ਕਰਨਾ ਸੰਗਤ ਕਰਨੀ ।

**ਰਲਮਾਣੀ** } ਸ:—ਜੋੜ, ਮੇਲ, ਇਕੱਠ ॥
**ਰਲਮਿਲ** }

**ਰਲਾ** } ਪੁ:—ਮੇਲ, ਖੋਟ, ਝੂਠ ਦਾ ਮੇਲ, ਬਣਾਉਟ ।
**ਰਲਾਉ** }

**ਰਲਾਉਣਾ,** ਕ੍ਰਿ:—ਮਿਲਾਉਣਾ, ਜੋੜਨਾ, ਇਕੱਠੇ ਕਰਨਾ, ਮੁੜ ਆਪਣੀ ਜਾਤ ਵਿਚ ਵਾੜਨਾ (ਛੇਕੇ ਹੋਏ ਨੂੰ) ।

**ਰਲਾਊ,** ਪੁ:—ਨਾਲ ਰਲਿਆ ਹੋਇਆ, ਦੂਸਰਾਂ ਦਾ ਮੇਲੀ ॥

**ਰਲਿਆ,** ਵਿ:—ਜੋ ਕੁਝ ਆਪਣੇ ਭਾਗਾਂ ਵਿੱਚ ਹੈ ਸੋ ਜ਼ਰੂਰ ਮਿਲੇਗਾ (ਹੋਵੇਗਾ ਰਲਿਆ, ਆਵੇਗਾ ਚਲਿਆ) ॥

**ਰਵੈਨਾ,** ਵਿ:—'ਰਵਾਨਾ' ਵੇਖੋ ॥

**ਰਵੱਯਾ,** ਪੁ:—ਚਾਲ, ਦਸਤੂਰ, ਢੰਗ, ਸੁਭਾਉ, ਰਾਹ ॥

**ਰਵਾ,** ਪੁ:—ਚਮਕਦਾਰ ਕਰੜੀ ਚੀਜ਼ ਦਾ ਨਿਕਾ ਜੇਹਾ ਟੋਟਾ, ਨਸਲ (ਪਸ਼ੂ ਦੀ), ਇਕ ਤਰਾਂ ਦਾ ਬਰੀਕ ਆਟਾ, ਸੂਜੀ, ਇਕ ਬਹੁਤ ਪਤਲਾ ਰੇਸ਼ਮੀ ਕਪੜਾ ॥

ਵਿ:—ਠੀਕ, ਖਰਾ ਮੁਕਿਬ ॥

Digitized by Panjab Digital Library | www.panjabdigilib.org

**ਰਵਾਦਾਰ,** ਵਿ:—ਮੰਨਣ ਵਾਲਾ, ਜੋ ਕਿਸ ਗੱਲ ਨੂੰ ਰਵਾ ਸਮਝੇ ॥

**ਰਵਾ ਰਵੀ,** ਕ੍ਰਿ:, ਵਿ:—ਲਗਾਤਾਰ, ਅਟਕਣ ਬਾਝ ॥

**ਰਵੇਦਾਰ,** ਵਿ:—ਖਰਵੀ ਚਮਕਦਾਰ ਪਿੰਨ ਵਾਲਾ (ਲੀ) ॥ (ਮਿਸਰੀ ਆਦਿਕ)।

**ਰਵਾਂ,** ਵਿ:—ਜੋ ਚਲਦਾ ਹੋਵੇ, ਜਾਰੀ (ਕਿਸ਼. ਨਦੀ ਆਦਿਕ)।
ਕ੍ਰਿ: ਵਿ: ਲਗਾਤਾਰ, ਸਮਝਣ ਤੋਂ ਬਿਨਾ [illegible] (ਪੜ੍ਹਨਾ) ॥

**ਰਵਾਨਗੀ,** ਸ:—ਟੁਰ ਜਾਣ ਦਾ ਕੰਮ ਜਾਂ ਹਾਲਤ, ਚੱਲਣਾ ॥

**ਰਵਾਨਾ,** ਵਿ:—ਜੋ ਟੁਰੇ ਜਾਂ ਭੇਜਿਆ ਜਾਏ, ਵਿਦਿਆ, (ਹੋਣਾ, ਕਰਨਾ) ॥

**ਰਵਾਲ,** ਸ:—ਬਰੀਕ ਸੇਓਂ, ਧੂੜ, ਘੋੜੇ ਦੀ ਇਕ ਚਾਲ।

**ਰਵਾਲੀ,** ਪੁ:—ਗਹਿਣਿਆਂ ਵਿਚ ਲਾਉਣ ਵਾਲੇ ਸੋਨੇ ਦੇ ਕਿਣਕੇ।

**ਰਵਿ / ਰਵੀ** } ਪੁ:—ਸੂਰਜ (ਰਵਿ ਵਾਰ = ਐਤ ਵਾਰ)॥

**ਰਵਿ ਰਹਿਣਾ,** ਕ੍ਰਿ:—ਸਮਾਉਣਾ, ਮੌਲਣਾ ॥

**ਰਵਿਸ਼,** ਪੁ: ਦਸਤੂਰ, ਤਰੀਕਾ, ਢੰਗ, ਆਦਤ ॥

**ਰਵੇ,** ਸ:—ਰੜਾ ਥਾਂ, ਮਦਾਨ, ਪੱਧਰੀ ਧਰਤੀ ॥

**ਰੜ੍ਹਨਾ,** ਕ੍ਰਿ:—ਚੰਗੀ ਤਰਾਂ ਪੱਕਣਾ (ਰੋਟੀ), ਨਸ਼ੇ ਵਿਚ ਆਉਣਾ, ਪੂਰਾ ਕਾਰੀਗਰ ਹੋ ਜਾਣਾ ॥

**ਰੜ੍ਹਾਉਣਾ,** ਕ੍ਰਿ:—ਰੜ੍ਹਨ ਦੇਣਾ, ਖੂਬ ਪਕਾਉਣਾ ॥

**ਰੜ੍ਹਾਈ,** ਸ:—ਰੜ੍ਹਾਉਣ ਦੀ ਮਜੂਰੀ ॥

**ਰੜਕ,** ਸ: ਪੀੜ, ਚੋਭ, (ਅੱਖਾਂ ਦੀ), ਔਖ, ਰੋਕ, ਖ਼ਿਆਲ, ਸੰਸਾ, ਮਨ ਦਾ ਗੁਬਾਰ (ਧੋੜੀ) ॥

**ਰੜਕ ਫੜਕ,** ਸ:—ਦੁਖ, ਔਖ, ਸੰਸਾ, ਵੈਰ ॥

**ਰੜਕਣਾ,** ਕ੍ਰਿ:—ਚੁੱਭਣਾ, ਦੁਖ ਦੇਣਾ, ਜਲਣਾ ॥

**ਰੜਕਾ,** ਪੁ:—ਮੋਟੀ ਬੁਹਾਰੀ, ਝਾੜੂ, ਝਗਾੜਾ ॥

**ਰੜਕਾਉਣਾ,** ਕ੍ਰਿ:—ਦੁਖਦਾਈ ਗੱਲ ਛੇੜੇ [illegible] ਕਪੜੇ ਉੱਤੇ ਹੱਥ ਫੇਰ ਕੇ ਵੇਖਣ ਕਿ [illegible] ਤਾਂ ਨਹੀਂ ॥

**ਰੜਾ,** ਵਿ:, ਪੁ:—ਸਾਫ, ਪੱਧਰਾ, ਇਕੋ ਜੇਹਾ ਮਦਾਨ ॥

**ਰਾ,** ਪੁ:—'ਰਾਇ' ਵੇਖੋ, ਰੌਲਾ ਕਰਨ ਵਾਲਾ (ਤੋਤਾ), ਮੋਟੇ ਦਾਣੇ ਵਾਲਾ (ਮੂੰਗ), 'ਰੂ' ਵੇਖੋ ॥

**ਰਾਉ,** ਪੁ:—ਰਾਜੇ ਦਾ ਵੱਡਾ ਪੁਤ੍ਰ, ਟਿੱਕਾ, ਛੱਤ, ਰਾਜ ਪੂਤ ਸਰਦਾਰ, 'ਰਾਇ' ਵੇਖੋ ॥

**ਰਾਉਟੀ,** ਸ: ਨੋਕਦਾਰ ਛੱਤ, ਇਕ ਤਰਾਂ ਦਾ ਤੰਬੂ ॥

Digitized by Panjab Digital Library / www.panjabdigilib.org

**ਰਾਉਣ,** ਪੁ:—ਲੰਕਾ ਦਾ ਰਾਜਾ (ਰਾਵਣ) ਜਿਸ ਨਾਲ ਰਾਮ ਚੰਦ੍ਰ ਜੀ ਦੀ ਲੜਾਈ ਹੋਈ ਸੀ, ਜ਼ਾਲਮ, ਜ਼ੋਰਾਵਰ ॥

**ਰਾਉਤ**
**ਰਾਊਂਤ** } ਪੁ:—ਇੱਕ ਜਾਤ ॥

**ਰਾਉਲ,** ਪੁ:—'ਰੌਲ' ਵੇਖੋ ॥

**ਰਾਉੜਾ,** ਪੁ:—ਪਸਤੋ ਬੋਲਣ ਵਾਲਾ ਰਹੇਲਾ (ਨਿੰਦਾ ਵਾਚਕ)॥

**ਰਾਇ,** ਪੁ:—ਰੈ, ਰਾਜੇ ਦਾ ਵੱਡਾ ਪੁਤ੍ਰ, ਟਿੱਕਾ, ਭੱਟ, ਰਜਪੂਤ ਸਰਦਾਰ, ਇਕ ਤਰਾਂ ਦਾ ਤੋਤਾ, ਇੱਕ ਸਰਕਾਰੀ ਖ਼ਤਾਬ ॥

**ਰਾਇ ਸਾਹਿਬ,** ਪੁ:
**ਰਾਇ ਬਹਾਦਰ,** ਪੁ: } ਹਿੰਦੂਆਂ ਦੇ ਸਰਕਾਰੀ ਖ਼ਤਾਬ ।

**ਰਾਇਸੀ,** ਸ:—ਰਾਜੇ ਦਾ ਦੇਸ, ਸਰਕਾਰ, ਜਲੌ, ਸ਼ਾਨ ।

**ਰਾਇਤਾ,** ਪੁ:—ਭਾਜੀ ਉਬਾਲ ਕੇ ਦਹੀਂ ਦੇ ਮਠੇ ਵਿਚ ਪਾਈ ਹੋਈ ।

**ਰਾਇਵੇਲ,** ਸ:—ਚੰਬੇਲੀ ਦੀ ਕਿਸਮ ਦਾ ਇੱਕ ਖ਼ੁਸ਼ਬੂਦਾਰ ਫੁੱਲ ॥

**ਰਾਈ,** ਸ:—ਇੱਕ ਤਰਾਂ ਦੀ ਸਰ੍ਹੋਂ (ਜਿਹੜੇ ਦਾਣੇ ਅਚਾਰ ਮਸਾਲੇ ਵਿਚ ਪੈਂਦੇ ਹਨ)॥

**ਰਾਈਂ,** ਪੁ:—'ਅਰਾਈਂ' ਵੇਖੋ ॥

**ਰਾਈਓਂ ਰੇਤ,** ਪੁ:—ਸਭ ਤੋਂ ਛੋਟਾ ਹਿੱਸਾ
ਕ੍ਰਿ:, ਵਿ:—ਬਿਲਕੁਲ ॥

**ਰਾਸ,** ਸ:—ਧਨ, ਜਾਇਦਾਦ, ਮਾਲ, ਬਪਾਰ ਵਿੱਚ ਲਾਇਆ ਹੋਇਆ ਰੁਪਯਾ, ਕਾਨ੍ਹ ਤੇ ਗੋਪੀਆਂ ਦਾ ਨਾਚ (ਪਾਣਿਨੀ ਅਨੁਸਾਰ ਦੇ ਬਾਰਾਂ ਬੁਰਜਾਂ ਵਿੱਚੋਂ ਕੋਈ ॥
ਵਿ:—ਠੀਕ (ਆਉਣਾ)॥

**ਰਾਸ ਧਾਰੀ**
**ਰਾਸ ਧਾਰੀਆ** } ਪੁ:—ਰਾਸ ਪਾਉਣ ਵਾਲਾ ॥

**ਰਾਸ ਮਿਲਣੀ,** ਸ:—ਇੱਕੋ ਰਾਸ ਹੋਣੀ (ਦੋ ਜਣਿਆਂ ਦੀ)॥

**ਰਾਸ ਲੀਲਾ,** ਸ:—ਕਾਨ੍ਹ ਤੇ ਗੋਪੀਆਂ ਦੇ ਨਾਚ ਦਾ ਨਾਟਕ ।

**ਰਾਸ਼ਿ,** ਸ:—ਗਿਣਤੀ ਦੱਸਣ ਵਾਲਾ ਅੱਖਰ, ਅੰਕ ॥

**ਰਾਸੀ,** ਵਿ:—ਖੋਟਾ, ਵਿਚਲੇ ਮੇਲ ਦਾ (ਬਲਦ), ਨਕੰਮਾ ਹੋਛਾ ।

**ਰਾਹ,** ਪੁ:—ਰਸਤਾ, ਸੜਕ, ਢੰਗ, ਤਰੀਕਾ, ਦਸਤੂਰ, ਜਾਣ ਆਉਣ ਦੀ ਖੁਲ੍ਹ [illegible]

**ਰਾਹ ਕਰਨਾ,** ਕ੍ਰਿ:—ਛੇਕ ਪਾ ਦੇਣਾ ।

**ਰਾਹ ਕਾਰ,** ਵਿ:—ਚਲਾਕ, ਜੋ ਆਪਣਾ ਮਤਲਬ ਕੱਢੇ ।

**ਰਾਹ ਜਾਂਦੇ ਨਾਲ ਲੜਨਾ,** ਕ੍ਰਿ:—ਐਵੇਂ ਕਿਸੇ ਨਾਲ ਲੜਨਾ ॥

**ਰਾਹ ਤੇ ਆਉਣਾ,** ਕ੍ਰਿ:—ਸੁਧਰਨਾ, ਠੀਕ ਰਾਹ ਲੱਭ ਲੈਣਾ ॥

**ਰਾਹ ਦਾਰੀ,** ਸ:—ਮਸੂਲ, ਸੜਕ ਦਾ ਭਾੜਾ

Digitized by Panjab Digital Library | www.panjabdigilib.org

**ਰਾਹ ਦੀ ਗੱਲ,** ਸ:—ਜੋ ਗੱਲ ਠੀਕ ਅਤੇ ਮੁਨਾਸਬ ਹੋ ॥

**ਰਾਹ ਦੇਣਾ,** ਕ੍ਰਿ:—ਪਰੇ ਹਟਕੇ ਕਿਸੇ ਨੂੰ ਲੰਘਣ ਦੇਣਾ ॥

**ਰਾਹ ਪੈਣਾ,** ਕ੍ਰਿ:—ਰਾਹ ਉੱਤੇ ਚਲਣਾ ।

**ਰਾਹ ਮਾਰਨਾ,** ਕ੍ਰਿ:—ਰਾਹ ਵਿਚ ਕਿਸੇ ਨੂੰ ਲੁੱਟਣਾ ।

**ਰਾਹ ਰਾਹ ਨਾਲ,** ਕ੍ਰਿ:, ਵਿ:—ਠੀਕ ਤਰ੍ਹਾਂ ॥

**ਰਾਹ ਰਾਬਤਾ,** ਪੁ:—ਮੇਲ ਗੇਲ, ਇੱਕ ਦੂਜੇ ਨੂੰ ਚਿੱਠੀ ਪਤ੍ਰ ਲਿਖਣ ਦੀ ਸਾਂਝ ॥

**ਰਾਹ ਰੀਤ,** ਸ:—ਦਸਤੂਰ, ਦੇਸ ਦੀ ਚਾਲ ॥

**ਰਾਹ ਲੈਣਾ,** ਕ੍ਰਿ:—ਸਲਾਹ ਪੁੱਛਣੀ ਜਾਂ ਮੰਨ ਲੈਣੀ ॥

**ਰਾਹ ਵੇਖਣਾ,** ਕ੍ਰਿ:—ਉਡੀਕਣਾ, ਆਉਣ ਦੀ ਆਸ ਰਖਣਾ ॥

**ਰਾਹੋਂ ਕੁਰਾਹ ਹੋਣਾ,** ਕ੍ਰਿ:—ਅਸਲ ਰਾਹ ਤੋਂ ਭੁੱਲ ਕੇ ਹੋਰ ਪਾਸੇ ਜਾਣਾ ॥

**ਰਾਹਣਾ,** ਕ੍ਰਿ:—ਲੋਹੇ ਦੀ ਨੋਕ ਮਾਰ ਮਾਰ ਕੇ ਚੱਕੀ ਦਾ ਪੁੜ ਖੁਰਦਰਾ ਕਰਨਾ ।

**ਰਾਹਰ,** ਸ:—ਕਸੁੰਭੇ ਦੇ ਰੰਗ ਦੀ ਰਹਿੰਦ ਖੂੰਹਦ ।

**ਰਾਹਲਣਾ,** ਕ੍ਰਿ:—ਰੋਟੀ ਨੂੰ ਚੰਗੀ ਤਰ੍ਹਾਂ ਪਕਾਉਣਾ, ਪੂਰੀ ਸਿਖਿਆ ਦੇਣੀ, ਪੱਕਾ ਕਰਨਾ, ਉਕਸਾਉਣਾ, ਗੁੱਸਾ ਚਾੜ੍ਹਨਾ ॥



**ਰਾਹਾ,** ਪੁ:—ਚੱਕੀ ਰਾਹਣ ਵਾਲਾ, ਲੋਹੇ ਦਾ ਨੋਕਦਾਰ ਹਥਿਆਰ ਜਿਸ ਨਾਲ ਚੱਕੀ ਰਾਹੀਦੇ ਹਨ ॥

**ਰਾਹੀ,** ਪੁ:—ਰਾਹ ਪਿਆ ਹੋਇਆ, ਮੁਸਾਫਰ, ਪਾਂਧੀ ।

**ਰਾਹੀਂ,** ਕ੍ਰਿ: ਵਿ:—ਰਾਹ ਉੱਤੇ, ਵਸੀਲੇ, ਮਾਰਫਤ ॥

**ਰਾਕਸ,** ਪੁ:—ਬੁਰਾ ਰੂਹ, ਦੇਉ, ਜਿੰਨ, ਦੈਂਤ, ਨਿਰਦਈ ਮਨੁੱਖ ॥

**ਰਾਕਸਣੀ,** ਸ:—ਰਾਕਸ ਦੀ ਤੀਵੀਂ, ਦੈਂਤਣੀ, ਨਿਰਦਈ ਤੀਮਤ ।

**ਰਾਕਸੀ,** ਵਿ:—ਰਾਕਸ ਦਾ, ਰਾਕਸ ਵਰਗਾ, ਬੇ ਰਹਮੀ ਵਾਲਾ ॥

**ਰਾਖ,** ਸ:—ਸੁਆਹ, ਖੇਹ (ਹੋਣਾ) ॥

**ਰਾਖਸ**
**ਰਾਖਸਣੀ**
**ਰਾਖਸੀ** } 'ਰਾਕਸ, ਆਦਿਕ ਵੇਖੋ ॥

**ਰਾਖਸੀ,** ਸ:—ਘੋੜੇ ਕੁੱਤੇ ਜਾਂ ਸ਼ੇਰ ਦਾ ਉਹ ਦੰਦ ਜਿਹੜਾ ਉਤਲੇ ਮਸੂੜੇ ਵਿੱਚ ਸਾਮ੍ਹਣੇ ਦੇ ਪਾਸ ਹੁੰਦਾ ਹੈ ।

**ਰਾਖਮਾਂ**
**ਰਾਖਵਾਂ** } ਵਿ:—ਰੱਖਣ ਜੋਗਾ, ਜਿਸ ਤੋਂ ਕੰਮ ਨਾ ਲਿਆ ਜਾਵੇ ।

**ਰਾਖਾ,** ਪੁ:—ਰਾਖੀ ਕਰਨ ਵਾਲਾ, ਰੱਖਕ, ਚੌਕੀ-ਦਾਰ ।

**ਰਾਖੀ,** ਸ:—ਬਚਾਉ, ਪਹਿਰਾ, ਦੇਖ ਭਾਲ, ਪਹਿਰਾ ਦੇਣ ਦੀ ਮਜੂਰੀ ॥

Digitized by Panjab Digital Library / www.panjabdigilib.org

**ਰਾਗ,** ਪੁ:—ਗੀਤ, ਸੁਰ, ਗਾਉਣ ਦਾ ਢੰਗ, ਧੂਮ, ਮੋਹ ॥

**ਰਾਗ ਸਾਗਰ,** ਪੁ:-ਜੋ ਕਈ ਤਰਾਂ ਦੇ ਰਾਗ ਗਾਉਂ ਸੱਕੇ ।

**ਰਾਗ ਧਾਰਣ,** ਸ: } ਜੋ ਰਾਗ [illegible]
**ਰਾਗ ਧਾਰੀ,** ਪੁ: }

**ਰਾਗ ਨਾਚ,** ਪੁ:—ਗਾਉਣਾ ਅਤੇ ਨਚਣਾ, ਜਲਸਾ, ਮੌਜ, ਉਤਸਵ ॥

**ਰਾਗ ਮਾਲਾ,** ਸ:—ਰਾਗਾਂ ਦੀ ਪੰਗਤੀ, ਆਦਿ ਗ੍ਰੰਥ ਸਾਹਿਬ ਦੇ ਅੰਤ ਵਿਚ ਜੋ ਰਾਗਾਂ ਦੇ ਨਾਵਾਂ ਦੀ ਬਾਣੀ ਹੈ ।

**ਰਾਗ ਰੰਗ,** ਪੁ:—ਗਾਉਣਾ ਵਜਾਉਣਾ, ਉਤਸਵ, ਜਲਸਾ, ਖੁਸ਼ੀ, ਹਾਲਤ, ਢੰਗ ॥

**ਰਾਂਗ,** ਸ:—ਕਲੀ ਦੀ ਧਾਤ ਜਿਸ ਦਾ ਟਾਂਕਾ ਲਾਉਂਦੇ ਹਨ ।

**ਰਾਗਣ,** ਸ:—ਬਹੁਤ ਰਾਗ ਗਾਉਣ ਵਾਲੀ, ਜਿਸ ਨੂੰ ਰਾਗ ਆਵੇ।

**ਰਾਗਣੀ** } ਸ:—ਇਕ ਤਰਾਂ ਦਾ ਰਾਗ। (ਜੋ ਤੀਹ ਹਨ)।
**ਰਾਗਨੀ** }

**ਰਾਂਗਾ,** ਸ:—'ਰਾਂਗ' ਵੇਖੋ ॥

**ਰਾਗੀ,** ਪੁ:—ਰਾਗ ਗਾਉਣ ਵਾਲਾ, ਗਵੱਯਾ ॥

**ਰਾਗੁਲਾ,** ਵਿ:—'ਰੰਗਲਾ' ਵੇਖੋ ।

**ਰਾਚਣਾ,** ਕ੍ਰਿ:—'ਰਚ ਜਾਣਾ' ਵੇਖੋ ॥

**ਰਾਜ,** ਪੁ:—ਰਾਜੇ ਦਾ ਇਲਾਕਾ, ਹਕੂਮਤ, ਸਰਕਾਰ, ਜ਼ਮਾਨਾ, ਘਰ ਉਸਾਰਨ ਵਾਲਾ ਕਾਰੀਗਰ, ਤੇਜ, ਪ੍ਰਤਾਪ ।

**ਰਾਜ ਅਸਥਾਨ,** ਪੁ:—ਰਾਜੇ ਦੇ ਰਹਿਣ ਦੀ ਥਾਂ ।

**ਰਾਜ ਕੰਨਿਆ (ਕੰਨਯਾ)** } ਸ:—ਰਾਜੇ ਦੀ ਧੀ ॥
**ਰਾਜ ਕੁਮਾਰੀ** }

**ਰਾਜ ਕਾਜ,** ਪੁ:—ਰਾਜ ਦੇ ਕੰਮ, ਸਰਕਾਰੀ ਮਾਮਲੇ ॥

**ਰਾਜ ਕੁਮਾਰ,** ਪੁ:—ਰਾਜੇ ਦਾ ਪੁਤ੍ਰ, ਸ਼ਜ਼ਾਦਾ ॥

**ਰਾਜ ਗੱਦੀ,** ਸ:—ਜਿਸ ਸਿੰਘਾਸਨ ਉੱਤੇ ਰਾਜਾ ਬੈਠਦਾ ਹੈ ॥

**ਰਾਜ ਗਰਦੀ,** ਸ:—ਰਾਜ ਦਾ ਕੰਮ ਵਿਗੜ ਜਾਣਾ ।

**ਰਾਜ ਜੋਗ,** ਪੁ:—ਸੰਸਾਰ ਦੇ ਕੰਮ ਕਰਦੇ ਹੋਏ ਸੰਸਾਰ ਵਿਚ ਮੋਹ ਨਾ ਹੋਣਾ ਅਤੇ ਮਨ ਪਰਮੇ-ਸਰ ਦੇ ਧਿਆਨ ਵਿਚ ਲੱਗਾ ਰਹਿਣਾ ॥

**ਰਾਜ ਡੰਡ,** ਪੁ:—ਸਰਕਾਰ ਵੱਲੋਂ ਜੋ ਮਸੂਲ ਲੱਗੇ ਜਾਂ ਸਜ਼ਾ ਮਿਲੇ ।

**ਰਾਜ ਤਿਲਕ,** ਪੁ:—ਤਿਲਕ ਦੇਕੇ ਰਾਜਾ ਬਣਾਉਣ ਦੀ ਰੀਤ ॥

**ਰਾਜ ਦਰਬਾਰ (ਦਰਵਾਰ)** } ਪੁ:—ਰਾਜੇ ਦਾ ਮਹਲ ਜਿਸ ਵਿਚ ਲੋਕਾਂ ਨੂੰ
**ਰਾਜ ਦੁਆਰ (ਦੁਆਰਾ)** } ਮਿਲਣ ਦਾ ਕਮਰਾ ਬੀ ਹੋਵੇ ॥

Digitized by Panjab Digital Library | www.panjabdigilib.org

**ਰਾਜ ਦਰਬਾਰੀ** / **ਰਾਜ ਦਰਵਾਰੀ**, ਪੁ:—ਰਾਜੇ ਦੇ ਦਰਬਾਰ ਵਿੱਚ ਜਾਣ ਵਾਲਾ ॥

**ਰਾਜ ਧਰਮ**, ਪੁ:—ਜੋ ਕੰਮ ਰਾਜੇ ਨੂੰ ਕਰਨਾ ਚਾਹੀਦਾ ਹੈ ॥

**ਰਾਜ ਧਾਨੀ**, ਸ:—ਜਿਸ ਨਗਰ ਵਿੱਚ ਰਾਜਾ ਰਹੇ ।

**ਰਾਜ ਨੀਤ**, ਸ:—ਜਿਸ ਵਿਦਿਆ ਵਿਚ ਰਾਜ ਕਰਨ ਦਾ ਢੰਗ ਦੱਸਿਆ ਹੋਵੇ, ਕਨੂਨ, ਰਾਜ ਦੇ ਨੇਮ

**ਰਾਜ ਪਤ** / **ਰਾਜ ਪਤੀ**, ਪੁ:—ਰਾਜ ਦਾ ਮਾਲਕ, ਰਾਜਾ ॥

**ਰਾਜ ਪੁਤ੍ਰ**, ਪੁ:—ਰਾਜੇ ਦਾ ਪੁਤ੍ਰ, ਸ਼ਜ਼ਾਦਾ ॥

**ਰਾਜ ਪੂਤ**, ਪੁ:—ਰਾਜ ਪੂਤਾਨੇ ਦਾ ਵਾਸੀ, ਇੱਕ ਸੂਰ ਬੀਰ ਕੌਮ

**ਰਾਜ ਪੂਤੀ**, ਸ:—ਰਾਜ ਪੂਤ ਹੋਣਾ, ਰਾਜ ਪੂਤ ਦਾ ਦਰਜਾ, ਬਹਾਦਰੀ ।

**ਰਾਜ ਬੰਸੀ** / **ਰਾਜ ਵੰਸੀ**, ਵਿ:—ਰਾਜੇ ਦੀ ਕੁਲ ਦਾ

**ਰਾਜ ਭਵਣ** / **ਰਾਜ ਮੰਦਰ**, ਪੁ:—ਰਾਜੇ ਦਾ ਘਰ, ਮਹਲ

**ਰਾਜ ਰਸਤਾ** / **ਰਾਜ ਰਾਹ**, ਪੁ:—ਵਡਾ ਰਸਤਾ, ਪਾਤਸ਼ਾਹੀ ਸੜਕ

**ਰਾਜ ਰਾਣੀ**, ਸ:—ਰਾਜੇ ਦੀ ਵੱਡੀ ਰਾਣੀ, ਪਟਰਾਣੀ ॥

**ਰਾਜ ਰੋਗ**, ਪੁ:—ਜਿਸ ਰੋਗ ਦਾ ਇਲਾਜ ਨਾ ਹੋ ਸੱਕੇ ॥

**ਰਾਜ ਰੌਲਾ**, ਪੁ:—ਰਾਜ ਗਰਦੀ ਵੇਖੋ ।

**ਰਾਜ ਵਾੜਾ**, ਪੁ:—'ਰਜਵਾੜਾ' ਵੇਖੋ ।

**ਰਾਜਸ** / **ਰਾਂਜਸ**, ਪੁ:—ਕਾਮ, ਇੰਦ੍ਰੀਆਂ ਦੇ ਸੁਖਾਂ ਦਾ ਸ਼ੌਕ, ਰਜੋ ਗੁਣ ਵਾਲਾ ।

**ਰਾਜਸ ਚਾਕੂ**, ਪੁ:—ਇਕ ਮਸ਼ਹੂਰ ਫ਼ੈਲਾਫ਼ ਦਾ ਵਿਲੈਤੀ ਚਾਕੂ ।

**ਰਾਜਸੀ**, ਵਿ:—ਰਾਜੇ ਦਾ, ਰਾਜਿਆਂ ਵਰਗਾ, ਰਾਜ ਦੇ ਮਾਮਲਿਆਂ ਦਾ ।

**ਰਾਜਗੀ**, ਸ:—ਰਾਜ ਜਾਂ ਮੈਮਾਰ ਦਾ ਕੰਮ ਜਾਂ ਗੁਣ, ਘਰ ਉਸਾਰਨ ਦਾ ਕੰਮ ।

**ਰਾਜਾ**, ਪੁ:—ਦੇਸ ਦਾ ਮਾਲਕ, ਪਾਤਸ਼ਾਹ, ਸਖੀ, ਦਾਨੀ

**ਰਾਜ਼ਿਕ**, ਵਿ:—ਰਿਜ਼ਕ ਦੇਣ ਵਾਲਾ, ਪਰਵਦਗਾਰ, ਰੱਬ ।

**ਰਾਜ਼ੀ**, ਵਿ:—[illegible] ਜਿਸ ਨੂੰ ਰੋਗ ਨ ਹੋ, ਖੁਸ਼, ਸੁਖੀ ।

**ਰਾਜ਼ੀ ਖੁਸ਼ੀ** / **ਰਾਜ਼ੀ ਬਾਜ਼ੀ**, ਵਿ:—ਬਹੁਤ ਰਾਜ਼ੀ । ਕ੍ਰਿ: ਵਿ:—ਸੁਖ ਸਾਂਦ ਨਾਲ ।

**ਰਾਜ਼ੀ ਨਾਮਾ**, ਪੁ:—ਇਕ ਤਰਾਂ ਦਾ ਕਰਾਰ ਨਾਮਾ ਜਿਸ ਵਿਚ ਮੁਦਈ ਮੰਨ ਜਾਂਦਾ ਹੈ ਕਿ ਤੁਸੀ ਧਰ ਨੇ ਮੇਰੀ ਤਸੱਲੀ ਕਰ ਦਿੱਤੀ ਹੈ ਅਤੇ ਮੈਂ ਦਾਵਾ ਹਟਾਉਂਦਾ ਹਾਂ (ਹੋਣਾ, ਕਰਨਾ) ।

**ਰਾਜ਼ੀ ਰਾਜ਼ੀ**, ਕ੍ਰਿ: ਵਿ:—ਖੁਸ਼ੀ ਨਾਲ, ਆਪਣੀ ਮਰਜ਼ੀ ।

Digitized by Panjab Digital Library | www.panjabdigilib.org

**ਰਾਜੂ ਬਾਜੂ**, ਵੇਖੋ ਕ੍ਰਿ:, ਵਿ:—ਰਾਜ਼ੀ ਬਾਜ਼ੀ ਵੇਖੋ

**ਰਾਂਝਣ / ਰਾਂਝਣਾ / ਰਾਂਝਾ**, ਪੁ: ਪਿਆਰਾ ਦੋਸਤ, ਹੀਰ ਦਾ ਆਸ਼ਕ, ਜੱਟਾਂ ਦੀ ਇਕ ਗੋਤ।

**ਰਾਠ, ਰਾਠਣੀ**, ਸ: [illegible]

**ਰਾਠਾਂ ਦਾਰੀ**, ਸ:—ਸ਼ਾਦੀ ਗ਼ਮੀ ਦੇ ਮੌਕੇ ਪਰ ਜੋ ਲਾਗ ਮਿਰਾਸੀਆਂ ਨੂੰ ਰਾਠ ਲੋਕ ਦੇਂਦੇ ਹਨ।

**ਰਾਡ**, ਸ:—ਰੰਡ, ਵਿਧਵਾ।

**ਰਾਣ**, ਪੁ: ਪੱਟ, ਜਨੌਰ ਦੇ ਮਾਸ ਦਾ ਚੌੜਾ ਹਿੱਸਾ [illegible] ਸਕੇ

**ਰਾਣਾ**, ਪੁ:—ਰਾਜ ਪੂਤ ਰਾਜਾ, ਰਾਜ ਪੂਤ ਪਹਾੜੀ ਸਰਦਾਰ।

**ਰਾਣੀ**, ਸ:—ਰਾਜੇ ਦੀ ਵਹੁਟੀ, ਰਾਜ ਕਰਨ ਵਾਲੀ ਤੀਮੀਂ, ਨਾਇਕਾ।

**ਰਾਤ**, ਸ:—[illegible]

**ਅੱਧੀ ਰਾਤ**, ਸ:—ਜਿਸ ਵੇਲੇ ਰਾਤ ਦਾ ਅੱਧਾ ਹਿੱਸਾ ਬੀਤ ਜਾਵੇ॥

**ਪਹਿਲੀ ਰਾਤ**, ਸ:—ਰਾਤ ਦਾ ਪਹਿਲਾ ਹਿੱਸਾ।

**ਪਿਛਲੀ ਰਾਤ**, ਸ:—ਰਾਤ ਦਾ ਪਿਛਲਾ ਹਿੱਸਾ॥

**ਰਾਤ ਬਰਾਤੇ / ਰਾਤ ਵਰਾਤੇ**, ਕ੍ਰਿ:, ਵਿ:—ਰਾਤ ਦੇ ਵੇਲੇ, ਰਾਤ ਦੇ ਹਨੇਰੇ ਵਿਚ॥

**ਰਾਤਬ**, ਪੁ: [illegible] ਜਾਨਵਰ ਪਸ਼ੂਆਂ ਦੀ ਦਿਹਾੜੀ ਦੀ ਖ਼ੁਰਾਕ।

**ਰਾਤੀਂ / ਰਾਤੀ**, ਕ੍ਰਿ: ਵਿ:—[illegible] ਰਾਤ ਨੂੰ।

**ਰਾਤੋ ਰਾਤ / ਰਾਤੋ ਰਾਤੀ (ਤੀਂ)**, ਕ੍ਰਿ:, ਵਿ: ਸਾਰੀ ਰਾਤ, ਇਕੋ ਰਾਤ ਵਿਚ।

**ਰਾਧ**, ਸ:—ਫੋੜੇ ਵਿਚੋਂ ਨਿਕਲਣ ਵਾਲੀ ਮੈਲ॥

**ਰਾਧਕਾ (ਕਾਂ) / ਰਾਧਾ (ਧਾਂ)**, ਸ:—ਕ੍ਰਿਸ਼ਨ ਜੀ ਦੀ ਪਟਰਾਣੀ।

**ਰਾਧਾ ਨਗਰੀ**, ਪੁ:—ਇਕ ਮਹਿਲ, ਉੱਤੋਂ ਦਾ ਬਣਿਆ ਹੋਇਆ ਇਕ ਤਰ੍ਹਾਂ ਦਾ ਕਪੜਾ॥

**ਰਾਬ**, ਸ:—ਪਤਲਾ ਗੁੜ, ਸ਼ੀਰਾ, ਖੰਡ ਦੀ ਮਈ, ਕਰਾਲੂ।

**ਰਾਬੜੀ**, ਸ:—'ਰਬੜੀ' ਵੇਖੋ॥

**ਰੌਬਾ**, ਪੁ:—ਬਣੀ ਭੇਡਾਂ ਦਾ ਇੱਕੋ ਵਾਰ ਚੱਲਣਾ (ਮਾਰਨਾ)।

**ਰਾਬੀਆ**, ਪੁ:—ਰਾਬ ਬਣਾਉਣ ਵਾਲਾ॥

**ਰਾਮ**, ਪੁ:—ਸਭ ਥਾਂ ਰਮਣ ਵਾਲਾ, ਪਰਮੇਸ਼ਰ, ਰਾਜਾ ਰਾਮ ਚੰਦ੍ਰ

**ਰਾਮ ਕਹਾਣੀ**, ਸ:—ਲੰਮੀ ਕਥਾ, ਅਚਰਜ ਵਾਰਤਾ॥

**ਰਾਮ ਕਰੌਰੀ**, ਸ:—ਜਿਸ ਕਟੋਰੀ ਦੇ ਵਿਚ ਕੜਾਹ ਹੁੰਦਾ ਹੈ॥

**ਰਾਮ ਕਲੀ**, ਸ:—ਇਕ ਰਾਗਣੀ ਦਾ ਨਾਉਂ।

Digitized by Panjab Digital Library | www.panjabdigilib.org

**ਰਾਮ ਗੜ੍ਹੀਆ,** ਪੁ:—ਤਰਖਾਣ ਜਾਤ ਦਾ ਸਿੱਖ।

**ਰਾਮ ਚੰਦ**
**ਰਾਮ ਚੰਦ੍ਰ** } ਪੁ:—ਵਿਸ਼ਨੂ ਜੀ ਦਾ ਸੱਤਵਾਂ ਅਵਤਾਰ।

**ਰਾਮ ਜੰਗਾ,** ਪੁ:—ਬੰਦੂਕ।

**ਰਾਮ ਜਨੀ,** ਸ:—ਕੰਜਰੀ, ਵੇਸਵਾ।

**ਰਾਮ ਤੁਰਈ**
**ਰਾਮ ਤੋਰੀ** } ਸ:—ਇਕ ਤਰਾਂ ਦੀ ਵੱਡੀ ਤੋਰੀ।

**ਰਾਮ ਦਾਸ,** ਪੁ:—ਸਿੱਖਾਂ ਦੇ ਚੌਥੇ ਗੁਰੂ ਸਾਹਿਬ ਜਿਨ੍ਹਾਂ ਨੇ ਅੰਮ੍ਰਿਤਸਰ ਸ਼ਹਿਰ ਬਸਾਇਆ।

**ਰਾਮ ਦਾਨਾ,** ਪੁ:—ਇਕ ਬੂਟਾ, 'ਚੁਲਾਈ' ਵੇਖੋ।

**ਰਾਮ ਦੁਹਾਈ,** ਸ:—ਰਾਮ ਦੇ ਨਾਉਂ ਦੀ ਦੁਹਾਈ॥

**ਰਾਮ ਦੇਗ,** ਸ:
**ਰਾਮ ਦੇਗਾ,** ਪੁ: } ਮਿੱਟੀ ਦੀ ਹਾਂਡੀ ਜਾਂ ਦੇਗਚਾ।

**ਰਾਮ ਨੌਮੀ,** ਸ:—ਚੇਤ੍ਰ ਸੁਦੀ ਨੌਮੀਂ, ਰਾਮ ਚੰਦ੍ਰ ਜੀ ਦਾ ਜਨਮ ਦਿਨ॥

**ਰਾਮ ਰਮਈਯਾ,** ਪੁ:—ਰਾਮ ਰਾਮ ਕਹਿਣਾ, ਵਾਕਫੀ (ਹੋਣਾ)॥

**ਰਾਮ ਰਾਮ,** ਪੁ:—ਹਿੰਦੂਆਂ ਦੇ ਆਪੋ ਵਿਚ ਮਿਲਣ ਜਾਂ ਵਿਛੜਨ ਦੇ ਵੇਲੇ ਜੋ ਵਚਨ ਬੋਲਿਆ ਜਾਂਦਾ ਹੈ॥

**ਰਾਮ ਰੌਲਾ,** ਪੁ:—ਧੱਪ, ਝਗੜੇ ਦਾ ਰੌਲਾ।

**ਰਾਮ ਲੀਲਾ,** ਸ:—ਦੁਸਹਿਰੇ ਦੇ ਦਿਨਾਂ ਵਿਚ ਰਾਮ ਚੰਦ੍ਰ ਜੀ ਦਾ ਨਾਟਕ, ਹਿੰਦੂਆਂ ਦਾ ਮਸ਼ਹੂਰ ਤਿਹਾਰ॥

**ਰਾਮਾਇਣ**
**ਰਾਮਾਯਣ** } ਸ:—ਕਵਿਤਾ ਦੇ ਜਿਸ ਪੁਸਤਕ ਵਿਚ ਰਾਮ ਚੰਦ੍ਰ ਜੀ ਦੀ ਕਥਾ ਹੈ, ਬਾਲਮੀਕ ਜਾਂ ਤੁਲਸੀ ਦਾਸ ਦੀ ਰਚਨਾ॥

**ਰਾਮਾਨੰਦੀ,** ਪੁ:—ਰਾਮਾਨੰਦ ਜੀ ਦਾ ਚੇਲਾ, ਵੈਸ਼ਨੋ।

**ਰਾਰ,** ਸ:—ਝਗੜਾ, ਲੜਾਈ (ਕਰਨੀ, ਵਧਾਉਣੀ)॥

**ਰਾਰਾ,** ਪੁ:—'ਰ' ਅੱਖਰ ਦਾ ਨਾਉਂ।

**ਰਾਲ,** ਸ:—ਚਾਹਲ ਦੇ ਰੁੱਖ ਦੀ ਗੋਂਦ, (ਜੋ ਬਲਦੀ ਹੈ)॥

**ਰਾਵਨ (ਣ),** ਪੁ:—'ਰਾਵਣ' ਵੇਖੋ॥

**ਰਾੜ,** ਸ:—ਝਗੜਾ, ਪਿੰਡੇ ਦੀ ਝਰੀਟ (ਲੱਗ ਜਾਣੀ)।

**ਰਾੜ੍ਹਨਾ,** ਕ੍ਰਿ:—'ਰਾਹੜਨਾ' ਵੇਖੋ।

**ਰਾਲ਼ਾ,** ਪੁ:—ਇਕ ਪਹਾੜੀ ਰੁੱਖ ਦਾ ਫਲ ਜੋ ਦੂਆ ਵਾਕਰ ਵਰਤਦੇ ਹਨ॥

**ਰਿਆ,** ਪੁ:—ਰਿਆਕਾਰੀ, ਹੁਮਤ, ਠਗੀ॥

**ਰਿਆਇਤ**
**ਰਿਐਤ** } ਸ:—ਖਾਸ ਮਿਹਰਬਾਨੀ, ਲਿਹਾਜ਼, ਛੋਟ (ਹੋਣੀ, ਕਰਨੀ)॥

**ਰਿਆਇਤ ਦੇਦਾ,** ਪੁ:—ਜਿਸ (ਸੌਦੇ) ਵਿਚ ਮੁੱਲ ਘਟ ਜਾਏ॥

Digitized by Panjab Digital Library | www.panjabdigilib.org

**ਰਿਆਸਤ,** ਸਃ—ਰਾਜੇ ਦਾ ਅਲਾਕਾ, ਹਕੂਮਤ, ਸਰਦਾਰੀ ॥

**ਰਿਸ,** ਸਃ—ਗੁੱਸਾ, ਕ੍ਰੋਧ, ਖਿਝ ॥

**ਰਿਸਟ ਵਾਚ,** ਸਃ—ਵੀਣੀ ਉੱਤੇ ਬੰਨ੍ਹਣ ਵਾਲੀ ਘੜੀ ॥

**ਰਿਸਣਾ,** ਕ੍ਰਿਃ—ਰਣਾ ਰਸਾ ਚੋਣਾ ।

**ਰਿਸਬਤ**
**ਰਿਸ਼ਵਤ** } ਸਃ—'ਬੱਢੀ' ਵੇਖੋ ॥

**ਰਿਸ਼ਵਤ ਖੋਰ (ਰਾ),** ਪੁਃ
**ਰਿਸ਼ਵਤ ਖੋਰੀ,** ਸਃ } ਵੱਢੀ ਲੈਣ ਵਾਲਾ (ਲੀ) ॥

**ਰਿਸ਼ਵਤ ਖੋਰੀ,** ਸਃ—ਵੱਢੀ ਲੈਣ ਦਾ ਕੰਮ ।

**ਰਿਸਬਤੀ**
**ਰਿਸ਼ਵਤੀ** } ਵਿਃ—ਜੋ ਵੱਢੀ ਲਏ ।

**ਰਿਸਵਾ,** ਵਿਃ—ਖੱਜਲ, ਬਦਨਾਮ, ਬੇ ਇੱਜ਼ਤ (ਹੋਣਾ, ਕਰਨਾ) ॥

**ਰਿਸਵਾਈ,** ਸਃ—ਬਦਨਾਮੀ, ਬੇ ਇੱਜ਼ਤੀ, ਖੁਆਰੀ ।

**ਰਿਸਾਉਣਾ**
**ਰਿਸੂਲ** } 'ਰਸਾਉਣਾ ਰਸੂਲ' ਵੇਖ ॥

**ਰਿਹੜ,** ਪੁਃ
**ਰਿਹੜਨਾ,** ਕ੍ਰਿਃ
**ਰਿਹੜਵਾ,** ਵਿਃ
**ਰਿਹੜਾ,** ਸਃ
**ਰਿਹੜਾਂ,** ਸਃ
**ਰਿਹੜ,** ਪੁਃ } 'ਰੋਹੜ' ਆਦਿਕ ਵੇਖੋ ॥

**ਰਿਹਾਈ,** ਸਃ—ਕੈਦੋਂ ਛੁੱਟਣਾ, ਖੁੱਲ੍ਹ, ਛੁੱਟੀ, ਬਚਾਉ, ਅਰਾਮ ॥

**ਰਿਹਾੜ,** ਸਃ—ਬਾਲਾਂ ਦਾ ਜ਼ਿੱਦ ਕਿਹਾੜਾ, ਝਰੇਤਾਂ ॥

**ਰਿੱਕਸ,** ਸਃ—ਵੈਰ, ਖਾਰ, ਵਿਰੋਧ, ਮੁਕਸ, ਸਾੜਾ ॥

**ਰਿੱਕਸ ਖੋਰ,** ਪੁਃ—'ਰਿੱਕਸੀ' ਵੇਖੋ ।

**ਰਿੱਕਸੀ,** ਵਿਃ—ਜੋ ਵੈਰ ਜਾਂ ਖਾਰ ਕਰੇ, ਜੋ ਵੇਖ ਕੇ ਸੜੇ ॥

**ਰਿੱਕਤ,** ਸਃ—ਨਜ਼ਾਕਤ, ਵੈਰਾਗ, ਦਿਲਦਰਦ (ਰਿੱਕਤਾਂ ਕਰਨਾ) ॥

**ਰਿਕਾਬ**
**ਰਿਕਾਬੀ** } 'ਰਕਾਬ' 'ਰਕਾਬੀ' ਵੇਖੋ

**ਰਿਖ,** ਪੁਃ—ਗਿਆਨੀ, ਮਹਾਤਮਾ, ਧਰਮ ਸ਼ਾਸਤ੍ਰ ਬਣਾਉਣ ਵਾਲੇ ॥

**ਰਿਖ ਤਰਪਣੀ,** ਸਃ—'ਰੱਖੜੀ' ਵੇਖੋ ॥

**ਰਿਖ ਪੰਚਮੀ,** ਸਃ ਭਾਦ੍ਰੋਂ ਸੁਦੀ ਪੰਚਮੀ (ਵਰਤ ਦਾ ਦਿਨ) ।

**ਰਿਖ ਰਾਜ,** ਪੁਃ—ਵੱਡਾ ਰਿਖ ॥

**ਰਿਖਸ (ਰਿੱਖਸ)**
**ਰਿਖਸੀ (ਰਿੱਖਸੀ)** } 'ਰਿਕਸ' 'ਰਿੱਕਸੀ' ਵੇਖੋ ॥

**ਰਿਖੀ,** ਪੁਃ 'ਰਿਖ' ਵੇਖੋ ।

**ਰਿੰਗਣਾ,** ਕ੍ਰਿਃ—ਅਹਿੰ ਜਾਂ ਛੋਟੇ ਦਾ ਅੜਾਉਣਾ! ਬਹੁਤ ਰੌਲਾ ਪਾਉਣਾ ॥

Digitized by Panjab Digital Library | www.panjabdigilib.org

**ਰਿਗ ਵੇਦ,** ਪੁ:-ਹਿੰਦੂਆਂ ਦੇ ਚਹੁੰਆਂ ਵੇਦਾਂ ਵਿੱਚੋਂ ਪਹਿਲਾ ॥

**ਰਿੰਗਾ,** ਪੁ:-ਝੂੰਗਾ, ਸੌਦੇ ਮਗਰੋਂ ਵੇਚੀ ਸ਼ੈ ਮੁਫ਼ਤ ਲਈ ਹੋਈ, ਇੱਕ ਦੂਆ ॥

**ਰਿਚ**<br>**ਰਿਚਾ** } ਸ:—ਰਿਗ ਵੇਦ ਦਾ ਕੋਈ ਮੰਤ੍ਰ ॥

**ਰਿੱਚ,** ਸ:-ਸਿੱਕੇ ਨਾਲ ਭਰੀ ਹੋਈ ਟੁੱਟੀ ਕੌਡੀ, ਗੋਲ ਠੀਕਰੀ ॥

**ਰਿੱਛ,** ਪੁ:<br>**ਰਿੱਛਣੀ,** ਸ: } ਮਸ਼ਹੂਰ ਜੱਤ ਵਾਲਾ ਜੰਗਲੀ ਜਨੌਰ, ਭਾਲੂ ॥

**ਰਿਜ਼ਕ,** ਪੁ:—ਅੰਨ, ਭੋਜਨ, ਖੁਰਾਕ, ਪਰਮੇਸ਼ਰ ਦੀ ਬਖਸ਼ੀ ਹੋਈ ਰੋਜ਼ੀ ॥

**ਰਿਜ ਭੁਜ,** ਪੁ:—ਸਿੱਧੀਆਂ ਲਕੀਰਾਂ ਵਾਲੀ ਸ਼ਕਲ ॥

**ਰਿਜਮ,** ਪੁ:—ਬਹੁਤ ਥੋੜੀ ਸ਼ੈ, ਦੁਆਲ, ਰਤਾ ਕੁ, ਥੋੜ੍ਹਾ ਜਿਹਾ ॥

**ਰਿਜਾ,** ਸ:-'ਰਜਾ' ਵੇਖੋ ॥

**ਰਿੱਝਣਾ,** ਕ੍ਰਿ:—ਉਬਲਣਾ, ਅੱਗ ਉੱਤੇ ਪੱਕਣਾ, ਵਿੱਚੋ ਵਿੱਚ ਪਚਣਾ, ਦਿਲ ਵਿੱਚ ਬਹੁਤ ਕੁੜ੍ਹਨਾ ॥

**ਰਿਝਵੈਯਾ,** ਪੁ:-ਰੀਝਣ ਵਾਲਾ, ਕਿਸੇ ਖਾਸ ਚੀਜ਼ ਤੇ ਜੋ ਰੀਝੇ ॥

**ਰਿਝਾਉਣਾ,** ਕ੍ਰਿ: ਖੁਸ਼ ਕਰਨਾ, ਮਨ ਪਰਸੰਨ ਕਰਨਾ ॥

**ਰਿਣੀ,** ਵਿ:—ਕਰਜ਼ਾਈ, ਦੇਣਦਾਰ ॥

**ਰਿਣੀ ਚਿਣੀ**<br>**ਰਿਣੀ ਛਿਣੀ** } ਸ:—ਨਿੱਕ ਸੁੱਕ, ਛੋਟੀ ਮੋਟੀ ਚੀਜ਼ ॥

**ਰਿਤ,** ਸ:—ਭਿੱਟੀ ਹੋਣਾ, ਕੱਪੜੇ ਆਉਣੇ ॥

**ਰਿਤ ਮਾਨ**<br>**ਰਿਤ ਵੰਤੀ** } ਵਿ:—ਭਿੱਟੀ, ਜਿਸ ਨੂੰ ਕਪੜੇ ਆਏ ਹੋਣ ॥

**ਰਿਤਣਾ,** ਕ੍ਰਿ:—ਰੋਟੀ ਵੇਰੀ ਜਾਣੀ, ਹਟਣਾ ॥

**ਰਿਤਵਾਉਣਾ**<br>**ਰਿਤਾਉਣਾ** } ਕ੍ਰਿ:—ਰੋਟੀ ਫਿਰਾਉਣਾ ॥

**ਰਿਤਵਾਈ**<br>**ਰਿਤਾਈ** } ਸ:—ਰੋਟੀ ਵੇਰਨ ਦਾ ਕੰਮ ਜਾਂ ਮਜੂਰੀ ॥

**ਰਿੰਦ;** ਪੁ:—ਲੁੱਚਾ, ਬਦਮਾਸ਼, ਛੜੇਂਬੀ, ਕਾਫ਼ਰ ॥

**ਰਿਦਾ,** ਪੁ:—ਹਿਰਦਾ, ਮਨ, ਦਿਲ ॥

**ਰਿੱਧ,** ਸ:—ਦੌਲਤ, ਪਦਾਰਥ, ਮਾਲ, ਧੌਂਧਾ ॥

**ਰਿੱਧਾ,** ਵਿ:—ਰਿੰਨ੍ਹਿਆ ਹੋਇਆ, ਪਕਾਇਆ ਹੋਇਆ ॥

**ਰਿੱਧਾ ਪੱਕਾ,** ਪੁ:—ਖਾਣ ਵਾਸਤੇ ਜੋ ਭੋਜਨ ਪਕ ਗਿਆ ਹੋ ॥

**ਰਿਨ,** ਪੁ:—ਉਧਾਰ, ਕਰਜ਼, ਦੇਣਾ, ਰਖੀ ਹੋਈ ਸ਼ੈ ॥

**ਰਿੰਨ੍ਹਣਾ,** ਕ੍ਰਿ:—ਉਬਾਲਣਾ, ਅੱਗ ਉੱਤੇ ਪਕਾਉਣਾ ॥

**ਰਿਨ੍ਹਾਉਣਾ,** ਕ੍ਰਿ:-ਰਿੰਨ੍ਹਣ ਦਾ ਕੰਮ ਕਰਾਉਣਾ ॥

Digitized by Panjab Digital Library | www.panjabdigilib.org

**ਰਿਪ** / **ਰਿਪੁ**, ਪੁ:— ਵੈਰੀ, ਦੁਸ਼ਮਨ, ਵਿਰੋਧੀ ॥

**ਰਿੱਪ,** ਸ:—ਸਿੱਕੇ ਨਾਲ ਭਰੀ ਹੋਈ ਫੁੱਟੀ ਕੌਡੀ ॥

**ਰਿਬਾਸ,** ਪੁ:—ਰੇਉਂਦ ਚੀਨੀ ਦੀਆਂ ਡੰਡੀਆਂ ॥

**ਰਿਫੜੀ,** ਸ:—ਨਿੱਕਾ ਜੇਹਾ ਖਰਬੂਜਾ, ਪਿੰਜੀ ॥

**ਰਿਮ,** ਪੁ:—ਕਾਗਤ ਦੇ ਵੀਹ ਦਸਤੇ ॥

**ਰਿਮਝਿਮ,** ਸ:—ਚਮਕ, ਸੋਭਾ, ਸੁਹੱਪਣ (ਲਾਉਣੀ) ॥

**ਰਿਵਾਜ,** ਪੁ:—ਵਰਤਾਰਾ, ਦਸਤੂਰ, ਚਾਲ, ਰੀਤ (ਪੈਣਾ) ॥

**ਰਿਵਾਜ ਆਮ,** ਪੁ:—ਜੋ ਦਸਤੂਰ ਆਮ ਲੋਕਾਂ ਵਿਚ ਚੱਲੇ ਹੋਣ ਅਤੇ ਸਰਕਾਰ ਭੀ ਜਿਨ੍ਹਾਂ ਨੂੰ ਕਨੂਨ ਦੇ ਮਤਲਬ ਕੱਢਣ ਵਿਚ ਵਰਤੇ ॥

**ਰਿਵਾਜੀ,** ਵਿ:—ਚੱਲਿਆ, ਹੋਇਆ, ਜੋ ਵਰਤਿਆ ਜਾਵੇ, ਸਧਾਰਨ ॥

**ਰਿਵੀ,** ਸ:—ਠੰਡੀ ਵਾਉ (ਵਗਣੀ, ਚਮਕਣੀ) ॥

**ਰਿੜ੍ਹਨਾ,** ਕ੍ਰਿ:—ਸੌਖਾ ਭੌਣਾ, ਘੁੰਮਣਾ, ਖਿਸਕਦੇ ਚਲੇ ਜਾਣਾ, ਹੱਥਾਂ ਪੈਰਾਂ ਦੇ ਭਾਰ ਚਲਣਾ, ਘਸਰ ਕੇ ਤੁਰਨਾ (ਬਾਲਕ ਦਾ) ॥

**ਰਿੜਕਣਾ,** ਕ੍ਰਿ:—ਦੁੱਧ ਦਹੀਂ ਆਦਿਕ ਵਿਚ ਮਧਾਣੀ ਫੇਰਨੀ, ਤਿਲਕਣੀ ਥਾਂ ਤੋਂ ਰਿੜ੍ਹ ਪੈਣਾ, ਬਿਅਰਥ ਫਿਰਨਾ ॥

**ਰਿੜਕਾਉਣਾ,** ਕ੍ਰਿ:—ਰਿੜਕਣ ਦਾ ਕੰਮ ਕਰਾਉਣਾ, ਰੋੜ੍ਹਨਾ, ਫਿਰਾਉਣਾ ॥

**ਰਿਜ਼ੀ,** ਸ:—ਮਿਰਾਸੀ ਆਦਿਕ ਗਰੀਬਾਂ ਵਾਸਤੇ ਜੋ ਹਿੱਸਾ ਫ਼ਸਲ ਦੀ ਪੈਦਾਵਾਰੀ ਦਾ ਅਲੱਗ ਕੀਤਾ ਜਾਵੇ ॥

**ਰੀਸ,** ਸ:—ਬਰਾਬਰੀ, ਨਕਲ, ਦੂਏ ਵਰਗਾ ਕੰਮ (ਕਰਨਾ) ॥

**ਰੀਸਾਲ,** ਵਿ:—ਖੁਸ਼, ਮੌਜ ਵਿੱਚ, ਪਰਸੰਨ ॥

**ਰੀਸੈਪਸ਼ਨ,** ਸ:—ਆਗਤ ਭਾਗਤ ॥

**ਰੀਸੈਪਸ਼ਨ ਕਮੇਟੀ,** ਸ:—ਆਗਤ ਭਾਗਤ ਕਰਨ ਵਾਲੀ ਕਮੇਟੀ ॥

**ਰੀਸੋ ਰੀਸ (ਸੀ),** ਕ੍ਰਿ:, ਵਿ:—ਦੂਏ ਨੂੰ ਵੇਖਕੇ, ਨਕਲ ਕਰ ਕੇ ॥

**ਰੀਂਗਣਾ** / **ਰੀਂਘਣਾ**, ਕ੍ਰਿ:—ਮੱਝੀਂ ਦਾ ਅੜਾਉਣਾ, ਰੋਕਣਾ, ਬੁਸਕਣਾ ॥

**ਰੀਂਘਣ,** ਪੁ: / **ਰੀਂਘਣ ਬਾ (ਵਾ),** ਸ: — ਪਿੱਠ ਜਾ ਲੂਲ੍ਹੇ ਵਿਚ ਵਾਈ ਦੀ ਪੀੜ ॥

**ਰੀਂਘਾ,** ਪੁ: ਢਿੱਲ, ਲੰਮ ਲੇਟ (ਪਾਉਣਾ, ਪੈਣਾ) ॥

**ਰੀਜ਼ਰਵਡ,** ਵਿ:—ਰੇਲ ਦੀ ਜੋ ਗੱਡੀ ਜਾਂ ਖੱਨਾ ਖ਼ਾਸ ਆਦਮੀਆਂ ਲਈ ਅਡ ਰਖਿਆ ਜਾਵੇ ॥

**ਰੀਜ਼ਲਟ,** ਪੁ:—ਫਲ ਜਾਂ ਨਤੀਜਾ (ਖ਼ਾਸ ਕਰਕੇ ਇਮਤਿਹਾਨ ਦਾ) ॥

**ਰੀਝ,** ਸ:—ਇਛਿਆ, ਚਾਹ, ਖੁਸ਼ੀ ।

**ਰੀਝ ਪਚਾਉ,** ਪੁ:—ਜੋ ਨਕਾਰੀ ਜੇਹੀ ਗੱਲ ਤੇ ਰੀਝੇ ਪਰ ਰਿਝਾਉਣ ਵਾਲੇ ਨੂੰ ਕੁਝ ਨਾ ਦੇਵੇ ॥

Digitized by Panjab Digital Library / www.panjabdigilib.org

**ਰੀਝਣਾ,** ਕ੍ਰਿ:—ਖੁਸ਼ ਹੋਣਾ, ਪਸੰਦ ਕਰਨਾ ॥

**ਰੀਠੜਾ**
**ਰੀਠਾ** } ਪੁ:—'ਰੇਠਾ' ਵੇਖ

**ਰੀਠੀ,** ਸ:—ਰੀਢ, ਥੈਲੀ ਛੋਟੀ ਥਾਂ ॥

**ਰੀਡਿੰਗ ਰੂਮ,** ਪੁ:—ਅਖਬਾਰ ਆਦਿਕ ਪੜ੍ਹਨ ਦਾ ਕਮਰਾ ॥

**ਰੀਂਡਾ,** ਪੁ:
**ਰੀਂਡੀ,** ਸ: } ਨਿੱਕਾ ਹਦਵਾਲਾ, ਛੋਟਾ ਬਾਲਕ ॥

**ਰੀਣ,** ਸ:—ਰਵਾਲ, ਬਰੀਕ ਧੋੜ, ਕਣਕਾ ॥

**ਰੀਣੀ,** ਸ:—ਚੋਲੇ ਸ਼ਖਾਉਣ ਲਈ ਜੋ ਨਿਕੀਆਂ ਨਿਕੀਆਂ ਟੇਕੜੀਆਂ ਉੱਪਰ ਰੱਖਦੇ ਹਨ ॥

**ਰੀਤ**
**ਰੀਤੀ** } ਸ:—ਰਸਮ, ਰਿਵਾਜ, ਦਸਤੂਰ, ਚਾਲ, ਢੰਗ ।

**ਰੀਤਾਂ,** ਸ:—(ਬਹੁ:)—ਬਾਲ ਜੰਮਣ ਤੋਂ ਦੋ ਤ੍ਰੈ ਮਹੀਨੇ ਪਹਿਲੇ ਹੋਣ ਵਾਲੀ ਰਸਮ (ਹੋਣੀਆਂ) ॥

**ਰੀਫ਼ਾਰਮਰ,** ਪੁ:—ਸੁਧਾਰਨ ਵਾਲਾ ॥

**ਰੀਪੋਰਟ,** ਸ:—'ਰਪੋਟ' ਵੇਖੋ ॥

**ਰੀਪੋਰਟਰ,** ਪੁ:—ਰਪੋਟ ਕਰਨ ਵਾਲਾ ॥

**ਰੀਲ,** ਸ:—ਰੋੜ ਉੱਤੇ ਲਪੇਟਿਆ ਹੋਇਆ ਧਾਗਾ ।

**ਰੀੜ੍ਹ,** ਪੁ:—ਨਵਰਨੀ ਦੇ ਗਲ ਦਾ ਇੱਕ ਤਵੀਤ ॥

**ਰੋਵੀਊ,** ਪੁ:—ਦੇਖ ਭਾਲ, ਪਰਖ, ਕਿਤਾਬ ਦੀ ਬਾਬਤ ਰਾਇ ॥

**ਰੁਆਉਣਾ,** ਕ੍ਰਿ:—ਰੋਣ ਲੈਣਾ, ਐਸੀ ਗੱਲ ਕਰਨੀ ਕਿ ਦੂਜਾ ਰੋ ਪਏ ।

**ਰੁਆਦਲ**
**ਰੁਆਦੁਲ** } ਵਿ:—ਜਿਸ ਨੂੰ ਰੋਣ ਦੀ ਵਾਦੀ ਹੈ ।

**ਰੁਆਲ,** ਪੁ:
**ਰੁਆਲਾ,** ਪੁ: } 'ਰਵਾਲ' 'ਰਵਾਲਾ' ਵੇਖੋ ॥

**ਰੁੱਸ ਜਾਣਾ**
**ਰੁੱਸਣਾ** } ਕ੍ਰਿ:—ਗੁੱਸੇ ਹੋ ਜਾਣਾ, ਖਿਝਣਾ ॥

**ਰੁਸਤਮ,** ਪੁ:—ਇੱਕ ਮਸ਼ਹੂਰ ਭਲਵਾਨ, ਤਕੜਾ ਆਦਮੀ, ਜੋਧਾ ॥

**ਰੁਸੇਵਾ,** ਵਿ:
**ਰੁਸਵਾਈ,** ਸ: } 'ਰਸਵਾ' 'ਰਿਸਵਾਈ' ਵੇਖੋ ॥

**ਰੁਸਾਉਣਾ,** ਕ੍ਰਿ:—ਗੁੱਸੇ ਕਰਨਾ, ਖਿਝਾਉਣਾ ॥

**ਰੁਹ,** ਪੁ:—ਗੁੱਸਾ, ਕ੍ਰੋਧ, ਜੋਸ਼ (ਰਨ੍ਹਣਾ) ॥

**ਰੁਹਬ,** ਪੁ:—ਦਬਾਉ, ਅਸਰ, ਪ੍ਰਤਾਪ, ਦਬਦਬਾ ॥

**ਰੁਹਲਾ,** ਵਿ:—ਲੂਲ੍ਹਾ ਜੋ ਚੱਲ ਨਾ ਸੱਕੇ ਅਤੇ ਲੰਗੜਾ ਹੋਵੇ

**ਰੁਹੇਲ,** ਸ:, ਪੁ:—ਵਹਿਣ, ਨਦੀ ਦਾ ਰਾਹ, ਮੀਂਹ ਦੇ ਪਾਣੀ ਦੀ ਨਾਲੀ, ਜੋ ਉਸ ਦਾ ਪਾਇਆ ਹੋਇਆ ਘਰਲ, ਨੀਲੋਫਰ ਦੀ ਜੜ੍ਹ ॥

**ਰੁਹੇਲਾ,** ਪੁ:—'ਰਹੇਲਾ' ਅਤੇ, 'ਮੇਥਰੀ' ਵੇਖੋ ॥

Digitized by Panjab Digital Library | www.panjabdigilib.org

**ਰੁਖ਼,** ਪੁ:—ਪਾਸਾ, ਮੂੰਹ, ਧਿਆਨ, ਝੁਕਾਉ, ਸਤਰੰਜ ਦੀ ਇੱਕ ਨਰਦ

**ਰੁਕਣਾ,** ਕ੍ਰਿ:—ਅਟਕਣਾ, ਠਹਿਰਨਾ, ਝਕਣਾ, ਹਟਣਾ ॥

**ਰੁਕਦੱਯਾ,** ਪੁ:—ਰਬਲ ਵਾਲਾ ॥

**ਰੁੱਕਣੇ,** ਪੁ:—(ਬਹੁ:)—ਗੁਰਦੇ, ਇੱਕ ਤਰਾਂ ਦਾ ਕਬਾਬ ॥

**ਰੁੱਕਾ,** ਪੁ:—ਛੋਟੀ ਜੇਹੀ ਚਿੱਠੀ, ਲਿਖਤ ॥

**ਰੁਕਾਉ,** ਪੁ:
**ਰੁਕਾਵਟ,** ਸ: } ਰੋਕ, ਅਟਕਾਉ, ਠਹਿਰਾਉ ।

**ਰੁਕਾਉਣਾ,** ਕ੍ਰਿ:—ਹਟਵਾਉਣਾ, ਅਟਕਾਉਣਾ, ਮੁਲਤਵਾਉਣਾ ।

**ਰੁਕਾਈ,** ਸ:—ਰੋਕ, ਅਟਕਾਉ, ਰੋਕਣ ਦੀ ਮਜੂਰੀ ॥

**ਰੁਖ,** ਪੁ:—'ਰੁਖ਼' ਵੇਖੋ ॥

**ਰੁੱਖ,** ਪੁ:—ਬਿਰਛ, ਵੱਡਾ ਬੂਟਾ, ਦਰਖ਼ਤ ॥

**ਰੁਖ਼ਸਤ**
**ਰੁਖ਼ਸਦ** } ਸ:—ਛੁੱਟੀ, ਜਾਣ ਦੀ ਆਗਿਆ, ਚੱਲਣ ਵਿਦਾਇਗੀ (ਦੇਣੀ, ਲੈਣੀ ।

ਵਿ:—ਜਿਸ ਨੂੰ ਚਲੇ ਜਾਣ ਦਾ ਹੁਕਮ ਮਿਲ ਜਾਏ (ਹੋਣਾ, ਕਰਨਾ) ॥

**ਰੁਖ਼ਸਤਾਣਾ,** ਪੁ:—ਵਿਦਿਆ ਹੋਣ ਦੇ ਵੇਲੇ ਜੋ ਕੁਝ ਪਰਾਹੁਣੇ ਦੀ ਭੇਟ ਕੀਤਾ ਜਾਵੇ ।

**ਰੁੱਖੜਾ,** ਪੁ:—'ਰੁੱਖ' ਵੇਖੋ ॥

**ਰੁੱਖੜਾ**
**ਰੁੱਖਾ**
**ਰੁੱਖੀ** } ਵਿ:—ਥੰਧੇ ਬਿਨਾ, ਜਿਸ ਰੋਟੀ ਨਾਲ ਸਲੂਣਾ ਨਹੀਂ, ਖੁਸ਼ਕ, ਫਿਕਾ, ਜਿਸ ਮਨੁੱਖ ਵਿੱਚ ਪ੍ਰੀਤ ਨਹੀਂ ।

**ਰੁਖਾਈ,** ਸ:—ਰੁੱਖੇ ਹੋਣ ਦਾ ਗੁਣ, ਮੁਹੱਬਤ ਨਾਂ ਹੋਣੀ ।

**ਰੁਖਾਈ ਬਦਲਣੀ,** ਕ੍ਰਿ:—ਮੂੰਹ ਵੱਟਣਾ, ਰੁੱਸ ਜਾਣਾ ॥

**ਰੁਖਾਸਣਾ,** ਪੁ:—ਰੁੱਖਾ ਭੋਜਨ, ਚੰਗੀ ਖ਼ੁਰਾਕ ਦਾ ਨਾਂ ਮਿਲਣਾ ॥

**ਰੁਖਾਣ,** ਪੁ:—'ਜ਼ਾਮਣ' ਵੇਖੋ ॥

**ਰੁੰਗਾ,** ਪੁ:—ਰਿੰਗਾ, ਝੂੰਗਾ ॥

**ਰੁੱਗ**
**ਰੁੱਗੁ** } ਪੁ:, ਸ:—ਮੁੱਠ ਦੇਵੇਂ ਮੁੱਠਾਂ, ਰੁੱਗ, ਮੁੱਠੀ ਭਾਪੀ ॥

**ਰੁਚ,** ਸ:—ਚਾਹ, ਇੱਛਿਆ, ਅਭਿਲਾਖਾ ।

**ਰੁਚਣਾ,** ਕ੍ਰਿ:—ਪਚਣਾ, ਸੁਖਾਉਣਾ, ਮਰਜ਼ੀ ਮੁਤਾਬਕ ਹੋਣਾ

**ਰੁਜ਼ਗਾਰ,** ਪੁ:—ਕੰਮਕਾਜ, ਨੌਕਰੀ, ਕਿਰਤ, ਆਜੀਵਿਕਾ (ਕਰਨਾ) ॥

**ਰੁਜ਼ਗਾਰੀ,** ਸ:—ਬਚਿਆ ਖੁਚਿਆ ਬਖਰਾ, ਟੋਟੇ, ਰਹਿੰਦ ਖੂੰਹਦ ॥

ਵਿ:—ਰੁਜ਼ਗਾਰ ਵਾਲਾ ॥

**ਰੁਜ਼ੀਨਾ**
**ਰੁਜ਼ੀਨੇ ਦਾਰ** } 'ਰੋਜ਼ੀਨਾ' ਵੇਖੋ ॥

Digitized by Panjab Digital Library | www.panjabdigilib.org

**ਰੁੱਝਣਾ,** ਕ੍ਰਿ:—ਕੰਮ ਵਿੱਚ ਲੱਗਣਾ, ਵਰਤਣ ਵਿੱਚ ਆਉਣਾ ।

**ਰੁਝਾਉਣਾ,** ਕ੍ਰਿ:—ਕੰਮ ਵਿੱਚ ਲਾਉਣਾ, ਚਿੰਤਾ ਪਾਉਣੀ।

**ਰੁੱਠਣਾ,** ਕ੍ਰਿ:—'ਰੁੱਸਣਾ' ਵੇਖੋ ।।

**ਰੁੱਠੜਾ, ਰੁੱਠਾ,** ਵਿ:—ਰੁੱਸਿਆ ਹੋਇਆ, ਰੁੱਸੇ, ਛਿੱਥਾ ।।

**ਰੁਠਾਉਣਾ,** ਕ੍ਰਿ:—'ਰੁਸਾਉਣਾ' ਵੇਖੋ ।।

**ਰੁੱਡ,** ਸ:—ਖੁੱਡ, ਧਰਤੀ ਦੇ ਅੰਦਰ ਜਨੌਰ ਦਾ ਘਰ।

**ਰੁੰਡ, ਰੁੰਡ ਮੁੰਡ,** ਪੁ:—ਟਾਹਣੀਆਂ ਪੱਤ੍ਰਾਂ ਬਿਨਾ (ਰੁੱਖ), ਸਿਰ ਮੁੰਨਾ (ਮਨੁੱਖ)।

**ਰੁਣਕਣਾ, ਰੁਣ ਰੁਣ ਕਰਨਾ,** ਕ੍ਰਿ:—ਛਣਛਣ ਕਰਨਾ, ਹੌਲੀ ਹੌਲੀ ਗਾਉਣਾ, ਛਣਛਣਾਉਣਾ।

**ਰੁਤ, ਰੁੱਤ, ਰੁਤੜੀ,** ਸ:—ਬਹਾਰ, ਮੌਸਮ, ਸਾਲ ਦਾ ਹਿੱਸਾ

**ਰੁਦਨ,** ਪੁ:—ਰੋਣ ਦਾ ਕੰਮ, ਰੋਣਾ (ਕਰਨਾ)।।

**ਰੁੱਦਰ,** ਪੁ:—ਮਹਾ ਦੇਵ ਜਾਂ ਸ਼ਿਵ ਜੀ ਦਾ ਨਾਉਂ ।।

**ਰੁਦਰਾਸ, ਰੁੱਦਰਾਕਸ਼, ਰੁੱਦਰਾਖ,** ਪੁ:—ਇੱਕ ਰੁੱਖ ਦੇ ਬੀਜ ਜਿਨ੍ਹਾਂ ਨੂੰ ਮਨਖਿਆਂ ਵਾਂਗਰ ਮਾਲਾ ਵਿਚ ਪਰੋਂਦੇ ਹਨ (ਰੁੱਦਰਾਸ ਦੀ ਮਾਲਾ)।।

**ਰੁੰਧ,** ਪੁ:—ਝਗੜਾ, ਬਖੇੜਾ, ਵਿਰੋਧ, ਹਾਲ, ਖਫਗੀ, ਲਾਨਤ।।

**ਰੁੱਧਣਾ,** ਕ੍ਰਿ:—'ਰੁੱਝਣਾ' ਵੇਖੋ ।।

**ਰੁਧਰ, ਰੁਧਿਰ,** ਪੁ:—ਲਹੂ, ਖੂਨ, ਰੱਤ ।।

**ਰੁਧਰ ਬਿਕਾਰ, ਰੁਧਰ ਵਿਕਾਰ,** ਪੁ:—ਲਹੂ ਦੇ ਵਿਗੜਨ ਤੇ ਜੋ ਰੋਗ ਹੋਵੇ ।।

**ਰੁੰਨ੍ਹ,** ਸ:—ਰੋਕ, ਪਕੜ, ਕੰਮ ਦਾ ਜੋਰ, ਖੇਚਲ ।।

**ਰੁੰਨ੍ਹਣਾ,** ਕ੍ਰਿ:—ਕੰਮ ਵਿਚ ਲੱਗਣਾ ਜਾਂ ਲਾਉਣਾ।।

**ਰੁਨ੍ਹਾਉਣਾ,** ਕ੍ਰਿ:—ਰੁਕਾਉਣਾ, ਰੁਝਾਉਣਾ, ਲਗਾਉਣਾ ।।

**ਰੁਪਇਆ, ਰੁਪਈਆ,** ਪੁ:—ਚਾਂਦੀ ਦਾ ਸਿੱਕਾ ਸੋਲਾਂ ਆਨਿਆਂ ਦਾ ।।

**ਰੁਪਹਿਰ (ਰੀ),** ਵਿ:—ਚਾਂਦੀ ਦੇ ਰੰਗ ਦਾ, ਜਿਸ ਉੱਤੇ ਚਾਂਦੀ ਲੱਗੀ ਹੋਵੇ ।।

**ਰੁਪਣਾ,** ਕ੍ਰਿ:—ਰੁੱਝਣਾ, ਰੁੱਸਣਾ, ਬਹੁਤ ਗੁੱਸੇ ਵਿੱਚ ਆਉਣਾ ।।

**ਰੁਪੱਯਾ,** ਪੁ:—'ਰੁਪਇਆ' ਵੇਖੋ ।।

**ਰੁੱਪਾ,** ਪੁ:—ਇੱਕ ਤਰਾਂ ਦੀ ਖੋਟੀ ਚਾਂਦੀ, ਗੰਢਾ, ਪਿਆਜ ।।

**ਰੁੱਪਾ ਪਰਸ਼ਾਦ,** ਪੁ:—ਗੰਢਾ (ਸਿੱਖਾਂ ਦੀ ਬੋਲੀ)।।

**ਰੁਪਾਮਾਖੀ,** ਸ:—ਲੋਹੇ ਦੀ ਕੱਚੀ ਧਾਤ ਜਿਸ ਵਿਚ ਗੰਧਕ ਹੁੰਦੀ ਹੈ ।।

Digitized by Panjab Digital Library | www.panjabdigilib.org

**ਰੁਪੈਯਾ,** ਪੁ:—'ਰੁਪਇਆ' ਵੇਖੋ ।

**ਰੁਪੈਲਾ,** ਪੁ:—ਨਕ ਵਿਚ ਪਾਯਾ ਹੋਯਾ ਚਾਂਦੀ ਦਾ ਮੋਤੀ ॥

**ਰੁੱਬਲੀ,** ਸ:—ਖਤਾਵਿੰਦ ਖਿੜੇ ਕਿਤੇ ਹਰੀ ਥਾਂ, ਵਾਲਾਂ ਦਾ ਗੁੱਛਾ ।

**ਰੁਬਾਹੀ,** ਪ: ਸ [illegible], ਸਨੇਹ ਪ੍ਰਗਟਾਉਣ ਵਾਲਾ ।

**ਰੁਮਾਲ,** ਪੁ:—ਹੱਥ ਮੂੰਹ ਪੂੰਝਣ ਵਾਲਾ ਕਪੜਾ, ਕੋਈ ਚੀਜ਼ ਬੰਨ੍ਹਣ ਵਾਲਾ ਕਪੜੇ ਦਾ ਟੁਕੜਾ, ਨਿੱਕਾ ਚੌਰਸ ਕਪੜਾ ।

**ਰੁਮਾਲੀ,** ਸ:—ਰਾਤ ਦੇ ਵੇਲੇ ਸਿਰ ਉੱਤੇ ਲਪੇਟਣ ਵਾਲਾ ਰੁਮਾਲ, ਲਕ ਬੰਨ੍ਹਣਵਾਲਾ ਇੱਕ ਕਪੜਾ ।

ਵਿ—ਰੁਮਾਲ ਵਿੱਚ ਬੰਨ੍ਹਕੇ ਉਬਾਲੇ ਹੋਏ (ਚੌਲ ਆਦਿਕ) ॥

**ਰੁਮਾਲੀ ਸੇਂਵੀਆਂ,** ਸ:—ਬਹੁਤ ਬਰੀਕ ਸੇਵੀਆਂ ।

**ਰੂਮੀ,** ਪ:—ਪਿੰਡੇ ਉੱਤੇ ਲਾਉਣ ਵਾਲੀ ਮੰਗੀ

**ਰੁਲਦ** / **ਰੁਲਦ ਖੁਲਦ** } ਵਿ:—ਕੂੜੇ ਦੇ ਆਸਰੇ ਰਹਿਣ ਵਾਲ, ਮਸਤ, ਜਿਸ ਦੀ ਕੋਈ ਪਰਵਾਹ ਨਾ ਕਰੇ ।

**ਰੁਲਣਾ,** ਕ੍ਰਿ:—ਤੁੱਛ ਸਮਝਿਆ ਜਾਣਾ, ਗਲਣ ਲਈ ਛੱਡੇ ਜਾਣਾ, ਠੁਕਰਾਇਆ ਜਾਣਾ, ਬੁਰੀ ਹਾਲਤ ਵਿਚ ਹੋਣਾ ॥

**ਰੁਲਾਉਣਾ,** ਕ੍ਰਿ:—ਪਰਵਾਹ ਨਾ ਕਰਨਾ, ਨਸ਼ਟ ਹੋਣ ਦੇਣਾ, ਖੇਹ ਵਿਚ ਲਤਾੜਨਾ, ਛੱਡਣਾ, ਸਾਫ਼ ਕਰਨਾ ॥

**ਰੂਲੀਟ,** ਵਿ:—ਜਿਸ ਦੀ ਕੋਈ ਪਰਵਾਹ ਨਾ ਕਰੇ, ਆਤਰ ॥

**ਰੂੜ੍ਹ,** ਸ:—ਵਹਿਣ, ਨਦੀ ਦਾ ਰਾਹ, ਮੀਂਹ ਦੀ ਨਾਲੀ, ਸੁੱਕੀ ਹੋਈ ਨਦੀ ਦਾ ਪਤਲ ॥

**ਰੁੜ੍ਹ ਜਾਣਾ** / **ਰੁੜ੍ਹ ਪੜ੍ਹ ਜਾਣਾ** } ਕ੍ਰਿ:—ਹੜ੍ਹ ਦੇ ਨਾਲ ਵਗ ਕੇ ਰੁੜ੍ਹ ਜਾਣਾ, ਬਿਲਕੁਲ ਨਾਸ ਹੋ ਜਾਣਾ ।

**ਰੁੜ੍ਹ ਪੈਣਾ,** ਕ੍ਰਿ:—ਕੁਝ ਕੁਝ ਚੱਲ ਪੈਣਾ (ਕੰਮ) ॥

**ਰੁੜ੍ਹਨਾ,** ਕ੍ਰਿ:—ਚੱਲ ਪੈਣਾ, ਵਗਣਾ, ਹੜ੍ਹ ਨਾਲ ਵਗੇ ਜਾਣਾ, ਵਿਗੜਨਾ, ਬਰਬਾਦ ਹੋਣਾ, ਪੱਕਣਾ (ਰੋਟੀ) ॥

**ਰੁੜ੍ਹਾਉ,** ਪੁ:—ਵਹਿਣ, ਰੁੜ੍ਹਨ ਦੀ ਹਾਲਤ, ਤਿੱਖੀ ਚਾਲ ॥

**ਰੁੜ੍ਹਾਉਣਾ,** ਕ੍ਰਿ:—ਰੁੜ੍ਹਨ ਦੇਣਾ, ਰੋੜ੍ਹ ਕੇ ਵਗਾ ਦੇਣਾ, ਰੋੜ੍ਹ ਕੇ ਲੈ ਜਾਣਾ (ਹੜ੍ਹ ਜਾਂ ਨਦੀ ਦੀ ਧਾਰ ਦਾ) ਬਰਬਾਦ ਕਰਨਾ ॥

**ਰੁੜ੍ਹਾਊ,** ਵਿ:—ਰੁੜ੍ਹਨ ਜਾਂ ਰੋੜ੍ਹਨ ਵਾਲਾ, ਤਿੱਖੀ (ਬੱਧੀ), ਮੁਕੱਦਮਾ ਵਿਗਾੜਨ ਵਾਲਾ (ਤਰਫ਼ਦਾਰ ਹਾਕਮ) ॥

**ਰੁੜ੍ਹਾਈ,** ਸ:—ਰੁੜ੍ਹਨ ਦੀ ਹਾਲਤ, ਬਰਬਾਦੀ, ਹੜ੍ਹ ਦਾ ਕੰਮ ॥

**ਰੁੜਕਣਾ,** ਕ੍ਰਿ:—ਖਾਣਾ, ਭੁੰਨੇ ਹੋਏ ਦਾਣੇ ਚੱਬਣਾ (ਅਵਾਜ਼ ਨਾਲ) ॥

**ਰੂੰ,** ਸ:—ਕਪਾਹ ਵਿੱਚੋਂ ਵੜੇਵੇਂ ਕੱਢਕੇ ਜੋ ਨਰਮ ਲੀਸ ਬਾਕੀ ਰਹਿੰਦੀ ਹੈ ॥

Digitized by Panjab Digital Library | www.panjabdigilib.org

**ਰੂਆਂ,** ਪੁ:—ਪਿੰਡੇ ਦੇ ਉੱਤਲੇ ਛੋਟੇ ਵਾਲ, ਕਪਾਹ ਦੀ ਰੂੰ ॥

**ਰੂਈ** }
**ਰੂਈਂ** } ਸ:—ਸਾਫ਼ ਕੀਤੀ ਹੋਈ ਕਪਾਹ, ਰੂੰ, ਚੇਹਰੇ ਦੀ ਚਮਕ ।

**ਰੂਸੀ,** ਸ: —ਰੱਸਾ ।
ਵਿ:—ਰੂਸ ਦੇ ਦੇਸ਼ ਦਾ (ਵਿੱਲਾ ਆਦਿਕ)

**ਰੂਸੀ ਬੱਟ (ਵੱਟ),** ਪੁ:—ਰੱਸਾ ਵੱਟਣ ਵਾਲਾ ।

**ਰੂਹ,** ਸ:—ਆਤਮਾ, ਚੇਤਨ ਸ਼ਕਤੀ, ਜੀਵ, ਤੱਤ, ਸਾਰ, ਮਨ ॥

**ਰੂਹ ਭਟਕਣਾ,** ਕ੍ਰਿ:—ਬਹੁਤ ਜੀ ਤਰਸਣਾ, ਲੋਚਣਾ ॥

**ਰੂਹਣਾ,** ਵਿ:—ਦਿੱਧਾ (ਭਾਂਡਾ ਮਿੱਟੀ ਦਾ ਜੋ ਨਵਾਂ ਨਹੀਂ) ।

**ਰੂੰਗਾ,** ਪੁ:—ਰੁੰਗਾ, ਝੂੰਗਾ

**ਰੂਪ,** ਪੁ:—ਸ਼ਕਲ, ਬਨਾਵਟ, ਚੇਹਰਾ, ਰੰਗ, ਢੰਗ, ਹਾਲਤ ।

**ਰੂਪ ਸਰੂਪ,** ਵਿ:—ਸੋਹਣਾ (ਣੀ), ਸੁੰਦਰ ।

**ਰੂਪ ਜਸਤ** }
**ਰੂਪ ਜਿਸਤ** } ਪੁ: ਇੱਕ ਦਵਾ ਅੱਖਾਂ ਦੀ ।

**ਰੂਪ ਮਾਣ (ਵੰਤ, ਵਾਣ),** ਵਿ:—ਸੁੰਦਰ, ਸੋਹਣਾ (ਣੀ) ।

**ਰੂਪ ਰਸ,** ਪੁ:—ਇੱਕ ਦਵਾ ਜਿਸ ਵਿਚ ਜਾਂਦੀ ਪੈਂਦੀ ਹੈ ॥



**ਰੂਮ,** ਪੁ:—ਇਟਲੀ ਦੇਸ਼ ਦੀ ਰਾਜ ਧਾਨੀ, ਤੁਰਕਾਂ ਦਾ ਦੇਸ਼ ।

**ਰੂਮੀ,** ਵਿ:—ਰੂਮ ਦਾ, ਰੂਮ ਦੇ ਢੰਗ ਦਾ (ਰੂਮੀ ਟੋਪੀ) ।

**ਰੂਮੀ ਮਸਤਕੀ,** ਸ:—'ਮਸਤਕੀ ਰੂਮੀ' ਵੇਖੋ ।

**ਰੂਲ,** ਪੁ:—ਲਕੀਰਾਂ ਵਾਹੁਣ ਵਾਲੀ ਲਕੜੀ, ਕਾਇਦਾ ॥

**ਰੂਲ ਪਿੰਸਲ,** ਸ:—ਕਾਗਜ਼ ਉੱਤੇ ਲਿਖਣ ਵਾਲੀ ਪਿੰਸਲ ।

**ਰੂਲਾ,** ਪੁ:—ਰਪੋਟ, ਖਬਰ, ਅਵਾਈ ॥

**ਰੂੜੀ,** ਸ:—ਪਿੰਡ ਦੇ ਲਾਗੇ ਮੈਲੇ ਦਾ ਢੇਰ, ਗੰਦਗੀ ॥

**ਰੇ,** ਅਵ:—ਓਏ (ਛੋਟੇ ਨੂੰ ਬੁਲਾਉਣ ਦਾ ਬਚਨ) ॥

**ਰੇਉਂਦ,** ਸ:—ਇਕ ਜੁਲਾਬ ਦੀ ਦੁਆ ॥

**ਰੇਉਂਦ ਉਸਾਰਾ,** ਪੁ:—ਰੇਉਂਦ ਦਾ ਸਤ ॥

**ਰੇਉਂਦ ਖਤਾਈ,** ਸ:—ਇੱਕ ਪਹਾੜੀ ਰੇਉਂਦ ॥

**ਰੇਉਂਦ ਚੀਨੀ,** ਸ:—ਚੀਨ ਦੀ ਰੇਉਂਦ ॥

**ਰੇਉੜੀ,** ਸ:—ਤਿਲਾਂ ਦੀ ਇੱਕ ਮਠਿਆਈ ॥

**ਰੇਉੜੀ ਦੇ ਫੇਰ ਵਿੱਚ ਆਉਣਾ,** ਕ੍ਰਿ:—ਔਖ ਵਿੱਚ ਫਸਣਾ ॥

**ਰੇਸਟਾ,** ਪੁ:—ਝਗੜਾ, ਬਖੇੜਾ ਪੁਆੜਾ ॥

Digitized by Panjab Digital Library | www.panjabdigilib.org

**ਰੇਸ਼ਮ,** ਪੁ:—ਪੱਟ, ਇੱਕ ਕੀੜੇ ਦੇ ਪੇਟ ਵਿੱਚੋਂ ਨਿਕਲਣ ਵਾਲਾ ਮੁਲਾਇਮ ਸੂਤ, ਕੋਈ ਨਰਮ ਚੀਜ਼ ॥

**ਰੇਸ਼ਮੀ,** ਵਿ:—ਰੇਸ਼ਮ ਦਾ ਬਣਿਆ ਹੋਇਆ, ਰੇਸ਼ਮ ਦਾ ॥

**ਰੇਸ਼ਮੀ ਮਠਿਆਈ,** ਸ:—ਸੂਤ ਦੀਆਂ ਤਾਰਾਂ ਵਰਗੀ ਮਠਿਆਈ ॥

**ਰੇਸ਼ਾ,** ਪੁ:—ਤਾਰ, ਤੰਦ, ਰਗ, ਨਜ਼ਲਾ, ਜ਼ੁਕਾਮ, ਠੰਢ ਨਾਲ ਨੱਕ ਵਗਣਾ।

**ਰੇਸ਼ਾ ਖਤਮੀ,** ਸ:—ਗੁਲ ਖੈਰੋ ਦੀ ਜੜ, ਇੱਕ ਦੁਆ ।

**ਰੇਹ,** ਸ:—ਅਦੂਸ਼ੀ, ਮੱਛਰ, ਖੇਤ ਦਾ ਨੁਕਸ, ਖਾਰ, ਸ਼ੋਰਾ ॥

**ਰੇਹਲ,** ਸ:—ਕਿਤਾਬ ਰੱਖ ਕੇ ਪੜ੍ਹਨ ਵਾਲੀ ਇਕ ਤਰ੍ਹਾਂ ਦੀ ਚੌਕੀ ਜੋ ਫੱਟੀਆਂ ਦੀ ਬਣੀ ਹੁੰਦੀ

**ਰੇਹੜ,** ਸ:—ਵਹਿਣ, ਨਦੀ, ਨਾਲਾ, ਦਰਿਆ ਦੀ ਧਾਰ, ਘਰਲ ॥

**ਰੇਹੜਣਾ,** ਕ੍ਰਿ:—ਚਲਾਉਣਾ, ਰੋੜ੍ਹਨਾ, ਰਿੜ੍ਹਨ ਦੇਣਾ ॥

**ਰੇਹੜਵਾਂ,** ਵਿ:—ਢਾਲੂ, ਜੋ ਰਿੜ੍ਹ ਸੱਕੇ ॥

**ਰੇਹੜਾ,** ਪੁ:
**ਰੇਹੜੀ,** ਸ: } ਹਥ ਨਾਲ ਰੇਹੜਨ ਵਾਲਾ ਗੱਡਾ।

**ਰੇਹੜੂ,** ਪੁ:—ਜਿਸ ਧੱਕੇ ਉੱਤੇ ਛਤਰੀ ਨਾ ਹੋਵੇ ॥

**ਰੇਹੀ,** ਸ:—'ਰੇਹ' ਵੇਖੋ ॥

**ਰੇਹੂ,** ਸ:—ਇੱਕ ਤਰ੍ਹਾਂ ਦੀ ਮੱਛੀ ।

**ਰੇਖ,** ਸ:—ਲਕੀਰ, ਨਿਸ਼ਾਨ, ਹੱਥਾਂ ਪੈਰਾਂ ਦੀਆਂ ਕਾਰਾਂ ।

**ਰੇਖ ਵਿੱਚ ਮੇਖ ਮਾਰਨਾ,** ਕ੍ਰਿ:—ਆਪਣੀ ਸ਼ਕਤੀਆਂ ਨਾਲ ਖੋਟੀ ਪਰਾਲਬਧ ਨੂੰ ਬਦਲ ਦੇਣਾ (ਸਾਧ ਸੰਤ ਦਾ)

**ਰੇਖਤਾਂ,** ਪੁ:—ਚੂਨੇ ਦਾ ਗਾਰਾ, ਪਲਸਤਰ (ਪੱਕਾ), ਇਕ ਤਰ੍ਹਾਂ ਦੀ ਕਵਿਤਾ ।

**ਰੇਖਾ,** ਸ:—'ਰੇਖ' ਵੇਖੋ ॥

**ਰੇਖਾ ਗਣਿਤ,** ਸ:—ਜਿਸ ਵਿੱਦਿਆ ਵਿਚ ਲਕੀਰਾਂ ਅਤੇ ਲਕੀਰਾਂ ਦੇ ਮਿਲਣ ਤੋਂ ਜੋ ਸ਼ਕਲਾਂ ਬਣਦੀਆਂ ਹਨ ਉਨ੍ਹਾਂ ਦੇ ਗੁਣ ਹਨ ।

**ਰੇਗ ਤਿਲਾ,** ਸ:—ਜਿਸ ਰੇਤ ਵਿੱਚ ਸੋਨਾ ਹੋਵੇ ॥

**ਰੇਗਮਾਹੀ,** ਸ: ਇੱਕ ਤਰ੍ਹਾਂ ਦੀ ਦਾਗ ਦਾਰ ਕਿਰਲੀ ਜੋ ਦੁਆ ਵਿੱਚ ਪੈਂਦੀ ਹੈ ॥

**ਰੇਗਮਾਲ,** ਪੁ:—ਕਾਠ ਦੀਆਂ ਚੀਜ਼ਾਂ ਚਮਕਾਉਣ ਵਾਲਾ ਕਿਰਕਰਾ ਕਾਗਤ ॥

**ਰੇਚ,** ਸ:—ਸਿੱਕੇ ਨਾਲ ਭਰੀ ਹੋਈ ਟੁੱਟੀ ਕੌਲੀ ॥

**ਰੇਜ,** ਸ:—ਰੰਬੂ ਨਾਲ ਤਰ ਹੋਣਾ (ਧਰਤੀ ਦਾ), ਰਜ਼ੂ ਦਾ ਬਾਕੀ ਰਿਹਾ ਚੌਥਾ ਹਿੱਸਾ, ਗੁੱਝੀ ਸੋਜ਼ਸ਼ ।
ਵਿ:—ਬਹੁਤ ਤਰ (ਜ਼ਿਆਦੀ) ॥

**ਰੋੱਜ਼ਾ,** ਪੁ:—ਰੰਗਾ ਪੱਕਾ ਸੂਤੀ ਕੱਪੜਾ, ਜੁਲਾਹਿਆਂ ਦਾ ਇੱਕ ਸੰਦ ॥

Digitized by Panjab Digital Library / www.panjabdigilib.org

**ਰੇਜ਼ਾ ਤਰ ਹੋਣਾ ਜਾਂ ਕਰਨਾ,** ਕ੍ਰਿ:-ਬਰਬਾਦ ਹੋਣਾ ਜਾਂ ਕਰਨਾ ॥

**ਰੇਝਾ,** ਪੁ:—ਰਿੱਝਣ ਜਾਂ ਉਬਲਣ ਦੀ ਹਾਲਤ, ਪੱਕਣ ਦਾ ਮੌਕਾ ॥

**ਰੇਝੇ ਪੈਣਾ,** ਕ੍ਰਿ:—ਰਿੱਝਣ ਲੱਗ ਜਾਣਾ ॥

**ਰੇਟ,** ਪੁ:—ਭਾਉ, ਨਿਰਖ, ਦਰ, ਇੱਕ ਸ਼ੈ ਦੇ ਮੁੱਲ ਦਾ ਲੇਖਾ ॥

**ਰੇਠ,** ਵਿ:—ਜੋ ਪੂਰਾ ਹੋ ਚੁਕਾ ਹੈ, ਕੀਤਾ ਹੋਇਆ ॥

**ਰੇਠਣਾ,** ਕ੍ਰਿ:—ਪੂਰਾ ਕਰਨਾ, ਕਰ ਲੈਣਾ ॥

**ਰੇਠੜਾ, ਰੇਠਾ,** ਪੁ:—ਇਕ ਨਿੱਕਾ ਗੋਲ ਫਲ ਜਿਸ ਦੀ ਝੱਗ ਨਾਲ ਕਪੜੇ ਧੋਂਦੇ ਹਨ, ਜਿਸ ਰੁੱਖ ਨਾਲ ਉਹ ਫਲ ਲੱਗਦੇ ਹਨ ॥

**ਰੇਂਡਾ,** ਪੁ:, **ਰੇਂਡੀ,** ਸ: — ਨਿੱਕਾ ਜਿਹਾ ਤਰਬੂਜ਼, ਛੋਟਾ ਬਾਲਕ ॥

**ਰੇਤ,** ਸ:—ਪੱਥਰ ਦਾ ਚੂਰਾ, ਕਿਰਕਣੀ ਮਿੱਟੀ, ਬਾਲੂ, ਰੇਤੀ ਰੇਤੀ ॥

**ਰੇਤ ਥਲਾ,** ਪੁ:—ਰੇਤਲੀ ਥਾਂ ਜਿੱਥੇ ਪਾਣੀ ਵਗਦਾ ਰਿਹਾ ਹੋਵੇ ।

**ਰੇਤਣਾ,** ਕ੍ਰਿ:—ਰੇਤੀ ਨਾਲ ਲੋਹਾ ਸਾਫ਼ ਕਰਨਾ ।

**ਰੇਤਲ (ਲਾ),** ਪੁ:, **ਰੇਤਲੀ,** ਸ: — ਵਿ:—ਰੇਤ ਵਾਲਾ (ਲੀ) ॥

**ਰੇਤੜ, ਰੇਤਾ,** ਪੁ:, ਸ:—ਰੇਤ, ਰੇਤ ਵਾਲੀ ਧਰਤੀ ॥

**ਰੇਤਾਉਣਾ,** ਕ੍ਰਿ:—ਰੇਤਣ ਦਾ ਕੰਮ ਕਰਾਉਣਾ ॥

**ਰੇਤਾਈ,** ਸ:-ਰੇਤਣ ਦਾ ਕੰਮ ਜਾਂ ਮਜੂਰੀ ॥

**ਰੇਤੀ,** ਸ:-ਲੋਹਾ ਸਾਫ਼ ਕਰਨ ਵਾਲਾ ਹਥਿਆਰ ॥

**ਰੇਤੀਲਾ,** ਵਿ:-ਰੇਤ ਵਾਲਾ ।

**ਰੇਨ,** ਸ:—ਧੂੜ, ਘੱਟਾ, ਬਰੀਕ ਮਿੱਟੀ ॥

**ਰੇਪ,** ਸ:—'ਰੇਚ' ਵੇਖੋ ॥

**ਰੇਪਲਾ,** ਵਿ:—ਅਸ਼ੁੱਧ, ਢੀਠ, ਜੋ ਆਖੇ ਨਾ ਲਗੇ ॥

**ਰੇਬ,** ਸ:—'ਉਰੇਬ' ਵੇਖੋ ॥

**ਰੇਮਾਂ,** ਵਿ:—ਖਰਾਬ, ਹੌਲੇ ਮੇਲ ਦਾ ॥

**ਰੇਰੂ,** ਪੁ:—ਖੁਸ਼ਕ ਜ਼ਮੀਨ ਵਿੱਚ ਉੱਗਣ ਵਾਲਾ ਇਕ ਰੁੱਖ ॥

**ਰੇਲ, ਰੇਲ ਗੱਡੀ,** ਸ:—ਲੋਹੇ ਦੀ ਸੜਕ ਉਪਰ ਇੰਜਣ ਨਾਲ ਚੱਲਣਵਾਲੀਆਂ ਗੱਡੀਆਂ ਦੀ ਕਤਾਰ ॥

**ਰੇਲ ਘਰ,** ਪੁ:—ਰੇਲ ਦੀ ਸੜਕ ਉੱਤੇ ਮੁਸਾਫਰਾਂ ਦੇ ਚੜ੍ਹਨ ਉਤਰਨ ਦੀ ਥਾਂ, ਅਸਟੇਸ਼ਨ ॥

**ਰੇਲ ਛੁੱਟਣੀ,** ਕ੍ਰਿ:—ਰੇਲ ਗੱਡੀ ਚੱਲ ਪੈਣੀ ॥

**ਰੇਲ ਦੀ ਸੜਕ,** ਸ:-ਲੋਹੇ ਦੀ ਸੜਕ ਜਿਸ ਉੱਤੇ ਰੇਲ ਚਲਦੀ ਹੈ ॥

**ਰੇਲ ਪੇਲ,** ਸ:-ਬੁਤਾਇਤ, ਵਾਧਾ, ਬਹੁਤ ਮਾਲ ॥

**ਰੇਲਵਾਈ,** ਵਿ:—ਰੇਲ ਦੇ ਮਹਿਕਮੇ ਦਾ, ਰੇਲ ਵਾਲੇ ॥

**ਰੇਲਣਾ,** ਕ੍ਰਿ:—ਢੇਰ ਲਾਉਣਾ, ਕੱਠਾ ਕਰਕੇ ਭਰਨਾ (ਅਨਾਜ) ॥

Digitized by Panjab Digital Library | www.panjabdigilib.org

**ਰੇਵੰਦ,** ਸ਼ਾ—'ਰੇਉ'ਦ' ਵੇਖੋ ॥

**ਰੇੜ੍ਹ**
**ਰੇੜ੍ਹਨਾ (ਵਾਂ)**
**ਰੇੜ੍ਹਾ (ੜ੍ਹੀ)**
**ਰੇੜ੍ਹੂ**
} 'ਰਹੜ' ਆਦਿਕ ਵੇਖੋ ॥

**ਰੇੜਕਾ,** ਪੁ:—ਝਗੜਾ, ਬਖੇੜਾ, ਕਜੀਆ, ਪੁਆੜਾ ॥

**ਰੇੜਾ,** ਪੁ:—ਰੋਲ ਦਾ ਪੁਤ੍ਰ, ਸੁੱਖੀ ਲੱਧਾ ਮੁੰਡਾ ॥

**ਰੇੜੀ,** ਸ:—'ਅਰੇੜੀ' ਵੇਖੋ, ਰੋਲ ਦੀ ਧੀ, ਸੁੱਖੀ ਲੱਧੀ ਕੁੜੀ ।

**ਰੈ**
**ਰੈਇ**
} ਸ:—ਹੁਮੈਤ, ਨਿਸਬਤ, ਭਾਉ, ਖਿਆਲ, ਮੱਤ, ਵਿਚਾਰ ॥

**ਰੈਈਂ ਰੈਈਂ**
**ਰੈਂ ਰੈਂ**
} ਸ:—ਰੌਲਾ, ਚਿੜ ਚਿੜ, ਰੀਂ ਰੀਂ (ਕਰਨੀ, ਲਾਉਣੀ) ॥

**ਰੈਜ਼ੋਲਿਊਸ਼ਨ,** ਪੁ:-ਗੁਰਮਤਾ, ਸਲਾਹ, ਇਰਾਦਾ, ਬਹੁਤੇ ਲੋਕ ਇਕੱਠੇ ਹੋ ਕੇ ਜੋ ਆਪਣੀ ਇਕ ਮਤ ਪਰਗਟ ਕਰਨ ॥

**ਰੈਣਾ,** ਪੁ:—ਘੜਿਆਲ ਵਜਾਉਣ ਲਈ ਜਿਸ ਹਿੱਸੇ ਨਾਲ ਟਕੋਰ ਲਾਈਦੀ ਹੈ, ਛਣਕਣੇ ਦੇ ਦਾਣੇ, ਗੋਲੀਆਂ, ਰੋੜੇ ।

**ਰੈਣੀ,** ਸ:—ਢਾਲਿਆ ਹੋਇਆ ਸੋਨਾ ਜਾਂ ਚਾਂਦੀ, ਢਾਲ ਹੋਇਆ ਕਸੁੰਭੇ ਦਾ ਰੰਗ, ਸਵੀਲ, ਪਾਣੀ, ਧਰਨ, ਸੋਡਾ

**ਰੈਤ,** ਸ:—'ਰਿਆਇਤ' ਵੇਖੋ ।

**ਰੈਤਾ,** ਪੁ:—'ਰਾਇਤਾ' ਵੇਖੋ ॥

**ਰੈਨ,** ਸ:—ਰਾਤ ॥



**ਰੈਫ਼ਰੀ,** ਪੁ:—ਫੁਟ ਬਾਲ ਦੀ ਖੇਡ ਵਿੱਚ ਫੈਸਲਾ ਕਰਨ ਵਾਲਾ ॥

**ਰੋਲਾ,** ਵਿ:—ਸੌਖਾ, ਸਵੱਲਾ, ਆਪਣੀ ਮਰਜੀ ਦਾ (ਭਾਉ) ॥

**ਰੋਲਾ ਘੋਲਾ,** ਵਿ:—ਮੇਹਰਬਾਨ, ਲਿਹਾਜ ਵਾਲਾ ॥

**ਰੋ,** ਸ:—ਰੁਹਬ ਵਾਲੀ ਸ਼ਕਲ, ਲਿਹਾਜ, ਆਸ, ਰਈ, ਹੁਮੈਤ ॥

**ਰੋ ਪੂਰਣੀ,** ਕ੍ਰਿ:—ਸੋਹਣਾ ਲੱਗਣਾ ।

**ਰੋ ਪੈਣਾ,** ਕ੍ਰਿ:—ਰੋਲ ਲਗ ਜਾਣਾ ।

**ਰੋਆਂ,** ਪੁ:—'ਰੁਆਂ' ਵੇਖੋ ॥

**ਰੋਇਣ,** ਸ:—ਖੇਤ ਵਿੱਚ ਖੋਖਲੀ ਜਾਂ ਪੋਲੀ ਥਾਂ, ਦਲਦਲ, ਇੱਕ ਕਰਾਂ ਦੀ ਕਾਂਸੀ ਦੀ ਧਾਤ ॥

**ਰੋਏ,** ਪੁ:—(ਬਹੁ:)—ਖਾਹਸ਼ਾਂ, ਗਰਭਵਤੀ ਦੀ ਕਦਰੀ (ਲੱਗਣੇ), ਗਰਭ ਦੇ ਦਿਨਾਂ ਵਿੱਚ ਤੇਲ ਦਾ ਸੌਦਾ ਵੰਡਣ ਦੀ ਰੀਤ

**ਰੋਸ,** ਪੁ:—ਗੁੱਸਾ, ਕ੍ਰੋਧ, ਰੰਜ, ਰੁੱਸ ਜਾਣਾ ॥

**ਰੋਸ਼ਨ,** ਵਿ:—ਚਾਨਣਾ, ਚਮਕਦਾਰ, ਉੱਘਾ ॥

**ਰੋਸ਼ਨਦਾਨ,** ਪੁ:—ਚਾਨਣ ਆਉਣ ਵਾਸਤੇ ਕੰਧ ਜਾਂ ਛੱਤ ਦਾ ਝਰੋਖਾ ।

**ਰੋਸ਼ਨਾਈ**
**ਰੋਸ਼ਨੀ**
} ਸ:—ਚਾਨਣ, ਨੀਝ, ਚਮਕ, ਸਿਆਹੀ, ਲਿਖਣ ਵਾਲਾ ਰੰਗ, ਸੋਭਾ, ਮਸ਼ਹੂਰੀ (ਹੋਣਾ, ਕਰਨਾ) ॥

**ਰੋੱਸਾ,** ਪੁ:—'ਰੋਸ' ਵੇਖੋ । ਪਹਾੜ ।

**ਰੋਹ,** ਪੁ:—'ਰੂਹ' ਵੇਖੋ ।

Digitized by Panjab Digital Library | www.panjabdigilib.org

**ਰੋਹਣੀ,** ਸ:—ਚੌਥਾ ਨਛਤ੍ਰ ॥

**ਰੋਹੜ**
**ਰੋਹੜਨਾ**
**ਰੋਹੜੂ,** } 'ਰੋੜ੍ਹ' ਆਦਿਕ ਵੇਖੋ ॥

**ਰੋਹੀ,** ਸ:—ਰੋਹਲੀ, ਰੇੜਲੀ ਧਰਤੀ, ਜੰਗਲ, ਪੰਜਾਬ ਦਾ ਇੱਕ ਅਲਾਕਾ, ਨਦੀ ਜਾਂ ਨਹਿਰ ਦੀ ਢਾਹਿ ॥

**ਰੋਹੂੜ,** ਪੁ:—ਨੀਲੋਫਰ ਜਾਂ ਕੰਮੀਆਂ ਦੀ ਜੜ੍ਹ ॥

**ਰੋਹੂ,** ਪੁ:—ਇੱਕ ਮੱਛੀ ਜੋ ਖਾਣ ਦੇ ਕੰਮ ਬਹੁਤ ਆਉਂਦੀ ਹੈ ॥

**ਰੋਹੇ,** ਪੁ:—(ਬਹੁ:) ਅੱਖਾਂ ਦੀ ਲਾਲੀ ਜਾਂ ਸੁੱਜੀਆਂ ਹੋਈਆਂ ਥਾਂਵਾਂ ॥

**ਰੋਹੇਲਾ,** ਪੁ:—ਪਹਾੜ ਦਾ, ਪਹਾੜੀ ਵਾਲਾ ॥

**ਰੋਕ,** ਸ:—ਨਕਦ, ਬਿਘਨ, ਅਟਕਾਉ, ਮਨਾਹੀ ।

**ਰੋਕ ਟੋਕ,** ਸ:—ਬੰਧਾ, ਮਨਾਹੀ, ਅਟਕਾਉ ॥

**ਰੋਕਣਾ,** ਕ੍ਰਿ:—ਹਟਾਉਣਾ, ਵਰਜਣਾ, ਨਾ ਦੇਣਾ, ਰੱਖ ਛੱਡਣਾ ।

**ਰੋਕੜ (ੜਾ)**
**ਰੋਕੜੀ** } ਸ:—ਰੋਕ, ਨਕਦ ॥

**ਰੋਕੜੀਆ,** ਪੁ:—ਜਿਸ ਦੇ ਪਾਸ ਬਹੁਤ ਨਕਦੀ ਹੈ, ਖਜ਼ਾਨਚੀ, ਜੋ ਨਕਦ ਦੇਵੇ ॥

**ਰੋਕ**
**ਰੋਕੜ (ੜੀ)** } ਸ:—ਰੋਕ, ਨਕਦ ॥

**ਰੋਕੂ,** ਪੁ:—ਰੋਕਣ ਜਾਂ ਹਟਾਉਣ ਵਾਲਾ ॥

**ਰੋਖ,** ਪੁ:—ਰੋਹ, ਗੁੱਸਾ, ਕ੍ਰੋਧ, ਜੋਸ਼ ॥

**ਰੋਗ,** ਪੁ:—ਬਿਮਾਰੀ, ਸਰੀਰ ਦਾ ਵਿਗਾੜ, ਦੋਸ, ਐਬ ॥

**ਰੋਗਣ,** ਸ:—ਜਿਸ ਇਸਤ੍ਰੀ ਨੂੰ ਰੋਗ ਹੈ, ਬਿਮਾਰ, ਮਾਂਦੀ, ਢਿੱਲੀ ॥

**ਰੋਗਨ,** ਪੁ:—ਚਿਕਿਆਈ, ਤੇਲ, ਅਸਬਾਬ ਚਮਕਾਉਣ ਵਾਲਾ ਚਿਪਚਿਪਾ ਪਾਣੀ (ਵਰਨਸ਼), ਚਰਬੀ, ਘਿਉ ।

**ਰੋਗਨ ਸਫੈਦ**
**ਰੋਗਨ ਜ਼ਰਦ** } ਪੁ:—ਘਿਉ ॥

**ਰੋਗਨ ਸਿਆਹ,** ਪੁ:—ਮਿੱਠਾ ਜਾਂ ਕੌੜਾ ਤੇਲ ।

**ਰੋਗਨ ਗੁਲ,** ਪੁ:—ਗੁਲਾਬ ਦਾ ਖੁਸ਼ਬੂਦਾਰ ਤੇਲ ॥

**ਰੋਗਨ ਤੁਰਬ,** ਪੁ:—ਇੱਕ ਬੂਟੀ ਦੀ ਖੁਸ਼ਬੂਦਾਰ ਗੂੰਦ ॥

**ਰੋਗਨ ਬੈਜ਼ ਮੁਰਗ,** ਪੁ:—ਕੁੱਕੜੀ ਦੇ ਆਂਡਿਆਂ ਦਾ ਤੇਲ ॥

**ਰੋਗਨ ਮਜਮੂਆ,** ਪੁ:—ਕਈਆਂ ਖੁਸ਼ਬੂਆਂ ਵਾਲਾ ਤੇਲ ॥

**ਰੋਗਨੀ,** ਵਿ:—ਰੋਗਨ ਵਾਲਾ, ਜਿਸ ਉੱਤੇ ਰੋਗਨ ਕੀਤਾ ਹੈ ॥

ਸ: —ਘਿਉ ਨਾਲ ਪੱਕੇ ਛਾਟਨੇ ॥

**ਰੋਗਨੀ ਰੋਟੀ,** ਸ:—ਇੱਕ ਤਰਾਂ ਦੀ ਮਿੱਠੀ ਖਸਤਾ ਰੋਟੀ ॥

Digitized by Panjab Digital Library | www.panjabdigilib.org

**ਰੋਗੀ,** ਪੁ:—ਜਿਸ ਨੂੰ ਰੋਗ ਹੋਵੇ, ਬਿਮਾਰ, ਢਿੱਲਾ, ਮਾਂਦਾ ॥

**ਰੋਚਕ,** ਸ:—ਜਿਸ ਚੀਜ਼ ਨਾਲ ਭੁੱਖ ਜਾਂ ਚਾਹ ਵਧੇ ॥

**ਰੋਜ਼,** ਪੁ:—ਦਿਨ ਦਿਹਾੜੀ, ਰਣਾ ॥

ਕ੍ਰਿ: ਵਿ:—ਹਰ ਦਿਨ, ਦਿਹਾੜੀ ਦਾ

**ਰੋਜ਼ਦਾਰ,** ਵਿ:—ਜਿਸ ਨੇ ਰੋਜ਼ਾ ਰੱਖਿਆ ਹੋਵੇ ॥

**ਰੋਜ਼ ਨਾਮਚਾ,** ਪੁ:—ਰੋਜ਼ ਦੀਆਂ ਗੱਲਾਂ ਦਾ ਰਪੋਟ ਲਿਖਣ ਦੀ ਕਿਤਾਬ, ਰੋਜ਼ ਦੇ ਲੇਖੇ ਦੀ ਵਹੀ ।

**ਰੋਜ਼ਨਦਾਰ,** ਪੁ:—ਦਿਹਾੜੀ; ਕਰਨ ਵਾਲਾ ਮਜ਼ੂਰ ॥

**ਰੋਜ਼ਨਦਾਰੀ,** ਸ:—ਦਿਨ ਦੀ ਮਜ਼ੂਰੀ, ਦਿਹਾੜੀ ॥

**ਰੋਜ਼ੜਾ, ਰੋਜ਼ਾ** } ਪੁ:—ਮੁਸਲਮਾਨਾਂ ਦਾ ਵਰਤ, ਸਾਰਾ ਦਿਨ ਸਵੇਰ ਤੋਂ ਸ਼ਾਮ ਤੱਕ ਕੁਝ ਨ ਖਾਣਾ ਪੀਣਾ (ਰੱਖਣਾ) ।

**ਰੋਜ਼ਾ ਖੋਲ੍ਹਣਾ,** ਕ੍ਰਿ:—ਵੇਲੇ ਸਿਰ ਕੁਝ ਖਾ ਕੇ ਰੋਜ਼ਾ ਤੋੜਨਾ ॥

**ਰੋਜ਼ੀ,** ਸ:—ਰੋਜ਼ ਦੀ ਖੁਰਾਕ, ਰਿਜ਼ਕ, ਅਜੀ-ਉਕਾ, ਰੁਜ਼ਗਾਰ ॥

**ਰੋਜ਼ੀਨਾ,** ਪੁ:—ਰੋਜ਼ ਦੀ ਤਲਬ, ਦਿਹਾੜੀ, ਵਜ਼ੀਫ਼ਾ, ਲੋਸ, ਪਿਨਸ਼ਨ ॥

**ਰੋਜ਼ੀਨਾ ਦਾਰ,** ਪੁ:—ਜਿਸ ਨੂੰ ਰੋਜ਼ੀਨਾ ਮਿਲੇ ॥

**ਰੋਸ਼,** ਸ:—ਇੱਕ ਤਰਾਂ ਦਾ ਹਰਨ, ਨੀਲਗਊ ॥

**ਰੋਟ,** ਪੁ:—ਵੱਡੀ ਮੋਟੀ ਰੋਟੀ, ਮੰਨ, (ਸੁੱਖਣਾ ਵਿੱਚ ਦੇਣ ਵਾਲਾ) ॥

**ਰੋਟਾ,** ਪੁ:—ਮੋਟੀ ਭਾਰੀ ਰੋਟੀ ॥

**ਰੋਟੀ,** ਸ:—ਆਟੇ ਦੀ ਪੱਕੀ ਹੋਈ ਮਸ਼ਹੂਰ ਖਾਣ ਵਾਲੀ ਚੀਜ਼, ਮੰਡਾ ਫੁਲਕਾ, ਮੰਨੀ, ਅੰਨ, ਅਹਾਰ, ਗਿਆਵਤ ॥

**ਰੋਟੀ ਕਪੜਾ,** ਪੁ:—ਖਾਣ ਅਤੇ ਪਹਿਨਣ ਦਾ ਸਮਿਆਨ ॥

**ਰੋਟੀ ਕਪੜੇ (ਲੀੜੇ) ਦਾ ਦਾਵਾ,** ਪੁ:—ਆਪਣੇ ਗੁਜ਼ਾਰੇ ਵਾਸਤੇ ਛੁੱਟੜ ਰੰਨ ਜੋ ਅਦਾਲਤ ਵਿੱਚ ਖਸਮ ਉੱਤੇ ਦਾਵਾ ਕਰੇ ॥

**ਰੋਟੀ ਟੁੱਕਰ ਕਰਨਾ,** ਕ੍ਰਿ:—ਰੋਟੀ ਪਕਾਉਣ ਦਾ ਕੰਮ ਕਰਨਾ ॥

**ਰੋਟੀ ਦੇਣੀ,** ਕ੍ਰਿ:-ਪਾਲਣਾ, ਜ਼ਿਆਫ਼ਤ ਕਰਨੀ ॥

**ਰੋਂਠਾ,** ਪੁ:—ਗੁੱਸਾ, ਰੁੱਠਣ ਦੀ ਹਾਲਤ ॥

**ਰੋਡ, ਰੋਡ ਭੋਡ** } ਵਿ:—ਜਿਸ ਦਾ ਸਿਰ ਮੁੰਨ ਕੇ ਸਫਾ ਕੀਤਾ ਹੋਇਆ ਹੋਵੇ ॥

**ਰੋਡ ਬੰਗਲਾ,** ਪੁ:—ਸਾਰਕ ਮਾਸਟਰੀ ਵਾਲਿਆਂ ਦੇ ਉਤਾਰੇ ਦਾ ਬੰਗਲਾ ॥

**ਰੋਡਾ, ਰੋੱਡਾ, ਰੋਡਾ ਭੋੱਡਾ** } ਵਿ:—ਜਿਸ ਦਾ ਸਿਰ ਬਿਲਕੁਲ ਮੁੰਨਿਆ ਹੋਇਆ ਹੋਵੇ ॥

**ਰੋਡੂ,** ਪੁ:—ਜਿਸ ਬਾਲਕ ਦਾ ਸਿਰ ਬਿਲਕੁਲ ਮੁੰਨਿਆ ਹੋਇਆ ਹੋਵੇ ॥

Digitized by Panjab Digital Library | www.panjabdigilib.org

**ਰੋਣ,** ਸ:—ਰੋਣਾ, ਬਿਰਲਾਪ, ਖੇਡਣ ਵਿੱਚ ਧੋਖਾ, ਰੋਲ ॥

**ਰੋਣ ਹਾਕਾ,** ਵਿ:—ਰੋਣ ਨੂੰ ਤਿਆਰ, ਜੋ ਰੋਣ ਲੱਗੇ ॥

**ਰੋਣਾ,** ਕ੍ਰਿ:—ਦੁਖ ਨਾਲ ਕੁਰਲਾਉਣਾ, ਚੀਕਣਾ, ਬਿਲਕਣਾ ॥

**ਰੋਣਾ ਧੋਣਾ,** ਕ੍ਰਿ:—ਰੋਣਾ ਅਤੇ ਚੀਕਣਾ, ਤਰਲੇ ਲੈਣਾ ॥

**ਰੋਣਾ ਪਿੱਟਣਾ,** ਕ੍ਰਿ:—ਰੋਣਾ, ਬਿਰਲਾਪ ਜਾਂ ਫਰਿਆਦ ਕਰਨਾ।

**ਰੋਣੇ ਰੋਣਾ,** ਕ੍ਰਿ:—ਆਪਣੇ ਦੁਖੜੇ ਖੋਲ੍ਹ ਕੇ ਸੁਣਾਉਣਾ ॥

**ਰੋਣੀ,** ਵਿ:—ਰੋਣ ਵਾਲੀ, ਉਦਾਸ, ਖੇਡ ਵਿੱਚ ਧੋਖੇਬਾਜ਼ ॥

**ਰੋਣੀ ਸ਼ਕਲ**<br>**ਰੋਣੀ ਸੂਰਤ** } ਸ:—ਜਿਸ ਦਾ ਚੇਹਰਾ ਉਦਾਸ ਹੈ।

**ਰੋਂਦੂ,** ਵਿ:—ਜਿਸ ਨੂੰ ਰੋਣ ਦੀ ਵਾਦੀ ਹੈ।

**ਰੋਪਣਾ (ਨਾ),** ਪੁ:—ਕੁੜਮਾਈ ਦੇ ਵੇਲੇ ਜੋ ਕੁਝ ਕੁੜੀ ਦਾ ਪੇਉ ਮੁੰਡੇ ਨੂੰ ਘੱਲੇ (ਸੋਨਾ ਛੁਹਾਰੇ ਆਦਿਕ, ਸ:—ਮੰਗਣੀ (ਪਣੀ)।

**ਰੋਬਕਾਰ,** ਅਵ:—ਸਾਮ੍ਹਣੇ, ਅੱਗੇ ॥
ਸ:—ਸਰਕਾਰੀ ਚਿੱਠੀ ਜਾਂ ਹੁਕਮ।

**ਰੋਬਕਾਰੀ,** ਸ:—ਹਾਜ਼ਰੀ, ਮੁਕੱਦਮੇ ਦੀ ਕਾਰਵਾਈ।

**ਰੋਂਬਣਾ,** ਕ੍ਰਿ:—ਬੂਟਾ ਲਾਉਣਾ, ਬੀ ਪਾਉਣਾ ॥



**ਰੋਬਰੋ,** ਅਵ:—ਮੂੰਹ ਸਾਮ੍ਹਣੇ, ਅੱਗੇ (ਹੋਣਾ, ਕਰਨਾ) ॥

**ਰੋਮ,** ਪੁ:—ਲੂਆਂ ਵੇਖੋ ॥

**ਰੋਲ,** ਪੁ:—ਖੇਡ ਵਿੱਚ ਜੋ ਧੋਖਾ ਦਿੱਤਾ ਜਾਵੇ। ਰਲਾ ॥
ਸ:—ਦਾਲਾਂ ਵਿੱਚੋਂ ਜੂਆਂ ਆਦਿਕ ਕੱਢਣੀਆਂ (ਰੋਲਣੀ, ਪਾਉਣੀ) ॥

**ਰੋਲ ਸਿੱਟਣਾ**<br>**ਰੋਲ ਦੇਣਾ**<br>**ਰੋਲ ਲੈਣਾ** } ਕ੍ਰਿ:—'ਰੋਲਣਾ' ਵੇਖੋ ॥

**ਰੋਲਣ (ਨ),** ਸ:—ਫਰੋਲਣ, ਧੋਖਾ ਦੇਣ ਵਾਲੀ ਕੀਮਤ ॥

**ਰੋਲਣਾ, (ਨਾ),** ਕ੍ਰਿ:—ਫੋਲਣਾ, ਰਗੜਨਾ, ਤੰਗ ਕਰਨਾ, ਹਰਾਉਣਾ ॥

**ਰੋਲਰ,** ਪੁ:—ਸੜਕ ਕੁੱਟਣ ਵਾਲਾ ਇੰਜਣ ਜਾਂ ਵੇਲਣਾ।

**ਰੋਲਾ,** ਪੁ:<br>**ਰੋਲੀ,** ਸ: } ਇਕ ਲਾਲ ਧੂੜਾ ਟਿੱਕਾ ਲਾਉਣ ਵਾਲਾ, ਇਕ ਫੁੱਲ ॥

**ਰੋੜ,** ਪੁ:—ਰੋੜਾ, ਕਰੜ ਦਾਣਾ ॥

**ਰੋੜ੍ਹ,** ਪੁ:—ਵਹਿਣ, ਵਹਾਉ, ਨਦੀ ਦਾ ਸੁੱਕਾ ਥੱਲਾ।

**ਰੋੜ੍ਹਨਾ,** ਕ੍ਰਿ:—ਡੋਲ੍ਹਣਾ, ਵਗਾਉਣਾ, ਰੋੜ੍ਹਨਾ, ਵਿਗਾੜਨਾ, ਨਾਸ ਕਰਨਾ।

**ਰੋੜੂ,** ਵਿ:—ਜੋ ਚੰਗੀ ਤਰਾਂ ਰਿੜ੍ਹੇ (ਗੱਡੀ ਆਦਿਕ), ਰੋੜ੍ਹਨ ਵਾਲਾ ॥

Digitized by Panjab Digital Library | www.panjabdigilib.org

**ਰੋੜਾ,** ਪੁ:-ਚੂਲੇ ਦੀ ਜਿਗਰ ਤਲੀ, ਕੰਕਰ, ਪੱਥਰ ਜਾਂ ਇੱਟ ਦਾ ਰੋੜਾ, ਕਰੜਾ ਦਾਣਾ, ਗੁੜ ਦਾ ਡਲ, ਡੰਗਰਾਂ ਦੇ ਪੈਰ ਦਾ ਇੱਕ ਰੋਗ, ਅਰੋੜਾ।

**ਰੋੜੀ,** ਸ:-ਰੋੜਿਆਂ ਦਾ ਕੱਠ, ਕੰਕਰ, ਗੁੜ ਦੀ ਡਲੀ, ਕੱਚੀ ਜਾਂ ਖਰਾਬ ਇਮਾਰਤ, ਢਿੱਬਾ, ਗਾੜ੍ਹ, ਅਰੋੜੀ।

**ਰੋੜੇ,** ਪੁ:, (ਬਹੁ:)—ਕਣਕ ਦੇ ਮਰੂੰਡੇ, ਅਰੋੜੇ।

**ਰੌ,** ਪੁ:—ਪਹਾੜੀ ਨਾਲਾ ਜਾਂ ਉਸ ਦੀ ਸੁੱਕੀ ਤਹ, ਵਹਿਣ, ਖਿਆਲ, ਦਲੀਲ।

**ਰੌਸ**
**ਰੌਂਸ** } ਸ:—ਰਾਹ, ਰੀਤ, ਬਾਗ ਦੇ ਵਿਚਲਾ ਰਸਤਾ, ਤੱਟ ਉੱਤੇ ਬਨੇਰੇ ਦੇ ਨਾਲ ਬੈਠਣ ਦਾ ਥੜ੍ਹਾ, ਸ਼ਾਹ ਨਸ਼ੀਨ, ਇੱਕ ਪਹਾੜੀ ਰੁੱਖ।

**ਰੌਸਲੀ,** ਸ:—ਚੰਗੀ ਮਿੱਟੀ ਵਾਲੀ ਧਰਤੀ।

**ਰੌਂਗ,** ਪੁ:—ਰਰਵਾਂਹ, ਇੱਕ ਤਰ੍ਹਾਂ ਦਾ ਅਨਾਜ।

**ਰੌਣ,** ਪੁ:—ਰਾਵਣ ... 
ਸ:—ਖੇਤ ਵਿਚਲਾ ਖੁੱਲ੍ਹਾ, ਚਲਚਲ।

**ਰੌਣਕ,** ਸ: —ਸ਼ੋਭਾ, ਚਮਕ, ਭੜਕ, ਬਹੁਤ ... , ਆਬਾਦਾਨੀ।

**ਰੌਣਕੀ**
**ਰੌਣਕੀਆ** } ਵਿ: ਪੁ:—ਰੌਣਕ ਵਾਲਾ, ਮੌਜੀ, ਹਸਮੁਖ।

**ਰੌਣਾ,** ਪੁ:—ਘੜਿਆਲ, ਦਾ ਰੌਣਾ।

**ਰੌਣਾ ਛੌਣਾ,** ਪੁ:—ਛੋਟਾ ਬਾਲਕ, ਨੀਂਗਰ।

**ਰੌਣੀ,** ਸ:—ਵਾਹੀ ਕਰਨ ਤੋਂ ਪਹਿਲੇ ਖੇਤ ਨੂੰ ਪਾਣੀ ਦੇਣਾ।



**ਰੌਂਦ,** ਸ: ਪਹਿਰੇ ਦਾ ਚੱਕਰ, ਪਹਿਰਾ, ਰੌਂਦ ਵਾਲਾ, ਸਿਪਾਹੀ।

**ਰੌਦਾ,** ਪੁ:—ਕਬਰ, ਖਾਨਗਾਹ, ਡੇਰੀ।

**ਰੌਲ,** ਪੁ: ਇੱਕ ਜਾਤ ਜਿਸ ਦੇ ਆਦਮੀ ਥਾਂ ਥਾਂ ਫਿਰਦੇ ਰਹਿੰਦੇ ਹਨ ਅਤੇ ਮੰਗਣਾ, ਹਕੀਮੀ ਅਤੇ ਠੱਗੀ ਜਿਨ੍ਹਾਂ ਦਾ ਕੰਮ ਹੈ।

**ਰੌਲਾ,** ਪੁ:—ਸ਼ੋਰ, ਬਹੁਤ ਉੱਚਾ ਅਵਾਜ਼, ... , ਉਪੱਦਰ, ਚੌਲਣ

**ਰੌਲਿਆਣੀ,** ਸ:—ਰੌਲ ਜਾਤ ਦੀ ਤੀਮਤ।

**ਰੌਲੀ,** ਸ:—'ਰੌਲਾ' ਵੇਖੋ।
ਪੁ:—ਇੱਕ ਛੋਟਾ ਪਹਾੜੀ ਰੁੱਖ।

**ਰੌਲੇ,** ਸ: ਪੰਦਰਾ ਮਹੀਨ ਜਿਸ ਵਿਚ ਬਰਿਆਈਆਂ ਨਾਂ ਹੋਵੇ।

## ਲ

**ਲ,** ਪੁ:—ਗੁਰਮੁਖੀ ਪੈਂਤੀ ਦਾ ਤੇਤੀਵਾਂ ਅੱਖਰ ਲੱਲਾ।

**ਲਊ,** ਪੁ:—ਰਾਜਾ ਰਾਮ ਚੰਦ੍ਰ ਜੀ ਦਾ ਇੱਕ ਪੁਤ੍ਰ, ਇੱਕ ਪਹਾੜੀ ਰੁੱਖ।

**ਲਈ,** ਅਵ:—ਵਾਸਤੇ, ਖਾਤਰ, ਸਦਕਾ, ਕਰਕੇ।

**ਲਸ,** ਸ:—ਲੇਸ, ਜਮਾਉ, ਲੇਸਲੀ ਚੀਜ਼, ਨਿਆਈਂ ਦੀ ਧਰਤੀ।

**ਲਮੰਸ,** ਪੁ:—ਹੁਕਮ, ਫਰਮਾਨ, ਸਲਾਹ, ਖਾਸ ਚੀਜ਼ ਦੇਖਣ ਦੇ ਅਖਤਿਆਰ ਦੀ ਲਿਖਤ।

Digitized by Panjab Digital Library | www.panjabdigilib.org

**ਲੱਸ,** ਸਃ—'ਲਾਸ' ਵੇਖੋ ॥

**ਲਸ਼ਕ,** ਪੁਃ—ਚਮਕ, 'ਬਿਜਲੀ', 'ਬਿਜਲੀ ਦਾ ਚਮਕਾਰਾ' ।

**ਲਸ਼ਕਣਾ,** ਕ੍ਰਿਃ—ਚਮਕਣਾ, 'ਬਿਜਲੀ ਦਾ ਚਾਨਣ ਹੋਣਾ' ॥

**ਲਸ਼ਕਰ,** ਪੁਃ—ਫੌਜ, ਮੇਲਾ, ਬਹੁਤ ਆਦਮੀਆਂ ਦਾ ਕੱਠ ॥

**ਲਾਂ ਲਸ਼ਕਰ,** ਪੁਃ—[illegible] ਮਨੁੱਖ ।

**ਲਸ਼ਕਾਉਣਾ,** ਕ੍ਰਿਃ—ਚਮਕਾਉਣਾ, [illegible] ਹਿਲਾਉਣਾ ॥

**ਲਸ਼ਕਾਰ**
**ਲਸ਼ਕਾਰਾ** } ਪੁਃ—'ਲਸ਼ਕ' ਵੇਖੋ ।

**ਲਸ਼ਟਕਾ,** ਸਃ—ਸੋਟੀ, ਡਾਂਗ, ਲਾਠੀ ॥

**ਲਸ਼ਟ ਪਸ਼ਟ**
**ਲਸ਼ਟਮ ਪਸ਼ਟਮ** } ਪੁਃ—ਇੱਕ ਮੁੱਠ, ਦੋਸਤ ਦਸਤ, ਸਾਂਝਆਲ

**ਲਸਣ,** ਪੁਃ—ਗੰਢੇ ਵਰਗਾ ਇੱਕ ਮਸ਼ਹੂਰ ਬੂਟਾ, ਥੋਮ, ਝੁਰੜੀ, ਪਿੰਡੇ ਉੱਤੇ ਕਾਲਾ ਦਾਗ ॥

**ਲਸਣੀਆ,** ਪੁਃ—ਜਿਸ ਦੇ ਪਿੰਡੇ ਉੱਤੇ ਕਾਲੇ ਦਾਗ ਹੋਣ ॥

**ਲਸ ਲਸ ਕਰਨਾ,** ਕ੍ਰਿਃ—ਚਿਪ ਚਿਪ ਕਰਨਾ ।

**ਲਸ ਲਸਾ,** ਵਿਃ—ਚਿਪਚਿਪਾ, ਲੇਸ ਦਾਰ ॥

**ਲੱਸਾ,** ਪੁਃ—ਮਸ਼ੀਨ ਦਾ [illegible] ਚਿੱਟਾ ਕਪੜਾ, ਲੱਠਾ ॥

**ਲਸਾਉਣਾ,** ਕ੍ਰਿਃ—ਵਿੱਚ ਮਲਾਉਣਾ ।

**ਲਸਾਈ,** ਸਃ—ਵਿੱਚ ਮਲਾਉਣ ਦਾ ਕੰਮ ਜਾਂ ਮਜੂਰੀ ॥

**ਲੱਸੀ,** ਸਃ—ਛਾਹ, ਦਹੀਂ ਨੂੰ ਰਿੜਕ ਕੇ ਪਾਣੀ ਪਾਇਆ ਹੋਯਾ, ਦੁੱਧ ਵਿੱਚ ਪਾਣੀ ਪਾਯਾ ਹੋਇਆ ॥

**ਕੱਚੀ ਲੱਸੀ,** ਸਃ—ਕੱਚੇ ਦੁੱਧ ਵਿੱਚ ਪਾਣੀ ਪਾਯਾ ਹੋਯਾ ।

**ਪੱਕੀ ਲੱਸੀ,** ਸਃ, ਛਾਹ, ਦਹੀਂ ਦੀ ਲੱਸੀ ॥

**ਲਸੂੜਾ**
**ਲਸੂੜ੍ਹਾ** } ਪੁਃ—ਇੱਕ ਰੁੱਖ ਅਤੇ ਉਸ ਦਾ ਲੇਸ ਦਾਰ ਫਲ ।

**ਲਸੂੜੀ**
**ਲਸੂੜ੍ਹੀ** } ਸਃ—ਲਸੂੜੇ ਵਰਗਾ ਫਲ ਅਤੇ ਰੁੱਖ ਪਰ ਛੋਟਾ ॥

**ਲਹਣਾ,** ਕ੍ਰਿਃ—'ਲਾਹੁਣਾ' ਵੇਖੋ ।

**ਲਹਾ,** ਪੁਃ—ਤਾਪ ਦਾ ਲਹਿ ਜਾਣ, ਲਾਹਾ ।

**ਲਹਾਉ,** ਪੁਃ—ਲਹਾ, ਲਹਣ ਜਾਂ ਉਤਰਨ ਦਾ ਕੰਮ ਜਾਂ ਹਾਲਤ ॥

**ਲਹਾਉਣਾ,** ਕ੍ਰਿਃ—ਲਾਹੁਣ ਦਾ ਕੰਮ ਕਰਾਉਣਾ ਉਤਰਵਾਉਣਾ ॥

**ਲਹਾਈ,** ਸਃ—ਉਤਰਾਈ, ਲਾਹੁਣ ਦਾ ਕੰਮ ਜਾਂ ਮਜੂਰੀ ॥

**ਲਹਿਕ,** ਸਃ—ਹਵਾ ਵਿੱਚ ਹਿਲਣਾ (ਅਨਾਜ ਜਾਂ ਘਾਹ ਦਾ)॥

**ਲਹਿੰਗਾ,** ਪੁਃ—ਤੇੜ ਦਾ ਜ਼ਨਾਨਾ ਕਪੜਾ, [illegible] ਘਗਰੀ ॥

Digitized by Panjab Digital Library | www.panjabdigilib.org

**ਲਹਿਣ,** ਪੁ:—ਝਬਕੇ ਦੀ ਰਹਿੰਦ ਖੂੰਹਦ ॥

**ਲਹਿਣਦਾਰ,** ਪੁ:—ਜਿਸ ਨੇ ਕਿਸੇ ਕੋਲੋਂ ਰਕਮ ਲਹਿਣੀ ਹੋਵੇ ।

**ਲਹਿਣਾ,** ਪੁ:—ਜੋ ਰਕਮ ਕਿਸੇ ਨੂੰ ਮਿਲਣ ਦਾ ਹੱਕ ਹੈ, ਪਰਾਲਬਧ ॥

**ਲਹਿਣਾ,** ਕ੍ਰਿ:-ਉਤਰਨਾ, ਹੇਠਾਂ ਆਉਣਾ, ਭਾਰ ਉਤਰਨਾ, (ਸੂਰਜ) ਅਸਤ ਹੋਣਾ, (ਦਿਨ) ਮੁੱਕਣਾ, (ਕਰਜ) ਦਿੱਤਾ ਜਾਣਾ, (ਬੁਖਾਰ) ਨਾ ਰਹਿਣਾ, (ਸਰੀਰ ਦਾ ਜੋੜ) ਆਪਣੀ ਥਾਂ ਤੋਂ ਹਿੱਲਣਾ, (ਦਿੱਤਾ ਹੋਇਆ ਕਰਜ) ਲੈਣਾ, ਉਗਰਾਹੁਣਾ ।

**ਲਹਿਣੀਏ ਦੇਣੀਏ ਦਾ ਸਰਬੰਧ,** ਪੁ: ਆਪਣੀ ਪਰਾਲਬਧ ਵਿਚ ਜੋ ਕਿਸੇ ਦਾ ਲਹਿਣਾ ਦੇਣਾ ਹੈ ॥

**ਲਹਿਣੇ ਵਾਲਾ,** ਪੁ:—'ਲਹਿਣ ਦਾਰ' ਵੇਖੋ, ਸ਼ਾਹ ।

**ਲਹਿਣਾਖਿਤੀ,** ਪੁ:-'ਲਹਿਣਦਾਰ' ਵੇਖੋ

**ਲਹਿਦ,** ਸ:—ਕਬਰ ਦੇ ਅੰਦਰਲਾ ਟੋਇਆ ਜਿਸ ਵਿੱਚ ਲੋਥ ਰਖਦੇ ਹਨ ॥

**ਲਹਿੰਦਾ,** ਪ: ਜਿਸ ਪਾਸੇ ਸੂਰਜ ਲਹਿੰਦਾ ਹੈ, ਪੱਛਮ, ਪੰਜਾਬ ਦੇਸ ਦਾ ਪੱਛਮੀ ਹਿੱਸਾ ॥

**ਲਹਿਰ,** ਸ: ਪਾਣੀ ਦਾ ਉਛਾਲਾ, ਤਰੰਗ, ਮੌਜ, ਜੋਸ਼, ਭਰਮ, ਪੀੜ, ਸੱਪ ਆਦਿਕ ਦਾ ਜ਼ਹਿਰ ਦਾ ਅਸਰ, ਰੋਗ ਦਾ ਜ਼ੋਰ, ਠੰਡ, ਕਕਰ, ਲਹਿਰ ਵਰਗੀ ਧਾਰੀ, ਖੁਸ਼ੀ, ਮਸਤੀ ।

**ਲਹਿਰ ਉੱਠਣੀ,** ਕ੍ਰਿ:-ਜੋਸ਼ ਚੜ੍ਹਨਾ, ਅਨੰਦ ਵਿਚ ਮਗਨ ਹੋਣਾ ॥

**ਲਹਿਰ ਆਉਣੀ,** ਕ੍ਰਿ:-ਸੁਖੀ ਹੋਣਾ, ਵਧਣਾ, ਫੁੱਲਣਾ ॥

**ਲਹਿਰ ਪੈਣੀ,** ਕ੍ਰਿ:-ਫਿਰਵੀਂ ਪੀੜ ਹੋਣੀ ॥

**ਲਹਿਰ ਬਹਿਰ,** ਸ: ਸੁਖ, ਦੌਲਤ, ਖੁਸ਼ਹਾਲੀ, ਵਾਧਾ ।

**ਲਹਿਰਾਂ ਮਾਰਨਾ,** ਕ੍ਰਿ: ਪਾਣੀ ਦਾ ਜੋਰ ਨਾਲ ਉਛਲਣਾ ॥

**ਲਹਿਰਣ,** ਸ:-ਮੌਜ ਕਰਨ ਵਾਲੀ ਤੀਮਤ ॥

**ਲਹਿਰਾ,** ਪੁ:-ਦੌਲਤ, ਅਰਾਮ, ਖੁਸ਼ੀ, ਮੌਜ, ਵਾਜਾ ਵਜਾਉਣ ਦਾ ਢੰਗ ।

**ਲਹਿਰਾਉ,** ਪੁ:-ਬੱਦਲਾਂ ਦਾ ਫੈਲ ਕੇ ਝੁਕ ਜਾਣਾ, ਘਟਾ ਆਉਣੀ ॥

**ਲਹਿਰਾਉਣਾ,** ਕ੍ਰਿ:-ਹਵਾ ਵਿੱਚ ਹੌਲੀ ਹੌਲੀ ਹਿਲਣਾ (ਘਾਹ ਆਦਿਕ ਦਾ) ॥

**ਲਹਿਰੀ,** ਪੁ:, ਵਿ:-ਮੌਜਾਂ ਮਾਨਣ ਵਾਲਾ, ਜੋ ਸੁਖ ਭੋਗੀ, ਮੌਜੀ ॥

**ਲਹਿਰੀਆ,** ਵਿ:-ਜੋ ਲਹਿਰਾਵੇ, ਜਿਸ ਉੱਤੇ ਲਹਿਰਾਂ ਵਰਗੀਆਂ ਧਾਰੀਆਂ ਹੋਣ (ਕਪੜਾ ਆਦਿਕ) ॥

**ਲਹਿ ਲਹਾਉਣਾ,** ਕ੍ਰਿ:-ਲਹਿਰਾਉਣ, ਹਰਾ ਭਰਾ ਹੋਣਾ, ਵਲ ਖਾਂਦਿਆਂ ਜਾਣਾ (ਸੱਪ ਵਾਂਗਰ) ।

Digitized by Panjab Digital Library | www.panjabdigilib.org

**ਲਹਿਲਹਾਟ,** ਸ: ਖੇਤ ਵਿਚ ਖੜ੍ਹੇ ਅਨਾਜ ਦਾ ਵਾਉ ਨਾਲ ਹਿੱਲਣਾ ॥

**ਲਹਿ ਲਹਿ ਕਰਨਾ,** ਕ੍ਰਿ:—'ਲਹਿਲਹਾਉਣਾ' ਵੇਖੋ ॥

**ਲਹਿਲੌਟ,** ਵਿ:—ਜੋ ਵਿਤੋਂ ਬਾਹਰਾ ਖਰਚ ਕਰੇ, ਉਡਾਊ, ਜਿਸ ਦੇ ਹਸਦੇ ਹਸਦੇ ਢਿੱਡ ਵਿਚ ਵਲ ਪੈਣ।

**ਲਹੁਕਾ,** ਵਿ:—ਛੋਟਾ, ਨਿੱਕਾ (ਪੁੱਤ੍ਰ, ਭਰਾ ਆਦਿਕ)॥

**ਲਹੁੜਾ,** ਵਿ: ਛੋਟਾ, ਨਿੱਕਾ (ਮੁੰਡਾ, ਵੱਛਾ), ਬਹੁਤ ਦਿਨ ਚੜ੍ਹੇ ॥

**ਲਹੁੜਾ ਵੇਲਾ,** ਪੁ:-ਦਿਨ ਦਾ ਚੌਥਾ ਪਹਿਰ ਦੁਪਹਿਰ ਤੋਂ ਪਿਛਲਾ ਵੇਲਾ ॥

**ਲਹੂ,** ਪੁ:—ਰੱਤ, ਖੂਨ, ਰਗਾਂ ਵਿੱਚ ਫਿਰਨ ਵਾਲਾ ਲਾਲ ਪਾਣੀ ॥

**ਲਹੂ ਆਉਣਾ,** ਕ੍ਰਿ: ਸਰੀਰ ਦੇ ਅੰਦਰੋਂ ਲਹੂ ਬਾਹਰ ਜਾਣਾ ।

**ਲਹੂ ਮੁੱਕਣਾ,** ਕ੍ਰਿ:-ਬਹੁਤ ਡਰ ਜਾਣਾ, ਨਸੋਂ ਹੋ ਜਾਣਾ ॥

**ਲਹੂ ਕੱਢਣਾ,** ਕ੍ਰਿ:—ਰਗ ਨੂੰ ਕਟ ਕੇ ਲਹੂ ਨਿਕਲਣ ਦੇਣਾ ॥

**ਲਹੂ ਛੁਡਾਉਣਾ,** ਕ੍ਰਿ:-ਰਗ ਕਟਾ ਕੇ ਲਹੂ ਕਢਾਉਣਾ ॥

**ਲਹੂ ਥੁੱਕਣਾ,** ਕ੍ਰਿ:-ਸੰਘ ਵਿੱਚੋਂ ਲਹੂ ਮੂੰਹ ਦੇ ਰਾਹ ਕੱਢਣਾ ।

**ਲਹੂ ਦਾ ਤਿਹਾਇਆ**
**ਲਹੂ ਦਾ ਪਿਆਸਾ** } ਵਿ: ਜੋ ਮਾਰਨਾ ਚਾਹੇ, ਜਾਨੀ ਵੈਰੀ ।

**ਲਹੂ ਦਾ ਵਗਾਜ,** ਪੁ:—ਲਹੂ ਦਾ ਗੇੜਾ ਹੋ ਜਾਣਾ ॥

**ਲਹੂ ਨਾਲ ਹੱਥ ਭਰਨਾ,** ਕ੍ਰਿ:—ਖੂਨ ਕਰਨਾ, ਬਹੁਤ ਭਾਰੀ ਲੜਾਈ ਕਰਨੀ, ਨਿਰਦਈ ਹੋਣਾ ।

**ਲਹੂ ਪਛਾਣਨਾ,** ਕ੍ਰਿ: ਆਪਣਾ ਸਰਬੰਧੀ ਵੇਖ ਕੇ ਮੋਹ ਅੰਦਰੋਂ ਉੱਠਣਾ ॥

**ਲਹੂ ਪਾਣੀ ਇੱਕ ਹੋਣਾ (ਕਰ ਦੇਣਾ),** ਕ੍ਰਿ:- ਬਹੁਤ ਮਿਹਨਤ ਨਾਲ ਕੋਈ ਕੰਮ ਕਰਨਾ, ਪਰਸੇਉ ਆ ਜਾਣਾ ॥

**ਲਹੂ ਪੀਣਾ,** ਕ੍ਰਿ:—ਦੁਖ ਦੇਣਾ, ਬਹੁਤ ਖਪਾਉਣਾ ॥

**ਲਹੂ ਲੁਹਾਰ**
**ਲਹੂ ਲੁਹਾਣ** } ਵਿ:—ਲਹੂ ਨਾਲ ਭਰਿਆ ਜਾਂ ਲਿਬੜਿਆ ਹੋਯਾ ॥

**ਲਹੂੰਝਰਾ,** ਵਿ:—ਮਜੂਰੀ ਦੇ ਆਸਰੇ ਰਹੇ, ਕਮੀਣਾ, [illegible] ।

**ਲਹੌਰ,** ਪੁ:—ਪੰਜਾਬ ਦੀ ਰਾਜ ਧਾਨੀ, ਮਸ਼ਹੂਰ ਸ਼ਹਿਰ ।

**ਲਹੌਰੀ,** ਵਿ:—ਲਹੌਰ ਦਾ, ਲਹੌਰ ਵਿੱਚ ਬਣਿਆ ਹੋਇਆ ॥

**ਲਹੌਰੀਆ,** ਪੁ:—ਲਹੌਰ ਦਾ ਰਹਿਣ ਵਾਲਾ ॥

**ਲਹੌਲ,** ਪੁ:—ਬਚਾਉ, ਸ਼ੈਤਾਨ ਤੋਂ ਪਨਾਹ ਮੰਗਣ ਦਾ ਬਚਨ ।

Digitized by Panjab Digital Library | www.panjabdigilib.org

**ਲਹੌਲ ਪੜ੍ਹਨਾ,** ਕ੍ਰਿ:—ਜਿੰਨ ਭੂਤ ਹਟਾਉਣ ਲਈ ਜਾਂ ਗਿਲਾਨੀ ਦੱਸਣ ਲਈ 'ਇਹ ਕਹਿਣਾ 'ਲਾ ਹੌਲ ਵਲਾ ਕੁੱਵਤ ਇੱਲਾ ਬਿੱਲਾ-ਹਿ' ਇਸ ਦਾ ਅਰਥ ਇਹ ਹੈ ਕਿ ਬਿਨਾ ਰੱਬ ਦੇ ਹੋਰ ਕਿਸੇ ਵਿੱਚ ਸਮਰਥ ਜਾਂ ਤਾਕਤ ਨਹੀਂ ॥

**ਲੱਕ,** ਪੁ:—ਕਮਰ, ਸਰੀਰ ਦਾ ਵਿਚਲਾ ਹਿੱਸਾ ॥

**ਲੱਕ ਸਿੱਧਾ ਕਰਨਾ,** ਕ੍ਰਿ:—ਲੰਮੇ ਪੈ ਜਾਣਾ ॥

**ਲੱਕ ਕੱਸਣਾ,** ਕ੍ਰਿ:—'ਲੱਕ ਬੰਨ੍ਹਣਾ' ਵੇਖੋ ॥

**ਲੱਕ ਕੁੱਬਾ ਹੋਣਾ,** ਕ੍ਰਿ:—ਭਾਰ ਜਾਂ ਬੁਢੇਪੇ ਕਰਕੇ ਪਿੱਠ ਝੁਕ ਜਾਣੀ ॥

**ਲੱਕ ਖੋਲ੍ਹਣਾ (ਖੋਲ੍ਹ ਦੇਣਾ),** ਕ੍ਰਿ:—ਪੇਟੀ ਆਦਿਕ ਲਾਹ ਕੇ ਦਮ ਲੈਣਾ ॥

**ਲੱਕ ਟੁੱਟਣਾ,** ਕ੍ਰਿ:—ਹੌਸਲਾ ਨਾ ਰਹਿਣਾ, ਸੱਜਣਾਂ ਦੇ ਵਿਛੋੜੇ ਕਰਕੇ ਜਾਂ ਪੁੱਤ੍ਰ ਆਦਿਕ ਦੇ ਮਰਨ ਕਰਕੇ ਸਰੀਰ ਢੈ ਜਾਣਾ ॥

**ਲੱਕ ਟੁੱਟਿਆ ਹੋਇਆ,** ਵਿ:—ਕੁੱਬਾ, ਕਮਜ਼ੋਰ ॥

**ਲੱਕ ਫੜ ਕੇ ਉੱਠਣਾ,** ਕ੍ਰਿ:—ਕਮਜ਼ੋਰ ਹੋ ਜਾਣਾ ॥

**ਲੱਕ ਫੜ ਕੇ ਬਹਿ ਜਾਣਾ,** ਕ੍ਰਿ:—ਨਿਰਾਸ ਹੋ ਜਾਣਾ ।

**ਲੱਕ ਫੜਨਾ,** ਕ੍ਰਿ:—ਸਹਾਰਾ ਦੇਣਾ, ਮੱਦਤ ਕਰਨਾ ।

**ਲੱਕ ਬੰਨ੍ਹਣਾ,** ਕ੍ਰਿ:—ਪੱਕੀ ਸਲਾਹ ਕਰਨੀ, ਤਿਆਰ ਹੋ ਜਾਣਾ, ਹਿੰਮਤ ਜਾਂ ਹੌਸਲਾ ਕਰਨਾ (ਲੱਕ ਬੱਧਾ ਅਰੋੜਿਆਂ, ਮੁੰਨਾ ਕੋਹ ਲਹੌਰ = ਜਦ ਅਰੋੜਿਆਂ ਨੇ ਹਿੰਮਤ ਕਰ ਲਈ ਤਾਂ ਲਹੌਰ ਪੁਚਾਣੋਂ ਨੇੜੇ ਹੀ ਜਾਪਣ ਲੱਗਾ) ॥

**ਲੱਕ ਮਾਰਿਆ ਜਾਣਾ**
**ਲੱਕ ਰਹਿ ਜਾਣਾ** } ਕ੍ਰਿ:—ਲੱਕ ਦੁਖਣਾ, ਢਿੱਲਾ ਹੋ ਜਾਣਾ ।

**ਲੱਕ ਲੱਕ ਕਰਨਾ**
**ਲੱਕਣਾ** } ਕ੍ਰਿ:—ਜੀਭ ਨਾਲ ਪੀਣ ਦੀ ਅਵਾਜ਼ ਕੱਢਣੀ ।

**ਲਕਵਾ,** ਪੁ:—ਇੱਕ ਰੋਗ ਜਿਸ ਕਰਕੇ ਮੂੰਹ ਭੌਂ ਜਾਂਦਾ ਹੈ ।

**ਲੱਕੜ,** ਸ:—ਕਾਠ, ਗੇਲੀ, ਲਾਠੀ, ਡਾਂਗ ॥

**ਲੱਕੜ ਹਾਰਾ,** ਪੁ:—ਜੋ ਲੱਕੜਾਂ ਵੇਚੇ ਜਾਂ ਵੱਢੇ ॥

**ਲੱਕੜ ਮੰਡੀ,** ਸ:—ਜਿਸ ਮੰਡੀ ਵਿੱਚ ਲੱਕੜਾਂ ਵਿਕਣ ॥

**ਲੱਕੜ ਬੱਗਾ,** ਪੁ:—ਇੱਕ ਜੰਗਲੀ ਜਨੌਰ ॥

**ਲਕੜਾ,** ਪੁ:—ਵੱਡੀ ਲੱਕੜ, ਗੇਲੀ, ਲੰਮੀ ਡਾਂਗ ॥

**ਲਕੜਾਕੜ,** ਸ:—ਲਕੜੀਆਂ ਦਾ ਢੇਰ, ਖੜੀਆਂ ਸੋਟੀਆਂ ॥

**ਲਕੜੀ**
**ਲੱਕੜੀ** } ਸ:—ਲੱਕੜ, ਕਾਠ, ਬਾਲਣ, ਗਤਕਾ ॥

**ਲੱਕੜੀ ਖੇਡਣੀ**
**ਲੱਕੜੀ ਬਾਜ਼ (ਜ਼ੀ)** } 'ਗਤਕਾ' ਵੇਖੋ ॥

**ਲੱਕਾ,** ਪੁ:—ਇੱਕ ਤਰਾਂ ਦਾ ਕਬੂਤਰ, ਲੱਕ ॥

**ਲਕਾ ਤੁਕਾ,** ਪੁ:—ਨਿੱਕ ਸੁੱਕ, ਛੋਟੀ ਮੋਟੀ ਚੀਜ਼।

**ਲਕਾਰ**
**ਲਕੀਰ** } ਸ:—ਲੀਕ, ਲੰਮਾ ਨਿਸ਼ਾਨ, ਧਾਰੀ, ਪਾਲ, ਰੇਖਾ ॥

Digitized by Panjab Digital Library | www.panjabdigilib.org

**ਲੱਕੁ,** ਪੁ: 'ਲਕ' ਵੇਖ ।

**ਲੱਕੇ,** ਪੁ:—(ਬਹੁ:), ਲਕ ਦੇ ਰਤਾ ਕੁ ਉਪਰਲੇ ਪਾਸੇ ॥

**ਲੱਖ,** ਵਿ:—ਸੌ ਹਜਾਰ, ਅਣਗਿਣਤ ॥

**ਲੱਖ ਦਾਤਾ**
**ਲੱਖਾਂ ਦਾ ਦਾਤਾ** } ਪੁ:—ਸਖੀ ਸਰਵਰ ॥

**ਲੱਖ ਪਤ**
**ਲੱਖ ਪਤੀ** } ਪੁ:—ਜਿਸ ਕੋਲ ਲੱਖ ਰੁਪਯਾ ਹੋਵੇ, ਬੜਾ ਧਨੀ॥

**ਲੱਖ ਬਾਹਾਂ ਸਿੰਘ (ਪ),** ਪੁ:—ਜਿਸ ਦੀ ਇੱਕ ਬਾਂਹ ਜਾਂਦੀ ਰਹੇ ॥

**ਲੱਖ ਲੁੱਟ,** ਪੁ:—ਜੋ ਲੱਖਾਂ ਰੁਪਏ ਖਰਚੇ, ਉਜਾੜੂ ।

**ਲੱਖਣ,** ਪੁ:—'ਲੱਛਣ' ਵੇਖੋ ॥

**ਲਖਣਾ,** ਕ੍ਰਿ: ਲੰਘਣਾ, ਵੇਖਣਾ, ਸਮਝਣਾ ॥

**ਲੱਖਮੀ,** ਸ:—'ਲੱਛਮੀ' ਵੇਖੋ ॥

**ਲਖਯਾ,** ਵਿ:—ਸੋਹਣਾ ਅਤੇ ਬਖ਼ਤਾਵਰ ॥

**ਲਖਵੱਯਾ,** ਪੁ:—ਲਖਣ ਵਾਲਾ, ਲਿਖਣ ਵਾਲਾ, ਜੋ ਮੂਰਤਾਂ ਖਿੱਚੇ ॥

**ਲਖਾਉ,** ਪੁ:—ਹੋਣ ਵਾਲੀ ਗੱਲ ਦਾ ਪਹਿਲੇ ਹੀ ਸੁੱਝ ਜਾਣਾ ॥

**ਲਖਾਉਣਾ,** ਕ੍ਰਿ: ਸਮਝਾਉਣਾ, ਚੇਤੇ ਕਰਾਉਣਾ, ਸੁਝਾਉਣਾ, ਲਿਖਣ ਦਾ ਕੰਮ ਕਰਾਉਣਾ, ਮੂਰਤ ਖਿਚਾਉਣਾ ॥

**ਲਖਾਣੀ,** ਸ:—ਲਿਖਾਣੀ ਜਾਂ ਲੇਖਾਣੀ ।

**ਲਖਾਰੀ,** ਪੁ:—ਲਿਖਣ ਵਾਲਾ, ਮੂਰਤਾਂ ਖਿੱਚਣ ਵਾਲਾ ॥

**ਲੱਖੀ**
**ਲੱਖੂ** } ਪੁ:—ਜਿਸ ਦੇ ਕੋਲ ਲੱਖ ਰੁਪਯਾ ਹੋਵੇ ॥

**ਲਖੂਆ,** ਪੁ:—'ਲਖਾਰੀ' ਵੇਖੋ ॥

**ਲਖੇਰਾ,** ਪੁ:—ਲਾਖ ਇਕੱਠੀ ਕਰਨ ਵਾਲਾ ॥

**ਲਖੌਟਾ,** ਸ:—ਲਾਖ ਦੀ ਰਹਿੰਦ ਖੂੰਹਦ, ਰੰਗਣ ਦਾ ਮਸਾਲਾ ॥

**ਲਖੌਟੀ,** ਸ:—ਲੱਕੜੀ ਦੇ ਅਸਬਾਬ ਉੱਤੇ ਬੂਟੇ ਕੱਢਣ ਦਾ ਕੰਮ, ਰੋਗਨੀ ਤਸਵੀਰਾਂ ਖਿੱਚਣ ਦਾ ਕੰਮ ॥

**ਲਖੌਤੀ,** ਸ:—ਲਿਖਣ ਜਾਂ ਲਿਖਣ ਦਾ ਢੰਗ ।

**ਲਖੌਰੀ,** ਵਿ:—ਬਹੁਤ ਭੂਰੇ ਰੰਗ ਦਾ (ਘੋੜਾ) ॥

**ਲਗ,** ਸ:—ਅੱਖਰਾਂ ਨੂੰ ਲੱਗਣ ਵਾਲੇ ਨਿਸ਼ਾਨ (ਾ ਿ ਆਦਿਕ), ਮਾਤ੍ਰਾ ॥
ਅਵ:—ਤੱਕ, ਤਾਈਂ, ਸਾਮ੍ਹਣੇ ॥

**ਲਗ ਭਗ,** ਵਿ:, ਕ੍ਰਿ:, ਵਿ:—ਨੇੜੇ, ਲਾਗੇ, ਬਰਾਬਰ ਬਰਾਬਰ ॥

**ਲੰਗ,** ਸ:—ਉੱਚੀ ਕੰਧ (ਸ਼ਹਿਰ ਦੀ), ਫੇਰ, ਲੰਗਾ ਹੋਣਾ, ਲੰਗਾ ॥

**ਲੰਗ ਸੂਰ,** ਪੁ:—ਜਿਸ ਸੂਰ ਦੇ ਹਥੂ ਬੈਰ ਲੱਗਦੇ ਹਨ ॥

Digitized by Panjab Digital Library | www.panjabdigilib.org

**ਲੰਗਮਾਰਨਾ,** ਕ੍ਰਿ:—ਲੰਗੜਾ ਕੇ ਤੁਰਨਾ ।

**ਲਗਣ,** ਸ:—ਪਿਆਰ, ਚਾਹ, ਪ੍ਰੀਤ, ਮੋਹ, ਮਨੋ-ਰਥ ।

**ਲਗਨ ਲੱਗਣੀ,** ਕ੍ਰਿ:—ਆਸ਼ਕ ਹੋਣਾ, ਮੋਹ ਪੈਣਾ ॥

**ਲਗਣਾ / ਲੱਗ ਜਾਣਾ** } ਕ੍ਰਿ:—ਵਰਤੀਣਾ, ਲਿਖਿਆ ਜਾਣਾ, ਛੋਹਣਾ, ਮਿਲਣਾ, ਜੁੜਨਾ, ਸਾਕ ਸਰਬੰਧ ਹੋਣਾ, ਸਾਂਝ ਹੋਣੀ, ਚੰਬੜਨਾ, ਨਾਲ ਨੱਥਿਆ ਜਾਣਾ, ਅੱਪੜਨਾ, ਮਿਰਨਾ, ਦਿੱਸਣਾ, ਖਰਚ ਹੋਣਾ, ਹੋ ਜਾਣਾ, ਰੁੱਝਣਾ, ਟੱਕਰਨਾ ॥

**ਅਸਬਾਬ ਲੱਗਣਾ,** ਕ੍ਰਿ:—ਸਭ ਚੀਜ਼ਾਂ ਬਹੁ ਸਿਰ ਰੱਖੀਆਂ ਜਾਣੀਆਂ ॥

**ਅੱਖ ਲੱਗਣੀ,** ਕ੍ਰਿ:—ਸੌਂ ਜਾਣਾ ।

**ਅੱਗ ਲੱਗਣੀ,** ਸ:—ਜਲਣ ਲਗ ਪੈਣਾ, ਗੁੱਸੇ ਵਿੱਚ ਆਉਣਾ ॥

**ਅੱਛਾ ਲੱਗਣਾ,** ਕ੍ਰਿ:—ਠੀਕ ਹੋਣਾ, ਮਨ ਨੂੰ ਭਾਉਣਾ ।

**ਅੱਛਾ ਲੱਗਾ** । ਵਿਸਮਕ—ਚੰਗੀ ਤਰਾਂ ਹੋਇਆ!

**ਅੱਛੇ ਥਾਂ ਲੱਗਣਾ,** ਕ੍ਰਿ:—ਠੀਕ ਤਰਾਂ ਵਰਤਿਆ ਜਾਣਾ ।

**ਆਖੇ ਲਗਣਾ,** ਕ੍ਰਿ:—ਜੋ ਕੁਝ ਕਿਹਾ ਜਾਵੇ ਮੰਨ ਲੈਣਾ ॥

**ਔੜ ਲੱਗਣੀ,** ਕ੍ਰਿ:—ਮੀਂਹ ਨਾਂ ਪੈਣਾ ॥

**ਸਾਕ ਲੱਗਣਾ,** ਕ੍ਰਿ:—ਸਰਬੰਧੀ ਹੋਣਾ ॥

**ਕਹਿਣ ਲੱਗਣਾ,** ਕ੍ਰਿ:—ਬੋਲਣ ਨੂੰ ਤਿਆਰ ਹੋਣਾ ॥

**ਕੰਮ ਨੂੰ ਲੱਗਣਾ,** ਕ੍ਰਿ:—ਕੰਮ ਕਰਨ ਵਿੱਚ ਰੁੱਝ ਜਾਣਾ ॥

**ਕੁਛ (ਕੁਝ) ਲੱਗਣਾ,** ਕ੍ਰਿ:—ਸਰਬੰਧ ਜਾਂ ਸਾਂਝ ਹੋਣੀ ॥

**ਖਟਾ ਲੱਗਣਾ,** ਕ੍ਰਿ:—ਖੱਟਾ ਜਾਂ ਬੁਰਾ ਸੁਆਦ ਆਉਣਾ ।

**ਘੁਣ ਲੱਗਣਾ,** ਕ੍ਰਿ:—ਲਕੜੀ ਨੂੰ ਕੀੜੇ (ਘੁਣ) ਨੇ ਖਾ ਜਾਣਾ ॥

**ਜਹਾਜ਼ ਲੱਗਣਾ,** ਕ੍ਰਿ:—ਜਹਾਜ਼ ਦਾ ਕੰਢੇ ਦੇ ਲਾਗੇ ਖੜ੍ਹਨਾ, ਕੰਮ ਸਰਨਾ ॥

**ਜੀ ਲੱਗਣਾ,** ਕ੍ਰਿ:—ਪਿਆਰ ਦਿੱਤਾ ਜਾਣਾ, ਪਰਚਣਾ, ਆਸ਼ਕ ਹੋਣਾ।

**ਟਿਕਸ ਲੱਗਣੀ,** ਕ੍ਰਿ:—ਮਸੂਲ ਕਿਸੇ ਦੇ ਜ਼ੁੰਮੇ ਪੈ ਜਾਣਾ ॥

**ਦਰਵਾਜ਼ਾ ਲੱਗਣਾ,** ਕ੍ਰਿ:—ਦਰਵਾਜ਼ਾ ਬੰਦ ਹੋ ਜਾਣਾ ।

**ਦਾਲ ਲੱਗਣੀ,** ਕ੍ਰਿ:—ਚੁੱਲ੍ਹੇ ਉੱਤੇ ਚੜ੍ਹੇ ਹੋਏ ਦੇਗਚੇ ਵਿਚ ਦਾਲ ਸੜ ਜਾਣੀ ॥

**ਦਾ ਵਿੱਚ ਲੱਗਣਾ,** ਕ੍ਰਿ:—ਰਾਹ ਵਿੱਚ ਘਾਤ ਲਾ ਕੇ ਪੈ ਰਹਿਣਾ ॥

**ਦਿਲ ਨੂੰ ਗੱਲ ਲੱਗਣੀ,** ਕ੍ਰਿ:—ਗੱਲ ਦਾ ਮਨ ਤੇ ਅਸਰ ਹੋਣਾ ॥

Digitized by Panjab Digital Library / www.panjabdigilib.org

**ਦੁਆ ਲੱਗਣੀ,** ਕ੍ਰਿ:-ਦੁਆ ਤੋਂ ਫ਼ਾਇਦਾ ਹੋਣਾ।

**ਨਾਂ ਲੱਗਣਾ (ਕਿਸੇ ਦੇ)** ਕ੍ਰਿ:—ਝੂਠੀ ਊਜ ਲਗਣੀ (ਕਿਸੇ ਨੂੰ)॥

**ਪਾਲਾ ਲੱਗਣਾ,** ਕ੍ਰਿ:—ਸਰੀਰ ਨੂੰ ਠੰਡ ਮਲੂਮ ਹੋਣੀ॥

**ਪਿੱਠ ਲੱਗਣੀ,** ਕ੍ਰਿ:-ਕੁਸ਼ਤੀ ਵਿੱਚ ਢਹਿ ਪੈਣਾ, ਕਿਸੇ ਪਸ਼ੂ ਦੀ ਪਿੱਠ ਰਗੜ ਨਾਲ ਛਿੱਲੀ ਜਾਣੀ॥

**ਫਲ ਫੁੱਲ ਲੱਗਣਾ,** ਕ੍ਰਿ:—ਨੌਂਮਦੇ ਫਲ ਉਗਣੇ ਅਤੇ ਫੁੱਲ ਨਿਕਲਣੇ॥

**ਫਲ ਲੱਗ ਜਾਣਾ**
**ਫਲ ਲੱਗਣਾ** } ਕ੍ਰਿ: ਫਲ ਖਰਾਬ ਹੋ ਜਾਣਾ ਜਾਂ ਨਿਕਲਣਾ॥

**ਬਜ਼ਾਰ ਲੱਗਣਾ,** ਕ੍ਰਿ:—ਵਿਕਾਊ ਮਾਲ ਬਾਹਰ ਕਢ ਕੇ ਰੱਖਣਾ॥

**ਬੂਟਾ ਲੱਗਣਾ,** ਕ੍ਰਿ:—ਬੂਟੇ ਜਾਂ ਕਿਸੇ ਹੋਰ ਚੰਗੀ ਚੀਜ਼ ਦੀ ਜੜ੍ਹ ਕੈਮ ਹੋਣੀ, ਕੁੜਮਾਈ ਜਾਂ ਵਿਆਹ ਹੋਣਾ, ਪੁਤ੍ਰ ਜੰਮਣਾ॥

**ਭਾਗ ਲੱਗਣਾ,** ਕ੍ਰਿ:—ਚੰਗੀ ਕਿਸਮਤ ਹੋਣੀ, ਧਨ ਤੇ ਉਲਾਦ ਹੋਣੀ॥

**ਮਾਲ ਲੱਗ ਜਾਣਾ,** ਕ੍ਰਿ:—ਸਾਰਾ ਮਾਲ ਵਿਕ ਜਾਣਾ॥

**ਮਿਰਚਾਂ ਲੱਗਣੀਆਂ,** ਕ੍ਰਿ:—ਬਹੁਤ ਗੁੱਸੇ ਜਾਂ ਜੋਸ਼ ਵਿੱਚ ਆਉਣਾ॥

**ਰੁਪੱਯਾ ਲੱਗਣਾ,** ਕ੍ਰਿ:—ਰੁਪਯਾ ਖਰਚ ਹੋਣਾ, ਬਿਆਜ ਤੇ ਦਿੱਤਾ ਜਾਣਾ ਜਾਂ ਬੁਪਾਰ ਵਿਚ ਪਾਇਆ ਜਾਣਾ॥

**ਲੀਕ ਲੱਗਣੀ,** ਕ੍ਰਿ:—ਕਲੰਕ ਜਾਂ ਦੋਸ਼ ਲੱਗਣਾ॥

**ਲੰਗਣਾ,** ਕ੍ਰਿ:—ਲੰਗ ਕਰਕੇ ਟੁਰਨਾ, ਲੰਗੜਾਉਣਾ।

**ਲਗਦੇ ਹੱਥ,** ਕ੍ਰਿ: ਵਿ:—(ਇੱਕ ਕੰਮ ਦੇ) ਨਾਲ ਹੀ (ਦੂਜਾ)॥

**ਲਗਨ,** ਪੁ:—ਜੋਤਸ਼ੀ ਦਿਨ ਦੇ ਜੋ ਵੱਡੇ ਹਿੱਸੇ ਕਰਦੇ ਹਨ ਉਨ੍ਹਾਂ ਵਿਚ ਕਈ, ਮਹੂਰਤ, ਰਾਸ, ਸ਼ੁਭ ਸਮਾ, ਸਾਹੇ ਚਿੱਠੀ ਨਾਲ ਜੋ ਕਪੜੇ ਲੱਗ ਨਿਆਈ ਨੂੰ ਭੇਜਦੇ ਹਨ, ਤਾਬੇ ਦਾ ਭਾਂਡਾ।

**ਲਗਰ,** ਸ:—ਬੇਰੀ ਆਦਿਕ ਰੁੱਖ ਦੀਆਂ ਨਰਮ ਡਾਲੀਆਂ॥

**ਲਗਾਏ ਦਰਖਤਾਂ ਦੀ**
**ਲਗਰ ਵਾਂਙੂ** } ਵਿ:—ਪਤਲਾ (ਲੀ) ਸੋਹਣਾ (ਣੀ), ਤੇ ਲੰਮੇ ਕੱਦ ਦਾ (ਦੀ)॥

**ਲੰਗਰ,** ਪੁ:—ਰਸੋਈ, ਸਰਦਾਰ ਦੀ ਰਸੋਈ, ਸਦਾ ਵਰਤ, ਅੰਨ, ਭੋਜਨ, ਪਾਣੀ ਵਿੱਚ ਜਹਾਜ਼ ਨੂੰ ਠਹਿਰਾਉਣ ਵਾਲਾ ਲੋਹੇ ਦਾ ਹਥਿਆਰ॥

**ਲੰਗਰ ਜਾਰੀ ਕਰਨਾ**
**ਲੰਗਰ ਲਾਉਣਾ**
**ਲੰਗਰ ਵੰਡਣਾ** } ਕ੍ਰਿ:—ਜੋ ਆਵੇ ਉਸ ਨੂੰ ਧਰਮ ਅਰਥ ਪ੍ਰਸਾਦ ਛਕਾਉਣਾ॥

**ਲੰਗਰੀ,** ਸ:—ਦੌਰੀ, ਕੂੰਡੀ॥

**ਲੱਗ ਲਪੇਟ,** ਪੁ:, ਸ:—ਜੋ ਕੁਝ ਝਾੜੇ ਨੂੰ ਲਿਬੜਿਆ ਰਹੇ, ਰਹਿੰਦ ਖੂੰਹਦ॥

Digitized by Panjab Digital Library | www.panjabdigilib.org

**ਲਗੜ,** ਪੁ:—ਇੱਕ ਤਰਾਂ ਦਾ ਸ਼ਿਕਾਰੀ ਜਨੌਰ ਬਾਜ਼ ਵਰਗਾ ।

**ਲੰਗੜਾ,** ਪੁ:—ਜਿਸ ਦੀ ਇੱਕ ਲੱਤ ਨਾ ਹੋਵੇ ਜਾਂ ਕੰਮ ਨਾ ਕੇਰੇ, ਲੂਲ੍ਹਾ ॥

**ਲੰਗੜਾਉਣਾ,** ਕ੍ਰਿ:-ਲੰਗੜਿਆਂ ਵਾਂਗ ਚਲਨਾ

**ਲੱਗ,** ਵਿ:—ਲਗਾਇਆ ਹੋਇਆ, ਮੁਕੱਰਰ ।

**ਲੰਗ,** ਪੁ: 'ਲੰਗੜਾ' ਵੇਖੋ ।

**ਲੰਗੇ ਡੰਗ,** ਵਿ:—ਜੇਹੜਾ ਪਸ਼ੂ ਇੱਕ ਦਿਨ ਦੋ ਵਾਰ ਦੁੱਧ ਦੇਵੇ ਅਤੇ ਦੂਜੇ ਦਿਨ ਇਕ ਵਾਰ ॥

**ਲਗਾਉ,** ਪੁ:—ਪਹੁੰਚ, ਕੁਰਬ, ਸਾਂਝ, ਲਾਗ, ਮੇਲ ॥

**ਲਗਾਉਟ,** ਸ:—ਲਗਾਉ, ਪਰਾਏ ਮਰਦ ਤੀਮਤ ਦਾ ਮੇਲ ॥

**ਲਗਾਉਣਾ,** ਕ੍ਰਿ:—ਲਾਉਣਾ, ਜੋੜਨਾ, ਲਗਨ ਦਾ ਕੰਮ ਕਰਾਉਣਾ ॥

**ਲਗਾਤਾਰ,** ਕ੍ਰਿ:, ਵਿ:—ਬਰਾਬਰ, ਅਟਕਨ ਬਾਝੋਂ, ਵਿੱਥ ਨਾ ਪਾਕੇ ॥

**ਲਗਾਮ,** ਸ:—ਘੋੜੇ ਨੂੰ ਰਾਸ ਰੱਖਣ ਲਈ ਉਹ ਦੇ ਮੂੰਹ ਨੂੰ ਪਾਈ ਹੋਈ ਰੱਸੀ ਜਾਂ ਤਸਮਾ, ਬਾਗ ।

**ਲਗਾਮ ਦੇਣਾ,** ਕ੍ਰਿ: ਮੂੰਹ ਵਿੱਚ ਲਗਾਮ ਪਾਉਣਾ, ਕਾਬੂ ਕਰਨਾ ॥

**ਲੰਗਾਰ,** ਪੁ:-ਕੱਪੜੇ ਦਾ ਪਾੜ ਜਾਂ ਚੀਰ ॥

**ਲੰਗੂ,** ਪੁ: —ਲੰਗੜਾ ਹੋਣਾ ।

**ਲਗੁਣ,** ਪੁ:—'ਲਗਨ' ਵੇਖੋ ।

**ਲਗੂਰ**
**ਲੰਗੂਰ** } ਪੁ:—ਕਾਲੇ ਮੂੰਹ ਵਾਲਾ ਬਾਂਦਰ ॥

**ਲਗੋ ਲਗੀ,** ਕ੍ਰਿ:, [illegible]

**ਲੰਗੋਟ (ਟਾ),** ਪੁ:
**ਲੰਗੋਟੀ,** ਸ: } ਲੱਕ ਨੂੰ ਕੱਜਣ ਵਾਲਾ ਛੋਟਾ ਜੇਹਾ ਕੱਪੜਾ ॥

**ਲੰਗੋਟੀਆ,** ਵਿ: ਜੋ ਬਾਲ ਅਵਸਥਾ ਤੋਂ ਵਾਕਫ ਹੋਵੇ ॥

**ਲੰਗੋਟੀਆ ਯਾਰ,** ਪੁ:—ਪੁਰਾਣਾ ਛੋਟੀ ਉਮਰ ਦਾ ਯਾਰ ॥

**ਲੰਘਣ,** ਪੁ:—ਖਾਣ ਪੀਣ ਦਾ ਅਟਕਾਉ, ਫਾਕਾ, ਰੋਗ ਦਾ ਫਾਕਾ ।

**ਲੰਘਣਾ,** ਕ੍ਰਿ:—ਗੁਜ਼ਰਨਾ, ਪਾਸੋਂ ਜਾਂ ਵਿੱਚੋਂ ਜਾਣਾ, ਨਦੀ ਪਾਰ ਹੋਣਾ, ਨਿਕਲਣਾ ॥

**ਲੰਘ ਜਾਣਾ,** ਕ੍ਰਿ:-ਨਦੀ ਦੇ ਪਾਰ ਹੋਣਾ, ਮਰ ਜਾਣਾ ।

**ਲਾਂਘਾ ਲੰਘਣਾ,** ਕ੍ਰਿ:-ਸਮਾ ਬੀਤਣਾ, ਗੁਜ਼ਾਰਾ ਹੋਣਾ ॥

**ਲੰਘਾਉ,** ਪੁ:—ਢਿੱਡ ਵਿੱਚ ਵੱਟ ਪੈ ਕੇ ਜੋ ਝਾੜਾ ਆਵੇ ॥

**ਲੰਘਾਉਣਾ,** ਕ੍ਰਿ:—ਬਤਾਉਣਾ, ਗੁਜ਼ਾਰਾ ਕਰਨਾ, ਜਾਨੋਂ ਮਾਰਨਾ ॥

Digitized by Panjab Digital Library | www.panjabdigilib.org

**ਲੰਘਾਊ,** ਵਿ:—ਜਿਸ ਤੋਂ ਨਿਰਬਾਹ ਹੋ ਸਕੇ, ਬੀਤ ਜਾਣ ਵਾਲਾ।

**ਲੰਘਾਈ,** ਸ:—ਲੰਘਾਉਣ ਦੀ ਮਜੂਰੀ, ਬੇੜੀ ਦਾ ਭਾੜਾ, ਪੁਲ ਦਾ ਮਸੂਲ॥

**ਲੰਘਾਣੀ,** ਸ:—ਬਾੜ ਵਿੱਚ ਗੱਡੀ ਹੋਈ Y ਸ਼ਕਲ ਦੀ ਲਕੜੀ ਜਿੱਥੋਂ ਲੋਕ ਲੰਘਣ।

**ਲਘਿ,** ਪੁ:—'ਲਘੁ' ਵੇਖ॥

**ਲਘਿ ਸੰਕਾ ਕਰਨੀ,** ਕ੍ਰਿ:—ਮੂਤ੍ਰਨਾ, ਪਿਸ਼ਾਬ ਕਰਨਾ॥

**ਲਘੁ,** ਵਿ:—ਛੋਟਾ, ਛੋਟੀ ਅਵਾਜ ਦੇਣ ਵਾਲੀ ਲਗ ਜਿਸ ਅੱਖਰ ਨੂੰ ਲੱਗੀ ਹੋਈ ਹੋਵੇ ('ਕ ਕਿ ਕੁ' ਲਘੁ ਹਨ)॥

**ਲੰਙ (ਙ੍ਹ),** ਪੁ:—ਲੰਗੜਾ ਹੋਣਾ।

**ਲੰਙਾ,** ਵਿ:—'ਲੰਗਾ' ਵੇਖੋ॥

**ਲੱਚ,** ਪੁ:—'ਲੱਚਰ' ਵੇਖੋ॥

**ਲੰਚ,** ਪੁ:—ਝੂਠਾ ਦੋਸ, ਨਿੰਦਿਆ, ਬੁਰਿਆਈ।

**ਲਚਕ,** ਸ:—ਝੁਕ ਜਾਂ ਮੁੜ ਕੇ ਫੇਰ ਪਹਿਲੀ ਹਾਲਤ ਪੁਰ ਆ ਜਾਣ ਦਾ ਗੁਣ ਜਾਂ ਕੰਮ, ਝੂਠ, ਨਖਰਾ॥

**ਲਚਕਣਾ,** ਕ੍ਰਿ:—ਝੁਕ ਜਾਂ ਮੁੜ ਕੇ ਪਹਿਲੀ ਹਾਲਤ ਪੁਰ ਆ ਜਾਣਾ, ਭਾਰ ਨਾਲ ਦੱਬੇ ਜਾਣਾ, ਨਖਰਿਆਂ ਨਾਲ ਚੱਲਣਾ, ਲਿੱਸਾ ਅਤੇ ਕਮਜੋਰ ਹੋ ਜਾਣਾ।

**ਲਚਕਾ,** ਪੁ:—ਵਿੱਲੀ ਛੱਡੀ ਹੋਈ ਕਮਾਣ ਦਾ ਆਪਣੀ ਥਾਉਂ ਪੁਰ ਆਉਣਾ, ਭਾਰ ਦਾ ਦਬਾਉ, ਨਖਰਾ (ਖਾਣਾ, ਮਾਰਨਾ)॥

**ਲਚਕਾਉਣਾ,** ਕ੍ਰਿ:—ਝੁਕਾਉਣਾ, ਦਬਾਉਣਾ, ਲਚਕਣ ਦੇਣਾ॥

**ਲਚਲਚਾ,** ਵਿ: ਲਚਕ ਵਾਲਾ, ਲਚਕਦਾਰ।

**ਲਚਾਕਾ,** ਪੁ:—ਲਚਕਾ, ਲਚਕਦਾਰ ਲਕੜੀ ਦਾ ਉਠਾਉ, ਨਖਰਾ॥

**ਲਚਾਰ,** ਵਿ:—ਅਨਾਥ, ਜਿਸ ਦਾ ਉਪਾਉ ਨਹੀਂ, ਜੋ ਕੁਝ ਨਾ ਕਰ ਸਕੇ।

**ਲਚਾਰੀ,** ਸ:—ਲਚਾਰ ਹੋਣ ਦੀ ਹਾਲਤ, ਇੱਕ ਰਾਗਣੀ॥

**ਲੰਚੀ,** ਵਿ:—ਲੁੱਚਾ, ਕੁਕਰਮੀ, ਅਧਰਮੀ॥

**ਲੱਛ,** ਪੁ:—ਨਫ਼ਾ, ਫ਼ਾਇਦਾ, ਖੱਟੀ, ਵੱਧਾ॥

**ਲੱਛਣ,** ਪੁ:—ਨਿਸ਼ਾਨੀ, ਗੁਣ, ਸੁਭਾਉ, ਢੰਗ, ਚੱਲਣ॥

**ਲੱਛਮੀ,** ਸ:—ਬਿਸ਼ਨ ਜੀ ਦੀ ਇਸਤ੍ਰੀ, ਧਨ ਦੀ ਦੇਵੀ, ਦੌਲਤ, ਚੰਗੀ ਕੁੜੀ॥

**ਲੱਛਮੀ ਘਰ ਵਿੱਚ ਆਉਣੀ,** ਕ੍ਰਿ:—ਧਨ ਮਿਲਣਾ॥

**ਲੱਛਾ,** ਪੁ:—ਸੂਤ੍ਰ ਆਦਿਕ ਦੀਆਂ ਜੁੜੀਆਂ ਹੋਈਆਂ ਤਾਰਾਂ ਦਾ ਇਕੱਠ, ਇੱਕ ਗਹਿਣਾ॥

**ਲਛੂ ਲਛੂ ਕਰਨਾ,** ਕ੍ਰਿ:—ਕੋਈ ਕੰਮ ਛਿਪਦੇ ਚਲਾਕੀ ਨਾਲ ਕਰਨਾ, ਧੋਖਾ ਦੇਣਾ, ਹੇਰਾ ਫੂਲਾ ਕਰਨਾ॥

Digitized by Panjab Digital Library | www.panjabdigilib.org

**ਲੱਛੈਣ,** ਪੁ:—'ਲੱਛਣ' ਵੇਖੋ।

**ਲੱਛੋ,** ਸ:—ਲੱਛਮੀ, ਦੌਲਤ, ਬਾਂਦਰੀ, ਕੋਹਜੀ ਤੀਮਤ ॥

**ਲੱਛੋ ਬਾਂਦਰੀ,** ਸ:—ਬਾਂਦਰੀ, ਭੈੜੀ ਜੇਹੀ ਜਨਾਨੀ ॥

**ਲੱਜ,** ਸ:—ਖੂਹ ਦਾ ਰੱਸਾ, ਸ਼ਰਮ, ਹਯਾ, ਰੀਤ ਰਸਮ ॥

**ਲੱਜ ਲੀਹ,** ਸ:—ਕਰਤੂਤ, ਆਪਣੀ ਲੱਜਾ ਵਾਸਤੇ ਜਿਸ ਰੀਤ ਜਾਂ ਰਸਮ ਨੂੰ ਕੋਈ ਪੂਰਾ ਕਰੇ (ਕੱਢਣੀ) ॥

**ਲੰਜ,** ਪੁ:—ਨਗਾਰੇ ਦਾ ਇਕ ਨਾਉਂ, ਮੋਰ ਦੀ ਪੂਛ ॥

**ਲੱਜਾ,** ਸ:—ਲਾਜ, ਸ਼ਰਮ, ਇੱਜ਼ਤ, ਪਤ, ਆਬਰੂ ॥

**ਲਜਾਉਣਾ,** ਕ੍ਰਿ:—ਸ਼ਰਮਿੰਦਾ ਕਰਨਾ ॥

**ਲੱਜਿਆ,** ਸ:—'ਲੱਜਾ' ਵੇਖੋ ॥

**ਲਜੀ / ਲਜੀਲਾ** } ਵਿ:—ਜਿਸ ਨੂੰ ਲਾਜ ਆਵੇ, ਸ਼ਰਮਿੰਦਾ ॥

**ਲੱਜੂ,** ਸ:—ਲੱਜ, ਖੂਹ ਦਾ ਰੱਸਾ ॥

**ਲੱਭਣਾ,** ਕ੍ਰਿ:—ਢੂੰਡਣਾ, ਟੋਲਣਾ, ਹੱਥ ਆਉਣਾ, ਮਿਲਣਾ, ਪ੍ਰਾਪਤ ਹੋਣਾ ॥

**ਲਭਾਉਣਾ,** ਕ੍ਰਿ:—ਮਿਲਾਉਣਾ, ਦਿਖਾਉਣਾ, ਪਤਾ ਦੇਣਾ ॥

**ਲਟ,** ਸ:—ਵਾਲਾਂ ਦਾ ਗੁੱਛਾ, ਜੁੜੇ ਹੋਏ ਵਾਲ, ਨਦੀ ਦੀ ਜ਼ੋਰ ਦੀ ਧਾਰ ॥
ਵਿ:—ਸ਼ਰਾਰਤੀ, ਬੁਰਾ (ਬਾਲਕ) ॥

**ਲਟਕ,** ਸ:—ਨਖਰਾ, ਸਿਰ ਹਿਲਾਉਣਾ, ਸੁਭਾਉ, ਵਾਦੀ, ਸ਼ੌਕ ॥

**ਲਟਕ ਲਟਕ ਕੇ ਟੇਲਣਾ,** ਕ੍ਰਿ:—ਨਖਰਿਆਂ ਨਾਲ ਟੁਰਨਾ ॥

**ਲਟਕਣ / ਲਟੈਣ** } ਪੁ:—ਨੱਕ ਜਾਂ ਕੰਨ ਦਾ ਇਕ ਲਟਕਣ ਵਾਲਾ ਗਹਿਣਾ ॥

**ਲਟਕਣਾ,** ਕ੍ਰਿ:—ਲਮਕਣਾ, ਉੱਪਰੋਂ ਸਹਾਰੇ ਨਾਲ ਹਿਠਾਂਹ ਵੱਲ ਰਹਿਣਾ, ਆਪਣੇ ਮਤਲਬ ਲਈ ਕਿਸੇ ਦੇ ਮਗਰ ਲਗ ਰਹਿਣਾ, ਕੰਮ ਅੜਿਆ ਰਹਿਣਾ, ਢਿੱਲ ਪਈ ਜਾਣੀ ॥

**ਲਟਕਾਉ,** ਪੁ:—ਲਟਕਣ ਦਾ ਕੰਮ ਜਾਂ ਹਾਲਤ, ਢਿਲ, ਅਟਕਾਉ ॥

**ਲਟਕਾਉਣਾ,** ਕ੍ਰਿ:—ਲਮਕਾਉਣਾ, ਉੱਪਰਲੇ ਸਹਾਰੇ ਨਾਲ ਅੜਾਉਣਾ, ਕੰਮ ਵਿਚ ਢਿੱਲ ਪਾਉਣੀ ॥

**ਲਟਕਾਊ,** ਪੁ:—ਲਟਕਾਉਣ ਵਾਲਾ, ਜੋ ਢਿੱਲ ਪਾਵੇ ॥

**ਲਟਪਟ,** ਵਿ:—ਰਲ ਮਲੇ, ਜਿਨ੍ਹਾਂ ਮੱਤੀ ਪਾਈ ਹੋਵੇ (ਮਿਤ੍ਰ) ॥

**ਲਟਪਟਾ,** ਪੁ:—ਇੱਕ ਤਰਾਂ ਦਾ ਗਾੜ੍ਹਾ ਰਸਾ (ਭਾਜੀ ਤਰਕਾਰੀ ਦਾ) ॥
ਵਿ:—ਕਾਮੀ, ਬਾਂਕਾ, ਮਸਖਰਾ ॥

Digitized by Panjab Digital Library | www.panjabdigilib.org

**ਲਟਪਟੀ (ਪਗੜੀ)** ਸਃ—ਬੇ ਪਰਵਾਹੀ ਨਾਲ ਜਾਂ ਢਿੱਲੀ ਬੱਧੀ ਹੋਈ ।

**ਲਟਪਟਾਉਣਾ,** ਕ੍ਰਿਃ—ਮਸਤ ਜਾਂ ਬੇ ਸੁਰਤ ਹੋ ਜਾਣਾ ॥

**ਲਟਢੂ,** ਪੁਃ—ਜਹਾਜ਼ ਦੇ ਫੱਟਿਆਂ ਦੇ ਵਿਚਲੀ ਲਕੜੀ ॥

**ਲੱਟ ਲੱਟ,** ਕ੍ਰਿਃ, ਵਿਃ—ਲਾਟਾਂ ਕੱਢਕੇ, ਤੇਜ਼ (ਅੱਗ ਜਾਂ ਦੀਵਾ ਬਲਣਾ) ॥

**ਲਟਾਇਣ,** ਸਃ—ਮੋਟੀ ਸਤੀਰੀ ॥

**ਲਟਾਕਾ, ਲਟਾਪਟਾ** } ਪੁਃ—ਅਸਬਾਬ, ਚੀਜ਼ ਵਸਤ, ਕੰਮ ਧੰਧਾ, ਫਿਕਰ ॥

**ਲਟਾਰ,** ਸਃ-ਪੁਃ—ਜਿਸ ਧਰਤੀ ਉੱਤੇ ਨਦੀ ਦੇ ਹੜ੍ਹ ਨਾਲ ਚਿੱਕੜ ਆਦਿਕ ਆ ਪਏ ॥

**ਲਟਿਆਉਣਾ,** ਕ੍ਰਿਃ—ਬੇ ਸੁਰਤ ਹੋ ਜਾਣਾ, ਗਸ਼ ਖਾਣੀ ।

**ਲੱਟੂ,** ਪੁਃ—ਘੁੰਮਣ ਵਾਲਾ ਇਕ ਖਡੌਣਾ ॥

**ਲੱਟੂ ਹੋਣਾ,** ਕ੍ਰਿ—ਬਹੁਤ ਖੁਸ਼ ਹੋਣਾ, ਮੋਹੇ ਜਾਣਾ ॥

**ਲਟੂਣ, ਲਟੂਣੀ** } ਸਃ—ਇੱਕ ਤਰਾਂ ਦਾ ਬਾਜਾ (ਤਾਰਾਂ ਵਾਲਾ) ॥

**ਲਟੂਰੀ,** ਸਃ—ਲਟੂਲੀ, ਛੋਟੀਆਂ ਲਟ (ਲਟੂਰੀਆਂ) ।

**ਲਟੂਰੀਆ,** ਪੁਃ—ਇਕ ਤਰਾਂ ਦਾ ਰੇਸ਼ਮੀ ਕਪੜਾ ॥

**ਲਟੈਣ,** ਸਃ—ਮੋਟੀ ਸ਼ਤੀਰੀ ॥

**ਲਟੋਰ,** ਪੁਃ, ਸਃ
**ਲਟੋਰਾ,** ਪੁਃ
**ਲਟੋਰੀ,** ਸਃ } ਇਕ ਛੋਟਾ ਸ਼ਿਕਾਰੀ ਪੰਛੀ, ਜੋ ਅਵਾਰਾ ਫਿਰੇ (ਲਟੋਰ ਫੇਰ - ਅਵਾਰਾ)।

**ਲੱਠ,** ਸਃ; ਪੁਃ—ਧੁਰਾ, ਹਲਟ ਦੇ ਸਿਰੇ ਦਾ ਧੁਰਾ, ਲਾਠੀ ॥

**ਜ਼ਬਾਨ ਲੱਠ ਹੋਣੀ,** ਕ੍ਰਿਃ—ਜ਼ਬਾਨ ਸੁੱਕ ਜਾਣੀ ॥

**ਲੱਠ ਮਾਰ,** ਵਿਃ—ਮਾਰ ਕੁਟਾਈ ਕਰਨਵਾਲਾ, ਜ਼ੋਰਾਵਰ, ਡਾਢਾ, ਜ਼ਾਲਮ, ਅਭਮਾਨੀ, ਗੁਆਰ ॥

**ਲੱਠਾ,** ਪੁਃ—ਵਡੀ, ਲੰਮੀ ਲਕੜੀ, ਇਕ ਮੋਟਾ ਕਪੜਾ ।
ਵਿਃ—ਕਰੜਾ ॥

**ਲੱਠਾ ਨੱਠੀ;** ਸਃ—'ਲਾਠੀ ਸੋਟਾ' ਵੇਖੋ ।

**ਲਠਿਆਉਣਾ,** ਕ੍ਰਿਃ—ਲਾਠੀ ਨਾਲ ਮਾਰਨਾ ॥

**ਲੱਡ, ਲੱਡ ਪਿੰਸਲ** } ਸਃ—'ਰੂਲ ਪਿੰਸਲ' ਵੇਖੋ ॥

**ਲੰਡਾ,** ਪੁਃ—ਜਿਸ ਦੀ ਪੂਛ ਨਹੀਂ ਜਾਂ ਛੋਟੀ ਹੈ, ਬੇ ਸ਼ਰਮ, ਨੰਗਾ, ਰੁੰਡ ਮੁੰਡ, ਇੱਕ ਇੱਕ (ਰੁਪਯਾ) ॥
ਪੁਃ—ਹਟਵਾਣੀਆਂ ਦੀ ਲਿਖਤ ਦੇ ਅੱਖਰ ਜਿਨ੍ਹਾਂ ਨੂੰ ਲਗਾਂ ਨਹੀਂ ਹੁੰਦੀਆਂ (ਲੰਡੇ) ॥

**ਲੰਡਾ ਸੱਪ,** ਪੁਃ—ਜਿਸ ਸੱਪ ਨੇ ਕਿਸੇ ਨੂੰ ਡੰਗ ਮਾਰਿਆ ਹੈ ॥

**ਲੰਡਾ ਛੜਾ,** ਵਿਃ, ਪੁਃ—ਜਿਸ ਦੀ ਵਹੁਟੀ ਤੇ ਉਲਾਦ ਨਾ ਹੋਵੇ ॥

Digitized by Panjab Digital Library | www.panjabdigilib.org

**ਲਡਾਉਣਾ,** ਕ੍ਰਿ:—ਲਾਡ ਪਿਆਰ ਕਰਨਾ (ਲਾਡ) ॥

**ਲਡਿੱਕੜਾ** ਪੁ:, **ਲਡਿੱਕਾ** ਪੁ:, **ਲਡਿੱਕੀ** ਸ: — ਜਿਸ ਨਾਲ ਬਹੁਤ ਲਾਡ ਕੀਤਾ ਜਾਵੇ ॥

**ਲੰਡੀ ਬੁੱਚੀ,** ਵਿ:-(ਬਹੁ:)—ਛੋਟੇ ਦਰਜੇ ਦੇ ਆਦਮੀ, ਆਮ ਲੋਕ ॥

**ਲੱਡੂ,** ਪੁ:—ਸਲੂਣੀ ਜਾਂ ਮਿੱਠੀ ਗੋਲ ਚੀਜ਼ ਖਾਣ ਵਾਲੀ ॥

**ਲਡ੍ਹੂਰਾ,** ਵਿ:—ਲੰਡਾ ਪਖੇਰੂ, ਸਫਾ ਕੀਤਾ ਹੋਇਆ ਰੁੱਖ ॥

**ਲੰਡੌਰ,** ਸ:—ਮੋਰਨੀ ॥

**ਲੰਡੈਰ (ਰਾ),** ਵਿ:—ਲੰਡਾ (ਪੰਛੀ), ਲੰਡਾ ਢੰਗਾ, ਬੇਸ਼ਰਮ ॥

**ਲਤ,** ਸ:—ਬੁਰੀ ਵਾਦੀ, ਬਾਣ (ਜੂਆ ਆਦਿਕ) ।

**ਲਤਖੋਰਾ,** ਪੁ:—ਚੂਹੇ ਦੀ ਕੁੜਿੱਕੀ ਦੀ ਹੇਠਲੀ ਲਕੜੀ ॥

**ਲਤ ਛੇੜਨੇ,** ਸ:—ਪੈਰਾਂ ਦੀ ਲਤਾੜ ।

**ਲੱਤ,** ਸ:—ਟੰਗ, ਲੱਕ ਤੋਂ ਪੈਰ ਤੱਕ ਜੋ ਸਰੀਰ ਦਾ ਅੰਗ ਹੈ ॥

**ਲੱਤ ਦੇਣੋਂ ਕੱਢਣਾ,** ਕ੍ਰਿ:—ਆਪਣ ਵੱਸ ਵਿੱਚ ਕਰਨਾ ।

**ਲੱਤ ਦੇਣੋਂ ਨਿਕਲਣਾ,** ਕ੍ਰਿ:—ਕਿਸੇ ਦੇ ਵਸ ਵਿਚ ਹੋ ਜਾਣਾ, ਖਾਸ ਨਾ ਰਹਿਣਾ ।

**ਲੱਤ ਖਾਣੀ,** ਕ੍ਰਿ:—ਲੱਤ ਨਾਲ ਮਾਰ ਖਾਣੀ ॥

**ਲੱਤ ਖੋਰਾ (ਰਾ),** ਪੁ:—'ਲਤਖੋਰਾ' ਵੇਖੋ ॥

**ਲੱਤ ਮਾਰਨੀ,** ਕ੍ਰਿ:—ਲੱਤਾਂ ਨਾਲ ਕੁੱਟਣਾ, ਵਿਘਨ ਪਾਉਣਾ, ਦਖ਼ਲ ਦੇ ਕੇ ਕੰਮ ਵਿਗਾੜਨਾ ॥

**ਲੱਤਾਂ ਬਾਂਹਾਂ ਅੜਾਉਣਾ,** ਕ੍ਰਿ:—ਦਖ਼ਲ ਦੇਣਾ ॥

**ਲਤਯਾ,** ਪੁ:—ਜਿਸ ਮਨੁੱਖ ਨੂੰ ਬੁਰੀ ਵਾਦੀ ਪਈ ਹੋਵੇ ।

**ਲਤਵ,** ਪੁ: ਸ:—'ਲਵਾਰ' ਵੇਖੋ ॥

**ਲਤਾ,** ਪੁ:—ਪਾਸਾ, ਤਰਫ਼, ਅਹਾਤਾ, ਵੇਲ ।

**ਲੱਤਾ,** ਪੁ:—ਕਪੜਾ, ਲੀੜਾ, ਮਲਮਲ ਦਾ ਦੁਪੱਟਾ ॥

**ਲਤਾੜ,** ਸ:—ਪੈਰਾਂ ਦੇ ਥੱਲੇ ਦੱਬੇ ਜਾਣ ਦੀ ਹਾਲਤ, ਭੈਣ, ਬਿਮਾਰੀ ਆਦਿਕ ਕਰਕੇ ਜੋ ਕਮਜ਼ੋਰੀ ਹੋਵੇ (ਤਾਪ ਦੀ ਲਤਾੜ) ॥

**ਲਤਾੜਨਾ,** ਕ੍ਰਿ:—ਪੈਰਾਂ ਥੱਲੇ ਦੱਬਣਾ ਜਾਂ ਮਲਣਾ, ਅਧੀਨ ਕਰਨਾ ॥

**ਲਤਿਆਉਣਾ,** ਕ੍ਰਿ:—ਲੱਤਾਂ ਨਾਲ ਮਾਰਨਾ ॥

**ਲੱਥ,** ਸ:—ਕਈਆਂ ਚੀਜ਼ਾਂ ਦਾ ਲੇਸਦਾਰ ਪਾਣੀ, ਦੁਆ ।

**ਲਥੜ ਪਥੜ,** ਵਿ:—ਬਹੁਤ ਲਿੱਬੜਿਆ ਹੋਇਆ ॥

**ਲੱਥੜਾ,** ਵਿ:—ਵਿਚਾਰਾ, ਨਿਮਾਣਾ ॥

**ਲੱਥਾ,** ਪੁ:, **ਲੱਥੀ,** ਸ: — ਜੋ ਉਤਰੇ, ਲਹੇ ਜਾਂ ਹਟਾਇਆ ਜਾਵੇ ॥

Digitized by Panjab Digital Library | www.panjabdigilib.org

**ਲੱਬੀ ਚੜ੍ਹੀ,** ਸ:—ਚੰਗੀ ਜਾਂ ਮੰਦੀ ਹਾਲਤ, ਮੌਕਾ, ਵਰਤਾਰਾ, ਬੇ ਪਰਵਾਹੀ ॥

**ਲੱਦ,** ਪੁ:—ਭਾਰ, ਬੋਝ ਜੋ ਪਸੂ ਉੱਤੇ ਲੱਦਿਆ ਹੋਵੇ ॥

**ਲੱਦ ਜਾਣਾ,** ਕ੍ਰਿ:—ਸੰਸਾਰ ਤੋਂ ਦੂਰ ਜਾਣਾ, ਮਰਨਾ ॥

**ਲੱਦਣਾ,** ਕ੍ਰਿ:—ਪਸੂ ਉੱਤੇ ਭਾਰ ਰੱਖਣਾ (ਕਿਤੇ ਲੈ ਜਾਣ ਵਾਸਤੇ), ਮਰ ਜਾਣਾ ॥

**ਲੱਦਣਾ ਪੱਥਣਾ,** ਕ੍ਰਿ:—ਚੰਗੀ ਤਰਾਂ ਘੁੱਟਕੇ ਲੱਦਣਾ ॥

**ਲਦਣੀਆਂ,** ਪੁ:—ਭਾਰ ਲੱਦਣ ਵਾਲੇ ਪਸੂ ਰੱਖਣ ਵਾਲਾ ਆਦਮੀ ॥

**ਲੱਦਾ,** ਪੁ:—'ਲੱਦ' ਵੇਖੋ ॥

**ਲਦਾਉਣਾ,** ਕ੍ਰਿ:—ਲੱਦਣ ਦਾ ਕੰਮ ਕਰਾਉਣਾ, ਭਰਤੀ ਕਰਾਉਣੀ ॥

**ਲਦਾਊ,** ਪੁ:—ਲਦਾਉਣ ਵਾਲਾ ॥
ਵਿ:—ਲਦਾਉਣ ਜੋਗ ॥

**ਲਦਾਈ,** ਸ:—ਲੱਦਣ ਦਾ ਕੰਮ ਜਾਂ ਮਜੂਰੀ ॥

**ਲੱਦੂ,** ਪੁ:—'ਲੱਦ' ਵੇਖੋ ॥

**ਲੱਦੂ,** ਪੁ:—ਜਿਸ ਪਸੂ ਉੱਤੇ ਭਾਰ ਲੱਦਿਆ ਜਾਵੇ, ਮੇਹਨਤੀ ਆਦਮੀ ॥

**ਲੱਧਣਾ,** ਕ੍ਰਿ:—ਹੱਥ ਆਉਣਾ, ਮਿਲਣਾ ਢੂੰਡਣਾ ॥

**ਲੱਧਾ,** ਪੁ:—ਬਾਂਦਰ, ਬਾਂਦਰ ਵਰਗਾ ਮਨੁੱਖ ॥
ਵਿ:—ਲੱਭਾ ਹੋਯਾ (ਸਹੁਰਾ ਧੱਧਾ, ਨੂੰਹ ਨੂੰ ਦਾਉ ਲੱਧਾ)।

**ਲਨੇਰ** ਪੁ:
**ਲਨੇਰਾ,** ਪੁ: } 'ਲਲੇਰ' 'ਲਲੇਰਾ' ਵੇਖੋ ।

**ਲੱਪ,** ਸ:—ਹੱਥ ਦੀ ਡੂੰਘੀ ਤਲੀ ਜਾਂ ਜਿੰਨੀ ਸ਼ੈ ਉਸ ਵਿਚ ਆਵੇ ॥

**ਲੱਪ ਝੱਪ,** ਸ:—ਬੁਰੀ ਵਾਦੀ, ਕੁਕਰਮ, ਵਿਉਂਤ ॥

**ਲੈਂਪ,** ਪੁ:—ਅੰਗ੍ਰੇਜ਼ੀ ਢੰਗ ਦਾ ਦੀਵਾ, ਮਿੱਟੀ ਦੇ ਤੇਲ ਵਾਲਾ ਚਰਾਗ ॥

**ਲਪਕ,** ਸ:—ਚਾਹ, ਇੱਛਿਆ, ਸ਼ੌਂਕ, ਪਰੇਮ, ਕਾਹਲੀ, ਫੁਰਤੀ ॥

**ਲਪਕਣਾ,** ਕ੍ਰਿ:—ਚਾਹੁਣਾ, ਸਾਹਸ ਕਰਨੀ, ਪਹੁੰਚਣਾ, ਝੁਕਣਾ, ਕਾਹਲੀ ਕਰਨੀ ॥

**ਲਪਕਾ,** ਪੁ:—ਬੁਰੀ ਵਾਦੀ, ਭੈੜਾ ਸ਼ੌਂਕ, ਚਾਹ ਨਾਲ ਜੋ ਦੇ ਕੇ ਮਾਰਿਆ ਜਾਵੇ ॥

**ਲਪਕਾਉਣਾ,** ਕ੍ਰਿ:—ਛੇੜੀ ਜਾਂ ਨਾਂ ਮਿਲਣ ਵਾਲੀ ਸ਼ੈ ਵਾਸਤੇ ਜੀ ਲਟਕਾਉਣਾ ॥

**ਲਪਕੀ,** ਸ:—ਸੀਉਣ ਦਾ ਇੱਕ ਢੰਗ ॥

**ਲਪਝਪਦਾ**
**ਲਪ ਝਪੀਆ** } ਵਿ:—ਬਦਮਾਸ਼, ਸ਼ਰਾਰਤੀ, ਛਲੀਆ ॥

**ਲਪਟ,** ਸ:—ਖ਼ੁਸ਼ਬੂ, ਸੁਗੰਧ, ਚੰਗੀ ਮੁਸ਼ਕ, ਲਾਟ ॥

**ਲਪੱਟ,** ਪੁ:—ਧੋਖਾ, ਫਰੇਬ, ਛਲ ॥

Digitized by Panjab Digital Library | www.panjabdigilib.org

**ਲੰਪਟ,** ਵਿ:-ਝੂਠਾ, ਬਦਮਾਸ਼, ਅਲਗ ॥

**ਲਪਟਣਾ** / **ਲਪਟਾਉਣਾ** } ਕ੍ਰਿ:-'ਲਿਪਟਣਾ' 'ਲਿਪਟਾਉਣਾ' ਵੇਖੋ ॥

**ਲਪੱਟੀ,** ਵਿ:, ਪੁ:—ਝੂਠਾ, ਫਰੇਬੀ, ਛਲੀਆ ॥

**ਲੱਪਰ,** ਪੁ:—ਕਮੀਨਾ ਤੇ ਨਕਾਰਾ ਮਨੁੱਖ, ਬੇਹਯਾ ॥

**ਲੱਪੜ,** ਪੁ:—ਧੱਪਾ, ਤਮਾਚਾ (ਮੂੰਹ ਉਤੇ)॥

**ਲੱਪਾ,** ਪੁ:—ਲੱਕੜੀ ਦੀ ਪੌੜ, ਮੁਹਾਰੇ ਦਾ ਇੱਕ ਹਿਸਾ ॥

**ਲਪਾੜੀ** / **ਲਪਾੜੀਆ** } ਵਿ:, ਪੁ:—ਫਰੇਬੀ, ਬੇਈਮਾਨ, ਬਦਮਾਸ਼ ।

**ਲਪਾੜਨ,** ਸ: / **ਲਪਾੜੀ,** ਪੁ: } ਜੋ ਝੂਠ ਬੋਲੇ, ਐਵੇਂ ਫੜਾਂ ਮਾਰੇ ਜਾਂ ਸਕੇ ॥

**ਲਪੇਟ,** ਪੁ:—ਮਰੋੜ, ਚਾਹ, ਵਲ, ਪੇਚ, ਘੇਰਾ, ਛਲ, ਲੁਕਾਉ ॥

**ਲਪੇਟ ਸਪੇਟ** / **ਲਪੇਟ ਝਪੇਟ** } ਸ:—ਗੜਬੜ, ਟਾਲਮਟੋਲਾ ਕਹਾਣਾ ॥

**ਲਪੇਟਮਾਂ (ਵਾਂ),** ਵਿ:—ਲਪੇਟਿਆ ਹੋਯਾ, ਪੇਚਦਾਰ, ਜਿਸ ਹੁੱਕੇ ਦੀ ਨੜੀ ਵਲਦਾਰ ਹੋਵੇ।

**ਲਪੇਟਵੀਂ,** ਕ੍ਰਿ:, ਵਿ:—ਵਲ ਪਾਕੇ, ਲੁਕਾਉ ਛੁਪਾਉ ਕਰਕੇ ॥

**ਲਪੇਟਣ** / **ਲਪੇਟੁਣ** } ਪੁ:—ਲਪੇਟਣ ਵਾਲੀ ਚੀਜ਼, ਉੱਛਾੜ ॥

**ਲਪੇਟਣਾ,** ਕ੍ਰਿ: ਤਹਿ ਕਰਨਾ, ਮਰੋੜਨਾ, ਵਲ ਪਾਉਣਾ, ਗੁੱਠਿਆਂ ਨੂੰ ਮਨਾ ਦੇਣਾ, ਫੇਰ ਸੋੜਨਾ ॥

**ਲਪੇਟਮ ਸਪੇਟਮ,** ਵਿ:—ਗੜ ਬੜ, ਜਿਸ ਵਿਚ ਲਪੇਟ ਹੋਵੇ ।

**ਲਪੇਟਾ,** ਪੁ:—ਧੋਖਾ, ਵਲ ਛਲ, ਜ਼ੋਰ, ਅਸਰ, ਪਹੁੰਚ, ਘੇਰਾ ॥

**ਲਪੌਟ ਸੰਖ** / **ਲਪੌਟ ਸੰਖੀਆ** } ਪੁ:—ਗੱਪੀ, ਝੂਠੇ ਲਾਰੇ ਦੇਣ ਵਾਲਾ ॥

**ਲਫਜ਼,** ਪੁ:—ਬਚਨ, ਬੋਲ, ਸ਼ਬਦ, ਪਦ, ਅੱਖਰਾਂ ਦਾ ਜੋੜ ॥

**ਲਫਟੈਂਟ,** ਪੁ:—ਇੱਕ ਫੌਜੀ ਅਫਸਰ (ਕਪਤਾਨ ਤੋਂ ਥੱਲੇ)॥

**ਲਫਟੈਂਟ ਗਵਰਨਰ,** ਪੁ:—ਛੋਟਾ ਲਾਟ, ਸੂਬੇ ਦਾ ਵੱਡਾ ਹਾਕਮ ॥

**ਲਫਣਾ,** ਕ੍ਰਿ:—ਦਬਾਉ ਨਾਲ ਝੁਕਣਾ, ਦੂੰਦਕ ਨਾਲ ਨਿਉਂ ਜਾਣਾ, ਪੋਲਾ, ਮੁਲੈਮ ਹੋਣਾ, ਥਪੇੜੇ ਨਾਲ ਝੁੱਕ ਜਾਣਾ, ਦਾਬਾ ਖਾਣਾ ।

**ਲਫੜਾ,** ਪੁ:—ਕਪੜੇ ਜਾਂ ਮਾਸ ਦਾ ਛੋਟਾ ਜਿਹਾ ਟੁਕੜਾ, ਧਪਾ ॥

**ਲਫੜਾਉਣਾ,** ਕ੍ਰਿ:—ਢਿੱਡ ਸੁੰਗੇੜਨਾ, ਆਪਣਾ ਗੁਣ ਜਾਂ ਮਾਲ ਘੱਟ ਵਿਖਾਉਣਾ ॥

**ਲਫਾਉ,** ਪੁ:—ਲਫਣ ਦਾ ਗੁਣ, ਝੁਕਾਉ, ਮੁਲੈਮੀ ॥

**ਲਫਾਉਣਾ,** ਕ੍ਰਿ:—ਝੁਕਾਉਣਾ, ਦਬਾਉਣਾ, ਅਧੀਨ ਕਰਨਾ ॥

Digitized by Panjab Digital Library | www.panjabdigilib.org

**ਲਫ਼ਾਊ,** ਵਿ:—ਜੋ ਲਫ਼ ਜਾਏ, ਮੁਲੈਮ, ਅਧੀਨ ਹੋਣ ਵਾਲਾ (ਲੀ) ॥

**ਲਫ਼ਾਫ਼ਾ,** ਪੁ:—ਕਾਗਜ਼ ਦੀ ਥੈਲੀ ਜਿਸ ਵਿੱਚ ਚਿੱਠੀ ਪੈਂਦੀ ਹੈ ॥

**ਲਫ਼ੇਦਾ,** ਪੁ:—ਬਲਗਮ ॥

**ਲਬ,** ਪੁ:—ਬੁੱਲ੍ਹ, ਥੁੱਕ, ਨੱਕ ਦੇ ਥੱਲੇ ਮੁੱਛ ਦਾ ਹਿੱਸਾ ॥

**ਲਬ ਚੱਟ,** ਪੁ:—ਕਮੀਨਾ, ਨੀਚ ਆਦਮੀ ॥

**ਲਬ ਲਬੇਜ਼,** ਪੁ:—ਰਹਿੰਦ ਖੂੰਹਦ, ਜੋ ਕੁਝ ਬਾਕੀ ਰਹਿ ਜਾਵੇ ॥

**ਲਬ ਲਾਉਣਾ,** ਕ੍ਰਿ:—ਬੁੱਲ੍ਹ ਨਾਲ ਥੁੱਕ ਲਾਉਣੀ ॥

**ਲਬ ਲੈਣਾ**<br>
**ਲਬਾਂ ਲੈਣੀਆਂ** } ਕ੍ਰਿ:—ਮੁੱਛਾਂ ਮੁੰਨਣਾ ਜਾਂ ਕਤਰਨੀ ॥

**ਲਬਾ ਲਬ,** ਵਿ:—ਕੰਢੇ ਤੱਕ ਭਰਿਆ ਹੋਇਆ, ਭਰਪੂਰ ॥

**ਲੱਬ,** ਪੁ:—ਲੋਭ, ਲਾਲਚ ॥

**ਲੰਬ,** ਸ:—ਅੱਗ ਦੀ ਲਾਟ, ਚਮਕਾਰਾ, ਚਲੈਤੀ ਦੀਵਾ, ਇੱਕ ਘਾਹ ॥

**ਲਬਜ਼,** ਪੁ:—'ਲਫ਼ਜ਼' ਵੇਖੋ ॥

**ਲੱਬਣ,** ਸ:—ਲੱਬ ਜਾਂ ਲੋਭ ਕਰਨ ਵਾਲੀ ॥

**ਲੰਬਰ,** ਪੁ:—ਨੰਬਰ, ਗਿਣਤੀ, ਦਰਜਾ, ਵਾਰੀ ॥

**ਲੰਬਰਦਾਰ,** ਪੁ:—ਪਿੰਡ ਦਾ ਸਰਦਾਰ ਜਾਂ ਮੁਖੀਆ (ਸਰਕਾਰ ਵੱਲੋਂ) ॥



**ਲੰਬਰਦਾਰਨੀ,** ਸ:—ਲੰਬਰਦਾਰ ਦੀ ਵਹੁਟੀ ॥

**ਲੰਬਰਦਾਰੀ,** ਸ:—ਲੰਬਰਦਾਰ ਦਾ ਕੰਮ ਜਾਂ ਹੁੱਦਾ ॥

**ਲੰਬਰ ਲਾਹੁਣੇ,** ਕ੍ਰਿ:—ਜ਼ਮੀਨਾਂ ਦੇ ਰਜਿਸਟਰ ਵਿਚੋਂ ਖੇਤਾਂ ਦੇ ਲੰਬਰ ਨਕਲ ਕਰਨਾ (ਪਟਵਾਰੀ ਦਾ) ॥

**ਲੰਬਰ ਵਾਰ,** ਕ੍ਰਿ:, ਵਿ:—ਵਾਰੀ ਵਾਰੀ, ਆਪਣੇ ਦਰਜੇ ਮੁਜਿਬ ॥

**ਲਬਰੇਨ,** ਸ:—ਝੂਠ, ਫਰੇਬ, ਛਲ, ਬਦਮਾਸ਼ੀ ॥

**ਲਬਰਨੀ,** ਵਿ: ਪੁ:—ਝੂਠਾ, ਬੇਈਮਾਨ, ਫਰੇਬੀ ॥

**ਲੰਬਰੀ,** ਵਿ:—ਲੰਬਰ ਦਾ (ਦੀ), ਗਿਣਤੀ ਮੁਜਿਬ, ਵਾਰੀ ਨਾਲ ॥

**ਲੰਬਰੀ ਗਜ਼,** ਪੁ:—ਸਰਕਾਰੀ ਮਾਪ ਦਾ ਗਜ਼ ॥

**ਲੰਬਰੀ ਨਾਲਿਸ਼,** ਸ:—ਕੇਵੋ ਮੁਜਿਬ (ਅਦਾਲਤ ਵਿੱਚ) ਜੋ ਅਰਜ਼ੀ ਪਾਈ ਜਾਵੇ ॥

**ਲਬਲਬਾ,** ਸ:—ਬੰਦੂਕ ਦੀ ਘੋੜੀ ॥

**ਲੰਬੜ,** ਪੁ:, ਸ: ਲੰਮਾ ਮਰਦ ਜਾਂ ਲੰਮੀ ਤੀਵੀਂ ॥

**ਲਬੜ ਸਬੜ,** ਪ:—ਹਰ ਸ਼ੈ ਜੋ ਖਾਣ ਦੇ ਕੰਮ ਆ ਸਕੇ, ਝੂਠ ॥

**ਲਬੜ ਹੱਟਾ,** ਪੁ:, ਵਿ:—ਮੋਟਾ ਤਾਜ਼ਾ ਨਿਕੰਮਾ ਆਦਮੀ ॥

**ਲਬੜਾ,** ਪੁ:—ਝੂਠਾ, ਗੱਪੀ, ਗੱਲਾਂ ਬਣਾਉਣ ਵਾਲਾ ॥

Digitized by Panjab Digital Library | www.panjabdigilib.org

**ਲੰਬਾ**, ਵਿ:, ਪੁ:—ਫੈਲਿਆ ਹੋਇਆ, ਉੱਚਾ, ਉੱਚੇ ਕੱਦ ਦਾ ।

**ਲੰਬਾਉਣਾ**, ਕ੍ਰਿ:—ਲੰਬਾ ਕਰਨਾ, ਢਿੱਲ ਲਾਉਣੀ ।

**ਲੰਬਾਊ**, ਵਿ:—ਲੰਬਾ, ਉੱਚੇ ਕੱਦ ਦਾ ਆਦਮੀ ।

**ਲੰਬਾਈ**, ਸ: ਜਿੰਨੀ ਕੋਈ ਚੀਜ਼ ਲੰਮੀ ਹੋਵੇ ਲੰਬੇ ਹੋਣ ਦਾ ਗੁਣ ॥

**ਲਬਾਣਾ**, ਪੁ:—ਹਿੰਡ ਰਿੱਖੇ ਉਂਦਾਂ ਵਾਲਾ ਕੀੜਾ, ਇਕ ਜਾਤ ॥

**ਲਬਾੜੀ**, ਵਿ:—ਗੱਪੀ, ਝੂਠਾ, ਬੇਈਮਾਨ, ਫਰੇਬੀ ॥

**ਲੰਬਿਆਉਣਾ**, ਕ੍ਰਿ:—ਲੰਬਾ ਕਰਾਉਣਾ, ਢਿੱਲ ਲਆਉਣੀ ॥

**ਲੱਬੀ**, ਵਿ:—ਲੋਭੀ, ਲਾਲਚੀ ॥

**ਲੰਬੜ**, ਪੁ: ਲੰਬੜ ਵੇਖੋ ।

**ਲੰਬੂ**, ਪੁ:—ਲੰਮਾ ਮਨੁੱਖ, ਕੱਪੜਿਆਂ ਜਾਂ ਘਾਹ ਦਾ ਲੂੰਠਾ ਜਿਸ ਨਾਲ ਚਿਤਾ ਨੂੰ ਅੱਗ ਲਾਉਂਦੇ ਹਨ (ਲਾਂਬੂ) ॥

**ਲਬੇਦਾ**, ਪੁ:—ਵਡੀ ਤਸਮਿਆਂ ਵਾਲੀ ਚਾਬਕ, ਕੜਾਹ ਦਾ ਢਲਾ, ਗਾੜ੍ਹੀ ਖੀਰ ॥

**ਲਵੇਰਾ**, ਪੁ: } ਦੁੱਧ ਦੇਣ ਵਾਲਾ ਪਸ਼ੂ ( ਗਊ ਮਹਿੰ ) ॥
**ਲਵੇਰੀ**, ਸ: }

**ਲਬੇੜਨਾ**, ਕ੍ਰਿ:—ਗਿੱਲੀ ਚੀਜ਼ ਦਾ ਲੱਗ ਜਾਣਾ, ਲਿਬੜਨਾ, ਮਲਣਾ ॥

**ਲੰਬੋ**, ਸ:—ਲੰਮੀ ਤੀਮਤ ॥

**ਲੱਭ** }
**ਲੱਭਣ** } 'ਲਬ' 'ਲੱਬਣ' 'ਲੱਬੀ' ਵੇਖੋ ॥
**ਲੱਭੀ** }

**ਲੱਭਣਾ** } ਕ੍ਰਿ:—ਢੂੰਡਣਾ, ਪਾਉਣਾ ਹਾਸਲ ਕਰਨਾ, ਹੱਥ ਆਉਣਾ ॥
**ਲੱਭ ਲੈਣਾ**, }

**ਲੱਭਤ**, ਸ:—ਲਾਭ, ਲਾਹਾ, ਫਾਇਦਾ, ਨਫਾ ॥

**ਲੱਭਾ**, ਵਿ: ਲੱਭਿਆ ਹੋਇਆ, ਢੂੰਡ ਕੇ ਮਿਲਿਆ ਹੋਯਾ ।

**ਲਭਾਉਣਾ**, ਕ੍ਰਿ:—ਢੂੰਡ ਕੇ ਲਿਆਉਣਾ, ਮਿਲਾਉਣਾ, ਹਾਸਲ ਕਰਾਉਣਾ ॥

**ਲਭਾਊ**, ਪੁ:—ਲੱਭਣ ਵਾਲਾ, ਜੋ ਲੱਭ ਸਕੇ ॥ finder

**ਲੱਭੀ**, ਪੁ:, ਵਿ:—ਲੋਭੀ, ਲਾਲਚੀ ॥

**ਲਮਕਣਾ**, ਕ੍ਰਿ:—ਲਟਕਣਾ, ਅੜੇ ਰਹਿਣਾ, ਢਿੱਲ ਪੈਣੀ ॥

**ਲਮਕੰਨਾ**, ਵਿ:, ਪੁ:—ਲੰਮੇ ਕੰਨਾਂ ਵਾਲਾ, ਖੋਤਾ ॥

**ਲਮਕਾਉ**, ਪੁ:—ਲਮਕਣ ਦੀ ਹਾਲਤ, ਢਿੱਲ ਲਟਕਾਉ ॥

**ਲਮਕਾਉਣਾ**, ਕ੍ਰਿ:—ਹੇਠਾਂ ਵਧਾਉਣਾ, ਲਟਕਾਉਣਾ, ਢਿੱਲ ਪਾਉਣੀ ॥

**ਲਮਕਾਊ**, ਵਿ:—ਲਮਕਾਉਣ ਵਾਲਾ, ਜੋ ਢਿੱਲ ਪਾਵੇ ॥

**ਲਮਛੜ**, ਪੁ:, ਸ:—ਲੰਮਾ ਮਨੁੱਖ, ਲੰਮੀ ਜ਼ਨਾਨੀ ॥

Digitized by Panjab Digital Library | www.panjabdigilib.org

**ਲਮਢੀਂਗ,** ਪੁ:—ਪਾਣੀ ਦੇ ਕੰਢੇ ਪੁਰ ਰਹਿਣ ਵਾਲਾ ਇਕ ਉੱਚੇ ਕੱਦ ਦਾ ਪੰਛੀ, ਲੰਮਾ ਮਨੁੱਖ ॥

**ਲਮਤਰਾਨੀ,** ਸ:—ਸ਼ੇਖੀ, ਫੜ, ਝੂਠੀ ਆਕੜ ਦੀ ਗੱਲ ॥

**ਲਮ ਲੇਟ,** ਸ:—ਢਿੱਲ ਮੱਠ, ਲਟਕਾਉ ।

**ਲਮਢੀ,** ਸ:—'ਲੰਮੀ' ਵੇਖੋ ॥

**ਲੰਮਾ,** ਵਿ:, ਪੁ:—ਲੰਬਾ, ਉੱਚਾ, ਇਕ ਇਲਾਕਾ ਮੰਪ, ਪਜੌ, ਨਗਾਹਾ ॥

**ਲੰਮਾ ਝੰਮਾ,** ਪੁ:—ਉੱਚਾ ਲੰਮਾ ਮਰਦ, ਗਭਰੂ ॥

**ਲੰਮਾ ਪੈਣਾ,** ਕ੍ਰਿ:—ਲੇਟਣਾ (ਮਰਦ ਦਾ) ॥

**ਲਮਿਆਉਣਾ,** ਕ੍ਰਿ:—ਲੰਮਾ ਕਰਨਾ, ਢਿਲ ਲਾਉਣੀ ॥

**ਲੰਮੀ,** ਸ:, ਵਿ:—ਉੱਚੀ ਫੈਲੀ ਹੋਈ, ਉੱਚੇ ਕੱਦ ਦੀ ਤੀਵੀਂ, ਸ਼ੌਕ, ਪੈਂਡੇ ਦੀ ਲੰਮੀ ਚਾਲ, ਸ਼ੇਖੀ, ਫੜ (ਲੰਮੀਆਂ) ॥

**ਲੰਮੀਆਂ ਲਾਉਣੀਆਂ,** ਕ੍ਰਿ:—ਗੱਪਾਂ ਜਾਂ ਫੜ੍ਹਾਂ ਮਾਰਨੀਆਂ ॥

**ਲੰਮੀ ਪੈਣਾ,** ਕ੍ਰਿ:—ਲੇਟਣਾ (ਜ਼ਨਾਨੀ ਦਾ) ॥

**ਲੰਮੋਚੜ,** ਵਿ:—ਪੱਛਮ ਜਾਂ ਦੱਖਣ ਵਾਲੇ ਪਾਸੇ ਦਾ ॥

**ਲੱਲ,** ਸ:—ਝੂਠਾ ਖਿਆਲ, ਨਿਕੰਮਾ ਕੰਮ ॥

**ਲੱਲ੍ਹ,** ਪੁ:—ਚੌਪੜ ਦੀ ਖੇਡ ਵਿੱਚ ਇੱਕ ਕਤਾਰ ॥

**ਲੱਲ੍ਹੀ,** ਸ:—ਇੱਕ ਤਰ੍ਹਾਂ ਦੇ ਮੁਸਲਮਾਨ ਫਕੀਰ ਜੋ ਨੱਚਦੇ ਫਿਰਦੇ ਹਨ, ਮੂਰਖ ॥

**ਲੱਲ੍ਹੂ,** ਪੁ:—ਦੇਸ, ਢਲ, ਢੰਗ, ਵਸੀਲਾ, ਭਿਖਾਰੀ, ਵਹਿਮ ॥

**ਲੱਲ੍ਹੋ,** ਪੁ:—ਇੱਕ ਆਦਮੀ ਦੀ ਸ਼ਕਲ ਜੋ ਨਿੱਕੀਆਂ ਕੁੜੀਆਂ ਧਰਤੀ ਉੱਤੇ ਬਣਾ ਕੇ ਪਿਟਦੀਆਂ ਹਨ ਕਿ ਮੀਂਹ ਵੱਸੇ ॥

**ਲਲਕ,** ਸ:—ਇੱਛਿਆ, ਬੜੀ ਚਾਹ, ਜੋਸ਼, ਡਾਢਾ ਅਸਰ ॥

**ਲਲਕਾਰ,** ਸ:—ਪੁਕਾਰ, ਬੁਲਾਰਾ, ਚੀਕ, ਉੱਚੀ ਅਵਾਜ਼, ਦਾਵਾ ॥

**ਲਲਕਾਰਨਾ,** ਕ੍ਰਿ:—ਉੱਚੀ ਬੋਲਣਾ, ਚੀਕਣਾ ਲੜਾਈ ਮੰਗਣਾ ॥

**ਲਲਕਾਰਾ,** ਪੁ:—'ਲਲਕਾਰ' ਵੇਖੋ ॥

**ਲਲਚਾਉਣਾ,** ਕ੍ਰਿ:—ਲੋਭ ਕਰਨਾ, ਬੜੀ ਭਾਰੀ ਚਾਹ ਰੱਖਣੀ ॥

**ਲਲਤ,** ਪੁ:—ਇਕ ਰਾਗ ।
ਵਿ:—ਮਨੋਹਰ ॥

**ਲਲਤਾ,** ਸ:—ਸੁੰਦਰ ਇਸਤ੍ਰੀ, ਕਿਸ਼ਨ ਜੀ ਦੀ ਇੱਕ ਸਖੀ ।

**ਲੱਲਾ,** ਪੁ:—'ਲ' ਅੱਖਰ ਦਾ ਨਾਉਂ, ਪਿਆਰਾ ਬਾਲਕ ॥

**ਲਲਾਉਤੀ,** ਸ:—ਇੱਕ ਪੁਰਾਣੇ ਸਮੇਂ ਦੀ ਹਿਸਾਬ ਦੀ ਪੋਥੀ ॥

Digitized by Panjab Digital Library | www.panjabdigilib.org

**ਲਲਾਟ,** ਪੁ:—ਮੱਥਾ, ਮਸਤਕ, ਪਰਾਲਬਧ ।

**ਲਲਾਮ** } ਸ:—ਆਮ ਬਿਕਰੀ ਜਿਸ ਵਿੱਚ ਚੌਲੀ
**ਲਲਾਮੀ** } ਹੋ ਕੇ ਸਭ ਤੋਂ ਵੱਧ ਮੁੱਲ ਦੇਣ ਵਾਲੇ ਨੂੰ ਚੀਜ਼ ਦਿੱਤੀ ਜਾਂਦੀ ਹੈ (ਦੇਣੀ, ਕਰਨੀ)॥

**ਲਲਾਮੀ,** ਸ:—ਲਲਾਮ ਵਿੱਚ ਵੇਚੀ ਜਾਂ ਖਰੀਦੀ ਹੋਈ (ਚੀਜ਼)॥

**ਲਲਾਮੀਆ,** ਪੁ:—ਲਲਾਮ ਵਿੱਚ ਚੀਜ਼ਾਂ ਖਰੀਦ ਕੇ ਵੇਚਣ ਵਾਲਾ ਦੁਕਾਨਦਾਰ, ਲਲਾਮ ਕਰਨ ਵਾਲਾ ॥

**ਲਲਾਰਨ,** ਸ: } ਜੋ ਕਪੜੇ ਰੰਗਣ ਦਾ ਕੰਮ
**ਲਲਾਰੀ,** ਪੁ: } ਕਰੇ ॥

**ਲਲਿਤ,** ਪੁ:—ਇੱਕ ਰਾਗ ॥
ਵਿ:—ਸੁੰਦਰ, ਮਨੋਹਰ ॥

**ਲਲੀ,** ਸ:—ਕੁੜੀ, ਖੁਸਰਾ ॥

**ਲਲੇਟ ਹੋਣਾ** } ਕ੍ਰਿ:—ਹੱਸ ਹਸ ਕੇ ਦੋਹਰੇ ਹੋ
**ਲਲੇਟਣਾ** } ਹੋ ਪੈਣੇ ॥

**ਲਲੇਰ,** ਪੁ:—'ਨਰੇਲ' ਵੇਖੋ ॥

**ਲਲੇਰਾ,** ਪੁ:—ਨਰੇਲ ਦਾ ਖਾਲੀ ਛਿਲਕਾ, ਨਰੇਲ ਦੇ ਛਿਲਕੇ ਦਾ ਹੁੱਕਾ ॥

**ਲਲੇਰੀ,** ਸ:—ਲਲੇਰ ਦਾ ਛਿਲਕਾ ਜਾਂ ਉਸ ਦਾ ਕਟੋਰੇ ਵਰਗਾ ਦੋਂਟਾ ॥

**ਲੱਲੋ ਪੱਤੋ,** ਸ:—ਖੁਸ਼ਾਮਦ, ਬਹਾਨਾ, ਫਰੇਬ, ਝੂਠੀਆਂ ਗਲਾਂ (ਕਰਨਾ)॥

**ਲਵਰੇਣ,** ਪੁ:—ਧੋਖਾ, ਛਲ, ਝੂਠ, ਬਦਮਾਸ਼ੀ॥

**ਲਵਰੇਨੀ,** ਵਿ:, ਪੁ:—ਝੂਠਾ, ਬੇਈਮਾਨ, ਫਰੇਬੀ ।

**ਲਵਾ,** ਪੁ:, ਸ:—ਪੜਦਾ, ਇੱਕ ਪੰਛੀ ॥
ਵਿ:—ਤਾਜ਼ਾ, ਛੋਟੀ ਉਮਰ ਦਾ ॥

**ਲਵਾਉਣਾ,** ਕ੍ਰਿ:—ਲਾਉਣ ਦਾ ਕੰਮ ਕਰਾਉਣਾ, ਕਰਜ਼ਾਈ ਕੋਲੋਂ ਰਕਮ ਦੇ ਬਦਲੇ ਪਸ਼ੂ ਲੈ ਲੈਣਾ ॥

**ਲਵਾਹਕ,** ਪੁ:—ਸਾਕ, ਸਰਬੰਧੀ, ਸਾਂਝੀ, ਹਿੱਸੇਦਾਰ ॥

**ਲਵੇਰਾ (ਰੀ),** ਪੁ:, ਸ:—'ਲਵੇਰਾ (ਰੀ)' ਵੇਖੋ ॥

**ਲੜ,** ਪੁ:—ਕਪੜੇ ਜਾਂ ਰੱਸੇ ਦਾ ਸਿਰਾ, ਪਲਾ, ਕੰਨੀ ॥

**ਲੜ ਫੜਣਾ,** ਕ੍ਰਿ:—ਸ਼ਰਨ ਲੈਣੀ, ਆਸਰਾ ਬਣਾਉਣਾ ।

**ਲੜ ਲੱਗਣਾ,** ਕ੍ਰਿ:—ਤੀਮਤ ਦਾ (ਕਿਸੇ ਮਰਦ ਨਾਲ) ਵਿਆਹ ਹੋਣਾ, ਆਸਰੇ ਜਾਂ ਸਹਾਰੇ ਹੋਣਾ ॥

**ਲੜ੍ਹ,** ਸ:—ਉੱਨ ਜਾਂ ਕਪਾਹ ਦੀ ਬੁਰ, ਗੁੱਝੇ ਹੋਏ ਆਟੇ ਦੀ ਲੇਸ ॥

**ਲੜਕਪੁਣਾ,** ਪੁ: } ਬਾਲ ਅਵਸਥਾ, ਛੋਟੀ
**ਲੜਕ ਵਾਈ,** ਸ: } ਉਮਰ ॥

**ਲੜਕ ਬੁੱਧ,** ਸ:—ਲੜਕਿਆਂ ਜੇਹੀ ਬੁੱਧ, ਬੇਸਮਝੀ ॥
ਵਿ:—ਜਿਸ ਦੀ ਲੜਕਿਆਂ ਜੇਹੀ ਬੁੱਧ ਹੈ, ਥੋੜੀ ਸਮਝ ਵਾਲਾ ॥

Digitized by Panjab Digital Library | www.panjabdigilib.org

**ਲੜਕਾ,** ਪੁ:—ਮੁੰਡਾ, ਛੋਟੀ ਉਮਰ ਦਾ ਮਰਦ, ਪੁਤ੍ਰ, ਲੌਂਡਾ ॥

**ਲੜਕੇ ਬਾਲੇ,** ਪੁ: (ਬਹੁ:) ਬਾਲ ਬੱਚੇ, ਉਲਾਦ, ਟੱਬਰ ।

**ਲੜਕੀ,** ਸ:—ਕੁੜੀ, ਬਹੁਤ ਛੋਟੀ ਉਮਰ ਦੀ ਤੀਮਤ, ਧੀ ॥

**ਲੜਕੁਆਈਂ,** ਸ:—ਬਾਲ ਅਵਸਥਾ ॥

**ਲੜਣਾ,** ਕ੍ਰਿ:—ਜੁੱਧ ਕਰਨਾ, ਖਹਿਣਾ, ਝਗੜਨਾ, ਬਹਿਸਣਾ, ਭਿੜਨਾ ।

**ਲੜਦ (ਵਾ),** ਪੁ:—ਕਪੜੇ ਦੀ ਲੀਰ, ਟਾਕੀ ਮਾਸ ਦੀ ਬੋਟੀ ।

**ਲੜਾਉਣਾ,** ਕ੍ਰਿ:—ਜੁੱਧ ਝਗੜਾ ਜਾਂ ਬਹਿਸ ਕਰਾਉਣਾ, ਭਿੜ ਮਰਵਾਉਣਾ ॥

**ਲੜਾਈ,** ਸ:—ਜੁੱਧ, ਜੰਗ, ਝਗੜਾ, ਬਹਿਸ, ਵੈਰ ਵਿਰੋਧ (ਹੋਣੀ, ਕਰਨੀ, ਲੜਨੀ) ॥

**ਲੜਾਈ ਖਰੀਦਣੀ** / **ਲੜਾਈ ਮੁੱਲ ਲੈਣੀ** } ਕ੍ਰਿ:—ਆਪਣੇ ਆਪ ਨੂੰ ਝਗੜੇ ਵਿੱਚ ਫਸਾਉਣਾ ।

**ਲੜਾਈ ਦਾ ਘਰ,** ਪੁ:—ਜੋ ਲੜਾਈ ਪਾਵੇ, ਲੜਾਈ ਦਾ ਕਾਰਣ ॥

**ਲੜਾਈ ਝੜਾਈ,** ਸ:—ਲੜਾਈ, ਝਗੜਾ ॥

**ਲੜਾਕ (ਕਾ),** ਪੁ: / **ਲੜਾਕੀ,** ਸ: } ਜਿਸ ਨੂੰ ਲੜਾਈ ਜਾਂ ਝਗੜਾ ਕਰਨ ਦੀ ਵਾਦੀ ਹੋਵੇ ॥

**ਲੜੀ,** ਸ:—ਪਰੋਏ ਹੋਏ ਮਣਕੇ, ਕੈਂਠੀ, ਮਾਲਾ, ਤੰਦ, ਡੋਰੀ, ਖੁਸ਼ੀ ਸੁਖ ॥

**ਲੜੂੰ ਲੜੂੰ ਕਰਨਾ,** ਕ੍ਰਿ:—ਲੜਨਾ ਚਾਹੁਣਾ, ਲੜਨ ਦਾ ਜਤਨ ਕਰਨਾ ॥

**ਲਾਂ,** ਸ:—ਮੋਟਾ ਲੰਮਾ ਖੂਹ ਦਾ ਰੱਸਾ ਜੋ ਬਲਦ ਖਿੱਚਦੇ ਹਨ, ਲਾਮ ॥

**ਲਾਂ ਲਸ਼ਕਰ,** ਪੁ:—ਫ਼ੌਜ ਅਸਬਾਬ ਨੌਕਰ ਆਦਿਕ ॥

**ਲਾਉ,** ਪੁ:—ਨਹੱਕੀ ਗੱਲ, ਝੂਠਾ ਦਾਵਾ, ਊਜਾ ਨਿਕੰਮਾ ਦੋਸ ॥

**ਲਾਉ ਪਾਉ,** ਪੁ:—ਲੈਹਣੇ ਦੇਣੇ ਵਿਚ ਰਕਮ ਦੀ ਬਾ ਕਿੱਤੀ ਹੋਈ ਸ਼ੈ ॥

**ਲਾਉ ਲਸ਼ਕਰ,** ਪੁ:—'ਲਾਂ ਲਸ਼ਕਰ' ਵੇਖੋ ॥

**ਲਾਹੁੰ,** ਸ:—ਲਮਾ ਰੱਸਾ, ਵਿਆਹ ਦੇ ਫੇਰਿਆਂ ਵਿਚੋਂ ਕੋਈ ॥

**ਲਾਉਣ,** ਪੁ:—'ਲੋਣ' ਵੇਖੋ ॥

**ਲਾਉਣਾ,** ਕ੍ਰਿ:—ਜੋੜਨਾ, ਮਲਣਾ, ਮੇਲਣਾ, ਗੱਡਣਾ, ਥਾਪਣਾ, ਬੋਣਾ, ਰੱਖਣਾ, ਧਰਨਾ, ਜ਼ੁੰਮੇ ਕਰਨਾ, ਬੰਦ ਕਰਨਾ, ਫੈਲਾਉਣਾ, ਵਰਤਣਾ, ਕੰਮ ਲੈਣਾ, ਦੋਸ ਦੇਣਾ, ਖਰਚਣਾ ਅੱਗੇ ਲੈ ਜਾਣਾ, ਖਰੀਦਣਾ, ਪੁਤ੍ਰ ਦੀ ਕੁੜਮਾਈ ਕਰਨਾ ॥

**ਲਾਉਲਾ,** ਪੁ:—ਚਾਹ, ਮਰਜ਼ੀ, ਅਭਲਾਖਾ, ਲਾਲਚ ॥

**ਲਾਇਕ,** ਵਿ:—ਕਰ ਸੱਕਣ ਵਾਲਾ (ਕੀ) ਜੋਗ, ਮੁਨਾਸਬ, ਠੀਕ, ਗੁਣੀ ॥

**ਲਾਇਕ ਮੰਦ (ਵੰਦ),** ਵਿ:—ਗੁਣੀ, ਮਾਲੀ (ਹੋਣਾ) ॥

Digitized by Panjab Digital Library / www.panjabdigilib.org

**ਲਾਇਕੀ,** ਸ:—ਗੁਣ, ਲਾਇਕ ਹੋਣਾ, ਚੰਗੇ ਕੰਮ ਜਾਂ ਲੱਛਣ ॥

**ਲਾਇਚਾ,** ਪੁ:—ਰੇਸ਼ਮੀ ਚਾਦਰ ਜਾਂ ਦੁਪੱਟਾ,

**ਲਾਇਚੀ**
**ਲਾਇਚੀ ਦਾਨਾ** } 'ਇਲਾਚੀ' ਵੇਖੋ ॥

**ਲਾਇਬ੍ਰੇਰੀ,** ਸ:—ਕਿਤਾਬਾਂ ਦਾ ਭੰਡਾਰ, ਜਿਸ ਘਰ ਵਿੱਚ ਕਿਤਾਬਾਂ ਰੱਖੀਆਂ ਹੋਈਆਂ ਹੋਣ ॥

**ਲਾਇਬ੍ਰੇਰੀਅਨ,** ਪੁ:—ਜਿਸ ਦੇ ਜ਼ਿੰਮੇ ਲਾਇਬ੍ਰੇਰੀ ਹੋਵੇ ॥

**ਲਾਇਰਾ,** ਵਿ:—ਨਵਾਂ, ਤਾਜ਼ਾ, ਨਰਮ, ਹਰਾ, ਸੱਜਰ ॥

**ਲਾਈ,** ਪੁ:, ਸ:—ਪੰਚ, ਝਗੜਾ ਨਿਬੇੜਨ ਵਾਲਾ, ਜੋ ਫੈਸਲਾ ਕਰੇ।

**ਲਾਈ ਲੱਗ,** ਵਿ:—ਜੋ ਬਿਨਾਂ ਸੋਚੇ ਦੂਜੇ ਦਾ ਕਿਹਾ ਮੰਨੇ।

**ਲਾਈਟ ਹੌਸ,** ਪੁ:—ਸਮੁੰਦਰ ਵਿੱਚ ਰੋਸ਼ਨੀ ਦਾ ਮੁਨਾਰਾ ॥

**ਲਾਸ,** ਸ:, ਪੁ:—ਲੰਮਾ ਰੱਸਾ, ਖੱਚਲਾਂ ਦੀ ਧਾਰੀ, ਦੂਰ ਦੇ ਮੋਹਰ ਦੀ ਸ਼ਕਲ, ਬੈਂਤ ਆਦਿਕ ਦੀ ਮਾਰ ਦਾ ਪਿੰਡੇ ਉੱਤੇ ਨਿਸ਼ਾਨ, ਸ਼ਕਲ ਦਾ ਦਾਗ, ਚਟਾਕ, ਲੰਬ।

**ਲਾਸ਼,** ਸ:—ਲੋਥ, ਮੁਰਦੇ ਦਾ ਸਰੀਰ ॥

**ਲਾਸਣਾ,** ਕ੍ਰਿ:—ਮਲਣਾ, ਤੇਲ ਲਾਉਣਾ (ਵਿੰਡ ਉੱਤੇ), ਸ਼ਕਲ ਦਾ ਦਾਗ ਲਾਉਣਾ (ਪਿੰਡੇ ਕਪੜੇ ਰੰਗੀ ਤੇ) ॥

**ਲਾਹ,** ਪੁ:—ਫਾਇਦਾ, ਲਾਭ, ਨਫਾ, ਇਕ ਪਤਲਾ ਰੇਸ਼ਮੀ ਕਪੜਾ ॥

**ਲਾਹ ਆਉਣਾ,** ਕ੍ਰਿ:—ਦੁਧਾਰ ਵਿੱਚ ਪੰਦੀ ਹੋਣੀ ਪਸ਼ੂ ਦੇ ਥਣਾਂ ਵਿੱਚ ਦੁੱਧ ਉਤਰਨਾ।

**ਲਾਹ ਸਿੱਟਣਾ**
**ਲਾਹ ਦੇਣਾ** } ਕ੍ਰਿ:—'ਲਾਹੁਣਾ' ਵੇਖੋ।

**ਲਾਹ ਕੱਢਣਾ,** ਕ੍ਰਿ:—ਲਾਹਾ ਉਠਾਉਣਾ, ਆਪਣਾ ਨਫਾ ਵੇਖਣਾ।

**ਲਾਹ ਵੰਦ,** ਵਿ:—ਜਿਸ ਵਿਚ ਲਾਹ ਜਾਂ ਫ਼ਾਇਦਾ ਹੋਵੇ ॥

**ਲਾਹਣ**
**ਲਾਹਨ** } ਪੁ:, ਸ:—ਸ਼ਰਾਬ ਆਦਿਕ ਦੀ ਭੱਠੀ ਦੀ ਮੈਲ।

**ਲਾਹਣਾ**
**ਲਾਹੁਣਾ** } ਕ੍ਰਿ:—ਨੀਵੇਂ ਰੱਖਣਾ, ਉਤਾਰਨਾ, ਥੱਲੇ ਸੁੱਟਣਾ।

**ਲਾਹਾ**
**ਲਾਹੇਵੰਦਾ** } 'ਲਾਹ' 'ਲਾਹ ਵੰਦ' ਵੇਖੋ ॥

**ਲਾਹਾਸਲ,** ਵਿ:—ਨਿਸਫਲ, ਬਿਅਰਥ, ਜਿਸ ਦੀ ਲੋੜ ਨਹੀਂ ॥

**ਲਾਹੁ,** ਪੁ:—'ਲਾਹ' ਵੇਖੋ ॥

**ਲਾਹੂ ਛੱਟਾ,** ਪੁ:—ਓਪਰਾ, ਗੁਆਰ, ਫਾਡਾ ਆਦਮੀ।

**ਲਾਹੌਰ**
**ਲਾਹੌਰੀ**
**ਲਾਹੌਲ** } 'ਲਹੌਰ' 'ਲਹੌਰੀ' 'ਲਹੌਲ' ਵੇਖੋ।

Digitized by Panjab Digital Library | www.panjabdigilib.org

**ਲਾਕੜਾ ਕਾਕੜਾ,** ਪੁ:—ਪਿੰਡੇ ਦਾ ਇੱਕ ਰੋਗ ਜਿਸ ਵਿੱਚ ਸੀਤਲਾ ਦੇ ਨਿੱਕੇ ਨਿੱਕੇ ਦਾਣੇ ਵਿਰਲੇ ਨਿਕਲਦੇ ਹਨ।

**ਲਾਕਾ,** ਪੁ:—'ਅਲਾਕਾ' ਵੇਖੋ ॥

**ਲਾਖ,** ਸ:—ਇੱਕ ਤਰਾਂ ਦੀ ਲਾਲ ਗੂੰਦ, ਲੱਖ ॥

**ਲਾਖਣਾ,** ਪੁ:—ਲਾਖ ਨਾਲ ਰੰਗ ਕੇ ਲਾਲ ਕੀਤਾ ਹੋਯਾ ਉੱਨ ਦਾ ਸੂਤ੍ਰ।

**ਲਾਖੋਂ,** ਪੁ: } ਵਿ:—ਕਾਲਾ (ਲੀ) ਹੋਣੀ ਜਾਂ ਗਊ,
**ਲਾਖੀ,** ਸ: } ਗੂੜ੍ਹਾ ਲਾਲ (ਦੁੱਪਟਾ), ਲਾਖ ਦੇ ਰੰਗ ਦਾ, ਬੂਰਾ ॥

**ਲਾਗ,** ਸ:—ਲਗਾਉ, ਮੇਲ, ਪਾਣੀ ਆਦਿਕ ਦਾ ਬੁਰਾ ਅਸਰ, ਟਾਕਰਾ, ਵੈਰ, ਸਾਂਝ, ਪਿਆਰ, ਪਰਾਏ ਪੁਰਖ ਜਾਂ ਇਸਤ੍ਰੀ ਦਾ ਨੇਹੁੰ।

ਪੁ:—ਲਾਗੀਆਂ ਦਾ ਬੰਧਾਨ, ਖੁਰਾ ਰੰਗ ਜਾਂ ਸ਼ੈ ਜੋ ਕੱਚੇ ਰੰਗ ਜਾਂ ਸ਼ੈ ਨਾਲ ਮਿਲੀ ਹੋਵੇ, ਦਾਗ।

ਅਵ:-ਪਾਸ, ਨੇੜੇ ॥

**ਲਾਗ ਬਾਜੀ,** ਸ:—ਵੈਰ ਵਿਰੋਧ, ਖਾਰ, ਦੁਸ਼ਮਣੀ ॥

**ਲਾਗ ਬੁਕ,** ਪੁ:—ਸਕੂਲ ਦੇ ਜਿਸ ਰਜਿਸਟਰ ਵਿੱਚ ਅਫਸਰ ਆਪਣੀ ਰਾਇ ਲਿਖਦੇ ਹਨ।

**ਲਾਗ ਮਾਰ,** ਸ: ਲਾਗੀਆਂ ਦਾ ਲਾਗ ਮਾਰ ਲੈਣਾ ॥

**ਲਾਗ ਮਾਰੂ,** ਵਿ:—ਜੋ ਲਾਗੀਆਂ ਦਾ ਲਾਗ ਮਾਰ ਲਵੇ।

**ਲਾਗ ਲਪੇਟ,** ਸ:-ਪੱਖ ਪਾਤ, ਰਈ, ਤਰਫਦਾਰੀ, ਛਲ ਕਲ ॥

**ਲਾਗ ਲਬੇੜ,** ਪੁ:, ਸ:-ਰਹਿਦ ਖੂੰਹਦ, ਜੋ ਕੁਝ ਲਿਬੜਿਆ ਰਹੇ।

**ਲਾਗ ਲਾਗ,** ਅਵ:—ਨਾਲ ਨਾਲ, ਲਾਗੇ ॥

**ਬੇ ਲਾਗ** } ਵਿ:, ਕ੍ਰਿ:, ਵਿ:—ਅਲੱਗ, ਨਿਰਪੱਖ,
**ਬੇ ਲਾਗੋਂ** } ਬੇ ਪਰਵਾਹ, ਨਖਾਲਸ, ਤਾਜਾ, ਸੱਚਾ। ਨਿਰਪੱਖ ਹੋਕੇ ॥

**ਲਾਗਣ,** ਸ:—ਵਿਆਹ ਸ਼ਾਦੀ ਵਿੱਚ ਲਾਗ ਜਾਂ ਬੰਧਾਨ ਲੈਣ ਵਾਲੀ ਤੀਮਤ, ਨਾਇਣ ਬੀਉਰੀ ਚੂਹੜੀ ਆਦਿਕ ॥

**ਲਾਗਤ,** ਸ:-ਕਿਸੇ ਕੰਮ ਉੱਤੇ ਜੋ ਖਰਚ ਹੋਵੇ, ਮੁੱਲ, ਕੀਮਤ (ਬੈਠਣੀ, ਲੱਗਣੀ) ॥

**ਲਾਗਰ,** ਸ:-ਰੁੱਖ ਦੀ ਡਾਲੀ, ਨਰਮ ਟਾਹਣੀ ॥

**ਲਾਂਗਰੀ** } ਪੁ:-ਲੰਗਰ ਵਿੱਚ ਰੋਟੀ ਪਕਾ-
**ਲਾਂਗਰੀਆ** } ਉਣਵਾਲਾ, ਰਸੋਈਆ ॥

**ਲਾਗੜ,** ਵਿ:-ਨਾਲ ਲਗਦਾ, ਨੇੜੇ ਜਾਂ ਲਾਗੇ ਦਾ ॥

**ਲਾਗੜ ਛਾਗੜ,** ਪੁ:-ਦੂਰ ਦੇ ਸਾਕ ॥

**ਲਾਰੜ,** ਵਿ:-ਨਵੀਂ ਸੂਈ ਹੋਈ (ਗਊ ਮਹਿੰ), ਡਾਕੇ ਦੇ ਪਾਸਿਆਂ ਉੱਤੇ ਲੱਗਣ ਵਾਲਾ (ਘਿਉ ਤੇਲ ਆਦਿਕ) ॥

**ਲਾਂਗੜ,** ਸ:-ਤੀਮਤ ਦੇ ਕਪੜੇ ਦਾ ਲੜ, ਘੱਗਰੀ ਉਤਾਂਹ ਅੜੁੰਗੀ ਹੋਈ, ਤੇੜ ਦਾ ਸਾਫ਼ਾ ਜਾਂ ਲੰਗੋਟੀ।

**ਲਾਗਾ / ਲੱਗਾ** } [illegible] ਨੇੜੇ ਹੋਵੇ। [illegible] ਪਾਸ ਹੋਣਾ।

**ਲਾਗਾ,** ਪੁ:-ਪਿੰਡਾ ਛਿਲਿਆ ਜਾਣਾ, ਪਸ਼ੂ ਦੀ ਪਿੱਠ ਦਾ ਫੋੜਾ, ਖਰਚ।

**ਲਾਂਗਾ,** [illegible]

**ਲਾਂਗਾ ਵੇਰ,** ਸ:-ਲੰਮੀ ਕਤਾਰ, ਪਾਲ (ਲਾਉਣੀ)।

**ਲਾਗੀ,** ਪੁ:-ਵਿਆਹ ਸ਼ਾਦੀ ਵਿੱਚ ਕੰਮ ਕਾਜ ਕਰਕੇ ਲਾਗ ਜਾਂ ਖੈਰਾਤ ਲੈਣ ਵਾਲੇ (ਬ੍ਰਾਹਮਣ ਨਾਈ ਆਦਿਕ)॥

**ਲਾਗੀ ਜੋਗੀ,** ਪੁ:-ਲਾਗ ਲੈਣ ਵਾਲੇ ਕਮੀਣ॥

**ਲਾਗੀ,** ਸ:-ਰੁੱਖਾਂ ਦੀਆਂ ਹਰੀਆਂ ਟਹਿਣੀਆਂ ਅਤੇ ਪੱਤੇ ਜੋ ਬੱਕਰੀਆਂ ਭੇਡਾਂ ਲਈ ਵੱਢੇ ਜਾਣ॥

**ਲਾਗੂ,** ਪੁ:-ਲਾਗ, ਲਾਗੀਆਂ ਦਾ ਖੈਰਾਤ॥

**ਲਾਗੂ / ਲਾੱਗੂ** } ਪੁ:-ਅ, ਕਿਸੇ ਚੀਜ਼ ਦੇ ਮਗਰ ਲੱਗੀ, ਗਾਹਕ, ਮਿੱਤ੍ਰ, ਵੈਰੀ॥

**ਲਾਗੇ** ਅਵ:-ਨਾਲ, ਨੇੜੇ, ਪਾਸ ਹੀ, ਕੋਲ ਹੀ।

**ਲਾਂਘ,** ਸ:-'ਉਲਾਂਘ' ਵੇਖੋ॥

**ਲਾਂਘਾ,** ਸ:-ਲੰਘਣ ਦਾ ਕੰਮ ਜਾਂ ਥਾਂ, ਲੰਘਣ ਵਾਲਿਆਂ ਦੀ ਫੀਸ॥

**ਲਾਂਘਾ ਲੰਘਾਉਣਾ,** ਕ੍ਰਿ:-ਸਮਾ ਬਿਤਾਉਣਾ, ਕਿਸੇ ਨਾ ਕਿਸੇ ਤਰ੍ਹਾਂ ਨਿਰਬਾਹ ਕਰਨਾ॥

**ਲਾਚਾ / ਲਾਚੇ** } ਪੁ:-ਰੇਸ਼ਮੀ ਚਾਦਰ, ਲਾਲ ਰੇਸ਼ਮੀ ਕੰਨੀ ਵਾਲਾ ਖੇਸ॥

**ਲਾਚੀ,** ਸ:-'ਇਲਾਚੀ' ਵੇਖੋ॥

**ਲਾਜ,** ਸ:-ਸ਼ਰਮ, ਲੱਜਿਆ, ਪਤ, ਹਯਾ, ਆਦਰ [illegible]॥

**ਲਾਜ ਰੱਖਣੀ,** ਕ੍ਰਿ:-ਪਤ ਬਚਾਉਣੀ, ਸ਼ਰਮ ਰਹਿਣ ਵਾਲੀ ਗੱਲ ਕਰਨੀ॥

**ਲਾਜਮਾਣ / ਲਾਜਵੰਤ / ਲਾਜਵਾਨ** } ਵਿ:-ਹਯਾ ਵਾਲਾ, ਸ਼ਰਮਿੰਦਾ, ਬੇ ਇੱਜ਼ਤ।

**ਲਾਜਵੰਤੀ,** ਸ:-ਇੱਕ ਬੂਟੀ ਜਿਸ ਦੇ ਪੱਤੇ ਨੂੰ ਹੱਥ ਲਾਈਏ ਤਾਂ ਮੁਰਝਾ ਜਾਂਦੀ ਹੈ, ਸ਼ਰਮ ਵਾਲੀ ਤੀਵੀਂ।

**ਲਾਜ ਵਰਦ,** ਪੁ:-ਸਬਜ਼ ਰੰਗ ਦਾ ਇੱਕ ਪੱਥਰ॥

**ਲਾਜ ਵਰਦੀ,** ਵਿ:-ਲਾਜਵਰਦ ਦੇ ਰੰਗ ਦਾ, ਸਬਜ਼॥

**ਲਾਂਜ,** ਪੁ:-ਮੋਰ ਦੀ ਪੂਛ, ਕੱਕਰ ਜਾਂ ਸਲ੍ਹਾਬੇ ਕਰਕੇ ਜੋ ਅਨਾਜ ਦਾ ਵਿਗਾੜ ਹੋਵੇ, ਭੁੱਲ ਸਣ ਦਾ ਦਾਗ॥

**ਲਾਜਮ,** ਵਿ:-ਸ਼ਰਮਿੰਦਾ, ਪਛੋਤਾਉਣ ਵਾਲਾ॥

**ਲਾਂਜੀ,** ਪੁ:-ਲੰਮੀ ਪੂਛ ਵਾਲਾ ਮੋਰ॥

Digitized by Panjab Digital Library / www.panjabdigilib.org

**ਲਾਂਝਾ,** ਪੁ:—ਕੰਮ, ਧੰਧਾ, ਬਖੇੜਾ, ਵਿਘਨ, ਰੋਕ ॥

**ਲਾਂਝਾ ਲਟਾਕਾ,** ਪੁ:—ਕੰਮ ਜਾਂ ਮਾਲ ਦਾ ਫਿਕਰ, ਚਿੰਤਾ, ਪਰਵਾਹ ॥

**ਲਾਟ,** ਸ:—(ਲਾਟਾਂ ਬਹੁ: ਬ:)-ਇੱਕ ਮਾਸ ਖਾਣੀ ਪੰਛੀ, ਬਲਦੀ ਅੱਗ ਦਾ ਚਾਨਣ, ਬਲੇ ਲੱਗਾ ਹੋਂਦਾ ਸੋਰਾ, ਕੱਜਣ ਵਾਸਤੇ ਜਿੰਨੀ ਨੂੰ ਪੱਬ ਵਿੱਚ ਲਈ ਜਾਵੇ।

ਪੁ:—ਬਹੁਤ ਵੱਡਾ ਹਾਕਮ, ਮਾਲਕ ॥

**ਛੋਟਾ ਲਾਟ, ਲਾਟ ਸਾਹਿਬ,** ਪੁ: ਸੂਬੇ ਦਾ ਸਭ ਤੋਂ ਵੱਡਾ ਹਾਕਮ ॥

**ਜੰਗੀ ਲਾਟ,** ਪੁ:-ਸਾਰੀਆਂ ਫੌਜਾਂ ਦਾ ਸਭ ਤੋਂ ਵੱਡਾ ਅਫਸਰ ॥

**ਟੁੰਡਾ ਲਾਟ,** ਪੁ:-ਟੁੰਡਾ ਆਦਮੀ (ਹਾਸੇ ਦਾ ਬਚਨ) ॥

**ਮੁਲਕੀ ਲਾਟ, ਵੱਡਾ ਲਾਟ,** ਪੁ:-ਸਾਰੇ ਮੁਲਕ (ਹਿੰਦੁਸਤਾਨ) ਦਾ ਸਭ ਤੋਂ ਵੱਡਾ ਹਾਕਮ ॥

**ਲਾਟ ਦੀ ਪਰਵਾਹ ਨਾਂ ਕਰਨਾ,** ਕ੍ਰਿ:—ਬਹੁਤ ਨਿਡਰ ਅਤੇ ਬੇ ਫਿਕਰ ਹੋਣਾ ॥

**ਲਾਟ ਪਾਦਰੀ,** ਪੁ:-ਸਭ ਤੋਂ ਵੱਡਾ ਪਾਦਰੀ ॥

**ਲਾਟਾਂ ਬਾਲੀ, ਲਾਟਾਂ ਵਾਲੀ,** ਸ:-ਜਆਲਾ ਮੁਖੀ ਦੇਵੀ ॥

**ਲਾਟਰੀ,** ਸ:-ਚਿੱਠੀ ਦੀ ਰਾਹੀਂ ਵੰਡ ਵੰਡ (ਪਾਉਣੀ, ਪੈਣੀ) ਗੁਣੇ ਪਾਉਣ ਦਾ ਕੰਮ ॥

**ਲਾਟ,** ਪੁ:-ਪ੍ਰਸਿੱਧ ਵਾਲਾ ਇੱਕ ਖਡੌਣਾ ।

**ਲੱਠਾ,** ਵਿ:-ਉੱਚਾ ਲੰਮਾ ਜੁਆਨ ॥

**ਲੱਠੀ,** ਸ:-ਮੋਟੀ ਲਕੜੀ, ਸੋਟਾ, ਡਾਂਗ ॥

**ਲੱਠੀ ਸੋਟਾ, ਲਠਮ ਲੱਠੀ,** ਪੁ:—ਇੱਕ ਦੂਜੇ ਨੂੰ ਲੱਠੀਆਂ ਮਾਰਨਾ (ਹੋਣਾ) ।

**ਲਾਡ, ਲਾਡੂ,** ਪੁ:-ਪਿਆਰ, ਮਹੱਬਤ, ਬਾਲਕਾਂ ਨਾਲ ਜੋ ਅੰਤ ਮੋਹ ਕੀਤਾ ਜਾਵੇ ॥

**ਲਾਡ ਲਡਾਉਣਾ,** ਕ੍ਰਿ:-ਪਿਆਰ ਕਰਨਾ ਜਾਂ ਕਰਨ ਦੇਣਾ, ਬਾਲ ਨਾਲ ਖੇਡਣਾ, ਖੁੱਲ੍ਹ ਕਰ ਦੇਣੀ ॥

**ਲਾਡਲਾ,** ਪੁ:, **ਲਾਡੁਲਾ,** ਪੁ:, **ਲਾਡਲੀ,** ਸ: — ਜਿਸ ਨਾਲ ਲਾਡ ਕੀਤਾ ਜਾਵੇ ਪਿਆਰਾ (ਰੀ), ਅਛਿੰਦਾ (ਦੀ),

**ਮਾਂ ਪਿਉ ਦਾ ਲਾਡਲਾ,** ਵਿ:—ਮਾਪਿਆਂ ਦੇ ਲਾਡ ਕਰਕੇ ਵਿਗੜਿਆ ਹੋਇਆ ਬਾਲਕ, ਅਥਰਾ, ਸ਼ੋਖ ॥

**ਲਾਡੋ,** ਸ:—ਜਿਸ ਧੀ ਨਾਲ ਲਾਡ ਕੀਤਾ ਜਾਵੇ ॥

**ਲਾਣਤ, ਲਾਣ ਤਾਣ,** ਸ:—ਫਿਟਕਾਰ, ਧਿਰਕਾਰ, ਝਿੜਕ, ਸਰਾਪ ॥

**ਲਾਣਤ ਕਰਨੀ, ਲਾਣਤ ਭੇਜਣਾ,** ਕ੍ਰਿ:—ਫਿਟਕਾਰਨਾ, ਦੂਰ ਰਹਿਣਾ ॥

**ਲਾਣਤ ਖੋਰਾ (ਰੀ)** ਵਿ:-ਜਿਸ ਨੂੰ ਲਾਨਤ ਕੀਤੀ ਜਾਵੇ ॥

Digitized by Panjab Digital Library | www.panjabdigilib.org

**ਲਾਣਤਣ,** ਸ਼ਃ
**ਲਾਣਤੀ,** ਪੁਃ
**ਲਾਣਤੀਆ;** ਪੁਃ
} ਜਿਸ ਨੂੰ ਲਾਨ੍ਹਤ ਜਾਂ ਫਿਟਕਾਰ ਹੋਵੇ, ਭੈੜਾ (ਜ਼ੀ) ॥

**ਲਾਣਾ,** ਪੁਃ—ਕਿਰਸਾਣ ਦੀ ਧਰਤੀ ਜਾਂ ਜਾਇਦਾਦ, ਕਈ ਤਰਾਂ ਦੀਆਂ ਖੁਣੀਆਂ ਦਾ ਨਾਉਂ, ਆਮ ਲੋਕ ॥

**ਬੁੱਧੂ ਲਾਣਾ,** ਪੁਃ—ਆਮ ਆਦਮੀ ਜੋ ਮੂਰਖ ਹੋਣ ॥

**ਲਾਣੀ,** ਸ਼ਃ—ਜਿਸ ਬੂਟੇ ਤੋਂ ਸੱਜੀ ਬਣਦੀ ਹੈ ॥

**ਲਾਣੀ ਪੋਸ਼ਕ,** ਪੁਃ—ਕੱਲਰ ਦੀ ਧਰਤੀ ਦਾ ਇੱਕ ਨਿਹਫਲ ਬੂਟਾ ॥

**ਲਾਤ,** ਸ਼ਃ—ਬੁਰੀ ਵਾਦੀ, ਮੰਦ ਕੰਮਾਂ ਦੀ ਬਾਣ ।

**ਲਾਦ,** ਸ਼ਃ—ਜੋ ਕੁਝ ਲੱਦਿਆ ਜਾਵੇ, ਭਾਰ, ਬੋਝਾ ।

**ਲਾ ਦਾਵਾ,** ਪੁਃ—ਆਪਣਾ ਦਾਵਾ ਛੱਡਣਾ, ਦਾਵਾ ਛੱਡਣ ਦੀ ਲਿਖਤ ॥

**ਲਾਦੀ,** ਵਿਃ—ਭਾਰ ਲੱਦ ਕੇ ਲੈ ਜਾਣ ਵਾਲਾ, ਜੋ ਲੱਦਣ ਦੇ ਕੰਮ ਆਵੇ ॥

**ਲੱਦੂ,** ਵਿਃ—ਲੱਦਣ ਵਾਲਾ (ਪਸ਼ੂ), ਜਿਸ ਉੱਤੇ ਭਾਰ ਲੱਦਿਆ ਜਾਵੇ ॥

**ਲਾਧ,** ਸ਼ਃ—ਖੁਰ ਖੋਜ, ਪਤਾ, ਨਿਸ਼ਾਨ, ਖਬਰ, ਸੂਹ, ਟੋਲ ਭਾਲ ॥

**ਲਾਧਾ,** ਵਿਃ—ਲੱਭਿਆ ਹੋਇਆ, ਮਿਲਿਆ ਹੋਇਆ, ॥

**ਲਾਨਤ**
**ਲਾਨਾਂ**
} 'ਲਾਨ੍ਹਤ' 'ਲਾਣਾ' ਵੇਖੋ ॥

**ਲਾਪਸੀ,** ਸ਼ਃ—ਇੱਕ ਲੇਸ ਦਾਰ ਖੁਰਾਕ, ਕੜ੍ਹੀ ਆਦਿਕ ॥

**ਲਾਫ਼,** ਸ਼ਃ—ਸ਼ੇਖੀ, ਫੜ, ਝੂਠੀ ਆਕੜ (ਮਾਰਨੀ) ॥

**ਲਾਬੂ,** ਪੁਃ—'ਲੰਬੂ', ਜਿਸ ਨਾਲ ਚਿਤਾ ਨੂੰ ਅੱਗ ਲਾਉਂਦੇ ਹਨ ॥

**ਲਾਭ,** ਪੁਃ—ਲਾਹਾ, ਫ਼ੈਦਾ, ਨਫ਼ਾ, ਜੋ ਕੁਝ ਮਿਲੇ ॥

**ਲਾਭ ਦਾਇਕ,** ਵਿਃ—ਜਿਸ ਤੋਂ ਲਾਭ ਜਾਂ ਫ਼ੈਦਾ ਹੋਵੇ ॥

**ਲਾਂਭ,** ਪੁਃ, ਸ਼ਃ—ਪਾਸਾ, ਕੰਢਾ, ਕਿਨਾਰਾ ॥
ਵਿਃ—ਅਲਗ, ਇੱਕ ਪਾਸੇ ॥

**ਲਾਂਭ ਛਾਂਭ,** ਅਵਃ—ਲਾਗੇ, ਨੇੜੇ, ਆਸ ਪਾਸ ਚੁਫੇਰੇ ॥

**ਲਾਂਭ ਲਾਂਭ,** ਕ੍ਰਿਃ, ਵਿਃ—ਇੱਕ ਪਾਸੇ ਹੋ ਕੇ, ਅੱਡ ॥

**ਲਾਂਭੇ,** ਕ੍ਰਿਃ, ਵਿਃ—ਇਕ ਪਾਸੇ ॥

**ਲਾਮ,** ਸ਼ਃ—ਫ਼ੌਜ ਦਾ ਕੋਠ, ਲੜਾਈ, ਚੜ੍ਹਾਈ ਕਤਾਰ, ਇੱਕ ਹਰਫ਼ (ਖੰਨ੍ਹਣੀ, ਲੱਗਣੀ) ॥

**ਲਾਮਾ**
**ਲਾਮਾ ਗੁਰੂ**
} ਪੁਃ—ਤਿੱਬਤ ਦਾ ਪੁਜਾਰੀ (ਬੁੱਧ ਮਤ ਦਾ) ॥

**ਲਾਰ,** ਸ਼ਃ—ਪਾਲ, ਕਤਾਰ, ਲਕੀਰ ॥

Digitized by Panjab Digital Library | www.panjabdigilib.org

**ਲਾਰਨੀ,** ਸ:—ਅਚਾਨਚੱਕ ਜੋ ਕ੍ਰੋਧ ਆ ਜਾਵੇ, ਗੁੱਸੇ ਦਾ ਜੋਸ਼ ।

**ਲਾਰਾ,** ਪੁ:—ਝੂਠਾ ਇਕਰਾਰ, (ਲਾਣ ਦੇਣਾ), ਕਰਾਰ, ਪਾਜ ।

**ਲਾਰੇ ਹੱਥਾ,** ਵਿ:—ਜੋ ਲਾਰੇ ਦੇਵੇ ਜਾਂ ਝੂਠਾ ਕਰਾਰ ਕਰੇ ॥

**ਲਾਲ,** ਵਿ:—ਸੁਰਖ, ਰੱਤਾ, ਸੁੱਜਾ ਹੋਇਆ, ਗੁੱਸੇ ਵਿੱਚ ਆਇਆ ਹੋਇਆ, ਪਿਆਰਾ, ਲਾਡਲਾ ॥

ਪੁ:—ਪੁੱਤ੍ਰ, ਲਾਲ ਰੰਗ ਦਾ ਰਤਨ, ਇੱਕ ਪੰਛੀ, ਪਿਆਰੀ ਸ਼ੈ ॥

ਸ:-ਵਗਣ ਵਾਲੀ ਥੁੱਕ (ਲਾਲਾ), ਰਗੜ ਘਟਾਉਣ ਲਈ ਚੱਕੀ ਦੇ ਪੁੜਾਂ ਦੇ ਵਿਚ-ਕਾਰਲਾ ਕਪੜਾ ॥

**ਲਾਲ ਹੋਣਾ,** ਕ੍ਰਿ:—ਗੁੱਸੇ ਵਿੱਚ ਆਉਣਾ, ਜਿੱਤਣ ਲੱਗਣਾ, ਮਸਤ ਹੋਣਾ, ਚੱਲਣ ਜੋਗੇ ਨਾਂ ਹੋਣਾ ॥

**ਲਾਲ ਕਿਤਾਬ,** ਸ:—ਮੂਰਖ ਆਦਮੀ ਜਿਸ ਕਿਤਾਬ ਵਿੱਚੋਂ ਹਰ ਗੱਲ ਦਾ ਪਤਾ ਲੈਂਦਾ ਹੈ ॥

**ਲਾਲ ਕੁੜਤੀ,** ਸ:—ਛਾਉਣੀ ਵਿੱਚ ਗੋਰਿਆਂ ਦਾ ਡੇਰਾ ॥

**ਲਾਲ ਗੁਲਾਲ,** ਵਿ:—ਗੂੜ੍ਹੇ ਲਾਲ ਰੰਗ ਦਾ (ਹੋਣਾ) ॥

**ਲਾਲ ਚਮਣ,** ਪੁ:<br>**ਲਾਲ ਚਿੜ੍ਹੀ,** ਪੁ: } ਚਿੜੀਆਂ ਦੇ ਨਾਉਂ ॥

**ਲਾਲ ਬੁਝੱਕੜ,** ਪੁ:—ਜੋ ਮੂਰਖ ਹੋਕੇ ਸਿਆਣਾ ਬਣੇ ॥

**ਲਾਲ ਬੇਗ,** ਪੁ:—ਚੂਹੜਿਆਂ ਦਾ ਗੁਰੂ ॥

**ਲਾਲਣ ਕੇ ਲਾਲ,** ਵਿਸਮਯ:—ਸੁਖੀ ਰਹੋ ਪਿਆਰੇ ॥

**ਲਾਲਸਾ,** ਸ:—ਚਾਹ, ਇੱਛਿਆ, ਅਭਿਲਾਖਾ ॥

**ਲਾਲਚ,** ਪੁ:—ਲੋਭ, ਹਿਰਸ, ਤ੍ਰਿਸ਼ਨਾ, ਲੈਣ ਦੀ ਇੱਛਾ, ਬਿਰਤੀ (ਕਰਨਾ, ਦੇਣਾ) ॥

**ਲਾਲਚਣ,** ਸ:<br>**ਲਾਲਚੀ,** ਪੁ: } ਜੋ ਲਾਲਚ ਕਰੇ ॥

**ਲਾਲਟੈਣ,** ਸ:—ਥਾਂ ਥਾਂ ਲੈ ਜਾਣ ਵਾਲਾ ਬੰਦ ਲੈਂਪ ।

**ਲਾਲੜੀ,** ਸ:—ਲਾਲ ਨਗੀਨਾ, ਛੋਟਾ ਲਾਲ ਰਤਨ ॥

**ਲਾਲਾ,** ਪੁ:—ਹਿੰਦੂ ਭਲਾ ਮਾਣਸ, ਖੱਤ੍ਰੀ, ਪੇਉ, ਵੱਡਾ ਭਰਾ ॥

**ਲਾਲਾ ਜੀ,** ਪੁ:, (ਬਹੁ:)—ਹਿੰਦੂਆਂ ਨੂੰ ਬੁਲਾਉਣ ਵੇਲੇ ਆਦਰ ਦਾ ਬਚਨ, ਘਰ ਵਾਲਾ ॥

**ਲਾਲੋਂ,** ਪੁ:-ਪੇਉ, ਭਾਈਆ, ਪੇਉ ਵਰਗਾ ਵੱਡਾ ਸਾਕ ।

**ਲਾਲੀ,** ਸ:—ਲਾਲਾ ਦੀ ਵਹੁਟੀ, ਵੱਡੀ ਬੇਬੇ, ਘਰਵਾਲੀ, ਇੱਕ ਪੰਛੀ ॥

**ਲੱਲੀ,** ਸ:—ਸੁਰਖੀ, ਦੋਸਤੀ, ਪਿਆਰ, ਸ਼ੋਭਾ, ਜਸ, ਮਾਨ ।

**ਲੱਲੀ ਰਹਿਣੀ,** ਕ੍ਰਿ:-ਕਿਸੇ ਕੰਮ ਵਿੱਚ ਸੁਰਖਰੂ ਹੋਣਾ ॥

Digitized by Panjab Digital Library | www.panjabdigilib.org

**ਲਾਵਾਂ,** ਪੁ:—ਮਜੂਰੀ ਲੈਕੇ ਜੋ ਵਾਢੀ ਕਰ, ਜਾਂ ਲਾਵੀ ਉੱਤੇ ਕੰਮ ਕਰੇ ॥

**ਲਾਵਾ ਲੂਤ੍ਰਾ,** ਪੁ:—ਗੱਪੀ, ਬਕਵਾਦੀ, ਫਸਾਦੀ ॥

**ਲਾਵਾਂ,** ਸ:, (ਬਹੁ:) ਵਿਆਹ ਵੇਲੇ ਵਰ ਅਤੇ ਕੰਨਿਆਂ ਜੋ ਫੇਰੇ ਲੈਂਦੇ ਹਨ ਅਤੇ ਉਸ ਵੇਲੇ ਗਾਉਣ ਵਾਲਾ ਗੀਤ ॥

ਵਿ:–ਅੰਗ ਛੋਲਾ, ਕਾਣਾ (ਅੱਖੋਂ ਲਾਵਾਂ) ।

**ਲਾਵੀ,** ਸ:—ਵਾਢੀ ਕਰਨ ਵਾਲੇ ਮਜੂਰ ਦੀ ਦਿਹਾੜੀ, ਮਜੂਰੀ ਲੈਕੇ ਵਾਢੀ ਕਰਨ ਵਾਲੀ ਔਰਤ (ਹੋਣਾ) ॥

**ਲਾੜਾ,** ਪੁ:—ਜਿਸ ਮੁੰਡੇ ਦਾ ਵਿਆਹ ਹੋਵੇ, ਸਿਹਲਾ ਗੱਭਰੂ ॥

**ਲਾੜੀ,** ਸ:—ਵਹੁਟੀ, ਜਿਸ ਕੁੜੀ ਦਾ ਵਿਆਹ ਹੋਵੇ ।

**ਲਿਆਉਣਾ,** ਕ੍ਰਿ:–ਲੈ ਕੇ ਆਉਣਾ, ਜਾਣਾ ਤੇ ਲੈ ਆਉਣਾ ॥

**ਲਿਆਕਤ,** ਸ:–ਲਾਇਕੀ, ਬਲ, ਸਮਰਥ, ਹੁਨਰ ਕਾਬਲੀਤ ॥

**ਲਿਸਟ,** ਸ:—ਫਹਿਰਸਤ, ਨਾਵਾਂ ਦਾ ਚੱਠਾ

**ਲਿ ੱਸਾ (ਲਿਸੇਰਾ)** ਪੁ:
**ਲਿੱਸੀ (ਲਿਸੇਰੀ)** ਇ: } ਦੁਬਲਾ (ਲੀ), ਪਤਲਾ (ਲੀ), ਕਮਜ਼ੋਰ ਸਸਤ, ਗਰੀਬ ॥

**ਲਿਚ ਜਾਣਾ**
**ਲਿਚਣਾ** } ਕ੍ਰਿ: ਰਚ ਜਾਣਾ, ਦੁੱਧ ਨਾਲ ਰੱਜ ਜਾਣਾ (ਪਸ਼ੂਆਂ ਦਾ) ।

**ਲਿਖਣ**
[illegible] } ਸ:—ਜਿਸ ਚੀਜ਼ ਨਾਲ ਲਿਖੀਦਾ ਹੈ, ਕਲਮ ॥

**ਲਿਖਣਾ,** ਕ੍ਰਿ:—ਕਲਮ ਆਦਿਕ ਨਾਲ ਅੱਖਰ ਪਾਉਣੇ, ਮੂਰਤ ਖਿਚਣੀ, ਵਹੀ ਵਿੱਚ ਚੜ੍ਹਾਉਣਾ, ਨਕਲ ਉਤਾਰਨੀ ॥

ਪੁ:–ਲਿਖਾਈ ॥

**ਲਿਖੇ ਮੂਸਾ ਤੇ ਪੜ੍ਹੇ ਖੁਦਾ,** ਬੁਰੀ ਲਿਖਾਈ ਜਿਸ ਨੂੰ ਕੋਈ ਨਾ ਪੜ੍ਹ ਸੱਕੇ ॥

**ਲਿਖਤ,** ਸ:–ਲਿਖਾਈ, ਲਿਖੀ ਹੋਈ ਗੱਲ, ਕਰਾਰ ਨਾਮਾ ।

**ਲਿਖਤ ਪੜ੍ਹਤ ਹੋਣੀ,** ਕ੍ਰਿ:—ਅਕਰਾਰ ਲਿਖਿਆ ਜਾਣਾ ॥

**ਲਿਖਤਾਂ ਪਾਉਣੀਆਂ,** ਕ੍ਰਿ:—ਲਿਖਤ ਉੱਤੇ ਸਹੀਆਂ ਪਾ ਦੇਣੀਆਂ ॥

**ਲਿਖਤਮ,** ਪੁ:—ਲਿਖਣ ਵਾਲਾ (ਚਿੱਠੀ) ਆਪਣੇ ਨਾਉਂ ਦੇ ਪਹਿਲੇ 'ਲਿਖਤਮ' ਲਿਖਦਾ ਹੈ ॥

**ਲਿਖਦੱਯਾ,** ਪੁ:—ਲਿਖਣਵਾਲਾ, ਲਿਖਾਰੀ ॥

**ਲਿਖਾਉਟ,** ਸ:—ਲਿਖਾਈ, ਲਿਖਣ ਦਾ ਢੰਗ ॥

**ਲਿਖਾਉਣਾ,** ਕ੍ਰਿ:–ਲਿਖਣ ਦਾ ਕੰਮ ਕਰਾਉਣਾ ॥

**ਲਿਖਾਈ,** ਸ:—ਲਿਖਾਣ ਦਾ ਕੰਮ, ਢੰਗ ਜਾਂ ਮਜੂਰੀ ॥

**ਲਿਖਾਰਣ,** ਸ:
**ਲਿਖਾਰੀ (ਰੂ)** ਪੁ: } ਜੋ ਲਿਖਣ ਦਾ ਕੰਮ ਕਰੇ ।

**ਲਿਖਾਵਟ,** ਸ:—ਲਿਖਾਈ, ਲਿਖਤ ॥

Digitized by Panjab Digital Library / www.panjabdigilib.org

**ਲਿਖੌਟਾ,** ਪੁ: / **ਲਿਖੌਟੀ,** ਸ: } ਲਿਖਤ, ਲਕੜੀ ਦੇ ਅਸਬਾਬ ਜਾਂ ਕੰਧਾਂ ਉੱਤੇ ਰਗਨ ਜਾਂ ਰੰਗ ਨਾਲ ਵੇਲ ਬੂਟੇ ਕੱਢਣ ਦਾ ਕੰਮ ॥

**ਲਿਖੌਤੀ,** ਸ:—ਲਿਖਾਉਟ, ਲਿਖਾਈ ॥

**ਲਿੰਗ** / **ਲਿੰਙ** } ਪੁ:—ਅੰਗ, ਮਰਦ ਦੀ ਇੰਦ੍ਰੀ, ਇਸਤ੍ਰੀ ਪੁਰਖ ਦਾ ਭੇਦ ॥

**ਲਿੰਘ,** ਸ:—ਨਰਮ ਡਾਲੀ, ਕੂੰਬਲੀ ॥

**ਲਿੱਚ ਗੜਿੱਚੀਆਂ,** ਸ:, (ਬਹੁ:) ਬਹਾਨੇ, ਛਲ, ਫਰੇਬ, ਲੁਕਾਉ (ਖਾਲੀਆਂ, ਮਾਰਨੀਆਂ) ॥

**ਲਿਟਣਾ,** ਕ੍ਰਿ:—ਲੰਮਾ ਪੈਣਾ, ਮਿੱਟੀ ਵਿਚ ਰੁਲਣਾ, ਅਧੀਨ ਹੋਣਾ ॥

**ਲਿਟਰੇਚਰ,** ਪੁ:—ਵਿਦਿਆ ਦਾ ਭੰਡਾਰ, ਪੁਸਤਕ, ਕਿਤਾਬਾਂ ॥

**ਲਿਟਾਉਣਾ,** ਕ੍ਰਿ:—ਲੰਮਾ ਪਾਉਣਾ ॥

**ਲਿੱਡ** / **ਲਿੱਡੂ** } ਸ:—'ਲਿੱਦ' ਵੇਖੋ।

**ਲਿੱਤਰ,** ਪੁ:—ਪੁਰਾਣਾ ਟੁੱਟਾ ਫੁੱਟਾ ਜੁੱਤੀ ਦਾ ਪੌਲਾ ਛਿੱਤਰ ॥

**ਲਿਤਾੜਣਾ,** ਕ੍ਰਿ:—'ਲਤਾੜਨਾ' ਵੇਖੋ।

**ਲਿਥੜਣਾ,** ਕ੍ਰਿ:—ਲਿੱਬੜਣਾ, ਭਰ ਜਾਣਾ ॥

**ਲਿਥੜਣਾ ਪਿਥੜਣਾ,** ਕ੍ਰਿ:—ਚੰਗੀ ਤਰਾਂ ਲਿੱਬੜ ਜਾਣਾ।

**ਲਿਥੋਗ੍ਰਾਫ਼ੀ,** ਸ:—ਪੱਥਰ ਦਾ ਛਾਪਾ।

**ਲਿੱਦ** / **ਲਿੱਦੂ** } ਸ:—ਘੋੜੇ ਹਾਥੀ ਆਦਿਕ ਦਾ ਮਲ ॥ ਵਿ:—ਕਮੀਨਾ ਪੁਣਾ।

**ਲਿੱਦ ਕਰਨੀ** / **ਲਿੱਦ ਕਰ ਦੇਣੀ** } ਕ੍ਰਿ:—ਡਰਾਕਲਾਂ ਦਾ ਕੰਮ ਕਰਨਾ, ਹਿੰਮਤ ਹਾਰਨੀ ॥

**ਲਿਦਣਾ,** ਕ੍ਰਿ:—ਕੰਢਿਆਂ ਤੋਂ ਭਰਨਾ ॥

**ਲਿਪਟਣਾ,** ਕ੍ਰਿ:—ਚੰਬੜਣਾ, ਨਾਲ ਲਗ ਜਾਣਾ ॥

**ਲਿਪਟਾਉਣਾ,** ਕ੍ਰਿ:—ਚਮੋੜਨਾ, ਨਾਲ ਲੁਆਉਣਾ

**ਲਿਪੱਣਾ,** ਕ੍ਰਿ:—ਮਿੱਟੀ ਗੋਹਾ ਆਦਿਕ ਮਲਣਾ, ਪੋਚਾ ਪਾਉਣਾ ॥

**ਲਿਪਵਾਉਣਾ,** ਕ੍ਰਿ:—'ਲਿੱਪਣ' ਦਾ ਕੰਮ ਕਰਾਉਣਾ।

**ਲਿਪਵਾਈ,** ਸ:—'ਲਿੱਪਣ ਦਾ ਕੰਮ ਜਾਂ ਮਜੂਰੀ ॥

**ਲਿੱਪੜੀ,** ਸ:—ਪਗੜੀ (ਨਿੰਦਾ ਵਾਚਕ), ਆਦਰ, ਮਾਨ, ਪਤ ॥

**ਲਿਪਾਉਣਾ** / **ਲਿਪਾਈ** } 'ਲਿਪਵਾਉਣਾ' 'ਲਿਪਵਾਈ' ਵੇਖੋ ॥

**ਲਿੱਫ,** ਸ:—ਢਿੱਡ ਦਾ ਇਕ ਰੋਗ, ਤਿਲੀ ਦਾ ਵਧਾਉ।

**ਲਿਫਣਾ,** ਕ੍ਰਿ:—'ਲਚਣਾ' ਵੇਖੋ ॥

**ਲਿਬ,** ਸ:—ਝੂਠਾ ਵੇਸ, ਭਿਦਿਆ, ਕਲੰਕ ॥

Digitized by Panjab Digital Library | www.panjabdigilib.org

**ਲਿੰਬਣਾ,** ਕ੍ਰਿ:—'ਲਿੱਪਣਾ' ਵੇਖੋ ॥

**ਲਿੱਬੜਨਾ,** ਕ੍ਰਿ:—ਗਿੱਲੀ ਚੀਜ਼ ਲੱਗ ਜਾਣੀ, ਭਰ ਜਾਣਾ ॥

**ਲਿਬੜਾਉਣਾ,** ਕ੍ਰਿ:—ਚਿੱਕੜ ਆਦਿਕ ਲਾ ਦੇਣਾ, ਭਰ ਦੇਣਾ ॥

**ਲਿੱਬਾ,** ਵਿ:—ਨਰਮ, ਨਾਲ ਲੱਗ ਜਾਣ ਵਾਲਾ, ਹਲਕੀ ਮੈਲ ਦਾ ਗੁੜ ਸ਼ੱਕਰ ॥

**ਲਿੰਬਾਉਣਾ** / **ਲਿੰਬਾਈ** } 'ਲਿਪਵਾਉਣਾ' 'ਲਿਪਵਾਈ' ਵੇਖੋ।

**ਲਿਬਾੜਨਾ,** ਕ੍ਰਿ:—ਲਿੱਪਣਾ, 'ਲਿਬੇੜਨਾ', ਭਰਨਾ ॥

**ਲਿ ੜ,** ਪੁ:—ਹੇਠਲਾ ਝੁੱਲੂ ॥

**ਲਿਬੇੜਨਾ,** ਕ੍ਰਿ:—ਗਿੱਲੀ ਚੀਜ਼ ਮਲ ਦੇਣੀ, ਭਰਨਾ, ਲਿਬੜਾਉਣਾ ॥

**ਲਿੰਮਣਾ,** ਕ੍ਰਿ: / **ਲਿਮਾਉਣਾ,** ਕ੍ਰਿ: } 'ਲਿੱਪਣਾ' 'ਲਿਪਵਾਉਣਾ' ਵੇਖੋ।

**ਲਿਮਿੰਟਡ,** ਵਿ:—ਜਿਸ (ਕੰਪਨੀ) ਦੇ ਜ਼ਿੰਮੇ ਵਾਰੀ ਦੀ ਹੱਦ ਹੋਵੇ ॥

**ਲਿਲ੍ਹ** / **ਲਿੱਲ** } ਸ:—ਕੱਚਾ ਬੇਰ ॥

**ਲਿਲਬ ਲਿਲਬ ਕਰਨਾ,** ਕ੍ਰਿ:—[illegible] ਲਸਦਾਰ ਹੋਣਾ ॥

**ਲਿਲਾਰਣ,** ਸ: / **ਲਿਲਾਰੀ,** ਪੁ: } 'ਲਲਾਰਨ' 'ਲਲਾਰੀ' ਵੇਖੋ ॥

**ਲਿਵ,** ਸ:—ਪ੍ਰੀਤ, ਮੁਹੱਬਤ, ਲਗਨ (ਲੱਗਣੀ ਲਾਉਣੀ) ॥

**ਲਿਵੱਯਾ,** ਪੁ:—ਲੈਣ ਵਾਲਾ, ਲੈ ਜਾਣ ਵਾਲਾ ॥

**ਲਿਵਾ,** ਪੁ:—ਪਰਦਾ, ਚਾਦਰ ॥

**ਲਿਵਾਉਣਾ,** ਕ੍ਰਿ:—ਲੈ ਜਾਣ ਦੇਣਾ, ਕਿਸੇ ਦੀ ਰਾਹੀਂ ਲੈਣਾ, ਘਰਵਾਲੀ ਤੋਂ ਨਗਦੀ ਦੀ ਥਾਂ ਪਸ਼ੂ ਲੈਣਾ ॥

**ਲਿਵਾ ਲਿਆਉਣਾ,** ਕ੍ਰਿ:—ਕਿਸੇ ਦੀ ਰਾਹੀਂ ਲੈ ਕੇ ਆਉਣਾ ॥

**ਲਿਹੂ,** ਸ:—'ਲਹੂ' ਵੇਖੋ ॥

**ਲੀਹ,** ਸ:—ਪਹੀਏ ਦਾ ਨਿਸ਼ਾਨ, ਲੀਕ, ਰੀਤ, ਫਿਰਵੀਂ ਪੀੜ ॥

ਵਿ:—ਸ਼ਰਮਿੰਦਾ, ਜਿਸ ਨੂੰ ਕੁਝ ਨਾ ਸੁੱਝੇ (ਹੋਣਾ, ਕਰਨਾ) ॥

**ਲੀਕ,** ਸ:—ਲਕੀਰ, ਧਾਰੀ, ਲੰਮਾ ਨਿਸ਼ਾਨ, ਕੁਨੀਣ, ਲੀਹ, ਰੀਤ, ਦੋਸ਼ ॥

**ਲੀਕ ਮਾਰਨੀ,** ਕ੍ਰਿ:—ਲਕੀਰ ਉੱਪਰ ਖਿੱਚਕੇ ਅਖਰ ਹਟਾਣੀ ॥

**ਲੀਕ ਲੱਗਣੀ ਜਾਂ ਲਾਉਣੀ,** ਕ੍ਰਿ:—ਕਲੰਕ ਲਗਣਾ ਜਾਂ ਲਾਉਣਾ ॥

**ਲੀਕ ਲੀਕ ਚੱਲਣਾ** / **ਲੀਕੇ ਲੀਕੇ ਚੱਲਣਾ** } ਕ੍ਰਿ:—ਪੁਰਾਣੀ ਰੀਤ ਮੁਜਬ ਸਭ ਕੁਝ ਕਰਨਾ।

**ਲੀਕਣਾ,** ਕ੍ਰਿ:—ਕੱਪੜੇ ਜਾਂ ਚਮੜੇ ਉੱਤੇ ਉਹ ਸ਼ਕਲ ਖਿੱਚਣੀ ਜਿਸ ਉੱਤੇ ਵੇਲ ਬੂਟੇ ਕੱਢਣੇ ਹੋਣ, ਲੀਕ ਮਾਰ ਕੇ ਲੇਖਾ ਮਿਟਾਉਣਾ।

Digitized by Panjab Digital Library | www.panjabdigilib.org

**ਲੀਕੜ,** ਪੁ:—ਬਾਲ ਦਾ ਸਿਰ ਅੱਧਾ ਮੁੰਨਣਾ (ਜਿਨ੍ਹਾਂ ਦੇ ਬਾਲ ਮਰ ਮਰ ਜਾਣ ਉਹ ਇਹ ਟੂਣਾ ਕਰਦੇ ਹਨ) ॥

**ਲੀਖ,** ਸ:—ਧੱਖ, ਜੂੰ ਦਾ ਆਂਡਾ ॥

**ਲੀਖੜ,** ਵਿ:—ਜਿਸ ਦੇ ਸਿਰ ਵਿੱਚ ਲੀਖਾਂ ਪਈਆਂ ਹੋਣ ।

**ਲੀਡਰ,** ਪੁ:—ਆਗੂ, ਅਖਬਾਰ ਦਾ ਸਭ ਤੋਂ ਵਧੀਆ ਮਜ਼ਮੂਨ ॥

**ਲੀਂਢ,** ਸ:—ਝਗੜਾ, ਬਖੇੜਾ, ਔਖ, ਫਸਾਦ ॥

**ਲੀਟੀ,** ਵਿ:—ਜੰਮੇ ਹੋਏ ਅਤੇ ਮੈਲੇ (ਵਾਲ) ।

**ਲੀਟੀਆਂ,** ਸ:, (ਬਹੁ:)—ਉੱਨ ਵਿੱਚ ਦੀ ਮੈਲ ਅਤੇ ਜੰਮੇ ਹੋਏ ਵਾਲ ॥

**ਲੀਨ,** ਵਿ:—ਲਿੱਸਾ, ਕਮਜ਼ੋਰ, ਡੁੱਬਾ ਹੋਇਆ, ਰੱਤਾ ਹੋਯਾ ।

**ਲੀਰ,** ਸ:—ਪੁਰਾਣੇ ਕਪੜੇ ਦਾ ਟੋਟਾ, ਟਾਕੀ, ਟੱਲੀ ।

**ਲੀਰ ਕਚੀਰ,** ਸ:—ਪਾਟੇ ਪੁਰਾਣੇ ਕੱਪੜੇ, ਛੋਟੀ ਲੀਰ ॥

**ਲੀਰਾਂ ਲੀਰਾਂ ਹੋਣਾ,** ਕ੍ਰਿ:—ਬਿਲਕੁਲ ਪਾਟ ਜਾਣਾ (ਕਪੜੇ ਦਾ), ਫੱਟਕ ਪੈ ਜਾਣਾ (ਟੱਬਰ ਵਿੱਚ)॥

**ਲੀਰਾਂ ਵਗਣੀਆਂ,** ਕ੍ਰਿ:—ਕੱਪੜੇ ਪਾਟੇ ਹੋਏ ਹੋਣੇ ॥

**ਲੀਲ,** ਪੁ:—'ਨੀਲ' ਵੇਖੋ, ਵਸਮਾ ॥

**ਲੀਲਕ,** ਸ:—ਨੀਲੇ ਰੰਗ ਦਾ ਰਤਨ ॥

**ਲੀਲਾ,** ਪੁ:—ਪਰਮੇਸਰ ਦੀ ਮਾਯਾ, ਰਚਨਾ, ਖੇਲ, ਅਚਰਜ ਦੇ ਕੰਮ, ਨਾਟਕ (ਰਾਮ ਲੀਲਾ) ॥

ਵਿ:—ਨੀਲਾ ॥

**ਲੀਲਾ ਪਾਉਣੀ,** ਕ੍ਰਿ:—ਰਾਮ ਚੰਦ੍ਰ ਜੀ ਆਦਿਕ ਦੇ ਕੰਮਾਂ ਨੂੰ ਨਾਟਕ ਵਿੱਚ ਕਰਕੇ ਵਿਖਾਉਣਾ ।

**ਲੀੜਾ,** ਪੁ:—ਕੱਪੜਾ, ਬਸਤ੍ਰ ।

**ਲੁਆਉਣਾ,** ਕ੍ਰਿ:—ਲਾਉਣ ਦਾ ਕੰਮ ਕਰਾਉਣਾ ॥

**ਲੁਆਈ,** ਸ:—ਘੋੜੀ ਨੂੰ ਘੋੜੇ ਨਾਲ ਮਿਲਾਉਣ ਦੀ ਮਜੂਰੀ ॥

**ਲੁਆਲਾ,** ਪੁ:—ਸਵੇਰ ਦੀ ਲੋ, ਚਾਨਣ ॥

**ਲੁਆੜ,** ਪੁ:—ਇੱਕ ਛੋਟਾ ਰੁੱਖ ਜਿਸ ਨੂੰ ਬਹੁਤ ਸੋਹਣੇ ਫੁੱਲ ਲਗਦੇ ਹਨ ॥

**ਲੁੱਸ ਲੁੱਸ ਕਰਨਾ,** ਕ੍ਰਿ:—ਮੁਲੈਮ ਅਤੇ ਗੁਦ ਗੁਦਾ ਹੋਣਾ ॥

**ਲੁਹਟੀਆ,** ਪੁ:<br>**ਲੁਹੜੀ,** ਸ:<br>**ਲੁਹਾਉਣਾ,** ਕ੍ਰਿ: } 'ਲੋਹਟੀਆ' 'ਲੋਹੜੀ' 'ਲੋਹਾਉਣਾ' ਵੇਖੋ ॥

**ਲੁਹਾਂਗੀ,** ਸ:—ਲੋਹੇ ਦੇ ਛੱਲਿਆਂ ਵਾਲਾ ਡੰਡਾ ॥

**ਲੁਹਾਟਕ,** ਸ:—ਲੋਹੜੀ ਤੋਂ ਪਹਿਲੇ ਅੱਠ ਦਿਨ ॥

**ਲੁਹਾਂਡਾ,** ਪੁ:—ਲੋਹੇ ਦਾ ਭਾਂਡਾ (ਰਿੰਨ੍ਹਣ ਪਕਾਉਣ ਵਾਲਾ) ॥

Digitized by Panjab Digital Library | www.panjabdigilib.org

**ਲੁਹਾਣੀ,** ਪੁ:—ਇੱਕ ਤਰ੍ਹਾਂ ਦੇ ਬੁਪਾਰੀ ਪਠਾਣ ॥

**ਲੁਹਾਰ,** ਪੁ:—ਲੋਹੇ ਦਾ ਕੰਮ ਕਰਨ ਵਾਲਾ, ਇਕ ਜਾਤ ॥

**ਲੁਹਾਰਨ,** ਸ:—ਲੁਹਾਰਾਂ ਦੀ ਜਾਤ ਦੀ ਤ੍ਰੀਮਤ ॥

**ਲੁਹਾਰਾ,** ਵਿ:—ਲੋਹੇ ਦੇ ਕੰਮ ਦਾ।

**ਲੁਹਾਰੀ,** ਸ:—ਲੁਹਾਰਨ।
ਵਿ:—ਲੁਹਾਰਾਂ ਦਾ ॥

**ਲੁਹੁਲ**
**ਲੁਹੁਲਾ** } 'ਲੋਹਲ' 'ਲੋਹਲਾ' ਵੇਖੋ।

**ਲੁਹੇਂਡਾ,** ਪੁ:— 'ਲੁਹਾਂਡਾ' ਵੇਖੋ ॥

**ਲੁਹੂੜਾ,** ਪੁ:—'ਲੋਹੜਾ' ਵੇਖੋ।

**ਲੁਕ,** ਪੁ:—ਓਟ, ਪਰਦਾ, ਛੁਪਾਵੋ, ਓਹਲਾ।

**ਲੁਕਮਾਂ (ਵਾਂ),** ਵਿ:—ਛਿਪਿਆ ਹੋਇਆ ਪਰਦੇ ਦੇ ਅੰਦਰ ॥

**ਲੁਕ ਮੀਚੀ (ਟੀ)**
**ਲੁਕਣ ਮੀਚੀ (ਟੀ)** } ਸ:—ਇਕ ਖੇਡ ਜਿਸ ਵਿਚ ਇਕ ਜਣਾ ਲਭਦਾ ਹੈ ਅਤੇ ਬਾਕੀ ਲੁਕਦੇ ਹਨ ॥

**ਲੁੱਕ,** ਪੁ:—ਕਾਲਾ ਰੋਗਨ, ਓਟ, ਪਰਦਾ, ਓਹਲਾ ॥

**ਲੁਕੰਜਣ,** ਪੁ:—ਇੱਕ ਖਿਆਲੀ ਚੀਜ਼ ਜੋ ਕਿਸੇ ਦੀਆਂ ਅੱਖਾਂ ਤੇ ਲਾਉਣ ਨਾਲ ਉਹ ਹੋਰਨਾਂ ਨੂੰ ਦਿਸਦਾ ਨਹੀਂ ॥

**ਲੁਕਣਾ,** ਕ੍ਰਿ:—ਛਿਪਣਾ, ਓਹਲੇ ਹੋ ਜਾਣਾ, ਨ ਦਿੱਸਣਾ ॥

**ਲੁਕਮਾ (ਮਾਂ)** ਪੁ:—ਗਰਾਹ, ਨਿਵਾਲਾ ॥

**ਲੁਕਮਾਨ,** ਪੁ:—ਪੁਰਾਣੇ ਸਮੇਂ ਦਾ ਇਕ ਹਕੀਮ, ਸਿਆਣਾ ॥

**ਲੁੱਗਾ,** ਵਿ:—ਲੁੰਢਾ, ਖਰਾ, ਛੁਟਿਆ ਹੋਇਆ ॥

**ਲੁਕਾਉ,** ਪੁ:—ਛੁਪਾਉ, ਪਰਦਾ, ਓਹਲਾ।

**ਲੁਕਾਉਣਾ,** ਕ੍ਰਿ:—ਛੁਪਾਉਣਾ, ਗੁੱਝਾ ਰੱਖਣਾ, ਕੱਜਣਾ।

**ਲੁਕਾਈ,** ਸ:—ਲੋਕ, ਆਮ, ਆਦਮੀ, ਸਭ ਮਨੁੱਖ।

**ਲੁਕਾਟ,** ਪੁ:—ਇੱਕ ਮਸ਼ਹੂਰ ਖਟ ਮਿੱਠਾ ਫਲ ॥

**ਲੁੰਗ,** ਸ:—ਕੋਈ ਛੋਟਾ ਬਰੀਕ ਪੱਤ੍ਰ।

**ਲੁੱਗ ਲੁੱਗ ਕਰਨਾ,** ਕ੍ਰਿ:—ਮੁਲੈਮ ਅਤੇ ਗੁਦ ਗੁਦਾ ਹੋਣਾ ॥

**ਲੁੰਗੀ,** ਸ:—ਇਕ ਤਰ੍ਹਾਂ ਦਾ ਧਾਰੀ ਦਾਰ ਜਾਂ ਚਾਰਖਾਨਾ ਕੱਪੜਾ ॥

**ਲੁੱਚ,** ਪੁ:—'ਲੁੱਚਾ' ਵੇਖੋ, ਇੱਕ ਤਰ੍ਹਾਂ ਦਾ ਕੁੱਤਾ ॥

**ਲੁੱਚ ਢੇਰ**
**ਲੁੱਚ ਪੁਣਾ**
**ਲੁੱਚ ਵਾਈਂ** } ਪੁ:—ਬਦਮਾਸ਼ੀ, ਲੁੱਚਿਆਂ ਦਾ ਕੰਮ।

**ਲੁੱਚ ਲੁੱਚ ਕਰਨਾ,** ਕ੍ਰਿ:—ਨਰਮ ਅਤੇ ਲਚਕ-ਦਾਰ ਹੋਣਾ ॥

**ਲੁਚਊ,** ਪੁ:—ਲੁੱਚ ਪੁਣਾ, ਬਦਮਾਸ਼ੀ, ਸ਼ਰਾਰਤ ॥

Digitized by Panjab Digital Library | www.panjabdigilib.org

**ਲੁੱਚਣੀ,** ਸ:—ਬਦਮਾਸ਼ ਔਰਤ, ਕੁਕਰਮਣ, ਮੰਦੀ ॥

**ਲੁੱਚਾ,** ਵਿ, ਪੁ:—ਬਦਮਾਸ਼, ਗੁੰਡਾ, ਫੈਲਦਾਰ, ਸ਼ਰਾਰਤੀ ॥

**ਲੁੱਚੀ,** ਸ:—ਲੁੱਚਣੀ, ਮੈਦੇ ਦੀ ਬਹੁਤ ਪਤਲੀ ਤਲੀ ਹੋਈ ਰੋਟੀ ॥

**ਲੁੰਜ,** ਪੁ:—ਵਿੰਗ, ਲੱਤ ਜਾਂ ਬਾਂਹ ਮਾਰੀ ਜਾਣੀ।

**ਲੁੰਜਾ (ਜੀ),** ਵਿ:—ਲੂਲ੍ਹਾ (ਲ੍ਹੀ), ਜਿਸ ਦੀ ਲੱਤ ਜਾਂ ਬਾਂਹ ਮਾਰੀ ਜਾਏ ॥

**ਲੁੱਟ,** ਸ:—ਲੁੱਟਣ ਦਾ ਕੰਮ, ਡਾਕਾ, ਧਾੜਾ, ਜ਼ਬਰਦਸਤੀ ਖੋਹ ਕੇ ਲਿਆ ਹੋਇਆ ਮਾਲ, ਬੇਈਮਾਨੀ, ਬਹੁਤ ਮੁੱਲ ਲੈਣਾ ॥
ਵਿ:—ਲੁੱਟਣ ਵਾਲਾ (ਜਿਹਾ ਕਿ 'ਮੁਨਸ਼ੀ ਲੁੱਟ') ॥

**ਲੁੱਟ ਹੋਣੀ**
**ਲੁੱਟ ਪੈਣੀ** } ਕ੍ਰਿ:—ਲੁੱਟਿਆ ਜਾਣਾ, ਧਾੜਾ ਪੈਣਾ ॥

**ਲੁੱਟ ਕਰਨੀ (ਮਚਾਉਣੀ)**
**ਲੁੱਟ ਲੈਣਾ** } ਕ੍ਰਿ:—ਲੁੱਟਣਾ, ਧਾੜਾ ਮਾਰਨਾ ॥

**ਲੁੱਟ ਦਾ ਮਾਲ,** ਪੁ:—ਲੁੱਟਿਆ ਹੋਇਆ ਮਾਲ ॥

**ਲੁੱਟ ਪੁੱਟ ਕੇ ਲੈ ਜਾਣਾ,** ਕ੍ਰਿ:—ਮਾਲ ਲੁੱਟ ਕੇ ਲੈ ਜਾਣਾ।

**ਲੁੱਟ ਮਾਰ,** ਸ:—ਲੁੱਟਣ ਤੇ ਮਾਰਨ ਦਾ ਕੰਮ।
ਪੁ:—ਲੁਟੇਰਾ ॥

**ਲੁੱਟਣਾ,** ਕ੍ਰਿ:—ਜ਼ੋਰ ਨਾਲ ਕਿਸੇ ਦਾ ਮਾਲ ਖੋਹਣਾ, ਬਹੁਤ ਮੁੱਲ ਲੈਣਾ, ਸੁਖ ਭੋਗਣਾ (ਮੌਜਾਂ ਲੁੱਟਣਾ)॥

**ਲੁੱਟਣਾ ਪੁੱਟਣਾ,** ਕ੍ਰਿ:—ਲੁੱਟਣਾ ਅਤੇ ਬਰਬਾਦ ਕਰਨਾ ॥

**ਲੁਟਵੱਯਾ,** ਪੁ:—ਲੁੱਟਣ ਵਾਲਾ, ਲੁਟੇਰਾ ॥

**ਲੁਟਵਾਉਣਾ,** ਕ੍ਰਿ: ਲੁੱਟਣ ਦੇਣਾ, ਖੁਹਾਉਣਾ, ਮਰਾਉਣਾ ॥

**ਲੁਟਵਾਈ,** ਸ:—ਲੁੱਟ, ਲੁੱਟੇ ਜਾਣ ਦੀ ਹਾਲਤ (ਖਾਣਾ)।

**ਲੁਟਾਉਣਾ,** ਕ੍ਰਿ: ਲੁੱਟਣ ਦੇਣਾ, ਮਾਲ ਉਡਾਉਣਾ, ਮੌਜਣਾ ॥

**ਲੁਟਾਈ,** ਸ:—'ਲੁਟਵਾਈ' ਵੇਖੋ ॥

**ਲੁੱਟੂ**
**ਲੁਟੇਰਾ (ਰੂ)** } ਪੁ:—ਲੁੱਟਣ ਵਾਲਾ, ਧਾੜਵੀ ਡਾਕੂ ॥

**ਲੁਟੇਰਨ**
**ਲੁਟੇਰੀ** } ਸ:—ਲੁੱਟਣ ਵਾਲੀ, ਲੁਟੇਰੇ ਦੀ ਜਨਾਨੀ ॥

**ਲੁੰਡ,** ਪੁ:—ਬੇ ਸ਼ਰਮ, ਬੇ ਅਸੂਲਾ ਮਨੁੱਖ।

**ਲੁੰਡਾ (ਡੀ),** ਵਿ:—ਜਿਸ ਦੀ ਪੂਛ ਨਾ ਹੋਵੇ, ਪੱਤੇ ਟਹਿਣੀਆਂ ਬਾਝੋਂ, ਛੜਾ ॥

**ਲੁਡਾਉਣਾ,** ਕ੍ਰਿ:—ਝੁਲਾਉਣਾ, ਹਿਲਾਉਣਾ ॥

**ਲੁੱਡੀ**
**ਲੁੱਡੀ** } ਸ: ਰੌਲਾ, ਨੱਚਣਾ ਟੱਪਣਾ (ਪਾਉਣੀ) ॥

**ਲੁਤਫ਼,** ਪੁ:—ਸੁਆਦ, ਰਸ, ਅਨੰਦ।

**ਲੁਤਰ ਲੁਤਰ,** ਸ:—ਬਕਵਾਸ, ਰੌਲਾ (ਕਰਨੀ ਲਾਉਣੀ) ॥

Digitized by Panjab Digital Library | www.panjabdigilib.org

**ਲੁਣਨਾ,** ਕ੍ਰਿ:—ਅਨਾਜ ਆਦਿਕ ਕੱਟਣਾ, ਵਾਢੀ ਕਰਨੀ॥

**ਲੁਤਰ,** ਪੁ: } ਵਿ:—ਲਬਾਰਾ (ਰੀ), ਜਿਸ ਦਾ ਵਸਾਹ ਨਹੀਂ, ਬਕ ਬਕ ਕਰਨ ਵਾਲਾ (ਲੀ), ਬੁੱਧੂ॥
**ਲੁਤਰੀ,** ਸ:

**ਲੁੱਧਰ,** ਪੁ:—ਮੱਛੀਆਂ ਖਾਣ ਵਾਲਾ ਇੱਕ ਜਨੌਰ॥

**ਲੁੱਪਰੀ,** ਸ:—ਕੋਠੇ ਜਾਂ ਘਾਹ ਉੱਤੇ ਬੰਨ੍ਹਣ ਵਾਲੀ ਲੇਵੀ॥

**ਲੁਬਾਣਾ,** ਪੁ:—'ਲਬਾਣਾ' ਵੇਖੋ॥

**ਲੁਭਾਉਣਾ,** ਕ੍ਰਿ:—ਭੁਲਾਉਣਾ, ਫੁਸਲਾਉਣਾ, ਮੋਹਣਾ, ਲੋਭ ਦੇਣਾ॥

**ਲੁਲਕੀ** } ਸ:—ਕੰਨ ਉੱਤੇ ਪਾਉਣ ਵਾਲੀ ਰੇਸ਼ਮੀ ਗੋਲੀ ਜਿਸ ਨੂੰ ਚਾਂਦੀ ਜਾਂ ਸੋਨੇ ਦੀਆਂ ਤਾਰਾਂ ਲੱਗੀਆਂ ਹੁੰਦੀਆਂ ਹਨ।
**ਲੁਰਕੀ**

**ਲੁਲੂਕੀ,** ਸ:—ਇੱਕ ਤਰਾਂ ਦਾ ਨਸ਼ਾ॥

**ਲੂ,** ਸ:—ਤੱਤੀ ਵਾਉ, ਲੋ।

**ਲੂੰ,** ਪੁ:—ਪਿੰਡੇ ਦੇ ਉੱਪਰਲੇ ਨਿੱਕੇ ਨਿੱਕੇ ਵਾਲ, ਪਸ਼ੂ ਜਾਂ ਗਊ ਦੇ ਵਾਲ॥

**ਲੂੰ ਕੰਡੇ ਹੋਣਾ,** ਕ੍ਰਿ:—ਡਰ ਕਰਕੇ ਲੂੰ ਖੜੇ ਹੋ ਜਾਣੇ।

**ਲੂਈਂ,** ਸ:—'ਲੂੰ' ਵੇਖੋ, ਨਾਲੇ 'ਰੂਆਂ'॥

**ਲੂਸ,** ਪੁ:—ਲਾਸ, ਸੜਨ ਦੀ ਨਿਸ਼ਾਨੀ॥

**ਲੂਮੜੀਆਂ,** ਸ: (ਬਹੁ:), ਕੰਜੂਸੀ, ਸੂਮ ਪੁਣਾ, ਗਰੀਬਾਂ ਦੀ ਰਹਿਤ।

**ਲੂਹਿਆ,** ਵਿ:—ਸੜਿਆ ਹੋਇਆ, ਗੁੱਸੇ ਵਿੱਚ ਆਇਆ ਹੋਇਆ।

**ਲੂਹ ਸਿੱਟਣਾ (ਦੇਣਾ),** ਕ੍ਰਿ:—'ਲੂਹਣਾ' ਵੇਖੋ।

**ਲੂਹਣ,** ਸ:—ਜਲਨ, ਸਾੜਾ, ਡੰਗ ਦੀ ਪੀੜ॥

**ਲੂਹਣਾ,** ਕ੍ਰਿ:—ਸਾੜਨਾ, ਝੁਲਸਣਾ, ਗੁੱਸਾ ਚਾੜ੍ਹਨਾ।

**ਲੂਹਰੀ,** ਸ:—ਨੱਢੀ ਕੁੱਦਵੀਂ ਪੰਗ॥

**ਲੂਹਰੀਆਂ,** ਸ:—(ਬਹੁ:), ਛੜਕੀ, ਬੇ ਚੈਨੀ ਤਰਲੇ (ਲੈਣਾ)॥

**ਲੂਹਲਾ (ਲੀ),** ਵਿ:—ਜਿਸ ਦੀਆਂ ਟੰਗਾਂ ਨਾ ਹੋਣ ਜਾਂ ਮਾਰੀਆਂ ਜਾਣ

**ਲੂਹਲਾਂ,** ਸ:—(ਬਹੁ:), ਇੱਕ ਤਰ੍ਹਾਂ ਦਾ ਹਲਕਾ ਗਾਹਣਾ॥

**ਲੂਕਾ,** ਪੁ:—ਘਾਹ ਦੇ ਮੁੱਠੇ ਦਾ ਮੁਆਕਾ॥

**ਲੂਟੇ ਲੂਟ,** ਸ:—ਲੁੱਟ, ਅਨਿਆਉਂ, ਜ਼ੁਲਮ। ਵਿ:—ਲੁੱਟਿਆ ਹੋਇਆ।

**ਲੂਠਾ ਹੋਇਆ,** ਵਿ:—ਜੋ ਗੁੱਸੇ ਨਾਲ ਸੜੇ, ਖਿਝਿਆ ਹੋਇਆ॥

**ਲੂਣ,** ਪੁ:—ਮਸ਼ਹੂਰ ਮਸਾਲਾ, ਨਿਮਕ, ਔਣ॥

**ਲੂਣ ਹਰਾਮ,** ਵਿ:—ਜੋ ਕਿਸੇ ਦਾ ਕੀਤਾ ਨਾ ਜਾਣੇ, ਬੇਈਮਾਨ॥

Digitized by Panjab Digital Library | www.panjabdigilib.org

**ਲੂਣਹਰਾਮੀ,** ਪੁ:—ਲੂਣ ਹਰਾਮ । ਸ:—ਬੇ ਈਮਾਨੀ ।

**ਲੂਣ ਤੇਲ,** ਪੁ:—ਖਾਣ ਪੀਣ ਦੀਆਂ ਚੀਜ਼ਾਂ ਜੋ ਜੀਉਣ ਵਾਸਤੇ ਲੋੜੀਂਦੀਆਂ ਹਨ ।

**ਲੂਣ ਤੋੜਨਾ,** ਕ੍ਰਿ:—ਗੱਲ ਨੂੰ ਵਧਾ ਕੇ ਕਹਿਣਾ, ਝੂਠ ਬੋਲਣਾ ।

**ਲੂਣ ਦਾ ਖਾਣ,** ਪੁ:—ਜਿਸ ਖਾਣ ਵਿਚੋਂ ਲੂਣ ਨਿਕਲੇ ।

**ਲੂਣ ਦੀ ਮਾਰ ਹੋਣੀ (ਵਗਣੀ),** ਕ੍ਰਿ:—ਲੂਣ ਹਰਾਮ ਹੋਣ ਦਾ ਬੁਰਾ ਫਲ ਮਿਲਣਾ ।

**ਲੂਣ ਮਿਰਚ ਲਗਾਉਣਾ,** ਕ੍ਰਿ:—ਸੁਆਦੂ ਬਣਾਉਣਾ, ਗੱਲ ਨੂੰ ਵਧਾ ਕੇ ਕਹਿਣਾ, ਭੜਕਾਉਣਾ ॥

**ਲੂਣੀ,** ਵਿ:—ਜਿਸ ਵਿਚ ਲੂਣ ਹੋਵੇ, ਸਲੂਣਾ (ਣੀ) ॥

**ਲੂਤ,** ਸ:—ਪਿੰਡੇ ਉੱਤੇ ਹੋਣ ਵਾਲਾ ਇਕ ਪਾਕੇ ਦਾ ਰੋਗ ।

**ਲੂਤੀ,** ਸ:—ਨਿੰਦਿਆ, ਚੁਗਲੀ, ਬੁਰਿਆਈ (ਲਾਉਣੀ) ॥

**ਲੂੰਧਕੇ,** ਪੁ:, (ਬਹੁ:)—ਬਾਲਾਂ ਦਾ ਇੱਕ ਪਿੰਡੇ ਦਾ ਰੋਗ ॥

**ਲੂੰਬੜ,** ਪੁ:
**ਲੂੰਬੜੀ,** ਸ: } ਮਸ਼ਹੂਰ ਜੰਗਲੀ ਜਨੌਰ ॥

**ਲੂੰਆਂ,** ਪੁ:—[illegible] ਦਾ ਰੋਮ, ਮਛੀਆਂ ਦੀ ਇੱਕ ਜ਼ਾਤ ॥

**ਲੂੰਬੀ,** ਸ:—ਭੱਠੀ ਦੇ ਮੂੰਹ ਦੇ ਨਿਕਲਣ ਵਾਲਾ ਸੇਕ ।

**ਲੂਲ੍ਹਾ,** ਪੁ:
**ਲੂਲ੍ਹੀ,** ਸ: } 'ਲੂਹਲ (ਲੀ)' ਵੇਖੋ ॥

**ਲੇ**
**ਲੇਉ** } ਪੁ:—ਕੰਧ ਦੀ ਲਹਿਣ ਵਾਲੀ ਸੁੱਕੀ ਲੇਬਾਂ, ਕੰਧਾਂ ਹੇਠੀ ਥਾਂ ਉੱਤੇ ਲਾਈ ਹੋਵਾਂ ਲੇਬੀ, ਛਿੱਲੂ ਲਈ ਬਣਾਈ ਹੋਈ ਨੀਵੀਂ ਕੱਚੀ ਕੰਧ

**ਲੇਉਟੀ,** ਸ:—ਗਊ ਭੇਡ ਆਦਿਕ ਦਾ ਥਣ ।

**ਲੇਉਣੀ,** ਸ:—ਸੂਆਂ ਮੱਖੀਆਂ ਆਦਿਕ ਦਾ ਢੇਰ ।

**ਲੇਉੜ,** ਪੁ:—'ਲੌ' ਵੇਖੋ ।

**ਲੇਸ,** ਸ:—ਚਿਪਚਿਪਾਹਟ, ਚੰਬੜਨ ਵਾਲੀ ਗਿੱਲੀ ਚੀਜ਼, ਲੇਂਚੀ

**ਲੇਸ ਦਾਰ,** ਵਿ:—ਲੇਸ ਵਾਲਾ (ਲੀ), ਜੋ ਚਿਪ ਚਿਪ ਕਰੇ ॥

**ਲੇਚ,** ਪੁ:—ਇੱਕ ਕੰਡਿਆਂ ਵਾਲਾ ਬੂਟਾ ।

**ਲੇਹਲੜੀਆਂ,** ਸ:, (ਬਹੁ:)—ਮਿਨਤਾਂ, ਤਰਲੇ, ਨਖਰਿਆਂ ਨਾਲ ਮੰਗਣਾ (ਕੱਢਣੀਆਂ) ॥

**ਲੇਹਾ,** ਪੁ:—ਊੱਨ ਦੇ ਕੱਪੜਿਆਂ ਨੂੰ ਲੱਗਣ ਵਾਲਾ ਕੀੜਾ ॥

**ਲੇਕਾ ਦੇਕਾ,** ਪੁ:
**ਲੇਕਾ ਦੇਕੀ,** ਸ: } ਲੈਣ ਦੇਣ, ਵਪਾਰ, ਸਾਂਝ ।

**ਲੇਖ,** ਪੁ:—ਜੋ ਕੁਝ ਲਿਖਿਆ ਜਾਵੇ, ਪਰਾਲਬਧ, ਕਿਸਮਤ, ਭਾਗ ॥

Digitized by Panjab Digital Library | www.panjabdigilib.org

**ਲੇਖ ਸੜ ਜਾਣੇ,** ਕ੍ਰਿ:—ਕਿਸਮਤ ਬੁਰੀ ਹੋਣੀ ॥

**ਲੇਖ ਹੋਣੇ,** ਕ੍ਰਿ:—ਕਿਸਮਤ ਵਿੱਚ ਹੋਣਾ ॥

**ਲੇਖ ਖੁੱਲ੍ਹਣੇ**
**ਲੇਖ ਜਾਗਣੇ** } ਕ੍ਰਿ:—ਕਿਸਮਤ ਚੰਗੀ ਹੋ ਜਾਣੀ

**ਲੇਖ ਲੜਣੇ,** ਕ੍ਰਿ:—ਕਿਸਮਤ ਦਾ ਜ਼ੋਰ ਪੈਣਾ ॥

**ਲੇਖ ਧਾਰਣ,** ਸ:
**ਲੇਖ ਧਾਰੀ,** ਪੁ: } ਕ੍ਰਿ:—ਜੋ ਚੰਗਾ ਲੇਖਾ ਕਰੇ ॥

**ਲੇਖ ਧਾਰੀ,** ਵਿ:—ਜਿਸ ਦੇ ਲੇਖ ਜਾਂ ਭਾਗ ਚੰਗੇ ਹੋਣ ॥

**ਲੇਖ ਫੁੱਟ ਜਾਣੇ (ਫੁੱਟਣੇ),** ਕ੍ਰਿ:—ਕਿਸਮਤ ਬੁਰੀ ਹੋਣੀ ॥

**ਲੇਖ ਵਾਲਾ**
**ਲੇਖਾਂ ਵਾਲਾ** } ਵਿ:—ਜਿਸ ਦੇ ਭਾਗ ਚੰਗੇ ਹੋਣ, ਸੁਖੀ ॥

**ਲੇਖਕ,** ਪੁ:—ਲਿਖਣ ਵਾਲਾ, ਲਿਖਾਰੀ ॥

**ਲੇਖਣ**
**ਲੇਖਣੀ** } ਸ:—ਲਿੱਖਣ, ਕਲਮ ।

**ਲੇਖਾ**
**ਲੇਖਾ** } ਪ:—ਹਿਸਾਬ, ਗਿਣਤੀ, ਲੈਣ ਦੇਣ ਦਾ ਵੇਰਵਾ, ਨਾਵਾਂ (ਹੋਣਾ, ਕਰਨਾ) ।

**ਲੇਖਾ ਦੇਣਾ,** ਕ੍ਰਿ:—ਗਿਣਤੀ ਕਰਕੇ, ਹਿਸਾਬ ਦੱਸਣਾ, ਮਾਣੇ ਪੈਣਾ ॥

**ਲੇਖਾ ਪਾਉਣਾ,** ਕ੍ਰਿ:—ਲੈਣ ਦੇਣ ਦੀ ਸਾਂਝ ਪਾਉਣੀ ॥

**ਲੇਖੇ ਧਾਰੀ**
**ਲੇਖੇ ਬਾਜ** } ਪ:—ਜੋ ਚੰਗੀ ਤਰਾਂ ਲੇਖਾ ਕਰ ਸਕੇ ।

**ਕਰਮਾਂ ਦਾ ਲੇਖਾ,** ਪ:—ਲੇਖ, ਭਾਗ, ਪਰਾਲਬਧ ।

**ਲੇਂਝ,** ਸ:—ਕੰਪੜਿਆਂ ਨੂੰ ਚੰਬੜਣ ਵਾਲੀ ਚੀਜ (ਕੰਡਾ ਆਦਿਕ), ਲਿੱਦਾ, ਔਖ, ਵਿਘਨ ॥

ਵਿ:—ਜੋ ਲੇਝ ਕਰੇ, ਜੋ ਆਪਣੇ ਮਤਬਲ ਵਾਸਤੇ ਕਿਸੇ ਦੇ ਮਗਰ ਲੱਗਾ ਰਹੇ ॥

**ਲੇਟ,** ਸ:—ਰਾਬ ਦੇ ਕੜਾਹੇ ਦੇ ਥੱਲੇ ਦੀ ਮੈਲ, ਖਰਾਬ ਸੀਰ ॥

ਵਿ:—ਜੋ ਅਵੇਰ ਕਰਕੇ ਆਵੇ (ਰੇਲ ਆਦਿਕ) ॥

**ਲੇਟ ਜਾਣਾ,** ਕ੍ਰਿ:—ਲੇਟਣਾ, ਪੈਰੀਂ ਪੈਣਾ, ਆਜਜ਼ੀ ਕਰਨਾ, ਪਤਲਾ ਹੋ ਜਾਣਾ (ਗੁੜ ਆਦਿਕ) ॥

**ਲੇਟ ਪੇਟ,** ਸ: —ਖੁਸਾਮਦ, ਨਖਰਾ ॥

ਵਿ:—ਅਧੀਨ, ਖੁਸਾਮਦੀ ॥

**ਲੇਟਣਾ,** ਕ੍ਰਿ:—ਲੰਮੇ ਪੈਣਾ, ਸਿੱਧੇ ਹੋ ਕੇ ਪੈ ਜਾਣਾ, ਲਿਟਣਾ

**ਲੇਟੀ,** ਸ:—'ਲੇਵੀ' ਵੇਖੋ ॥

**ਲੇਟੀ ਪੇਟੀ,** ਸ:—ਖੁਸਾਮਦ, ਨਖਰਾ, ਅਧੀਨਗੀ ॥

**ਲੇਡਣਾ**
**ਲੇਡਾ** } ਪੁ:—ਪਸ਼ੂ ਜਾਂ ਊਠ ਦੀ ਲਿੱਦ ਦਾ ਗੋਲਾ ॥

**ਲੇਡਾ ਢੁੱਲ ਜਾਣਾ**
**ਲੇਡਾ ਢੁਲਣਾ,** } ਕ੍ਰਿ:—ਘੁਮੰਡ ਹੋ ਜਾਣਾ ॥

**ਲੇਡੀ,** ਸ:—ਸ਼ਰੀਫ ਔਰਤ, ਬੀਬੀ, ਮੇਮ, ਸਰਦਾਰਨੀ ॥

**ਲੇਥੜਨਾ,** ਕ੍ਰਿ:—ਲਿਥੜਨਾ ਜਾਂ ਲਿਬੇੜਨਾ, ਬੁਰਨਾ ॥

Digitized by Panjab Digital Library / www.panjabdigilib.org

**ਲੇਥੜ ਪੇਥੜ,** ਵਿ:—ਚੰਗੀ ਤਰਾਂ ਲਿਬੜਿਆ ਹੋਯਾ ॥

**ਲੇਧੜਾ**
**ਲੇਂਧੜਾ** } ਪੁ:—ਇੱਕ ਤਰਾਂ ਦਾ ਮੋਟਾ ਘਾਹ ॥

**ਲੇਪ,** ਪੁ:-ਲਾਂਬੀ, ਮਲ੍ਹਮ, ਸੱਟ ਉੱਤੇ ਲਾਉਣ ਵਾਲੀ ਗਿੱਲੀ ਦੁਆ (ਕਰਨਾ)।

**ਲੇਪਣ,** ਪੁ:—ਮਿੱਟੀ ਦਾ ਪੋਚਾ, ਚੌਂਕਾ।

**ਲੇਪੀ,** ਸ:—'ਲੇਂਬੀ' ਦੇਖੋ।

**ਲੇਫ,** ਪੁ: ਉੱਪਰ ਪਾਕੇ ਸੌਣ ਵਾਲਾ ਰੂੰ ਦਾਰ ਕੱਪੜਾ, ਰਜਾਈ ॥

**ਲੇਫੜਾ,** ਪੁ:—ਪੱਟਾ ਪੁਰਾਣਾ ਜਾਂ ਛੋਟਾ ਜੇਹਾ ਲੇਫ ॥

**ਲੇਬਲ,** ਪੁ:—ਚਿਟ ਜਾਂ ਪਟੀ ਜਿਸ ਉੱਤੇ ਨਾਉਂ ਲਿਖਿਆ ਜਾਵੇ ॥

**ਲੇਂਬੀ,** ਸ:—ਮਿੱਟੀ ਗੋਹੇ ਆਦਿਕ ਦਾ ਮਲਣਾ, ਪਲਸਤਰ (ਹੋਣੀ, ਕਰਨੀ) ॥

**ਲੇਰ,** ਸ:—ਅਚਾਨਚੱਕ ਜੋ ਚੀਕ ਨਿਕਲ (ਲੇਰਾ)।

**ਲੇਰੀ,** ਸ:—ਲਗਾਤਾਰ ਚੀਕ ਚਿਹਾੜਾ ॥

**ਲੇਲਾ,** ਪੁ:
**ਲੇਲੀ,** ਸ: } ਭੇਡ ਦਾ ਬੱਚਾ ॥

**ਲੇਵਾ,** ਪੁ:—ਗਊ ਭੇਡ ਆਦਿਕ ਦਾ ਥਣ ॥

**ਲੇਵਾ ਦੇਵੀ,** ਸ:—ਲੈਣ ਦੇਣ, ਵਿਹਾਰ, ਸਾਂਝ, ਵਰਤਣ ॥

**ਲੇਵੀ,** ਸ:-ਪਾਣੀ ਵਿਚ ਆਟਾ ਘੋਲ ਕੇ ਪਕਾਯਾ ਹੋਯਾ, ਕਾਗਤ ਆਦਿਕ ਜੋੜਨ ਲਈ ॥

**ਲੈ,** ਸ:—ਚਾਹ, ਮਨਸਾ, ਦਲੀਲ, ਪੱਕੀ ਖ਼ਾਹਸ਼, ਸੁਰ, ਤਾਲ।
ਵਿ:—ਮੁਕਿਆ ਹੋਯਾ, ਮਿਲਕੇ ਨਸ਼ਟ ਹੋਯਾ ਹੋਯਾ (ਹੋਣਾ, ਕਰਨਾ) ॥

**ਲੈ ਉੱਠਣਾ,** ਕ੍ਰਿ:—ਅਨੋਖੀ ਗੱਲ ਕਹਿਣ ਲੱਗ ਪੈਣਾ ॥

**ਲੈ ਉੱਡਣਾ,** ਕ੍ਰਿ:—ਅੱਗ ਲੱਗਣ ਕਰਕੇ ਜ਼ੋਰ ਨਾਲ ਉਤਾਹ ਫੈਲਣਾ (ਬਰੂਤ ਆਦਿਕ), ਨਾਲ ਲੈ ਕੇ ਕਿਤੇ ਨੱਸ ਜਾਣਾ ॥

**ਲੈ ਆਉਣਾ,** ਕ੍ਰਿ:—ਨਾਲ ਲਿਆਉਣਾ ਜਾਂ ਜਾ ਕੇ ਲਿਆਉਣਾ ॥

**ਲੈ ਚੱਲਣਾ**
**ਲੈ ਜਾਣਾ** } ਕ੍ਰਿ:—ਨਾਲ ਲੈ ਕੇ ਜਾਣਾ ਜਾਂ ਟੁਰਨਾ ॥

**ਲੈ ਛੱਡਣਾ**
**ਲੈ ਰੱਖਣਾ** } ਕ੍ਰਿ:—ਲੈ ਕੇ ਸਾਂਭ ਰੱਖਣਾ, ਪਰੇ ਰੱਖਣਾ ॥

**ਲੈ ਡੁੱਬਣਾ,** ਕ੍ਰਿ:—ਆਪਣੇ ਨਾਲ ਦੂਜੇ ਨੂੰ ਭੀ ਬਰਬਾਦ ਕਰਨਾ ॥

**ਲੈ ਦੇ ਕੇ,** ਕ੍ਰਿ: ਵਿ:—ਬਹੁਤ ਔਖੇ ਹੋਕੇ, ਸਭ ਰਕਮਾਂ ਦੇ ਕੇ ॥

**ਲੈ ਦੇਣਾ,** ਕ੍ਰਿ:—(ਕੋਈ ਸ਼ੈ) ਲੈਕੇ ਕਿਸੇ ਨੂੰ ਦੇਣੀ ॥

**ਲੈ ਪਾਲਕ,** ਪੁ:—ਦੂਜੇ ਦਾ ਬਾਲਕ ਲੈਕੇ ਪਾਲਿਆ ਹੋਯਾ ॥

**ਲੈ ਪਾਲਣਾ,** ਕ੍ਰਿ:—ਦੂਜੇ ਦੇ ਬਾਲ ਨੂੰ ਆਪਣਾ ਬਣਾਉਣਾ ॥

Digitized by Panjab Digital Library | www.panjabdigilib.org

**ਲੈ ਪੈਣਾ,** ਕ੍ਰਿ:—ਕਿਸੇ ਨੂੰ ਨਾਲ ਲੈ ਕੇ ਲੇਟਣਾ ॥

**ਲੈ ਬੈਠਣਾ,** ਕ੍ਰਿ:—ਮਾੜੀ ਚੀਜ਼ ਲੈਣੀ ਜੋ ਮੁੜ ਨਾਂ ਸੱਕੇ, ਲੰਮਾ ਚੌੜਾ ਹਾਲ ਸੁਣਾਉਣਾ, 'ਲੈ ਡੁੱਬਣਾ' ਭੀ ਵੇਖ।

**ਲੈ ਭੱਜਣਾ,** ਕ੍ਰਿ:—ਲੈ ਕੇ ਨੱਸ ਜਾਣਾ, ਖੋਹ ਕੇ ਲੈ ਜਾਣਾ ॥

**ਲੈ ਭੱਜੂ,** ਵਿ:—ਜੋ ਬਿਨਾਂ ਪਤ੍ਯਾਇਆ, ਖਿਸਕ ਜਾਵੇ।

**ਲੈ ਮਾਰਨਾ,** ਕ੍ਰਿ:—ਚੁੱਕ ਕੇ ਜ਼ਮੀਨ ਪੁਰ ਸਿੱਟਣਾ ॥

**ਲੈ ਰਹਿਣਾ,** ਕ੍ਰਿ:—ਲੈ ਕੇ ਸਾਂਭ ਰੱਖਣਾ ॥

**ਲੈ ਰੱਖਣਾ,** ਕ੍ਰਿ:—ਲੈ ਕੇ ਸਾਂਭ ਰੱਖਣਾ ॥

**ਲੈ ਲੈਣਾ,** ਕ੍ਰਿ:—ਓੜਕ ਆਪਣਾ ਬਣਾ ਲੈਣਾ, ਮੋੜ ਲੈਣਾ ॥

**ਲੈਂਸ,** ਪੁ:—ਲੰਮੀ ਅਤੇ ਗੋਲ ਨੋਕ ਜਾਂ ਚੌੜੀ ਨੋਕ ਵਾਲਾ ਤੀਰ।
ਸ:—ਚਿੱਲੇ ਦੀ ਡੋਰੀ।
ਵਿ:—ਬਿਲਕੁਲ ਤਿਆਰ

**ਲੈਸੰਸ,** ਪੁ:—'ਲਸੰਸ' ਵੇਖੋ ॥

**ਲੈਹਣਾ,** ਕ੍ਰਿ:, **ਲੈਂਹਦਾ,** ਵਿ: } 'ਲਹਿਣਾ' 'ਲਹਿੰਦਾ' ਵੇਖੋ।

**ਲੈਕ,** ਵਿ:—'ਲਾਇਕ' ਵੇਖੋ ॥

**ਲੈਂਕ,** ਪੁ:—ਢੇਰ, ਬਹੁਤ ਸਾਰਾ (ਰੀ) ॥

**ਲੈਕਚਰ,** ਪੁ:—ਕਿਸੇ ਗੱਲ ਦਾ ਬਿਆਨ ਜੋ ਚੰਗੀ ਤਰਾਂ ਖੋਲ ਕੇ ਕੀਤਾ ਜਾਵੇ (ਦੇਣਾ) ॥

**ਲੈਕਚਰਾਰ,** ਪੁ:—ਜੋ ਲੈਕਚਰ ਦੇਵੇ ॥

**ਲੈਂਕੜਾ,** ਪੁ:—ਦੇਵੀ ਦਾ ਅਗਵਾਣੀ, ਕੁਆਰਾ ਮੁੰਡਾ।

**ਲੈਕੀ,** ਸ:—'ਲਾਇਕੀ' ਵੇਖੋ।

**ਲੈਚਕਰ,** ਪੁ:—'ਲੈਕਚਰ' ਵੇਖੋ।

**ਲੈਟਰ ਬਕਸ,** ਪੁ:—ਚਿੱਠੀਆਂ ਪਾਉਣ ਵਾਲਾ ਸੰਦੂਕ

**ਲੈਣ,** ਸ:—ਸਿਪਾਹੀਆਂ ਦੀ ਕਤਾਰ, ਛਾਉਣੀ, ਸਿਪਾਹੀਆਂ ਦੇ ਡੇਰੇ, ਰੇਲ ਦੀ ਸੜਕ ॥

**ਲੈਣ ਕਲੀਅਰ,** ਪੁ:—ਰੇਲ ਦੀ ਲੈਣ ਸਾਫ ਹੋਣ ਦਾ ਨਿਸ਼ਾਨ ਜਾਂ ਕਾਗਤ (ਹੋਣਾ, ਮਿਲਣਾ, ਦੇਣਾ, ਲੈਣਾ) ॥

**ਲੈਣ ਜਾਣਾ,** ਕ੍ਰਿ:—ਲਿਆਉਣ ਵਾਸਤੇ ਜਾਣਾ ॥

**ਲੈਣ ਦੇਣ,** ਪੁ:—ਵਣਜ, ਵਿਹਾਰ, ਮੇਲ ਗੇਲ ॥

**ਲੈਣਾ,** ਕ੍ਰਿ:—ਲੱਭਣਾ, ਪਾਉਣਾ, ਖਰੀਦਣਾ, ਉਧਾਰ ਚੁੱਕਣਾ, ਜਿੱਤਣਾ, ਖੋਹਣਾ, ਸਿੱਖਣਾ, ਪਕੜਨਾ, ਮਾਰਨਾ (ਜਾਨ ਲੈਣਾ), ਪੁੱਜਣਾ, ਪੀਣਾ, ਸਭ ਕੱਢਣਾ, ਅੰਗੀ ਕਾਰ ਕਰਨਾ, ਵਾਲ ਲਾਹੁਣੇ (ਬਗਲਾਂ ਲੈਣੀਆਂ), ਝਾੜ ਪਾਉਣਾ, ਮੂੰਹੋਂ ਆਖਣਾ (ਨਾਉਂ), ਕਾਬੂ ਕਰਨਾ ॥

**ਖਾ ਲੈਣਾ,** ਕ੍ਰਿ:—ਲੈ ਕੇ ਵਰਤ ਲੈਣਾ, ਚੁੱਕਣਾ, ਬਹੁਤ ਝਿੜਕਣਾ ॥

Digitized by Panjab Digital Library | www.panjabdigilib.org

**ਨਾ ਲੈਣਾ ਨਾ ਦੇਣਾ,** ਕ੍ਰਿ:—ਕੁਝ ਸਾਂਝ ਨਾ ਰੱਖਣੀ ।

**ਲੈਣਾ ਦੇਣਾ,** ਪੁ:—ਵਰਤਣ, ਵਿਹਾਰ, ਸਾਂਝ, ਮੇਲ ਗੇਲ ॥

**ਲੈਂਧਾ,** ਪੁ:, ਵਿ:—'ਲਹਿੰਦਾ' ਵੇਖੋ ।

**ਲੈਮੋਨੇਡ,** ਪੁ:—'ਮਿੱਠਾ ਪਾਣੀ' ਵੇਖੋ ।

**ਲੋ,** ਸ:—ਚਾਨਣ, ਪਹਿ, ਨਜ਼ਰ, ਤੱਤੀ ਵਾਉ, ਲਿਹਾਜ਼ ॥

**ਲੋਇਣ,** ਪੁ:, ਸ:—ਅੱਖ, ਚਾਨਣ, ਅੱਖਾਂ ਦੀ ਨੀਝ, ਨਜ਼ਰ ॥

**ਲੋਈ,** ਸ:—ਮੋਟੀ ਉੱਨ ਦੀ ਚਾਦਰ, ਲੋ, ਵਟਣਾ, ਸ਼ਰਮ, ਹਯਾ ॥

**ਲੋਈ ਫਟੀ,** ਕ੍ਰਿ:, ਵਿ:—ਜਦੋਂ ਸਵੇਰ ਦੀ ਲੋ ਹੋਵੇ, ਪਹਿ ਫਟੇ ॥

**ਲੋਈ ਲਾਹੁਣੀ,** ਕ੍ਰਿ:—ਬੇ ਸ਼ਰਮ ਹੋ ਜਾਣਾ ।

**ਲੋਈਆ,** ਪੁ:—ਗੁੰਨ੍ਹੇ ਹੋਏ ਆਟੇ ਦਾ ਪੇੜਾ ॥

**ਲੋਹ,** ਸ:—ਵੱਡਾ ਤਵਾ ।

**ਲੋਹ ਚੂਣ (ਚੂਰ),** ਪੁ:—ਲੋਹੇ ਦਾ ਚੂਰਾ ॥

**ਲੋਹ ਲੰਗਰ,** ਪੁ:—ਬੜੀ ਭਾਰੀ ਰਸੋਈ, ਸਦਾ ਵਰਤ ।

**ਲੋਹਟ,** ਵਿ:—ਲੋਹੇ ਦਾ (ਵੇਲਣਾ ਆਦਿਕ) ।

**ਲੋਹਟੀਆਂ,** ਪੁ:—ਲੋਹੇ ਦੀਆਂ ਚੀਜ਼ਾਂ ਵੇਚਣ ਵਾਲਾ ॥

ਵਿ:—ਲੋਹੇ ਦਾ (ਵੇਲਣਾ ਆਦਿਕ) ॥

**ਲੋਹਬਾਣ,** ਪੁ:—ਲੋਹੇ ਦੇ ਛੱਲਿਆਂ ਵਾਲੀ ਲਾਠੀ, ਇੱਕ ਧੁਖਾਉਣ ਵਾਲੀ ਖੁਸ਼ਬੂਦਾਰ ਚੀਜ਼ ॥

**ਲੋਹਲ, ਲੋਹੁਲ,** ਪੁ:—ਬਲਦ ਦੇ ਢਿੱਡ ਦਾ ਢਿੱਲਾ (ਕਿਸੇ ਕਿਸੇ ਦਾ ਹੁੰਦਾ ਹੈ) ।

**ਲੋਹਲਾ, ਲੋਹੁਲਾ,** ਵਿ:—ਲੋਹਲ ਵਾਲਾ (ਬਲਦ) ॥

**ਲੋਹੜ,** ਪੁ:—ਕਹਿਰ, ਜ਼ੁਲਮ, ਜ਼ਬਰਦਸਤੀ (ਮਾਰਨਾ) ॥

**ਲੋਹੜਾ, ਲੋਹੁੜਾ,** ਪੁ:—ਜ਼ੁਲਮ, ਸਖ਼ਤੀ, ਕ੍ਰੋਧ (ਪੈ ਜਾਣਾ, ਮਾਰਨਾ) ॥

**ਲੋਹੜੀ,** ਸ:—ਪੋਹ ਦੀ ਮਸਿਆ ਜੋ ਹਿੰਦੂਆਂ ਦਾ ਇੱਕ ਤਿਹਾਰ ਹੈ ॥

**ਲੋਹਾ,** ਪੁ:—ਮਸ਼ਹੂਰ ਧਾਤ ।
ਵਿ:—ਲਾਲ ਭੋਹਾ, ਕਰੜਾ, ਤਕੜਾ ॥

**ਲੋਹਾ ਲਾਖਾ,** ਵਿ:—ਗੁੱਸੇ ਨਾਲ ਲਾਲ ਹੋਇਆ ਹੋਇਆ, ਲਾਲੀ ਦੀ ਭਾਹ ਮਾਰਨ ਵਾਲੇ ਭੂਰੇ ਰੰਗ ਦਾ [illegible]

**ਲੋਹਾਰ,** ਪੁ:—'ਲੁਹਾਰ' ਵੇਖੋ

**ਲੋਹੀ,** ਸ:—ਲੋਹੜੀ ।
ਵਿ:—ਲਾਲੀ ਦੀ ਭਾਹ ਮਾਰਨ ਵਾਲੇ ਭੂਰੇ ਰੰਗ ਦੀ ॥

**ਲੋਹੀ ਫਟੀ,** ਸ:—ਪਹਿ ਫਟਣ ਦਾ ਵੇਲਾ ॥

**ਲੋਹੂ,** ਪੁ:—'ਲਹੂ' ਵੇਖੋ ॥

Digitized by Panjab Digital Library | www.panjabdigilib.org

**ਲੋਕ,** ਪੁ:—ਦੁਨੀਆ, ਜਹਾਨ, ਮਨੁੱਖ, ਦੇਸ, ਪਿੰਡ ॥

**ਲੋਕ ਲਾਜ,** ਸ:—ਲੋਕਾਂ ਦੇ ਸਾਮ੍ਹਣੇ ਆਪਣੀ ਇੱਜ਼ਤ ਦਾ ਖਿਆਲ ॥

**ਲੋਕਾ ਚਾਰ (ਰੀ)**
**ਲੋਕਾਂ ਚਾਰ (ਰੀ)** } ਸ:—ਜੰਗਤ ਦੀ ਰੀਤ । ਕ੍ਰਿ:, ਵਿ: ਪੇਸ਼ਕ ਲਕ ਕਰਨ

**ਲੋਕਲ,** ਵਿ:—ਉਸੇ ਥਾਂ ਦਾ, ਆਪਣੇ ਹੀ ਅਲਾਕੇ ਦਾ ।

**ਲੋਕਾਈ,** ਸ:—ਲੋਕ, ਸੰਸਾਰ, ਆਮ ਆਦਮੀ ॥

**ਲੋਕਾਟ,** ਪੁ:—ਇਕ ਮਸ਼ਹੂਰ ਫਲ

**ਲੋੱਕੀ,** ਪੁ:, (ਬਹੁ:) ਲੋਕ, ਮਨੁੱਖ, ਸੰਗਤ ।

**ਲੋਗ,** ਪੁ: —ਲੋਕ, ਮਨੁੱਖ, ਟੱਬਰ, ਕਹੂਰੀ ।

**ਲੋਗੜ**
**ਲੋਗੁੜ** } ਪੁ:—ਪੁਰਾਣੀ ਵਰਤੀ ਹੋਈ ਰੂੰ, ਲੋਫ ਤਲਾਈ ਦੀ ਰੂੰ ।

**ਲੋਚ (ਚਾ),** ਸ:—ਚਾਹ, ਮਰਜ਼ੀ, ਅਭਲਾਖਾ ।

**ਲੋਚਣ,** ਪੁ:—ਅੱਖ, ਨੇਤ੍ਰ, ਨੈਣ ।

**ਲੋਚਣਾ,** ਕ੍ਰਿ:—ਚਾਹੁਣਾ, ਲਾਲਸਾ ਕਰਨੀ ॥

**ਲੋਟ,** ਪੁ: ਸ: —ਨਗਦੀ ਰੱਖਣ ਦੇ ਲਈ ਮਿਟੀ ਦਾ ਭਾਂਡਾ, ਪਾਸਾ, ਥੈਲਾ, ਮੁਆਫ਼ਿਕ, ਦਲੀਲ, ਰੁਲਣਾ, ਰੁੜ੍ਹਨਾ, ਨਟ ।

**ਲੋਟ ਪੋਟ**
**ਲੋਟਣ ਪੋਟਣ** } ਸ:-ਵਿ:—ਡਿਗਾ ਢੱਠਾ, ਬੇ ਸੁਰਤ, ਜੋ ਤੜਫੇ, ਇਸ਼ਕ ਦਾ ਫੱਟਿਆ ਹੋਇਆ, ਜੋ ਅਜਾਨ ਲੱਕ ਮਰ ਜਾਏ (ਹੋ ਜਾਣਾ), ਛਾਪਣ ਵਿੱਚ ਕਾਗਤ ਦਾ ਮੁੜਨਾ (ਕਰਨਾ) ॥

**ਲੋਟਕਾ,** ਪੁ:—ਮਿਟੀ ਦਾ ਭਾਂਡਾ ਜਿਸ ਵਿੱਚ ਚਾਰ ਪੰਜ ਸੇਰ ਪਾਣੀ ਆਵੇ, ਮਾਸ ਦਾ ਟੁਕੜਾ ॥

**ਲੋਟਕੀ,** ਸ: ਪਿੱਤਲ ਦੀ ਗੜਵੀ ॥

**ਲੋਟਣ,** ਵਿ:—ਭੌਂ, ਚੱਕਰ, ਉਲਟ ਬਾਜ਼ੀ, ਇੱਕ ਤਰਾਂ ਦਾ ਕਬੂਤਰ ।

**ਲੋਟਣ ਪੋਟਣ,** ਵਿ:—'ਲੋਟ ਪੋਟ' ਵੇਖੋ ॥

**ਲੋਟਣਾ,** ਕ੍ਰਿ: ਚੱਕਰ ਖਾਣਾ, ਉਲਟਣਾ ਪੁਲਟਣਾ, ਰਿੜ੍ਹਨਾ ॥
ਪੁ:—ਲੋਟਨ ॥

**ਲੋਟੜੀ,** ਸ: —ਨਿੱਕੀ ਜੇਹੀ ਪਿੱਤਲ ਦੀ ਗੜਵੀ ॥

**ਲੋੱਟਾ,** ਪੁ:—ਟੂੱਟੀ ਵਾਲਾ ਮਿੱਟੀ ਜਾਂ ਧਾਤ ਦਾ ਭਾਂਡਾ, ਜੋ ਲਾਗ ਵਿਆਹ ਮਗਰੋਂ ਪੁਤ੍ਰ ਵਾਲੇ ਪਿੱਛੋਂ ਬ੍ਰਾਹਮਣ ਨੂੰ ਦੇਂਦੇ ਹਨ ।

**ਲੋਟੀ**
**ਲੋੱਟੀ** } ਸ:—ਲੁੱਟ, ਧਾੜ੍ਹਾ, ਡਾਕਾ (ਪੈਣੀ) ॥

**ਲੋਟੂ,** ਪੁ:—ਲੁੱਟਣ ਵਾਲਾ, ਲੁਟੇਰਾ ॥

**ਲੋਥ,** ਸ:—ਮੁਰਦੇ ਦੀ ਦੇਹ ॥

**ਲੋਥੜਾ,** ਪੁ:—ਮਾਸ ਦਾ ਟੁਕੜਾ, ਸੋਜ ਕਰਕੇ ਮਾਸ ਦਾ ਫੁਲਾਉ ॥

**ਲੋਦਰ**
**ਲੋਧ** } ਪੁ:—ਇੱਕ ਛੋਟਾ ਜੇਹਾ ਰੁੱਖ ।

**ਲੋਦਾ,** ਪੁ:—ਸੀਤਲਾ ਆਦਿਕ ਰੋਗ ਨੂੰ ਰੋਕਣ ਵਾਸਤੇ ਪਿੰਡੇ ਉੱਤੇ ਪੱਛ ਲਾਕੇ ਉਸ ਰੋਗ ਦਾ ਮਸਾਲਾ ਅੰਦਰ ਪੁਚਾਉਣ ਦਾ ਕੰਮ (ਕਰਨਾ, ਹੋਣਾ) ॥

Digitized by Panjab Digital Library | www.panjabdigilib.org

**ਲੋਦੀ**
**ਲੋਧੀ** } ਪੁਃ—ਪਠਾਣਾਂ ਦੀ ਇੱਕ ਜਾਤ ॥

**ਲੋਪਣਾ,** ਕ੍ਰਿਃ—ਜੁੱਤੀਆਂ ਮਾਰਨਾ ॥

**ਲੋਬਾਣ,** ਪੁਃ—ਇੱਕ ਖੁਸ਼ਬੂਦਾਰ ਗੂੰਦ ਜੋ ਧੁਖਾਉਂਦੇ ਹਨ ।

**ਲੋਭ,** ਪੁਃ—ਲੈਣ ਦੀ ਚਾਹ, ਲਾਲਚ, ਤ੍ਰਿਸ਼ਨਾ, ਲਾਲਸਾ ॥

**ਲੋਭਣ,** ਸਃ
**ਲੋਭੀ,** ਪੁਃ } ਜੋ ਲੋਭ ਕਰੇ ॥

**ਲੋਰ,** ਸਃ—ਦਲੀਲ, ਮਨ ਦੀ ਮੌਜ, ਖਿਆਲ ॥

**ਲੋਰੀ,** ਸਃ—ਬਾਲਾਂ ਨੂੰ ਪਰਚਾਉਣ ਜਾਂ ਸੁਲਾਉਣ ਵਾਲਾ ਗੀਤ ॥

**ਲੋਲਕਾ,** ਪੁਃ—ਕੰਨ ਦਾ ਇੱਕ ਹਲਕਾ ਗਹਿਣਾ ॥

**ਲੋੜ,** ਸਃ—ਜ਼ਰੂਰਤ, ਚਾਹ, ਮੁਥਾਜੀ (ਹੋਣੀ, ਪੈਣੀ) ॥

**ਲੋੜ੍ਹਾ,** ਪੁਃ 'ਲੌਹੜਾ' ਵੇਖੋ ।

**ਲੋੜਨਾ,** ਕ੍ਰਿਃ—ਚਾਹੁਣਾ, ਮੰਗਣਾ, ਭਾਲਣਾ ।

**ਲੋੜੀਏ,** ਕ੍ਰਿਃ—ਲੋੜੀਂਦਾ ਹੈ, ਜ਼ਰੂਰੀ ਹੈ, ਚਾਹੀਦਾ ਹੈ

**ਲੌ,** ਪੁਃ—ਇੱਕੋ ਰੁੱਤ ਵਿੱਚ ਕਈ ਵਾਰ ਫਸਲ ਦੀ ਕਟਾਈ, ਪੀੜ੍ਹੀ, ਨਸਲ, ਉਮਰਾ, ਬ੍ਰਾਹਮਣਾਂ ਦਾ ਇਕ ਗੋਤ ।

**ਲੌਸ**
**ਲੌਂਸ** } ਸਃ 'ਪੰਜੇ ਦੀ ਪੋਰੀ'
ਪੁਃ—ਸਫ਼ਰ ਖਰਚ, ਤਲਬ ਤੋਂ ਅਲਗ ਜੋ ਹੁਕਮ ਸਰਕਾਰੀ ਨੌਕਰ ਨੂੰ ਮਿਲੇ ॥

**ਲੌਹਕਾ**
**ਲੌਹੜਾ** } ਵਿਃ—'ਲਹੁਕਾ' ਲਹੁੜਾ' ਵੇਖੋ ॥

**ਲੌਂਕੜਾ**
**ਲੌਂਕੜਾ ਖੀਰ** } ਪੁਃ—'ਲੋਂਕੜਾ' ਵੇਖੋ ॥

**ਲੌਕੀ,** ਸਃ—ਲੰਮਾ ਕੱਦੂ, ਘੀਆ ।

**ਲੌਖਾ,** ਸਃ—ਇੱਕ ਤਰਾਂ ਦਾ ਕੱਦੂ ।

**ਲੌਂਗ,** ਪੁਃ—ਇੱਕ ਮਸ਼ਹੂਰ ਗਰਮ ਮਸਾਲਾ, ਨੱਕ ਦਾ ਇੱਕ ਗਹਿਣਾ ॥

**ਲੌਂਠਾ,** ਪੁਃ—ਵੱਡਾ, ਮੋਟਾ, ਲੰਮਾ ਮਨੁੱਖ ॥

**ਲੌਂਡਾ**
**ਲੌਂਡਾ** } ਪੁਃ—ਮੁੰਡਾ, ਲੜਕਾ, ਨੌਕਰ, ਮਰਦ ॥

**ਲੌਂਡੀ**
**ਲੌਂਡੀ** } ਸਃ—ਕੁੜੀ, ਲੜਕੀ, ਟਹਿਲਣ, ਗੋਲੀ ।

**ਲੌਢਾ (ਢੀ),** ਵਿਃ—'ਲਹੁੜਾ' ਵੇਖੋ

**ਲੌਣ,** ਪੁਃ—ਸਲੂਣਾ, ਰੋਟੀ ਨਾਲ ਖਾਣ ਵਾਲੀ ਤਰਕਾਰੀ, ਵੱਢੇ ਹੋਏ ਫਸਲ, ਘੱਗਰੀ ਦੀ ਕੰਨੀ, ਸੁੱਥਣ ਦੀ ਲਾਲ ਲੀਹ ॥

ਅਵਃ—ਨੇੜੇ, ਲਾਗੇ, ਛੱਤਰ ਛਾਇਆ ॥

**ਲੌਣਾ,** ਕ੍ਰਿਃ—ਬਹੁਤ ਬੋਲਣਾ, ਬਕਣਾ, ਕਾਂ ਕਾਂ ਕਰਨਾ, ਜੱਤੀ ਥਾਂ ਦੀ ਵਾਉ ਦਾ ਹਿੱਲਣਾ, ਮਾਰ ਖਾਣ ਨੂੰ ਕਰਨਾ (ਕਿਸੇ ਅੰਗ ਦਾ) ॥

**ਲੌਤੀ,** ਸਃ—ਛੱਪਰ ਦੀ ਛੱਤ ਦਾ ਕੰਢਾ ॥

**ਲੌਂਦ**
**ਲੌਂਦੂ** } ਪੁਃ, ਸਃ—ਤੀਜੇ ਵਰ੍ਹੇ ਦਾ ਤੇਰ੍ਹਵਾਂ ਮਹੀਨਾ, ਵਾਧੂ ਗੱਲ ॥

ਵਿਃ—ਅਵਾਰਾ ॥

Digitized by Panjab Digital Library | www.panjabdigilib.org

**ਲੌਂਦਾ,** ਪੁ:-ਤਲੀ, ਮੱਖਣ ਦੀ ਗੋਲੀ, ਮਠਿਆਈ

**ਲੌਲ,** ਸ:—ਕੰਨ ਦਾ ਹੇਠਲਾ ਹਿੱਸਾ, ਚੋਰੀ ਦੇ ਮਾਲ ਦਾ ਪਤਾ ।

## ਵ

**ਵੰ,** ਪੁ:—ਵੱਵਾ, ਗੁਰਮੁਖੀ ਪੈਂਤੀ ਦਾ ਚੌਂਤੀਵਾਂ ਅੱਖਰ ॥

**ਵੱਸ,** ਪ:—ਤਾਕਤ, ਅਖ਼ਤਿਆਰ, ਕਾਬੂ, 'ਬੱਸ' ਵੇਖੋ ।

**ਵੰਸ,** ਪੁ:-'ਬੰਸ' ਵੇਖੋ ।

**ਵਸਕੀਨ,** ਪੁ:—ਵਾਸਾ, ਵੱਸਣ ਵਾਲਾ ।

**ਵੱਸਣਾ,** ਕ੍ਰਿ:—ਰਹਿਣਾ, ਅਬਾਦਾਨ ਹੋਣਾ, ਬਸਣੀ ਪੈਣੀ, ਬਰਸਣਾ (ਮੀਂਹ ਆਦਿਕ ॥

**ਵਸਣਾ (ਠਾ),** ਪ:-ਸਰਾਵਾਂ ਦੀ ਗ਼ਥਲੀ ਜਿਸ ਉੱਤੇ ਨਗਦੀ ਰੱਖਦੇ ਹਨ ।

**ਵਸਣੀਕ,** ਪੁ:, ਸ:-ਵੱਸਣ ਜਾਂ ਰਹਿਣ ਵਾਲਾ (ਲੀ) ॥

**ਵਸਤ**
**ਵਸਤੀ**
**ਵਸਤੂ** } 'ਬਸਤ' 'ਬਸਤੀ' 'ਬਸਤੂ' ਵੇਖੋ ॥

**ਵਸਦਾ ਰਸਦਾ,** ਵਿ:—ਵਿਆਹਿਆ ਹੋਯਾ, ਘਰ ਵਿੱਚ ਰਹਿੰਦਾ ।

**ਵਸਮਾ**
**ਵਸਮਾਂ** } ਪੁ:—ਪੀਠੇ ਹੋਏ ਨੀਲ ਦੇ ਪੱਤ੍ਰ ਜਿਸ ਨਾਲ ਵਾਲ ਰੰਗਦੇ ਹਨ ॥

**ਵਸਲ,** ਪੁ:—ਮੇਲ, ਜੋੜ, ਇਸਤ੍ਰੀ ਪੁਰਖ ਦਾ ਸੰਗ

**ਵੰਸਲੋਚਣ,** ਪ:-'ਬੰਸਲੋਚਨ' ਵੇਖੋ ॥

**ਵਸਵਸਾ,** ਪੁ:-ਭਰਮ, ਸ਼ੱਕ, ਖੋਟੀ ਮੱਤ ॥

**ਵਸਵਾਸ,** ਪੁ:—ਭਰਮ, ਡਰ, ਝਿਜਕ, ਵਸਾਹ, ਭਰੋਸਾ ॥

**ਵਸਵਾਸਣ,** ਸ:
**ਵਸਵਾਸੀ,** ਪੁ: } ਜੋ ਵਸਵਾਸ ਕਰੇ ॥

**ਵਸਾਉਣਾ,** ਕ੍ਰਿ:-ਬਸਾਉਣਾ, ਅਬਾਦ ਕਰਨਾ, ਛੱਟ ਕੇ ਦਾਣੇ ਕੇਰਨਾ, ਬਰਸਾਉਣਾ ।

**ਵਸਾਉਲੀ**
**ਵੰਸਾਉਲੀ** } ਸ:-ਕੁਰਸੀ ਨਾਮਾ ॥

**ਵਸਾਊ,** ਵਿ:-ਅਬਾਦ, ਵਸਾਉਣ ਵਾਲਾ ॥ ਸ:-ਇੱਕ ਚਿੱਟੀ ਚਾਦਰ ॥

**ਵਸਾਖ**
**ਵਸਾਖੀ** } 'ਬਸਾਖ' 'ਬਸਾਖੀ' ਵੇਖੋ ।

**ਵਸਾਰ,** ਸ:-ਹਲਦੀ ॥

**ਵੰਸਾਵਲੀ,** ਸ:-ਕੁਰਸੀ ਨਾਮਾ ॥

**ਵਸੀਠ,** ਵਿ:-ਜੋ ਰਾਗ ਦਾ ਰੰਗ ਜਾਣੂ ਨਹੀਂ, ਜੋ ਮਿਰਾਸੀ ਨਹੀਂ ॥

**ਵਸੀਮਾਂ**
**ਵਸੀਵਾਂ** } ਪੁ:-ਹੱਦ, ਬੰਨਾ, ਕੰਢਾ ॥

Digitized by Panjab Digital Library | www.panjabdigilib.org

**ਵਸੀਲਾ,** ਪੁ:-ਕਾਰਨ, ਜਿਸ ਦੀ ਰਾਹੀਂ ਕੰਮ ਸਰੇ ॥

**ਵਸੂਆਂ,** ਪੁ:-ਰਹਿਣ ਦਾ ਥਾਂ, ਘਰ, ਡੇਰਾ ॥

**ਵਸੂਟੀ,** ਸ:-ਇਕ ਜੰਗਲੀ ਝਾੜੀ ॥

**ਵਸੂਲ,** ਵਿ:-ਰਕਮ ਦਾ ਮਿਲਣਾ, ਉਗਰਾਹੀ (ਹੋਣਾ,ਕਰਨਾ)॥

**ਵਸੇਬਾ, ਵਸੇਂਬਾ, ਵਸੇਰਾ, ਵੱਸੋਂ, ਵਸੋਆ** } ਪੁ:-'ਬਸੇਂਬਾ' 'ਬਸੇਰਾ' 'ਬੱਸੋਂ' 'ਬਸੋਆ' ਵੇਖੋ।

**ਵਹੰਗੀ,** ਸ: 'ਬਹਿੰਗੀ' ਵੇਖੋ।

**ਵਹਣ,** ਪੁ:, ਸ:-ਮਾੜੀ ਮਾੜੀ ਵਾਹੀ ਹੋਈ ਪੈਲੀ ॥

**ਵਹਣਾ,** ਕ੍ਰਿ: / **ਵਹਣੀ,** ਸ: } 'ਵਾਹਣਾ' 'ਵਾਹਣੀ' ਵੇਖੋ।

**ਵਹਦਰ,** ਪੁ: / **ਵਹਦਰੀ,** ਸ: } ਚੰਮ ਦਾ ਤਸਮਾ ॥

**ਵਹਦਾ,** ਪੁ:-ਇਕਰਾਰ, ਬਚਨ (ਕਰਨਾ)।

**ਵਹਮ, ਵਹਮਣ, ਵਹਮਾ, ਵਹਮੀ** } 'ਵਹਿਮ' ਆਦਿਕ ਵੇਖੋ।

**ਵਹਰ,** ਸ:-ਮੱਦਤ, ਸਹਾਇਤਾ, ਲੋਕਾਂ ਦੀ ਭੀੜ (ਹੋਣੀ, ਕਰਨੀ)॥

**ਵਹਲ,** ਸ:-'ਵਹਿਲ' ਵੇਖੋ॥

**ਵਹਾਉਣਾ,** ਕ੍ਰਿ:-ਵਗਾਉਣਾ, ਹੇਠਾਂ ਲਮਕਾਉਣਾ, ਵਾਹੀ ਕਰਾਉਣਾ ॥

**ਵਹਾਊ,** ਵਿ:-ਵਾਹੁਣ ਜੋਗਾ, ਜੋ ਕਿਸੇ ਚੀਜ਼ ਦੀ ਪਰਵਾਹ ਨਾ ਕਰੇ ਤੇ ਜਾਣ ਦੇਵੇ ॥

**ਵਹਾਈ,** ਸ:-ਵਾਹੀ ॥

**ਵਹਾਂਗੀ,** ਸ:-'ਬਹਿੰਗੀ' ਵੇਖੋ॥

**ਵਹਿਸ਼,** ਪੁ:-ਜੰਗਲਤਾਈ, ਵਹਿਸ਼ੀ ਪੁਣਾ, ਸੁਦਾ॥

**ਵਹਿਸ਼ੀ,** ਵਿ:, ਪੁ:-ਜੰਗਲੀ ਆਦਮੀ, ਅਣਪੜ੍ਹ, ਪਾਗਲ ॥

**ਵਹਿਕੌਲ,** ਵਿ:-ਬਾਹਰਲਾ ॥

**ਵਹਿੰਗੀ,** ਸ:-'ਬਹਿੰਗੀ' ਵੇਖੋ॥

**ਵਹਿ ਚੱਲਣਾ,** ਕ੍ਰਿ:-ਵਗਣ ਲੱਗਣਾ, ਕਿਸ ਪਾਸੇ ਬਹੁਤ ਧਿਆਨ ਦੇਣਾ ॥

**ਵਹਿਜਤ,** ਸ:-ਆਦਤ, ਸੁਭਾਉ, ਵਾਦੀ।

**ਵਹਿਣ,** ਪੁ:-ਨਦੀ ਦਾ ਬਹਾਉ, ਰੌੜ੍ਹ, ਖਿਆਲ ਧਿਆਨ।

**ਵਹਿਣਾ,** ਕ੍ਰਿ:-ਵਗਣਾ, ਤਰਨਾ, ਚੰਚਲ ਹੋਣਾ ॥

**ਵਹਿਣੀ,** ਸ:-ਮੋਰੀ, ਪਰਨਾਲਾ ॥

**ਵਹਿਤਰ,** ਪੁ: ਸਵਾਰੀ ਦਾ ਜਾ ਭਾਰ ਲੱਦਣ ਵਾਲਾ ਜਨੌਰ ॥

**ਵਹਿਦਤ,** ਸ:-'ਵਹਿਜਤ' ਵੇਖੋ॥

**ਵਹਿੰਦਾ,** ਵਿ:-ਵਗਦਾ (ਪਾਣੀ) ॥

Digitized by Panjab Digital Library | www.panjabdigilib.org

**ਵਹਿੰਦੇ,** ਕ੍ਰਿ:, ਵਿ:–ਛੇਤੀ, ਸ਼ਬਦੇ, ਵਗਕੇ ॥

**ਵਹਿਮ,** ਪੁ:–ਖਿਆਲ, ਭਰਮ, ਸ਼ੱਕ, ਭੇਤਾ ।

**ਵਹਿਮਣ,** ਸ: / **ਵਹਿਮੀ,** ਪੁ: } ਜੋ ਵਹਿਮ ਜਾਂ ਭਰਮ ਕਰੇ ॥

**ਵਹਿਮਾ,** ਪੁ:–ਚਿੰਤਾ, ਡਰ, ਭਰਮ ।

**ਵਹਿੜ** / **ਵਹਿੜੀ** } ਸ:–ਵੱਛੀ ॥

**ਵਹਿੜਾ,** ਪੁ:–ਵੱਛਾ, ਛੋਟਾ ਸਾਨ੍ਹ ॥

**ਵਹੀ,** ਸ: / **ਵਹੀ ਖਾਤਾ,** ਪੁ: } 'ਬਹੀ' ਅਤੇ 'ਬਹੀ ਖਾਤਾ' ਵੇਖੋ ॥

**ਵਹੀਣ (ਣ)** / **ਵਹੀਰ** } 'ਬਹੀਣ' 'ਬਹੀਰ' ਵੇਖੋ ।

**ਵਹੁਟੀ,** ਸ: / **ਵਹੇੜਾ,** ਪੁ: } 'ਬਹੁਟੀ' 'ਬਹੇੜਾ' ਵੇਖੋ

**ਵਕਤ,** ਪੁ:–ਸਮਾ, ਵੇਲਾ, ਮੌਕਾ ।

**ਵਕਮ,** ਸ:–ਇਕ ਲਕੜੀ ਜਿਸ ਵਿੱਚੋਂ ਲਾਲ ਰੰਗ ਨਿਕਲਦਾ ਹੈ ॥

**ਵੱਕਮਣਾ,** ਕ੍ਰਿ:–ਸੂਲ ਵਾਲੀ ਹੋਣਾ (ਗਊ ਆਦਿਕ) ॥

**ਵਕਮੀ,** ਵਿ:–ਵਕਮ, ਨਸਪਾਲ ਅਤੇ ਫਟਕੜੀ ਦੇ ਰੰਗ ਵਾਲਾ ॥

**ਵਕਰਾ,** ਪੁ:–ਖੁਲ੍ਹੇ ਮਦਾਨ ਵਿੱਚੋਂ ਮੀਂਹ ਦਾ ਪਾਣੀ ਪੈਲੀਆਂ ਵਿੱਚ ਲੈ ਜਾਣ ਲਈ ਜੋ ਬੰਦ ਬਣਾਯਾ ਜਾਵੇ, ਛੋਟਾ ਨਾਲਾ ਜੋ ਵੱਡੇ ਨਾਲ ਵਿੱਚੋਂ ਬੰਦ ਵਿਚ ਜਾਵੇ ॥

**ਵਕਾਇਣ,** ਸ:–'ਬਕਾਇਣ' ਵੇਖੋ ।

**ਵਕਾਲਤ,** ਸ:–ਵਕੀਲ ਦਾ ਕੰਮ, ਵਕੀਲੀ ।

**ਵਕੀਲ,** ਪੁ:–ਦੂਜੇ ਵੱਲੋਂ ਹੋ ਕੇ ਕੋਈ ਕੰਮ ਕਰਨ ਵਾਲਾ, ਮੁਦਈ ਜਾਂ ਮੁਦਾਲਾ ਵੱਲੋਂ ਜੋ ਅਦਾਲਤ ਵਿਚ ਝਗੜੇ, ਦੂਤ

**ਵਕੀਲ ਕਰਨਾ,** ਕ੍ਰਿ:–ਵਕੀਲ ਨੂੰ ਕੁਝ ਦੇਕ ਅਦਾਲਤ ਵਿੱਚ ਝਗੜਾਉਣਾ ॥

**ਵਕੀਲੀ,** ਸ:–ਵਕੀਲ ਦਾ ਕੰਮ, ਵਕਾਲਤ ॥

**ਵਕੈਣ,** ਸ:–'ਬਕਾਇਣ' ਵੇਖੋ ॥

**ਵੱਕੋਂਦੀ,** ਵਿ:–ਸੂਲ ਵਾਲੀ (ਗਊ ਆਦਿਕ) ॥

**ਵੱਖ,** ਵਿ:—ਅਲੱਗ, ਜੁਦਾ, ਅਡ, ਨਿਆਰਾ ॥ ਪੁ:—ਸਰੀਰ ਦਾ ਇੱਕ ਪਾਸਾ (ਮਨੁੱਖ ਜਾਂ ਘੋੜੇ ਦਾ) ।

**ਵੱਖ ਵੱਖ,** ਕ੍ਰਿ:, ਵਿ:—ਅਲੱਗ ਹੋਕੇ, ਜੁਦਾ ਜੁਦਾ ।

**ਵਖਤ** / **ਵਖਤੁ** } ਪੁ:—ਵਕਤ, ਸਮਾ, ਵੇਲਾ, ਮੌਕਾ, ਬਿਪਤਾ ।

**ਵਖਤ ਨੂੰ ਫੜ ਬੈਠਣਾ** / **ਵਖਤ ਨੂੰ ਫੜੇ ਜਾਣਾ** } ਕ੍ਰਿ:—ਬਿਪਤਾ ਵਿਚ ਫਸਣਾ ।

**ਵਖਤ ਪੈਣਾ,** ਕ੍ਰਿ:—ਬਿਪਤਾ ਪੈਣੀ, ਔਖੇ ਹੋਣਾ ॥

**ਵੱਖਰ,** ਪੁ:—ਬੁਪਾਰ ਵਿਚ ਲਾਇਆ ਹੋਇਆ ਧਨ, ਰਾਸ, ਮਾਲ ॥

**ਵਖਰਾ,** ਪੁ:—ਹਿੱਸਾ, ਭਾਗ ॥

Digitized by Panjab Digital Library / www.panjabdigilib.org

**ਵੱਖਰਾ,** ਵਿ:—ਅਲੱਗ, ਜੁਦਾ, ਨਿਆਰਾ, ਨਿੱਖਾ ॥

**ਵਖਾਣ,** ਪੁ:—ਬਿਆਨ, ਹਾਲ, ਵਾਰਤਾ, ਬੋਲ੍ਹ ਕੇ ਦੱਸੇ ਹੋਏ ਅਰਥ ।

**ਵਖਾਣਨਾ,** ਕ੍ਰਿ:—ਬਿਆਨ ਕਰਨਾ, ਹਾਲ ਸੁਣਾਉਣਾ, ਬੋਲ੍ਹ ਕੇ ਅਰਥ ਦੱਸਣਾ

**ਵਖਾਦ**
**ਵਖਾਧ**
**ਵਖਾਧਣ**
**ਵਖਾਧੀ** } 'ਬਖਾਦ' ਆਦਿਕ ਵੇਖੋ ॥

**ਵਖਿਆਣ,** ਪੁ:—ਲੈਕਚਰ, ਬਿਆਨ, ਵਖਾਣ ॥

**ਵੱਖੀ,** ਸ:—ਮਨੁੱਖ ਜਾਂ ਪਸ਼ੂ ਦੇ ਸਰੀਰ ਦਾ ਪਾਸਾ ।

**ਵਖੇੜਾ,** ਪੁ:—ਝਗੜਾ, ਪੁਆੜਾ, ਧੰਦਾ

**ਵਖੇਧ**
**ਵਖੇਧਣ**
**ਵਖੇਧੀ** } 'ਬਖੇਧ' ਆਦਿਕ ਵੇਖੋ ।

**ਵੱਖੋ ਵੱਖ,** ਵਿ:—ਇਕ ਦੂਜੇ ਤੋਂ ਜੁਦਾ, ਅਲੱਗ ਅੱਡ ਅੱਡ

**ਵੱਖੋ ਵੱਖੀ,** ਕ੍ਰਿ: ਵਿ:—ਅੱਡ ਅੱਡ ਹੋ ਕੇ, ਜੁਦਾ ਜੁਦਾ ।

**ਵੱਗ,** ਪੁ:—ਡੰਗਰਾਂ ਦਾ ਇਕੱਠ, ਚੌਣਾ ॥

**ਵੰਗ,** ਸ:—ਲਾਖ ਜਾਂ ਕੱਚ ਦੀ ਚੂੜੀ, ਤਾਕਤ ਦੀ ਦੇਸੀ ਦੁਆ, ਇੱਕ ਮੁੜੀ ਹੋਈ ਛੋਟੀ ਕੁਹਾੜੀ ॥

ਪੁ:—ਵੱਸ, ਅਖ਼ਤਿਆਰ ॥

**ਵੱਗ ਵਿਚ ਆਉਣਾ,** ਕ੍ਰਿ: ਅਧੀਨ ਹੋ ਜਾਣਾ ॥

**ਵਗਤੂਆ,** ਪੁ:—'ਬਕਤੂਆ' ਵੇਖੋ ॥

**ਵਗਣਾ,** ਕ੍ਰਿ:—ਤੁਰਨਾ, ਪਾਣੀ ਦਾ ਰੁੜ੍ਹਨਾ, ਵਾਉ ਦਾ ਜ਼ੋਰ ਨਾਲ ਚਲਣਾ, ਗਿੱਲੀ ਪਤਲੀ ਚੀਜ਼ ਦਾ ਨਿਕਲਣਾ, ਵੱਜਣਾ, ਪੈਣਾ (ਉਹ ਨੂੰ ਰੋਵੀ ਦੀ ਮਾਰ ਵਗੀ ) ॥

**ਵਗਦੇ,** ਕ੍ਰਿ, ਵਿ:—ਛੇਤੀ, ਝਬਦੇ, ਸ਼ਤਾਬੀ ॥

**ਵੰਗਣਾ,** ਪੁ:—'ਬੰਗਾਣਾ' ਵੇਖੋ ॥

**ਵੱਗਮਾਂ,** ਵਿ:—ਠੀਕ, ਉਸੇ ਤਰਾਂ ਦਾ ॥
ਕ੍ਰਿ:, ਵਿ:—ਉਸੇ ਤਰਾਂ ॥

**ਵਗਾਉਣਾ,** ਕ੍ਰਿ:—ਤੋਰਨਾ, ਰੋੜ੍ਹਨਾ, ਚਲਾਉਣਾ, [illegible], ਵਿਗਾੜਨਾ ॥

**ਵਗਾਹਵਾਂ,** ਵਿ:—ਵਗਾਹ ਮਾਰਿਆ ਹੋਯਾ, ਕਾਹਲੀ ਨਾਲ ਆਖਿਆ ਹੋਯਾ ॥

**ਵਗਾਹੁਣਾ,** ਕ੍ਰਿ:—ਸਿੱਟ ਦੇਣਾ, ਜ਼ੋਰ ਨਾਲ ਪਰੇ ਮਾਰਨਾ ॥

**ਵਗਾਰ,** ਸ:
**ਵੰਗਾਰਨਾ,** ਕ੍ਰਿ:
**ਵਗਾਰੀ,** ਪੁ: } 'ਬਗਾਰ' 'ਬੰਗਾਰਨਾ' 'ਬਗਾਰੀ' ਵੇਖੋ ॥

**ਵੱਚ,** ਸ:—'ਵਰਚ' ਵੇਖੋ, ਨਾਲੇ 'ਬੱਚ' ॥

**ਵਗੈਰਾ,** 'ਆਦਿਕ' ਵੇਖੋ ॥

Digitized by Panjab Digital Library / www.panjabdigilib.org

**ਵਛਾਉ**
**ਵਛਾਉਣਾ**
**ਵਛਾਵਾ**
**ਵਛੋੜਾ (ੜੀ)**
'ਬਛਾਉ' ਆਦਿਕ ਵੇਖੋ ॥

**ਵੱਛਲ,** ਵਿ:—ਜੋ ਦਯਾ ਕਰੇ ਜਾਂ ਪੂੰਜਰੇ, ਰੱਛਕ, ਪਿਆਰਾ ॥

**ਭਗਤ ਵੱਛਲ,** ਵਿ:—ਭਗਤਾਂ ਦਾ ਰੱਛਕ ਜਾਂ ਪਿਆਰਾ ॥

**ਵੱਛਾ (ਛੀ)**
**ਵਛਾਉਣਾ**
**ਵਛਾਈ**
**ਵਛੇਰਾ (ਰੀ)**
'ਬੱਛਾ' ਆਦਿਕ ਵੇਖੋ ॥

**ਵਜਹ,** ਸ:—ਸਬਬ, ਕਾਰਨ, ਢੰਗ, ਸਕਲ, ਬਜ਼ਾਉਰ ॥

**ਵਜਣਾ**
**ਵੱਜਣਾ**
ਕ੍ਰਿ:—ਅਵਾਜ਼ ਨਿਕਲਣੀ (ਵਾਜੇ ਆਦਿਕ ਦੀ), ਪੈਣਾ ; ਖੜਕਣਾ, ਤੋਪ ਚਲਾਣੀ, ਜ਼ੋਰ ਨਾਲ ਵੱਦ ਵੱਜਣੇ ।

**ਵੈਜਣਾ,** ਕ੍ਰਿ:—ਜਾਣਾ, ਵਿਛੜਨਾ, ਮਰਨਾ ॥

**ਵਜੰਤ੍ਰ**
**ਵਜੰਤ੍ਰਣ**
**[illegible]ਜੰਤ੍ਰੀ**
**ਵ[illegible]**
**ਵਜਣੀ**
'ਬਜੰਤ੍ਰ' ਆਦਿਕ ਵੇਖੋ ।

**ਵਜ ਵਜਾ ਕੇ,** ਕ੍ਰਿ, ਵਿ:—ਢੰਡੋਰਾ ਦੇ ਕੇ, ਸਭ ਨੂੰ ਦੱਸ ਕੇ ॥

**ਵਜਾਉਣਾ**
**ਵੰਜਾਉਣਾ**
ਕ੍ਰਿ:—'ਬਜਾਵਣਾ' ਗੰਵਾਉਣਾ' ਵੇਖੋ

**ਵੱਜਿਆ ਵੈਜਿਆ,** ਵਿ:—ਮਸ਼ਹੂਰ, ਉੱਘਾ ।

**ਵੰਜੀ,** ਸ: —ਨਹਿਰ ਵਿੱਚੋਂ ਕੱਢੀ ਹੋਈ ਖਾਲ ॥

**ਵਜੀਫ਼ਾ,** ਪੁ:—ਰੋਜ਼ ਦਾ ਕੰਮ, ਅਭਿਆਸ, ਮੱਦਤ ਦੇ ਤੌਰ ਪੁਰ ਜੋ ਤਨਖਾਹ (ਤਲਬ) ਕਿਸੇ ਨੂੰ ਮਿਲੇ ।

**ਵਜੂ,** ਪੁ:—'ਉਜੂ' ਵੇਖੋ ।

**ਵੰਝ,** ਪੁ:—ਬਾਂਸ, ਬੰਸੁ ਦਾ ਡੰਡਾ ।

**ਵੰਝਲੀ,** ਸ:—ਬਾਂਸਰੀ, ਮੁਰਲੀ ।

**ਵੰਞਣਾ**
**ਵੰਞਣਾ**
ਕ੍ਰਿ:—'ਵੰਜਣਾ' ਵੇਖੋ ॥

**ਵੱਟ,** ਪੁ:—'ਬੱਟ' ਵੇਖੋ ॥
ਸ:—ਖੇਤ ਦੀ, ਖੰਨੀ, ਬੰਦ, ਸਰੀਰ ਦੀ ਹਾਲਤ

**ਵੱਟ ਮਾਰਨੀ,** ਕ੍ਰਿ:—ਬੰਨ੍ਹ ਮਾਰਨਾ, ਬੰਨੀ ਬਣਾ ਕੇ ਪਾਣੀ ਰੋਕਣਾ ।

**ਵਟਹਿਰੀ (ੜੀ),** ਸ: 'ਬਟੇਹਰਾ' ਵੇਖੋ ।

**ਵੱਟਕ,** ਸ:—ਚੀਜ਼ਾਂ ਦੇ ਵੇਚਣ ਤੋਂ ਜੋ ਰਕਮ ਮਿਲੇ, ਆਮਦਨ, ਮਜ਼ਦੂਰੀ, ਸਾਖ, ਪਤ ॥

**ਵਟਣਾ,** ਕ੍ਰਿ:—'ਬੱਟਣਾ' ਵੇਖ ।

**ਮੱਥਾ ਵੱਟਣਾ,** ਕ੍ਰਿ:—ਗੁੱਸੇ ਨਾਲ ਮੱਥੇ ਉੱਤੇ ਵੱਟ ਪਲੇ ।

Digitized by Panjab Digital Library / www.panjabdigilib.org

**ਮੁੱਛਾਂ ਵੱਟਣੀਆਂ,** ਕ੍ਰਿ:—ਮੁੱਛਾਂ ਨੂੰ ਵਲ ਦੇ ਕੇ ਉਤਾਂਹ ਕਰਨਾ ॥

**ਵਟਣੀ,** ਸ:
**ਵਟਣੂ,** ਪੁ:
} 'ਬਟਣੀ' ਵੇਖੋ ॥

**ਵੱਟਤ,** ਸ:—'ਵੱਟਕ' ਵੇਖੋ ।

**ਵਟਨਾ,** ਪੁ:—'ਬਟਨਾ' ਵੇਖੋ ॥

**ਵਟਨਾਮਾਂ (ਵਾਂ),**
**ਵਟਨਾਮੀ (ਵੀਂ)**
} 'ਵੜਨਾਮਾ' ਵੇਖੋ ॥

**ਵਟਲੋਹ**
**ਵਟਲੋਹਾ**
**ਵਟਲੋਹੀ**
} 'ਬਟਲੋਹ' ਆਦਿਕ ਵੇਖੋ ॥

**ਵਟਵਾਉਣਾ,** ਕ੍ਰਿ:—ਵੱਟਣ ਦਾ ਕੰਮ ਕਰਾਉਣਾ ॥

**ਵਟਵਾਈ,** ਸ:—ਵੱਟਣ ਦਾ ਕੰਮ ਜਾਂ ਮਜੂਰੀ ।

**ਵੱਟਾ**
**ਵਟਾਉਣਾ,**
**ਵਟਾਊ**
**ਵਟਾਈ**
**ਵਟਾਂਦਰਾ**
**ਵਟਾ ਲੈਣ**
**ਵਟਿਹਾੜਾ**
**ਵੱਟੀ**
} 'ਬੱਟ' ਆਦਿਕ ਵੇਖੋ ।

**ਵੱਟੇ,** ਪ:—ਬੱਟੇ ਵਧੇ

**ਵੱਟੇ ਚਾੜ੍ਹਣੇ,** ਕ੍ਰਿ:—ਟਾਕਰਾ ਜਾਂ ਸਾਮ੍ਹਣਾ ਕਰਨਾ ।

**ਵਟ੍ਰਆਲ,** ਪੁ:—ਚੌਕੀਦਾਰ, ਪਹਿਰਾ ਦੇਣ ਵਾਲਾ ॥

**ਵਟੂਆ,** ਪੁ:—'ਬਟੂਆ' ਵੇਖੋ ॥

**ਵਟੇਹਰੀ**
**ਵਟਹੜੀ**
**ਵਟੈਹੜੀ**
} ਸ:—'ਬਟੇਹਰੀ' ਵੇਖੋ ॥

**ਵਟੇਲ,** ਵਿ:—ਚੰਗੀ ਤਰਾਂ ਵੱਟਿਆ ਹੋਇਆ (ਧਾਗਾ) ॥

**ਵੱਡ**
**ਵਡਦੰਸ**
**ਵੱਡਣਾ**
} 'ਬੱਡ' ਆਦਿਕ ਵੇਖੋ ॥

**ਵੱਡਣਾ ਵਲਾਉਣਾ,** ਕ੍ਰਿ:—ਸਰਬੰਧੀਆਂ ਜਾਂ ਗਰੀਬਾਂ ਵਿਚ ਮਠਿਆਈ ਆਦਿਕ ਵੰਡਣੀ ।

**ਵਡਨਾਮਾ (ਵਾਂ)**
**ਵਡ ਨਾਮੀ (ਵੀਂ)**
} 'ਬਡ ਨਾਮ' ਆਦਿਕ ਵੇਖੋ ॥

**ਵੱਡਪਣ,** ਪੁ:—ਵੱਡੇ ਹੋਣ ਦਾ ਗੁਣ ॥

**ਵਡਭੂਲਗੀ**
**ਵਡ ਭੂਲੀ**
**ਵਡ ਬਲ (ਲਾ)**
**ਵਡ ਬੋਲੀ**
} 'ਬਡ ਭੂਲਗੀ' ਆਦਿਕ ਵੇਖੋ ।

**ਵੱਡਾ**
**ਵੱਡੀ**
} ਵਿ:—ਜਿਸ ਦਾ ਕੱਦ ਵੰਨ, ਉਮਰ ਦਰਜਾ ਧਨ, ਆਦਿਕ ਵਧਕੇ ਹੋਵੇ ॥

ਪੁ:—ਪਿਉ ਦਾਦਾ ਆਦਿਕ ਜਿਨ੍ਹਾਂ ਦੀ ਅੰਸ ਕਈ ਹੋਵੇ ॥

Digitized by Panjab Digital Library / www.panjabdigilib.org

**ਵੱਡਾ ਸਾਹਬ,** ਪੁ:—ਕਿਸੇ ਥਾਂ ਦਾ ਸਭ ਤੋਂ ਵੱਡਾ ਅੰਗ੍ਰੇਜ਼ ਅਫਸਰ ॥

**ਵੱਡਾ ਸਾਲਾ,** ਪੁ:—ਵਹੁਟੀ ਦਾ ਵੱਡਾ ਭਾਈ ।

**ਵਡਾ ਹੋਣ**
**ਵੱਡਾ ਕਰਨਾ** } ਕ੍ਰਿ:—(ਦੀਵਾ) ਬੁਝਣਾ, ਬੁਝ ਜਾਣਾ

**ਵੱਡਾ ਕਰਨਾ,** ਕ੍ਰਿ:—ਕਿਸੇ ਵੱਡੇ ਦੀਆਂ ਮਰਨ ਰਸਮਾਂ ਧੂਮ ਧਾਮ ਨਾਲ ਕਰਨੀਆਂ (ਹਿੰਦੂਆਂ ਵਿਚ) ॥

**ਵੱਡਾ ਘਰ,** ਪੁ:—ਕੈਦ ਖਾਨਾ, ਜੇਲ ਖਾਨਾ ॥

**ਵੱਡਾ ਦਰਜਾ,** ਪੁ:—ਭਾਰਾ ਰੁਤਬਾ, ਉੱਪਰਲੀ ਸਾਮੀ ।

**ਵੱਡਾ ਦਿਨ,** ਪੁ:—ਈਸਾ ਮਸੀਹ ਦਾ ਜਨਮ ਦਿਨ, ੨੫ ਦਸੰਬਰ ।

**ਵੱਡਾ ਬਾਬਾ,** ਪੁ:—ਬਜ਼ੁਰਗ, ਦਾਦਾ, ਗੁਰੂ ਨਾਨਕ ਸਾਹਿਬ ਦਾ ਵੰਸ਼ ਬੰਸ ਜੋ ਅੰਮ੍ਰਿਤਸਰ ਹਰਿਮੰਦਰ ਦੀ ਉਸਤਤ ਕਰਤਾ ਹੈ ॥

**ਵੱਡਾ ਵੇਲਾ,** ਪੁ:—ਬਹੁਤ ਸਵੇਰ ਦਾ ਵੇਲਾ ਤੜਕਾ ।

**ਵੱਡੀ ਪੇਸ਼ੀ,** ਸ:—ਤੀਸਰਾ ਵੇਲਾ ।

ਵੰਡਾ,
ਵੰਡਾਉਣਾ,
ਵੰਡਾਈ,
ਵਡਾਣਕ,
ਵਡਾਰੂ
ਵੰਡਾਵਾ
} 'ਵੰਡਾ' ਆਦਿਕ ਵੇਖੋ



ਵਡਿਆਉਣਾ
ਵਡਿਆਈ
ਵਡਿਹਾਂਡ
ਵਡੀਰਨਾ
ਵਡੇਰਾ
ਵੱਢ
ਵੱਢਣਾ
ਵਢਵਾਉਣਾ
ਵਢਵਾਈ
ਵੱਢਾ
ਵਢਾਉਣਾ
ਵਢਾਈ
ਵਢਾਂਗਾ
ਵੱਢੀ
ਵੱਢੂ
ਵੱਢੂ
ਵੱਢੂ ਖਾਊ ਕਰਨਾ
} 'ਵਡਿਆਉਣਾ' ਆਦਿਕ ਵੇਖੋ ।

**ਵਣ,** ਪੁ:—ਇੱਕ ਰੁੱਖ ਜਿਸ ਦਾ ਫਲ ਪੀਲੂ ਹੁੰਦਾ ਹੈ ॥

**ਵਣ ਵੇਰੀ,** ਸ:—ਇੱਕ ਮੁਲੈਮ ਵੇਲ ॥

**ਵਣਹਾਂ,** ਪੁ:—ਇੱਕ ਰੁੱਖ ਜਿਸ ਦੇ ਪੱਤ੍ਰ ਦੁਆ ਦਾਰੂ ਵਰਤਦੇ ਹਨ ।

ਵਣਜ
ਵਣਜਣਾ
ਵਣਜੋਵਣ (ਨ)
ਵਣਜਾਰਾ
ਵਣਜਾਰੀ
} 'ਵਣਜ' ਆਦਿਕ ਵੇਖੋ ।

**ਵਣਾਹ,** ਪੁ:—ਨਾਸ, ਘਾਤ, ਕਤਲ, ਜ਼ਬਰਦਸਤੀ ॥

Digitized by Panjab Digital Library | www.panjabdigilib.org

**ਵੱਤ,** ਕ੍ਰਿ:, ਵਿ:—ਮੁੜ, ਫੇਰ।
ਸ:-ਜ਼ਮੀਨ ਦੀ ਤਰੀ, ਮੌਕਾ, ਠੀਕ ਹਾਲਤ॥

**ਵੰਤ / ਵੰਤੀ** } ਵਿ:—ਵਾਲਾ (ਲੀ), ਜਿਹਾ ਕਿ ਧਨਵੰਤ (ਤੀ)॥

**ਵਤਨ,** ਪੁ:—ਆਪਣਾ ਮੁਲਖ, ਦੇਸ, ਜਨਮ ਭੂਮ, ਘਰ॥

**ਵੱਤਰ,** ਸ:—ਵੱਤ, ਜ਼ਮੀਨ ਦੀ ਤਰੀ।

**ਵੱਤਾ,** ਵਿ:—ਗਿੱਲ੍ਹਾ, ਸਿੱਲ੍ਹਾ, ਤਰ, ਰੱਖਾ, ਆਦਿ॥

**ਵੰਤਾ / ਵੰਤੀ** } ਵਿ:—ਵਾਲਾ (ਲੀ) ਜਿਹਾ ਕਿ ਧਨਵੰਤਾ (ਤੀ)॥

**ਵਤਾਊਂ,** ਪੁ:—ਮਸ਼ਹੂਰ ਭਾਜੀ, ਬਤਾਊਂ, ਬੈਂਗਣ॥

**ਵਤੀਸ਼ਰ,** ਪੁ:—ਲਾਗੀ ਨਾਈ ਪਰੋਹਤ ਆਦਿਕ।

**ਵਦੈਗੀ,** ਸ:—ਵੈਦ ਦਾ ਕੰਮ, ਹਕੀਮੀ।

**ਵਦਣਾ,** ਕ੍ਰਿ: / **ਵੰਦਣਾ,** ਕ੍ਰਿ: } 'ਬਦਣ' 'ਬੰਦਣਾ' ਵੇਖੋ॥

**ਵੰਦੂਖੜੀ,** ਸ:-ਛੋਟੀ ਬੰਦੂਕ।

**ਵੱਧ,** ਸ:—ਵਾਧਾ, ਵਧੇਉ॥
ਵਿ:—ਬਹੁਤ, ਜ਼ਿਆਦਾ।
ਸ:—ਗਿਲਦੀ, ਫੋੜਾ।

**ਵਧਣਾ,** ਕ੍ਰਿ:—ਬਹੁਤ ਜਾਂ ਵੱਡੇ ਹੋਣਾ, ਅੱਗੇ ਚਲਣਾ, ਕੋਈ ਰੀਤ ਰਸਮ ਕਰਕੇ ਉੱਠਣਾ, ਸੁਖ ਦਾ ਵਾਧਾ ਹੋਣਾ, ਮੁੱਕਣਾ।

**ਵਧਣਾ ਫੁਲਣਾ,** ਕ੍ਰਿ:—[illegible] ਫਲਣਾ, ਫੁਲਣਾ॥

**ਵਧੰਤ / ਵਧੰਤੁ** } ਪੁ:—ਬੀਮਾਰੀ ਦੇ ਜ਼ੋਰ ਦਾ ਵੱਧਣਾ॥

**ਵਧਨਾ,** ਪੁ:—ਟੂਟੀ ਵਾਲਾ ਇੱਕ ਮਿੱਟੀ ਦਾ ਭਾਂਡਾ।

**ਵੱਧਰੀ,** ਸ:—'ਬੱਧਰੀ' ਵੇਖੋ।

**ਵਧਾਉ,** ਪੁ:—ਵੱਧ ਹੋਣਾ, ਵਧੀਕੀ, ਵਧਿਆ ਹੋਇਆ ਹਿੱਸਾ।

**ਵਧਾਉਣਾ,** ਕ੍ਰਿ:—ਵੱਧ ਕਰਨਾ, ਫੈਲਣਾ, ਗਹਿਣੇ ਲਾਹੁਣਾ, ਦੀਵਾ ਬੁਝਾਉਣਾ, ਹੱਟੀ ਬੰਦ ਕਰਨਾ, ਮੁਕਾਉਣਾ॥

**ਵਧਾਊ,** ਵਿ:—ਵਧਣ ਵਾਲਾ, ਜਿਸ ਦੇ ਵਧਣ ਦੀ ਆਸ ਹੋਵੇ॥

**ਵਧਾਈ,** ਸ:—ਅਸੀਸ, ਵਾਧਾ ਮੰਗਣਾ, ਮੁਬਾਰਕ, ਖੁਸ਼ੀ ਦੇ ਮੌਕੇ ਤੇ ਜੋ ਦਿੱਤਾ ਜਾਵੇ॥

**ਵਧਾਨ,** ਪੁ:-ਵਾਧਾ, ਵਧੀਕੀ, ਵਧ ਜਾਣ ਦੀ ਹਾਲਤ॥

**ਵਧਾਨ ਵਧ ਜਾਣਾ,** ਕ੍ਰਿ:-ਬੈਰ, ਝਗੜਾ ਜਾਂ ਰੋਗ ਬਹੁਤ ਹੋ ਜਾਣਾ॥

**ਵਧਾਵਾ,** ਪੁ:-ਵਧਣ (ਅੱਗੇ ਚੱਲਣ ਜਾਂ ਉੱਠ ਖਲਣ) ਦਾ ਕੰਮ, ਗਲ ਵਿੱਚ ਪਾਉਣ ਵਾਲਾ ਇੱਕ ਗਹਿਣਾ॥

**ਵਧੀ,** ਸ:-'ਬੱਧਰੀ' ਵੇਖੋ॥

**ਵਧੀਆ,** ਵਿ:—ਚੰਗੀ ਕਿਸਮ ਦੀ ਬਹੁਤ ਮੁੱਲ ਵਾਲਾ (ਲੀ)॥

Digitized by Panjab Digital Library | www.panjabdigilib.org

**ਵਧੀਕ,** ਵਿ:, ਕ੍ਰਿ:, ... ਜ਼ਿਆਦਾ, ਬਹੁਤ ।

**ਵਧੀਕੀ,** ਸ:—ਜਿੰਨਾ ਚਾਹੀਦਾ ਹੋਵੇ ਉਸ ਤੋਂ ਵਧ ਹੋਣਾ, ਜ਼ਬਰਦਸਤੀ ।

**ਵੰਧੂਆ,** ਵਿ:—ਖੁੰਧੂਆ, ਕੰਨ੍ਹੀ ।

**ਵਧੇਰਾ,** ਪੁ: } ਵਿ:—ਵਧ, ਜ਼ਰਾ ਕੁ ਵਧ ਸਹਾ (ਤੀ) ਦੂਜੇ ਕੋਲੋਂ ਵੱਧ ।
**ਵਧੇਰੀ,** ਸ: }

**ਵਧੇਰੇ,** ਕ੍ਰਿ: ਵਿ:—ਬਹੁਤ, ਵਧ, ਜ਼ਿਆਦਾ, ਸੰਖਾਰ ।

**ਵਧੌਤ,** ਪੁ:—'ਵਧੀਤ' ਵੇਖੋ

**ਵੰਨਗੀ,** ਸ:—ਬਹੁਤ ਚੀਜ਼ ਵਿਚੋਂ ਪਰਖਣ ਲਈ ਥੋੜਾ ਕੁ, ਨਮੂਨਾ ।

**ਵਨਜ** } ਪੁ: ਬਪਾਰ, ਦੁਕਾਨਦਾਰੀ, ਲੈਣ ਦੇਣ ।
**ਵਨਜ ਵਿਹਾਰ** }

**ਵੰਨੀ,** ਪੁ:—ਲਾੜਾ, ਨਵਾਂ ਵਿਆਹਿਆ ਹੋਇਆ ਲੜਕਾ ।
ਵਿ:—ਵਰਗਾ, ਵਾਂਙੂੰ ।

**ਵੰਨੀ,** ਸ:—ਵੰਨੀਂ, ਵਹੁਟੀ, ਨਵਰਨੀ ।

**ਵੰਨੇ,** ਕ੍ਰਿ:, ਵਿ:—ਪਾਸੇ, ਤਰਫ਼ ।

**ਵੰਨੇ ਵੰਨੀ,** ਵਿ:—ਕਈ ਤਰ੍ਹਾਂ ਦੇ ।

**ਵਫ਼ਾ,** ਸ:—ਬਚਨ ਪੂਰਾ ਕਰਨਾ, ਅੰਗ ਪਾਲਣਾ, ਅਸਰ, ਲਾਭ, ਨਿਮਕ ਹਲਾਲੀ ।

**ਵਫ਼ਾ ਦਾਰ,** ਵਿ:—ਜੋ ਅੰਗ ਪਾਲੇ ਜਾਂ ਬਚਨ ਪੂਰਾ ਕਰੇ, ਨਿਮਕ ਹਲਾਲ ।

**ਵਫ਼ਾਦਾਰੀ,** ਸ:—ਵਫ਼ਾ ਦਾਰ ਹੋਣ ਦਾ ਗੁਣ, ਨਿਮਕ ਹਲਾਲੀ ।

**ਵਫ਼ਾਤ,** ਸ:—ਮੌਤ, ਮਰਨਾ (ਹੋਣੀ, ਪਾਉਣੀ) ।

**ਵਫ਼ਾਤ ਸ਼ਰੀਫ਼** } ਸ:—ਮੁਹੰਮਦ ਸਾਹਿਬ ਦੀ ਮੌਤ ਦਾ ਦਿਨ ।
**ਬਡ਼ੀ ਵਫ਼ਾਤ** }

**ਵਫ਼ਾਤੀ,** ਵਿ:—ਮੁਸਲਮਾਨਾਂ ਦੇ ਤੀਜੇ ਮਹੀਨੇ ਵਿੱਚ ਜੰਮਿਆ ਹੋਇਆ ।

**ਵੱਯਗ਼ਾ** } ਪੁ:—'ਬੰਯਗ਼ਾ' ਵੇਖੋ ।
**ਵੱਯਾ** }

ਵਯਾਹ
ਵਯਾਹਣਾ (ਹੁਣਾ)
ਵਯਾਹਤਾ
ਵਯਾਕਰਨ
ਵਯਾ ਕਰਨੀ
ਵਯਾਕੁਲ (ਕੁਲ)
ਵਯਾਜ
[illegible]
ਵਯਾਜਗ਼ੀਆ
ਵਯਾਜੀ
ਵਯਾਜੂਰ
ਵਯਾਜੂ
ਵਯਾਧ
ਵਯਾਧਣ
ਵਯਾਧੀ
ਵਯਾਪਕ
ਵਯਾਪਣਾ
ਵਯਾਪੀ
} 'ਬਿਆਹ' ਆਦਿਕ ਵੇਖੋ ।

Digitized by Panjab Digital Library | www.panjabdigilib.org

**ਵਰ,** ਪੁ:—ਬਖ਼ਸ਼ਸ਼, ਅਸੀਸ, ਖੁਸ਼ ਹੋ ਕੇ ਜੋ ਦਿੱਤਾ ਜਾਵੇ (ਦੇਣਾ), ਇਕ ਰੁੱਖ ॥

ਵਿ:—ਜਿਸ ਦਾ ਕੰਮ ਸਰ ਜਾਵੇ, ਜਿਸ ਦੀ ਫਤੇ ਹੋਵੇ (ਰਹਿਣਾ)।

**ਵਰ ਦਾਨ,** ਪੁ:—ਖੁਸ਼ ਹੋ ਕੇ ਕੁਝ ਦੇਣ ਦਾ ਕੰਮ, ਖੈਰ ਦਾ ਦਾਨ।

**ਵਰ ਦੇਣਾ,** ਕ੍ਰਿ:—ਖੁਸ਼ ਹੋ ਕੇ ਕੁਝ ਦੇਣਾ, ਕੁੜੀ ਵਿਆਹ ਦੇਣੀ।

**ਵਰ ਪਰਾਪਤ,** ਵਿ:—ਵਿਆਹੁਣ ਜੋਗੀ ਕੁੜੀ।

**ਵਰਸਾਉਣਾ**
**ਵਰਸਾਊ**
**ਵਰਸਾਜਣਾ** } ਬਰਸਾਉਣਾ ਆਦਿਕ ਦੇਖੋ।

**ਵਰੂਮ,** ਪੁ:—ਦਿਲ ਦੀ ਪੀੜ, ਬਹੁਤ ਗ਼ਮ, ਰੰਜ, ਦੁੱਖ ॥

**ਵਰ੍ਹਣਾ**
**ਵਰ੍ਹਨਾਊ**
**ਵਰ੍ਹਾ (ਵਰਹਾ)**
**ਵਰ੍ਹਾਉਣਾ**
**ਵਰ੍ਹਾਊ** } ਬਰ੍ਹਨਾ ਆਦਿਕ ਦੇਖੋ।

**ਵਰ੍ਹੀ,** ਸ:—ਜਿਸ ਰੱਸੀ ਨਾਲ ਖੂਹ ਦੀ ਮਾਹਲ ਨੂੰ ਵਿੱਚ ਬੰਨ੍ਹਦੀ ਹੈ ॥

**ਵਰ੍ਹੀਣਾ,** ਪੁ:—ਕਿਸੇ ਦੇ ਮਰਨ ਤੋਂ ਇੱਕ ਵਰ੍ਹਾ ਪਿੱਛੋਂ ਜੋ ਰੀਤ ਹੁੰਦੀ ਹੈ ॥

**ਵਰ੍ਹੀਣੀ,** ਸ:—'ਬਰਸੀਣੀ' ਵੇਖੋ ॥

**ਵਰਕ,** ਪੁ:—ਪੱਤਾ, ਸੋਨੇ ਜਾਂ ਚਾਂਦੀ ਦਾ ਪਤਲਾ ਪੱਤ੍ਰਾ, ਕਿਤਾਬ ਦੇ ਕਾਗਜ਼ ਦਾ ਪੱਤ੍ਰਾ, ਪਤਲੀ ਤਾਰ।

**ਵਰਕ ਤਿਲਾਈ,** ਪੁ: ਚਾਂਦੀ ਦਾ ਵਰਕ ॥

**ਵਰਕ ਨੁਕਰਈ,** ਪੁ:—ਸੋਨੇ ਦਾ ਵਰਕ ॥

**ਵਰਕਣਾ,** ਕ੍ਰਿ:—ਚੰਗੀ ਤਰ੍ਹਾਂ ਖੰਡ ਵਿੱਚ ਗਾਲੇ ਹੋਣਾ, ਚਿੱਟੀ ਅਤੇ ਚਮਕਦਾਰ ਬਣਨਾ (ਮਿਠਿਆਈ ਦਾ) ਸੁੱਧ ਅਤੇ ਸਾਫ਼ ਹੋਣਾ (ਖੰਡ ਦਾ)।

**ਵਰਕਣੀ,** ਸ:—ਮੌਰੇ ਜਾਂ ਸਿਰ ਉੱਤੇ ਮੁੱਦਣ ਵਾਲਾ ਮੋਟੇ ਕਪੜੇ ਦਾ ਟੋਟਾ ॥

**ਵਰਕਾ,** ਪੁ:—ਕਿਤਾਬ ਦਾ ਪਤ੍ਰਾ ॥

**ਵਰਕੀ,** ਸ:—ਕਿਤਾਬ ਵਿੱਚ ਮਗਰੋਂ ਲਾਇਆ ਹੋਇਆ ਛੋਟਾ ਵਰਕਾ, ਤਹਿਆਂ ਵਾਲੀ (ਹਤਨਾਲ)

**ਵਰਖਾ,** ਸ:—'ਬਰਖਾ' ਵੇਖੋ ॥

**ਵਰਗ,** ਪੁ:—ਅੱਖਰਾਂ ਦੀ ਕਿਸਮ, ਸਮੂਹ ਮੰਡਲੀ, ਪਸਾਰ।

**ਵਰਗ ਖੇਤ੍ਰ,** ਪੁ:—ਇਕ ਜੇਹੀਆਂ ਬਾਹੀਆਂ ਅਤੇ ਸਿੱਧੇ ਕੋਨਿਆਂ ਵਾਲੀ ਚੌਰਸ ਸ਼ਕਲ, ਮੁਰੱਬਾ ॥

**ਵਰਗਲਾਉਣਾ**
**ਵਰਗਲਾਣਾ** } ਕ੍ਰਿ:—ਫੁਸਲਾਉਣਾ, ਡੂਹੀ ਮਨ ਲੈ ਲੈਣਾ।

**ਵਰਗਾ (ਗੀ),** ਵਿ:—(ਕਿਸੇ) ਜੇਹਾ (ਕਿਸੇ ਨਾਲ) ਮਿਲਦਾ, ਨਿਆਈਂ ਵਾਙੂੰ, ਵਾਕਰ ॥

ਪੁ:—ਫਰਸ਼ ਸਿੱਧੀ ਟਿਕਾਉਣ ਵਾਸਤੇ ਇਕ ਪਾਸੇ ਵਿੱਤੀ ਹੋਈ ਪੱਥਰ, ਕਬਰ ਦੀ ਮਿੱਟੀ ਸਹਾਰਨ ਵਾਲੀ ਲੱਕੜ।

Digitized by Panjab Digital Library | www.panjabdigilib.org

**ਵਰਜਣਾ,** ਕ੍ਰਿ:—ਹਟਕਣਾ, ਰੋਕਣਾ, ਮਨਾ ਕਰਨਾ ॥

**ਵਰਜਿਤ,** ਵਿ:—ਮਨਾ ਕੀਤੀ ਹੋਈ (ਗੱਲ), ਹਟਕਿਆ ਹੋਇਆ ॥

**ਵਰੰਟ,** ਪੁ:—ਕਿਸੇ ਦੀ ਤਲਬੀ ਦਾ ਅਦਾਲਤ ਵੱਲੋਂ ਹੁਕਮ ਨਾਮਾ ਜੋ ਫੌਜ ਦਾਰੀ ਮੁੱਕਦਮੇ ਵਿੱਚ ਜਾਰੀ ਹੁੰਦਾ ਹੈ, ਕਿਸੇ ਦੇ ਪਕੜਨ ਲਈ ਸਰਕਾਰੀ ਹੁਕਮ (ਕੱਢਣਾ, ਕਢਾਉਣਾ) ॥

**ਵਰੰਟ ਕੱਢਣਾ**<br>**ਵਰੰਟ ਜਾਰੀ ਕਰਨਾ** } ਕ੍ਰਿ:—ਵਰੰਟ ਲਿਖ ਕੇ ਬਾਹਰ ਭੇਜਣਾ ॥

**ਵਰਤ,** ਪੁ:—ਹਿੱਸਾ, ਕੁਝ ਨਾ ਖਾਣਾ, ਫਾਕਾ (ਰੱਖਣਾ) ॥

**ਵਰਤ ਸਰਤ,** ਸ:—ਵੰਡ, ਹਿਸਾ, ਲੈਣ ਦੇਣ, ਵਿਹਾਰ, ਸਲੂਕ ॥

**ਵਰਤ ਮਾਣ,** ਵਿ:—ਪ੍ਰਚਲਤ, ਜੋ ਵਰਤਣ ਵਿੱਚ ਆਵੇ ॥

**ਵਰਤਵਾਰਾ,** ਪੁ:—ਵਰਤਾਰਾ, ਰੀਤ, ਲੈਣ ਦੇਣ ।

**ਵਰਤਣ,** ਪੁ:—ਭਾਂਡਾ ॥
ਸ:—ਵਰਤ ਰੱਖਣ ਵਾਲੀ, ਵਰਤੋਂ ॥

**ਵਰਤਣਾ,** ਕ੍ਰਿ:—ਕੰਮ ਵਿੱਚ ਲਿਆਉਣਾ, ਲੈਣ ਦੇਣ ਰੱਖਣਾ, ਸਲੂਕ ਕਰਨਾ, ਕੋਈ ਗੱਲ ਹੋ ਜਾਣੀ (ਭਾਣਾ ਵਰਤਣਾ) ॥

**ਵਰਤਾ,** ਪੁ:—ਜਿਸ ਲੱਕੜੀ ਨਾਲ ਧਰਤੀ ਉੱਤੇ ਲਿਖਦੇ ਹਨ, ਹਿੱਸਾ ।

**ਵਰਤਾਉ,** ਪੁ:—ਵਰਤਣ ਦਾ ਢੰਗ, ਸਲੂਕ ॥

**ਵਰਤਾਉਣਾ,** ਕ੍ਰਿ:—ਵੰਡਣਾ, ਹਿੱਸੇ ਕਰਨੇ ।

**ਵਰਤਾਰਾ,** ਪੁ:—ਰੀਤ, ਚਾਲ, ਢੰਗ, ਹਿੱਸਾ ॥
ਵਿ:—ਪ੍ਰਚਲਤ ॥

**ਵਰਤਾਵਾ,** ਪੁ:—ਰੀਤ, ਚਾਲ, ਢੰਗ, ਵਰਤਾਉਣ ਵਾਲਾ ॥

**ਵਰਤੀ,** ਪੁ:—ਵਰਤ ਰੱਖਣ ਵਾਲਾ ॥

**ਵਰਤੋਂ,** ਸ:—ਲੈਣ ਦੇਣ, ਮੇਲ ਗੇਲ, ਵਿਹਾਰ, ਸਲੂਕ ॥

**ਵਰਦਾ**<br>**ਵਰਦੀ**<br>**ਵਰਨ**<br>**ਵਰਨਣ** } 'ਬਰਦਾ' ਆਦਿਕ ਵੇਖੋ ॥

**ਵਰਨਾ,** ਕ੍ਰਿ:—(ਕਿਸੇ ਨਾਲ) ਵਿਆਹ ਕਰਨਾ ॥

**ਵਰਨੀ,** ਸ:—ਕੋਈ ਧਰਮ ਕਾਜ ਬ੍ਰਾਹਮਣ ਕੋਲੋਂ ਕਰਾਉਣਾ ॥

**ਵਰਨੈਕੁਲਰ,** ਸ:—ਦੇਸੀ ਬੋਲੀ, ਜਿੱਥੇ ਦੇਸੀ ਬੋਲੀ ਪੜ੍ਹਾਈ ਜਾਵੇ ॥

**ਵਰਮ,** ਪੁ:—ਸੋਜ, ਦਿਲ ਦਾ ਦੁਖ, ਗਮ ॥

**ਵਰਮਾ,** ਪੁ:—ਛੇਕ ਕੱਢਣ ਵਾਲਾ ਇੱਕ ਲੋਹੇ ਦਾ ਹਥਿਆਰ ॥

**ਵਰਮਾਉਣਾ,** ਕ੍ਰਿ:—ਵਰਮੇ ਨਾਲ ਛੇਕ ਕੱਢਣਾ ॥

**ਵਰਮੀ,** ਸ:—ਨਿੱਕਾ ਜਿਹਾ ਵਰਮਾ, ਕੀੜਿਆਂ ਦਾ ਘਰ ॥

**ਵਰਯਾਮ,** ਵਿ:—ਵਰਿਆਮ, ਬਹਾਦਰ ॥

Digitized by Panjab Digital Library | www.panjabdigilib.org

**ਵਰਾਉਣਾ**
**ਵਰਾ ਸੂਹੀ**
**ਵਰਾਛਾਂ**
**ਵਰਾਜਣਾ**
**ਵਰਾਤ**
**ਵਰਾਤੀ** } ਬਰਾਉਣਾ ਆਦਿਕ ਵੇਖੋ ॥

**ਵਰਾਨ,** ਵਿ:—ਉਜੜਿਆ ਹੋਇਆ, ਖਾਲੀ, ਬਰਬਾਦ ॥

**ਵਰਾਨਾ,** ਵਿ:—ਉਜੜਿਆ ਹੋਯਾ, ਓਪਰਾ, ਪਰਦੇਸੀ ॥

**ਵਰਾਨੀ,** ਸ:—ਬਰਬਾਦੀ, ਤਬਾਹੀ, ਉਜਾੜਾ, ਬੇ ਰੌਣਕੀ ॥

**ਵਰਿਆਉਣਾ,** ਕ੍ਰਿ:—ਇੱਛਿਆ ਜਾਂ ਆਸ ਪੂਰੀ ਹੋਣੀ, ਮੇਹਨਤ ਦਾ ਫਲ ਮਿਲ ਜਾਣਾ ॥

**ਵਰਿਆਮ,** ਪੁ:—ਬਹਾਦਰ, ਦਲੇਰ, ਹਿੰਮਤੀ ॥

**ਵਰਿਆਮਗੀ**
**ਵਰਿਆਮੀ** } ਸ:—ਬਹਾਦਰੀ, ਦਲੇਰੀ, ਹਿੰਮਤ ॥

**ਵਰਿਹਾ,** ਪੁ:—ਵਰ੍ਹਾ, ਬਾਰਾਂ ਮਹੀਨੇ ॥

**ਵਰਿਹਾਂਦ,** ਸ:—ਇੱਕ ਗਊ ਦੇ ਮਗਰ ਲੱਗੀ ਹੋਈ ਵਹੀ ਸਾਨ੍ਹ ।

**ਵਰੀ,** ਸ:—ਵਿਆਹ ਦੇ ਦਿਨ ਲਾੜੇ ਵੱਲੋਂ ਕੁੜੀ ਨੂੰ ਜੋ ਗਹਿਣੇ ਕਪੜੇ ਮਿਲਣ, ਰੋਗੇ ਦਾ ਸਾਮ੍ਹਣਾ ਹਿੱਸਾ ॥

**ਵਰੂਰਨਾ,** ਕ੍ਰਿ:—ਛਿੜਕਣਾ (ਲੂਣ ਆਦਿਕ) ॥

**ਵਰੂਰੀ,** ਸ:—'ਬਰੂਰੀ' ਵੇਖੋ ॥

**ਵਰੇਸ,** ਸ:—ਉਮਰ ॥

**ਵਰੇਤੀ,** ਸ:
**ਵਰੇ (ਰੇਂ),** ਸ: } 'ਬਰੇਤਾ' ਅਤੇ 'ਬਰੋ' ਵੇਖੋ ॥

**ਵਰੋ ਸਾਉਣਾ,** ਕ੍ਰਿ: ਲਾਹ ਖੱਟਣਾ, ਫ਼ੈਦਾ ਉਠਾਉਣਾ ਜਾਂ ਦੇਣਾ ॥

**ਵਲ,** ਪੁ:—ਵਿੰਗ ਮੋੜ, ਫੇਰ, ਪੇਚ, ਝੁਰੜੀ ॥

**ਵਲ ਖਾਣਾ, ਵਲ ਛਲ,**
**ਵਲ ਦੇਣਾ, ਵਲ ਪੈਣਾ,**
**ਵਲ ਲੈਣਾ** } 'ਬਲ' ਵੇਖੋ ॥

**ਵੱਲ,** ਸ:—ਪਾਸਾ, ਤਰਫ ॥
ਅਵ:—ਪਾਸੇ, ਤਰਫ ॥
ਵਿ: ਨਰੋਆ, ਰਾਜੀ ਬਾਜੀ ॥
ਪੁ:—ਢੰਗ, ਢਬ, ਚੱਜ, ਤਰੀਕਾ ॥

**ਵਲਾਖੀ,** ਸ:—ਕਪੜੇ ਦੇ ਸਿਰੇ ਦੀ ਝਾਲਰ ॥

**ਵਲਗਨ,** ਪੁ:—ਕੋਠੇ ਦੇ ਗਿਰਦੇ ਦੀ ਕੰਧ ॥

**ਵਲੰਟੀਅਰ,** ਪੁ:—ਆਪਣੀ ਖੁਸ਼ੀ ਨਾਲ ਬਣਿਆ ਹੋਯਾ ਸਿਪਾਹੀ ॥

**ਵਲਟੋਹ (ਹਾ)**
**ਵਲਟੋਹੀ** } 'ਬਟਲੋਹ' ਆਦਿਕ ਵੇਖੋ ॥

**ਵਲਣਾ,** ਕ੍ਰਿ:—ਗਿਰਦੇ ਫਿਰਨਾ, ਘੇਰਾ ਪਾਉਣਾ, ਰੱਸੀ ਨਾਲ ਲਪੇਟਣਾ ॥

**ਵਲਾ,** ਪੁ:—ਗੋਲ ਸਤੀਰੀ, ਲੰਮੀ ਗੋਲ ਲਕੜੀ ॥

**ਵੱਲਾਂ,** ਅਵ:—ਵੱਲ, ਪਾਸ, ਤਰਫ ॥

Digitized by Panjab Digital Library | www.panjabdigilib.org

**ਵਲਾਉ,** ਪੁ:—ਬਹਾਨਾ, ਹੀਲਾ, ਟਲੇ ਪੱਛੇ (ਕਰਨ) ॥

**ਵਲਾਉਣਾ,** ਕ੍ਰਿ:—ਜੀ ਪਰਚਾਉਣਾ, ਵਲ ਪੁਆਉਣਾ, ਛਲਣਾ ॥

**ਵਲਾਇਤ**, **ਵਲਾਇਤਣ**, **ਵਲਾਇਤੀ** } 'ਵਿਲਾਇਤ' ਆਦਿਕ ਵੇਖੋ ॥

**ਵਲਾਵਾਂ,** ਪੁ:—ਵਲ, ਵਿੰਗ, ਮੋੜ, ਫੇਰ ਪੇਚ ॥

**ਵਲਿਹਾਰ**, **ਵਲਿਹਾਰਣ**, **ਵਲਿਹਾਰੀ** } 'ਬਲਿਹਾਰ' ਆਦਿਕ ਵੇਖੋ ॥

**ਵਲਿੱਖਾਂ ਦੀਆਂ ਵਾਟਾਂ,** ਸ:, (ਬਹੁ)—ਦੂਰ ਦਾ ਰਾਹ ॥

**ਵਲੀ,** ਪੁ:—ਰੱਬ ਦਾ ਪਿਆਰਾ, ਮੁਸਲਮਾਨ ਸੰਤ ॥
ਸ:—ਲਾਠੀ, ਡਾਂਗ ।
ਵਿ:—ਬਲੀ, ਤਕੜਾ ਜ਼ੋਰਾਵਰ ॥

**ਵੱਲ੍ਹ,** ਪੁ:—ਸ਼ਾਤ, [illegible] ॥

**ਵਲੂੰਹਦਰਨਾ**, **ਵਲੂੰਧਰਨਾ** } ਕ੍ਰਿ:—ਨਹੁੰਆਂ ਨਾਲ ਖੁਰਚਣਾ ॥

**ਵਲੂਰ,** ਪੁ:—ਲਿਫ ਕੰਡਿਆਂ ਵਾਲਾ ਬੂਟਾ ॥

**ਵਲੇਵਾ,** ਪੁ:—ਅਸਬਾਬ, ਘਰ ਦੀ ਚੀਜ਼ ਵਸਤ ॥

**ਵਲੇਵਾਂ,** ਪੁ:—ਵਲ, ਫੇਰ, ਵਿੰਗ, ਮੋੜ, ਪੇਚ ॥

**ਵਲੈਤ**, **ਵਲੈਤੀ** } 'ਵਿਲਾਇਤ' ਆਦਿਕ ਵੇਖੋ ॥

**ਵੱਲੋਂ,** ਅਵ:—ਪਾਸਿਓਂ, ਤਰਫੋਂ ॥

**ਵੜ੍ਹ,** ਪੁ:—'ਬੋਹੜ' ਵੇਖੋ ॥

**ਵੜ੍ਹਕਣਾ**, **ਵੜਨਾ**, **ਵੜਾ,** ਪੁ:, **ਵੜੀ,** ਸ:, **ਵੜੇਵਾਂ (ਮਾਂ)** } 'ਬੜ੍ਹਕਣਾ' 'ਬੜਨਾ' 'ਬੜਾ(ਪੁ:)' 'ਬੜੀ' 'ਬੜੇਵਾਂ (ਮਾਂ)' ਵੇਖੋ ॥

**ਵੜੋਟਾ,** ਪੁ:—ਬੋਹੜ ਦਾ ਛੋਟਾ ਬੂਟਾ, ਬੋਹੜ ਦਾ ਫਲ ॥

**ਵਾ,** ਸ:—ਵਾਉ, ਹਵਾ, ਸਾਹ ਨਾਲ ਅੰਦਰ ਜਾਣ ਵਾਲੀ ਸ਼ੈ, ਪੌਣ ॥

**ਵਾ ਸੂਲ,** ਸ:—ਢਿੱਡ ਵਿੱਚ ਬਾਦੀ ਦੀ ਪੀੜ ॥

**ਵਾ ਖਾਣੀ,** ਕ੍ਰਿ:—ਖੁੱਲ੍ਹੀ ਵਾ ਵਿੱਚ ਫਿਰਨਾ ॥

**ਵਾ ਗੋਲਾ,** ਪੁ:—ਆਂਦਰਾਂ ਵਿੱਚ ਬਾਦੀ ਦੀ ਪੀੜ ॥

**ਵਾ ਛੱਲਣੀ,** ਕ੍ਰਿ: [illegible] ਨਾਲ ਹਿਲਣਾ ॥

**ਵਾ ਝਲੋਟਣਾ,** ਪੁ:—'ਵਾ ਵਰੋਲਾ' ਵੇਖੋ ॥

**ਵਾ ਨਾਲ ਲੜਨਾ,** ਕ੍ਰਿ:—ਖਾਹ ਮਖਾਹ ਝਗੜਾ ਪਾਉਣਾ ॥

**ਵਾ ਛੱਖਣਾ,** ਕ੍ਰਿ:—ਖੁੱਲ੍ਹੀ ਵਾ ਵਿੱਚ ਫਿਰਨਾ ॥

Digitized by Panjab Digital Library | www.panjabdigilib.org

**ਵਾ ਮਾਰਿਆ ਹੋਇਆ,** ਵਿ:—ਪਾਗਲ, ਕਮਲਾ ॥

**ਵਾ ਲੱਗਣੀ,** ਕ੍ਰਿ:—ਗਰਮ ਸਰੀਰ ਨੂੰ ਠੰਢੀ ਵਾ ਲੱਗ ਕੇ ਰੋਗਾ ਹੋ ਜਾਣਾ ॥

**ਵਾ ਵਰੋਲਾ,** ਪੁ:—ਚੱਕਰ ਖਾਣ ਵਾਲੀ ਪੌਣ ॥

**ਵਾ ਵੜਿੰਗ,** ਸ:—ਇੱਕ ਛੋਟਾ ਰੁੱਖ, ਇੱਕ ਦੁਆ ॥

**ਵਾਂ,** ਸ:—ਪੌੜੀਆਂ ਵਾਲਾ ਖੂਹ, ਬਾਉਲੀ ॥

**ਵਾਉ,** ਸ:—'ਵਾ' ਵੇਖੋ ॥

**ਵਾਉਟਾ,** ਪੁ:—ਬੀੜਾ ॥

**ਵਾਉਣਾ,** ਪੁ:—'ਬੌਣਾ' ਵੇਖੋ ॥

**ਵਾਇਦਾ,** ਪੁ:—ਅਕਰਾਰ, ਬਚਨ, ਕੌਲ ॥

**ਵਾਈ,** ਸ:—ਸਰੀਰ ਦੇ ਅੰਦਰਲੀ ਵਾਉ, ਬਾਦੀ ॥

**ਵਾਈਸਰਾਇ,** ਪੁ:—ਹਿੰਦੁਸਤਾਨ ਦਾ ਸਭ ਤੋਂ ਵੱਡਾ ਮੁਲਕੀ ਲਾਟ ॥

**ਵਾਈਸ ਪ੍ਰੈਜ਼ੀਡੈਂਟ,** ਪੁ:—ਕਿਸੇ ਸਭਾ ਦਾ ਛੋਟਾ ਪ੍ਰਧਾਨ ॥

**ਵਾਸ,** ਪੁ:—'ਬਾਸ' ਵੇਖੋ ॥

**ਵਾਸਕਟ,** ਸ:—ਅੰਗ੍ਰੇਜ਼ੀ ਢੰਗ ਦੀ ਫਤੂਹੀ, ਕੁੜਤੀ ॥

**ਵਾਸਣੀ,** ਸ:—'ਬਾਸਣੀ' ਵੇਖੋ ॥

**ਵਾਸਤਾ,** ਪੁ:—ਖਾਤਰ, ਸਾਂਝ, ਸਬੰਧ ॥

**ਵਾਸਤੇ ਪਾਉਣਾ,** ਕ੍ਰਿ:—ਮਿੰਨਤਾਂ ਤਰਲੇ ਕਰਨਾ ॥

**ਵਾਸਤੇ,** ਕ੍ਰਿ:, ਵਿ:—ਲਈ, ਖਾਤਰ, ਸਦਕੇ ॥

**ਵਾਸਦੇਵ,** ਪੁ:—ਕ੍ਰਿਸ਼ਨ ਮਹਾਰਾਜ, ਪਰਮੇਸਰ ॥

**ਵਾਸ਼ਨਾ**
**ਵਾਸਣੀ (ਸੁਣੀ)**
**ਵਾਸਲੀ (ਸੁਲੀ)**
**ਵਾਸਾ**
**ਵਾਸੀ**
**ਵਾਸੂ**
} 'ਬਾਸਨਾ' ਆਦਿਕ ਵੇਖੋ ॥

**ਵਾਹ,** ਵਿਸਮਯ:—ਬਹੁਤ ਅੱਛਾ, ਸ਼ਾਬਾਸ਼ੇ, ਆਫ਼ਰੀਨ, ਵੱਲੇ ॥
ਸ:—ਤਾਕਤ, ਜ਼ੋਰ (ਲੱਗਣੀ ਲਾਉਣੀ) ਕੰਮ, ਸਾਂਝ, ਵਿਹਾਰ, ਮੌਕਾ (ਪੈਣੀ), ਖੂਹ ਦੇ ਥੱਲੇ ਵਗਣ ਵਾਲੀ ਰੇਤ, ਵਾਹੁਣ ਦਾ ਕੰਮ ॥

**ਵਾਹ ਲਗਦਿਆਂ** ਕ੍ਰਿ:, ਵਿ:—ਜਿੰਨਾ ਲੱਗ ਸੱਕੇ ਜ਼ੋਰ ਲਾਕੇ ॥

**ਵਾਹ ਵਾਹ,** ਸ:—ਬਹੁਤ ਵਡਿਆਈ (ਹੋਣਾ, ਕਰਨਾ) ॥
ਵਿਸਮਯ:—ਬਹੁਤ ਚੰਗੀ ਗੱਲ ਹ, ਸ਼ਾਬਾਸ਼ੇ ॥

**ਵਾਹਗੁਰੂ,** ਪੁ:—ਪਰਮੇਸਰ, ਕਰਤਾਰ (ਸਿੱਖਾਂ ਦੀ ਬੋਲੀ) ॥

**ਵਾਹਗੁਰੂ ਜੀ ਕਾ ਖਾਲਸਾ**
**ਵਾਹਗੁਰੂ ਜੀ ਕੀ ਫਤੇ ॥** } ਸ:—ਸਿੱਖਾਂ ਦੇ ਮਿਲਨ ਅਤੇ ਵਿਛੜਨ ਵੇਲੇ ਦਾ ਬਚਨ ॥

**ਵਾਹਗੁਰੂ ਦਾ ਭਾਣਾ,** ਪੁ:—ਪਰਮੇਸਰ ਦੀ ਮਰਜ਼ੀ ॥

Digitized by Panjab Digital Library | www.panjabdigilib.org

**ਵਾਹਗੁਰੂ ਦਾ ਭਾਣਾ ਵਰਤਣਾ,** ਕ੍ਰਿ:—ਰੱਬੀ ਦੁਖਦਾਈ ਬਾਤ ਹੋਣੀ, ਬਿਪਤਾ ਪੈਣੀ ॥

**ਵਾਹਣ,** ਪੁ:—ਜਿਸ ਖੇਤ ਵਿੱਚ ਵਾਹੀ ਹੋਈ ਹੋਈ ਹੋਵੇ ॥

**ਵਾਹਣਾ,** ਕ੍ਰਿ:—ਵਾਹੀ ਕਰਨੀ, ਹਲ ਫੇਰਨਾ, ਵਾਲਾਂ ਨੂੰ ਕੰਘੀ ਫੇਰਨੀ, ਬੱਘੀ ਘੋੜਾ ਜਾਂ ਪਸ਼ੂ ਲਦ ਕੇ ਚਲਾਉਣਾ ॥

**ਵਾਹਯਾਤ,** ਸ:, ਵਿ:—'ਵਾਹਿਜਾਤ' ਵੇਖੋ ॥

**ਵਾਹਰ,** ਸ:—'ਵਹਰ' ਵੇਖੋ ॥

**ਵਾਹਰੂ,** ਪੁ:—ਮੱਦਤ ਕਰਨ ਵਾਲਾ, ਸਹਾਈ, ਹਮਾਇਤੀ ॥

**ਵਾਹਵਾ,** ਵਿਸਮਕ:—'ਵਾਹ ਵਾਹ' ਵੇਖੋ ॥

**ਵਾਹਣੀ,** ਸ:—ਲੋਟਾ, ਮਿੱਟੀ ਦਾ ਭਾਂਡਾ ॥

**ਵਾਹਿਗੁਰੂ,** ਪੁ:—'ਵਾਹ ਗੁਰੂ' ਵੇਖੋ ॥

**ਵਾਹਿਜਾਤ**
**ਵਾਹਿ ਯਾਤ** } ਸ:, ਵਿ:—ਮੂਰਖਤਾਈ, ਬੇ ਸਮਝੀ ਦੀ ਗੱਲ, ਬਕਵਾਸ ॥

**ਵਾਹੀ,** ਸ:—ਖੇਤੀ, ਹਲ ਵਾਹੁਣ ਦਾ ਕੰਮ ॥

**ਵਾਹੁਣਾ,** ਕ੍ਰਿ:—ਵਾਹੀ ਕਰਨੀ, ਕੰਘੀ ਫੇਰਨੀ, ਚਲਾਉਣਾ, ਗੱਡੀ ਜਾਂ ਪਸ਼ੂ ਤੋਂ ਕੰਮ ਲੈਣਾ, ਤਲਵਾਰ ਮਾਰਨੀ, ਬੰਦੂਕ ਚਲਾਉਣਾ ॥

**ਵਾਹੁੜਨਾ**
**ਵਾਹੁੜੀ** } 'ਬਹੁੜਨਾ' ਅਤੇ 'ਬਾਹੜੀ' ਵੇਖੋ ॥

**ਵਾਹੋ ਦਾਹ,** ਕ੍ਰਿ:, ਵਿ:—ਬਹੁਤ ਛੇਤੀ ਛੇਤੀ, ਝਟ ਪਟ ॥

**ਵਾਕ,** ਪੁ:—ਬਚਨ, ਗੱਲ, ਬਾਣੀ ॥

**ਵਾਂਕਨ,** ਅਵ:—ਜਿਹਾ, ਵਰਗਾ, ਵਾਂਙੂ, ਨਿਆਈਂ, ਨਾਲ ਮਿਲਦਾ ॥

**ਵਾਕਫ,** ਵਿ:—ਜਾਣੂ ਪਛਾਣੂ, ਮਹਿਰਮ, ਮੇਲੀ ॥

**ਵਾਕਫੀ**
**ਵਾਕਫੀਯਤ** } ਸ:—ਜਾਣ ਪਛਾਣ, ਮਹਿਰਮੀ, ਮੇਲ ॥

**ਵਾਕਬ,** ਵਿ:
**ਵਾਕਬੀ,** ਸ: } 'ਵਾਕਫ' 'ਵਾਕਫੀ' ਵੇਖੋ ॥

**ਵਾਕਰ,** ਅਵ:—'ਵਾਕਨ' ਵੇਖੋ ॥

**ਵਾਕੜਾ,** ਪੁ:—ਬੁਰਾ ਵਾਕ, ਭੈੜੀ ਗੱਲ ॥

**ਵਾਖਰੀ,** ਵਿ:—ਜੇਹੜੀ ਗਊ ਮਹਿੰ ਕੁਝ ਚਿਰ ਦੁੱਧ ਦੇਂਦੀ ਰਹੀ ਹੈ, ਬਹੁਤ ਦੁੱਧ ਵਾਲਾ, ਗਾੜ੍ਹਾ (ਦੁੱਧ) ॥

**ਵਾਖਰੀ,** ਸ:—'ਅੰਬਾਖਰੀ' ਵੇਖੋ ॥

**ਵਾਗ,** ਸ:—ਘੋੜੇ ਆਦਿਕ ਨੂੰ ਰੋਕਣ ਅਤੇ ਮੋੜਨ ਵਾਲਾ ਤਸਮਾ, ਬਾਗ ॥

**ਵਾਗ ਛੱਡਣੀ, ਵਾਗ ਚੁੱਕਣੀ,**
**ਵਾਗ ਟੁੱਟ ਵਾਗ ਡੋਰ (ਰੀ),**
**ਵਾਗ ਮੋੜਨੀ, ਵਾਗ ਫੜਾਈ** } 'ਬਾਗ' ਵੇਖੋ ॥

**ਵਾਂਗ,** ਅਵ:—'ਵਾਕਨ' ਵੇਖੋ ॥
ਸ:—'ਬਾਂਗ' ਵੇਖੋ ॥

**ਵਾਗਮੂਆ,** ਪੁ:—'ਵਗਮੂਆ' ਵੇਖੋ ॥

Digitized by Panjab Digital Library | www.panjabdigilib.org

**ਵਾਂਗਣਾ,** ਕ੍ਰਿ:
**ਵਾਂਗਾ,** ਪੁ:
**ਵਾਗੀ,** ਪੁ:
**ਵਾਂਗੀ,** ਸ: } 'ਬਾਂਗਣਾ' ਆਦਿਕ ਵੇਖ।

**ਵਾਂਗੁ**
**ਵਾਂਙੁ** } ਪੁ:—ਤੇਲ ਜਾਂ ਸਾਬਣ ਜੋ ਗੱਡੀ ਦੇ ਪਹੀਆਂ ਨੂੰ ਮਲਦੇ ਹਨ ॥

ਅਵ:—'ਵਾਂਗਨ' ਵੇਖੋ ॥

**ਵਾਗੀ,** ਵਿ:—ਵੱਗ ਚਰਾਉਣ ਵਾਲਾ ॥

**ਵਾਂਙਣਾ,** ਕ੍ਰਿ:—'ਬਾਂਗਣਾ' ਵੇਖੋ ॥

**ਵਾਂਗੂ**
**ਵਾਂਙੂ** } ਅਵ:—'ਵਾਂਗਨ' ਵੇਖੋ ॥

**ਵਾਚ,** ਸ:—ਜੋ ਮਸੂਲ ਸਰਕਾਰ ਵੱਲੋਂ ਲੰਬਰਦਾਰ ਉਨ੍ਹਾਂ ਉੱਤੇ ਲਾਉਂਦਾ ਹੈ ਜੋ ਜ਼ਿਮੀਦਾਰ ਨਹੀਂ ਹੁੰਦੇ, ਜੇਬੀ ਘੜੀ ॥

**ਵਾਚ ਬਿਗਾਰ,** ਸ: ਧੱਕੇ ਨਾਲ ਜੋ ਮਸੂਲ ਲਿਆ ਜਾਵੇ, ਮਜ਼ੂਰੀ ਦਿੱਤੇ ਬਿਨਾ ਜੋ ਕੰਮ ਕਰਾਇਆ ਜਾਵੇ ॥

**ਵਾਚਕ,** ਪੁ:—ਪੜ੍ਹਨ ਵਾਲਾ, ਬੋਲਣ ਵਾਲਾ, ਦੱਸਣ ਵਾਲਾ ॥

**ਵਾਚਣਾ,** ਕ੍ਰਿ:—ਪੜ੍ਹਨਾ, ਮਸੂਲ ਉਗਰਾਹੁਣਾ ॥

**ਵਾਚਾ,** ਪੁ:—ਅਕਰਾਰ, ਬਚਨ, ਬਚਨ ਦੇਣ ਲੱਗਿਆ ਹੱਥ ਦੀ ਤਲੀ ਮਾਰਨੀ (ਦੇਣਾ, ਮਾਰਨਾ) ॥

**ਵਾਛ,** ਸ:—ਮਸੂਲ ('ਵਾਚ' ਵੇਖ), ਮੂੰਹ ਦੀ ਨੁੱਕਰ (ਵਾਛਾਂ) ॥



**ਵਾਛੜ,** ਸ:—ਵਾਉ ਨਾਲ ਜੋ ਮੀਂਹ ਦੀਆਂ ਕਣੀਆਂ ਇੱਕ ਪਾਸੇ ਜਾਣ। ਜ਼ੋਰ ਨਾਲ ਤੁਰਨ ਵਾਲੀ ਛੀੜ ॥

**ਵਾਜ,** ਸ:—ਅਵਾਜ਼, ਖੜਾਕ, ਬੋਲ, ਖੜਕਾ ॥

**ਵਾਜਬ,** ਵਿ:—ਜੋ ਕੰਮ ਕਰਨਾ ਚਾਹੀਦਾ ਹੋਵੇ, ਜੋਗ, ਮੁਨਾਸਬ ॥

**ਵਾਜਬੀ,** ਵਿ:—ਮਾਮੂਲੀ, ਖਾਸਾ, ਨਾ ਬਹੁਤ ਚੰਗਾ ਨਾ ਮਾੜਾ ॥

**ਵਾਜਾ,** ਪੁ:
**ਵਾਟ,** ਸ: } 'ਬਾਜਾ' 'ਬਾਟ' ਵੇਖੋ ॥

**ਵਾਟਰ ਵਰਕਸ,** ਪੁ, (ਬਹੁ:)—ਲੋਹੇ ਦਾ ਤਲਾਉ ਜਿਸ ਦਾ ਪਾਣੀ ਨਾਲੀਆਂ ਦੇ ਰਸਤੇ ਸ਼ਹਿਰ ਵਿੱਚ ਪਹੁੰਚੇ ॥

**ਵਾਢ,** ਸ:—ਵੱਢਣ ਦਾ ਕੰਮ, ਤਲਵਾਰ ਆਦਿਕ ਦਾ ਕੰਢਾ, ਕਤਲ ॥

**ਵਾਢਾ,** ਪੁ:—ਵੱਢਣ ਦਾ ਨਿਸ਼ਾਨ, ਫੱਟ, ਵੱਢਣ ਵਾਲਾ ॥

**ਵਾਂਢਾ,** ਪੁ:—ਪਰਦੇਸੀ, ਵਤਨੋਂ ਬਾਹਰ ਗਿਆ ਹੋਇਆ ॥

**ਵਾਂਢੇ ਜਾਣਾ,** ਕ੍ਰਿ:—ਘਰੋਂ ਬਾਹਰ ਜਾਣਾ ॥

**ਵਾਢੀ,** ਸ:—ਫਸਲ ਵੱਢਣ ਦਾ ਕੰਮ ਜਾਂ ਮੌਕਾ, ਵੱਢੀ ॥

**ਵੱਢੀ,** ਸ:—ਫਸਲ ਵੱਢਣ ਦਾ ਕੰਮ ॥

ਪੁ:—ਤਰਖਾਣ ॥

Digitized by Panjab Digital Library | www.panjabdigilib.org

**ਵਾਣ,** ਪੁ:–ਮੁੰਜ ਆਦਿਕ ਦੀ ਰੱਸੀ, ਤੀਰ, ਇੱਕ ਤਰਾਂ ਦੀ ਹਵਾਈ ॥

**ਵਾਤ,** ਸ:–ਖਬਰ, ਸਾਰ, ਮਾਮਲਾ ॥

**ਵਾਦ,** ਪੁ:–ਝਗੜਾ, ਬਹਿਸ ॥

**ਵਾਂਦ** / **ਵਾਂਦਾ** } 'ਬਾਂਦ' 'ਬਾਂਦਾ' ਵੇਖੋ ॥

**ਵਾਦੀ** / **ਵੱਦੀ** } ਸ:–ਖਸਲਤ, ਆਦਤ, ਬਾਣ, ਸੁਭਾਉ ॥

**ਵਾਧ,** ਸ:–ਵਾਧਾ, ਵਧਾਉ, ਵਧਣ ਦੀ ਹਾਲਤ, ਫੋੜਾ, ਗਿਲਟੀ ॥

**ਵਾਧ ਘਾਟ,** ਸ:–ਥੋੜੀ ਜਾਂ ਬਹੁਤ ਚੀਜ਼, ਬੇਪਰਵਾਹੀ ॥

**ਵਾਂਧ (ਧਾ),** ਪੁ:–ਕਿਸੇ ਚੀਜ਼ ਦੇ ਵਰਤਣ ਦੀ ਰੋਕ ਅਟਕਾਉ ॥

**ਵੱਧਾ,** ਪੁ:–ਵਧ ਜਾਣ ਦੀ ਸ਼ਕਲ, ਨਫ਼ਾ, ਲਾਭ ॥

**ਵਾਧੂ** / **ਵੱਧੂ** } ਵਿ:–ਵਧੀਕ, ਜ਼ਰੂਰਤ ਤੋਂ ਜ਼ਿਆਦਾ, ਫ਼ਾਲਤੂ ॥

**ਵਾਧੇ,** ਵਿ:–ਤੀਜਾ (ਧੜਵਾਈਆਂ ਦੀ ਬੋਲੀ) ॥

**ਵਾਨ੍ਹਣੂੰ,** ਪੁ:–'ਬਾਹਣੂੰ' ਵੇਖੋ ॥

**ਵਾਨਵਾਰ,** ਪੁ:–ਕਪਾਹ ਦਾ ਬੂਟਾ ॥

**ਵਾਪਸ,** ਵਿ:–ਮੁੜ ਕੇ ਆਉਣ ਵਾਲਾ (ਹੋਣਾ ਕਰਨਾ) ॥

**ਵਾਪਨਾ** / **ਵਾਪਰਨਾ** } ਕ੍ਰਿ:–'ਬਾਪਨਾ' ਵੇਖੋ ॥

**ਵਾ ਪਿਆ,** ਵਿ:–ਪਾਗਲ, ਕਮਲਾ, ਸੁਦਾਈ ॥

**ਵਾਫ਼ਰ,** ਵਿ:–ਬਹੁਤ, ਵਾਧੂ, ਫ਼ਾਲਤੂ ॥

**ਵਾਯਵੀ,** ਵਿ:–ਉੱਤਰ ਅਤੇ ਪੱਛਮ ਦੇ ਵਿਚਕਾਰਲਾ ਪਾਸਾ ॥

**ਵਾਰ,** ਪੁ:–ਬੂਹਾ, ਗਾੜੇ ਦਾ ਮੂੰਹ, ਵੈਰੀ, ਮੌਕਾ, ਕੈਦ ਵਿੱਚ ਇੱਟਾਂ ਦਾ ਰਦਾ, ਸੱਟ, ਹੱਲਾ, ਡੰਗਰਾਂ ਦੀ ਖੁਰਾਕ, ਛਨਿੱਛਰ ਦਾ ਦਿਨ, ਕੰਢਾ ਦਿਨ, ਕਪਾਹ ।

ਸ:–ਮੌਕਾ, ਵੇਲਾ, ਵੇਰੀ, ਦਰਿਆਈ ਦਾ ਗੋਮ, ਡੈਂਗਲ ॥

**ਵਾਰ ਕਰਨਾ,** ਕ੍ਰਿ:–ਹੱਲਾ ਕਰਨਾ, ਸੱਟ ਲਾਉਣ ਦਾ ਜਤਨ ਕਰਨਾ ।

**ਵਾਰ ਨ ਵਾਰ** / **ਵਾਰ ਵਾਰ** } ਕ੍ਰਿ:, ਵਿ:–ਘੜੀ ਮੁੜੀ, ਅਕਸਰ ॥

**ਵਾਰਸ,** ਪੁ: / **ਵਾਰਸਣੀ,** ਸ: } ਜਿਸ ਨੂੰ ਕਿਸੇ ਦੀ ਜਾਇਦਾਦ ਮਿਲਣੀ ਹੋਵੇ, ਮਾਲਕ (ਹੋਣਾ) ॥

**ਵਾਰਸੀ,** ਸ:–ਵਾਰਸ ਹੋਣ ਦਾ ਗੁਣ, ਮਾਲਕੀ ॥

**ਵਾਰੰਟਾ,** ਪੁ:–ਅਰਪਣ ਕਰਨ ਦੀ ਰੀਤ, ਪ੍ਰਤਿਸ਼ਟਾ ॥

**ਵਾਰਤਾ,** ਸ:–ਕਥਾ, ਕਹਾਣੀ, ਕਿੱਸਾ, ਬਾਤ, ਗੱਲ ਕੱਥ, ਖ਼ਿਆਲ ।

Digitized by Panjab Digital Library | www.panjabdigilib.org

**ਵਾਰਦਾਤ,** ਸ:—ਝਗੜਾ, ਕੋਈ ਗੱਲ ਜੋ ਹੋ ਜਾਵੇ, ਹਾਲ ॥

**ਵਾਰਨਾ,** ਕ੍ਰਿ:—ਕਿਸੇ ਦੇ ਸਿਰ ਦੇ ਗਿਰਦੇ ਘੁਮਾਉਣਾ, ਕੁਰਬਾਨ ਕਰਨਾ ॥

ਪੁ:—ਜੋ ਚੀਜ਼ ਵਾਰੀ ਜਾਏ ॥

**ਵਾਰਨਿਸ਼,** ਪੁ:—ਅਸਬਾਬ ਉੱਤੇ ਮਲਣ ਵਾਲਾ ਰੋਗਨ ॥

**ਵਾਰਨੀ,** ਸ:—ਬਾਰਾਂ ਵਰਿਹਾਂ ਪਿੱਛੋਂ ਆਉਣ ਵਾਲਾ ਇੱਕ ਪਰਬ ॥

**ਵਾਰਾ,** ਪੁ:-ਵਿ:—'ਬਾਰਾ' ਵੇਖੋ ॥

**ਵਾਰੀ,** ਸ:—ਛੋਟਾ ਬੂਹਾ, ਵੇਲਾ, ਮੌਕਾ, ਰਹੁ ਵਾਲਾ ਮਿੱਟੀ ਦਾ ਭਾਂਡਾ, ਬੰਧਾ ਪਾਉਣ ਵਾਲਾ ਚੰਮ ਦਾ ਝਾਰਾ॥

ਵਿ:—ਕੁਰਬਾਨ, ਬਲਿਹਾਰੀ, ਸਦਕੇ (ਜਾਣਾ) ॥

**ਵਾਰੀ ਵਾਰੀ**
**ਵਾਰੋ ਵੱਟੀ**
**ਵਾਰੋ ਵਾਰੀ** } ਕ੍ਰਿ:, ਵਿ:—ਆਪਣੇ ਨ ਮੌਕੇ ਪੁਰ, ਇੱਕ ਦੇ ਮਗਰ ਦੂਜਾ ॥

**ਵਾਲ,** ਪੁ:, ਸ:—ਕੇਸ, ਲੂੰ, ਭਾਂਡੇ ਦੀ ਤ੍ਰੇੜ, ਸਹਾਰਾ, ਆਸਰਾ, ਪੈਂਠ ॥

**ਵਾਲ ਤੋੜ, ਵਾਲ ਫੈਨ੍ਹੀ ਕੈਂਚੀ ਮਾਰਨੀ,**
**ਵਾਲ ਲਾਉਣਾ, ਵਾਲਵਿੰਗਾ ਨਾਂ ਹੋਣਾ** }
'ਬਾਲ ਤੋੜ' ਆਦਿਕ ਵੇਖੋ ॥

**ਵਾਲਣਾ,** ਕ੍ਰਿ:—'ਬਾਲਣਾ' ਵੇਖੋ ॥

**ਵਾਲਾ,** ਪੁ:—ਕੰਨ ਦਾ ਗਹਿਣਾ ॥

ਵਿ:—ਮਾਲਕ, ਜਿਸ ਦੀ ਸਾਂਝ ਜਾਂ ਸਨਬੰਧ ਹੋਵੇ (ਹੱਟੀ ਵਾਲਾ, ਕੰਮਾਂ ਵਾਲਾ)॥

**ਵਾਲੀ,** ਸ:—ਛੋਟਾ ਵਾਲਾ ॥

**ਵਾੜ,** ਸ:—'ਬਾੜ' ਵੇਖੋ ॥

**ਵਾੜ੍ਹੀ,** ਸ:—'ਵਾਹੜੀ' ਵੇਖੋ ॥

**ਵਾੜਨਾ**
**ਵਾੜਾ**
**ਵਾੜੀ**
**ਵਿਉਂਤ**
**ਵਿਆਈ**
**ਵਿਆਸ**
**ਵਿਆਹ**
**ਵਿਆਹੁਣਾ**
**ਵਿਆਹੁਣੂ**
**ਵਿਆਹਤਾ**
**ਵਿਆਕਰਣ**
**ਵਿਆਕੁਲ (ਕੁਲ)**
**ਵਿਆਂਗ**
**ਵਿਆਜ**
**ਵਿਆਜੜ (ੜੀਆ)**
**ਵਿਆਜੀ**
**ਵਿਆਜੂ**
**ਵਿਆਣਾ**
**ਵਿਆਂਦੜ ( ਧੜ )**
**ਵਿਆਧ, ਵਿਆਧਣ**
**ਵਿਆਧੀ**
**ਵਿਆਪ**
**ਵਿਆਪਕ**
**ਵਿਆਪਣਾ**
**ਵਿਆਪੀ**
**ਵਿਆੜ**
**ਵਿਸ (ਵਿੱਸ)** }
'ਬਾੜਨਾ' ਬਾੜਾ', 'ਬਾੜੀ' ਆਦਿਕ ਵੇਖੋ ॥

Digitized by Panjab Digital Library | www.panjabdigilib.org

**ਵਿਸ਼ਈ,** ਵਿ:—ਭੋਗੀ, ਰਸੀਆ, ਐਸ਼ ਕਰਨ ਵਾਲਾ ॥

**ਵਿਸਕੀ,** ਸ:—ਇਕ ਤਰਾ ਦੀ ਸ਼ਰਾਬ

**ਵਿਸਟਾ**
**ਵਿਸਤਾਰ**
**ਵਿਸ਼ਨ**
**ਵਿੱਸਮਣਾ**
**ਵਿਸਮਾਉਣਾ**
**ਵਿਸਮਾਦ**
**ਵਿਸਰਜਣ**
**ਵਿੱਸਰਨਾ**
**ਵਿੱਸਰ ਭੋਲਾ**
**ਵਿਸਰਾਉਣਾ**
**ਵਿਸਰਾਮ**
**ਵਿਸਰਾਮਣ**
**ਵਿਸਰਾਮੀ**
**ਵਿਸਵਾ**
**ਵਿਸਵਾਸ**
**ਵਿਸਵਾਸਣ**
**ਵਿਸਵਾਸੀ**
} 'ਬਿਸਟਾ' 'ਬਿਸਮਾਦ' ਆਦਿਕ ਵੇਖੋ ॥

**ਵਿੱਸ ਵਿੱਸ ਕਰਨਾ,** ਕ੍ਰਿ:—ਸੁਸਤੀ ਨਾਲ ਕੰਮ ਕਰਨਾ ॥

**ਵਿਸ਼ਾ,** ਪੁ:—'ਬਿਸ਼ਾ' ਵੇਖੋ, ਜਿਸ ਗੱਲ ਦਾ ਵਰਨਣ ਕੀਤਾ ਜਾਵੇ ॥

**ਵਿਸਾਹ**
**ਵਿਸਾਹੁਣਾ**
**ਵਿਸਾਖ**
**ਵਿਸਾਖੀ**
} 'ਵਿਸਾਹ' ਆਦਿਕ ਵੇਖੋ ॥

**ਵਿਸਾਤ**
**ਵਿਸਾਂਧ**
**ਵਿਸਾਂਧਾ**
**ਵਿਸਾਨੂ**
**ਵਿਸਾਰ**
**ਵਿਸਾਰਨਾ**
**ਵਿਸਾਰਨਾ**
**ਵਿਸਾਰਾ**
} 'ਬਿਸਾਤ' ਆਦਿਕ ਵੇਖੋ ॥

**ਵਿਸਾਲ,** ਪੁ:—ਵਸਲ, ਆਸ਼ਕ ਮਸ਼ੂਕ ਦਾ ਮੇਲ ॥

**ਵਿਸੂਚਕਾ**
**ਵਿਸ਼ੇਖ**
**ਵਿਸ਼ੇਖਤਾ**
**ਵਿਸੇਖਤਾਈ**
} 'ਬਿਸੂਚਕਾ' ਆਦਿਕ ਵੇਖੋ ।

**ਵਿੱਸੌਣਿਕਾ,** ਵਿ:—ਜੋ ਅੰਨ ਪਿਆ ਪਿਆ ਖਰਾਬ ਹੋ ਜਾਵੇ, ਬਹਿਆ ॥

**ਵਿਹੁ,** ਸ: —ਵਿੱਸ਼, ਵਿਖ, ਜ਼ਹਿਰ, ਮਹੁਰਾ ॥

**ਵਿਹਣ,** ਪੁ:—ਪਲੀਏ ਦਾ ਘੀ ।

**ਵਿਹਰਨਾ,** ਕ੍ਰਿ:—ਹਠ ਕਰਨਾ, ਜ਼ੋਰ ਪਾਇ ਧਮਕਾਉਣਾ ।

**ਵਿਹਲ**
**ਵਿਹਲਣ**
**ਵਿਹਲਾ**
**ਵਿਹਲੀ**
**ਵਿਹੜਮੀ**
**ਵਿਹੜਾ**
}

Digitized by Panjab Digital Library | www.panjabdigilib.org

ਵਿਹਾ
ਵਿਹਾਉਣਾ
ਵਿਹਾਗ
ਵਿਹਾਗਣਾ
ਵਿਹਾਜਣਾ
ਵਿਹਾ ਜਾਣਾ
ਵਿਹਾਝਣਾ
ਵਿਹਾਜੀ (ਸ਼ੀ)
ਵਿਹਾਲਣਾ
ਵਿਹਾਰ
} 'ਬਿਹਾ' 'ਬਿਹਾਉਣਾ' ਆਦਿਕ ਵੇਖੋ।

**ਵਿਹਾਰੀ,** ਵਿ:—'ਬੁਹਾਰੀ' ਵੇਖੋ॥

**ਵਿਹੀ,** ਸ:—ਗਲੀ, ਕੂਚਾ॥

**ਵਿਹੀਣ,** ਪੁ:, ਸ:-ਵਾਹਣੀ, ਮੈਰੀ॥

**ਵਿਹੁ (ਹੁੰ),** ਸ:-ਵਿਹ, ਬਿਖ, ਜ਼ਹਿਰ, ਮਹੁਰਾ।

**ਵਿਹੂਲ,** ਸ:—'ਬਿਹੂਲ' ਵੇਖੋ।

**ਵਿਹੂਣਾ,** ਅਵ:—ਬਿਨਾ, ਬਾਝੋਂ, ਬਗੈਰ॥

ਵਿਹੋਗ
ਵਿਹੋਗਣ
ਵਿਹੋਗੀ
} 'ਬਿਹੋਗ' ਆਦਿਕ ਵੇਖੋ।

**ਵਿਕਟ,** ਸ:—ਜਿਨ੍ਹਾਂ ਡੰਡਿਆਂ ਨੂੰ ਗੱਡ ਕੇ ਗੇਂਦ ਬੱਲਾ ਖੇਡਦੇ ਹਨ ਉਨ੍ਹਾਂ ਵਿਚੋਂ ਕੋਈ।

**ਵਿਕਣਾ,** ਕ੍ਰਿ:—'ਬਿਕਣਾ' ਵੇਖੋ॥

**ਵਿਕੰਦੜਾ,** ਪੁ:—ਵੇਚਣ ਵਾਲਾ, ਵਿਕਦਾ॥

ਵਿੱਕਰਮਾਜੀਤ
ਵਿੱਕਰਮਾਜੀਤੀ
ਵਿਕਰਾਲ
ਵਿੱਕਰੀ
ਵਿਕਾਉ
ਵਿਕਾਉਣਾ
ਵਿਕਾਊ
ਵਿਕਾਰ
ਵਿਕਾਰੀ
ਵਿਖ
} 'ਬਿੱਕਰਮਾਜੀਤ' ਆਦਿਕ ਵੇਖੋ॥

**ਵਿਖਮ,** ਪੁ:—ਦੁਖ, ਸਾਗਰ॥

ਵਿ:—ਖਰਾਬ, ਜੋ ਇਕੋ ਜਿਹਾ ਨਹੀਂ॥

**ਵਿਖਮ ਕੋਣ ਆਯਤ ਖੇਤ੍ਰ,** ਪੁ:—ਜਿਸ ਚੌਰਸ ਸ਼ਕਲ ਦੀਆਂ ਆਮ੍ਹੋ ਸਾਮ੍ਹਣੀਆਂ ਬਾਹੀਆਂ ਬਰਾਬਰ ਹੋਣ ਪਰ ਖੂੰਜੇ ਸਿੱਧੇ ਨਾਂ ਹੋਣ।



**ਵਿਖਮ ਕੋਣ ਚਤੁਰ ਭੁਜ,** ਪੁ:—ਜਿਸ ਚੌਰਸ ਸ਼ਕਲ ਦੀਆਂ ਸਾਰੀਆਂ ਬਾਹੀਆਂ ਬਰਾਬਰ ਹੋਣ ਪਰ ਖੂੰਜੇ ਸਿੱਧੇ ਨਾਂ ਹੋਣ॥



**ਵਿਖਮ ਤਾਪ,** ਪੁ:—ਸਖ਼ਤ ਕਿਸਮ ਦਾ ਤਾਪ॥

ਵਿਖਰਨਾ
ਵਿਖਰਾਉਣਾ
} 'ਬਿਖਰਨਾ' ਆਦਿਕ ਵੇਖੋ।

ਵਿਖੜਾ
ਵਿਖਾਧ
ਵਿਖਾਧਣ
ਵਿਖਾਧੀ
} 'ਬਿਖੜਾ' ਆਦਿਕ ਵੇਖੋ।

Digitized by Panjab Digital Library | www.panjabdigilib.org

**ਵਿਖਾਲਾ,** ਪੁ:—ਵਿਖਾਵਾ, ਬਾਹਰਲਾ ਨਮੂਨਾ ॥

**ਵਿਖੇ,** ਅਵ:—ਵਿੱਚ, ਅੰਦਰ, ਬਾਬਤ ॥

**ਵਿਖੇਧ**
**ਵਿਖੇਧਣ**
**ਵਿਖੇਧੀ**
**ਵਿੰਗ**
— 'ਬਿਖੇਧ' ਆਦਿਕ ਵੇਖੋ ॥

**ਵਿਗਸਣਾ,** ਕ੍ਰਿ:—ਖਿੜਨਾ, ਖੁਸ਼ ਹੋਣਾ ॥

**ਵਿੱਗਮਾਂ,** ਵਿ:—ਉਮੈ ਭਰਾ ਦਾ, ਠੀਕ, ਪੂਰਾ ।
ਕ੍ਰਿ: ਵਿ:—ਉਮੈ ਭਰਾਂ ॥

**ਵਿੰਗਮਾਂ (ਵਾਂ)**
**ਵਿਗੜਣਾ**
**ਵਿਗੜਵਾਉਣਾ**
**ਵਿਗੜਾਊ**
**ਵਿਗੜਾਉਣਾ**
**ਵਿਗੜਾਊ**
**ਵਿੰਗਾ**
**ਵਿਗਾਸ**
**ਵਿਗਾੜ**
**ਵਿਗਾੜਨਾ**
**ਵਿਗਾੜੂ**
**ਵਿਗੁੱਚਣਾ**
**ਵਿਗੋਚਾ**
**ਵਿਘਾ**
**ਵਿੰਝ**
**ਵਿੱਚ**
— 'ਬਿੰਗਮਾਂ' ਆਦਿਕ ਵੇਖੋ ॥

**ਵਿਚਕੰਨੀ,** ਪੁ:—ਕੰਨ ਦੇ ਵਿਚਕਾਰਲਾ ਹਿੱਸਾ ਗਹਿਣਾ ॥

**ਵਿਚਕਾਰਾ**
**ਵਿਚਕਾਰੇ**
**ਵਿਚਕਾਲਾ**
**ਵਿਚਕਾਲੀ**
**ਵਿਚਕਾਰ**
**ਵਿਚਕਾਲ**
**ਵਿਚਕਾਲੇ**
— 'ਬਿਚਕਾਰਾ' ਆਦਿਕ ਵੇਖੋ

**ਵਿਚਰ,** ਪ:—ਨਾ ਵੰਡੀ ਹੋਈ ਧਰਤੀ ॥

**ਵਿਚਰਨਾ**
**ਵਿਚਲ ਜਾਣਾ**
**ਵਿਚਲਣਾ**
**ਵਿਚਲਾ**
**ਵਿਚਲਾਉਣਾ**
**ਵਿੱਚ ਵਿਚਾਲੇ**
**ਵਿਚਾਰ**
**ਵਿਚਾਰਕ**
**ਵਿਚਾਰਨਾ**
**ਵਿਚਾਰ**
**ਵਿਚਾਲ**
**ਵਿਚਾਲਣਾ**
— 'ਬਿਚਰਨਾ' ਆਦਿਕ ਵੇਖੋ ॥

**ਵਿਚਾਲਾ**
**ਵਿਚਾਲੇ**
**ਵਿੱਚੋਂ**
**ਵਿੱਚੋਂ**
**ਵਿਚੋਲਾ**
**ਵਿਚੋਲੀ**
**ਵਿਚੋਲੀਆ**
**ਵਿਛਣਾ**
**ਵਿਛਵਈਆ (ਵੱਯਾ)**
**ਵਿਛਵਾਉਣਾ**
— 'ਬਿਚਲਾ' ਆਦਿਕ ਵੇਖੋ ॥

Digitized by Panjab Digital Library | www.panjabdigilib.org

ਵਿਛੜਾਈ
ਵਿਛੜਨਾ
ਵਿਛਾਉਣਾ
ਵਿਛਾ ਦੇਣਾ
ਵਿਛੋੜਨਾ
ਵਿਛੋੜਾ
ਵਿਛੋਣਾ
ਵਿਜੋਗ
ਵਿਜੋਗਣ
ਵਿਜੋਗੀ
ਵਿੱਟਰਨਾ
ਵਿਟਰਾਉਣਾ
ਵਿੱਟ੍ਰਨਾ
ਵਿੱਠ
ਵਿੱਠਣਾ
ਵਿਠਾਉਣਾ
ਵਿੱਡਣਾ
ਵਿੱਡੀ
ਵਿੱਢ
ਵਿਣਾਸ (ਨ)
ਵਿਤ
} ''ਬਿਛੜਾਈ'' ਆਦਿਕ ਵੇਖੋ।

ਵਿਤਕਰਾ, ਪੁ:—ਫਰਕ, ਇੱਕੋ ਜੇਹਾ ਨਾ ਵਰਤਣਾ (ਰਖਣਾ)।

ਵਿੱਥ (ਨ)
ਵਿਥਾਰ
ਵਿਥਾ
ਵਿਥਿਆ
} 'ਬਿਥ' ਆਦਿਕ ਵੇਖੋ।

ਵਿਦਿੱਤ, ਪੁ:—ਭੇਦ, ਜੁਦਾਈ, ਫਾਸਲਾ॥

ਵਿਦਣਾ
ਵਿੱਦਮਾਨ
ਵਿਦਰਕ
ਵਿਦਜਾ
ਵਿਦਯਾਲਯ
ਵਿਦਾਉਣਾ
ਵਿਦਾਇਗੀ
ਵਿਦਿਆ
ਵਿੱਦਿਆ
ਵਿਦੇਸ
ਵਿਦੇਸਣ
ਵਿਦੇਸੀ
ਵਿਧ
} 'ਬਿਦਕ' ਆਦਿਕ ਵੇਖ॥

ਵਿਧਣਾ, ਕ੍ਰਿ:—ਵਿੰਨ੍ਹ ਜਾਣਾ, ਆਸਕ ਹੋਣਾ, ਖੰਡ ਦਾ ਛਿਣਾ ਅਤੇ ਖੁਸ਼ਕ ਹੋਣਾ॥

ਵਿਧਨਾ
ਵਿਧਮਾਤਾ
ਵਿਧਵਾ
ਵਿਧਾਤਾ
ਵਿੰਨ੍ਹਣਾ
ਵਿਨ੍ਹਾਉਣਾ
ਵਿਨ੍ਹਾਈ
ਵਿਪਤ (ਤਾ)
ਵਿਭਚਾਰ
ਵਿਭਚਾਰਣ (ਣੀ)
ਵਿਭਚਾਰੀ
ਵਿਭੂਤ
} 'ਬਿਧਨਾ' ਆਦਿਕ ਵੇਖੋ॥

ਵਿਮੁਖ, ਵਿ:—'ਬੇ ਮੁਖ' ਵੇਖੋ।

Digitized by Panjab Digital Library | www.panjabdigilib.org

ਵਿਯੋਗ
ਵਿਯੋਗਣ
ਵਿਯੋਗੀ } 'ਬਿਯੋਗ' ਆਦਿਕ ਦੇਖੋ

ਵਿਰਸਾ, ਪੁ:—ਕਿਸੇ ਨੂੰ ਜੋ ਕਿਸੇ ਦੀ ਜਾਇਦਾਤ ਮਿਲੇ, ਜਾਇਦਾਤ ਦਾ ਹਕ॥

ਵਿਰਕਣਾ, ਕ੍ਰਿ:—'ਬਿਰਕਣਾ' ਦੇਖੋ॥

ਵਿਰਤ, ਸ:—'ਬਿਰਤ' ਦੇਖੋ, ਵਰਤਾਰਾ, ਆਦਤ।

ਵਿਰਥਾ, ਵਿ:—'ਬਿਰਥਾ' ਦੇਖੋ॥

ਵਿਰਦ, ਪੁ:—ਰੋਜ਼ ਦਾ ਕੰਮ, ਅਭਿਆਸ, ਧਰਮ ਪੁਸਤਕ ਦੇ ਪਾਠ ਦਾ ਨੇਮ॥

ਵਿਰਦ ਕਰਨਾ, ਕ੍ਰਿ:—ਪਰਮੇਸਰ ਦਾ ਨਾਉਂ ਜਪਣਾ॥

ਵਿਰਦ ਪੈਣਾ, ਕ੍ਰਿ:—ਕੋਈ ਗੱਲ ਹੋ ਜਾਣੀ, ਵਾਦੀ ਪੈਣੀ॥

ਵਿਰਲ
ਵਿਰਲਾ
ਵਿਰਲਾਪ } 'ਬਿਰਲ' ਆਦਿਕ ਦੇਖੋ॥

ਵਿਰਵਾ, ਵਿ:—ਲੋੜਵੰਦ, ਮੁਤਾਜ॥

ਵਿਰਾਉਣਾ, ਕ੍ਰਿ:—'ਬਰਾਉਣਾ' ਦੇਖੋ॥

ਵਿਰਾਸਤ, ਸ:—'ਵਿਰਸਾ' ਦੇਖੋ।

ਵਿਰਾਗ
ਵਿਰਾਗਣ } 'ਬਰਾਗ' ਆਦਿਕ ਦੇਖੋ॥

ਵਿਰਾਗੀ
ਵਿਰਾਜਣਾ
ਵਿਰਾਜਮਾਨ } 'ਬਰਾਗੀ' ਆਦਿਕ ਦੇਖੋ॥

ਵਿਰਾਨ
ਵਿਰਾਨਾ
ਵਿਰਾਨੀ } 'ਬਰਾਨ' ਆਦਿਕ ਦੇਖੋ॥

ਵਿਰਾਮ, ਵਿ:—ਬੇ ਅਰਾਮ, ਜਿਸ ਨੂੰ ਅਰਾਮ ਨਹੀਂ॥

ਵਿਰਾਮੀ, ਸ:—ਬੇ ਅਰਾਮੀ ਤਕਲੀਫ, ਔਖ [illegible]॥

ਵਿਰੁੱਧ
ਵਿਰੋਧ
ਵਿਰੋਧਣ
ਵਿਰੋਧੀ
ਵਿਲਕਣਾ
ਵਿਲਕਾਉਣਾ
ਵਿਲਗਣ
ਵਿਲੰਗਣ
ਵਿਲਛਣਾ
ਵਿਲੰਬ
ਵਿਲਮ
ਵਿਲਮਣਾ
ਵਿਲੱਲਾ (ਲੀ) } 'ਬਿਰੁੱਧ' ਆਦਿਕ ਦੇਖੋ॥

ਵਿਲਾ, ਪੁ:—ਘਰਾਣਾ, ਉਜਰ, ਓਟ, ਆਸਰਾ, ਮਰੋੜ॥

ਵਿਲਾਉਣਾ, ਕ੍ਰਿ:—ਜੀ ਪਰਚਾਉਣਾ॥

Digitized by Panjab Digital Library | www.panjabdigilib.org

**ਵਿਲਾਇਤ,** ਸ:—ਮੁਲਖ, ਹਿੰਦੁਸਤਾਨ 'ਚ ਰਾਜ ਕਰਨ ਵਾਲੀ ਓਪਰੀ ਕੌਮ ਦਾ ਦੇਸ ਜਿਹਾ ਕਿ ਅੱਜ ਕੱਲ ਅੰਗ੍ਰੇਜ਼ਾਂ ਦਾ ਦੇਸ ਹੈ ॥

**ਵਿਲਾਇਤ ਦੀ ਡਾਕ,** ਸ:—'ਵਿਲਾਇਤੀ ਡਾਕ' ਵੇਖੋ ॥

**ਵਿਲਾਇਤਣ,** ਸ:
**ਵਿਲਾਇਤੀ,** ਪੁ:
} ਵਿਲਾਇਤ ਦਾ (ਦੀ) ਰਹਿਣ ਵਾਲਾ (ਲੀ) ॥

**ਵਿਲਾਇਤੀ,** ਵਿ:—ਵਿਲਾਇਤ ਦਾ (ਦੀ), ਅਜਬ ॥

**ਵਿਲਾਇਤੀ ਡਾਕ,** ਸ:—ਵਿਲਾਇਤ ਜਾਣ ਵਾਲੀ ਜਾਂ ਉੱਥੋਂ ਆਉਣ ਵਾਲੀ ਡਾਕ ॥

**ਵਿਲਾਇਤੀ ਨੀਲ,** ਪੁ:—ਬੰਗਾਲੇ ਦੇ ਅੰਗ੍ਰੇਜ਼ੀ ਕਾਰਖਾਨਿਆਂ ਵਿੱਚ ਤਿਆਰ ਕੀਤਾ ਹੋਇਆ ਨੀਲ ॥

**ਵਿਲਾਇਤੀ ਪਾਣੀ,** ਪੁ: ਸੋਡਾ ਵਾਟਰ ਆਦਿਕ॥

**ਵਿਲਾਇਤੀ ਪੇਊਰੀ,** ਸ:—ਇੱਕ ਵਿਲਾਇਤੀ ਪੀਲਾ ਰੰਗ ॥

**ਵਿਲਾਪ**
**ਵਿਲਾਪਣਾ**
} 'ਬਿਰਲਾਪ' 'ਬਿਲਾਪਣਾ' ਵੇਖੋ

**ਵਿਲੀ,** ਸ:—ਕੀਮਤ ਦੇ ਵਾਲਾਂ ਦੇ ਹਿੱਸਿਆਂ ਦੀ ਵਿਚਲੀ ਲੀਕ ॥

**ਵਿਲੀ ਪਾਉਣੀ,** ਕ੍ਰਿ:—ਜੂਆਂ ਵੇਖਣ ਲਈ ਵਿਲੀ ਤੇ ਨਜ਼ਰ ਮਾਰਨੀ ॥

**ਵਿਲੀਪਾਪ,** ਪੁ:—'ਬਿਰਲਾਪ' ਵੇਖੋ ॥

**ਵਿਲ੍ਹੂ ਵਿਲ੍ਹੂ ਕਰਨਾ,** ਕ੍ਰਿ:—ਵਿਲਕਣਾ, ਚੀਕਣਾ, ਤਰਲੇ ਲੈਣਾ ।

**ਵਿਲੈਤ**
**ਵਿਲੈਤਣ**
**ਵਿਲੈਤੀ**
} 'ਵਿਲਾਇਤ' ਆਦਿਕ ਵੇਖੋ ॥

**ਵਿਵਸਥਾ,** ਸ:—'ਬਿਵਸਥਾ' ਵੇਖੋ ॥

**ਵਿਵਾਹ,** ਪੁ:—'ਖਿਆਹ' ਵੇਖੋ ॥

**ਵਿੜਕ,** —'ਬਿੜਕ' ਵੇਖੋ ॥

**ਵਿੜਤਾ**
**ਵਿੜਧੀ**
} ਪੁ:—ਸਮਰਥਾ, ਬਲ, ਲਿਆਕਤ ਜ਼ੋਰ, ਧਨ, ਰਾਸ, ਮੂਲ ਰਕਮ, ਵੀਲ ॥

**ਵਿੜਾ,** ਪੁ:—'ਬਿੜਾ' ਵੇਖੋ ॥

**ਵੀ,** ਯੋਜਕ—ਨਾਲ ਹੀ, ਭੀ, ਬੀ ॥

**ਵੀਂ**
**ਵੀਉ**
} ਪੁ:—'ਬੀਂ' ਵੇਖੋ ॥

**ਵੀਹ**
**ਵੀਹਮਾਂ (ਵਾਂ)**
**ਵੀਹਕੀ**
} 'ਬੀਹ' ਆਦਿਕ ਵੇਖੋ ॥

**ਵੀਹੀ,** ਸ:—ਤੰਗ ਗਲੀ, ਸੌੜਾ ਰਸਤਾ ... ਵਲ ॥

**ਵੀਚ**
**ਵੀਜ**
**ਵੀਜਕ**
} 'ਬੀਚ' ਆਦਿਕ ਵੇਖੋ ॥

**ਵੀਟਣਾ,** ਕ੍ਰਿ:—ਡੋਲ੍ਹਣਾ, ਰੋੜ੍ਹਨਾ ॥

Digitized by Panjab Digital Library | www.panjabdigilib.org

ਵੀਟੀ, ਸ:—'ਬੀਟੀ' ਵੇਖੋ ॥

ਵੀਠਲ, ਪੁ:—'ਬੱਠਲ' ਵੇਖੋ ॥

ਵੀਂਡਾ
ਵੀਂਡੀ
ਵੀਂਡੀਆ
ਵੀਣੀ
} 'ਬੀਂਡਾ' ਆਦਿਕ ਵੇਖੋ ॥

ਵੀ, ਪੀ, ਪੁ:—ਡਾਕ ਦੀ ਰਾਹੀਂ ਭੇਜਿਆ ਹੋਇਆ ਪਾਰਸਲ ਆਦਿਕ ਜੋ ਲੈਣ ਵਾਲਾ ਮੁੱਲ ਦੀ ਰਕਮ ਦੇ ਕੇ ਲੈ ਸਕਦਾ ਹੈ ॥

ਵੀਰ, ਪੁ:, ਵਿ:,
ਵੀਰਜ
ਵੀਰਤਾ (ਤਾਈ)
ਵੀਲਾ
ਵੀੜ
ਵੀੜਨਾ
ਵੀੜਾ
ਵੀੜੀ
ਵੁਹਾਰ
ਵੁਹਾਰਨਾ
ਵੁਹਾਰੀ
ਵੁਦਲ
ਵੁਦਲੀ
ਵੁੱਠਲ
ਵੁਗਾ
} 'ਬੀਰ' ਆਦਿਕ ਵੇਖੋ

ਵੁਜੂ, ਪੁ:—'ਉਜੂ' ਵੇਖੋ ॥

ਵੁਣਤ, ਸ:—'ਬੁਣਤ' ਵੇਖੋ ॥

ਵੁਣਨਾ
ਵੁਣਵਾਉਣਾ
ਵੁਣਵਾਈ
ਵੁਣਾਉਟ
ਵੁਣਾਉਣਾ
ਵੁਣਾਈ
ਵੂੰਦਾ
ਵੁਲਾਰਾ (ਲਾ)
ਵੁਲੇਲ
ਵੂਕਣਾ
ਵੂਲ੍ਹਾ
} 'ਬੁਣਨਾ' ਆਦਿਕ ਵੇਖੋ ॥

ਵੂਕਣੀ, ਸ:—'ਬੂਕਣੀ' ਵੇਖੋ ॥

ਵੈ, ਸੰਬੋਧਨ—ਹੇ, ਅੜਿਆ (ਤੀਮਤਾਂ ਦੀ ਬੋਲੀ)।

ਵੇਉਤ (ਵੇਉਂਤ)
ਵੇਉਤਣਾ (ਵੇਉਂਤਣਾ)
ਵੇਉਂਤਾਉਣਾ
ਵੇਉਰ
ਵੇਉਰਾ
} 'ਬੇਉਂਤ' ਆਦਿਕ ਵੇਖੋ।

ਵੇਸ, ਪੁ:—'ਭੇਸ' ਵੇਖੋ।

ਵੇਸਣ
ਵੇਸਣੀ
ਵੇਸਰ
ਵੇਸਰਾ
ਵੇਸਲਾ
ਵੇਸਵਾ
} 'ਬੇਸਣ' ਆਦਿਕ ਵੇਖੋ ॥

ਵੈਸਾਖ
ਵੈਸਾਖੀ
} 'ਬਸਾਖ' 'ਬਸਾਖੀ' ਵੇਖੋ ॥

Digitized by Panjab Digital Library | www.panjabdigilib.org

ਵੇਹ
ਵੇਹਣ } 'ਬੇਹ' 'ਬੇਹਣ' ਵੇਖ ॥

**ਵੇਹਣਾ,** ਕ੍ਰਿ:—ਵੇਖਣਾ, ਦੇਖਣਾ, ਤੱਕਣ, ਨਜ਼ਰ ਕਰਨਾ ॥

ਵੇਹਲ, ਸ:
ਵੇਹਲਾ, ਵਿ:
ਵੇਹਲੀ, ਸ: } 'ਵਿਹਲ' ਆਦਿਕ ਵੇਖੋ ।

ਵੇਹੜਮੀ (ਵੀਂ)
ਵੇਹੜਾ (ੜੀ)
ਵੇਹਾ (ਹੀ) } 'ਬੇਹੜਮੀਂ' ਆਦਿਕ ਵੇਖੋ ॥

**ਵੇਹੁ,** ਸ:—ਬੇਹ, ਬਿਖ, ਜ਼ਹਿਰ, ਮਹੁਰਾ ॥

**ਵੇਹੜੇ,** ਪੁ:—ਘੇਰਾ ਪਾਉਣ ਵਾਲੇ ਮਨੁੱਖਾਂ ਦੀ ਮੰਡਲੀ, ਕਿਸੇ ਥਾਂ ਜਾਂ ਕਿਲੇ ਆਦਿਕ ਨੂੰ ਘੇਰਨ ਵਾਲਾ ਦਾਇਰਾ ॥

**ਵੇਕਾਰ,** ਵਿ:—'ਬੇਕਾਰ' ਵੇਖੋ ।
ਪੁ:—'ਵਿਕਾਰ' ਵੇਖੋ ॥

**ਵੇਖਣਾ,** ਕ੍ਰਿ:—'ਦੇਖਣਾ' ਵੇਖ ।

**ਵੇਗ,** ਪੁ:—ਜ਼ੋਰ, ਤੇਜ਼ੀ, ਜੋਸ਼ ।

ਵੇਚਣਾ
ਵੇਚ } 'ਬੇਚਣ' 'ਬੇਚ' ਵੇਖੋ ।

**ਵੇਦ,** ਪੁ:—ਹਿੰਦੂਆਂ ਦੇ ਸਭ ਤੋਂ ਪੁਰਾਣੇ ਅਤੇ ਮੰਨੇ ਹੋਏ ਚਾਰ ਧਰਮ ਪੁਸਤਕ, ਈਸ਼ਰ ਦੀ ਬਾਣੀ, ਗਿਆਨ, ਖਾਂਣੀ ਵਿੱਚੋਂ ਮਿਲੀ ਖਬਰ ਜਸ ਲੱਖੋ । ਵੇਦੀ ॥

**ਵੇਦੰਗੀ,** ਸ:—ਵੇਦ ਦੀ ਵਿਦਯਾ, ਹਕੀਮੀ ।

ਵੇਦਨ
ਵੇਦਨ ਬਾਦੀ
ਵੇਦਨ
ਵੇਦਨਾ } 'ਬੇਦਨ' ਆਦਿਕ ਵੇਖੋ ।

**ਵੇਦਾਂਗ,** ਪੁ:—ਵੇਦਾਂ ਦੇ ਛੇ ਅੰਗ (ਵਯਾਕਰਣ ਆਦਿਕ) ॥

**ਵੇਦਾਂਗੀ,** ਸ:—'ਵੇਦੰਗੀ' ਵੇਖੋ ॥

**ਵੇਦਾਂਤ,** ਪੁ:—ਖਟ ਸ਼ਾਸਤ੍ਰਾਂ ਵਿੱਚੋਂ ਇੱਕ, ਇੱਕ ਮਤ ਜਿਸ ਵਿੱਚ ਬ੍ਰਹਮ ਨੂੰ ਹੀ ਸੱਤ ਅਤੇ ਸੰਸਾਰ ਨੂੰ ਅਸੱਤ ਮੰਨਿਆਂ ਜਾਂਦਾ ਹੈ ॥

ਵੇਦਾਂਤਣ, ਸ:
ਵੇਦਾਂਤੀ, ਪੁ: } ਜੋ ਵੇਦਾਂਤ ਮਤ ਨੂੰ ਮੰਨੇ ॥

ਵੇਦੀ
ਵੇਦੀ ਬਾਵਾ
ਵੇਦਾ } 'ਬੇਦੀ' ਆਦਿਕ ਵੇਖੋ ॥

**ਵੇਰ,** ਸ:—ਵਾਰੀ, ਮੌਕਾ, ਢਿੱਲ, ਇੱਕ ਤੁੱਖ ॥

**ਵੇਰ ਵੇਰ,** ਕ੍ਰਿ:, ਵਿ:—ਘੜੀ ਮੁੜੀ, ਕਈ ਵਾਰ, ਅਕਸਰ ॥

ਵੇਰਵਾ
ਵੇਰੜਾ
ਵੇਰਹੀ
ਵੇਰਾ
ਵੇਰੀ } 'ਬੇਰਵਾ' ਆਦਿਕ ਵੇਖੋ ॥

Digitized by Panjab Digital Library | www.panjabdigilib.org

ਵੇਲ
ਵੇਲਣ (ਨ)
ਵੇਲਣਾ (ਨਾ)
ਵੇਲਣੀ
} 'ਬੇਲ' ਆਦਿਕ ਵੇਖੋ ॥

**ਵੇਲਾ,** ਪੁ:—ਵਕਤ, ਸਮਾ, ਮੌਕਾ, ਦਿਨ ॥

**ਚਲਾ ਵੇਲਾ,** ਪੁ:—ਹਲ ਚਲਾਉਣ ਦਾ ਵੇਲਾ, ਬਹੁਤ ਤੜਕਾ ॥

**ਕੁੱਕੜ ਵੇਲਾ,** ਪੁ:—ਕੁੱਕੜ ਦੇ ਬਾਂਗ ਦੇਣ ਦਾ ਵੇਲਾ, ਸਵੇਰਾ ॥

**ਚੱਕੀ ਵੇਲਾ,** ਪੁ:—ਚੱਕੀ ਝੋਣ ਦਾ ਵੇਲਾ, ਪ੍ਰਭਾਤ ॥

**ਛਾਹ ਵੇਲਾ,** ਪੁ:—'ਛਾਹ' ਵਿੱਚ ਵੇਖੋ ॥

**ਤਿੜਕਣ ਵੇਲਾ,** ਪੁ:—ਦਹੀਂ ਤਿੜਕਣ ਦਾ ਵੇਲਾ, ਤੜਕਾ ॥

**ਵੱਡਾ ਵੇਲਾ,** ਪੁ:—ਸਵੇਰਾ, ਦਿਨ ਚੜ੍ਹਨ ਤੋਂ ਪਹਿਲੇ ।

**ਵੇਲਾ ਕੁਵੇਲਾ,** ਪੁ:—ਚੰਗਾ ਮੰਦਾ, ਕਦੇ ਕਦੇ ॥

ਵੇਲ੍ਹੀ,
ਵੇਲ੍ਹੀ
ਵੇਲ੍ਹ
ਵੇਲ੍ਹਮੀ
ਵੇਲ੍ਹਾ
ਵੇਲ੍ਹਾ
ਵੇਲ੍ਹੀ
ਵੇਲ੍ਹੜ
} 'ਵੇਹਲਾ' ਆਦਿਕ ਵੇਖੋ ॥



**ਵੈਸਰਾਇ,** ਪੁ:—'ਵਾਈਸਰਾਇ' ਵੇਖੋ ॥

ਵੈਸਾਖ
ਵੈਸਾਖੀ
} 'ਬਸਾਖ' 'ਬਸਾਖੀ' ਵੇਖੋ ॥

**ਵੈਂਹਗੀ,** ਸ:—'ਬਹਿੰਗੀ' ਵੇਖੋ ॥

ਵੈਹਣ
ਵੈਹਿਣ
} ਪੁ:—ਨਦੀ ਦਾ ਵੇਗ, ਵਹਾਉ ॥

**ਵੈਹਣਾ,** ਕ੍ਰਿ:—ਬਹਿਣਾ, ਬੈਠਣਾ, ਵਗਣਾ ॥

ਵੈਂਗਣ
ਵੈਂਙਣ
} ਪੁ:—ਇਕ ਭਾਜੀ, ਬਤਾਊਂ, ਬੜਾਲੂ ॥

ਵੈਂਗਣੀ
ਵੈਂਙਣੀ
ਵੈਂਜਣੀ
} ਵਿ:—ਵੈਂਗਣ ਦੇ ਰੰਗ ਦਾ ॥

**ਵੈਜ਼ਲੀਨ,** ਸ:—ਇੱਕ ਮੱਲ੍ਹਮ ਵਰਗੀ ਚਿਕਨੀ ਦੁਆ ॥

ਵੈਠਮਾਂ (ਵਾਂ)
ਵੈਦ
ਵੈਦੂ
ਵੈਦਕ
ਵੈਦਗੀ
ਵੈਦੇਗੀ
ਵੈਦਣ (ਣੀ)
ਵੈਦੜਾ
} 'ਬੈਠਮਾਂ' ਆਦਿਕ ਵੇਖੋ ।

ਵੈਪਾਰ
ਵੈਪਾਰਨ
ਵੈਪਾਰੀ
} 'ਬੁਪਾਰ' ਆਦਿਕ ਵੇਖੋ ।

Digitized by Panjab Digital Library | www.panjabdigilib.org

**ਵੈਰ**, ਪੁ:—'ਬੈਰ' ਵੇਖੋ ॥

**ਵੈਰਕ**
**ਵੈਰਖ** } ਸ:—ਝੰਡਾ, ਨਿਸ਼ਾਨ ॥

**ਵੈਰਣ**, ਸ:—'ਬੈਰਣ' ਵੇਖੋ ॥

**ਵੈਰਾਗ**
**ਵੈਰਾਗਣ**
**ਵੈਰਾਗੀ** } 'ਬੈਰਾਗ' ਆਦਿਕ ਵੇਖੋ ॥

**ਵੈਰਾਨ**
**ਵੈਰਾਨਾ**
**ਵੈਰਾਨੀ** } 'ਬੈਰਾਨ' ਆਦਿਕ ਵੇਖੋ ॥

**ਵੈਰੀ**, ਪੁ:—'ਬੈਰੀ' ਵੇਖੋ ॥

**ਵੈਲ**, ਪੁ:—ਕੁਕਰਮ, ਭੈੜ ਪੁਣਾ, ਬਦਮਾਸ਼ੀ ॥

**ਵੈਲਕਮ**, ਪੁ:—ਆਦਰ ਭਾ, ਜੀ ਆਇਆਂ ਨੂੰ ॥

**ਵੈਲ ਦਾਰ**
**ਵੈਲੀ** } 'ਬੈਲਦਾਰ' ਵੇਖੋ ॥



**ਵੈਂਡ**
**ਵੈਂਡਾ**
**ਵੈਂਧ**
**ਵੈਂਧਾ**
**ਵੈਂਧੀ**
**ਵੈਂਸ**
**ਵੈਂਸੂ**
**ਵੈਂਸਾ**
**ਵੈਂਹਲੀ**
**ਵੈਂਗੋਂ**
**ਵੈਂਗੀਂ**
**ਵੈਂਣਾ** } 'ਬੰਡ' ਆਦਿਕ ਵੇਖੋ ॥

## ੜ

**ੜ**, ਪੁ:—ੜਾੜਾ, ਗੁਰਮੁਖੀ ਪੈਂਤੀ ਦਾ ਪੈਂਤੀਵਾਂ ਅੱਖਰ ॥

**ੜਾਕ**, ਸ:—ਝਗੜਾ, ਬਖੇੜਾ, ਪੁਆੜਾ ॥

**ੜਾੜਾ**, ਪੁ:—'ੜ' ਅੱਖਰ ਦਾ ਨਾਉਂ ॥

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

B-3130

Digitized by Panjab Digital Library | www.panjabdigilib.org

Digitized by Panjab Digital Library | www.panjabdigilib.org